# History of Medieval India From 1000-1707 A.D

## DHIS102

LOVELY PROFESSIONAL UNIVERSITY

# ਮੱਧਕਾਲੀਨ ਭਾਰਤ ਦਾ ਇਤਿਹਾਸ
# (HISTORY OF MEDIEVAL INDIA)

Copyright © 2013 Laxmi Publications (P) Ltd.
All rights reserved

Produced & Printed by
**LAXMI PUBLICATIONS (P) LTD.**
113, Golden House, Daryaganj,
New Delhi-110002
for
Lovely Professional University
Phagwara

# ਪਾਠਕ੍ਰਮ

### (SYLLABUS)

# ਮੱਧਕਾਲੀਨ ਭਾਰਤ ਦਾ ਇਤਿਹਾਸ

# (History of Medieval India)

**ਉਦੇਸ਼**

- ਮੱਧਕਾਲੀਨ ਭਾਰਤ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦੇਣਾ ਅਤੇ ਤੱਤਕਾਲੀਨ ਭਾਰਤ ਦੀ ਸੰਸਕ੍ਰਿਤੀ ਵਿਸਥਾਰਪੂਰਵਕ ਨਾਲ ਉਨ੍ਹਾਂ ਨੂੰ ਜਾਣੂ ਕਰਰਾਉਣਾ ਹੈ।
- ਵਿਦਿਆਰਥੀਆਂ ਨੂੰ ਮੱਧਕਾਲੀਨ ਸਮੇਂ ਦੇ ਦੌਰਾਨ ਭਾਰਤ ਵਿੱਚ ਸਮਾਜਿਕ ਅਤੇ ਰਾਜਨੀਤਿਕ ਪਰਿਵਰਤਨ ਦੇ ਬਾਰੇ ਵੀ ਜਾਣੂ ਕਰਵਾਉਣਾ।
- ਵਿਦਿਆਰਥੀਆਂ ਨੂੰ ਮੁਕਾਬਲੇ ਪ੍ਰਿਖਿਆ ਦੀ ਤਿਆਰੀ ਵਿੱਚ ਮਦਦ ਮਿਲੇਗੀ।

**Objectives**

- To expand students knowledge in the field of medieval India and to make them aware of the cultural heritage of India during the medieval times.
- To make students aware of the social and political changes in India during medieval period.
- To help the students to prepare for competitive exams.

| Sr. No. | Topics |
|---|---|
| 1 | • **Rise of Islam**: Sources; Rise of Islam, Arab conquest of Sindh: condition of India on the eve of Arab conquest, Arab conquest; Administration.<br>• **Map**: Important Historical places of Medieval India |
| 2 | **India on the eve of Muslim conquest**: Multan, Hindushahi kingdom, Kashmir, Kanauj, Chandelas, Chauhans, Chalukyas. |
| 3 | **Rise and fall of Ghaznavides:** Alaptgin, Subuktgin, Mahmud Ghazni; expeditions and estimate. Muhammad Ghori: Early career; Battles; estimate; causes of Muslim success and Rajput failure. |
| 4 | **The Slave Dynasty**: Qutub-din-Aibak; Iltutmish; Balban. |
| 5 | **The Khalji Dynasty**: Jalal-ud-din, Ala-ud-din. |
| 6 | **The Tughlaqs:** Consolidation by Ghias-ud-din; Innovations of Muhammad Tughlaq; Administrative reforms of Firoz Tughlaq and the Decline of Delhi Sultanate. |
| 7 | **The Lodhi Dynasty**: Sikander Lodhi, Bahlol Lodhi, Ibrahim Lodhi and the first battle of Panipat. |
| 8 | **The Mughal Empire**: Establishment and consolidation under Babur; Humayun.<br>Akbar the Great: early life and Conquests of Akbar, Din-i-Illahi.; Bairam khan. Aurangzeb(1658-1707).<br>**Maps:** Empire of Akbar, Empire of Aurangzeb |
| 9 | **Vijaynagar Empire:** Martial character of the state; features of Nayak system; Role of Brahmins & Temples. |
| 10 | **The Marathas**: Shivaji(1647-80); Maratha administration under the Peshawas;<br>Chauth and Sardeshmukhi.<br>**Map:** Extent of Marathas |

| ਇਕਾਈ (Units) | ਵਿਸ਼ੇ ਵਸਤ (CONTENTS) | ਪੱਨਾਂ ਨੱਬਰ (Page No.) |
|---|---|---|
| 1. | ਇਸਲਾਮ ਦਾ ਉਦੇਸ਼ (The Rise of Islam) | 1 |
| 2. | ਮੁਸਲਮਾਨਾਂ ਦੇ ਹਮਲਿਆਂ ਨਾਲ ਸਾਰੇ ਭਾਰਤ ਦੀ ਦਸ਼ਾ (India on the Eve of Muslim Conquests) | 23 |
| 3. | ਗਜਨਵੀ ਦਾ ਸ਼ੁਰੂਆਤ ਅਤੇ ਖ਼ਾਤਮਾ (The Rise and Fall of Ghaznavies) | 36 |
| 4. | ਦਾਸ ਵੰਸ਼ (The Slave Dynasty) | 67 |
| 5. | ਖਿਲਜੀ ਵੰਸ਼ (1290–1320) [The Khilji Dynasty (1290-1320)] | 91 |
| 6. | ਤੁਗਲਕ ਵੰਸ਼ (1320–1414 ਈ.) [The Tughluq Dynasty (1320-1414)] | 124 |
| 7. | ਲੋਦੀ ਵੰਸ਼ (1451–1526) [The Lodi Dynasty (1451-1526)] | 167 |
| 8. | ਬਾਬਰ (1526–1530) [Babur (1526-1530)] | 181 |
| 9. | ਹੁਮਾਯੂੰ (1530–1556) [Humayun (1530-1556)] | 204 |
| 10. | ਸੇਰਸ਼ਾਹ ਸੂਰੀ (Shershah Suri) | 225 |
| 11. | ਅਕਬਰ (1556–1605) ਅਤੇ ਉਸਦੇ ਪਰਵਰਤੀ ਸ਼ਾਸਕ [Akbar (1556-1605) and His Successor Rulers] | 239 |
| 12. | ਮੁਗਲ ਫਾਰਸੀ ਸਾਹਿਤ, ਸਥਾਪਿਤ ਕਲਾ ਅਤੇ ਵਪਾਰ (Mughal Persian Literature, Architecture Skill and Trade) | 271 |
| 13. | ਵਿਜੈਨਗਰ ਸਾਮਰਾਜ (The Vijayanagar Empire) | 336 |
| 14. | ਮਰਾਠਾ (The Marathas) | 358 |
| 15. | ਮਾਨ ਚਿੱਤਰ ਕੰਮ (Map Work) | 383 |

# ਇਕਾਈ-1: ਇਸਲਾਮ ਦਾ ਉਦੇਸ਼
## (The Rise of Islam)

**ਵਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

1.1 ਪੈਗੰਬਰ ਮੁਹੰਮਦ ਸਾਹਿਬ ਦਾ ਜੀਵਨ ਅਤੇ ਸਿੱਖਿਆਵਾਂ (Life and Teachings of Prophet Mohammad Sahib)

1.2 8ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਦੀ ਰਾਜਨੀਤਿਕ ਦਸ਼ਾ (Political Condition of India in the Beginning of the 8th Century)

1.3 8ਵੀਂ ਸਦੀ ਦੇ ਆਰੰਭ ਵਿੱਚ ਭਾਰਤ ਦੀ ਪ੍ਰਸ਼ਾਸਨਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਵਸਥਾ (Administrative, Social, Religious and Economical Conditions of India in the Beginning of the 8th Century)

1.4 ਸਿੰਧ 'ਤੇ ਅਰਬਾਂ ਦੀ ਜਿੱਤ (Arab Conquest on Sindh)

1.5 ਸਿੰਧ 'ਤੇ ਅਰਬਾਂ ਦਾ ਸ਼ਾਸਨ ਪ੍ਰਬੰਧ (Arab Administration on Sindh)

1.6 ਅਰਬ ਜਿੱਤ ਦਾ ਸਿੰਧ 'ਤੇ ਪ੍ਰਭਾਵ (Impact of Arab Conquest on Sindh)

1.7 ਸਾਰ ਅੰਸ਼ (Summary)

1.8 ਸ਼ਬਦਕੋਸ਼ (Keywords)

1.9 ਅਭਿਆਸ ਪ੍ਰਸ਼ਨ (Review Questions)

1.10 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਪੈਗੰਬਰ ਮੁਹੰਮਦ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਦੀ ਵਿਆਖਿਆ ਕਰਨ ਸਬੰਧੀ।
- 8ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਦੀ ਰਾਜਨੀਤਿਕ ਦਸ਼ਾ ਨੂੰ ਸਮਝਣ ਸਬੰਧੀ।

## ਜਾਣਕਾਰੀ (Introduction)

ਇਸ ਤੋਂ ਬਾਅਦ 7ਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਪੈਗੰਬਰ ਮੁਹੰਮਦ ਸਾਹਿਬ ਨੇ ਇਸਲਾਮ ਦੀ ਨੀਂਹ ਰੱਖੀ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ 80 ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਦੇ ਅੰਦਰ ਹੀ ਇਹ ਨਵਾਂ ਧਰਮ ਸੰਸਾਰ ਦੇ ਕਈ ਦੇਸ਼ਾਂ ਜਿਵੇਂ ਇਰਾਨ, ਸੀਰੀਆ, ਪੱਛਮੀ ਤੁਰਕਿਸਤਾਨ, ਸਿੰਧ, ਮਿਸਰ ਅਤੇ ਦੱਖਣੀ ਸਪੇਨ ਵਿੱਚ ਫੈਲ ਗਿਆ। ਡਾਕਟਰ ਵੀ. ਏ. ਸਮਿੱਥ ਦਾ ਕਹਿਣਾ ਹੈ ਕਿ 'ਮੁਹੰਮਦ ਸਾਹਿਬ ਦਾ ਧਰਮ ਇਸਲਾਮ ਜਿਸ ਤੇਜ਼ ਗਤੀ ਨਾਲ ਫੈਲਿਆ ਅਤੇ ਜਿਸ ਨਾਟਕੀ ਢੰਗ ਨਾਲ ਆਕਸੀਮਕਤਾ ਨਾਲ ਉਨ੍ਹਾਂ ਦੇ ਅਨੁਯਾਈ ਇਕ ਪ੍ਰਭਾਵਸ਼ਾਲੀ ਪ੍ਰਭੂੱਤਾ ਦੀ ਸਥਿਤੀ ਨੂੰ ਪ੍ਰਾਪਤ ਹੋਏ, ਇਹ ਇਕ ਹੈਰਾਨੀ ਦੀ ਗੱਲ ਹੈ, ਇਸ ਨੂੰ ਇਤਿਹਾਸ ਦਾ ਇਕ ਚਮਤਕਾਰ ਕਿਹਾ ਜਾ ਸਕਦਾ ਹੈ।'

ਨੋਟ

## 1.1 ਪੈਗੰਬਰ ਮੁਹੰਮਦ ਸਾਹਿਬ ਦਾ ਜੀਵਨ ਅਤੇ ਸਿੱਖਿਆਵਾਂ (Life and Teachings of Prophet Mohammad Sahib)

ਪੈਗੰਬਰ ਮੁਹੰਮਦ ਸਾਹਿਬ ਨੂੰ ਸੰਸਾਰ ਦੀ ਇਕ ਮਹਾਨ ਪੂਜਨੀਕ ਆਤਮਾ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਗਿਣਤੀ ਭਗਵਾਨ ਕ੍ਰਿਸ਼ਨ, ਮਹਾਤਮਾ ਬੁੱਧ, ਭਗਵਾਨ ਮਸੀਹ ਅਤੇ ਗੁਰੂ ਨਾਨਕ ਵਰਗਿਆਂ ਸੁੱਖਾਂ ਦੀ ਵਰਖਾ ਕਰਨ ਵਾਲੀ ਮਹਾਨ ਆਤਮਾਵਾਂ ਵਿੱਚ ਹੁੰਦੀ ਹੈ। ਉਨ੍ਹਾਂ ਦੇ ਜੀਵਨ ਦਾ ਸੰਖੇਪ ਵਿੱਚ ਹੇਠ ਲਿਖੇ ਅਨੁਸਾਰ ਅਧਿਐਨ ਕੀਤਾ ਜਾ ਸਕਦਾ ਹੈ।

### 1.1.1 ਸ਼ੁਰੂਆਤੀ ਜੀਵਨ (Early Life)

ਮੁਹੰਮਦ ਸਾਹਿਬ ਦਾ ਜਨਮ 570 ਈਸਵੀ ਵਿੱਚ ਧਰਤੀ ਦੇ ਸਭ ਤੋਂ ਘੱਟ ਅਤਿਥਯਕਾਰੀ ਪ੍ਰਦੇਸ਼ ਅਰਬ ਵਿੱਚ ਮੱਕਾ ਨਾਮਕ ਸਥਾਨ ’ਤੇ ਹੋਇਆ। ਮੱਕਾ ਇਕ ਭੌਤਿਕਵਾਦੀ ਵਪਾਰਕ ਨਗਰ ਸੀ, “ਇੱਥੇ ਲਾਭ-ਲੋਭਤਾ ਅਤੇ ਸੂਦਖੋਰੀ ਦਾ ਰਾਜ ਸੀ, ਜਿੱਥੇ ਆਪਣੇ ਜਨਮ ਸਮੇਂ ਵਿੱਚ ਲੋਕ ਇਸਤਰੀ, ਸ਼ਰਾਬ ਅਤੇ ਜੂਆ ਸੇਵਨ ਵਿੱਚ ਮਸਤ ਰਹਿੰਦੇ ਸਨ, ਜਿੱਥੇ ‘ਜਿਸ ਦੀ ਲਾਠੀ ਉਸ ਦੀ ਭੈਂਸ’ ਦਾ ਨਿਯਮ ਲਾਗੂ ਸੀ, ਇੱਥੇ ਵਿਧਵਾਵਾਂ, ਅਨਾਥਾਂ ਅਤੇ ਬਜ਼ੁਰਗਾਂ ਨੂੰ ਇਕ ਵਿਅਰਥ ਬੋਝ ਸਮਝਿਆ ਜਾਂਦਾ ਸੀ।” ਮੁਹੰਮਦ ਇਕ ਅਜਿਹਾ ਬੱਚਾ ਸੀ ਜੋ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਪੈਦਾ ਹੋਇਆ ਸੀ ਅਤੇ ਜਿਸ ਦੀ ਮਾਂ ਵੀ ਚੱਲ ਵਸੀ ਜਦੋਂ ਕਿ ਇਹ ਕੇਵਲ ਛੇ ਸਾਲਾਂ ਦਾ ਸੀ। ਇਸ ਅਨਾਥ ਨੂੰ ਇਸ ਦੇ ਚਾਚਾ ਅੱਬੂ ਤਾਲਿਬ ਨੇ ਪਾਲਿਆ। ਇਸ ਨੇ ਆਪਣਾ ਬਚਪਨ ਘੋਰ ਗਰੀਬੀ ਅਤੇ ਕਠਿਨਾਈਆਂ ਦੇ ਹਾਲਾਤ ਵਿੱਚ ਬਿਤਾਇਆ ਅਤੇ ਉਹ ਬਿਨਾਂ ਕਿਸੇ ਸਿੱਖਿਆ ਅਤੇ ਦੇਖਭਾਲ ਦੇ ਵੱਡਾ ਹੋਇਆ। ਡਾਕਟਰ ਤਾਰਾ ਚੰਦ ਦਾ ਕਹਿਣਾ ਹੈ ਕਿ “ਵਿਅਕਤੀਗਤ ਦੁੱਖ ਦੇ ਦਬਾਅ ਅਤੇ ਆਪਣੇ ਲੋਕਾਂ ਦੀ ਅਪਮਾਨਜਨਕ ਦਸ਼ਾ ਤੋਂ ਉਤਪੰਨ ਦਿਆਲਤਾ ਦੀ ਉਸ ਦੀ ਭਾਵਨਾ ਨੇ ਉਸ ਦੇ ਭਾਵੁਕ ਦਿਲ ’ਤੇ ਗਹਿਰਾ ਪ੍ਰਭਾਵ ਪਾਇਆ।”

**ਵਿਆਹ (Marriage) :** 25 ਸਾਲਾਂ ਦੀ ਉਮਰ ਵਿੱਚ ਮੁਹੰਮਦ ਸਾਹਿਬ ਖਦੀਜਾ ਨਾਮਕ ਇਕ 40 ਸਾਲਾਂ ਦੀ ਅਮੀਰ ਵਿਧਵਾ ਦੇ ਸੰਪਰਕ ਵਿੱਚ ਆਏ ਅਤੇ ਉਸੇ ਦੇ ਕੋਲ ਵਪਾਰਕ ਵਿੱਚ ਮੁਨਸ਼ੀ ਬਣ ਗਏ। ਉਹ ਉਨ੍ਹਾਂ ਦੇ ਵਿਅਕਤੀਤਵ ਤੋਂ ਬੜੀ ਪ੍ਰਭਾਵਿਤ ਹੋਈ। ਇੱਥੋਂ ਤੱਕ ਕਿ ਉਸ ਨੇ ਉਨ੍ਹਾਂ ਨਾਲ ਵਿਆਹ ਕਰਨ ਲੈਣ ਦਾ ਪ੍ਰਸਤਾਵ ਰੱਖਿਆ। ਮੁਹੰਮਦ ਸਾਹਿਬ ਦਾ ਵਿਵਾਹਿਤ ਜੀਵਨ ਬਹੁਤ ਸੁਖੀ ਅਤੇ ਸ਼ਾਂਤੀਪੂਰਨ ਸਿੱਧ ਹੋਇਆ ਪ੍ਰੰਤੂ ਇਹ ਉਨ੍ਹਾਂ ਨੂੰ ਧਾਰਮਿਕ ਰਸਤੇ ’ਤੇ ਚੱਲਣ ਤੋਂ ਨਾ ਰੋਕ ਸਕਿਆ।

**ਦਿਵਿਯ ਗਿਆਨ (The Revelation) :** ਮੁਹੰਮਦ ਸਾਹਿਬ ਵਿੱਚ ਬਚਪਨ ਤੋਂ ਹੀ ਧਾਰਮਿਕ ਪ੍ਰਵਿਰਤੀ ਸੀ। ਜ਼ਿਆਦਾਤਰ ਇਹ ਮਾਊਂਟ ਹੀਰ ’ਤੇ ਚੜ੍ਹ ਜਾਂਦੇ ਅਤੇ ਕਈ ਘੰਟਿਆਂ ਤੱਕ ਸਮਾਧੀ ’ਚ ਬੈਠੇ ਰਹਿੰਦੇ। ਜਦੋਂ ਉਹ 40 ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਜੀਵਨ ਵਿੱਚ ਇਕ ਮਹੱਤਵਪੂਰਨ ਘਟਨਾ ਵਾਪਰੀ। ਇਕ ਦਿਵਯ ਦੂਤ ਨੇ ਉਨ੍ਹਾਂ ਨੂੰ ਭਗਵਾਨ ਦਾ ਸੰਦੇਸ਼ ਦਿੱਤਾ ਕਿ ਤੈਨੂੰ ਤਾਂ ਸੰਸਾਰ ਵਿੱਚ ਅੱਲ੍ਹਾ ਨੇ ਧਰਮ ਪ੍ਰਸਾਰ ਦੇ ਲਈ ਭੇਜਿਆ ਹੈ। ਇਸ ਦਿਵਯ ਗਿਆਨ ਨੇ ਉਨ੍ਹਾਂ ਦੇ ਅਗਿਆਨ ਅਤੇ ਮੋਹ-ਮਾਇਆ ਦੇ ਪਰਦੇ ਨੂੰ ਹਟਾ ਦਿੱਤਾ ਅਤੇ ਹੁਣ ਉਹ ਭਗਵਾਨ ਦੇ ਸੰਦੇਸ਼ਵਾਹਕ ਅਤੇ ਦੂਤ ਬਣ ਗਏ। ਹੋਰ ਪੱਕੇ ਧਾਰਮਿਕ ਸੂਫੀਆਂ ਦੀ ਤਰ੍ਹਾਂ ਮੁਹੰਮਦ ਸਾਹਿਬ ਦੇ ਅੰਦਰ ਵੀ ਧਾਰਮਿਕ ਉਤਸ਼ਾਹ ਅਤੇ ਘੋਰ ਵਿਵਹਾਰਿਕ ਸਮਝ ਦੀ ਸਮਰੱਥਾ ਸੀ। ਅੰਤ ਵਿੱਚ ਉਹ ਇਕ ਨਵੇਂ ਧਰਮ ਦੇ ਪੈਗੰਬਰ ਬਣ ਗਏ।

**ਮੱਕੇ ਵਿੱਚ ਮੁਹੰਮਦ ਦੀ ਅਲੋਕ-ਪ੍ਰਿਯਤਾ (Unpopularity of Mohammad in Mecca) :** ਅਰਬੀ ਲੋਕਾਂ ਦਾ ਧਰਮ ਤਿੰਨ ਗੱਲਾਂ ਦਾ ਜੋੜ ਸੀ-ਨਿਰਥਕ ਸੰਸਕਾਰਵਾਦ, ਨਕਸ਼ੱਤਰ ਪੂਜਾ ਅਤੇ ਮੂਰਤੀ ਪੂਜਾ। ਚੰਗਿਆਈ-ਬੁਰਾਈ ਦੀ ਉਨ੍ਹਾਂ ਦੀ ਸਮਝ ਬਹੁਤ ਸਧਾਰਣ ਪੱਧਰ ਦੀ ਸੀ। ਹੱਤਿਆ ਨੂੰ ਉਹ ਕੋਈ ਬੁਰਾਈ ਨਹੀਂ ਸਮਝਦੇ ਸਨ ਅਤੇ ਵਿਆਹ ਨੂੰ ਕੋਈ ਪਵਿੱਤਰਤਾ ਦਾ ਸਥਾਨ ਨਹੀਂ ਦਿੰਦੇ। ਇਸਤਰੀਆਂ ਨੂੰ ਕੋਈ ਅਧਿਕਾਰ ਨਹੀਂ ਸੀ। ਸਵਾਮੀ ਭਗਤ ਅਤੇ ਸੱਚਰਿਤਾ ਦੀ ਉਲੰਘਣਾ ਕੀਤੀ ਜਾਂਦੀ ਸੀ ਅਤੇ ਕਾਮੁਕਤਾ ਦਾ ਬੋਲਬਾਲਾ ਸੀ। ਮੁਹੰਮਦ ਸਾਹਿਬ ਨੇ ਪ੍ਰਚਾਰ ਕੀਤਾ ਕਿ ਜੀਵਨ ਨੂੰ ਪਵਿੱਤਰ ਬਣਾਓ, ਸੱਚ ਬੋਲੋ, ਅੱਲ੍ਹਾ ’ਤੇ ਵਿਸ਼ਵਾਸ ਰੱਖੋ। ਨਾਲ ਹੀ ਉਨ੍ਹਾਂ ਨੇ ਮੂਰਤੀ ਪੂਜਾ ਅਤੇ ਅੰਧਵਿਸ਼ਵਾਸ ਦੀ ਘੋਰ ਨਿੰਦਾ ਕੀਤੀ ਪ੍ਰੰਤੂ ਦੁਰਭਾਗ ਵੱਸ ਉਨ੍ਹਾਂ ਦੀ ਆਪਣੀ ਕੁਰੈਸ਼ ਜਾਤੀ ਦੇ ਲੋਕ ਕਾਬਾ ਦੇ ਮਾਲਿਕ ਸੀ, ਜਿੱਥੇ 360 ਮੂਰਤੀਆਂ ਲੱਗੀਆਂ ਹੋਈਆਂ ਸੀ ਅਤੇ ਉਹ ਮੂਰਤੀ ਪੂਜਾ ਕਰਨ ਵਾਲਿਆਂ ਦੇ ਚੜ੍ਹਾਵੇ ਦੀ ਕਮਾਈ ਖਾਂਦੇ ਸੀ। ਉਹ ਮੁਹੰਮਦ ਸਾਹਿਬ ਦੇ ਵਿਰੋਧੀ ਹੋ ਗਏ ਅਤੇ ਉਨ੍ਹਾ ਨੂੰ ਗਾਲ੍ਹਾਂ ਕੱਢਣ ਲੱਗੇ। ਉਨ੍ਹਾਂ ’ਤੇ ਪਥਰਾਅ ਹੋਇਆ ਅਤੇ ਉਨ੍ਹਾਂ ਨੂੰ ਜਾਨ ਤੋਂ ਮਾਰ ਦੇਣ ਦਾ ਯਤਨ ਕੀਤਾ ਗਿਆ। ਆਪਣੇ ਲੋਕਾਂ ਦੇ ਵਿਵਹਾਰ ਤੋਂ ਨਿਰਾਸ਼ ਹੋ ਕੇ ਅਤੇ ਉਭਕਰ ਮੁਹੰਮਦ ਸਾਹਿਬ ਨੇ ਆਪਣੀ ਜਨਮ ਭੂਮੀ ਨੂੰ ਛੱਡਣ ਅਤੇ ਕਿਸੇ ਨਜ਼ਦੀਕ ਦੇ ਨਗਰ ਵਿੱਚ ਆਸਰਾ ਲੈਣ ਦਾ ਫੈਸਲਾ ਕਰ ਲਿਆ।

*ਨੋਟਸ* ਹਜਰਤ ਮੁਹੰਮਦ ਸਾਹਿਬ ਦਾ ਜਨਮ 570 ਈਸਵੀ ਵਿੱਚ ਅਰਬ ਦੇ ਮੱਕਾ ਨਾਮਕ ਸਥਾਨ ’ਤੇ ਹੋਇਆ।

**ਹਿਜਰਤ**, 622 ਈਸਵੀ **(**Migration, 622 A.D.**) :** ਈਸਵੀ 622 ਵਿੱਚ ਮੁਹੰਮਦ ਸਾਹਿਬ ਆਪਣੇ ਕੁਝ ਅਨੁਯਾਈਆਂ ਨੂੰ ਲੈ ਕੇ ਮੱਕਾ ਤੋਂ ਯਾਥ੍ਰਿਬ ਆ ਗਏ। ਬਾਅਦ ਵਿੱਚ ਯਾਥ੍ਰਿਬ **ਮੇਦੀਨਾਤੁਨਵੀ** ਅਰਥਾਤ ਨਬੀ ਸਾਹਿਬ ਦਾ ਨਗਰ ਕਹਿਲਾਉਣ ਲੱਗਾ। ਇਹ ਘਟਨਾ ਹਿਜਰਤ ਦੇ ਨਾਮ ਨਾਲ ਪ੍ਰਸਿੱਧ ਹੋਈ ਅਤੇ ਇੱਥੋਂ ਹੀ ਇਸਲਾਮੀ ਧਰਮ ਸ਼ੁਰੂ ਹੁੰਦਾ ਹੈ ਜਿਸ ਦੀ ਸ਼ੁਰੂਆਤ ਜੁਲਾਈ ਈਸਵੀ 622 ਦੇ ਅਨੁਸਾਰ ਬੈਠਦਾ ਹੈ। ਇੱਥੇ ਮਦੀਨਾ ਵਿੱਚ ਲੋਕਾਂ ਨੇ ਮੁਹੰਮਦ ਸਾਹਿਬ ਅਤੇ ਉਨ੍ਹਾਂ ਦੇ ਸੰਦੇਸ਼ ਦਾ ਸਵਾਗਤ ਕੀਤਾ ਅਤੇ ਹਜ਼ਾਰਾਂ ਲੋਕ ਉਨ੍ਹਾਂ ਦੇ ਅਨੁਯਾਈ ਬਣ ਗਏ। ਇੱਥੇ ਹੀ ਉਨ੍ਹਾਂ ਨੇ ਆਪਣੇ ਪਵਿੱਤਰ ਗ੍ਰੰਥ ਕੁਰਾਨ ਦੀ ਰਚਨਾ ਕੀਤੀ ਅਤੇ ਇਸ ਪ੍ਰਕਾਰ ਆਪਣੀਆਂ ਸਿੱਖਿਆਵਾਂ ਦਾ ਇਥ ਨਿਸ਼ਚਿਤ ਰੂਪ ਦਿੱਤਾ।

**ਸੰਦੇਸ਼-ਪ੍ਰਚਾਰ** (Spread of Message) : ਇਸਲਾਮ ਦੀ ਸਥਾਪਨਾ ਕਰਨ ਤੋਂ ਬਾਅਦ ਮੁਹੰਮਦ ਸਾਹਿਬ ਨੇ ਆਪਣੇ ਜੀਵਨ ਦੇ ਅੰਤਿਮ ਸਾਲ ਇਸ ਦੇ ਪ੍ਰਸਾਰ ਵਿੱਚ ਲਗਾਏ, ਉਨ੍ਹਾਂ ਨੂੰ ਭਾਰੀ ਸਫਲਤਾ ਮਿਲੀ। ਜਲਦੀ ਹੀ ਉਹ ਕੀ ਦੇਖਦੇ ਹਨ ਕਿ ਉਹ ਮੌਲਿਕ ਰੂਪ ਨਾਲ ਅਰਬ ਦੇਸ਼ ਦੇ ਸਮਰਾਟ ਅਤੇ ਅਰਬ ਲੋਕਾਂ ਦੇ ਮੰਨੇ ਹੋਏ ਪੈਗੰਬਰ ਬਣ ਗਏ ਹਨ। ਉਹ ਮੱਕਾ ਵੀ ਗਏ ਅਤੇ ਇਸ ਵਾਰ ਆਪਣੇ ਸਥਾਨ ਦੇ ਲੋਕਾਂ 'ਤੇ ਉਨ੍ਹਾਂ ਦਾ ਇਕ ਚਮਤਕਾਰ ਪੂਰਨ ਪ੍ਰਭਾਵ ਪਿਆ।

**ਮੌਤ, 632 ਈਸਵੀ** (Death, 632 A.D.) : 632 ਈਸਵੀ ਵਿੱਚ ਮੁਹੰਮਦ ਸਾਹਿਬ ਦੀ ਮਦੀਨਾ ਵਿੱਚ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦੀ ਕਹਾਣੀ ਕੁਝ ਇਸ ਪ੍ਰਕਾਰ ਹੈ: 8 ਜੂਨ ਨੂੰ ਜਦੋਂ ਪੈਗੰਬਰ ਸਾਹਿਬ ਨਮਾਜ਼ ਪੜ੍ਹ ਚੁੱਕੇ ਸਨ ਤਾਂ ਉਨ੍ਹਾਂ ਦੀ ਆਤਮਾ ਅਸਮਾਨ ਵੱਲ ਚੜ੍ਹਦੀ ਗਈ ਅਤੇ ਅੰਤ ਵਿੱਚ ਈਸ਼ਵਰ (ਖੁਦਾ) ਤੱਕ ਜਾ ਪਹੁੰਚੀ। ਉਨ੍ਹਾਂ ਦੇ ਚੇਲੇ ਕੁਝ ਦੇਰ ਤੱਕ ਇਹ ਵਿਸ਼ਵਾਸ ਨਾ ਕਰ ਸਕੇ ਕਿ ਉਨ੍ਹਾਂ ਦਾ ਪੈਗੰਬਰ ਪ੍ਰਲੋਕ ਸਿਧਾਰ ਚੁੱਕਾ ਹੈ। ਅੰਤ ਵਿੱਚ ਅਬੂਬਕਰ ਨੇ ਲੋਕਾਂ ਨੂੰ ਸਮਝਾਇਆ ਕਿ ਮੁਹੰਮਦ ਸਾਹਿਬ ਇਕ ਇਨਸਾਨ ਹੀ ਸੀ ਜੋ ਉਨ੍ਹਾਂ ਨੂੰ ਸੱਚਾ ਮਾਰਗ ਦਰਸਾਉਣ ਲਈ ਸੰਸਾਰ ਵਿੱਚ ਆਏ ਸਨ ਅਤੇ ਆਪਣਾ ਕੰਮ ਖਤਮ ਕਰਕੇ ਮੌਤ ਦੀ ਗੋਦ ਵਿੱਚ ਚਲੇ ਗਏ।

### 1.1.2 ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ (Teachings of Mohammad)

ਪੈਗੰਬਰ ਮੁਹੰਮਦ ਨੇ ਕਿਸੇ ਗਹਿਰੇ ਦਾਰਸ਼ਨਿਕ ਮੱਤ ਦਾ ਪ੍ਰਚਾਰ ਨਹੀਂ ਕੀਤਾ। ਡਾ. ਤਾਰਾ ਚੰਦ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਧਰਮ ਬਹੁਤ ਹੀ ਸਰਲ ਸੀ। ਇਸ ਵਿੱਚ ਸਿਧਾਂਤ ਅਤੇ ਸੰਸਕਾਰ ਦੀ ਗੱਲ ਬਹੁਤ ਹੀ ਥੋੜ੍ਹੀ ਸੀ, ਕਿਉਂਕਿ ਕੁਰਾਨ ਦੇ ਅਨੁਸਾਰ ਈਸ਼ਵਰ ਚਾਹੁੰਦਾ ਹੈ ਕਿ ਮੈਂ ਲੋਕਾਂ ਦਾ ਬੋਝ ਹਲਕਾ ਕਰਾਂ ਅਤੇ ਉਨ੍ਹਾਂ ਦਾ ਜੀਵਨ ਸੁਗਮ ਬਣਾਵਾਂ। ਮੁਹੰਮਦ ਸਾਹਿਬ ਨੇ ਕੇਵਲ ਤਿੰਨ ਗੱਲਾਂ ਦਾ ਪ੍ਰਚਾਰ ਕੀਤਾ-ਸੱਚਾਈ, ਪਵਿੱਤਰ ਜੀਵਨ ਅਤੇ ਈਸ਼ਵਰ ਵਿੱਚ ਅਟੁੱਟ ਵਿਸ਼ਵਾਸ। ਉਨ੍ਹਾਂ ਦੀਆਂ ਸਿੱਖਿਆਵਾਂ ਦੇ ਮੁੱਖ ਨਿਯਮ ਦੋ ਭਾਗਾਂ ਵਿੱਚ ਵੰਡੇ ਜਾ ਸਕਦੇ ਹਨ-(ਕ) ਧਨਾਤਮਕ ਨਿਯਮ (ਖ) ਨਕਾਰਾਤਮਕ ਨਿਯਮ।

*ਕੀ ਤੁਸੀਂ ਜਾਣਦੇ ਹੋ*

ਈਸਵੀ 622 ਵਿੱਚ ਮੁਹੰਮਦ ਸਾਹਿਬ ਆਪਣੇ ਕੁਝ ਅਨੁਯਾਈਆਂ ਨੂੰ ਲੈ ਕੇ ਮੱਕਾ ਤੋਂ ਯਾਥ੍ਰਿਬ ਆ ਗਏ। ਬਾਅਦ ਵਿੱਚ ਯਾਥ੍ਰਿਬ ਮੇਦੀਨਾਤੁਨਵੀ ਅਰਥਾਤ ਨਬੀ ਸਾਹਿਬ ਦਾ ਨਗਰ ਕਹਿਲਾਉਣ ਲੱਗਾ। ਇਹ ਘਟਨਾ ਹਿਜਰਤ ਦੇ ਨਾਮ ਨਾਲ ਪ੍ਰਸਿੱਧ ਹੋਈ ਅਤੇ ਇੱਥੋਂ ਹੀ ਇਸਲਾਮੀ ਧਰਮ ਸ਼ੁਰੂ ਹੁੰਦਾ ਹੈ।

#### ਧਨਾਤਮਕ (ਨਿਸ਼ਚਿਤ) ਸਿੱਖਿਆਵਾਂ (Positive Teachings)

1. **ਅੱਲ੍ਹਾ 'ਤੇ ਵਿਸ਼ਵਾਸ** (Belief in Allah):-ਪੈਗੰਬਰ ਸਾਹਿਬ ਦਾ ਕੇਂਦਰੀ ਧਰਮ ਸਿਧਾਂਤ ਇਹ ਹੈ ਕਿ ਸੰਸਾਰ ਵਿੱਚ ਕੇਵਲ ਇਕ ਹੀ ਅੱਲ੍ਹਾ ਹੈ। ਇਸ ਤੋਂ ਭਾਵ ਇਹ ਹੈ ਕਿ ਦੇਵੀ ਦੇਵਤਾਵਾਂ ਦੀ ਪੂਜਾ ਪੂਰਨ ਰੂਪ ਵਿੱਚ ਬੰਦ। ਅੱਲ੍ਹਾ ਸੰਸਾਰ ਦਾ ਸਭ ਤੋਂ ਉੱਚਾ ਅਤੇ ਏਕਾਕੀ ਸਮਰਾਟ ਹੈ। ਉਨ੍ਹਾਂ ਦੇ ਅਨੁਯਾਈਆਂ ਨੂੰ ਉਸ ਦੇ ਅੰਦਰ ਦ੍ਰਿੜ ਵਿਸ਼ਵਾਸ ਰੱਖਣਾ ਚਾਹੀਦਾ ਹੈ ਅਤੇ ਉਸ ਦੀ ਇੱਛਾ ਦੇ ਉਲੰਘਣ ਦੇ ਭਿਆਨਕ ਨਤੀਜਿਆਂ ਤੋਂ ਡਰਨਾ ਚਾਹੀਦਾ ਹੈ ਅਤੇ ਲੋਕਾਂ ਦੇ ਅੰਦਰ ਇਹ ਗਹਿਰੀ ਭਾਵਨਾ ਹੋਣੀ ਚਾਹੀਦੀ ਹੈ ਕਿ ਅਸੀਂ ਉਸ ਦੀ ਦਇਆ ਅਤੇ ਕਿਰਪਾ ਦੇ ਅਧੀਨ ਹਾਂ ਅਤੇ ਉਸ 'ਤੇ ਪੂਰਨ ਤੌਰ 'ਤੇ ਨਿਰਭਰ ਹਾਂ।

2. **ਕਰਮ ਅਤੇ ਸਵਰਗ-ਨਰਕ ਦੇ ਸਿਧਾਂਤ ਵਿੱਚ ਵਿਸ਼ਵਾਸ** (Belief in Theory of Karma and Heaven and Hell):-ਭਗਵਾਨ ਕ੍ਰਿਸ਼ਨ ਅਤੇ ਭਗਵਾਨ ਬੁੱਧ ਦੀ ਤਰ੍ਹਾਂ ਪੈਗੰਬਰ ਮੁਹੰਮਦ ਨੇ ਕਰਮ ਦੇ ਸਿਧਾਂਤ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਕਿਸੇ ਵਿਅਕਤੀ ਦੇ ਕੰਮਕਾਜ ਦਾ ਵੱਡਾ ਮਹੱਤਵ ਹੁੰਦਾ ਹੈ। ਉਨ੍ਹਾਂ ਦੇ ਕਥਨ ਅਨੁਸਾਰ ਹੜ੍ਹ ਅਤੇ ਨਿਆ ਦਾ ਇਕ ਦਿਨ ਆਵੇਗਾ ਜਦੋਂ ਹਰ ਕੋਈ ਨਸ਼ਟ ਹੋ ਜਾਵੇਗਾ ਅਤੇ ਉਸ ਨੂੰ ਆਪਣੇ ਕਰਮ ਅਨੁਸਾਰ ਸਜ਼ਾ ਜਾਂ ਫਲ ਮਿਲੇਗਾ। ਇਕ ਚੰਗੇ ਸਦਾਚਾਰੀ ਵਿਅਕਤੀ ਨੂੰ ਤਾਂ ਸਵਰਗ ਮਿਲੇਗਾ ਪ੍ਰੰਤੂ ਪਾਪੀ ਨੂੰ ਨਰਕ ਵਿੱਚ ਸੁੱਟਿਆ ਜਾਵੇਗਾ।

ਨੋਟ

3. **ਪ੍ਰਾਥਨਾ 'ਤੇ ਵਿਸ਼ਵਾਸ** (Belief in Prayers): ਭਗਵਾਨ ਬੁੱਧ ਅਤੇ ਭਗਵਾਨ ਮਹਾਂਵੀਰ ਨੇ ਅਲੱਗ ਢੰਗ ਅਪਣਾਉਂਦੇ ਹੋਏ ਮੁਹੰਮਦ ਸਾਹਿਬ ਨੇ ਪ੍ਰਾਥਨਾ ਦੀ ਸਮਰੱਥਾ 'ਤੇ ਵਿਸ਼ਵਾਸ ਰੱਖਿਆ। ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਆਦੇਸ਼ ਦਿੱਤਾ ਕਿ ਦਿਨ ਵਿੱਚ ਪੰਜ ਵਾਰ ਪ੍ਰਾਥਨਾ ਕਰੋ-ਪ੍ਰਾਤ ਮੱਧਕਾਲੀਨ ਭਾਰਤ ਦਾ ਇਤਿਹਾਸ ਪਹਿਲੇ ਪਹਿਰ, ਦੂਸਰੇ ਪਹਿਰ ਅਤੇ ਸ਼ਾਮ ਜਾਂ ਰਾਤ ਨੂੰ ਕਿਉਂਕਿ ਕਿਸੇ ਵਿਅਕਤੀ ਦੇ ਪਾਪ ਪ੍ਰਾਥਨਾ ਨਾਲ ਹੀ ਮਾਫ ਕੀਤੇ ਜਾ ਸਕਦੇ ਹਨ।

4. **ਵਿਸ਼ਵ-ਵਿਆਪੀ ਭ੍ਰਾਤਰੀਭਾਵ ਵਿੱਚ ਵਿਸ਼ਵਾਸ** (Belief in Universal Brotherhood): ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਇਕ ਪ੍ਰਮੁੱਖ ਨਿਯਮ ਮੁਸਲਮਾਨਾਂ ਵਿੱਚ ਬਰਾਬਰਤਾ ਅਤੇ ਭ੍ਰਾਤਰੀਭਾਵ ਦਾ ਸਿਧਾਂਤ ਹੈ। ਪੈਗੰਬਰ ਸਾਹਿਬ ਦੇ ਅਨੁਯਾਈ ਉਚ-ਨੀਚ ਦੇ ਭੇਦਭਾਵ ਦੇ ਬਿਨਾਂ ਇਕ ਬਰਾਬਰ ਹਨ। ਉਹ ਹੁਣ ਅੱਲ੍ਹਾ ਦੇ ਪੁੱਤਰ ਹਨ ਅਤੇ ਸਾਰੇ ਭਰਾ ਹਨ। ਇਹ ਸਿਧਾਂਤ ਮੁਸਲਮਾਨਾਂ ਨੂੰ ਇਕ ਜਾਤੀ ਦੇ ਰੂਪ ਵਿੱਚ ਸੰਗਠਿਤ ਕਰਨ ਵਿੱਚ ਵੱਡਾ ਲਾਭਕਾਰੀ ਸਿੱਧ ਹੋਇਆ, ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੇ ਅੰਦਰ ਏਕਤਾ ਦੀ ਭਾਵਨਾ ਕੁੱਟ-ਕੁੱਟ ਕੇ ਭਰ ਦਿੱਤੀ ਅਤੇ ਉਨ੍ਹਾਂ ਨੇ ਦੂਸਰੇ ਧਰਮਾਂ ਦੇ ਅਨੁਯਾਈਆਂ ਦੇ ਵਿਰੁੱਧ ਹਮੇਸ਼ਾਂ ਲਈ ਸੰਗਠਿਤ ਕਰਕੇ ਰੱਖਿਆ।

5. **ਨੈਤਿਕਤਾ ਵਿੱਚ ਵਿਸ਼ਵਾਸ** (Belief in Morality) : ਸਾਰੇ ਵੱਡੇ-ਵੱਡੇ ਰਿਸ਼ੀ-ਮੁਨੀਆਂ ਦੀ ਤਰ੍ਹਾਂ ਮੁਹੰਮਦ ਸਾਹਿਬ ਨੇ ਵੀ ਲੋਕਾਂ ਨੂੰ ਇਹ ਸਿਖਾਇਆ ਕਿ ਉੱਚਾ, ਨੈਤਿਕ ਅਤੇ ਸੱਚਾਈ ਨਾਲ ਜੀਵਨ ਬਤੀਤ ਕਰੋ। ਝੂਠ ਬੋਲਣਾ ਜਾਂ ਚੋਰੀ ਕਰਨਾ ਪਾਪ ਹੈ। ਮਨੁੱਖ ਨੂੰ ਇਮਾਨਦਾਰ ਅਤੇ ਸੱਚਾ ਬਣਨਾ ਚਾਹੀਦਾ ਹੈ ਆਪਣੀ ਕਮਾਈ ਦਾ ਚੌਥਾ ਹਿੱਸਾ ਦਾਨ ਵਜੋਂ ਦੇਣਾ ਚਾਹੀਦਾ ਹੈ।

6. **ਵਰਤਾਂ, ਤੀਰਥ ਯਾਤਰਾਵਾਂ ਆਦਿ ਵਿੱਚ ਵਿਸ਼ਵਾਸ** (Belief in Fast, Pilgrimage etc.): ਪੈਗੰਬਰ ਸਾਹਿਬ ਦਾ ਕਹਿਣਾ ਹੈ ਕਿ ਇਸਲਾਮ ਦਾ ਇਕ ਜ਼ਰੂਰੀ ਨਿਯਮ ਕੁਝ ਰੀਤੀਆਂ ਦਾ ਪਾਲਣ ਕਰਨਾ ਹੈ। ਮੁਸਲਮਾਨਾਂ ਦਾ ਇਹ ਕਰਤਵ ਹੈ ਕਿ ਰਮਜਾਨ ਦੇ ਮਹੀਨੇ ਦੇ ਕੁਝ ਵਿਸ਼ੇਸ਼ ਦਿਨਾਂ ਵਿੱਚ ਵਰਤ (ਰੋਜ਼ਾ) ਰੱਖਣ। ਦੂਸਰੀ ਗੱਲ, ਮੁਹੰਮਦ ਸਾਹਿਬ ਦੇ ਜਨਮ ਸਥਾਨ ਮੱਕਾ ਦੀ ਤੀਰਥ ਯਾਤਰਾ ਜਾਂ ਹਜ ਜੀਵਨ ਵਿੱਚ ਘੱਟ ਤੋਂ ਘੱਟ ਇਕ ਵਾਰ ਜ਼ਰੂਰ ਕਰੋ।

7. **ਕੁਰਾਨ ਵਿੱਚ ਦਿੱਤੀਆਂ ਹੋਈਆਂ ਗੱਲਾਂ 'ਤੇ ਵਿਸ਼ਵਾਸ** (Belief in Contents of Quoran): ਪੈਗੰਬਰ ਸਾਹਿਬ ਨੇ ਆਪਣੀਆਂ ਸਾਰੀਆਂ ਸਿੱਖਿਆਵਾਂ ਨੂੰ ਆਪਣੇ ਇਕ ਗ੍ਰੰਥ ਕੁਰਾਨ ਨੂੰ ਰਚ ਕੇ ਉਸ ਵਿੱਚ ਭਰ ਦਿੱਤਾ ਅਤੇ ਉਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਇਹ ਆਦੇਸ਼ ਦਿੱਤਾ ਕਿ ਨਾ ਕੇਵਲ ਕੁਰਾਨ ਦੀਆਂ ਗੱਲਾਂ (ਅਯਾਤਾਂ) 'ਤੇ ਵਿਸ਼ਵਾਸ਼ ਕਰੋ ਅਤੇ ਆਪਣਾ ਜੀਵਨ ਵੀ ਉਨ੍ਹਾਂ ਦੇ ਅਨੁਸਾਰ ਬਤੀਤ ਕਰੋ। ਸਾਰੇ ਵਿਸ਼ਿਆਂ 'ਤੇ ਕੀ ਵਿਅਕਤੀਗਤ, ਕੀ ਧਾਰਮਿਕ, ਕੀ ਸਮਾਜਿਕ ਅਤੇ ਕੀ ਰਾਜਨੀਤਿਕ ਕੁਰਾਨ ਸਭ ਤੋਂ ਪਹਿਲਾ ਅਤੇ ਅੰਤਿਮ ਪ੍ਰਮਾਣ ਸਮਝਿਆ ਗਿਆ ਅਤੇ ਗਰੀਬ ਤੋਂ ਗਰੀਬ ਵਿਅਕਤੀ ਤੋਂ ਲੈ ਕੇ ਅਮੀਰ ਤੋਂ ਅਮੀਰ ਵਿਅਕਤੀ ਤੱਕ ਅਤੇ ਭਿਖਾਰੀ ਤੋਂ ਲੈ ਕੇ ਰਾਜੇ ਤੱਕ ਹਰ ਮੁਸਲਮਾਨ ਨੂੰ ਇਹ ਆਦੇਸ਼ ਦਿੱਤਾ ਕਿ ਕੁਰਾਨ ਨੂੰ ਜੀਵਨ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਅਨਮੋਲ ਮਾਰਗ-ਦਰਸ਼ਕ ਸਮਝਿਆ ਜਾਵੇ।

**ਨਕਾਰਾਤਮ ਸਿੱਖਿਆਵਾਂ (Negative Teachings)**

1. **ਮੂਰਤੀ ਪੂਜਾ ਦੀ ਨਿੰਦਾ** (Disbelief in Idol Worship): ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਇਕ ਮਹਾਨ ਨਿਯਮ ਇਹ ਸੀ ਕਿ ਉਨ੍ਹਾਂ ਨੇ ਮੂਰਤੀ ਪੂਜਾ ਦੀ ਬਹੁਤ ਜ਼ਿਆਦਾ ਨਿੰਦਾ ਕੀਤੀ। ਅਰਬ ਦੇਸ਼ ਵਿੱਚ ਉਨ੍ਹਾਂ ਤੋਂ ਪਹਿਲਾਂ ਮੂਰਤੀ ਪੂਜਾ ਇਕ ਬਹੁਤ ਹੀ ਲੋਕਪ੍ਰਿਯ ਰਿਵਾਜ਼ ਦੇ ਰੂਪ ਵਿੱਚ ਪ੍ਰਚੱਲਿਤ ਸੀ, ਪ੍ਰੰਤੂ ਪੈਗੰਬਰ ਸਾਹਿਬ ਦੇ ਸੰਦੇਸ਼ ਦੇ ਕਾਰਨ ਇਹ ਕਾਫੀ ਘੱਟ ਗਈ। ਇਸ ਦੇ ਬਾਅਦ ਅਜਿਹਾ ਸਮਝਿਆ ਜਾਣ ਲੱਗ ਕਿ ਹਰ ਮੁਸਲਮਾਨ ਦਾ ਇਹ ਧਾਰਮਿਕ ਕਰਤਵ ਹੈ ਕਿ ਉਹ ਤਲਵਾਰ ਦੇ ਜ਼ੋਰ 'ਤੇ ਵੀ ਮੂਰਤੀ ਪੂਜਾ ਨੂੰ ਖਤਮ ਕਰੇ। ਇਹ ਗੱਲ ਬਹੁਤ ਅਰਥ ਭਰਪੂਰ ਹੈ ਕਿ ਭਾਰਤ 'ਤੇ ਮੁਸਲਮਾਨਾਂ ਦੇ ਜੋ ਹਮਲੇ ਹੋਏ ਉਨ੍ਹਾਂ ਪਿੱਛੇ ਮੂਰਤੀ ਪੂਜਾ ਕਰਨ ਵਾਲਿਆਂ ਦੀ ਧਰਤੀ 'ਤੇ ਮੂਰਤੀ ਪੂਜਾ ਨੂੰ ਮਿਟਾਉਣ ਦਾ ਉਤਸ਼ਾਹ ਹੀ ਤਾਂ ਸੀ।

2. **ਤਪੱਸਿਆਵਾਦ ਦਾ ਵਿਰੋਧ** (Disbelief in Asceticism) : ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਤਪੱਸਿਆਵਾਦ ਨੂੰ ਕੋਈ ਸਥਾਨ ਨਹੀਂ ਜੋ ਕਿ ਜੈਨ ਧਰਮ ਅਤੇ ਹਿੰਦੂ ਦਾ ਪ੍ਰਮੁੱਖ ਨਿਯਮ ਹੈ। ਅਸਲ ਵਿੱਚ ਉਨ੍ਹਾਂ ਇਸ ਪੱਖ ਨੂੰ ਹੀ ਨਹੀਂ ਅਪਣਾਇਆ ਕਿ ਆਤਮਾ ਦੀ ਮੁਕਤੀ ਲਈ ਸਰੀਰ ਨੂੰ ਭੁੱਖਾ ਰੱਖਿਆ ਜਾਵੇ। ਉਨ੍ਹਾਂ ਦਾ ਤਾਂ ਵਿਸ਼ਵਾਸ ਇਹ ਸੀ ਕਿ ਮਨੁੱਖ ਵਿਆਹ ਅਤੇ ਪਰਿਵਾਰਿਕ ਜੀਵਨ ਬਤੀਤ ਕਰੇ। ਕੁਰਾਨ ਦਾ ਆਦੇਸ਼ ਹੈ ਕਿ ਇਕ ਮੁਸਲਮਾਨ ਵਿਅਕਤੀ ਚਾਰ ਵਿਆਹ ਕਰ ਸਕਦਾ ਹੈ।

3. **ਅਹਿੰਸਾ ਵਿੱਚ ਅਵਿਸ਼ਵਾਸ** (Disbelief in Non-Violence): ਬੁੱਧ ਅਤੇ ਜੈਨ ਦੇ ਅਹਿੰਸਾ ਦੇ ਨਿਯਮ ਨੂੰ ਵੀ ਇਸਲਾਮ ਵਿੱਚ ਕੋਈ ਸਥਾਨ ਨਹੀਂ। ਮੁਹੰਮਦ ਸਾਹਿਬ ਨੇ ਸਾਰੇ ਸੰਸਾਰ ਦੀ ਨਿੰਦਾ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਨੇ ਅਜਿਹਾ ਪ੍ਰਚਾਰ ਕੀਤਾ ਕਿ ਮਨੁੱਖਾਂ ਅਤੇ ਜੀਵਾਂ ਨੂੰ ਦੁੱਖ ਨਾ ਦਿਓ ਤਾਂ ਵੀ ਇਸ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਨੇ ਯੁੱਧ , ਹਿੰਸਾ ਅਤੇ ਸੰਪਤੀ ਖਾਤਮੇ ਦਾ ਸਮਰਥਨ ਕੀਤਾ। ਇਸ ਦਾ ਤਾਂ ਕੇਵਲ ਇੰਨਾ ਹੀ ਅਰਥ ਹੈ ਕਿ ਉਹ ਕਿਸੇ ਨਿਆਪੂਰਨ ਯੁੱਧ ਦੇ ਵਿਰੁੱਧ ਨਹੀਂ ਸਨ।

### 1.1.3 ਇਸਲਾਮ ਦੀ ਪ੍ਰਗਤੀ ਅਤੇ ਵਿਸਥਾਰ (Progress and Expansion of Islam)

632 ਈਸਵੀ ਵਿੱਚ ਮੁਹੰਮਦ ਸਾਹਿਬ ਦੀ ਮੌਤ ਦੇ ਬਾਅਦ ਇਸਲਾਮ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਫੈਲਣ ਲੱਗਾ। ਇਸਲਾਮ ਨੂੰ ਫੈਲਾਉਣ ਦਾ ਕੰਮ ਖਲੀਫਾਵਾਂ ਨੇ ਆਪਣੇ ਉੱਪਰ ਲੈ ਲਿਆ। 632 ਇਸਵੀ ਤੋਂ 749 ਈਸਵੀ ਉਮੈਯਦ ਖਲੀਫਾਵਾਂ ਦਾ ਪ੍ਰਮੁੱਖ

ਰਿਹਾ। ਪ੍ਰੰਤੂ 749 ਈਸਵੀ ਤੋਂ 1256 ਈਸਵੀ ਤੱਕ ਅਬਾਸੀਦ ਖਲੀਫਾ ਬਣੇ ਰਹੇ ਅਤੇ ਉਹ ਹੀ ਇਸਲਾਮ ਦੇ ਅਸਲ ਨੇਤਾ ਵੀ ਸਨ। **ਨੋਟ**

**ਉਮੈਯਦ ਖਲੀਫੇ (The Omayyads)**

**ਅਬੂਬਕਰ, 632-34 ਈਸਵੀ (Abu Bakr):** ਪੈਗੰਬਰ ਸਾਹਿਬ ਦੀ ਮੌਤ ਤੋਂ ਬਾਅਦ ਅਰਬ ਲੋਕਾਂ ਨੇ ਅਬੂਬਕਰ ਨੂੰ ਆਪਣਾ ਖਲੀਫਾ ਚੁਣਿਆ। ਉਹ ਪੈਗੰਬਰ ਸਾਹਿਬ ਦੇ ਪਰਿਵਾਰ ਦੇ ਇਕ ਮੁੱਖ ਮੈਂਬਰ ਸੀ ਅਤੇ ਸਹੁਰਾ ਵੀ। ਪੈਗੰਬਰ ਸਾਹਿਬ ਦੇ ਜਮਾਤਾ ਅਲੀ ਸਾਹਿਬ ਨੂੰ ਇਸ ਅਧਿਕਾਰ ਤੋਂ ਵਾਂਝਾ ਰੱਖਿਆ ਗਿਆ।

ਇਸ ਪ੍ਰਕਾਰ ਇਹ ਸਪਸ਼ਟ ਅਤੇ ਸਥਾਪਿਤ ਕਰ ਦਿੱਤਾ ਗਿਆ ਖਿਲਾਫ਼ ਲੋਕਮੱਤ ਦੇ ਅਨੁਸਾਰ ਹੀ ਮੰਨੀ ਜਾਵੇਗੀ। ਅਬੂਬਕਰ ਬਹੁਤ ਹੀ ਨੇਕ ਮਨੁੱਖ ਸਨ ਜੋ ਬਹੁਤ ਸਾਦਾ ਅਤੇ ਪਵਿੱਤਰ ਜੀਵਨ ਬਤੀਤ ਕਰਦੇ ਸਨ ਅਤੇ ਜਿਨ੍ਹਾਂ ਨੇ ਇਸਲਾਮ ਦਾ ਪ੍ਰਚਾਰ ਅਤੇ ਪ੍ਰਸਾਰ ਲਈ ਬਹੁਤ ਕੁਝ ਕੀਤਾ। ਉਨ੍ਹਾਂ ਦੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਇਸਲਾਮ ਧਰਮ ਇਰਾਕ ਅਤੇ ਸੀਰੀਆ ਤੱਕ ਫੈਲ ਲਿਆ। 634 ਈ. ਵਿੱਚ ਉਨ੍ਹਾਂ ਦੀ ਮੌਤ ਹੋ ਗਈ।

**ਉਮਰ ਸਾਹਿਬ, 634-44 ਈ. (Omar)** : ਅਬੂਬਕਰ ਦੀ ਮੌਤ ਤੋਂ ਬਾਅਦ ਖਿਲਾਫ਼ਤ ਉਮਰ ਸਾਹਿਬ ਦੇ ਹੱਥਾਂ ਵਿੱਚ ਆ ਗਈ ਜੋ ਪੈਗੰਬਰ ਸਾਹਿਬ ਦੇ ਭਣੋਈਏ ਅਤੇ ਪਰਿਵਾਰ ਦੇ ਸਭ ਤੋਂ ਵੱਡੇ ਮੈਂਬਰ ਸਨ। ਉਮਰ ਸਾਹਿਬ ਦੇ ਅਧੀਨ ਹੀ ਖਿਲਾਫ਼ਤ ਦੀ ਪੱਦਵੀ ਦਾ ਮਹੱਤਵ ਵਧਿਆ। ਉਨ੍ਹਾਂ ਨੇ ਇਸਲਾਮ ਦੇ ਸਾਮਰਾਜ ਨੂੰ ਵਧਾਉਣ ਲਈ ਬਹੁਤ ਕੁਝ ਕੀਤਾ। ਉਨ੍ਹਾਂ ਦੀ ਅਗਵਾਈ ਵਿੱਚ ਇਰਾਨ ਦੇ ਸਮਰਾਟ ਦੀ ਹਾਰ ਹੋਈ। ਉਨ੍ਹਾਂ ਦੀ ਸੈਨਾਵਾਂ ਉੱਤਰੀ ਅਫਰੀਕਾ ਵੱਲ ਤ੍ਰਿਪੋਲੀ ਤੱਕ ਜਾ ਪਹੁੰਚੀਆਂ। ਸੰਖੇਪ ਵਿੱਚ, ਉਮਰ ਸਾਹਿਬ ਦੀ ਮੌਤ 644 ਈ. ਵਿੱਚ ਹੋਈ, ਪ੍ਰੰਤੂ ਉਸ ਤੋਂ ਪਹਿਲਾਂ ਇਰਾਕ, ਬੇਬੀਲੋਨ, ਇਰਾਨ, ਮਿਸਰ ਅਤੇ ਅਫਰੀਕਾ ਦੇ ਕੁਝ ਭਾਗ ਜਿੱਤ ਲਏ ਗਏ ਸਨ ਅਤੇ ਉੱਥੇ ਇਸਲਾਮ ਦਾ ਝੰਡਾ ਗੱਡ ਦਿੱਤਾ ਗਿਆ ਸੀ।

**ਉਸਮਾਨ, 644-656 ਈ. (Osman)** : ਉਮਰ ਤੋਂ ਬਾਅਦ ਉਸਮਾਨ ਸਾਹਿਬ 644 ਈ. ਵਿੱਚ ਗੱਦੀ 'ਤੇ ਬੈਠੇ। ਉਨ੍ਹਾਂ ਦੇ ਅਧੀਨ ਮੁਸਲਮਾਨ ਸੈਨਾਵਾਂ ਨੇ ਕਾਬੁਲ, ਗਜਨੀ, ਬਲਕ ਅਤੇ ਹੈਰਾਤ ਨੂੰ ਜਿੱਤ ਲਿਆ ਅਤੇ ਤੁਰਕੀ ਨੂੰ ਮੁਸਲਮਾਨ ਬਣਾ ਦਿੱਤਾ। ਪ੍ਰੰਤੂ 656 ਈ. ਵਿੱਚ ਇਸ ਖਲੀਫ਼ਾ ਦੇ ਵਿਰੁੱਧ ਇਕ ਛਡਯੰਤਰ ਹੋਇਆ ਅਤੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ।

**ਅਲੀ, 656-661 ਈ. (Ali)** : ਉਸਮਾਨ ਸਾਹਿਬ ਦੀ ਹੱਤਿਆ ਤੋਂ ਬਾਅਦ ਪੈਗੰਬਰ ਸਾਹਿਬ ਦੇ ਜਮਾਤਾ ਅਤੇ ਚਚੇਰੇ ਭਰਾ ਅਲੀ ਸਾਹਿਬ ਨੂੰ ਖਲੀਫ਼ਾ ਬਣਾ ਦਿੱਤਾ ਗਿਆ, ਪ੍ਰੰਤੂ ਕੁਝ ਅਜਿਹੇ ਵਿਗੜੇ ਹੋਏ ਲੋਕ ਨਿਕਲ ਆਏ, ਜਿਨ੍ਹਾਂ ਨੇ ਉਨ੍ਹਾਂ ਦੀ ਸੱਤਾ ਨੂੰ ਚੁਣੌਤੀ ਦਿੱਤੀ, ਉਨ੍ਹਾਂ ਦੀ ਚੋਣ ਨੂੰ ਨਜਾਇਜ਼ ਮੰਨਿਆ ਅਤੇ ਉਨ੍ਹਾਂ ਵਿਰੁੱਧ ਛਡਯੰਤਰ ਕਰਨਾ ਸ਼ੁਰੂ ਕਰ ਦਿੱਤੀ। ਸੀਰੀਆ ਦੇ ਰਾਜਪਾਲ ਮੁਆਵੀਆ ਨੇ ਉਨ੍ਹਾਂ ਦੀ ਸੱਤਾ ਮੰਨਣ ਤੋਂ ਇਨਕਾਰ ਕਰ ਦਿੱਤਾ, ਉਸ ਨੇ ਆਪਣੀਆਂ ਸੈਨਾਵਾਂ ਇਕੱਠੀਆਂ ਕੀਤੀਆਂ ਅਤੇ ਅਲੀ ਸਾਹਿਬ ਦੇ ਵਿਰੁੱਧ ਚੜ੍ਹਾਈ ਕਰ ਦਿੱਤੀ। ਯੁੱਧ ਵਿੱਚ ਅਲੀ ਸਾਹਿਬ ਮਾਰ ਦਿੱਤੇ ਗਏ ਅਤੇ ਇਸ ਪ੍ਰਕਾਰ ਮੁਆਵੀਆ ਖਲੀਫ਼ਾ ਬਣ ਗਿਆ।

**ਮੁਆਵੀਆ (Muawiya)** : ਮੁਆਵੀਆ ਦੇ ਖਲੀਫ਼ਾ ਬਣ ਜਾਣ ਬੜਾ ਭਾਰੀ ਪਰਿਵਰਤਨ ਪੈਦਾ ਹੋ ਗਿਆ, ਉਸ ਨੇ ਖੁੱਲ੍ਹੇ ਰੂਪ ਵਿੱਚ ਘੋਸ਼ਣਾ ਕਰ ਦਿੱਤੀ ਕਿ ਮੈਂ ਹੀ ਇਸਲਾਮ ਦਾ ਪਹਿਲਾ ਸਮਰਾਟ ਅਤੇ ਇਸਲਾਮ ਨੂੰ ਮੰਨਣ ਵਾਲਿਆਂ ਦਾ ਪਹਿਲਾ ਸੈਨਾਪਤੀ ਹਾਂ। ਖਿਲਾਫ਼ਤ ਹੁਣ ਚੋਣ ਦੀ ਗੱਲ ਨਾ ਰਹਿ ਗਈ ਅਤੇ ਉਨ੍ਹਾਂ ਦੀ ਥਾਂ 'ਤੇ ਪੈਤਰਕ ਅਧਿਕਾਰ ਦਾ ਨਿਯਮ ਲਾਗੂ ਕਰ ਦਿੱਤਾ ਗਿਆ। ਖਿਲਾਫ਼ਤ ਦਾ ਕੇਂਦਰ ਮਦੀਨਾ ਤੋਂ ਹਟਾ ਕੇ ਦਮਸ਼ਕ ਬਣਾ ਦਿੱਤਾ ਗਿਆ। ਮੁਆਵੀਆ ਦੇ ਅਧੀਨ ਮੁਸਲਮਾਨਾਂ ਨੇ ਟਯੂਨਿਸ, ਮੋਰਾਕੋ ਆਦਿ ਦੂਰ-ਦੂਰ ਸਥਾਨਾਂ ਨੂੰ ਜਿੱਤ ਲਿਆ ਅਤੇ ਇਸਲਾਮ ਧਰਮ ਇਨ੍ਹਾਂ ਸਾਰੇ ਦੇਸ਼ਾਂ ਵਿੱਚ ਫੈਲ ਗਿਆ। ਪੂਰਾ ਸਪੇਨ ਅਤੇ ਫਰਾਂਸ ਦਾ ਵੀ ਇਕ ਭਾਗ ਜਿੱਤ ਲਏ ਗਏ। ਇਤਿਹਾਸਕਾਰ ਗਿੱਬਨ ਦਾ ਕਹਿਣਾ ਹੈ ਕਿ 'ਹਿਜਰਤ ਦੀ ਪਹਿਲੀ ਸਦੀ ਦੇ ਅੰਤ ਤੱਕ ਖਲੀਫ਼ਾ ਲੋਕ ਪ੍ਰਿਥਵੀ 'ਤੇ ਸਭ ਤੋਂ ਤਾਕਤਵਰ ਅਤੇ ਨਿਰੰਕੁਸ਼ ਸਮਰਾਟ ਬਣ ਚੁੱਕੇ ਸਨ' ਅਜਿਹਾ ਲੱਗਦਾ ਸੀ ਕਿ ਕ੍ਰਿਸਤਾਨੀ ਸਾਮਰਾਜ ਦੇ ਸਥਾਨ 'ਤੇ ਇਸਲਾਮੀ ਸਾਮਰਾਜ ਸਥਾਪਿਤ ਹੋਣ ਵਾਲਾ ਹੈ।

ਉਮੈਯਦ ਲੋਕ ਮੌਲਿਕ ਰੂਪ ਨਾਲ ਅਰਬੀ ਵਿਚਾਰਧਾਰਾ ਦੇ ਸਨ, ਉਨ੍ਹਾਂ ਦੇ ਸੈਨਾਪਤੀ ਅਤੇ ਰਾਜਪਾਲ ਅਰਬ ਜਾਤੀ ਦੇ ਸਨ ਅਤੇ ਉਨ੍ਹਾਂ ਨੇ ਅਰਬੀ ਭਾਸ਼ਾ ਅਤੇ ਅਰਬੀ ਮੁਦਰਾ ਦਾ ਇਸਤੇਮਾਲ ਕੀਤਾ। ਉਨ੍ਹਾਂ ਨੇ ਇਕ ਵੱਡਾ ਇਸਲਾਮੀ ਸਾਮਰਾਜ ਬਣਾ ਦਿੱਤਾ, ਉਹ ਠਾਠ-ਬਾਠ ਦੇ ਵੱਡੇ ਪ੍ਰੇਮੀ ਸਨ ਅਤੇ ਆਪਣੀ ਪ੍ਰਤਿਸ਼ਠਾ ਦਾ ਬੜਾ ਧਿਆਨ ਰੱਖਦੇ ਸਨ।

8ਵੀਂ ਸਦੀ ਦੀ ਦੂਸਰੀ ਚੌਥਾਈ ਵਿੱਚ ਉਮੈਯਦਾਂ ਦੀ ਸ਼ਕਤੀ ਘਟਣ ਲੱਗੀ, ਕਾਰਣ ਇਹ ਸੀ ਕਿ ਉਨ੍ਹਾਂ ਨੇ ਉਨ੍ਹਾਂ ਲੋਕਾਂ ਨਾਲ ਜੋ ਅਰਬ ਜਾਤੀ ਦੇ ਨਹੀਂ ਸਨ, ਨਫਰਤ ਭਰਿਆ ਵਿਵਹਾਰ ਕੀਤਾ ਅਤੇ ਅੰਤਿਮ ਉਮੈਯਦ ਉਤਸਾਹੀ, ਸੱਚੇ ਅਤੇ ਦ੍ਰਿੜ ਲੋਕ ਨਹੀਂ ਸਨ। ਅੰਤਿਮ ਉਮੈਯਦ ਖਲੀਫ਼ਾ ਨੂੰ ਹੁਣ ਮੁਸਲਮਾਨਾਂ ਨੇ ਹਰਾ ਦਿੱਤਾ ਅਤੇ ਬਗਦਾਦ ਵਿੱਚ ਅੱਬਾਸ ਦੀ ਸੱਤਾ ਸਥਾਪਿਤ ਕਰ ਦਿੱਤੀ। 749 ਈ. ਤੋਂ ਉਮੈਯਦਾਂ ਦੀ ਜਗ੍ਹਾ ਅੱਬਾਸੀਦਾਂ ਨੇ ਲੈ ਲਈ।

**ਅੱਬਾਸੀਦ ਖਲੀਫ਼ੇ (The Abbasids)**: ਅੱਬਾਸੀਦਾਂ ਨੇ 749 ਈ. ਤੋਂ 1256 ਈ. ਤੱਕ ਰਾਜ ਕੀਤਾ। ਉਨ੍ਹਾਂ ਨੇ ਦਮਸ਼ਕ ਦੀ ਥਾਂ 'ਤੇ ਬਗਦਾਦ ਨੂੰ ਆਪਣੀ ਰਾਜਧਾਨੀ ਬਣਾਇਆ। ਅੱਬਾਸੀਦਾਂ ਦੇ ਆਉਣ ਨਾਲ ਅਰਬੀ ਤੱਤ ਪੱਛੜ ਗਏ, ਹੁਣ ਇਰਾਨੀ

**ਨੋਟ**

ਅੱਗੇ ਆਏ। ਖਲੀਫ਼ਾ ਦੇ ਦਰਬਾਰ ਵਿੱਚ ਇਰਾਨੀ ਰੀਤੀ-ਰਿਵਾਜ਼ ਅਪਣਾ ਲਏ ਗਏ। ਅੱਬਾਸੀਦ ਧਰਮ ਦੇ ਸ਼ੀਆ ਸਨ, ਜਦ ਕਿ ਉਮੈਯਦ ਸੁੰਨੀ ਸਨ।

ਅੱਬਾਸੀਦ ਖਲੀਫ਼ਿਆਂ ਵਿੱਚ ਸਭ ਤੋਂ ਪ੍ਰਸਿੱਧ ਹਾਰੂੰ, ਅਲ-ਰਸ਼ੀਦ ਹੋਇਆ ਹੈ, ਜਿਸ ਦੇ ਰਾਜਕਾਲ ਦੌਰਾਨ ਬਗਦਾਦ ਕਲਾ ਅਤੇ ਗਿਆਨ ਦਾ ਕੇਂਦਰ ਬਣਿਆ। ਤੁਰਕੀ ਨੂੰ ਸੈਨਾ ਵਿੱਚ ਨੌਕਰੀਆਂ ਮਿਲੀਆਂ, ਸਮਾਂ ਪੈਣ 'ਤੇ ਇਹੀ ਤੁਰਕ ਫੜ੍ਹੇ ਗਏ ਅਤੇ ਵਿਵਹਾਰਿਕ ਰੂਪ ਨਾਲ ਖਲੀਫ਼ਾ ਉਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਿਆ।

1256 ਈ. ਵਿੱਚ ਚੰਗੇਜ਼ ਦੇ ਪੋਤਰੇ ਹਲਾਕੂ ਨੇ ਬਗਦਾਦ 'ਤੇ ਚੜ੍ਹਾਈ ਕਰ ਦਿੱਤੀ ਅਤੇ ਅੰਤਿਮ ਖਲੀਫ਼ਾ ਅਲ-ਮੁਸਤਸੀਮ ਨੂੰ ਮਾਰ ਦਿੱਤੀ। ਇਸ ਪ੍ਰਕਾਰ ਬਗਦਾਦ ਵਿੱਚ ਖਿਲਾਫ਼ਤ ਦਾ ਅੰਤ ਹੋ ਗਿਆ। ਚਾਹੇ ਅਲ-ਮੁਸਤਸੀਮ ਦੇ ਸਕੇ-ਸਬੰਧੀ ਮਿਸਰ ਦੇ ਇਸਲਾਮੀ ਸੰਸਾਰ ਉੱਪਰ ਆਪਣਾ ਅਧਿਕਾਰ ਜਤਾਉਂਦੇ ਰਹੇ।

*ਟਾਸਕ* ਹਜਰਤ ਅਲੀ ਕੌਣ ਸਨ?

**ਸਵ-ਮੁਲਾਂਕਣ (Self Assessment)**

1. ਖਾਲੀ ਥਾਵਾਂ ਭਰੋ (Fill in the blanks):
   (i) ਮੁਹੰਮਦ ਸਾਹਿਬ ਦਾ ਜਨਮ .............. ਵਿੱਚ ਹੋਇਆ।
   (ii) .............. ਵਿੱਚ ਮੁਹੰਮਦ ਸਾਹਿਬ ਮੱਕਾ ਤੋਂ ਯਾਥ੍ਰਿਬ ਆ ਗਏ।
   (iii) ਮੁਹੰਮਦ ਸਾਹਿਬ ਦੇ ਸਹੁਰੇ ਦਾ ਨਾਮ .............. ਸੀ।

## 1.2 8ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਦੀ ਰਾਜਨੀਤਿਕ ਦਸ਼ਾ (Political Condition of India in the Beginning of the 8th Century)

8ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਇਕ ਅਜਿਹੇ ਪਰਿਵਾਰ ਦਾ ਦੁੱਖਦਾਈ ਦ੍ਰਿਸ਼ ਪੇਸ਼ ਕਰਦਾ ਸੀ ਜੋ ਆਪਣੇ ਆਪ ਵਿੱਚ ਵੰਡਿਆ ਹੋਇਆ ਹੋਵੇ। 647 ਈ. ਵਿੱਚ ਅੰਤਿਮ ਮਹਾਨ ਹਿੰਦੂ ਸਮਰਾਟ ਹਰਸ਼ਵਰਧਨ ਦੀ ਮੌਤ ਦੇ ਨਤੀਜੇ ਵਜੋਂ ਭਾਰਤ ਦੇ ਟੁੱਕੜੇ-ਟੁੱਕੜੇ ਹੋ ਚੁੱਕੇ ਸਨ ਅਤੇ ਪ੍ਰਭੁਤਵ-ਪ੍ਰਾਪਤੀ ਲਈ ਛੋਟੇ-ਛੋਟੇ ਰਾਜਾਂ ਦਰਮਿਆਨ ਮਾਰਕੁੱਟ ਲੱਗੀ ਹੋਈ ਸੀ। ਲੱਗਭਗ 50 ਸਾਲਾਂ ਤੱਕ ਮਾੜੀ, ਰਾਜਨੀਤਿਕ ਗੜਬੜ ਛਾਈ ਹੋਈ ਸੀ। ਨਤੀਜਾ ਇਹ ਹੋਇਆ ਕਿ 8ਵੀਂ ਸਦੀ ਦੇ ਆਰੰਭ ਤੱਕ ਇਹ ਦੇਸ਼ ਅਨੇਕਾਂ ਸੁਤੰਤਰ ਰਾਜਾਂ ਵਿੱਚ ਵੰਡਿਆ ਗਿਆ, ਜਿਨ੍ਹਾਂ ਕੋਲ ਵੱਖ-ਵੱਖ ਦਰਜੇ ਤੱਕ ਸ਼ਕਤੀ ਅਤੇ ਪ੍ਰਤਿਸ਼ਠਾ ਸੀ ਅਤੇ ਜਿਨ੍ਹਾਂ ਦਾ ਮੁੱਖ ਧੰਦਾ ਨੈਤਿਕ ਸ਼ਾਨ ਅਤੇ ਹਮਲਾਵਰ ਯੁੱਧ ਸੀ। ਸਾਰੇ ਦੇਸ਼ ਵਿੱਚ ਕੇਂਦਰੀ ਸਰਕਾਰ ਨਾਮ ਦੀ ਕੋਈ ਚੀਜ਼ ਨਹੀਂ ਸੀ ਅਤੇ ਦੇਸ਼ ਅਨੇਕਾਂ ਸੁਤੰਤਰ ਰਾਜਾਂ ਵਿੱਚ ਵੰਡਿਆ ਹੋਇਆ ਸੀ, ਇਸ ਵਿੱਚੋਂ ਵੱਡੇ-ਵੱਡੇ ਰਾਜਾਂ ਨੂੰ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ।

(ਕ) ਉੱਤਰੀ ਭਾਰਤ ਦੇ ਰਾਜ (States in Northern India)

(ਖ) ਦੱਖਣੀ ਭਾਰਤ ਦੇ ਰਾਜ ਅਤੇ ਦੱਖਣੀ (States in Southern India)

*ਕੀ ਤੁਸੀਂ ਜਾਣਦੇ ਹੋ* ਅੰਤਿਮ ਮਹਾਨ ਹਿੰਦੂ ਸਮਰਾਟ ਹਰਸ਼ਵਰਧਨ ਦੀ ਮੌਤ 647 ਈ. ਵਿੱਚ ਹੋਈ।

### 1.2.1 ਉੱਤਰੀ ਭਾਰਤ ਦੇ ਰਾਜ (States in Northern India)

**(i) ਕਨੌਜ ਦਾ ਰਾਜ** : 8ਵੀਂ ਸਦੀ ਈਸਵੀ ਦੇ ਸ਼ੁਰੂ ਵਿੱਚ ਭਾਰਤ ਦਾ ਸਭ ਤੋਂ ਮਹੱਤਵਪੂਰਨ ਰਾਜ ਨਿਸ਼ਚੇ ਹੀ ਕਨੌਜ ਦਾ ਰਾਜ ਸੀ। ਇਸ 'ਤੇ ਇਕ ਪ੍ਰਸਿੱਧ ਰਾਜਾ ਯਸ਼ੋਵਮਰਨ ਸ਼ਾਸਨ ਕਰਦਾ ਸੀ। ਵਰਧਨ ਸਾਮਰਾਜ ਦੇ ਖਾਤਮੇ ਦੇ ਅਲੱਗ-ਅਲੱਗ ਹੋ ਜਾਣ ਤੋਂ ਬਾਅਦ ਇਹ ਯਸ਼ੋਵਮਰਨ ਹੀ ਸੀ, ਜਿਸ ਨੇ ਇਕ ਵਾਰ ਫਿਰ ਕਨੌਜ ਨੂੰ ਇਸ ਦੀ ਪਹਿਲੀ ਸ਼ਾਨ ਅਤੇ ਚਮਕ-ਦਮਕ 'ਤੇ

ਪਹੁੰਚਾ ਦਿੱਤਾ, ਉਹ ਇਕ ਸੂਰਵੀਰ ਸੈਨਾਪਤੀ ਯੋਧਾ ਸੀ, ਜਿਸ ਨੇ ਭਾਰਤ ਦੇ ਬਹੁਤ ਵੱਡੇ ਭਾਗ ਨੂੰ ਜਿੱਤਿਆ ਅਤੇ ਜਿਸ ਅਧੀਨ ਕਨੌਜ ਦਾ ਰਾਜ ਉੱਤਰ ਵਿੱਚ ਹਿਮਾਲਿਆ ਤੋਂ ਲੈ ਕੇ ਦੱਖਣ ਵਿੱਚ ਨਰਮਦਾ ਤੱਕ ਜਾ ਪਹੁੰਚਿਆ ਅਤੇ ਪੂਰਬ ਵਿੱਚ ਬੰਗਾਲ ਤੋਂ ਲੈ ਕੇ ਉੱਤਰ-ਪੱਛਮ ਵਿੱਚ ਥਾਨੇਸ਼ਵਰ ਤੱਕ ਫੈਲ ਗਿਆ, ਉਹ ਇਕ ਸਫ਼ਲ ਸ਼ਾਸਨ-ਪ੍ਰਬੰਧਨ ਅਤੇ ਇਕ ਮਹਾਨ ਗਿਆਨ ਰੱਖਿਅਕ ਵੀ ਸੀ; ਜਿਸ ਦੇ ਕਾਰਜਕਾਲ ਦੌਰਾਨ ਪ੍ਰਸਿੱਧ ਨਾਟਕਕਾਰ ਰੱਜ ਕੇ ਵਧਿਆ-ਫੁਲਿਆ, ਉਹ ਨਿਸ਼ਚੇ ਹੀ ਇਕ ਬਹੁਤ ਵੱਡਾ ਸ਼ਾਸਕ ਸੀ, ਜਿਸ ਨੂੰ ਬਾਅਦ ਵਿੱਚ ਕਸ਼ਮੀਰ ਦੇ ਲਲਿਤਾ ਦਿੱਤਯ ਨੇ ਹਰਾ ਕੇ ਮਾਰ ਦਿੱਤਾ।

(ii) **ਮਾਲਵਾ ਰਾਜ** : ਵਰਧਨ ਸਾਮਰਾਜ ਦੇ ਟੁੱਟ ਜਾਣ 'ਤੇ ਜੋ ਅਨੇਕਾਂ ਸੁਤੰਤਰ ਖੜ੍ਹੇ ਹੋ ਗਏ, ਉਨ੍ਹਾਂ ਵਿੱਚ ਮਾਲਵਾ ਰਾਜ ਇਕ ਸੀ ਜੋ ਘੱਟ ਮਹੱਤਵ ਨਹੀਂ ਰੱਖਦਾ ਸੀ। ਉਜੈਨ ਨੂੰ ਇਸ ਦੀ ਰਾਜਧਾਨੀ ਬਣਾ ਕੇ ਰਾਜਪੂਤਾਂ ਦੇ ਪ੍ਰਤੀਹਾਰ ਵੰਸ਼ ਨੇ ਮਾਲਵਾ 'ਤੇ ਸ਼ਾਸਨ ਕੀਤਾ। ਪ੍ਰਤੀਹਾਰਾਂ ਦਾ ਸ਼ਾਸਨ ਮਾਰਵਾੜ, ਬੜੋਚ ਅਤੇ ਨੇੜੇ-ਤੇੜੇ ਦੇ ਅਨੇਕਾਂ ਪ੍ਰਦੇਸ਼ਾਂ ਤੱਕ ਵੀ ਫੈਲ ਗਿਆ। ਜੁਨੈਦ ਦੇ ਅਗਵਾਈ ਵਿੱਚ ਅਰਬ ਹਮਲਾਵਰਾਂ ਨੇ ਪ੍ਰਤੀਹਾਰ ਰਾਜ ਦੇ ਪੱਛਮੀ ਭਾਗ 'ਤੇ ਚੜ੍ਹਾਈ ਕਰ ਦਿੱਤੀ ਅਤੇ ਉਸ 'ਤੇ ਛਾ ਗਏ, ਪ੍ਰੰਤੂ ਬਾਣ-ਬਟਟ ਪ੍ਰਥਮ ਜੋ ਸ਼ਕਤੀਸ਼ਾਲੀ ਪ੍ਰਤੀਹਾਰ ਰਾਜਾ ਸੀ ਅਤੇ ਜਿਸ ਨੇ 725 ਤੋਂ 740 ਈਸਵੀ ਤੱਕ ਸ਼ਾਸਨ ਕੀਤਾ। ਅਰਬ ਲੋਕਾਂ ਵਿਰੁੱਧ ਬਹੁਤ ਬਹਾਦਰੀ ਨਾਲ ਲੜਿਆ ਅਤੇ ਸਾਰੇ ਪ੍ਰਦੇਸ਼ਾਂ ਨੂੰ ਪੂਰਨ ਤੌਰ 'ਤੇ ਪ੍ਰਾਪਤ ਕਰਨ ਵਿੱਚ ਸਫ਼ਲ ਹੋਇਆ। ਉਸ ਦੇ ਆਪਣੇ ਅਤੇ ਆਪਣੇ ਉਤਰਾਧਿਕਾਰੀ ਦੇ ਅਧੀਨ ਮਾਲਵਾ ਇਕ ਬਹੁਤ ਹੀ ਸਮ੍ਰਿਧੀਸ਼ਾਲੀ ਅਤੇ ਸ਼ਕਤੀਸ਼ਾਲੀ ਰਾਜ ਬਣ ਗਿਆ।

(iii) **ਕਸ਼ਮੀਰ ਰਾਜ** : 7ਵੀਂ ਸਦੀ ਵਿੱਚ ਕਰਕੋਟਾ ਵੰਸ਼ ਦੇ ਦੁਰਲੱਭ ਵਰਧਨ ਦੇ ਅਧੀਨ ਕਸ਼ਮੀਰ ਇਕ ਸੁਤੰਤਰ ਰਾਜ ਬਣ ਚੁੱਕਿਆ ਸੀ। ਸਿੰਧ 'ਤੇ ਅਰਬ ਲੋਕਾਂ ਦੇ ਹਮਲਿਆਂ ਸਮੇਂ ਦੁਰਲੱਭ ਵਰਧਨ ਦਾ ਪੋਤਰਾ ਚੰਦਰ ਪੀੜ ਇਸ ਰਾਜ ਦਾ ਸ਼ਾਸਕ ਸੀ, ਪ੍ਰੰਤੂ ਇਸ ਰਾਜ ਦਾ ਸਭ ਤੋਂ ਤਾਕਤਵਰ ਅਤੇ ਪ੍ਰਸਿੱਧ ਰਾਜਾ ਚੰਦਰ ਪੀੜ ਦਾ ਭਰਾ ਲਲਿਤਾ ਦਿੱਤਯ ਸੀ, ਜਿਸ ਨੇ 725 ਤੋਂ 755 ਈ. ਤੱਕ ਸ਼ਾਸਨ ਕੀਤਾ, ਉਹ ਇਕ ਮਹਾਨ ਵਿਜੇਤਾ ਅਤੇ ਸੈਨਾਪਤੀ ਸੀ, ਉਸ ਨੇ ਕਨੋਜ ਦੇ ਯਸ਼ੋਵਰਮਨ ਨੂੰ ਹਰਾ ਕੇ ਮਾਰ ਦਿੱਤਾ, ਉਹ ਹਿੰਦੂ ਧਰਮ ਅਤੇ ਭਵਨ ਕਲਾ ਦਾ ਇਕ ਮਹਾਨ ਰੱਖਿਅਕ ਵੀ ਸੀ, ਜਿਸ ਨੇ ਮਾਰਤੰਡ (ਆਧੁਨਿਕ ਮਟਨ) ਦੀ ਥਾਂ 'ਤੇ ਪ੍ਰਸਿੱਧ ਸੂਰਜ ਮੰਦਿਰ ਬਣਵਾਇਆ।

(iv) **ਅਫਗਾਨਿਸਤਾਨ ਅਤੇ ਹਿੰਦੂਸ਼ਾਹੀ ਰਾਜ** : ਚੰਦਰ ਗੁਪਤ ਮੋਰਿਆ ਦੇ ਸਮੇਂ ਤੋਂ ਅਫਗਾਨਿਸਤਾਨ ਭਾਰਤ ਦਾ ਖੰਡ ਰਿਹਾ ਸੀ ਅਤੇ 9ਵੀਂ ਸਦੀ ਤੱਕ ਇਸੇ ਤਰ੍ਹਾਂ ਹੀ ਚੱਲਦਾ ਰਿਹਾ। ਅਰਬ ਹਮਲਿਆਂ ਸਮੇਂ ਇਸ ਕਥਿਤ ਹਿੰਦੂਸ਼ਾਹੀ ਰਾਜ ਦਾ ਸ਼ਾਸਕ ਕੌਣ ਸੀ ਅਤੇ ਇਸ ਦੀਆਂ ਹੱਦਾਂ ਕਿੱਥੋਂ ਤੱਕ ਸਨ। ਇਸ ਗੱਲਾਂ ਨਿਸ਼ਚਿਤ ਤੌਰ 'ਤੇ ਨਹੀਂ ਦੱਸੀਆਂ ਜਾ ਸਕਦੀਆਂ ਹਨ, ਪ੍ਰੰਤੂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਰਾਜ ਉਸ ਸਮੇਂ ਇਕ ਮਹੱਤਵਪੂਰਨ ਸਵਾਧੀਨ ਹਿੰਦੂ ਰਾਜ ਸੀ।

(v) **ਸਿੰਧ ਦਾ ਰਾਜ** : ਭਾਰਤ ਦੇ ਦੱਖਣ-ਪੱਛਮ ਵਿੱਚ ਸਿੰਧ ਦਾ ਸ਼ੂਦਰ ਰਾਜ ਸੀ ਜੋ ਕਦੇ ਤਾਂ ਹਰਸ਼ ਦੇ ਸਾਮਰਾਜ ਦਾ ਖੰਡ ਰਿਹਾ ਪਰ ਪ੍ਰੰਤੂ **ਸਵਾਧੀਨ** ਬਣ ਗਿਆ। ਸਿੰਧ ਦੇ ਇਕ ਬ੍ਰਾਹਮਣ ਮੰਤਰੀ ਚਾਚਾ ਨੇ ਸ਼ੂਦਰ ਰਾਜ ਨੂੰ ਠੁਕਰਾ ਕੇ ਉੱਥੇ ਆਪਣਾ ਹੀ ਬ੍ਰਾਹਮਣ ਰਾਜ ਸਥਾਪਿਤ ਕਰ ਦਿੱਤਾ। ਚਾਚੇ ਤੋਂ ਬਾਅਦ ਉਸ ਦਾ ਭਰਾ ਚੰਦਰ ਗੱਦੀ 'ਤੇ ਬੈਠਿਆ। ਸਿੰਧ 'ਤੇ ਅਰਬ ਹਮਲਿਆਂ ਸਮੇਂ ਚਾਚੇ ਦਾ ਪੁੱਤਰ ਦਾਹਿਰ ਸਿੰਧ 'ਤੇ ਸ਼ਾਸਨ ਕਰ ਰਿਹਾ ਸੀ, ਉਸ ਦੇ ਰਾਜ ਵਿੱਚ ਕੇਵਲ ਨਿਰੁਣ, ਸੇਹਵਾਨ, ਬ੍ਰਾਹਮਣਵਾਦ ਅਤੇ ਸਿੰਧ ਦੀ ਰਾਜਧਾਨੀ ਅਲੋਲ ਸ਼ਾਮਿਲ ਸਨ। ਖੁਦ ਇਕ ਬ੍ਰਾਹਮਣ ਸ਼ਾਸਕ ਹੁੰਦੇ ਹੋਏ ਆਪਣੀ ਬੁੱਧ ਧਰਮੀ ਪ੍ਰਜਾ ਦੇ ਵਿਰੁੱਧ ਕਈ ਕਾਨੂੰਨ ਪਾਸ ਕਰ ਦਿੱਤੇ ਸਨ। ਲੋਕਾਂ ਨੂੰ ਰੇਸ਼ਮੀ ਕੱਪੜੇ ਪਹਿਨਣ ਦੀ ਮਨਾਹੀ ਸੀ ਨਾ ਹੀ ਉਹ ਹਥਿਆਰ ਉਠਾ ਸਕਦੇ ਸਨ ਅਤੇ ਨਾ ਹੀ ਸੁਚੱਜਿਤ ਘੋੜੇ ਦੀ ਸਵਾਰੀ ਕਰ ਸਕਦੇ ਸਨ। ਉਨ੍ਹਾਂ ਨੂੰ ਨੰਗੇ ਪੈਰ ਅਤੇ ਨੰਗੇ ਸਿਰ ਚੱਲਣਾ ਪੈਂਦਾ ਸੀ, ਇਨ੍ਹਾਂ ਸਾਰੀਆਂ ਗੱਲਾਂ ਨੇ ਰਾਜੇ ਨੂੰ ਆਪਣੀ ਬੁੱਧ ਨੂੰ ਪੂਜਣ ਵਾਲੀ ਪ੍ਰਜਾ ਅੰਦਰ ਅਪ੍ਰਿਯ ਬਣਾ ਦਿੱਤਾ। ਲੋਕਾਂ ਨੇ ਆਪਣੇ ਰਾਜੇ ਵਿਰੁੱਧ ਮੁਹੰਮਦ-ਬਿਨ-ਕਾਸਿਮ ਦੀ ਅਗਵਾਈ ਵਿੱਚ ਅਰਬ ਲੋਕਾਂ ਦਾ ਸਵਾਗਤ ਕੀਤਾ। ਰਾਜਾ ਦਾਹਿਰ ਅਰਬ ਲੋਕਾਂ ਵਿਰੁੱਧ ਲੜਦਾ ਰਿਹਾ, ਅੰਤ ਵਿੱਚ ਹਾਰਿਆ ਗਿਆ ਅਤੇ ਮਾਰਿਆ ਗਿਆ। ਉਸ ਦਾ ਰਾਜ ਵਿਦੇਸ਼ਾਂ ਦੇ ਹੱਥਾਂ ਵਿੱਚ ਚਲਾ ਗਿਆ।

(vi) **ਬੰਗਾਲ ਦਾ ਰਾਜ** : ਹਰਸ਼ ਦੀ ਮੌਤ ਤੋਂ ਬਾਅਦ ਬੰਗਾਲ, ਜਿਸ ਨੇ ਕਨੌਜ ਦੀ ਸ੍ਰੇਸ਼ਠਤਾ ਨੂੰ ਪੂਰੀ ਤਰ੍ਹਾਂ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ ਸੀ, ਇਕ ਜਲਦੀ ਹੀ ਸਵਾਧੀਨ ਰਾਜ ਬਣ ਗਿਆ ਅਤੇ ਤਦ ਤੱਕ ਬਣਿਆ ਰਿਹਾ, ਜਦ ਤੱਕ ਕਨੌਜ ਦੇ ਰਾਜਾ ਯਸ਼ੋਵਰਮਨ ਨੇ ਇਸ ਨੂੰ ਫਿਰ ਤੋਂ ਨਹੀਂ ਜਿੱਤ ਗਿਆ। 8ਵੀਂ ਸਦੀ ਤੋਂ ਪਹਿਲਾਂ ਅੱਧ ਵਿੱਚ ਕਿਸੇ ਸਮੇਂ ਗੋਪਾਲ ਨੇ ਬੰਗਾਲ ਵਿੱਚ ਪਾਲ ਵੰਸ਼ ਦੇ ਸ਼ਾਸਨ ਦੀ ਨੀਂਹ ਰੱਖੀ ਅਤੇ ਇਨ੍ਹਾਂ ਪਾਲਿਆਂ ਦੇ ਅਧੀਨ ਹੀ ਬੰਗਾਲ ਨੇ ਹੈਰਾਨੀਜਨਕ ਸ਼ਾਂਤੀ ਅਤੇ ਸੁੱਖ-ਸਮ੍ਰਿਧੀ ਪ੍ਰਾਪਤ ਕੀਤੀ।

(vii) **ਨੇਪਾਲ ਅਤੇ ਆਸਾਮ** : ਹਰਸ਼ਵਰਧਨ ਦੀ ਮੌਤ ਤੋਂ ਬਾਅਦ ਉੱਤਰ-ਪੂਰਬ ਵਿੱਚ ਨੇਪਾਲ ਅਤੇ ਆਸਾਮ ਵੀ ਸੁਤੰਤਰ ਰਾਜ ਬਣ ਗਏ ਸਨ, ਪ੍ਰੰਤੂ ਦੂਰ-ਦੁਰਾਡੇ ਦੇ ਹੋਣ ਕਾਰਣ ਉਹ ਆਖਰੀ ਸ਼ਤਾਬਦੀ ਦੇ ਸ਼ੁਰੂ ਉਹ ਸਾਡੇ ਦੇਸ਼ ਦੀ ਰਾਜਨੀਤੀ ਵਿੱਚ ਵਧ-ਚੜ੍ਹ ਕੇ ਭਾਗ ਨਾ ਲੈ ਸਕੇ।

ਨੋਟ

*ਨੋਟਸ* ਪ੍ਰਸਿੱਧ ਰਾਜਾ ਚੰਦਰ ਪੀੜ ਦਾ ਭਰਾ ਲਲਿਤਾ ਦਿੱਤਯ ਸੀ, ਜਿਸ ਨੇ 725 ਤੋਂ 755 ਈ. ਤੱਕ ਸ਼ਾਸਨ ਕੀਤਾ।

### 1.2.2 ਦੱਖਣੀ ਭਾਰਤ ਦੇ ਰਾਜ (States in Southern India)

**(i) ਪੱਲਵੋ ਦਾ ਕਾਂਚੀ ਰਾਜ :** ਦੱਖਣ ਵਿੱਚ ਸਭ ਤੋਂ ਮਹਾਨ ਰਾਜ ਪੱਲਵੋ ਦਾ ਰਾਜ ਸੀ, ਜਿਸ ਦੀ ਰਾਜਧਾਨੀ ਕਾਂਚ ਸੀ। 6ਵੀਂ ਸਦੀ ਸਿੰਘ ਵਿਸ਼ਨੂੰ ਪੱਲਵਾਂ ਦਾ ਤਾਕਤਵਰ ਰਾਜਾ ਸੀ, ਜਿਸ ਨੇ ਆਪਣੇ ਸਾਰੇ ਦੱਖਣੀ ਗੁਆਂਢੀਆਂ ਨੂੰ ਹਰਾ ਦਿੱਤਾ ਸੀ ਅਤੇ ਚੋਲ ਦੇਸ਼ ਨੂੰ ਹਥਿਆ ਲਿਆ ਸੀ। 8ਵੀਂ ਸਦੀ ਦੇ ਸ਼ੁਰੂ ਵਿੱਚ ਪੱਲਵਾਂ ਅਤੇ ਚਾਲੂਕਿਆਂ ਦਰਮਿਆਨ ਇਕ ਘੋਰ ਯੁੱਧ ਚੱਲ ਰਿਹਾ ਸੀ, ਜਿਸ ਵਿੱਚ ਆਖਿਰਕਾਰ ਲੋਕ ਜਿੱਤ ਗਏ ਅਤੇ ਕਾਂਚੀ ਵਿੱਚ ਉਨ੍ਹਾਂ ਨੇ ਆਪਣਾ ਸ਼ਾਸਨ ਸਥਾਪਿਤ ਕਰ ਲਿਆ। ਇਸ ਪ੍ਰਕਾਰ ਜਦ ਅਰਬ ਲੋਕ ਸਿੰਧ ਨੂੰ ਜਿੱਤ ਰਹੇ ਸਨ ਤਾਂ ਚਾਲੂਕਿਆ ਲੋਕ ਪੱਲਵਾਂ ਨੂੰ ਕਾਂਚੀ ਰਾਜ ਤੋਂ ਬਾਹਰ ਕੱਢਣ ਵਿੱਚ ਲੱਗੇ ਹੋਏ ਸਨ।

**(ii) ਪਾਂਡਯ, ਚੋਲ ਅਤੇ ਚੇਰ ਰਾਜ :** ਦੂਰ ਦੱਖਣ ਵਿੱਚ ਬਹੁਤ ਪੁਰਾਣੇ ਸਮੇਂ ਤੋਂ ਤਿੰਨ ਮਹਾਨ ਰਾਜ ਬਣੇ ਹੋਏ ਸਨ। ਪਾਂਡਯ ਰਾਜ ਜਿਸ ਵਿੱਚ ਅੱਜ ਦਾ ਮਧੁਰਾ ਅਤੇ ਤ੍ਰਿਚਨਾਪਲੀ ਸ਼ਾਮਿਲ ਸਨ, ਚੋਲ ਰਾਜ ਜਿਸ ਵਿੱਚ ਅੱਜ ਦਾ ਮੈਸੂਰ ਅਤੇ ਮਦਰਾਸ ਸ਼ਾਮਿਲ ਸਨ ਅਤੇ ਚੇਰ ਰਾਜ ਜਿਸ ਵਿੱਚ ਅੱਜ ਦਾ ਕੋਚੀਨ ਅਤੇ ਟ੍ਰੈਵਨਕੋਰ ਸ਼ਾਮਿਲ ਸਨ। ਇਹ ਰਾਜ ਇਕ-ਦੂਸਰੇ ਨਾਲ ਲੜਦੇ ਰਹਿੰਦੇ ਅਤੇ ਇਨ੍ਹਾਂ ਦੇ ਪ੍ਰਦੇਸ਼ਾਂ ਵਿੱਚ ਉਥਲ-ਪੁਥਲ ਮਚੀ ਰਹਿੰਦੀ ਸੀ।

**ਹੱਲ (Conclusion) :** ਸਿੰਧ 'ਤੇ ਅਰਬ ਲੋਕਾਂ ਦੀ ਜਿੱਤ ਦੇ ਸਮੇਂ ਉੱਤਰੀ ਅਤੇ ਦੱਖਣੀ ਭਾਰਤ ਵਿੱਚ ਫੁੱਟ ਅਤੇ ਝਗੜੇ ਦੀ ਦਸ਼ਾ ਬਣੀ ਹੋਈ ਸੀ। ਬਾਅਦ ਵਿੱਚ ਆਉਣ ਵਾਲੇ ਤੁਰਕੀ ਤੋਂ ਵੱਖ-ਵੱਖ ਰੂਪਾਂ ਵਿੱਚ ਅਰਬ ਲੋਕ ਅਜਿਹੀ ਅਵਸਥਾ ਦਾ ਪੂਰਾ ਲਾਭ ਨਾ ਲੈ ਸਕੇ ਅਤੇ ਆਪਣੀ ਜਿੱਤ ਨੂੰ ਸਿੰਧ ਅਤੇ ਮੁਲਤਾਨ ਦੇ ਪਾਰ ਨਾ ਫੈਲਾਅ ਸਕੇ।

**ਸਵ-ਮੁਲਾਂਕਣ (Self Assessment)**

2. ਬਹੁ ਵਿਕਲਪੀ ਪ੍ਰਸ਼ਨ (Multiple Choice Questions):

   (i) ਹਰਸ਼ਵਧਨ ਦੀ ਮੌਤ ਕਦੋਂ ਹੋਈ?

   (ਅ) 647 ਈ. (ਬ) 547 ਈ. (ਸ) 947 ਈ. (ਦ) 447 ਈ.

   (ii) 8ਵੀਂ ਸਦੀ ਈਸਵੀ ਦੇ ਸ਼ੁਰੂ ਵਿੱਚ ਭਾਰਤ ਦਾ ਸਭ ਤੋਂ ਮਹੱਤਵਪੂਰਨ ਰਾਜ ਕਿਹੜਾ ਸੀ?

   (ਅ) ਸਿੰਧੂ (ਬ) ਕਨੌਜ (ਸ) ਬੰਗਾਲ (ਦ) ਮਾਲਵਾ

   (iii) ਦੁਰਲਭ ਵਰਧਨ ਕਿਸ ਵੰਸ਼ ਨਾਲ ਸਬੰਧਿਤ ਸੀ?

   (ਅ) ਪ੍ਰਤੀਹਾਰ ਵੰਸ਼ (ਬ) ਗੁਪਤ ਵੰਸ਼ (ਸ) ਕਰਕੋਟਾ ਵੰਸ਼ (ਦ) ਚੋਲ ਵੰਸ਼

   (iv) ਕਿਸ ਦੇ ਸਮੇਂ ਵਿੱਚ ਅਫਗਾਨਿਸਤਾਨ ਭਾਰਤ ਦਾ ਖੰਡ ਰਿਹਾ ਸੀ?

   (ਅ) ਚੰਦਰ ਗੁਪਤ ਮੌਰਿਆ (ਬ) ਦੁਰਲਭ ਵਰਧਨ (ਸ) ਹਰਸ਼ਵਰਧਨ (ਦ) ਸਿੰਘ ਵਿਸ਼ਨੂੰ

   (v) ਪਲਵਾਂ ਦੀ ਰਾਜਧਾਨੀ ਕਿੱਥੇ ਸੀ?

   (ਅ) ਸਿੰਧ (ਬ) ਮਾਲਵਾ (ਸ) ਕਨੌਜ (ਦ) ਕਾਂਚੀ

## 1.3 8ਵੀਂ ਸਦੀ ਦੇ ਆਰੰਭ ਵਿੱਚ ਭਾਰਤ ਦੀ ਪ੍ਰਸ਼ਾਸਨਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਵਸਥਾ (Administrative, Social, Religious and Economical Conditions of India in the Beginning of the 8th Century)

ਪੁਰਾਤਨ ਲੇਖਕਾਂ ਅਤੇ ਸ਼ਿਲਾਲੇਖਾਂ ਦੇ ਵਰਨਣ ਤੋਂ ਅਸੀਂ 8ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਦੀ ਪ੍ਰਸ਼ਾਸਨਿ, ਸਮਾਜਿਕ, ਧਾਰਮਿਕ ਅਤੇ ਆਰਥਿਕ ਦਸ਼ਾ ਕਿਸ ਤਰ੍ਹਾਂ ਦੀ ਸੀ, ਇਸ ਦਾ ਕਾਫ਼ੀ ਸਹੀ ਅੰਦਾਜ਼ਾ ਲਗਾ ਸਕਦੇ ਹਾਂ।

**ਨੋਟ**

### 1.3.1 ਪ੍ਰਸ਼ਾਸਨਿਕ ਅਵਸਥਾ (Administrative Conditions)

**(ਕ) ਕੇਂਦਰੀ ਪ੍ਰਸ਼ਾਸਨ (Central Administration)**

(1) **ਰਾਜਾ** : ਇਸ ਸਮੇਂ ਤੱਕ ਗਣਰਾਜ ਤਕਰੀਬਨ ਗਾਇਬ ਹੋ ਚੁੱਕੇ ਸਨ, ਇਸ ਲਈ 7ਵੀਂ ਅਤੇ 8ਵੀਂ ਸਦੀ ਵਿੱਚ ਰਾਜਾਸ਼ਾਹੀ ਹੀ ਲੋਕਪ੍ਰਿਯ ਸਰਕਾਰ ਹੀ ਅਤੇ ਇਹ ਤਕਰੀਬਨ ਪੈਤਰਕ ਸੀ, ਪ੍ਰੰਤੂ ਬੰਗਾਲ ਦੇ ਪਾਲ ਵੰਸ਼ ਦੇ ਗੋਪਾਲ ਅਤੇ ਕਾਂਸ਼ੀ ਦੇ ਪਲੱਵ ਵੰਸ਼ ਦੇ ਨੰਦੀਵਰਮਨ ਦੀ ਉਦਾਹਰਣ ਇਹ ਦਰਸਾਉਂਦੀ ਹੈ ਕਿ ਕਦੇ-ਕਦੇ ਰਾਜ ਦੇ ਪ੍ਰਮੁੱਖ ਤੱਤਾਂ ਵੱਲੋਂ **ਨਿਰਵਾਚਿਤ** ਵੀ ਹੁੰਦਾ ਸੀ। ਇਸਤਰੀਆਂ ਨੂੰ ਰਾਜ ਦੀ ਗੱਦੀ ਦਾ ਉਤਰਾਧਿਕਾਰੀ ਬਣਨ ਤੋਂ ਨਹੀਂ ਰੋਕਿਆ ਜਾਂਦਾ ਸੀ, ਪ੍ਰੰਤੂ ਨਿਰਦਈ ਹੋਣ ਦੀ ਤਾਂ ਗੱਲ ਛੱਡੋ, ਰਾਜਾ ਲੋਕ ਹਿਤੈਸ਼ੀ ਮਨਮਰਜ਼ੀ ਦੇ ਮਾਲਕ ਹੁੰਦੇ ਸਨ ਜੋ ਆਪਣੀ ਪ੍ਰਜਾ ਦੀ ਭੌਤਿਕ ਭਲਾਈ ਦਾ ਸਦਾ ਹੀ ਧਿਆਨ ਰੱਖਦੇ ਸਨ।

(2) **ਮੰਤਰੀ** : ਰਾਜੇ ਨੂੰ ਉਸ ਦੇ ਰਾਜ ਦੇ ਕਰਤਵਾਂ ਨੂੰ ਨਿਭਾਉਣ ਵਿੱਚ ਵਿਚਾਰ-ਵਟਾਂਦਰਾ ਅਤੇ ਸਹਾਇਤਾ ਦੇਣ ਲਈ ਇਕ ਮੰਤਰੀ ਮੰਡਲ ਵੀ ਹੋਇਆ ਕਰਦਾ ਸੀ, ਪ੍ਰੰਤੂ ਰਾਜਾ ਉਨ੍ਹਾਂ ਦਾ ਵਿਚਾਰ ਸਵੀਕਾਰ ਕਰਨ ਲਈ ਵਚਨਬੱਧ ਨਹੀਂ ਸੀ। ਮੰਤਰੀਆਂ ਦੀ ਸੰਖਿਆ ਨਿਯਤ ਨਹੀਂ ਹੁੰਦੀ ਸੀ, ਪ੍ਰੰਤੂ ਵੱਡੇ-ਵੱਡੇ ਮੰਤਰੀ ਪ੍ਰਾਯ: ਇਸ ਪ੍ਰਕਾਰ ਦੇ ਹੁੰਦੇ ਸਨ —

(i) **ਸੰਧ-ਵਿਗ੍ਰਹਕ** : ਯੁੱਧ ਅਤੇ ਸ਼ਾਂਤੀ ਦਾ ਮੰਤਰੀ।

(ii) **ਅਰਸ਼ ਪਟਲ ਅਧਿਕ੍ਰਿਤ** : ਉਲੇਖਣ ਅਧਿਕਾਰ ਮੰਤਰੀ।

(iii) **ਅਮਾਨਤਯ** : ਵਿੱਤ ਮੰਤਰੀ।

(iv) **ਸੁਮੰਤ** : ਵਿਦੇਸ਼ ਮੰਤਰੀ।

(v) **ਰਾਜਾ ਪ੍ਰੋਹਿਤ** : ਧਰਮ ਮੰਤਰੀ।

ਕੁਝ ਮੰਤਰੀ ਪਦ ਵਿਵਹਾਰ ਵਿੱਚ ਪੈਤ੍ਰਿਕ ਬਣ ਗਏ ਸਨ, ਕਿਸੇ ਵੀ ਮੰਤਰੀ ਦਾ ਮਹੱਤਵ ਉਸ ਦੀ ਸਮਝ ਅਤੇ ਇਮਾਨਦਾਰੀ 'ਤੇ ਨਿਰਭਰ ਹੁੰਦਾ ਸੀ।

**(ਖ) ਸਥਾਨਕ ਪ੍ਰਸ਼ਾਸਨ (Local Administration)** : ਸਮਾਜ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ ਦੇ ਵੱਖ-ਵੱਖ ਨਾਮ ਸਨ, ਜਿਵੇਂ ਭੁਗਤੀ, ਮੰਡਲ, ਦੇਸਾ ਆਦਿ। ਪ੍ਰਾਂਤ ਦੇ ਮੁਖੀਆ ਨੂੰ ਉਪਾਰਿਕ ਕਹਿੰਦੇ ਸਨ, ਜਿਸ ਦਾ ਮੁੱਖ ਕਰਤਵ ਪ੍ਰਾਂਤ ਵਿੱਚ ਸ਼ਾਂਤੀ ਅਤੇ ਵਿਵਸਥਾ ਬਣਾਈ ਰੱਖਣਾ, ਰਾਜਾ ਦੀ ਆਗਿਆ ਨੂੰ ਲਾਗੂ ਕਰਵਾਉਣਾ ਅਤੇ ਜਦ ਆਗਿਆ ਮਿਲੇ ਤਾਂ ਪ੍ਰਜਾ ਦੀ ਅਗਵਾਈ ਕਰਦਾ ਸੀ। ਹਰ ਪ੍ਰਾਂਤ ਅੱਗੇ ਜ਼ਿਲ੍ਹੇ ਵਿੱਚ ਵਿਭਕਤ ਸਮਝਿਆ ਜਾਂਦਾ ਸੀ, ਜਿਨ੍ਹਾਂ ਨੂੰ ਵੈਸ਼ਯ ਕਹਿੰਦੇ ਸਨ। ਵੈਸ਼ਯ ਦਾ ਸ਼ਾਸਨ ਪ੍ਰਬੰਧ ਵੈਸ਼ਯਪਤੀ ਨਾਮਕ ਜ਼ਿਲ੍ਹਾ ਅਧਿਕਾਰੀ ਦੇ ਹੱਥ ਵਿੱਚ ਹੁੰਦਾ ਸੀ। ਸ਼ਾਸਨ ਦੀ ਨਿਮਨਤਮ ਇਕਾਈ ਪਿੰਡ ਹੁੰਦੀ ਸੀ, ਜਿੱਥੇ ਪ੍ਰਸ਼ਾਸਨਿਕ ਕਰਤਵ ਨੰਬਰਦਾਰਾਂ ਅਤੇ ਪੰਚਾਇਤ ਵੱਲੋਂ ਪੂਰੇ ਕੀਤੇ ਜਾਂਦੇ ਸਨ।

**(ਗ) ਵਿੱਤੀ ਪ੍ਰਸ਼ਾਸਨ (Financial Administration)** : ਵਿੱਤ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ ਅਤੇ ਇਸ ਦਾ ਆਪਣਾ ਇਕ ਮੰਤਰੀ ਵਿਸ਼ੇਸ਼ ਹੁੰਦਾ ਸੀ। ਆਮਦਨ ਦਾ ਮੁੱਖ ਸਰੋਤ ਭੂਮੀ ਲਗਾਨ ਅਤੇ ਜੋ ਭੂਮੀ ਦੀ ਸਥਿਤੀ ਅਤੇ ਸਮਰੱਥਾ ਦੇ ਅਨੁਸਾਰ ਵੱਖ-ਵੱਖ ਹੁੰਦਾ ਸੀ। ਕਿਤੇ 6ਵਾਂ ਹਿੱਸਾ, ਕਿਤੇ 5ਵਾਂ, ਕਿਤੇ ਚੌਥਾ ਅਤੇ ਕਿਤੇ ਤੀਸਰਾ ਭੂਮੀ ਲਗਾਨ ਤੋਂ ਇਲਾਵਾ ਪ੍ਰਾਧੀਨ ਸਰਦਾਰਾਂ ਤੋਂ ਤੋਹਫ਼ੇ ਵਜੋਂ ਲਿਆ ਜਾਂਦਾ ਸੀ। ਅਲੱਗ-ਅਲੱਗ ਤਰ੍ਹਾਂ ਦੇ ਕਰ, ਆਮਦਨ ਕਰ ਅਤੇ ਵਪਾਰ ਆਦਿ ਦੇ **ਸ਼ੁਲਕ** ਤੋਂ ਵੀ ਆਮਦਨ ਹੁੰਦੀ ਸੀ।

**(ਘ) ਸੈਨਿਕ ਪ੍ਰਣਾਲੀ (Military System)** : ਹਰੇਕ ਰਾਜੇ ਕੋਲ ਇਕ ਸੈਨਾ ਹੁੰਦੀ ਸੀ ਜੋ ਅੰਦਰਲੇ ਵਿਰੋਧ ਦਾ ਖ਼ਾਤਮਾ ਕਰਦੀ ਅਤੇ ਵਿਦੇਸ਼ੀ ਹਮਲਿਆਂ ਦਾ ਸਾਹਮਣਾ ਕਰਦੀ ਸੀ। ਸੈਨਾ ਦੇ ਚਾਰ ਅੰਗ ਸਨ, ਪਦ ਸੈਨਾ, ਘੋੜਿਆਂ ਦੀ ਸੈਨਾ, ਰੱਥ ਸੈਨਾ ਅਤੇ ਹਾਥੀਆਂ ਦੀ ਸੈਨਾ ਲੜਾਈ ਦੇ ਤਰੀਕੇ ਪੁਰਾਣੇ ਸਨ ਅਤੇ ਮੁੱਖ ਹਥਿਆਰ ਸਨ। ਖੜੰਗ, ਤੀਰ ਕਮਾਨ, ਭਾਲੇ ਆਦਿ ਹਾਥੀ ਸੈਨਾ ਆਪਣੀ ਧੀਮੀ ਰਫਤਾਰ ਸੈਨਾ ਦੀ ਕਮਜ਼ੋਰੀ ਮੰਨੀ ਜਾਂਦੀ ਸੀ।

### 1.3.2 ਸਮਾਜਿਕ ਅਵਸਥਾ (Social Conditions)

(1) **8ਵੀਂ ਸਦੀ ਦੇ ਸ਼ੁਰੂ ਵਿੱਚ ਸਮਾਜ ਚਾਰ ਵੱਡੇ ਵਰਗਾਂ ਵਿੱਚ ਵੰਡਿਆ ਹੋਇਆ ਸੀ** : ਬ੍ਰਾਹਮਣ, ਛਤਰੀ, ਵੈਸ਼ਯ ਅਤੇ ਸ਼ੂਦਰ ਪ੍ਰੰਤੂ ਹਰ ਵਰਗ ਆਪਣੇ ਹੀ ਕਰਤਵਾਂ ਨਾਲ ਦ੍ਰਿੜਤਾ ਨਾਲ ਨਹੀਂ ਬੱਝਾ ਹੋਇਆ ਸੀ। ਅਜਿਹੇ ਬ੍ਰਾਹਮਣ ਵੀ ਸਨ ਜੋ ਯੋਧਾ ਸਨ ਅਤੇ ਅਜਿਹੇ **ਛਤਰੀ** ਵੀ ਸਨ ਜੋ ਵਪਾਰੀ ਸਨ। ਇਸੇ ਪ੍ਰਕਾਰ ਕਈ ਵੈਸ਼ਯ ਅਤੇ ਸ਼ੂਦਰ ਸ਼ਾਸਕ ਦਾ ਕਰਤਵ ਕਰਦੇ ਸਨ। ਲੋਕਪ੍ਰਿਯ : ਆਪਣੀ ਜਾਤੀ ਅੰਦਰ ਹੀ ਵਿਆਹ ਕਰਦੇ ਅਤੇ ਅੰਤਰ ਜਾਤੀ ਵਿਆਹ ਬਹੁਤ ਘੱਟ ਹੁੰਦੇ ਸਨ।

(2) **ਇਸਤਰੀਆਂ ਦੀ ਸਥਿਤੀ** : ਇਸਤਰੀਆਂ ਦੀ ਸਥਿਤੀ ਕੋਈ ਸਰਾਹੁਣਯੋਗ ਸਥਿਤੀ ਨਹੀਂ ਸੀ, ਵਿਧਵਾਵਾਂ ਦੁਬਾਰਾਂ ਵਿਆਹ ਨਹੀਂ ਕਰ ਸਕਦੀਆਂ ਸਨ, ਉੱਧਰ ਦੂਸਰੇ ਪਾਸੇ ਸਤੀ ਦਾ ਰਿਵਾਜ਼ ਸਮਾਜ ਵਿੱਚ ਛਾਇਆ ਹੋਇਆ ਸੀ, ਜਿਸ ਅਨੁਸਾਰ ਵਿਧਵਾਵਾਂ

ਨੋਟ

ਆਪਣੇ ਆਪ ਨੂੰ ਆਪਣੇ ਪਤੀਆਂ ਦੀਆਂ ਚਿਤਾਵਾਂ ਦੇ ਨਾਲ ਸਾੜ੍ਹ ਦਿੰਦੀਆਂ ਸਨ। ਬਹੁ-ਪਤਨੀ ਵਿਆਹ ਦਾ ਰਿਵਾਜ਼ ਪ੍ਰਚੱਲਿਤ ਸੀ, ਵਿਸ਼ੇਸ਼ ਕਰਕੇ ਉੱਚ ਵਰਗਾਂ ਵਿੱਚ।

(3) **ਲੋਕਾਂ ਦਾ ਪਵਿੱਤਰ ਜੀਵਨ** : ਸਧਾਰਣ ਲੋਕ ਵਿਸ਼ੇਸ਼ ਕਰਕੇ ਕੇਂਦਰੀ ਭਾਰਤ ਦੇ ਲੋਕ ਇਕ ਪਵਿੱਤਰ ਅਤੇ ਉੱਚਾ ਨੈਤਿਕ ਜੀਵਨ ਬਤੀਤ ਕਰਦੇ ਸਨ। ਜ਼ਿਆਦਾਤਰ ਲੋਕ ਸ਼ਾਕਾਹਾਰੀ ਸਨ, ਉਹ ਨਾ ਕਿਸੇ ਮਨੁੱਖ ਨੂੰ ਮਾਰਦੇ ਅਤੇ ਨਾ ਹੀ ਸ਼ਰਾਬ, ਲਸਣ ਅਤੇ ਪਿਆਜ਼ ਖਾਣ ਤੋਂ ਹੀ ਪ੍ਰਹੇਜ਼ ਕਰਦੇ ਸਨ, ਪ੍ਰੰਤੂ ਭਾਰਤ ਦੇ ਵੱਖ-ਵੱਖ ਭਾਗਾਂ ਦੇ ਲੋਕ ਉੱਤਰ-ਪੱਛਮੀ ਭਾਰਤ ਦੇ ਲੋਕਾਂ ਨੂੰ ਪਵਿੱਤਰ ਨਹੀਂ ਮੰਨਦੇ ਸਨ। ਗੰਦੇ, ਮਾਸਾਹਾਰੀ ਲੋਕਾਂ ਦਾ ਵੀ ਇਕ ਵਰਗ ਸੀ, ਜਿਨ੍ਹਾਂ ਨੂੰ ਚੰਡਾਲ ਕਿਹਾ ਜਾਂਦਾ ਸੀ ਅਤੇ ਉਹ ਨਗਰ ਦੇ ਬਾਹਰ ਅਲੱਗ ਬਸਤੀਆਂ ਵਿੱਚ ਰਿਹਾ ਕਰਦੇ ਸਨ, ਉਨ੍ਹਾਂ ਨੂੰ ਅਛੂਤ ਸਮਝਿਆ ਜਾਂਦਾ ਸੀ।

(4) **ਲੋਕਾਂ ਦਾ ਦਾਨੀ ਸੁਭਾਅ** : ਲੋਕ ਬੜੇ ਸੁਖੀ ਅਤੇ ਪ੍ਰਭਾਵਸ਼ਾਲੀ ਸਨ, ਅਮੀਰ ਲੋਕ ਬੜੇ ਦਾਨੀ ਸਨ, ਕਿਉਂਕਿ ਗਰੀਬਾਂ ਦੀ ਸਹਾਇਤਾ ਕਰਨਾ ਇਕ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ, ਉਹ ਸੜਕਾਂ, ਆਰਾਮ ਘਰ, ਹਸਪਤਾਲਾਂ ਅਤੇ ਲੋਕ ਭਲਾਈ ਦੇ ਅਨੇਕਾਂ ਭਵਨ ਬਣਾਉਂਦੇ, ਉਹ ਬਾਗ ਵੀ ਲਗਵਾਉਂਦੇ ਅਤੇ ਲੋਕ ਭਲਾਈ ਲਈ ਤਾਲਾਬ ਅਤੇ ਖੂਹ ਬਣਵਾਉਂਦੇ।

(5) **ਸਿੱਖਿਆ (Education)** : ਜਨਤਾ ਦੀ ਸਿੱਖਿਆ ਲਈ ਅਣਗਿਣਤ ਵਿਦਿਆਲਾ ਸਨ ਅਤੇ ਕਈ ਵਿਸ਼ਵ ਵਿਦਿਆਲਾ ਵੀ ਸਨ, ਜਿਨ੍ਹਾਂ ਵਿੱਚ ਸਭ ਤੋਂ ਪ੍ਰਸਿੱਧ ਪੂਰਵ ਅਤੇ ਨਾਲੰਦਾ ਵਿਸ਼ਵ ਵਿਦਿਆਲਾ ਅਤੇ ਪੱਛਮ ਦਾ ਵਿਲੰਬੀ ਵਿਸ਼ਵ ਵਿਦਿਆਲਾ ਸੀ। ਮਾਲਵਾ ਵਿੱਚ ਧਾਰ ਦਾ ਇਕ ਸੰਸਕ੍ਰਿਤ ਕਾਲਜ ਵੀ ਸੀ ਅਤੇ ਅਜਮੇਰ ਵਿੱਚ ਵੀ ਇਕ ਅਜਿਹਾ ਕਾਲਜ ਸੀ, ਜਿੱਥੇ ਵੇਦਾਂ, ਸ਼ਾਸਤਰਾਂ ਤੋਂ ਇਲਾਵਾ ਜੋ ਹੋਰ ਵਿਸ਼ੇ ਇਨ੍ਹਾਂ ਵਿਦਿਆਲਾ ਅਤੇ ਕਾਲਜਾਂ ਵਿੱਚ ਪੜ੍ਹਾਏ ਜਾਂਦੇ, ਉਹ ਸਨ ਵਿਗਿਆਨ, ਗਣਿਤ, ਖੰਗੋਲ ਸ਼ਾਸਤਰ ਆਦਿ।

### 1.3.3 ਧਾਰਮਿਕ ਅਵਸਥਾ (Religious Conditions)

(1) **ਇਸ ਸਮੇਂ ਭਾਰਤ ਵਿੱਚ ਤਿੰਨ ਧਰਮ ਪ੍ਰਫੁੱਲਿਤ ਸਨ** : ਬੁੱਧ ਧਰਮ, ਜੈਨ ਧਰਮ ਅਤੇ ਹਿੰਦੂ ਧਰਮ, ਜੈਨ ਧਰਮ ਸਭ ਤੋਂ ਘੱਟ ਪ੍ਰਿਯ ਸੀ, ਬੁੱਧ ਧਰਮ ਨੇ ਵੀ ਜਨਤਾ 'ਤੇ ਆਪਣਾ ਪ੍ਰਭਾਵ ਗੁਆ ਦਿੱਤਾ ਸੀ ਅਤੇ ਉਹ ਪਤਨਸ਼ੀਲ ਸੀ। ਰਾਜਾ ਲੋਕ ਜ਼ਿਆਦਾਤਰ ਹੁੰਦੇ ਸਨ ਅਤੇ ਹਿੰਦੂ ਧਰਮ ਸੁਰੱਖਿਆ ਲਈ ਕਾਨੂੰਨ ਬਣਾਉਂਦੇ ਰਹਿੰਦੇ, ਉਹ ਦੂਸਰੇ ਧਰਮਾਂ ਦੇ ਸਹਿਣਸ਼ੀਲ ਸਨ, ਪ੍ਰੰਤੂ ਸਿੰਧ ਦੇ ਰਾਜਾ ਦਾਹੀਰ ਦੀ ਤਰ੍ਹਾਂ ਕੁਝ ਰਾਜੇ ਲੋਕ ਬੁੱਧ ਧਰਮੀਆਂ 'ਤੇ ਰੋਕ ਲਗਾ ਦਿੰਦੇ। ਲੋਕ ਚਾਹੇ ਹਿੰਦੋ ਹੋਣ ਜਾਂ ਬੁੱਧ ਧਰਮੀ, ਉਹ ਉੱਚੇ ਧਾਰਮਿਕ ਆਦਰਸ਼ਾਂ ਨਾਲ ਪ੍ਰੇਰਿਤ ਰਹਿੰਦੇ ਸਨ।

(2) **ਹਿੰਦੂ ਧਰਮ ਅਤੇ ਉਸ ਦੀਆਂ ਰੀਤੀਆਂ** : ਇਸ ਕਾਲ ਵਿੱਚ ਹਿੰਦੂ ਧਰਮ ਬਹੁਤ ਹੀ ਸੰਸਕਾਰਪੂਰਣ ਧਰਮ ਸੀ, ਮੂਰਤੀ ਪੂਜਾ ਉਨ੍ਹਾਂ ਦਾ ਸਭ ਤੋਂ ਵੱਡਾ ਨਿਯਮ ਸੀ ਅਤੇ ਲੋਕ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਦੇਵਤਾਵਾਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਸਨ। ਰਮਾਇਣ, ਮਹਾਂਭਾਰਤ ਦਾ ਪਾਠ, ਵੇਦ ਮੰਤਰੀਆਂ ਦਾ ਗਾਨ, ਵਰਤ ਰੱਖਣਾ, ਧਾਰਮਿਕ ਸਥਾਨਾਂ ਦੀ ਤੀਰਥ ਯਾਤਰਾ ਕਰਨਾ-ਇਸ ਪ੍ਰਕਾਰ ਦੇ ਕਈ ਰੀਤੀ-ਰਿਵਾਜ਼ ਸਨ, ਜਿਨ੍ਹਾਂ ਦੇ ਪਾਲਣ ਦੀ ਹਰ ਹਿੰਦੂ ਤੋਂ ਕਾਮਨਾ ਕੀਤੀ ਜਾਂਦੀ ਸੀ। ਬ੍ਰਾਹਮਣਾਂ ਦਾ ਪ੍ਰੋਹਿਤ ਵਰਗ ਇਨ੍ਹਾਂ ਨਰਮ ਦਿਲ ਲੋਕਾਂ ਦਾ ਖੂਬ ਸ਼ੋਸ਼ਣ ਕਰਦਾ ਸੀ।

### 1.3.4 ਆਰਥਿਕ ਅਵਸਥਾ (Economic Conditions)

ਲੋਕਾਂ ਦੀ ਭੌਤਿਕ ਦਸ਼ਾ ਬਹੁਤ ਚੰਗੀ ਸੀ। ਜ਼ਿਆਦਾਤਰ ਲੋਕ ਸਦੀਆਂ ਤੋਂ ਪਿੰਡਾਂ ਵਿੱਚ ਰਹਿੰਦੇ ਆਏ ਸਨ ਅਤੇ ਉਨ੍ਹਾਂ ਦਾ ਮੁੱਖ ਧੰਦਾ ਖੇਤੀਬਾੜੀ ਸੀ, ਪ੍ਰੰਤੂ ਇਸ ਸਮੇਂ ਵਿੱਚ ਜਿਸ ਦਾ ਅਸੀਂ ਅਧਿਐਨ ਕਰ ਰਹੇ ਹਾਂ, ਵਪਾਰ ਵੀ ਬਹੁਤ ਲੋਕਪ੍ਰਿਯ ਧੰਦਾ ਬਣ ਚੁੱਕਾ ਸੀ। ਦੂਸਰੇ ਦੇਸ਼ਾਂ ਨਾਲ ਵੀ ਵਪਾਰ ਜਾਰੀ ਸੀ ਅਤੇ ਕੁਝ ਵਪਾਰੀ ਬਿਨਾਂ ਸ਼ੱਕ ਬੜੇ ਅਮੀਰ ਸਨ, ਉਹ ਦਾਨ ਸੰਸਥਾਵਾਂ ਸਥਾਪਿਤ ਕਰਦੇ ਅਤੇ ਗਰੀਬਾਂ ਦੀ ਗਰੀਬੀ ਅਤੇ ਦੁੱਖਾਂ ਨੂੰ ਦੂਰ ਕਰਨ ਦਾ ਧਿਆਨ ਰੱਖਦੇ ਸਨ।

**ਸਵ-ਮੁਲਾਂਕਣ (Self Assessment)**

3. ਹੇਠ ਲਿਖੇ ਕਥਨਾਂ ਵਿੱਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State whether the following Statements are True or False) :
   (i) 7ਵੀਂ ਅਤੇ 8ਵੀਂ ਸਦੀ ਵਿੱਚ ਰਾਜਾਸ਼ਾਹੀ ਦੀ ਲੋਕਪ੍ਰਿਯ ਸਰਕਾਰ ਸੀ ਅਤੇ ਇਹ ਪੈਤ੍ਰਿਕ ਸਨ।
   (ii) ਰਾਜੇ ਦੇ ਉਸ ਦੇ ਰਾਜ ਦੇ ਕਰਤਵਾਂ ਨੂੰ ਨਿਭਾਉਣ ਵਿਚਾਰ-ਵਟਾਂਦਰੇ ਅਤੇ ਸਹਾਇਤਾ ਦੇਣ ਲਈ ਇਕ ਸੈਨਾਪਤੀ ਹੁੰਦਾ ਸੀ।
   (iii) ਪ੍ਰਾਂਤ ਦੇ ਮੁਖੀਏ ਨੂੰ ਉਪਾਸਕ ਕਹਿੰਦੇ ਸਨ।
   (iv) ਆਮਦਨ ਦਾ ਮੁੱਖ ਸਰੋਤ ਮਕਾਨ ਕਰ ਸੀ।
   (v) ਸੈਨਾ ਦੇ ਚਾਰ ਅੰਗ ਸਨ ਪਦ ਸੈਨਾ, ਘੋੜਿਆਂ ਦੀ ਸੈਨਾ, ਰੱਥ ਸੈਨਾ, ਹਾਥੀਆਂ ਦੀ ਸੈਨਾ।

## 1.4 ਸਿੰਧ 'ਤੇ ਅਰਬਾਂ ਦੀ ਜਿੱਤ (Arab Conquest on Sindh)

ਨੋਟ

**ਕਾਰਣ** : 8ਵੀਂ ਸਦੀ ਦੇ ਪਹਿਲੇ ਚੌਥਾਈ ਵਿੱਚ ਮੁਹੰਮਦ-ਬਿਨ-ਕਾਸਿਮ ਦੀ ਅਗਵਾਈ ਵਿੱਚ ਅਰਬ ਲੋਕਾਂ ਨੇ ਸਿੰਧ ਅਤੇ ਮੁਲਤਾਨ ਨੂੰ ਜਿੱਤ ਲਿਆ। ਜਿਨ੍ਹਾਂ ਗੱਲਾਂ ਤੋਂ ਉਨ੍ਹਾਂ ਨੂੰ ਸਾਡੇ ਦੇਸ਼ 'ਤੇ ਚੜ੍ਹਾਈ ਕਰਨ ਦੀ ਪ੍ਰੇਰਣਾ ਮਿਲੀ, ਉਹ ਹੇਠ ਲਿਖੀਆਂ ਹਨ—

1. **ਅਰਬਾਂ ਦੀ ਰਾਜਨੀਤਿਕ ਅਤੇ ਭੂਮੀ ਅਧਿਕਾਰ ਦੀ ਲਾਲਸਾ** : ਮੁੱਖ ਕਾਰਣ ਜਿਸ ਨੇ ਅਰਬਾਂ ਨੂੰ ਸਿੰਧ ਅਤੇ ਹਿੰਦ 'ਤੇ ਚੜ੍ਹਾਈ ਕਰਨ ਲਈ ਮਜਬੂਰ ਕੀਤਾ, ਇਹ ਸੀ ਕਿ ਉਹ ਲਾਲਸਾ ਰੱਖਣ ਵਾਲੇ ਸਨ ਅਤੇ ਆਪਣੀ ਜਿੱਤ ਨੂੰ ਭਾਰਤੀ ਭੂਮੀ ਤੱਕ ਫੈਲਾਅ ਦੇਣਾ ਚਾਹੁੰਦੇ ਸਨ। ਸੀਰੀਆ, ਫਿਲਸਤੀਨ, ਮਿਸਰ ਅਤੇ ਇਰਾਨ ਨੂੰ ਉਹ ਪਹਿਲਾਂ ਹੀ ਜਿੱਤ ਚੁੱਕੇ ਸਨ, ਇਸ ਲਈ ਉਨ੍ਹਾਂ ਨੇ ਆਪਣਾ ਮੂੰਹ ਭਾਰਤ ਵੱਲ ਕਰ ਲਿਆ। 636 ਈ. ਤੱਕ ਉਨ੍ਹਾਂ ਨੇ ਆਪਣੀ ਪਹਿਲੀ ਚੜ੍ਹਾਈ ਸ਼ੁਰੂ ਕਰ ਦਿੱਤੀ, ਜਿਸ ਦਾ ਵਿਸ਼ੇਸ਼ ਮਕਸਦ ਬੰਬਈ ਦੇ ਨੇੜੇ ਧਾਨੋਂ ਨਾਮੀ ਸਥਾਨ ਨੂੰ ਜਿੱਤਣਾ ਸੀ, ਪ੍ਰੰਤੂ ਉਹ ਚੜ੍ਹਾਈ ਵਿਅਰਥ ਗਈ। 643-44 ਈ. ਵਿੱਚ ਖਲੀਫ਼ਾ ਉਸਮਾਨ ਨੇ ਆਦੁਲ-ਬਿਨ-ਅਮਰ ਦੀ ਅਗਵਾਈ ਵਿੱਚ ਇਕ ਭਾਰੀ ਅਭਿਆਨ ਸੈਨਾ ਭੇਜੀ, ਜਿਸ ਨੇ ਸਿਸਤਾਨ 'ਤੇ ਕਬਜ਼ਾ ਕਰ ਲਿਆ ਅਤੇ ਤਦ ਉਹ ਮਕਰਾਨ ਵੱਲ ਵਧਿਆ, ਉਸ ਨੇ ਸਿੰਧ ਦੇ ਇਕ ਹਿੱਸੇ ਨੂੰ ਜਿੱਤ ਲਿਆ, ਪ੍ਰੰਤੂ ਉਸ ਨੂੰ ਜਿਸ ਕਿਸੇ ਤਰ੍ਹਾਂ ਇਹ ਮਹਿਸੂਸ ਹੋਇਆ ਕਿ ਸਿੰਧ ਦੀ ਉਸਰ ਭੂਮੀ ਨੂੰ ਹਥਿਆਉਣ ਲੈਣ ਕੋਈ ਲਾਭ ਨਹੀਂ, ਉਸ ਨੇ ਖਲੀਫ਼ਾ ਨੂੰ ਇਸ ਪ੍ਰਕਾਰ ਦੀ ਚਿੱਠੀ ਲਿਖੀ, "ਇੱਥੇ ਪਾਣੀ ਦੀ ਘਾਟ ਹੈ, ਘਟੀਆ ਅਤੇ ਬਹੁਤ ਘੱਟ ਫਲ ਉਗਦਾ ਹੈ ਅਤੇ ਇੱਥੋਂ ਦੇ ਡਾਕੂ ਬੜੇ ਦਲੇਰ ਹਨ। ਅਗਰ ਥੋੜ੍ਹੀ ਜਿਹੀ ਸੈਨਾ ਭੇਜੀ ਗਈ ਤਾਂ ਸੈਨਿਕ ਮਾਰ ਦਿੱਤੇ ਜਾਣਗੇ, ਅਗਰ ਜ਼ਿਆਦਾ ਸੈਨਾ ਭੇਜੀ ਗਈ ਤਾਂ ਸੈਨਿਕ ਭੁੱਖ ਨਾਲ ਮਰ ਜਾਣਗੇ।" ਚਾਹੇ ਇਹ ਸ਼ੁਰੂਆਤੀ ਅਭਿਆਨ ਅਸਫ਼ਲ ਹੋਇਆ ਤਾਂ ਵੀ ਇੰਨਾ ਤੋਂ ਜ਼ਰੂਰ ਦਰਸਾਉਂਦੇ ਹਨ ਕਿ ਮੁਹੰਮਦ-ਬਿਨ-ਕਾਸਿਮ ਦੇ ਹਮਲਿਆਂ ਤੋਂ ਬਹੁਤ ਪਹਿਲਾਂ ਅਰਬ ਲੋਕਾਂ ਵਿੱਚ ਭਾਰਤ ਦੀ ਭੂਮੀ ਜਿੱਤਣ ਦੀ ਬੜੀ ਲਾਲਸਾ ਸੀ।

2. **ਭਾਰਤ ਦੀ ਦੌਲਤ** : ਭਾਰਤ ਦੀ ਦੌਲਤ ਨੇ ਵੀ ਅਰਬ ਲੋਕਾਂ ਨੂੰ ਸਾਡੇ ਦੇਸ਼ 'ਤੇ ਚੜ੍ਹਾਈ ਕਰਨ ਲਈ ਬਹੁਤ ਲਾਲਚ ਦਿੱਤਾ, ਪੁਰਾਣੇ ਸਮੇਂ ਵਿੱਚ ਅਰਬਾਂ ਦੇ ਭਾਰਤ ਨਾਲ ਵਪਾਰਕ ਸਬੰਧ ਸਨ ਅਤੇ ਉਹ ਇਸ ਨਾਤੇ ਉਹ ਭਾਰਤ ਦੇ ਧਨ ਤੋਂ ਪੂਰੀ ਤਰ੍ਹਾ ਵਾਕਿਫ਼ ਸਨ। ਭਾਰਤ ਵਿੱਚ ਉਨ੍ਹਾਂ ਨੂੰ ਇਕ ਬਹੁਤ ਹੀ ਲੁਭਾਉਣ ਵਾਲੀ ਭੂਮੀ ਦਿਖਾਈ ਦਿੱਤੀ ਜੋ ਉਨ੍ਹਾਂ ਦੀ ਜ਼ਰੂਰਤ ਅਤੇ ਲਾਲਚ ਨੂੰ ਸੰਤੁਸ਼ਟ ਕਰ ਸਕਦੀ ਸੀ।

3. **ਇਸਲਾਮ ਦਾ ਵਿਸਥਾਰ** : ਰਾਜਨੀਤਿਕ ਅਤੇ ਆਰਥਿਕ ਕਾਰਨਾਂ ਦੇ ਨਾਲ-ਨਾਲ ਇਸਲਾਮ ਨੂੰ ਫੈਲਾਉਣ ਦਾ ਅਰਬਾਂ ਦਾ ਧਾਰਮਿਕ ਜਨੂੰਨ ਵੀ ਕੰਮ ਕਰ ਰਿਹਾ ਸੀ। ਪੈਗੰਬਰ ਸਾਹਿਬ ਅਤੇ ਖਲੀਫ਼ੇ ਤੇ ਅਨੁਯਾਈਆਂ ਨੂੰ ਸਦਾ ਹੀ ਇਕ ਸਿੱਖਿਆ ਦਿੰਦੇ ਸਨ ਕਿ ਜਾਓ ਦੂਰ ਦੇਸ਼ਾਂ ਵਿੱਚ ਇਸਲਾਮ ਨੂੰ ਫੈਲਾਓ, ਕਿਉਂਕਿ ਭਾਰਤ ਮੂਰਤੀ ਪੂਜਾ ਕਰਨ ਵਾਲਿਆਂ ਦੀ ਭੂਮੀ ਸੀ, ਇਸ ਲਈ ਸੁਭਾਵਿਕ ਰੂਪ ਨਾਲ ਅਰਬ ਲੋਕਾਂ ਨੂੰ ਇਹ ਪ੍ਰੇਰਣਾ ਮਿਲੀ ਕਿ ਮੂਰਤੀ ਪੂਜਾ ਨੂੰ ਖਤਮ ਕਰਨ ਅਤੇ ਇਸਲਾਮ ਨੂੰ ਫੈਲਾਉਣ ਦੀ ਖ਼ਾਤਿਰ ਅਜਿਹੇ ਦੇਸ਼ 'ਤੇ ਚੜ੍ਹਾਈ ਕੀਤੀ ਜਾਵੇ।

4. **ਤੱਤਕਾਲੀਨ ਕਾਰਣ** : ਜਿਸ ਚੀਜ਼ ਨੇ ਅਰਬ ਲੋਕਾਂ ਨੂੰ 711 ਈ. ਵਿੱਚ ਤੁਰੰਤ ਸਿੰਧ 'ਤੇ ਚੜ੍ਹਾਈ ਕਰਨ ਲਈ ਸੱਚਮੁਚ ਉਕਸਾਇਆ, ਉਹ ਇਹ ਸੀ ਕਿ ਸਿੰਧ ਦੇ ਕੁਝ ਸਮੁੰਦਰੀ ਡਾਕੂਆਂ ਨੇ ਦੇਬਲ ਦੇ ਤੱਟ 'ਤੇ ਕੁਝ ਅਰਬ ਜਹਾਜ਼ਾਂ ਨੂੰ ਲੁੱਟ ਲਿਆ। ਘਟਨਾ ਇਸ ਪ੍ਰਕਾਰ ਹੋਈ-ਅਰਬ ਵਪਾਰੀਆਂ ਦੇ ਕੁਝ ਜਹਾਜ਼ ਲੰਕਾ ਦੇ ਰਾਜੇ ਕੋਲੋਂ ਜਿਸ ਨੇ, ਕਹਿੰਦੇ ਹਨ ਇਸਲਾਮ ਧਰਮ ਸਵੀਕਾਰ ਕਰ ਲਿਆ ਸੀ, ਕੁਝ ਕੀਮਤੀ ਤੋਹਫ਼ੇ ਲਿਜਾ ਰਹੇ ਸਨ। ਉਨ੍ਹਾਂ ਨੂੰ ਦੇਬਲ ਦੀ ਬੰਦਰਗਾਹ ਦੇ ਨੇੜੇ ਲੁੱਟ ਲਿਆ ਗਿਆ। ਬਸਰਾ ਦਾ ਅਲਾ ਹਜਾਜ ਜੋ ਖਲੀਫ਼ਾ ਦੇ ਪੂਰਬੀ ਪ੍ਰਾਂਤਾਂ ਦਾ ਰਾਜਪਾਲ ਸੀ, ਇਸ ਲੁੱਟ-ਖਸੁੱਟ ਤੋਂ ਬੜਾ ਦੁਖੀ ਹੋਇਆ, ਉਸ ਨੇ ਸਿੰਧ ਦੇ ਰਾਜੇ ਦਾਹਿਰ ਨੂੰ ਲਿਖਿਆ ਕਿ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ ਅਤੇ ਸਾਡੀ ਰੀਤੀ ਦੀ ਪੂਰਤੀ ਕੀਤੀ ਜਾਵੇ। ਦਾਹਿਰ ਨੇ ਜਵਾਬ ਦਿੱਤਾ ਕਿ ਦੇਬਲ ਦੇ ਸਮੁੰਦਰੀ ਡਾਕੂ ਮੇਰੇ ਅਧਿਕਾਰ ਖੇਤਰ ਵਿੱਚ ਨਹੀਂ ਹਨ ਅਤੇ ਇਸ ਲਈ ਮੈਂ ਉਨ੍ਹਾਂ ਨੂੰ ਸਜ਼ਾ ਦੇਣ ਵਿੱਚ ਅਸਮਰੱਥ ਹਾਂ, ਇਸ ਜਵਾਬ ਤੋਂ ਨਾਰਾਜ਼ ਹੋ ਕੇ ਹਜਾਜ ਨੇ ਦਾਹਿਰ ਦੇ ਵਿਰੁੱਧ ਚੜ੍ਹਾਈ ਕਰਨ ਦੀ ਖਲੀਫ਼ਾ ਵਾਲਿਦ ਤੋਂ ਆਗਿਆ ਮੰਗੀ। 711 ਈ. ਵਿੱਚ ਇਸ ਆਗਿਆ ਦੇ ਅਨੁਸਾਰ ਉਬੈਦੁੱਲਾ ਦੀ ਅਗਵਾਈ ਵਿੱਚ ਇਕ ਸੈਨਾ ਭੇਜੀ ਗਈ, ਪ੍ਰੰਤੂ ਉਹ ਹਾਰ ਗਿਆ ਅਤੇ ਰਾਜੇ ਦਾਹਿਰ ਨੇ ਉਸ ਨੂੰ ਯੁੱਧ ਭੂਮੀ ਵਿੱਚ ਮਾਰ ਦਿੱਤਾ। ਅਗਲੇ ਸਾਲ 712 ਈ. ਵਿੱਚ ਬੁੰਦੇਲ ਦੀ ਅਗਵਾਈ ਵਿੱਚ ਇਕ ਹੋਰ ਚੜ੍ਹਾਈ ਕੀਤੀ ਗਈ, ਇਸ ਵਾਰ ਵੀ ਅਰਬ ਸੈਨਾਪਤੀ ਹਾਰ ਗਿਆ ਅਤੇ ਮਾਰ ਦਿੱਤਾ ਗਿਆ, ਹੁਣ ਹਜਾਜ ਨੇ ਆਪਣੇ ਚਚੇਰੇ ਭਰਾ ਅਤੇ ਦਾਮਾਦ ਬਿਨ-ਕਾਸਿਮ ਨੂੰ, ਜੋ ਇਕ 17 ਸਾਲਾਂ ਦਾ ਨੌਜਵਾਨ ਸੀ, ਆਗਿਆ ਦਿੱਤੀ ਕਿ ਸਿੰਧ 'ਤੇ ਚੜ੍ਹਾਈ ਕਰੇ।

### 1.4.1 ਸਿੰਧ 'ਤੇ ਮੁਹੰਮਦ-ਬਿਨ-ਕਾਸਿਮ ਦਾ ਹਮਲਾ (Mohammad Bin-Qasim's Invasion of Sindh)

ਡਾ. ਈਸ਼ਵਰੀ ਪ੍ਰਸ਼ਾਦ ਦਾ ਕਹਿਣਾ ਸੀ ਕਿ "ਸਿੰਧ 'ਤੇ ਮੁਹੰਮਦ-ਬਿਨ-ਕਾਸਿਮ ਦੇ ਹਮਲੇ ਦੀ ਕਹਾਣੀ ਇਤਿਹਾਸ ਦੀ ਇਕ ਰੁਮਾਂਚਿਕ ਘਟਨਾ ਹੈ, ਉਸ ਦੀ ਚੜ੍ਹਦੀ ਜਵਾਨੀ, ਉਸ ਦਾ ਹੌਂਸਲਾ ਅਤੇ ਦਲੇਰੀ ਚੜ੍ਹਾਈ ਦਰਮਿਆਨ ਉਸ ਦਾ ਚੰਗਾ ਆਚਰਣ ਅਤੇ ਉਸ ਦਾ ਘਾਤਕ ਪਤਨ-ਇਨ੍ਹਾਂ ਸਾਰੀਆਂ ਗੱਲਾਂ ਨੇ ਉਸ ਦੇ ਜੀਵਨ ਨੂੰ ਸ਼ਹਾਦਤ ਦੀ ਕ੍ਰਾਂਤੀ ਤੋਂ ਪ੍ਰਜਵਲਿਤ ਕਰ ਦਿੱਤਾ ਹੈ।"

ਮੁਹੰਮਦ-ਬਿਨ-ਕਾਸਿਮ 15,000 ਸੈਨਿਕ ਲੈ ਕੇ ਚੱਲਿਆ ਸੀ, ਜਿਸ ਵਿੱਚੋਂ 6000 ਸੀਰੀਆਈ ਘੋੜ ਸਵਾਰ ਸਨ ਅਤੇ 1000

ਨੋਟ

ਊਂਠ ਸਵਾਰ ਸਨ। ਮਾਰਗ ਵਿੱਚ ਮਰਕਾਨ ਦੇ ਨਜ਼ਦੀਕ ਮੁਹੰਮਦ ਹਾਰੂ ਦੀ ਅਗਵਾਈ ਵਿੱਚ ਕੁਝ ਹੋਰ ਸੈਨਾਵਾਂ ਉਸ ਦੇ ਨਾਲ ਆ ਮਿਲੀਆਂ, ਸਿੰਧ 'ਤੇ ਉਸ ਦੇ ਹਮਲੇ ਸਮੇਂ ਉਸ ਕੋਲ ਲੱਗਭਗ 35,000 ਸੈਨਿਕ ਸਨ, ਜਦ ਅਰਬ ਨੇਤਾ ਦੇਬਲ ਵੱਲ ਵਧਿਆ ਤਾਂ ਬਹੁਤ ਸਾਰੇ ਜਾਟ ਅਤੇ ਮੇਵ ਲੋਕ ਜੋ ਜ਼ਿਆਦਾਤਰ ਬੁੱਧ ਧਰਮ ਨੂੰ ਮੰਨਣ ਵਾਲੇ ਸਨ ਅਤੇ ਜੋ ਆਪਣੇ ਬ੍ਰਾਹਮਣ ਰਾਜੇ ਦਾਹਿਰ ਦੇ ਵਿਵਹਾਰ ਤੋਂ ਖਫ਼ਾ ਸਨ, ਉਸ ਦੇ ਨਾਲ ਮਿਲ ਗਏ ਅਤੇ ਉਸ ਦੀ ਸੈਨਾ ਦੀ ਗਿਣਤੀ ਨੂੰ ਹੋਰ ਵੀ ਵਧੇਰੇ ਵਧਾ ਦਿੱਤਾ।

**ਦੇਬਲ ਦੀ ਜਿੱਤ** : ਜਦ ਮੁਹੰਮਦ ਦੀ ਸੈਨਾ ਦੇਬਲ ਵੱਲ ਵਧੀ ਤਾਂ ਰਾਜੇ ਦੇ ਨਾਕਾਮ ਰਹਿਣ ਦੀ ਘਾਤਕ ਗਲਤੀ ਕੀਤੀ। ਉਸ ਨੇ ਹਮਲਾਵਰ ਸੈਨਾ ਦੀ ਪ੍ਰਗਤੀ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ, ਨਤੀਜਾ ਇਹ ਹੋਇਆ ਕਿ 25,000 ਤੋਂ ਜ਼ਿਆਦਾ ਹਮਲਾਵਰਾਂ ਦਾ ਕੇਵਲ 4000 ਸੈਨਿਕਾਂ ਨੇ ਸਾਹਮਣਾ ਕੀਤਾ। ਬਿਨਾਂ ਸ਼ੱਕ ਭਾਰਤੀ ਸੈਨਾ ਬੜੀ ਬਹਾਦਰੀ ਨਾਲ ਲੜੀ, ਪ੍ਰੰਤੂ ਇਹ ਦੁਸ਼ਮਣਾਂ ਦੇ ਹਜ਼ਾਰਾਂ ਸੈਨਿਕਾਂ ਸਾਹਮਣੇ ਟਿਕ ਨਾ ਸਕੀ। ਦੇਬਲ ਦੇ ਬ੍ਰਾਹਮਣਾਂ ਨੇ ਇਕ ਵੱਡੇ ਮੰਦਿਰ ਦੀ ਚੋਟੀ 'ਤੇ ਲਹਿਰਾ ਰਹੇ ਲਾਲ ਝੰਡੇ ਹੇਠਾਂ ਇਕ ਤਬੀਤ ਬੰਨ੍ਹ ਰੱਖਿਆ ਸੀ, ਜਦ ਘੇਰਾ ਪਿਆ ਤਾਂ ਇਕ ਬ੍ਰਾਹਮਣ ਨੇ ਦਾਹਿਰ ਨਾਲ ਵਿਸ਼ਵਾਸਘਾਤ ਕੀਤਾ ਅਤੇ ਜਾ ਕੇ ਤਬੀਤ ਦਾ ਰਹੱਸ ਅਰਬਾਂ ਨੂੰ ਦੱਸ ਦਿੱਤਾ, ਜਿਨ੍ਹਾਂ ਨੇ ਝੰਡੇ ਦੇ ਬਾਂਸ ਨੂੰ ਨਿਸ਼ਾਨਾ ਬਣਾ ਕੇ ਝੰਡੇ ਅਤੇ ਤਬੀਤ ਨੂੰ ਤੁਰੰਤ ਖਤਮ ਕਰ ਦਿੱਤਾ, ਇਸ ਗੱਲ ਨੇ ਅੰਧ-ਵਿਸ਼ਵਾਸੀ ਭਾਰਤੀਆਂ ਦੀ ਨਿਰ-ਉਤਸ਼ਾਹਿਤ ਅਤੇ ਨਿਰਾਸ਼ ਕਰ ਦਿੱਤਾ। ਆਖਿਰਕਾਰ ਅਰਬ ਲੋਕਾਂ ਨੇ ਦੇਬਲ 'ਤੇ ਅਧਿਕਾਰ ਜਮ੍ਹਾ ਲਿਆ ਅਤੇ ਉੱਥੇ ਇਕ ਭਿਆਨਕ ਖੂਨ-ਖਰਾਬਾ ਆਰੰਭ ਹੋਇਆ ਜੋ ਤਿੰਨ ਦਿਨ ਤੱਕ ਚੱਲਦਾ ਰਿਹਾ। ਲੋਕਾਂ ਨੂੰ ਕਿਹਾ ਗਿਆ ਇਸਲਾਮ ਸਵੀਕਾਰ ਕਰੋ, ਨਹੀਂ ਤਾਂ ਮਾਰ ਦਿੱਤੇ ਜਾਓਗੇ ਅਤੇ ਬਹੁਤਿਆਂ ਨੇ ਮਰਨਾ ਸਵੀਕਾਰ ਕੀਤਾ। ਕਿਹਾ ਜਾਂਦਾ ਹੈ ਕਿ 17 ਸਾਲ ਤੋਂ ਉੱਪਰ ਸਾਰੇ ਮਨੁੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ ਅਤੇ ਉਨ੍ਹਾਂ ਦੀਆਂ ਇਸਤਰੀਆਂ ਅਤੇ ਬੱਚੇ ਦਾਸ ਬਣਾ ਲਏ ਗਏ। ਲੁੱਟ-ਖਸੁੱਟ ਦਾ ਬਹੁਤ ਸਾਰਾ ਮਾਲ ਅਰਬ ਲੋਕਾਂ ਦੇ ਹੱਥ ਲੱਗਾ, ਜਿਸ ਦਾ ਪੰਜਵਾਂ ਹਿੱਸਾ ਹਜਾਜ ਵੱਲੋਂ ਖਲੀਫ਼ਾ ਨੂੰ ਭੇਜ ਦਿੱਤਾ ਗਿਆ।

*ਨੋਟਸ* ਸਿੰਧ 'ਤੇ ਮੁਹੰਮਦ-ਬਿਨ-ਕਾਸਿਮ ਦੇ ਹਮਲੇ ਦੀ ਕਹਾਣੀ ਇਤਿਹਾਸ ਦੀ ਰੋਮਾਂਚਕ ਘਟਨਾ ਹੈ।

### 1.4.2 ਨਿਰੁਨ, ਸਹਿਵਨ ਅਤੇ ਸੀਸਮ 'ਤੇ ਅਧਿਕਾਰ (Capture of Nirun, Sehwan and Sisam)

ਦੇਬਲ ਨੂੰ ਜਿੱਤਣ ਅਤੇ ਲੁੱਟ ਤੋਂ ਬਾਅਦ ਮੁਹੰਮਦ-ਬਿਨ-ਕਾਸਿਮ ਨਿਰੁਨ ਵੱਲ ਵਧਿਆ ਜੋ ਕਿ ਉਸ ਸਮੇਂ ਦੇਬਲ ਦੇ ਉੱਤਰ-ਪੂਰਬ ਵਿੱਚ ਇਕ ਮਹਾਂਨਗਰ ਸੀ, ਇਸ ਨਗਰ ਦੇ ਨਿਵਾਸੀਆਂ ਨੂੰ ਜਦ ਰਾਜੇ ਦਾਹਿਰ ਤੋਂ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਨਾ ਮਿਲੀ ਤਾਂ ਉਹ ਮਜਬੂਰ ਹੋਏ ਬਿਨਾਂ ਕਿਸੇ ਵਿਰੋਧ ਦੇ ਝੁਕ ਗਏ ਅਤੇ ਉਨ੍ਹਾਂ ਨੇ ਹਥਿਆਰ ਸੁੱਟ ਦਿੱਤੇ। ਵਿਦੇਸ਼ੀ ਹੁਣ ਸਹਿਵਨ ਵੱਲ ਵਧੇ, ਜਿਸ 'ਤੇ ਦਾਹਿਰ ਦੇ ਚਚੇਰੇ ਭਰਾ ਬਾਜੀਰਾ ਦਾ ਅਧਿਕਾਰ ਸੀ, ਉਹ ਕੋਈ ਹਫ਼ਤੇ ਤੱਕ ਲੜਦਾ ਰਿਹਾ, ਪ੍ਰੰਤੂ ਅੰਤ ਵਿੱਚ ਉਸ ਨੂੰ ਕਿਲ੍ਹਾ ਛੱਡਣਾ ਪਿਆ। ਸਹਿਵਨ ਤੋਂ ਅਰਬ ਲੋਕ ਸੀਸਮ ਵੱਲ ਵਧੇ ਅਤੇ ਉੱਥੇ ਵੀ ਲੜਾਈ ਤੋਂ ਬਾਅਦ ਜਾਟ ਲੋਕ ਹਾਰ ਗਏ।

**ਰਾਵੜ ਦੀ ਲੜਾਈ (20 ਜੂਨ, 712 ਈ.)** : ਅਰਬਾਂ ਦੀ ਤੇਜ਼ ਰਫ਼ਤਾਰ ਨਾਲ ਉੱਨਤੀ ਅਤੇ ਸਫ਼ਲਤਾ 'ਤੇ ਦਾਹਿਰ ਹੈਰਾਨ ਹੋਏ ਬਿਨਾਂ ਨਾ ਰਹਿ ਸਕਿਆ। ਉਸ ਨੇ 50,000 ਸੈਨਿਕ ਇਕੱਠੇ ਕੀਤੇ ਅਤੇ ਦੁਸ਼ਮਣ ਦਾ ਸਾਹਮਣਾ ਕਰਨ ਲਈ ਬ੍ਰਾਹਮਣਾਵਾਦ ਤੋਂ ਚੱਲ ਪਿਆ। ਮੁਹੰਮਦ-ਬਿਨ-ਕਾਸਿਮ ਵੀ ਸਫ਼ਲਤਾ ਤੋਂ ਉਤਸ਼ਾਹਿਤ ਹੋ ਕੇ ਅਤੇ ਨਸ਼ੇ ਵਿੱਚ ਆ ਕੇ ਸਿੰਧੂ ਨਦੀ ਪਾਰ ਕਰਕੇ ਬ੍ਰਾਹਮਣਾਵਾਦ ਵੱਲ ਵਧਿਆ। ਰਾਵੜ ਪਹੁੰਚ ਕੇ ਦੋਵਾਂ ਸੈਨਾਪਤੀਆਂ ਦਾ ਆਹਮਣਾ-ਸਾਹਮਣਾ ਹੋਇਆ ਅਤੇ 20 ਜੂਨ 712 ਈ. ਨੂੰ ਇਕ ਨਿਰਣਾਇਕ ਲੜਾਈ ਹੋਈ, ਦਾਹਿਰ ਅਤੇ ਉਸ ਦੇ ਸੈਨਿਕ ਬੜੀ ਬਹਾਦਰੀ ਨਾਲ ਲੜੇ ਅਤੇ ਉਨ੍ਹਾਂ ਨੇ ਬਹੁਤ ਸਾਰੇ ਅਰਬ ਲੋਕਾਂ ਨੂੰ ਮਾਰ ਦਿੱਤਾ, ਪ੍ਰੰਤੂ ਮੰਦਭਾਗ ਵਜੋਂ ਲੜਾਈ ਵਿੱਚ ਰਾਜੇ ਦਾਹਿਰ ਦੇ ਹਾਥੀ 'ਤੇ ਇਕ ਤੀਰ ਆ ਕੇ ਲੱਗਿਆ, ਜਿਸ ਨਾਲ ਅੱਗ ਲੱਗ ਗਈ ਅਤੇ ਉਹ ਹਾਥੀ ਭੱਜ ਕੇ ਨਦੀ ਵਿੱਚ ਚਲਾ ਗਿਆ, ਇਸ ਨਾਲ ਇਹ ਗੱਲ ਫੈਲ ਗਈ ਕਿ ਰਾਜਾ ਜਾਂ ਤਾਂ ਮਾਰ ਦਿੱਤਾ ਗਿਆ ਹੈ ਜਾਂ ਯੁੱਧ ਭੂਮੀ ਤੋਂ ਭੱਜ ਗਿਆ ਹੈ। ਨਤੀਜਾ ਇਹ ਹੋਇਆ ਕਿ ਸਿੰਧ ਦੇ ਲੋਕ ਨਿਰਾਸ਼ ਅਤੇ ਨਿਰ-ਉਤਸ਼ਾਹਿਤ ਹੋ ਗਏ। ਦਾਹਿਰ ਜਦ ਆਪਣੇ ਹਾਥੀ ਨੂੰ ਲੈ ਕੇ ਯੁੱਧ ਖੇਤਰ ਵਿੱਚ ਵਾਪਸ ਆਇਆ ਤਾਂ ਕੀ ਦੇਖਦਾ ਹੈ, ਉਸ ਦੇ ਬਹੁਤ ਸਾਰੇ ਸੈਨਿਕ ਭੱਜ ਗਏ, ਉਹ ਬੜਾ ਘਬਰਾਇਆ ਤਾਂ ਵੀ ਬੜੀ ਬਹਾਦਰੀ ਨਾਲ ਲੜਿਆ, ਪ੍ਰੰਤੂ ਅੰਤ ਵਿੱਚ ਹਾਰ ਗਿਆ ਅਤੇ ਵੀਰ ਗਤੀ ਨੂੰ ਪ੍ਰਾਪਤ ਹੋਇਆ।

ਦਾਹਿਰ ਦੀ ਵਿਧਵਾ ਪਤਨੀ ਰਵੀ ਬਾਈ ਨੇ 15,000 ਸੈਨਿਕ ਲੈ ਕੇ ਰਾਵੜ ਦੇ ਕਿਲ੍ਹੇ ਦੇ ਅੰਦਰੋਂ ਡਟ ਕੇ ਮੁਕਾਬਲਾ ਕੀਤਾ, ਪ੍ਰੰਤੂ ਆਖਿਰਕਾਰ ਇਹ ਮਹਿਸੂਸ ਕਰਕੇ ਕਿ ਦੁਸ਼ਮਣਾਂ ਵਿਰੁੱਧ ਜ਼ਿਆਦਾ ਦੇਰ ਡਟੇ ਰਹਿਣਾ ਸੰਭਵ ਨਹੀਂ, ਉਸ ਨੇ ਦੂਸਰੀਆਂ ਇਸਤਰੀਆਂ ਨਾਲ ਜੌਹਰ ਦੀ ਪ੍ਰੰਪਰਾ ਨੂੰ ਪੂਰਾ ਕੀਤਾ ਅਤੇ ਅਪਮਾਨ ਦੇ ਡਰੋਂ ਮੌਤ ਨੂੰ ਗਲੇ ਲਗਾਇਆ। ਇਸ ਪ੍ਰਕਾਰ ਅਰਬ ਲੋਕਾਂ ਨੂੰ ਪੂਰਨ ਤੌਰ 'ਤੇ ਜਿੱਤ ਪ੍ਰਾਪਤ ਹੋਈ ਅਤੇ ਉਹ ਬ੍ਰਾਹਮਣਾਵਾਦ ਵੱਲ ਵਧੇ।

**ਨੋਟ**

**ਬ੍ਰਾਹਮਣਾਵਾਦ ਦੀ ਜਿੱਤ** : ਜਦ ਅਰਬ ਬ੍ਰਾਹਮਣਾਵਾਦ ਪਹੁੰਚੇ, ਤਦ ਦਾਹਿਰ ਦੇ ਲੜਕੇ ਜੈ ਸਿੰਘ ਨੇ ਬ੍ਰਾਹਮਣਾਵਾਦ ਦੇ ਇੰਤਜ਼ਾਰ ਵਿੱਚ ਸੈਨਿਕ ਇਕੱਠੇ ਕੀਤੇ ਅਤੇ ਦੁਸ਼ਮਣਾਂ ਦਾ ਡਟ ਕੇ ਮੁਕਾਬਲਾ ਕੀਤਾ। ਕੋਈ 8000 ਹਿੰਦੂ ਮਾਰੇ ਗਏ, ਪ੍ਰੰਤੂ ਘੱਟੋ-ਘੱਟ ਉੰਨੇ ਹੀ ਦੁਸ਼ਮਣ ਵੀ ਖਤਮ ਹੋ ਗਏ। ਜੈ ਸਿੰਘ ਕਿਸੇ ਤਰ੍ਹਾਂ ਬਚ ਕੇ ਨਿਕਲ ਗਿਆ। ਮੁਹੰਮਦ ਨੇ ਨਗਰ 'ਤੇ ਕਬਜ਼ਾ ਕਰ ਲਿਆ ਅਤੇ ਸਾਰੇ ਧਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ, ਇੱਥੇ ਹੀ ਬ੍ਰਾਹਮਣਾਵਾਦ ਵਿੱਚ ਹੀ ਦਾਹਿਰ ਦੀ ਇਕ ਹੋਰ ਵਿਧਵਾ ਰਵੀਲਾਂਦੀ ਅਤੇ ਉਸ ਦੀਆਂ ਦੋ ਸੁੰਦਰ ਲੜਕੀਆਂ ਸੂਰਜ ਦੇਵੀ ਅਤੇ ਪ੍ਰਮਲ ਦੇਵੀ ਦੁਸਮਣਾਂ ਦੇ ਹੱਥ ਲੱਗੀਆਂ।

**ਅਲੋਰ 'ਤੇ ਅਧਿਕਾਰ** : ਹੁਣ ਮੁਹੰਮਦ-ਬਿਨ-ਕਾਸਿਮ ਅਲੋਰ ਜਿਸ ਨੂੰ ਅਰੋੜ ਵੀ ਕਹਿੰਦੇ ਸਨ, ਵੱਲ ਵਧਿਆ, ਉਹ ਉਸ ਸਮੇਂ ਸਿੰਧ ਦੀ ਰਾਜਧਾਨੀ ਸੀ, ਜਿੱਥੇ ਦਾਹਿਰ ਦੇ ਇਕ ਹੋਰ ਲੜਕੇ ਫੂਜੀ ਨੇ ਦੁਸ਼ਮਣ ਦਾ ਸਾਹਮਣਾ ਕੀਤਾ, ਪ੍ਰੰਤੂ ਉਸ ਦੀ ਹਾਰ ਹੋਈ। ਅਲੋਰ ਦੀ ਜਿੱਤ ਨਾਲ ਸਾਰੇ ਸਿੰਧ ਦੀ ਜਿੱਤ ਮੁਕੰਮਲ ਹੋ ਗਈ।

**ਮੁਲਤਾਨ ਦੀ ਜਿੱਤ** : 713 ਈ. ਦੇ ਸ਼ੁਰੂ ਵਿੱਚ ਮੁਹੰਮਦ-ਬਿਨ-ਕਾਸਿਮ ਮੁਲਤਾਨ ਵੱਲ ਵਧਿਆ, ਰਸਤੇ ਵਿੱਚ ਜਿਸ ਕਿਸੇ ਨੇ ਉਸ ਦਾ ਵਿਰੋਧ ਕੀਤਾ, ਉਨ੍ਹਾਂ ਸਾਰਿਆਂ ਨੂੰ ਹਰਾਉਂਦੇ ਹੋਏ ਉਹ ਅਖੀਰ ਵਿੱਚ ਮੁਲਤਾਨ ਦੇ ਦੁਆਰ 'ਤੇ ਜਾ ਪਹੁੰਚਿਆ, ਕਹਿੰਦੇ ਹਨ ਕਿ ਦੇਬਲ ਦੀ ਤਰ੍ਹਾਂ ਇਸ ਮਹੱਤਵਪੂਰਨ ਨਗਰ ਦੀ ਵੀ ਹਾਰ ਇਸ ਕਾਰਣ ਹੋਈ ਕਿ ਇਕ ਗੱਦਾਰ ਨੇ ਧੋਖਾ ਦਿੱਤਾ ਅਤੇ ਦੁਸ਼ਮਣ ਨੂੰ ਉਹ ਨਦੀ ਦੱਸ ਦਿੱਤੀ, ਜਿੱਥੋਂ ਮੁਲਤਾਨ ਦੇ ਲੋਕ ਪਾਣੀ ਪੀਆ ਕਰਦੇ ਸਨ। ਮੁਹੰਮਦ ਨੇ ਬੜੀ ਚਲਾਕੀ ਨਾਲ ਪਾਣੀ ਦਾ ਉਹ ਸਰੋਤ ਕੱਟ ਦਿੱਤਾ ਅਤੇ ਲੋਕ ਪਿਆਸੇ ਮਰਨ ਲੱਗੇ। ਇਸ ਪ੍ਰਕਾਰ ਉਸ ਨੂੰ ਵੱਡੀ ਅਸਾਨੀ ਨਾਲ ਨਗਰ 'ਤੇ ਜਿੱਤ ਪ੍ਰਾਪਤ ਹੋ ਗਈ ਅਤੇ ਉਸ ਨੇ ਖੂਬ ਲੁੱਟ-ਖਸੁੱਟ ਮਚਾਈ, ਲੋਕਾਂ ਨੂੰ ਮਾਰਿਆ ਅਤੇ ਕਈਆਂ ਨੂੰ ਦਾਸ ਬਣਾ ਲਿਆ। ਅਰਬ ਲੋਕਾਂ ਨੂੰ ਇੱਥੋਂ ਇੰਨੀ ਜਾਇਦਾਦ ਮਿਲੀ ਕਿ ਉਹ ਮੁਲਤਾਨ ਨੂੰ ਸੋਨੇ ਦਾ ਨਗਰ ਸਮਝਣ ਲੱਗੇ।

ਮੁਲਤਾਨ ਦੀ ਜਿੱਤ ਤੋਂ ਬਾਅਦ ਮੁਹੰਮਦ-ਬਿਨ-ਕਾਸਿਮ ਨੇ ਕਨੌਜ ਨੂੰ ਜਿੱਤਣ ਦੀ ਤਿਆਰੀ ਸ਼ੁਰੂ ਕਰ ਦਿੱਤੀ, ਪ੍ਰੰਤੂ ਉਸ ਦੀ ਅਚਾਨਕ ਦੁੱਖਦਾਈ ਮੌਤ ਨੇ ਭਾਰਤ ਵਿੱਚ ਅਰਬਾਂ ਦੀ ਵਧੇਰੇ ਜਿੱਤ 'ਤੇ ਰੋਕ ਲਗਾ ਦਿੱਤੀ।

**ਮੁਹੰਮਦ ਦੀ ਮੌਤ** : ਮੁਹੰਮਦ ਬਿਨ ਕਾਸਿਮ ਦੀ ਮੌਤ ਦੀ ਕਹਾਣੀ ਕੁਝ ਇਸ ਪ੍ਰਕਾਰ ਹੈ-ਬ੍ਰਾਹਮਣਾਵਾਦ ਦੀ ਜਿੱਤ ਤੋਂ ਬਾਅਦ ਮੁਹੰਮਦ ਨੇ ਦਾਹਿਰ ਦੀਆਂ ਦੋਵੇਂ ਸੁੰਦਰ ਲੜਕੀਆਂ ਨੂੰ ਸੂਰਜ ਦੇਵੀ ਅਤੇ ਪ੍ਰਮਲ ਦੇਵੀ ਖਲੀਫ਼ਾ ਵਾਲਿਦ ਦੇ ਕੋਲ ਭੇਜ ਦਿੱਤਾ। ਲੜਕੀਆਂ ਨੇ ਖਲੀਫ਼ਾ ਨੂੰ ਦੱਸਿਆ ਕਿ ਸਾਨੂੰ ਤਾਂ ਕਾਸਿਮ ਨੇ ਪਹਿਲਾਂ ਹੀ ਅਪਮਾਨਿਤ, ਦੂਸ਼ਿਤ ਕਰ ਦਿੱਤਾ ਹੈ, ਇਸ ਪ੍ਰਕਾਰ ਖਲੀਫ਼ਾ ਗੁੱਸੇ ਨਾਲ ਭੜਕ ਉੱਠਿਆ ਅਤੇ ਉਸ ਨੇ ਆਗਿਆ ਦਿੱਤੀ ਕਿ ਮੁਹੰਮਦ-ਬਿਨ-ਕਾਸਿਮ ਨੂੰ ਇਕ ਬੈਲ ਦੀ ਕੱਚੀ ਖਲ੍ਹ ਵਿੱਚ ਜੜਵਾ ਕੇ ਮੇਰੇ ਕੋਲ ਭੇਜ ਦਿੱਤਾ ਜਾਵੇ, ਜਦ ਅਜਿਹਾ ਹੋ ਗਿਆ ਤਾਂ ਮੁਹੰਮਦ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ ਤਾਂ ਦੋਵੇਂ ਲੜਕੀਆਂ ਨੇ ਖਲੀਫ਼ਾ ਨੂੰ ਦੱਸ ਦਿੱਤਾ ਕਿ ਮੁਹੰਮਦ-ਬਿਨ-ਕਾਸਿਮ ਨਿਰਦੋਸ਼ ਸੀ ਅਤੇ ਅਸੀਂ ਇਹ ਕਹਾਣੀ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਣ ਲਈ ਘੜੀ ਸੀ। ਖਲੀਫ਼ਾ ਗੁੱਸੇ ਨਾਲ ਲਾਲ-ਪੀਲਾ ਹੋ ਗਿਆ ਸੀ ਅਤੇ ਉਸ ਨੇ ਆਗਿਆ ਦਿੱਤੀ ਕਿ ਦੋਵਾਂ ਰਾਜ ਕੁਮਾਰੀਆਂ ਨੂੰ ਇਕ-ਇਕ ਘੋੜੇ ਦੀ ਪੂੰਛ ਨਾਲ ਬੰਨ੍ਹ ਕੇ ਤਦ ਤੱਕ ਘਸੀਟਿਆ ਜਾਵੇ, ਜਦ ਤੱਕ ਉਹ ਮਰ ਨਹੀਂ ਜਾਂਦੀਆਂ।

ਪ੍ਰੰਤੂ ਹੁਣ ਕਾਸਿਮ ਦੀ ਮੌਤ ਦੀ ਇਹ ਕਹਾਣੀ ਝੂਠੀ ਮੰਨੀ ਜਾਂਦੀ ਹੈ, ਅਸਲੀ ਕਾਰਣ ਇਹ ਸੀ ਕਿ ਕਾਸਿਮ ਦਾ ਮਹਾਨ ਸੁਰੱਖਿਅਕ ਖਲੀਫ਼ਾ ਵਾਲਿਦ ਹਜਾਜ ਅਤੇ ਉਸ ਦਾ ਪਰਿਵਾਰ 715 ਈ. ਵਿੱਚ ਮਰ ਚੁੱਕੇ ਸਨ ਅਤੇ ਨਵਾਂ ਖਲੀਫ਼ਾ ਸੁਲੇਮਾਨ ਹਜਾਜ ਦਾ ਬੜਾ ਵਿਰੋਧ ਸੀ। ਮੁਹੰਮਦ ਜੋ ਹਜਾਜ ਦਾ ਚਚੇਰਾ ਭਰਾ ਅਤੇ ਦਾਮਾਦ ਸੀ, ਖਲੀਫ਼ਾ ਦੀ ਆਗਿਆ ਨਾਲ ਸਿੰਧ 'ਚੋਂ ਕੱਢ ਦਿੱਤਾ ਗਿਆ ਅਤੇ ਉਸ ਨੂੰ ਕੈਦੀ ਬਣਾ ਕੇ ਇਰਾਕ ਭੇਜ ਦਿੱਤਾ ਗਿਆ। ਜਿੱਥੇ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

*ਕੀ ਤੁਸੀਂ ਜਾਣਦੇ ਹੋ* ਅਲੋਰ ਨੂੰ ਅਰੋੜ ਵੀ ਕਹਿੰਦੇ ਹਨ।

### 1.4.3 ਸਿੰਧ ਦਾ ਖਾਤਮਾ ਅਤੇ ਰਾਜੇ ਦਾਹਿਰ ਦੀ ਅਸਫ਼ਲਤਾ ਦੇ ਕਾਰਣ (Causes of the Fall of Sindh or Failure of King Dahir)

ਸਿੰਧ ਦੀ ਆਪਣੀ ਚੜ੍ਹਾਈ ਵਿੱਚ ਅਰਬ ਲੋਕ ਜਿੱਤ ਕੇ ਨਿਕਲੇ, ਉਹ ਬਹੁਤ ਸਾਰੇ ਕਾਰਣ ਜਿਨ੍ਹਾਂ ਤੋਂ ਉਨ੍ਹਾਂ ਨੂੰ ਅੰਤ ਵਿੱਚ ਸਫ਼ਲਤਾ ਅਤੇ ਰਾਜੇ ਦਾਹਿਰ ਨੂੰ ਅਸਫ਼ਲਤਾ ਮਿਲੀ, ਹੇਠ ਲਿਖੀਆਂ ਹਨ:

1. **ਸਮਾਜਿਕ ਫੁੱਟ** : ਸਭ ਤੋਂ ਪਹਿਲਾਂ ਸਿੰਧ ਦੇ ਖਾਤਮੇ ਦਾ ਕਾਰਣ ਲੋਕਾਂ ਅੰਦਰ ਆਪਸੀ ਫੁੱਟ ਸੀ, ਜਿੱਥੇ ਕਈ ਪ੍ਰਕਾਰ ਦੇ ਨਿਰੰਤਰ ਵਿਰੋਧੀ ਤੱਤ ਸਨ-ਜਿਵੇਂ ਹਿੰਦੂ, ਬੋਧ ਅਤੇ ਜੈਨੀ-ਜਿਨ੍ਹਾਂ ਅੰਦਰ ਆਪਸੀ ਝਗੜੇ, ਦੁਸ਼ਮਣੀ ਅਤੇ ਨਫਰਤ ਮਚੀ ਹੋਈ ਸੀ, ਸਮਾਜ ਦੇ ਛੋਟੇ ਵਰਗਾਂ ਨੂੰ ਵਿਸ਼ੇਸ਼ ਨਫ਼ਰਤ ਨਾਲ ਦੇਖਿਆ ਜਾਂਦਾ ਸੀ ਅਤੇ ਸ਼ਾਸਨ ਵੱਲੋਂ ਉਨ੍ਹਾਂ 'ਤੇ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਜਾਂਦੀਆਂ। ਉਹ ਸਜੇ ਹੋਏ ਘੋੜੇ 'ਤੇ ਨਹੀਂ ਚੜ੍ਹ ਸਕਦੇ ਸਨ, ਨਾ ਹੀ ਹਥਿਆਰ ਚੁੱਕ ਸਕਦੇ ਅਤੇ ਨਾ ਹੀ ਵਧੀਆ ਕੱਪੜੇ ਪਹਿਨ

ਨੋਟ

ਸਕਦੇ ਸਨ, ਇਸੇ ਕਾਰਣ ਜਦ ਅਰਬਾਂ ਨੇ ਸਿੰਧ ਦੀ ਭੂਮੀ 'ਤੇ ਹਮਲਾ ਕੀਤਾ ਅਤੇ ਇਨ੍ਹਾਂ ਪਦਦਲਿਤ ਅਤੇ ਨਾਰਾਜ਼ ਲੋਕਾਂ ਨੇ ਵਿਦੇਸ਼ੀਆਂ ਦਾ ਸਵਾਗਤ ਕੀਤਾ ਅਤੇ ਆਪਣੇ ਰਾਜਾ ਵਿਰੁੱਧ ਦੁਸ਼ਮਣ ਨਾਲ ਜਾ ਮਿਲੇ।

2. **ਸ਼ਾਸਕਾਂ ਪ੍ਰਤੀ ਨਫ਼ਰਤ** : ਸਿੰਧ ਦੇ ਸ਼ਾਸਕ ਅਯੋਗ ਅਤੇ ਪਿਆਰੇ ਨਹੀਂ ਸਨ, ਜਿਸ ਨੇ ਸਿੰਧ 'ਤੇ ਸ਼ੂਦਰ ਰਾਜਿਆਂ ਕੋਲੋਂ ਰਾਜ ਗੱਦੀ ਖੋਹ ਲਈ ਸੀ, ਇਕ ਅਜਿਹਾ ਰਾਜਾ ਸੀ, ਜਿਸ ਕੋਲੋਂ ਲੋਕ ਬਹੁਤ ਨਫ਼ਰਤ ਕਰਦੇ ਸਨ, ਦਾਹਿਰ ਨੂੰ ਵੀ ਲੋਕਾਂ ਨੇ ਪਸੰਦ ਨਹੀਂ ਕੀਤਾ, ਇਹ ਰਾਜਾ ਨਾ ਹੀ ਬੜੇ ਯੋਧਾ ਸਨ ਅਤੇ ਨਾ ਹੀ ਚੰਗੇ ਹਿਤੈਸ਼ੀ ਸ਼ਾਸਕ। ਉਨ੍ਹਾਂ ਦੇ ਰਾਜਪਾਲ ਸੁਤੰਤਰ ਸਨ ਅਤੇ ਉਨ੍ਹਾਂ ਨਾਲ ਸਹਿਯੋਗ ਨਹੀਂ ਕਰਦੇ ਸਨ। ਲੋਕ ਆਪਣੇ ਸ਼ਾਸਕ ਪ੍ਰਤੀ ਕੋਈ ਦਇਆ ਭਾਵਨਾ ਨਹੀਂ ਰੱਖਦੇ ਸਨ। ਅਜਿਹੀ ਹਾਲਤ ਵਿੱਚ ਸਿੰਧ ਦਾ ਖਾਤਮਾ ਸੁਭਾਵਿਕ ਨਹੀਂ ਸੀ।

3 **ਸਿੰਧ ਦੀ ਆਰਥਿਕ ਗਰੀਬੀ** : ਸਿੰਧ ਕਦੇ ਵੀ ਬਹੁਤ ਅਮੀਰ ਪ੍ਰਦੇਸ਼ ਨਹੀਂ ਰਹੇ, ਇਸ ਦੇ ਸਾਧਨ ਬਹੁਤ ਸੀਮਿਤ ਸਨ ਜੋ ਇਕ ਬਹੁਤ ਵੱਡੀ ਸੈਨਾ ਦਾ ਖਰਚ ਪੂਰਾ ਨਹੀਂ ਕਰ ਸਕਦੇ ਸਨ। ਸਿੰਧ ਇਕ ਸ਼ਕਤੀਸ਼ਾਲੀ ਦੇਸ਼ ਨਾ ਬਣ ਸਕਿਆ ਅਤੇ ਅਰਬਾਂ ਦੀ ਸ਼ਕਤੀ ਅੱਗੇ ਹਾਰ ਗਿਆ।

4. **ਸਿੰਧ ਦੀ ਪਹਿਲਕਦਮੀ** : ਇਕ ਹੋਰ ਗੱਲ ਜਿਸ ਕਾਰਣ ਸਿੰਧ ਕਮਜ਼ੋਰ ਹੋਇਆ ਅਤੇ ਅੰਤ ਵਿੱਚ ਹਾਰਿਆ, ਉਹ ਇਹ ਸੀ ਕਿ ਸਿੰਧ ਵਪਾਰਕ ਰੂਪ ਨਾਲ ਬਾਕੀ ਦੇਸ਼ਾਂ ਤੋਂ ਅਲੱਗ ਰਿਹਾ ਅਤੇ ਇਕ ਦਸ਼ਾ ਵਿੱਚ ਉਸ ਨੂੰ ਦੂਸਰੇ ਰਾਜਾਂ ਤੋਂ ਸਮੇਂ 'ਤੇ ਕੋਈ ਸਹਾਇਤਾ ਨਹੀਂ ਮਿਲ ਸਕੀ।

5. **ਜਨਤਾ ਦਾ ਅੰਧ-ਵਿਸ਼ਵਾਸੀ ਸੁਭਾਅ** : ਭਾਰਤ ਦੇ ਦੂਸਰੇ ਭਾਗਾਂ ਦੀ ਤਰ੍ਹਾਂ ਸਿੰਧ ਦੇ ਲੋਕ ਵੀ ਬਹੁਤ ਅੰਧ-ਵਿਸ਼ਵਾਸੀ ਸਨ, ਜਦ ਅਰਬਾਂ ਨੇ ਲਾਲ ਝੰਡੇ ਨਾਲ ਬੰਨ੍ਹੇ ਤਬੀਤ ਨੂੰ ਖਤਮ ਕਰ ਦਿੱਤਾ ਤਾਂ ਉਨ੍ਹਾਂ ਨੂੰ ਅਜਿਹਾ ਲੱਗਾ ਕਿ ਹੁਣ ਸਾਡੀ ਹਾਰ ਹੋ ਕੇ ਰਹੇਗੀ, ਇਸ ਲਈ ਉਨ੍ਹਾਂ ਨੇ ਹੌਂਸਲੇ ਅਤੇ ਵਿਸ਼ਵਾਸ ਨਾਲ ਦੁਸ਼ਮਣ ਦਾ ਸਾਹਮਣਾ ਨਹੀਂ ਕੀਤਾ, ਇਹ ਉਨ੍ਹਾਂ ਦਾ ਅੰਧ-ਵਿਸ਼ਵਾਸੀ ਸੁਭਾਅ ਸੀ, ਜਿਸ ਨੇ ਉਨ੍ਹਾਂ ਨੂੰ ਮੰਦਭਾਗਾ ਅਤੇ ਦੁਰਲੱਬ ਬਣਾ ਦਿੱਤਾ। ਅੰਤ ਵਿੱਚ ਸਿੰਧੀਆਂ ਦੇ ਅੰਧ-ਵਿਸ਼ਵਾਸ ਨੇ ਉਨ੍ਹਾਂ ਦੀ ਆਖਰੀ ਹਾਰ ਵਿੱਚ ਕੋਈ ਕਸਰ ਨਹੀਂ ਛੱਡੀ।

6. **ਰਾਜਾ ਦਾਹਿਰ ਦੀ ਅਦ੍ਰਿੜ ਅਤੇ ਅਯੋਗ ਅਗਵਾਈ** : ਸਿੰਧ ਦਾ ਰਾਜਾ ਦਾਹਿਰ ਇਕ ਮਾੜਾ ਨੇਤਾ ਸੀ, ਆਪਣੀ ਅਸਫ਼ਲਤਾ ਅਤੇ ਸਿੰਧ ਦੇ ਖਾਤਮੇ ਲਈ ਜ਼ਿਆਦਾ ਖੁਦ ਜ਼ਿੰਮੇਵਾਰ ਸੀ। ਮੈਕਰਾਨ ਦੀ ਅਰਬ ਜਿੱਤ ਤੋਂ ਬਾਅਦ ਵੀ ਉਸ ਨੇ ਆਪਣੇ ਪ੍ਰਦੇਸ਼ ਦੀ ਇੰਤਜ਼ਾਰ ਵੱਲ ਕੋਈ ਧਿਆਨ ਨਹੀਂ ਦਿੱਤਾ, ਫਿਰ ਜਦ ਅਰਬ ਲੋਕ ਦੇਬਲ, ਨਿਰੂਨ, ਸਹਿਵਾਨ ਅਤੇ ਸੀਸਮ ਆਦਿ ਨਗਰਾਂ 'ਤੇ ਚੜ੍ਹਾਈ ਕਰਕੇ ਉੱਥੇ ਲੁੱਟ-ਖਸੁੱਟ ਮਚਾ ਰਹੇ ਸਨ, ਉਹ ਮੂਰਖਤਾਪੂਰਨ ਢੰਗ ਨਾਲ ਨਾਕਾਮ ਅਤੇ ਹੱਥ 'ਤੇ ਹੱਥ ਰੱਖ ਕੇ ਬੈਠਿਆ ਰਿਹਾ, ਉਸ ਨੇ ਇਨ੍ਹਾਂ ਨਗਰਾਂ ਵਿੱਚ ਨਾ ਹੀ ਕੋਈ ਸੈਨਾ ਭੇਜੀ ਅਤੇ ਨਾ ਹੀ ਦੁਸ਼ਮਣਾਂ ਦੇ ਵਾਧੇ ਨੂੰ ਰੋਕਣ ਲਈ ਕੋਈ ਕਦਮ ਚੁੱਕਿਆ। ਉਸ ਨੇ ਹਮਲਾਵਰਾਂ ਨੂੰ ਨਦੀ ਪਾਰ ਕਰਨ ਦੀ ਆਗਿਆ ਦੇ ਦਿੱਤੀ ਅਤੇ ਉਸ ਨੇ ਮਾਰਗ ਵਿੱਚ ਕੋਈ ਰੁਕਾਵਟ ਨਹੀਂ ਪਾਈ ਅਤੇ ਉਸ ਤੋਂ ਬਾਅਦ ਜਦ ਲੜਨ ਲੱਗਾ ਤਾਂ ਸਭ ਕੁਝ ਇਕ ਹੀ ਲੜਾਈ ਵਿੱਚ ਲਗਾ ਦਿੱਤਾ। ਲੜਾਈ ਵਿੱਚ ਉਹ ਆਪਣੇ ਸੈਨਿਕਾਂ ਨੂੰ ਠੀਕ ਅਗਵਾਈ ਨਹੀਂ ਦੇ ਸਕਿਆ, ਇਸ ਲਈ ਉਸ ਦਾ ਅਤੇ ਉਸ ਦੇ ਰਾਜ ਦਾ ਖਾਤਮਾ ਹੋਇਆ।

7. **ਮੁਸਲਮਾਨਾਂ ਦਾ ਧਾਰਮਿਕ ਜੋਸ਼** : ਅਰਬ ਲੋਕ ਧਾਰਮਿਕ, ਉਤਸ਼ਾਹ ਅਤੇ ਜੋਸ਼ ਨਾਲ ਲੜੇ। ਰਾਜਨੀਤੀ ਦੇ ਕੋਟਲਯ ਵਰਗੇ ਮਹਾਨ ਲੇਖਕਾਂ ਦਾ ਕਹਿਣਾ ਹੈ ਕਿ ਧਾਰਮਿਕ ਜਨੂੰਨੀ ਸਭ ਤੋਂ ਵਧੀਆ ਲੜਾਈ ਲੜਿਆ ਕਰਦੇ ਹਨ, ਉਨ੍ਹਾਂ ਨੂੰ ਅਜਿਹਾ ਲੱਗਦਾ ਸੀ ਕਿ ਮੰਨ ਲਓ ਈਸ਼ਵਰ ਅਤੇ ਮੁਹੰਮਦ ਸਾਹਿਬ ਨੇ ਖੁਦ ਉਨ੍ਹਾਂ ਨੂੰ ਕਾਫਰਾਂ ਦੇ ਵਿਰੁੱਧ ਲੜਨ ਲਈ ਭੇਜਿਆ ਹੈ, ਉਹ ਬਹੁਤ ਜੋਸ਼, ਬੜੇ ਗੁੱਸੇ ਅਤੇ ਬੜੀ ਬਹਾਦਰੀ ਨਾਲ ਲੜਦੇ ਸਨ। ਇਸ ਗੱਲ ਨੇ ਉਨ੍ਹਾਂ ਨੂੰ ਇਕ ਅਜਿਹੀ ਜਾਤੀ ਵਿਰੁੱਧ ਨਿਸ਼ਚਿਤ ਸਫ਼ਲਤਾ ਦਿਵਾਉਣ ਦਾ ਕੰਮ ਕੀਤਾ, ਜਿਸ ਕੋਲ ਅਜਿਹੀ ਪ੍ਰੇਰਣਾਦਾਇਕ ਵਿਚਾਰਧਾਰਾ ਨਹੀਂ ਸੀ ਜੋ ਉਨ੍ਹਾਂ ਦੀ ਹਿੰਮਤ ਨੂੰ ਬਣਾਈ ਰੱਖਦੀ।

8. **ਮੁਹੰਮਦ-ਬਿਨ-ਕਾਸਿਮ ਦੀ ਵਧੀਆ ਸੈਨਾ ਅਤੇ ਉਸ ਦਾ ਉੱਤਮ ਸੈਨਾਪਤੀ** : ਆਖਿਰ ਵਿੱਚ ਕਹਿਣਾ ਪਵੇਗਾ ਕਿ ਅਰਬ ਸੈਨਾ ਦਾਹਿਰ ਦੀ ਸੈਨਾ ਤੋਂ ਸੰਖਿਆ, ਸਮਾਨ ਅਤੇ ਤਿਆਰੀ ਵਿੱਚ ਕਿਤੇ ਵਧੀਆ ਸੀ। ਦੇਬਲ, ਨਿਰੂਨ ਅਤੇ ਸਹਿਵਾਨ ਵਿੱਚ ਦੁਸ਼ਮਣਾਂ ਦੀ ਸੰਖਿਆ, ਇੱਥੋਂ ਦੀ ਸੈਨਾ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਵਧੇਰੇ ਸੀ। ਇਸ ਤੋਂ ਇਲਾਵਾ ਮੁਹੰਮਦ-ਬਿਨ-ਕਾਸਿਮ ਜੋ ਕਿ ਸਿਰਫ਼ 17 ਸਾਲ ਦਾ ਨੌਜਵਾਨ ਸੀ, ਬਹੁਤ ਚੁਸਤ, ਜੋਸ਼ੀਲਾ ਅਤੇ ਸਮਝਦਾਰ ਮੁਸਲਮਾਨ ਨੇਤਾ ਸੀ। ਇਸ ਲਈ ਰਾਜਾ ਦਾਹਿਰ ਅਤੇ ਸਿੰਧ ਨੂੰ ਉਖਾੜ ਸੁੱਟਣ ਵਿੱਚ ਅਰਬਾਂ ਦੀ ਸਫ਼ਲਤਾ ਦਾ ਸਿਹਰਾ ਮੁਹੰਮਦ ਦੀ ਯੋਗ ਅਗਵਾਈ ਨੂੰ ਵੀ ਉੰਨਾ ਹੀ ਮਿਲਣਾ ਚਾਹੀਦਾ ਹੈ, ਜਿੰਨਾ ਹੋਰਾਂ ਨੂੰ।

**ਸਵ-ਮੁਲਾਂਕਣ (Self Assessment)**

4. ਹੇਠ ਲਿਖਿਆਂ ਕਥਨਾਂ ਵਿੱਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State Whether the Following Statements are True or False):

   (i) 8ਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਮੁਹੰਮਦ-ਬਿਨ-ਕਾਸਿਮ ਦੀ ਅਗਵਾਈ ਵਿੱਚ ਅਰਬਾਂ ਨੇ ਸਿੰਧ ਅਤੇ ਮੁਲਤਾਨ ਨੂੰ ਜਿੱਤ ਲਿਆ।

(ii) ਆਦੁਲ-ਬਿਨ-ਅਮਰ ਦੀ ਅਗਵਾਈ ਵਿੱਚ ਭੇਜੀ ਗਈ ਸੈਨਾ ਸਿਸਤਾਨ 'ਤੇ ਕਬਜ਼ਾ ਨਹੀਂ ਕਰ ਸਕੀ। **ਨੋਟ**

(iii) ਰਾਵੜ ਦੀ ਲੜਾਈ 20 ਜੂਨ 712 ਨੂੰ ਹੋਈ।

(iv) ਸਿੰਧ ਦੇ ਸ਼ਾਸਕ ਯੋਗ ਅਤੇ ਪਿਆਰੇ ਸਨ।

(v) ਧਾਰਮਿਕ ਜਨੂੰਨੀ ਸਭ ਤੋਂ ਵਧੀਆ ਲੜਾਈ ਲੜਿਆ ਕਰਦੇ ਹਨ।

## 1.5 ਸਿੰਧ 'ਤੇ ਅਰਬਾਂ ਦਾ ਸ਼ਾਸਨ ਪ੍ਰਬੰਧ (Arab Administration on Sindh)

ਅਰਬਾਂ ਨੇ ਸਿੰਧ ਵਿੱਚ ਕੋਈ ਚੰਗੇ ਸ਼ਾਸਨ ਪ੍ਰਬੰਧ ਦੀ ਸਥਾਪਨਾ ਨਹੀਂ ਕੀਤੀ। ਬਹੁਤ ਸਾਰੀਆਂ ਪੁਰਾਣੀਆਂ ਸੰਸਥਾਵਾਂ ਅਤੇ ਰਿਵਾਜ਼ਾਂ ਨੂੰ ਬਣਾਈ ਰੱਖਿਆ ਗਿਆ ਅਤੇ ਕਈ ਕੁਝ-ਕੁਝ ਪਰਿਵਰਤਨ ਵੀ ਕੀਤੇ ਗਏ। ਉਨ੍ਹਾਂ ਦੇ ਸ਼ਾਸਨ ਪ੍ਰਬੰਧ ਅਤੇ ਰਾਜ-ਕਾਜ ਦੀਆਂ ਮੁੱਖ ਗੱਲਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ—

1. **ਰਾਜ ਵਿਭਾਗ ਅਤੇ ਉੱਪ ਵਿਭਾਗ** : ਮੁਹੰਮਦ-ਬਿਨ-ਕਾਸਿਮ ਨੇ ਜਿੱਤੇ ਹੋਏ ਪ੍ਰਦੇਸ਼ ਨੂੰ ਕਈ ਜ਼ਿਲ੍ਹਿਆਂ ਵਿੱਚ ਵੰਡ ਦਿੱਤਾ ਅਤੇ ਹਰੇਕ ਜ਼ਿਲ੍ਹੇ ਵਿੱਚ ਇਕ ਅਰਬ ਅਧਿਕਾਰੀ ਨੂੰ ਨਿਯੁਕਤ ਕਰ ਦਿੱਤਾ, ਇਨ੍ਹਾਂ ਅਧਿਕਾਰੀਆਂ ਦਾ ਕੰਮ ਸੀ ਸੈਨਿਕ ਇਕੱਠੇ ਕਰਨਾ ਅਤੇ ਰਾਜਪਾਲ ਨੂੰ ਸੈਨਿਕ ਸੇਵਾ ਸੌਂਪਣਾ। ਉੱਪ ਵਿਭਾਗ ਅਸਲ ਵਿੱਚ ਆਪਣੇ ਸਥਾਈ ਹਿੰਦੂ ਅਧਿਕਾਰੀਆਂ ਦੇ ਥੱਲੇ ਹੀ ਰਹਿਣ ਦਿੱਤੇ ਗਏ। ਸੰਤਾਂ ਅਤੇ ਸੈਨਿਕਾਂ ਨੂੰ ਸਰਬ ਸੰਮਤੀ ਦਿੱਤੀ ਗਈ।

2. **ਰਾਜ ਨਾਲ ਸਬੰਧਿਤ ਨੀਤੀ** : ਹਿੰਦੂਆਂ ਦੀ ਬਹੁਤ ਸਾਰੀ ਬਹੁ-ਸੰਮਤੀ ਖੋਹ ਲਈ ਗਈ ਜੋ ਮੁਸਲਮਾਨ ਸੰਤਾਂ, ਨਵਾਬਾਂ ਅਤੇ ਸੈਨਿਕਾਂ ਨੂੰ ਦਿੱਤੀ ਗਈ। ਇਹ ਲੋਕ ਖੁਦ ਖੇਤੀਬਾੜੀ ਨਹੀਂ ਕਰਦੇ ਹਨ, ਜ਼ਿਆਦਾਤਰ ਹਿੰਦੂਆਂ ਨੂੰ ਵੀ ਕਿਸਾਨ ਅਤੇ ਗੁਲਾਮ ਬਣਾ ਦਿੱਤਾ ਗਿਆ।

ਭੂਮੀ ਲਗਾਨ ਵੱਖ-ਵੱਖ ਸਥਾਨਾਂ 'ਤੇ ਵੱਖ-ਵੱਖ ਸੀ। ਕਿਤੇ ਤਾਂ ਉਪਜ ਦਾ ਇਕ ਚੌਥਾਈ ਅਤੇ ਕਈ ਦੋ ਪੰਜਵਾਂ ਭਾਗ ਅਰਬ ਲੋਕਾਂ ਨੇ ਲਗਾਨ ਵਿਵਸਥਾ ਨੂੰ ਸੁਧਾਰਣ ਲਈ ਕੁਝ ਵੀ ਨਹੀਂ ਕੀਤਾ। ਲਗਾਨ ਦਾ ਅੰਦਾਜ਼ਾ ਲਗਾਉਣ ਅਤੇ ਪਹਿਲਾਂ ਵਾਲੇ ਪੁਰਾਣੇ ਨਿਯਮ ਹੀ ਬਣੇ ਰਹੇ।

ਅਰਬਾਂ ਨੇ ਹਿੰਦੂਆਂ 'ਤੇ ਜਜੀਆ ਨਾਮਕ ਇਕ ਨਵਾਂ ਕਰ ਵੀ ਲਗਾ ਦਿੱਤਾ ਜੋ ਬੜੀ ਸਖਤੀ ਨਾਲ ਨਿਸ਼ਚਿਤ ਸਮੇਂ 'ਤੇ ਅਤੇ ਫਿਰ ਵਾਰ-ਵਾਰ ਅਪਮਾਨ ਕਰਕੇ ਇਕੱਠਾ ਕੀਤਾ ਜਾਂਦਾ। ਲਗਾਨ ਅਤੇ ਜਜੀਆ ਤੋਂ ਇਲਾਵਾ ਹੋਰ ਵੀ ਕਈ ਕਰ ਲਗਾਏ ਗਏ। ਇਨ੍ਹਾਂ ਕਰਾਂ ਨੂੰ ਵਸੂਲ ਕਰਨ ਦਾ ਅਧਿਕਾਰ ਉਸ ਨੂੰ ਦਿੱਤਾ ਜਾਂਦਾ ਸੀ ਜੋ ਸਭ ਤੋਂ ਜ਼ਿਆਦਾ ਧਨ ਚੜ੍ਹਾਉਣ ਨੂੰ ਤਿਆਰ ਹੁੰਦਾ।

3. **ਨਿਆ ਵਿਵਸਥਾ** : ਅਰਬਾਂ ਦੀ ਨਿਆ ਵਿਵਸਥਾ ਵੀ ਅਸੰਤੋਸ਼ਜਨਕ ਸੀ, ਉੱਥੇ ਉੱਪਰ ਤੋਂ ਹੇਠਾਂ ਤੱਕ ਅਦਾਲਤਾਂ ਦਾ ਨਾ ਕੋਈ ਗਿਣਤੀ ਸੀ ਨਾ ਕੋਈ ਬਰਾਬਰ ਕਾਨੂੰਨ ਸਨ ਅਤੇ ਨਾ ਹੀ ਫੈਸਲੇ ਵਿੱਚ ਨਿਰਪੱਖਤਾ। ਅਰਬ ਨਵਾਬ ਆਪਣੇ ਰਾਜਾਂ ਵਿੱਚ ਆਪਣੀਆਂ ਗਲਤੀਆਂ ਦੇ ਮੁਕੱਦਮੇ ਵੰਡ ਲੈਂਦੇ। ਨਗਰਾਂ ਵਿੱਚ ਨਿਆ ਕਰਨ ਲਈ ਕਾਜ਼ੀ ਹੋਣ, ਪਿੰਡਾਂ ਵਿੱਚ ਵਿਆਹ, ਸੰਪਤੀ ਅਧਿਕਾਰ, ਸਮਾਜਿਕ ਅਤੇ ਨੈਤਿਕ ਮਾਮਲਿਆਂ ਨਾਲ ਸਬੰਧਿਤ ਝਗੜਿਆਂ ਦਾ ਫੈਸਲਾ ਪੰਚਾਇਤ ਕਰਦੀ।

ਕਾਜ਼ੀ ਲੋਕ ਝਗੜਿਆਂ ਦਾ ਨਿਪਟਾਰਾ ਇਸਲਾਮੀ ਵਿਧੀ ਅਨੁਸਾਰ ਕਰਦੇ ਨਾ ਕਿ ਹਿੰਦੂਆਂ ਦੇ ਪ੍ਰਚੱਲਿਤ ਕਾਨੂੰਨ ਦੇ ਅਨੁਸਾਰ, ਚਾਹੇ ਝਗੜੇ ਵਾਲੇ ਹਿੰਦੂ ਹੀ ਕਿਉਂ ਨਾ ਹੋਣ, ਅਗਰ ਕਿਸੇ ਮੁਸਲਮਾਨ ਅਤੇ ਹਿੰਦੂ ਵਿੱਚ ਝਗੜਾ ਹੋ ਜਾਂਦਾ ਤਾਂ ਮੁਸਲਮਾਨ ਨਾਲ ਪੱਖਪਾਤ ਕੀਤਾ ਜਾਂਦਾ। ਮੁਸਲਮਾਨਾਂ ਨੂੰ ਬਹੁਤੀ ਸਖ਼ਤ ਸਜ਼ਾ ਨਹੀਂ ਦਿੰਦੀ ਜਾਂਦੀ ਸੀ, ਪ੍ਰੰਤੂ ਹਿੰਦੂਆਂ ਨੂੰ ਛੋਟੇ-ਛੋਟੇ ਜ਼ੁਲਮਾਂ ਲਈ ਵੀ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਉਦਾਹਰਣ ਦੇ ਤੌਰ 'ਤੇ ਅਗਰ ਕੋਈ ਹਿੰਦੂ ਚੋਰੀ ਕਰਦਾ ਤਾਂ ਉਸ ਨੂੰ ਉਸ ਦੇ ਪਰਿਵਾਰ ਸਮੇਤ ਜਿਉਂਦਾ ਸਾੜ ਦਿੱਤਾ ਜਾਂਦਾ।

4. **ਹੇਠਲੇ ਵਰਗ ਦੀ ਦੁਰਦਸ਼ਾ** : ਅਰਬਾਂ ਨੇ ਜਾਟੋਂ ਅਤੇ ਮੈਟੋ ਵਰਗੀਆਂ ਹੇਠਲੀਆਂ ਜਾਤੀਆਂ ਨਾਲ ਉਸੇ ਤਰ੍ਹਾਂ ਹੀ ਨਫਰਤ ਦਾ ਵਿਵਹਾਰ ਕੀਤਾ, ਜਿਵੇਂ ਕਿ ਰਾਜਾ ਦਾਹਿਰ ਕਰਿਆ ਕਰਦੇ ਸਨ, ਉਨ੍ਹਾਂ 'ਤੇ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਜਾਂਦੀਆਂ ਸਨ, ਉਨ੍ਹਾਂ ਨੂੰ ਨੰਗੇ ਸਿਰ ਅਤੇ ਨੰਗੇ ਪੈਰ ਰਹਿਣਾ ਪੈਂਦਾ, ਉਹ ਚੰਗੇ ਕੱਪੜੇ ਨਹੀਂ ਪਹਿਨ ਸਕਦੇ ਸਨ ਅਤੇ ਨਾ ਹੀ ਸਜੇ ਹੋਏ ਘੋੜੇ 'ਤੇ ਚੜ੍ਹ ਸਕਦੇ ਸਨ, ਜਦ ਉਹ ਰਾਜਪਾਲ ਨੂੰ ਮਿਲਣ ਆਉਂਦੇ ਤਾਂ ਉਨ੍ਹਾਂ ਨੂੰ ਨਾਲ ਇਕ ਕੁੱਤਾ ਲਿਆਉਣਾ ਪੈਂਦਾ।

5. **ਅਰਬਾਂ ਦੀ ਧਾਰਮਿਕ ਨੀਤੀ** : ਸ਼ੁਰੂ ਵਿੱਚ ਅਰਬਾਂ ਨੇ ਹਿੰਦੂਆਂ 'ਤੇ ਵੱਡੇ-ਵੱਡੇ ਜ਼ੁਲਮ ਢਾਹੇ। ਉਦਾਹਰਣ ਦੇ ਤੌਰ 'ਤੇ ਦੇਬਲ 'ਤੇ ਕਬਜ਼ਾ ਕਰ ਲੈਣ ਤੋਂ ਬਾਅਦ ਹਿੰਦੂਆਂ ਦੀ ਖੂਬ ਮਾਰਕੁੱਟ ਹੋਈ। ਉਨ੍ਹਾਂ ਨੂੰ ਕਿਹਾ ਗਿਆ ਕਿ ਮੌਤ ਅਤੇ ਇਸਲਾਮ ਵਿੱਚੋਂ ਕੋਈ ਇਕ ਮਾਰਗ ਚੁਣ ਲਓ, ਜਦ ਉਨ੍ਹਾਂ ਨੇ ਇਸਲਾਮ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਹਜ਼ਾਰਾਂ ਲੋਕ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤੇ ਗਏ। ਉਨ੍ਹਾਂ ਦੀਆਂ ਇਸਤਰੀਆਂ ਅਤੇ ਬੱਚੇ ਗੁਲਾਮ ਬਣਾ ਲਏ ਗਏ। ਉਨ੍ਹਾਂ ਦੇ ਮੰਦਿਰ ਨਸ਼ਟ ਕਰ ਦਿੱਤੇ ਗਏ, ਉਨ੍ਹਾਂ ਦੀਆਂ ਮੂਰਤੀਆਂ ਦਾ ਅਪਮਾਨ ਕਰ ਦਿੱਤਾ ਅਤੇ ਉਨ੍ਹਾਂ ਨੂੰ ਤੋੜ ਦਿੱਤਾ ਗਿਆ।

*ਨੋਟ*

ਪ੍ਰੰਤੂ ਜਦ ਅਰਬ ਲੋਕ ਸਾਰੇ ਪ੍ਰਦੇਸ਼ ਦੇ ਸਵਾਮੀ ਬਣ ਗਏ ਤਾਂ ਹਿੰਦੂਆਂ ਪ੍ਰਤੀ ਉਨ੍ਹਾਂ ਦੇ ਵਿਵਹਾਰ ਵਿੱਚ ਬੜਾ ਭਾਰੀ ਪਰਿਵਰਤਨ ਆ ਗਿਆ। ਘੋਰ ਅਤੇ ਨਿਰਦਈਪੂਰਣ ਜ਼ੁਲਮ ਦੀ ਨੀਤੀ ਤਿਆਗ ਦਿੱਤੀ ਗਈ ਅਤੇ ਉੱਥੋ ਦੇ ਲੋਕਾਂ ਨਾਲ ਕਾਫ਼ੀ ਸਹਿਣਸ਼ੀਲਤਾ ਦਾ ਵਿਵਹਾਰ ਕੀਤਾ ਗਿਆ।

ਜਿੱਥੇ ਕਿ ਉਨ੍ਹਾਂ ਨੂੰ ਜਜੀਆ ਨਾਮਕ ਇਕ ਵਿਸ਼ੇਸ਼ ਧਾਰਮਿਕ ਕਰ ਚੁਕਾਉਣਾ ਪਿਆ, ਉੱਥੇ ਉਨ੍ਹਾਂ ਨੂੰ ਆਪਣੇ ਦੇਵਤਿਆਂ ਦੀ ਆਪਣੇ ਢੰਗ ਨਾਲ ਪੂਜਾ ਕਰਨ ਦੀ ਖੁੱਲ੍ਹ ਦਿੱਤੀ ਗਈ। ਅਸਲ ਵਿੱਚ ਮੁਹੰਮਦ-ਬਿਨ-ਕਾਸਿਮ ਨੇ ਰਾਜਨੀਤਿਕ ਬੁੱਧੀਮਤਾ 'ਤੇ ਚੱਲ ਕੇ ਮੁਸਲਿਮ ਕਾਨੂੰਨ ਦਾ ਸਹਾਰਾ ਛੱਡ ਦਿੱਤਾ ਅਤੇ ਹਿੰਦੂ ਕਾਫਰਾਂ ਦੀ ਸਹਿਣਸ਼ੀਲਤਾ ਦੀ ਨੀਤੀ ਦਾ ਪਾਠ ਪੜ੍ਹਿਆ। ਇਸਲਾਮੀ ਕਾਨੂੰਨ ਦੇ ਅਨੁਸਾਰ ਗੈਰ-ਮੁਸਲਮਾਨਾਂ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ ਗਿਆ, ਇਸਾਈ ਅਤੇ ਯਹੂਦੀ, ਪਹਿਲੇ ਵਰਗ ਵਿੱਚ ਰੱਖੇ ਗਏ ਅਤੇ ਉਨ੍ਹਾਂ ਨੂੰ ਇਸਲਾਮ ਧਰਮ ਅਪਣਾਉਣ ਲਈ ਤੰਗ ਜਾਂ ਮਜਬੂਰ ਨਹੀਂ ਕੀਤਾ ਗਿਆ। ਉਨ੍ਹਾਂ ਕੋਲੋਂ ਇਕ ਹੀ ਇੱਛਾ ਰੱਖੀ ਗਈ ਕਿ ਉਹ ਜਜੀਆ ਚੁਕਾਉਣ। ਹਿੰਦੂ ਅਤੇ ਹੋਰ ਗੈਰ-ਮੁਸਲਮਾਨ ਦੂਸਰੇ ਵਰਗਾਂ ਵਿੱਚ ਪਾਏ ਗਏ, ਜਿਨ੍ਹਾਂ ਨੂੰ ਇਸਲਾਮ ਅਤੇ ਮੌਤ ਵਿੱਚੋਂ ਕਿਸੇ ਇਕ ਦੀ ਚੋਣ ਕਰਨੀ ਹੁੰਦੀ ਸੀ, ਪ੍ਰੰਤੂ ਮੁਹੰਮਦ-ਬਿਨ-ਕਾਸਿਮ ਨੇ ਹਿੰਦੂਆਂ ਨਾਲ ਸਹਿਣਸ਼ੀਲਤਾ ਦਾ ਵਿਵਹਾਰ ਕੀਤਾ। ਉਨ੍ਹਾਂ ਨੂੰ ਅਗਰ ਮੁਸਲਮਾਨਾਂ ਵਾਲੇ ਅਧਿਕਾਰ ਨਾ ਦਿੱਤੇ ਤਾਂ ਘੱਟੋ-ਘੱਟ ਯਹੂਦੀਆਂ ਅਤੇ ਇਸਾਈਆਂ ਵਾਲੇ ਅਧਿਕਾਰ ਜ਼ਰੂਰ ਦਿੱਤੇ।

ਇਹ ਸਮਝ ਲਿਆ ਜਾਵੇ ਕਿ ਅਜਿਹੀ ਇਕ ਅੰਸ਼ਿਕ ਸਹਿਣਸ਼ੀਲਤਾ ਅਰਬ ਲੋਕਾਂ ਨੇ ਕਿਸੇ ਉਦਾਰਤਾ ਕਾਰਣ ਨਹੀਂ ਅਪਣਾਈ, ਬਲਕਿ ਹਾਲਾਤ ਦੇ ਦਬਾਅ ਹੇਠ ਆ ਕੇ ਅਜਿਹਾ ਕੀਤਾ। ਅਰਬ ਲੋਕ ਸੰਖਿਆ ਵਿੱਚ ਥੋੜ੍ਹੇ ਜਿਹੇ ਅਤੇ ਭਾਰਤੀ ਪ੍ਰਸ਼ਾਸਨ, ਲਗਾਨ ਆਦਿ ਨਿਯਮਾਂ ਸਬੰਧੀ ਕੁਝ ਨਹੀਂ ਜਾਣਦੇ ਸਨ। ਇਸ ਤੋਂ ਇਲਾਵਾ ਉਹ ਇਹ ਜਾਣਦੇ ਸਨ ਕਿ ਹਿੰਦੂ ਲੋਕਾਂ ਨੂੰ ਆਪਣੇ ਧਰਮ ਅਤੇ ਸੰਸਕ੍ਰਿਤੀ ਦੇ ਵਡਿਆਈ 'ਤੇ ਇੰਨਾ ਵਿਸ਼ਵਾਸ ਹੈ ਕਿ ਉਹ ਮੌਤ ਤਾਂ ਸਵੀਕਾਰ ਕਰ ਲੈਣਗੇ, ਪ੍ਰੰਤੂ ਆਪਣੇ ਧਰਮ ਨੂੰ ਨਹੀਂ ਛੱਡਣਗੇ। ਇਹ ਰਾਜਨੀਤਿਕ ਮਜਬੂਰੀਆਂ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਭਾਰਤੀ ਲੋਕਾਂ ਪ੍ਰਤੀ ਥੋੜ੍ਹੀ ਜਿਹੀ ਸਹਿਣਸ਼ੀਲਤਾ ਦਾ ਵਿਵਹਾਰ ਅਪਣਾਉਣ ਲਈ ਮਜਬੂਰ ਕੀਤਾ।

*ਟਾਸਕ* ਅਰਬਾਂ ਦੀ ਧਾਰਮਿਕ ਨੀਤੀ ਦਾ ਵਰਨਣ ਕਰੋ।

### 1.5.1 ਅਰਬਾਂ ਦਾ ਸਿੰਧ 'ਤੇ ਅਧਿਕਾਰ ਅਤੇ ਉਨ੍ਹਾਂ ਦਾ ਪ੍ਰਸ਼ਾਸਨ (Arab Administration and Occupation of Sindh)

(i) **ਵਿਭਾਗ ਦਰ ਵਿਭਾਗ** : ਪ੍ਰਾਂਤਾਂ ਨੂੰ ਜ਼ਿਲ੍ਹਿਆਂ ਵਿੱਚ ਵੰਡ ਦਿੱਤਾ, ਹਰ ਜ਼ਿਲ੍ਹੇ 'ਤੇ ਇਕ ਅਰਬ ਫੌਜੀ ਅਧਿਕਾਰੀ ਬਿਠਾ ਦਿੱਤਾ। ਉੱਪ ਵਿਭਾਗ ਭਾਰਤੀਆਂ ਦੇ ਹੱਥਾਂ ਵਿੱਚ ਰਹਿਣ ਦਿੱਤੇ ਗਏ।

(ii) **ਰਾਜ ਕਰ ਸਬੰਧੀ ਨੀਤੀ** : ਹਿੰਦੂਆਂ ਦੀ ਭੂਮੀ ਖੋਹ ਕੇ ਅਰਬਾਂ ਨੂੰ ਦੇ ਦਿੱਤੀ ਗਈ। ਲਗਾਨ ਕਿਸੇ ਸਥਾਨ 'ਤੇ ਇਕ ਚੌਥਾਈ ਸੀ ਅਤੇ ਦੂਸਰੇ ਸਥਾਨ 'ਤੇ ਦੋ ਪੰਜਵਾਂ ਭਾਗ ਪੁਰਾਣੀ ਵਿਵਸਥਾ ਚੱਲਦੀ ਰਹੀ। ਪ੍ਰਜਾ 'ਤੇ ਹੋਰ ਸਾਰੇ ਕਰ ਅਤੇ ਜਜੀਆ ਲਗਾਏ ਜਾਂਦੇ ਰਹੇ।

(iii) **ਨਿਆ ਸਬੰਧੀ ਵਿਵਸਥਾ** : ਮੁਕੱਦਮਿਆਂ ਦਾ ਨਿਪਟਾਰਾ ਕਾਜ਼ੀ ਲੋਕ ਕਰਦੇ ਅਤੇ ਉਹ ਵੀ ਇਸਲਾਮੀ ਕਾਨੂੰਨਾਂ ਦੇ ਅਨੁਸਾਰ ਹਿੰਦੂਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ।

(iv) **ਹੇਠਲੇ ਵਰਗਾਂ ਦੇ ਲੋਕਾਂ ਦੀ ਦੁੱਖਦਾਈ ਸਥਿਤੀ** : ਹੇਠਲੇ ਵਰਗ ਦੇ ਲੋਕਾਂ ਨਾਲ ਪਹਿਲਾਂ ਵਰਗਾ ਦੁਰ-ਵਿਵਹਾਰ ਹੁੰਦਾ ਰਿਹਾ।

(v) **ਧਾਰਮਿਕ ਨੀਤੀ** : ਸ਼ੁਰੂ ਵਿੱਚ ਅਰਬਾਂ ਨੇ ਹਿੰਦੂਆਂ 'ਤੇ ਬਹੁਤ ਜ਼ੁਲਮ ਕੀਤਾ ਪਰ ਬਾਅਦ ਵਿੱਚ ਉਨ੍ਹਾਂ ਨੇ ਹਿੰਦੂਆਂ ਨੂੰ ਆਪਣੇ ਦੇਵੀ-ਦੇਵਤਿਆਂ ਦੀ ਪੂਜਾ ਦੀ ਆਗਿਆ ਦੇ ਦਿੱਤੀ, ਨਾਲ ਹੀ ਉਨ੍ਹਾਂ ਕੋਲੋਂ ਜਜੀਆ ਲੈਂਦੇ ਰਹੇ।

**ਸਵ-ਮੁਲਾਂਕਣ (Self Assessment)**

5. ਖਾਲੀ ਥਾਵਾਂ ਭਰੋ। (Fill in the blanks):

(i) ਮੁਹੰਮਦ-ਬਿਨ-ਕਾਸਿਮ ਨੇ ਜਿੱਤੇ ਹੋਏ ਪ੍ਰਦੇਸ਼ ਨੂੰ ਕਈ .................. ਵਿੱਚ ਵੰਡ ਦਿੱਤਾ।

(ii) ਅਰਬਾਂ ਨੇ ਹਿੰਦੂਆਂ 'ਤੇ .................. ਨਾਮਕ ਕਰ ਲਗਾ ਦਿੱਤਾ।

(iii) ਮੁਕੱਦਮਿਆਂ ਦਾ ਫੈਸਲਾ ................. ਲੋਕ ਕਰਦੇ ਸਨ।

(iv) ਕਾਜ਼ੀ ਲੋਕ ਝਗੜਿਆਂ ਦਾ ਨਿਪਟਾਰਾ ................. ਵਿਧੀ ਅਨੁਸਾਰ ਕਰਦੇ ਸਨ।

## 1.6 ਅਰਬ ਜਿੱਤ ਦਾ ਸਿੰਧ 'ਤੇ ਪ੍ਰਭਾਵ (Impact of Arab Conquest on Sindh)

ਸਿੰਧ 'ਤੇ ਅਰਬ ਜਿੱਤ ਨੇ ਭਾਰਤ ਦੇ ਇਤਿਹਾਸ 'ਤੇ ਕੋਈ ਪੱਕਾ ਪ੍ਰਭਾਵ ਨਹੀਂ ਪਾਇਆ। ਸਟੈਨਲੇ ਲੇਨਪੂਲ ਦਾ ਕਹਿਣਾ ਇਹ ਹੈ ਕਿ "ਇਹ ਭਾਰਤ ਅਤੇ ਇਸਲਾਮ ਦੇ ਇਤਿਹਾਸ ਵਿੱਚ ਇਕ ਉੱਪ ਕਥਾ ਸਮਾਨ ਸੀ, ਜਿਸ ਦਾ ਕੋਈ ਨਤੀਜਾ ਨਹੀਂ ਨਿਕਲਿਆ।" ਇਕ ਗਹਿਰੀ ਅਤੇ ਆਲੋਚਨਾ ਪੂਰਨ ਛਾਣਬੀਣ ਬਿਨਾਂ ਸ਼ੱਕ ਇਹ ਸਿੱਧ ਕਰਦੀ ਹੈ ਕਿ ਲੋਕਾਂ ਨੂੰ ਰਾਜਨੀਤਿਕ, ਸਮਾਜਿਕ, ਆਰਥਿਕ, ਧਾਰਮਿਕ ਜਾਂ ਸੰਸਕ੍ਰਿਤਕ ਜੀਵਨ 'ਤੇ ਅਰਬ ਜਿੱਤ ਦਾ ਕੋਈ ਮਹੱਤਵਪੂਰਨ ਪ੍ਰਭਾਵ ਨਹੀਂ ਪਿਆ ਅਤੇ ਇਹ ਗੱਲ ਠੀਕ ਹੀ ਹੈ ਕਿ ਇਸ ਨੂੰ ਭਾਰਤ ਦੇ ਇਤਿਹਾਸ ਵਿੱਚ ਕੇਵਲ ਇਕ ਘਟਨਾ ਹੀ ਸਮਝਿਆ ਜਾਂਦਾ ਹੈ।

1. **ਰਾਜਨੀਤਿਕ ਖੇਤਰ** : ਅਰਬਾਂ ਨੇ ਕੇਵਲ ਸਿੰਧ ਅਤੇ ਮੁਲਤਾਨ ਨੂੰ ਜਿੱਤਿਆ, ਵੂਲਜ ਲੇਹੰਗ ਦੇ ਵਿਚਾਰ 'ਚ ਉਨ੍ਹਾਂ ਦੀ ਜਿੱਤ ਦਾ ਭਾਰਤ ਦੇ ਵਿਸ਼ਾਲ ਪ੍ਰਦੇਸ਼ ਦੇ ਕਿਨਾਰੇ ਦੇ ਕੇਵਲ ਇਕ ਛੋਟੇ ਜਿਹੇ ਹਿੱਸੇ 'ਤੇ ਹੀ ਪ੍ਰਭਾਵ ਪਿਆ। ਸਿੰਧ ਅਤੇ ਹੇਠਲੇ ਪੰਜਾਬ ਤੋਂ ਪਰ੍ਹੇ ਅਨੇਕਾਂ ਅਜਿਹੇ ਸੁਤੰਤਰ ਰਾਜ ਸਨ ਜੋ ਹਮੇਸ਼ਾਂ ਦੀ ਤਰ੍ਹਾਂ ਸੁਤੰਤਰ ਅਤੇ ਸ਼ਕਤੀਸ਼ਾਲੀ ਬਣੇ ਰਹੇ। ਭਾਰਤ ਦੇ ਦੂਸਰੇ ਸ਼ਾਸਕਾਂ ਨੇ ਰਾਜਾ ਦਾਹਿਰ ਦੀ ਹਾਰ ਨੂੰ ਇਕ ਸਥਾਈ ਅਤੇ ਸਧਾਰਣ ਘਟਨਾ ਸਮਝਿਆ। ਇਸ ਪ੍ਰਕਾਰ ਅਰਬ ਲੋਕ ਸਾਡੇ ਦੇਸ਼ ਵਿੱਚ ਆਪਣੇ ਸਮਾਜ ਨੂੰ ਸਥਾਪਿਤ ਨਹੀਂ ਕਰ ਸਕੇ ਅਤੇ ਸਿੰਧ ਦੀ ਅਰਬ ਜਿੱਤ ਤੋਂ ਬਾਅਦ ਭਾਰਤ ਦੀ ਰਾਜਨੀਤਿਕ ਸਥਿਤੀ ਲੱਗਭਗ ਬਣੀ ਰਹੇ, ਜਿਹੜੀ ਉਨ੍ਹਾਂ ਦੇ ਹਮਲੇ ਸਮੇਂ ਸੀ।

2. **ਸਮਾਜਿਕ ਖੇਤਰ** : ਸਮਾਜਿਕ ਖੇਤਰ ਵਿੱਚ ਅਰਬ ਜਿੱਤ ਬੇਕਾਰ ਅਤੇ ਅਸਫ਼ਲ ਸਿੱਧ ਹੋਈ। ਜਾਤ-ਪਾਤ ਦੇ ਕਾਰਣ ਹਿੰਦੂ ਲੋਕ ਅਰਬਾਂ ਨਾਲ ਜ਼ਿਆਦਾ ਸੰਪਰਕ ਵਿੱਚ ਨਹੀਂ ਆਏ। ਖ਼ੈਰ, ਬਾਅਦ ਵਿੱਚ ਕੁਝ-ਕੁਝ ਸਮਾਜਿਕ ਅਤੇ ਵਿਵਹਾਰਕ ਸਬੰਧ ਸਥਾਪਿਤ ਹੋਏ, ਪ੍ਰੰਤੂ ਫਿਰ ਵੀ ਅਰਬ ਲੋਕ ਭਾਰਤੀਆਂ ਦੀ ਭਾਸ਼ਾ, ਪ੍ਰੰਪਰਾ, ਰਿਵਾਜ਼, ਸੰਸਥਾਵਾਂ ਅਤੇ ਰੀਤੀਆਂ 'ਤੇ ਪ੍ਰਭਾਵ ਨਹੀਂ ਪਾ ਸਕੇ।

3. **ਧਾਰਮਿਕ ਖੇਤਰ** : ਅਰਬ ਲੋਕ ਇੱਥੋਂ ਦੇ ਲੋਕਾਂ ਦੇ ਧਾਰਮਿਕ ਜੀਵਨ 'ਤੇ ਵੀ ਕੋਈ ਪ੍ਰਭਾਵ ਨਹੀਂ ਪਾ ਸਕੇ। ਇਸਲਾਮ ਨੂੰ ਫੈਲਾਉਣ ਦੀ ਉਨ੍ਹਾਂ ਦੀ ਜ਼ਿਆਦਾਤਰ ਮਜਬੂਰ ਕਰਨ ਵਾਲੀਆਂ ਕੋਸ਼ਿਸ਼ਾਂ ਦੇ ਹੁੰਦੇ ਹੋਏ ਵੀ ਉਨ੍ਹਾਂ ਨੂੰ ਜ਼ਿਆਦਾ ਸਫ਼ਲਤਾ ਪ੍ਰਾਪਤ ਨਹੀਂ ਹੋਈ। ਸਿੰਧ ਦੇ ਲੋਕਾਂ ਨੇ ਆਪਣਾ ਧਰਮ ਤਿਆਗ ਕਰਨ ਦੀ ਥਾਂ ਮੌਤ ਨੂੰ ਵਧੇਰੇ ਚੰਗਾ ਸਮਝਿਆ। ਅੰਤ ਅਰਬਾਂ ਨੂੰ ਹਿੰਦੂਆਂ ਕੋਲੋਂ ਕੇਵਲ ਜਜੀਆ ਸਵੀਕਾਰ ਕਰਕੇ ਹੀ ਸੰਤੁਸ਼ਟ ਹੋਣਾ ਪਿਆ ਅਤੇ ਇਹ ਲੋਕ ਆਪਣੇ ਦੇਵਤਿਆਂ ਅਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਰਹੇ।

ਅਗਰ ਅਰਬ ਲੋਕ ਹਿੰਦੂਆਂ ਕੋਲੋਂ ਉਨ੍ਹਾਂ ਦਾ ਧਰਮ ਨਾ ਛੁਡਾ ਸਕੇ, ਫਿਰ ਵੀ ਇਸ ਨੂੰ ਇਨਕਾਰ ਕੀਤਾ ਜਾ ਸਕਦਾ ਕਿ ਇਹ ਅਰਬ ਜਿੱਤ ਹੀ ਸੀ, ਜਿਸ ਨੇ ਇਸ ਦੇਸ਼ ਵਿੱਚ ਇਸਲਾਮ ਦਾ ਬੀਜ ਬੀਜਿਆ। ਅਰਬ ਲੋਕ ਹੀ ਪਹਿਲਾਂ ਮੁਸਲਮਾਨ ਸਨ ਜੋ ਸਾਡੇ ਦੇਸ਼ ਵਿੱਚ ਆਏ ਅਤੇ ਇੱਥੇ ਇਸਲਾਮ ਧਰਮ ਨੂੰ ਲਿਆਏ। ਇਸ ਤੋਂ ਬਾਅਦ ਬਹੁਤ ਸਾਰੇ ਮੁਸਲਮਾਨ ਹਮਲਾਵਰਾਂ ਵਿੱਚ ਪ੍ਰੇਰਣਾ ਜਾਗੀ ਕਿ ਭਾਰਤ 'ਤੇ ਚੜ੍ਹਾਈ ਕਰੇ ਅਤੇ ਇਸ ਪ੍ਰਕਾਰ ਅਰਬਾਂ ਦੁਆਰਾ ਲਗਾਏ ਗਏ ਧਰਮ ਦਾ ਉਨ੍ਹਾਂ ਨੇ ਬਹੁਤ ਉਤਸ਼ਾਹ ਨਾਲ ਪ੍ਰਚਾਰ ਕੀਤਾ।

4. **ਆਰਥਿਕ ਖੇਤਰ** : ਆਰਥਿਕ ਖੇਤਰ ਵਿੱਚ ਅਰਬ ਜਿੱਤ ਦਾ ਕੇਵਲ ਇਹ ਪ੍ਰਭਾਵ ਪਿਆ ਕਿ ਹਿੰਦੂਆਂ ਦੀ ਬਹੁਤ ਸਾਰੀ ਭੂਮੀ ਖੋਹ ਕੇ ਅਰਬ ਲੋਕਾਂ ਨੂੰ ਦੇ ਦਿੱਤੀ ਗਈ ਅਤੇ ਹਿੰਦੂ ਲੋਕਾਂ ਨੂੰ ਗੁਲਾਮ ਅਤੇ ਕਿਸਾਨਾਂ ਦੀ ਸਥਿਤੀ ਤੱਕ ਪਹੁੰਚਾ ਦਿੱਤਾ ਗਿਆ। ਭਾਰਤ ਦਾ ਖੇਤੀ ਅਤੇ ਵਪਾਰ ਤਾਂ ਇਸ ਪ੍ਰਭਾਵ ਤੋਂ ਬਚਿਆ ਹੀ ਰਿਹਾ।

5. **ਸੰਸਕ੍ਰਿਤਿਕ ਖੇਤਰ** : ਅਰਬ ਲੋਕ ਭਾਰਤੀਆਂ ਦੀ ਸੰਸਕ੍ਰਿਤੀ 'ਤੇ ਹੀ ਪ੍ਰਭਾਵ ਨਾ ਪਾ ਸਕੇ, ਜਿਸ ਤਰ੍ਹਾਂ ਸਹੀ ਕਾਰਣ ਇਹ ਸੀ ਕਿ ਸੰਸਕ੍ਰਿਤਿਕ ਰੂਪ ਨਾਲ ਉਹ ਭਾਰਤੀਆਂ ਤੋਂ ਕਿਤੇ ਜ਼ਿਆਦਾ ਪੱਛੜੇ ਹੋਏ ਸਨ, ਜਦ ਅਰਬ ਲੋਕ ਭਾਰਤ ਦੀ ਭੂਮੀ 'ਤੇ ਵਸ ਗਏ ਤਾਂ ਉਹ ਭਾਰਤੀਆਂ, ਵਿਦਵਾਨਾਂ ਅਤੇ ਦਾਰਸ਼ਨਿਕਾਂ ਦੀ ਯੋਗਤਾ ਦੇਖ ਕੇ ਅਤੇ ਭਾਰਤੀ ਸੰਗੀਤਕਾਰਾਂ, ਭਵਨ ਕਲਾਕਾਰਾਂ ਅਤੇ ਚਿੱਤਰਕਾਰਾਂ ਦੇ ਹੁਨਰ ਨੂੰ ਦੇਖ ਕੇ ਹੈਰਾਨ ਰਹਿ ਗਏ। ਅੰਤ ਸ਼ਾਸਕ ਬਣ ਦੀ ਥਾਂ ਉਹ ਭਾਰਤ ਦੇ ਚੇਲੇ ਬਣ ਗਏ। ਡਾ. ਈਸ਼ਵਰੀ ਪ੍ਰਸ਼ਾਦ ਦੇ ਵਿਚਾਰ ਅਨੁਸਾਰ, "ਅਰਬ ਵਿਦਵਾਨ ਦਰਸ਼ਨ ਸ਼ਾਸਤਰ, ਖੰਗੋਲ ਸ਼ਾਸਤਰ, ਗਣਿਤ ਸ਼ਾਸਤਰ, ਚਿੱਤਰਕਾਰੀ ਸ਼ਾਸਤਰ, ਰਸਾਇਣ ਸ਼ਾਸਤਰ ਅਤੇ ਹੋਰ ਅਜਿਹੇ ਵਿਸ਼ਿਆਂ ਨੂੰ ਜਾਨਣ ਲਈ ਬੁੱਧ ਸੰਤਾਂ ਅਤੇ ਬ੍ਰਾਹਮਣ ਪੰਡਿਤਾਂ ਦੇ ਚਰਨਾਂ ਵਿੱਚ ਬੈਠੇ। ਅਰਬਾਂ ਨੇ ਸ਼ਾਸਨ ਦੀ ਵਿਵਹਾਰਿਕ ਕਲਾ ਵਿੱਚ ਵੀ ਹਿੰਦੂਆਂ ਕੋਲੋਂ ਬਹੁਤ ਕੁਝ ਸਿੱਖਿਆ।"

ਭਾਰਤੀ ਸੰਸਕ੍ਰਿਤੀ ਨੇ ਵਿਦੇਸ਼ੀਆਂ 'ਤੇ ਇੰਨਾ ਡੂੰਘਾ ਅਸਰ ਪਾਇਆ ਕਿ ਇਨ੍ਹਾਂ ਤੋਂ ਬਾਅਦ ਖਲੀਫਿਆਂ ਨੇ ਭਾਰਤੀ ਦਾਰਸ਼ਨਿਕਾਂ ਅਤੇ ਵਿਦਵਾਨਾਂ ਨੂੰ ਆਪਣੇ ਦਰਬਾਰ ਵਿੱਚ ਬੁਲਾਉਣਾ ਸ਼ੁਰੂ ਕਰ ਦਿੱਤਾ। 753 ਤੋਂ 774 ਈ. ਤੱਕ ਮੰਸੂਰ ਖਲੀਫ਼ਾ ਦੇ ਸਮੇਂ ਭਾਰਤੀ ਵਿਦਵਾਨ ਬ੍ਰਹਮਗੁਪਤ ਦੇ ਦੋ ਗ੍ਰੰਥ ਬ੍ਰਹਮ ਸਿਧਾਂਤ ਅਤੇ ਖੰਡ ਖਡਿਯਾਕ ਲੈ ਕੇ ਬਗਦਾਦ ਗਏ। ਇਨ੍ਹਾਂ ਰਚਨਾਵਾਂ ਦਾ ਅਰਬੀ ਭਾਸ਼ਾ

ਨੋਟ

ਵਿੱਚ ਅਨੁਵਾਦ ਹੋਇਆ ਅਤੇ ਇਨ੍ਹਾਂ ਤੋਂ ਹੀ ਅਰਬ ਲੋਕਾਂ ਨੇ ਵਿਗਿਆਨਿਕ ਖਗੋਲਸ਼ਾਸਤਰ ਦੇ ਪਹਿਲੇ 2 ਨਿਯਮਾਂ ਨੂੰ ਪ੍ਰਾਪਤ ਕੀਤਾ। ਫਿਰ ਖਲੀਫਾ ਹਾਰੁਨਸ਼ੀਦ (783-808 ਈ.) ਦੇ ਸਮੇਂ ਬਹੁਤ ਸਾਰੇ ਭਾਰਤੀ ਦਾਰਸ਼ਨਿਕ, ਵਿਦਵਾਨ, ਜੋਤਸ਼ੀ ਅਤੇ ਵੈਦ ਬਗਦਾਦ ਗਏ ਅਤੇ ਉੱਥੇ ਉਨ੍ਹਾਂ ਨੇ ਜੜੀ-ਬੂਟੀ, ਦਰਸ਼ਨ ਸ਼ਾਸਤਰ, ਜੋਤਿਸ਼ ਅਤੇ ਹੋਰ ਵਿਸ਼ਿਆਂ 'ਤੇ ਮਹੱਤਵਪੂਰਨ ਸੰਸਕ੍ਰਿਤ ਰਚਨਾਵਾਂ ਦਾ ਅਰਬੀ ਵਿੱਚ ਅਨੁਵਾਦ ਕੀਤਾ। ਸੰਖੇਪ ਵਿੱਚ ਅਰਬ ਸੰਸਕ੍ਰਿਤੀ ਦੇ ਬਹੁਤ ਸਾਰੇ ਤੱਤ ਜਿਨ੍ਹਾਂ ਨੇ ਬਾਅਦ ਵਿੱਚ ਯੂਰਪ ਦੀ ਸਾਰੀ ਸੰਸਕ੍ਰਿਤੀ ਅਤੇ ਸੱਭਿਅਤਾ 'ਤੇ ਪ੍ਰਭਾਵ ਪਾਇਆ ਉਹ ਭਾਰਤ ਤੋਂ ਹੀ ਲਏ ਗਏ ਸਨ।

ਇਸ ਪ੍ਰਕਾਰ ਅਰਬ ਜਿੱਤ ਨੇ ਭਾਰਤ ਦੇ ਇਤਿਹਾਸ ਅਤੇ ਸੱਭਿਅਤਾ 'ਤੇ ਕੋਈ ਮਹੱਤਵਪੂਰਨ ਅਤੇ ਪੱਕਾ ਪ੍ਰਭਾਵ ਪੈਦਾ ਨਹੀਂ ਕੀਤਾ। ਭਾਰਤ ਨੂੰ ਉਨ੍ਹਾਂ ਦੀ ਦੇਣ ਕੁਝ ਪੁਰਾਣੇ ਭਵਨਾਂ ਤੋਂ ਇਲਾਵਾ ਹੋਰ ਕੁਝ ਨਹੀਂ ਅਤੇ ਇਸ ਕਰਕੇ ਉਨ੍ਹਾਂ ਦੀ ਜਿੱਤ ਭਾਰਤ ਦੇ ਇਤਿਹਾਸ ਵਿੱਚ ਸਚਮੁੱਚ ਇਕ ਘਟਨਾ ਹੀ ਹੈ। ਪ੍ਰੰਤੂ ਅਜਿਹੀ ਧਾਰਨਾ ਬਣਾਉਣਾ ਗਲਤ ਹੈ ਕਿ ਅਰਬ ਜਿੱਤ ਇਸਲਾਮ ਦੇ ਇਤਿਹਾਸ ਵਿੱਚ ਇਕ ਘਟਨਾ ਜਿਹੀ ਸੀ ਕਿਉਂਕਿ ਇਸ ਜਿੱਤ ਦਾ ਪ੍ਰਭਾਵ ਮੁਸਲਿਮ ਸੰਸਕ੍ਰਿਤੀ 'ਤੇ ਬਹੁਤ ਗਹਿਰਾ ਅਤੇ ਦੂਰਦੇਸ਼ੀ ਸਿੱਧ ਹੋਇਆ।

### 1.6.1 ਅਰਬ ਜਿੱਤ ਕੋਈ ਸਥਾਈ ਪ੍ਰਭਾਵ ਕਿਉਂ ਨਾ ਪਾ ਸਕੀ?

ਅਰਬ ਜਿੱਤ ਭਾਰਤ ਦੇ ਇਤਿਹਾਸ 'ਤੇ ਕੋਈ ਪੱਕਾ ਪ੍ਰਭਾਵ ਨਹੀਂ ਪਾ ਸਕੀ ਉਸ ਦੇ ਪਿੱਛੇ ਕਈ ਕਾਰਨ ਸਨ।

(i) **ਅਰਬਾਂ ਦਾ ਗਲਤ ਦਿਸ਼ਾ ਤੋਂ ਪ੍ਰਵੇਸ਼:** ਸਭ ਤੋਂ ਪਹਿਲਾਂ ਇਹ ਗੱਲ ਹੈ ਕਿ ਅਰਬ ਲੋਕ ਇਕ ਗਲਤ ਦਿਸ਼ਾ ਤੋਂ ਭਾਰਤ ਵਿੱਚ ਦਾਖਿਲ ਹੋਏ। ਸਿੰਧ ਕੋਈ ਅਮੀਰ ਨਹੀਂ ਸੀ। ਸਾਰੀ ਭੂਮੀ ਬੰਜਰ ਸੀ ਅਤੇ ਉਸ ਦੇਸ਼ ਦੇ ਸਾਧਨ ਸੀਮਿਤ ਸਨ। ਸਿੰਧ ਭਾਰਤ ਦੀ ਜਿੱਤ ਦੇ ਲਈ ਚੰਗਾ ਅਧਾਰ ਨਾ ਬਣ ਸਕਿਆ। ਬਾਅਦ ਵਿੱਚ ਆਉਣ ਵਾਲੇ ਤੁਰਕਾਂ ਦੀ ਤਰ੍ਹਾਂ ਜੇਕਰ ਅਰਬ ਵੀ ਪੰਜਾਬ ਵੱਲੋਂ ਭਾਰਤ ਵਿੱਚ ਪ੍ਰਵੇਸ਼ ਕਰਦੇ ਤਾਂ ਉਹ ਸਾਰੇ ਭਾਰਤ ਦੀ ਜਿੱਤਣ ਤੋਂ ਬਿਨਾਂ ਸੰਤੁਸ਼ਟ ਨਾ ਹੁੰਦੇ।

(ii) **ਮੁਹੰਮਦ ਬਿਨ ਕਾਸਿਮ ਦੀ ਅਚਾਨਕ ਮੌਤ:** ਮੁਹੰਮਦ ਬਿਨ ਕਾਸਿਮ ਨੂੰ ਜੋ ਅਰਬ ਜਿੱਤ ਦਾ ਬਹਾਦੁਰ ਨਾਇਕ ਸੀ ਖਲੀਫਾ ਦੀ ਆਗਿਆ ਨਾਲ ਮਾਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਮੌਤ ਨੇ ਭਾਰਤ ਵਿੱਚ ਅਰਬਾਂ ਦੇ ਜ਼ਿਆਦਾ ਫੈਲਣ 'ਤੇ ਵਿਵਹਾਰਿਕ ਰੂਪ ਤੋਂ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ। ਕਾਸਿਮ ਨੇ ਆਪਣੇ ਸਿਰਤੋੜ ਯਤਨਾਂ, ਉਤਸ਼ਾਹ ਅਤੇ ਯੋਜਨਾਵਾਂ ਨਾਲ ਸਾਰੇ ਸਿੰਧ ਅਤੇ ਮੁਲਤਾਨ ਨੂੰ ਜਿੱਤ ਲਿਆ ਸੀ ਅਤੇ ਹੁਣ ਕਨੌਜ ਨੂੰ ਜਿੱਤਣ ਦੀ ਤਿਆਰੀ ਕਰ ਰਿਹਾ ਸੀ ਜਦੋਂ ਅਚਾਨਕ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਗਿਆ, ਜੇਕਰ ਉਹ ਕੁਝ ਸਾਲ ਹੋਰ ਜਿਉਂਦਾ ਰਹਿ ਜਾਂਦਾ ਤਾਂ ਉਹ ਅਰਬ ਜਿੱਤ ਨੂੰ ਭਾਰਤ ਦੇ ਦੂਸਰੇ ਭਾਗਾਂ ਤੱਕ ਫੈਲਾ ਦਿੰਦਾ। ਉਸ ਦੀ ਅਚਾਨਕ ਦੁੱਖਦਾਈ ਮੌਤ ਇਸ ਗੱਲ ਦੇ ਲਈ ਬਹੁਤ ਮਹੱਤਵ ਰੱਖਦੀ ਹੈ ਕਿ ਅਰਬ ਜਿੱਤ ਕੋਈ ਸਥਾਈ ਪ੍ਰਭਾਵ ਨਾ ਪਾ ਸਕੀ।

(iii) **ਖਲੀਫਾਂ ਦੇ ਨਿਰੰਤਰ ਝਗੜੇ:** ਅਰਬ ਹਮਲਿਆਂ ਦੇ ਪਿੱਛੇ ਹੀ ਇਕ ਵੱਡੀ ਸ਼ਕਤੀ ਸੀ। ਸਿੰਧ ਦੀ ਜਿੱਤ ਹਾਲੇ ਪੂਰੀ ਵੀ ਨਹੀਂ ਹੋ ਸਕੀ ਸੀ, ਜਦੋਂ ਕਿ ਖਲੀਫਾਵਾਂ ਵਿੱਚ ਝਗੜਾ ਖੜ੍ਹਾ ਹੋ ਗਿਆ। ਇਸ ਦੇ ਨਤੀਜੇ ਵਜੋਂ ਅਬਾਸੀਦ ਖਲੀਫਾਵਾਂ ਨੇ ਉਮੈਯਦਾਂ ਨੂੰ ਪੁੱਠਾ ਸੁੱਟਿਆ। ਉਮੈਯਦਾਂ ਨੇ ਹੀ ਸਿੰਧ ਦੀ ਚੜ੍ਹਾਈ ਸ਼ੁਰੂ ਕੀਤੀ ਸੀ ਪ੍ਰੰਤੂ ਅਬਾਸੀਦ ਬਹੁਤ ਬੇਮੁੱਖ ਰਹੇ। ਉਨ੍ਹਾਂ ਨੇ ਇਸਲਾਮ ਦੀ ਹਰ ਮੌਲਿਕ ਅਤੇ ਜੀਵਨਦਾਇਕ ਗੱਲ ਵਿੱਚ ਸੰਪਰਕ ਗੁਆ ਦਿੱਤਾ ਅਤੇ ਆਪਣਾ ਸਮੇਂ ਭੋਗ-ਵਿਲਾਸ ਵਿੱਚ ਨਸ਼ਟ ਕਰਦੇ ਰਹੇ। ਉਨ੍ਹਾਂ ਦੇ ਨੈਤਿਕ ਪਤਨ ਨੇ ਅਰਬਾਂ ਨੂੰ ਹਰ ਮਹਾਨ ਸੈਨਿਕ ਜ਼ੋਰ ਦੇ ਅਯੋਗ ਬਣਾ ਦਿੱਤਾ।

(iv) **ਤੁਰਕਾਂ ਦਾ ਅਰੰਭ :** ਜਿਸ ਗੱਲ ਨੇ ਅਰਬਾਂ ਦੀ ਇੱਛਾ ਨੂੰ ਸਚਮੁੱਚ ਇਕ ਵੱਡਾ ਝਟਕਾ ਦਿੱਤਾ, ਉਹ ਸੀ ਤੁਰਕਾਂ ਦਾ ਅਰੰਭ। ਤੁਰਕਾਂ ਨੇ ਅਰਬ ਦੇਸ਼ਾਂ ਵਿੱਚ ਆਪਣੀ ਪ੍ਰਭੁਤਾ ਸਥਾਪਿਤ ਕਰ ਲਈ ਅਤੇ ਖਲੀਫਾ ਦੀ ਸ਼ਕਤੀ ਨੂੰ ਘਾਤਕ ਸੱਟ ਮਾਰੀ। ਇਸ ਪ੍ਰਕਾਰ ਭਾਰਤ ਵਿੱਚ ਆਏ ਹੋਏ ਅਰਬ ਆਪਣੀ ਸ਼ਕਤੀ ਦਾ ਸਰੋਤ ਅਤੇ ਸਹਾਰਾ ਹੀ ਗਵਾ ਬੈਠੇ।

(v) **ਸ਼ਕਤੀਸ਼ਾਲੀ ਰਾਜਪੂਤ ਰਾਜ:** ਭਾਰਤ ਅੰਦਰ ਸ਼ਕਤੀਸ਼ਾਲੀ ਸੁਤੰਤਰ ਰਾਜਪੂਤ ਰਾਜਿਆਂ ਦੀ ਕਾਫੀ ਗਿਣਤੀ ਸੀ। ਰਾਜਪੂਤਾਂ ਦੀ ਆਪਸੀ ਲੜਾਈ ਹੁੰਦੇ ਹੋਏ ਵੀ ਅਜਿਹੀ ਸੈਨਿਕ ਜਾਤੀ ਨੂੰ ਹਰਾਉਣਾ ਕੋਈ ਅਸਾਨ ਕੰਮ ਨਹੀਂ ਸੀ। ਲੇਨਪੂਲ ਦਾ ਕਹਿਣਾ ਹੈ ਕਿ ਭਾਰਤ ਵਿੱਚ ਅਰਬਾਂ ਦੀ ਅਸਫਲਤਾ ਦਾ ਇਕ ਵੱਡਾ ਕਾਰਨ ਇਹ ਵੀ ਸੀ।

(vi) **ਭਾਰਤੀਆਂ ਦੀ ਜਾਤ-ਪਾਤ ਵਿਵਸਥਾ:** ਏਲਫਿਨਸਟਨ ਦਾ ਕਹਿਣਾ ਹੈ ਕਿ ਹਿੰਦੂਆਂ ਦੇ ਸ਼ਕਤੀਸ਼ਾਲੀ ਪ੍ਰੋਹਿਤਵਾਦ ਅਤੇ ਉਨ੍ਹਾਂ ਦੇ ਜਾਤ-ਪਾਤ ਸਬੰਧੀ ਦ੍ਰਿੜ ਨਿਯਮਾਂ ਨੇ ਅਰਬਾਂ ਨੂੰ ਭਾਰਤੀ ਸੱਭਿਅਤਾ 'ਤੇ ਕੋਈ ਸਥਾਈ ਪ੍ਰਭਾਵ ਪਾਉਣ ਨਹੀਂ ਦਿੱਤਾ। ਜਾਤ-ਪਾਤ ਦੇ ਇਨ੍ਹਾਂ ਦ੍ਰਿੜ ਨਿਯਮਾਂ ਦੇ ਕਾਰਨ ਹਿੰਦੂ ਲੋਕ ਵਿਦੇਸ਼ੀਆਂ ਨਾਲ ਕੋਈ ਸਮਾਜਿਕ ਸਬੰਧ ਬਨਾਉਣ ਤੋਂ ਟਲਦੇ ਰਹੇ ਕਿਉਂਕਿ ਉਹ ਉਨ੍ਹਾਂ ਨੂੰ ਗੰਦੇ ਅਤੇ ਬੱਬਰ ਜਾਤੀ ਦਾ ਸਮਝਦੇ ਸਨ।

(vii) **ਹਿੰਦੂਆਂ ਦੀ ਸਰਵੋਤਮ ਸੰਸਕ੍ਰਿਤੀ:** ਅਖੀਰਲੀ ਗੱਲ ਇਹ ਹੈ ਕਿ ਹਿੰਦੂਆਂ ਦੀ ਸੰਸਕ੍ਰਿਤੀ ਵਿਦੇਸ਼ੀਆਂ ਦੀ ਸੰਸਕ੍ਰਿਤੀ ਨਾਲੋਂ ਕਿਤੇ ਸਰਵੋਤਮ ਸੀ। ਹਿੰਦੂ ਲੋਕ ਦਰਸ਼ਨਸ਼ਾਸਤਰ, ਖਗੋਲਸ਼ਾਸਤਰ, ਗਣਿਤ, ਚਕਿੱਤਸਾ ਸ਼ਾਸਤਰ ਆਦਿ ਵਿੱਚ ਬਹੁਤ ਨਿਪੁੰਨ ਸਨ। ਹਿੰਦੀ ਸੰਗੀਤਕਾਰ, ਰਾਜ ਅਤੇ ਚਿੱਤਰਕਾਰ ਵੀ ਅਰਬ ਕਲਾਕਾਰਾਂ ਨਾਲੋਂ ਕਿਤੇ ਜ਼ਿਆਦਾ ਕੁਸ਼ਲ

ਸਨ। ਇਨ੍ਹਾਂ ਪ੍ਰਸਥਿਤੀਆਂ ਵਿੱਚ ਭਾਰਤੀ ਸੰਸਕ੍ਰਿਤੀ 'ਤੇ ਪ੍ਰਭਾਵ ਪਾਉਣ ਦੀ ਬਜਾਏ ਅਰਬ ਸੰਸਕ੍ਰਿਤੀ ਖੁਦ ਉਸ ਤੋਂ ਪ੍ਰਭਾਵਿਤ ਹੋ ਗਈ। **ਨੋਟ**

### 1.6.2 ਅਰਬ ਦਾ ਪ੍ਰਭਾਵ ਅਤੇ ਅਰਬ ਜਿੱਤ ਕੇਵਲ ਇਕ ਉਪ ਕਥਾ ਮਾਤਰ (Effects of Arab Conquest or Arab Conquest an Episode)

ਅਰਬ ਜਿੱਤ ਭਾਰਤ ਦੇ ਇਤਿਹਾਸ ਵਿੱਚ ਇਕ ਘਟਨਾ ਮਾਤਰ ਸੀ ਕਿਉਂਕਿ ਇਸ ਦਾ ਕਿਸੇ ਵੀ ਖੇਤਰ ਵਿੱਚ ਕੋਈ ਪੱਕਾ ਪ੍ਰਭਾਵ ਨਹੀਂ ਪੈਂਦਾ।

- **(i)** **ਰਾਜਨੀਤਿਕ ਖੇਤਰ ਵਿੱਚ**: ਅਰਬਾਂ ਨੇ ਭਾਰਤ ਦੇ ਕੇਵਲ ਇਕ ਭਾਗ ਸਿੰਧ ਨੂੰ ਹੀ ਜਿੱਤਿਆ । ਭਾਰਤ ਦੇ ਹੋਰ ਭਾਗ ਰਾਜਪੂਤਾਂ ਦੇ ਅਧੀਨ ਸੁਤੰਤਰ ਬਣੇ ਰਹੇ।
- **(ii)** **ਸਮਾਜਿਕ ਖੇਤਰ ਵਿੱਚ** : ਹਿੰਦੂਆਂ ਦੇ ਜਾਤ-ਪਾਤ ਨੂੰ ਮੰਨਣ ਦੇ ਕਾਰਨ ਅਰਬ ਲੋਕ ਭਾਰਤੀ ਰਿਵਾਜ਼ਾਂ, ਪ੍ਰੰਪਰਾਵਾਂ ਅਤੇ ਸੰਸਥਾਵਾਂ 'ਤੇ ਕੋਈ ਪ੍ਰਭਾਵ ਨਾ ਪਾ ਸਕੇ।
- **(iii)** **ਧਾਰਮਿਕ ਖੇਤਰ ਵਿੱਚ** : ਹਿੰਦੂਆਂ ਨੇ ਆਪਣੇ ਧਰਮ ਨੂੰ ਨਹੀਂ ਛੱਡਿਆ ਅਤੇ ਇਸਲਾਮ ਦੀ ਉਮੀਦ ਨੂੰ ਪਸੰਦ ਕੀਤਾ। ਫਿਰ ਵੀ ਅਰਬਾਂ ਨੇ ਭਾਰਤ ਵਿੱਚ ਇਸਲਾਮ ਦੇ ਬੀਜ, ਬੀਜ ਹੀ ਦਿੱਤੇ।
- **(iv)** **ਆਰਥਿਕ ਖੇਤਰ ਵਿੱਚ** : ਹਿੰਦੂਆਂ ਦੀ ਭੂਮੀ ਅਰਬਾਂ ਨੇ ਖੋਹ ਲਈ ਪ੍ਰੰਤੂ ਉਨ੍ਹਾਂ ਦੀ ਖੇਤੀਬਾੜੀ ਅਤੇ ਵਪਾਰ 'ਤੇ ਕੋਈ ਪ੍ਰਭਾਵ ਨਹੀਂ ਪਿਆ।
- **(v)** **ਸੰਸਕ੍ਰਿਤਿਕ ਖੇਤਰ ਵਿੱਚ** : ਭਾਰਤੀ ਸੰਸਕ੍ਰਿਤੀ ਦੀ ਸ਼੍ਰੇਸ਼ਠਤਾ ਤੋਂ ਹੈਰਾਨ ਹੋਏ ਅਰਬਾਂ ਨੇ ਖਗੋਲ ਵਿੱਦਿਆ, ਚਕਿੱਤਸਾ, ਗਣਿਤ ਅਤੇ ਚਿੱਤਰਕਾਰੀ ਵਿੱਚ ਭਾਰਤੀਆਂ ਤੋਂ ਬਹੁਤ ਕੁਝ ਸਿੱਖਿਆ। ਖਲੀਫਾਵਾਂ ਨੇ ਬਹੁਤ ਸਾਰੇ ਭਾਰਤੀ ਸਿਧਾਂਤਾਂ ਨੂੰ ਬੁਲਾਇਆ ਕਿ ਅਰਬਾਂ ਨੂੰ ਭਾਰਤੀ ਸੰਸਕ੍ਰਿਤੀ ਦੇ ਪਾਠ ਪੜ੍ਹਾਵੇ।

ਅਤੇ ਅਰਬ ਜਿੱਤ ਭਾਰਤ ਦੇ ਇਤਿਹਾਸ ਵਿੱਚ ਸਿਰਫ਼ ਇਕ ਘਟਨਾ ਸੀ ਪਰ ਇਸਲਾਮ ਦੇ ਇਤਿਹਾਸ ਵਿੱਚ ਨਹੀਂ।

### 1.6.3 ਅਰਬਾਂ ਦੇ ਗਲਤ ਉੱਤਰਦਾਨ ਦੇ ਕਾਰਨ (Causes of Arab's Poor Legacy in India)

- **(i)** **ਅਰਬ ਗਲਤ ਦਿਸ਼ਾ ਤੋਂ ਆਏ**:- ਅਰਬ ਲੋਕ ਪੰਜਾਬ ਦੀ ਉਮੀਦ ਸਿੰਧ ਦੀ ਮਰੂਭੂਮੀ ਤੋਂ ਹੋ ਕੇ ਆਏ।
- **(ii)** **ਮੁਹੰਮਦ ਬਿਨ ਕਾਸਿਮ ਦੀ ਅਚਾਨਕ ਮੌਤ**:- ਮੁਹੰਮਦ ਜਿਸ ਨੇ ਸਿੰਧ ਅਤੇ ਮੁਲਤਾਨ ਨੂੰ ਜਿੱਤ ਲਿਆ ਸੀ ਅਤੇ ਜੋ ਦੂਸਰੇ ਪ੍ਰਦੇਸ਼ਾਂ 'ਤੇ ਚੜ੍ਹਾਈ ਦੀ ਤਿਆਰੀ ਕਰ ਰਿਹਾ ਸੀ ਖਲੀਫਾ ਦੁਆਰਾ ਤਸੀਹੇ ਦੇ ਕੇ ਮਾਰ ਦਿੱਤਾ ਗਿਆ।
- **(iii)** **ਖਲੀਫਾ ਦੇ ਝਗੜੇ**:- ਉਮੈਯਦ ਅਤੇ ਅਬਾਸੀਦ ਖਲੀਫਾਂ ਵਿੱਚ ਲੜਾਈ ਹੋਈ। ਪਹਿਲਿਆਂ ਦੀ ਹਾਰ ਅਤੇ ਦੂਸਰਿਆਂ ਦੀ ਜਿੱਤ ਨੇ ਭਾਰਤ ਵਿੱਚ ਅਰਬਾਂ ਦੀ ਵਧਦੀ ਹੋਈ ਸੈਨਿਕ ਵਾਧੇ ਨੂੰ ਭਾਰੀ ਸੱਟ ਮਾਰੀ।
- **(iv)** **ਤੁਰਕਾਂ ਦਾ ਅਰੰਭ**:- ਤੁਰਕਾਂ ਦੇ ਅਰੰਭ ਨੇ ਵੀ ਖਲੀਫਾ ਅਤੇ ਅਰਬ ਸ਼ਕਤੀ ਨੂੰ ਬਹੁਤ ਠੇਸ ਪਹੁੰਚਾਈ।
- **(v)** **ਸ਼ਕਤੀਸ਼ਾਲੀ ਰਾਜਪੂਤ ਰਾਜ**:- ਰਾਜਪੂਤਾਂ ਦੀ ਬਹਾਦਰ ਕੌਮ ਨੂੰ ਹਰਾਉਣਾ ਅਤੇ ਉਨ੍ਹਾਂ ਦੇ ਰਾਜ ਨੂੰ ਜਿੱਤਣਾ ਕੋਈ ਅਸਾਨ ਕੰਮ ਨਹੀਂ ਸੀ।
- **(vi)** **ਭਾਰਤੀਆਂ ਦੀ ਜਾਤ-ਪਾਤ ਵਿਵਸਥਾ**:- ਇਸ ਵਿਵਸਥਾ ਦੇ ਕਾਰਨ ਭਾਰਤੀ ਲੋਕ ਵਿਦੇਸ਼ੀਆਂ ਦੇ ਸੰਪਰਕ ਵਿੱਚ ਨਹੀਂ ਆਏ ਅਤੇ ਇਸ ਲਈ ਸਾਡੀ ਸੱਭਿਅਤਾ 'ਤੇ ਉਨ੍ਹਾਂ ਦਾ ਪ੍ਰਭਾਵ ਪੈਣਾ ਸੰਭਵ ਨਹੀਂ ਸੀ।
- **(vii)** **ਹਿੰਦੂਆਂ ਦੀ ਸੰਸਕ੍ਰਿਤਿਕ ਸ਼੍ਰੇਸ਼ਠਤਾ**:- ਭਾਰਤੀ ਸੰਸਕ੍ਰਿਤੀ ਸ਼੍ਰੇਸ਼ਠ ਹੋਣ ਦੇ ਕਾਰਨ ਅਰਬਾਂ ਨੇ ਭਾਰਤੀਆਂ ਨੂੰ ਸਿਖਾਉਣ ਦੀ ਬਜਾਏ ਉਨ੍ਹਾਂ ਕੋਲੋਂ ਸਿੱਖਿਆ।

### ਸਵ-ਮੁਲਾਂਕਣ (Self Assessment)

6. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) ਅਰਬਾਂ ਨੇ ਪ੍ਰਸ਼ਾਸਨ ਦੀ ਵਿਵਹਾਰਿਕ ਕਲਾ ਕਿਸ ਤੋਂ ਸਿੱਖੀ?

(ੳ) ਹਿੰਦੂਆਂ (ਬ) ਸਿੱਖਾਂ (ਸ) ਇਸਾਈਆਂ (ਦ) ਮੁਗਲਾਂ

(ii) ਅਰਬ ਜਿੱਤ ਦਾ ਬਹਾਦੁਰ ਕੌਣ ਸੀ?

(ੳ) ਖਲੀਫਾ (ਬ) ਮੁਹੰਮਦ ਬਿਨ ਕਾਸਿਮ (ਸ) ਦਾਹਿਰ (ਦ) ਕਾਜ਼ੀ

ਨੋਟ

(iii) ਅਰਬਾਂ ਨੇ ਭਾਰਤ ਦੇ ਕਿਸ ਭਾਗ ਨੂੰ ਜਿੱਤਿਆ ਸੀ?

(ਅ) ਪੰਜਾਬ (ਬ) ਮਹਾਂਰਾਸ਼ਟਰ (ਸ) ਸਿੰਧ (ਦ) ਇਨ੍ਹਾਂ ਵਿੱਚੋਂ ਕੋਈ ਨਹੀਂ

## 1.7 ਸਾਰ ਅੰਸ਼ (Summary)

**ਪੈਗੰਬਰ ਮੁਹੰਮਦ ਸਾਹਿਬ ਦਾ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਂਵਾਂ (Life and Teachings of Prophet Mohammad)**

1. **ਸ਼ੁਰੂਆਤੀ ਜੀਵਨ**: ਮੁਹੰਮਦ ਸਾਹਿਬ ਦਾ ਜਨਮ ਮੱਕਾ ਵਿੱਚ 570 ਈ. 'ਚ ਹੋਇਆ। ਉਨ੍ਹਾਂ ਦੇ ਪਿਤਾ ਉਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਚੱਲ ਵਸੇ ਅਤੇ ਉਨ੍ਹਾਂ ਦੀ ਮਾਤਾ ਉਦੋਂ ਚੱਲ ਵਸੀ ਜਦੋਂ ਕਿ ਅਜੇ ਉਹ ਛੇ ਸਾਲਾਂ ਦੇ ਸਨ। ਇਸ ਲਈ ਚਾਚੇ ਅੱਬੂ ਤਾਲਿਬ ਨੇ ਉਨ੍ਹਾਂ ਨੂੰ ਪਾਲਿਆ।

2. **ਵਿਆਹ**: 25 ਸਾਲਾਂ ਦੀ ਉਮਰ ਵਿੱਚ ਮੁਹੰਮਦ ਸਾਹਿਬ ਨੇ ਖਦੀਜਾ ਨਾਮ ਦੀ ਇਕ ਅਮੀਰ ਵਿਧਵਾ ਨਾਲ ਵਿਆਹ ਕਰ ਲਿਆ ਜਿਸ ਦੇ ਉਹ ਵਪਾਰਕ ਮੁਨਸ਼ੀ ਬਣ ਗਏ।

3. **ਦਿਵਯ ਗਿਆਨ**: ਜਦੋਂ ਉਹ 40 ਸਾਲਾਂ ਦੇ ਸਨ ਤਾਂ ਉਨ੍ਹਾਂ ਨੂੰ ਅੱਲ੍ਹਾ ਦਾ ਸੰਦੇਸ਼ ਮਿਲਿਆ ਕਿ ਮੈਂ ਤੈਨੂੰ ਸੱਚੇ ਧਰਮ ਦਾ ਪ੍ਰਚਾਰ ਕਰਨ ਲਈ ਸੰਸਾਰ ਵਿੱਚ ਭੇਜਿਆ ਹੈ।

4. **ਮੱਕਾ ਵਿੱਚ ਮੁਹੰਮਦ ਸਾਹਿਬ ਦੀ ਅਲੋਕਪ੍ਰਿਯਤਾ**: ਮੁਹੰਮਦ ਸਾਹਿਬ ਦਾ ਸੰਦੇਸ਼ ਵਿਸ਼ੇਸ਼ਕਰ ਉਨ੍ਹਾਂ ਵੱਲੋਂ ਮੂਰਤੀ ਪੂਜਾ ਦੀ ਨਿੰਦਾ, ਉਨ੍ਹਾਂ ਦੀ ਆਪਣੀ ਜਾਤੀ ਦੇ ਲੋਕਾਂ ਨੂੰ ਵੀ ਚੰਗੀ ਨਾ ਲੱਗੀ ਜਿਨ੍ਹਾਂ ਦਾ ਗੁਜ਼ਾਰਾ ਹੀ ਮੂਰਤੀ ਪੂਜਾ 'ਤੇ ਸੀ।

5. **ਹਿਜ਼ਰਤ**: 622 ਈ. ਵਿੱਚ ਮੁਹੰਮਦ ਸਾਹਿਬ ਮੱਕਾ ਛੱਡ ਕੇ ਮਦੀਨਾ ਆ ਗਏ। ਇੱਥੇ ਉਹ ਬੜੇ ਲੋਕਪ੍ਰਿਯ ਹੋ ਗਏ।

6. **ਧਰਮ ਪ੍ਰਚਾਰ**: ਹੁਣ ਉਨ੍ਹਾਂ ਨੂੰ ਆਪਣਾ ਧਰਮ ਪ੍ਰਚਾਰ ਕਰਨ ਅਤੇ ਅਰਬੀ ਲੋਕਾਂ ਨੂੰ ਆਪਣੇ ਧਰਮ ਵਿੱਚ ਲਿਆਉਣ ਵਿੱਚ ਵੱਡੀ ਸਫਲਤਾ ਮਿਲੀ।

**ਸਿੱਖਿਆਵਾਂ (Teachings)**

**(ਕ) ਧਨਾਤਮਕ ਸਿੱਖਿਆਵਾਂ (Positive Teachings)**

1. **ਅੱਲ੍ਹਾ 'ਤੇ ਵਿਸ਼ਵਾਸ**: ਪੈਗੰਬਰ ਸਾਹਿਬ ਇਕ ਅੱਲ੍ਹਾ ਨੂੰ ਮੰਨਣ ਵਾਲੇ ਸਨ ਅਤੇ ਉਨ੍ਹਾਂ ਨੇ ਆਪਣੇ ਅਨੁਯਾਈਆਂ 'ਤੇ ਜ਼ੋਰ ਦਿੱਤਾ ਕਿ ਅੱਲ੍ਹਾ 'ਤੇ ਦ੍ਰਿੜ ਵਿਸ਼ਵਾਸ ਰੱਖਣ।
2. **ਕਰਮ ਸਿਧਾਂਤ 'ਤੇ ਵਿਸ਼ਵਾਸ**: ਉਨ੍ਹਾਂ ਦਾ ਵਿਸ਼ਵਾਸ ਸੀ ਕਿ **ਪ੍ਰਲਯ** ਦੇ ਦਿਨ ਹਰ ਮਨੁੱਖ ਨੂੰ ਆਪਣੇ ਕਰਮਾਂ ਦੇ ਅਨੁਸਾਰ ਸਵਰਗ ਅਤੇ ਨਰਕ ਪ੍ਰਾਪਤ ਹੋਵੇਗਾ।
3. **ਵਿਸ਼ਾਲ ਭਾਈਚਾਰੇ ਵਿੱਚ ਵਿਸ਼ਵਾਸ**: ਉਨ੍ਹਾਂ ਨੇ ਲੋਕਾਂ ਵਿੱਚ ਬਰਾਬਰਤਾ ਅਤੇ **ਭ੍ਰਾਤਰੀਭਾਵ** ਦਾ ਪ੍ਰਚਾਰ ਕੀਤਾ।
4. **ਨੈਤਿਕਤਾ 'ਤੇ ਵਿਸ਼ਵਾਸ**: ਪੈਗੰਬਰ ਸਾਹਿਬ ਨੇ ਲੋਕਾਂ ਨੂੰ ਇਹ ਸਿੱਖਿਆ ਦਿੱਤੀ ਕਿ ਉਹ ਇਮਾਨਦਾਰ ਅਤੇ ਸੱਤਿਆਵਾਦੀ ਬਣਨ, ਕਦੀ ਝੂਠ ਨਾ ਬੋਲਣ ਅਤੇ ਚੋਰੀ ਨਾ ਕਰਨ।
5. **ਨਮਾਜ਼ 'ਤੇ ਵਿਸ਼ਵਾਸ**: ਮਨੁੱਖਾਂ ਨੂੰ ਦਿਨ ਵਿੱਚ ਪੰਜ ਵਾਰ ਨਮਾਜ਼ ਪੜ੍ਹਨੀ ਚਾਹੀਦੀ ਹੈ।
6. **ਵਰਤਾਂ ਅਤੇ ਤੀਰਥ-ਯਾਤਰਾਵਾਂ 'ਤੇ ਵਿਸ਼ਵਾਸ**: ਮਨੁੱਖ ਨੂੰ ਰੋਜ਼ਾ ਰੱਖਣਾ ਚਾਹੀਦਾ ਅਤੇ ਮੱਕੇ ਦਾ ਹੱਜ ਕਰਨਾ ਚਾਹੀਦਾ ਹੈ।
7. **ਕੁਰਾਨ 'ਤੇ ਵਿਸ਼ਵਾਸ**:- ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਕੁਰਾਨ ਨੂੰ ਆਪਣੇ ਜੀਵਨ ਦਾ ਮਾਰਗ ਦਰਸ਼ਨ ਮੰਨੇ।

**ਨਿਸ਼ੇਧਾਤਮਕ ਸਿੱਖਿਆਵਾਂ (Prohibitive Teachings)**

1. **ਮੂਰਤੀ ਪੂਜਾ ਦਾ ਖੰਡਨ**: ਮੁਹੰਮਦ ਸਾਹਿਬ ਮੂਰਤੀ ਪੂਜਾ ਦੇ ਪੱਕੇ ਵਿਰੋਧੀ ਸਨ ਅਤੇ ਮੁਸਲਮਾਨ ਮੂਰਤੀ ਪੂਜਾ ਨੂੰ ਸਮਾਪਤ ਕਰਨਾ ਧਾਰਮਿਕ ਕਰਤਵ ਸਮਝਦੇ ਸਨ।

**ਇਸਲਾਮ ਦੀ ਪ੍ਰਗਤੀ ਅਤੇ ਫੈਲਾਅ (Spread and Growth of Islam)**

**ਉਮੈਯਦ ਖਲੀਫੇ (632-749 ਈ.)** : ਮੁਹੰਮਦ ਸਾਹਿਬ ਦੀ ਮੌਤ ਦੇ ਬਾਅਦ ਉਮੈਯਦ ਖਲੀਫਾਵਾਂ ਨੇ ਇਸਲਾਮ ਦਾ ਪ੍ਰਚਾਰ ਸ਼ੁਰੂ ਕੀਤਾ। ਅਬੁਬਕਰ **(632-634 ਈ.)**, ਉਮਰ **(634-44 ਈ.)**, ਉਸਮਾਨ **(644-56 ਈ.)** ਅਤੇ ਅਲੀ (656-661 ਈ.)

ਨੇ ਇਸਲਾਮ ਦਾ ਰਾਜ ਇਰਾਕ, ਬੇਬੀਲੋਨ, ਇਰਾਨ, ਮਿਸਰ, ਕਾਬੁਲ, ਗਜਨੀ ਅਤੇ ਹੈਰਾਤ ਤੱਕ ਫੈਲਾ ਦਿੱਤਾ। ਮੁਆਵਿਆਂ ਦੀ ਅਗਵਾਈ ਵਿੱਚ ਟਿਊਨਿਸ ਅਤੇ ਮੋਰਾਕੋ ਵੀ ਇਸਲਾਮੀ ਦੇਸ਼ ਬਣ ਗਏ। ਸਪੇਨ ਅਤੇ ਫਰਾਂਸ ਦਾ ਇਕ ਭਾਗ ਵੀ ਜਿੱਤ ਲਿਆ ਗਿਆ। ਇਸਲਾਮ ਇੰਨੀ ਤੇਜ਼ੀ ਨਾਲ ਫੈਲਿਆ ਕਿ ਕਿਰਸਤਾਨੀ ਰਾਜ ਦੇ ਭਾਗ ਨੂੰ ਖਤਰਾ ਹੋ ਗਿਆ।

**ਅਬਾਸੀਦ ਖਲੀਫੇ (749-1256 ਈ.):** ਅਰਬੀ ਉਮੈਯਦਾਂ ਦੇ ਬਾਅਦ ਤੁਰਕੀ ਅਬਾਸੀਦ ਖਲੀਫਾ ਬਣ ਗਏ। ਉਨ੍ਹਾਂ ਨੇ ਦਮਸ਼ਕ ਦੇ ਸਥਾਨ 'ਤੇ ਬਗਦਾਦ ਨੂੰ ਰਾਜਧਾਨੀ ਬਣਾ ਲਿਆ। ਹਾਰੂਨ-ਅਲ-ਰਸ਼ੀਦ ਸਾਰੇ ਅਬਾਸੀਦਾਂ ਵਿੱਚ ਸਭ ਤੋਂ ਜ਼ਿਆਦਾ ਪ੍ਰਸਿੱਧ ਹੋਏ। ਉਨ੍ਹਾਂ ਦੇ ਰਾਜ ਵਿੱਚ ਬਗਦਾਦ ਕਲਾ ਅਤੇ ਗਿਆਨ ਦਾ ਕੇਂਦਰ ਬਣ ਗਏ। 1256 ਈ. ਵਿੱਚ ਆਖਰੀ ਖਲੀਫਾ ਅਲ-ਮੁਸਤਸੀਮ ਨੂੰ ਮੁਗਲਾਂ ਨੇ ਮਾਰ ਦਿੱਤਾ।

### ਅਰਬਾਂ ਦੀ ਸਿੰਧ 'ਤੇ ਜਿੱਤ (Arab Conquest of Sindh)

**(ਕ) ਅਰਬ ਹਮਲੇ ਦੇ ਕਾਰਣ:**

(i) **ਰਾਜਨੀਤਿਕ:** ਅਰਬ ਲੋਕ ਤੇਜ਼ ਲਾਲਸਾ ਰੱਖਣ ਵਾਲੇ ਸਨ ਅਤੇ ਭਾਰਤ ਦੀ ਭੂਮੀ ਨੂੰ ਜਿੱਤਣਾ ਚਾਹੁੰਦੇ ਸਨ।

(ii) **ਆਰਥਿਕ** : ਅਰਬ ਅਮੀਰਾਂ ਨੂੰ ਲੁੱਟਣਾ ਚਾਹੁੰਦੇ ਸਨ ਅਤੇ ਭਾਰਤ ਦੇ ਕਥਾਗਤ ਧਨ ਨੂੰ ਲੁੱਟਣਾ ਚਾਹੁੰਦੇ ਸਨ।

(iii) **ਧਾਰਮਿਕ** : ਅਰਬ ਇਸਲਾਮ ਧਰਮ ਨੂੰ ਫੈਲਾਉਣਾ ਚਾਹੁੰਦਾ ਸਨ ਅਤੇ ਭਾਰਤ ਵਿੱਚ ਮੂਰਤੀ ਪੂਜਾ ਦਾ ਖੰਡਨ ਕਰਨਾ ਚਾਹੁੰਦੇ ਸਨ।

(iv) **ਤਤਕਾਲੀਨ:** ਅਰਬਾਂ ਦਾ ਜਹਾਜ਼ ਲੰਕਾ ਤੋਂ ਆਉਂਦੇ ਸਮੇਂ ਦੇਬਲ ਦੇ ਡਾਕੂਆਂ ਦੁਆਰਾ ਲੁੱਟ ਲਿਆ ਗਿਆ। ਜਦੋਂ ਰਾਜਾ ਦਾਹਿਰ ਤੋਂ ਉਸ ਦਾ ਹਰਜਾਨਾ ਮੰਗਿਆ ਗਿਆ ਤਾਂ ਉਸ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਹਜਾਜ ਨੇ ਦੋ ਵਾਰ ਸੈਨਾ ਭੇਜੀ ਜੋ ਅਸਫਲ ਰਹੀ। ਅੰਤ 712 ਈ. ਵਿੱਚ ਮੁਹੰਮਦ ਬਿਨ ਕਾਸਿਮ ਨੂੰ ਭੇਜਿਆ ਗਿਆ।

(v) **ਦੇਬਲ ਦੀ ਜਿੱਤ** : ਮੁਹੰਮਦ ਦੇ 25,000 ਸੈਨਿਕ ਦੇਬਲ ਦੇ 4,000 ਸੈਨਿਕਾਂ ਨਾਲ ਲੜੇ। ਮੁਹੰਮਦ ਨੇ ਉਸ ਤਬੀਤ ਨੂੰ ਨਸ਼ਟ ਕਰ ਦਿੱਤਾ ਜੋ ਕਿ ਮੰਦਿਰ ਦੇ ਲਾਲ ਝੰਡੇ ਦੇ ਨਾਲ ਬੰਨ੍ਹਿਆ ਹੋਇਆ ਸੀ, ਉਸ ਨੂੰ ਜਿੱਤ ਪ੍ਰਾਪਤ ਹੋਈ ਅਤੇ ਉਸ ਨੇ ਕੇਵਲ ਲੁੱਟਮਾਰ ਹੀ ਕੀਤੀ ਬਲਕਿ ਲੋਕਾਂ ਨੂੰ ਜ਼ਬਰਦਸਤੀ ਮੁਸਲਮਾਨ ਬਨਾਇਆ।

(vi) **ਨਿਰੁਨ ਅਤੇ ਸਹਿਵਾਨ** : ਇਸ ਤੋਂ ਬਾਅਦ ਨਿਰੁਨ ਅਤੇ ਸਹਿਵਾਨ ਜਿੱਤ ਲਿਆ ਗਿਆ ਅਤੇ ਉਹ ਵੀ ਬਿਨਾਂ ਕਿਸੇ ਜ਼ਿਆਦਾ ਮੁਕਾਬਲੇ ਦੇ।

(vii) **ਰਾਵੜ ਦੀ ਲੜਾਈ** (**ਜੂਨ 712 ਈ.**) ਰਾਜਾ ਦਾਹਿਰ ਨੇ 50,000 ਸੈਨਿਕ ਲੈ ਕੇ ਵਿਦੇਸ਼ੀਆਂ ਦਾ ਰਾਵੜ 'ਤੇ ਸਾਹਮਣਾ ਕੀਤਾ। ਉਹ ਬੜੀ ਬਹਾਦਰੀ ਨਾਲ ਲੜਿਆ ਪ੍ਰੰਤੂ ਅੰਤ ਵਿੱਚ ਹਾਰ ਖਾਧੀ ਅਤੇ ਮਾਰਿਆ ਗਿਆ। ਉਸ ਦੀ ਰਾਣੀ ਰਵਿਬਾਈ ਨੇ ਜੌਹਰ ਦਿਖਾਈ।

(viii) **ਬ੍ਰਾਹਮਣਵਾਦ ਦੀ ਜਿੱਤ** : ਮੁਹੰਮਦ ਹੁਣ ਬ੍ਰਾਹਮਣਵਾਦ ਵੱਲ ਵਧਿਆ ਅਤੇ ਉਸ ਨੇ ਉਸ ਨੂੰ ਰਾਜਾ ਨਰਸਿੰਘ ਤੋਂ ਜਿੱਤ ਲਿਆ, ਸੂਰਜਦੇਵੀ ਅਤੇ ਪਰਮਲਦੇਵੀ-ਦਾਹਿਰ ਦੀਆਂ ਦੋ ਸੁੰਦਰ ਕੁੜੀਆਂ-ਦੁਸ਼ਮਣ ਦੇ ਹੱਥ ਲੱਗ ਗਈਆਂ।

(ix) **ਐਲੌਰ ਦੀ ਹਾਰ:** ਫੂਜੀ ਨੂੰ ਹਰਾਉਣ ਦੇ ਬਾਅਦ ਕਾਸਿਮ ਨੇ ਇੱਥੇ ਦੀ ਰਾਜਧਾਨੀ ਐਲੌਰ ਨੂੰ ਜਿੱਤ ਲਿਆ।

(x) **ਮੁਲਤਾਨ ਦੀ ਚੜ੍ਹਾਈ** : 1713 ਈ. ਦੇ ਸ਼ੁਰੂ ਵਿੱਚ ਮੁਹੰਮਦ ਮੁਲਤਾਨ ਵੱਲ ਦੌੜ ਪਿਆ ਅਤੇ ਉਸ ਨੇ ਉਹ ਅਮੀਰ ਪ੍ਰਾਂਤ ਵੀ ਜਿੱਤ ਲਿਆ।

(xi) **ਮੁਹੰਮਦ ਦੀ ਮੌਤ** : ਕਾਸਿਮ ਨੇ ਹੁਣ ਕਨੌਜ ਅਤੇ ਬਾਕੀ ਭਾਰਤ ਨੂੰ ਜਿੱਤਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਪ੍ਰੰਤੂ ਇਕਦਮ ਕੀ ਹੋਇਆ ਕਿ ਖਲੀਫਾ ਨੇ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ।

**(ਖ) ਦਾਹਿਰ ਦੀ ਅਸਫਲਤਾ ਦੇ ਕਾਰਨ**

(i) **ਸਮਾਜਿਕ ਫੁੱਟ** : ਲੋਕ ਕਈ ਧੜਿਆਂ ਤੱਕ ਵਰਗਾਂ ਵਿੱਚ ਵੰਡੇ ਹੋਏ ਸਨ ਅਤੇ ਉਹ ਇਕ-ਦੂਸਰੇ ਨਾਲ ਈਰਖਾ ਰੱਖਦੇ ਸਨ। ਹਿੰਦੂ ਰਾਜੇ ਨੇ ਬੁੱਧ ਧਰਮ ਦੀ ਪੂਜਾ 'ਤੇ ਪਾਬੰਦੀਆਂ ਲਗਾ ਦਿੱਤੀਆਂ।

(ii) **ਸ਼ਾਸਕਾਂ ਦੀ ਅਪ੍ਰਿਯਤਾ** : ਲੋਕ ਆਪਣੇ ਸ਼ਾਸਕਾਂ ਨੂੰ ਪਸੰਦ ਨਹੀਂ ਕਰਦੇ ਸਨ ਜੋ ਕਮਜ਼ੋਰ ਅਤੇ ਅਯੋਗ ਸਨ।

(iii) **ਸਿੰਧ ਦੀ ਗਰੀਬੀ** : ਬੰਜਰ ਭੂਮੀ ਦਾ ਪ੍ਰਦੇਸ਼ ਹੋਣ ਦੇ ਕਾਰਨ ਸਿੰਧ ਦੇ ਸਾਧਨ ਬਹੁਤ ਸੀਮਿਤ ਸਨ। ਸਿੰਧ ਇੰਨਾ ਅਮੀਰ ਪ੍ਰਾਂਤ ਨਹੀਂ ਸੀ ਕਿ ਦੁਸ਼ਮਣਾਂ ਦਾ ਪੂਰੀ ਤਰ੍ਹਾਂ ਸਾਹਮਣਾ ਕਰ ਸਕਦਾ।

ਨੋਟ

(iv) **ਸਿੰਧ ਦੀ ਅਲਿਹਦਗੀ:**-ਵਿਵਹਾਰਕ ਰੂਪ ਨਾਲ ਅਲੱਗ-ਅਲੱਗ ਰਹਿਣ ਦੇ ਕਾਰਨ ਸਿੰਧ ਭਾਰਤ ਦੇ ਦੂਸਰੇ ਭਾਗਾਂ ਤੋਂ ਸਹਾਇਤਾ ਪ੍ਰਾਪਤ ਨਹੀਂ ਕਰ ਸਕਿਆ।

(v) **ਲੋਕਾਂ ਦਾ ਅੰਧਵਿਸ਼ਵਾਸ ਪੂਰਨ ਸੁਭਾਅ** : ਲੋਕ ਅੰਧਵਿਸ਼ਵਾਸ ਦਾ ਸ਼ਿਕਾਰ ਸਨ ਅਤੇ ਆਪਣੀ ਸ਼ਕਤੀ 'ਤੇ ਭਰੋਸਾ ਨਹੀਂ ਕਰਦੇ ਸਨ।

(vi) **ਦਾਹਿਰ ਦੀ ਅਯੋਗ ਅਗਵਾਈ** : ਰਾਜਾ ਦਾਹਿਰ ਇਕ ਅਯੋਗ ਨੇਤਾ ਸੀ ਜਿਸ ਨੇ ਦੁਸ਼ਮਣਾਂ ਦੀ ਪ੍ਰਗਤੀ ਰੋਕਣ ਲਈ ਕੋਈ ਕਦਮ ਨਹੀਂ ਉਠਾਇਆ ਅਤੇ ਬਹੁਤ ਸਾਰੀਆਂ ਗਲਤੀਆਂ ਕੀਤੀਆਂ।

(vii) **ਮੁਸਲਮਾਨਾਂ ਦਾ ਧਾਰਮਿਕ ਜਨੂਨ** : ਆਪਣੇ ਧਾਰਮਿਕ ਜਨੂਨ ਦੇ ਕਾਰਨ ਮੁਸਲਮਾਨ ਬੜੀ ਬਹਾਦਰੀ ਅਤੇ ਬੜੇ ਜੋਸ਼ ਨਾਲ ਲੜਦੇ ਸਨ।

(viii) **ਮੁਹੰਮਦ-ਬਿਨ-ਕਾਸਿਮ ਦਾ ਸੈਨਾਪਤੀ ਅਤੇ ਉਸ ਦੀ ਸ਼ਕਤੀ** : ਮੁਹੰਮਦ ਦੀ ਸੈਨਾ ਸੰਖਿਆ ਅਤੇ ਸਮਾਨ ਵਿੱਚ ਕਿਤੇ ਸ੍ਰੇਸ਼ਠ ਸਨ ਅਤੇ ਖੁਦ ਵੀ ਉਹ ਇਕ ਨਿਡਰ ਅਤੇ ਅਨੁਭਵੀ ਸੈਨਾਪਤੀ ਸੀ।

## 1.8 ਸ਼ਬਦਕੋਸ਼ (Keywords)

- **ਮੱਕਾ (Mecca)** : ਮੁਸਲਿਮ ਸਮੁਦਾਏ ਦਾ ਤੀਰਥ ਸਥਾਨ।
- **ਪ੍ਰਸ਼ਾਸਨ (Administration)** : ਨਗਰ, ਸੰਸਥਾ ਆਦਿ ਦੇ ਅਧਿਕਾਰਾਂ, ਕਰਤਵਾਂ ਨੂੰ ਕਾਰਜ ਰੂਪ ਦੇਣਾ।

## 1.9 ਅਭਿਆਸ ਪ੍ਰਸ਼ਨ (Review Questions)

1. ਪੈਗੰਬਰ ਮੁਹੰਮਦ ਸਾਹਿਬ ਦਾ ਜੀਵਨ ਬਾਰੇ ਜਾਣਕਾਰੀ ਦਿਓ।
2. ਇਸਲਾਮ ਦੀ ਪ੍ਰਗਤੀ ਅਤੇ ਵਿਸਥਾਰ ਦਾ ਵਰਨਣ ਕਰੋ।
3. ਅਬੁਬਕ ਕੌਣ ਸਨ?
4. ਅੱਠਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਦੀ ਰਾਜਨੀਤਿਕ ਸਥਿਤੀ ਦਾ ਵਰਨਣ ਕਰੋ।

**ਉੱਤਰ : ਸਵ-ਮੁਲਾਂਕਨ (Answer : Self Assessment)**

| | | | | | |
|---|---|---|---|---|---|
| 1. | (i) 570 ਈ. | (ii) 622 ਈ. | (iii) ਅਬੁਬਕ | | |
| 2. | (i) (ਅ) | (ii) (ਬ) | (iii) (ਸ) | (iv) (ਅ) | (v) (ਦ) |
| 3. | (i) ਸੱਚ | (ii) ਝੂਠ | (iii) ਸੱਚ | (iv) ਝੂਠ | (v) ਸੱਚ। |
| 4. | (i) ਸੱਚ | (ii) ਝੂਠ | (iii) ਸੱਚ | (iv) ਝੂਠ | (v) ਸੱਚ। |
| 5. | (i) ਜ਼ਿਲ੍ਹਿਆਂ | (ii) ਜਜੀਆ | (iii) ਕਾਜ਼ੀ | (iv) ਇਸਲਾਮੀ | |
| 6. | (i) (ਅ) | (ii) (ਬ) | (iii) (ਸ) | | |

## 1.10 ਸੰਬੰਧਿਤ ਪੁਸਤਕਾਂ (Further Readings)

*ਬੁਕਸ*

1. ਮੱਧਕਾਲੀਨ ਭਾਰਤ ਦਾ ਇਤਿਹਾਸ-ਸ਼ੈਲੇਂਦਰ ਸ਼ੈਂਗਰ, ਐਟਲਾਂਟਿਕ ਪਬਲਿਸ਼ਰ।
2. ਪੂਰਵ ਮੱਧਕਾਲੀਨ ਭਾਰਤ (ਦਿੱਲੀ ਸਲਤਨਤ)- ਤ੍ਰਿਨੇਤਰ ਪਾਂਡੇ, ਰਾਜਕਮਲ ਪ੍ਰਕਾਸ਼ਨ ਪ੍ਰਾਈਵੇਟ ਲਿਮਟਿਡ।
3. ਮੱਧਕਾਲੀਨ ਭਾਰਤ (ਦਿੱਲੀ ਸਲਤਨਤ)- ਹਰੀ ਸਿੰਘ, ਪਿਯਸਰਨ ਐਜੂਕੇਸ਼ਨ ਇੰਡੀਆ।
4. ਪੂਰਵ ਮੱਧਕਾਲੀਨ ਭਾਰਤ ਦਾ ਸੰਮਤੀ ਸਮਾਜ ਅਤੇ ਸੰਸਕ੍ਰਿਤੀ-ਰਾਜਸ਼ਰਣ ਸ਼ਰਮਾ, ਰਾਜ ਕਮਲ ਪ੍ਰਕਾਸ਼ਨ।
5. ਮੱਧਕਾਲੀਨ ਭਾਰਤ ਵਿੱਚ ਨਗਰੀਕਰਣ-ਨਮਰਤਾ ਸਿੰਘ, ਯੂਨੀਵਰਸਿਟੀ ਪਬਲੀਕੇਸ਼ਨ।

ਨੋਟ

# ਇਕਾਈ-2: ਮੁਸਲਮਾਨਾਂ ਦੇ ਹਮਲਿਆਂ ਨਾਲ ਸਾਰੇ ਭਾਰਤ ਦੀ ਦਸ਼ਾ
# (India on the Eve of Muslim Conquests)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

2.1 ਦੱਖਣ ਦੇ ਰਾਜ (The Deccan Kingdoms)

2.2 ਸਾਰ ਅੰਸ਼ (Summary)

2.3 ਸ਼ਬਦਕੋਸ਼ (Keywords)

2.4 ਅਭਿਆਸ ਪ੍ਰਸ਼ਨ (Review Questions)

2.5 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ:

- ਦਕਿਖਣ ਦੇ ਰਾਜ ਸਬੰਧੀ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਨ ਸਬੰਧੀ।
- ਸਾਮਨਤਾਂ ਦੀ ਸਥਿਤੀ ਸਬੰਧੀ ਜਾਣਕਾਰੀ ਸਬੰਧੀ।

## ਜਾਣਕਾਰੀ (Introduction)

11ਵੀਂ ਸਦੀ ਵਿੱਚ ਜਦੋਂ ਮੁਸਲਮਾਨਾਂ ਨੇ ਭਾਰਤ 'ਤੇ ਹਮਲੇ ਕਰਨੇ ਸ਼ੁਰੂ ਕੀਤੇ ਉਦੋਂ ਭਾਰਤ ਵੱਖ-ਵੱਖ ਰਾਜਾਂ ਵਿੱਚ ਵੰਡਿਆ ਹੋਇਆ ਸੀ। ਇਨ੍ਹਾਂ ਰਾਜਾਂ ਦੇ ਸ਼ਾਸਕ ਆਪਸ ਵਿੱਚ ਸਭ ਤੋਂ ਸਰਵਉੱਚ ਸ਼ਕਤੀ ਸਥਾਪਿਤ ਕਰਨ ਲਈ ਲੜ ਰਹੇ ਸਨ। ਆਪਸੀ ਈਰਖਾ ਅਤੇ ਦੁਸ਼ਮਣੀ ਦੇ ਕਾਰਨ ਉਹ ਵਿਦੇਸ਼ੀ ਹਮਲਾਵਰਾਂ ਦਾ ਇਕੱਠੇ ਹੋ ਕੇ ਸਾਹਮਣਾ ਨਾ ਕਰ ਸਕੇ। ਉਨ੍ਹਾਂ ਦੀ ਹਾਰ ਦਾ ਇਹ ਇਕ ਮੁੱਖ ਕਾਰਨ ਸੀ।

**ਮੁਲਤਾਨ ਅਤੇ ਸਿੰਧ:** 612 ਈ. ਵਿੱਚ ਅਰਬਾਂ ਨੇ ਸਿੰਧ ਅਤੇ ਮੁਲਤਾਨ ਦੋਵਾਂ ਰਾਜਾਂ ਨੂੰ ਜਿੱਤ ਲਿਆ। ਇਹ ਦੋਵੇਂ ਹਿੰਦੂ ਰਾਜ ਜੇਕਰ ਇਕੱਠੇ ਹੋ ਕੇ ਵਿਦੇਸ਼ੀਆਂ ਦੁਆਰਾ ਜਿੱਤੇ ਜਾਣ ਦਾ ਵਿਰੋਧ ਕਰਦੇ ਤਾਂ ਜ਼ਰੂਰ ਸਫਲ ਹੁੰਦੇ। ਲਗਾਤਾਰ ਦੁਸ਼ਮਣੀ ਦੇ ਕਾਰਨ ਇਹ ਰਾਜ ਮੁਸਲਮਾਨਾਂ ਦੇ ਅਧੀਨ ਰਹੇ। 871 ਈ. ਵਿੱਚ ਇਨ੍ਹਾਂ ਰਾਜਾਂ ਨੇ ਖਲੀਫਾ ਦੇ **ਅਧਿਪਤਯ** ਦਾ ਅੰਤ ਕਰ ਦਿੱਤਾ ਅਤੇ ਸੁਤੰਤਰ ਹੋ ਗਏ। ਇਹ ਰਾਜ ਆਪਣੀ ਵਿਸ਼ੇਸ਼ ਸਥਿਤੀ ਦੇ ਕਾਰਨ ਸਮੇਂ-ਸਮੇਂ 'ਤੇ ਖਲੀਫਾ ਦੇ ਪ੍ਰਤੀ ਨਾਮਾਤਰ ਸਵਾਮੀ-ਭਗਤੀ ਪ੍ਰਦਰਸ਼ਿਤ ਕਰਦੇ ਰਹੇ। ਕਈ ਰਾਜਵੰਸ਼ ਆਏ ਅਤੇ ਚਲੇ ਗਏ। 11ਵੀਂ ਸਦੀ ਦੇ ਸ਼ੁਰੂ ਵਿੱਚ ਮੁਲਤਾਨ ਵਿੱਚ **ਕਾਰਮਥਿਯਨ** ਜਾਤੀ ਦਾ ਸ਼ਾਸਕ ਫਤਹਿ ਦਾਊਦ ਰਾਜ ਕਰਦਾ ਸੀ। ਉਹ ਆਪਣੀ ਯੋਗਤਾ ਲਈ ਲੋਕਪ੍ਰਿਯ ਸੀ। ਸਿੰਧ ਵਿੱਚ ਅਰਬ ਦੇ ਮੁਸਲਮਾਨ ਰਾਜ ਕਰਦੇ ਸਨ।

**ਹਿੰਦੂਸ਼ਾਹੀ ਸਾਮਰਾਜ** : ਇਸ ਰਾਜ ਦੀਆਂ ਹੱਦਾਂ ਝਨਾਬ ਨਦੀ ਤੋਂ ਲੈ ਕੇ ਹਿੰਦੂਕੁਸ਼ ਪਰਬਤ ਤੱਕ ਸਨ। ਕਾਬੁਲ ਇਸ ਰਾਜ ਦੇ ਅਧੀਨ ਸਨ। ਅਰਬ ਦੇ ਸ਼ਾਸਕ ਇਸ ਰਾਜ ਨੂੰ 200 ਸਾਲ ਦੇ ਕਾਫ਼ੀ ਯਤਨਾਂ ਨਾਲ ਵੀ ਜਿੱਤ ਨਾ ਸਕੇ। ਅੰਤ ਵਿੱਚ ਇਨ੍ਹਾਂ ਨੂੰ ਅਫਗਾਨਿਸਤਾਨ, ਕਾਬੁਲ ਸਮੇਤ ਛੱਡਣਾ ਪਿਆ। ਨਵੀਂ ਰਾਜਧਾਨੀ ਉਦਭੰਦਪੁਰ (Udbhandpur) ਅਤੇ Okbgan (Waihand) ਬਣਾਈ ਗਈ। ਜੈਪਾਲ 10ਵੀਂ ਸਦੀ ਦੇ ਅੰਤ ਵਿੱਚ ਇੱਥੇ ਦਾ ਸ਼ਾਸਕ ਸੀ। ਉਹ ਆਪਣੀ ਬਹਾਦਰੀ ਅਤੇ ਯੋਗਤਾ ਲਈ ਪ੍ਰਸਿੱਧ ਸੀ, ਲੇਕਿਨ ਵਿਦੇਸ਼ੀ ਜਿੱਤਾਂ ਦਾ ਸਾਹਮਣਾ ਕਰਨ ਵਿੱਚ ਅਸਫਲ ਰਿਹਾ।

ਨੋਟ

**ਕਸ਼ਮੀਰ** : ਕਸ਼ਮੀਰ ਦਾ ਰਾਜ ਮੁੱਖ ਰਾਜਾਂ ਵਿੱਚੋਂ ਇਕ ਸੀ। ਇਸ ਦੇ ਸ਼ਾਸਕ ਨੂੰ ਹਿੰਦੁਸਤਾਨੀ ਸਾਮਰਾਜ ਅਤੇ ਕਨੌਜ ਦੇ ਨਾਲ ਯੁੱਧ ਲੜਨਾ ਪਿਆ। ਕਸ਼ਮੀਰ ਦਾ ਇਕ ਪ੍ਰਸਿੱਧ ਸ਼ਾਸਕ ਸ਼ੰਕਰਵਰਮਨ ਸੀ। ਉਸ ਦੀ ਦੇਖ-ਰੇਖ ਵਿੱਚ ਰਾਜ ਦੀ ਸੀਮਾ ਦਾ ਕਈਆਂ ਦਿਸ਼ਾਵਾਂ ਵਿੱਚ ਵਿਸਥਾਰ ਹੋਇਆ। ਅਜਿਹਾ ਕਿਹਾ ਜਾਂਦਾ ਹੈ ਕਿ ਉਸ ਨੇ ਆਧੁਨਿਕ ਹਜ਼ਾਰਾ ਜ਼ਿਲ੍ਹੇ ਅਤੇ ਪ੍ਰਾਚੀਨ ਉਰਾਸਾ ਦੇ ਲੋਕਾਂ ਦੇ ਨਾਲ ਯੁੱਧ ਕਰਦੇ ਹੋਏ ਵੀਰਗਤੀ ਪ੍ਰਾਪਤ ਕੀਤੀ। ਉਸ ਦਾ ਸਥਾਨ ਕੁਝ ਸੰਘਰਸ਼ ਦੇ ਬਾਅਦ ਯਸਕਾਰਾ ਨੇ ਲਿਆ। ਉਸ ਤੋਂ ਬਾਅਦ ਪੂਰਵਗੁਪਤ ਅਤੇ ਕਸ਼ੇਮਗੁਪਤ ਸ਼ਾਸਕ ਬਣੇ। ਕਸ਼ੇਮਗੁਪਤ ਦੀ ਪਤਨੀ ਦੀਦਾ ਅਸਲ ਵਿੱਚ ਰਾਜ ਦੀ ਸੰਚਾਲਕ ਸੀ। ਕੁਝ ਸਮੇਂ ਦੇ ਬਾਅਦ ਉਸ ਨੇ ਕਸ਼ੇਮਗੁਪਤ ਨੂੰ ਲਾਹ ਕੇ ਖੁਦ ਸਿੰਘਾਸਨ ਸੰਭਾਲ ਲਿਆ। ਦੀਦਾ ਦੇ ਰਾਜ ਦਾ ਅੰਤ 1003 ਈ. ਵਿੱਚ ਹੋਇਆ। ਲੋਹਾਰਾ ਵੰਸ਼ ਦੇ ਸ਼ਾਸਕ ਸੰਗਰਾਮਰਾਜਾ ਨੇ ਨਵੇਂ ਵੰਸ਼ ਦੀ ਨੀਂਹ ਰੱਖੀ। ਮੁਸਲਮਾਨਾਂ ਦੇ ਪੰਜਾਬ 'ਤੇ ਹਮਲਿਆਂ ਦੇ ਸਮੇਂ ਕਸ਼ਮੀਰ ਦਾ ਸ਼ਾਸਨ ਇਕ ਇਸਤਰੀ ਦੇ ਅਧੀਨ ਸੀ।

**ਕਨੌਜ** : 9ਵੀਂ ਸਦੀ ਦੇ ਮੱਧ ਤੋਂ ਕਨੌਜ ਵਿੱਚ ਪ੍ਰਤੀਹਾਰ ਵੰਸ਼ ਰਾਜ ਕਰ ਰਿਹਾ ਸੀ। ਉਹ ਸ਼੍ਰੀ ਰਾਮ ਦੇ ਭਰਾ ਲਛਮਣ ਨੂੰ ਆਪਣੇ ਵੰਸ਼ ਦਾ ਸੰਸਥਾਪਕ ਮੰਨਦੇ ਸਨ। ਕਈ ਵਿਦਵਾਨਾ ਦਾ ਵਿਚਾਰ ਹੈ ਕਿ ਉਹ ਗੁੱਜਰ ਜਾਤੀ ਦੀ ਸੰਤਾਨ ਹਨ। ਉਨ੍ਹਾਂ ਦੇ ਰਾਜਾ ਵਤਸ ਨੂੰ ਸਮਰਾਟ ਦੀ ਉਪਾਧੀ ਨਾਲ ਸੁਸ਼ੋਭਿਤ ਕੀਤਾ ਗਿਆ ਸੀ। ਉਸ ਦਾ ਉਤਰਅਧਿਕਾਰੀ ਰਾਜਾ ਨਾਗਭੱਟ ਦਿੱਤਯ ਸੀ। ਧਰਮਪਾਲ, ਬੰਗਾਲ ਦੇ ਸ਼ਾਸਕ ਨੂੰ ਨਾਗਭੱਟ ਤੋਂ ਹਾਰ ਸਵੀਕਾਰ ਕਰਨੀ ਪਈ ਪ੍ਰੰਤੂ ਰਾਸ਼ਟਰਕੂਟਾਂ ਤੋਂ ਇਹ ਆਪ ਹਾਰ ਗਏ। ਆਪਣੇ ਗੁਆਂਢੀ ਰਾਜਾਂ ਨਾਲ ਕਨੌਜ ਨੂੰ ਨਿਰੰਤਰ ਯੁੱਧ ਲੜਨਾ ਪਿਆ। ਰਾਸ਼ਟਰਕੂਟਾਂ ਦੇ ਸ਼ਾਸਕ, ਇੰਦਰ ਦਿੱਤਯ ਨੇ ਕਨੌਜ ਦੇ ਪ੍ਰਤੀਹਾਰ ਰਾਜੇ ਮਹਿਪਾਲ ਨੂੰ ਯੁੱਧ ਵਿੱਚ ਇੰਨੀ ਬੁਰੀ ਤਰ੍ਹਾਂ ਨਾਲ ਤਿਤਰ-ਬਿਤਰ ਕੀਤਾ ਕਿ ਉਸ ਦੀ ਰਾਜਧਾਨੀ ਕਨੌਜ ਵੀ ਖੋਹੀ ਗਈ। ਪ੍ਰਤੀਹਾਰ ਰਾਜ ਖਤਮ ਹੋ ਗਿਆ ਅਤੇ ਉਸ ਦੀ ਹੱਦ ਸਮਾਪਤ ਹੋ ਗਈ। ਉੱਤਰੀ ਗੰਗਾ ਘਾਟੀ, ਰਾਜਸਥਾਨ ਦਾ ਕੁਝ ਅੰਸ਼ ਅਤੇ ਮਾਲਵਾ ਉਸ ਦੇ ਅਧੀਨ ਰਹਿ ਗਿਆ। ਉਨ੍ਹਾਂ ਦੇ ਅਧੀਨ ਰਾਜ, ਬੁਨਦੇਲਖੰਡ ਦੇ ਚੰਦੇਲ, ਗੁਜਰਾਤ ਦੇ ਚਾਲੂਕਯ ਅਤੇ ਮਾਲਵਾ ਦੇ ਪਰਮਾਰ ਸਾਰੇ ਸੁਤੰਤਰ ਹੋ ਗਏ। ਰਾਜਪਾਲ ਪ੍ਰਤੀਹਾਰ ਵੰਸ਼ ਦਾ ਅੰਤਿਮ ਸ਼ਾਸਕ ਸੀ ਜਿਸ ਦੇ ਸ਼ਾਸਨ ਸਮੇਂ ਵਿੱਚ 1018 ਈ. 'ਚ ਮੁਹੰਮਦ ਗਜਨਵੀ ਨੇ ਕਨੌਜ 'ਤੇ ਹਮਲਾ ਕੀਤਾ। ਇਸ ਤੋਂ ਬਾਅਦ ਗਹਿੜਵਾਲ ਕਨੌਜ ਦੇ ਨਵੇਂ ਸ਼ਾਸਕ ਬਣੇ ਜਿਸ ਦਾ ਸੰਸਥਾਪਕ ਚੰਦਰਦੇਵ ਸੀ। ਉਸ ਨੇ ਕਾਸ਼ੀ, ਕਨੌਜ, ਅਯੁੱਧਿਆ ਅਤੇ ਇੰਦਰਸਥਾਨਾ ਆਦਿ ਧਾਰਮਿਕ ਸਥਾਨਾਂ ਦੀ ਰੱਖਿਆ ਕੀਤੀ। ਸੰਭਵ ਹੈ ਕਿ ਉਸ ਨੇ ਉਰੁਸ਼ਦੰਡ ਨਾਮਕ ਕਰ ਲਗਾ ਕੇ ਉਸ ਧਨ ਨਾਲ ਹੱਦ ਦੀ ਰੱਖਿਆ ਲਈ ਸਥਾਈ ਸੈਨਾ ਬਣਾਈ। ਚੰਦਰਦੇਵ ਦਾ ਪੋਤਰਾ, ਗੋਵਿੰਦ ਚੰਦਰ ਆਪਣੇ ਗੁਆਂਢੀ ਰਾਜਾਂ ਨਾਲ ਲਗਾਤਾਰ ਯੁੱਧ ਲੜਦਾ ਰਿਹਾ ਅਤੇ ਉਸ ਨੇ ਆਪਣੇ ਰਾਜ ਦੀ ਪੂਰਬੀ ਹੱਦ ਮੁਘੇਰ ਤੱਕ ਚੜ੍ਹਾ ਲਈ।

ਅਜਿਹਾ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਸ ਨੂੰ ਮੁਸਲਮਾਨਾਂ ਦਾ ਸਾਹਮਣਾ ਕਰਨ ਵਿੱਚ ਜ਼ਿਆਦਾ ਸਫਲਤਾ ਨਹੀਂ ਮਿਲੀ। ਵਿਜੇ ਚੰਦਰ ਨੇ ਗੋਵਿੰਦ ਚੰਦਰ ਦਾ ਸਥਾਨ ਲਿਆ। ਮੁਸਲਮਾਨਾਂ ਨਾਲ ਫਿਰ ਯੁੱਧ ਛਿੜ ਗਿਆ। ਉਸ ਦਾ ਸਥਾਨ ਜੈ ਚੰਦਰ ਨੇ ਲਿਆ। ਜੈ ਚੰਦਰ ਨੂੰ ਪੂਰਬ ਵਿੱਚ ਸੇਨ ਵੰਸ਼ ਅਤੇ ਪੱਛਮ ਵਿੱਚ ਅਜਮੇਰ ਅਤੇ ਸਾਮਭਰ ਦੇ ਚੌਹਾਨ ਵੰਸ਼ਾਂ ਦੇ ਨਾਲ ਸੰਘਰਸ਼ ਕਰਨਾ ਪਿਆ। ਉਸ ਨੇ 'ਉਰੁਸ਼ਦੰਡ' ਨਾਮਕ ਕਰ ਬੰਦ ਕਰ ਦਿੱਤਾ। ਜੈ ਚੰਦਰ ਅਤੇ ਪ੍ਰਿਥਵੀ ਰਾਜ ਦਾ ਲਗਾਤਾਰ ਦਵੇਸ਼ **ਦੋਵਾਂ ਦੇ ਖਾਤਮੇ** ਦਾ ਕਾਰਨ ਬਣਿਆ।

*ਨੋਟਸ* ਮੁਹੰਮਦ ਗਜਨਵੀ ਨੇ 1018 ਈ. ਵਿੱਚ ਕਨੌਂਜ 'ਤੇ ਹਮਲਾ ਕੀਤਾ।

**ਚੰਦੇਲ** : ਖਜੁਰਾਹਾਂ ਵਿੱਚ ਚੰਦੇਲਿਆਂ ਦਾ ਰਾਜ ਕਨੌਜ ਦੇ ਦੱਖਣ ਵਿੱਚ ਸੀ। ਉਸ ਦੇ ਸ਼ਾਸਕ ਵਿਦਿਆਧਰ ਨੇ ਮਹਿਮੂਦ ਗਜਨਵੀ ਦਾ ਸਾਹਮਣਾ ਕੀਤਾ। ਉਸ ਤੋਂ ਬਾਅਦ ਇਸ ਰਾਜ ਨੂੰ ਕਈ ਕਠਿਨਾਈਆਂ ਝੱਲਣੀਆਂ ਪਈਆਂ। ਮਦਨ ਵਰਮਨ (1129–1163 ਈ.) ਨੇ ਵਿਦੇਸ਼ੀ ਦੁਸ਼ਮਣਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਆਪਣੀ ਸੀਮਾ ਦਾ ਵਿਸਥਾਰ ਵੀ ਕੀਤਾ। 1165 ਤੋਂ 1201 ਈ. ਤੱਕ ਉਸ ਦੇ ਪੋਤਰੇ ਪਰਮਾਰਦਿਨ ਨੇ ਸ਼ਾਸਨ ਕੀਤਾ। 1182 ਈ. ਦੇ ਲੱਗਭਗ ਪ੍ਰਿਥਵੀ ਰਾਜ ਚੌਹਾਨ ਨੇ ਉਸ ਨੂੰ ਹਰਾਇਆ। ਪਰਮਾਰ ਦਿਨ ਸਾਹਸੀ ਨਹੀਂ ਸੀ। ਉਹ ਚੌਹਾਨਾਂ ਨਾਲ ਦੁਸ਼ਮਣੀ ਰੱਖਦਾ ਸੀ ਅਤੇ ਸੰਭਵ ਤੌਰ 'ਤੇ ਗਹਿੜਵਾਲਿਆਂ ਨਾਲ ਦੋਸਤੀ ਚਾਹੁੰਦਾ ਸੀ।

**ਦਿੱਲੀ ਦੇ ਤੋਮਰ** : ਗੰਗਾ ਘਾਟੀ ਦੇ ਦੁਆਰ 'ਤੇ ਦਿੱਲੀ ਦੇ ਤੋਮਰ ਵੰਸ਼ ਨੇ ਕਈ ਵਾਰ ਸਫਲਤਾਪੂਰਵਕ ਰੱਖਿਆ ਦਾ ਅਧਿਕਾਰ ਪ੍ਰਾਪਤ ਕੀਤਾ । ਮਹਿਪਾਲ ਤੋਮਰ ਨੇ ਹਾਂਸੀ, ਥਾਨੇਸ਼ਵਰ, ਨਗਰਕੋਟ ਆਦਿ ਕਿਲ੍ਹਿਆਂ ਨੂੰ ਜਿੱਤ ਲਿਆ। ਪ੍ਰੰਤੂ ਉਹ ਲਾਹੌਰ ਨਾ ਲੈ ਸਕੇ। ਉਨ੍ਹਾਂ ਦੇ ਗੁਆਂਢੀ ਦੁਸ਼ਮਣ ਰਾਜਪੂਤਾਂ ਨੇ ਉਨ੍ਹਾਂ ਨੂੰ ਸ਼ਾਂਤੀ ਨਾਲ ਨਹੀਂ ਬੈਠਣ ਦਿੱਤਾ। ਪ੍ਰਸਥਿਤੀਆਂ ਤੋਂ ਮਜਬੂਰ ਹੋ ਕੇ ਆਪਣੀ ਰੱਖਿਆ ਲਈ ਤੋਮਰਾਂ ਨੇ ਮੁਸਲਮਾਨਾਂ ਤੋਂ ਰਾਜਪੂਤਾਂ ਦੇ ਵਿਰੁੱਧ ਸੰਧੀ ਕਰ ਲਈ।

**ਚੌਹਾਨ** : ਚੌਹਾਨ ਤੋਮਰ ਵੰਸ਼ ਦੇ ਦੁਸ਼ਮਣ ਸਨ। 11ਵੀਂ ਅਤੇ 12ਵੀਂ ਸਦੀ ਵਿੱਚ ਉਨ੍ਹਾਂ ਨੇ ਆਪਣੀ ਸ਼ਕਤੀ ਵਧਾ ਲਈ। 1079 ਈ. ਵਿੱਚ ਦੁਰਲੱਭ ਰਾਜਾ ਤੀਸਰਾ ਮੁਸਲਮਾਨਾਂ ਨਾਲ ਯੁੱਧ ਲੜਦਾ ਹੋਇਆ ਅਮਰ ਹੋ ਗਿਆ। ਉਸ ਦਾ ਕੰਮ ਪ੍ਰਿਥਵੀ ਰਾਜ ਪਹਿਲੇ ਨੇ ਜਾਰੀ ਰੱਖਿਆ। ਅਜੈ ਰਾਜ ਨੂੰ ਗਜਨੀ ਦੇ ਮੁਸਲਮਾਨਾਂ ਨੂੰ ਹਰਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਅਰਨੋ ਰਾਜਾ, ਅਜੈ ਰਾਜ ਦੇ ਪੁੱਤਰ ਨੇ ਅਜਮੇਰ ਦੇ ਨਜ਼ਦੀਕ ਨਾ ਕੇਵਲ ਮੁਸਲਮਾਨਾਂ ਨੂੰ ਹਰਾ ਦਿੱਤਾ, ਨਾਲ ਹੀ ਉਨ੍ਹਾਂ ਦੇ ਰਾਜ 'ਤੇ ਵੀ ਹਮਲਾ ਕੀਤੇ। ਇਸ ਦੇ ਪੁੱਤਰ ਵਿਸ਼ਾਲ ਅਤੇ ਵ੍ਰਿਗਰਾਜ ਚਤੁਰਥ ਦੇ ਅਧੀਨ ਮੁਸਲਮਾਨਾਂ ਦੇ ਹਮਲਿਆਂ ਨੂੰ ਰੋਕਿਆ ਗਿਆ ਅਤੇ ਨਾਲ ਹੀ ਹਾਂਸੀ ਅਤੇ ਦਿੱਲੀ ਨੂੰ ਵੀ ਆਪਣੇ ਰਾਜ ਵਿੱਚ ਮਿਲਾ ਲਿਆ। ਤੋਮਰ ਵੰਸ਼ ਨੇ ਚੌਹਾਨ ਵੰਸ਼ ਦੀ ਅਧੀਨਗੀ ਸਵੀਕਾਰ ਕਰ ਲਈ। ਵ੍ਰਿਗ ਰਾਜ ਨੂੰ ਇਕ ਚੁਸਤ ਸ਼ਾਸਕ ਮੰਨਿਆ ਜਾਂਦਾ ਹੈ, ਕਿਉਂਕਿ ਉਸ ਨੇ ਆਪਣੇ ਰਾਜ ਦੀ ਵਿਦੇਸ਼ੀ ਦੁਸ਼ਮਣਾਂ ਤੋਂ ਰੱਖਿਆ ਕੀਤੀ। ਆਰਿਆਵਰਤ ਨੂੰ ਕੇਵਲ ਆਰਿਆ ਦਾ ਨਿਵਾਸ ਸਥਾਨ ਬਣਾਉਣਾ ਅਤੇ ਹਿੰਦੂਆਂ ਦੇ ਮੰਦਿਰਾਂ ਦੀ ਮੁਸਲਮਾਨਾਂ ਤੋਂ ਰੱਖਿਆ ਕਰਨਾ ਵ੍ਰਿਗਰਾਜ ਨੇ ਆਪਣੇ ਜੀਵਨ ਦਾ ਕਰਤਵ ਬਣਾਇਆ ਸੀ। ਇਹ ਨਤੀਜਾ ਸਾਨੂੰ ਸ਼ਿਵਾਲਿਕ ਸਤੰਭ-ਪ੍ਰਸ਼ਸਿਤ ਅਤੇ ਲਲਿਤ ਵ੍ਰਿਗਰਾਜ ਨਾਟਕ ਤੋਂ ਮਿਲਦਾ ਹੈ।

ਚਾਲੂਕਿਆ ਅਤੇ ਚੌਹਾਨਾਂ ਦੀ ਦੁਸ਼ਮਣੀ ਦਾ ਵਰਨਣ ਕੀਤੇ ਬਿਨਾਂ ਇਹ ਗਾਥਾ ਅਧੂਰੀ ਰਹਿ ਜਾਂਦੀ ਹੈ। ਚਾਲੂਕਿਆ ਰਾਜ ਮੂਲਰਾਜ ਨੂੰ ਵ੍ਰਿਗਰਾਜ ਦਿੱਤਯ ਨੇ ਹਰਾਇਆ। ਗੁਜਰਾਤ ਦੇ ਰਾਜਾ ਜੈ ਸਿੰਘ ਸਿਧਾਰਥ ਨੇ ਆਪਣੀ ਪੁੱਤਰੀ ਦਾ ਵਿਆਹ ਅਰੁਣੋਰਾਜਾ ਨਾਲ ਕਰਕੇ ਦੁਸ਼ਮਣੀ ਨੂੰ ਦੋਸਤੀ ਵਿੱਚ ਬਦਲਣ ਦੀ ਕੋਸ਼ਿਸ਼ ਕੀਤੀ। ਕੁਮਾਰ ਪਾਲ ਚਾਲੂਕਿਆ ਦੇ ਰਾਜ ਵਿੱਚ ਇਕ ਵਾਰ ਫਿਰ ਯੁੱਧ ਦੀ ਗੂੰਜ ਉੱਠੀ। ਉਸ ਨੇ ਅਜਮੇਰ ਦੇ ਕੋਲ ਅਰੁਣੋਰਾਜਾ ਨੂੰ ਹਰਾ ਕੇ ਅਪਮਾਨਜਨਕ ਸ਼ਰਤ ਮੰਨਣ ਲਈ ਮਜਬੂਰ ਕੀਤਾ। ਵ੍ਰਿਗਰਾਜ ਚਤੁਰਥ ਨੇ ਚਾਲੂਕਿਆਂ ਤੋਂ ਉਨ੍ਹਾਂ ਦੇ ਰਾਜ ਨੂੰ ਮਸਲ ਕੇ ਅਤੇ ਚਿਤੌੜ ਨੂੰ ਜਿੱਤ ਕੇ ਆਪਣੇ ਬਜ਼ੁਰਗਾਂ ਦੇ ਅਪਮਾਨ ਦਾ ਬਦਲਾ ਲਿਆ। ਸੰਘਰਸ਼ ਚੱਲਦਾ ਰਿਹਾ। 1187 ਈ. ਵਿੱਚ ਦੋਵਾਂ ਪੱਖਾਂ ਨੇ ਥੱਕ ਕੇ ਸੰਧੀ ਕਰ ਲਈ। ਬਦਕਿਸਮਤੀ ਇਹ ਹੈ ਕਿ ਇੰਨਾ ਸਹਿਣ ਕਰਨ 'ਤੇ ਵੀ ਦੋਵੇਂ ਵੰਸ਼ ਮੁਸਲਮਾਨ ਹਮਲਾਵਰਾਂ ਦਾ ਸਾਹਮਣਾ ਕਰਨ ਦੇ ਲਈ ਇਕੱਠੇ ਨਾ ਹੋ ਸਕੇ।

ਉੱਤਰੀ ਭਾਰਤ ਵਿੱਚ ਸਭ ਤੋਂ ਉੱਚ ਰਾਜਨੀਤਿਕ ਸੱਤਾ ਹਥਿਆਉਣ ਦੇ ਉਦੇਸ਼ ਨਾਲ ਚੌਹਾਨ ਵੰਸ਼ ਨੇ ਮਹੋਬਾ-ਖਜੂਰਾਹਿਆਂ ਦੇ ਚੰਦੇਲਿਆਂ, ਬਿਆਨਾ ਦੇ ਭਡਨਕਾ ਵੰਸ਼ (Bhadanaka), ਮਾਲਵਾ ਅਤੇ ਅੱਬੂ ਦੇ ਪਰਮਾਰ ਤੇ ਬਨਾਰਸ ਤੇ ਕਨੌਜ ਦੇ ਗਹਿੜਵਾਲਾਂ ਦੇ ਰਾਜਾਂ 'ਤੇ ਹਮਲੇ ਕੀਤੇ। ਮਾਲਵਾ ਦੇ ਪਰਮਾਰ ਵੰਸ਼ ਦੇ ਨਾਲ ਵੀ ਉਨ੍ਹਾਂ ਦੀ ਦੁਸ਼ਮਣੀ ਸੀ। ਚਾਲੂਕਿਆ ਅਤੇ ਚੌਹਾਨ ਪ੍ਰਭੂਤਵ ਲਈ ਦੁਸ਼ਮਣੀ ਰੱਖਦੇ ਸਨ। ਜੈ ਚੰਦਰ ਗਹਿੜਵਾਲ ਅਤੇ ਪ੍ਰਿਥਵੀ ਰਾਜ ਤੀਸਰੇ ਚੌਹਾਨਾਂ ਦੇ ਵੰਸ਼ ਦੁਸ਼ਮਣ ਸਨ। ਪ੍ਰਿਥਵੀ ਰਾਜ ਨੇ ਜੈ ਚੰਦਰ ਦੀ ਪੁੱਤਰੀ ਨੂੰ ਅਗਵਾਹ ਕਰ ਲਿਆ। ਇਸ ਨਾਲ ਦੁਸ਼ਮਣੀ ਨੇ ਹੋਰ ਵੀ ਭਿਆਨਕ ਰੂਪ ਲੈ ਲਿਆ।

*ਕੀ ਤੁਸੀਂ ਜਾਣਦੇ ਹੋ* ਚਾਲੂਕਿਆ ਰਾਜਾ ਮੂਲਰਾਜ ਨੂੰ ਵ੍ਰਿਗਰਾਜ ਦਿੱਤਯ ਨੇ ਹਰਾਇਆ।

**ਗੁਜਰਾਤ ਦੇ ਚਾਲੂਕਿਆ** : 10ਵੀਂ ਸਦੀ ਦੇ ਅੱਧ ਵਿੱਚ ਮੂਲਰਾਜ ਨੇ ਗੁਜਰਾਤ ਵਿੱਚ ਚਾਲੂਕਿਆ ਵੰਸ਼ ਦਾ ਰਾਜ ਸਥਾਪਿਤ ਕੀਤਾ। ਜੈ ਸਿੰਘ ਸਿੱਧਾਰਥ ਅਤੇ ਕੁਮਾਰ ਪਾਲ ਦੇ ਯਤਨਾਂ ਨਾਲ ਇਹ ਰਾਜ ਪੱਛਮੀ ਭਾਰਤ ਦਾ ਇਕ ਮਹਾਨ ਸ਼ਕਤੀਸ਼ਾਲੀ ਰਾਜ ਬਣ ਗਿਆ। ਇਸ ਰਾਜ ਦੀ ਸੀਮਾ ਅੰਦਰ ਗੁਜਰਾਤ, ਸੌਰਾਸ਼ਟਰ, ਮਾਲਵਾ, ਆਬੂ, ਨਦੌਲ ਅਤੇ ਕੋਨਕਣ ਸਥਿਤ ਸਨ। ਇਸ ਰਾਜ ਦੇ ਸ਼ਾਸਕਾਂ ਦਾ ਲੜੀ ਇਸ ਪ੍ਰਕਾਰ ਸੀ-ਕੁਮਾਰ ਪਾਲ, ਅਜੈ ਰਾਜ, ਮੂਲਰਾਜ ਦਿੱਤਯ, ਭੀਮ ਦੂਸਰਾ। ਮੂਲਰਾਜ ਦੂਸਰਾ ਦੀ ਮਾਤਾ ਨੇ ਆਪਣੇ ਅਧੀਨ ਰਾਜਾਂ ਦੇ ਸਹਿਯੋਗ ਨਾਲ ਮੁਹੰਮਦ ਗੋਰੀ ਦੇ ਹਮਲੇ ਨੂੰ ਪਛਾੜ ਦਿੱਤਾ। ਭੀਮ ਦੂਸਰਾ ਦੇ ਸ਼ਾਸਨ ਸਮੇਂ ਉਸ ਦੇ ਅਧੀਨ ਰਾਜਾਂ ਨੇ ਆਪਣੀ ਸੁਤੰਤਰਤਾ ਦੀ ਘੋਸ਼ਣਾ ਕਰ ਦਿੱਤੀ ਅਤੇ ਉਸ ਨੂੰ ਸਿੰਘਾਸਨ ਤੋਂ ਉਤਾਰ ਦਿੱਤਾ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਭੀਮ ਦੂਸਰਾ ਇਕ ਸਾਹਸੀ ਬਹਾਦਰ ਸ਼ਾਸਕ ਸੀ ਪ੍ਰੰਤੂ ਉਹ ਅਤੇ ਉਸ ਦੇ ਗੁਆਂਢੀ ਰਾਜੇ ਮੁਹੰਮਦ ਗੋਰੀ ਦੀ ਅਸੀਮ ਅਤੇ ਭਿਅੰਕਰ ਸੈਨਿਕ ਸ਼ਕਤੀ ਦਾ ਅੰਦਾਜ਼ਾ ਨਾ ਲਗਾ ਸਕੇ। ਜਦੋਂ ਤੱਕ ਦੁਸ਼ਮਣ ਉਸ ਦੀ ਸੀਮਾ 'ਤੇ ਨਾ ਆ ਪਹੁੰਚਿਆ ਭੀਮ ਦੂਸਰਾ ਅਤੇ ਉਸ ਦੀ ਸੈਨਾ ਟਸ ਤੋਂ ਮੱਸ ਨਾ ਹੋਈ। ਉਨ੍ਹਾਂ ਨੇ ਇਕ ਚੰਗਾ ਮੌਕਾ ਹੱਥੋਂ ਗੁਆ ਦਿੱਤਾ।

**ਮਾਲਵਾ ਦੇ ਪਰਮਾਰ** : ਦੱਖਣੀ ਅਤੇ ਉੱਤਰੀ ਭਾਰਤ ਦੇ ਲਗਭਗ ਸਾਰੇ ਰਾਜਾਂ ਦੇ ਨਾਲ ਪਰਮਾਰ ਵੰਸ਼ ਨੂੰ ਆਪਣੀ ਸਥਿਤੀ ਦੇ ਕਾਰਨ ਯੁੱਧ ਕਰਨੇ ਪਏ। ਭੋਜ ਮਹਾਨ ਨੇ ਹਿੰਦੂ ਜਾਤੀ ਵਿੱਚ ਇਕ ਨਵੀਂ ਜੀਵਨ ਜੋਤੀ ਪ੍ਰੇਰਿਤ ਕਰ ਦਿੱਤੀ। ਉਸ ਨੇ ਮੁਸਲਮਾਨਾ ਦਾ ਵਿਰੋਧ ਕੀਤਾ। 1028 ਈ. ਵਿੱਚ ਜਦੋਂ ਮਹਿਮੂਦ ਗਜਨਵੀ ਨੇ ਸੋਮਨਾਥ ਦੇ ਮੰਦਿਰ 'ਤੇ ਹਮਲਾ ਕੀਤਾ ਤਾਂ ਸੰਭਵ ਤੌਰ 'ਤੇ ਉਹ ਭੋਜ ਦੀ ਸ਼ਕਤੀ ਦੇ ਡਰ ਤੋਂ ਪਹਿਲਾ ਮਾਰਗ ਛੱਡ ਕੇ ਦੂਸਰੇ ਰਸਤੇ ਤੋਂ ਵਾਪਿਸ ਗਿਆ। ਭੋਜ ਦੇ ਦੁਸ਼ਮਣਾਂ ਦੀ ਮੁਸਲਮਾਨਾਂ ਦੇ ਪ੍ਰਤੀ ਕੀ ਨੀਤੀ ਸੀ, ਕੁਝ ਅਜਿਹੇ ਪ੍ਰਮਾਣ ਨਹੀਂ ਮਿਲਦੇ। 12ਵੀਂ ਸਦੀ ਵਿੱਚ ਮਾਲਵਾ ਦੀ ਸਥਿਤੀ ਚੰਗੀ ਨਾ ਰਹਿ ਸਕੀ।

**ਕਲਚੁਰੀ** : ਗੋਰਖਪੁਰ ਵਿੱਚ ਕਲਚੁਰੀ ਦੀਆਂ ਦੋ ਸ਼ਾਖਾਵਾਂ ਰਾਜ ਕਰਦੀਆਂ ਸਨ। ਇਕ ਸ਼ਾਖਾ ਤ੍ਰਿਪੁਰੀ ਵਿੱਚ ਸੀ। ਤ੍ਰਿਪੁਰੀ ਦੇ ਰਾਜਾ ਕਕੋਲ ਨੇ ਤਰੁਸ਼ਕਾ (Turushkas) ਰਾਜ ਵਿੱਚ ਲੁੱਟ ਮਚਾ ਦਿੱਤੀ। 1034 ਈ. ਵਿੱਚ ਬਨਾਰਸ ਦੇ ਰਾਜਾ ਗੰਗੇਯਦੇਵ

ਨੋਟ

ਵਿਕਰਮਾਦਿੱਤ ਨੇ ਨਿਆਲਤਗੀਨ ਦੇ ਹਮਲੇ ਦੇ ਸਮੇਂ ਮੁਸਲਮਾਨਾਂ ਨਾਲ ਘੋਰ ਯੁੱਧ ਲੜਿਆ। ਇਸ ਦੇ ਬਾਅਦ ਕਲਚੁਰੀ ਵੰਸ਼, ਚੰਦੇਲ ਅਤੇ ਪਰਮਾਰ ਵੰਸ਼ਾਂ ਦੇ ਵਿਰੁੱਧ ਪ੍ਰਭੁਸੱਤਾ ਦੇ ਲਈ ਲੜਦਾ ਰਿਹਾ। 1139 ਈ. ਵਿੱਚ ਜੈ ਸਿੰਘ ਕਲਚੁਰੀ ਸਿੰਘਾਸਨ 'ਤੇ ਬੈਠਿਆ। ਉਸ ਨੇ ਗਜਨਵੀ ਦੇ ਸ਼ਾਸਕ ਖੁਸਰੋ ਮਲਿਕ ਦੇ ਹਮਲੇ ਨੂੰ ਖਦੇੜ ਦਿੱਤਾ। ਜੈ ਸਿੰਘ ਨੇ 1177 ਤੋਂ 1180 ਈ. ਤੱਕ ਰਾਜ ਕੀਤਾ। ਉਸ ਦਾ ਉਤਰਾਧਿਕਾਰੀ ਵਿਜੈ ਸਿੰਘ 1195 ਈ. ਤੱਕ ਸ਼ਾਸਕ ਰਿਹਾ। ਉਸ ਨੇ ਆਪਣੇ ਬਜ਼ੁਰਗਾਂ ਦੀ ਨੀਤੀ ਦੇ ਅਨੁਸਾਰ ਗੁਆਂਢੀ ਰਾਜਾਂ ਨਾਲ ਯੁੱਧ ਕੀਤੇ।

**ਬੰਗਾਲ ਦਾ ਪਾਲ ਵੰਸ਼ :** ਪਾਲ ਵੰਸ਼ ਦੇ ਰਾਜਾ ਦੇਵਪਾਲ ਨੇ ਬਹੁਤ ਸਮੇਂ ਤੱਕ ਰਾਜ ਕੀਤਾ, ਕਿਉਂਕਿ ਉਸ ਦੇ ਉਤਰਾਧਿਕਾਰੀ ਕਮਜ਼ੋਰ ਸਨ, ਇਸ ਲਈ ਉਸ ਦੇ ਰਾਜ ਦੀ ਉੱਨਤੀ ਹੋ ਗਈ। ਪਾਲ ਵੰਸ਼ ਦੇ ਰਾਜਿਆਂ ਨੂੰ ਕਨੌਂਜ ਦੇ ਪ੍ਰਤੀਹਾਰਾਂ ਨਾਲ ਯੁੱਧ ਕਰਨਾ ਪਿਆ ਅਤੇ ਉਨ੍ਹਾਂ ਦੀ ਪ੍ਰਜਾ ਦੀ ਦੁਰਦਸ਼ਾ ਹੋਈ। 11ਵੀਂ ਸਦੀ ਦੇ ਸ਼ੁਰੂ ਵਿੱਚ ਮਹਿਪਾਲ ਪਹਿਲਾ ਨੇ ਬੰਗਾਲ 'ਤੇ ਰਾਜ ਕੀਤਾ, ਉਹ ਮਹਿਮੂਦ ਦਾ ਸਮਕਾਲੀਨ ਸੀ। ਉਹ ਆਪਣੇ ਵੰਸ਼ ਦੇ ਨਾਮ ਨੂੰ ਉੱਚਾ ਚੁੱਕ ਸਕਿਆ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬੰਗਾਲ ਦਾ ਕੁਝ ਭਾਗ ਸੁਤੰਤਰ ਹੋ ਗਿਆ ਸੀ ਅਤੇ ਉਸ ਦੇ ਰਾਜਾ ਨਾਮਾਤਰ ਹੀ ਅਧੀਨ ਸੀ। ਜਿਸ ਸਮੇਂ ਮਹਿਮੂਦ ਗਜਨਵੀ ਨੇ ਭਾਰਤ 'ਤੇ ਹਮਲਾ ਕੀਤਾ, ਉਸੇ ਸਮੇਂ ਰਾਜੇਂਦਰ ਚੋਲ ਨੇ ਬੰਗਾਲ 'ਤੇ ਹਮਲਾ ਕੀਤਾ। ਇਸ ਕਾਰਨ ਬੰਗਾਲ ਦੇ ਲੋਕਾਂ ਦੀ ਬਹੁਤ ਹਾਨੀ ਹੋਈ।

*ਟਾਸਕ* ਪਾਲ ਵੰਸ਼ ਦਾ ਸੰਸਥਾਪਕ ਕੌਣ ਸੀ?

## 2.1 ਦੱਖਣ ਦੇ ਰਾਜ (The Deccan Kingdoms)

ਉੱਤਰ ਭਾਰਤ ਦੀ ਤਰ੍ਹਾਂ, ਦੱਖਣ ਭਾਰਤ ਵਿੱਚ ਵੀ ਕਲਿਆਣੀ ਦੇ ਚਾਲੂਕਿਆ, ਕਾਂਚੀ ਦੇ ਚੋਲ ਅਤੇ ਸ਼ਰਾਬ ਦੇ ਪਾਂਡਿਆ-ਵੰਸ਼ਾਂ ਦੇ ਲੋਕ ਪ੍ਰਭੁਤੱਵ ਦੇ ਲਈ ਸੰਘਰਸ਼ ਕਰ ਰਹੇ ਸਨ। ਪ੍ਰਭੁਤੱਵ ਦੇ ਸੰਘਰਸ਼ ਵਿੱਚ ਦੱਖਣ ਵਿੱਚ ਸੰਨ 753 ਈ. ਵਿੱਚ ਪੂਰਵ ਚਾਲੂਕਿਆ ਵੰਸ਼ਜ ਰਾਸ਼ਟਰਕੂਟਾਂ ਤੋਂ ਹਾਰ ਗਏ ਸਨ ਅਤੇ ਰਾਸ਼ਟਰਕੂਟ ਪਰਬਤੀ ਚਾਲੂਕਿਆ ਵੰਸ਼ਜ ਤੋਂ ਸੰਨ 873 ਈ. ਵਿੱਚ ਹਾਰ ਗਏ ਸਨ। ਇਸ ਪ੍ਰਕਾਰ 9ਵੀਂ ਸਦੀ ਦੇ ਅੰਤ ਤੱਕ ਮਹਾਨ ਪਲਵ ਵੰਸ਼ ਦਾ ਖਾਤਮਾ ਹੋ ਚੁੱਕਾ ਸੀ। ਪਰਬਤੀ ਚਾਲੁਕਿਆ ਵੰਸ਼ ਦਾ ਪ੍ਰਵਤਰਕ ਤੈਲਾ ਦੂਸਰਾ ਸੀ ਜੋ ਆਪਣੇ ਆਪ ਨੂੰ ਵਾਤਾਪੀ ਦੇ ਸ਼ੁਰੂਆਤੀ ਚਾਲੂਕਿਆ ਵੰਸ਼ ਦਾ ਵੰਸ਼ਜ ਮੰਨਦਾ ਸੀ। ਉਸ ਨੇ ਕਲਿਆਣੀ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਦੇ ਉਤਰਾਧਿਕਾਰੀਆਂ ਨੂੰ ਚੋਲ ਲੋਕਾਂ ਨਾਲ ਲਗਾਤਾਰ ਸੰਘਰਸ਼ ਕਰਨਾ ਪਿਆ, ਜੋ ਮਹਾਨ ਸ਼ਾਸਕ ਰਾਜਾਰਾਜ ਦੇ ਸ਼ਾਸਨਕਾਲ ਵਿੱਚ ਉਤਕਰਸ਼ ਨੂੰ ਪ੍ਰਾਪਤ ਹੋਏ ਸਨ। ਰਾਜਾਰਾਜ ਨੇ ਸੰਨ 985 ਤੋਂ 1014 ਈ. ਤੱਕ ਰਾਜ ਕੀਤਾ। ਉਸ ਦੇ ਉਤਰਾਧਿਕਾਰੀ ਰਾਜੇਂਦਰ ਚੋਲ ਨੇ 1044 ਈ. ਤੱਕ ਰਾਜ ਕੀਤਾ। ਰਾਜੇਂਦਰ ਚੋਲ ਇਕ ਮਹਾਨ ਯੋਧਾ ਅਤੇ ਵਿਜੇਤਾ ਸੀ। ਉਸ ਨੇ ਦੱਖਣੀ ਅਤੇ ਉੱਤਰੀ ਭਾਰਤ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ ਉਸ ਦੀ ਗਿਣਤੀ ਦੇਸ਼ ਦੇ ਮਹੱਤਵ ਸ਼ਾਸਕਾਂ ਵਿੱਚ ਹੁੰਦੀ ਸੀ। ਜਿਸ ਸਮੇਂ ਦੱਖਣ ਵਿੱਚ ਚੋਲ ਅਤੇ ਚਾਲੂਕਿਆ ਵੰਸ਼ ਦੇ ਲੋਕਾਂ ਵਿੱਚ ਘੋਰ ਸੰਘਰਸ਼ ਚੱਲ ਰਿਹਾ ਸੀ, ਮੁਸਲਮਾਨਾਂ ਨੇ ਭਾਰਤ 'ਤੇ ਹਮਲਾ ਕਰ ਦਿੱਤਾ।

ਇਹ ਕਹਿਣਾ ਸਹੀ ਨਹੀਂ ਹੈ ਕਿ ਭਾਰਤ ਦੀ ਜਨਤਾ ਵਿੱਚ ਦੇਸ਼ ਭਗਤੀ ਦੀ ਭਾਵਨਾ ਦਾ ਅਹਿਸਾਸ ਸੀ। ਇਹ ਸਰਵ-ਵਿਦਿਤ ਹੈ ਕਿ ਮੁਸਲਮਾਨਾਂ ਦੇ ਵਿਰੁੱਧ ਯੁੱਧ ਵਿੱਚ ਸਹਾਇਤਾ ਦੇਣ ਦੇ ਲਈ ਇਸਤਰੀਆਂ ਨੇ ਆਪਣੇ ਗਹਿਣੇ ਤੱਕ ਵੇਚ ਦਿੱਤੇ ਅਤੇ ਵਿਦੇਸ਼ੀ ਹਮਲਾਵਰਾਂ ਦੇ ਵਿਰੁੱਧ ਲੜਾਈ ਵਿੱਚ ਸਹਾਇਤਾ ਕਰਨ ਸਬੰਧੀ ਗਰੀਬ ਲੋਕਾਂ ਨੇ ਵੀ ਬਹੁਤ ਕਠਿਨ ਮਿਹਨਤ ਕੀਤੀ। ਹਿੰਦੂਆਂ ਵਿੱਚ ਸ਼ੂਰਵੀਰਤਾ ਦੀ ਬਿਲਕੁਲ ਕਮੀ ਨਹੀਂ ਸੀ। ਇਸਤਰੀਆਂ ਨੂੰ ਇਹ ਫਖਰ ਸੀ ਕਿ ਉਨ੍ਹਾਂ ਦੇ ਪਤੀ ਹਾਰ ਜਾਣ ਦੀ ਥਾਂ ਯੁੱਧ ਵਾਲੀ ਜਗ੍ਹਾ ਵਿੱਚ ਪ੍ਰਾਣ ਤਿਆਗ ਦਿੰਦੇ ਹਨ। ਮਾਤਾਵਾਂ ਆਪਣੀਆਂ ਉਨ੍ਹਾਂ ਸੰਤਾਨਾਂ ਤੋਂ ਸ਼ਰਮ ਮਹਿਸੂਸ ਕਰਦੀ ਸੀ ਜੋ ਆਪਣੀ ਜਨਮ-ਭੂਮੀ ਦੀ ਰੱਖਿਆ ਨਹੀਂ ਕਰ ਸਕਦੇ ਸਨ। ਫਿਰ ਵੀ ਨਿਰੰਤਰ ਦੁਸ਼ਮਣੀ ਅਤੇ ਕਲੇਸ਼ ਦੇ ਕਾਰਨ ਦੇਸ਼ ਭਗਤੀ ਦੀ ਇਸ ਭਾਵਨਾ ਦਾ ਕੋਈ ਲਾਭ ਨਹੀਂ ਸੀ। ਪ੍ਰਤੀਹਾਰ ਵੰਸ਼ ਦੇ ਲੋਕ ਮੁਸਲਮਾਨਾਂ ਦੇ ਦੁਸ਼ਮਣ ਸਨ, ਪ੍ਰੰਤੂ ਰਾਸ਼ਟਰਕੂਟ ਵੰਸ਼ਜ ਉਨ੍ਹਾਂ ਦੇ ਮਿੱਤਰ ਸਨ। ਪ੍ਰਤੀਹਾਰ ਵੰਸ਼ਜਾਂ ਨੇ ਮੁਸਲਮਾਨ ਹਮਲਿਆਂ ਦਾ ਘੋਰ ਵਿਰੋਧ ਕੀਤਾ, ਪ੍ਰੰਤੂ ਪ੍ਰਤੀਹਾਰ, ਰਾਸ਼ਟਰਕੂਟ ਅਤੇ ਪਾਲ ਵੰਸ਼ਾਂ ਦੇ ਤਿੰਨ ਪੱਖੀ ਨਿਰੰਤਰ ਸੰਘਰਸ਼ ਦੇ ਨਤੀਜੇ ਵਜੋਂ ਪ੍ਰਤੀਹਾਰ ਰਾਜ ਦਾ ਖਾਤਮਾ ਹੋਇਆ ਅਤੇ ਇਸ ਨਾਲ ਮੁਸਲਮਾਨਾਂ ਦਾ ਕੰਮ ਅਸਾਨ ਹੋ ਗਿਆ। ਜੈ ਪਾਲ ਇਕ ਮਹਾਨ ਦੇਸ਼ ਭਗਤ ਸੀ, ਪ੍ਰੰਤੂ ਅਨੰਗਪਾਲ ਸਵਾਰਥੀ ਸੀ ਅਤੇ ਇਸ ਪ੍ਰਕਾਰ ਵਿਦੇਸ਼ੀ ਹਮਲਾਵਰਾਂ ਦਾ ਕੋਈ ਜ਼ੋਰਦਾਰ ਵਿਰੋਧ ਨਹੀਂ ਹੋ ਸਕਿਆ। ਇਹ ਕਿਹਾ ਜਾਂਦਾ ਹੈ ਕਿ ਜਦੋਂ ਤਰਾਈ ਦੇ ਯੁੱਧ ਠੰਜਜਸਮ (ਵਜਿੰਤਪਦ) ਵਿੱਚ ਪ੍ਰਿਥਵੀ ਰਾਜ ਚੌਹਾਨ ਦੀ ਹਾਰ ਹੋਈ ਤਾਂ ਕਨੌਂਜ ਦੇ ਰਾਜ ਕੁਮਾਰ ਜੈ ਚੰਦਰ ਨੇ "ਉਤਸਵ ਅਤੇ ਰੰਗ-ਰਲੀਆਂ ਮਨਾਉਣੀਆਂ ਸ਼ੁਰੂ ਕਰ ਦਿੱਤੀਆਂ, ਹਰ ਘਰ ਵਿੱਚ ਮਠਿਆਈਆਂ ਵੰਡੀਆਂ ਅਤੇ ਵਾਜੇ ਵਜਾਏ ਗਏ।" ਅਜਿਹਾ ਵਾਤਾਵਰਣ ਵਿਦੇਸ਼ੀ ਹਮਲਿਆਂ ਦੇ ਬਹੁਤ ਅਨੁਕੂਲ ਸੀ।

### 2.1.1 ਸਮਾਜਿਕ, ਆਰਥਿਕ ਅਤੇ ਧਾਰਮਿਕ ਦਸ਼ਾ (Social, Economic and Religious Conditions)

ਨੋਟ

ਇਹ ਠੀਕ ਹੀ ਕਿਹਾ ਗਿਆ ਹੈ ਕਿ ਭਾਰਤ ਦੇ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਢਾਂਚੇ ਵਿੱਚ ਪ੍ਰਾਨਤੀਅਤਾ, ਅਸਥਿਰਤਾ ਅਤੇ ਅਵਸਥਾ ਸ਼ਾਮਿਲ ਸੀ, ਜਿਸ ਦਾ ਮੁੱਖ ਕਾਰਨ ਉਸ ਸਮੇਂ ਪ੍ਰਚੱਲਿਤ ਭੂਮੀ ਪ੍ਰਣਾਲੀ ਹੀ ਸੀ।

ਸੈਨਿਕ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਵਿੱਚ ਭੂਮੀ ਪ੍ਰਦਾਨ ਕੀਤੀ ਜਾਂਦੀ ਸੀ। ਰਾਜਾ ਭੂਮੀ ਪ੍ਰਦਾਨ ਕਰਦਾ ਸੀ ਅਤੇ ਬਦਲੇ ਵਿੱਚ ਭੂਮੀ ਪ੍ਰਾਪਤ ਕਰਨ ਵਾਲੇ ਸਾਮੰਤ ਨੂੰ ਰਾਜੇ ਦੇ ਲਈ ਸੈਨਿਕਾਂ ਅਤੇ ਧਨ ਦੀ ਵਿਵਸਥਾ ਕਰਨੀ ਪੈਂਦੀ ਸੀ। ਜਿਨ੍ਹਾਂ ਲੋਕਾਂ ਨੂੰ ਭੂਮੀ ਦਿੱਤੀ ਜਾਂਦੀ ਸੀ, ਉਨ੍ਹਾਂ ਨੂੰ ਆਪਣੇ ਮਾਮਲਿਆਂ ਦੇ ਪ੍ਰਸ਼ਾਸਨ ਵਿੱਚ ਸੁਤੰਤਰਤਾ ਹੁੰਦੀ ਸੀ। ਉਹ ਭੂਮੀ ਵਿੱਚ ਦਾਸ, ਗਰੀਬ ਲੋਕਾਂ ਅਤੇ ਵਿਹਲੇ ਮਜ਼ਦੂਰਾਂ ਤੋਂ ਖੇਤੀ ਕਰਵਾਉਂਦੇ ਸਨ। ਉਨ੍ਹਾਂ ਨੂੰ ਜੋ ਕੁਝ ਵੀ ਪ੍ਰਾਪਤ ਹੁੰਦਾ ਸੀ, ਉਹ ਸਾਰਾ ਉਨ੍ਹਾਂ ਦੀ ਜੇਬ ਵਿੱਚ ਜਾਂਦਾ ਸੀ। ਉਨ੍ਹਾਂ ਨੂੰ ਰਾਜੇ ਨੂੰ ਸੈਨਿਕ ਸੇਵਾ ਅਤੇ ਇਕ ਨੀਯਤ ਧਨ ਰਾਸ਼ੀ ਹੀ ਦੇਣੀ ਹੁੰਦੀ ਸੀ। ਮਹਾਸਾਮੰਤ ਅਤੇ ਸਾਮੰਤ ਸਰਕਾਰ ਦਾ ਮੁੱਖ ਅਧਾਰ ਹੁੰਦੇ ਸਨ, ਇਸ ਨਾਲ ਸਰਕਾਰ ਕਮਜ਼ੋਰ ਹੁੰਦੀ ਗਈ। ਆਨਰਲਡ ਹੋਜਰ ਦੇ ਅਨੁਸਾਰ, "ਰਾਜਾ ਯੁੱਧ ਤਾਂ ਕਰਦਾ ਸੀ, ਪ੍ਰੰਤੂ ਉਹ ਸ਼ਾਸਨ ਨਹੀਂ ਕਰਦਾ ਸੀ। ਉਸ ਦੇ ਨਾਮ 'ਤੇ ਵੱਡੇ-ਵੱਡੇ ਜ਼ਿਮੀਂਦਾਰ ਸ਼ਾਸਨ ਕਰਦੇ ਸਨ ਪ੍ਰੰਤੂ ਉਹ ਅਧਿਕਾਰੀਆਂ ਅਤੇ ਸੈਨਿਕਾਂ ਦੇ ਰੂਪ ਵਿੱਚ ਨਹੀਂ, ਬਲਕਿ ਸੁਤੰਤਰ ਸਾਮੰਤਾਂ ਦੇ ਰੂਪ ਵਿੱਚ ਸ਼ਾਸਨ ਕਰਦੇ ਸਨ। ਉਹ ਸ਼ਾਸਕ ਵਰਗ ਦੇ ਲੋਕ ਸਨ, ਜਿਨ੍ਹਾਂ ਦੇ ਹੱਥ ਵਿੱਚ ਸਰਕਾਰ ਦੇ ਸਾਰੇ ਵਿਸ਼ੇਸ਼ ਅਧਿਕਾਰ, ਸਾਰੇ ਪ੍ਰਸ਼ਾਸਨ ਤੰਤਰ ਅਤੇ ਸੈਨਾ ਦੇ ਸਾਰੇ ਮਹੱਤਵਪੂਰਨ ਪਦ ਹੁੰਦੇ ਸਨ।"

ਇਨ੍ਹਾਂ ਸਾਮੰਤਾਂ ਦੇ ਆਪਣੇ ਗੁਣ ਅਤੇ ਔਗੁਣ ਸਨ। ਉਹ ਆਪਣੇ ਦੁਸ਼ਮਣਾਂ ਪ੍ਰਤੀ ਉਦਾਰਚਰਿਤ ਹੁੰਦੇ ਸਨ। ਇਸਤਰੀਆਂ ਦਾ ਉਹ ਸਨਮਾਨ ਕਰਦੇ ਸਨ। ਚਾਰਨਾਂ ਅਤੇ ਯਾਚਕਾਂ ਦੇ ਪ੍ਰਤੀ ਉਹ ਉਦਾਰ ਹੁੰਦੇ ਸੀ। ਬਹਾਦਰੀ ਵਿੱਚ ਉਹ ਨਿਡਰ ਹੁੰਦੇ ਸਨ। ਉਹ ਇੰਨੇ ਬਹਾਦਰ ਸਨ ਕਿ ਯੁੱਧ ਕਰਦੇ ਸਮੇਂ ਆਪਣੇ ਜੀਵਨ ਦੀ ਪ੍ਰਵਾਹ ਨਹੀਂ ਕਰਦੇ ਸੀ, ਯੁੱਧ ਖੇਤਰ ਵਿੱਚ ਉਹ ਬੇਤਹਾਸ਼ਾ ਲੜਦੇ ਸਨ। ਉਹ ਯੁੱਧ ਖੇਤਰ ਵਿੱਚ ਬਹਾਦਰ ਬਣ ਕੇ ਲੜਦੇ ਸਨ ਅਤੇ ਆਪਣਾ ਬਾਕੀ ਸਮਾਂ ਜਨਾਨਖਾਨਿਆਂ ਵਿੱਚ ਗਵਾਉਂਦੇ ਸਨ। ਉਨ੍ਹਾਂ ਨੂੰ ਆਪਣੀ ਪੁਸ਼ਾਕ ਦਾ ਬਹੁਤ ਧਿਆਨ ਹੁੰਦਾ ਸੀ ਅਤੇ ਉਹ ਸ਼ਾਨ ਦੀ ਜ਼ਿੰਦਗੀ ਬਿਤਾਉਣਾ ਪਸੰਦ ਕਰਦੇ ਸਨ। ਉਹ ਵੱਖ-ਵੱਖ ਖੇਤਰਾਂ ਅਤੇ ਦੇਸ਼ਾਂ ਦੀਆਂ ਇਸਤਰੀਆਂ ਨਾਲ ਆਪਣੇ ਹਰਮਨ ਨੂੰ ਭਰ ਕੇ ਰੱਖਦੇ ਸਨ ਅਤੇ ਆਪਣੇ ਹਰਮ ਦੀ ਸੁੰਦਰਤਾ ਅਤੇ ਭੋਗ ਵਿਲਾਸ ਦਾ ਬਹੁਤ ਧਿਆਨ ਰੱਖਦੇ ਸੀ। ਸਾਮੰਤ ਆਪਣੀਆਂ ਇਸਤਰੀਆਂ ਦੇ ਨਾਲ ਆਪਣੇ ਨਿੱਜੀ ਕਮਰਿਆਂ ਅਤੇ ਤੈਰਨ ਦੇ ਤਲਾਬਾਂ ਵਿੱਚ ਰੰਗ-ਰਲੀਆਂ ਮਨਾਇਆ ਕਰਦੇ ਸਨ। ਉਹ ਵੇਸਵਾ ਦੇ ਕੋਠਿਆਂ ਵਿੱਚ ਵੀ ਜਾਇਆ ਕਰਦੇ ਸੀ। ਸੰਸਕ੍ਰਿਤ ਦੇ ਕਈ ਗ੍ਰੰਥਾਂ ਵਿੱਚ ਸ਼ਰਾਬਖਾਨਿਆਂ ਅਤੇ ਵੇਸਵਾ ਦੇ ਜੀਵਨ ਦਾ ਉਲੇਖ ਮਿਲਦਾ ਹੈ। ਸਾਮੰਤ ਲੋਕ ਇਸਤਰੀਆਂ ਦੇ ਬਿਨਾਂ ਨਹੀਂ ਰਹਿ ਸਕਦੇ ਸਨ ਅਤੇ ਸੰਭਾਵਿਤ ਤੌਰ 'ਤੇ ਉਹ ਯੁੱਧ ਖੇਤਰ ਵਿੱਚ ਵੀ ਉਨ੍ਹਾਂ ਨੂੰ ਆਪਣੇ ਨਾਲ ਲਿਜਾਇਆ ਕਰਦੇ ਸਨ। ਹੇਮ ਚੰਦਰ ਨੇ ਇਕ ਸੈਨਿਕ ਕੈਂਪ ਦਾ ਵਰਨਣ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਹੈ-'ਕੈਂਪ ਰਾਜਿਆਂ ਦੇ ਨਗਰ ਦੀ ਤਰ੍ਹਾਂ ਸੁੱਖਮਈ ਅਤੇ ਸੁੰਦਰ ਸੀ, ਜਿਸ ਵਿੱਚ ਲੋਕ ਨੀਂਦ ਵਿੱਚ ਸੁੰਦਰ ਸੁਪਨਿਆਂ ਦਾ ਆਨੰਦ ਲੈਂਦੇ ਸਨ, ਜਿਸ ਵਿੱਚ ਬਹੁਤ ਜ਼ਿਆਦਾ ਕਾਮਾਤੁਰ ਮਨੁੱਖ ਚੌਕੰਨੇ ਰਹਿੰਦੇ ਸੀ, ਜਿਸ ਵਿੱਚ ਬਹੁਤ ਜ਼ਿਆਦਾ ਮੈਥੁਨ ਦੇ ਕਾਰਨ ਉਨ੍ਹਾਂ ਪੁਰਸ਼ਾਂ ਦਾ ਲੱਕ ਥੱਕ ਜਾਂਦਾ ਸੀ। ਥਕਾਵਟ ਦੇ ਕਾਰਨ ਉਨ੍ਹਾਂ ਦੀਆਂ ਅੱਖਾਂ ਅੰਦਰ ਵੜ੍ਹ ਜਾਂਦੀਆਂ ਸਨ। ਇਸਤਰੀਆਂ ਆਪਣੀ ਅਦਾਵਾਂ ਨਾਲ ਸੁੰਦਰਤਾ ਦਾ ਵਾਤਾਵਰਣ ਪੈਦਾ ਕਰਦੀਆਂ ਸਨ। ਜਿੱਥੇ ਦੁਕਾਨਾਂ ਲੱਗੀਆਂ ਹੁੰਦੀਆਂ ਸਨ, ਜਿਨ੍ਹਾਂ ਵਿੱਚ ਸੈਨਿਕ ਚੰਗੀ ਅਤੇ ਬੁਰੀ ਨਿੰਦਾ ਦੇ ਵਿਚਾਰਾਂ ਤੋਂ ਮੁਕਤ ਹੁੰਦੇ ਸਨ।" ਉਨ੍ਹਾਂ ਦੇ ਕਮਰੇ ਸੋਨੇ, ਜਵਾਹਰਾਤ ਅਤੇ ਕਸ਼ੀਦਾਕਾਰੀ ਨਾਲ ਸਜੇ ਹੁੰਦੇ ਸਨ। ਉਹ ਬਹੁਤ ਵੱਡੀ ਸੰਖਿਆ ਵਿੱਚ ਨ੍ਰਿਤਕਾਂ, ਸੰਗੀਤਕਾਰਾਂ, ਚਾਰਣੋ ਅਤੇ ਕਵੀਆਂ ਆਦਿ ਨੂੰ ਇਕੱਠਾ ਕਰ ਲੈਂਦੇ ਸਨ ਅਤੇ ਉਨ੍ਹਾਂ ਦੀ ਸੰਗਤ ਵਿੱਚ ਆਪਣਾ ਬਹੁਤ ਸਾਰਾ ਸਮਾਂ ਨਸ਼ਟ ਕਰ ਦਿੰਦੇ ਸਨ। ਇਸ ਦੇ ਨਤੀਜੇ ਵਜੋਂ ਖੇਤਰ ਦੀ ਦੁਸ਼ਮਣੀ ਅਤੇ ਸੰਘਰਸ਼ ਹੋਣ ਲੱਗੇ, ਜਿਸ ਦੇ ਕਾਰਨ ਦੇਸ਼ ਦੇ ਲੋਕਾਂ ਦਾ ਮਨੋਬਲ ਅਤੇ ਸ਼ਕਤੀ ਕਮਜ਼ੋਰ ਹੁੰਦੀ ਗਈ। ਹਰੇਕ ਯੁੱਧ ਵਿੱਚ ਭਿਅੰਕਰ ਵਿਨਾਸ਼ ਹੁੰਦਾ ਸੀ। ਨਗਰਾਂ ਅਤੇ ਪਿੰਡਾਂ ਨੂੰ ਅੱਗ ਲਗਾ ਦਿੱਤੀ ਜਾਂਦੀ ਸੀ ਅਤੇ ਰੋੜੇ-ਪੱਥਰ ਦੇ ਸਿਵਾਏ ਸਾਰਾ ਕੁਝ ਅੱਗ ਵਿੱਚ ਜਲ ਕੇ ਸੁਆਹ ਹੋ ਜਾਂਦਾ ਸੀ। ਪ੍ਰਿਥਵੀ ਮਾਂਸਰਹਿਤ ਅਸਿੱਥ ਪਿੰਜਰਾਂ ਅਤੇ ਟੁੱਟੀਆਂ ਖੋਪੜੀਆਂ ਨਾਲ ਢੱਕੀ ਜਾਂਦੀ ਸੀ। ਦੁੱਖ ਅਤੇ ਭੁੱਖ ਨਾਲ ਵਿਲਕਦੇ ਅਤੇ ਖਤਮ ਹੋਏ ਲੋਕ ਦਰੱਖਤਾਂ ਦੇ ਅੱਧ ਸੜੇ ਤਣਿਆਂ ਦੀ ਤਰ੍ਹਾਂ ਦਿਖਾਈ ਦਿੰਦੇ ਸਨ ਅਤੇ ਬੜੀ ਕਠਿਨਾਈ ਨਾਲ ਚੱਲ ਸਕਦੇ ਸਨ। ਹਰ ਇਕ ਰਾਜ ਯੁੱਧ ਖੇਤਰ ਬਣਿਆ ਹੋਇਆ ਸੀ ਅਤੇ ਲੋਕਾਂ ਦੀ ਸਾਰੀ ਸ਼ਕਤੀ ਅਤੇ ਸਾਧਨਾਂ ਦਾ ਯੁੱਧ ਵਿੱਚ ਹੀ ਨੁਕਸਾਨ ਹੋ ਰਿਹਾ ਸੀ। ਲੋਕਾਂ ਨੂੰ ਸ਼ੁਰੂ ਤੋਂ ਹੀ ਲੜਾਈ ਲਈ ਸਿੱਖਿਅਤ ਕੀਤਾ ਜਾਂਦਾ ਸੀ ਅਤੇ ਲੋਕਾਂ ਵਿੱਚ ਯੁੱਧ ਦੀ ਭਾਵਨਾ ਪੈਦਾ ਕਰ ਦਿੱਤੀ ਗਈ ਸੀ। ਹਰ ਗੱਲ 'ਤੇ ਕਲੇਸ਼ ਅਤੇ ਸੰਘਰਸ਼ ਹੁੰਦਾ ਸੀ। ਇੱਥੋਂ ਤੱਕ ਕਿ ਵਿਆਹ ਦੇ ਮੌਕੇ ਵੀ ਯੁੱਧ ਸਥਾਨ ਦਾ ਰੂਪ ਧਾਰਣ ਕਰ ਲੈਂਦਾ ਸੀ। ਸਧਾਰਣ ਗੱਲਬਾਤ ਅਤੇ ਤੋਹਫੇ ਵਿੱਚ ਵੀ ਸੰਘਰਸ਼ ਅਤੇ ਮੌਤ ਦਾ ਮੌਕਾ ਸ਼ਾਮਿਲ ਹੋ ਜਾਂਦਾ ਸੀ। ਅਜਿਹੇ ਵਾਤਾਵਰਣ ਵਿੱਚ ਕੋਈ ਰਾਜਨੀਤਿਕ ਸਥਿਰਤਾ ਸੰਭਵ ਨਹੀਂ ਹੋ ਸਕਦੀ ਸੀ। ਆਪਸੀ ਈਰਖਾ, ਦੁਸ਼ਮਣੀ ਅਤੇ ਸੰਘਰਸ਼ ਦੇ ਕਾਰਨ ਸਾਮੰਤਾਂ ਨੇ ਆਪਣੇ ਦੇਸ਼ ਦਾ ਖਾਤਮਾ ਕੀਤਾ। ਉਨ੍ਹਾਂ ਦੇ ਵਰਗੀਕਰਨ, ਜੋੜ-ਤੋੜ ਅਤੇ ਸੰਘਰਸ਼ਾਂ ਦੇ ਨਤੀਜੇ ਵਜੋਂ ਵਿਨਾਸ਼ ਛਾ ਗਿਆ। ਸਾਮੰਤਾਂ ਨੇ ਮੰਦਿਰਾਂ ਨੂੰ ਲੁੱਟਿਆ ਅਤੇ ਲੋਕਾਂ ਤੋਂ ਲੁੱਟ-ਮਾਰ ਕਰਵਾਈ। ਉਨ੍ਹਾਂ ਨੇ ਦੇਸ਼ ਵਿੱਚ ਲੁੱਟਮਾਰ ਮਚਾ ਦਿੱਤੀ । ਉਨ੍ਹਾਂ ਨੇ ਬਰਾਬਰਤਾ ਅਤੇ ਨਿਰਦਈ ਦਾ ਵਿਵਹਾਰ ਕੀਤਾ।

ਸਾਮੰਤ ਲੋਕ ਜ਼ਿੱਦੀ, ਤਾਨਾਸ਼ਾਹ ਅਤੇ ਭ੍ਰਿਸ਼ਟ ਸਨ, ਕਿਉਂਕਿ ਸਰਕਾਰ ਦੀ ਸਾਰੀ ਸ਼ਕਤੀ ਦਾ ਯੁੱਧਾਂ ਅਤੇ ਕੂਟਨੀਤੀ 'ਤੇ ਹੀ ਨੁਕਸਾਨ ਹੋ ਰਿਹਾ ਸੀ। ਅਸੈਨਿਕ ਆਪਣੀ ਮਨਮਰਜ਼ੀ ਕਰਨ ਵਿੱਚ ਪੂਰੀ ਤਰ੍ਹਾਂ ਸੁਤੰਤਰ ਸੀ। ਕਲਹਨ ਲਿਖਦਾ ਹੈ ਕਿ ਅਸੈਨਿਕ ਕਰਮਚਾਰੀ

ਨੋਟ

ਭ੍ਰਿਸ਼ਟ ਹੋ ਗਏ ਸਨ ਅਤੇ ਉਹ ਰਾਕਸ਼ਾਂ ਦੀ ਤਰ੍ਹਾਂ ਵਿਵਹਾਰ ਕਰਦੇ ਸੀ। ਉਹ ਲੋਕਾਂ ਦੀ ਭਲਾਈ ਦੀ ਉਮੀਦ ਪੈਸਾ ਬਣਾਉਣ ਦਾ ਜ਼ਿਆਦਾ ਧਿਆਨ ਰੱਖਦੇ ਸਨ। ਸ਼ੇਮੇਂਦਰ ਨੇ ਅਸੈਨਿਕ ਕਰਮਚਾਰੀਆਂ ਦੀ ਬਰਾਬਰਤਾ, ਨਿਰੰਕੁਸ਼ਤਾ ਅਤੇ ਨਿਰਦਈ ਭਾਵਨਾ ਦਾ ਉਲੇਖ ਕੀਤਾ ਹੈ। ਲੋਕ ਅਸੈਨਿਕ ਕਰਮਚਾਰੀਆਂ ਦੇ ਅਧੀਨ ਦੁੱਖ ਨਾਲ ਕੁਰਲਾਉਂਦੇ ਸਨ ਅਤੇ ਉਹ ਉਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਲਈ ਮੌਤ ਦਾ ਉਲੰਘਣ ਕਰਨ ਲਈ ਤਿਆਰ ਸੀ।

ਵਪਾਰੀਆਂ ਅਤੇ ਸੌਦਾਗਰਾਂ ਦਾ ਵਿਵਹਾਰ ਬਹੁਤ ਚਿੰਤਾਜਨਕ ਸੀ। ਉਨ੍ਹਾਂ ਦਾ ਕੇਵਲ ਇਕ ਹੀ ਨਿਸ਼ਾਨਾ ਸੀ-ਲਾਭ ਕਮਾਉਣਾ ਅਤੇ ਜ਼ਿਆਦਾ ਧਨ ਬਣਾਉਣਾ। ਕਲਹਨ ਨੇ ਉਨ੍ਹਾ ਦੇ ਚੰਦਨ-ਯੁਕਤ ਲਲਾਟ, ਭੌਂਹੇ, ਕਰਣਮੂਲ ਅਤੇ ਵਕਸ਼-ਸਥਲ, ਸੂਈ ਦੇ ਬਰਾਬਰ ਉਨ੍ਹਾਂ ਦੇ ਸੰਕੀਰਣ ਮੂੰਹ, ਉਨ੍ਹਾਂ ਦੇ ਭਾਰੀ ਪੇਟ ਅਤੇ ਉਨ੍ਹਾਂ ਦੇ ਸ਼ੋਸ਼ਣ ਦਾ ਵਰਨਣ ਕੀਤਾ ਹੈ। ਸ਼ੇਮੇਂਦਰ ਨੇ ਉਨ੍ਹਾਂ ਦੁਆਰਾ ਜਨਤਾ ਦੇ ਸ਼ੋਸ਼ਣ ਦੇ ਲਈ ਅਪਨਾਏ ਗਏ ਤਰੀਕੇ, ਜਿਵੇਂ ਝੂਠੇ ਵੰਡ-ਤੋਲ, ਵਿਆਜ ਦੀਆਂ ਉੱਚੀਆਂ ਦਰਾਂ ਆਦਿ ਦਾ ਉਲੇਖ ਕੀਤਾ ਹੈ। ਉਹ ਆਪਣੇ ਆਪ ਨੂੰ ਧਾਰਮਿਕ ਵਿਅਕਤੀ ਜ਼ਾਹਿਰ ਕਰਦੇ ਸੀ, ਧਰਮ ਦਾ ਪ੍ਰਵਚਨ ਸੁਣਦੇ ਸਨ, ਗ੍ਰਹਿਣ ਦੇ ਮੌਕੇ ’ਤੇ ਅਤੇ ਹੋਰ ਪਵਿੱਤਰ ਦਿਨਾਂ ’ਤੇ ਬਹੁਤ ਦੇਰ ਤੱਕ ਇਸ਼ਨਾਨ ਕਰਦੇ ਸਨ, ਪ੍ਰੰਤੂ ਦਾਨ ਦੇ ਰੂਪ ਵਿੱਚ ਕੁਝ ਵੀ ਨਹੀਂ ਦਿੰਦੇ ਸਨ। ਅਜਿਹੇ ਸੌਦਾਗਰਾਂ ਦਾ ਉਲੇਖ ਮਿਲਦਾ ਹੈ ਜੋ ਖਾਦ-ਪਦਾਰਥਾਂ, ਰੂੰ, ਨਮਕ ਅਤੇ ਇੰਧਣ ਦਾ ਇਸਤੇਮਾਲ ਕਰਦੇ ਸਨ ਅਤੇ ਗ੍ਰਾਹਕਾਂ ਤੋਂ ਚੰਗਾ ਭਾਅ ਵਸੂਲ ਕਰਦੇ ਸੀ ਅਤੇ ਝੂਠੇ ਨਾਪ-ਤੋਲ ਦੇ ਇਸਤੇਮਾਲ ਕਰਕੇ ਉਨ੍ਹਾਂ ਨੂੰ ਧੋਖਾ ਦਿੰਦੇ ਸਨ।

ਗਰੀਬ ਲੋਕਾਂ ਦੀ ਦਸ਼ਾ ਬਹੁਤ ਤਰਸਯੋਗ ਸੀ। ਉਨ੍ਹਾਂ ਦੀ ਆਮਦਨ ਬਹੁਤ ਘੱਟ ਸੀ ਅਤੇ ਹਰ ਕੋਈ ਉਨ੍ਹਾਂ ਦਾ ਸ਼ੋਸ਼ਣ ਕਰਦਾ ਸੀ। ਉਨ੍ਹਾਂ ਦੇ ਲਈ ਆਪਣਾ ਜੀਵਨ ਬਸਰ ਕਰਨਾ ਔਖਾ ਸੀ। ਵਪਾਰੀ ਉਨ੍ਹਾਂ ਨੂੰ ਧੋਖਾ ਦਿੰਦੇ ਸਨ ਅਤੇ ਅਧਿਕਾਰੀ ਉਨ੍ਹਾਂ ਨੂੰ ਮਾਰ-ਕੁੱਟ ਕੇ ਉਨ੍ਹਾਂ ਤੋਂ ਧਨ ਇਕੱਠਾ ਕਰਦੇ ਸਨ। ਸ਼ੇਮੇਂਦਰ ਲਿਖਦਾ ਹੈ ਕਿ ਗਰੀਬ ਲੋਕ ਬਿਨਾਂ ਕਿਸੇ ਕੱਪੜੇ ਦੇ ਧਰਤੀ ’ਤੇ ਸੌਂਦੇ ਸਨ ਅਤੇ ਉਨ੍ਹਾਂ ਨੂੰ ਹਵਾ ਅਤੇ ਮੌਸਮ ਦੇ ਕਸ਼ਟ ਝੱਲਣੇ ਪੈਂਦੇ ਸਨ। ਉਨ੍ਹਾਂ ਨੂੰ ਭੁੱਖ ਦੀ ਮਾਰ ਸਹਿਣੀ ਪੈਂਦੀ ਸੀ।

11ਵੀਂ ਸਦੀ ਦੇ ਕਵੀ ਬੱਬਰ ਨੇ ਲਿਖਿਆ ਹੈ ਕਿ ਸਰਦ ਰੁੱਤ ਦੀ ਠੰਡੀ ਹਵਾ ਅਤੇ ਵਰਖਾ ਦੇ ਕਾਰਨ ਗਰੀਬ ਲੋਕਾਂ ਵਿੱਚ ਥਰਥਰਾਹਟ ਪੈਦਾ ਹੋ ਜਾਂਦੀ ਸੀ। ਉਹ ਨਾ ਕੇਵਲ ਕੜਾਕੇ ਦੀ ਠੰਡ ਤੋਂ ਬਲਕਿ ਭੁੱਖ ਤੋਂ ਵੀ ਪੀੜ੍ਹਤ ਸਨ। ਖਾਲੀ ਪੇਟ ਅਤੇ ਦੁਖੀ ਦਿਲ ਵਾਲੇ ਇਹ ਲੋਕ ਆਪਣੇ ਹੱਥ-ਪੈਰ ਸਮੇਟ ਕੇ ਇਕੱਠੇ ਹੋ ਜਾਂਦੇ ਸਨ। ਪੁਸ਼ਪਦੰਤ ਨਾਮ ਦੇ ਇਕ ਹੋਰ ਕਵੀ ਲਿਖਦੇ ਹਨ ਕਿ ਗਰੀਬ ਲੋਕਾਂ ਦੇ ਲਈ ਮੌਤ ਦੇ ਹਰਸ਼ ਅਤੇ ਰੋਸ਼ ਦਾ ਕੋਈ ਮਹੱਤਵ ਨਹੀਂ ਹੁੰਦਾ ਸੀ ਕਿਉਂਕਿ ਉਨ੍ਹਾਂ ਦੇ ਜ਼ਿਆਦਾਤਰ ਮਾਲਕ ਉਨ੍ਹਾਂ ਦੇ ਪ੍ਰਤੀ ਕਠੋਰਤਾ ਅਤੇ ਨਿਰਦਯਤਾ ਦਾ ਵਿਵਹਾਰ ਕਰਦੇ ਸਨ। ਮਾਲਾਧਾਰੀ ਹੇਮ ਚੰਦਰ ਸੂਰੀ ਨੇ ਸੰਨ 1123 ਈ. ਵਿੱਚ ਗਰੀਬ ਲੋਕਾਂ ਦੀ ਦਸ਼ਾ ਦਾ ਇਨ੍ਹਾਂ ਸ਼ਬਦਾਂ ਵਿੱਚ ਵਰਨਣ ਕੀਤਾ ਹੈ-“ਮੇਰੇ ਕੋਲ ਕੋਈ ਪੈਸਾ ਨਹੀਂ ਹੈ ਜਦੋਂ ਕਿ ਲੋਕ ਖੁਸ਼ੀਆਂ ਮਨਾ ਰਹੇ ਹਨ। ਮੇਰੇ ਬੱਚੇ ਵਿਲਕਦੇ ਹਨ, ਮੈਂ ਆਪਣੀ ਪਤਨੀ ਨੂੰ ਕੀ ਦੇਵਾਂ?(ਅਧਿਕਾਰੀਆਂ ਨੂੰ) ਤੋਹਫ਼ਾ ਦੇਣ ਲਈ ਮੇਰੇ ਕੋਲ ਕੁਝ ਵੀ ਨਹੀਂ ਹੈ, ਮੇਰੇ ਸਬੰਧੀ ਆਪਣੇ ਧਨ-ਦੌਲਤ ਦੇ ਨਸ਼ੇ ਵਿੱਚ ਮਸਤ ਹਨ। ਹੋਰ ਅਮੀਰ ਲੋਕ ਮੇਰੇ ਕੋਲੋਂ ਨਫ਼ਰਤ ਕਰਦੇ ਹਨ ਅਤੇ ਮੈਨੂੰ ਕੋਲ ਵੀ ਨਹੀਂ ਬੈਠਣ ਦਿੰਦੇ। ਅੱਜ ਮੇਰੇ ਘਰ ਵਿੱਚ ਘਿਓ, ਤੇਲ, ਨਮਕ, ਇੰਧਣ, ਕੱਪੜਾ ਕੁਝ ਵੀ ਨਹੀਂ ਹੁੰਦਾ। ਮਿੱਟੀ ਦਾ ਬਰਤਨ ਖਾਲੀ ਪਿਆ ਹੈ, ਕੱਲ੍ਹ ਮੇਰੇ ਪਰਿਵਾਰ ਦੀ ਕੀ ਹੋਵੇਗਾ? ਲੜਕੀ ਸਿਆਣੀ ਹੋ ਰਹੀ ਹੈ, ਲੜਕਾ ਬਹੁਤ ਨੌਜਵਾਨ ਹੈ ਅਤੇ ਪੈਸਾ ਨਹੀਂ ਕਮਾ ਸਕਦਾ। ਪਰਿਵਾਰ ਦੇ ਲੋਕ ਬਿਮਾਰ ਹਨ ਅਤੇ ਮੇਰੇ ਕੋਲ ਦਵਾਈ ਲਈ ਪੈਸੇ ਨਹੀਂ ਹਨ। ਧਰਮ ਪਤਨੀ ਨਾਰਾਜ਼ ਹੈ, ਕਈ ਮਹਿਮਾਨ ਘਰ ਵਿੱਚ ਆਏ ਹਨ, ਕੀ ਮੈਂ ਕਿਤੇ ਹੋਰ ਚਲਾ ਜਾਵਾਂ? ਮੈਂ ਕੀ ਕਰਾਂ? ਮੈਂ ਕਿਸ ਸਮੁੰਦਰ ਵਿੱਚ ਡੁੱਬ ਮਰਾਂ? ਕੀ ਮੈਂ ਇਸ ਧਰਤੀ ਦੀ ਦੂਸਰੀ ਜਗ੍ਹਾ ’ਤੇ ਚਲਾ ਜਾਵਾਂ? ਮੈਂ ਕੀ ਹੱਲ ਕਰਾਂ? ਮੈਂ ਕਿਸ ਪੂਜਾ ਪਦਉੱਨਤੀ ਅਤੇ ਸਾਧਨ ਦਾ ਪ੍ਰਯੋਗ ਕਰਾਂ ਅਤੇ ਮੈਂ ਕਿਸ ਦੇਵਤਾ ਦੀ ਭਗਤੀ ਕਰਾਂ? ਮੇਰਾ ਦੁਸ਼ਮਣ ਅਜੇ ਜਿਉਂਦਾ ਹੈ, ਮੇਰਾ ਭਗਵਾਨ ਮੇਰੇ ਵਿਰੁੱਧ ਹੈ, ਅਮੀਰ ਲੋਕ ਆਪਣਾ ਕਰਜ਼ ਵਾਪਸ ਮੋੜਨ ਲਈ ਕਹਿੰਦੇ ਹਨ, ਮੈਂ ਕਿੱਥੇ ਜਾਵਾਂ?”

8ਵੀਂ ਸਦੀ ਦੇ ਅੰਤ ਵਿੱਚ ਇਕ ਬੋਧ ਵਿਸ਼ੂ ਰਾਹੁਲਭਰਦਰ ਨੇ ਇਕ ਨਵਾਂ ਧਾਰਮਿਕ ਅੰਦੋਲਨ ਸ਼ੁਰੂ ਕੀਤਾ, ਬਾਅਦ ਵਿੱਚ ਉਹ ਸਰਹਪਾਦ ਦੇ ਨਾਮ ਨਾਲ ਪ੍ਰਸਿੱਧ ਹੋਏ। ਉਹ ਲੋਕਾਂ ਵਿੱਚ ਉਚ-ਨੀਚ ਦੇ ਭੇਦਭਾਵ ਦੇ ਵਿਰੁੱਧ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਦਲਿਤ ਵਰਗ ਦੇ ਲੋਕਾਂ ਵਿੱਚ ਸੰਪਨ ਅਤੇ ਉੱਚੇ ਵਰਗ ਦੇ ਲੋਕਾਂ ਦੇ ਬਰਾਬਰ ਹੀ ਪਵਿੱਤਰਤਾ ਹੈ। ਉਨ੍ਹਾਂ ਨੇ ਗਰੀਬ ਲੋਕਾਂ ਦੇ ਪੱਖ ਦਾ ਸਮਰਥਨ ਕੀਤਾ ਅਤੇ ਦੂਸਰੇ ਲੋਕਾਂ ਨਾਲ ਉਨ੍ਹਾਂ ਦੀ ਅਧਿਆਤਮਿਕ ਸਮਰੱਥਾ ਅਤੇ ਬਰਾਬਰਤਾ ’ਤੇ ਜ਼ੋਰ ਦਿੱਤਾ। ਸਰਹਪਾਦ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਨੇ ਜਨ ਸਾਧਨਾ ’ਤੇ ਪ੍ਰਭਾਵ ਪਾਇਆ। ਬਹੁਤ ਵੱਡੀ ਗਿਣਤੀ ਵਿੱਚ ਸਿੱਖਿਅਕ ਅਤੇ ਸਾਧੂ ਜਿਨ੍ਹਾਂ ਨੂੰ ਸਿੱਧ ਕਿਹਾ ਜਾਂਦਾ ਹੈ, ਅੱਗੇ ਆਏ। ਉਨ੍ਹਾਂ ਵਿੱਚੋਂ ਕੁਝ ਵਿਦਵਾਨ ਲੇਖਕ ਅਤੇ ਪ੍ਰਭਾਵਸ਼ਾਲੀ ਲੋਕ ਸਨ। ਸਾਰੀਆਂ ਜਾਤੀਆਂ, ਵਰਗਾਂ ਅਤੇ ਮਤਾਂ ਦੇ ਲੋਕ ਸਿੱਧਾਂ ਦੇ ਅਨੁਯਾਈ ਹੋ ਗਏ, ਉਹ ਨਿਮੰਤਰ ਜਾਤੀਆਂ ਦੇ ਲੋਕਾਂ ਵਿੱਚ ਜ਼ਿਆਦਾ ਲੋਕਪ੍ਰਿਯ ਸਨ।

ਸਿੱਧ ਸਰਹਪਾਦ ਅਤੇ ਸਰੋਵਰਜ ਬੁੱਧ ਮਤ ਵਿੱਚ ਸਹਿਯਾਨ ਵਿਚਾਰਧਾਰਾ ਦੇ ਸੰਸਥਾਪਕ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ ਸੰਸਾਰ ਨੂੰ ਤਿਆਗਣ ਦੀ ਜ਼ਰੂਰਤ ਨਹੀਂ ਹੈ ਅਤੇ ਵਿਅਕਤੀ ਵਿਵਾਹਿਕ ਜੀਵਨ ਬਤੀਤ ਕਰ ਸਕਦਾ ਹੈ। ਜੀਵਨ ਵਿੱਚ ਪੂਰਨਤਾ ਖਾਂਦੇ, ਪੀਂਦੇ ਅਤੇ ਮੌਜ ਮਨਾਉਂਦੇ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮਨੁੱਖ ਨੂੰ ਦਿਲ ਨਾਲ ਨੱਚਣਾ, ਗਾਉਣਾ ਅਤੇ ਅਨੰਦ ਮਾਨਣਾ ਚਾਹੀਦਾ ਹੈ। ਸਰਹਪਾਦ ਲਿਖਦੇ ਹਨ, “ਇਹ ਮਨੁੱਖ ਸਿੱਧੇ ਮਾਰਗ ਨੂੰ ਨਾ ਛੱਡ ਅਤੇ ਟੇਢੇ ਮਾਰਗ ਨੂੰ ਨਾ ਚੁਣ ਚਾਨਣ ਤੁਹਾਡੇ ਨੇੜੇ ਹੀ ਹੈ ਆਪਣੇ ਆਪ ਨੂੰ ਲੰਕਾ ਵਿੱਚ ਨਾ ਲਿਜਾਓ।” ਤਦਾਕਵਾਦ ਲਿਖਦੇ ਹਨ, ਇਹ ਯੋਗਿਨ ਆਪਣੇ ਵਿਸ਼ਵਾਸ ਅਨੁਸਾਰ

ਕੰਮ ਕਰੋ ਅਤੇ ਸੌਖੇ ਮਾਰਗ ਸਬੰਧੀ ਕਿਸੇ ਵਹਿਮ ਨੂੰ ਆਪਣੇ ਮਨ ਵਿੱਚ ਜਗ੍ਹਾ ਨਾ ਦਿਓ। ਲਛਮਣ ਕਰ ਦਾ ਵਿਚਾਰ ਸੀ, "ਦੁੱਖ ਉਠਾਉਣਾ, ਵਰਤ ਰੱਖਣਾ, ਕਰਤਯ ਕਰਨ ਅਤੇ ਇਸ਼ਨਾਨ ਕਰਨਾ, ਸ਼ੁੱਧੀਕਰਨ ਅਤੇ ਹੋਰ ਸਮਾਜਿਕ ਨਿਯਮਾਂ ਦਾ ਪਾਲਣ ਕਰਨ ਦੀ ਹੋਰ ਜ਼ਰੂਰਤ ਨਹੀਂ ਹੈ ਨਾ ਹੀ ਤੈਨੂੰ ਲੱਕੜੀ, ਪੱਥਰ ਅਤੇ ਮਿੱਟੀ ਦੀ ਬਣੀ ਭਗਵਾਨ ਦੀਆਂ ਮੂਰਤੀਆਂ ਸਾਹਮਣੇ ਸਿਰ ਝੁਕਾਉਣ ਦੀ ਜ਼ਰੂਰਤ ਹੈ, ਪ੍ਰੰਤੂ ਏਕਾਗਰ ਮਨ ਹੋ ਕੇ ਤੂੰ ਆਪਣੇ ਸਰੀਰ ਦੀ ਪੂਜਾ ਕਰ, ਜਿਸ ਵਿੱਚ ਸਾਰੇ ਦੇਵਤਾ ਨਿਵਾਸ ਕਰਦੇ ਹਨ।" ਸਿੱਧ ਲੋਕ ਅਨੰਦ ਅਤੇ ਪ੍ਰਸੰਨਤਾ ਨਾਲ ਭਰਪੂਰ ਵਿਵਾਹਿਤ ਜੀਵਨ ਦਾ ਸਮਰਥਨ ਕਰਦੇ ਹਨ ਅਤੇ ਉਹ ਦੁੱਖ ਸਹਿਣ, ਤਪੱਸਿਆ ਅਤੇ ਤਿਆਗ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ। ਉਹ ਧਾਰਮਿਕ, ਉਪਚਾਰਿਕਤਾਵਾਂ ਅਤੇ ਮਿਥਿਆ ਭੀਮਾਨ ਦਾ ਵੀ ਵਿਰੋਧ ਕਰਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਮੁਕਤੀ ਲਈ ਵਰਤ, ਇਸ਼ਨਾਨ ਅਤੇ ਪ੍ਰਾਰਥਨਾ ਦੀ ਜ਼ਰੂਰਤ ਨਹੀਂ ਹੈ, ਮੁਕਤੀ ਤਾਂ ਮਨ ਦੇ ਅੰਦਰ ਅਨੁਸ਼ਾਸਨ ਦੀ ਇਕ ਸਥਿਤੀ ਹੈ। ਸਿੱਧ ਲੋਕ ਜਾਤੀ ਅਤੇ ਸੰਪ੍ਰਦਾਏ ਦੇ ਭੇਦਭਾਵ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ, ਉਹ ਬ੍ਰਾਹਮਣਾਂ ਅਤੇ ਚੰਡਾਲਾਂ ਨੂੰ ਬਰਾਬਰ ਸਮਝਦੇ ਸਨ, ਉਹ ਸਿੱਖਿਅਤਾਂ ਅਤੇ ਅਸਿੱਖਿਅਤਾਂ ਦੇ ਦਰਮਿਆਨ ਕੋਈ ਭੇਦਭਾਵ ਨਹੀਂ ਕਰਦੇ ਸਨ, ਉਹ ਸਾਰੇ ਪ੍ਰਕਾਰ ਦੀਆਂ ਉਪਚਾਰਿਕਤਾਵਾਂ ਤੋਂ ਮੁਕਤ ਜੀਵਨ ਦਾ ਸਮਰਥਨ ਕਰਦੇ ਸਨ, ਉਹ ਇੰਦਰੀਆਂ ਦੇ ਜ਼ਿਆਦਾਤਰ ਨਿਗ੍ਰਹ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ ਕੋਈ ਵੀ ਵਿਅਕਤੀ ਇੰਧਣਾਂ ਦੇ ਭਾਗਾਂ ਵਿੱਚ ਸ਼ਾਮਿਲ ਹੋਏ ਬਿਨਾਂ ਉਸ ਦਾ ਅਨੰਦ ਮਾਣ ਸਕਦਾ ਹੈ। ਬੁੱਧ ਮੱਤ ਦੀਆਂ ਸਹਿਜੀਏ ਸੰਪ੍ਰਦਾਏ ਨੇ ਪੂਰਬੀ ਭਾਰਤ ਦੇ ਵੈਸ਼ਨਵ ਸਹਿਜੀਏ ਅੰਦੋਲਨ 'ਤੇ ਗਹਿਰਾ ਪ੍ਰਭਾਵ ਪਾਇਆ।

10ਵੀਂ ਸਦੀ ਦੇ ਪ੍ਰਸਿੱਧ ਕਵੀ ਰਾਜ ਸ਼ੇਖਰ ਦੀ ਕੰਪੂਰਮੰਜਰੀ ਵਿੱਚ ਸ਼ੈਵ ਯੋਗੀ ਭੈਰਵਾ ਨੰਦ ਦੇ ਸਿਧਾਂਤਾਂ ਦਾ ਉਲੇਖ ਮਿਲਦਾ ਹੈ, ਉਹ ਮੰਦੋਮਦ ਹੈ ਅਤੇ ਕਹਿੰਦਾ ਹੈ–

"ਪਾਪ ਕਰਮ ਅਤੇ ਪੂਜਾ, ਸਾਰੀਆਂ ਭਾਂਡੇ ਵਿੱਚ ਵੜ੍ਹਨ।
ਮੇਰੇ ਗੁਰੂਆਂ ਨੇ ਮੈਨੂੰ ਸਮ੍ਰਿਧੀ ਦੇ ਅਭਿਆਸ।
ਤੋਂ ਮੁਕਤ ਕਰ ਦਿੱਤਾ ਹੈ।
ਸ਼ਰਾਬ ਅਤੇ ਇਸਤਰੀ ਦੀ ਵਰਤੋਂ ਨਾਲ ਅਸੀਂ ਤਾਕਤਵਰ
ਬਣਦੇ ਹਾਂ।
ਮੁਕਤੀ ਲਈ ਅਸੀਂ ਮਸਤੀ ਨਾਲ ਨੱਚਦੇ ਹਾਂ।
ਮੈਂ ਇਕ ਉੱਘਰ ਨੌਜਵਾਨ ਤਰੁਣੀ ਨੂੰ ਵੇਦੀ 'ਤੇ ਲੈ ਆਇਆ ਹਾਂ
ਮੈਨੂੰ ਖਾਣ ਲਈ ਕਾਫ਼ੀ ਮਾਸ ਅਤੇ ਪੀਣ ਦੇ
ਲਈ ਤੇਜ਼ ਸ਼ਰਾਬ ਚਾਹੀਦੀ ਹੈ ਅਤੇ ਇਹ ਸਭ
ਮੈਨੂੰ ਭੀਖ ਦੇ ਰੂਪ ਵਿੱਚ ਅਤੇ ਮੇਰੇ ਬਿਸਤਰੇ
ਦੇ ਲਈ ਇਕ ਖਲ ਮੈਨੂੰ ਮਿਲ ਜਾਂਦੀ ਹੈ।
ਇਸ ਤੋਂ ਉੱਤਮ ਧਰਮ ਹੋਰ ਕੀ ਹੋ ਸਕਦਾ ਹੈ?
ਭਗਵਾਨ ਵਿਸ਼ਨੂੰ ਅਤੇ ਬ੍ਰਹਮਾ ਅਤੇ ਹੋਰ ਦੇਵਤੇ ਸਮਾਧੀ
ਪਵਿੱਤਰ ਕਰਮ ਅਤੇ ਵੇਦਾਂ ਵੱਲੋਂ ਸ਼ਾਂਤੀ ਪ੍ਰਾਪਤੀ ਦਾ ਪ੍ਰਚਾਰ ਚਾਹੇ
ਕਰਦੇ ਫਿਰਨ–ਪ੍ਰੰਤੂ ਸਾਨੂੰ ਤਾਂ ਕੇਵਲ ਉਮਾਪਤੀ
ਸ਼ੰਕਰ ਨੇ ਹੀ ਸ਼ਰਾਬ ਅਤੇ ਇਸਤਰੀ ਵਰਤੋਂ ਦੁਆਰਾ
ਸ਼ਾਂਤੀ ਪ੍ਰਾਪਤੀ ਦੀ ਸਿੱਖਿਆ ਦਿੱਤੀ ਹੈ।"

ਕੌਲ ਸੰਪ੍ਰਦਾਏ ਦੇ ਅਨੁਯਾਈ ਤੋਂ ਬਿਨਾਂ ਕਿਸੇ ਪ੍ਰਤੀਬੰਦ ਦੇ ਮਾਸ, ਸ਼ਰਾਬ ਅਤੇ ਇਸਤਰੀ ਦਾ ਅਨੰਦ ਲੈਣ ਵਿੱਚ ਵਿਸ਼ਵਾਸ ਕਰਦੇ ਸਨ। ਸੋਮ ਸਿਧਾਂਤ ਨੇ ਮੈਥੁਨ ਦੇ ਅਨੰਦ 'ਤੇ ਜ਼ੋਰ ਦਿੱਤਾ, ਜਿਸ ਨੂੰ ਉਹ ਪੂਰਨ ਸੁੱਖ ਕਹਿੰਦਾ ਸੀ ਜੋ ਕਿ ਕਿਸੇ ਵੀ ਦੁੱਖ ਤੋਂ ਘੱਟ ਨਹੀਂ ਹੁੰਦਾ, ਉਹ ਮਨੁੱਖਾਂ ਦੇ ਪਹਿਣ ਵਾਲੇ ਕੱਪੜੇ ਪਹਿਨਦਾ ਸੀ ਅਤੇ ਮਨੁੱਖ ਨੂੰ ਖੋਪੜੀ ਵਿੱਚ ਭੋਜਨ ਕਰਦਾ ਸੀ, ਉਹ ਭੈਰੋ ਦੇਵਤਾ ਦੀ ਪੂਜਾ ਕਰਦਾ ਸੀ, ਜਿਸ ਵਿੱਚ ਜਾਨਵਰ ਦਾ ਮਾਸ, ਚਰਬੀ, ਅੰਤੜੀ ਅਤੇ ਦਿਮਾਗ ਦੀ ਭੇਟ ਅਰਪਣ ਕਰਦਾ ਸੀ ਅਤੇ ਨਵੇਂ ਕੱਟੇ ਹੋਏ ਸਿਰ ਤੋਂ ਨਿਕਲਦੇ ਹੋਏ ਮਨੁੱਖੀ ਖੂਨ ਨਾਲ ਤਰਪਣ ਕਰਦਾ ਸੀ, ਉਹ ਸਦਾ ਇਕ ਕਪਾਲ ਇਸਤਰੀ ਦੇ ਨਾਲ ਰਹਿੰਦਾ ਸੀ ਅਤੇ ਸ਼ਰਾਬ ਨੂੰ ਆਤਮਾ ਦੇ ਫਾਹਾ ਕੱਟਣ ਵਾਲੀ ਵਸਤੂ ਮੰਨਦਾ ਸੀ।

ਨੋਟ

ਨਾਥ ਜੋਗੀਆਂ ਸਬੰਧੀ ਪੁਸ਼ਪਦੰਤ ਲਿਖਦਾ ਹੈ ਕਿ ਉਨ੍ਹਾਂ ਦੇ ਸਿਰਾਂ 'ਤੇ ਬਹੁਰੰਗੀਆਂ ਟੋਪੀਆਂ ਹੁੰਦੀਆਂ ਸਨ, ਉਨ੍ਹਾਂ ਦੇ ਕੰਨਾਂ ਵਿੱਚ ਵੱਡੇ-ਵੱਡੇ ਛੇਕ ਹੁੰਦੇ ਸਨ, ਜਿਨ੍ਹਾਂ ਵਿੱਚ ਹਾਥੀ ਦੰਦ ਅਤੇ ਧਾਤ ਦੇ ਬਣੇ ਕੁੰਡਲ ਲਟਕਦੇ ਰਹਿੰਦੇ ਸਨ, ਉਨ੍ਹਾਂ ਦੇ ਹੱਥਾਂ ਵਿੱਚ ਲੰਬੀ ਛੜੀ ਹੁੰਦੀ ਸੀ, ਉਨ੍ਹਾਂ ਦੇ ਗਲਿਆਂ ਵਿੱਚ ਵੱਖ-ਵੱਖ ਰੰਗਾਂ ਦੀ ਕੱਪੜੇ ਦੀਆਂ ਚਾਦਰਾਂ ਲਟਕਦੀਆਂ ਸਨ, ਉਹ ਖੜ੍ਹਾਵਾਂ ਪਹਿਨਦੇ ਸਨ, ਉਹ ਵੰਝਲੀ ਅਤੇ ਡਫਲੀ ਵਜਾਉਂਦੇ ਹੋਏ ਘਰ-ਘਰ ਜਾਇਆ ਕਰਦੇ ਸਨ, ਸ਼ਰਾਬ, ਗਾਂਜਾ ਅਤੇ ਭੰਗ ਵਰਗੀਆਂ ਨਸ਼ੀਲੀਆਂ ਵਸਤੂਆਂ ਦਾ ਇਸਤੇਮਾਲ ਉਹ ਸਮਾਨ ਰੂਪ ਨਾਲ ਕਰਦੇ ਸਨ।

ਨੀਲਪਟ ਅਤੇ ਨੀਲ ਵਸਤਰ ਦਾ ਵੀ ਇਕ ਸੰਪ੍ਰਦਾਏ ਸੀ, ਉਹ ਸਦਾ ਇਸਤਰੀਆਂ ਅਲਿੰਗੀ ਕਰਿਆ ਕਰਦੇ ਸਨ ਅਤੇ ਸ਼ਰੇਆਮ ਉਨ੍ਹਾਂ ਨਾਲ ਮੈਥੁਨ ਕਰਦੇ ਸਨ, ਅਗਰ ਉਨ੍ਹਾਂ ਕੋਲੋਂ ਕੋਈ ਪੁੱਛਦਾ ਸੀ ਕਿ ਕੀ ਉਹ ਠੀਕ ਅਤੇ ਪ੍ਰਸੰਨ ਹਨ ਤਾਂ ਉਹ ਜਵਾਬ ਦਿੰਦੇ ਸਨ, "ਕੀ ਜਦ ਤੱਕ ਸੰਸਾਰ ਦੇ ਸਾਰੇ ਮਨੁੱਖ, ਇਸਤਰੀਆਂ ਨਾ ਬਣ ਜਾਣ, ਸਾਰੇ ਪਹਾੜ ਮਾਸ ਦਾ ਢੇਰ ਨਾਲ ਬਣ ਜਾਣ ਅਤੇ ਸਾਰੀਆਂ ਨਦੀਆਂ ਸ਼ਰਾਬ ਦੀਆਂ ਨਦੀਆਂ ਦਾ ਰੂਪ ਧਾਰਨ ਨਾ ਕਰ ਲੈਣ, ਨੀਲਪਟ ਕਿਵੇਂ ਸੁਖੀ ਹੋ ਸਕਦਾ ਹੈ।"

ਵੇਸਵਾ ਸੰਪ੍ਰਦਾਏ ਦੇ ਲੋਕਾਂ ਵਿੱਚ ਆਚਰਣ ਦੀ ਸ਼ਿਦਲਤਾ ਆ ਗਈ ਸੀ, ਰਾਧਾ ਅਤੇ ਕ੍ਰਿਸ਼ਨ ਦੇ ਪਿਆਰ ਦਾ ਅਤਿਅੰਤ ਮੁਸ਼ਕਿਲ ਢੰਗ ਨਾਲ ਵਰਨਣ ਕੀਤਾ ਜਾਂਦਾ ਸੀ। ਜੈ ਦੇਵ ਨੇ ਆਪਣੇ 'ਗੀਤ ਗੋਵਿੰਦ' ਵਿੱਚ ਰਾਧਾ ਅਤੇ ਕ੍ਰਿਸ਼ਨ ਦੇ ਯੋਨ ਪਿਆਰ ਦੀਆਂ ਕਿਰਿਆਵਾਂ ਦਾ ਵਿਸਥਾਰਪੂਰਵਕ ਵਰਨਣ ਕੀਤਾ। ਅਜਿਹਾ ਮੰਨਿਆ ਜਾਂਦਾ ਸੀ ਕਿ ਮਨੁੱਖ ਦਾ ਆਪਣੀ ਕਾਨੂੰਨ ਤੌਰ 'ਤੇ ਵਿਆਹੀ ਪਤਨੀ ਦੀ ਜਗ੍ਹਾ ਕਿਸੇ ਹੋਰ ਇਸਤਰੀ ਨਾਲ ਪਿਆਰ ਕਰਨਾ ਚੰਗਾ ਹੈ।

ਵਿਸ਼ੇ ਸ਼ਕਤੀ ਦੇ ਉਨਮਾਦ ਦਾ ਕਲਾ 'ਤੇ ਗਹਿਰਾ ਪ੍ਰਭਾਵ ਛਾਇਆ ਹੋਇਆ ਸੀ। ਭੋਜ ਦਾ ਕਹਿਣਾ ਸੀ ਕਿ ਵਾਸਤੂਕਾਰਾਂ ਅਤੇ ਮੂਰਤੀ ਕਾਰਾਂ ਨੂੰ ਮੈਥੁਨ ਕਰ ਰਹੀਆਂ ਇਸਤਰੀਆਂ ਅਤੇ ਪਤਲੀ ਤਾਰੁਣੀਓ ਨਾਲ ਸੰਭੋਗ ਕਰਨ ਦੇ ਇਛੁੱਕ ਵੀਰਾਂ ਦੇ ਚਿੱਤਰਾਂ ਵੱਲੋਂ ਸਤੰਭਾਂ ਦੀ ਸਜਾਵਟ ਕਰਨੀ ਚਾਹੀ, ਯੂ. ਐੱਨ. ਘੋਸ਼ਾਲ ਦਾ ਕਹਿਣਾ ਹੈ ਕਿ ਗੁਜਰਾਤ ਦੇ 4000 ਮੰਦਿਰਾਂ ਵਿੱਚ 20,000 ਤੋਂ ਜ਼ਿਆਦਾ ਨ੍ਰਿਤਕੀਆਂ ਸਨ। ਆਲਬਰੂਨੀ ਲਿਖਦਾ ਹੈ ਕਿ ਵੇਸਵਾਪੁਣੇ ਤੋਂ ਹੋਣ ਵਾਲੀ ਆਮਦਨ ਰਾਜਿਆਂ ਦੀਆਂ ਸੈਨਾਵਾਂ ਦੇ ਖਰਚ ਲਈ ਕਾਫ਼ੀ ਸਨ। ਗੋਈਟੰਜ ਨੇ ਲਿਖਿਆ ਹੈ ਕਿ ਰਾਜ ਦਰਬਾਰਾਂ ਦਾ ਜੀਵਨ ਵਿਲਾਸਮੇ ਸੀ ਅਤੇ ਵੱਖ-ਵੱਖ ਫੈਸ਼ਨਾਂ ਵਿੱਚ ਦਿਖਾਇਆ ਗਿਆ ਹੈ। ਰਾਜ ਦਰਬਾਰਾਂ ਵਾਂਗ ਮੰਦਿਰਾਂ ਨੂੰ ਵੀ ਫੈਸ਼ਨੇਬਲ ਬਣਾਇਆ ਜਾਂਦਾ ਸੀ। ਵੱਡੇ ਦੇਵਤਾਵਾਂ ਅਤੇ ਦੇਵੀਆਂ ਮੰਨਦੇ ਹੋਏ ਵੀ, ਸਵਰਗ ਦੀਆਂ ਪਰੀਆਂ (ਅਪਸਰਾਵਾਂ ਸੁਰ-ਸੁੰਦਰੀਆਂ) ਦੇ ਦਲ ਅਤੇ ਉਨ੍ਹਾਂ ਦੇ ਸਾਥੀ ਛੋਟੇ ਦੇਵਤਾਵਾਂ (ਰਾਜਿਆਂ) ਨੂੰ ਰਾਜ ਦਰਬਾਰ ਵਿੱਚ ਕੁਲੀਨ ਇਸਤਰੀਆਂ ਅਤੇ ਮਨੁੱਖਾਂ ਦੇ ਰੂਪ ਵਿੱਚ ਵਰਨਣ ਕੀਤਾ ਜਾ ਸਕਦਾ ਹੈ। ਉੱਤਰ ਮੱਧ ਕਾਲ ਵਿੱਚ ਰਾਜ ਧਰਮ ਜ਼ਿਆਦਾ ਧਰਮ ਵਿਛੋੜਾ ਹੋ ਗਿਆ ਅਤੇ ਸੁੰਦਰ ਵੇਸਵਾ ਕੁਮਾਰੀਆਂ ਦੇਵਦਾਸੀਆਂ ਦੇ ਰੂਪ ਵਿੱਚ ਇਕ ਫੈਸ਼ਨ ਬਣ ਗਈਆਂ ਅਤੇ ਉਹ ਗੁਪਤ ਤਾਂਤ੍ਰਿਕ ਕਰਮਕਾਂਡ ਵਿੱਚ ਹਿੱਸੇਦਾਰ ਬਣ ਗਈ ਅਤੇ ਇਸ ਪ੍ਰਕਾਰ ਫੈਸ਼ਨੇਬਲ ਕਾਮੁਕ ਇਸਤਰੀਆਂ ਦੀਆਂ ਮੂਰਤੀਆਂ ਨਾਲ ਮੰਦਿਰਾਂ ਦੀਆਂ ਦੀਵਾਰਾਂ, ਸਤੰਭਾਂ ਅਤੇ ਛੱਤਾਂ ਦੀ ਸਜਾਵਟ ਹੋਣ ਲੱਗੀ। ਮੁਸਲਮਾਨਾਂ ਦੇ ਹਮਲੇ ਨਾਲ ਪੂਰਨ ਪਿਛਲੀਆਂ ਕੁਝ ਸਦੀਆਂ ਵਿੱਚ ਇਹ ਅਕਿਰਤੀਆਂ ਚਿੱਤਰਾਂ ਦੇ ਰੂਪ ਵਿੱਚ ਮਿਲਦੀਆਂ ਸਨ, ਕੁਝ ਸਥਿਤੀਆਂ ਵਿੱਚ ਉਨ੍ਹਾਂ ਨੂੰ ਪਹਿਚਾਨਣਾ ਵੀ ਜਾ ਸਕਦਾ ਸੀ।' ਅਖੀਰਲੇ ਪੜਾਅ ਵਿੱਚ ਖੁੱਲ੍ਹੇ ਅਸ਼ਲੀਲ ਚਿੱਤਰ ਵੀ ਸਮਾਨ ਰੂਪ ਨਾਲ ਮਿਲਦੇ ਸਨ। (ਭਾਰਤੀ ਕਲਾ ਦੇ 5000 ਸਾਲ, ਪੰਨਾ 134) (Five Thousand Years of Indian Art, P. 134)

ਉੱਚ ਵਰਗ ਦੇ ਲੋਕਾਂ ਸਬੰਧੀ ਜੋ ਗੱਲ ਸੱਚ ਸੀ, ਉਹ ਹੇਠਲੇ ਵਰਗ ਦੇ ਲੋਕਾਂ ਸਬੰਧੀ ਸਹੀ ਸੀ। ਅਜਿਹਾ ਉਲੇਖ ਹੈ ਕਿ ਉੱਦਕ ਸੇਵਾ ਮਹਾਂਉਤਸਵ ਦੇ ਅਵਸਰ 'ਤੇ ਲੋਕ ਆਪਣੇ ਸਰੀਰਾਂ 'ਤੇ ਚਿੱਕੜ ਦਾ ਲੇਪ ਕਰ ਲੈਂਦੇ ਸਨ ਅਤੇ ਘਰ-ਘਰ ਘੁੰਮਦੇ ਸਨ। ਮਨੁੱਖ, ਇਸਤਰੀ ਅਤੇ ਬੱਚੇ ਬਹੁਤ ਸ਼ਰਾਬ ਪੀ ਲੈਂਦੇ ਸਨ ਅਤੇ ਅਸ਼ਲੀਲ ਹਰਕਤਾਂ ਕਰਦੇ ਸਨ। ਉਤਸਵ ਦਾ ਮੁਖੀ ਭੈਰੋ ਦੀ ਤਰ੍ਹਾਂ ਆਪਣਾ ਰੂਪ ਬਣਾ ਕੇ ਗਧੇ 'ਤੇ ਚੜ੍ਹ ਕੇ ਘੁੰਮਦਾ ਸੀ, ਦੂਸਰੇ ਲੋਕ ਮਹੈਤਰਾਂ, ਗਵਾਲਿਆਂ ਆਦਿ ਦਾ ਰੂਪ ਧਾਰ ਕੇ ਉਸ ਦੇ ਪਿੱਛੇ ਚੱਲਦੇ ਸਨ। ਅਜਿਹਾ ਵਿਸ਼ਵਾਸ ਸੀ ਕਿ ਜੋ ਇਸ ਉਤਸਵ ਵਿੱਚ ਸ਼ਾਮਿਲ ਨਹੀਂ ਹੋਵੇਗਾ, ਉਸ 'ਤੇ ਭੂਤ ਅਤੇ ਪ੍ਰੇਤ ਗੁੱਸੇ ਵਿੱਚ ਆ ਜਾਣਗੇ। ਦੁਸਹਿਰੇ ਵਾਲੇ ਦਿਨ ਆਯੋਜਿਤ ਹੋਣ ਵਾਲੇ ਉਤਸਵ ਦੇ ਮੌਕੇ 'ਤੇ ਲੋਕ ਆਦਿਵਾਸੀਆਂ ਦੀ ਤਰ੍ਹਾਂ ਆਪਣੇ ਸਰੀਰਾਂ ਨੂੰ ਪੱਤਿਆਂ ਅਤੇ ਚਿੱਕੜ ਨਾਲ ਢੱਕ ਲੈਂਦੇ ਸਨ, ਉਹ ਇਸਤਰੀਆਂ ਸਬੰਧੀ ਸਾਰੇ ਪ੍ਰਕਾਰ ਦੇ ਗੰਦੇ ਗੀਤ ਗਾਇਆ ਕਰਦੇ ਸਨ। ਡਾ. ਆਰ. ਕੇ. ਮੁਕਨਰਜੀ ਲਿਖਦੇ ਹਨ, "ਕੌਲ ਧਰਮ ਵਿੱਚ ਨਾ ਕੇਵਲ ਮੁਕਤੀ ਪ੍ਰਾਪਤ, ਬਲਕਿ ਸ਼ਰਾਬ ਅਤੇ ਕਾਮ ਵਾਸਨਾ ਦਾ ਬੜੇ ਮਾੜੇ ਢੰਗ ਨਾਲ ਪ੍ਰਵੇਸ਼ ਹੋ ਚੁੱਕਾ ਸੀ। ਲੋਕ ਦੇਵੀ (ਗੋਰੀ ਅਤੇ ਲਕਸ਼ਮੀ) ਦਾ ਉਤਸਵ ਮੰਨਦੇ ਸਨ ਜੋ ਇਕ ਮਹੀਨੇ ਤੱਕ ਚੱਲਦਾ ਸੀ ਅਤੇ ਜੋ ਦੁਸਹਿਰੇ ਤੋਂ 13ਵੀਂ ਸਦੀ ਤੱਕ ਸਮਾਨ ਰੂਪ ਨਾਲ ਮਨਾਇਆ ਜਾਂਦਾ ਰਿਹਾ, ਜਿਸ ਨੇ ਕਾਮੁਕ, ਆਮੋਦ, ਪ੍ਰਾਮੋਦ ਅਤੇ ਸ਼ਰਾਰਤਾਂ ਦਾ ਰੂਪ ਧਾਰਨ ਕਰ ਲਿਆ ਸੀ। ਹੀਰੇ-ਜਵਾਹਰਾਤ ਲਗੀ ਸ਼ੀਖਰ ਵੇਦਾਂ ਅਤੇ ਚਿੱਤਰ ਵਿੱਦਿਆ ਵਾਂਗ ਸਰਵਜਨਕ ਉਦੇਸ਼ ਵੀ ਜਿੱਥੇ ਧਾਰਮਿਕ ਗੀਤ ਉਤਸਵ ਮਨਾਇਆ ਜਾਂਦਾ ਸੀ। ਪ੍ਰੇਮੀਆਂ ਲਈ ਮਿਲਣ ਵਾਲੀ ਜਗ੍ਹਾ ਦਾ ਕੰਮ ਦਿੰਦੇ ਸਨ ਜੋ ਆਪਣੀ ਪ੍ਰੇਮਿਕਾ ਨੂੰ ਦੇਵੀ ਦੀ ਮੂਰਤੀ ਦੇ ਸਾਹਮਣੇ ਆਪਣੇ ਸਰੀਰ ਦੇ ਅੰਗਾਂ ਨੂੰ ਉੱਚਾ ਚੁੱਕ ਕੇ ਲਹਿਰਾਉਂਦੇ ਹੋਏ ਚਕਾਚੌਂਦ ਕਰ ਦੇਣ ਵਾਲੀ ਸ਼ੁਭਰ ਅਤੇ ਆਕਰਸ਼ਕ ਪਤਾਕਾਵਾਂ ਨੂੰ ਲਹਿਰਾਉਂਦੇ ਹੋਏ ਉੱਪਰ-ਥੱਲੇ ਵਜਦੀਆਂ ਘੰਟੀਆਂ ਨਾਲ ਗਾਉਂਦੇ ਹੋਏ ਦੇਖਦੇ ਸਨ।

ਭਾਰਤ ਵਿੱਚ ਕੁਝ ਸਦੀਆਂ ਤੋਂ ਕੋਈ ਹਮਲਾ ਨਹੀਂ ਹੋਇਆ ਸੀ, ਇਸ ਲਈ ਲੋਕਾਂ ਵਿੱਚ ਸੁਰੱਖਿਆ ਦੀ ਝੂਠੀ ਭਾਵਨਾ ਬਣੀ ਹੋਈ ਸੀ, ਇਸ ਦਾ ਨਤੀਜਾ ਇਹ ਹੋਇਆ ਕਿ ਵਿਦੇਸ਼ੀ ਖਤਰਿਆਂ ਤੋਂ ਦੇਸ਼ ਦੀ ਸੁਰੱਖਿਆ ਲਈ ਕੋਈ ਵਿਵਸਥਾ ਨਹੀਂ ਕੀਤੀ ਗਈ

ਸੀ। ਦੇਸ਼ ਵਿੱਚ ਭੌਤਿਕ ਸਮ੍ਰਿਧੀ ਤੋਂ ਵੀ ਲੋਕ ਕਮਜ਼ੋਰ ਹੋ ਗਏ ਸਨ। ਸੈਨਾਵਾਂ ਦੀ ਵਿਵਸਥਾ 'ਤੇ ਧਿਆਨ ਨਹੀਂ ਦਿੱਤਾ ਗਿਆ ਅਤੇ ਸੁਰੱਖਿਆ ਲਈ ਰਸਤਾ ਨਹੀਂ ਸੀ। ਲੋਕਾਂ ਵਿੱਚ ਘਮੰਡ ਦੀ ਮਿਥਿਆ ਭਾਵਨਾ ਬਿਰਾਜਮਾਨ ਸੀ। ਅਲਬਰੂਨੀ ਲਿਖਦੇ ਹਨ ਕਿ "ਹਿੰਦੂਆਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਦੇ ਦੇਸ਼ ਵਰਗਾ ਕੋਈ ਦੇਸ਼ ਨਹੀਂ, ਉਨ੍ਹਾਂ ਦੇ ਰਾਸ਼ਟਰ ਵਰਗਾ ਕੋਈ ਰਾਸ਼ਟਰ ਨਹੀਂ ਹੈ, ਉਨ੍ਹਾਂ ਦੇ ਰਾਜੇ ਵਰਗਾ ਕੋਈ ਰਾਜਾ ਨਹੀਂ ਹੈ, ਉਨ੍ਹਾਂ ਦੇ ਧਰਮ ਵਰਗਾ ਕੋਈ ਧਰਮ ਨਹੀਂ ਹੈ ਅਤੇ ਉਨ੍ਹਾਂ ਦੇ ਵਿਗਿਆਨ ਬਰਾਬਰ ਕੋਈ ਵਿਗਿਆਨ ਨਹੀਂ ਹੈ।" ਅਜਿਹਾ ਮੰਨਣ ਦੇ ਨਤੀਜੇ ਵਜੋਂ ਹਿੰਦੂਆਂ ਦਾ ਹਾਰਨਾ ਸੁਭਾਵਿਕ ਸੀ।

ਭਾਰਤ ਦੇ ਲੋਕ ਬਾਕੀ ਦੁਨੀਆਂ ਤੋਂ ਅਲੱਗ-ਥਲੱਗ ਬਣੇ ਹੋਏ ਸਨ, ਉਹ ਆਪਣੇ ਆਪ ਵਿੱਚ ਇੰਨੇ ਜ਼ਿਆਦਾ ਸੰਤੁਸ਼ਟ ਸਨ ਕਿ ਉਨ੍ਹਾਂ ਨੂੰ ਆਪਣੀਆਂ ਹੱਦਾਂ ਦੇ ਬਾਹਰ ਹੋ ਰਹੀਆਂ ਘਟਨਾਵਾਂ ਦੀ ਕੋਈ ਚਿੰਤਾ ਨਹੀਂ ਸੀ, ਆਪਣੇ ਦੇਸ਼ ਤੋਂ ਬਾਹਰ ਹੋ ਰਹੀਆਂ ਘਟਨਾਵਾਂ ਨੂੰ ਅਣਦੇਖਿਆ ਕਰਨ ਨਾਲ ਉਨ੍ਹਾਂ ਦੀ ਸਥਿਤੀ ਬਹੁਤ ਮਾੜੀ ਹੋ ਗਈ ਸੀ। ਇਸ ਨਾਲ ਉਨ੍ਹਾਂ ਵਿੱਚ ਨਿਰਾਸ਼ਾ ਦੀ ਭਾਵਨਾ ਪੈਦਾ ਹੋ ਗਈ ਸੀ। ਚਾਰੇ ਪਾਸੇ ਸਥਿਤੀ ਕਾਫ਼ੀ ਵਿਗੜ ਗਈ ਸੀ। ਵਸਤੂ ਕਲਾ, ਚਿੱਤਰ ਕਲਾ ਅਤੇ ਲਲਿਤਕਾਰ 'ਤੇ ਕਾਫੀ ਪ੍ਰਭਾਵ ਪਿਆ। ਭਾਰਤੀ ਸਮਾਜ ਵਿੱਚ ਗਤੀਰੋਧ ਪੈਦਾ ਹੋ ਗਿਆ ਅਤੇ ਜਾਤ-ਪਾਤ ਦੀ ਪ੍ਰਥਾ ਕਠੋਰ ਹੋ ਗਈ ਸੀ। ਵਿਧਵਾਵਾਂ ਦਾ ਦੁਬਾਰਾ ਵਿਆਹ ਨਹੀਂ ਹੁੰਦਾ ਸੀ। ਅਛੂਤਾਂ ਨੂੰ ਨਗਰ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ।

ਮੱਠ ਜੋ ਪਹਿਲਾਂ ਗਿਆਨ ਪ੍ਰਾਪਤੀ ਦੇ ਸਥਾਨ ਸਨ, ਹੁਣ ਵਿਲਾਸਤਾ ਅਤੇ ਨਿਰਾਸ਼ਾ ਦੇ ਕੇਂਦਰ ਬਣ ਗਏ ਸਨ। ਅੱਧੇ ਤੋਂ ਜ਼ਿਆਦਾ ਮੱਠ ਵਾਸੀ ਵਿਭਚਾਰ ਦਾ ਜੀਵਨ ਬਿਤਾਉਂਦੇ ਸਨ। ਮੰਦਿਰਾਂ ਵਿੱਚ ਦੇਵਦਾਸੀ ਦੀ ਪ੍ਰਥਾ ਪ੍ਰਚੱਲਿਤ ਸੀ। ਬਹੁਤ ਵੱਡੀ ਗਿਣਤੀ ਵਿੱਚ ਅਣ-ਵਿਆਹੀਆਂ ਲੜਕੀਆਂ ਮੰਦਿਰਾਂ ਵਿੱਚ ਦੇਵਤਾ ਦੀ ਸੇਵਾ ਲਈ ਸਮਰਪਿਤ ਕਰ ਦਿੱਤੀਆਂ ਗਈਆਂ ਸਨ। ਇਸ ਨਾਲ ਮੰਦਿਰਾਂ ਵਿੱਚ ਭ੍ਰਿਸ਼ਟਾਚਾਰ ਅਤੇ ਬਾਜ਼ਾਰੂ ਪ੍ਰਵਿਰਤੀ ਦਾ ਬੋਲਬਾਲਾ ਹੋ ਗਿਆ। ਮਹਾਨ ਲੇਖਕਾਂ ਨੇ ਅਸ਼ਲੀਲ ਸਾਹਿਤ ਲਿਖਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕੀਤੀ। ਕਸ਼ਮੀਰ ਦੇ ਰਾਜੇ ਦੇ ਇਕ ਮੰਤਰੀ ਨੇ ਕੂਟਨੀਤਿਕ ਅਤੇ "ਔਧ ਦੇ ਵਿਚਾਰ" ਨਾਮ ਦੀ ਇਕ ਪੁਸਤਕ ਲਿਖੀ। ਸ਼ਰਮੇਂਦਰ (ਸੰਨ 990–1065 ਈ.) ਨੇ ਸਮੇਂ ਦਾ ਅਤੇ "ਇਕ ਵੇਸਵਾ ਦਾ ਜੀਵਨ ਚਰਿੱਤਰ" ਨਾਮਕ ਪੁਸਤਕ ਲਿਖੀ। ਇਸ ਪੁਸਤਕ ਵਿੱਚ ਨਾਇਕਾ ਸਮਾਜ ਦੇ ਹਰੇਕ ਖੇਤਰ ਵਿੱਚ ਇਕ ਵੇਸਵਾ, ਇਕ ਸਮਾਨਤ ਦੀ ਗ੍ਰਹਿਣੀ, ਇਕ ਵਿਚੋਲਾ, ਇਕ ਝੂਠੀ ਮੱਠ ਵਾਸਣ, ਨੌਜਵਾਨਾਂ ਨੂੰ ਭ੍ਰਿਸ਼ਟ ਕਰਨ ਵਾਲੀ ਅਤੇ ਧਾਰਮਿਕ ਸਥਾਨਾਂ 'ਤੇ ਜਾਣ ਵਾਲੀ ਇਸਤਰੀ ਦੇ ਰੂਪ ਵਿੱਚ ਆਪਣੇ ਸਾਹਸੀ ਕੰਮਾਂ ਦਾ ਉਲੇਖ ਕਰਦੀ ਹੈ।

ਜ਼ਿਆਦਾਤਰ ਹਿੰਦੂ ਦਿਵਿਆ ਤਨੂਧਾਰੀਆਂ ਅਤੇ ਦੇਵਤਾ ਤੇ ਸਵਗ੍ਰਹਿ ਦੂਤ, ਦੇਵ-ਦਾਨਵ, ਰਾਜਾ ਅਤੇ ਅਪਸਰਾ, ਅੰਸ਼, ਰਾਖਸ਼ ਕਿੰਨਰ, ਨਾਗ ਅਤੇ ਵਿਦਾਦਰ ਦੇ 8 ਵਰਗਾਂ ਵਿੱਚ ਵਿਸ਼ਵਾਸ ਰੱਖਦੇ ਸਨ। ਸਿੱਖਿਅਤ ਅਤੇ ਅਸਿੱਖਿਅਤ ਲੋਕਾਂ ਦੇ ਵਿਸ਼ਵਾਸ ਵੱਖ-ਵੱਖ ਸਨ। ਸਿੱਖਿਅਤ ਲੋਕ ਵਿਚਾਰਾਂ ਅਤੇ ਬਰਾਬਰ ਸਿਧਾਂਤਾਂ ਵਿੱਚ ਵਿਸ਼ਵਾਸ ਕਰਦੇ ਸਨ, ਜਦ ਕਿ ਅਸਿੱਖਿਅਤ ਲੋਕ ਥੋੜ੍ਹੇ ਨਿਯਮਾਂ ਨਾਲ ਹੀ ਸੰਤੁਸ਼ਟ ਸਨ ਅਤੇ ਉਹ ਉਨ੍ਹਾਂ ਦੀ ਵਿਸਤ੍ਰਿਤ ਆਲੋਚਨਾ ਦੀ ਚਿੰਤਾ ਨਹੀਂ ਕਰਦੇ ਸਨ। ਅਸਿੱਖਿਅਤ ਲੋਕ ਮੂਰਤੀਆਂ ਦੀ ਪੂਜਾ ਕਰਦੇ ਸਨ, ਇਸੇ ਕਾਰਣ ਬਹੁਤ ਜ਼ਿਆਦਾ ਸਮਾਨ ਵਿਅਕਤੀਆਂ, ਪੂਜਾਰੀਆਂ, ਸੰਤਾਂ, ਦੇਵ-ਦੂਤਾਂ ਦੇ ਬਰਾਬਰ ਮੂਰਤੀਆਂ ਅਤੇ ਸਤੰਭਾਂ ਦਾ ਨਿਰਮਾਣ ਸ਼ੁਰੂ ਹੋਇਆ ਜੋ ਆਪਣੇ ਗੈਰ-ਹਾਜ਼ਰੀ ਵਿੱਚ ਅਤੇ ਮੌਤ ਤੋਂ ਬਾਅਦ ਆਪਣੀ ਸਮ੍ਰਿਤੀ ਬਣਾਈ ਰੱਖਣਾ ਚਾਹੁੰਦੇ ਸਨ ਤਾਂ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਲੋਕਾਂ ਦੇ ਵਿੱਚ ਉਨ੍ਹਾਂ ਪ੍ਰਤੀ ਸਥਾਈ ਰੂਪ ਨਾਲ ਮਾਣ ਅਤੇ ਸਨਮਾਨ ਬਣਿਆ ਰਹੇ।

ਤੀਰਥ ਯਾਤਰਾ ਹਿੰਦੂਆਂ ਦੇ ਧਾਰਮਿਕ ਵਿਸ਼ਵਾਸ ਦਾ ਇਕ ਅੰਗ ਬਣ ਗਈ ਸੀ, ਉਹ ਜ਼ਰੂਰੀ ਨਹੀਂ ਸੀ, ਪ੍ਰੰਤੂ ਉਸ ਨੂੰ ਪੁਨਰ ਫਲ ਦੇਣ ਵਾਲੀ ਮੰਨਿਆ ਜਾਂਦਾ ਸੀ। ਹਰੇਕ ਅਜਿਹੇ ਸਥਾਨ ਵਿੱਚ, ਜਿਸ ਨਾਲ ਕਿਸੇ ਪਵਿੱਤਰ ਆਤਮਾ ਦਾ ਸਬੰਧ ਰਿਹਾ ਹੋਵੇ, ਹਿੰਦੂਆਂ ਨੇ ਇਸ਼ਨਾਨ ਲਈ ਸਰੋਵਰਾਂ ਦਾ ਨਿਰਮਾਣ ਕੀਤਾ, ਇਸ ਵਿੱਚ ਉਨ੍ਹਾਂ ਨੇ ਉੱਚ ਪੱਧਰ ਦੀ ਕਲਾ ਦਾ ਨਿਰਮਾਣ ਕੀਤਾ।

ਉਨ੍ਹਾਂ ਦਿਨਾਂ ਵਿੱਚ ਸਤੀ ਪ੍ਰਥਾ ਪ੍ਰਚੱਲਿਤ ਸੀ "ਜਦ ਕੋਈ ਰਾਜਾ ਮਰਦਾ ਹੈ, ਉਸ ਦੀਆਂ ਸਾਰੀਆਂ ਪਤਨੀਆਂ ਆਪਣੇ ਆਪ ਨੂੰ ਉਸ ਦੀ ਚਿਤਾ 'ਤੇ ਭਸਮ ਕਰ ਲੈਂਦੀਆਂ ਹਨ।" ਅਲਬਰੂਨੀ ਦਾ ਵਿਚਾਰ ਸੀ ਕਿ ਸਤੀ ਪ੍ਰਥਾ ਦਾ ਕੇਵਲ ਵੇਸਵਾ ਅਤੇ ਸ਼ੂਦਰਾਂ ਵੱਲੋਂ ਹੀ ਪਾਲਣ-ਪੋਸ਼ਣ ਕੀਤਾ ਜਾਂਦਾ ਸੀ, ਵਿਸ਼ੇਸ਼ ਕਰਕੇ ਉਨ੍ਹਾਂ ਅਵਸਰਾਂ 'ਤੇ ਜਿਨ੍ਹਾਂ ਨੂੰ ਦੁਬਾਰਾ ਜਨਮ ਲੈ ਕੇ ਵਰਤਮਾਨ ਜਨਮ ਅਤੇ ਜੀਵਨ ਤੋਂ ਬਿਹਤਰ ਸਥਿਤੀ ਵਿੱਚ ਜਨਮ ਲੈਣ ਲਈ ਬਹੁਤ ਉਤਕ੍ਰਸ਼ਟ ਸਮਝਿਆ ਜਾਂਦਾ ਸੀ। ਬ੍ਰਾਹਮਣਾਂ ਅਤੇ ਸਥਰੀਆਂ ਵੱਲੋਂ ਆਤਮ-ਹੱਤਿਆ ਇਕ ਵਿਸ਼ੇਸ਼ ਕਾਨੂੰਨ ਵੱਲੋਂ ਲਾਗੂ ਸੀ, ਅਗਰ ਉਹ ਆਪਣੇ ਆਪ ਨੂੰ ਖਤਮ ਕਰਨਾ ਚਾਹੁੰਦੇ ਸਨ ਤਾਂ ਗ੍ਰਹਿਣ ਮੌਕੇ ਅਜਿਹਾ ਕਰਦੇ ਸਨ ਅਤੇ ਉਹ ਕਿਰਾਏ 'ਤੇ ਕਿਸੇ ਅਜਿਹੇ ਵਿਅਕਤੀ ਨੂੰ ਲੈ ਲੈਂਦੇ ਸਨ ਜੋ ਉਨ੍ਹਾਂ ਨੂੰ ਗੰਗਾ ਵਿੱਚ ਡੁਬੋ ਦੇਵੇ, ਤਦ ਤੱਕ ਉਨ੍ਹਾਂ ਨੂੰ ਪਾਣੀ ਦੇ ਥੱਲੇ ਰੱਖੇ, ਜਦ ਤੱਕ ਕਿ ਉਹ ਮਰ ਨਾ ਜਾਵੇ।

ਮ੍ਰਿਤਕ ਦਾ ਅੰਤਿਮ ਸੰਸਕਾਰ ਇਨ੍ਹਾਂ ਤਿੰਨ ਤਰੀਕਿਆਂ ਵਿੱਚੋਂ ਕਿਸੇ ਇਕ ਨਾਲ ਕੀਤਾ ਜਾਂਦਾ ਸੀ-ਅੱਗ ਨਾਲ, ਮ੍ਰਿਤਕ ਸਰੀਰ ਨੂੰ ਨਦੀ ਵਿੱਚ ਵਹਾ ਕੇ ਜਾਂ ਸਰੀਰ ਨੂੰ ਜੰਗਲੀ ਪਸ਼ੂਆਂ ਦੇ ਭੋਜਨ ਲਈ ਸੁੱਟ ਦਿੱਤਾ ਜਾਂਦਾ ਸੀ। ਬ੍ਰਾਹਮਣ ਆਪਣੇ ਮ੍ਰਿਤਕ ਵਿਅਕਤੀ ਲਈ ਬਹੁਤ ਵਿਰਲਾਪ ਕਰਦੇ ਸਨ, ਪ੍ਰੰਤੂ ਬੋਧ ਲੋਕ ਅਜਿਹਾ ਨਹੀਂ ਕਰਦੇ ਸਨ। ਅਵਿਨਾਸ਼ੀ ਆਤਮਾ ਦੇ ਪ੍ਰਮਾਤਮਾ ਵਿੱਚ ਲੀਨ ਹੋਣ ਸਬੰਧੀ ਹਿੰਦੂਆਂ ਦਾ ਵਿਚਾਰ ਹੈ ਕਿ ਅੰਸ਼ਿਕ ਰੂਪ ਵਿੱਚ ਇਹ ਸੂਰਜ ਦੀਆਂ ਕਿਰਨਾਂ ਨਾਲ ਹੁੰਦਾ ਹੈ, ਜਿਨ੍ਹਾਂ 'ਤੇ ਸਵਯ ਅਤੇ ਅਰੂੜ ਕਰ ਲੈਂਦੀ ਹੈ ਅਤੇ ਅੱਗ, ਸ਼ਿਖਾ, ਆਤਮਾ ਨੂੰ ਪ੍ਰਮਾਤਮਾ ਤੱਕ ਪਹੁੰਚਾ ਦਿੰਦੀ ਹੈ।

ਨੋਟ

ਆਤਮਾ ਨੂੰ ਪੁਰਸਕਾਰ ਅਤੇ ਸਜ਼ਾ ਮਿਲਣ ਦਾ ਵਿਚਾਰ ਵੀ ਹਿੰਦੂਆਂ ਵਿੱਚ ਪ੍ਰਚੱਲਿਤ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਅਜਿਹੇ ਤਿੰਨ ਸੰਸਾਰ ਹਨ, ਜਿੱਥੇ ਆਤਮਾ ਨਿਵਾਸ ਕਰਦੀ ਹੈ "ਹਿੰਦੂ ਸੰਸਾਰ ਨੂੰ ਲੋਕ ਕਹਿੰਦੇ ਹਨ, ਇਨ੍ਹਾਂ ਦੀ ਸਥਿਤੀ ਉੱਪਰ-ਥੱਲੇ ਅਤੇ ਵਿਚਕਾਰ ਹੈ। ਉੱਪਰ ਦੇ ਲੋਕ ਨੂੰ ਸਵਰਗ ਲੋਕ ਜਾਂ ਪ੍ਰਲੋਕ, ਹੇਠਲੇ ਨੂੰ ਨਰਕ ਲੋਕ ਜਾਂ ਸਰਪ ਲੋਕ ਅਤੇ ਵਿਚਕਾਰ ਜਿਸ ਵਿੱਚ ਅਸੀਂ ਰਹਿੰਦੇ ਹਾਂ, ਨੂੰ ਵਿੱਚ ਵਿਚਕਾਰਲਾ ਲੋਕ ਜਾਂ ਮਨੁੱਖ ਲੋਕ ਕਹਿੰਦੇ ਹਾਂ। ਮੱਧ ਲੋਕ ਵਿੱਚ ਮਨੁੱਖ ਕਰਮ ਕਰਦਾ ਹੈ, ਉੱਪਰ ਦੇ ਲੋਕ ਵਿੱਚ ਆਪਣਾ ਪੁਰਸਕਾਰ ਪ੍ਰਾਪਤ ਕਰਦਾ ਹੈ ਅਤੇ ਹੇਠਲੇ ਲੋਕ ਵਿੱਚ ਸਜ਼ਾ ਭੁਗਤਦਾ ਹੈ... ਪ੍ਰੰਤੂ ਇਸ ਵਿੱਚੋਂ ਹਰੇਕ ਵਿੱਚ ਆਤਮਾ ਨਿਵਾਸ ਕਰਦੀ ਹੈ ਜੋ ਸਰੀਰ ਦੇ ਬੰਧਨ ਤੋਂ ਮੁਕਤ ਹੈ।"

ਇਹ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਮੁਸਲਮਾਨਾਂ ਦੇ ਹਮਲਿਆਂ ਸਮੇਂ ਭਾਰਤੀ ਸਮਾਜ ਵਿੱਚ ਵੀਰਤਾ ਅਤੇ ਅਸਥਿਰਤਾ, ਬਹਾਦਰੀ ਅਤੇ ਅਰਾਜਕਤਾ, ਸਮ੍ਰਿਧੀ ਅਤੇ ਗਰੀਬੀ, ਭੋਗ ਵਿਲਾਸ ਅਤੇ ਗਿਆਨ ਅਤੇ ਵਿਭਚਾਰ ਅਤੇ ਤਪੱਸਿਆ ਦੀ ਅਸਧਾਰਣ ਸਮਰੱਥਾ ਦੇਖਣ ਨੂੰ ਮਿਲਦੀ ਸੀ। ਡਾ. ਆਰ. ਸੀ. ਮਜੂਮਦਾਰ ਲਿਖਦੇ ਹਨ ਕਿ- "ਸਾਹਸਿਕ ਬਦਲਾ ਅਤੇ ਵੀਰਤਾ ਪੂਰਨ ਆਤਮ-ਤਿਆਗ ਦੇ ਨਾਲ-ਨਾਲ ਈਰਖਾ ਆਤਮ-ਸਮਰਪਣ, ਰਾਸ਼ਟਰੀ ਕੰਮਾਂ ਲਈ ਦੇਸ਼ ਭਗਤੀ ਬਰਾਬਰ ਉਤਸ਼ਾਹ ਨਾਲ ਸਵਾਰਥ ; ਜਨਮ ਭੂਮੀ ਦੀ ਸੁਰੱਖਿਆ ਦੀ ਚਿੰਤਾ ਅਤੇ ਰਾਸ਼ਟਰੀ ਹਿੱਤ ਦੀ ਉਜਵਲ ਭਾਵਨਾ ਦੇ ਵਿਅਕਤੀਗਤ ਭਾਵਨਾ ਸਾਹਮਣੇ ਸਮਰਪਣ ਕਰ ਦੇਣ ਦੇ ਉਦਾਹਰਣ ਮਿਲਦੇ ਹਨ। ਪਰਿਵਾਰ ਦੇ ਬਰਾਬਰ ਅਤੇ ਸੁਰੱਖਿਅਤ ਦੀ ਵਧੇਰੇ ਭਾਵਨਾ ਦੇ ਵਿਰੋਧ ਵਿੱਚ ਸਖਤ ਭਾਵਨਾ, ਜਿਸ ਨਾਲ ਇਸਤਰੀਆਂ ਨਾਲ ਕੀਤਾ ਗਿਆ ਅਸਮਾਨ ਅਤੇ ਇਸ਼ਟਤਮ ਸਬੰਧੀਆਂ ਦੇ ਨਾਲ ਕੀਤਾ ਗਿਆ ਘੋਰ ਨਿਰਾਦਰ ਵੀ ਪ੍ਰਭਾਵਿਤ ਨਹੀਂ ਕਰ ਸਕਦਾ ਸੀ; ਅਸਮਾਨ ਸਹਿਣ ਦੀ ਉਮੀਦ ਮਰ ਜਾਣਾ ਚੰਗਾ ਸਮਝਣ ਵਾਲੇ ਬਹਾਦਰ ਮਨੁੱਖਾਂ ਦਾ ਨਫ਼ਰਤ ਧੋਖੇਬਾਜ਼ਾਂ ਨਾਲ ਮਿਲ ਕੇ ਚੱਲਣਾ ਜੋ ਉਨ੍ਹਾਂ ਲੋਕਾਂ ਦੀਆਂ ਤਲੀਆਂ ਨੂੰ ਚੱਟਦੇ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਮਧੌਲਿਆ ਸੀ; ਜਨਮ ਭੂਮੀ ਦੀ ਰੱਖਿਆ ਲਈ ਮਹਾਨਤਾ, ਤਿਆਗ ਦੀ ਭਾਵਨਾ ਨਾਲ ਪ੍ਰੇਰਿਤ ਸਹਿਯੋਗ ਪੂਰਨ ਧਾਰਨਾ ਦੇ ਨਾਲ-ਨਾਲ ਛੋਟੇ-ਛੋਟੇ ਅੰਦਰਲੇ ਝਗੜੇ, ਜਿਸ ਨਾਲ ਦੇਸ਼ ਦੀ ਸਿਖ਼ਰਤਾ ਅਤੇ ਅਖੰਡਤਾ ਨੂੰ ਠੀਕ ਉਸ ਸਮੇਂ ਠੇਸ ਪਹੁੰਚੀ, ਜਦ ਇਸ ਦੀ ਸੁਤੰਤਰਤਾ ਖ਼ਤਰੇ ਵਿੱਚ ਸੀ ; ਕੇਵਲ ਇਕ ਮੰਦਿਰ ਦੀ ਪਵਿੱਤਰਤਾ ਨੂੰ ਬਚਾਉਣ ਲਈ ਹਜ਼ਾਰਾਂ ਮਨੁੱਖਾਂ ਦੇ ਬਹਾਦਰੀ, ਆਤਮਘਾਤੀ ਆਤਮੋਤਸਰਗ ਦੇ ਨਾਲ ਸੈਂਕੜੇ ਸਥਾਨਾਂ ਦੇ ਅਪਮਾਨ ਪ੍ਰਤੀ ਘੋਰ ਉਦਾਸੀਨਤਾ ਦੇ ਜ਼ਿਆਦਾਤਰ ਅਨੇਕਾਂ ਉਦਾਹਰਣ ਦੇਖਣ ਨੂੰ ਮਿਲਦੇ ਹਨ; ਅਤੇ ਇਸਤਰੀਆਂ ਦੇ ਬਰਾਬਰ ਅਤੇ ਧਾਰਮਿਕ ਪਵਿੱਤਰਤਾ ਦੀ ਅਤਿਅੰਤ ਮਾਣ-ਭਾਵਨਾ ਦਾ ਵੀ ਬਹੁਤ ਹੀਣਭਾਵਨਾ ਨਾਲ ਉਲੰਘਣ ਕੀਤਾ ਗਿਆ, ਜਿਸ ਵਿੱਚ ਰਾਸ਼ਟਰ ਵਿੱਚ ਕੋਈ ਵਿਰੋਧ ਨਹੀਂ ਹੋਇਆ।"

10ਵੀਂ ਸਦੀ ਦੇ ਅਖੀਰ ਵਿੱਚ ਭਾਰਤ ਦੀ ਸਮਾਨ ਦਸ਼ਾ ਸਬੰਧੀ ਡਾ. ਪਣੀਕਰ ਲਿਖਦੇ ਹਨ ਕਿ ਹਿੰਦੂਆਂ ਦਾ ਸਮਾਜਿਕ ਤੰਤਰ ਦ੍ਰਿੜ ਸੀ ਅਤੇ ਉਸ ਵਿੱਚ ਵਿਦੇਸ਼ੀ ਹਮਲਿਆਂ ਦਾ ਸਾਹਮਣਾ ਕਰਨਾ ਦੀ ਸਮਰੱਥਾ ਸੀ। ਬੌਧ ਧਰਮ ਦੇ ਆਤਮ ਸਮਰਪਣ ਅਤੇ ਜਨਤਾ ਦੀਆਂ ਧਾਰਮਿਕ ਜ਼ਰੂਰਤਾਂ ਨੂੰ ਸੰਤੁਸ਼ਟ ਕਰਨ ਵਾਲੀ ਨਵੀਂ ਲੋਕਪ੍ਰਿਯ ਪੱਦਤੀਆਂ ਨੂੰ ਅਪਣਾ ਕੇ ਅਤੇ ਉਸ ਤੱਤ ਗਿਆਨ ਦੀ ਜਨਮ ਭੂਮੀ 'ਤੇ ਜੋ ਵਧੇਰੇ ਬੁੱਧੀਮਾਨ ਵਿਅਕਤੀਆਂ ਦੇ ਮਨਾਂ ਨੂੰ ਸੰਤੋਸ਼ ਪ੍ਰਦਾਨ ਕਰਦਾ ਸੀ ਅਤੇ ਵੱਖ-ਵੱਖ ਸੰਪ੍ਰਦਾਵਾਂ ਨੂੰ ਇਕ ਨਿਸ਼ਠਾ ਵਿੱਚ ਇਕੱਠਾ ਕਰਦਾ ਸੀ। ਹਿੰਦੂ ਧਰਮ ਵਿੱਚ ਇਕ ਨਵੀਂ ਅਤੇ ਤੇਜ਼ ਪ੍ਰੇਰਕ ਸ਼ਕਤੀ ਦਾ ਸੰਚਾਰ ਹੋ ਗਿਆ ਸੀ, ਲੋਕ ਸਮ੍ਰਿਧ ਸਨ। ਕੁਝ ਸਦੀਆਂ ਤੱਕ ਸ਼ਾਂਤੀ ਰਹਿਣ, ਚੰਗਾ ਵਪਾਰ ਹੋਣ ਅਤੇ ਉਪ-ਨਿਵੇਸ਼ ਬਣਾਉਣ ਨਾਲ ਪ੍ਰਚੂਨ ਧਨ, ਸੰਪਤੀ ਇਕੱਠੀ ਹੋ ਗਈ ਸੀ, ਰਾਜਨੀਤਿਕ ਵਿਵਸਥਾ ਕੁਝ ਵੀ ਨਹੀਂ ਸੀ। ਏਕਤਾ ਦੀ ਭਾਵਨਾ ਦਾ ਅਹਿਸਾਸ ਸੀ। ਸਾਰੇ ਭਾਰਤ ਦੇ ਆਦਰਸ਼ ਨੂੰ ਲੋਕ ਪੂਰੀ ਤਰ੍ਹਾਂ ਭੁੱਲ ਚੁੱਕੇ ਸਨ। ਦੇਸ਼ ਭਗਤੀ ਦਾ ਭਾਵਨਾ ਦਾ ਅਹਿਸਾਸ ਸੀ, ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਕਰਨ ਦਾ ਕੋਈ ਸੰਕਲਪ ਨਹੀਂ ਸੀ। ਇਕ ਭ੍ਰਿਸ਼ਟ ਸਾਮੰਤਸ਼ਾਹੀ ਦਾ ਬੋਲਬਾਲਾ ਸੀ, ਕੇਵਲ ਰਾਜਵੰਸ਼ੀ ਹਿਤਾਂ ਦੇ ਕਾਰਣ ਹੀ ਲੋਕਾਂ ਵਿੱਚ ਸੰਗਠਨ ਦੇਖਣ ਨੂੰ ਮਿਲਦਾ ਸੀ ਅਤੇ ਮੁਸਲਮਾਨ ਹਮਲਾਵਰਾਂ ਦੇ ਸਾਹਮਣਾ ਕਰਨ ਹਿੱਤ ਭਾਰਤ ਵਾਸੀਆਂ ਨੂੰ ਤਿਆਰ ਕਰਨ ਲਈ ਇਹ ਸੰਭਵ ਨਹੀਂ ਸੀ। ਦੱਖਣੀ ਭਾਰਤ ਵਿੱਚ ਸਥਿਤੀ ਇਸ ਨਾਲੋਂ ਅਲੱਗ ਸੀ, ਉੱਥੇ ਚੋਲ, ਪੱਲਵ ਅਤੇ ਪਾਂਡੀਆ ਵੰਸ਼ਾਂ ਦੇ ਰਾਸ਼ਟਰੀ ਰਾਜਤੰਤਰ ਸ਼ਾਸਨ ਕਰ ਰਹੇ ਸਨ। ਕੁਲ ਮਿਲਾ ਕੇ, ਮੁਸਲਮਾਨ ਹਮਲਾਵਰਾਂ ਦਾ ਸਫ਼ਲਤਾਪੂਰਵਕ ਮੁਕਾਬਲਾ ਕਰਨ ਲਈ ਭਾਰਤ ਤਿਆਰ ਨਹੀਂ ਸੀ।

**ਸਵ-ਮੁਲਾਂਕਣ (Self Assessment)**

1. ਖਾਲੀ ਥਾਵਾਂ ਭਰੋ (Fill in the blanks):
   (i) ਸੰਨ 753 ਈ. ਵਿੱਚ ................. ਵੰਸ਼ ਰਾਸ਼ਟਰਕੂਟਾਂ ਤੋਂ ਹਾਰ ਗਏ।
   (ii) 9ਵੀਂ ਸਦੀ ਦੇ ਅੰਤ ਤੱਕ ਮਹਾਨ ................. ਵੰਸ਼ ਦਾ ਖਾਤਮਾ ਹੋ ਚੁੱਕਾ ਸੀ।
   (iii) ਪ੍ਰਵਰਤੀ ਚਾਲੂਕਿਆ ਵੰਸ਼ ਦਾ ਪਰਿਵਰਤਕ ................ ਦਵਿੱਤਯ ਸੀ।
   (iv) ਰਾਜੇ ਰਾਜ ਨੇ ਸੰਨ ............... ਤੋਂ 1014 ਈ. ਤੱਕ ਰਾਜ ਕੀਤਾ।
   (v) ਰਾਜੇਂਦਰ ਚੋਲ ਇਕ ਮਹਾਨ ਯੋਧਾ ਅਤੇ .................... ਸੀ।

2. ਬਹੁ ਵਿਕਲਪੀ ਪ੍ਰਸ਼ਨ (Multiple Choice Questions):

   (i) ਸਾਮੰਤ ਲੋਕ ਸਨ

   (ਅ) ਜ਼ਿੱਦੀ, ਤਾਨਾਸ਼ਾਹ ਅਤੇ ਭ੍ਰਿਸ਼ਟ (ਬ) ਕਮਜ਼ੋਰ, ਡਰਪੋਕ, ਉਦਾਰ

   (ਸ) ਦਇਆਵਾਨ ਅਤੇ ਤਾਕਤਵਰ (ਦ) ਉਪਰੋਕਤ ਸਾਰੇ

   (ii) ਵਪਾਰੀਆਂ ਅਤੇ ਸੌਦਾਗਰਾਂ ਦਾ ਵਿਵਹਾਰ ਸੀ–

   (ਅ) ਮੁਸ਼ਕਿਲ ਨਾਲ ਭਰਪੂਰ (ਬ) ਮੁਸ਼ਕਿਲ

   (ਸ) ਸਰਾਹੁਣਯੋਗ (ਦ) ਨਿੰਦਣਯੋਗ

   (iii) ਹੇਠਾਂ ਲਿਖੇ ਅਨੁਸਾਰ ਨਾਥ ਜੋਗੀਆਂ ਦੇ ਸਿਰਾਂ 'ਤੇ ਹੁੰਦੀ ਸੀ–

   (ਅ) ਮੁਕਟ (ਬ) ਕੁੰਡਲ

   (ਸ) ਬਹੁਰੰਗੀਆਂ ਟੋਪੀਆਂ (ਦ) ਖੜ੍ਹਾਵਾਂ

3. ਹੇਠ ਲਿਖੇ ਕਥਨਾਂ ਵਿੱਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State whether the following statements are True or False)

   (i) ਰਾਜੇਂਦਰ ਚੋਲ ਨੇ 1044 ਈ. ਤੱਕ ਰਾਜ ਕੀਤਾ।

   (ii) ਸੈਨਿਕ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਚਾਂਦੀ ਦੇ ਸਿੱਕੇ ਦਿੱਤੇ ਜਾਂਦੇ ਸਨ।

   (iii) ਅੱਠਵੀਂ ਸਦੇ ਦੇ ਅਖੀਰ ਵਿੱਚ ਇਕ ਬੋਧ ਭਿਕਸ਼ੂ ਰਾਹੁਲ ਭੱਦਰ ਨੇ ਇਕ ਧਾਰਮਿਕ ਅੰਦੋਲਨ ਸ਼ੁਰੂ ਕੀਤਾ।

## 2.2 ਸਾਰ ਅੰਸ਼ (Summary)

- 11ਵੀਂ ਸਦੀ ਵਿੱਚ ਜਦ ਮੁਸਲਮਾਨਾਂ ਨੇ ਭਾਰਤ 'ਤੇ ਹਮਲੇ ਕਰਨੇ ਸ਼ੁਰੂ ਕੀਤੇ, ਤਦ ਭਾਰਤ ਵੱਖ-ਵੱਖ ਰਾਜਾਂ ਵਿੱਚ ਵੰਡਿਆ ਹੋਇਆ ਸੀ।
- 612 ਈ. ਵਿੱਚ ਅਰਬਾਂ ਨੇ ਸਿੰਧ ਅਤੇ ਮੁਲਤਾਨ ਦੋਵਾਂ ਰਾਜਾਂ ਨੂੰ ਜਿੱਤ ਲਿਆ। ਇਹ ਦੋਵੇਂ ਹਿੰਦੂ ਰਾਜ ਅਗਰ ਇਕੱਠੇ ਹੋ ਕੇ ਵਿਦੇਸ਼ੀਆਂ ਵੱਲੋਂ ਜਿੱਤ ਲਏ ਜਾਣ ਦਾ ਵਿਰੋਧ ਕਰਦੇ ਤਾਂ ਜ਼ਰੂਰ ਸਫ਼ਲਤ ਹੁੰਦੇ, ਪ੍ਰੰਤੂ ਦੁਸ਼ਮਣੀ ਕਾਰਣ ਇਹ ਰਾਜ ਮੁਸਲਮਾਨਾਂ ਦੀ ਅਧੀਨਗੀ ਵਿੱਚ ਰਹੇ।
- ਕਸ਼ਮੀਰ ਦਾ ਰਾਜ ਮੁੱਖ ਰਾਜਾਂ ਵਿੱਚੋਂ ਇਕ ਸੀ, ਇਸ ਦੇ ਸ਼ਾਸਕ ਨੂੰ ਹਿੰਦੋਸਤਾਨੀ ਸਾਮਰਾਜ ਅਤੇ ਕਨੌਜ ਦੇ ਨਾਲ ਯੁੱਧ ਲੜਨਾ ਪਿਆ, ਕਸ਼ਮੀਰ ਦਾ ਇਕ ਪ੍ਰਸਿੱਧ ਸ਼ਾਸਕ ਸ਼ੰਕਰ ਵਰਮਨ ਸੀ।
- 9ਵੀਂ ਸਦੀ ਦੇ ਅੱਧ ਵਿੱਚ ਕਨੌਜ ਵਿੱਚ ਪ੍ਰਤੀਹਾਰ ਵੰਸ਼ ਰਾਜ ਕਰ ਰਿਹਾ ਸੀ, ਉਹ ਸ਼੍ਰੀ ਰਾਮ ਦੇ ਭਰਾ ਲਕਸ਼ਮਣ ਨੂੰ ਆਪਣੇ ਵੰਸ਼ ਦਾ ਸੰਸਥਾਪਕ ਮੰਨਦੇ ਸਨ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਉਹ ਗੁੱਜਰ ਜਾਤੀ ਦੀ ਔਲਾਦ ਹਨ। ਉਨ੍ਹਾਂ ਦੇ ਰਾਜੇ ਵਤਸ ਨੂੰ ਸਮਰਾਟ ਦੀ ਉਪਾਧੀ ਨਾਲ ਨਿਵਾਜਿਆ ਗਿਆ ਸੀ।
- ਅਜਿਹਾ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਸ ਨੂੰ ਮੁਸਲਮਾਨਾਂ ਦਾ ਸਾਹਮਣਾ ਕਰਨਾ ਵਿੱਚ ਜ਼ਿਆਦਾ ਸਫ਼ਲਤਾ ਨਹੀਂ ਮਿਲੀ। ਵਿਜੇ ਚੰਦਰ ਨੇ ਗੋਵਿੰਦ ਚੰਦਰ ਦੀ ਥਾਂ ਲਈ।
- ਖਜੁਰਾਹੋ ਵਿੱਚ ਚੰਦੇਲਾਂ ਦਾ ਰਾਜ ਕਨੌਜ ਦੇ ਦੱਖਣ ਵਿੱਚ ਸੀ, ਉਸ ਦੇ ਸ਼ਾਸਕ ਵਿਦਿਆਧਰ ਨੇ ਮਹਿਮੂਦ ਗਜਨਵੀ ਦਾ ਸਾਹਮਣਾ ਕੀਤਾ, ਉਸ ਤੋਂ ਬਾਅਦ ਇਸ ਰਾਜ ਨੂੰ ਕਈ ਮੁਸ਼ਕਿਲਾਂ ਝੱਲਣੀਆਂ ਪਈਆਂ। ਮਦਨ ਵਰਮਨ (1129-1163 ਈ.) ਨੇ ਵਿਦੇਸ਼ੀ ਦੁਸ਼ਮਣਾਂ ਦਾ ਸਾਹਮਣਾ ਕਰਨ ਦੇ ਨਾਲ-ਨਾਲ ਆਪਣੀ ਹੱਦ ਦਾ ਵਿਸਥਾਰ ਵੀ ਕੀਤਾ।
- ਚੌਹਾਨ ਤੋਮਰ ਵੰਸ਼ ਦੇ ਦੁਸ਼ਮਣ ਸਨ, 11ਵੀਂ ਅਤੇ 12ਵੀਂ ਸਦੀ ਵਿੱਚ ਉਨ੍ਹਾਂ ਨੇ ਆਪਣੀ ਸ਼ਕਤੀ ਵਧਾ ਲਈ। 1079 ਈ. ਵਿੱਚ ਦੁਰਲੱਭ ਰਾਜਾ ਤੀਸਰੇ ਮੁਸਲਮਾਨਾਂ ਨਾਲ ਯੁੱਧ ਲੜਦਾ ਹੋਇਆ ਅਮਰ ਹੋ ਗਿਆ।
- ਚਾਲੂਕਿਆਂ ਅਤੇ ਚੌਹਾਨਾਂ ਦੀ ਦੁਸ਼ਮਣੀ ਦਾ ਵਰਨਣ ਕੀਤੇ ਬਿਨਾਂ ਇਹ ਕਹਾਣੀ ਅਧੂਰੀ ਰਹਿ ਜਾਂਦੀ ਹੈ। ਚਾਲੂਕਿਆ ਰਾਜਾ ਮੂਲਰਾਜ ਨੂੰ ਵਿਗਰ ਰਾਜ ਦਵਿੱਤਯ ਨੇ ਹਰਾਇਆ। ਗੁਜਰਾਤ ਦੇ ਰਾਜਾ ਜੈ ਸਿੰਘ ਸਿਧਾਰਥ ਨੇ ਆਪਣੀ ਪੁੱਤਰੀ ਦਾ ਵਿਆਹ ਅਰਨੋ ਰਾਜੇ ਨਾਲ ਕਰਕੇ ਦੁਸ਼ਮਣੀ ਨੂੰ ਮਿੱਤਰਤਾ ਵਿੱਚ ਬਦਲਣ ਦਾ ਯਤਨ ਕੀਤਾ। ਕੁਮਾਰ ਪਾਲ ਚਾਲੂਕਿਆ ਦੇ ਰਾਜੇ ਵਿੱਚ ਇਕ ਵਾਰ ਫਿਰ ਯੁੱਧ ਦੀ ਡੁਗਡੁਗੀ ਵੱਜੀ।

ਨੋਟ

- 10ਵੀਂ ਸਦੀ ਦੇ ਅੱਧ ਵਿੱਚ ਮੂਲ ਰਾਜ ਨੇ ਗੁਜਰਾਤ ਵਿੱਚ ਚਾਲੂਕਿਆ ਵੰਸ਼ ਦਾ ਰਾਜ ਸਥਾਪਿਤ ਕੀਤਾ। ਜੈ ਸਿੰਘ ਸਿਧਾਰਥ ਅਤੇ ਕੁਮਾਰ ਪਾਲ ਦੇ ਯਤਨਾਂ ਨਾਲ ਇਹ ਰਾਜ ਪੱਛਮੀ ਭਾਰਤ ਦਾ ਇਕ ਮਹਾਂ ਸ਼ਕਤੀਸ਼ਾਲੀ ਰਾਜ ਬਣ ਗਿਆ।
- ਗੋਰਖਪੁਰ ਵਿੱਚ ਕਲਚੁਰੀ ਦੀਆਂ ਦੋ ਸ਼ਾਖਾਵਾਂ ਰਾਜ ਕਰਦੀਆਂ ਸਨ। ਇਕ ਸ਼ਾਖਾ ਤ੍ਰਿਪੁਰੀ ਵਿੱਚ ਸੀ। ਤ੍ਰਿਪੁਰੀ ਦੇ ਰਾਜੇ ਕੋਕਲ ਨੇ ਤਰੁਸ਼ਕਾ (Turushkas) ਰਾਜ ਵਿੱਚ ਲੁੱਟ ਮਚਾ ਦਿੱਤੀ। 1034 ਈ. ਵਿੱਚ ਬਨਾਰਸ ਦੇ ਰਾਜੇ ਗੰਗੇਯਦੇਵ ਵਿਕਰਮਾ ਦਿੱਤਯ ਨੇ ਨਿਆਲਤਗੀਨ ਦੇ ਹਮਲੇ ਸਮੇਂ ਮੁਸਲਮਾਨਾਂ ਨਾਲ ਘਮਸਾਨ ਦਾ ਯੁੱਧ ਲੜਿਆ।
- ਉੱਤਰ ਭਾਰਤ ਵਾਂਗ ਦੱਖਣੀ ਭਾਰਤ ਵਿੱਚ ਕਲਿਆਣੀ ਦੇ ਚਾਲੂਕਿਆ ਦੀ ਕਾਂਚੀ ਦੇ ਚੋਲ ਅਤੇ ਮੁਦਰਾ ਦੇ ਪਾਂਡਿਆ ਵੰਸ਼ਾਂ ਦੇ ਲੋਕ ਪ੍ਰਭੁਤਵ ਲਈ ਸੰਘਰਸ਼ ਕਰ ਰਹੇ ਸਨ। ਪ੍ਰਭੁਤਵ ਦੇ ਸੰਘਰਸ਼ ਵਿੱਚ ਦੱਖਣ ਵਿੱਚ ਸੰਨ 753 ਈ. ਵਿੱਚ ਪੂਰਬ ਚਾਲੂਕਿਆ ਵੰਸ਼ ਰਾਸ਼ਟਰ ਕੂਟਾਂ ਤੋਂ ਹਾਰ ਗਏ ਸਨ ਅਤੇ ਰਾਸ਼ਟਰ ਕੂਟ ਪਰਬਤੀ ਚਾਲੂਕਿਆ ਵੰਸ਼ਾਂ ਤੋਂ ਸੰਨ 973 ਈ. ਵਿੱਚ ਹਾਰ ਗਏ ਸਨ।
- ਆਨਰਲਡ ਹੋਜਰ ਦੇ ਅਨੁਸਾਰ, "ਰਾਜਾ ਯੁੱਧ ਤਾਂ ਕਰਦਾ ਸੀ, ਪ੍ਰੰਤੂ ਉਹ ਸ਼ਾਸਨ ਨਹੀਂ ਕਰਦਾ ਸੀ। ਇਸ ਦੇ ਨਾਮ 'ਤੇ ਵੱਡੇ-ਵੱਡੇ ਜ਼ਿਮੀਂਦਾਰ ਸ਼ਾਸਨ ਕਰਦੇ ਸਨ, ਪ੍ਰੰਤੂ ਉਹ ਅਧਿਕਾਰੀਆਂ ਅਤੇ ਸੈਨਿਕਾਂ ਦੇ ਰੂਪ ਵਿੱਚ ਨਹੀਂ, ਬਲਕਿ ਸੁਤੰਤਰ ਸਾਮਨਤਾਂ ਦੇ ਰੂਪ ਵਿੱਚ ਸ਼ਾਸਨ ਕਰਦੇ ਸਨ। ਉਹ ਸ਼ਾਸਕ ਵਰਗ ਦੇ ਲੋਕ ਸਨ, ਜਿਨ੍ਹਾਂ ਦੇ ਹੱਥ ਵਿੱਚ ਸਰਕਾਰ ਦੇ ਸਾਰੇ ਵਿਸ਼ੇਸ਼ ਅਧਿਕਾਰ, ਸਾਰਾ ਪ੍ਰਸ਼ਾਸਨ ਤੰਤਰ ਅਤੇ ਸੈਨਾ ਦੇ ਸਾਰੇ ਮਹੱਤਵਪੂਰਨ ਅਹੁਦੇ ਹੁੰਦੇ ਸਨ।"
- ਇਨ੍ਹਾਂ ਸਾਮਨਤਾਂ ਦੇ ਆਪਣੇ ਗੁਣ-ਔਗੁਣ ਸਨ। ਉਹ ਆਪਣੇ ਦੁਸ਼ਮਣਾਂ ਪ੍ਰਤੀ ਉਦਾਰਚੀਤ ਹੁੰਦੇ ਸਨ। ਇਸਤਰੀਆਂ ਦਾ ਉਹ ਸਨਮਾਨ ਕਰਦੇ ਸਨ। ਚਰਨਾਂ ਅਤੇ ਅਰਜ਼ੀ ਪ੍ਰਤੀ ਉਦਾਰ ਹੁੰਦੇ ਸਨ। ਬਹਾਦਰੀ ਵਿੱਚ ਉਹ ਨਿਡਰ ਹੁੰਦੇ ਸਨ।
- ਸਾਮਨਤ ਲੋਕ ਜ਼ਿੱਦੀ, ਤਾਨਾਸ਼ਾਹ ਅਤੇ ਭ੍ਰਿਸ਼ਟ ਸਨ, ਕਿਉਂਕਿ ਸਰਕਾਰ ਦੀ ਸਾਰੀ ਸ਼ਕਤੀ ਦਾ ਯੁੱਧਾਂ ਅਤੇ ਕੂਟਨੀਤੀ 'ਤੇ ਹੀ ਇਸਤੇਮਾਲ ਹੋ ਰਿਹਾ ਸੀ। ਅਸੈਨਿਕ ਆਪਣੀ ਮਨਮਰਜ਼ੀ ਕਰਨ ਵਿੱਚ ਪੂਰੀ ਤਰ੍ਹਾਂ ਸੁਤੰਤਰ ਸਨ। ਕਲਹਨ ਲਿਖਦਾ ਹੈ ਕਿ ਅਸੈਨਿਕ ਕਰਮਚਾਰੀ ਭ੍ਰਿਸ਼ਟ ਹੋ ਗਏ ਸਨ ਅਤੇ ਉਹ ਰਾਕਸ਼ਾਂ ਦੀ ਤਰ੍ਹਾਂ ਵਿਵਹਾਰ ਕਰਦੇ ਸਨ।
- 11ਵੀਂ ਸਦੀ ਦੇ ਕਵੀ ਬੱਬਰ ਨੇ ਲਿਖਿਆ ਹੈ ਕਿ ਸਰਦ ਰੁੱਤ ਦੀ ਠੰਡੀ ਹਵਾ ਅਤੇ ਮੀਂਹ ਕਾਰਣ ਗਰੀਬ ਲੋਕਾਂ ਵਿੱਚ ਕੰਬਣੀ ਪੈਦਾ ਹੋ ਜਾਂਦੀ ਸੀ। ਉਹ ਨਾ ਕੇਵਲ ਕੜਾਕੇ ਦੀ ਸਰਦੀ ਤੋਂ ਬਲਕਿ ਭੁੱਖ ਨਾਲ ਵੀ ਪੀੜ੍ਹਤ ਸਨ। ਖਾਲੀ ਢਿੱਡ ਅਤੇ ਦੁਖੀ ਦਿਲ ਵਾਲੇ ਇਹ ਲੋਕ ਆਪਣੇ ਹੱਥ-ਪੈਰ ਜੋੜ ਕੇ ਜੁੜ ਜਾਂਦੇ ਹਨ।
- ਸਿੱਧ ਸਰਹੱਦਪਾਦ ਸਰੋਹਬਜ ਬੁੱਧ ਮੱਤ ਵਿੱਚ ਸਹਿਜ ਯਾਨ ਵਿਚਾਰਧਾਰਾ ਦੇ ਸੰਸਥਾਪਕ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ ਸੰਸਾਰ ਨੂੰ ਤਿਆਗਣ ਦੀ ਜ਼ਰੂਰਤ ਨਹੀਂ ਅਤੇ ਵਿਅਕਤੀ ਵਿਵਾਹਿਕ ਜੀਵਨ ਬਤੀਤ ਕਰ ਸਕਦਾ ਹੈ।
- ਨਾਥ-ਜੋਗੀਆਂ ਸਬੰਧੀ ਪੁਸ਼ਪਦੰਤ ਲਿਖਦਾ ਹੈ ਕਿ ਉਨ੍ਹਾਂ ਦੇ ਸਿਰਾਂ 'ਤੇ ਬਹੁਰੰਗੀਆਂ ਟੋਪੀਆਂ ਹੁੰਦੀਆਂ ਸਨ। ਉਨ੍ਹਾਂ ਦੇ ਕੰਨਾਂ ਵਿੱਚ ਵੱਡੇ-ਵੱਡੇ ਛੇਕ ਹੁੰਦੇ ਸਨ, ਜਿਨ੍ਹਾਂ ਵਿੱਚ ਹਾਥੀ ਦੰਤ ਅਤੇ ਧਾਤ ਦੇ ਬਣੇ ਕੁੰਡਲ ਲਟਕਦੇ ਰਹਿੰਦੇ ਸਨ। ਉਨ੍ਹਾਂ ਦੇ ਹੱਥਾਂ ਵਿੱਚ ਲੰਬੀਆਂ ਡਾਗਾਂ ਹੁੰਦੀਆਂ ਸਨ। ਉਨ੍ਹਾਂ ਦੇ ਗਲਿਆਂ ਵਿੱਚ ਵੱਖ-ਵੱਖ ਰੰਗਾਂ ਦੀ ਕੱਪੜੇ ਦੀਆਂ ਚਾਦਰਾਂ ਲਟਕਦੀਆਂ ਸਨ, ਉਹ ਖੜ੍ਹਾਵਾਂ ਪਹਿਨਦੇ ਸਨ। ਉਹ ਵੰਝਲੀ ਅਤੇ ਡਫ਼ਲੀ ਵਜਾਉਂਦੇ ਹੋਏ ਘਰ-ਘਰ ਜਾਇਆ ਕਰਦੇ ਸਨ। ਸ਼ਰਾਬ, ਗਾਂਜਾ ਅਤੇ ਭੰਗ ਵਰਗੀਆਂ ਨਸ਼ੀਲੀਆਂ ਵਸਤੂਆਂ ਦਾ ਇਸਤੇਮਾਲ ਸਧਾਰਣ ਰੂਪ ਵਿੱਚ ਕਰਦੇ ਸਨ।
- ਭਾਰਤ 'ਤੇ ਕੁਝ ਸਦੀਆਂ ਤੋਂ ਕੋਈ ਹਮਲਾ ਨਹੀਂ ਹੋਇਆ ਸੀ, ਇਸ ਲਈ ਲੋਕਾਂ ਵਿੱਚ ਸੁਰੱਖਿਆ ਦੀ ਝੂਠੀ ਭਾਵਨਾ ਹੋਈ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਵਿਦੇਸ਼ੀ ਖ਼ਤਰਿਆਂ ਤੋਂ ਦੇਸ਼ ਦੀ ਸੁਰੱਖਿਆ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ। ਦੇਸ਼ ਵਿੱਚ ਭੌਤਿਕ ਵਾਧੇ ਵਜੋਂ ਵੀ ਲੋਕ ਕਮਜ਼ੋਰ ਹੋ ਗਏ ਸਨ।
- ਭਾਰਤ ਦੇ ਲੋਕ ਬਾਕੀ ਦੁਨੀਆਂ ਤੋਂ ਅਲੱਗ-ਥਲੱਗ ਬਣੇ ਹੋਏ ਸਨ, ਉਹ ਆਪਣੇ ਆਪ ਵਿੱਚ ਇੰਨੇ ਜ਼ਿਆਦਾ ਸੰਤੁਸ਼ਟ ਸਨ ਕਿ ਉਨ੍ਹਾਂ ਨੂੰ ਆਪਣੀਆਂ ਹੱਦਾਂ ਤੋਂ ਬਾਹਰ ਹੋ ਰਹੀਆਂ ਘਟਨਾਵਾਂ ਦੀ ਕੋਈ ਚਿੰਤਾ ਨਹੀਂ ਸੀ।
- ਮੱਠ ਜੋ ਪਹਿਲਾਂ ਗਿਆਨ ਪ੍ਰਾਪਤੀ ਦੇ ਸਥਾਨ ਸਨ, ਹੁਣ ਨਿਰਾਸ਼ਾ ਅਤੇ ਅਸਫ਼ਲਤਾ ਦੇ ਕੇਂਦਰ ਬਣ ਗਏ ਸਨ। ਜ਼ਿਆਦਾਤਰ ਮੱਠ ਵਾਸੀ ਸਦਾਚਾਰ ਦਾ ਜੀਵਨ ਬਿਤਾਉਂਦੇ ਸਨ। ਮੰਦਿਰਾਂ ਵਿੱਚ ਦੇਵਦਾਸੀ ਦੀ ਪ੍ਰਥਾ ਪ੍ਰਚੱਲਿਤ ਸੀ। ਬਹੁਤ ਵੱਡੀ ਗਿਣਤੀ ਵਿੱਚ ਅਣ-ਵਿਆਹੀਆਂ ਲੜਕੀਆਂ ਮੰਦਿਰਾਂ ਵਿੱਚ ਦੇਵਤਿਆਂ ਦੀ ਸੇਵਾ ਲਈ ਸਮਰਪਿਤ ਕਰ ਦਿੱਤੀਆਂ ਗਈਆਂ ਸਨ।

**ਨੋਟ**

## 2.3 ਸ਼ਬਦਕੋਸ਼ (Keywords)

- **ਸੰਚਾਲਕ** (**Director**) : ਨਿਰਦੇਸ਼ਕ।
- **ਸਾਮਨਤ** (**Noble**) : ਵੱਡਾ ਜ਼ਿਮੀਂਦਾਰ।

## 2.4 ਅਭਿਆਸ ਪ੍ਰਸ਼ਨ (Review Questions)

1. ਚਾਲੂਕਿਆ ਵੰਸ਼ ਦਾ ਸੰਖੇਪ ਵਰਨਣ ਕਰੋ।
2. ਦੁਰਲੱਭ ਰਾਜੇ ਦੀ ਮੌਤ ਕਦੋਂ ਹੋਈ?
3. ਦੱਖਣ ਦੇ ਰਾਜੇ ਦਾ ਵਰਨਣ ਕਰੋ।
4. ਸਾਮੰਤਾਂ ਦੀ ਸਮਾਜਿਕ, ਆਰਥਿਕ ਅਤੇ ਧਾਰਮਿਕ ਦਸ਼ਾ ਦਾ ਵਰਨਣ ਕਰੋ।
5. ਕੌਲ ਸੰਪ੍ਰਦਾਏ ਦੇ ਰਹਿਣ-ਸਹਿਣ ਅਤੇ ਪੁਸ਼ਾਕ ਦਾ ਵਰਨਣ ਕਰੋ।

**ਉੱਤਰ : ਸਵ-ਮੁਲਾਂਕਣ** (**Answer : Self Assessment**)

1. (i) ਚਾਲੂਕਿਆ, (ii) ਪੱਲਵ, (iii) ਤੈਲਾ, (iv) 985, (v) ਜੇਤੂ।
2. (i) (ਅ) (ii) (ਬ) (iii) (ਸ)
3. (i) ਸੱਚ (ii) ਝੂਠ (iii) ਸੱਚ।

## 2.5 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਮੱਧ ਕਾਲੀਨ ਭਾਰਤ ਦਾ ਇਤਿਹਾਸ : ਸਲਤਨਤ ਕਾਲ-ਮੋਹਿਤ, ਰਾਜੀਵ ਕੁਮਾਰ, ਰੱਜਤ ਪ੍ਰਕਾਸ਼ਤ।
2. ਅਰਲੀ ਮਿਡਾਈਰਵਲ ਇੰਡੀਆ, ਅਬਧ ਬਿਹਾਰੀ ਪਾਂਡੇ, ਸੈਂਟਰਲ ਬੁੱਕ ਡਿਪੂ।
3. ਲੇਟਰ ਮਿਡਾਈਰਵਲ ਇੰਡੀਆ, ਏ ਹਿਸਟਰੀ ਆਫ ਦੀ ਮੁਗਲਸ-ਅਬਧ ਬਿਹਾਰੀ ਪਾਂਡੇ, ਸੈਂਟਰਲ ਬੁੱਕ ਡਿਪੂ।
4. ਮੱਧ ਕਾਲੀਨ ਭਾਰਤ ਦਾ ਇਤਿਹਾਸ-ਪ੍ਰਦੀਪ ਕੁਮਾਰ, ਆਰਿਆ ਪਬਲੀਕੇਸ਼ਨਸ।
5. ਮੱਧ ਕਾਲੀਨ ਭਾਰਤ ਦਾ ਇਤਿਹਾਸ-ਪਾਰਿਥਰਵ ਕੁਮਾਰ, ਰੀਤੂ ਪਬਲੀਕੇਸ਼ਨਸ।
6. ਮੱਧ ਕਾਲੀਨ ਭਾਰਤ ਦਾ ਇਤਿਹਾਸ (1206 ਤੋਂ 1740)-ਐੱਸ. ਐੱਲ. ਨਾਗੋਰੀ, ਪ੍ਰਣਵ ਦੇਵ, ਆਰ. ਵੀ. ਐੱਸ ਪਬਲੀਸ਼ਰਸ।

ਨੋਟ

# ਇਕਾਈ–3: ਗਜਨਵੀ ਦਾ ਸ਼ੁਰੂਆਤ ਅਤੇ ਖ਼ਾਤਮਾ (The Rise and Fall of Ghaznavies)

**ਵਿਸ਼ੇ ਵਸਤ (Contents)**

ਉਦੇਸ਼ (Objectives)
ਜਾਣਕਾਰੀ (Introduction)
3.1 ਭਾਰਤ ਦੀ ਰਾਜਨੈਤਿਕ ਦਸ਼ਾ (Political Conditions of India)
3.2 ਮਹਿਮੂਦ ਗਜਨਵੀ ਦੇ ਭਾਰਤ ’ਤੇ ਹਮਲੇ (India Invasion of Mahmud Ghaznavi)
3.3 ਮਹਿਮੂਦ ਗਜਨਵੀ ਦੇ ਹਮਲਿਆਂ ਦਾ ਮਤਲਬ ਅਤੇ ਨਤੀਜੇ (Motives and Results of Mahmud Ghaznavi’s Invasion)
3.4 ਮੁਹੰਮਦ ਗਜਨਵੀ ਦਾ ਚਰਿੱਤਰ ਅਤੇ ਵਿਅਕਤੀਤਵ (Character and Personality of Mahmud Ghaznavi)
3.5 ਮਹਿਮੂਦ ਗਜਨਵੀ ਦੇ ਉਤਰ ਅਧੀਕਾਰੀ (Successors of Mahmud Ghaznavi)
3.6 ਮੁਹੱਮਦ ਗੌਰੀ ਦੀ ਭਾਰਤ ਉੱਤੇ ਵਿਜੈ (India Conquest of Muhammad Ghori)
3.7 ਰਾਜਪੂਤਾਂ ਦੇ ਵਿਰੁਧ ਮੁਸਲਮਾਨਾਂ ਦੀ ਸਫਲਤਾ (Success of Muslims Against Rajputas)
3.8 ਸਾਰ ਅੰਸ਼ (Summary)
3.9 ਸ਼ਬਦਕੋਸ਼ (Keywords)
3.10 ਅਭਿਆਸ ਪ੍ਰਸ਼ਨ (Review Questions)
3.11 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਭਾਰਤ ਦੀ ਰਾਜਨੀਤਿਕ ਦਸ਼ਾ ਨੂੰ ਸਮਝਣ ਸਬੰਧੀ।
- ਮਹਿਮੂਦ ਗਜਨਵੀ ਦੇ ਭਾਰਤ ’ਤੇ ਹਮਲੇ ਸਬੰਧੀ ਗੱਲਾਂ ਨੂੰ ਜਾਨਣ ਵਿੱਚ।
- ਮੁਹੰਮਦ ਗੌਰੀ ਦੇ ਭਾਰਤ ’ਤੇ ਹਮਲੇ ਨਾਲ ਸਬੰਧਿਤ ਜਾਣਕਾਰੀ ਸਬੰਧੀ।

## ਜਾਣਕਾਰੀ (Introduction)

ਅਰਬ ਲੋਕ ਪਹਿਲਾਂ ਮੁਸਲਮਾਨ ਸਨ, ਜਿਨ੍ਹਾਂ ਨੇ ਭਾਰਤ ’ਤੇ ਚੜ੍ਹਾਈ ਕੀਤੀ, ਪ੍ਰੰਤੂ ਉਹ ਕੇਵਲ ਸਿੰਧ ਅਤੇ ਮੁਲਤਾਨ ਨੂੰ ਹੀ ਜਿੱਤ ਸਕੇ ਜੋ ਕੰਮ ਅਰਬਾਂ ਨੇ ਸ਼ੁਰੂ ਕੀਤਾ, ਉਸ ਨੂੰ ਪੂਰਾ ਕਰਨ ਦਾ ਭਾਰਤ ਤੁਰਕਾਂ ਦੇ ਮੋਢਿਆਂ ’ਤੇ ਪਿਆ। ਤੁਰਕ ਬੜੇ ਬਹਾਦਰ, ਸ਼ਕਤੀਸ਼ਾਲੀ ਅਤੇ ਜੋਸ਼ੀਲੇ ਸਨ ਅਤੇ ਉਹ ਅਰਬਾਂ ਤੋਂ ਜ਼ਿਆਦਾ ਧਰਮ ਦੇ ਕੱਟੜ ਸਨ। ਇਸ ਨਾਤੇ ਉਹ ਸਾਰੇ ਭਾਰਤ ’ਤੇ ਚੜ੍ਹਾਈ ਕਰਨ ਅਤੇ ਇਸ ਨੂੰ ਜਿੱਤ ਲੈਣ ਦੇ ਕਾਫੀ ਯੋਗ ਸਨ। ਅਲਪਤਗੀਨ ਅਤੇ ਸੁਬਕਤਗੀਨ ਜੋ ਗਜਨੀ ਦੇ ਸ਼ਾਸਕ ਸਨ, ਉਹ ਪਹਿਲਾਂ ਤੁਰਕ ਸਨ, ਜਿਨ੍ਹਾਂ ਨੇ ਭਾਰਤ ’ਤੇ ਚੜ੍ਹਾਈ ਕੀਤੀ, ਪ੍ਰੰਤੂ ਇਹ ਮਹਿਮੂਦ ਹੀ ਸੀ, ਜਿਸ ਨੇ ਲੱਗਭਗ ਸਾਰੇ ਭਾਰਤ ਨੂੰ ਮਧੋਲ ਦਿੱਤਾ। ਉਸ ਨੇ ਸਾਡੇ ਦੇਸ਼ ’ਤੇ ਕੋਈ 17 ਵਾਰ ਚੜ੍ਹਾਈ ਕੀਤੀ, ਜਦ ਕਿ ਉਸ ਦੇ ਹਮਲੇ ਬੜੇ ਜ਼ੋਰਦਾਰ, ਸਫ਼ਲ ਅਤੇ ਚਮਤਕਾਰੀ ਸਨ ਤਾਂ

ਵੀ ਉਹ ਸਾਰੇ ਭਾਰਤ ਵਿੱਚ ਆਪਣਾ ਸ਼ਾਸਨ ਸਥਾਪਿਤ ਨਾ ਕਰ ਸਕਿਆ। ਉਸ ਦੇ ਹਮਲਿਆਂ ਦਾ ਇਕ ਹੀ ਪੱਕਾ ਪ੍ਰਭਾਵ ਪਿਆ ਕਿ ਪੰਜਾਬ ਗਜਨਵੀਆਂ ਦੇ ਅਧੀਨ ਹੋ ਗਿਆ।

## ਤੁਰਕ ਦੀ ਭਾਰਤ ਵਿੱਚ ਚੜ੍ਹਾਈ

10ਵੀਂ ਸ਼ਤਾਬਦੀ ਦੇ ਅੱਧ ਵਿੱਚ ਜਾ ਕੇ ਤੁਰਕਾਂ ਨੇ ਸਾਡੇ ਦੇਸ਼ ਵਿੱਚ ਚੜ੍ਹਾਈ ਸ਼ੁਰੂ ਕੀਤੀ। ਪਹਿਲਾਂ ਤੁਰਕ ਜਿਨ੍ਹਾਂ ਨੇ ਭਾਰਤ ਦੇ ਕੁਝ ਭਾਗਾਂ ਨੂੰ ਜਿੱਦਾ ਯਤਨ ਕੀਤਾ, ਉਹ ਅਲਪਤਗੀਨ ਅਤੇ ਸੁਬਕਤਗੀਨ ਸਨ।

**ਅਲਪਤਗੀਨ** (**Alaptagin**) (932-63) : ਅਲਪਤਗੀਨ ਜਨਮ ਜਾਤ ਤੋਂ ਇਕ ਗੁਲਾਮ ਸੀ ਅਤੇ ਇਰਾਨ ਦੇ ਸਮਾਨੀਦ ਰਾਜੇ ਦਾ ਆਸਾਮੀ ਸੀ। ਉਸ ਨੇ ਆਪਣੇ ਸਵਾਮੀ ਨੂੰ ਇੰਨਾ ਪ੍ਰਭਾਵਿਤ ਕੀਤਾ ਕਿ ਉਸ ਨੂੰ 956 ਈਸਵੀ ਵਿੱਚ ਖੁਰਾਸਾਨ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ। 1962 ਈਸਵੀ ਵਿੱਚ ਉਸ ਨੇ ਆਪਣੇ ਆਪ ਨੂੰ ਸੁਤੰਤਰ ਘੋਸ਼ਿਤ ਕਰ ਦਿੱਤਾ ਅਤੇ ਖੁਰਾਸਾਨ ਤੇ ਗਜਨੀ ਵਿੱਚ ਆਪਣਾ ਨਿੱਜੀ ਸ਼ਾਸਨ ਸਥਾਪਿਤ ਕਰ ਲਿਆ। ਉਸ ਨੇ ਹਿੰਦੂਸ਼ਾਹੀ ਰਾਜ ਦੇ ਇਲਾਕੇ 'ਤੇ ਵੀ ਚੜ੍ਹਾਈ ਕੀਤੀ ਅਤੇ ਉਸ ਦੇ ਕੁਝ ਭਾਗਾਂ 'ਤੇ ਅਧਿਕਾਰ ਕਰ ਲਿਆ। 963 ਈਸਵੀ ਵਿੱਚ ਉਸ ਦੀ ਮੌਤ ਹੋ ਗਈ ਅਤੇ ਉਸ ਦੀ ਜਗ੍ਹਾ ਅਬਦੁਲ ਇਸ਼ਾਗ, ਵਿਲਕਤਗੀਨ ਅਤੇ ਪਿਰਤਗੀਨ ਵਰਗੇ ਸਰਦਾਰਾਂ ਨੇ ਲੈ ਲਈ। ਪਿਰਤਗੀਨ ਨੇ ਵੀ ਭਾਰਤ ਦੀ ਭੂਮੀ 'ਤੇ ਚੜ੍ਹਾਈ ਕੀਤੀ ਪ੍ਰੰਤੂ ਉਸ ਨੂੰ ਜ਼ਿਆਦਾ ਸਫਲਤਾ ਨਹੀਂ ਮਿਲੀ।

**ਸੁਬੁਕਤਗੀਨ (Subuktagin)** (977-97): ਪਿਰਤਗੀਨ ਦੇ ਬਾਅਦ ਗਜਨੀ ਦਾ ਰਾਜ ਸੁਬੁਕਤਗੀਨ ਦੇ ਹੱਥ ਆਇਆ। ਪਹਿਲਾਂ-ਪਹਿਲਾਂ ਉਹ ਅਲਪਤਗੀਨ ਦਾ ਗੁਲਾਮ ਸੀ ਅਤੇ ਇਸ ਨਾਤੇ ਉਸ ਨੇ ਆਪਣੇ ਸਵਾਮੀ 'ਤੇ ਗਹਿਰਾ ਪ੍ਰਭਾਵ ਪਾਇਆ ਜਿਸ ਤੋਂ ਪ੍ਰਸੰਨ ਹੋ ਕੇ ਸਵਾਮੀ ਨੇ ਉਸ ਨੂੰ ਹਮੀਰਉਲ ਉਮਰਾ ਦੀ ਪਦਵੀ ਪ੍ਰਦਾਨ ਕੀਤੀ। ਜਿਵੇਂ ਹੀ ਉਹ ਰਾਜਾ ਬਣਿਆ ਉਸ ਨੇ ਆਪਣੇ ਰਾਜ ਨੂੰ ਫੈਲਾਉਣ ਦੀ ਸੋਚੀ। ਉਹ ਇਕ ਮਹਾਨ ਯੋਧਾ ਅਤੇ ਸੈਨਾਪਤੀ ਸੀ ਅਤੇ ਇਸ ਨਾਤੇ ਉਸ ਨੇ ਅਫਗਾਨ ਲੋਕਾਂ ਨੂੰ ਇਕ ਠੋਸ ਦਲ ਦੇ ਰੂਪ ਵਿੱਚ ਸੰਗਠਿਤ ਕੀਤਾ ਅਤੇ ਛੇਤੀ ਹੀ ਲਾਭਧਾਰੀ ਅਤੇ ਸੀਸਤਾਨ 'ਤੇ ਅਧਿਕਾਰ ਕਰ ਲਿਆ।

**ਪਹਿਲਾ ਹਮਲਾ (First Invasion) :** ਮੁਸਲਮਾਨਾਂ ਵਿੱਚ **ਖਯਾਤੀ** ਪ੍ਰਾਪਤ ਕਰਨ ਅਤੇ ਭਾਰੀ ਧਨ-ਸੰਪਤੀ ਹਥਿਆਉਣ ਦੀ ਖਾਤਰ ਸੁਬੁਕਤਗੀਨ ਨੇ ਹੁਣ ਭਾਰਤ ਜਿਵੇਂ ਕਿ ਮੂਰਤੀ ਪੂਜਾ ਕਰਨ ਵਾਲਿਆਂ ਅਤੇ ਕਾਫਿਰਾਂ ਦਾ ਦੇਸ਼ ਸੀ ਧਨੀ ਭੂਮੀ ਦੇ ਵੱਲ ਮੂੰਹ ਕੀਤਾ। ਉਸ ਸਮੇਂ ਜੈ ਪਾਲ ਹਿੰਦੂਸ਼ਾਹੀ ਰਾਜ ਦਾ ਰਾਜਾ ਸੀ। ਇਹ ਰਾਜ ਸਰਹਿੰਦ ਤੋਂ ਲਮਧਾਨ ਤੱਕ ਅਤੇ ਕਸ਼ਮੀਰ ਤੋਂ ਸੁਲਤਾਨ ਤੱਕ ਫੈਲਿਆ ਹੋਇਆ ਸੀ। ਜਦੋਂ ਜੈ ਪਾਲ ਨੂੰ ਇਹ ਪਤਾ ਲੱਗਿਆ ਕਿ ਤੁਰਕਾਂ ਨੇ ਲਮਧਾਨ 'ਤੇ ਅਧਿਕਾਰ ਕਰ ਲਿਆ ਹੈ ਅਤੇ ਸੁਬੁਕਤਗੀਨ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਤਾਂ ਉਹ ਹੈਰਾਨ ਹੋਇਆ। ਉਸ ਨੇ ਸੈਨਾ ਇਕੱਠੀ ਕੀਤੀ ਅਤੇ ਸੁਬੁਕਤਗੀਨ ਦੇ ਵਿਰੁੱਧ ਆ ਡਟਿਆ। ਲਮਧਾਨ 'ਤੇ ਹਿੰਦੂਆਂ ਅਤੇ ਤੁਰਕਾਂ ਵਿੱਚ ਘਮਸਾਨ ਯੁੱਧ ਹੋਇਆ ਜਿਸ ਵਿੱਚ ਹਿੰਦੂਆਂ ਦੀ ਹਾਰ ਹੋਈ। ਰਾਜਾ ਜੈ ਪਾਲ ਨੇ ਸੰਧੀ ਕੀਤੀ ਪ੍ਰਾਥਨਾ ਕੀਤੀ। ਸੰਧੀ ਦੀਆਂ ਸ਼ਰਤਾਂ ਦੇ ਅਨੁਸਾਰ ਜੈ ਪਾਲ ਨੇ ਇਹ ਵਚਨ ਕੀਤਾ ਕਿ 10 ਲੱਖ ਦਿਰਹਮ , 50 ਹਾਥੀ, ਕੁਝ ਨਗਰ ਅਤੇ ਕੁਝ ਕਿਲੇ ਭੇਂਟ ਵਿੱਚ ਦੇਵੇਗਾ।

**ਦੂਸਰਾ ਹਮਲਾ** (**Second Invasion):** ਜਦੋਂ ਜੈ ਪਾਲ ਵਾਪਿਸ ਪਹੁੰਚਿਆ ਤਾਂ ਉਸ ਨੇ ਸੰਧੀ ਦੀਆਂ ਅਪਮਾਨਜਨਕ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਇੱਥੋਂ ਤੱਕ ਕਿ ਸੁਬੁਕਤਗੀਨ ਦੇ ਦੋ ਅਧਿਕਾਰੀਆਂ ਨੂੰ ਜੋ ਸਵਾਮੀ ਵੱਲੋਂ ਧਨ ਲੈਣ ਆਏ ਸਨ ਕੈਦ ਕਰ ਲਿਆ। ਇਸ ਗੱਲ 'ਤੇ ਇਕਦਮ ਗੁੱਸੇ ਹੋ ਕੇ ਸੁਬੁਕਤਗੀਨ ਭਾਰਤ ਵੱਲ ਚੱਲ ਪਿਆ ਤਾਂ ਕਿ ਜੈ ਪਾਲ ਨੂੰ ਸੰਧੀ ਤੋੜਨ ਦੇ ਦੋਸ਼ ਲਈ ਸਜ਼ਾ ਦੇ ਸਕੇ। ਜੈ ਪਾਲ ਨੇ ਵੀ ਯੁੱਧ ਦੀ ਤਿਆਰੀ ਕਰ ਲਈ ਉਸ ਨੇ ਅਜਮੇਰ, ਦਿੱਲੀ, ਕਾਲਿੰਜਰ ਅਤੇ ਕਨੌਜ ਦੇ ਰਾਜਿਆਂ ਤੋਂ ਸਹਾਇਤਾ ਮੰਗੀ। ਲਗਭਗ ਇਕ ਲੱਖ ਸੈਨਾ ਲੈ ਕੇ ਉਹ ਦੁਸ਼ਮਣ ਦੇ ਵਿਰੁੱਧ ਜਾ ਡਟਿਆ। ਫਿਰ ਲਮਧਾਨ 'ਤੇ ਹੀ ਲੜਾਈ ਹੋਈ। ਜੈ ਪਾਲ ਅਤੇ ਇਸ ਦੇ ਸਾਥੀਆਂ ਦੀ ਬੁਰੀ ਤਰ੍ਹਾਂ ਹਾਰ ਹੋਈ। ਸੁਬੁਕਤਗੀਨ ਨੇ ਲਮਧਾਨ ਅਤੇ ਪੇਸ਼ਾਵਰ 'ਤੇ ਕਬਜ਼ਾ ਕਰ ਲਿਆ, ਭਾਰੀ ਧਨ ਰਾਸ਼ੀ ਭੇਂਟ ਵਿੱਚ ਮਿਲੀ ਅਤੇ ਖੂਬ ਲੁੱਟ ਮਚਾਈ। ਉਸ ਨੇ ਆਪਣੇ ਤੁਰਕਾਂ ਨੂੰ ਪੇਸ਼ਾਵਰ ਦਾ ਰਾਜਪਾਲ ਨਿਯੁਕਤ ਕਰ ਦਿੱਤਾ। 997 ਈਸਵੀ ਵਿੱਚ ਸੁਬੁਕਤਗੀਨ ਦੀ ਮੌਤ ਹੋ ਗਈ ਅਤੇ ਉਹ ਮਹਿਮੂਦ ਲਈ ਇਕ ਵੱਡਾ ਰਾਜ ਛੱਡ ਗਿਆ।

ਸੁਬੁਕਤਗੀਨ ਨੇ ਭਾਰਤ 'ਤੇ ਲੜਾਈ ਨਹੀਂ ਕੀਤੀ ਤਾਂ ਸਾਰੇ ਭਾਰਤ ਨੂੰ ਜਿੱਤਣ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਫਿਰ ਵੀ ਉਸੇ ਨੇ ਇਹ ਮਹਾਨ ਕੰਮ ਸ਼ੁਰੂ ਕੀਤਾ ਅਤੇ ਭਾਰਤ ਵਿੱਚ ਤੁਰਕ ਰਾਜ ਦੀ ਸਥਾਪਨਾ ਦਾ ਮਾਰਗ ਤਿਆਰ ਕੀਤਾ। ਡਾ. ਈਸ਼ਵਰੀ ਪ੍ਰਸ਼ਾਦ ਦਾ ਕਹਿਣਾ ਹੈ ਕਿ "ਭਾਰਤ ਜਿੱਤਿਆ ਨਹੀਂ ਗਿਆ ਪ੍ਰੰਤੂ ਮੁਸਲਮਾਨਾਂ ਨੇ ਇਹ ਮਾਰਗ ਲੱਭ ਲਿਆ ਜਿਸ 'ਤੇ ਚੱਲ ਕੇ ਉਹ ਭਾਰਤ ਦੇ ਉਪਜਾਊ ਮੈਦਾਨਾਂ ਤੱਕ ਪਹੁੰਚ ਗਿਆ"।

ਮਹਿਮੂਦ ਗਜਨਵੀ ਦੇ ਹਮਲੇ ਸਮੇਂ ਭਾਰਤ ਕਈ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਸੀ ਜੋ ਨਾ ਕਿਸੇ ਏਕਤਾ-ਨਿਯਮ ਨਾਲ ਬੱਝੇ ਹੋਏ ਸਨ ਅਤੇ ਨਾ ਹੀ ਕੋਈ ਕੇਂਦਰੀ ਅਤੇ ਵਸ਼ਿਸ਼ਟ ਸੱਤਾ ਉਨ੍ਹਾਂ ਰਾਜਾਂ 'ਤੇ ਜੋ ਸੁਤੰਤਰ ਹੋ ਚੁੱਕੇ ਸਨ, ਕੋਈ ਚੰਗੀ ਰੋਕ ਲਗਾਉਂਦੀ ਤਾਂ ਉਸ ਸਮੇਂ ਅਰਥਾਤ 11ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤ ਦੀ ਦਸ਼ਾ ਲੱਗਭਗ ਉਵੇਂ ਹੀ ਸੀ, ਜਿਵੇਂ ਅਰਬ ਹਮਲੇ ਸਮੇਂ ਸੀ। ਅੰਤਰ ਕੇਵਲ ਇੰਨਾ ਹੀ ਸੀ ਕਿ ਹੁਣ ਦੇਸ਼ ਦੇ ਰਾਜਾਂ ਤੋਂ ਇਲਾਵਾ ਮੁਸਲਮਾਨ ਅਤੇ ਸਿੰਧ ਦੇ ਦੋ ਮੁਸਲਿਮ ਰਾਜ ਵੀ ਸਨ। ਉੱਤਰ

ਨੋਟ

ਭਾਰਤ ਦੇ ਮਹੱਤਵਪੂਰਨ ਰਾਜ ਵਿੱਚ ਇਹ ਰਾਜ ਗਿਣੇ ਜਾ ਸਕਦੇ ਹਨ– ਹਿੰਦੂਸ਼ਾਹੀ ਰਾਜ, ਕਸ਼ਮੀਰ, ਕਨੌਜ, ਬੰਗਾਲ, ਗੁਜਰਾਤ ਅਤੇ ਮਾਲਵਾ। ਦੱਖਣ ਵਿੱਚ ਕਲਿਆਣਕਾਰੀ ਦਾ ਚਾਲੂਕਿਆ ਰਾਜ ਅਤੇ ਤੰਜੋਰ ਦਾ ਚੋਲ ਰਾਜ ਪ੍ਰਦਾਨ ਗਿਣੇ ਜਾਂਦੇ ਸਨ।

## 3.1 ਭਾਰਤ ਦੀ ਰਾਜਨੈਤਿਕ ਦਸ਼ਾ (Political Conditions of India)

ਮਹਿਮੂਦ ਗਜਨਵੀ ਦੇ ਆਕ੍ਰਮਣ ਦੇ ਸਮਾਂ ਭਾਰਤ ਕਈ ਰਾਜਾਂ ਵਿੱਚ ਅਤੇ ਰਾਜ ਪ੍ਰਦੇਸਾਂ ਵਿੱਚ ਵੰਡਿਆ ਹੋਇਆ ਸੀ ਜੋ ਨਾ ਕਿਸੇ ਏਕਤਾ ਨਿਯਮ ਵਿੱਚ ਬੰਨਠੇ ਹੋਏ ਸਨ ਅਤੇ ਨਾ ਹੀ ਕੋਈ ਕੇਂਦਰੀਯ ਅਤੇ ਵਿਸਿਸ਼ਟ ਸੱਤਾ ਉਨ੍ਹਠਾਂ ਰਾਜਾਂ ਉੱਤੇ ਜੋ ਸਵਤੰਤਰ ਹੋ ਚੁੱਕੇ ਸਨ ਕੋਈ ਅੱਛੀ ਰੋਕ ਲਗਾਉਂਦੀ ਤਾਂ ਉਸ ਸਮਾਂ ਅਤੇ ਗਿਆਰਠਵੀਂ ਸ਼ਤਾਬਦੀ ਦੇ ਸ਼ੁਰੂ ਵਿੱਚ ਭਾਰਤ ਦੀ ਦਸ਼ਾ ਲਗਭਗ ਵੈਸੀ ਹੀ ਸੀ, ਜਿਸ ਤਰ੍ਹਠਾਂ ਅਰਬ ਆਕ੍ਰਮਣ ਦੇ ਸਮਾਂ ਅੰਤਰ ਕੇਵਲ ਇਤਨਾ ਹੀ ਸੀ ਕਿ ਹੁਣ ਦੇਸੀ ਰਾਜਾਂ ਦੇ ਅਤਿਰਿਕਤ ਮੁਸਲਮਾਨ ਅਤੇ ਸਿੰਧ ਦੇ ਦੋ ਮੁਸਲਿਮ ਰਾਜ ਵੀ ਸਨ। ਉੱਤਰੀ ਭਾਰਤ ਦੇ ਮਹੱਤਵਪੂਰਣ ਰਾਜਾਂ ਵਿੱਚੋਂ ਇਹ ਰਾਜ ਗਿਣੇ ਜਾ ਸਕਦੇ ਹਨ– ਹਿੰਦੂ ਸ਼ਾਹੀ ਰਾਜ, ਕਸ਼ਮੀਰ, ਕੰਨੌਜ ਬੰਗਾਲ ਗੁਜਰਾਤ ਅਤੇ ਮਾਲਵਾ। ਦੱਖਣ ਵਿੱਚ ਕਲਯਾਣੀ ਦਾ ਚਾਲੂਕਿਆ ਰਾਜ ਅਤੇ ਤੰਜੌਰ ਦਾ ਚੌਲ ਰਾਜ ਪ੍ਰਧਾਨ ਗਿਣੇ ਜਾਂਦੇ ਸਨ।

### 3.1.1 ਉੱਤਰੀ ਭਾਰਤ ਦੇ ਰਾਜ (Kingdoms of Northern India)

**(i) ਹਿਦੂਸ਼ਾਹੀ ਰਾਜ** (Hindushahi Kingdoms) : ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਪਹਿਲਾ ਮਹਾਨ ਰਾਜ ਹਿੰਦੂਸ਼ਾਹੀ ਰਾਜ ਸੀ ਜੋ ਸਰਹਿੰਦ ਨਾਲ ਲਮਧਾਨ ਅਤੇ ਕਸ਼ਮੀਰ ਤੋਂ ਮੁਲਤਾਨ ਤੱਕ ਫੈਲਿਆ ਹੋਇਆ ਸੀ। ਕਿਸੇ ਸਮੇਂ ਕਾਬੁਲ ਵੀ ਇਸ ਰਾਜ ਦਾ ਭਾਗ ਸੀ ਲੇਕਿਨ 300 ਸਾਲ ਤੱਕ ਵਿਦੇਸ਼ੀਆਂ ਦੇ ਕਬਜ਼ੇ ਵਿੱਚ ਰਹਿਣ ਦੇ ਕਾਰਨ ਇਸ ਦਾ ਖੇਤਰ ਬਹੁਤ ਛੋਟਾ ਹੋ ਗਿਆ। ਇਸ ਰਾਜ ਦੀ ਰਾਜਧਾਨੀ ਬਹਿੰਦ ਸੀ। ਜਦੋਂ ਮਹਿਮੂਦ ਗਜਨਵੀ ਨੇ ਭਾਰਤ ’ਤੇ ਚੜ੍ਹਾਈ ਕੀਤੀ ਉਸ ਸਮੇਂ ਜੈ ਪਾਲ ਇਸ ਰਾਜ ਦਾ ਰਾਜਾ ਸੀ। ਉਹ ਗਜਨੀ ਦੇ ਸੁਬੁਕਤਗੀਨ ਤੋਂ ਪਹਿਲਾਂ ਹੀ ਦੋ ਵਾਰ ਹਾਰ ਚੁੱਕਾ ਸੀ ਅਤੇ ਉਹ ਪਹਿਲਾ ਭਾਰਤੀ ਸੀ ਜੋ ਮਹਿਮੂਦ ਦੇ ਹਮਲੇ ਦਾ ਸ਼ਿਕਾਰ ਹੋਇਆ।

**(ii) ਮੁਲਤਾਨ ਅਤੇ ਸਿੰਧ ਦੇ ਅਰਬ ਰਾਜ** (Multan and Sindh-the Arab Kingdoms): ਪਿਛਲੀਆਂ ਤਿੰਨ ਸਦੀਆਂ ਤੋਂ ਸਿੰਧ ਅਤੇ ਮੁਲਤਾਨ ’ਤੇ ਅਰਬਾਂ ਦਾ ਸ਼ਾਸਨ ਰਿਹਾ ਸੀ। ਇਸ ਕੰਮ ਵਿੱਚ ਕਈ ਵੰਸ਼ਗਤ ਪਰਿਵਰਤਨ ਹੋ ਚੁੱਕੇ ਸਨ। 11ਵੀਂ ਸਦੀ ਦੇ ਸ਼ੁਰੂ ਵਿੱਚ ਜਦੋਂ ਮਹਿਮੂਦ ਨੇ ਭਾਰਤ ’ਤੇ ਚੜ੍ਹਾਈ ਕੀਤੀ ਉਦੋਂ ਕਮਿਥਿਆਂ ਵੰਸ਼ ਦਾ ਫਤਹਿ ਦਾਊਦ ਮੁਲਤਾਨ ਦਾ ਸੁਤੰਤਰ ਸ਼ਾਸਕ ਸੀ। ਸਿੰਧ ਵੀ ਵਿਵਹਾਰਿਕ ਰੂਪ ਨਾਲ ਸੁਤੰਤਰ ਸੀ ਅਤੇ ਇਸ ’ਤੇ ਅਰਬਾਂ ਦਾ ਸ਼ਾਸਨ ਸੀ।

**(iii) ਭਾਟੀਆ ਰਾਜ** (Bhatia Kingdom): ਮੁਲਤਾਨ ਦੇ ਦੱਖਣ-ਪੱਛਮ ਵਿੱਚ ਭਾਟੀਆ ਰਾਜ ਸਥਿਤ ਸੀ। ਇਸ ’ਤੇ ਇਕ ਬਹਾਦਰ ਰਾਜਾ ਵਿਜੈ ਰਾਜ ਸ਼ਾਸਨ ਕਰਦਾ ਸੀ।

**(iv) ਕਸ਼ਮੀਰ** (Kashmir) : ਕਸ਼ਮੀਰ ’ਤੇ ਉਤਪਲ ਵੰਸ਼ ਦਾ ਰਾਜ ਸੀ ਅਤੇ ਇਸ ਵੰਸ਼ ਦੇ ਰਾਜਾ ਕਨੌਜ ਅਤੇ ਹਿੰਦੂਸ਼ਾਹੀ ਰਾਜ ਨਾਲ ਲੜਦੇ-ਝਗੜਦੇ ਰਹਿੰਦੇ ਸਨ। ਕਸ਼ਮੀਰ ਦਾ ਸਭ ਤੋਂ ਪ੍ਰਸਿੱਧ ਰਾਜਾ ਸ਼ੰਕਰਵਰਮਨ ਹੋਇਆ ਹੈ ਜੋ ਇਕ ਮਹਾਨ ਯੋਧਾ ਅਤੇ ਇਕ ਬਹੁਤ ਹੀ ਸਫਲ ਸ਼ਾਸਕ ਸੀ। ਉਸ ਦੀ ਮੌਤ ’ਤੇ ਕਸ਼ਮੀਰ ਵਿੱਚ ਵੱਡੀ ਗੜਬੜ, ਅਵਿਵਸਥਾ ਅਤੇ ਭਗਦੜ ਮਚ ਗਈ। ਨਤੀਜਾ ਇਹ ਹੋਇਆ ਕਿ ਦੀਦਾ ਨਾਮ ਦੀ ਇਕ ਮਹਿਲਾ ਸ਼ਾਸਕ ਬਣ ਬੈਠੀ। ਜਦੋਂ ਮਹਿਮੂਦ ਨੇ ਭਾਰਤ ’ਤੇ ਚੜ੍ਹਾਈ ਸ਼ੁਰੂ ਕੀਤੀ ਤਾਂ ਕਸ਼ਮੀਰ ਵਿੱਚ ਉਹੀ ਦੀਦਾ ਰਾਜ ਕਰ ਰਹੀ ਸੀ।

**(v) ਕਨੌਜ** (Kannauj): ਹਰਸ਼ਵਰਧਨ ਦੇ ਸਮੇਂ ਤੋਂ ਹੀ ਕਨੌਜ ਉੱਤਰੀ ਭਾਰਤ ਦਾ ਮਹੱਤਵਪੂਰਨ ਰਾਜ ਸੀ। ਇਸ ’ਤੇ ਪ੍ਰਤੀਹਾਰ ਵੰਸ਼ ਸ਼ਾਸਨ ਕਰਦਾ ਸੀ। ਆਪਣੇ ਰਾਜਿਆਂ ਦੀ ਕਮਜ਼ੋਰੀ ਦੇ ਕਾਰਨ ਕਨੌਜ ਖੇਤਰ ਅਤੇ ਸ਼ਕਤੀ ਵਿੱਚ ਕਾਫੀ ਘੱਟ ਗਿਆ ਸੀ। ਬੁੰਦੇਲਖੰਡ, ਮਾਲਵਾ ਅਤੇ ਗੁਜਰਾਤ ਨੇ ਜੋ ਕਦੇ ਕਨੌਜ ਦਾ ਪ੍ਰਭੂਤਵ ਮੰਨ ਚੁੱਕੇ ਸਨ, ਆਪਣੇ ਆਪ ਨੂੰ ਸੁਤੰਤਰ ਘੋਸ਼ਿਤ ਕਰ ਦਿੱਤਾ। ਮਹਿਮੂਦ ਦੇ ਹਮਲਿਆਂ ਸਮੇਂ ਇਸ ਰਾਜ ਦਾ ਸ਼ਾਸਕ ਰਾਜਪਾਲ ਸੀ। ਉਹ ਇਕ ਕਮਜ਼ੋਰ ਅਤੇ ਡਾਵਾਂਡੋਲ ਸ਼ਾਸਕ ਸੀ, ਜਿਸ ਨੇ 1018 ਈ. ਵਿੱਚ ਮਹਿਮੂਦ ਦੇ ਅੱਗੇ ਫਿਰ ਸਿਰ ਝੁਕਾ ਦਿੱਤਾ।

**(vi) ਕਾਲਿੰਜਰ** (Kalinjar) : ਉੱਤਰੀ ਭਾਰਤ ਦਾ ਇਕ ਹੋਰ ਰਾਜ ਸੀ ਕਾਲਿੰਜਰ ਜਿਸ ’ਤੇ ਚੰਦੇਲ ਵੰਸ਼ ਰਾਜ ਕਰਦਾ ਸੀ। ਜਦੋਂ ਮਹਿਮੂਦ ਨੇ ਭਾਰਤ ’ਤੇ ਹਮਲਾ ਕੀਤਾ ਤਾਂ ਗੰਡਾ ਕਾਲਿੰਜਰ ਦਾ ਸ਼ਕਤੀਸ਼ਾਲੀ ਸ਼ਾਸਕ ਸੀ। ਉਹ ਗੁਆਂਢੀ ਰਾਜਾਂ ਨਾਲ ਲੜਦਾ ਰਹਿੰਦਾ ਸੀ। ਉਸੇ ਨੇ ਤਾਂ ਕਨੌਜ ਦੇ ਰਾਜਪਾਲ ਨੂੰ ਮਾਰ ਦਿੱਤਾ ਸੀ ਇਸ ਕਾਰਨ ਕਿ ਉਸ ਨੇ ਮਹਿਮੂਦ ਦੇ ਅੱਗੇ ਸਿਰ ਝੁਕਾਇਆ। ਉਹ ਮਹਿਮੂਦ ਦੇ ਵਿਰੁੱਧ ਬੜੀ ਬਹਾਦਰੀ ਨਾਲ ਲੜਿਆ ਪ੍ਰੰਤੂ ਹਾਰ ਖਾਧੀ।

**(vii) ਬੰਗਾਲ** (Bengal) : ਬੰਗਾਲ ਪਾਲ ਵੰਸ਼ ਦੇ ਸ਼ਾਸਨ ਅਧੀਨ ਸੀ। 11ਵੀਂ ਸਦੀ ਦੇ ਸ਼ੁਰੂ ਵਿੱਚ ਮਹੀਪਾਲ ਪਹਿਲਾ ਬੰਗਾਲ ਦਾ ਰਾਜਾ ਸੀ ਜਦੋਂ ਮਹਿਮੂਦ ਗਜਨਵੀ ਉੱਤਰ-ਪੱਛਮੀ ਭਾਰਤ ਨੂੰ ਰੌਂਦ ਰਿਹਾ ਸੀ, ਬੰਗਾਲ ’ਤੇ ਦੱਖਣ ਦਾ ਸ਼ਕਤੀਸ਼ਾਲੀ ਰਾਜੇਂਦਰ ਚੋਲ ਲੜਾਈ ਕਰ ਰਿਹਾ ਸੀ। ਪੂਰਬ ਵਿੱਚ ਬਹੁਤ ਦੂਰ ਹੋਣ ਦੇ ਕਾਰਨ ਮਹਿਮੂਦ ਬੰਗਾਲ ਤੱਕ ਨਹੀਂ ਪਹੁੰਚਿਆ ਅਤੇ ਚੜ੍ਹਾਈ ਨਹੀਂ ਕੀਤੀ।

**ਨੋਟ**

**(viii) ਗੁਜਰਾਤ, ਬੁੰਦੇਲਖੰਡ, ਮਾਲਵਾ ਆਦਿ** (Gujrat, Bundelkhand, Malwa, etc.): ਇਹ ਰਾਜ ਜੋ ਕਦੀ ਕਨੌਜ ਦੇ ਪ੍ਰਭੂਤਵ ਦੇ ਹੇਠਾਂ ਸੀ, ਸੁਤੰਤਰ ਹੋ ਚੁੱਕੇ ਸਨ। ਚਾਲੂਕਿਆ ਨੇ ਗੁਜਰਾਤ ਵਿੱਚ, ਚੰਦੇਲਾਂ ਨੇ ਬੁੰਦੇਲਖੰਡ ਵਿੱਚ ਅਤੇ ਪਰਮਾਰਾਂ ਨੇ ਮਾਲਵਾ ਵਿੱਚ ਆਪਣਾ ਸ਼ਾਸਨ ਸਥਾਪਿਤ ਕਰ ਲਿਆ ਸੀ।

**(ix) ਹੋਰ ਛੋਟੇ-ਛੋਟੇ ਰਾਜ** (Other Small Kingdoms) : ਉੱਪਰ ਗਿਣਾਏ ਗਏ ਰਾਜਾਂ ਤੋਂ ਇਲਾਵਾ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਹੋਰ ਛੋਟੇ-ਛੋਟੇ ਰਾਜ ਸਨ ਜਿਵੇਂ ਥਾਨੇਸ਼ਵਰ, ਕਾਂਗੜਾ, ਗਵਾਲੀਅਰ ਆਦਿ ਜੋ ਮਹਿਮੂਦ ਦੇ ਰਸਤਿਆਂ ਦੇ ਸ਼ਿਕਾਰ ਬਣ ਗਏ।

### 3.1.2 ਦੱਖਣ ਭਾਰਤ ਰਾਜ (Kingdoms of Southern India)

ਦੱਖਣ ਭਾਰਤ ਵਿੱਚ ਬਹੁਤ ਪਹਿਲਾਂ ਤੋਂ ਹੀ ਅਸੰਤੋਸ਼ ਅਤੇ ਬਦਲੇ ਦੀ ਅੱਗ ਬਲ ਰਹੀ ਸੀ। ਉੱਥੇ ਦੇ ਸ਼ਾਸਕ ਪਰਿਵਾਰਾਂ ਵਿੱਚ ਲਗਾਤਾਰ ਯੁੱਧ ਦੀ ਦਸ਼ਾ ਬਣੀ ਹੋਈ ਸੀ ਅਤੇ ਬਹੁਤ ਸਾਰੇ ਰਾਜਵੰਸ਼ਾਂ ਨੇ ਅਰੰਭ ਅਤੇ ਖਾਤਮੇ ਦੇ ਦਿਨ ਦੇਖੇ ਸਨ। 11ਵੀਂ ਸਦੀ ਦੇ ਸ਼ੁਰੂ ਵਿੱਚ ਦੱਖਣ ਵਿੱਚ ਦੋ ਸ਼ਕਤੀਸ਼ਾਲੀ ਰਾਜ ਸਨ–

**(i) ਕਲਿਆਣੀ ਦਾ ਚਾਲੂਕਿਆ ਰਾਜ (Chalukya Kingdom of Kalyani)** ਚਾਲੂਕਿਆ ਰਾਜ, ਜਿਸ ਦੀ ਨੀਂਹ ਤੈਲੂ ਦਿੱਤਿਯ ਨੇ ਰੱਖੀ ਅਤੇ ਜਿਸ ਦੀ ਰਾਜਧਾਨੀ ਕਲਿਆਣੀ ਸੀ, ਦੱਖਣ ਦਾ ਇਕ ਸ਼ਕਤੀਸ਼ਾਲੀ ਰਾਜ ਸੀ। ਇਸ ਰਾਜ ਦੇ ਸ਼ਾਸਕ ਚੋਲਾਂ ਦੇ ਵਿਰੁੱਧ ਲੜਦੇ-ਝਗੜਦੇ ਰਹਿੰਦੇ ਸੀ।

**(ii) ਤੰਜੌਰ ਦਾ ਚੋਲ ਰਾਜ (Chola Kingdom of Tanjor)** : ਚੋਲ ਰਾਜ ਇਕ ਬਹੁਤ ਹੀ ਪੁਰਾਣਾ ਰਾਜ ਸੀ ਜੋ ਰਾਮਰਾਜ ਦੇ ਰਾਜਸ਼ਾਹੀ ਹੇਠਾਂ 10ਵੀਂ ਸਦੀ ਦੇ ਅੰਤਿਮ ਚੌਥਾਈ ਵਿੱਚ ਪ੍ਰਮੁੱਖ ਹੋਇਆ। ਉਸ ਨੇ ਬੈਂਗੀ ਦੇ ਚਾਲੂਕਿਆਂ ਨੂੰ, ਮਦੁਰਾ ਦੇ ਪਾਂਡਿਆਂ ਨੂੰ ਅਤੇ ਮੈਸੂਰ ਦੇ ਗੰਗੋਂ ਨੂੰ ਹਰਾਇਆ। ਉਸ ਨੇ ਪੂਰਬ ਵਿੱਚ ਕਲਿੰਗ ਨੂੰ ਅਤੇ ਦੱਖਣ ਵਿੱਚ ਲੰਕਾ ਨੂੰ ਜਿੱਤਿਆ। ਉਸ ਨੇ ਬਹੁਤ ਹੀ ਮਜਬੂਤ ਸਮੁੰਦਰੀ ਬੇੜਾ ਬਣਾਇਆ। ਰਾਜਰਾਜ ਦੇ ਬਾਅਦ ਰਾਜੇਂਦਰ ਚੋਲ ਤੰਜੌਰ ਰਾਜ ਦਾ ਸ਼ਾਸਕ ਬਣਿਆ ਅਤੇ ਉਸ ਨੇ 1016 ਤੋਂ 1045 ਈ. ਤੱਕ ਰਾਜ ਕੀਤਾ। ਉਸ ਨੇ ਕੇਂਦਰੀ ਭਾਰਤ ਅਤੇ ਬੰਗਾਲ ਦੇ ਸ਼ਾਸਕਾਂ ਵਿਰੁੱਧ ਲੜਾਈਆਂ ਲੜੀਆਂ। ਉਸ ਨੇ ਮਾਲਵਾ, ਅੰਡੇਮਾਨ ਅਤੇ ਨਿਕੋਬਾਰ ਦੇ ਦੀਪਾਂ ਨੂੰ ਵੀ ਜਿੱਤ ਲਿਆ। ਉਸ ਨੇ ਇਕ ਬਹੁਤ ਚੰਗਾ ਪ੍ਰਸ਼ਾਸਨ ਪ੍ਰਬੰਧ ਰਚਾਇਆ। ਇਕ ਵਾਕ ਵਿੱਚ ਕਿਹਾ ਜਾਵੇ ਤਾਂ ਕਹਿ ਸਕਦੇ ਹਾਂ ਕਿ ਰਾਜੇਂਦਰ ਚੋਲ ਦੱਖਣ ਦਾ ਸਭ ਤੋਂ ਮਹਾਨ ਅਤੇ ਪ੍ਰਭਾਵਸ਼ਾਲੀ ਸ਼ਾਸਕ ਸੀ।

*ਨੋਟਸ* ਕਸ਼ਮੀਰ ਦਾ ਸਭ ਤੋਂ ਪ੍ਰਸਿੱਧ ਸ਼ਾਸਕ ਸ਼ੰਕਰਵਰਧਨ ਨੂੰ ਮੰਨਿਆ ਜਾਂਦਾ ਹੈ।

**ਨਤੀਜੇ** : ਮਹਿਮੂਦ ਦੇ ਹਮਲੇ ਦੇ ਸਮੇਂ ਸਾਰਾ ਭਾਰਤ ਕਈ ਰਾਜਾਂ ਵਿੱਚ ਵੰਡਿਆ ਹੋਇਆ ਸੀ ਜੋ ਹਮੇਸ਼ਾ ਆਪਸ ਵਿੱਚ ਲੜਦੇ-ਝਗੜਦੇ ਸਨ। ਸੀ. ਵੀ. ਵੈਧ ਦਾ ਕਹਿਣਾ ਸੀ ਕਿ ਉਸ ਸਮੇਂ ਭਾਰਤ ਦੀ ਦਸ਼ਾ 18ਵੀਂ ਸਦੀ ਦੇ ਅਖੀਰਲੇ ਸਮੇਂ ਦੇ ਜਰਮਨੀ ਦੀ ਦਸ਼ਾ ਤੋਂ ਮਿਲਦੀ ਸੀ ਜਦੋਂ ਨੇਪੋਲੀਅਨ ਨੇ ਉਸ ਦੇਸ਼ 'ਤੇ ਚੜ੍ਹਾਈ ਕੀਤੀ ਸੀ।

**ਸਵ-ਮੁਲਾਂਕਣ (Self Assessment)**

1. ਖਾਲੀ ਥਾਵਾਂ ਭਰੋ (Fill in the blanks):
   (i) ...........ਗਜਨਵੀ ਦੇ ਹਮਲਿਆਂ ਦੇ ਸਮੇਂ ਭਾਰਤ ਕਈ ਰਾਜਾਂ ਅਤੇ ਰਾਜ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਸੀ।
   (ii) ਭਾਰਤ ਦੇ ਉੱਤਰ-ਪੱਛਮ ਵਿੱਚ ਸਥਿਤ ਪਹਿਲਾ ਮਹਾਨ ਰਾਜ ...........ਰਾਜ ਸੀ।
   (iii) ਕਸ਼ਮੀਰ 'ਤੇ ...........ਵੰਸ਼ ਦਾ ਰਾਜ ਸੀ।
   (iv) ...........ਦੇ ਸਮੇਂ ਤੋਂ ਹੀ ਕਨੌਜ ਉੱਤਰੀ ਭਾਰਤ ਦਾ ਮਹੱਤਵਪੂਰਨ ਰਾਜ ਸੀ।
   (v) ਕਾਲਿੰਜਰ 'ਤੇ ...........ਵੰਸ਼ ਦਾ ਰਾਜ ਸੀ।

## 3.2 ਮਹਿਮੂਦ ਗਜਨਵੀ ਦੇ ਭਾਰਤ 'ਤੇ ਹਮਲੇ (India Invasion of Mahmud Ghaznavi)

971 ਈ. ਵਿੱਚ ਜਨਮ ਲੈ ਕੇ ਮਹਿਮੂਦ ਨੇ ਬਚਪਨ ਤੋਂ ਹੀ ਆਪਣੇ ਅੰਦਰ ਮਹਾਨ ਸੈਨਿਕ ਦੇ ਗੁਣ ਗ੍ਰਹਿਣ ਕਰ ਲਏ ਸਨ। 998 ਈ. ਵਿੱਚ ਆਪਣੇ ਪਿਤਾ ਸੁਬੁਕਤਗੀਨ ਦੀ ਮੌਤ ਦੇ ਬਾਅਦ ਅਤੇ ਆਪਣੇ ਭਰਾ ਇਸਮਾਈਲ ਨੂੰ ਹਰਾਉਣ ਦੇ ਬਾਅਦ

ਨੋਟ

ਜਿਸ ਨੂੰ ਉੱਤਰਾਧਿਕਾਰੀ ਚੁਣਿਆ ਗਿਆ ਸੀ। ਮਹਿਮੂਦ ਗਜਨੀ ਦਾ ਅਸਲ ਸ਼ਾਸਕ ਬਣ ਬੈਠਾ। ਉਸ ਨੇ ਖਲੀਫਾ ਕਾਦਿਰ ਬਿਲਬ ਨਾਲ ਆਪਣੀ ਪ੍ਰਭੂਸੱਤਾ ਨੂੰ ਪ੍ਰਭਾਵਸ਼ਾਲੀ ਮਾਨਤਾ ਪ੍ਰਾਪਤ ਕਰਵਾ ਲਈ। ਇਸ ਖਲੀਫਾ ਨੇ ਮਹਿਮੂਦ ਨੂੰ ਜਮੀਨ-ਉਦ-ਦੌਲਾ ਦੀ ਉਪਾਧੀ ਪ੍ਰਦਾਨ ਕਰ ਦਿੱਤੀ। ਇਸ ਸ਼ਬਦ ਦਾ ਅਰਥ ਹੈ ਸਾਮਰਾਜ ਦਾ ਸੱਜਾ ਹੱਥ ਅਤੇ ਇਕ ਹੋਰ ਉਪਾਧੀ ਅਮੀਨ-ਉਲ-ਮਿਲਤ ਵੀ ਪ੍ਰਦਾਨ ਕੀਤੀ ਜਿਸ ਦਾ ਅਰਥ ਹੈ ਧਰਮ-ਰੱਖਿਅਕ। ਇਸ ਪ੍ਰਕਾਰ ਮਹਿਮੂਦ ਗਜਨੀ ਦਾ ਅਸਲ ਅਤੇ ਵਿਧਾਨਿਕ ਰਾਜਾ ਵੀ ਬਣ ਗਿਆ।

ਆਪਣੇ ਆਪ ਨੂੰ ਸਿੰਘਾਸਨ 'ਤੇ ਸੁਰੱਖਿਅਤ ਰੂਪ ਨਾਲ ਬਿਠਾ ਕੇ ਅਤੇ ਘਰ ਵਿੱਚ ਆਪਣੀ ਸਥਿਤੀ ਨੂੰ ਦ੍ਰਿੜ ਬਣਾ ਕੇ ਮਹਿਮੂਦ ਨੇ ਭਾਰਤ 'ਤੇ ਚੜ੍ਹਾਈ ਕਰਨ ਦੇ ਮਹਾਨ ਕੰਮ ਨੂੰ ਹੱਥ ਵਿੱਚ ਲਿਆ। ਕਹਿੰਦੇ ਹਨ ਕਿ ਖਲੀਫਾ ਕਾਦਿਰ ਬਿਲਤ ਨੇ ਉਸ ਨੂੰ ਭਾਰਤਵਰਸ਼ 'ਤੇ ਹਰ ਸਾਲ ਚੜ੍ਹਾਈ ਕਰਨ ਦੇ ਲਈ ਉਭਾਰਿਆ ਸੀ। 1000 ਤੋਂ 1026 ਈ. ਤੱਕ ਮਹਿਮੂਦ ਨੇ ਸਾਰੇ ਦੇਸ਼ 'ਤੇ ਬਹੁਤ ਸਾਰੇ ਹਮਲੇ ਕੀਤੇ। ਉਸ ਵੱਲੋਂ ਕੀਤੇ ਗਏ ਹਮਲਿਆਂ ਦੀ ਠੀਕ ਸੰਖਿਆ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ, ਪ੍ਰੰਤੂ ਆਮ ਤੌਰ 'ਤੇ ਅਜਿਹਾ ਮੰਨਿਆ ਜਾਂਦਾ ਹੈ ਕਿ ਕੁੱਲ ਮਿਲਾ ਕੇ ਉਸ ਨੇ 17 ਵਾਰ ਭਾਰਤ 'ਤੇ ਚੜ੍ਹਾਈ ਕੀਤੀ। ਉਸ ਦੇ ਹਮਲਿਆਂ ਨੂੰ ਸੰਖੇਪ ਵਿੱਚ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ।

*ਕੀ ਤੁਸੀਂ ਜਾਣਦੇ ਹੋ* — ਖਲੀਫਾ ਕਾਦਿਰ ਬਿਲਬ ਨੇ ਮਹਿਮੂਦ ਗਜਨਵੀ ਨੂੰ ਜਮੀਨ-ਉਦ ਦੌਲਾ ਦੀ ਉਪਾਧੀ ਦਿੱਤੀ।

**ਪਹਿਲਾ ਹਮਲਾ (First Invasion)**

**ਹੱਦਾਂ ਵਾਲੇ ਕਿਲ੍ਹਿਆਂ 'ਤੇ ਅਧਿਕਾਰ** (1000 ਈ) (Capture of frontier forts) : ਮਹਿਮੂਦ ਦਾ ਪਹਿਲਾ ਹਮਲਾ ਜੋ ਉਸ ਨੇ 1000 ਈ. ਵਿੱਚ ਕੀਤਾ, ਇਕ ਸਧਾਰਣ ਜਿਹਾ ਹਮਲਾ ਸੀ। ਇਸ ਹਮਲੇ ਦੌਰਾਨ ਉਸ ਨੇ ਕੇਵਲ ਖੈਬਰ ਦਰੇ ਦੇ ਥੋੜ੍ਹੇ ਜਿਹੇ ਕਿਲ੍ਹੇ ਅਤੇ ਨਗਰ ਜਿੱਤ ਲਏ ਅਤੇ ਇਨ੍ਹਾਂ ਹਾਰੇ ਪ੍ਰਦੇਸ਼ਾ ਵਿੱਚ ਆਪਣੇ ਰਾਜਪਾਲ ਨਿਯੁਕਤ ਕਰਕੇ ਉਹ ਗਜਨੀ ਨੂੰ ਵਾਪਸ ਚਲਾ ਗਿਆ।

**ਦੂਸਰਾ ਹਮਲਾ (Second Invasion)**

**ਹਿੰਦੂਸ਼ਾਹੀ ਰਾਜ ਦੇ ਰਾਜਪਾਲ ਦੀ ਹਾਰ** (1000-02 ਈ.) (Defeat of Jaipal of Hindushahi Kingdom) : ਅਗਲੇ ਸਾਲ ਅਰਥਾਤ 1001 ਈ. ਵਿੱਚ ਮਹਿਮੂਦ 10,000 ਸੈਨਿਕਾਂ ਨੂੰ ਲੈ ਕੇ ਗਜਨੀ ਤੋਂ ਭਾਰਤ ਵੱਲ ਚੱਲ ਪਿਆ। ਹਿੰਦੂਸ਼ਾਹੀ ਰਾਜ ਦੇ ਰਾਜੇ ਜੈ ਪਾਲ ਨੇ ਜੋ ਸੁਬੁਕਤਗੀਨ ਤੋਂ ਪਹਿਲਾਂ ਹੀ ਦੋ ਵਾਰ ਹਾਰ ਚੁੱਕਿਆ ਸੀ, ਆਪਣੀ ਸਾਰੀ ਸੈਨਾ ਇਕੱਠੀ ਕੀਤੀ ਅਤੇ ਹਮਲਾਵਰਾਂ ਦੇ ਵਿਰੁੱਧ ਅੱਗੇ ਵਧਿਆ। ਨਵੰਬਰ 1001 ਈ. ਵਿੱਚ ਪੇਸ਼ਾਵਰ 'ਤੇ ਇਕ ਘਮਸਾਨ ਯੁੱਧ ਜਿਸ ਵਿੱਚ ਮੁਸਲਮਾਨ ਜਿੱਤ ਗਏ ਅਤੇ ਹਿੰਦੂਆਂ ਦੀ ਹਾਰ ਹੋਈ। ਜੈ ਪਾਲ ਆਪਣੇ ਪੁੱਤਰਾਂ, ਪੋਤਰਿਆਂ ਅਤੇ ਸਕੇ-ਸਬੰਧੀਆਂ ਸਮੇਤ ਕੈਦੀ ਬਣਾ ਲਿਆ ਗਿਆ। ਉਨ੍ਹਾਂ ਦੀ ਕਿਸਮਤ ਸਬੰਧੀ ਇਤਿਹਾਸਕਾਰ ਉਤਬੀ ਇਸ ਪ੍ਰਕਾਰ ਲਿਖਦਾ ਹੈ-

"ਰੱਸੀਆਂ ਨਾਲ ਕੱਸ ਕੇ ਬੰਨ੍ਹੇ ਹੋਏ ਉਹ ਸੁਲਤਾਨ ਦੇ ਅੱਗੇ ਚੁੱਕ ਕੇ ਪਹੁੰਚਾਏ ਗਏ ਠੀਕ ਇਸ ਪ੍ਰਕਾਰ ਜਿਵੇਂ ਕੋਈ ਪਾਪੀ ਹੋਵੇ ਜਿਨ੍ਹਾਂ ਦੇ ਚਿਹਰੇ 'ਤੇ ਝੂਠ ਦਾ ਧੂੰਆਂ ਸਪੱਸ਼ਟ ਦਿਖਾਈ ਦਿੰਦਾ ਹੋਵੇ .... ਅਤੇ ਜੋ ਬੱਝੇ-ਬਝਾਏ ਨਰਕ ਪਹੁੰਚਾਏ ਜਾਣ ਵਾਲੇ ਹੋਣ।" ਹੀਰਿਆਂ ਅਤੇ ਜਵਾਹਰਾਤ ਨਾਲ ਜੜੇ ਹਾਰ ਅਤੇ ਲੱਖਾਂ ਦੀਨਾਰਾਂ ਦੇ ਮੁੱਲ ਦੇ ਹੋਰ ਗਹਿਣੇ ਜੇਤੂਆਂ ਨੇ ਜ਼ਬਰਦਸਤੀ ਖੋਹ ਲਏ। ਖੈਰ, ਜੈ ਪਾਲ ਨੂੰ ਬਾਅਦ ਵਿੱਚ ਇਸ ਵਾਅਦੇ 'ਤੇ ਛੱਡ ਦਿੱਤਾ ਗਿਆ ਕਿ ਉਹ ਢਾਈ ਲੱਖ ਦੀਨਾਰ ਦੇਵੇਗਾ ਅਤੇ 50 ਹਾਥੀ ਭੇਜੇਗਾ। ਜਦੋਂ ਜੈ ਪਾਲ ਆਪਣੇ ਰਾਜ ਵਿੱਚ ਵਾਪਸ ਆਇਆ ਤਾਂ ਉਸ ਦੀ ਪ੍ਰਜਾ ਨੇ ਉਸ ਨੂੰ ਆਪਣਾ ਸ਼ਾਸਕ ਮੰਨਣ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਹਿੰਦੂਆਂ ਵਿੱਚ ਇਕ ਰਿਵਾਜ਼ ਫੈਲਿਆ ਹੋਇਆ ਸੀ ਕਿ ਜਦੋਂ ਕੋਈ ਰਾਜਾ ਵਿਦੇਸ਼ੀਆਂ ਦੇ ਹੱਥ ਵਿੱਚ ਦੋ ਵਾਰ ਕੈਦ ਹੋ ਜਾਵੇ ਤਾਂ ਉਹ ਸ਼ਾਸਨ ਕਰਨ ਦੇ ਅਯੋਗ ਬਣ ਜਾਂਦਾ ਹੈ। ਜੈ ਪਾਲ ਇਸ ਅਪਮਾਨ ਨੂੰ ਸਹਿਣ ਨਾ ਕਰ ਸਕਿਆ। ਉਸ ਨੇ ਆਪਣੇ ਪੁੱਤਰ ਅਨੰਦਪਾਲ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰਕੇ ਆਪਣੇ ਆਪ ਨੂੰ ਜਿਉਂਦਾ ਸਾੜ ਲਿਆ।

**ਤੀਸਰਾ ਹਮਲਾ (Third Invasion)**

**ਭਾਟੀਆ ਰਾਜ ਦੇ ਵਿਜੈ ਰਾਏ ਦੀ ਹਾਰ (1003 ਈ.)** (Defeat of Bijai Rai of Bhatia Kingdom): ਸੰਨ 1003 ਈ. ਵਿੱਚ ਮਹਿਮੂਦ ਨੇ ਭਾਰਤ 'ਤੇ ਆਪਣੀ ਤੀਸਰੀ ਚੜ੍ਹਾਈ ਕੀਤੀ। ਇਸ ਵਾਰ ਉਸ ਨੇ ਭਾਟੀਆ ਰਾਜ 'ਤੇ ਹਮਲਾ ਕੀਤਾ ਜੋ ਮੁਲਤਾਨ ਦੇ ਦੱਖਣ-ਪੱਛਮ ਵਿੱਚ ਸਥਿਤ ਸੀ। ਭਾਟੀਆ ਰਾਜਾ ਵਿਜੈ ਰਾਏ ਨੇ ਡਟ ਕੇ ਮੁਕਾਬਲਾ ਕੀਤਾ ਪ੍ਰੰਤੂ ਅੰਤ ਵਿੱਚ ਸ਼ਕਤੀਸ਼ਾਲੀ

**ਨੋਟ**

ਦੁਸ਼ਮਣਾਂ ਦੇ ਮੁਕਾਬਲੇ ਵਿੱਚ ਆਪਣੇ ਆਪ ਨੂੰ ਮਜਬੂਰ ਪਾਇਆ ਉਹ ਯੁੱਧ ਖੇਤਰ ਤੋਂ ਦੌੜ ਗਿਆ । ਮਹਿਮੂਦ ਦੇ ਸਿਪਾਹੀਆਂ ਨੇ ਇਸ ਦਾ ਕਾਫੀ ਪਿੱਛਾ ਕੀਤਾ। ਅੰਤ ਵਿੱਚ ਜਦੋਂ ਉਸ ਨੇ ਮਹਿਸੂਸ ਕੀਤਾ ਕਿ ਉਹ ਦੁਸ਼ਮਣਾਂ ਦੇ ਹੱਥ ਵਿੱਚ ਲੱਗਣ ਵਾਲਾ ਹੈ ਤਾਂ ਉਸ ਨੇ ਆਪਣੇ ਆਪ ਨੂੰ ਛੁਰਾ ਮਾਰ ਕੇ ਆਤਮ-ਹੱਤਿਆ ਕਰ ਲਈ। ਮਹਿਮੂਦ ਨੇ ਇਸ ਡਰਪੋਕ ਰਾਜੇ ਦੀ ਧਨ-ਸੰਪਤੀ ਖੂਬ ਲੁੱਟੀ। ਅਣ-ਗਿਣਤ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਦੂਸਰਿਆਂ ਨੂੰ ਇਸਲਾਮ ਸਵੀਕਾਰ ਕਰਨ ਨੂੰ ਮਜਬੂਰ ਕੀਤਾ।

### ਚੌਥਾ ਹਮਲਾ (Fourth Invasion)

**ਮੁਲਤਾਨ ਦੀ ਚੜ੍ਹਾਈ (1006 ਈ.)** (Invasion of Multan) : ਮਹਿਮੂਦ ਨੇ ਆਪਣੀ ਚੌਥੀ ਚੜ੍ਹਾਈ 1006 ਈ. ਵਿੱਖ ਕੀਤੀ। ਉਹ ਸੁਲਤਾਨ ਦੇ 'ਅਵਲ ਫਤਹਿ ਦਾਊਦ' ਦੇ ਵਿਰੁੱਧ ਅੱਗੇ ਵਧੇ। ਦਾਊਦ ਇਸਲਾਮ ਦੇ ਸ਼ੀਆ ਧਰਮ ਕਰਮਿਥਿਅਨ ਵਰਗ ਨਾਲ ਸਬੰਧ ਰੱਖਦਾ ਸੀ ਜਦੋਂ ਕਿ ਮਹਿਮੂਦ ਸੁੰਨੀ ਧਰਮ ਦਾ ਹੋਣ ਦੇ ਨਾਤੇ ਕਰਮਿਥਿਅਨ ਦਾਊਦ ਨੂੰ ਕਾਫਿਰ ਸਮਝਦਾ ਸੀ। ਭੇਰਾ ਦੇ ਨਜ਼ਦੀਕ ਮਹਿਮੂਦ ਦਾ ਪਹਿਲਾਂ-ਪਹਿਲਾਂ ਹਿੰਦੂਸ਼ਾਹੀ ਰਾਜ ਦੇ ਅਨੰਦਪਾਲ ਦਾ ਸਾਹਮਣਾ ਹੋਇਆ ਜੋ ਦਾਊਦ ਨਾਲ ਮਿਲ ਚੁੱਕਿਆ ਸੀ। ਅਨੰਦਪਾਲ ਦੀ ਹਾਰ ਹੋਈ ਅਤੇ ਉਹ ਕਸ਼ਮੀਰ ਦੀਆਂ ਪਹਾੜੀਆਂ ਵੱਲ ਦੌੜ ਗਿਆ। ਉਦੋਂ ਮਹਿਮੂਦ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਉੱਥੇ ਸੱਤ ਦਿਨ ਦੇ ਘੇਰੇ ਤੋਂ ਬਾਅਦ ਉਸ ਨੂੰ ਜਿੱਤ ਲਿਆ। ਉਸ ਨੇ ਮੁਲਤਾਨ ਜੈ ਪਾਲ ਦੇ ਇਕ ਪੋਤੇ ਸੁਖਪਾਲ ਨਵਾਸਾਸ਼ਾਹ ਦੇ ਹਵਾਲੇ ਕਰ ਦਿੱਤਾ ਜਿਸ ਨੂੰ ਮਹਿਮੂਦ ਨੇ ਜੈ ਪਾਲ ਦੀ ਹਾਰ ਦੇ ਬਾਅਦ ਕੈਦ ਕਰ ਰੱਖਿਆ ਸੀ ਅਤੇ ਜਿਸ ਨੇ ਇਸਲਾਮ ਧਰਮ ਸਵੀਕਾਰ ਕਰ ਲਿਆ ਅਤੇ ਆਪਣਾ ਨਵਾਂ ਨਾਮ ਨਵਾਸਾਸ਼ਾਹ ਰੱਖ ਲਿਆ ਸੀ।

### ਪੰਜਵਾਂ ਹਮਲਾ (Fifth Invasion)

**ਨਵਾਸਾਸ਼ਾਹ ਦੀ ਹਾਰ** (**1007 ਈ.**) (Defeat of Nawasa Shah): ਮੁਲਤਾਨ ਨੂੰ ਜਿੱਤਣ ਦੇ ਬਾਅਦ ਜਦੋਂ ਮਹਿਮੂਦ ਗਜਨੀ ਵਾਪਸ ਆਇਆ ਤਾਂ ਨਵਾਸਾਸ਼ਾਹ ਜਿਸ ਨੂੰ ਮੁਲਤਾਨ ਅਤੇ ਹੋਰ ਹਾਰੇ ਪ੍ਰਦੇਸ਼ਾਂ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਸੀ, ਸੁਤੰਤਰ ਬਣ ਬੈਠਾ ਅਤੇ ਉਸ ਨੇ ਇਸਲਾਮ ਧਰਮ ਨੂੰ ਤਿਆਗ ਕਰ ਦਿੱਤਾ। ਮਹਿਮੂਦ ਨੇ ਉਸ ਦੇ ਵਿਰੁੱਧ 1007 ਈ. ਵਿੱਚ ਚੜ੍ਹਾਈ ਕਰ ਦਿੱਤੀ ਅਤੇ ਉਸ ਨੂੰ ਹਰਾ ਦਿੱਤਾ।

### ਛੇਵਾਂ ਹਮਲਾ (Sixth Invasion)

**ਨਵਾਸਾਸ਼ਾਹ ਦੀ ਹਾਰ (1008-9 ਈ. )** (Defeat of Anandpal and Allies) : ਮਹਿਮੂਦ ਦਾ ਛੇਵਾਂ ਹਮਲਾ ਅਨੰਦਪਾਲ ਦੇ ਵਿਰੁੱਧ ਸੀ ਜੋ ਉਸ ਦੇ ਵਿਰੋਧ ਵਿੱਚ ਮੁਲਤਾਨ ਦੇ ਫਤਹਿ ਦਾਊਦ ਨਾਲ ਮਿਲ ਗਿਆ ਸੀ। ਅਨੰਦਪਾਲ ਨੇ ਹਮਲਾਵਰਾਂ ਦੇ ਵਿਰੁੱਧ ਯੁੱਧ ਦੀ ਵੱਡੀ ਤਿਆਰੀ ਕੀਤੀ। ਉਸ ਨੇ ਦੂਸਰੇ ਰਾਜਪੂਤ ਸਰਦਾਰਾਂ ਨਾਲ ਸੰਪਰਕ ਜੋੜਿਆ ਅਤੇ ਆਪਣੀ ਅਗਵਾਈ ਵਿੱਚ ਉਜੈਨ, ਗਵਾਲੀਅਰ, ਕਾਲਿੰਜਰ, ਅਜਮੇਰ ਆਦਿ ਰਾਜਿਆਂ ਦਾ ਇਕ ਰਾਜ ਸੰਘ ਸੰਗਠਿਤ ਕੀਤਾ। ਉਸ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਵਿਦੇਸ਼ੀਆਂ ਦੇ ਵਿਰੁੱਧ ਉਸ ਦੀ ਲੜਾਈ ਵਿੱਚ ਸਹਾਇਤਾ ਦੇਣ। ਇਸ ਅਪੀਲ ਦਾ ਬਹੁਤ ਵੱਡਾ ਅਸਰ ਹੋਇਆ। ਸਾਰੇ ਲੋਕਾਂ ਵਿੱਚ-ਕੀ ਵੱਡੇ ਅਤੇ ਕੀ ਛੋਟੇ, ਕੀ ਅਮੀਰ ਅਤੇ ਕੀ ਗਰੀਬ-ਸਾਰਿਆਂ ਵਿੱਚ ਬਹਾਦਰੀ ਦਿਖਾਉਣ ਦਾ ਜੋਸ਼ ਉੱਠ ਖੜ੍ਹਾ ਹੋਇਆ। ਉਸ ਸਮੇਂ ਦੇ ਮੁਸਲਮਾਨ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ "ਹਿੰਦੂ ਔਰਤਾਂ ਨੇ ਆਪਣੇ ਜਵਾਹਰਾਤ ਵੇਚ ਦਿੱਤੇ ਅਤੇ ਦੂਰ-ਦੂਰ ਤੋਂ ਉਹ ਧਨ ਆਪਣੇ ਰਾਜੇ ਨੂੰ ਭੇਜਿਆ ਕਿ ਇਸ ਨੂੰ ਮੁਸਲਮਾਨਾਂ ਦੇ ਵਿਰੁੱਧ ਇਸਤੇਮਾਲ ਵਿੱਚ ਲਿਆਓ।" ਪੰਜਾਬ ਦੀ ਇਕ ਜਾਤੀ ਖੋਖਰ ਵੀ ਵਿਦੇਸ਼ੀਆਂ ਦੇ ਵਿਰੁੱਧ ਇਸ ਲੜਾਈ ਵਿੱਚ ਰਾਜਪੂਤਾਂ ਨਾਲ ਮਿਲ ਗਈ।

ਇਕ ਬਹੁਤ ਭਾਰੀ ਸੈਨਾ ਲੈ ਕੇ ਅਨੰਦਪਾਲ ਨੇ ਮਹਿਮੂਦ ਨਾਲ ਲੋਹਾ ਲਿਆ। ਵਹਿੰਦ ਦੇ ਸਾਹਮਣੇ ਮੈਦਾਨ ਵਿੱਚ ਲੜਾਈ ਕੀਤੀ। ਨੰਗੇ ਪੈਰ ਅਤੇ ਨੰਗੇ ਸਿਰ ਖੋਖਰ ਲੋਕ ਬੜੀ ਬਹਾਦਰੀ ਨਾਲ ਲੜੇ। ਉਨ੍ਹਾਂ ਨੇ ਮਹਿਮੂਦ ਦੇ ਤੀਰ ਚਲਾਉਣ ਵਾਲਿਆਂ ਦਾ ਮੂੰਹ ਮੋੜ ਦਿੱਤਾ ਅਤੇ ਕੋਈ ਤਿੰਨ-ਚਾਰ ਹਜ਼ਾਰ ਮੁਸਲਮਾਨ ਮਾਰ ਦਿੱਤੇ ਗਏ। ਰਾਜਪੂਤ ਵੀ ਬੜੀ ਬਹਾਦਰੀ ਨਾਲ ਲੜੇ। ਗੱਲ ਇੱਥੇ ਤੱਕ ਪਹੁੰਚੀ ਕਿ ਮਹਿਮੂਦ ਲੜਾਈ ਨੂੰ ਰੋਕਣ ਹੀ ਵਾਲਾ ਸੀ ਜਦੋਂ ਕਿ ਇਕਦਮ ਕਿਸਮਤ ਨਾਲ ਅਨੰਦਪਾਲ ਦਾ ਹਾਥੀ ਡਰ ਕੇ ਯੁੱਧ ਭੂਮੀ ਤੋਂ ਦੌੜ ਗਿਆ। ਇਸ ਕਾਰਨ ਰਾਜਪੂਤਾਂ ਵਿੱਚ ਗੜਬੜੀ ਅਤੇ ਆਤੰਕ ਫੈਲ ਗਿਆ। ਗਜਨਵੀਆਂ ਨੇ ਦੋ ਦਿਨ ਅਤੇ ਦੋ ਰਾਤਾਂ ਉਸ ਦਾ ਪਿੱਛਾ ਕੀਤਾ ਅਤੇ ਬਹੁਤ ਸਾਰੇ ਰਾਜਪੂਤਾਂ ਨੂੰ ਮਾਰ ਦਿੱਤਾ। ਬਹੁਤ ਸਾਰਾ ਲੁੱਟ ਦਾ ਮਾਲ ਮਹਿਮੂਦ ਦੇ ਹੱਥ ਆਇਆ ਜੋ ਹੁਣ ਪੰਜਾਬ ਅਤੇ ਉੱਤਰ ਪੱਛਮੀ ਭਾਰਤ ਦਾ ਸਵਾਮੀ ਬਣ ਗਿਆ।

*ਟਾਸਕ* ਮਹਿਮੂਦ ਗਜਨਵੀ ਨੇ ਚੌਥਾ ਹਮਲਾ ਕਦੋਂ ਅਤੇ ਕਿੱਥੇ ਕੀਤਾ ਸੀ?

ਨੋਟ

**ਸੱਤਵਾਂ ਹਮਲਾ (Seventh Invasion)**

**ਨਗਰ ਕੋਟ (1009-ਈ.)** (Conquest of Nagarkot) : ਮਹਿਮੂਦ ਨੇ ਆਪਣਾ ਅਗਲਾ ਹਮਲਾ ਕਾਂਗੜਾ ਦੇ ਵਿਰੁੱਧ ਕੀਤਾ ਜਿਸ ਨੂੰ ਨਗਰ ਕੋਟ ਵੀ ਕਹਿੰਦੇ ਸਨ। ਇਹ ਸਥਾਨ ਅਸੰਖਿਆ ਖਜਾਨੇ ਦਾ ਸਥਾਨ ਸਮਝਿਆ ਜਾਂਦਾ ਸੀ। 1009 ਈ. ਦੇ ਸ਼ੁਰੂ ਵਿੱਚ ਮਹਿਮੂਦ ਇਕ ਬਹੁਤ ਵੱਡੀ ਸੈਨਾ ਲੈ ਕੇ ਕਾਂਗੜਾ ਪਹੁੰਚਿਆ ਅਤੇ ਨਗਰਕੋਟ ਦਾ ਕਿਲ੍ਹਾ ਘੇਰ ਲਿਆ। ਤਿੰਨ ਦਿਨ ਦੇ ਘੋਰ ਯੁੱਧ ਦੇ ਬਾਅਦ ਕਿਲ੍ਹਾ ਦੁਸ਼ਮਣ ਦੇ ਹੱਥ ਆ ਹੀ ਗਿਆ। ਉੱਥੇ ਮਹਿਮੂਦ ਨੇ ਖੂਬ ਲੁੱਟ ਦਾ ਧਨ ਪ੍ਰਾਪਤ ਕੀਤਾ। ਉਤਬੀ ਲਿਖਦਾ ਹੈ ਕਿ "ਮਹਿਮੂਦ ਨੇ ਇੰਨਾ ਧਨ ਪ੍ਰਾਪਤ ਕੀਤਾ ਕਿ ਖਜ਼ਾਨੇ ਨੂੰ ਲੱਦ ਕੇ ਲਿਜਾਣ ਲਈ ਜਿੰਨੇ ਵੀ ਊਠ ਪ੍ਰਾਪਤ ਕੀਤੇ ਗਏ, ਉਂਨੇ ਹੀ ਥੋੜ੍ਹੇ ਸਨ। 70 ਹਜ਼ਾਰ ਦਿਰਹਮ ਦੀ ਤਾਂ ਮੁਦ੍ਰਿਤ ਧਾਤੂ ਸੀ ਅਤੇ ਕੋਈ ਸੱਤ ਲੱਖ ਦੇ ਮੁੱਲ ਦੇ ਅਤੇ ਚਾਰ ਸੌ ਮਣ ਭਾਰ ਦੀਆਂ ਸੋਨੇ ਅਤੇ ਚਾਂਦੀ ਦੀਆਂ ਇੱਟਾਂ ਸਨ। ਲੁੱਟ ਦੇ ਮਾਲ ਵਿੱਚ ਸਫੈਦ ਚਾਂਦੀ ਦਾ ਇਕ ਮਕਾਨ ਵੀ ਸੀ ਜੋ ਅਮੀਰ ਲੋਕਾਂ ਦੇ ਮਕਾਨਾ ਵਰਗਾ ਸੀ, ਅਰਥਾਤ ਜਿਸ ਦੀ ਲੰਬਾਈ ਤੀਹ ਗਜ ਅਤੇ ਚੌੜਾਈ 15 ਗਜ ਸੀ। ਸੁਲਤਾਨ ਗਜਨੀ ਨੂੰ ਵਾਪਸ ਆਇਆ ਪ੍ਰੰਤੂ "ਇੰਨਾ ਧਨ ਦੌਲਤ ਅਤੇ ਹੀਰੇ ਜਵਾਹਰਾਤ ਲੈ ਕੇ ਜਿੰਨਾ ਕਿ ਸੰਸਾਰ ਦੇ ਕਿਸੇ ਸ਼ਕਤੀਸ਼ਾਲੀ ਤੋਂ ਸ਼ਕਤੀਸ਼ਾਲੀ ਰਾਜਾ ਦੇ ਕੋਲ ਵੀ ਨਾ ਹੋਵੇ।"

**ਅੱਠਵਾਂ, ਨੌਵਾਂ, ਦੱਸਵਾਂ ਅਤੇ ਗਿਆਰ੍ਹਵਾਂ ਹਮਲਾ(1009-1018 ਈ.)** (Eighth, ninth, tenth and eleventh Invasion):

ਡਾ. ਈਸ਼ਵਰੀ ਪ੍ਰਸ਼ਾਦ ਦਾ ਕਹਿਣਾ ਹੈ ਕਿ "ਅਸੀਮ ਧਨ ਪ੍ਰਾਪਤੀ ਨੇ ਮਹਿਮੂਦ ਦੇ ਅਨੁਯਾਈਆਂ ਦੀ ਲਾਲਸਾ ਇੰਨੀ ਤੇਜ਼ ਕਰ ਦਿੱਤੀ ਕਿ ਉਨ੍ਹਾਂ ਨੇ ਆਪਣੇ ਹਮਲੇ ਧੜਾਧੜ ਦੁਹਰਾਉਣੇ ਸ਼ੁਰੂ ਕਰ ਦਿੱਤੇ।" 1009 ਤੋਂ 1018 ਈ. ਤੱਕ ਮਹਿਮੂਦ ਨੇ ਮੁਲਤਾਨ, ਕਸ਼ਮੀਰ, ਥਾਨੇਸ਼ਵਰ ਆਦਿ ਸਥਾਨਾਂ 'ਤੇ ਚੜ੍ਹਾਈਆਂ ਕੀਤੀਆਂ ਅਤੇ ਉਨ੍ਹਾਂ ਨੂੰ ਜਿੱਤਣ ਦੇ ਬਾਅਦ ਖੂਬ ਲੁੱਟਿਆ, ਖੂਬ ਚੂਸਿਆ।

**ਬਾਹਰ੍ਹਵਾਂ ਹਮਲਾ (Twelfth Invasion)**

**ਕਨੌਜ ਦੇ ਰਾਜਪਾਲ ਦੀ ਹਾਰ (1018-19 ਈ.)** (Submission of Rajyapal of Kannauj) : 1018 ਈ. ਵਿੱਚ ਮਹਿਮੂਦ ਗਜਨੀ ਤੋਂ ਫਿਰ ਚੱਲਿਆ ਪ੍ਰੰਤੂ ਇਸ ਵਾਰ ਕਨੌਜ 'ਤੇ ਚੜ੍ਹਾਈ ਕਰਨ ਨੂੰ ਹਰਸ਼ਵਰਧਨ ਦੇ ਸਮੇਂ ਤੋਂ ਉੱਤਰੀ ਭਾਰਤ ਦੀ ਰਾਜਧਾਨੀ ਚੱਲਿਆ ਆ ਰਿਹਾ ਸੀ। ਯਮੁਨਾ ਨੂੰ ਪਾਰ ਕਰਕੇ ਉਸ ਨੇ ਸਭ ਤੋਂ ਪਹਿਲਾਂ ਵਾਰਣ ਅਤੇ ਬੁਲੰਦਸ਼ਹਿਰ 'ਤੇ ਹਮਲਾ ਕੀਤਾ। ਬੁਲੰਦਸ਼ਾਹੀ ਦੇ ਰਾਜਾ ਹਰੀ ਦੱਤ ਨੇ ਹਾਰ ਮੰਨ ਲਈ ਅਤੇ ਮੁਸਲਮਾਨ ਇਤਿਹਾਸਕਾਰਾਂ ਦੇ ਕਹਿਣ ਅਨੁਸਾਰ ਉਸ ਨੇ ਦਸ ਹਜ਼ਾਰ ਲੋਕਾਂ ਦੇ ਨਾਲ ਇਸਲਾਮ ਧਰਮ ਸਵੀਕਾਰ ਕਰ ਲਿਆ। ਹੁਣ ਸੁਲਤਾਨ ਮਥੁਰਾ ਵੱਲ ਵਧਿਆ ਜੋ ਕਿ ਉਸ ਸਮੇਂ ਇਕ ਬਹੁਤ ਹੀ ਅਮੀਰ ਅਤੇ ਸੰਘਣੀ ਆਬਾਦੀ ਵਾਲਾ ਨਗਰ ਸੀ। ਹਮਲਾਵਰ ਸੈਨਾ ਨੇ ਬਹੁਤ ਸਾਰੇ ਮੰਦਿਰਾਂ ਨੂੰ ਤਬਾਹ ਕਰ ਦਿੱਤਾ ਅਤੇ ਬਹੁਤ ਸਾਰੀ ਧਨ ਰਾਸ਼ੀ ਲੁੱਟ ਵਿੱਚ ਪ੍ਰਾਪਤ ਕੀਤੀ। ਮਥੁਰਾ ਦੇ ਬਾਅਦ ਵਰਿੰਦਾਵਨ ਦੀ ਵਾਰੀ ਆਈ। ਉੱਥੇ ਵੀ ਉਹੀ ਕੁਝ ਹੋਇਆ–ਲੁੱਟਮਾਰ, ਅਗਨੀਕਾਂਡ, ਮਾਰਕੁੱਟ ਅਤੇ ਬਲਾਤਕਾਰ।

ਮਹਿਮੂਦ ਹੁਣ ਕਨੌਜ ਵੱਲ ਵਧਿਆ ਅਤੇ ਜਨਵਰੀ 1019 ਈ. ਵਿੱਚ ਕਨੌਜ ਦੇ ਫਾਟਕਾਂ ਤੱਕ ਜਾ ਪਹੁੰਚਿਆ। ਕਨੌਜ ਦੇ ਪ੍ਰਤੀਹਾਰ ਸ਼ਾਸਕ ਰਾਜਪਾਲ ਨੇ ਦੁਸ਼ਮਣਾਂ ਦਾ ਕੋਈ ਮੁਕਾਬਲਾ ਨਹੀਂ ਕੀਤਾ ਪਰ ਡਰ ਨਾਲ ਗਰਦਨ ਝੁਕਾ ਦਿੱਤੀ। ਸੁਲਤਾਨ ਨੇ ਸਾਰੇ ਨਗਰ ਨੂੰ ਰੌਂਦ ਦਿੱਤਾ ਅਤੇ ਕੋਈ 10,000 ਮੰਦਿਰਾਂ ਨੂੰ ਲੁੱਟਿਆ। ਇਸ ਪ੍ਰਕਾਰ ਬਹੁਤ ਭਾਰੀ ਲੁੱਟ ਮਚਾ ਕੇ ਅਤੇ ਧਨ ਪ੍ਰਾਪਤ ਕਰਕੇ ਮਹਿਮੂਦ ਗਜਨੀ ਨੂੰ ਵਾਪਸ ਚਲਾ ਗਿਆ।

**ਤੇਰ੍ਹਵਾਂ ਹਮਲਾ (Thirteenth Invasion)**

**ਕਾਲਿੰਜਰ ਦੇ ਚੰਦੇਲ ਰਾਜਾ ਦੀ ਹਾਰ (1020 ਈ.)** (Defeat of Chandela King of Kalinjar): ਕਾਲਿੰਜਰ ਦਾ ਚੰਦੇਲ ਰਾਜਾ ਗੰਡਾ ਮਹਿਮੂਦ ਦੇ ਅੱਗੇ ਕਨੌਜ ਦੇ ਰਾਜਪਾਲ ਦੀ ਡਰ ਪੂਰਨ ਹਾਰ ਨੂੰ ਸਹਿਣ ਨਹੀਂ ਕਰ ਸਕਿਆ। ਇਸ ਲਈ ਉਸ ਨੇ ਰਾਜਪਾਲ 'ਤੇ ਹਮਲਾ ਕਰਕੇ ਉਸ ਨੂੰ ਮਾਰ ਦਿੱਤਾ। ਜਦੋਂ ਮਹਿਮੂਦ ਨੂੰ ਇਸ ਦਾ ਪਤਾ ਲੱਗਿਆ ਤਾਂ ਉਸ ਨੂੰ ਬੜਾ ਗੁੱਸਾ ਆਇਆ। ਉਸ ਨੇ ਆਪਣੀ ਸੈਨਾ ਇਕੱਠੀ ਕੀਤੀ ਅਤੇ ਚੰਦੇਲ ਰਾਜਾ ਦੇ ਵਿਰੁੱਧ ਕੂਚ ਕਰ ਦਿੱਤੀ ਜੋ ਲੜਾਈ ਉੱਥੇ ਹੋਈ ਉਸ ਵਿੱਚ ਚੰਦੇਲ ਰਾਜਾ ਬੜੀ ਬਹਾਦਰੀ ਨਾਲ ਲੜਿਆ। ਪਹਿਲਾਂ–ਪਹਿਲਾਂ ਮਹਿਮੂਦ ਨੂੰ ਆਪਣੀ ਸਫਲਤਾ ਦੇ ਬਾਰੇ ਵਿੱਚ ਸੰਦੇਹ ਹੋਇਆ ਕਿ ਉਸ ਨੇ ਆਪਣੀ ਜਿੱਤ ਦੇ ਲਈ ਅੱਲ੍ਹਾ ਕੋਲ ਪ੍ਰਾਥਨਾ ਕਰਨੀ ਸ਼ੁਰੂ ਕਰ ਦਿੱਤੀ। ਅੰਤ ਵਿੱਚ ਚੰਦੇਲ ਰਾਜਾ ਯੁੱਧ ਭੂਮੀ ਤੋਂ ਦੌੜ ਗਿਆ। ਇਸ ਪ੍ਰਕਾਰ ਮਹਿਮੂਦ ਦੀ ਜਿੱਤ ਹੋਈ ਅਤੇ ਉਸ ਨੇ ਕਾਲਿੰਜਰ ਦੀ ਦੌਲਤ ਖੂਬ ਲੁੱਟੀ।

**ਚੌਦਵਾਂ ਅਤੇ ਪੰਦਰਵਾਂ ਹਮਲਾ** (Fourteenth and Fifteenth Invasion) : ਮਹਿਮੂਦ ਨੇ ਆਪਣੀ ਚੌਦਵੀਂ ਅਤੇ ਪੰਦਰਵੀਂ ਚੜ੍ਹਾਈ (1021–1023 ਈ.) ਗਵਾਲੀਅਰ ਅਤੇ ਕਾਲਿੰਜਰ 'ਤੇ ਕੀਤੀ। ਇਹ ਹਮਲੇ ਮਹੱਤਵਪੂਰਨ ਨਹੀਂ ਸਮਝੇ ਜਾਂਦੇ।

**ਸੋਲ੍ਹਵਾਂ ਹਮਲਾ (Sixteenth Invasion)**

**ਸੋਮਨਾਥ 'ਤੇ ਚੜ੍ਹਾਈ (1025 ਈ.)** (Attack on Somnath): ਮਹਿਮੂਦ ਦਾ ਸਭ ਤੋਂ ਵੱਡਾ ਹਮਲਾ ਸੋਮਨਾਥ ਦੀ ਚੜ੍ਹਾਈ ਦਾ ਮੰਨਿਆ ਜਾਂਦਾ ਹੈ। ਇਹ ਹਮਲਾ 1025 ਈ. ਵਿੱਚ ਕੀਤਾ ਗਿਆ। ਆਪਣੀ ਪਹਿਲੀ ਚੜ੍ਹਾਈ ਵਿੱਚ ਮਹਿਮੂਦ ਨੇ ਕਠਿਆਵਾੜ

**ਨੋਟ**

ਦੇ ਅੰਦਰ ਸੋਮਨਾਥ ਦੇ ਮੰਦਿਰ ਦੀ ਧਨ-ਦੌਲਤ ਦੇ ਬਾਰੇ ਵਿੱਚ ਕੁਝ ਸੁਣ ਰੱਖਿਆ ਸੀ। ਇਸ ਦੇ ਇਲਾਵਾ ਲੋਕਾਂ ਨੂੰ ਸੋਮਨਾਥ ਦੀ ਮੂਰਤੀ ਵਿੱਚ ਸਭ ਤੋਂ ਜ਼ਿਆਦਾ ਵਿਸ਼ਵਾਸ ਸੀ। ਸੋਮਨਾਥ ਦੇ ਬ੍ਰਾਹਮਣ ਸ਼ੇਖੀ ਵੰਗਾਰ-ਵੰਗਾਰ ਕੇ ਕਹਿੰਦੇ ਕਿ ਸਾਡੇ ਦੇਵ ਸੋਮਨਾਥ ਜੀ ਦੂਸਰੇ ਦੇਵਤਿਆਂ ਨਾਲ ਨਾਰਾਜ਼ ਸਨ। ਇਸ ਕਾਰਨ ਤਾਂ ਮੂਰਤੀ ਤੋੜ ਕੇ ਮਹਿਮੂਦ ਦੁਆਰਾ ਉਨ੍ਹਾਂ ਦੇਵਤਿਆਂ ਦੀ ਇਹ ਦਸ਼ਾ ਬਣੀ। ਇਸ ਲਈ ਮਹਿਮੂਦ ਨੇ ਇਸ ਮੰਦਿਰ 'ਤੇ ਅਧਿਕਾਰ ਕਰ ਲੈਣ ਦਾ ਫੈਸਲਾ ਕਰ ਲਿਆ ਤਾਂ ਕਿ ਹਿੰਦੂਆਂ 'ਤੇ ਮੂਰਤੀ ਪੂਜਾ ਦੀ ਵਿਵਸਥਾ ਨੂੰ ਸਿੱਧ ਕਰ ਸਕੇ ਅਤੇ ਉਥੋਂ ਸੋਨਾ, ਚਾਂਦੀ ਅਤੇ ਜਵਾਹਰਾਤ ਲੁੱਟ ਸਕੇ। ਉਹ 17 ਅਕਤੂਬਰ ਨੂੰ ਅੱਸੀ ਹਜ਼ਾਰ ਦੀ ਇਕ ਭਾਰੀ ਸੈਨਾ ਲੈ ਕੇ ਗਜਨੀ ਤੋਂ ਚੱਲਿਆ ਅਤੇ 20 ਨਵੰਬਰ ਨੂੰ ਮੁਲਤਾਨ ਪਹੁੰਚ ਗਿਆ। ਇੱਥੇ ਮਹਿਮੂਦ ਨੇ ਆਪਣੀ ਸੈਨਾ ਦੇ ਖਾਣ-ਪੀਣ ਦੇ ਲਈ ਖੂਬ ਲੰਮੇ ਚੌੜੇ ਪ੍ਰਬੰਧ ਕੀਤੇ। ਹਰੇਕ ਸੈਨਿਕ-ਟੁਕੜੀ ਨੇ ਸੱਤ ਦਿਨ ਦਾ ਖਾਣਾ-ਪੀਣਾ ਅਤੇ ਚਾਰਾ ਚੁੱਕ ਕੇ ਲਿਜਾਣਾ ਸੀ। ਖੁਰਾਕ ਦਾ ਸਮਾਨ 30,000 ਊਂਠਾਂ 'ਤੇ ਲੱਦਿਆ ਗਿਆ। ਇੱਥੇ ਸਾਰੇ ਪ੍ਰਬੰਧ ਸਾਵਧਾਨ ਮਹਿਮੂਦ ਨੇ ਖੁਦ ਕੀਤੇ ਕਿਉਂਕਿ ਉਹ ਜਾਣਦਾ ਸੀ ਕਿ ਉਸ ਦੇ ਸੈਨਿਕਾਂ ਨੇ ਰਾਜਪੂਤਾਨਾਂ ਦੇ ਸੁੱਕੇ ਰੇਗਿਸਤਾਨਾਂ ਵਿੱਚ ਯਾਤਰਾ ਕਰਨੀ ਹੈ।

ਜਨਵਰੀ 1025 ਈ. ਵਿੱਚ ਮੁਸਲਮਾਨ ਸੈਨਾ ਅਨਹਿਲਵਾੜਾ ਵਿੱਚ ਪਹੁੰਚੀ। ਉਸ ਸਥਾਨ ਦਾ ਰਾਜਾ ਭੀਮ ਦੇਵ ਪਹਿਲਾਂ ਹੀ ਭੱਜ ਚੁੱਕਿਆ ਸੀ। ਇਸ ਲਈ ਮਹਿਮੂਦ ਨੂੰ ਰਾਹ ਵਿੱਚ ਕਿਸੇ ਕਠਿਨਾਈ ਦਾ ਅਹਿਸਾਸ ਨਹੀਂ ਹੋਣ ਵਾਲਾ ਸੀ। ਕੁਝ ਦਿਨ ਅੱਗੇ ਵਧਣ ਤੋਂ ਬਾਅਦ ਉਹ ਸੋਮਨਾਥ ਦੇ ਫਾਟਕਾਂ 'ਤੇ ਜਾ ਕੇ ਗਰਜਿਆ। ਇੱਥੇ ਉਸ ਨੇ ਆਮ ਮਾਰਕੁੱਟ ਦੀ ਆਗਿਆ ਦੇ ਦਿੱਤੀ ਅਤੇ 50 ਹਜ਼ਾਰ ਤੋਂ ਵਧੇਰੇ ਲੋਕ ਮਾਰ ਦਿੱਤੇ ਗਏ।

*ਟਾਸਕ* ਮਹਿਮੂਦ ਗਜਨਵੀ ਨੇ 16ਵਾਂ ਹਮਲਾ ਸੋਮਨਾਥ 'ਤੇ 1025 ਈ. ਵਿੱਚ ਕੀਤਾ।

ਮਹਿਮੂਦ ਮੂਰਤੀ ਨੂੰ ਤੋੜਨ ਲਈ ਹੁਣ ਮੰਦਰ ਵਿੱਚ ਘੁਸਿਆ, ਜਿਸਦੇ ਅੰਦਰ ਧਰਮ ਅਨੁਯਾਇਆ ਦਾ ਸਭ ਤੋਂ ਜ਼ਿਆਦਾ ਭਰੋਸਾ ਸੀ। ਉਹ ਮੂਰਤੀ ਸੱਚਮੁੱਚ ਹੈਰਾਨੀ ਵਾਲੀ ਚੀਜ ਸੀ ਇਹ ਹਵਾ ਵਿੱਚ ਲਟਕ ਰਹੀ ਸੀ ਮੰਦਰ ਦੇ ਠੀਕ ਮੱਧ ਵਿੱਚ ਜਿੱਥੇ ਇਸ ਨੂੰ ਸੰਭਾਲਣ ਲਈ ਉਪਰ ਜਾਂ ਨੀਚੇ ਕੋਈ ਸਹਾਰਾ ਨਹੀਂ ਸੀ। ਹਰ ਕੋਈ ਜਿਸਨੇ ਵੀ ਇਸ ਮੂਰਤੀ ਨੂੰ ਦੇਖਿਆ, ਹੈਰਾਨ ਰਹਿ ਗਿਆ। ਮਹਿਮੂਦ ਨੇ ਇਸ ਦੇ ਟੁਕੜੇ ਟੁਕੜੇ ਕਰ ਦਿੱਤੇ ਅਤੇ ਉਨ੍ਹਾਂ ਟੁਕੜੀਆਂ ਨੂੰ ਗਜਨੀ, ਮੱਕਾ ਅਤੇ ਬਗਦਾਦ ਭੇਜ ਦਿੱਤਾ ਤਾਂ ਕਿ ਉਥੇ ਨਮਾਜ ਪੜ੍ਹਨ ਵਾਲੇ ਮੁਸਲਮਾਨ ਇਨ੍ਹਾਂ ਨੂੰ ਭਵਨ ਨਿਰਮਾਣ ਦੇ ਕੰਮ ਵਿਚ ਲਿਆ ਸਕਣ। ਮੰਦਿਰ ਦਾ ਲੁਟਿਆ ਗਿਆ। ਮਹਿਮੂਦ ਇਥੋਂ ਦੀ ਲੁਟ ਵਿਚ ਬਹੁਤ ਸਾਰੇ ਹੀਰੇ, ਲਾਲ ਅਤੇ ਮੋਤੀ ਲੈ ਕੇ ਗਜਨੀ ਚਲਾ ਗਿਆ। ਸੋਮਨਾਥ ਦੇ ਮੰਦਿਰ ਦੀ ਚੜ੍ਹਾਈ ਨੇ ਗਜਨੀ ਨੂੰ ਇਸਲਾਮ ਸੰਸਾਰ ਵਿਚ ਬਹੁਤ ਹੀ ਪ੍ਰਸਿੱਧ ਕਰ ਦਿੱਤਾ। ਮਹਿਮੂਦ ਇਸਲਾਮ ਦੇ ਵਿਚ ਇਕ ਮਹਾਨ ਵੀਰ ਗਿਣੀਆਂ ਗਿਆ ਅਤੇ ਬਹੁਤ ਸਾਰੇ ਮੁਸਲਮਾਨਾਂ ਵਿਚ ਅਮਰ ਹੋ ਗਿਆ। ਡਾ. ਨਾਮਜ ਦਾ ਕਹਿਣਾ ਹੈ ਕਿ "ਇਹ ਚੜ੍ਹਾਈ ਸੈਨਿਕ ਸਾਹਿਸ ਦੀ ਇਕ ਮਹਾਨ ਘਟਨਾ ਸੀ।"

### ਸਤਾਰਵਾਂ ਅਤੇ ਅੰਤਿਮ ਹਮਲਾ (Seventeenth and the last Invasion)

**ਜੱਟਾਂ ਦੇ ਵਿਰੁਧ ਚੜ੍ਹਾਈ** (1026-27 ਈ.): ਮਹਿਮੂਦ ਦੀ ਅੰਤਿਮ ਚੜ੍ਹਾਈ ਜੱਟਾਂ ਦੇ ਵਿਰੁੱਧ ਸੀ। ਜਦੋਂ ਉਹ ਸੋਮਨਾਥ ਤੋ ਗਜਨੀ ਨੂੰ ਲੁਟ ਰਿਹਾ ਸੀ ਤਾਂ ਸਿੰਧ ਦੇ ਜੱਟਾਂ ਨੇ ਉਸਨੂੰ ਬਹੁਤ ਪ੍ਰੇਸਾਨ ਕੀਤਾ। 1026-27 ਈ। ਵਿੱਚ ਉਸਨੇ ਜੱਟਾ ਉੱਤੇ ਆਕ੍ਰਮਣ ਕੀਤਾ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਮੌਤ ਦੇ ਘਾਟ ਉਤਾਰ ਦਿੰਤਾ। ਇਸ ਚੜ੍ਹਾਈ ਦੇ ਨਾਲ ਮਹਿਮੂਦ ਦਾ ਭਾਰਤ ਵਿੱਚ ਵਿਜੈ ਕਾਲ ਸਮਾਪਤ ਹੋ ਜਾਂਦਾ ਹੈ। 1030 ਈ ਵਿੱਚ ਮਹਮੁਦ ਦੀ ਮ੍ਰਿਤੂ ਹੋ ਗਈ।

### ਸਵ-ਮੁਲਾਂਕਣ (Self Assessment)

2. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) ਮਹਿਮੂਦ ਗਜਨਵੀ ਦਾ ਜਨਮ ਕਦੋ ਹੋਇਆ?

(ਅ) 971 ਈ. (ਬ) 998 ਈ. (ਸ) 775 ਈ. (ਦ) 975 ਈ.

(ii) ਮਹਿਮੂਦ ਨੇ ਪਹਿਲਾ ਆਕ੍ਰਮਣ ਕਦੋਂ ਕੀਤਾ?

(ਅ) 971 ਈ. (ਬ) 1000 ਈ. (ਸ) 975 ਈ. (ਦ) 775 ਈ.

(iii) ਮਹਿਮੂਦ ਗਜਨਵੀ ਤੀਜਾ ਹਮਲਾ ਕਿਥੇ ਕੀਤਾ?

(ਅ) ਹਿਦੂਸ਼ਾਹੀ ਰਾਜ (ਬ) ਮੁਲਤਾਨ (ਸ) ਭਾਟਿਆ ਰਾਜ (ਦ) ਨਗਰਕੋਟ

ਨੋਟ

(iv) ਮਹਿਮੂਦ ਦੇ ਪੰਜਵੇਂ ਹਮਲੇ ਵਿਚ ਕਿਸ ਦੀ ਹਾਰ ਹੋਈ?

(ਅ) ਆਨੰਦਪਾਲ (ਬ) ਵਿਜੈ ਰਾਏ (ਸ) ਜੈਪਾਲ (ਦ) ਨਵਾਂ ਸ਼ਾਹ

(v) ਮਹਿਮੂਦ ਦੀ ਅੰਤਿਮ ਚੜ੍ਹਾਈ ਕਿਸ ਦੇ ਵਿਰੁਧ ਸੀ?

(ਅ) ਜਾਟ (ਬ) ਮਰਾਠੇ (ਸ) ਚੰਨਗੇਜ (ਦ) ਮੰਗੋਲ

## 3.3 ਮਹਿਮੂਦ ਗਜਨਵੀ ਦੇ ਹਮਲਿਆਂ ਦਾ ਮਤਲਬ ਅਤੇ ਨਤੀਜੇ (Motives and Results of Mahmud Ghaznavi's Invasion)

(ਕ) **ਮਹਿਮੂਦ ਦੇ ਹਮਲਿਆਂ ਦਾ ਮਤਲਬ** (Motives of Mahmud's Invasion): ਮਹਿਮੂਦ ਦੇ ਹਮਲਿਆਂ ਦੇ ਕਈ ਮੱਤ ਪ੍ਰਗਟ ਕੀਤੇ ਜਾਂਦੇ ਹਨ। ਕੁਝ ਲੋਕਾਂ ਦਾ ਮਤ ਹੈ ਉਸ ਨੇ ਭਾਰਤ ਤੇ ਵਾਰ-ਵਾਰ ਹਮਲੇ ਇਸ ਲਈ ਕੀਤੇ ਕਿ ਮੂਰਤੀ ਪੂਜਕਾਂ ਦੇ ਇਸ ਦੇਸ ਵਿੱਚ ਇਸਲਾਮ ਧਰਮ ਫੈਲਾਏ। ਦੂਸਰੇ ਲੋਕਾਂ ਦਾ ਮਤ ਇਹ ਹੈ ਕਿ ਉਸਦਾ ਬੜਾ ਪ੍ਰਯੋਜਨ ਭਾਰਤ ਦੀ ਦੋਲਤ ਨੂੰ ਲੁੱਟਣਾ ਸੀ। ਉਹ ਇੱਕ ਮਹਾਨ ਲੁਟੇਰਾ ਸੀ ਜੋ ਅਪਣੀ ਸਵਰਣ ਲਾਲਸਾ ਨੂੰ ਸ਼ਾਤ ਕਰਨ ਇੱਥੇ ਆਇਆ, ਨਗਰ ਜਲਾਏ, ਜਾਨਾਂ ਲਈਆਂ, ਲੁੱਟ ਮਾਰ ਕੀਤੀ, ਅਧਿਕਾਰ ਜਮਾਇਆ ਅਤੇ ਫਿਰ ਚਲਾ ਗਿਆ। ਕੁਝ ਹੋਰ ਲੋਕਾਂ ਦਾ ਮਤ ਹੈ ਕਿ ਮਹਿਮੂਦ ਗਜਨੀ ਇੱਕ ਮਹਾਨ ਸੈਨਾਨੀ ਅਤੇ ਵਿਜੇਤਾ ਸੀ ਅਤੇ ਇਹ ਉਸਦੀ ਅਤ੍ਰਿਪਤ ਵਿਜੈ ਲਾਲਸਾ ਹੀ ਸੀ ਜਿਹੜੀ ਉਸਨੂੰ ਸਾਡੇ ਦੇਸ ਵਿੱਚ ਲੈ ਆਈ। ਇਸ ਤਰ੍ਹਾਂ ਮਹਿਮੂਦ ਦੇ ਭਾਰਤ ਉੱਤੇ ਆਕ੍ਰਮਣਾ ਬਾਰੇ ਵਿੱਚ ਅਲਗ ਅਲਗ ਵਿਚਾਰ ਹਨ ਅਤੇ ਇਨ੍ਹਠਾਂ ਵਿਚਾਰਾਂ ਦਾ ਸੰਖੇਪ ਵਿੱਚ ਇਸ ਤਰ੍ਹਾਂ ਵਿਚਾਰ ਕੀਤਾ ਜਾ ਸਕਦਾ ਹੈ: –

***(i) ਧਾਰਮਿਕ ਮਤਲਬ*** (Religious Motives): ਉੱਤਰ ਜਿਹੇ ਸਮਕਾਲੀਨ ਲੇਖਕਾਂ ਦਾ ਇਹ ਵਿਚਾਰ ਹੈ ਕਿ ਮੂਰਤੀ ਪੂਜਕਾਂ ਨੂੰ ਕੁਚਲਣਾ ਅਤੇ ਇਸਲਾਮ ਨੂੰ ਫੈਲਾਉਣਾ ਸੀ। ਮਹਿਮੂਦ ਨੂੰ ਖਲੀਫਾ ਕਾਦਿਰ ਬਿਲਬ ਨੇ ਖਾਸ ਰੂਪ ਵਿੱਚ ਇਹ ਕੰਮ ਸੋਪਿਆ ਸੀ ਕਿ ਭਾਰਤ ਵਿੱਚ ਜਾਂ ਕੇ ਇਸਲਾਮ ਫੈਲਾਉ ਅਤੇ ਮਹਿਮੂਦ ਨੇ ਵਾਰ ਵਾਰ ਅਪਣੇ ਆਕ੍ਰਮਣਾਂ ਵਿੱਚ ਭਾਰਤ ਵਿਚ ਇਸਲਾਮ ਦਾ ਬੂਟਾ ਲਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਨਗਰਕੋਟ, ਸੋਮਨਾਥ ਅਤੇ ਦੂਜੇ ਸਥਾਨਾਂ ਦੇ ਬੜੇ ਬੜੇ ਹਿੰਦੂ ਮੰਦਰ ਨੂੰ ਨਸ਼ਟ-ਭ੍ਰਸ਼ਟ ਕਰ ਦਿੱਤਾ ਅਤੇ ਬਹੁਤ ਸਾਰੇ ਰਾਜਾਵਾਂ ਨਾਲ ਹਜਾਰਾਂ ਲੋਕਾਂ ਨੂੰ ਇਸਲਾਮ ਧਰਮ ਸਵੀਕਾਰ ਕਰਨ ਲਈ ਮਜਬੂਰ ਕੀਤਾ।

ਪ੍ਰੰਤੂ ਡਾ. ਨਾਜਮ ਐਸ. ਐਸ. ਜਾਫਿਕ ਅਤੇ ਹਬੀਬ ਇਸ ਵਿਚਾਰ ਨੂੰ ਨਹੀਂ ਮੰਨਦੇ। ਇਨ੍ਹਠਾਂ ਲੇਖਕਾਂ ਦਾ ਕਹਿਣਾ ਇਹ ਹੈ ਕਿ ਮਹਿਮੂਦ ਦੇ ਆਕ੍ਰਮਣ ਦਾ ਮਕਸਦ ਧਾਰਮਿਕ ਸੀ ਹੀ ਨਹੀਂ। ਮਹਿਮੂਦ ਨੇ ਭਾਰਤ ਵਿੱਚ ਇੱਕ ਸੱਚੇ ਅਤੇ ਕਟੱੜ ਮੁਸਲਮਾਨ ਵਿਵਹਾਰ ਨਹੀਂ ਕੀਤਾ। ਕਿਉਕਿ ਜੈਸਾ ਹਬੀਬ ਸਾਹਿਬ ਦੱਸਟੇ ਹਨ "ਇਸਲਾਮ ਨੇ ਆਕ੍ਰਮਣ ਰਾਹੀ ਨੂੰ ਨਾ ਤਾਂ ਸੋਦਰਿਅਨਾਸਕ ਪ੍ਰਯੋਜਨ ਅਤੇ ਨਾ ਹੀ ਲੁੱਟਮਾਰ ਪ੍ਰਯੋਜਨ ਦੀ ਮਨਜੂਰੀ ਦਿੱਤੀ ਹੈ।" ਮਹਿਮੂਦ ਗਜਨਵੀ ਨੇ ਹਿੰਦੂਆਂ ਦੇ ਪਵਿੱਤਰ ਮੰਦਰਾਂ ਨੂੰ ਨਸ਼ਟ ਜਰੂਰ ਕੀਤਾ। ਇਸ ਕਾਰਣ ਤੋਂ ਨਹੀਂ ਕਿ ਉਹ ਮੂਰਤੀ ਪੂਜਾ ਮਿਟਾਉਣਾ ਚਾਹੁੰਦਾ ਸੀ ਲੇਕਿਨ ਇਸ ਕਾਰਣ ਤੋਂ ਕਿ ਮੰਦਰ ਦੌਲਤ ਦੇ ਭੰਡਾਰ ਸਨ। ਦੂਸਰੀ ਗੱਲਠ ਇਹ ਹੈ ਕਿ ਭਾਰਤ ਵਿੱਚ ਜਿਨ੍ਹਾਂ ਵੀ ਧਰਮ-ਬਦਲੀ ਹੋਈ ਉਹ ਅਚਾਨਕ ਸੀ ਅਤੇ ਕੋਈ ਸੋਚੀ ਸਮਜੀ ਗੱਲ ਨਹੀਂ ਸੀ। ਡਾ. ਨਾਜਮ ਦਾ ਕਹਿਣਾ ਹੈ ਕਿ ਆਕ੍ਰਮਣ ਕਰਤਾਵਾਂ ਦੇ ਗੁੱਸੇ ਦੇ ਕਾਰਣ ਹੀ ਕੁਝ ਲੋਕਾਂ ਨੇ ਅਪਣਾ ਧਰਮ ਛੱਡ ਕੇ ਇਸਲਾਮ ਧਰਮ ਨੂੰ ਕਬੂਲ ਕੀਤਾ ਸੀ। ਇਸ ਦੇ ਇਲਾਵਾਂ ਇਹ ਭੁੱਲਣਾ ਨਹੀਂ ਚਾਹੀਦਾ ਕਿ ਜੇਕਰ ਉਸਨੇ ਭਾਰਤ ਦੇ ਹਿੰਦੂ ਰਾਜਾਵਾਂ ਨੂੰ ਪ੍ਰੇਸਾਨ ਕੀਤਾ ਤਾਂ ਉਸਨੇ ਇਹਨਾਂ ਅਤੇ ਮੱਧ ਏਸੀਆ ਦੇ ਮੁਸਲਮਾਨ ਰਾਜਾਵਾਂ ਨੂੰ ਵੀ ਨਹੀ ਛੱਡਿਆ। ਇਸ ਲਈ ਇਹ ਕਹਿਣਾ ਕਿ ਉਸਨੇ ਭਾਰਤ ਉੱਤੇ ਬਾਰਬਾਰ ਆਕ੍ਰਮਣ ਅਪਣੇ ਧਰਮ ਦੇ ਫੈਲਾਓ ਵਾਸਤੇ ਕੀਤੇ, ਇਤਿਹਾਸਕ ਰੂਪ ਤੋਂ ਗਲਤ ਅਤੇ ਮਨੋਵਿਗਿਆਨਕ ਰੂਪ ਤੋਂ ਝੂਠ ਹੈ। ਇਹੋ ਐਸ. ਐਸ. ਜਾਦਿਰ ਦਾ ਮਤ ਹੈ।

***(ii) ਆਰਥਿਕ ਪ੍ਰਯੋਜਨ*** (Economic Motives): ਜਾਫਿਰ ਅਤੇ ਹਬੀਬ ਦਾ ਕਹਿਣਾ ਹੈ ਕਿ ਭਾਰਤ ਉਤੇ ਮਹਿਮੂਦ ਦੇ ਆਕ੍ਰਮਣਾਂ ਦਾ ਵਾਸਤਵਿਕ ਪ੍ਰਯੋਜਨ ਆਰਥਿਕ ਸੀ। ਮਹਿਮੂਦ ਨੇ ਭਾਰਤ ਦੀ ਕਲਪਨਾਤੀਕ ਦੌਲਤ ਦੀ ਕਹਾਨਿਆਂ ਸੁਣ ਰੱਖਿਆਂ ਸਨ ਉਸ ਨੂੰ ਲੁੱਟਣ ਦੀ ਖਾਤਰ ਹੀ ਉਸਨੇ ਇਸ ਦੇਸ ਉਤੇ ਚੜਾਈ ਕੀਤੀ। ਜਦ ਕਦੀ ਉਹ ਚੜਕੇ ਆਇਆ ਤਾਂ ਖੂਬ ਲੁੱਟ ਮਾਰ ਨਾਲ ਮਾਲਾ-ਮਾਲ ਹੋ ਕੇ ਵਾਪਸ ਗਿਆ । ਵਾਸਤਵ ਵਿੱਚ ਇੱਕ ਆਕ੍ਰਮਣ ਦੇ ਅੰਦਰ ਜਿਹੜੀ ਵਿਸਾਲ ਧਨਰਾਸੀ ਉਸਦੇ ਹੱਥ ਲੱਗੀ ਉਸੀ ਨੇ ਉਸਦੇ ਲਾਲਚ ਨੂੰ ਹਦੋਂ ਵੱਧ ਵਧਾਇਆ ਅਤੇ ਉਸਨੂੰ ਬਾਰ-ਬਾਰ ਆਕ੍ਰਮਣ ਕਰਨ ਲਈ ਪ੍ਰੇਰਿਤ ਕੀਤਾ। ਨਗਰ ਕੋਟ ਅਤੇ ਸੋਮਨਾਥ ਮੰਦਰ ਧਾਰਮਿਕ ਕਾਰਣਾਂ ਨਾਲ ਨਸਟ ਨਹੀ ਕੀਤੇ ਗਏ ਬਾਵਜੂਦ ਉਸ ਵਿਸਾਲ ਸੰਪੱਤੀ ਦੇ ਕਾਰਣ ਜਿਹੜੀ ਉਨਾਂ ਵਿੱਚ ਛਿਪੀ ਪਈ ਸੀ। ਮਹਿਮੂਦ ਦੇ ਆਕ੍ਰਮਣਾਂ ਦੇ ਆਰਥਿਕ ਪ੍ਰਯੋਜਨ ਦੀ ਚਰਚਾ ਕਰਦੇ ਹੋਏ ਈ. ਬੀ ਹੈਬਲ ਇਹ ਕਹਿੰਦਾ ਹੈ ਕਿ "ਮਹਿਮੂਦ ਬਗਦਾਦ ਨੂੰ ਉਸੀ ਹੀ ਬੇਰਹਿਮੀ ਨਾਲ ਨਸ਼ਟ ਕਰ ਦਿੰਦਾ ਜਿਤਨੀ ਬੇਰਹਿਮੀ ਨਾਲ ਉਸ ਨੇ ਸੋਮਨਾਥ ਨੂੰ ਕੀਤਾ ਜੇਕਰ ਉਸ ਦੇ ਲਾਭ ਦੇ ਹਿੱਤ ਵਿਚ ਅਤੇ ਅਸਾਨਾ ਦਿਖਾਈ ਦਿੰਦਾ।"

**ਨੋਟ**

| | |
|---|---|
| *ਕੀ ਤੁਸੀਂ ਜਾਣਦੇ ਹੋ* | ਇਹ ਕਹਿਣਾ ਕਿ ਮਹਿਮੂਦ ਗਜਨਵੀ ਨੇ ਭਾਰਤ ਤੇ ਬਾਰ-ਬਾਰ ਹਮਲੇ ਧਰਮ ਦੇ ਵਿਸਥਾਰ ਲਈ ਕੀਤੇ, ਇਤਿਹਾਸਕ ਰੂਪ ਨਾਲ ਗਲਤ ਅਤੇ ਮਨੋਵਿਗਿਆਨਕ ਰੂਪ ਨਾਲ ਝੂਠ ਹਨ। ਇਹ ਐਸ.ਐਸ. ਜਾਫਿਰ ਦਾ ਮੱਤ ਹੈ। |

***(iii)* ਰਾਜਨੈਤਿਕ ਪ੍ਰਯੋਜਨ** (Political Motives) ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਭਾਰਤ ਉਤੇ ਚੜ੍ਹਾਈ ਕਰਨ ਦਾ ਮਹਿਮੂਦ ਦਾ ਪ੍ਰਯੋਜਨ ਅਪਣੀ ਲਾਲਸਾ ਨੂੰ ਪੂਰਾ ਕਰਨਾ ਸੀ ਅਤੇ ਅਪਣੇ ਸਾਮਰਾਜ ਨੂੰ ਭਾਰਤ ਤੱਕ ਫੈਲਾਉਣਾ ਸੀ। ਲੈਕਿਨ ਇਹ ਵਿਚਾਰ ਠੀਕ ਨਹੀਂ ਲਗਦਾ ਕਿਉਂਕਿ ਮਹਿਮੂਦ ਨੇ ਭਾਰਤ ਉਤੇ ਚਾਰੇ ਸਤਾਰਾਂ ਸ਼ਾਨਦਾਰ ਚਮਤਕਾਰਪੂਰਣ ਅਤੇ ਸਫਲ ਆਕ੍ਰਮਣ ਕੀਤੇ ਲੈਕਿਨ ਉਸ ਨੇ ਪੰਜਾਬ ਨੂੰ ਛੱਡ ਕੇ ਹੋਰ ਕਿਸੇ ਹਾਰੇ ਪ੍ਰਦੇਸ਼ ਨੂੰ ਹੜੱਪ ਨਹੀਂ ਕੀਤਾ। ਵਾਸਤਕ ਵਿੱਚ ਮਹਿਮੂਦ ਨੇ ਦੋ ਸਾਮਰਾਜਾਂ ਦੇ ਉਪਰ ਸ਼ਾਸਨ ਕਰਨਾ ਅਸੰਭਵ ਸਮਝਿਆ, ਇੱਕ ਗਜਨੀ ਦਾ ਸਾਮਰਾਜ ਅਤੇ ਦੂਸਰਾ ਭਾਰਤ ਦਾ ਸਾਮਰਾਜ। ਇਸ ਲਈ ਉਸ ਨੇ ਭਾਰਤੀ ਆਕ੍ਰਮਣਾਂ ਨੂੰ ਰਾਜਨਿਤਕ ਨਹੀਂ ਮੰਨਿਆ ਜਾ ਸਕਦਾ।

ਜੋ ਕੁਝ ਉਪਰ ਆਲੋਚਨਾ ਵਿਚ ਆ ਚੁੱਕਾ ਹੈ, ਉਸ ਤੋਂ ਪਰਿਣਾਮ ਕੱਢਿਆ ਜਾ ਸਕਦਾ ਹੈ ਕਿ ਭਾਰਤ ਉਤੇ ਮਹਿਮੂਦ ਦੀ ਚੜਠਾਈ ਦੇ ਪਿਛੇ ਅਸਲੀ ਕਾਰਣ ਆਰਥਿਕ ਅਤੇ ਧਾਰਮਿਕ ਸਨ ਨਾ ਕਿ ਰਾਜਨੈਤਿਕ। ਡਾ. ਇਸਵਰੀ ਪ੍ਰਸ਼ਾਦ ਨੇ ਇਹ ਕਹਿ ਕੇ ਉਸੀ ਬਾਤ ਨੂੰ ਦੁਹਰਾਇਆ ਹੈ ਕਿ "ਮੁਹੰਮਦ ਦੇ ਆਕ੍ਰਮਣੀ ਦਾ ਮਕਸਦ ਦੌਲਤ ਸੀ, ਨ ਕਿ ਭੂਮੀ ਅਧਿਕਾਰ। ਇਸ ਤਰ੍ਹਠਾਂ ਮੂਰਤੀ ਪੂਜਨ ਦਾ ਵਿਨਾਸ਼ ਸੀ, ਨ ਕਿ ਵਿਜੈ ਲਾਲਸਾ।"

(ਖ) **ਮਹਿਮੂਦ ਦੇ ਆਕ੍ਰਮਣਾਂ ਦੇ ਪਰਿਣਾਮ** (Results of Mahmud's Invasions) : ਮੁਹੰਮਦ ਨੇ ਭਾਰਤ ਉਪਰ ਸਤਾਰਾਂ ਆਕ੍ਰਮਣ ਕੀਤੇ ਅਤੇ ਉਸਨੇ ਇੱਕ ਵਾਰ ਵੀ ਹਾਰ ਨਹੀਂ ਖਾਈ। ਮੰਨਿਆ ਕਿ ਉਸ ਦੇ ਆਕ੍ਰਮਣ ਬੜੇ ਸ਼ਾਨਦਾਰ ਚਮਤਕਾਰ ਪੂਰਣ ਅਤੇ ਸਫਲ ਸੀ ਪ੍ਰੰਤੂ ਉਸਨੇ ਕੋਈ ਸਥਾਈ ਸਮਰਾਜ ਨਹੀਂ ਬਣਾਈਆ ਕਿਉਂਕਿ ਭਾਰਤ ਦੇ ਮੁਸਲਮਾਨ ਰਾਜ ਦੀ ਸਥਾਪਨਾ ਨਹੀਂ ਕਰ ਸਕਿਆ। ਤਾਂ ਵੀ ਉਸ ਦੇ ਹਮਲੇ ਅੰਤਿਅੰਤ ਪਰਿਣਾਮ-ਰਹਿਤ ਨਹੀਂ ਸੀ। ਉਸ ਦੇ ਹਮਲਿਆਂ ਦੇ ਵੱਡੇ-ਵੱਡੇ ਪਰਿਣਾਮ ਨਿਮਨ ਲਿਖਤ ਹਨ-

*(i)* **ਪੰਜਾਬ ਗਜਨਵੀ ਸਾਮਰਾਜ ਦਾ ਅੰਗ ਬਣ ਗਿਆ** (Punjab became a part of Ghaznavi Empire): ਮੁਹਿਮੂਦ ਦੇ ਆਕ੍ਰਮਣ ਦਾ ਇੱਕ ਅਸਥਾਈ ਪਰਿਣਾਮ ਇਹ ਹੋਇਆ ਕਿ ਪੰਜਾਬ ਅਤੇ ਸਿੰਧ ਦੇ ਕੁਝ ਭਾਗਾਂ ਅਤੇ ਮੁਲਤਾਨ ਨੂੰ ਜਿੱਤ ਕੇ ਗਜਨਵੀ ਸਾਮਰਾਜ ਵਿਚ ਮਿਲਾ ਲਏ ਗਏ। ਢੇਡ ਸਤਾਬਦੀ ਤੋਂ ਜਿਆਦਾ ਸਮੇਂ ਤਕ ਮੁਹਿਮੂਦ ਦੀ ਸੰਤਾਨ ਪੰਜਾਬ ਤੇ ਰਾਜ ਕਰਦੀ ਰਹੀ ਅਤੇ ਅੰਤ ਵਿਚ ਮੁਹੰਮਦ ਗੌਰੀ ਨੇ ਅਧਿਕਾਰ ਕਰ ਲਿਆ।

*(ii)* **ਰਾਜਪੂਤਾਂ ਦੀ ਕਮਜ਼ੋਰੀ ਦੀ ਪੋਲ ਖੁੱਲੀ** (Weakness of Rajputs Exposed): ਦੂਸਰੀ ਬਾਤ ਕਿ ਮੁਹੰਮਦ ਦੇ ਲਗਾਤਾਰ ਆਕ੍ਰਮਣੀ ਅਤੇ ਉਸਦੀ ਸਫਲਤਾਵਾਂ ਨੇ ਰਾਜਪੂਤਾਂ ਦੀ ਕਮਜ਼ੋਰੀ ਦੀ ਪੋਲ ਖੋਲਠ ਦਿੱਤੀ। ਇੱਕ ਵੀ ਆਕ੍ਰਮਣ ਵਿਚ ਮੁਹਿਮੂਦ ਨੂੰ ਪਿਛੇ ਨਹੀਂ ਹਟਣਾ ਪਿਆ। ਉਸ ਨੇ ਜਿੱਤ ਉੱਤੇ ਜਿੱਤ ਪ੍ਰਾਪਤ ਕੀਤੀ ਤਾਂ ਇਹ ਸਵਭਾਵਿਕ ਹੀ ਸੀ ਕਿ ਰਾਜਪੂਤਾਂ ਦੀ ਕਮਜ਼ੋਰੀ ਅਤੇ ਉਨ੍ਹਠਾਂ ਦੀ ਸਮਾਜਿਕ, ਰਾਜਨੈਤਿਕ ਅਤੇ ਸੈਨਿਕ ਪ੍ਰਣਾਲੀ ਦੀਆਂ ਗਲਤੀਆਂ ਸਭ ਨੰਗੀਆਂ ਹੋ ਗਈਆਂ।

*(iii)* **ਭਾਰਤ ਉੱਤੇ ਮੁਸਲਮਾਨੀ ਵਿਜੈ ਵਿੱਚ ਸੁਰਮਤਾ** (Muslim Conquest of India Facilitated): ਮੰਨਿਆ ਕਿ ਮਹਿਮੂਦ ਨੇ ਭਾਰਤ ਵਿਚ ਕਿਸੀ ਇਸਲਾਮੀ ਰਾਜ ਦੀ ਸਥਾਪਨਾ ਨਹੀਂ ਕੀਤੀ ਤਾਂ ਵੀ ਉਸ ਦੇ ਆਕ੍ਰਮਣਾਂ ਇਸ ਲਈ ਰਸਤਾ ਜ਼ਰੂਰ ਤਿਆਰ ਕਰ ਦਿੱਤਾ। ਉਸ ਦੇ ਆਕ੍ਰਮਣਾਂ ਨੇ ਵਿਦੇਸ਼ੀਆਂ ਲਈ ਭਾਰਤ ਦੇ ਉੱਤਰ ਪੱਛਮੀ ਦੁਆਰ ਖੋਲ ਦਿੱਤੇ ਅਤੇ ਕਿਉਂਕਿ ਆਪਣੀ ਸਫਲਤਾਵਾਂ ਦੁਆਰਾ ਭਾਰਤ ਦੀ ਕਮਜ਼ੋਰੀ ਦੀ ਪੋਲ ਪਹਿਲਾ ਹੀ ਖੋਲ ਦਿੱਤੀ ਸੀ ਇਸ ਲਈ ਮੁਹੰਮਦ ਗੌਰੀ ਨੇ ਭਾਰਤ ਵਿਚ ਮੁਸਲਮਾਨਾਂ ਨੂੰ ਆਕ੍ਰਮਣ ਕਰਨ ਲਈ ਅਤੇ ਮੁਸਲਿਮ ਸਾਮਰਾਜ ਦੀ ਨੀਂਹ ਰੱਖਣ ਦੀ ਪ੍ਰੇਰਣਾ ਮਿਲੀ।

*(iv)* **ਭਾਰਤ ਦੀ ਦੌਲਤ ਲੁੱਟ ਲਈ ਗਈ** (India's wealth looted): ਮਹਿਮੂਦ ਦੇ ਆਕ੍ਰਮਣਾਂ ਦਾ ਇੱਕ ਹੋਰ ਪਰਿਣਾਮ ਇਹ ਹੋਇਆ ਕਿ ਭਾਰਤ ਦੀ ਬਹੁਤ ਸਾਰੀ ਦੌਲਤ ਲੁੱਟ ਲਈ ਗਈ ਮੁਹੰਮਦ ਲਾਲਚੀ ਤਾਂ ਸੀ ਹੀ ਇਸ ਲਈ ਆਪਣੇ ਨਾਲ ਲੁੱਟ ਦਾ ਮਾਲ ਜੀ ਭਰਕੇ ਆਪਣੇ ਨਾਲ ਲੈ ਗਿਆ।

(*v*) **ਕਲਾ ਨੂੰ ਧੱਕਾ** (Blow to Art): ਮਹਿਮੂਦ ਦੇ ਹਮਲਿਆਂ ਨੇ ਭਾਰਤ ਦੀ ਪ੍ਰਾਚੀਨ ਭਵਨ ਕਲਾ ਅਤੇ ਮੂਰਤੀ ਕਲਾ ਨੂੰ ਗਹਿਰੀ ਚੋਟ ਪਹੁੰਚਾਈ। ਮਥੁਰਾ, ਵਰਿਦਾਵਨ, ਨਗਰਕੋਟ ਅਤੇ ਸੋਮਨਾਥ ਦੇ ਬੜੇ ਬੜੇ ਨਗਰ ਅਤੇ ਦੇਵੀ ਦੇਵਤਾਵਾਂ ਦੀਆਂ ਸੁੰਦਰ ਮੂਰਤੀਆਂ ਨਸ਼ਟ ਕਰ ਦਿੱਤੀ ਗਈਆਂ।

(*vi*) **ਇਸਲਾਮ ਦਾ ਫੈਲਾਉ** (Spread of Islam): ਮੁਹਿਮੂਦ ਦੇ ਆਕ੍ਰਮਣਾਂ ਨੇ ਭਾਰਤ ਇਸਲਾਮ ਦੇ ਫੈਲਾਉ ਵਿੱਚ ਬਹੁਤ ਭਾਰੀ ਯੋਗਦਾਨ ਦਿੱਤਾ। ਮਹਿਮੂਦ ਦੇ ਸੈਨਿਕਾਂ ਦੇ ਨਾਲ ਨਾਲ ਮੁਸਲਮਾਨ ਸੰਤ ਵੀ ਆ ਗਏ ਜੋ ਭਾਰਤ ਵਿੱਚ ਵਸ ਗਏ ਜਿਨਠਾਂ ਨੇ

ਨੋਟ

ਇਸਲਾਮ ਧਰਮ ਦੇ ਪ੍ਰਚਾਰ ਵਿਚ ਅਪਣਾ ਜੀਵਨ ਲਗਾ ਦਿੱਤਾ। ਉਨਠਾਂ ਨੇ ਬਹੁਤ ਲੋਕਾਂ ਨੂੰ ਮੁਸਲਮਾਨ ਬਣਾਇਆ ਅਤੇ ਇਸ ਤਰਨ੍ਹਾਂ ਭਾਰਤ ਵਿਚ ਇਸਲਾਮ ਧਰਮ ਦਾ ਜਨਮ ਹੋਇਆ।

*ਟਾਸਕ* ਮਹਿਮੂਦ ਗਜਨਵੀ ਦੇ ਆਕ੍ਰਮਣਾਂ ਦਾ ਰਾਜਨੈਤਿਕ ਪ੍ਰਯੋਜਨ ਕੀ ਸੀ?

**ਸਵ-ਮੁਲਾਂਕਣ (Self Assessment)**

3. ਹੇਠ ਲਿਖਿਆਂ ਕਥਨਾਂ ਵਿਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State whether the following Statements are True or False):

(i) ਮੁਹੰਮਦ ਗਜਨਵੀ ਇਕ ਮਹਾਨ ਲੁਟੇਰਾ ਸੀ।

(ii) ਉਹ ਭਾਰਤ ਵਿਚ ਇਸਾਈ ਧਰਮ ਫੈਲਾਉਣਾ ਚਾਹੁੰਦਾ ਸੀ।

(iii) ਮੁਹੰਮਦ ਨੇ ਭਾਰਤ ਉਪਰ ਅਠਾਰਾਂ ਆਕ੍ਰਮਣ ਕੀਤੇ।

(iv) ਮੁਹੰਮਦ ਨੇ ਲਗਾਤਾਰ ਆਕ੍ਰਮਣਾਂ ਅਤੇ ਉਸ ਦੀ ਸਫਲਤਾਵਾਂ ਨੇ ਰਾਜਪੂਤਾਂ ਦੀ ਕਮਜ਼ੋਰੀ ਦੀ ਪੋਲ ਖੋਲ ਦਿੱਤੀ।

(v) ਮੁਹੰਮਦ ਲਾਲਚੀ ਸੀ।

## 3.4 ਮੁਹੰਮਦ ਗਜਨਵੀ ਦਾ ਚਰਿੱਤਰ ਅਤੇ ਵਿਅਕਤੀਤਵ (Character and Personality of Mahmud Ghaznavi)

ਮਹਿਮੂਦ ਦੇ ਚਰਿੱਤਰ ਦੇ ਬਾਰੇ ਵਿਚ ਇਕ ਬੜਾ ਵਿਵਾਦ ਖੜਾ ਹੋਇਆ ਹੈ ਅਤੇ ਇਸ ਨੂੰ ਬੜਾ ਮੁਸ਼ਕਿਲ ਸਮਝਿਆ ਜਾਦਾ ਹੈ ਕੁਝ ਲੋਕ ਉਸ ਨੂੰ ਇੱਕ ਤੇਜ਼, ਭਿਆਨਕ ਅਤੇ ਜਨੂਨੀ ਮੁਸਲਿਮ ਰਾਜਾ ਮੰਨਦੇ ਹਨ। ਐਸਾ ਰਾਜਾ ਜਿਸ ਦੇ ਦਿਲ ਵਿਚ ਦਇਆ ਨਾ ਮਾਤਰ ਵੀ ਨਹੀਂ ਸੀ ਅਤੇ ਜਿਸ ਨੇ ਤਲਵਾਰ ਦੀ ਵਰਤੋਂ ਨਾਲ ਭਾਰਤ ਵਿੱਚ ਇਸਲਾਮ ਦੀ ਸਥਾਪਨਾ ਕਰਨ ਦੀ ਕੋਸ਼ਿਸ਼ ਕੀਤੀ। ਦੂਸਰੇ ਲੋਕ ਉਸ ਨੂੰ ਇਕ ਆਦਰਸ਼ ਮੁਸਲਿਮ ਮੰਨਦੇ ਹਨ। ਜਿਸ ਦੇ ਨਿਯਮਾਂ ਉੱਤੇ ਹਰ ਰਾਜਾ ਨੂੰ ਚੱਲਣਾ ਚਾਹੀਦਾ ਹੈ ਅਤੇ ਵਾਸਤਵ ਵਿਚ ਮਹਿਮੂਦ ਨਾ ਹੀ ਕੋਈ ਰਿਸ਼ੀ ਸੀ ਅਤੇ ਨਾ ਹੀ ਕੋਈ ਅਸਭਿਆ ਮੁਨੱਖ। ਉਸ ਦੇ ਅੰਦਰ ਗੁਣ ਅਤੇ ਅਵਗੁਣ ਦੋਵੇਂ ਹੀ ਸਨ। ਡਾ. ਇਸਵਰੀ ਪ੍ਰਸਾਦਿ ਦੇ ਸ਼ਬਦਾਂ ਵਿਚ ਮਹਿਮੂਦ ਇਕ ਇਤਿਹਾਸ ਦੇ ਵਿਦਿਆਰਥੀ ਲਈ "ਇੱਕ ਮਹਾਨ ਨੇਤਾ, ਇੱਕ ਨਿਆਸ਼ੀਲ ਅਤੇ ਸੱਚਾ ਸ਼ਾਸਕ, ਇੱਕ ਅਨੁਭਵੀ ਅਤੇ ਗੁਣੀ ਸੈਨਿਕ, ਇੱਕ ਨਿਆਂਦਾਤਾ ਅਤੇ ਵਿਦਵਾਨਾਂ ਦਾ ਰੱਖਿਅਕ ਸੀ ਅਤੇ ਉਹ ਇਤਿਹਾਸ ਦੇ ਮਹਾਨ ਵਿਅਕਤੀਆਂ ਵਿੱਚ ਗਿਣੇ ਜਾਣ ਦਾ ਅਧਿਕਾਰੀ ਹੈ।"

### 3.4.1 ਮਨੁੱਖ ਦੇ ਰੂਪ ਵਿਚ (As a Man)

*(i)* **ਸਰੀਰਕ ਆਕ੍ਰਿਤੀ** (Physical Appearance): ਜਿੱਥੇ ਤਕ ਉਸ ਦੀ ਸਰੀਰਕ ਆਕ੍ਰਿਤੀ ਦਾ ਸਬੰਧ ਹੈ ਮਹਿਮੂਦ ਮੱਧਮ ਕੱਦ ਦਾ ਸੀ, ਚੌੜੇ ਮੌਢੇ ਵਾਲਾ ਅਤੇ ਚੰਗੇ ਸੁਆਸਥ ਵਾਲਾ ਵਿਅਕਤੀ ਸੀ। ਉਸ ਦੇ ਚੇਹਰੇ ਉੱਤੇ ਚੇਚਕ ਦੇ ਦਾਗ ਸਨ ਇਸ ਲਈ ਦੂਸਰਿਆਂ ਪਰ ਕੋਈ ਚੰਗਾ ਪ੍ਰਭਾਵ ਨਹੀਂ ਪਾਉਂਦਾ ਸੀ। ਇਕ ਵਾਰ ਉਸ ਨੇ ਖੁਦ ਆਪਣੇ ਵਜ਼ੀਰ ਨੂੰ ਕਿਹਾ, "ਰਾਜਾ ਦੇ ਦਰਸ਼ਨ ਤੋਂ ਤਾਂ ਕਿਸੇ ਦਰਸ਼ਕ ਦੀ ਔਖਾਂ ਚਮਕ ਉਠਣੀਆਂ ਚਾਹੀਦੀਆਂ ਹਨ, ਲੇਕਿਨ ਮੇਰੇ ਲਈ ਕੁਦਰਤ ਇਤਨੀ ਬੇਰਹਿਮ ਰਹੀ ਹੈ ਕਿ ਮੇਰੀ ਸ਼ਕਲ ਤੋਂ ਸੱਚ ਮੁੱਚ ਦੂਸਰਿਆਂ ਨੂੰ ਗਿਲਾ ਹੁੰਦਾ ਹੈ।"

*(ii)* **ਵੀਰ ਅਤੇ ਸਾਹਸੀ** (Brave and Courageous): ਮਹਿਮੂਦ ਦਾ ਸਰੀਰ ਬੜਾ ਬਲਵਾਨ ਸੀ ਅਤੇ ਉਹ ਬਲਾ ਵੀਰ ਅਤੇ ਸਾਹਸੀ ਸੀ। ਉਹ ਆਪਣੇ ਸੁਖਾਂ ਦੀ ਧਿਆਨ ਨਹੀਂ ਸੀ ਰੱਖਦਾ ਅਤੇ ਉਸ ਨੇ ਬੜੇ ਸਾਹਸੀ ਢੰਗ ਨਾਲ 30 ਸਾਲ ਤੱਕ ਆਪਣੇ ਆਪ ਨੂੰ ਆਪਣੇ ਅਦੋਲਨਾਂ ਵਿਚ ਲਗਾਏ ਰੱਖਿਆ। ਰਾਜਪੂਤਾਨਾਂ ਦੇ ਰੇਗਿਸਤਾਨਾਂ ਵਿਚੋਂ ਹੋ ਕੇ ਸੋਮਨਾਥ ਦੇ ਮੰਦਰ ਤਕ ਉਸ ਦੀ ਪ੍ਰਗਤੀ ਇਹ ਦਰਸਾਉਂਦੀ ਹੈ ਕਿ ਉਹ ਬੜਾ ਸਾਹਸੀ ਦਿਲ, ਪ੍ਰਤਿਭਾਸ਼ਾਲੀਮਾਨ ਅਤੇ ਨਿਡਰ ਪ੍ਰਕਾਰ ਦਾ ਵਿਅਕਤੀ ਸੀ।

*(iii)* **ਨਿਰਦਈ ਅਤੇ ਕਠੋਰ ਨਹੀਂ** (Not Cruel and Callous): ਮਹਿਮੂਦ ਨੂੰ ਬੜਾ ਨਿਰਦਈ ਅਤੇ ਕਠੋਰ ਸਮਝਿਆ ਜਾਂਦਾ ਹੈ ਲੇਕਿਨ ਅਸਲ ਵਿਚ ਐਸਾ ਨਹੀਂ ਸੀ। ਉਸ ਨੂੰ ਨਿਰਦਈਤਾ ਵਿੱਚ ਕੋਈ ਆਨੰਦ ਨਹੀਂ ਸੀ ਮਿਲਦਾ ਅਤੇ ਬੇਸਕ ਹੱਤਿਆ ਵਿਚ ਬਹੁਤ ਘੱਟ ਪ੍ਰੇਮ ਸੀ। ਭਾਰਤ ਵਿਚ ਜੇਕਰ ਉਸ ਨੇ ਕਠੋਰ ਕੰਮ ਕੀਤੇ ਤਾਂ ਉਸ ਨੇ ਆਪਣੀ ਧਨ ਲਾਲਸਾ ਨੂੰ ਸ਼ਾਂਤ ਕਰਨ ਲਈ

**ਨੋਟ**

ਕੀਤੇ। ਵਰਨਾ ਜਿਸ ਤਰ੍ਹਠਾਂ ਸ੍ਰੀ ਰਾਮ ਸ਼ਰਮਾ ਦਾ ਕਹਿਣਾ ਹੈ ਕਿ, "ਮਹਿਮੂਦ ਕਠੋਰ ਵਿਕਅਤੀ ਨਹੀਂ ਸੀ, ਚਾਹੇ ਉਸ ਨੇ ਭਾਰਤੀਆ ਆਕ੍ਰਮਣਾਂ ਵਿਚ ਬਹੁਤ ਕਠੋਰਤਾ ਦੇ ਕੰਮ ਕੀਤੇ ਅਤੇ ਉਸ ਹੀ ਕਠੋਰਤਾ ਦਾ ਅਪਰਾਧੀ ਬਣਿਆ"?

*(iv)* **ਅਤਿਅੰਤ ਹੀ ਧਾਰਮਿਕ** (Deeply Religious): ਮਹਿਮੂਦ ਧਰਮ ਦਾ ਬੜਾ ਕੱਟੜ ਸੀ ਅਤੇ ਇਸਲਾਮ ਦੀ ਰਿਤਿਆਂ ਵਿਚ ਅੰਤਾਂ ਦਾ ਭਰੋਸਾ ਰੱਖਦਾ ਸੀ। ਕੋਈ ਵੀ ਲੜਾਈ ਸ਼ੁਰੂ ਕਰਨ ਤੋਂ ਪਹਿਲਾਂ ਉਹ ਸਦਾ ਹੀ ਪ੍ਰਾਰਥਨਾ ਕਰਦਾ ਸੀ। ਐਸ. ਐਮ. ਜਾਫਰ ਦਾ ਕਹਿਣਾ ਹੈ ਕਿ ਇਸਲਾਮੀ ਰਿਤਿਆਂ ਨਿਭਾਉਣ ਵਿਚ ਦ੍ਰਿੜਠ ਅਤੇ ਨਿਯਮ ਪਾਲਕ ਸੀ ਕਿ ਸਾਸਤਰਾਂ ਦੀ ਪਰਛਾਈ ਵਿਚ ਵੀ ਉਹ ਆਪਣੇ ਗੋਡੇ ਟੇਕ ਕੇ ਸਰਬ ਸ਼ਕਤੀਮਾਨ ਭਗਵਾਨ ਨੂੰ ਆਪਣੀ ਸ਼ਰਧਾ ਚੜਠਾਉਂਦਾ ਸੀ ਅਤੇ ਅਪਣੀ ਸੈਨਾ ਦੀ ਸਫਲਤਾ ਲਈ ਪ੍ਰਾਰਥਨਾ ਕਰਦਾ। ਉਹ ਜਕਾਤ ਦੇਣ ਅਤੇ ਗਰੀਬਾਂ ਨੂੰ ਪੁੰਨ ਦਾਨ ਕਰਨ ਦਾ ਬੜਾ ਧਿਆਨ ਰੱਖਦਾ। ਪ੍ਰੋ. ਹਬੀਬ, "ਮਹਿਮੂਦ ਨੂੰ ਸੱਚਾ ਮੁਸਮਾਨ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਉਹ ਲੁੱਟਮਾਰ ਅਤੇ ਕਲਾ ਤੇ ਪ੍ਰਹਾਰ ਦੇ ਕੰਮ ਇਸਲਾਮ ਵਿਚ ਸਵੀਕਾਰ ਨਹੀਂ ਕੀਤੇ ਜਾਂਦੇ"।

*(v)* **ਕੱਟੜ ਪੰਥੀ ਨਹੀਂ** (Not a Fanatic): ਮਹਿਮੂਦ ਕੋਈ ਕੱਟਰਪੰਥੀ ਨਹੀਂ ਸੀ। ਉਹ ਹਿੰਦੂਆਂ ਨਾਲ ਨਿਰਦਈਤਾ ਦਾ ਵਿਵਹਾਰ ਨਹੀਂ ਕਰਦਾ ਸੀ। ਐਲਫਿਸਟਨ ਦੀ ਰਾਏ ਹੈ ਕਿ ਉਸ ਨੇ ਹਿੰਦੂਆਂ ਨੂੰ ਧਾਰਮਿਕ ਸਵਤੰਤਰਤਾ ਦੇ ਰਖੀ ਸੀ ਅਤੇ ਤਿਲਕ ਵਾਲੇ ਹਿੰਦੂ ਉਸ ਦੇ ਰਾਜ ਦਰਬਾਰ ਸਨ। ਡਾ. ਨਾਜਿਮ ਦਾ ਕਹਿਣਾ ਹੈ ਕਿ ਜੇਕਰ ਉਸਨੇ ਭਾਰਤ ਵਿਚ ਹਿੰਦੂਆਂ ਨੂੰ ਪਰੇਸ਼ਾਨ ਕੀਤਾ ਤਾਂ ਉਸ ਨੇ ਇਰਾਨ ਵਿਚ ਮੁਸਲਮਾਨਾਂ ਨੂੰ ਵੀ ਨਹੀਂ ਛੱਡਿਆ।

*(vi)* **ਇੱਕ ਲਾਲਚੀ ਵਿਅਕਤੀ** (A Greedy Person): ਗਿੱਬਨ ਦੇ ਅਨੁਸਾਰ ਮਹਿਮੂਦ ਦੇ ਅੰਦਰ ਇਕ ਹੀ ਖਾਮੀ ਸੀ ਕਿ ਉਹ ਲਾਲਚੀ ਸੀ ਅਤੇ ਉਸੀ ਨੇ ਉਸ ਦੇ ਸ਼ਾਨਦਾਰ ਚਰਿੱਤਰ ਨੂੰ ਕਲੰਕਿਤ ਕਰ ਦਿੱਤਾ "ਭਾਰਤ ਦੀ ਦੌਲਤ ਨਹੀਂ ਉਸ ਨੂੰ ਸਾਡੇ ਦੇਸ ਉੱਤੇ ਬਾਰ ਬਾਰ ਆਕ੍ਰਮਣ ਕਰਨ ਲਈ ਖਿੱਚ ਪਾਈ ਅਤੇ ਦੌਲਤ ਨੂੰ ਹੀ ਪਾਉਣ ਲਈ ਉਸ ਨੇ ਭੋਲੇ ਭਾਲੇ ਭਾਰਤ ਵਾਸਿਆਂ ਉੱਤੇ ਜ਼ੁਲਮ ਕੀਤੇ ਹਰ ਬਾਰ ਉਹ ਭਾਰਤ ਤੋਂ ਆਪਣੇ ਦੇਸ ਗਜਨੀ ਨੂੰ ਲੁੱਟ ਮਾਰ ਦਾ ਬਹੁਤ ਸਾਰਾ ਮਾਲ ਲੈ ਗਿਆ। ਹੀਬਲ ਦਾ ਕਹਿਦਾ ਹੈ ਕਿ ਮਹਿਮੂਦ ਇਤਨਾ ਲਾਲਚੀ ਸੀ ਕਿ ਉਹ ਬਗਦਾਦ ਨੂੰ ਇਤਨੀ ਨਿਰਦਈਤਾ ਨਾਲ ਬਰਬਾਦ ਕਰ ਦਿੰਦਾ ਜਿਤਨੀ ਨਿਰਦਈਤਾ ਨਾਲ ਉਸ ਨੂੰ ਉਸ ਨੇ ਸੋਮਨਾਥ ਨੂੰ ਲੁੱਟਿਆ ਸੀ ਜੇਕਰ ਇਹ ਕੰਮ ਉਸ ਨੂੰ ਲਾਭਦਾਇਕ ਦਿਖਾਈ ਦੇਂਦਾ। ਨਿਜਾਮਦੀਨ ਅਤੇ ਫਰਿਸਤਾ ਇਹ ਕਹਿੰਦੇ ਹਨ ਕਿ ਜਦੋਂ ਮਹਿਮੂਦ ਮਰਨ ਲੱਗਾ ਤਾਂ ਉਸ ਨੇ ਕੇਵਲ ਇਹ ਆਗਿਆ ਦਿੱਤੀ ਕਿ ਮੇਰੀਆਂ ਅੱਖਾਂ ਦੇ ਸਾਹਮਣੇ ਮੇਰੀ ਦੌਲਤ ਲਿਆ ਕੇ ਰੱਖ ਦਿਉ, ਕਿਉਂਕਿ ਉਸ ਨੂੰ ਇਹ ਵੀ ਦੁਖ ਹੋਇਆ ਕਿ ਮੈਂ ਆਪਣੀ ਦੌਲਤ ਤੋਂ ਬਿਛੜ ਰਿਹਾ ਹਾਂ ਅਤੇ ਉਸ ਨੇ ਬੜੀ ਆਹੇਂ ਭਰੀ ਪਰ ਕਿਸੇ ਨੂੰ ਇੱਕ ਕੋਡੀ ਵੀ ਨਹੀਂ ਦਿੱਤੀ।

*ਨੋਟਸ* ਮਹਿਮੂਦ ਦੇ ਅੰਦਰ ਇੱਕ ਖਾਮੀ ਸੀ ਕਿ ਉਹ ਲਾਲਚੀ ਸੀ ਅਤੇ ਉਸ ਨੇ ਉਸ ਦੇ ਸ਼ਾਨਦਾਰ ਚਰਿਤ੍ਰ ਨੂੰ ਕਲੰਕ੍ਰਿਤ ਕੀਤਾ।

### 3.4.2 ਸੈਨੀਕ ਅਤੇ ਸੈਲਾਨੀ ਦੇ ਰੂਪ ਵਿਚ (As a Soldier and General)

ਮਹਿਮੂਦ ਦੀ ਸਭ ਤੋਂ ਵੱਡੀ ਯੋਗਤਾ ਉਸ ਦੇ ਸੈਨੀਕਪਣ ਅਤੇ ਦਿਲ ਅਤੇ ਦਿਮਾਗ ਦੇ ਸੈਨਿਕ ਗੁਣਾਂ ਵਿਚ ਮਿਲੇਗੀ। ਜਿਸ ਦੀ ਹਰ ਕੋਈ ਪ੍ਰਸੰਸਾ ਕਰੇਗਾ। ਲੇਨ ਪਲ ਦੇ ਸ਼ਬਦਾਂ ਵਿਚ "ਮੁਹੰਮਦ ਇਕ ਮਹਾਨ ਸੈਨਿਕ ਸੀ ਜਿਸ ਦੇ ਅੰਦਰ ਅਸੀਮ ਸਾਹਸ ਅਤੇ ਅਣਥੱਕ ਮਾਨਸਿਕ ਅਤੇ ਸਰੀਰਕ ਸ਼ਕਤੀ ਸੀ "ਮਹਿਮੂਦ ਨੇ ਆਪਣੇ ਆਪ ਨੂੰ ਕਈ ਸਾਲ ਤੱਕ ਦੂਰ ਦੇਸਾਂ ਉੱਤੇ ਚੜਾਈ ਕਰਨ ਵਿਚ ਜੁਟਾ ਕੇ ਰੱਖਿਆ। ਉਸ ਦੀਆਂ ਗਰਮੀਆਂ ਆਮ ਕਰਕੇ ਐਸਿਆ ਦੀ ਚੜਠਇਆ ਵਿਚ ਗੁਜ਼ਰ ਦੀਆਂ ਅਤੇ ਉਸ ਦੀਅ ਸਰਦੀਆਂ ਬਹੁਤ ਬਾਰ ਭਾਰਤ ਵਿੱਚ ਗੁਜ਼ਰ ਦਿਆਂ।" ਗਰਮੀਆਂ, ਸਰਦੀਆਂ ਅਤੇ ਨਾ ਕੋਈ ਹੋਰ ਕੁਦਰਤੀ ਰੋਕ ਉਸ ਦੇ ਰਸਤੇ ਵਿਚ ਰੋੜਾ ਬਣ ਸਕੀ। ਉਸ ਦੀ ਤੀਬਰ ਮਿਜਾਜ ਨੇ ਸਤਰੂਆਂ ਨੂੰ ਹੈਰਾਨ ਕਰ ਰੱਖਿਆ ਸੀ। ਉਹ ਮੁਲਤਾਨ ਦੇ ਦੁਆਰ ਤੇ ਜਾ ਪਹੁੰਚਿਆ। ਜਦੋਂ ਕਿ ਇਸ ਦਾ ਸਾਸਕ ਬੇਖਰ ਸੀ ਅਤੇ ਉਸ ਨੇ ਕਨੌਜ ਉੱਤੇ ਅਧਿਕਾਰ ਕਰ ਲਿਆ, ਇਸ ਤੋਂ ਪਹਿਲਾਂ ਕਿ ਉਸ ਦੇ ਸ਼ਾਸਕ ਨੂੰ ਮੁਹੰਮਦ ਦੇ ਆਉਣ ਦਾ ਚੰਗੀ ਤਰ੍ਹਠਾਂ ਪਤਾ ਵੀ ਲੱਗੇ।

ਭਾਰਤ ਉੱਤੇ ਆਪਣੇ ਸਤਾਰਾਂ ਆਕ੍ਰਮਣਾਂ ਦੇ ਵਿਚ ਹੀ ਨਹੀਂ ਸਾਰੇ ਜੀਵਨ ਭਰ ਵਿਚ ਐਸਾ ਇਕ ਵੀ ਅਵਸਰ ਨਹੀਂ ਆਇਆ ਜਦੋਂ ਉਸਦੀ ਹਾਰ ਹੋਈ ਹੋਵੇ। ਉਸ ਦੀ ਸ਼ਾਨਦਾਰ ਵਿਜੈ ਸਿਕੰਦਰ ਮਹਾਨ ਦੇ ਸਾਹਸਿਕ ਕੱਸਾ ਵਿਚ ਬਰਾਬਰੀ ਰੱਖਦੀ ਹੈ। ਉਸ ਦਾ ਕਾਰਜ ਖੇਤਰ ਨੇਪੋਲਿਅਨ ਦੀ ਤਰ੍ਹਠਾਂ ਵਿਸ਼ਾਲ ਅਨੇਕ ਰੂਪੀ ਅਤੇ ਮਹਾਨ ਸੀ। ਮਹਿਮੂਦ ਬਹੁਤ ਸਾਵਧਾਨ ਅਤੇ ਨਿਡਰ ਸੈਨਾਨੀ

ਨੋਟ

ਸੀ। ਮਿ. ਜਾਫਿਰ ਦੇ ਮਤ ਅਨੁਸਾਰ ਉਸ ਦੇ ਅੰਦਰ ਯੁੱਧ ਲੜਨ ਦੀ ਯੋਗਤਾ ਸਵਭਾਵਿਕ ਸੀ। ਉਹ ਇੱਕ ਵਿਗਿਆਨਕ ਸੈਨਾਪਤੀ ਸੀ ਜੋ ਯੋਜਨਾ ਬਣਾਉਣ ਵਿਚ ਹੁਸ਼ਿਆਰ ਅਤੇ ਅਮਲ ਕਰਨ ਦਾ ਪੱਕਾ ਸੀ। ਉਹ ਪੂਰੀ ਤਿਆਰੀ ਕਰਕੇ ਅਤੇ ਯੋਜਨਾ ਬਣਾ ਕੇ ਚਲਦਾ ਅਤੇ ਫਿਰ ਚੜ੍ਹਾਈ ਕਰਦਾ। ਇਹੀ ਕਾਰਨ ਹੈ ਕਿ ਜੋ ਕੋਈ ਕੰਮ ਉਸ ਨੇ ਹੱਥ ਵਿਚ ਲਿਆ ਉਹ ਉਸ ਵਿਚ ਅਸਫਲ ਨਹੀਂ ਹੋਇਆ।

ਕਹਿੰਦੇ ਹਨ ਕਿ ਜਿੱਥੇ ਤਕ ਯੁੱਧ ਨੀਤੀ, ਵਿਧੀ, ਅਤੇ ਸਾਮਗ੍ਰੀ ਦਾ ਸਬੰਧ ਹੈ ਉਸ ਨੇ ਕੋਈ ਨਵੀਂ ਖੋਜ ਨਹੀਂ ਕੀਤੀ। ਉਸ ਨੇ ਤਾਂ ਸ਼ਾਸਨ ਕਰਨ ਵਾਲਿਆਂ ਦੀਆਂ ਪੁਰਾਣੀ ਸ਼ਾਹੀ ਸੈਨਾਵਾਂ ਦੀ ਯੁੱਧ ਨੀਤੀ ਨੂੰ ਹੀ ਅਪਨਾ ਲਿਆ। ਫਿਰ ਵੀ ਉਸ ਦੀ ਮਹਾਨਤਾ ਇਸ ਬਾਤ ਵਿਚ ਹੈ ਕਿ ਉਸ ਨੇ ਪੁਰਾਣੀ ਪ੍ਰਣਾਲੀ ਨੂੰ ਨਵਾਂ ਜੀਵਨ ਦੇ ਦਿੱਤਾ। ਉਸ ਦੀ ਸੈਨਾ ਵਿਚ ਭਾਂਤ ਭਾਂਤ ਦੇ ਤੱਤਵ ਮਿਲੇ ਹੋਏ ਸਨ ਜੈਸੇ ਮਾਰਵਾ, ਅਫਗਾਨ, ਤੁਰਕ ਅਤੇ ਹਿੰਦੂ ਜਿਨਠਾਂ ਨੂੰ ਕਠੋਰ ਨਿਯੰਤ੍ਰਣ ਵਿਚ ਰੱਖਿਆ ਜਾਂਦਾ ਸੀ ਅਤੇ ਜੋੜ ਜਾੜ ਕੇ ਇਕ ਸ਼ਕਤੀ ਸ਼ਾਲੀ ਅਤੇ ਅਜਿੱਤ ਟੁਕੜੀ ਵਿਚ ਬੰਨ ਦਿੱਤਾ ਜਾਂਦਾ ਸੀ।

### 3.4.3 ਮਹਿਮੂਦ ਇਕ ਸ਼ਾਸਕ ਦੇ ਰੂਪ ਵਿਚ (As a Ruler)

*(i)* ਮਹਿਮੂਦ ਇਕ ਨਿਆਂਸੀਲ ਅਤੇ ਸੱਚਾ ਸ਼ਾਸਕ ਸੀ ਅਸੀਂ ਇਹ ਤਾਂ ਨਹੀਂ ਜਾਣਦੇ ਕਿ ਉਸ ਦੀ ਪ੍ਰਸ਼ਾਸ਼ਨ ਪ੍ਰਣਾਲੀ ਕਿਸ ਤਰਨ੍ਹਾਂ ਦੀ ਸੀ ਫਿਰ ਵੀ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਸੁਚਾਰੂ ਢੰਗ ਨਾਲ ਸੰਗਠਤ ਅਤੇ ਸੰਚਾਲਤ ਸੀ।

ਉਸ ਦਾ ਸਾਮਰਾਜ ਪ੍ਰਾਂਤਾਂ ਵਿਚ ਵੰਡੀਆਂ ਹੋਇਆ ਸੀ। ਹਰ ਪ੍ਰਾਂਤ ਇਕ ਰਾਜਪਾਲ ਦੇ ਅਧੀਨ ਸੀ। ਉਹ ਉਨ੍ਹਠਾਂ ਸਭਨਾਂ ਉੱਤੇ ਕੜੀ ਦਾ ਦੇਖ ਰੇਖ ਰੱਖਦਾ ਸੀ ਤਾਂ ਕਿ ਉਹ ਲੋਕਾਂ ਨੂੰ ਸਤਾਉਣ ਨਾ। ਉਹ ਵੀ ਸਾਨੂੰ ਦੱਸਦਾ ਹੈ ਕਿ ਖੁਰਾਸਾਨ ਦਾ ਰਾਜਪਾਲ ਨਾਸਿਰ ਅਪਣੇ ਅਤੀ ਉੱਤਮ ਪ੍ਰਸ਼ਾਸ਼ਨ ਲਈ ਕਿਤਨਾ ਪ੍ਰਸਿੱਧ ਸੀ ਅਤੇ ਉਹ ਇਤਨਾ ਕਿਰਪਾਲੂ ਸੀ ਕਿ ਉਸਨੇ ਕਿਸੇ ਨੂੰ ਕੋਈ ਅਪਸ਼ਬਦ ਨਹੀਂ ਬੋਲਿਆ ਅਤੇ ਨਾ ਹੀ ਅਪਮਾਨ ਕੀਤਾ ਅਤੇ ਨਾ ਹੀ ਕਿਸੇ ਪਰ ਕੋਈ ਹਿੰਸਾ ਕੀਤੀ। ਹਰੇਕ ਪ੍ਰਾਂਤ ਵਿਚ ਐਸੇ ਰਜਿਸਟਰ ਰਖੇ ਜਾਂਦੇ ਸਨ ਜਿਨਠਾਂ ਵਿਚ ਸਰਕਾਰ ਦੀ ਆਮਦਨ ਖਰਚ ਦਾ ਹਵਾਲਾ ਹੁੰਦਾ ਸੀ। ਇਸ ਲੇਖ ਦੀ ਜਾਂਚ ਪੜਤਾਲ ਮੰਤਰੀ ਕਰਦਾ ਸੀ।

*(ii)* **ਉਸ ਦੀ ਮਹਾਨ ਨਿਆਂ ਪ੍ਰਿਯਤਾ** (His high sense of Justice): ਲੇਕਿਨ ਮਹਿਮੂਦ ਅਪਣੀ ਨਿਆਂ ਪ੍ਰਿਯਤਾ ਦੇ ਲਈ ਵਿਸ਼ੇਸ਼ ਰੂਪ ਤੋਂ ਪ੍ਰਸਿੱਧ ਹੈ। ਇੱਕ ਆਦਰਸ਼ ਮੁਸਲਿਮ ਸਮਰਾਟ ਦੀ ਤਰਠਾਂ ਉਸ ਦੀ ਇਹ ਧਾਰਨਾ ਸੀ ਕਿ ਰਾਜਾ ਜ਼ਰੂਰ ਨਿਆਂ ਪ੍ਰੇਮੀ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਉਸ ਦੀ ਨਿਆ ਧਾਰਣਾ ਸਭ ਤੋਂ ਜ਼ਿਆਦਾ ਉਸ ਵਿਵਹਾਰ ਤੋਂ ਹੁੰਦੀ ਹੈ ਜੋ ਉਸ ਨੇ ਆਪਣੇ ਭਤੀਜੇ ਨਾਲ ਕੀਤਾ ਕੇਵਲ ਇਸ ਲਈ ਕਿ ਉਸ ਦੇ ਭਤੀਜੇ ਨੇ ਇਕ ਗਰੀਬ ਦੀ ਪਤਨੀ ਨਾਲ ਨਜਾਇਜ਼ ਸਬੰਧ ਜੋੜਿਆ ਹੋਇਆ ਸੀ। ਮਹਿਮੂਦ ਤਾਂ ਆਪਣੇ ਪੁੱਤਰਾਂ ਨੂੰ ਵੀ ਨਹੀਂ ਬਖਸ਼ਦਾ ਸੀ ਅਤੇ ਨਾ ਹੀ ਆਪਣੇ ਅਧਿਕਾਰਿਆਂ ਨੂੰ ਛੱਡਦਾ ਸੀ ਜਦੋਂ ਉਹ ਕਾਨੂੰਨ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕਰਦੇ। ਕਾਨੂੰਨ ਭੰਗ ਕਰਨ ਦੇ ਅਪਰਾਣ ਵਿਚ ਜੋ ਡੰਢ ਆਪਣੇ ਇਕ ਉੱਚੇ ਸੈਨਿਕ ਅਧਿਕਾਰੀ ਨੇਮਤ ਅਲੀ ਨੂੰ ਦਿੱਤਾ ਉਹ ਇਸਬਾਤ ਦਾ ਇਕ ਹੋਰ ਉਦਾਹਰਣ ਹੈ। ਉਸ ਦੀ ਮਹਾਨ ਨਿਆਂ ਸੀਲਤਾ ਦੇ ਕਾਰਣ ਉਤਵੀ ਨੇ "ਉਸ ਨੂੰ ਗਰੀਬਾਂ ਦਾ ਸੁਆਮੀ ਮੰਨਿਆ ਜਾਂਦਾ ਹੈ। ਐਸਾ ਸੁਆਮੀ ਜਿਸ ਨੇ ਇਕ ਵਿਧਵਾ ਅਤੇ ਇਕ ਧਨੀ ਵਿਅਕਤੀ ਨੂੰ ਇਕ ਬਰਾਬਰ ਸਮਝਿਆ ਜਿਸ ਦੇ ਪਰਿਣਾਮ ਸਰੂਪ ਹੰਕਾਰ ਅਤੇ ਅੱਤਿਆਚਾਰ ਦਾ ਦੁਆਰ ਬੰਦ ਹੋ ਗਿਆ।"

*(iii)* **ਵਿਦਵਾਨਾਂ ਦਾ ਮਹਾਨ ਰੱਖਿਅਕ** (A great patron of letters) ਸ਼ਾਸਕ ਦੇ ਰੂਪ ਵਿਚ ਮਹਿਮੂਦ ਦੇ ਚਰਿਤ੍ਰ ਵਿਚ ਸਭ ਤੋਂ ਵੱਡੀ ਬਾਤ ਇਹੋ ਸੀ ਕਿ ਉਹ ਕਲਾ ਅਤੇ ਗਿਆਨ ਦਾ ਬੜਾ ਸੰਰੱਖਿਅਕ ਸੀ। ਉਸ ਨੇ ਅਪਣੇ ਦਰਬਾਰ ਵਿਚ ਦੂਰ ਦੂਰ ਦੇਸਾਂ ਦੇ ਬੜੇ ਬੜੇ ਕਲਾਕਾਰ ਅਤੇ ਵਿਦਵਾਨ ਇਕੱਠੇ ਕੀਤੇ ਹੋਏ ਸਨ। ਜੈਸਾ ਕਿ ਲੈਨਪਨ ਦਾ ਕਹਿਣਾ ਹੈ, "ਉਸ ਨੇ ਔਕਸਸ ਦੇ ਨਗਰਾਂ ਤੋਂ ਅਤੇ ਕੈਸਧਿਅਨ ਦੇ ਕਿਨਾਰਿਆਂ ਤੋਂ, ਉਧਰ ਇਰਾਨ ਅਤੇ ਖਰਾਸਾਨ ਤੋਂ ਪੂਰਵੀਆਂ ਵਿਦਵਤਾ ਦੇ ਦੀਪਕ ਅਪਣੀ ਸੇਵਾ ਵਿਚ ਜੁਟਾ ਰੱਖੇ ਸਨ।"

ਮਹਿਮੂਦ ਖੁਦ ਵੀ ਕਵਿਆਂ ਦੀਆਂ ਰਚਨਾਵਾਂ ਸੁਣਨ ਦਾ ਬਹੁਤ ਸ਼ੌਕੀਨ ਸੀ। ਡਾ. ਇਸਵਰੀ ਪ੍ਰਸਾਦਿ ਦੇ ਮਤ ਅਨੁਸਾਰ "ਉਹ ਕਠੋਰ ਲੜਾਈ ਦੇ ਮੱਧ ਵਿਚ ਵੀ ਕਿਸੇ ਗੀਤ ਨੂੰ ਸੁਣਨ ਅਤੇ ਮੁਰਾਧ ਕਰ ਦੇਣ ਵਾਲੇ ਸੁਰ ਦਾ ਆਨੰਦ ਲੈਣ ਲਈ ਥੋੜਾ ਜਿਹਾ ਸਮਾਂ ਕੱਢ ਲੈਂਦਾ ਸੀ।" ਆਪਣੀ ਅਥਾ ਦਾਨਸ਼ੀਲਤਾ ਦੁਆਰਾ ਉਸ ਨੇ ਆਪਣੇ ਚਾਰੋ ਪਾਸੇ ਬੜੇ ਬੜੇ ਕਵਿਆਂ ਅਤੇ ਵਿਦਵਾਨਾਂ ਦੀ ਮੰਡਲੀ ਆਕਰਸ਼ਿਤ ਕਰ ਰੱਖੀ ਸੀ।

*(i)* **ਐਲਬਰੂਨੀ** (Alberuni): ਉਸ ਦੇ ਦਰਬਾਰ ਦੇ ਬੜੇ ਬੜੇ ਪ੍ਰਸਿੱਧ ਵਿਦਵਾਨਾਂ ਵਿਚੋਂ ਇਕ ਸੀ ਐਲਬਰੂਨੀ ਜੋ ਬਹੁਤ ਹੀ ਪ੍ਰਤਿਭਾਸ਼ਾਲੀ ਵਿਅਕਤੀ ਸੀ। ਉਹ ਹਰਫਨਮੌਲਾ ਸੀ। ਉਹ ਇੱਕ ਦਮ ਗਣਿਤ, ਦਰਸ਼ਨ ਸ਼ਾਸਤਰ, ਖਗੋਲ ਵਿਦਿਆ ਅਤੇ ਸੰਸਕ੍ਰਿਤੀ ਦਾ ਵਿਦਵਾਨ ਸੀ। ਉਹ ਭਾਰਤ ਵਿਚ ਆਇਆ ਅਤੇ ਉਸ ਇੱਕ ਪੁਸਤਕ 'ਤਹਿਕੀਕੀ ਮਲਿਲਹਿੰਦ' ਲਿਖੀ। ਇਸ ਪੁਸਤਕ ਵਿਚ ਉਸ ਨੇ ਉਸ ਸਮੇਂ ਦੇ ਭਾਰਤ ਦੀ ਰਾਜਨੈਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਦਸ਼ਾ ਦਾ ਵਰਣਨ ਕੀਤਾ ਹੈ।

*(ii)* **ਫਿਰਦੌਸੀ** (Firdausi): ਫਿਰਦੌਸੀ ਜਿਸ ਨੂੰ ਪੂਰਬ ਦਾ ਅਮਰ ਹੋਮਰ ਸਮਝਿਆ ਜਾਂਦਾ ਹੈ ਮਹਿਮੂਦ ਦੇ ਦਰਬਾਰ ਵਿਚ ਪ੍ਰਸਿੱਧ ਕਵੀ ਸੀ। ਉਸ ਨੇ 'ਸ਼ਹਨਸਾਹ' ਨਾਮਕ ਇੱਕ ਮਹਾਕਾਵਯ ਲਿਖਿਆ ਜਿਸ ਨੂੰ ਫਾਰਸੀ ਸਾਹਿੱਤ ਦੀ ਇੱਕ ਸਰਬੋਤਮ ਰਚਨਾ ਮੰਨਿਆ ਜਾਂਦਾ ਹੈ। ਇਹ ਮਹਾਂਕਾਵ ਮੁਹੰਮਦ ਦੇ ਸਮੇਂ ਵਿਚ ਲਿਖਿਆ ਗਿਆ ਸੀ। ਲੇਕਿਨ ਮੁਲਤਾਨ ਨੇ ਆਪਣੇ ਵਚਨ ਦੀ ਪਾਲਣਾ ਨਹੀਂ ਕੀਤੀ ਉਸ ਨੇ 60,000 ਸੋਨੇ ਦੇ ਮਿਸ਼ਕਲ ਦੇਣ ਦਾ ਵਚਨ ਦਿੱਤਾ ਸੀ ਲੇਕਿਨ ਦਿੱਤੇ ਕੇਵਲ 60,000 ਚਾਂਦੀ ਦੇ ਚਿਰਹਮ।

*(iii)* **ਉਤਬੀ ਅਤੇ ਦੂਜੇ ਵਿਦਵਾਨ** (Utbi and Others) : ਮਹਿਮੂਦ ਦੇ ਸਮੇਂ ਦਾ ਇਕ ਹੋਰ ਮਹਾਨ ਵਿਅਕਤੀ ਅਲਉਤਬੀ ਸੀ ਜੋ ਉਤਬੀ ਨਾਮ ਨਾਲ ਪ੍ਰਸਿੱਧ ਸੀ। ਉਸ ਨੇ ਤਾਰੀਖ ਖਾਮਿਨੀ ਨਾਮਕ ਇਕ ਪੁਸਤਕ ਮਹਿਮੂਦ ਦੇ ਜੀਵਨ ਇਤਿਹਾਸ ਤੇ ਲਿਖੀ। ਫਰਾਹੀ ਇਕ ਮਸ਼ਹੂਰ ਦਾਰਸਨਿਕ ਸੀ ਜਿਸ ਨੂੰ ਦੂਸਰਾ ਅਰਸਤੂ ਵੀ ਕਹਿੰਦੇ ਹਨ ਅਤੇ ਬਾਕੀ ਜਿਸ ਨੂੰ ਪੂਰਬ ਦਾ ਪੈਜ ਕਹਿੰਦੇ ਸਨ ਇਹ ਦੋ ਮੁਹੰਮਦ ਦੇ ਦਰਬਾਰ ਦੇ ਦੂਸਰੇ ਮਹਾਨ ਵਿਦਵਾਨ ਸਨ।

*(iv)* **ਕਲਾ ਦੀ ਸੁਰੱਖਿਆ** (Patron of Art) : ਮਹਿਮੂਦ ਕਲਾਕਾਰਾਂ ਅਤੇ ਭਵਨ ਨਿਰਮਾਤਾਵਾਂ ਦਾ ਵੀ ਵੱਡਾ ਆਸਰੇਦਾਤਾ ਸੀ। ਉਸ ਨੇ ਕਈ ਭਵਨ ਬਣਾਏ, ਜਿਨ੍ਹਾਂ ਵਿੱਚੋਂ ਸਭ ਤੋਂ ਪ੍ਰਸਿੱਧ ਦਿਵਿਯ ਦੁਲਹਨ ਦੀ ਇਕ ਵੱਡੀ ਮਸਜਿਦ ਸੀ। ਜਿਸ ਦੇ ਇਰਧ-ਗਿਰਧ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ 3,000 ਕੁਆਟਰ ਬਣੇ ਹੋਏ ਸਨ। ਇਹ ਇੰਨੀ ਸੁੰਦਰ ਸੀ ਕਿ ਉਤਬੀ ਦੇ ਸ਼ਬਦਾਂ ਵਿੱਚ “ਹਰ ਕੋਈ ਜੋ ਉਸ ਨੂੰ ਦੇਖ ਸਕਿਆ ਆਪਣੇ ਮੂੰਹ ਵਿੱਚ ਉਂਗਲੀ ਦਬਾ ਕੇ ਰਹਿ ਗਿਆ ।” ਮਹਿਮੂਦ ਦੀਆਂ ਦੂਸਰੀਆਂ ਵੱਡੀਆਂ ਯਾਦਗਾਰਾਂ ਇਹ ਸਨ-ਇਕ ਬੰਦੀ-ਏ-ਸੁਲਤਾਨ ਨਾਮ ਦਾ ਅਜਾਇਬ ਘਰ ਅਤੇ ਦੂਸਰੀ ਲਾਇਬ੍ਰੇਰੀ। ਇਸ ਤਰ੍ਹਾਂ ਮਹਿਮੂਦ ਦੇ ਜ਼ਮਾਨੇ ਵਿੱਚ ਗਜਨੀ ਕਲਾ ਦਾ ਵੱਡਾ ਕੇਂਦਰ ਬਣ ਗਿਆ।

**ਸ਼ਾਸਕ ਦੇ ਰੂਪ ਵਿੱਚ ਮਹਿਮੂਦ ਦੇ ਮੁੱਲ ਆਂਕਨ** (Estimate of Mahmud as a Ruler) : ਲੇਕਿਨ ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਮਹਿਮੂਦ ਰਚਨਾਤਮਕ ਬੁੱਧੀ ਦਾ ਵਿਅਕਤੀ ਨਹੀਂ ਸੀ ਅਤੇ ਨਾ ਹੀ ਦੂਰਦਰਸ਼ੀ ਰਾਜਨਿਤਿਕ। ਲੇਨਪਨ ਦਾ ਕਹਿਣਾ ਹੈ ਕਿ ਅਸੀਂ ਕਿਸੀ ਐਸੇ ਕਾਨੂੰਨ, ਸੰਸਥਾ ਅਤੇ ਸ਼ਾਸਨ ਵਿਧੀ ਦੇ ਬਾਰੇ ਵਿਚ ਨਹੀਂ ਸੁਣਦੇ ਜੋ ਮਹਿਮੂਦ ਨੇ ਚਲਾਈ ਹੋਵੇ। ਆਪਣੇ ਵਿਗਿਆਨ ਰਾਜ ਵਿਚ ਉਸ ਨੇ ਕੇਵਲ ਬਾਹਰੀ ਵਿਵਸਥਾ ਅਤੇ ਸੁਰੱਖਿਆ ਬਣਾਏ ਰੱਖਣ ਦੀ ਕੋਸ਼ਿਸ਼ ਕੀਤੀ। ਆਪਣੇ ਰਾਜ ਨੂੰ ਸੰਚਾਲਤ ਅਤੇ ਦ੍ਰਿੜ੍ਹ ਬਣਾਉਣਾ ਉਸ ਦੀ ਯੋਜਨਾਵਿਚ ਨਹੀਂ ਸੀ। ਡਾ. ਇਸਵਰੀ ਪ੍ਰਸਾਦਿ ਇਸੀ ਮਤ ਦਾ ਸਮਰਥਨ ਕਰਦਾ ਹੈ ਜਦੋਂ ਉਹ ਇਹ ਕਹਿੰਦਾ ਹੈ ਕਿ ਮਹਿਮੂਦ ਦਾ ਸਾਮਰਾਜ ਜਨਤਾ ਦਾ ਇਕ ਵਿਸ਼ਾਲ ਇਕੱਠ ਸੀ ਜਿਸ ਨੂੰ ਬਹੁ ਚੌਕਸ ਸੁਲਤਾਨ ਹੀ ਵਸ ਵਿਚ ਰੱਖ ਸਕਦਾ ਸੀ। ਇਹੀ ਕਾਰਣ ਹੈ ਕਿ ਉਸ ਦੀ ਮ੍ਰਿਤੂ ਤੋਂ ਬਾਅਦ ਉਸ ਦਾ ਸਾਮਰਾਜ ਟੁੱਟ ਗਿਆ।

ਸੀ. ਵੀ. ਵੈਦ ਦਾ ਕਹਿਣਾ ਹੈ ਕਿ ਇਹ ਮਤ ਗਲਤ ਹੈ। ਉਸ ਦੀ ਰਾਇ ਵਿਚ ਮਹਿਮੂਦ ਦਾ ਰਾਜ ਬੇਸ਼ਕ ਇਕ ਸੰਗਠਤ ਅਤੇ ਸੁਸੰਚਾਲਿਤ ਰਾਜ ਸੀ। ਲੇਕਿਨ ਇਸ ਕਥਨ ਦੇ ਪੱਖ ਅਤੇ ਵਿਪੱਖ ਵਿਚ ਕੋਈ ਉਲੇਖ ਨਹੀਂ ਮਿਲਦਾ। ਉਸ ਦੇ ਸਾਮਰਾਜ ਦਾ ਪਤਨ ਕਿਉਂ ਹੋਇਆ ਇਸ ਦਾ ਕਾਰਣ ਇਹ ਨਹੀਂ ਸੀ ਕਿ ਮਹਿਮੂਦ ਅਪਣੇ ਰਾਜ ਵਿਚ ਸੰਗਠਤ ਅਤੇ ਦ੍ਰਿੜ ਕਰਨ ਦੇ ਅਯੋਗ ਸੀ। ਇਹ ਤਾਂ ਮਹਿਮੂਦ ਦੇ ਉਨ੍ਹਾਂ ਅਧਿਕਾਰਿਆਂ ਦੀ ਕਮਜ਼ੋਰੀ ਅਤੇ ਅਯੋਗਤਾ ਦੇ ਕਾਰਨ ਹੋਇਆ ਜਿਸ ਦੇ ਅੰਦਰ ਸੈਨੀਕਪਣ ਅਤੇ ਰਾਜਨਿਤਿਕਪਣ ਦੇ ਗੁਣ ਨਹੀਂ ਸਨ।

*ਕੀ ਤੁਸੀਂ ਜਾਣਦੇ ਹੋ* ਐਲਬਰੂਨੀ ਇੱਕ ਪ੍ਰਸਿੱਧ ਅਤੇ ਪ੍ਰਭਾਵਸ਼ਾਲੀ ਵਿਅਕਤੀ ਸੀ।

**ਸਾਰ** (Conclusion) : ਸੰਖੇਪ ਵਿਚ ਅਸੀਂ ਇਹ ਕਹਿੰਦੇ ਹਾਂ ਕਿ ਮਹਿਮੂਦ ਇਕ ਮਹਾਨ ਸੈਨਾਨੀ ਅਤੇ ਸਫਲ ਸ਼ਾਸਕ ਸੀ। ਅਪਣੀ ਖਾਮਿਆਂ ਦੇ ਹੁੰਦੇ ਹੋਏ ਵੀ ਉਹ ਜੈਸਾ ਕਿ ਸੀ.ਵੀ. ਵੈਦਯ ਦਾ ਕਹਿਣਾ ਹੈ, “ਉਨਠਾਂ ਮਹਾਪੁਰਸ਼ਾਂ ਵਿਚੋਂ ਇੱਕ ਸੀ ਜਿਨਠਾਂ ਨੂੰ ਕੁਦਰਤ ਕਦੇ ਕਦੇ ਜਨਮ ਦੇਂਦੀ ਹੈ।” ਇਹ ਇਕ ਐਸੇ ਨਿਰਾਲੇ ਗੁਣਾਂ ਅਤੇ ਅਨੁਪਮ ਯੋਗਤਾਵਾਂ ਵਾਲੇ ਵਿਅਕਤੀਆਂ ਵਿਚ ਸੀ ਜੋ ਅਕਬਰ, ਸ਼ਿਵਾ ਜੀ, ਨੇਪੋਲਿਅਨ ਅਤੇ ਪੀਟਰ ਮਹਾਨ ਦੀ ਤਰ੍ਹਠਾਂ ਸੰਸਾਰ ਦੇ ਇਤਿਹਾਸ ਵਿਚ ਨਵੇਂ ਗੁਣਾਂ ਦਾ ਨਿਰਮਾਣ ਕਰਦੇ ਹਨ ਅਤੇ ਕੌਮਾਂ ਦੀ ਕਿਸਮਤ ਨੂੰ ਪਲਟ ਦਿੰਦੇ ਹਨ।

**ਸਵ-ਮੁਲਾਂਕਣ (Self Assessment)**

4. ਬਹੁ ਵਿਕਲਪੀ ਪ੍ਰਸ਼ਨ (Multiple Choice Questions):

   (i) ਮਹਿਮੂਦ ਕਿਸ ਕੱਦ ਦਾ ਸੀ?

   (ਅ) ਮੱਧਮ (ਬ) ਲੰਬਾ (ਸ) ਛੋਟਾ (ਦ) ਸਕਰੀਨ ਕੰਧੇ ਵਾਲਾ

   (ii) ਮਹਿਮੂਦ ਗਜਨਵੀ ਨੇ ਕਿੰਨੀ ਵਾਰ ਭਾਰਤ ਤੇ ਹਮਲਾ ਕੀਤਾ?

   (ਅ) ਅਠਾਰਾਂ (ਬ) ਸਤਾਰਾਂ (ਸ) ਸੌਲਾਂ (ਦ) ਵੀਹ

   (iii) ਫਿਰਦੋਸ਼ੀ ਦੀ ਰਚਨਾ ਹੈ-

   (ਅ) ਕਾਮਾਯਾਨੀ (ਬ) ਤਹਕੀਕ-ਮਲਿਲ ਹਿੰਦ (ਸ) ਸ਼ਾਹਨਸ਼ਾਹ (ਦ) ਤਾਰੀਖ-ਏ-ਯਾਮਨੀ

ਨੋਟ

## 3.5 ਮਹਿਮੂਦ ਗਜਨਵੀ ਦੇ ਉਤਰ ਅਧੀਕਾਰੀ (Successors of Mahmud Ghaznavi)

**ਮਸੂਦ** (Masud) **(1031-40 ਈ.):** 1030 ਈ. ਵਿਚ ਮਹਿਮੂਦ ਦੀ ਮੌਤ ਦੇ ਬਾਅਦ ਉਸਦੇ ਦੋ ਬੇਟੇ ਮਸੂਦ ਅਤੇ ਮੁਹੱਮਦ ਦੇ ਵਿਚ ਉੱਤਰਾਧਿਕਾਰੀ ਦੇ ਲਈ ਝਗੜਾ ਛਿੜ ਗਿਆ। ਇਸ ਝਗੜੇ ਵਿਚ ਮੁਹੱਮਦ ਦੀ ਹਾਰ ਹੋਈ। ਉਸ ਦੀਆਂ ਅੱਖਾਂ ਕੱਢ ਦਿੱਤੀਆਂ ਅਤੇ ਉਸ ਨੂੰ ਬੰਦੀ ਬਣਾ ਲਿਆ ਗਿਆ। ਇਸ ਪ੍ਰਕਾਰ ਮਸੂਦ ਨੇ 1031 ਈ. ਵਿਚ ਆਪਣੇ ਆਪ ਨੂੰ ਰਾਜਾ ਘੋਸ਼ਿਤ ਕਰ ਦਿੱਤ। ਡਾ. ਇਸਵਰੀ ਪ੍ਰਸਾਦਿ ਦਾ ਕਹਿਣਾ ਹੈ ਕਿ "ਉਹ ਆਪਣੇ ਪਿਤਾ ਦਾ ਸੱਚਾ ਸਪੁੱਤਰ ਸੀ ਅਤੇ ਉਸ ਵਿਚ ਮਹੱਤਵਾ ਕਾਕਸਾ, ਸਾਹਿਸ ਅਤੇ ਯੁੱਧ-ਉਤਸ਼ਾਹ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਲੇਕਿਨ ਉਹ ਬੜਾ ਸ਼ਰਾਬੀ ਅਤੇ ਵਿਆਭਾਚਾਰੀ ਸੀ। ਉਸ ਦੇ ਰਾਜ ਵਿਚ ਕੰਮ-ਕਾਜ ਉਸ ਦਾ ਯੋਗ ਮੰਤਰੀ ਖਵਾਜਾ ਅਹਿਮਦ ਮੈਮਾਂਦੀ ਕਰਿਆ ਕਰਦਾ ਸੀ।"

ਮਸੂਦ ਦੇ ਜ਼ਮਾਨੇ ਵਿਚ ਪੰਜਾਬ ਦੇ ਗਜਨਵੀ ਰਾਜਪਾਲ ਐਰੀਆਰਿਕ ਨੇ ਆਪਣੇ ਆਪ ਨੂੰ ਸਵਤੰਤਰ ਬਣਾ ਲਿਆ। ਮਸੂਦ ਨੇ ਉਸ ਨੂੰ ਆੜੇ-ਹੱਥੀ ਲਿਆ। ਉਸ ਨੂੰ ਗਜਨੀ ਲੈ ਆਇਆ। ਜਿੱਥੇ ਉਸ ਨੂੰ ਕੈਣ ਕੀਤਾ ਫਿਰ ਜਹਿਰ ਦੇ ਕੇ ਮਾਰ ਦਿੱਤਾ। ਉਸ ਦੇ ਸਥਾਨ ਤੇ ਅਹਿਮਦ ਨਿਆਲਤਗੀਨ ਨੂੰ ਪਜਾਬ ਦਾ ਰਾਜਪਾਲ ਬਣਿਆ ਗਿਆ।

ਅਹਿਮਦ ਨਿਆਲਤਗੀਨ ਇਕ ਵੀਰ ਪੁਰਸ਼ ਸੀ। ਉਸ ਨੇ ਬਨਾਰਸ ਉਪਰ ਸਫਲ ਚੜ੍ਹਾਈ ਕੀਤੀ ਅਤੇ ਉਥੋਂ ਬਹੁਤ ਸਾਰਾ ਧਨ ਲੁੱਟ ਕੇ ਲਿਆਉਂਦਾ। ਲੇਕਿਨ ਉਸ ਦਾ ਇਕ ਸਾਥੀ ਕਾਜ਼ੀ ਸ਼ਿਰਾਜ਼ ਉਸ ਨਾਲ ਈਰਖਾ ਕਰਨ ਲਗਾ। ਉਸ ਨੇ ਨਿਆਲਤਗੀਨ ਦੇ ਵਿਰੁਧ ਸੁਲਤਾਨ ਦੇ ਕੰਨ ਭਰ ਦਿੱਤੇ। ਇਸ ਤੇ ਉਸ ਨੂੰ ਦੰਡ ਦੇਣ ਲਈ ਸੁਲਤਾਨ ਨੇ ਤਿਲਕ ਦੇ ਨੇਤਰਤਵ ਵਿਚ ਇਕ ਸੈਨਾ ਭੇਜੀ। ਨਿਆਲਤਗੀਨ ਦੀ ਹਾਰ ਹੋਈ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਅਕਤੂਬਰ 1037 ਈ. ਵਿਚ ਮਸੂਦ ਨੇ ਭਾਰਤ ਉੱਤੇ ਚੜ੍ਹਾਈ ਕੀਤੀ। ਇਕ ਬੜੀ ਸੈਨਾ ਲੈ ਕੇ ਉਹ ਹਾਂਸੀ ਵਲ ਵੱਧਿਆ। ਹਾਂਸੀ ਉਤੇ ਅਧਿਆਰ ਕਰਕੇ ਉਸ ਨੇ ਉਥੇ ਤੋਂ ਖੂਬ ਧਨ ਲੁਟਿਆ। ਇਸ ਤੋਂ ਬਾਅਦ ਸੋਨੀਪਤ ਨੂੰ ਵੀ ਜਿੱਤ ਲਿਆ। ਇਹੋ ਜਿਹਿਆਂ ਜਿੱਤਾਂ ਪ੍ਰਾਪਤ ਕਰਕੇ ਮਸੂਦ ਬਹੁਤ ਸਾਰਾ ਲੁੱਟ ਦਾ ਮਾਲ ਲੈ ਕੇ ਗਜਨੀ ਚਲਾ ਗਿਆ।

ਗਜਨੀ ਤੋਂ ਮਸੂਦ ਦੀ. ਅਨੁਪਸਥਿਤੀ ਬਹੁਤ ਘਾਤਕ ਅਤੇ ਦੋਸ਼ਪੂਰਣ ਸਿੱਧ ਹੋਈ। ਕਿਉਂਕਿ ਪਿਛੇ ਤੋਂ ਸੈਲਜੁਕ ਤੁਰਕਾਂ ਨੇ ਉਸ ਦੀ ਰਾਜਧਾਨੀ ਤੇ ਧਾਵਾ ਬੋਲ ਦਿੱਤਾ ਅਤੇ ਇਸ ਦੇ ਰਾਜ ਦੇ ਕੁਝ ਹਿੱਸੇ ਨਸ਼ਟ ਕਰ ਦਿੱਤੇ। ਮਸੂਦ ਹੁਣ ਤੁਰਕਾਂ ਦੇ ਵਿਰੁਧ ਅੱਗੇ ਵੱਧਦਾ ਲੇਕਿਨ 24 ਮਾਰਚ 1040 ਈ. ਨੂੰ ਦੰਡਨਕਨ ਦੇ ਸਥਾਨ ਉਤੇ ਮਾਰ ਖਾਈ। ਹੁਣ ਬੇਬੈਸ ਹੋ ਕੇ ਮਸੂਦ ਨੂੰ ਭਾਰਤ ਵਲੋਂ ਹਟਣਾ ਪਿਆ। ਇਸ ਦਾ ਲਾਭ ਉਠਾ ਕੇ ਮੁਹੱਮਦ ਨੇ ਆਪਣੇ ਆਪ ਨੂੰ ਰਾਜਾ ਘੋਸ਼ਿਤ ਕਰ ਦਿੱਤਾ। ਮਸੂਦ ਨੂੰ ਬੰਦੀ ਬਣਾ ਲਿਆ ਗਿਆ ਅਤੇ 1041 ਈ. ਵਿਚ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮੁਹੱਮਦ ਨੇ ਕੁਝ ਦੇਰ ਰਾਜ ਕੀਤਾ। ਉਸ ਦੇ ਬਾਅਦ ਮਸੂਦ ਦੇ ਬੇਟੇ ਮਨਦੂਦ ਨੇ ਉਸ ਨੂੰ ਉਲਟ ਦਿੱਤਾ।

ਆਪਣੇ ਚਾਚਾ ਨੂੰ ਹਰਾ ਕੇ ਮਨਦੂਦ 1041 ਈ. ਵਿਚ ਸਿੰਘਾਸਨ ਉੱਤੇ ਬੈਠਾ ਅਤੇ ਉਸਨੇ 1049 ਤੱਕ ਸ਼ਾਸਨ ਕੀਤਾ। 1049 ਤੋਂ 1186 ਈ. ਤਕ ਗਜਨਵੀ ਵੰਸ਼ ਨੇ 12 ਰਾਜਾਵਾਂ ਨੇ ਪੰਜਾਬ ਅਤੇ ਗਜਨੀ ਤੇ ਸ਼ਾਸਨ ਕੀਤਾ। ਮੈਲਜੁਕ ਤੁਰਕਾਂ ਨੇ ਗਜਨਵੀਆਂ ਨੂੰ ਕਰਾਰੀ ਹਾਰ ਦਿੱਤੀ ਅਤੇ ਉਨ੍ਹਾਂ ਦੇ ਸ਼ਾਸਕ ਹਸਰਸਲਾਨ ਨੂੰ 1117 ਵਿਚ ਭਾਰਤ ਦੇ ਵੱਲ ਦੌੜਾ ਦਿੱਤਾ ਗਿਆ। ਅਗਲਾ ਗਜਨਵੀ ਸ਼ਾਸਕ ਬਹਰਾਮ ਸੈਲਜੁਕ ਦੇ ਹੱਕ ਦੀ ਕਠਪੁਤਲੀ ਬਣ ਗਿਆ। ਇਸ ਕਾਲ ਵਿਚ ਗਜਨਵੀ ਰਾਜਾ ਅਤੇ ਗੌਰ ਦੇ ਮਾਲਕਾਂ ਵਿਚ ਝਗੜਾ ਸ਼ੁਰੂ ਹੋ ਗਿਆ। ਇਹ ਗੌਰ ਗਜਨੀ ਅਤੇ ਹਿਰਾਤ ਦੇ ਵਿਚ ਇਕ ਛੋਟਾ ਜਿਹਾ ਪਹਾੜੀ ਰਾਜ ਸੀ। ਇਨ੍ਹਾਂ ਝਗੜਿਆ ਤੋਂ ਵਧਦੇ ਵਧਦੇ ਯੁੱਧ ਛਿੜ ਗਿਆ ਅਤੇ ਗਜਨਵੀ ਰਾਜ ਨੇ ਪੰਜਾਬ ਵਿਚ ਸਰਣ ਲਈ। ਗਜਨਵੀ ਵੰਸ਼ ਦੇ ਅੰਤਮ ਸ਼ਾਸਕ ਖੁਸਰੋ ਮਲਿਕ ਨੂੰ ਮੁਰਈ ਜੁੱਦੀਨ ਮੁਹੱਮਦ ਬਿਨ-ਸਾਸ ਨੇ ਜੋ ਸਾਹਬੁਦੀਨ ਗੌਰੀ ਦੇ ਨਾਮ ਨਾਲ ਪ੍ਰਸਿੱਧ ਸੀ, ਮਾਰ ਦਿੱਤਾ। ਇਸ ਤਰ੍ਹਾਂ ਬਾਰਵੀਂ ਸ਼ਤਾਬਦੀ ਦੇ ਅੰਤਿਮ ਚੌਥਾਈ ਵਿਚ ਗਜਨਵੀ ਵੰਸ਼ ਖਤਮ ਹੋ ਗਿਆ।

*ਟਾਸਕ* ਮਹਿਮੂਦ ਦੀ ਮੌਤ ਕਦੋਂ ਹੋਈ ਸੀ?

### 3.5.1 ਗਜਨਵੀ ਸਮਰਾਜ ਦੇ ਪਤਨ ਦੇ ਕਾਰਨ (Causes of the downfall of Ghazanavide Empire)

ਮਹਿਮੂਦ ਦੀ ਮੌਤ ਦੇ ਬਾਅਦ ਗਜਨਵੀ ਸਾਮਰਾਜ ਦੀ ਸ਼ਕਤੀ ਅਤੇ ਸਥਿਰਤਾ ਖਤਮ ਹੋ ਗਈ ਅਤੇ ਹੌਲੀ ਹੌਲੀ ਇਹ ਟੁੱਟਣ ਲਗੀ। ਇਸ ਸਾਮਰਾਜ ਦੇ ਪਤਨ ਦੇ ਕਾਰਨ ਭਿੰਨ-ਭਿੰਨ ਅਤੇ ਅਨੇਕ ਸੀ, ਜਿਨ੍ਹਾਂ ਇਸ ਪ੍ਰਕਾਰ ਗਿਣੀਆਂ ਜਾ ਸਕਦਾ ਹੈ-

*(i)* **ਮਹਿਮੂਦ ਦੀ ਸੈਨਿਕ ਤਾਨਾਸ਼ਾਹੀ** (Military dictatorship of Mahmud): ਮਹਿਮੂਦ ਨੇ ਇਕ ਮਜ਼ਬੂਤ ਸੈਨਿਕ ਤਾਨਾਸ਼ਾਹੀ ਸਥਾਪਤ ਕਰ ਰਖੀ ਸੀ। ਆਪਣੇ ਸੈਨਿਕ ਸ਼ਕਤੀ ਅਤੇ ਨਿੱਜੀ ਸੈਨਿਕ ਗੁਣਾਂ ਦੇ ਦੁਆਰਾ ਹੀ ਉਹ ਅਪਣੇ ਸਾਮਰਾਜਾ ਬਣਾ ਸਕੀਆ

ਅਤੇ ਉਸ ਨੂੰ ਬਣਾ ਕੇ ਰੱਖ ਸਕਿਆ। ਐਸੇ ਸਮਾਰਾਜ ਦੀ ਸ਼ਕਤੀ ਇਕ ਹੀ ਮਨੁੱਖ ਦੀ ਸ਼ਕਤੀ ਤੇ ਨਿਰਭਰ ਸੀ ਅਤੇ ਜਦੋਂ ਉਹ ਕਮਜ਼ੋਰ ਹੱਥਾਂ ਵਿਚ ਆਇਆ ਤਾਂ ਉਸ ਦਾ ਪਤਨ ਹੋ ਗਿਆ।

*(ii)* **ਮਹਿਮੂਦ ਕੋਈ ਮਹਾਨ ਪ੍ਰਸ਼ਾਸ਼ਨਕ ਅਤੇ ਰਚਨਾਤਮਕ ਦਿਮਾਗ ਦਾ ਨਹੀਂ ਸੀ** (Mahmud was not a great administrator and constructive genius) :ਲੇਨਪੂਲ ਦੇ ਅਨਸਾਰ, "ਮਹਿਮੂਦ ਕੋਈ ਰਚਨਾਤਮਕ ਦਿਮਾਗ ਦਾ ਵਿਅਕਤੀ ਨਹੀਂ ਸੀ। ਅਸੀਂ ਕਿਸੇ ਐਸੇ ਕਾਨੂੰਨ ਅਤੇ ਸੰਸਥਾ ਸ਼ਾਸਨ ਵਿਧੀ ਦੇ ਵਿਸ਼ੇ ਵਿਚ ਨਹੀਂ ਸੁਨਦੇ ਹੋ ਮਹਿਮੂਦ ਦੇ ਦਿਮਾਗ ਦੀ ਉਪਜ ਹੋਵੇ। ਉਸ ਨੇ ਆਪਣੇ ਵਿਸ਼ਾਲ ਰਾਜ ਵਿਚ ਕੇਵਲ ਬਾਹਾ ਵਿਵਸਥਾ ਅਤੇ ਸੁਰੱਖਿਆ ਬਣਾਏ ਰੱਖਣ ਦਾ ਕੰਮ ਕੀਤਾ ਅਤੇ ਉਸ ਦੀ ਯੋਜਨਾ ਵਿਚ ਆਪਣੇ ਰਾਜ ਨੂੰ ਸੰਗਠਿਤ ਅਤੇ ਦ੍ਰਿੜ ਬਨਾਏ ਦਾ ਕੋਈ ਸਥਾਨ ਨਹੀਂ ਸੀ।" ਉਸ ਨੇ ਇਕ ਚੰਗੇ ਪ੍ਰਸ਼ਾਸ਼ਨਕ ਢਾਂਚਾ ਸਥਾਪਿਤ ਕਰਨ ਲਈ ਕੁਝ ਵੀ ਨਹੀਂ ਕੀਤਾ ਅਤੇ ਇਸ ਪ੍ਰਕਾਰ ਉਹ ਇਕ ਠੋਸ ਅਤੇ ਸਥਾਈ ਸਾਮਰਾਜ ਸਥਾਪਤ ਕਰਨ ਵਿਚ ਅਸਫਲ ਹੋਈਆ।

*(iii)* **ਉੱਤਰਅਧਿਕਾਰੀ ਦੇ ਕਾਨੂੰਨ ਦਾ ਨ ਹੋਣਾ** (Absence of law of succession): ਇਸ ਗੱਲ ਨੇ ਵੀ ਗਜਨਵੀ ਸਾਮਰਾਜ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਕਿ ਉਸ ਦੇ ਅੰਦਰ ਉੱਤਰਅਧਿਕਾਰੀ ਦਾ ਕੋਈ ਕਾਨੂੰਨ ਨਹੀਂ ਸੀ। ਮਹਿਮੂਦ ਨੂੰ ਵੀ ਆਪਣੇ ਭਾਈ ਇਸਮਾਈਲ ਦੇ ਵਿਰੁਧ ਲੜਨਾ ਪਿਆ ਸੀ ਤਾਂ ਕਿ ਸਿੰਗਾਸਨ ਨੂੰ ਪ੍ਰਾਪਤ ਕਰ ਸਕੇ। ਮਹਿਮੂਦ ਦੀ ਮੌਤ ਦੇ ਬਾਅਦ ਉੱਤਰਅਧਿਕਾਰੀ ਦੇ ਲਈ ਲਗਾਤਾਰ ਝਗੜਾ ਹੋਇਆ। ਜਿਸ ਨਾਲ ਸਾਮਰਾਜ ਦੀ ਸਥਿਤੀ ਨੂੰ ਧੱਕਾ ਪਹੁੰਚਿਆ।

*(iv)* **ਮਹਿਮੂਦ ਦੇ ਉਤਰਅਧਿਕਾਰੀ ਕਮਜ਼ੋਰ ਅਤੇ ਵਿਸਾਲੀ ਸੀ :** ਮਹਿਮੂਦ ਦੇ ਉਤਰਅਧਿਕਾਰੀ-ਮਸੂਦ, ਮਹੱਮੂਦ, ਮਨਦੂਦ, ਬਿਹਰਾਮ ਆਦਿ-ਸਾਰੇ ਕਮਜ਼ੋਰ ਰਾਜੇ ਸੀ। ਇਕ ਜਾਂ ਦੋ ਰਾਜਿਆਂ ਨੂੰ ਛੱਡ ਕੇ ਬਾਕੀ ਸਭ ਦੇ ਵਿਚ ਮਹਿਮੂਦ ਦੇ ਗੁਣਾਂ ਦਾ ਅਭਾਵ ਸੀ। ਵਾਸਤਵ ਵਿਚ ਭਾਰੀ ਦੌਲਤ, ਜੋ ਮਹਿਮੂਦ ਭਾਰਤ ਤੋਂ ਲੈ ਕੇ ਆਇਆ ਸੀ, ਉਸ ਨੇ ਮਹਿਮੂਦ ਦੇ ਲੋਕਾਂ ਨੂੰ ਵਿਲਾਸੀ ਬਣਾ ਦਿੱਤਾ। ਜੋ ਅਪਣਾ ਸਾਰਾ ਸਮਾਂ ਆਲਸ ਅਤੇ ਕਾਮ ਵਿਚ ਬਤੀਤ ਕਰਦੇ। ਜੋ ਵਿਭਚਾਰੀ ਅਤੇ ਸ਼ਰਾਬੀ ਸੀ ਅਤੇ ਆਪਣੇ ਰਾਜਨਿਕ ਕਰਤੱਵ ਨੂੰ ਭੁੱਲ ਗਏ। ਇਹ ਉਨ੍ਹਾਂ ਦੀ ਕਮਜ਼ੋਰੀ ਅਤੇ ਕਰਤੱਵ ਦੇ ਪ੍ਰਤੀ ਲਾਪਰਵਾਹੀ ਸੀ ਜਿਸ ਦੇ ਕਾਰਨ ਗਜਨਵੀ ਸਮਰਾਜ ਨੂੰ ਆਪਣੇ ਪਤਨ ਦੇ ਦਿਨ ਦੇਖਣੇ ਪਏ।

*(v)* **ਸੈਲਜੂਕ ਤੁਰਕਾਂ ਦੀ ਸ਼ਕਤੀ ਨੂੰ ਵਧਾਉਣਾ** (Growing Power of the Suljuks): ਮਹਿਮੂਦ ਸਮਰਾਜ ਨੂੰ ਉਲਟਾ ਕਰਨ ਵਿਚ ਸੈਲਜੂਕ ਤੁਰਕਾਂ ਨੇ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਗਜਨਵੀ ਸ਼ਾਸਕਾਂ ਨੂੰ ਹਰਾਈਆ ਅਤੇ ਭਾਰਤ ਦੀ ਤਰਫ ਮਾਰ ਭਜਾਈਆ ਅਤੇ ਉਸ ਦੇਸ ਵਿਚ ਆਪਣੇ ਆ ਜਮਾਏ।

*(vi)* **ਗੋਰ ਵੰਸ਼ ਦਾ ਉਥਾਨ** (Rise of the Ghors): ਪ੍ਰੰਤੂ ਜਿਸ ਗੱਲ ਨੇ ਲੜਖੜਾਉਂਦੇ ਗਜਨਵੀ ਸਮਾਰਾਜ ਨੂੰ ਸੱਚਮੁਚ ਉਲਟਾਇਆ, ਉਹ ਸੀ ਸੁਆਜੁਦੀਨ ਬਿਨ-ਮਾਸ ਦੀ ਅਗਵਾਈ ਵਿਚ ਗੋਰ ਸ਼ਕਤੀ ਦਾ ਉਥਾਨ। ਇਸ ਵਿਅਕਤੀ ਨੇ ਤਾਂ ਅੰਤਿਮ ਗਜਨਵੀ ਰਾਜਾ ਸੁਖਰੋ ਮਲਿਕ ਨੂੰ ਹਰਾ ਕੇ ਮਾਰ ਦਿੱਤਾ। ਅਤੇ ਗਜਨਵੀ ਅਤੇ ਭਾਰਤ ਦੇ ਪ੍ਰਦੇਸ਼ਾਂ ਵਿਚ ਆਪਣਾ ਹੀ ਸ਼ਾਸਨ ਸਥਾਪਤ ਕਰ ਲਿਆ।

### 3.5.2. ਮਹਿਮੂਦ ਗੌਰੀ ਦੇ ਹਮਲੇ ਸਮੇਂ ਭਾਰਤ ਦੀ ਰਾਜਨਿਤਿਕ ਦਸ਼ਾ

ਸੁਲਤਾਨ ਗੌਰੀ ਦੇ ਆਕ੍ਰਮਣ ਦੇ ਸਮੇਂ ਭਾਰਤ ਦੀ ਰਾਜਨੈਤਿਕ ਦਸ਼ਾ ਵਿਜੈ ਦੇ ਸਵਾਹਿ ਹੋਰ ਕੋਈ ਪੱਕਾ ਪਰਿਣਾਮ ਨਹੀਂ ਕੱਢ ਸਕੇ। ਇਸ ਲਈ ਮਹਿਮੂਦ ਗੌਰੀ ਦੇ ਆਕ੍ਰਮਣ ਦੇ ਸਮੇਂ ਭਾਰਤ ਦੀ ਰਾਜਨੈਤਿਕ ਦਸ਼ਾ ਉਸ ਦਸ਼ਾ ਤੋਂ ਚੰਗੀ ਨਹੀਂ ਸੀ ਜਿਸ ਦਸ਼ਾ ਵਿਚ ਮਹਿਮੂਦ ਨੇ ਆਪਣੇ ਆਕ੍ਰਮਣਾਂ ਦੇ ਸਮੇਂ ਭਾਰਤ ਨੂੰ ਦੇਖਿਆ। ਸਾਰਾ ਦੇਸ਼ ਵੰਡਿਆ ਅਤੇ ਬਿਖਰਿਆ ਹੋਇਆ ਸੀ। ਐਸੇ ਬਹੁਤ ਸਾਰੇ ਰਾਜ ਸਨ ਜਿਨ੍ਹਾਂ ਵਿਚ ਆਪਸੀ ਇਰਖਾ ਦਵੇਸ਼ ਯੁੱਧ ਅਤੇ ਲੜਾਈ-ਝਗੜੇ ਹੁੰਦੇ ਰਹਿੰਦੇ ਸਨ। ਉਨ੍ਹਾਂ ਉੱਤੇ ਨਿਯੰਤਰਣ ਰੱਖਣ ਵਾਲਾ ਕੋਈ ਕੇਂਦਰੀ ਸੱਤਾ ਨਹੀਂ ਸੀ ਅਤੇ ਇਸ ਗੱਲ ਨੇ ਬਿਗੜੀ ਨੂੰ ਹੋ ਬਿਗਾੜ ਦਿੱਤਾ। ਪੰਜਾਬ, ਸਿੰਧ ਅਤੇ ਮੁਲਤਾਨ ਦੇ ਮੁਸਲਿਮ ਰਾਜ ਦਾ ਅੰਤਿਮ ਭਾਰਤ ਦੇ ਦੂਸਰੇ ਭਾਗਾਂ ਵਿਚ ਰਾਜਪੂਤ ਰਾਜ ਵੀ ਸੀ।

**(ਕ) ਮੁਸਲਿਮ ਰਾਜ (Muslim States)**

*(i)* **ਪੰਜਾਬ**: ਜਦ ਤੋਂ ਮਹਿਮੂਦ ਨੇ ਇਸ ਨੂੰ ਕਬਜਾਇਆ ਸੀ ਤਦੋਂ ਤੋਂ ਪੰਜਾਬ ਗਜਨਵੀ ਰਾਜ ਦਾ ਇਕ ਅੰਗ ਬਣਿਆ ਚਲਿਆ ਆ ਰਿਹਾ ਸੀ। ਇਹ ਉੱਤਰ-ਪੱਛਮ ਵਿਚ ਪੇਸ਼ਾਵਰ ਤਕ ਅਤੇ ਉੱਤਰ-ਪੂਰਬ ਵਿਚ ਜੰਮੂ ਤੱਕ ਫੈਲਿਆ ਹੋਇਆ ਸੀ। ਇਸ ਦੀ ਦੱਖਣੀ ਸੀਮਾਂ ਆਮ ਬਦਲਦੀ ਰਹਿੰਦੀ। ਹਾਂਸੀ ਅਤੇ ਬਠਿੰਡਾ ਜੋ ਕਦੇ ਪੰਜਾਬ ਦੇ ਅੰਗ ਸਨ, ਦੇਹਲੀ ਦੇ ਚੌਹਾਨਾਂ ਨੂੰ ਜਿੱਤ ਆਪਣੇ ਅਧਿਕਾਰ ਵਿਚ ਲੈ ਲਏ ਸਨ। ਗੌਰੀ ਦੇ ਆਕ੍ਰਮਣਦੇ ਸਮੇਂ ਖੁਸਰੋ ਮਲਿਕ ਪੰਜਾਬ ਦਾ ਸ਼ਾਸਕ ਸੀ। ਉਹ ਇਕ ਦੁਰਬਲ ਅਤੇ ਵਿਲਾਸੀ ਰਾਜਾ ਸੀ ਅਤੇ ਉਸ ਦੇ ਅਧੀਨ ਹੀ ਇਹ ਗਜਨਵੀ ਰਾਜ ਖੇਤਰ ਹੋਰ ਸ਼ਕਤੀ ਵਿਚ ਹੋ ਕੇ ਰਹਿ ਗਿਆ।

*(ii)* **ਸੁਲਤਾਨ ਅਤੇ ਸਿੰਧ**: ਮੁਲਤਾਨ ਅਤੇ ਸਿੰਧ ਜਿਨ੍ਹਾਂ ਨੂੰ ਮਹਿਮੂਦ ਨੇ ਜਿੱਤ ਲਿਆ ਸੀ, ਉਹ ਮੁਹੱਮਦ ਗੌਰੀ ਦੇ ਸਮੇਂ ਤੱਕਕ ਸਵਤੰਤਰ ਹੋ ਚੁੱਕੇ ਸਨ। ਸੁਲਤਾਨ ਕਰਮਿ ਬਿਅਨ ਵੰਸ਼ ਦੇ ਅਧੀਨ ਸੀ ਅਤੇ ਸਿੰਧ ਇਕ ਸਥਾਨਕ ਕਬੀਲੇ ਸੁਮਰੋ ਦੇ ਅਧੀਨ।

ਨੋਟ

### (ਖ) ਰਾਜਪੂਤ ਰਾਜ (Rajput Kingdoms)

***(i)* ਦੇਹਲੀ ਅਤੇ ਅਜਮੇਰ ਦਾ ਚੌਹਾਨ ਰਾਜ:** ਅਤਿਯਤ ਸ਼ਕਤੀਸ਼ਾਲੀ ਅਤੇ ਮਹੱਤਵਪੂਰਣ ਰਾਜਾਂ ਵਿਚੋਂ ਇਕ ਰਾਜ ਸੀ ਦੇਹਲੀ ਅਤੇ ਅਜਮੇਰ ਦਾ ਚੌਹਾਨ ਰਾਜ। ਇਹ ਪ੍ਰਿਥਵੀ ਰਾਜ ਚੌਹਾਨ ਦੇ ਅਧੀਨ ਸੀ ਜੋ ਲੋਕਾਂ ਵਿਚ ਰਾਇ ਪਿਥੌਰਾ ਦੇ ਨਾਂਮ ਨਾਲ ਪ੍ਰਸਿੱਧ ਸੀ, ਉਹ ਇਕ ਲੜਾਕਾ ਅਤੇ ਸੁਰਵੀਰ ਸੀ ਅਤੇ ਉਸ ਨੇ ਸੁਰਵੀਰਤਾ ਦੇ ਕੰਮਾਂ ਵਿਚ ਬੜੀ ਅਹਮਿਅਤ ਪ੍ਰਾਪਤ ਕਰ ਰੱਖੀ ਸੀ। ਉਹ ਪੜੌਸੀ ਰਾਜ ਲਈ ਆਂਤਕ ਬਣ ਗਿਆ ਸੀ ਅਤੇ ਉਸ ਦਾ ਦੇਹਲੀ ਅਮੇਰ ਆਧੁਨਿਕ ਰੁਹੇਲਖੰਡ, ਕਾਲਿਜਰ, ਕਾਲਪੀ, ਮਹੋਬਾ ਆਦਿ ਨਗਰਾਂ ਉੱਤੇ ਫੈਲਿਆ ਹੋਇਆ ਸੀ। ਉਸ ਨੇ ਕਈ ਵਾਰ ਪੰਜਾਬ ਦੇ ਗਜਨਵੀ ਸ਼ਾਸਕ ਤੇ ਆਕ੍ਰਮਣ ਕੀਤਾ ਅਤੇ ਬਠਿੰਡਾ ਤੇ ਅਧਿਕਾਰ ਕਰ ਚੁੱਕਿਆ ਸੀ। ਲੇਕਿਨ ਮਾੜੀ ਕਿਸਮਤ ਉਸ ਦੇ ਸਬੰਧ ਗਵਾਢੀ ਰਾਜ ਖਾਸ ਕਰਕੇ ਕਨੌਜ ਨਾਲ ਚੰਗੇ ਨਹੀਂ ਸਨ।

***(ii)* ਕਨੌਜ ਦੇ ਗਹਦੁਆਰ ਅਤੇ ਰਾਠੌਰ:** ਕਨੌਜ ਦਾ ਰਾਜ ਬਹੁਤ ਦੇਰ ਤੋਂ ਭਾਰਤ ਦਾ ਇਕ ਮਹਾਨ ਰਾਜ ਚਲਿਆ ਆ ਰਿਹਾ ਸੀ। ਮੁਹੱਮਦ ਗੌਰੀ ਦੇ ਆਕ੍ਰਮਣਾਂ ਦੇ ਸਮੇਂ ਗਹਦੁਆਰ ਅਤੇ ਰਾਠੌਰ ਲੋਕ ਕਨੌਜ ਉੱਤੇ ਸ਼ਾਸਨ ਕਰਦੇ ਸਨ। ਇਸ ਰਾਜ ਵਿਚ ਕਾਂਸੀ, ਬਨਾਰਸ, ਇਲਾਹਾਬਾਦ, ਕਨੌਜ ਅਤੇ ਆਧੁਨਿਕ ਅਵਧ ਸ਼ਾਮਲ ਸਨ ਜੈਸਚੰਦਰ ਇਸ ਦਾ ਸ਼ਾਸਕ ਸੀ। ਉਸ ਦੀ ਦੇਹਲੀ ਅਤੇ ਅਜਮੇਰ ਦੇ ਪ੍ਰਿਥਵੀ ਰਾਜ ਚੌਹਾਨ ਨਾਲ ਆਮ ਲੜਾਈ ਹੁੰਦੀ ਰਹਿੰਦੀ ਸੀ। ਪ੍ਰਿਥਵੀ ਰਾਜ ਜੈਸ ਚੰਦਰ ਦੀ ਬੇਟੀ ਸੰਯੁਕਤਾ ਨੂੰ ਲੈ ਉੱਡਾ ਸੀ। ਰਾਠੌਰਾਂ ਅਤੇ ਚੌਹਾਨਾਂ ਦੀ ਦੁਸ਼ਮਣੀ ਤਾਂ ਇਕ ਕਹਾਵਤ ਬਣ ਗਈ ਸੀ।

***(iii)* ਗੁਜਰਾਤ ਅਤੇ ਅਨਿਹਲਵਾੜ ਦਾ ਚਾਲੁਕਅ ਰਾਜ:** ਭਾਰਤ ਦੇ ਪੱਛਮੀ ਭਾਗਾਂ ਵਿਚ ਸਭ ਤੋਂ ਪ੍ਰਸਿੱਧ ਰਾਜ ਚਾਲੁਕਿਆ ਰਾਜ ਸੀ ਜੋ ਚੌਹਾਨ ਰਾਜ ਨਾਲ ਆਮ ਟਕਰਾਉਂਦਾ ਰਹਿੰਦਾ। ਕਦੇ ਇਹ ਇਕ ਬੜਾ ਸ਼ਕਤੀਸ਼ਾਲੀ ਰਾਜ ਸੀ ਲੇਕਿਨ ਹੁਣ ਘਟ ਕੇ ਕਾਫੀ ਛੋਟਾ ਰਹਿ ਗਿਆ ਸੀ। ਮਾਲਵਾ ਅਤੇ ਚਿਤੌੜ ਆਦਿ ਇਸ ਤੋਂ ਅਲੱਗ ਹੋ ਗਏ ਸਨ। ਚਾਲੁਕਿਆਂ ਦੇ ਪਾਸ ਕੇਵਲ ਗੁਜਰਾਤ ਅਤੇ ਕਾਠਿਆਵਾੜ ਦੇ ਪ੍ਰਦੇਸ਼ ਰਹਿ ਗਏ ਸਨ। ਮੁਹੱਮਦ ਗੌਰੀ ਦੇ ਆਕ੍ਰਮਣ ਦੇ ਸਮੇਂ ਭੀਮਦੇਵ ਇਸ ਦਾ ਸ਼ਕਤੀਸ਼ਾਲੀ ਰਾਜਾ ਸੀ। ਜਦੋਂ ਮੁਹੱਮਦ ਗੌਰੀ ਨੇ ਉਸ ਦੇ ਰਾਜ ਉੱਤੇ ਆਕ੍ਰਮਣ ਕੀਤਾ ਤਾਂ ਉਸ ਨੇ ਉਸੇ ਕਰਾਰੀ ਹਾਰ ਦਿੱਤੀ।

***(iv)* ਬੁਦੇਲਖੰਡ ਦਾ ਚਦੇਲਾ ਰਾਜ:** ਬੁਦੇਲਖੰਡ ਕਦੇ ਕਨੌਜ ਦਾ ਇਕ ਹਿੱਸਾ ਸੀ ਲੇਕਿਨ ਹੁਣ ਚੰਦੇਲਾਂ ਦੇ ਅਧੀਨ ਇਕ ਸਵਤੰਤਰ ਰਾਜ ਬਣ ਗਿਆ ਸੀ। ਬਾਰ੍ਹਵੀਂ ਸਤਾਬਦੀ ਦੇ ਅੰਤਿਮ ਚੌਥਾਈ ਵਿਚ ਪਰਮਦੀ ਦੇਵ ਇਸ ਦਾ ਸ਼ਾਸਕ ਸੀ। ਪ੍ਰਿਥਵੀ ਰਾਜ ਚੌਹਾਨ ਨੇ ਇਸ ਨੂੰ ਹਰਾ ਕੇ ਆਪਣਾ ਕੁਝ ਪ੍ਰਦੇਸ਼ ਹਵਾਲੇ ਕਰ ਦੇਣ ਲਈ ਮਜ਼ਬੂਰ ਕਰ ਦਿੱਤਾ ਸੀ। ਚੰਦੇਲ ਰਾਜ ਵਿਚ ਮਾਲਵਾ, ਕਾਲਿਜਰ, ਅਜੈਯਗੜ੍ਹ ਅਤੇ ਝਾਂਸੀ ਸ਼ਾਮਲ ਸਨ।

***(v)* ਬਿਹਾਰ ਦਾ ਪਾਲ ਰਾਜ:** ਬਹੁਤ ਦੇਰ ਤੋਂ ਬਿਹਾਰ ਅਤੇ ਬੰਗਾਲ ਉੱਤੇ ਪਾਲ ਵੰਸ਼ ਦਾ ਰਾਜ ਰਿਹਾ ਸੀ ਲੇਕਿਨ ਕੁਮਾਰ ਪਾਲ *(1126–1130 ਈ.)* ਅਤੇ ਮਦਨ ਪਾਲ *(1130–1150 ਈ.)* ਜਿਹੇ ਦੁਰਬਲ ਸ਼ਾਸਕਾਂ ਦੇ ਕਾਰਣ ਇਹ ਰਾਜ ਘੱਟ ਕੇ ਬਹੁਤ ਛੋਟਾ ਰਹਿ ਗਿਆ ਸੀ। ਸਾਰਾ ਬੰਗਾਲ ਅਤੇ ਬਿਹਾਰ ਦੇ ਬਹੁਤ ਸਾਰੇ ਭਾਗ ਸਵਤੰਤਰ ਹੋ ਗਏ ਸਨ। ਇੱਥੇ ਤਕ ਕਿ ਪਾਲ ਵੰਸ਼ ਦਾ ਸ਼ਾਸਨ ਬਿਹਾਰ ਦੇ ਕੁਝ ਹੀ ਭਾਗਾਂ ਤਕ ਸੀਮਿਤ ਹੋ ਕੇ ਰਹਿ ਗਿਆ ਸੀ।

***(vi)* ਬੰਗਾਲ ਦਾ ਸੇਨ ਰਾਜ:** ਪਾਲ ਵੰਸ਼ੀ ਸ਼ਾਸਕਾਂ ਦੀ ਕਮਜ਼ੋਰੀ ਦੇ ਕਾਰਣ ਦੱਖਣ ਸੇਨ ਵੰਸ਼ ਨੇ ਬੰਗਾਲ ਵਿਚ ਆਪਣਾ ਅਲੱਗ ਸ਼ਾਸਨ ਸਥਾਪਿਤ ਕਰ ਲਿਆ। ਵਿਜੈ ਸੇਨ ਇਸ ਵੰਸ਼ ਦਾ ਇਕ ਬਹੁਤ ਹੀ ਸ਼ਕਤੀ ਸ਼ਾਲੀ ਸ਼ਾਸਕ ਸੀ ਜੋ ਕਾਲਿਜਰ, ਕਲਿਗ ਅਤੇ ਦੱਖਣੀ ਬੰਗਾਲ ਦੇ ਸ਼ਾਸਕਾਂ ਨਾਲ ਸਿਰਫ ਲੜਦਾ ਰਹਿੰਦਾ। ਮੁਹੰਮਦ ਗੌਰੀ ਦੇ ਹਮਲੇ ਦੇ ਸਮੇਂ ਲਕਸ਼ਮਣਸੇਨ ਇੱਥੇ ਦਾ ਸ਼ਾਸਕ ਸੀ।

ਇਸ ਪ੍ਰਕਾਰ ਮੁਹੱਮਦ ਗੌਰੀ ਦੇ ਆਕ੍ਰਮਣ ਦੇ ਸਮੇਂ ਭਾਰਤ ਵੰਡ ਅਤੇ ਫੂਟ ਦਾ ਸ਼ਿਕਾਰ ਸੀ। ਇੱਥੇ ਕਈ ਰਾਜਪੂਤ ਰਾਜਾ ਸਨ ਜਿਹੜੇ ਇਕ ਦੂਜੇ ਦੇ ਸਤਰੂ ਸਨ ਅਤੇ ਇਕ ਦੂਸਰੇ ਤੋਂ ਬਹੁਤ ਇਰਖਾ ਕਰਦੇ ਸਨ। ਉਹ ਆਪਸ ਵਿਚ ਲੜਕੇ ਰਹਿੰਦੇ ਅਤੇ ਪੰਜਾਬ, ਸਿੰਧ ਅਤੇ ਮੁਲਤਾਨ ਦੇ ਮੁਸਲਿਮ ਪ੍ਰਦੇਸਾਂ ਵੱਲ ਧਿਆਨ ਨਾ ਦਿੰਦੇ। ਐਸੀ ਹਾਲਤ ਵਿਚ ਭਾਰਤ ਨੂੰ ਜਿੱਤ ਲੈਣਾ ਅਤੇ ਇੱਕੇ ਇਕ ਮੁਸਲਿਮ ਸਾਮਰਾਜ ਖੜਾ ਕਰ ਲੈਣਾ ਮੁਹੱਮਦ ਗੌਰੀ ਨੂੰ ਬਹੁਤ ਆਸਾਲ ਦਿਖਾਈ ਦਿੱਤਾ।

### ਸਵ-ਮੁਲਾਂਕਣ (Self Assessment)

5. ਖਾਲੀ ਥਾਵਾਂ ਭਰੋ (Fill in the blanks):
   (i) ਮੁਹੱਮਦ ਦੀ ਮ੍ਰਿਤੂ ........... ਵਿਚ ਹੋਈ।
   (ii) ਮੁਹੱਮਦ ਦੇ ਦੋ ਬੇਟੇ ਮਸੂਦ ਅਤੇ ............ ਸਨ।
   (iii) ਅਕਤੂਬਰ .......... ਵਿਚ ਮਸੂਦ ਨੇ ਭਾਰਤ ਉੱਤੇ ਚੜ੍ਹਾਈ ਕੀਤੀ।
   (iv) ਸੁਆਜਦੀਨ ਬਿਨ-ਸਾਮ ਦੇ ਨੇਤਰਤਵ ਵਿਚ .......... ਸ਼ਕਤੀ ਦਾ ਉਦੈ ਹੋਇਆ।
   (v) ਗੌਰੀ ਦੇ ਆਕ੍ਰਮਣ ਦੇ ਸਮੇਂ ਲਕਸ਼ਮਣ ਸੇਨ ................ ਦਾ ਸ਼ਾਸਕ ਸੀ।

ਨੋਟ

## 3.6 ਮੁਹੱਮਦ ਗੌਰੀ ਦੀ ਭਾਰਤ ਉੱਤੇ ਵਿਜੈ (India Conquest of Muhammad Ghori)

ਸ਼ਹਾਬੁਦੀਨ ਗੌਰੀ ਜੋ 1173 ਈ. ਵਿਚ ਗਜਨੀ ਦਾ ਸ਼ਾਸਕ ਬਣਿਆ, ਇਕ ਬਹੁਤ ਹੀ ਮਹੱਤਵਕਾਂਸ਼ਾ ਵਾਲਾ ਰਾਜਾ ਸੀ ਜਿਸ ਦੇ ਅੰਦਰ ਵਿਜੈ ਅਤੇ ਸ਼ਕਤੀ ਦੀ ਲਾਲਸਾ ਕੁੱਟ ਕੁੱਟ ਕੇ ਭਰੀ ਸੀ। ਆਪਣੇ ਆਪ ਨੂੰ ਗਜਨੀ ਵਿਚ ਸੁਰੱਖਿਅਤ ਬਣਾ ਕੇ ਉਸ ਨੇ ਹਿੰਦੁਸਤਾਨ ਜਿੱਤਣ ਦਾ ਕੰਮ ਆਪਣੇ ਹੱਥ ਵਿਚ ਲੈ ਲਿਆ ਅਤੇ ਕਈ ਵਾਰ ਹਾਰ ਖਾ ਕੇ ਵੀ ਉਹ ਭਾਰਤ ਦੇ ਬਹੁਤ ਸਾਰੀ ਭੂਮੀ ਉੱਤੇ ਅਧਿਕਾਰ ਕਰਨ ਵਿਚ ਸਫਲ ਹੋ ਗਿਆ।

**ਮੁਲਤਾਨ ਅਤੇ ਉੱਛ ਦੀ ਵਿਜੈ** (1175–76 ਈ.) (Conquest of Multan and Uchh): ਮੁਹੱਮਦ ਗੌਰੀ ਦਾ ਪਹਿਲਾ ਆਕ੍ਰਮਣ 1175 ਈ. ਵਿਚ ਮੁਲਤਾਨ ਦੇ ਵਿਰੁਧ ਹੋਇਆ ਜਿਸ ਉੱਤੇ ਉਸ ਸਮੇਂ ਕਰਮਿਥਿਅਨ ਲੋਕਾਂ ਦਾ ਸ਼ਾਸਨ ਸੀ। ਆਕ੍ਰਮਣਕਾਰੀ ਨੇ ਉਨ੍ਹਾਂ ਨੂੰ ਹਾਰ ਦਿੱਤੀ, ਮੁਲਤਾਨ ਨਗਰ ਤੇ ਅਧਿਕਾਰ ਕਰ ਲਿਆ ਅਤੇ ਆਪਣੀ ਹੀ ਪਰੰਪਰਾਗਤ ਰਾਜਪਾਲ ਨੂੰ ਨਿਯੁਕਤ ਕਰ ਦਿੱਤਾ।

ਮੁਲਤਾਨ ਤੋਂ ਮੁਹੱਮਦ ਉੱਛ ਵੱਲ ਵਧਈਆਂ। ਕਹਿੰਦੇ ਹਨ ਕਿ ਇੱਕੇ ਉਸ ਨੇ ਇਕ ਚਾਲ ਚੱਲੀ। ਉਸ ਨੇ ਉੱਛ ਦੇ ਭੱਟੀ ਰਾਜਾ ਦੀ ਪਤਨੀ ਨਾਲ ਸਾਜ਼ਿਸ ਰਚੀ ਕਿ ਉਹ ਅਪਣੇ ਪਤੀ ਨੂੰ ਮਾਰ ਦੇਵੇ ਅਤੇ ਮੁਹੱਮਦ ਉਸ ਦੀ ਲੜਕੀ ਨੂੰ ਆਪਣੇ ਪੁਰ ਵਿਚ ਸ਼ਾਮਲ ਕਰ ਲਏਗਾ ਅਤੇ ਉਸ ਨੂੰ ਉੱਚੀ ਤੋਂ ਉੱਚੀ ਪਦਵੀ ਪ੍ਰਦਾਨ ਕਰੇਗਾ। ਭੱਟੀ ਰਾਜਾ ਦੀ ਪਤਨੀ ਨੇ ਉਸੇ ਤਰ੍ਹਾਂ ਹੀ ਕੀਤਾ ਲੇਕਿਨ ਮੁਹੱਮਦ ਆਪਣੇ ਬਚਨ ਤੋਂ ਫਿਰ ਗਿਆ। ਅੱਜਕਲ ਦੀ ਛਾਣਬੀਨ ਨੇ ਇਸ ਕਹਾਣੀ ਨੂੰ ਝੂਠਾ ਸਾਬਿਤ ਕਰ ਦਿੱਤਾ। ਇਹ ਦਸਿਆ ਜਾਂਦਾ ਹੈ ਕਿ ਉੱਛ ਤੇ ਪੱਟੀ ਰਾਜਾ ਦਾ ਸ਼ਾਸਨ ਹੋਇਆ ਹੀ ਨਹੀਂ ਸੀ ਅਤੇ ਇਹ ਜ਼ਰੂਰੀ ਕਿ ਕਰਮਿਥਿਆਨ ਮੁਸਲਮਾਨ ਦੇ ਰਾਜ ਦੇ ਸਮੇਂ ਹੋਇਆ ਹੋਵੇਗਾ। ਕੁਝ ਵੀ ਹੋਵੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਹੱਮਦ ਨੇ 1176 ਈ. ਵਿਚ ਉੱਛ ਉੱਤੇ ਅਧਿਕਾਰ ਕਰ ਲਿਆ।

**ਅਨਹਿਲਵਾੜਾ ਤੇ ਚੜ੍ਹਾਈ ਅਤੇ ਗੌਰੀ ਦੀ ਹਾਰ** (Expedition against Annhilwara-Defeat of Ghori): 1178 ਈ. ਵਿਚ ਮੁਹੱਮਦ ਨੇ ਅਨਹਿਲਵਾੜਾ ਉੱਤੇ ਚੜ੍ਹਾਈ ਕਰ ਦਿੱਤੀ। ਅਨਹਿਲਵਾੜਾ ਦੇ ਸ਼ਕਤੀਸ਼ਾਲੀ ਰਾਜ ਭੀਮ ਦੇਵ ਨੇ ਆਕ੍ਰਮਣ ਕਾਰੀ ਗੌਰੀ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਉਸ ਨੂੰ ਕਰਾਰੀ ਹਾਰ ਦਿੱਤੀ। ਇਸ ਹਾਰ ਤੋਂ ਗੌਰੀ ਨੂੰ ਇਤਨੀ ਨਿਰਾਸ਼ਾ ਹੋਈ ਕਿ 20 ਸਾਲ ਤਕ ਉਸ ਨੇ ਗੁਜਰਾਤ ਉੱਤੇ ਆਕ੍ਰਮਣ ਕਰ ਦਾ ਸਾਹਸ ਨਹੀਂ ਕੀਤਾ।

ਪੰਜਾਬ ਤੇ ਚੜ੍ਹਾਈ:(1179-86 ਈ.) (Conquest of the Punjab): ਮੁਹੱਮਦ ਨੇ ਹੁਣ ਪੰਜਾਬ ਉੱਤੇ ਚੜ੍ਹਾਈ ਕਰਨ ਦੀ ਸੋਚੀ ਕਿਉਂਕਿ ਹੁਣ ਉਸੇ ਨੇ ਅਨੁਭਵ ਕੀਤਾ ਕਿ ਸਿੰਧ ਅਤੇ ਮੁਲਤਾਨ ਵਲੋਂ ਭਾਰਤ ਉੱਤੇ ਚੜ੍ਹਾਈ ਕਰਨਾ ਆਸਾਨ ਨਹੀਂ ਹੈ ਅਤੇ ਭਾਰਤ ਵਲੋਂ ਜਾਣ ਲਈ ਠੀਕ ਦੁਆਰ ਪੰਜਾਬ ਹੀ ਹੈ। 1179 ਈ. ਵਿਚ ਉਸ ਨੇ ਪੇਸ਼ਾਵਰ ਉੱਤੇ ਆਕ੍ਰਮਣ ਕੀਤਾ ਅਤੇ ਉਸ ਉੱਤੇ ਅਧਿਕਾਰ ਕਰ ਲਿਆ। 1185 ਈ. ਵਿਚ ਉਸ ਨੇ ਫਿਰ ਪੰਜਾਬ ਉੱਤੇ ਚੜ੍ਹਾਈ ਕੀਤੀ ਅਤੇ ਸਿਆਲਕੋਟ ਦੇ ਕਿਲ੍ਹੇ ਉੱਤੇ ਅਧਿਕਾਰ ਕਰ ਲਿਆ। ਪੰਜਾਬ ਦੇ ਗਜਨਵੀ ਸ਼ਾਸਕ ਖੁਸਰੋ ਮਲਿਕ ਨੇ ਹੁਣ ਇਸ ਗੌਰੀ ਆਕ੍ਰਮਣਕਾਰੀ ਨਾਲ ਲੜਾਈ ਦੀ ਤਿਆਰਿਆਂ ਸ਼ੁਰੂ ਕਰ ਦਿੱਤੀਆਂ। 1186 ਈ. ਵਿਚ ਮੁਹੱਮਦ ਗੌਰੀ ਨੇ ਜੰਮੂ ਅਤੇ ਚਕਰਦੇਵ ਦੀ ਸਹਾਇਤਾ ਨਾਲ ਜੋ ਸਹਾਇਤਾ ਨਾਲ ਜੋ ਖੁਸਰੋ ਮਲਿਕ ਦਾ ਸਤਰੂ ਸੀ ਫਿਰ ਪੰਜਾਬ ਉੱਤੇ ਚੜ੍ਹਾਈ ਕੀਤੀ ਅਤੇ ਲਾਹੌਰ ਨੂੰ ਘੇਰ ਲਿਆ ਲੇਕਿਨ ਅਧਿਕਾਰ ਨਾ ਕਰ ਸਕਿਆ। ਹੁਣ ਉਸ ਨੇ ਇਕ ਚਾਲ ਚਲੀ ਉਸ ਨੇ ਖੁਸਰੋ ਮਲਿਕ ਨੂੰ ਮਨਾਇਆ ਕਿ ਮੇਰੇ ਨਾਲ ਆ ਕੇ ਭੇਂਟ ਕਰੋ ਅਤੇ ਬਚਨ ਦਿੱਤਾ ਕਿ ਤੁਹਾਡੀ ਜਾਨ ਨੂੰ ਕੋਈ ਖਤਰਾ ਨਹੀਂ ਹੈ। ਲੇਕਿਨ ਜਦੋਂ ਭੇਂਟ ਹੋਈ ਤਾਂ ਮੁਹੱਮਦ ਗੌਰੀ ਨੇ ਆਪਣਾ ਬਚਨ ਤੋੜ ਕੇ ਗਜਨਵੀ ਸ਼ਾਸਕ ਨੂੰ ਬੰਦੀ ਬਣਾ ਲਿਆ। ਉਸ ਨੂੰ ਗਜਿਸਤਾਨ ਜਿਥੇ ਉਸ ਨੇ 1192 ਈ. ਵਿਚ ਮਾਰ ਦਿੱਤਾ। ਲਾਹੌਰ ਤੇ ਅਧਿਕਾਰ ਕਰ ਲੈਣ ਤੋਂ ਬਾਅਦ ਮੁਹੰਮਦ ਅੱਗੇ ਵੱਧਈਆਂ। ਫਿਰ ਉਸ ਨੇ ਆਸਾਨੀ ਨਾਲ ਸਿੰਧ ਅਤੇ ਬਠਿੰਡਾ ਉੱਤੇ ਅਧਿਕਾਰ ਕਰ ਲਿਆ। ਇਸ ਪ੍ਰਕਾਰ ਪੰਜਾਬ ਦਾ ਬਹੁਤ ਸਾਰਾ ਭਾਗ ਗੌਰੀ ਸਰਦਾਰ ਦੇ ਸ਼ਾਸਨ ਵਿਚ ਆ ਗਿਆ।

*ਟਾਸਕ* ਗੌਰੀ ਦਾ ਪੂਰਾ ਨਾਮ ਕੀ ਸੀ?

### 3.6.1 ਤਰਾਯਣ ਦੀ ਲੜਾਈ (1191 ਈ.)

**ਮੁਹੱਮਦ ਗੌਰੀ ਦੀ ਹਾਰ** (Defeat of Mohammad Gohri): ਮੁਹੱਮਦ ਗੌਰੀ ਦੀ ਤੀਬਰ ਗਤੀ ਦੀ ਉੱਨਤੀ ਅਤੇ ਸਫਲਤਾ ਨੇ ਦੇਹਲੀ ਅਤੇ ਅਜਮੇਰ ਦੇ ਪ੍ਰਿਥਵੀ ਰਾਜ ਚੌਹਾਨ ਨੂੰ ਚੌਂਕਾ ਦਿੱਤਾ। ਉਸ ਨੇ ਦੋ ਲੱਗ ਘੋੜ-ਸਵਾਰ ਅਤੇ ਤੀਹ ਹਜ਼ਾਰ ਹਾਥੀ ਸਵਾਰਾਂ ਦੀ ਇਕ ਭਾਰੀ ਸੈਨਾ ਜੁਟਾਈ ਤਾਂ ਕਿ ਵਿਦੇਸ਼ੀਆਂ ਨਾਲ ਮੁਕਾਬਲਾ ਕਰ ਸਕੇ। ਮੁਹੱਮਦ ਗੌਰੀ ਵੀ ਇਕ ਭਾਰੀ ਸੈਨਾ ਲੈ ਕੇ ਆਇਆ ਤਾਂ ਕਿ ਚੌਹਾਨਾਂ ਦੀ ਸ਼ਕਤੀ ਨੂੰ ਕੁਚਲ ਸਕੇ। ਥਾਨੇਸਰ ਤੋਂ 14 ਮੀਲ ਦੂਰ ਇਕ ਪਿੰਡ ਤਰਾਖਣ ਉੱਤੇ 1191 ਈ.

ਨੋਟ

ਵਿਚ ਦੋਵੇਂ ਸੈਨਾਵਾਂ ਆਪਸ ਵਿਚ ਟਕਰਾਈਆਂ। ਇਸ ਲੜਾਈ ਵਿਚ ਜਿਸ ਨੂੰ ਤਰਾਯਣ ਦੀ ਪਹਿਲੀ ਲੜਾਈ ਕਹਿੰਦੇ ਹਨ ਦੋਵੇਂ ਪੱਖ ਬੜੀ ਵੀਰਤਾ ਨਾਲ ਲੜੇ ਸੁਲਤਾਨ ਨੇ ਸੱਜੇ ਖੱਬੇ ਅਤੇ ਕੇਂਦਰ ਦੀ ਚੰਗੀ-ਸਥਾਪਤ ਕਾਰਜ ਨੀਤੀ ਦੀ ਨਕਲ ਕੀਤੀ ਅਤੇ ਖੁਦ ਸੈਨਾਂ ਦੇ ਕੇਂਦਰ ਦੀ ਸਥਿਤੀ ਸੰਭਾਲੀ। ਗੌਰੀ ਸਰਦਾਰ ਨੇ ਪ੍ਰਿਥਵੀ ਰਾਜ ਦੇ ਭਰਾ ਗੋਵਿੰਦ ਰਾਇ ਉੱਤੇ ਜਾਲ ਤੋੜ ਆਕ੍ਰਮਣ ਕੀਤਾ ਅਤੇ ਉਸ ਦੇ ਦੋ ਦੰਦ ਤੋੜ ਦਿੱਤੇ। ਗੋਬਿੰਦ ਰਾਇ ਨੇ ਕ੍ਰੋਧ ਵਿਚ ਆ ਕੇ ਮੁਹੱਮਦ ਗੌਰੀ ਉੱਤੇ ਹਮਲਾ ਬੋਲ ਦਿੱਤਾ ਅਤੇ ਉਸ ਨੂੰ ਬੁਰੀ ਤਰ੍ਹਾਂ ਜਖ਼ਮੀ ਕਰ ਦਿੱਤਾ। ਠੀਕ ਉਸੇ ਸਮੇਂ ਮੁਹੱਮਦ ਗੌਰੀ ਦਾ ਇਕ ਖਿਲਜੀ ਸੈਨਿਕ ਉਸ ਨੂੰ ਯੁੱਧ ਭੂਮੀ ਤੋਂ ਉਠਾਕੇ ਲੈ ਗਿਆ ਨਹੀਂ ਤਾਂ ਉਹ ਮਾਰਿਆ ਜਾਂਦਾ। ਇਸ ਦੁਰਘਟਨਾ ਨੇ ਮੁਸਲਮਾਨ ਸੈਨਿਕਾਂ ਵਿਚ ਬੜਾ ਆਤੰਕ ਫੈਲਾ ਦਿੱਤਾ। ਇਸ ਪ੍ਰਕਾਰ ਉਹ ਹਾਰ ਗਏ ਅਤੇ ਉਨ੍ਹਾਂ ਨੂੰ ਆਪਣੇ ਦੇਸ਼ ਵਾਸਪ ਭੇਜ ਦਿੱਤਾ ਗਿਆ। ਮੁਹੱਮਦ ਬੜਾ ਸ਼ਰਮਿੰਦਾ ਅਤੇ ਨਿਰਾਸ਼ ਹੋਇਆ। ਇੱਥੇ ਤਕ ਕਿ ਜਦੋਂ ਉਹ ਗਜਨੀ ਨੂੰ ਗਿਆ ਤਾਂ ਉਹ ਕਦੀ ਸੁਖ ਨਾਲ ਅਤੇ ਸਦਾ ਹੀ ਦੁਖ ਅਤੇ ਚਿੰਤਾ ਵਿਚ ਡੁੱਬਿਆ ਰਿਹਾ। ਉਸ ਨੇ ਉਨ੍ਹਾਂ ਸਭਾਂ ਅਧਿਕਾਰੀਆਂ ਦਾ ਖੁਲੇਆਮ ਅਪਮਾਨ ਕੀਤਾ, ਜਿਹੜੇ ਯੁੱਧ-ਭੂਮੀ ਤੋਂ ਨੱਠ ਖਲੋਤੇ।

### 3.6.2 ਤਰਾਯਿਣ ਦੀ ਦੂਸਰੀ ਲੜਾਈ (1192 ਈ.)

**ਪ੍ਰਿਥਵੀ ਰਾਜ ਚੌਹਾਨ ਦੀ ਹਾਰ** (Defeat of Prithvi Raj Chauhan) ਅਪਣੀ ਹਾਰ ਦਾ ਬਦਲਾ ਲੈਣ ਦੀ ਖਾਤਰ ਬੜੀ ਤਿਆਰੀ ਕਰਕੇ ਮੁਹੱਮਦ ਨੇ 1192 ਈ. ਵਿਚ ਫਿਰ ਭਾਰਤ ਉੱਤੇ ਹਮਲਾ ਕੀਤਾ। ਉਸ ਦੇ ਕੋਲ ਇਕ ਲੱਖ ਵੀਹ ਹਜ਼ਾਰ ਘੋੜ ਸਵਾਰ ਸਨ ਅਤੇ ਉਸ ਨੇ ਤਰਾਯਿਣ ਦੇ ਨੇੜੇ ਡੇਰਾ ਲਗਾਇਆ। ਪ੍ਰਿਥਵੀ ਰਾਜ ਨੇ ਰਾਜਪੂਤ ਰਾਜਾਵਾਂ ਨੂੰ ਅਪੀਲ ਕੀਤੀ ਕਿ ਤੁਰਕਾਂ ਦੇ ਵਿਰੁਧ ਮੇਰਾ ਸਾਥ ਦਿਉ। ਕਹਿੰਦੇ ਹਨ ਕਿ ਡੇਢ ਸੌ ਰਾਜਪੂਤ ਰਾਜਕੁਮਾਰਾਂ ਨੇ ਉਸ ਦੀ ਸਹਾਇਤਾਂ ਕੀਤੀ। ਹਾਂ ਕਨੌਜ ਦੇ ਰਾਠੌਰ ਜੈ ਚੰਦਰ ਨੇ ਸਾਥ ਨਹੀਂ ਦਿੱਤਾ। ਇਸ ਪ੍ਰਕਾਰ ਫਰਿਸਤਾ ਦੇ ਮਤਾ ਅਨੁਸਾਰ ਪ੍ਰਿਥਵੀ ਰਾਜ ਦੇ ਸੈਨਾ 5 ਲੱਖ ਘੋੜੇ ਅਤੇ 30 ਹਜ਼ਾਰ ਹਾਥੀਆਂ ਤਕ ਜਾ ਪਹੁੰਚੀ।

ਮੁਹੱਮਦ ਨੇ ਆਕ੍ਰਮਣ ਦੀ ਇਕ ਨਿਸਚਿਤ ਯੋਜਨਾ ਬਣਾਈ। ਹਲਕੇ ਹਥਿਆਰ ਵਾਲੇ ਘੋੜ-ਸਵਾਰਾਂ ਨੂੰ ਦਸ-ਦਸ ਹਜ਼ਾਰ ਦੀ ਚਾਰ ਟੁਕੜੀਆਂ ਵਿਚ ਵੰਡ ਦਿੱਤਾ ਅਤੇ ਚਾਰੇ ਦਿਸ਼ਾਵਾਂ ਵਿਚ ਡਟਾ ਦਿੱਤੇ। ਤਰਾਯਣ ਦੇ ਇਤਿਹਾਸਕ ਯੁੱਧ ਖੇਤਰ ਵਿਚ ਸਵੇਰ ਤੋਂ ਸ਼ਾਮ ਤੱਕ ਘਮਾਸਾਨ ਯੁੱਧ ਹੋਇਆ। ਰਾਜਪੂਤ ਬੜੀ ਵੀਰਤਾ ਨਾਲ ਲੜੇ ਲੇਕਿਨ ਆਕ੍ਰਮਣਕਾਰੀ ਗੌਰੀ ਦੀ ਕਾਰਜ ਨਿਤਿਆਂ ਦੇ ਸਾਹਮਣੇ ਕੁਝ ਨਾ ਕਰ ਸਕੇ। ਪ੍ਰਿਥਵੀ ਰਾਜ ਦੇ ਭਰਾ ਗੋਬਿੰਦ ਰਾਇ ਅਤੇ ਉਸ ਦਾ ਇਕ ਬੜਾ ਸੈਨਾ ਪਤੀ ਖਾਂਡੇ ਰਾਓ ਮਾਰ ਦਿੱਤੇ ਗਏ। ਪ੍ਰਿਥਵੀ ਰਾਜ ਨੂੰ ਬੜੀ ਨਿਰਾਸ਼ਾ ਹੋਈ ਅਤੇ ਉਹ ਹਾਥੀ ਤੋਂ ਉੱਤਰ ਕੇ ਘੋੜੇ ਪਰ ਆ ਗਿਆ। ਉਸ ਨੇ ਬਚ ਨਿਕਲਣ ਦੀ ਵੀ ਕੋਸ਼ਿਸ਼ ਕੀਤੀ ਲੇਕਿਨ ਸਿਰਸੁਤੀ ਦੇ ਨੇੜੇ ਪਕੜਿਆ ਗਿਆ ਅਤੇ ਮਾਰ ਦਿੱਤਾ ਗਿਆ। ਇਸ ਪ੍ਰਕਾਰ ਮੁਸਲਮਾਨ ਵਿਜਈ ਹੋਏ। ਮੁਹੱਮਦ ਗੌਰੀ ਹੁਣ ਅੱਗੇ ਹੋਇਆ ਅਤੇ ਉਸ ਨੇ ਦੇਹਲੀ ਅਤੇ ਅਜਮੇਰ ਤੇ ਅਧਿਕਾਰ ਕਰ ਕੇ ਉਸ ਨੂੰ ਖੂਬ ਲੁਟਿਆ।

ਤਰਾਯਣ ਦੀ ਦੂਸਰੀ ਲੜਾਈ ਭਾਰਤ ਦੇ ਇਤਿਹਾਸ ਵਿਚ ਇਕ ਸੀਮਾ-ਚਿੱਤਰ ਹੈ। ਡਾ. ਸਿਮਥ ਦੇ ਸ਼ਬਦਾਂ ਵਿਚ, "ਇਹ ਨਿਰਨਾਇਨਕ ਯੁੱਧ ਮੰਨਿਆ ਜਾ ਸਕਦਾ ਹੈ, ਜਿਸ ਨੇ ਭਾਰਤ ਤੇ ਮੁਸਲਮਾਨਾਂ ਦੇ ਹਮਲੇ ਦੀ ਅੰਤਿਮ ਸਫਲਤਾ ਨਿਸ਼ਚਿਤ ਬਣਾ ਦਿੱਤੀ।"

**ਬੁਲੰਦ ਸ਼ਹਿਰ, ਮੇਰਠ ਅਤੇ ਕੋਯਲ ਦੀ ਚੜ੍ਹਾਈ** (1193-94 ਈ.) (Conquest of Bulandshahar, Meerut and Koil): ਤਰਾਯਣ ਦੀ ਜਿੱਤ ਦੇ ਬਾਅਦ ਮੁਹੱਮਦ ਗੌਰੀ ਨੇ ਕੁਤਬਦੀਨ ਐਬਕ ਨੂੰ ਆਪਣਾ ਰਾਜਪਾਲ ਨਿਯੁਕਤ ਕਰ ਦਿੱਤਾ ਅਤੇ ਖੁਦ ਗਜਨੀ ਚਲਾ ਗਿਆ। ਐਬਕ ਨੇ ਆਪਣੀ ਜਿੱਤ ਨੂੰ ਪੱਕਾ ਕਰਕੇ ਆਪਣੇ ਰਾਜ ਨੂੰ ਹੋਰ ਅਧਿਕ ਫੈਲਾਇਆ ਉਸ ਨੇ ਧੋਖੇ ਨਾਲ ਦੇਵ ਰਾਜਪੂਤਾਂ ਤੋਂ ਬੁਲੰਦ ਸ਼ਹਿਰ ਝਪਟ ਲਿਆ। ਉਸ ਨੇ ਮੇਰਠ ਅਤੇ ਕੋਯਲ **(ਅਲੀਗੜ੍ਹ)** ਤੇ ਵੀ ਚੜ੍ਹਾਈ ਕੀਤੀ ਅਤੇ ਬਿਨ੍ਹਾਂ ਕਿਸੀ ਅਧਿਕ ਵਿਰੋਧ ਨਾਲ ਇਨ੍ਹਾਂ ਪ੍ਰਦੇਸ਼ਾਂ ਨੂੰ ਜਿੱਤ ਲਿਆ। ਦੇਹਲੀ ਨੂੰ ਰਾਜਧਾਨੀ ਬਣਾ ਲਿਆ ਗਿਆ ਅਤੇ ਉਥੇ ਸਾਂਤੀ ਅਤੇ ਵਿਵਸਥਾ ਸਥਾਪਿਤ ਕਰ ਦਿੱਤੀ ਗਈ। ਇਸ ਪ੍ਰਕਾਰ ਮੁਹੱਮਦ ਗੌਰੀ ਚਲੇ ਜਾਣ ਦੇ ਦੋ ਸਾਲ ਦੇ ਅੰਦਰ ਅੰਦਰ ਕੁਤੁਬਦੀਨ ਨੇ ਪੰਜਾਬ, ਦੇਹਲੀ, ਅਜਮੇਰ, ਬੁਲੰਦ ਸ਼ਹਿਰ, ਮੇਰਠ ਅਤੇ ਅੱਜ-ਕਲ ਦੇ ਅਲੀਗੜ੍ਹ ਵਿਚ ਇਕ ਠੋਸ ਮੁਸਲਿਮ ਰਾਜ ਸਥਾਪਿਤ ਕਰ ਦਿੱਤਾ।

*ਕੀ ਤੁਸੀਂ ਜਾਣਦੇ ਹੋ*

ਤਰਾਯਣ ਦੀ ਪਹਿਲਾ ਯੁੱਧ 1191 ਈ. ਵਿਚ ਪ੍ਰਿਥਵੀ ਰਾਜ ਚੌਹਾਨ ਅਤੇ ਮੁਹੱਮਦ ਗੌਰੀ ਦੇ ਵਿਚ ਹੋਇਆ ਜਿਸ ਵਿਚ ਮੁਹੱਮਦ ਗੌਰੀ ਦੀ ਹਾਰ ਹੋਈ।

### 3.6.3 ਕਨੌਜ ਦੇ ਜੈ ਚੰਦਰ ਦੇ ਵਿਰੁਧ ਲੜਾਈ

**ਚੰਦਰਵਾੜਾ ਦੀ ਲੜਾਈ** (**1194 ਈ.**) (Battle of Chandwara): 1194 ਈ. ਵਿਚ ਮੁਹੱਮਦ ਗੌਰੀ ਇਕ ਭਾਰੀ ਸੈਨਾ ਲੈ ਕੇ ਫਿਰ ਭਾਰਤ ਵਿਚ ਆਇਆ ਤਾਂ ਕਿ ਕਨੌਜ ਅਤੇ ਬਨਾਰਸ ਦੇ ਰਾਜਾ ਜੈ ਚੰਦਰ ਨਾਲ ਲੜ ਸਕੇ, ਜਿਸ ਨੂੰ ਸਭ ਤੋਂ ਵੱਡਾ ਹਿੰਦੂ

ਰਾਜਾ ਮੰਨਿਆ ਜਾਂਦਾ ਸੀ। ਕਤੁਬਦੀਨ ਆਪਣੀ ਸੈਨਾ ਲੈ ਕੇ ਉਸ ਦੇ ਨਾਲ ਆ ਮਿਲਿਆ। ਇਸ ਮਿਲੀ ਮੁਸਲਿਮ ਸੈਨਾ ਨੇ ਰਾਠੌਰ ਰਾਜਾ ਉੱਤੇ ਧਾਵਾ ਕੀਤਾ। ਕੋਈ ਰਾਜਪੂਤ ਰਾਜ ਸੰਘ ਸੰਗਠਿਤ ਕੀਤਾ ਜਾ ਸਕਿਆ ਅਤੇ ਜੈ ਚੰਦਰ ਇਕੱਲਾ ਹੀ ਚੰਦਵਾੜਾ ਦੇ ਸਥਾਨ ਉੱਤੇ ਜਾ ਭਿੜਿਆ। ਰਾਜਪੂਤ ਲੋਕ ਸੁਭਾਵ ਅਨੁਸਾਰ ਵੀਰਤਾ ਨਾਲ ਲੜੇ ਅਤੇ ਉਨ੍ਹਾਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਮਾਰ ਦਿੱਤਾ। ਲੇਕਿਨ ਅਖੀਰ ਵਿਚ ਜੈ ਚੰਦਰ ਦੀ ਅੱਖ ਵਿਚ ਇਕ ਘਾਤਕ ਜ਼ਖਮ ਹੋ ਗਿਆ ਅਤੇ ਉਹ ਧਰਤੀ ਤੇ ਗਿਰ ਗਿਆ। ਇਸ ਨਾਲ ਰਾਜਪੂਤਾਂ ਵਿਚ ਆਤੰਕ ਫੈਲ ਗਿਆ ਅਤੇ ਉਹ ਅਲੱਗ ਅਲੱਗ ਦਿਸ਼ਾਵਾਂ ਵਿਚ ਵੱਖ ਵੱਖ ਦੌੜੇ। ਇਸ ਪ੍ਰਕਾਰ ਮੁਸਲਮਾਨਾਂ ਨੂੰ ਪੂਰਣ ਵਿਜੈ ਪ੍ਰਾਪਤ ਹੋਈ। ਮੁਹੱਮਦ ਗੌਰੀ ਹੁਣ ਬਨਾਰਸ ਵੱਲ ਵੱਧਦਾ ਅਤੇ ਉਥੇ ਉਸ ਨੇ ਕੋਈ ਇਕ ਹਜ਼ਾਰ ਮੰਦਰ ਤੋੜ ਦਿੱਤੇ। ਉੱਥੇ ਤੋਂ ਉਸ ਨੂੰ ਬਹੁਤ ਸਾਰਾ ਧਨ ਹੱਥ ਲੱਗਾ। ਜਿਸ ਨੂੰ ਉਹ 1400 ਉੱਠਾਂ ਉੱਤੇ ਲਦਵਾ ਕੇ ਗਜਨੀ ਲੈ ਗਿਆ ਤਾਂ ਵੀ ਕਨੌਜ ਦੀ ਰਾਜਧਾਨੀ ਉਹ 1198 ਈ: ਤੋਂ ਪਹਿਲਾ ਨਹੀਂ ਲੈ ਸਕਿਆ।

**ਅਨਹਿਲਵਾੜਾ ਦੀ ਵਿਜੈ** (1196–97 ਈ.) (Conquest of Annhilwara) : ਮੁਹੱਮਦ ਦੇ ਗਜਨੀ ਜਾਣ ਤੋਂ ਬਾਅਦ ਉਸ ਦੇ ਯੋਗ ਰਾਜਪਾਲ ਕਤੁਬਦੀਨ ਨੇ ਆਪਣਾ ਵਿਜੈ ਦਾ ਕੰਮ ਜਾਰੀ ਰੱਖਿਆ। ਉਸ ਨੇ ਇਕ ਬੜੀ ਭਾਰੀ ਸੈਨਾ ਇਕੱਠੀ ਕੀਤੀ ਅਤੇ ਅਨਹਿਲਵਾੜਾ ਤੇ ਚੜ੍ਹਾਈ ਕਰ ਦਿੱਤੀ। ਇੱਥੇ ਦਾ ਸ਼ਾਸਕ ਭੀਮਦੇਵ ਇਕ ਬਹੁਤ ਸ਼ਕਤੀਸ਼ਾਲੀ ਸ਼ਾਸਕ ਸੀ ਜਿਸ ਨੇ ਇਕ ਵਾਰ ਮੁਹੱਮਦ ਗੌਰੀ ਨੂੰ ਹਰਾਇਆ ਸੀ। ਲੇਕਿਨ ਐਬਕ ਬੜੀ ਸਾਵਧਾਨੀ ਅਤੇ ਪੂਰੀ ਤਿਆਰੀ ਨਾਲ ਅੱਗੇ ਵਧਿਆ। ਅਨਹਿਲਵਾੜਾ ਦੇ ਚਾਲੂਕਿਆ ਰਾਜਪੂਤਾਂ ਨੇ ਆਬੂ ਪਹਾੜ ਦੇ ਥੱਲੇ ਉਸ ਦਾ ਸਾਹਮਣਾ ਕੀਤਾ ਪਰ ਸਤਰੂਆਂ ਤੋਂ ਹਾਰ ਖਾਈ। ਉਸ ਦੇ ਸੈਨਾਪਤੀ ਕੰਵਰਲਾਲ ਨੂੰ ਮਾਰ ਦਿੱਤਾ ਗਿਆ ਅਤੇ ਮੁਸਲਮਾਨ ਦੀ ਜਿੱਤ ਹੋਈ। ਅਨਹਿਲਵਾੜਾ ਉੱਤੇ ਤਾਂ ਅਧਿਕਾਰ ਕਰ ਲਿਆ ਗਿਆ ਲੇਕਿਨ ਭੀਮਦੇਵ ਭੱਜ ਖੜਾ ਹੋਇਆ।

**ਕਾਲਿੰਜਰ ਦੀ ਵਿਜੈ** (1202–03 ਈ.) (Conquest of Kalinjar) : 1202 ਈ. ਵਿੱਚ ਕਤੁਬਦੀਨ ਨੇ ਕਾਲਿੰਜਰ ਉੱਤੇ ਚੜ੍ਹਾਈ ਕਰ ਦਿੱਤੀ ਜੋ ਉਸ ਸਮੇਂ ਚੰਦੇਲ ਰਾਜਾ ਪਰਮੰਦੀਦੇਵ ਦੇ ਅਧੀਨ ਸੀ। ਚੰਦੇਲਾ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਬਹੁਤ ਦੇਰ ਕਾਲਿੰਜਰ ਦਾ ਘੇਰਾ ਪਿਆ ਰਿਹਾ। ਅੰਤ ਵਿਚ ਸਤਰੂਆਂ ਦੀ ਸ਼ਕਤੀ ਦੇ ਸਾਹਮਣੇ ਹਿੰਦੂਆਂ ਨੇ ਆਪਣੇ ਆਪ ਨੂੰ ਬੇਬੱਸ ਪਾਇਆ। ਐਬਕ ਦੇ ਸੈਨਿਕਾਂ ਨੇ ਕਾਲਿੰਜਰ ਅਤੇ ਮਹੋਬਾ ਪਰ ਅਧਿਕਾਰ ਕਰ ਲਿਆ।

**ਬੰਗਾਲ ਅਤੇ ਬਿਹਾਰ ਦੀ ਜਿੱਤ** (Conquest of Bengal and Bihar): ਬੰਗਾਲ ਅਤੇ ਬਿਹਾਰ ਨੂੰ ਜਿੱਤਣ ਦਾ ਕੰਮ ਮੁਹੰਮਦ ਦੇ ਇਕ ਹੋਰ ਸੈਨਾਪਤੀ ਇਖਤਿਆਰੂਦੀਨ ਜੋ ਬਖਤਿਆਰ ਖਿਲਜੀ ਦੇ ਨਾਮ ਨਾਲ ਪ੍ਰਸਿੱਧ ਸੀ ਦੇ ਹੱਥ ਆਇਆ। ਉਸ ਨੇ ਬੜੀ ਅਸਾਨੀ ਨਾਲ ਬਿਹਾਰ ਦੀ ਜਿੱਤ ਪ੍ਰਾਪਤ ਕਰ ਲਈ। 200 ਘੋੜ ਸਵਾਰ ਲੈ ਕੇ ਉਸ ਨੇ ਉਸ ਰਾਜ 'ਤੇ 1197 ਈ. ਵਿੱਚ ਹਮਲਾ ਬੋਲ ਦਿੱਤਾ। ਪਾਲ ਰਾਜਾ ਜੋ ਬੜਾ ਕਮਜ਼ੋਰ ਅਤੇ ਡਰਪੋਕ ਸੀ ਦੌੜ ਖੜ੍ਹਾ ਹੋਇਆ। ਬਿਹਾਰ ਦੇ ਕਈ ਕਿਲੇ ਖੋਹ ਲਏ ਗਏ। ਉਸ ਦੀ ਰਾਜਧਾਨੀ ਉਦੰਤਪੁਰੀ ਲੁੱਟ ਲਈ ਗਈ। ਬਹੁਤ ਸਾਰੇ ਬੁੱਧ ਮੱਠ ਨਸ਼ਟ ਕਰ ਦਿੱਤੇ ਗਏ ਅਤੇ ਹਜ਼ਾਰਾਂ ਭਿਖਸ਼ੂ ਮਾਰ ਦਿੱਤੇ ਗਏ। ਇਸ ਤਰ੍ਹਾਂ ਬਿਹਾਰ 'ਤੇ ਮੁਸਲਮਾਨਾਂ ਦਾ ਅਧਿਕਾਰ ਹੋ ਗਿਆ।

ਬਿਹਾਰ ਦੇ ਬਾਅਦ ਬੰਗਾਲ ਦੀ ਵਾਰੀ ਆਈ ਜਿਸ ਨੂੰ ਥੋੜ੍ਹੇ ਜਿਹੇ ਸੈਨਿਕਾਂ ਨਾਲ ਉੱਨੀ ਹੀ ਅਸਾਨੀ ਨਾਲ ਜਿੱਤ ਲਿਆ ਗਿਆ। ਇਖਤਿਆਰੂਦੀਨ ਨੇ ਇਕਦਮ ਬੰਗਾਲ 'ਤੇ ਧਾਵਾ ਬੋਲ ਦਿੱਤਾ। ਬੰਗਾਲ ਦਾ ਰਾਜਾ ਲਕਸ਼ਣਦੇਵ ਦੌੜ ਗਿਆ। ਬੰਗਾਲ ਇਖਤਿਆਰੂਦੀਨ ਦੇ ਹੱਥ ਆ ਗਿਆ, ਜਿਸ ਨੇ ਆਪਣੇ ਸਵਾਮੀ ਦੇ ਨਾਮ 'ਤੇ ਖੁਤਵਾ ਪ੍ਰਾਪਤ ਕੀਤਾ ਅਤੇ ਆਪਣੇ ਸਵਾਮੀ ਦੇ ਸਵਾਮੀਭਗਤ ਸਹਾਇਕ ਦਾ ਕੰਮ ਕੀਤਾ।

**ਖੋਖਰਾਂ 'ਤੇ ਚੜ੍ਹਾਈ ਅਤੇ ਮੁਹੰਮਦ ਗੌਰੀ ਦੀ ਮੌਤ** (1205-06 ਈ.) (Action against Khokhars and death of Mohammad Ghori) : ਮੁਹੰਮਦ ਗੌਰੀ ਦੇ ਕੇਂਦਰੀ ਏਸ਼ੀਆ ਦੇ ਯੁੱਧਾਂ ਵਿੱਚ ਉਲਝੇ ਰਹਿਣ ਅਤੇ ਭਾਰਤ ਤੋਂ ਗੈਰ ਹਾਜ਼ਰ ਰਹਿਣ ਦੇ ਕਾਰਨ ਪੰਜਾਬ ਦੇ ਖੋਖਰਿਆਂ ਨੇ ਹੌਸਲਾ ਕਰਕੇ ਵਿਦਰੋਹ ਕਰ ਦਿੱਤਾ। ਏਬਕ ਨੇ ਉਨ੍ਹਾਂ ਨੂੰ ਦਬਾਉਣਾ ਚਾਹਿਆ ਪਰ ਅਸਫਲ ਰਿਹਾ। 1205 ਈ. ਦੇ ਅੰਤ ਵਿੱਚ ਮੁਹੰਮਦ ਗੌਰੀ ਖੁਦ ਪੰਜਾਬ ਆਇਆ। ਜੇਹਲਮ ਦੇ ਨੇੜੇ ਉਸ ਨੇ ਖੋਖਰਿਆਂ ਨੂੰ ਹਰਾ ਦਿੱਤਾ।

ਡਾ. ਇਸਵਰੀ ਪ੍ਰਸਾਦਿ ਲਿਖਦੇ ਹਨ ਕਿ "ਖੋਖਰ ਸੱਪ ਨੂੰ ਝੁਲਸ ਤਾਂ ਦਿੱਤਾ ਲੇਕਿਨ ਮਾਰਿਆ ਨਹੀਂ ਜਾ ਸਕਿਆ" ਖੁਲੀ ਲੜਾਇਆਂ ਵਿਚ ਹਾਰ ਖਾ ਕੇ ਖੋਖਰਾਂ ਨੇ ਵਿਸਵਾਸਘਾਤ ਦਾ ਸਹਾਰਾ ਲਿਆ। ਉਨ੍ਹਾਂ ਨੇ ਸੁਲਤਾਨ ਦੀ ਜਾਣ ਲਈ ਇੱਕ ਸਾਜਿਸ ਰਚੀ। ਜਦ ਸੁਲਤਾਨ ਲਾਹੌਰ ਤੋਂ ਗਜਨੀ ਨੂੰ ਲੌਟ ਰਿਹਾ ਸੀ ਅਤੇ ਰਸਤੇ ਵਿਚ ਜੇਹਲਮ ਜਿਲੇ ਦੇ ਇਕ ਸਥਾਨ ਧਮਯਕ ਪਰ ਰੁਕਿਆ ਤਾਂ ਆਪਣੀ ਯੋਜਨਾ ਦੇ ਅਨੁਸਾਰ ਕੁਝ ਖੋਖਰ ਉਸ ਉੱਤੇ ਫੁੱਟ ਪਏ ਅਤੇ ਛੁਰਾ ਮਾਰਕੇ ਮਾਰ ਦਿੱਤਾ। ਇਹ ਘਟਨਾ 1206 ਈ. ਵਚ ਹੋਈ।

## ਸਾਰ (Conclusion)

ਮੁਹੱਮਦ ਗੌਰੀ ਭਾਰਤ ਵਿਚ ਤੀਹ ਸਾਲ ਦੀ ਆਪਣੀ ਲਗਾਤਾਰ ਲੜਾਇਆਂ ਦੇ ਪਰਿਣਾਮ ਸਰੂਪ ਭਾਰਤ ਦੇ ਇਕ ਬੜੇ ਭੂ–ਭਾਗ ਨੂੰ ਜਿੱਤਣ ਲਈ ਸਫਲ ਹੋਇਆ, ਮੰਨਿਆ ਕਿ ਕੇਂਦਰੀਅ ਐਸਿਆ ਦੀ ਉਲਝਣ ਅਤੇ ਉਸ ਦੀ ਸਹਸਾ ਮ੍ਰਿਤੂ ਨੇ ਉਸ ਇਸ ਯੋਗ ਨਹੀਂ ਛੱਡਿਆ ਕਿ ਉਹ ਭਾਰਤ ਉੱਤੇ ਆਪਣੀ ਜਿੱਤ ਨੂੰ ਪੱਕਾ ਕਰ ਸਕੇ ਅਤੇ ਸਾਡੇ ਦੇਸ ਵਿਚ ਸਿੱਧਾ ਸਾਸਨ ਕਰ ਸਕੇ ਤਾਂ ਵੀ ਇਹ ਵੀ ਉਸ ਦੀ ਵੱਡੀ ਮਿਹਨਤ ਦਾ ਹੀ ਪਰਿਣਾਮ ਸੀ ਕਿ ਮੁਸਲਿਮ ਸਾਮਰਾਜ ਭਾਰਤ ਵਿਚ ਸਥਾਪਿਤ ਹੋ ਸਕਿਆ।

ਨੋਟ

### 3.6.4 ਮਹਿਮੂਦ ਗਜਨਵੀ ਅਤੇ ਮੁਹੱਮਗੌਰੀ ਦੀ ਤੁਲਣਾ

ਮਹਿਮੂਦ ਗਜਨਵੀ ਅਤੇ ਮੁਹੱਮਦ ਗੌਰੀ ਮੱਧਯੁੱਗ ਵਿਚ ਭਾਰਤ ਦੀਆਂ ਦੋ ਮਹਾਨ ਹਸਤਿਆਂ ਹਨ। ਉਨ੍ਹਾਂ ਦੇ ਆਪਣੇ ਆਪਣੇ ਚਰਿੱਤਰ ਅਤੇ ਉਨ੍ਹਾਂ ਦੀ ਆਪਣੀ ਆਪਣੀ ਉਪਲੱਬਧਿਆਂ ਦੀ ਗਹਿਰੀ ਅਤੇ ਧਿਆਨਪੂਰਵਕ ਛਾਨਬੀਣ ਤੋਂ ਪਤਾ ਚਲਦਾ ਹੈ ਕਿ ਦੋਵੇਂ ਕਈ ਗੱਲਾਂ ਵਿਚ ਇਕ ਦੂਸਰੇ ਨਾਲ ਮਿਲਦੇ ਜੁਲਦੇ ਸਨ। ਦੋਵੇਂ ਸਾਹਸੀ ਸੈਨਿਕ ਸਨ ਅਤੇ ਲੜਨਾ ਉਨ੍ਹਾਂ ਨੂੰ ਅੱਛਾ ਲਗਦਾ ਸੀ। ਦੋਵਾਂ ਨੇ ਵਾਰ ਵਾਰ ਆਕ੍ਰਮਣ ਕੀਤੇ। ਦੋਵੇਂ ਪੱਕੇ ਮੁਸਲਮਾਨ ਸਨ ਅਤੇ ਤਲਵਾਰ ਦੇ ਜੋਰ ਤੇ ਮੂਰਤੀ ਪੂਜਣ ਨੂੰ ਮਿਟਾਉਣਾ ਅਤੇ ਇਸਲਾਮ ਦਾ ਬੂਟਾ ਲਾਉਣ ਦੀ ਕੋਸ਼ਿਸ ਕੀਤੀ। ਦੋਵੇਂ ਹੀ ਭਾਰਤ ਵਿਚ ਤਬਾਹੀ ਅਤੇ ਮੌਤ ਲਿਆਏ ਅਤੇ ਇਸ ਪ੍ਰਕਾਰ ਭਾਰਤੀ ਲੋਕਾਂ ਦੇ ਲਈ ਇਕ ਤਰਾਸ (ਡਰ) ਬਣ ਗਏ।

ਲੇਕਿਨ ਜਿੱਥੇ ਮਹਿਮੂਦ ਅਤੇ ਮੁਹੱਮਦ ਬਹੁਤ ਗੱਲਾਂ ਵਿਚ ਇਕ ਦੂਸਰੇ ਨਾਲ ਮਿਲਦੇ ਸਨ, ਉਥੇ ਆਪਣੀ ਆਪਣੀ ਸਫਲਤਾਵਾਂ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਵਿਚ ਬੜੀ ਭਾਰੀ ਭਿੰਨਤਾ ਸੀ। ਸਮੁੱਚੇ ਤੌਰ ਉੱਤੇ ਲਿਆ ਜਾਵੇ ਤਾਂ ਮਹਿਮੂਦ ਮੁਹੱਮਦ ਤੋਂ ਕਿਤੇ ਵੱਧ ਮਹਾਨ ਸੀ। ਸਟੇਨਲੇ ਲੇਨਪੂਲ ਦੇ ਸਬਦਾਂ ਵਿਚ "ਮਹਿਮੂਦ ਦੀ ਤੁਲਨਾ ਵਿਚ ਮੁਹੱਮਦ ਇਕ ਅਗਿਆਤ ਵਿਅਕਤੀ ਸੀ।" ਇਸ ਗੱਲ ਨੂੰ ਮੰਨਣਾ ਪਵੇਗਾ ਕਿ ਸੈਨਾਪਤੀਤਵ ਅਤੇ ਸੈਨਿਕਗੁਣਾਂ ਦੇ ਖੇਤਰ ਅਤੇ ਕਲਾਂ ਅਤੇ ਵਿਦਵਤਾ ਦੇ ਖੇਤਰ ਵਿਚ ਮਹਿਮੂਦ ਗਜਵਨੀ ਦੀ ਤੁਲਨਾ ਵਿਚ ਮੁਹੱਮਦ ਗੌਰੀ ਦਾ ਕੋਈ ਮੁਕਾਬਲਾ ਨਹੀਂ। ਲੇਕਿਨ ਭਾਰਤ ਵਿਚ ਸਮਾਜਿਕ ਨਿਰਮਾਣ ਦੇ ਕੰਮ ਵਿਚ ਮੁਹੱਮਦ ਗੌਰੀ ਮਹਿਮੂਦ ਤੋਂ ਬਹੁਤ ਉੱਚਾ ਸੀ।

*(i)* **ਸੈਨਾਪਤੀ ਅਤੇ ਸੈਨਿਕਾਂ ਦੇ ਰੂਪ ਵਿਚ** (As Generals and Soldiers): ਮਹਿਮੂਦ ਗਜਨਵੀ ਮੁਹੱਮਦ ਗੌਰੀ ਤੋਂ ਜ਼ਿਆਦਾ ਬਹਾਦਰ ਸੀ। ਪਹਿਲੇ ਦਾ ਸੈਨਿਕ ਜੀਵਨ ਦੂਸਰੇ ਤੋਂ ਕਿਤੇ ਜ਼ਿਆਦਾ ਸ਼ਾਨਦਾਰ ਸੀ। "ਮਹਿਮੂਦ ਸੱਚਮੁਚ ਯੁੱਧ ਪ੍ਰਤੀਭਾ ਤੋਂ ਪੂਰਣ ਸੀ। ਉਹ ਇਕ ਵਿਗਿਆਨਕ ਸੈਨਾਪਤੀ ਸੀ ਜੋ ਯੋਜਨਾ ਵਿਚ ਨਿਪੁੰਨ ਅਤੇ ਕੰਮ ਪੂਰਣ ਕਰਨ ਵਿਚ ਪੂਰਣ ਸੀ।" ਇਹ ਐਸ.ਐਸ. ਜਾਫਰ ਦਾ ਕਥਨ ਹੈ। ਇਹ ਉਮਰ ਭਰ ਲੜਦਾ ਰਿਹਾ। ਉਸ ਦੀ ਗਰਮੀਆਂ ਕੇਂਦਰੀਂ ਏਸ਼ੀਆ ਦੇ ਯੁੱਧਾਂ ਵਿਚ ਗੁਜ਼ਰਦੀਆਂ ਅਤੇ ਸਰਦੀਆਂ ਸਦੈਵ ਭਾਰਤ ਵਿਚ। ਨ ਹੀ ਗਰਮੀ, ਨ ਹੀ ਸਰਦੀ ਅਤੇ ਨ ਹੀ ਕੋਈ ਹੋਰ ਕੁਦਰਤੀ ਉਹਨਾਂ ਦੇ ਰਸਤੇ ਵਿਚ ਖੜੀ ਹੋ ਸਕੀ। ਉਸ ਨੇ ਹਮੇਸ਼ਾ ਭਾਰਤ ਤੇ ਕੋਈ ਸਤਾਰਾਂ ਵਾਰ ਚੜ੍ਹਾਈ ਕੀਤੀ ਪਰ ਕਦੀ ਵੀ ਹਾਰ ਨਹੀਂ ਖਾਦੀ। ਉਸਦੀ ਸ਼ਾਨਦਾਰ ਜਿੱਤ ਸਿੰਕਦਰ ਮਹਾਨ ਦੀਆਂ ਜਿੱਤਾਂ ਦੀ ਤੁਲਨਾ ਖਾਂਦੀਆਂ ਹਨ ਅਤੇ ਉਸਦਾ ਕੰਮ ਦਾ ਖੇਤਰ ਨੈਪੋਲਿਅਨ ਦੇ ਖੇਤਰ ਦੀ ਤਰ੍ਹਾਂ ਵਿਸ਼ਾਲ ਅਤੇ ਮਹਾਨ ਸੀ।

ਪ੍ਰੰਤੂ ਮੁਹੱਮਦ ਗੌਰੀ ਇਕ ਸਧਾਰਨ ਸੈਨਿਕ ਸੀ ਅਤੇ ਉਸਦੇ ਅੰਦਰ ਮਹਿਮੂਦ, ਸਿਕੰਦਰ ਜਾਂ ਨੈਪੋਲਿਅਨ ਵਰਗੇ ਗੁਣ ਨਹੀਂ ਸੀ। ਉਸ ਵਿਚ ਤਾਂ ਅਨਹਿਲਵਾੜ ਦੇ ਭੀਮਸੇਨ ਨੇ ਵੀ ਹਾਰਾ ਦਿੱਤਾ। ਤਰਾਯਨ ਦੀ ਪਹਿਲੀ ਲੜਾਈ ਵਿਚ ਜੋ 1191 ਈ. ਵਿਚ ਪ੍ਰਿਥਵੀ ਰਾਜ ਚੌਹਾਨ ਦੇ ਵਿਰੁਧ ਲੜੀ ਗਈ ਉਸ ਦੀ ਬੁਰੀ ਤਰ੍ਹਾਂ ਹਾਰ ਹੋਈ ਅਤੇ ਉਸ ਨੂੰ ਵਾਪਸ ਆਪਣੇ ਦੇਸ਼ ਭੇਜ ਦਿੱਤਾ। ਐਸੀ ਹਾਰਾਂ ਮਹਿਮੂਦ ਗਜਨਵੀ ਦੇ ਜੀਵਨ ਵਿਚ ਕਿਤੇ ਵੀ ਨਹੀਂ ਹਨ। ਇਸ ਤੋਂ ਇਲਾਵਾ ਮਹਿਮੂਦ ਨੂੰ ਜੋ ਵੀ ਜਿੱਤਾਂ ਪ੍ਰਾਪਤ ਹੋਇਆਂ ਅਧਿਕਤਰ ਕੁਤਬਦੀਨ ਐਬਕ ਅਤੇ ਇਖੀਆਤੁਦੀਨ ਵਰਗੇ ਉਸ ਦੇ ਸੈਨਿਕ ਪਤੀ-ਪੁਰਸ਼ਾਂ ਦੇ ਸਹਾਰੇ ਹੋਈ। ਮਹਿਮੂਦ ਤੋਂ ਭਿੰਨ ਮਾਰਗ ਤੇ ਚੱਲਦੇ ਹੋਏ ਮਹਿਮੂਦ ਗੌਰੀ ਨੇ ਹਮੇਸ਼ਾ ਵਿਸ਼ਵਾਸ਼ਘਾਤ ਨੂੰ ਪਸੰਦ ਕੀਤਾ। ਉਸ ਨੇ ਪੰਜਾਬ ਖੁਸਰੋ ਮਲਿਕ ਨੂੰ ਧੋਖਾ ਦੇ ਕੇ ਜਿੱਤੀਆਂ। ਉਸ ਨੇ ਉੱਚ ਨੂੰ ਭੱਟੀ ਰਾਜਾ ਦੀ ਪਤਨੀ ਤੋਂ ਧੋਖੇ ਨਾਲ ਹਾਸਲ ਕੀਤਾ। ਇਹ ਉਸ ਦੇ ਸੈਨਿਕ ਜੀਵਨ ਤੇ ਬੜੇ ਦੁਖਦਾਈ ਤੱਤ ਹਨ। ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ "ਮੁਹੱਮਦ ਸੈਨਾਪਤੀ ਦੇ ਨਾਤੇ ਮਹਿਮੂਦ ਗਜਨਵੀ ਦੇ ਸਾਮਣੇ ਕੋਈ ਸਥਾਨ ਨਹੀਂ ਰੱਖਦਾ।"

*(ii)* **ਕਲਾ ਅਤੇ ਵਿਦਵਾਨਾਂ ਹੋਣ ਦੇ ਨਾਤੇ** (As patrons of art and learning) : ਮਹਿਮੂਦ ਕਲਾ ਅਤੇ ਸਾਹਿਤ ਦੇ ਪੱਖ ਵਿਚ ਸੀ ਜਦੋਂ ਕਿ ਮੁਹੱਮਦ ਗੌਰੀ ਕੇਵਲ ਇਕ ਸੈਨਿਕ ਅਤੇ ਰਾਜਨੀਤਿਕ ਸੀ ਜਿਸ ਨੇ ਕਲਾ ਅਤੇ ਸਾਹਿਤ ਦੇ ਖੇਤਰ ਵਿਚ ਕਦੀ ਕੁਝ ਕੀਤਾ ਤਾਂ ਬਹੁਤ ਘੱਟ। ਗਜਨਵੀ ਮਹਮੂਦ ਦੀ ਛਤਰ-ਛਾਇਆ ਵਿਚ ਕਲਾ ਅਤੇ ਸੰਸਕ੍ਰਿਤੀ ਦਾ ਇਕ ਮਹਾਨ ਕੇਂਦਰ ਬਣ ਗਿਆ। ਵਡੇ-ਵਡੇ ਭਵਨਕਾਰ, ਵਿਦਵਾਨ, ਕਵੀ ਅਤੇ ਕਲਾਕਾਰ ਉਸ ਦੇ ਦਰਬਾਰ ਵਿਚ ਇਕਤਿਤਰ ਹੋਇਆ ਕਰਦੇ ਸੀ। ਲੇਨਪੂਲ ਲਿਖਦਾ ਹੈ ਕਿ "ਨੈਪੋਲਿਅਨ ਅਪਣੇ ਪੈਰਿਸ ਨੂੰ ਸਜਾਣ ਦੇ ਲਈ ਆਪਣੇ ਹਾਰੇ ਦੇਸ਼ਾਂ ਦੀ ਕਲਾ ਦੀ ਚੁਣੀ ਹੋਈ ਰਚਨਾਵਾ ਮੰਗਵਾਈਆਂ ਕਰਦਾ-ਪ੍ਰੰਤੂ ਮਹਿਮੂਦ ਨੇ ਉਸ ਦੇ ਵਧਕੇ ਇਹ ਕਿਤਾ ਕਿ ਉਸ ਨੇ ਆਪਣੇ ਦਰਬਾਰ ਨੂੰ ਮਜਾਉਣ ਦੇ ਲਈ ਕਲਾਕਾਰਾਂ ਅਤੇ ਕਵੀਆਂ ਨੂੰ ਹੀ ਬੁਲਾ ਲਿਆ।" ਐਕਸਸ ਦੇ ਨਗਰਾਂ ਵਿਚ ਅਤੇ ਕੈਕਿਜਯਨ ਦੇ ਕਿਨਾਰੀਆਂ, ਇਰਾਨ ਅਤੇ ਖੁਰਾਸਾਨ ਨੇ ਉਸ ਨੂੰ ਪੂਰਵ ਗਿਆਨ ਦੇ ਸਾਰੇ ਦੀਪਕ ਆਪਣੀ ਸੇਵਾ ਵਿਚ ਜੁਟਾ ਲਏ। ਮਹਿਮੂਦ ਦੇ ਦਰਬਾਰ ਦੇ ਵਧੇ-ਵਧੇ ਵਿਦਵਾਨ ਵਿਚ ਉਸ ਦੀ ਯਾਦਗਾਰਾਂ ਵਿਚ ਸਭ ਤੋਂ ਪ੍ਰਸਿੱਧ ਗਜਨੀ ਦੀ ਮਹਾਨ ਜਾਮਾ ਮਸਜਿਦ ਦਿਵਯ ਦੁਲਹਨ ਹੈ। ਇਹ ਤਾਂ ਸੱਚਮੁਚ ਪੂਰਵ ਦਾ ਇਕ ਚਮਤਕਾਰ ਸੀ। ਦੂਰ ਦੂਰ ਤੋਂ ਲੋਕ ਇਸ ਨੂੰ ਦੇਖਣ ਆਉਂਦੇ। ਉਧਰ ਦੂਜੇ ਪਾਸੇ ਮੁਹੱਮਦ ਨੇ ਕਲਾ ਅਤੇ ਵਿਦਵਤਾ ਵਿਚ ਕੋਈ ਰੁਚੀ ਨਹੀਂ ਦਿਖਾਈ ਜੇਕਰ ਦਿਖਾਈ ਤਾਂ ਨਾ ਦੇ ਬਰਾਬਰ। ਜੈਸਾ ਕਿ ਫਰਿਸਤਾ ਲਿਖਦਾ ਹੈ "ਉਸ ਨੇ ਵਿਦਵਾਨਾਂ ਦੇ ਪ੍ਰਤੀ ਕੁਝ ਉਦਾਰਤਾ ਭਲਾ ਹੀ ਦਿਖਾਈ ਹੋਵੇ ਲੇਕਿਨ ਉਸ ਨੇ ਕਲਾ ਅਤੇ ਵਿਦਵਤਾ ਵਿਚ ਕੋਈ ਐਸੀ ਰੁਚੀ ਨਹੀਂ ਦਿਖਾਈ" ਜੋ ਮਹਿਮੂਦ ਨੂੰ ਇਕ ਸਾਧਾਰਣ ਜਿਹਾ ਵਿਅਕਤੀ ਸਮਝਦਾ ਹੈ।

ਨੋਟ

*(iii)* **ਕੱਟੜ ਮੁਸਲਮਾਨ ਅਤੇ ਮੂਰਤੀ-ਤੋੜਿਕ** (As staunch Muslims and inconoclasts): ਮੁਹੰਮ ਅਤੇ ਮੁਹੰਮਦ ਦੋਨੋਂ ਹੀ ਮੁਸਲਮਾਨ ਸਨ ਪਰ ਇਸ ਸਬੰਧ ਵਿੱਚ ਮਹਿਮੂਦ ਨੂੰ ਜ਼ਿਆਦਾ ਧਰਮ ਨੂੰ ਮੰਨਣ ਵਾਲਾ ਮੰਨਿਆ ਜਾਂਦਾ ਹੈ। ਆਪਣੇ ਸਤਾਰਾਂ ਹਮਲਿਆਂ ਵਿੱਚ ਲਗਭਗ ਹਰ ਵਾਰ ਮਹਿਮੂਦ ਨੇ ਹਿੰਦੂਆਂ ਨੂੰ ਮਰਵਾਇਆ, ਉਨ੍ਹਾਂ ਦੇ ਮੰਦਿਰ ਤੁੜਵਾਏ ਅਤੇ ਉਨ੍ਹਾਂ ਦੇ ਦੇਵਤਿਆਂ ਦੀਆਂ ਪਵਿੱਤਰ ਮੂਰਤੀਆਂ ਨੂੰ ਤੋੜਿਆ। ਉਸ ਨੇ ਬਹੁਤ ਸਾਰੇ ਲੋਕਾਂ ਨੂੰ ਇਸਲਾਮ ਸਵੀਕਾਰ ਕਰਨ 'ਤੇ ਮਜ਼ਬੂਰ ਕੀਤਾ ਅਤੇ ਇਸ ਤਰ੍ਹਾਂ ਤਲਵਾਰ ਦੇ ਜ਼ੋਰ 'ਤੇ ਭਾਰਤ ਵਿੱਚ ਇਸਲਾਮ ਦਾ ਝੰਡਾ ਗੱਡਣ ਦਾ ਯਤਨ ਕੀਤਾ ਪਰ ਹੁਣ ਇਹ ਗੱਲ ਪੱਕੇ ਤੌਰ 'ਤੇ ਮੰਨ ਲਈ ਗਈ ਹੈ ਕਿ ਮਹਿਮੂਦ ਮੁਹੰਮਦ ਨਾਲੋਂ ਕੋਈ ਜ਼ਿਆਦਾ ਕੱਟੜ ਨਹੀਂ ਸੀ। ਉਸ ਨੇ ਮੰਦਿਰਾਂ ਨੂੰ ਨਸ਼ਟ ਕੀਤਾ ਕਿਉਂਕਿ ਉਹ ਦੌਲਤ ਦੇ ਗੜ੍ਹ ਸਨ। ਇਸ ਤਰ੍ਹਾਂ ਉਹ ਨਿਸ਼ਚਿਤ ਹੀ ਬੜਾ ਲਾਲਚੀ ਸੀ। ਉਸ ਨੇ ਹਿੰਦੂਆਂ ਦੇ ਪ੍ਰਤੀ ਸਹਿਣਸ਼ੀਲਤਾ ਦਿਖਾਈ। ਤਿਲਕ ਵਰਗੇ ਕੁਝ ਹਿੰਦੂ ਉਸ ਦੀ ਸੇਵਾ ਵਿੱਚ ਰਹਿੰਦੇ ਸਨ। ਉਸ ਦੇ ਇਲਾਵਾ ਮੁਹੰਮਦ ਗੌਰੀ ਨੇ ਵੀ ਮਹਿਮੂਦ ਦੀ ਤਰ੍ਹਾ ਮੂਰਤੀ ਪੂਜਾ ਨੂੰ ਕੁਚਲਿਆ। ਕੇਵਲ ਇੰਨਾ ਹੀ ਨਹੀਂ, ਉਸ ਨੇ ਤਾਂ ਮੰਦਿਰਾਂ ਦੀ ਜਗ੍ਹਾ 'ਤੇ ਮਸਜਿਦਾਂ ਬਣਵਾਈਆਂ। ਅਸਲ ਵਿੱਚ ਨਾ ਹੀ ਮਹਿਮੂਦ ਅਤੇ ਨਾ ਹੀ ਮੁਹੰਮਦ ਕੋਈ ਕੱਟੜਪੰਥੀ ਨਹੀਂ ਸੀ ਕਿਉਂਕਿ ਉਨ੍ਹਾਂ ਦੀ ਧਰਮ ਨੂੰ ਮੰਨਣ ਵਾਲੇ ਆਪਣੇ ਦੁਸ਼ਮਣਾਂ ਤੱਕ ਹੀ ਸੀਮਿਤ ਸੀ ਅਤੇ ਉਹ ਵੀ ਯੁੱਧ ਸਮੇਂ ਵਿੱਚ ਹੀ। ਜੇਕਰ ਉਹ ਕੱਟੜਪੰਥੀ ਸੀ ਤਾਂ ਵੀ ਇਹ ਸੱਚ ਹੈ ਕਿ ਮੁਹੰਮਦ ਗੌਰੀ ਮਹਿਮੂਦ ਤੋਂ ਕਿਸੇ ਤਰ੍ਹਾਂ ਵੀ ਘੱਟ ਧਰਮ ਨੂੰ ਮੰਨਣ ਵਾਲਾ ਨਹੀਂ ਸੀ।

*(iv)* **ਭਾਰਤ ਵਿੱਚ ਮੁਸਲਿਮ ਰਾਜ ਸੰਸਥਾਪਕਾਂ ਦੇ ਰੂਪ ਵਿੱਚ** (As founders of Muslim empire in India) : ਇਕ ਗੱਲ ਮੁਹੰਮਦ ਗੌਰੀ ਮਹਿਮੂਦ ਗਜਨਵੀ ਤੋਂ ਕਿਤੇ ਵੱਧ ਕੇ ਸੀ। ਭਾਰਤ ਵਿੱਚ ਇਸ ਦਾ ਕੰਮ ਮਹਿਮੂਦ ਦੇ ਕੰਮ ਤੋਂ ਜ਼ਿਆਦਾ ਸਥਾਈ ਅਤੇ ਜ਼ਿਆਦਾ ਪੱਕਾ ਸੀ। ਮਹਿਮੂਦ ਤਾਂ ਕੇਵਲ "ਇਕ ਵੱਡਾ ਹਮਲਾਵਰ ਸੀ, ਜਿਸ ਨੇ ਆਪਣੀ ਧਨ ਲਾਲਸਾ ਨੂੰ ਸ਼ਾਂਤ ਕਰਨ ਦੀ ਖਾਤਿਰ ਹੀ ਭਾਰਤ 'ਤੇ ਚੜ੍ਹਾਈ ਕੀਤੀ, ਉਸ ਨੇ ਜਲਾਇਆ, ਲੋਕਾਂ ਨੂੰ ਮਾਰਿਆ, ਲੁੱਟਿਆ, ਆਪਣਾ ਅਧਿਕਾਰ ਜਮਾਇਆ ਅਤੇ ਫਿਰ ਚਲਾ ਗਿਆ।" ਭਾਰਤ ਵਿੱਚ ਇਕ ਸਾਮਰਾਜ ਸਥਾਪਿਤ ਕਰਨ ਦੀ ਉਸ ਦੀ ਕੋਈ ਇੱਛਾ ਨਹੀਂ ਸੀ। ਡਾ. ਈਸ਼ਵਰੀ ਪ੍ਰਸ਼ਾਦ ਦੇ ਸ਼ਬਦਾਂ ਵਿੱਚ "ਮਹਿਮੂਦ ਦੇ ਹਮਲਿਆਂ ਦਾ ਲਕਸ਼ ਦੌਲਤ ਸੀ, ਨਾ ਕਿ ਪ੍ਰਦੇਸ਼ ਪ੍ਰਾਪਤੀ, ਮੂਰਤੀ ਪੂਜਾ ਦਾ ਵਿਨਾਸ਼ ਨਾ ਕਿ ਜਿੱਤ ਪ੍ਰਾਪਤੀ।" ਉਸ ਨੇ ਭਾਰਤ 'ਤੇ ਕੋਈ ਸਤਾਰਾਂ ਸ਼ਾਨਦਾਰ ਅਤੇ ਸਫਲ ਹਮਲੇ ਕੀਤੇ ਪਰ ਉਸ ਨੇ ਕੋਈ ਲੰਮਾ ਸਮਾਂ ਸਿੱਟਾ ਨਹੀਂ ਕੱਢਿਆ ਸਿਵਾਏ ਇਸ ਦੇ ਕਿ ਪੰਜਾਬ ਜਿੱਤ ਕੇ ਆਪਣੇ ਰਾਜ ਵਿੱਚ ਮਿਲਾ ਲਿਆ।

ਉਧਰ ਦੂਸਰੀ ਤਰਫ ਮੁਹੱਮਦ ਗੌਰੀ ਇਸ ਵਿਸ਼ੇਸ ਮਕਸਦ ਨੂੰ ਲੈ ਕੇ ਆਈਆ, ਕਿ ਇੱਥੇ ਆਪਣਾ ਸਾਮਰਾਜ ਸਥਾਪਿਤ ਕਰੇ। ਚਾਹੇ ਉਸ ਦੀਆਂ ਹਾਰਾਂ ਹੋਇਆ, ਫਿਰ ਵੀ ਮੁਹੱਮਦ ਗੌਰੀ ਨੇ ਭਾਰਤ ਦੇ ਬਹੁਤ ਸਾਰੇ ਭਾਗ ਨੂੰ ਜਿੱਤ ਲਿਆ ਅਤੇ ਇਸ ਪ੍ਰਕਾਰ ਦੇਹਲੀ ਵਿਚ ਪਹਿਲੀ ਇਸਲਾਮੀ ਸਰਕਾਰ ਦੀ ਸਥਾਪਨਾ ਕੀਤੀ। ਜੋ ਵਧਦੇ ਵਧਦੇ ਪੂਰਬ ਦੇ ਮਹਾਨ ਸਾਮਰਾਜਾਂ ਵਿਚੋਂ ਇੱਕ ਗਿਣੀ ਜਾਣ ਲਗੀ ਅਤੇ ਜੋ ਬਹੁਤ ਭਿਆਨਕ ਤੂਫਾਨ ਆਉਣ ਤੇ ਵੀ 1857 ਈ. ਤੱਕ ਬਣੀ ਰਹੀ। 30 ਸਾਲ ਤਕ ਮਹਿਮੂਦ ਨੇ ਸਿੰਧ ਤੋਂ ਗੰਗਾਂ ਤਕ ਭਾਰਤ ਨੂੰ ਰੌਂਦਿਆ ਸੀ ਅਤੇ ਤੀਹ ਸਾਲ ਤਕ ਹੀ ਮੁਹੱਮਦ ਗੌਰੀ ਨੇ ਉਸੀ ਪ੍ਰਕਾਰ ਦੁਖ ਪਹੁੰਚਾਏ ਲੇਕਿਨ ਇਕ ਅੰਤਰ ਦੋਹਾਂ ਵਿਚ ਜਰੂਰ ਸੀ ਉਹ ਇਹ ਕਿ ਜਿੱਥੇ ਮਹਿਮੂਦ ਦਾ ਕੰਮ ਅਸਥਾਈ ਅਤੇ ਥੋੜ੍ਹੀ ਦੇਰ ਰਹਿਣ ਵਾਲਾ ਸੀ, ਉੱਥੇ ਮੁਹੱਮਦ ਗੌਰੀ ਦਾ ਕੰਮ ਸਥਾਈ ਅਤੇ ਪੱਕਾ ਸੀ।

**ਸਵ-ਮੁਲਾਂਕਣ (Self Assessment)**

6. ਹੇਠ ਲਿਖਿਆਂ ਕਥਨਾਂ ਵਿਚ ਸੱਚ ਅਤੇ ਝੂਠ ਦੀ ਪਹਿਚਾਨ ਕਰੋ (State whether the following Statements are True or False):
   (i) 1178 ਈ. ਮੁਹੱਮਦ ਨੇ ਅਨਹਿਲਵਾੜਾ ਤੇ ਚੜ੍ਹਾਈ ਕਰ ਦਿੱਤੀ।
   (ii) ਤਰਾਯਣ ਦੀ ਦੂਸਰੀ ਲੜਾਈ ਵਿਚ ਮੁਹੱਮਦ ਦੀ ਹਾਰ ਹੋਈ।
   (iii) ਮੁਹੱਮਦ ਗੌਰੀ ਦੀ ਤੀਬਰ ਗਤੀ ਨਾਲ ਉੱਨਤੀ ਅਤੇ ਸਫਲਤਾਂ ਨੇ ਦੇਹਲੀ ਅਤੇ ਅਜਮੇਰ ਦੇ ਪ੍ਰਿਥਵੀ ਰਾਜ ਨੂੰ ਚੌਂਕਾ ਦਿੱਤਾ।
   (iv) ਚੰਦਵਾੜਾ ਦੀ ਲੜਾਈ 1194 ਈ. ਵਿਚ ਹੋਈ।
   (v) ਮੁਹੱਮਦ ਗੌਰੀ ਮਹਿਮੂਦ ਗਜਨਵੀ ਤੋਂ ਕਿਤੇ ਅਧਿਕ ਸੂਰਵੀਰ ਸੈਨਾਪਤੀ ਸੀ।

## 3.7 ਰਾਜਪੂਤਾਂ ਦੇ ਵਿਰੁਧ ਮੁਸਲਮਾਨਾਂ ਦੀ ਸਫਲਤਾ (Success of Muslims Against Rajputas)

ਪਹਿਲੀ ਨਜ਼ਰ ਵਿਚ ਇਹ ਇਕ ਛੋਟੀ ਵਿਲੱਖਣ ਜਿਹੀ ਗੱਲ ਲਗਦੀ ਹੈ ਕਿ ਕਿਸ ਤਰ੍ਹਾਂ ਮੁੱਠੀ ਭਰ ਵਿਦੇਸ਼ੀ ਮੁਸਲਿਮ ਆਕ੍ਰਮਣਕਾਰੀ ਇਸ ਯੋਗ ਹੋ ਗਏ ਕਿ ਉਨ੍ਹਾਂ ਨੇ ਭਾਰਤ ਦੇ ਵਿਸ਼ਾਲ ਉਪ ਮਹਾਦੀਪ ਉੱਤੇ ਜਿਸ ਉੱਤੇ ਹਿੰਦੂ ਰਾਜਾ ਰਾਜ ਕਰਦੇ ਸਨ ਅਤੇ ਜਿਸ

ਨੋਟ

ਵਿਚ ਕਰੋੜਾਂ ਹਿੰਦੂ ਜਨਤਾ ਰਾਜ ਕਰਦੀ ਸੀ ਅਧਿਕਾਰ ਕਰ ਲਿਆ। ਲੇਕਿਨ ਇਕ ਗਹਿਰੀ ਅਤੇ ਧਿਆਨ ਪੂਰਵਕ ਛਾਣਬੀਣ ਤੋਂ ਪਤਾ ਲਗਦਾ ਹੈ ਕਿ ਕਈ ਐਸੇ ਕਾਰਣ ਸਨ, ਜਿਨ੍ਹਾਂ ਨੇ ਮਿਲ ਕੇ ਮੁਸਲਮਾਨਾਂ ਦੀ ਅੰਤਿਮ ਸਫਲਤਾ ਦਾ ਰਸਤਾ ਤਿਆਰ ਕਰ ਦਿੱਤਾ। ਇਹ ਕਾਰਨ ਹੇਠ ਲਿਖਿਆਂ ਸਰਲੇਖਾਂ ਦੇ ਅੰਤਰਗਤ ਚਿੰਤਨ ਵਿਚ ਲਏ ਜਾ ਸਕਦੇ ਹਨ-

(ਕ) ਰਾਜਨਿਤਿਕ ਕਾਰਣ (Political causes)

(ਖ) ਸਮਾਜਿਕ ਅਤੇ ਧਾਰਮਿਕ ਕਾਰਣ (Social and Religious causes)

(ਗ) ਸੈਨਿਕ ਕਾਰਣ (Military causes)

(ਘ) ਸਰਵਜਨਿਕ ਕਾਰਣ (General causes)

**(ਕ) ਰਾਜਨਿਤਿਕ ਕਾਰਣ** (Political causes)–ਹਿੰਦੂ ਰਾਜਨੀਤਿਕ ਪ੍ਰਣਾਲੀ ਅਪਣੇ ਪੁਰਾਣਿਆਂ ਆਦਰਸ਼ਾਂ ਤੋਂ ਗਿਰ ਗਈ ਸੀ ਅਤੇ ਇਸ ਦੀ ਸ਼ਕਤੀ ਆਪਸੀ ਇਰਖਾ ਅਤੇ ਫੁਟ ਤੋਂ ਕਮਜ਼ੋਰ ਹੋ ਗਈ ਸੀ। ਸਾਰਾ ਦੇਸ ਅਨੇਕ ਸਵਤੰਤਰ ਰਾਜਾਂ ਅਤੇ ਰਾਜਨਗਰਾਂ ਵਿਚ ਵੰਡੀਆ ਜਾ ਚੁੱਕਾ ਸੀ। ਜੋ ਹਮੇਸ਼ਾ ਹੀ ਇੱਕ ਦੂਸਰੇ ਨਾਲ ਲੜਦੇ ਰਹਿੰਦੇ ਸਨ। ਡਾ. ਇਸਵਰੀ ਪ੍ਰਸਾਦਿ ਦੇ ਮੱਤ ਅਨੁਸਾਰ ਇਸ ਦੇਸ ਵਿਚ ਸੈਨਿਕ ਪ੍ਰਤਿਭਾ ਅਤੇ ਯੁੱਧ ਕੌਸਲ ਦੀ ਕੋਈ ਕਮੀ ਨਹੀਂ ਸੀ ਕਿਉਂਕਿ ਰਾਜਪੂਤ ਅਤਿ-ਉੱਤਮ ਸੈਨਿਕ ਸਨ। ਜੋ ਸਾਹਸ ਵੀਰਤਾ ਅਤੇ ਧੀਰਜ ਵਾਲੇ ਗੁਣਾਂ ਵਿਚ ਕਿ ਹੋਰ ਦੂਸਰੇ ਦੇਸ ਦੇ ਲੋਕਾਂ ਤੋਂ ਘਟਿਆ ਨਹੀਂ ਸਨ। ਲੇਕਿਨ ਉਨ੍ਹਾਂ ਵਿਚ ਏਕਤਾ ਅਤੇ ਸੰਗਠਨ ਦੀ ਕਮੀ ਸੀ। ਅਹੰਕਾਰ ਅਤੇ ਅੰਧ-ਧਾਰਣਾ ਉਨ੍ਹਾਂ ਨੂੰ ਕਿਸੇ ਇਕ ਸਾਂਝੇ ਨੇਤਾ ਦੇ ਪ੍ਰਤੀ ਸਆਮੀ ਭਗਤ ਨਹੀਂ ਹੋਣ ਦਿੰਦੀ ਸੀ। ਸੰਕਟ ਕਾਲ ਵਿਚ ਜਦੋਂ ਕਿ ਵਿਜੈ ਪ੍ਰਾਪਤੀ ਦੇ ਲਈ ਇਕ ਜੁਟ ਹੋ ਕੇ ਕਾਰਜ ਕਰਨਾ ਜ਼ਰੂਰੀ ਹੁੰਦਾ ਤਾਂ ਉਹ ਲੋਕ ਆਪਣੀ ਨਿੱਜੀ ਯੋਜਨਾ ਦਾ ਅਨੁਸਰਣ ਕਰਦੇ ਅਤੇ ਇਸ ਪ੍ਰਕਾਰ ਦੁਸ਼ਮਣਾਂ ਤੇ ਜਿਹੜੀ ਉਨ੍ਹਾਂ ਨੂੰ ਸ਼੍ਰੇਸ਼ਠਤਾ ਪ੍ਰਾਪਤ ਸੀ ਉਸ ਨੂੰ ਬੇਕਾਰ ਕਰ ਦਿੰਦੇ।"

ਰਾਜਪੂਤ ਰਾਜਾਂ ਵਿੱਚ ਵਿਸ਼ੇਸ਼ ਕਰਕੇ ਚੌਹਾਨਾਂ, ਚੰਦੇਲਾਂ ਅਤੇ ਚਾਲੂਕਿਆਂ ਦੇ ਵਿੱਚ ਘੋਰ ਸੁਭਾਵਿਕ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਸੀ. ਵੀ. ਵੈਧ ਦਾ ਕਹਿਣਾ ਹੈ ਕਿ "ਹਰ ਰਾਜ ਬਲਵਾਨ ਸਾਂਝੇ ਦੁਸ਼ਮਣ ਦੇ ਵਿਰੁੱਧ ਇਕੱਲਾ ਅਤੇ ਅਲੱਗ-ਅਲੱਗ ਲੜਦਾ ਹੋਇਆ ਮਾਰ ਖਾਂਦਾ ਗਿਆ।" ਜਦੋਂ ਮੁਹੰਮਦ ਦੇ ਕਥਨਾ ਅਨੁਸਾਰ ਉਹ ਬਲਕਿ ਖੁਸ਼ ਹੋਇਆ ਕਿ ਉਸ ਦਾ ਦੁਸ਼ਮਣ ਹਾਰ ਗਿਆ। ਬਾਅਦ ਵਿੱਚ ਜਦੋਂ ਮੁਹੰਮਦ ਗੌਰੀ ਨੇ ਕਨੌਜ 'ਤੇ ਚੜ੍ਹਾਈ ਕੀਤੀ ਤਾਂ ਚੰਦੇਲ ਰਾਜਪੂਤ ਆਪਣੇ ਗੁਆਂਢੀਆਂ ਦੀ ਸਹਾਇਤਾ 'ਤੇ ਨਹੀਂ ਆਏ। ਉਹ ਨਹੀਂ ਜਾਣਦੇ ਸਨ ਕਿ ਉਨ੍ਹਾਂ ਨੂੰ ਵੀ ਉਸੇ ਤਰ੍ਹਾਂ ਹੀ ਕਿਸਮਤ ਦਾ ਸਾਹਮਣਾ ਕਰਨਾ ਪਵੇਗਾ।

ਭਾਰਤ ਦਾ ਹਰੇਕ ਰਾਜਪੂਤ ਰਾਜਾ 'ਚੱਕਰਵਰਤੀ' ਰਾਜਾ ਅਖਵਾਉਣ ਦੀ ਇੱਛਾ ਰਖਦਾ ਸੀ। ਇਸ ਲਈ ਉਹ ਪੂਰਾ ਜੋਰ ਲਗਾਉਦਾ ਸੀ। ਮੈਂ ਦੂਸਰੇ ਰਾਜਾ ਨੂੰ ਜਿੱਤ ਲਵਾਂ। ਇਸ ਵਿਵਹਾਰ ਤੋਂ ਰਾਜਪੂਤ ਰਾਜਾਵਾਂ ਵਿਚ ਬੜੀ ਸਤਰੂਤਾ ਪੈਦਾ ਹੋ ਜਾਂਦੀ ਅਤੇ ਸੱਚਮੁੱਚ ਯੁੱਧ ਛਿੜ ਜਾਂਦਾ। ਉਦਾਹਰਣ ਸਰੂਪ ਜੈ ਚੰਦਰ ਅਤੇ ਪ੍ਰਿਥਵੀ ਰਾਜ ਵਿਚ ਤੀਬਰ ਈਰਖਾ ਸੀ ਉਸੇ ਦੇ ਕਾਰਨ ਦੋਹਾਂ ਤੀਹ ਸਾਲ ਤਕ ਯੁੱਧ ਚਲਦਾ ਰਿਹਾ ਅਤੇ ਉਹ ਦੋਵੇਂ ਕਮਜ਼ੋਰ ਹੋ ਗਏ। ਚੰਦਰਬਾਈ ਦਾ ਕਹਿਣਾ ਹੈ ਕਿ "ਪ੍ਰਿਥਵੀ ਰਾਜ ਦੇ ਇਕ ਸੌ ਸਾਮਤਾਂ ਵਿਚੋਂ ਨੱਬੇ ਸਾਮਤ ਉਸ ਝਗੜੇ ਵਿਚ ਹੀ ਮਾਰੇ ਗਏ ਜੋ ਝਗੜਾ ਪ੍ਰਿਥਵੀ ਰਾਜ ਨੇ ਸੰਯੁਕਤਾਂ ਨੂੰ ਉਠਾ ਕੇ ਜੈ ਚੰਦਰ ਦੇ ਨਾਲ ਖੜਾ ਕੀਤਾ।"

*ਨੋਟਸ*

ਸੀ. ਵੈਧ ਨੇ ਠੀਕ ਹੀ ਕਿਹਾ ਹੈ, "ਇਸ ਵਿਚ ਕੋਈ ਹੈਰਾਨੀ ਨਹੀਂ ਕਿ ਰਾਜਪੂਤ ਰਾਜਵੰਸ ਸਹਾਬੁਦੀਨ ਦੇ ਅੱਗੇ ਅਲੱਗ ਅਲੱਗ ਇਸ ਪ੍ਰਕਾਰ ਹਾਰਦੇ ਗਏ। ਜਿਸ ਪ੍ਰਕਾਰ ਜਰਮਨ ਰਾਜ ਅਲੱਗ-ਅਲੱਗ ਨੇ ਪੋਲਿਅਨ ਦੇ ਅੱਗੇ ਹਾਰੇ।

**(ਖ) ਸਮਾਜਿਕ ਅਤੇ ਧਾਰਮਿਕ ਕਾਰਣ** (Social and Religious causes) : ਰਾਜਪੂਤਾਂ ਦੀ ਸਮਾਜਿਕ ਪ੍ਰਣਾਲੀ ਵਿਚ ਕਈ ਬੜੇ ਬੜੇ ਦੋਸ਼ ਸਨ, ਜਿਨ੍ਹਾਂ ਦੇ ਕਾਰਣ ਉਨ੍ਹਾਂ ਦੀ ਹਾਰ ਹੋਈ ਅਤੇ ਮੁਸਲਮਾਨਾਂ ਦੀ ਜਿੱਤ। ਹਿੰਦੂ ਸਮਾਜ ਅਨੇਕ ਜਾਤ ਪਾਤ ਵਿਚ ਵੰਡ ਹੋਇਆ ਸੀ ਅਤੇ ਰਾਸਟ੍ਰੀਯ ਹਿੱਤ ਨੂੰ ਬਹੁਤ ਵਾਰ ਵਰਗੀਕ ਹਿੱਤ ਉੱਛੇ ਬਲਿਦਾਨ ਕਰ ਦਿੱਤਾ ਜਾਂਦਾ। ਇਸ ਅਲੱਗ ਜਾਤੀ ਪ੍ਰਣਾਲੀ ਨੇ ਦੇਸ ਭਰ ਦੇ ਸਾਂਝੇ ਹਿਤ ਦੀ ਰੱਖਿਆ ਦੇ ਲਈ ਭਿੰਨ ਭਿੰਨ ਵਰਗਾਂ ਨੂੰ ਏਕਤਾ ਦੇ ਸੂਤਰ ਵਿਚ ਬੰਨ੍ਹਣ ਤੋਂ ਰੋਕ ਰੱਖਿਆ। ਬੜੇ ਬੜੇ ਸੈਨਾਪਤੀ ਅਤੇ ਨੇਤਾ ਵੀ ਜਾਤ ਹਿੱਤ ਦਾ ਇਤਨਾ ਧਿਆਨ ਕਰਦੇ ਕਿ ਰਾਸਟ੍ਰੀ ਹਿੱਤ ਨੂੰ ਹਾਨੀ ਪਹੁੰਚਾ ਦਿੰਦੇ। ਇਸ ਦੇ ਸਿਵਾਏ ਕੇਵਲ ਇਕ ਵਰਗ ਖੱਤਰੀਆਂ ਨੂੰ ਹੀ ਲੜਨ ਦਾ ਕੰਮ ਦਿੱਤਾ ਗਿਆ ਸੀ। ਇਸ ਲਈ ਦੂਸਰੇ ਵਰਗ ਦੇਸ਼ ਦੀ ਰੱਖਿਆ ਕਰਨਾ ਆਪਣਾ ਕਰਤੱਵ ਨਹੀਂ ਸਮਝਦੇ ਸਨ। ਪ੍ਰਿਥਵੀ ਰਾਜ ਚੌਹਾਨ ਦੀ ਬੁਰੀ ਤਰ੍ਹਾਂ ਹਾਰ ਤੇ ਵੀ ਸਾਰੇ ਰਾਸ਼ਟਰ ਵਿਚ ਗਤੀ ਨਹੀਂ

ਆਈ ਅਸਲ ਵਿਚ ਜੋ ਲੋਕ ਖੱਤਰੀ ਨਹੀਂ ਸਨ ਉਨ੍ਹਾਂ ਨੂੰ ਵਿਦੇਸ਼ੀਆਂ ਦੇ ਵਿਰੁਧ ਆਪਣੇ ਰਾਸ਼ਟਰ ਦੀ ਰੱਖਿਆ ਕਰਨਾ ਆਪਣਾ ਕਰਤੱਵ ਨਹੀਂ ਸਮਝਿਆ।

ਉੱਧਰ ਦੂਸਰੇ ਪਾਸੇ ਇਸਲਾਮ ਇਕ ਮਹਾਨ ਭਾਈਚਾਰਾ ਹੈ ਜਿਸ ਦੇ ਅੰਦਰ ਕੀ ਉੱਚਾ ਅਤੇ ਕੀ ਨੀਚਾ, ਕੀ ਅਮੀਰ ਅਤੇ ਕੀ ਗਰੀਬ, ਸਭ ਇੱਕ ਸਮਾਨ ਹਨ ਅਤੇ ਇੱਥੇ ਇੱਕ ਵਰਗ ਨੂੰ ਦੂਸਰੇ ਵਰਗ ਤੋਂ ਵੰਡ ਕੇ ਰੱਖਣ ਵਾਲੀ ਕੋਈ ਕ੍ਰਿਤ੍ਰਿਮ ਰੁਕਾਵਟ ਨਹੀਂ ਹੈ। ਇੱਥੇ ਮਨੁੱਖ ਦੇ ਵਿਚ ਭੇਦ ਭਾਵ ਨਹੀਂ ਅਤੇ ਧਰਮ ਦੀ ਖਾਤਰ ਲੜਨਾ ਸਭ ਦਾ ਕਰਤੱਵ ਹੈ। ਲੇਨਪੁਲ ਦੇ ਕਥਨ ਸਾਰ "ਮੁਸਲਮਾਨ ਦੇ ਧਰਮ ਦੇ ਧਰਮ ਦੀ ਕਟੱਰਤਾ ਹੀ ਉਨ੍ਹਾਂ ਦੀ ਆਤਮ-ਰੱਖਿਆ ਦਾ ਸਾਧਨ ਹੈ।" ਮੁਸਲਮਾਨ ਰਾਜਪੂਤਾਂ ਦੇ ਵਿਰੁਧ ਅਤਯੰਤ ਹੀ ਧਾਰਮਿਕ ਜੋਸ਼ ਨਾਲ ਲੜਦੇ ਅਤੇ ਵਿਸ਼ਵਾਸ਼ ਰੱਖਦੇ ਅਤੇ ਇਹ ਵਿਸ਼ਵਾਸ਼ ਰੱਖਦੇ ਸਨ ਕਿ ਜੇਕਰ ਮਰ ਗਏ ਤਾਂ ਸ਼ਹੀਦ ਹੋ ਜਾਵਾਂਗੇ ਅਤੇ ਜੇਕਰ ਜਿੱਤ ਕੇ ਨਿਕਲੇ ਤਾਂ ਗਾਜੀ ਕਹਿਲਾਉਣਗੇ। ਇਸ ਸਬੰਧ ਵਿਚ ਡਾ. ਇਸਵਰੀ ਪ੍ਰਸਾਦ ਦਾ ਕਥਨ ਹੈ ਕਿ " ਮੁਸਲਮਾਨ ਪਯੂਰੀਟਨ ਇਸਾਈਆਂ ਦੀ ਤਰ੍ਹਾਂ ਧਰਤੀ ਉੱਤੇ ਭਗਵਾਨ ਦਾ ਰਾਜ ਸਥਾਪਿਤ ਕਰਨ ਦੇ ਉੱਤਸੁਕ ਸਨ ਅਤੇ ਕ੍ਰਾਮਵੱਲ ਲੌਹ ਪੰਛੀ ਸੈਨਿਕਾਂ ਦੀ ਤਰ੍ਹਾਂ ਅਜਿੱਤ ਹੋ ਗਏ ਅਤੇ ਜਦੋਂ ਉਹ ਹਿੰਦੁਸਤਾਨ ਦੀ ਦੁਰਬਲ ਅਤੇ ਫੁੱਟ ਦਾ ਸ਼ਿਕਾਰ ਜਾਤੀਆਂ ਦੇ ਸੰਪਰਕ ਵਿਚ ਆਏ ਤਾਂ ਉਨ੍ਹਾਂ ਨੂੰ ਉਨ੍ਹਾਂ ਉੱਤੇ ਵਿਜੈ ਪ੍ਰਾਪਤ ਕਰਨ ਲਈ ਕੋਈ ਕਠਨਾਈ ਨਹੀਂ ਆਈ।"

**(ਗ) ਸੈਨਿਕ ਕਾਰਨ** (Military causes): ਰਾਜਪੂਤਾਂ ਦੀ ਸੈਨਿਕ ਪ੍ਰਣਾਲੀ ਵਿੱਚ ਵੀ ਕੁਝ ਨਿਸ਼ਚਿਤ ਸੈਨਿਕ ਦੋਸ਼ ਸਨ। ਪਹਿਲੀ ਗੱਲ ਇਹ ਹੈ ਕਿ ਰਾਜਪੂਤ ਰਾਜਾਂ ਵਿੱਚ ਇਕ ਬਲਵਾਨ ਅਤੇ ਸਥਾਈ ਸੈਨਾ ਦਾ ਅਹਿਸਾਸ ਸੀ ਇਸੇ ਗੱਲ ਵਿੱਚ ਉਨ੍ਹਾਂ ਦੀ ਕਮਜ਼ੋਰੀ ਅਤੇ ਅੰਤਿਮ ਹਾਰ ਦਾ ਮੁੱਖ ਕਾਰਨ ਲੁਕਿਆ ਹੋਇਆ ਸੀ। ਆਪਣੀ ਸੈਨਾ ਦੇ ਲਈ ਰਾਜਪੂਤ ਰਾਜਾ ਮੁੱਖ ਤੌਰ 'ਤੇ ਉਨ੍ਹਾਂ ਸੈਨਾ ਟੁਕੜੀਆਂ 'ਤੇ ਆਸ਼ਰਿਤ ਸਨ ਜੋ ਉਨ੍ਹਾਂ ਦੇ ਸਾਮੰਤ ਉਨ੍ਹਾਂ ਨੂੰ ਦਿੰਦੇ ਸਨ ਅਤੇ ਅਜਿਹੀ ਸੈਨਾ ਨਾ ਹੀ ਸੰਖਿਆ ਦੇ ਨਾਤੇ ਅਤੇ ਨਾ ਹੀ ਯੋਗਤਾ ਦੇ ਨਾਤੇ ਉੱਨੀ ਵਿਸ਼ਵਾਸ ਯੋਗ ਹੁੰਦੀ ਜਿੰਨੀ ਮਹਿਮੂਦ ਜਾਂ ਸ਼ਹਾਬੁਦੀਨ ਦੀ ਸਥਾਈ ਸੈਨਾ ਸੀ।

ਦੂਸਰੀ ਗੱਲ ਇਹ ਹੈ ਕਿ ਹਿੰਦੂਆਂ ਦੀ ਸੈਨਿਕ ਪ੍ਰਣਾਲੀ ਪੁਰਾਣੀ ਅੱਧ ਖੁਲੀ ਨਜ਼ਰ ਦੀ ਘਿਸੀ ਪੀਟੀ ਸੀ। ਉਨ੍ਹਾਂ ਦੀ ਸੈਨਾਵਾਂ ਚੰਗੀ ਤਰ੍ਹਾਂ ਸੁੱਸਜਿਤ ਜਾਂ ਸੰਗਠਿਤ ਨਹੀਂ ਹੁੰਦੀਆਂ ਸਨ ਅਤੇ ਉਨ੍ਹਾਂ ਦੇ ਹਥਿਆਰ ਵੀ ਸਮਾਨਕੂਲ ਨਹੀਂ ਸਨ। ਡਾ. ਸਮਿੱਥ ਦੇ ਸ਼ਬਦਾਂ ਵਿਚ, "ਹਿੰਦੂ ਰਾਜਾ ਹਾਲਾਂ ਕਿ ਸਾਹਸ ਵਿਚ ਮੌਤ ਨੂੰ ਚੁਨੌਤੀ ਦੇਣ ਵਿਚ ਆਪਣੇ ਸਤਰੂਆਂ ਦੇ ਨਾਲ ਪੂਰਾ ਮੁਕਾਬਲਾ ਕਰਦੇ ਫਿਰ ਵੀ ਉਹ ਯੁੱਧ ਦੀ ਕਲਾ ਵਿਚ ਘਟਿਆ ਸਨ ਅਤੇ ਇਸੇ ਕਾਰਣ ਆਪਣੀ ਸਵਤੰਤਰਤਾ ਖੋ ਬੈਠੇ।" ਰਾਜਪੂਤ ਲੋਕ ਹਥਿਆਰਾਂ ਵਿਚ ਮਾਤ ਖਾ ਗਏ ਅਤੇ ਯੁੱਧ ਨੀਤੀ ਵਿਚ ਪਛਾੜ ਦਿੱਤੇ ਗਏ।

ਤੀਸਰੀ ਬਾਤ ਇਹ ਹੈ ਕਿ ਰਾਜਪੂਤ ਲੋਕ ਅਧਿਕਤਰ ਹਾਥੀਆਂ ਦਾ ਸਹਾਰਾ ਲੈਂਦੇ ਜਦਕਿ ਮੁਸਲਮਾਨਾਂ ਦੀ ਸ਼ਕਤੀ ਉਨ੍ਹਾਂ ਦੇ ਯੋਗ ਘੋੜ ਸਵਾਰਾਂ ਤੇ ਅਧਾਰਿਤ ਸੀ। ਤੁਰਕਾਂ ਅਤੇ ਰਾਜਪੂਤਾਂ ਦੇ ਵਿਚ ਜੋ ਲੜਾਇਆਂ ਲੜਿਆਂ ਗਈਆਂ, ਉਨ੍ਹਾਂ ਬਹੁਤਿਆਂ ਵਿਚ ਹਾਥੀ ਡਰ ਗਏ ਅਤੇ ਦੌੜ ਖੜੇ ਹੋਏ। ਇਸ ਪ੍ਰਕਾਰ ਹਿੰਦੂ ਸੈਨਾਵਾਂ ਵਿਚ ਖਲਬਲੀ ਮੱਚ ਜਾਂਦੀ ਸੀ।

ਚੌਥੀ ਗੱਲ ਇਹ ਹੈ ਕਿ ਰਾਜਪੂਤਾਂ ਦਾ ਵਿਸ਼ਵਾਸ਼ ਯੁੱਧ ਲੜਾਈ ਵਿਚ ਸੀ ਅਤੇ ਉਹ ਚਾਲਾਕੀ ਕਰਨ ਤੋਂ ਪ੍ਰੇਸ਼ਾਨ ਰਹਿੰਦੇ। ਯੁੱਧ ਨੂੰ ਇਕ ਖੇਲ ਸਮਝਦੇ ਜਿਸ ਵਿਚ ਆਪਣਾ ਜੋਸ਼ ਦਿਖਾਉਦੇ। ਉੱਧਰ ਦੂਸਰੇ ਪਾਸੇ ਮੁਸਲਮਾਨ ਬਹੁਤਾ ਧੋਖੇ ਤੋਂ ਕੰਮ ਲੈਂਦੇ।

ਹਬੀਬ ਉਲ੍ਹਾ ਦੇ ਮਲ ਅਨੁਸਾਰ ਰਾਜਪੂਤ ਸੈਨਿਕ ਨੀਤੀ ਵਿਚ ਇਕ ਬੜਾ ਦੋਸ਼ ਇਹ ਸੀ ਕਿ ਸਦਾ ਹੀ ਆਪਣੇ ਬਚਾਉ ਲਈ ਲੜਾਈ ਕਰਦੇ। ਉਹ ਕਦੀ ਪਹਿਲਾਂ ਵਾਰ ਨਹੀਂ ਕਰਦੇ ਸਨ। ਉਨ੍ਹਾਂ ਨੂੰ ਚਾਹੀਦਾ ਸੀ ਕਿ ਇਸ ਤੋਂ ਪਹਿਲਾਂ ਕਿ ਮੁਸਲਮਾਨ ਉਨ੍ਹਾਂ ਦੇ ਰਾਜ ਉੱਤੇ ਆਕ੍ਰਮਣ ਕਰਨ ਤਾਂ ਉਹ ਉਨ੍ਹਾਂ ਉੱਤੇ ਧਾਵਾ ਬੋਲ ਦਿੰਦੇ ਤਕ ਉਨ੍ਹਾਂ ਦੀ ਸਥਿਤੀ ਅਧਿਕ ਚੰਗੀ ਨਹੀਂ ਸੀ।

**(ਘ) ਸਰਵਜਨਿਕ ਕਾਰਣ** (General causes): ਠੋਕ ਰਾਜਨੀਤਿਕ, ਸਮਾਜਕਿ, ਧਾਰਮਿਕ ਅਤੇ ਸੈਨਿਕ ਕਾਰਣਾਂ ਦੇ ਇਲਾਵਾ ਕੁਝ ਹੋਰ ਗੱਲਾਂ ਵੀ ਸਨ ਜਿਨ੍ਹਾਂ ਨੇ ਮੁਸਲਮਾਨਾਂ ਨੂੰ ਰਾਜਪੂਤਾਂ ਦੇ ਵਿਰੁਧ ਸਫਲਤਾ ਦਿੱਤੀ।

***(i) ਭਾਰਤੀਆਂ ਦਾ ਅੰਧ ਵਿਸ਼ਵਾਸ਼:*** ਸ੍ਰੀ ਸੀ.ਵੀ. ਵੈਧ ਦੇ ਮਤ ਅਨੁਸਾਰ ਅੰਧ ਵਿਸ਼ਵਾਸ਼ ਨੇ ਹਿੰਦੂ ਭਾਰਤ ਦੇ ਪਤਨ ਦੇ ਲਈ ਦੋ ਧਾਰੀ ਤਲਵਾਰ ਦਾ ਕੰਮ ਕੀਤਾ। ਜਦ ਕਿ ਮੁਸਲਮਾਨਾਂ ਦਾ ਵਿਸ਼ਵਾਸ਼ ਇਹ ਸੀ ਕਿ ਉਨ੍ਹਾਂ ਦੀ ਵਿਜੈ ਹੋ ਕੇ ਰਹੇਗੀ। ਹਿੰਦੂਆਂ ਦਾ ਵਿਸ਼ਵਾਸ ਸੀ ਕਿ ਮੁਸਲਮਾਨਾਂ ਦੇ ਹੱਥੋਂ ਉਨ੍ਹਾਂ ਦੀ ਹਾਰ ਪੱਕੀ ਹੋਵੇਗੀ। ਕਿਉਂਕਿ ਇਹ ਕਲਜੁਗ ਹੈ। ਇਸ ਪ੍ਰਕਾਰ ਦੇ ਅੰਧਮੱਤ ਨੇ ਹਿੰਦੂਆਂ ਨੂੰ ਨਿਰਉਤਸ਼ਾਹਤ ਕਰ ਦਿੱਤਾ।

***(ii) ਅਹਿੰਸਾ ਦਾ ਸਿਧਾਂਤ:*** ਅਹਿੰਸਾ ਦੇ ਬੁੱਧ ਅਤੇ ਜੈਨ ਸਿਧਾਂਤਾਂ ਨੇ ਭਾਰਤੀਆਂ ਨੂੰ ਕਮਜ਼ੋਰ ਅਤੇ ਯੁੱਧ ਵਿਰੋਧੀ ਬਣਾ ਦਿੱਤਾ। ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਲੜਾਈ ਲੜਨਾ ਪਾਪ ਹੈ। ਇਸ ਲਈ ਉਨ੍ਹਾਂ ਨੇ ਸਤਰੂਆਂ ਦਾ ਵਿਰੋਧ ਨਹੀਂ ਕੀਤਾ ਅਤੇ ਪਰਿਣਾਮ ਸਰੂਪ ਮੁਸਲਮਾਨਾਂ ਦੀ ਵਿਜੈ ਹੋਈ।

***(iii) ਮੁਸਲਮਾਨਾਂ ਦੀ ਦਾਸ ਪ੍ਰਥਾ:*** ਲੈਨਪੁਲ ਦੇ ਮੱਤ ਅਨੁਸਾਰ ਮੁਸਲਮਾਨਾਂ ਦੀ ਦਾਸ ਪ੍ਰਥਾ ਨੇ ਵੀ ਉਨ੍ਹਾਂ ਨੂੰ ਸਫਲਤਾ ਦਿਲਾਈ। ਮੁਹੰਮਦ ਗੌਰੀ ਦੇ ਕੋਲ ਬਹੁਤ ਸਾਰੇ ਦਾਸ ਸਨ ਜਿਨ੍ਹਾਂ ਵਿਚੋਂ ਕੁਝ ਤਾਂ ਅਸਾਧਾਰਨ, ਸਰੀਰਕ ਅਤੇ ਮਾਨਸਿਕ ਯੋਗਤਾਵਾਂ ਪੂਰੀਆਂ ਕਰਦੇ ਸਨ ਅਤੇ ਉਨ੍ਹਾਂ ਨੇ ਮੁਸਲਿਮ ਆਕ੍ਰਮਣ ਕਾਰਿਆਂ ਦਾ ਸਫਲਤਾ ਵਿਚ ਕੋਈ ਘੱਟ ਸਾਥ ਨਹੀਂ ਦਿੱਤਾ। ਕੁਤੁਬਦੀਨ ਐਬਕ ਅਤੇ ਇਖਤਿਯਾਰੁਦਿਨ ਜਿਹੇ ਦਾਸ ਜੇਕਰ ਸਹਾਇਤਾ ਨਾ ਕਰਦੇ ਅਤੇ ਸਵਾਮੀ ਭਗਤੀ ਨਾ ਦਰਸਾਉਂਦੇ ਤਾਂ ਭਾਰਤ ਦੇ ਇਤਨੇ ਵਡੇ

ਨੋਟ

ਭਾਗ ਉੱਤੇ ਅਧਿਕਾਰ ਕਰਨ ਵਿਚ ਕਦੀ ਸਫਤਲ ਨਾ ਹੁੰਦੇ। ਇਸ ਪ੍ਰਕਾਰ ਬਹੁਤ ਸਾਰੇ ਕਾਰਣਾਂ ਨੇ ਮਿਲਕੇ ਮੁਸਲਮਾਨਾਂ ਨੂੰ ਅੰਤ ਵਿਚ ਸਫਲ ਕਰਾਇਆ। ਇਨ੍ਹਾਂ ਦੇ ਵਿਚ ਕੁਝ ਤਾਂ ਧਨਾਤਮਕ ਕਾਰਣ ਸਨ ਅਤੇ ਕੁਝ ਨਕਾਰਾਤਮਕ। ਕੁਝ ਕਾਰਣਾਂ ਨੇ ਮੁਸਲਮਾਨਾਂ ਨੇ ਪ੍ਰਤੱਖ ਰੂਪ ਵਿਚ ਸਫਲਤਾ ਦਿਖਾਈ ਅਤੇ ਕੁਝ ਨੇ ਅਕ੍ਰਿਮ ਰੂਪ ਵਿਚ। ਲੇਕਿਨ ਸਾਰੇ ਕਾਰਣਾਂ ਨੇ ਭਾਰਤ ਵਿਚ ਮੁਸਲਮਾਨਾਂ ਨੂੰ ਸਫਲ ਕਰਾਉਣ ਵਿਚ ਆਪਣਾ ਆਪਣਾ ਕੰਮ ਕੀਤਾ।

*ਟਾਸਕ* ਰਾਜਪੂਤਾਂ ਦੇ ਵਿਰੁਧ ਮੁਸਲਮਾਨਾਂ ਦੀ ਸਫ਼ਲਤਾ ਦਾ ਰਾਜਨੈਤਿਕ ਕਾਰਣ ਕੀ ਸੀ ?

**ਸਵ-ਮੁਲਾਂਕਣ (Self Assessment)**

7. ਖਾਲੀ ਥਾਵਾਂ ਭਰੋ (Fill in the blanks):

 (i) ਭਾਰਤ ਦੇ ਹਰੇਕ ਰਾਜਪੂਤ ਰਾਜ .......... ਰਾਜਾ ਅਖਵਾਉਣ ਦੀ ਇੱਛਾ ਰਖਦਾ ਸੀ।

 (ii) ਰਾਜਪੂਤਾਂ ਦੀ ਸਮਾਜਿਕ ਪ੍ਰਣਾਲੀ ਵਿਚ ਕਈ ਬੜੇ ਬੜੇ .......... ਸਨ।

 (iii) ........... ਦੇ ਮੱਤ ਅਨੁਸਾਰ ਮੁਸਲਮਾਨਾਂ ਦੀ ਦਾਸ ਪ੍ਰਥਾ ਨੇ ਵੀ ਉਨ੍ਹਾਂ ਨੂੰ ਸਫਲਤਾ ਦਿਲਾਈ।

## 3.8 ਸਾਰ ਅੰਸ਼ (Summary)

**ਰਾਜਪੂਤਾਂ ਦੇ ਵਿਰੁੱਧ ਮੁਸਲਮਾਨਾਂ ਦੀ ਸਫਲਤਾਂ ਦੇ ਕਾਰਣ**
**(Causes of Success of Muslims against the Rajputs)**

(ਅ) **ਰਾਜਨੈਤਿਕ ਕਾਰਣ**: ਰਾਜਪੂਤ ਰਾਜਾ ਵਿਸ਼ੇਸ਼ ਰੂਪ ਤੋਂ ਚੌਹਾਨ ਅਤੇ ਰਾਠੌਰ, ਚਾਲੂਕਿਆ ਅਤੇ ਚੰਦੇਲ ਇਕ ਦੂਸਰੇ ਨਾਲ ਲੜਦੇ-ਲੜਦੇ ਰਹਿੰਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਦੀ ਸ਼ਕਤੀ ਕਮਜ਼ੋਰ ਹੋ ਗਈ ਉਹ ਸਤਰੂ ਦਾ ਇਕ ਜੁਟ ਹੋ ਕੇ ਸਾਹਮਣਾ ਨਾ ਕਰ ਸਕੇ।

(ਬ) **ਸਮਾਜਿਕ ਅਤੇ ਧਾਰਮਿਕ ਕਾਰਨ**: ਲੋਕ ਜਾਤਪਾਤ ਪ੍ਰਣਾਲੀ ਦੇ ਕਾਰਨ ਲਈ ਵਰਗਾਂ ਵਿਚ ਵੰਡੇ ਹੋਏ ਸਨ ਅਤੇ ਰਾਸ਼ਟਰਹਿੱਤ ਦੀ ਪ੍ਰਵਾਹ ਨਹੀਂ ਕਰਦੇ ਸਨ। ਜਦ ਚੌਹਾਨ ਅਤੇ ਰਾਠੌਰ ਰਾਜਾਂਵਾਂ ਹੀ ਹਾਰ ਵੀ ਹੋ ਗਈ ਸੀ ਤਾਂ ਵੀ ਜਨਤਾ ਵਿਮੁਖ ਹੀ ਰਹੀ। ਦੂਸਰੀ ਗੱਲ ਇਹ ਹੈ ਕਿ ਕੇਵਲ ਖੱਤਰੀ ਹੀ ਲੜਿਆ ਕਰਦੇ ਸਨ। ਬਾਕੀ ਲੋਕ ਲੜਨਾ ਆਪਣਾ ਕਰਤੱਵ ਨਹੀਂ ਸਮਝਦੇ ਸਨ। ਉੱਧਰ ਦੂਸਰੀ ਪਾਸੇ ਮੁਸਲਮਾਨਾਂ ਵਿਚ ਏਕਤਾ ਸੀ ਅਤੇ ਉਹ ਬਹੁਤ ਹੀ ਧਾਰਮਿਕ ਜੋਸ਼ ਨਾਲ ਲੜਦੇ।

(ਸ) **ਸੈਨਿਕ ਕਾਰਣ**: ਭਾਰਤੀ ਸੈਨਿਕ ਵਿਵਸਥਾ ਦੋਸ਼-ਪੂਰਣ ਸੀ।

 *(i)* ਇਥੇ ਕੋਈ ਸਥਾਈ ਸੈਨਾ ਨਹੀਂ ਸੀ।

 *(ii)* ਲੜਾਈ ਦੇ ਤਰੀਕੇ ਪੁਰਾਣੇ ਸਨ।

 *(iii)* ਹਾਥੀ ਹੀ ਇਨ੍ਹਾਂ ਦੀ ਏਕਮਾਤਰ ਸ਼ਕਤੀ ਸੀ।

 *(iv)* ਰਾਜਪੂਤ ਉਚਿੱਤ ਆਚਰਨ ਵਿਚ ਵਿਸ਼ਵਾਸ਼ ਕਰਦੇ ਸਨ ਅਤੇ ਧੋਖਾ-ਧੜੀ ਦਾ ਸਹਾਰਾਂ ਨਹੀਂ ਲੈਂਦੇ ਸਨ ਜਦੋਂ ਕਿ ਦੁਸ਼ਮਣ ਨੇ ਉਚਿੱਤ-ਅਨੁਚਿਤ ਸਭ ਨੀਤੀ ਵਰਤੀ।

 *(v)* ਅੰਤਿਮ ਗੱਲ ਇਹ ਹੇ ਕਿ ਰਾਜਪੂਤ ਪਹਿਲੇ ਵਾਰ ਕਦੇ ਨਹੀਂ ਕਰਦੇ ਸਨ।

(ਦ) **ਸਰਵਜਨਿਕ ਕਾਰਣ**

 *(i)* ਭਾਰਤੀ ਲੋਕ ਅੰਧ ਵਿਸ਼ਵਾਸ਼ੀ ਸੀ ਅਤੇ ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਇਸ ਕੱਲਯੁਗ ਵਿਚ ਉਨ੍ਹਾਂ ਦੀ ਹਾਰ ਹੋਵਗੀ।

**ਮਹਿਮੂਦ ਦੇ ਵੱਡੇ-ਵੱਡੇ ਹਮਲੇ (Important Invasion of Mahmud)**

ਮਹਿਮੂਦ ਨੇ ਜੋ ਸੁਬੁਕਤਦੀਨ ਦੇ ਬਾਅਦ ਗਜਨੀ ਦਾ ਸ਼ਾਸਕ ਬਣਿਆ, 1000 ਤੋਂ 1026 ਈ. ਤੱਕ ਭਾਰਤ ਉੱਤੇ 17 ਵਾਰ ਚੜ੍ਹਾਈ ਕਰ ਕੇ ਆਈਆ।

*(i)* **ਪਹਿਲਾ ਆਕ੍ਰਮਣ**–ਉਸ ਦਾ ਪਹਿਲਾ ਆਕ੍ਰਮਣ ਦਰਾਖੈਬਰ ਦੇ ਕਿਲਿਆਂ ਉਪਰ ਹੋਏ। ਇਸ ਹਮਲਾ ਦਾ ਕੁੱਝ ਵੀ ਮਤਲੱਬ ਨਹੀਂ ਹੈ।

*(ii)* **ਦੂਸਰਾ ਆਕ੍ਰਮਣ**–1001-02 ਈ. ਵਿਚ ਮਹਿਮੂਦ ਨੇ ਆਪਣਾ ਦੂਸਰਾ ਆਕ੍ਰਮਣ ਜੈ ਪਾਲ ਤੇ ਕੀਤਾ ਅਤੇ ਪੇਸ਼ਾਵਰ ਵਿਚ ਹਰਾਇਆ। ਜੈ ਪਾਲ ਪਕਿਆ ਗਿਆ ਅਤੇ ਬਾਅਦ ਵਿਚ ਇਕ ਭਾਰੀ ਰਕਮ ਦੇਣ ਦੇ ਵਚਨ ਉੱਪਰ ਛੱਡ ਦਿੱਤਾ। ਲੇਕਿਨ ਜੈ ਪਾਲ ਨੇ ਆਤਮ ਹੱਤਿਆ ਕਰ ਲਈ।

*(iii)* **ਤੀਸਰਾ ਆਕ੍ਰਮਣ**–1003 ਈ. ਵਿਚ ਆਪਣੀ ਤੀਸਰੀ ਚੜ੍ਹਾਈ ਵਿਚ ਮਹਮੂਦ ਨੇ ਭਾਟਿਆ ਰਾਜ ਦੇ ਵਿਜੈਯ ਰਾਜ ਨੂੰ ਹਰਾਇਆ।

*(iv)* **ਚੌਥਾ ਆਕ੍ਰਮਣ**–1006 ਈ. ਵਿਚ ਮਹਿਮੂਦ ਨੇ ਮੁਲਤਾਨ ਉੱਪਰ ਚੜ੍ਹਾਈ ਕੀਤੀ। ਆਨੰਦਪਾਲ ਨੂੰ ਜਿਸਨੇ ਉਸ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ, ਹਰਾ ਕੇ ਉਸ ਨੇ ਫਤੇਹ ਦਾਉਦ ਨੂੰ ਹਰਾਇਆ ਅਤੇ ਸੁਖਪਾਲ ਨਵਾਸਾਸ਼ਾਹ ਨੂੰ ਮੁਲਤਾਨ ਦਾ ਰਾਜਪਾਲ ਨਿਯੁਕਤ ਕੀਤਾ।

*(v)* **ਪੰਜਵਾਂ ਅਤੇ ਛੇਵਾਂ ਆਕ੍ਰਮਣ**–1007 ਈ. ਵਿਚ ਮਹਿਮੂਦ ਨੇ ਨਵਾਸਾਸਾਹ ਨੂੰ ਹਰਾਇਆ ਜੋ ਸਵਤੰਤਰ ਬਣ ਬੈਠਾ ਸੀ। ਜਦੋਂ ਮਹਿਮੂਦ ਛੇਵੀਂ ਵਾਰ ਚਲ ਕੇ ਆਇਆ ਤਾਂ ਆਨੰਦਪਾਲ ਨੇ ਸਾਰੇ ਰਾਜਪੂਤ ਸਰਦਾਰਾਂ ਦਾ ਇਕ ਸੰਘ ਬਣਾ ਕੇ ਉਸ ਦਾ ਸਾਹਮਣਾ ਕੀਤਾ। ਉਹ ਬੜੀ ਵੀਰਤਾ ਨਾਲ ਲੜੇ, ਲੇਕਿਨ ਜਦੋਂ ਆਨੰਦਪਾਲ ਦਾ ਹਾਥੀ ਡਰ ਕੇ ਦੌੜ ਖੜ੍ਹਾ ਹੋਇਆ ਤਾਂ ਰਾਜਪੂਤ ਸਾਹਸ ਖੋ ਬੈਠੇ ਅਤੇ ਹਾਰ ਗਏ।

*(vi)* **ਸੱਤਵਾਂ ਆਕ੍ਰਮਣ**: 1009 ਈ. ਵਿਚ ਸੱਤਵੇਂ ਆਕ੍ਰਮਣ ਵਿਚ ਮਹਿਮੂਦ ਨੇ ਨਗਰ ਕੋਟ ਦੇ ਮੰਦਰਾਂ ਨੂੰ ਲੁੱਟਿਆ ਅਤੇ ਸੈਂਕੜੇ ਮਣ ਸੋਨਾ ਅਤੇ ਚਾਂਦੀ ਆਪਣੇ ਨਾਲ ਲੈ ਗਿਆ।

*(vii)* **ਬਾਰ੍ਹਵਾਂ ਆਕ੍ਰਮਣ**: 1018-19 ਈ. ਮਹਿਮੂਦ ਦਾ ਅਗਲਾ ਵੱਡਾ ਆਕ੍ਰਮਣ ਕਨੌਜ ਦੇ ਰਾਜਪਾਲ ਤੇ ਸੀ, ਰਾਜਪਾਲ ਹਾਰ ਗਿਆ। ਰਸਤੇ ਵਿਚ ਮਹਿਮੂਦ ਨੇ ਮਥੁਰਾ ਅਤੇ ਵਰਿਦਾਵਨ ਨੂੰ ਵੀ ਲੁੱਟਿਆ।

*(viii)* **ਤੇਰ੍ਹਵਾਂ ਆਕ੍ਰਮਣ**: 1020 ਈ. ਮਹਿਮੂਦ ਨੇ ਤੇਰ੍ਹਵਾਂ ਹਮਲਾ ਕਾਲਿਜਰ ਦੇ ਸ਼ਾਸਕ ਗੰਡਾ ਦੇ ਵਿਰੁਧ ਸੀ ਜਿਸ ਨੇ ਮਹਿਮੂਦ ਦੇ ਅਧੀਨ ਹੋਏ ਰਾਜਪਾਲ ਨੂੰ ਮਾਰ ਦਿੱਤਾ ਸੀ। ਚੰਦੇਲ ਰਾਜਾ ਵੀ ਦੌੜ ਖੜਾ ਹੋਇਆ।

*(ix)* **ਸੋਲ੍ਹਵਾਂ ਆਕ੍ਰਮਣ**– 1025 ਈ. ਸਭ ਤੋਂ ਵੱਡਾ ਹਮਲਾ ਸੋਲ੍ਹਵਾਂ ਹਮਲਾ ਸੀ, ਜਿਹੜਾ ਕਾਠਿਆਵਾੜ ਦੇ ਸੋਮਨਾਥ ਮੰਦਰ ਉਪਰ ਕੀਤਾ ਗਿਆ ਸੀ। ਮਹਿਮੂਦ ਨੇ ਮੰਦਰ ਦੀ ਅਤਿਅੰਤ ਹੀ ਪਵਿਤਰ ਅਤੇ ਆਦਰਣੀਆ ਮੂਰਤੀਆਂ ਨੂੰ ਤੋੜ ਦਿੱਤਾ ਅਤੇ ਬਹੁਤ ਸਾਰਾ ਧਨ ਲੁੱਟਿਆ।

*(x)* **ਸਤਾਰ੍ਹਵਾਂ ਆਕ੍ਰਮਣ**: 1026-27 ਈ. ਦੇ ਇਸ ਆਕ੍ਰਮਣ ਵਿਚ ਜੋ ਉਸ ਦਾ ਅਖੀਰਲਾ ਹਮਲਾ ਸੀ, ਮਹਿਮੂਦ ਨੇ ਜੱਟਾਂ ਉਪਰ ਚੜ੍ਹਾਈ ਕੀਤੀ ਜਿਨ੍ਹਾਂ ਨੇ ਉਸ ਦੇ ਪਹਿਲੇ ਹਮਲਿਆਂ ਵਿਚ ਉਸ ਨੂੰ ਪ੍ਰੇਸ਼ਾਨ ਕੀਤਾ ਸੀ।

## ਮਹਿਮੂਦ ਦੇ ਆਕ੍ਰਮਣਾਂ ਦੇ ਪ੍ਰਯੋਜਨ ਅਤੇ ਪਰਿਣਾਮ (Motives and Results of Mahmud's Invasion)

**(ਕ) ਮਹਿਮੂਦ ਦੇ ਆਕ੍ਰਮਣਾਂ ਦੇ ਪ੍ਰਯੋਜਨ**: ਮਹਿਮੂਦ ਦੇ ਆਕ੍ਰਮਣਾਂ ਦੇ ਪਿੱਛੇ ਕਈ ਕਾਰਨ ਮੰਨੇ ਜਾਂਦੇ ਹਨ ਜਿਸ ਤਰ੍ਹਾਂ

*(i)* **ਧਾਰਮਿਕ ਕਾਰਨ** (Religious Motives): ਉਭਬੀ ਦਾ ਕਹਿਣਾ ਹੈ ਕਿ ਭਾਰਤ ਉਪਰ ਮਹਿਮੂਦ ਦੀ ਚੜ੍ਹਾਈ ਦਾ ਅਸਲੀ ਕਾਰਨ ਇਸਲਾਮ ਧਰਮ ਫੈਲਾਉਣਾ ਅਤੇ ਮੂਰਤੀ ਪੂਜਣ ਦਾ ਖੰਡਨ ਕਰਨਾ ਸੀ। ਲੇਕਿਨ ਨਾਜਿਮ ਅਤੇ ਹਬੀਬੀ ਦੀ ਰਾਇ ਵਿਚ ਉਸ ਦੇ ਆਕ੍ਰਮਣ ਧਾਰਮਿਕ ਨਹੀਂ ਸਨ, ਕਿਉਂਕਿ ਉਸ ਨੇ ਭਾਰਤ ਉਪਰ ਲੁੱਟ ਮਾਰ ਕਰਕੇ ਇਕ ਸੱਚੇ ਮੁਸਲਮਾਨ ਜਿਹਾ ਵਿਵਹਾਰ ਨਹੀਂ ਕੀਤਾ ਅਤੇ ਨਾ ਹੀ ਉਸ ਨੇ ਲੋਕਾਂ ਨੂੰ ਮੁਸਮਮਾਨ ਬਣਾਉਣ ਲਈ ਮਜ਼ਬੂਰ ਕੀਤਾ। ਜੇਕਰ ਉਸ ਨੇ ਭਾਰਤ ਦੇ ਹਿੰਦੂਆਂ ਨੂੰ ਲੁੱਟਿਆਂ ਤਾਂ ਇਰਾਨ ਦੇ ਮੁਸਲਮਾਨਾਂ ਨੂੰ ਵੀ ਨਹੀਂ ਛੱਡਿਆ।

(*ii*) **ਆਰਥਿਕ ਪ੍ਰਯੋਜਨ** (Economic Motives): ਹਬੀਬ ਅਤੇ ਜਾਫਿਰ ਦੀ ਰਾਏ ਹੈ ਕਿ ਮਹਿਮੂਦ ਦੇ ਆਕ੍ਰਮਣਾਂ ਦਾ ਅਸਲੀ ਪ੍ਰਯੋਜਨ ਭਾਰਤ ਦੀ ਦੌਲਤ ਨੂੰ ਲੁੱਟਣਾ ਸੀ। ਇਹੋ ਕਾਰਣ ਹੈ ਕਿ ਉਸ ਨੇ ਹਿੰਦੂਆਂ ਦੇ ਮੰਤਰਾਂ ਨੂੰ ਨਸ਼ਟ ਕੀਤਾ ਅਤੇ ਭਾਰੀ ਦੌਲਤ ਲੁੱਟ ਕੇ ਲੈ ਗਿਆ ਕਿਉਂਕਿ ਉਸ ਦਾ ਸੁਭਾਅ ਬੜਾ ਲਾਲਚੀ ਸੀ।

(*iii*) **ਰਾਜਨੀਤਿਕ ਪ੍ਰਯੋਜਨ** (Political Motives): ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਉਹ ਮਹਾਨ ਵਿਜੇਤਾ ਸੀ ਅਤੇ ਉਸ ਦਾ ਭਾਰਤ ਉਪਰ ਚੜ੍ਹਾਈ ਕਰਨ ਦਾ ਪ੍ਰਯੋਜਨ ਉਸ ਨੂੰ ਜਿੱਤ ਲੈਣਾ ਸੀ, ਲੇਕਿਨ ਇਹ ਗੱਲ ਗਲਤ ਹੈ। ਅਸਲ ਵਿਚ ਉਸ ਦਾ ਪ੍ਰਯੋਜਨ ਰਾਜਨੀਤਿਕ ਨਹੀਂ ਹਾਲਾਂਕਿ ਧਾਰਮਿਕ ਅਤੇ ਆਰਥਿਕ ਸੀ।

## ਮਹਿਮੂਦ ਦਾ ਚਰਿੱਤਰ ਅਤੇ ਮਹੱਤਵ (Character and Personality of Mahmud)

ਮਹਿਮੂਦ ਦਾ ਚਰਿੱਤਰ ਬੜਾ ਜਾਟਿਲ ਹੈ। ਕੁਝ ਲੋਕ ਉਸੇ ਇਕ ਆਦਰਸ਼ ਮੁਸਲਮਾਨ ਮੰਨਦੇ ਹਨ ਜਦੋਂ ਕਿ ਦੂਸਰੇ ਲੋਕ ਉਸ ਨੂੰ ਨਿਰਦਈ, ਕਠੌਰ ਅਤੇ ਧਰਮੋਨੱਤ ਰਾਜਾ ਸਮਝ ਕੇ ਉਸ ਉਪਰ ਆਲੋਚਨਾ ਕਰਦੇ ਹਨ।

ਨੋਟ

**(ੳ) ਇਕ ਇਨਸਾਨ ਦੇ ਰੂਪ ਵਿਚ-**

*(i)* **ਸਰੀਰਕ ਸ਼ਕਲ**: ਮਹਿਮੂਦ ਮੱਧਰੇ ਕੱਦ ਦਾ ਇਕ ਮਜ਼ਬੂਤ ਵਿਅਕਤੀ ਸੀ। ਲੇਕਿਨ ਉਸ ਦੇ ਕਰੂਪ ਚੇਹਰੇ ਉਪਰ ਚੇਚਕ ਦੇ ਦਾਗ ਸਨ।

*(ii)* **ਬਹਾਦੁਰ ਅਤੇ ਸਾਹਸੀ**: ਕਠਿਨਾਈਆਂ ਵਿਚ ਵੀ ਮਹਿਮੂਦ ਨੇ ਬੜੀ ਵੀਰਤਾ ਅਤੇ ਸਾਹਸ ਦੇ 30 ਸਾਲ ਤਕ ਆਪਣਾ ਯੁੱਧ ਕਾਰਜ ਚਲਾਇਆ।

*(iii)* **ਨਿਰਦਈ ਅਤੇ ਕਠੋਰ ਨਹੀ**: ਭਾਰਤ ਵਿਚ ਆਪਣੇ ਕੁਰਖਤ ਕੱਸਾਂ ਦਾ ਅਪਰਾਧੀ ਹੁੰਦੇ ਹੋਏ ਵੀ ਮਹਿਮੂਦ ਸੱਚ-ਮੁੱਚ ਨਿਰਦਈ ਅਤੇ ਕਠੋਰ ਨਹੀਂ ਸੀ।

*(iv)* **ਬਹੁਤ ਧਾਰਮਿਕ**: ਮਹਿਮੂਦ ਇਕ ਪੱਕਾ ਮੁਸਲਮਾਨ ਸੀ ਜੋ ਪ੍ਰਾਰਥਨਾ ਵਿਚ ਇਸਲਾਮੀ ਰਿਤਿਆਂ ਵਿਚ ਵਿਸ਼ਵਾਸ਼ ਰੱਖਦਾ ਸੀ।

*(v)* **ਧਰਮੋਮੱਤ**: ਮਹਿਮੂਦ ਕੋਈ ਧਰਮੋਮੱਤ ਵਿਅਕਤੀ ਨਹੀਂ ਸੀ ਉਸ ਦੇ ਦਰਬਾਰ ਵਿਚ ਤਿਲਕ ਵਾਲੇ ਹਿੰਦੂ ਫਲਦੇ ਫੁਲਦੇ ਸਨ।

*(vi)* **ਇਕ ਲਾਲਚੀ ਵਿਅਕਤੀ**: ਮਹਿਮੂਦ ਪਰਲੇ ਦਰਜੇ ਦਾ ਲਾਲਚੀ ਸੀ। ਭਾਰਤ ਉਪਰ ਉਸ ਦੇ ਆਕ੍ਰਮਣ ਉਸ ਦੀ ਲਾਲਸਾ ਅਤੇ ਧਨ ਲਿਪਸਾ ਦੇ ਹੀ ਕਾਰਨ ਸਨ। ਆਪਣੀ ਮੌਤ ਦੇ ਸਮੇਂ ਉਸ ਨੂੰ ਬੜਾ ਦੁਖ ਇਹ ਸੀ ਕਿ ਉਹ ਆਪਣੇ ਧਨ ਤੋਂ ਅਲੱਗ ਹੋਣ ਵਾਲਾ ਹੈ।

**(ਖ) ਇਕ ਸੈਨਿਕ ਅਤੇ ਸੈਨਾਨੀ ਦੇ ਰੂਪ ਵਿਚ:**

*(i)* ਮਹਿਮੂਦ ਇੱਕ ਅਸਾਧਾਰਣ ਸੈਨਾਪਤੀ, ਯੋਜਨਾ ਬਣਾਉਣ ਵਿਚ ਮਾਹਿਰ ਅਤੇ ਲਾਗੂ ਕਰਨ ਵਿਚ ਪੱਕਾ ਇਨਸਾਨ ਸੀ। ਉਹ ਅਜੀਵਨ ਭਾਰਤ ਅਤੇ ਕੇਂਦ੍ਰਿਅ ਐਸੀਯਾ ਵਿਚ ਲੜਦਾ ਰਿਹਾ।

*(ii)* ਉਸਨੇ ਸਿਕੰਦਰ ਦੀ ਤਰ੍ਹਾਂ ਕਦੇ ਵੀ ਹਾਰ ਨਹੀਂ ਖਾਈ ਅਤੇ ਨੈਪੋਲਿਅਨ ਦੀ ਤਰ੍ਹਾਂ ਬੜਾ ਸਫਲ ਸੈਨਾਪਤੀ ਸਿੱਧ ਹੋਇਆ।

*(iii)* ਉਸਨੇ ਪੁਰਾਣੀ ਸੈਨਾ ਵਿਚ ਨਵੀਂ ਜਾਨ ਪਾ ਦਿੱਤੀ ਅਤੇ ਕਠੋਰ ਸ਼ਾਸਨ ਨਾਲ ਕੰਮ ਲਿਆ।

**(ਗ) ਸ਼ਾਸਕ ਦੇ ਰੂਪ ਵਿਚ:**

*(i)* **ਪ੍ਰਾਂਤ ਅਤੇ ਉਸ ਦੇ ਰਾਜਪਾਲ**: ਉਸਨੇ ਆਪਣੇ ਸਾਮਰਾਜ ਨੂੰ ਪ੍ਰਾਂਤਾਂ ਵਿਚ ਵੰਡ ਦਿੱਤਾ ਅਤੇ ਹਰੇਕ ਦੇ ਉਪਰ ਰਾਜਪਾਲ ਬੈਠਾ ਦਿੱਤਾ। ਨਾਸਿਰ ਜੈਸੇ ਉਸ ਦੇ ਕੁਝ ਰਾਜਪਾਲ ਬੜੇ ਦਇਆਵਾਨ ਅਤੇ ਯੋਗ ਸਨ।

*(ii)* **ਉਸ ਦੀ ਨਿਆਂਸ਼ੀਲਤਾ**: ਮਹਿਮੂਦ ਨਿਆਂ ਦਾ ਬੜਾ ਪ੍ਰੇਮੀ ਸੀ ਅਤੇ ਅਮੀਰ ਗਰੀਬ ਸਭ ਨਾਲ ਇਕ ਬਰਾਬਰ ਸਲੂਕ ਰੱਖਦਾ ਸੀ।

*(iii)* **ਵਿਦਵਾਨਾਂ ਦਾ ਹਮਾਇਤੀ**: ਉਹ ਵਿਦਵਾਨਾਂ ਦਾ ਹਮਾਇਤੀ ਸੀ। ਉਸ ਦੇ ਦਰਬਾਰ ਵਿਚ ਬੜੇ ਬੜੇ ਵਿਦਵਾਨ ਸਨ–ਐਲਬਰੂਨੀ, ਫਿਰਦੌਸੀ, ਉਤਬੀ, ਫਰਾਹੀ ਆਦਿ।

*(iv)* **ਕਲਾ ਪ੍ਰੇਮੀ** : ਉਸ ਨੇ ਦਿਵਯ ਦੁਲਹਨ ਨਾਮ ਦੀ ਇਕ ਵੱਡੀ ਮਸਜਿਦ ਬਣਾਈ ਅਤੇ ਗਜਨੀ ਨੂੰ ਇਕ ਲਾਇਬ੍ਰੇਰੀ ਅਤੇ ਕੌਤੁਕਾਗਾਰ ਨਾਲ ਸੁਸਜਿੱਤ ਕੀਤਾ।

**ਸ਼ਾਸਕ ਦੇ ਰੂਪ ਵਿਚ ਮੁਲ-ਆਕੰਨ**: ਲੇਨਪੁਲ ਦਾ ਕਹਿਣਾ ਹੈ ਕਿ ਮਹਿਮੂਦ ਕੋਈ ਰਾਜਨਾਤਮਕ ਬੁੱਧੀ ਦਾ ਵਿਅਕਤੀ ਨਹੀਂ ਸੀ ਲੇਕਿਨ ਸੀ.ਵੀ. ਵੈਧ ਦਾ ਕਹਿਣਾ ਹੈ ਕਿ ਉਹ ਇਕ ਬਹੁਤ ਹੀ ਸਫਲ ਰਾਜਾ ਸੀ ਅਤੇ ਉਸ ਦੀ ਸਰਕਾਰ ਬੜੀ ਸੰਗਠਿਤ ਸੀ।

**(ਖ) ਉਸਦੇ ਆਕ੍ਰਮਣਾਂ ਦੇ ਪਰਿਣਾਮ (Results of his Invasions)**

*(i)* **ਪੰਜਾਬ** : ਪੰਜਾਬ ਗਜਨਵੀ ਸਾਮਰਾਜ ਦਾ ਅੰਗ ਬਣ ਗਿਆ। ਕੋਈ ਡੇਢ ਸਤਾਬਦੀ ਤਕ ਪੰਜਾਬ ਗਜਨਵੀ ਸਾਮਰਾਜ ਦਾ ਅੰਗ ਬਣਿਆ ਰਿਹਾ।

*(ii)* **ਰਾਜਪੂਤਾਂ ਦੀ ਕਮਜ਼ੋਰੀ ਦੀ ਪੋਲ ਖੁਲੀ** : ਮਹਿਮੂਦ ਨੇ ਹਰ ਬਾਰ ਰਾਜਪੂਤਾਂ ਨੂੰ ਹਰਾ ਕੇ ਉਨ੍ਹਾਂ ਦੀ ਅਦਰੂਨੀ ਕਮਜ਼ੋਰੀਆਂ ਦੀ ਪੋਲ ਖੋਲ ਦਿੱਤੀ।

*(iii)* **ਭਾਰਤ ਤੇ ਮੁਸਲਿਮ ਵਿਜੈ ਵਿਚ ਸਹਾਇਤਾ** : ਮਹਿਮੂਦ ਦੇ ਆਕ੍ਰਮਣਾਂ ਨੇ ਚਾਹੇ ਭਾਰਤ ਉਪਰ ਮੁਸਲਮਾਨਾਂ ਦੀ ਪੱਕੀ ਵਿਜੈ ਨਹੀਂ ਕਰਾਈ ਤਾਂ ਵੀ ਉਸ ਦੇ ਲਈ ਮਾਰਗ ਆਵਸ਼ ਖੋਲ ਦਿੱਤਾ।

*(iv)* **ਭਾਰਤ ਦੀ ਦੌਲਤੀ ਲੁੱਟੀ:** ਮਹਿਮੂਦ ਦੇ ਆਕ੍ਰਮਣਾਂ ਦਾ ਇਕ ਪਰਿਣਾਮ ਇਹ ਵੀ ਹੋਇਆ ਕਿ ਭਾਰਤ ਦੀ ਦੌਲਤ ਲੁੱਟੀ ਗਈ।

*(v)* **ਕਲਾ, ਸ਼ਿਲਪ, ਅਤੇ ਵਪਾਰ ਵਚਿ ਨੁਕਸਾਨ:** ਮਹਿਮੂਦ ਦੇ ਹਮਲਿਆਂ ਨੇ ਭਾਰਤ ਦੀ ਪ੍ਰਾਚੀਨ ਭਵਨ ਕਲਾ ਅਤੇ ਮੂਰਤੀ ਕਲਾ ਨੂੰ ਗਹਿਰੀ ਚੋਟ ਪਹੁੰਚਾਈ।

*(vi)* **ਭਾਰਤ ਵਿਚ ਇਸਲਾਮ ਦਾ ਫੈਲਾਉ:** ਮਹਿਮੂਦ ਦੇ ਸੈਨਿਕਾਂ ਦੇ ਨਾਲ ਨਾਲ ਮੁਸਲਮਾਨ ਸੰਤ ਵੀ ਆ ਗਏ ਜੋ ਭਾਰਤ ਵਿੱਚ ਵਸ ਗਏ ਜਿਨਠਾਂ ਨੇ ਇਸਲਾਮ ਧਰਮ ਦੇ ਪ੍ਰਚਾਰ ਵਿਚ ਅਪਨਾ ਜੀਵਨ ਲਗਾ ਦਿੱਤਾ।

### ਮਹਿਮੂਦ ਦੇ ਉੱਤਰਾਧਿਕਾਰੀ ਅਤੇ ਗਜਨਵੀ ਸਾਮਰਾਜ ਦਾ ਪਤਨ (Successors of Mahmud and Downfall of Ghazanavide Empire)

*(i)* **ਮਸੂਦ:** ਮਹਿਮੂਦ ਤੋਂ ਬਾਅਦ ਮਸੂਦ ਨੇ 1031 ਤੋਂ 1040 ਈ. ਤੱਕ ਸ਼ਾਸਨ ਕੀਤਾ। ਉਸਨੇ ਅਰੀਆਰਾਕ ਅਤੇ ਨਿਆਂਲਤਗੀਨ ਜਿਹੇ ਪੰਜਾਬ ਦੇ ਰਾਜਪਾਲਾਂ ਦੇ ਵਿਰੁੱਧ ਕਾਰਵਾਈ ਕੀਤੀ, ਲੇਕਿਨ ਸੈਲਕੁਜ ਨੇ ਤੁਰਕਾਂ ਨੂੰ ਹਰਾ ਦਿੱਤਾ।

*(ii)* **ਮੁਹੱਮਦ:** ਮਸੂਦ ਤੋਂ ਬਾਅਦ ਮੁਹੱਮਦ ਸ਼ਾਸਕ ਬਣਿਆ ਲੇਕਿਨ ਉਸ ਨੇ ਕੁਝ ਹੀ ਮਹੀਨੇ ਰਾਜ ਕੀਤਾ।

*(iii)* **ਮਨਦੂਦ ਅਤੇ ਉਸ ਦੇ ਉੱਤਰਾਧਿਕਾਰੀ:** 1041 ਤੋਂ 1049 ਈ. ਤੱਕ ਮਸੂਦ ਦੇ ਬੇਟੇ ਮਨਦੂਦ ਨੇ ਰਾਜ ਕੀਤਾ। ਉਸ ਤੋਂ ਬਾਅਦ ਬਾਰ੍ਹਾਂ ਹੋਰ ਰਾਜਾਵਾਂ ਨੇ ਰਾਜ ਕੀਤਾ। ਸੈਲਜੁਕ ਤੁਰਕਾਂ ਨੇ ਗਜਨੀ ਉਪਰ ਚੜ੍ਹਾਈ ਕੀਤੀ ਅਤੇ ਗਜਨਵੀ ਸ਼ਾਸਕਾਂ ਨੂੰ ਕੱਢ ਬਾਹਰ ਕੀਤਾ। ਅੰਤ ਵਿਚ ਸਹਾਬੁਦੀਨ ਗੌਰੀ ਨੇ ਅੰਤਮ ਸ਼ਾਸਕ ਖੁਸਰੋ ਮਲਿਕ ਨੂੰ ਮਾਰ ਕੇ ਆਪਣਾ ਸ਼ਾਸਨ ਸਥਾਪਿਤ ਕਰ ਲਿਆ।

### ਗਜਨਵੀ ਸਾਮਰਾਜ ਦੇ ਪਤਨ ਦੇ ਕਾਰਨ-

*(i)* **ਮਹਿਮੂਦ ਦੀ ਤਾਨਾਸ਼ਾਹੀ:** ਮਹਿਮੂਦ ਨੇ ਇਕ ਮਜਬੂਤ ਸੈਨਿਕ ਤਾਨਾਸ਼ਾਹੀ ਸਥਾਪਿਤ ਕੀਤੀ। ਐਸੀ ਸਰਕਾਰ ਉਸ ਜੈਸੇ ਬਲਵਾਨ ਵਿਅਕਤੀ ਦੇ ਅਧੀਨ ਹੀ ਟਿਕ ਸਕਦੀ ਸੀ।

*(ii)* **ਮਹਿਮੂਦ ਕੋਈ ਬੜਾ ਪ੍ਰਸ਼ਾਸਕ ਨਹੀਂ ਸੀ:** ਮਹਿਮੂਦ ਨੇ ਚੰਗੇ ਕਾਨੂੰਨ ਅਤੇ ਚੰਗੀਆਂ ਸੰਸਥਾਵਾਂ ਨਹੀਂ ਬਣਾਇਆਂ ਅਤੇ ਇਸ ਪ੍ਰਕਾਰ ਆਪਣੇ ਸਾਮਰਾਜ ਨੂੰ ਦ੍ਰਿੜ ਨਹੀਂ ਬਣਾਇਆ।

*(iii)* **ਉੱਤਰਾਧਿਕਾਰ ਦੇ ਕਾਨੂੰਨ ਦਾ ਨਾ ਹੋਣਾ:** ਕਿਉਂਕਿ ਕੋਈ ਉਤਰਾਧਿਕਾਰ ਦਾ ਕੋਈ ਕਾਨੂੰਨ ਨਹੀਂ ਸੀ। ਇਸ ਲਈ ਆਗਾਮੀ ਰਾਜਾਵਾਂ ਅਤੇ ਰਾਜਕੁਮਾਰਾਂ ਵਿਚ ਰਾਜ ਸਿੰਘਾਸਨ ਦੇ ਲਈ ਲੜਾਇਆਂ ਹੁੰਦੀਆਂ ਰਹਿਆਂ। ਇਸ ਲਈ ਸਾਮਰਾਜ ਕਮਜ਼ੋਰ ਹੋ ਗਿਆ।

*(iv)* **ਮਹਿਮੂਦ ਦੇ ਕਮਜ਼ੋਰ ਉੱਤਰਾਧਿਕਾਰੀ:** ਮਹਿਮੂਦ ਦੇ ਉੱਤਰਾਧਿਕਾਰੀ ਕਮਜ਼ੋਰ ਅਤੇ ਵਿਲਾਸੀ ਸਨ। ਉਹ ਆਪਣੇ ਕਰਤੱਵ ਨੂੰ ਭੁੱਲ ਗਏ, ਉਨ੍ਹਾਂ ਦੇ ਹੀ ਅਧੀਨ ਇਸ ਸਾਮਰਾਜ ਦਾ ਵਿਨਾਸ਼ ਹੋਇਆ।

*(v)* **ਸੈਲਜੁਕ ਤੁਰਕਾਂ ਦਾ ਆਕ੍ਰਮਣ:** ਸੈਲਜੁਕ ਤੁਰਕਾਂ ਨੇ ਗਜਨਵੀ ਦੇ ਸ਼ਾਸਕਾਂ ਨੂੰ ਕੁੱਟ-ਕੁੱਟ ਕੇ ਬਾਹਰ ਕੱਢ ਦਿੱਤਾ।

*(vi)* **ਗੌਰ ਵੰਸ਼ ਦਾ ਉਦੈ:** ਲੈਕਿਨ ਇਹ ਗੌਰੀ ਸਰਦਾਰ ਸ਼ਾਹਬੁਦੀਨ ਮੁਹੱਮਦ ਗੌਰੀ ਹੀ ਸੀ, ਜਿਸਨੇ ਅਖੀਰੀ ਗਜਨਵਿਆਂ ਨੂੰ ਖਤਮ ਕਰਕੇ ਆਪਣਾ ਰਾਜ ਸਥਾਪਿਤ ਕੀਤਾ।

### ਮੁਹੱਮਦ ਗੌਰੀ ਦੇ ਆਕ੍ਰਮਣ ਦੇ ਸਮੇਂ ਭਾਰਤ ਦੀ ਰਾਜਨੈਤਿਕ ਦਸ਼ਾ (Political Condition of India on the eve of Muhammad Ghori's Invasion)

ਜਿਸ ਤਰ੍ਹਾਂ ਮਹਿਮੂਦ ਗਜਨਵੀ ਦੇ ਆਕ੍ਰਮਣ ਦੇ ਸਮੇਂ ਸੀ ਉਸੇ ਤਰ੍ਹਾਂ ਹੀ ਮੁਹੱਮਦ ਗੌਰੀ ਦੇ ਆਕ੍ਰਮਣ ਦੇ ਸਮੇਂ ਵਿਚ ਵੀ ਭਾਰਤ ਕਈ ਰਾਜਾਂ ਵਿਚ ਵੰਡਿਆਂ ਹੋਇਆ ਸੀ।

(ਕ) **ਮੁਸਲਿਮ ਰਾਜ (Muslim States)**

*(i)* **ਪੰਜਾਬ**-ਮਹਿਮੂਦ ਦੇ ਆਕ੍ਰਮਣਾਂ ਦੇ ਸਮੇਂ ਪੰਜਾਬ ਗਜਨਵਿਆਂ ਦੇ ਅਧੀਨ ਸੀ। ਖੁਸਰੋ ਮਲਿਕ ਨਾਮਕ ਇਕ ਵਿਲਾਸੀ ਰਾਜਾ ਇਸ ਦਾ ਸ਼ਾਸਕ ਸੀ।

*(ii)* **ਮੁਲਤਾਨ ਅਤੇ ਸਿੰਧ:** ਮੁਲਤਾਨ ਅਤੇ ਸਿੰਧ ਦੇ ਸਵਤੰਤਰ ਰਾਜ ਅਤੇ ਅਲੱਗ ਅਲੱਗ ਕਰਮਿਥਿਅਨ ਅਤੇ ਸੁਮਰੋ ਦੇ ਅਧੀਨ ਸਨ।

ਨੋਟ

### (ਖ) ਰਾਜਪੂਤ ਰਾਜ (Rajput Kingdoms)

*(i)* **ਦਿੱਲੀ ਅਤੇ ਅਜਮੇਰ ਦਾ ਚੌਹਾਨ ਰਾਜ**-ਇਕ ਮਹਾਨ ਯੋਧਾ ਸੁਰਵੀਰ ਪ੍ਰਿਥਵੀ ਰਾਜ ਚੌਹਾਨ ਇਸ ਦਾ ਸ਼ਾਸਕ ਸੀ। ਉਹ ਆਮ ਪੜੌਸੀ ਰਾਜਾ ਨਾਲ ਲੜਦਾ ਝਗੜਦਾ ਰਹਿੰਦਾ ਸੀ।

*(ii)* **ਕਨੌਂਜ ਦੇ ਰਾਠੌਰ**: ਜੈਸਚੰਦਰ ਕਨੌਂਜ, ਬਨਾਰਸ, ਇਲਾਹਾਬਾਦ ਆਦਿ ਨਗਰਾਂ ਦੇ ਸ਼ਾਸਕ ਸੀ। ਉਹ ਪ੍ਰਿਥਵੀ ਰਾਜ ਚੌਹਾਨ ਦਾ ਕੱਟੜ ਸਤਰੂ ਸੀ, ਜਿਹੜਾ ਉਸ ਦੀ ਪੁੱਤਰੀ ਨੂੰ ਲੈ ਕੇ ਦੌੜਿਆ ਸੀ।

*(iii)* **ਅਨਹਿਲਵਾੜਾ ਦਾ ਚਾਲੂਕਿਆ ਰਾਜ**: ਗੁਜਰਾਤ ਕਾਠਿਯਾਵਾੜ ਦੇ ਇਸ ਬੜੇ ਰਾਜ ਦਾ ਸ਼ਕਤੀਸ਼ਾਲੀ ਸ਼ਾਸਕ ਚਾਲੂਕਿਆ ਵੰਸ਼ ਦਾ ਭੀਮਦੇਵ ਸੀ।

*(iv)* **ਬੁਦੇਲਖੰਡ ਦਾ ਚੰਦੇਲ ਰਾਜ**: ਬੁਦੇਲਖੰਡ ਦਾ ਸ਼ਾਸਕ ਚੰਦੇਲ ਵੰਸ਼ ਦਾ ਪਰਮਦੀਦੇਵ ਸੀ ਅਤੇ ਇਸ ਰਾਜ ਵਿਚ ਕਾਲਿੰਜਰ ਝਾਂਸੀ ਅਜਮਗੜ੍ਹ ਆਦਿ ਸ਼ਾਮਲ ਸਨ।

*(v)* **ਬਿਹਾਰ ਦਾ ਪਾਲ ਰਾਜ**: ਕੁਮਾਰਪਾਲ, ਮਦਨਪਾਲ ਜਿਹੇ ਆਪਣੇ ਕਮਜ਼ੋਰ ਸ਼ਾਸਕਾਂ ਦੇ ਕਾਰਣ ਪਾਲਾਂ ਕੋਲ ਸ਼ਾਸਨ ਕਰਨ ਲਈ ਬਿਹਾਰ ਦਾ ਇਕ ਭਾਗ ਹੀ ਬਾਕੀ ਰਿਹਾ, ਬਾਕੀ ਸਭ ਖੋਹ ਹੋ ਗਿਆ।

*(vi)* **ਬੰਗਾਲ ਦਾ ਸੈਨ ਰਾਜ**: ਗੌਰੀ ਦੇ ਆਕ੍ਰਮਣ ਦੇ ਸਮੇਂ ਲਕਸ਼ਮਣ ਸੈਨ ਬੰਗਾਲ ਦਾ ਸ਼ਾਸਕ ਸੀ।

ਇਸ ਪ੍ਰਕਾਰ ਗੌਰੀ ਦੇ ਆਕ੍ਰਮਣ ਦੇ ਸਮੇਂ ਭਾਰਤ ਕਈ ਰਾਜਾਂ ਵਿਚ ਵੰਡ ਹੋਇਆ ਸੀ। ਜੋ ਆਪਸ ਵਿਚ ਲੜਦੇ ਰਹਿੰਦੇ ਸਨ। ਜਿਨ੍ਹਾਂ ਨੂੰ ਕੋਈ ਵੀ ਦ੍ਰਿੜ ਨਿਸ਼ਚਈ ਅਤੇ ਬਲਵਾਨ ਆਕ੍ਰਮਣਕਾਰੀ ਪੀਟ ਸਕਦਾ ਸੀ।

### ਭਾਰਤ ਉਪਰ ਮੁਹੱਮਦ ਗੌਰੀ ਦੀ ਵਿਜੈ (Muhammad Ghori's Conquest of India)

*(i)* **ਮੁਲਤਾਨ ਅਤੇ ਉੱਛ ਦੀ ਵਿਜੈ** (1175- 1176): 1175 ਈ: ਵਿਚ ਮੁਹੱਮਦ ਗੌਰੀ ਨੇ ਮੁਲਤਾਨ ਉਪਰ ਚੜ੍ਹਾਈ ਕੀਤੀ ਅਤੇ ਕਮਰਥਿਆਨ ਲੋਕਾਂ ਨੂੰ ਹਟਾਕੇ ਨਗਰ ਤੇ ਅਧਿਕਾਰ ਕਰ ਲਿਆ ਅਤੇ ਉਸ ਤੋਂ ਬਾਅਦ ਚਾਲਾਕੀ ਨਾਲ ਉੱਛ ਵੀ ਲੈ ਲਿਆ।

*(ii)* **ਅਨਹਿਲਵਾੜਾ ਉਪਰ ਚੜ੍ਹਾਈ**: 1175 ਈ. ਮੁਹੱਮਦ ਗੌਰੀ ਨੇ ਅਨਹਿਲਵਾੜਾ ਦੇ ਭੀਮਦੇਵ ਉਪਰ ਚੜ੍ਹਾਈ ਕਰ ਦਿੱਤੀ ਲੇਕਿਨ ਹਾਰ ਖਾਈ।

*(iii)* **ਪੰਜਾਬ ਦੀ ਵਿਜੈ** (1179-86): ਮੁਹੱਮਦ ਨੇ 1179, 1181 ਅਤੇ 1185 ਈ. ਵਿਚ ਪੰਜਾਬ ਦੇ ਕਈ ਭਾਗਾਂ ਉਪਰ ਅਧਿਕਾਰ ਕਰ ਲਿਆ। 1186 ਈ. ਵਿਚ ਉਸ ਨੇ ਅੰਤਿਮ ਵਾਰ ਚੜ੍ਹਾਈ ਕੀਤੀ ਅਤੇ ਧੋਖੇ ਨਾਲ ਖੁਸਰੋ ਮਲਿਕ ਨੂੰ ਪਕੜ ਲਿਆ, ਇਸ ਪ੍ਰਕਾਰ ਸਾਰੇ ਪੰਜਾਬ ਨੂੰ ਜਿੱਤ ਲਿਆ।

*(iv)* ਤਰਾਯਣ ਦੀ ਪਹਿਲੀ ਲੜਾਈ (1191): 1191 ਈ. ਵਿਚ ਮੁਹੱਮਦ ਨੇ ਚੌਹਾਨਾਂ ਉਪਰ ਚੜ੍ਹਾਈ ਕੀਤੀ। ਤਰਾਯਣ ਉਪਰ ਜੋ ਲੜਾਈ ਹੋਈ ਉਸ ਵਿਚ ਆਕ੍ਰਮਣਕਾਰੀ ਜ਼ਖਮੀ ਹੋਇਆ, ਹਾਰ ਖਾਈ ਅਤੇ ਉਸ ਨੂੰ ਗਜਨਵੀ ਲੌਟ ਜਾਣਾ ਪਿਆ।

*(v)* ਤਰਾਯਣ ਦੀ ਦੂਸਰੀ ਲੜਾਈ (1192): 1192 ਈ. ਵਿਚ ਮੁਹੱਮਦ ਗੌਰੀ ਇਕ ਲੱਖ ਵੀਹ ਹਜ਼ਾਰ ਸੈਨਿਕ ਲੈ ਕੇ ਪ੍ਰਿਥਵੀ ਰਾਜ ਚੌਹਾਨ ਅਤੇ ਉਸ ਦੇ ਸਾਥਿਆਂ ਦੇ ਵਿਰੁੱਧ ਤਰਾਯਣ ਵਿਚ ਫਿਰ ਲੜਨੇ ਆਇਆ। ਇਸ ਵਾਰ ਉਸ ਦੀ ਜਿੱਤ ਹੋਈ। ਪ੍ਰਿਥਵੀਰਾਜ ਦਾ ਭਰਾ ਗੋਵਿੰਦ ਰਾਏ ਮਾਰਿਆ ਗਿਆ। ਉਸ ਨੇ ਖੁਦ ਬਚ ਨਿਕਲਣ ਦੀ ਕੋਸ਼ਿਸ਼ ਕੀਤੀ ਲੇਕਿਨ ਪਕੜਿਆ ਗਿਆ ਅਤੇ ਬਾਅਦ ਵਿਚ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

*(vi)* **ਬੁਲੰਦ ਸ਼ਹਿਰ, ਮੇਰਠ ਅਤੇ ਕੋਯਲ ਦੀ ਵਿਜੈ** (1193-94): ਕੁਤਬਦੀਨ ਐਬਕ ਨੇ ਜਿਸਨੂੰ ਮੁਹੱਮਦ ਅਪਣੇ ਰਾਜ ਦਾ ਰਾਜਪਾਲ ਬਣਾ ਕੇ ਛੱਡ ਗਿਆ ਸੀ ਉਸ ਨੇ ਬੁਲੰਦ ਸ਼ਹਿਰ, ਮੇਰਠ ਅਤੇ ਅੱਜ ਕੱਲ ਦੇ ਅਲੀਗੜ੍ਹ ਨੂੰ ਜਿੱਤ ਲਿਆ। ਇਹ ਕੰਮ ਉਸ ਨੇ 1193–94 ਵਿਚ ਕੀਤਾ।

*(vii)* **ਜੈਯਚੰਦਰ ਤੇ ਚੜ੍ਹਾਈ** (1194): ਮੁਹੱਮਦ ਨੇ ਕਨੌਂਜ ਦੇ ਜੈਸਬਚੰਦਰ ਤੇ ਚੜ੍ਹਾਈ ਕੀਤੀ। ਚੰਦਵਾੜਾ ਤੇ ਉਸਨੂੰ ਹਰਾਇਆ ਅਤੇ ਕਨੌਂਜ ਅਤੇ ਬਨਾਰਸ ਤੇ ਅਧਿਕਾਰ ਕਰ ਲਿਆ।

*(viii)* **ਅਨਹਿਲਵਾੜਾ ਦੀ ਜਿੱਤ** (1196-97): ਕੁਤਬਦੀਨ ਐਬਕ ਨੇ ਅਨਹਿਲਵਾੜਾ ਦੇ ਭੀਮਦੇਵ ਉਪਰ ਚੜ੍ਹਾਈ ਕੀਤੀ ਅਤੇ ਉਸ ਨੂੰ ਹਰਾ ਦਿੱਤਾ।

*(ix)* **ਕਾਲਿੰਜਰ ਦੀ ਜਿੱਤ** (1202-1203): ਬਹੁਤ ਦੇਰ ਘੇਰੇ ਵਿਚ ਰੱਖਣ ਤੋਂ ਬਾਅਦ ਕੁਤਬਦੀਨ ਨੇ ਅਖੀਰਕਾਰ ਚੰਦੇਲਰਾਜ ਪਰਮਦੀਦੇਵ ਨੂੰ ਹਰਾ ਦਿੱਤਾ ਅਤੇ ਕਾਲਿੰਜਰ ਅਤੇ ਮਹੋਬਾਪਰ ਅਧਿਕਾਰ ਕਰ ਲਿਆ।

*(x)* **ਬੰਗਾਲ ਅਤੇ ਬਿਹਾਰ ਦੀ ਜਿੱਤ**: ਇਖਤਿਯਾਰੂ ਦੀਨ ਨੇ ਕੁਝ ਸੌ ਸੈਨਿਕ ਲੈ ਕੇ ਪਾਲਾਂ ਅਤੇ ਸੇਨੋਂ ਨੂੰ ਹਾਰ ਦਿੱਤਾ ਅਤੇ ਉਹ ਇਸ ਤਰ੍ਹਾਂ ਬੜੀ ਆਸਾਨੀ ਨਾਲ ਬਿਹਾਰ ਅਤੇ ਬੰਗਾਲ ਉਪਰ ਅਧਿਕਾਰ ਕਰ ਲਿਆ।

*(xi)* **ਖੋਖਰਾਂ ਦੇ ਵਿਰੁੱਧ ਲੜਾਈ ਅਤੇ ਮੁਹੱਮਦ ਗੌਰੀ ਦੀ ਮ੍ਰਿਤੂ:** 1205 ਈ. ਵਿਚ ਮੁਹੱਮਦ ਗੌਰੀ ਨੇ ਪੰਜਾਬ ਦੇ ਖੋਖਰਾਂ ਨੂੰ ਹਰਾਇਆ। 1206 ਈ. ਵਿਚ ਗਜਨਵੀ ਨੂੰ ਮੁੜਦੇ ਹੋਏ ਮੁਹੱਮਦ ਧਮਯਾਕ ਵਿਚ ਠਹਿਰਿਆ। ਜਿੱਥੇ ਖੋਖਰਾਂ ਨੇ ਉਸ ਨੂੰ ਮਾਰ ਦਿੱਤਾ।

**ਮਹਿਮੂਦ ਗਜਨਵੀ ਅਤੇ ਮੁਹੱਮਦ ਗੌਰੀ ਦੇ ਕਾਰਜਾਂ ਵਿਚ ਤੁਲਨਾ (Comparison of the achievements of Mahmud Ghaznavi and Muhammad Ghori):**

ਮਹਿਮੂਦ ਗਜਨਵੀ ਅਤੇ ਮੁਹੱਮਦ ਗੌਰੀ ਦੋਵੇਂ ਮੁਸਲਮਾਨ ਸੁਲਤਾਨ ਸਨ ਜਿਨ੍ਹਾਂ ਦੇ ਵਾਰ-ਵਾਰ ਭਾਰਤ ਉਪਰ ਚੜ੍ਹਾਈ ਕੀਤੀ ਲੇਕਿਨ ਮਹਿਮੂਦ ਦੀ ਤੁਲਨਾ ਵਿਚ ਮੁਹੱਮਦ ਸੱਚ ਪੁੱਛੋ ਤਾਂ ਇਕ ਅਗਿਆਤ ਜਿਹਾ ਵਿਅਕਤੀ ਸੀ।

*(i)* **ਸੈਨਾਨੀ ਅਤੇ ਸੈਨਿਕ ਦੇ ਨਾਤੇ:** ਮਹਿਮੂਦ ਇਕ ਬਹੁਤ ਹੀ ਮਹਾਨ ਸੈਨਾਨੀ ਸੀ ਜਿਸ ਦੀ ਸਿਕੰਦਰ ਅਤੇ ਨੈਪੋਲਿਅਨ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਉਹ ਭਾਰਤ ਉਪਰ ਆਪਣੇ ਸਤਾਰਾਂ ਆਕ੍ਰਮਣਾਂ ਵਿਚ ਹਰ ਵਾਰ ਜਿੱਤੀਆਂ। ਉੱਧਰ ਮੁਹੱਮਦ ਗੌਰੀ ਇਕ ਸਾਧਾਰਨ ਸੈਨਾਨੀ ਸੀ ਜਿਸ ਨੂੰ ਅਨਹਿਲਵਾੜਾ ਦੇ ਭੀਮਦੇਵ ਨੇ ਅਤੇ ਪ੍ਰਿਥਵੀ ਰਾਜ ਚੌਹਾਨ ਨੇ ਹਰਾ ਦਿੱਤਾ। ਮੁਹੱਮਦ ਦੇ ਰਸਤੇ ਉਪਰ ਨਾ ਚੱਲਕੇ ਮੁਹੱਮਦ ਨੇ ਧੋਖਾ-ਧੜੀ ਅਤੇ ਵਿਸ਼ਵਾਸ਼ਘਾਤ ਤੋਂ ਕੰਮ ਲਿਆ।

*(ii)* **ਕਲਾ ਅਤੇ ਵਿਦਵਾਨ ਦੇ ਸੰਰੱਖਿਅਕ ਦੇ ਰੂਪ ਵਿਚ:** ਮਹਿਮੂਦ ਕਲਾ ਅਤੇ ਗਿਆਨ ਦਾ ਇਕ ਬੜਾ ਸੰਰੱਖਿਅਕ ਸੀ ਉਸ ਨੇ ਆਪਣੇ ਦਰਬਾਰ ਵਿਚ ਐਲਬਰੂਨੀ, ਉਤਬੀ, ਫਿਰਦੌਸੀ ਜਿਹੇ ਬਹੁਤ ਸਾਰੇ ਵਿਦਵਾਨਾਂ ਨੂੰ ਇਕੱਠਾ ਕਰ ਰੱਖਿਆ ਸੀ। ਉਸ ਨੇ ਗਜਨਵੀ ਦੇ ਦਿਵਸ ਦੁਲਹਨ ਨਾਮਕ ਇਕ ਮਸਜਿਦ ਵੀ ਬਣਵਾਈ। ਉਸ ਨੇ ਇਕ ਪੁਸਤਕਾਲਅ ਕੌਤੁਕਾਗਾਰ ਅਤੇ ਬਹੁਤ ਸਾਰੇ ਭਵਨ ਵੀ ਬਣਵਾਏ। ਉਧਰ ਮੁਹੱਮਦ ਗੌਰੀ ਨੇ ਕਲਾ ਅਤੇ ਸਾਹਿਤ ਦੇ ਵਿਕਾਸ ਵਿਚ ਕੋਈ ਕੰਮ ਨਹੀਂ ਕੀਤਾ।

*(iii)* **ਕੱਟੜ ਮੁਸਲਮਾਨ ਅਤੇ ਮੂਰਤੀ-ਤੋੜਕ ਦੇ ਨਾਤੇ:** ਮਹਿਮੂਦ ਨੂੰ ਮੁਹੱਮਦ ਦੀ ਤੁਲਨਾ ਵਿਚ ਅਧਿਕ ਕੱਟੜ ਮੰਨਿਆ ਜਾਂਦਾ ਹੈ। ਮੁਹੱਮਦ ਕੋਈ ਘੱਟ ਕੱਟੜ ਨਹੀਂ ਸੀ ਕਿਉਂਕਿ ਉਸ ਨੇ ਨਾ ਕੇਵਲ ਮੰਦਰ ਢਾਏ ਬਲਕਿ ਉਨ੍ਹਾਂ ਦੇ ਸਥਾਨ ਤੇ ਮਸਜਿਦਾਂ ਬਣਵਾਇਆਂ। ਲੇਕਿਨ ਵਾਸਤਵ ਵਿਚ ਦੋਵੇਂ ਹੀ ਕੱਟੜ ਨਹੀਂ ਸਨ।

*(iv)* **ਮੁਸਲਿਮ ਸਾਮਰਾਜ ਦੇ ਸੰਸਥਾਪਕ ਦੇ ਰੂਪ ਵਿਚ:** ਮਹਿਮੂਦ ਹਾਲਾਂਕਿ ਇਕ ਬਹੁਤ ਬੜਾ ਸੈਨਾਨੀ ਸੀ। ਲੇਕਿਨ ਉਸ ਦੇ ਆਕ੍ਰਮਣਾਂ ਤੋਂ ਕੋਈ ਸਥਾਈ ਪਰਿਣਾਮ ਨਹੀਂ ਨਿਕਲਿਆ। ਉਹ ਕੇਵਲ ਇਕ ਧੋਖੇਬਾਜ ਸੀ ਨਾ ਕਿ ਸਾਮਰਾਜ ਨਿਰਮਾਤਾ। ਉਧਰ ਮੁਹੱਮਦ ਗੌਰੀ ਨੇ ਕੁਝ ਵਾਰ ਹਾਰ ਖਾ ਕੇ ਕੇ ਵੀ ਮੁਸਲਿਮ ਸਾਮਰਾਜ ਦੀ ਨਿਰਮਾਣ ਕੀਤਾ। ਇਸ ਲਈ ਭਾਰਤ ਵਿਚ ਮੁਸਲਿਮ ਰਾਜ ਦਾ ਸੰਸਥਾਪਕ ਮੁਹੱਮਦ ਨੂੰ ਸਮਝਿਆ ਜਾਵੇ ਨਾ ਕਿ ਮਹਿਮੂਦ ਨੂੰ।

## 3.9 ਸ਼ਬਦਕੋਸ਼ (Keywords)

- **ਪ੍ਰਯੋਜਨ (Motives)** : ਮਕਸਦ, ਉਪਯੋਗ।
- **ਆਕ੍ਰਮਣ (Invasion)** : ਹਮਲਾ ਕਰਨਾ।

## 3.10 ਅਭਿਆਸ ਪ੍ਰਸ਼ਨ (Review Questions)

1. ਤੁਰਕਾਂ ਦੀ ਭਾਰਤ ਉਪਰ ਚੜ੍ਹਾਈ ਦਾ ਵਰਨਣ ਕਰੋ।
2. ਮਹਿਮੂਦ ਗਜਨਵੀ ਦੇ ਭਾਰਤ ਆਕ੍ਰਮਣ ਦਾ ਸੰਖੇਪ ਵਰਨਣ ਕਰੋ।
3. ਮਹਿਮੂਦ ਗਜਨਵੀ ਦੇ ਆਕ੍ਰਮਣਾਂ ਦਾ ਕੀ ਪ੍ਰਯੋਜਨ ਸੀ?
4. ਮਹਿਮੂਦ ਗਜਨਵੀ ਦਾ ਚਰਿਤ੍ਰ ਚਿਤ੍ਰਣ ਕਰੋ।
5. ਮੁਹੱਮਦ ਗੌਰੀ ਆਕ੍ਰਮਣ ਦੇ ਸਮੇਂ ਭਾਰਤ ਦੀ ਰਾਜਨੈਤਿਕ ਦਸ਼ਾ ਦਾ ਵਰਨਣ ਕਰੋ।
6. ਮੁਹਿਮਦ ਗੌਰੀ ਦੇ ਭਾਰਤ ਵਿਜੈ ਦਾ ਵਰਨਣ ਕਰੋ।
7. ਮਹਿਮੂਦ ਗਜਨਵੀ ਅਤੇ ਮੁਹੱਮਦ ਗੌਰੀ ਦੀ ਤੁਲਾਨਾਤਮਕ ਵਿਆਖਿਆ ਕਰੋ।
8. ਰਾਜਪੂਤਾਂ ਦੇ ਵਿਰੁੱਧ ਮੁਸਲਮਾਨਾਂ ਦੀ ਸਫਲਤਾ ਦੇ ਕੀ ਕਾਰਣ ਸਨ?

*ਨੋਟ*

**ਉੱਤਰ: ਸਵ-ਮੁਲਾਂਕਣ (Answer : Self Assessment)**

| | | | | | |
|---|---|---|---|---|---|
| 1. | (i) **ਮਹਿਮੂਦ** | (ii) **ਹਿੰਦੂਸ਼ਾਹੀ** | (iii) **ਉਤਪਲ** | (iv) **ਹਰਸ਼ਵਰਧਨ** | (v) **ਚੰਦੇਲ** |
| 2. | (i) (ਅ) | (ii) (ਬ) | (iii) (ਸ) | (iv) (ਦ) | (v) (ਅ) |
| 3. | (i) **ਸੱਚ** | (ii) **ਝੂਠ** | (iii) **ਝੂਠ** | (iv) **ਸੱਚ** | (v) **ਸੱਚ** |
| 4. | (i) (ਅ) | (ii) (ਬ) | (iii) (ਸ) | | |
| 5. | (i) 1030 **ਈ.** | (ii) **ਮਹਿਮੂਦ** | (iii) 1037 **ਈ.** | (iv) **ਗੌਰ** | (v) **ਬੰਗਾਲ।** |
| 6. | (i) **ਸੱਚ** | (ii) **ਝੂਠ** | (iii) **ਸੱਚ** | (iv) **ਸੱਚ** | (v) **ਝੂਠ** |
| 7. | (i) **ਚਰਵਰਤੀ** | (ii) **ਦੋਸ਼** | (iii) **ਲੇਨਪੁਲ** | | |

## 3.11 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਪੂਰਵ ਮੱਧ ਕਾਲੀਨ ਭਾਰਤ ਦਿੱਲੀ ਸਲਤਨਤ – ਸ਼੍ਰੀ ਨੇਤਰ ਪਾਡੇਯ, ਰਾਜਕਾਲ ਪ੍ਰਕਾਸ਼ਨ ਪ੍ਰਾਈਵੇਟ ਲਿਮਿਟਿਡ।
2. ਲੇਟਰ ਮਿਡਾਈਵਲ ਇੰਡੀਆ, ਏ ਹਿਸਟਰੀ ਔਫ ਦੀ ਮੁਗਲਸ – ਅਵਧ ਬਿਹਾਰੀ ਪਾਂਡੇ ਸੈਂਟ੍ਰਲ ਬੁਕ ਡਿਪੋ।
3. ਮੱਧ ਕਾਲੀਨ ਭਾਰਤ ਵਿਚ ਨਰਾਰੀਕਰਨ – ਨਮ੍ਰਤਾ ਸਿੰਘ, ਯੂਨੀਵਰਸਿਟੀ ਪਬਲੀਕੇਸ਼ਨ।
4. ਅਰਲੀ ਮਿਡਾਈਵਲ ਇੰਡੀਆ – ਅਵਧ ਬਿਹਾਰੀ ਪਾਂਡੇ ਸੈਂਟ੍ਰਲ ਬੁਕ ਡਿਪੋ।
5. ਮੱਧ ਕਾਲ ਭਾਰਤ ਦਿੱਲੀ ਸਲਤਨਤ – ਰਹੀਸ ਸਿੰਘ ਪਿਅਰ ਸਨ, ਐਜੁਕੇਸ਼ਨ ਇੰਡੀਆ।

ਨੋਟ

# ਇਕਾਈ–4: **ਦਾਸ ਵੰਸ਼**
# (The Slave Dynasty)

**ਵਿਸ਼ਾ ਵਸਤ (Contents)**


ਉਦੇਸ਼ (Objectives)

ਜਾਣਕਾਰੀ (Introduction)

4.1 ਕੁਤੁਬਦੀਨ ਐਬਕ (1206-10) (Qutab-ud -Din Aibaq)

4.2 ਇਲਤੁਤਮਿਸ਼ (1211–36) (Iltutmish)

4.3 ਗਯਾਸੁਦੀਨ ਬਲਬਨ (1266-86) (Gayas-ud-Din Balban)

4.4 ਸਾਰ ਅੰਸ਼ (Summary)

4.5 ਸ਼ਬਦਕੋਸ਼ (Keywords)

4.6 ਅਭਿਆਸ ਪ੍ਰਸ਼ਨ (Review Questions)

4.7 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਕੁਤੁਬਦੀਨ ਐਬਕ ਦੇ ਉੱਤਕਰਸ਼ ਦੀ ਜਾਣਕਾਰੀ ਬਾਰੇ।
- ਇਲਤੁਤਮਸ਼ ਦੇ ਸਾਮਰਾਜ ਸੰਬੰਧੀ ਬਾਤਾਂ ਜਾਣੂ ਹੋਣਗੇ।
- ਬਲਬਨ ਦੇ ਰਾਜ ਰੋਹਣ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ।

## ਜਾਣਕਾਰੀ (Introduction)

ਭਾਰਤ ਵਿੱਚ ਕੁਤੁਬਦੀਨ ਐਬਕ ਦੁਆਰਾ ਸੰਸਥਾਪਿਤ ਵੰਸ਼ ਦਾਸ ਵੰਸ ਦੇ ਨਾਮ ਨਾਲ ਪ੍ਰਸਿੱਧ ਹੈ। ਐਸਾ ਵਿਵਰਣ ਪੂਰਣਤਾ ਠੀਕ ਨਹੀਂ। ਦਾਸ ਵੰਸ਼ ਦੇ ਸਭ ਮੁਲਤਾਨਾਂ ਵਿਚੋਂ ਕੇਵਲ ਤਿੰਨ (ਕੁਤੁਬਦੀਨ ਐਬਕ ਇਲਤੁਤਮਿਸ਼ ਅਤੇ ਬਲਬਨ) ਦਾਸ ਸਨ ਅਤੇ ਉਨ੍ਹਾਂ ਨੂੰ ਭੀ ਉਨ੍ਹਾਂ ਦੇ ਸਵਾਮੀਆਂ ਨੇ ਆਜਾਦ ਕਰ ਦਿੱਤਾ ਸੀ। ਦਿੱਲੀ ਦੇ ਸਿੰਹਾਸਨ ਉਪਰ ਪਹੁੰਚਣ ਤੋਂ ਪਹਿਲਾਂ ਹੀ ਮੁਹੰਮਦ ਗੌਰੀ ਦੇ ਭਤੀਜੇ ਅਤੇ ਉੱਤਰਾਧਿਕਾਰੀ ਸੁਲਤਾਨ ਗਆਸੁਦੀਨ ਮੁਹੰਮਦ ਤੋਂ ਐਬਕ ਨੇ ਮੁਕਤੀ ਪੱਤਰ ਪ੍ਰਾਪਤ ਕੀਤਾ ਸੀ। ਇਲਤੁਤਮਿਸ਼ ਨੂੰ ਵੀ ਉਸਦੇ ਸਵਾਮੀ ਨੇ ਮੁਕਤ ਕਰ ਦਿੱਤਾ ਸੀ। ਬਲਬਨ, ਜੋ ਇਲਤੁਤਮਿਸ਼ ਦੇ ਚਾਲ੍ਹੀ ਤੁਰਕੀ ਦਾਸਾਂ ਵਿਚੋਂ ਸੀ, ਆਪਣੇ ਸਵਾਮੀ ਦੁਆਰਾ ਮੁਕਤ ਹੋ ਚੁਕਾ ਸੀ। ਇਸ ਵੰਸ਼ ਨੂੰ ਅਫਗਾਨ ਵੰਸ਼ ਜਾਂ ਪਠਾਨ ਵੰਸ਼ ਵੀ ਕਹਿਣਾ ਠੀਕ ਨਹੀਂ ਹੈ ਕਿਉਂਕਿ ਦਾਸ ਵੰਸ਼ ਜਾਂ ਪਠਾਨ ਵੰਸ਼ ਦੇ ਸਾਰੇ ਸ਼ਾਸਕ ਨਾਂ ਅਫ਼ਗਾਨ ਸੀ ਅਤੇ ਨਾਂ ਪਠਾਨ ਬਲਕਿ ਉਹ ਤੁਰਕ ਸਨ।

## 4.1 ਕੁਤੁਬਦੀਨ ਐਬਕ (1206-10) (Qutab-ud-Din Aibaq)

ਭਾਰਤ ਵਿੱਚ ਤੁਰਕੀ ਸਾਮਰਾਜ ਦਾ ਵਾਸਤਵਿਕ ਸੰਸਥਾਪਕ ਕੁਤੁਬਦੀਨ ਐਬਕ ਸੀ। ਉਸਦੇ ਮਾਤਾ-ਪਿਤਾ ਤੁਰਕੀ ਸਨ ਅਤੇ ਉਸ ਦਾ ਜਨਮ ਵੀ ਤੁਰਕਿਸਤਾਨ ਵਿਚ ਹੋਇਆ ਸੀ। ਜਦੋਂ ਉਹ ਇਕ ਬਾਲਕ ਸੀ, ਉਸ ਨੂੰ ਇਕ ਵਪਾਰੀ ਨਿਸਾਪੁਰ ਲੈ ਗਿਆ ਅਤੇ ਉਥੇ ਇੱਕ ਕਾਜੀ ਨੇ ਉਸ ਨੂੰ ਦਾਸ ਦੇ ਰੂਪ ਵਿਖ ਖਰੀਦ ਲਿਆ। ਕਾਜੀ ਨੇ ਉਸਨੂੰ ਆਪਣੇ ਪੁੱਤਰਾਂ ਨਾਲ ਧਾਰਮਿਕ ਅਤੇ

ਨੋਟ



*ਕੁਤੁਬਦੀਨ ਐਬਕ*

ਸੈਨਿਕ ਸਿਖਲਾਈ ਦਿੱਤੀ। ਜਦੋਂ ਕਾਜੀ ਦੀ ਮ੍ਰਿਤੂ ਹੋ ਗਈ ਤਾਂ ਉਸਦੇ ਪੁੱਤਰਾਂ ਨੇ ਉਸਨੂੰ ਇਕ ਵਪਾਰੀ ਦੇ ਹੱਥ ਵੇਚ ਦਿੱਤਾ ਜੋ ਉਸਨੂੰ ਗਜਨੀ ਲੈ ਗਿਆ ਜਿਥੇ ਉਸਨੂੰ ਮੁਹੱਮਦ ਗੌਰੀ ਨੇ ਖਰੀਦ ਲਿਆ।

**ਉਸਦਾ ਉੱਤਕਰਸ਼** (His Rise) : ਕੁਤੁਬਦੀਨ ਐਬਕ ਵਿਚ "ਸਾਰੇ ਪ੍ਰਸੰਸਨੀਯ ਗੁਣ ਅਤੇ ਪ੍ਰਭਾਵਿਤ ਕਰਨ ਵਾਲੇ ਤੱਤ ਵਿਦਮਾਨ ਸਨ" ਫਿਰ ਵੀ ਉਸ ਵਿਚ ਬਾਹਰੀ ਤੜਕ-ਭੜਕ ਨਹੀਂ ਸੀ। ਉਸਨੇ ਅਪਣੇ ਸਾਹਸ, ਉਦਾਰਤਾ ਅਤੇ ਤਾਕਤ ਨਾਲ ਅਪਣੇ ਸਵਾਮੀ ਦਾ ਧਿਆਨ ਮਨੋਹਰ ਲਿਆ। ਉਹ ਆਪਣੇ ਸਵਾਮੀ ਦੇ ਪ੍ਰਤੀ ਇਤਨਾ ਭਗਤੀਪ੍ਰਾਇਣ ਨਿਕਲਿਆ ਕਿ ਉਸਦੇ ਸਵਾਮੀ ਨੇ ਉਸਨੂੰ ਸੈਨਾ ਦੇ ਭਾਗ ਦਾ ਅਧਿਕਾਰੀ ਬਣਾ ਦਿੱਤਾ। ਉਸ ਨੂੰ ਅਮੀਰ-ਏ-ਅਖੁਰ (ਤਬੇਲਿਆਂ ਦਾ ਅਧਿਕਾਰੀ) ਭੀ ਨਿਯੁਕਤ ਕੀਤਾ ਗਿਆ। ਭਾਰਤੀਯ ਅਭਿਆਨਾਂ ਵਿਚ ਉਸਨੇ ਆਪਣੇ ਸਵਾਮੀ ਦੀ ਇਤਨੀ ਪ੍ਰਸੰਸਨੀਯ ਸੇਵਾ ਕੀਤੀ ਕਿ 1192 ਈ. ਵਿਚ ਤਰਾਯਣ ਦੀ ਦੂਸਰੀ ਲੜਾਈ ਤੋਂ ਬਾਦ ਉਸਨੂੰ ਭਾਰਤੀਯ ਜਿੱਤਾਂ ਦਾ ਪ੍ਰਬੰਧਕ ਬਣਾ ਦਿੱਤਾ ਗਿਆ। ਇਸ ਪ੍ਰਕਾਰ "ਕੇਵਲ ਸ਼ਾਸਨ ਪ੍ਰਬੰਧ ਦੇ ਖੇਤਰ ਵਿਚ ਹੀ ਨਹੀਂ, ਵਰਨ ਅਪਨੀ ਜਿੱਤਾਂ ਦੇ ਖੇਤਰ ਨੂੰ ਹੋਰ ਵੀ ਵਿਸਥਾਰ ਕਰਨੇ ਵਿੱਚ ਅਪਣੇ ਵਿਵੇਕ ਦਾ ਪ੍ਰਯੋਗ ਕਰਨ ਵਿਚ ਛੂਟ ਮਿਲ ਗਈ!" ਐਬਕ ਨੇ ਦਿੱਲੀ ਦੇ ਨੇੜੇ ਇੰਦਰ ਪ੍ਰਸਥ ਨੂੰ ਅਪਣਾ ਕੇਂਦਰ ਬਣਾਇਆ।

ਅਪਣੀ ਸਥਿਤੀ ਨੂੰ ਮਜਬੂਤ ਕਰਨ ਲਈ ਕੁਤੁਬਦੀਨ ਐਬਕ ਨੇ ਮਹੱਤਵਪੂਰਣ ਵਿਅਕਤਿਆਂ ਦੇ ਨਾਲ ਅਪਣੇ ਵੈਵਾਹਿਕ ਸੰਬੰਧ ਸਥਾਪਿਤ ਕਰ ਲਏ। ਉਸ ਨੇ ਖੁਦ ਤਾਜੁਦੀਨ ਯਲਦੌਜ ਦੀ ਪੁੱਤਰੀ ਨਾਲ ਵਿਆਹ ਕੀਤਾ। ਉਸਨੇ ਅਪਣੀ ਭੈਣ ਦਾ ਵਿਆਹ ਨਸੀਰੁਦੀਨ ਕੁਬਾਚਾ ਦੇ ਨਾਲ ਕੀਤਾ। ਇਲਤੁਤਮਿਸ਼ ਦੇ ਨਾਲ ਅਪਣੀ ਪੁੱਤਰੀ ਦਾ ਵਿਆਹ ਕਰ ਦਿੱਤਾ।

1192 ਈ. ਵਿਚ ਉਸਨੇ ਅਜਮੇਰ ਅਤੇ ਮੇਰਠ ਵਿੱਚ ਇਕ ਵਿਦਰੋਹ ਨੂੰ ਸ਼ਾਂਤ ਕੀਤਾ। 1194 ਈ. ਵਿਚ ਉਸਨੇ ਅਜਮੇਰ ਵਿਚ ਦੂਸਰੇ ਵਿਦਰੋਹ ਨੂੰ ਸ਼ਾਂਤ ਕੀਤਾ। ਉਸੇ ਸਾਲ ਉਸ ਨੇ ਚੰਦ ਵਾਰ ਯੁੱਧ ਵਿਚ ਕਨੌਜ ਦੇ ਸ਼ਾਸਕ ਜੈਯਚੰਦਰ ਨੂੰ ਹਰਾਉਣ ਵਿੱਚ ਅਪਣੇ ਸਵਾਮੀ ਦੀ ਸਹਾਇਤਾ ਕੀਤੀ। 1197 ਈ. ਵਿਚ ਉਸਨੇ ਗੁਜਰਾਤ ਦੇ ਭੀਮਦੇਵ ਨੂੰ ਦੰਡਤ ਕੀਤਾ, ਉਸਦੀ ਰਾਜਧਾਨੀ ਵਿਚ ਲੁੱਟਮਾਰ ਕੀਤੀ ਅਤੇ ਇਸੀ ਦੇ ਰਸਤੇ ਤੋਂ ਦਿੱਲੀ ਲੌਟ ਆਇਆ। 1202 ਈ. ਵਿਚ ਉਸਨੇ ਬੁੰਦੇਲਖੰਡ ਵਿਚ ਕਾਲਿੰਜਰ ਦੇ ਕਿਲੇ ਦਾ ਘੇਰਾ ਪਾਇਆ ਅਤੇ ਉਸ ਉਪਰ ਅਧਿਕਾਰ ਕਰ ਲਿਆ। ਲੁੱਟ ਵਿਚ ਉਸਨੂੰ ਬਹੁਤ ਸਾਮਾਨ ਪ੍ਰਾਪਤ ਹੋਇਆ। ਹਥਿਆਰਵੰਦ-ਮਨੁੱਖਾਂ ਨੂੰ ਬੰਦੀ ਬਣਾ ਲਿਆ। ਉਹ ਮਹੋਬਾ ਨਗਰ ਵੱਲ ਵੱਧਾ ਅਤੇ ਉਸ ਉਪਰ ਅਧਿਕਾਰ ਕਰ ਲਿਆ। ਇਸ ਤੋਂ ਬਾਦ ਉਸਨੈ ਬਦਾਯੂ ਉਪਰ ਕਬਜਾ ਕੀਤਾ ਜਿਹੜਾ ਉਸ ਸਮਾਂ ਭਾਰਤ ਦੇ ਧਨੀ ਨਗਰਾਂ ਵਿਚੋਂ ਇਕ ਸੀ। ਉਸਦੇ ਇਕ ਸੇਨਾਨੀ ਇਖਤਿਆਰੁਦੀਨ ਨੇ ਬਿਹਾਰ ਅਤੇ ਬੰਗਾਲ ਦੇ ਕੁਝ ਭਾਗਾਂ ਨੂੰ ਜਿੱਤ ਲਿਆ। ਇਸ ਪ੍ਰਕਾਰ 1206 ਈ. ਵਿਚ ਅਪਣੇ ਸਿੰਹਾਸਨ ਰੋਹਣ ਦੇ ਪਹਿਲੇ ਕੁਤੁਬਦੀਨ ਐਬਕ ਅਪਣੀ ਸਵਾਮੀ ਦੇ ਸੇਨਾਨੀ ਅਤੇ ਭਾਰਤ ਵਿੱਚ ਉਸਦੇ ਪ੍ਰਤੀਨਿਧੀ ਦੇ ਰੂਪ ਵਿੱਚ ਲਗਭਗ ਸਾਰੇ ਉੱਤਰੀ ਭਾਗ ਉਪਰ ਅਧਿਕਾਰ ਕਰ ਚੁਕਿਆ ਸੀ।

*ਨੋਟਸ* ਭਾਰਤ ਵਿਚ ਤੁਰਕੀ ਸਾਮਰਾਜ ਦਾ ਵਾਸਤਕਿਵ ਸੰਸਥਾਪਕ ਕੁਤੁਬਦੀਨ ਐਬਕ ਸੀ।

**ਉਸਦਾ ਸਿੰਘਾਸਨਾਰੋਹਣ** (Succession): ਜਦੋਂ 1206 ਈ. ਵਿੱਚ ਮੁਹੰਮਦ ਗੌਰੀ ਦੀ ਮੌਤ ਹੋ ਗਈ ਉਸ ਨੇ ਆਪਣਾ ਕੋਈ ਵੀ ਉਤਰਾਧਿਕਾਰੀ ਨਹੀਂ ਛੱਡਿਆ। ਕਿਰਮਾਨ ਦਾ ਰਾਜਪਾਲ ਤਾਜੁਦੀਨ ਯਲਦੌਜ ਗਜਨੀ ਦਾ ਸ਼ਾਸਕ ਬਣਿਆ। ਅਜਿਹਾ ਲੱਗਦਾ ਹੈ ਕਿ ਮੁਹੰਮਦ ਗੌਰੀ ਦੀ ਇੱਛਾ ਸੀ ਕਿ ਕੁਤਬੁਦੀਨ ਉਸ ਦਾ ਭਾਰਤ ਵਿੱਚ ਉਤਰਾਧਿਕਾਰੀ ਬਣੇ। ਸ਼ਾਇਦ ਇਹੀ ਕਾਰਨ ਸੀ ਜਿਸ ਤੋਂ ਮੁਹੰਮਦ ਗੌਰੀ ਨੇ ਕੁਤਬੁਦੀਨ ਏਬਕ ਨੂੰ ਉਪ ਰਾਜਸੀ ਸ਼ਕਤੀਆਂ ਪ੍ਰਦਾਨ ਕੀਤੀਆਂ ਅਤੇ ਉਸ ਨੂੰ ਮਲਿਕ ਦੀ ਉਪਾਧੀ ਨਾਲ ਸੁਸ਼ੋਭਿਤ ਕੀਤਾ। ਮੁਹੰਮਦ ਗੌਰੀ ਦੀ ਮੌਤ ਦੇ ਬਾਅਦ ਲਾਹੌਰ ਦੇ ਨਾਗਰਿਕਾਂ ਨੇ ਕੁਤਬੁਦੀਨ ਏਬਕ ਨੂੰ ਸਾਰੀ ਤਰ੍ਹਾਂ ਦੀਆ ਸ਼ਕਤੀਆਂ ਗ੍ਰਹਿਣ ਕਰਨ ਦੇ ਲਈ ਬੁਲਾਇਆ ਅਤੇ ਉਸ ਨੇ ਲਾਹੌਰ ਜਾ ਕੇ ਸਾਰੀਆਂ ਸ਼ਕਤੀਆਂ ਗ੍ਰਹਿਣ ਕੀਤੀਆਂ ਅਤੇ ਇਸ ਤਰ੍ਹਾਂ 26 ਜੂਨ 1206 ਨੂੰ ਉਸ ਦਾ ਉਪਚਾਰਿਕ ਰੂਪ ਨਾਲ ਸਿੰਘਾਸਨਾਰੋਹਣ ਹੋਇਆ।

**ਨੋਟ**

ਕੁਤੁਬਦੀਨ ਐਬਕ ਦੇ ਉਤਕ੍ਰਿਸ਼ਠ ਨੇ ਗਜਨੀ ਦੇ ਤਾਜੁਦੀਨ ਯਲਦੌਜ ਦੀ ਈਰਖਾ ਨੂੰ ਜਾਗ੍ਰਤ ਕੀਤਾ। ਐਬਕ ਨੇ ਉਸ ਉਪਰ ਅਰੋਪ ਲਗਾਇਆ ਕਿ ਉਹ ਫਿਰੋਜਕੋਹ ਦੇ ਮਹਮੂਦ ਪਰ ਅਨੁਚਿਤ ਪ੍ਰਭਾਵ ਪਾ ਰਿਹਾ ਹੈ ਅਤੇ ਇਸ ਲਈ ਉਹ ਉਸਦੇ ਵਿਰੁਧ ਵੱਧਾ। ਉਸਨੇ 1208 ਈ. ਵਿਚ ਗਜਨੀ ਉਪਰ ਕਬਜਾ ਕਰ ਲਿਆ ਅਤੇ ਮੁਲਤਾਨ ਮਹਮੂਦ ਨੂੰ ਅਪਣੇ ਵੱਲ ਕਰ ਲਿਆ। ਉਸਨੇ ਰਾਜਪਦ ਜਾਂ 'ਛਤ੍ਰ' ਅਤੇ 'ਦੁਰਬੇਸ' ਦੇ ਨਾਲ ਵਿਤ ਪੱਤਰ ਅਤੇ ਗਜਨੀ ਅਤੇ ਹਿੰਦੁਸਤਾਨ ਉਪਰ ਸ਼ਾਸਨ ਕਰਨ ਦੀ ਸ਼ਕਤੀ ਪ੍ਰਾਪਤ ਕੀਤੀ। ਯਲਦੌਜ ਨੇ ਐਬਕ ਨੂੰ ਗਜਨੀ ਤੋਂ ਬਾਹਰ ਕੱਢ ਦਿੱਤਾ ਅਤੇ ਐਬਕ ਲਾਹੌਰ ਵਾਪਸ ਆ ਗਿਆ।

ਜਿਥੇ ਤਕ ਬਿਹਾਰ ਅਤੇ ਬੰਗਾਲ ਦਾ ਸੰਬੰਧ ਹੈ ਇਖਤਿਯਾਰੁਦੀਨ ਖਿਲਜੀ ਦੀ ਮ੍ਰਿਤੂ ਨੇ ਦਿੱਲੀ ਦੇ ਬੰਗਾਲ ਅਤੇ ਬਿਹਾਰ ਦੇ ਸੰਬੰਧ ਟੁੱਟਣ ਦੀ ਧਮਕੀ ਦਿੱਤੀ। ਲਖ ਨੌਤੀ ਵਿਚ ਅਲੀ ਮਰਦਾਨ ਖਾਂ ਨੇ ਅਪਣੇ ਨੂੰ ਸਵਤੰਤਰ ਘੋਸ਼ਿਤ ਕਰ ਦਿੱਤਾ। ਲੇਕਿਨ ਸਥਾਨਿਅ ਖਿਲਜੀ ਸਰਦਾਰਾਂ ਨੇ ਉਸਨੂੰ ਹਟਾ ਕੇ ਉਸਦਾ ਸਥਾਨ ਮੁਹੰਮਦ ਸ਼ੇਰਨ ਨੂੰ ਦੇ ਦਿੱਤਾ ਅਤੇ ਉਸਨੂੰ ਬੰਦੀਗ੍ਰਹਿ ਵਿਚ ਪਾ ਦਿੱਤਾ ਲੇਕਿਨ ਅਲੀ ਮਰਦਾਨ ਖਾਂ ਨੇ ਜੇਲ ਤੋਂ ਬਾਹਰ ਨਿਕਲ ਕੇ ਦੌੜਨ ਦਾ ਪ੍ਰਬੰਧ ਕਰ ਲਿਆ ਅਤੇ ਉਹ ਦਿੱਲੀ ਪਹੁੰਚਿਆ। ਉਥੇ ਉਸਨੇ ਐਬਕ ਨੂੰ ਬੰਗਾਲ ਦੇ ਵਿਸ਼ਾਂ ਵਿਚ ਦਖਲ ਅੰਦਾਜ਼ੀ ਕਰਨ ਦਾ ਪ੍ਰਲੋਭ ਦਿੱਤਾ। ਖਿਲਜੀ ਲੋਕ ਐਬਕ ਨੂੰ ਅਪਣੀ ਸਰਬੋਤਮ ਸਵਾਮੀ ਮੰਨਣ ਉਪਰ ਰਾਜੀ ਹੋ ਗਏ। ਉਹ ਦਿੱਲੀ ਦੇ ਸ਼ਾਸਕ ਨੂੰ ਅਪਣਾ ਸਾਲਾਨਾ ਕਰ ਦੇਣ ਤੇ ਤਿਆਰ ਹੋ ਗਏ। ਬਹੁਤ ਕਾਰਜਵਿਅਸਤ ਹੋਣ ਦੇ ਕਾਰਣ ਐਬਕ ਰਾਜਪੂਤਾਂ ਦੇ ਵਿਰੁਧ ਆਕ੍ਰਮਣ ਦੀ ਨੀਤੀ ਗ੍ਰਹਿਣ ਨਹੀਂ ਕਰ ਸਕਿਆ। ਪੋਲੋ ਖੇਲਣ ਸਮੇਂ ਘੋੜੇ ਤੋਂ ਗਿਰ ਜਾਣ ਉਤੇ ਐਬਕ ਨੂੰ ਬਹੁਤ ਸੱਟ ਲੱਗੀ ਅਤੇ 1210 ਈ. ਵਿਚ ਉਸ ਦੀ ਮ੍ਰਿਤੂ ਹੋ ਗਈ। ਕੁਝ ਲੋਕਾਂ ਦਾ ਇਹ ਵਿਚਾਰ ਹੈ ਕਿ ਐਬਕ ਭਾਰਤ ਦਾ ਸਵਤੰਤਰ ਸੁਲਤਾਨ ਨਹੀਂ ਸੀ। ਇਹ ਸੰਭਵ ਹੈ ਕਿ ਉਸਨੇ ਅਪਣੇ ਨਾਮ ਦਾ ਕੋਈ ਸਿੱਕਾ ਨਹੀਂ ਖੁਦਵਾਇਆ। ਚੌਦਵੀ ਸ਼ਤਾਬਦੀ ਦਾ ਇਕ ਮੁਰੀਸ਼ ਯਾਤਰੀ ਇੱਬਬਤੁਤਾ ਭਾਰਤ ਦੇ ਮੁਸਲਿਮ ਸ਼ਾਸਕਾਂ ਦੀ ਸੂਚੀ ਵਿਚ ਐਬਕ ਨੂੰ ਕੋਈ ਸਥਾਨ ਨਹੀਂ ਦਿੰਦਾ। ਉਸ ਦਾ ਨਾਮ ਉਨ੍ਹਾਂ ਸੁਲਤਾਨਾਂ ਦੀ ਸੂਚੀ ਵਿੱਚ ਵੀ ਨਹੀਂ ਮਿਲਦਾ ਜਿਨ੍ਹਾਂ ਦੇ ਨਾਮ ਸ਼ੁਕਰਵਾਰ ਦੇ ਖੁਤਬੇ ਵਿਚ ਆਦੇਸ਼ਾਨੁਸਾਰ ਕਹੇ ਜਾਣ ਆਵਸ਼ਕ ਸਨ।

ਐਬਕ ਨੇ ਭਾਰਤ ਵਿਚ ਇਸਲਾਮ ਦੇ ਪ੍ਰਸਾਰ ਵਿਚ ਮਹਾਨ ਸੇਵਾ ਕੀਤੀ। ਪਿਛਲੀ ਦੋ ਸ਼ਤਾਬਦੀਆਂ ਵਿੱਚ ਭਾਰਤ ਗਜਨੀ ਸਾਮਰਾਜ ਦਾ ਇਕ ਭਾਗ ਰਿਹਾ ਸੀ ਅਤੇ ਗਜਨੀ ਦੀ ਰਾਜਨੀਤੀ ਦੇ ਕਾਰਣ ਹੀ ਭਾਰਤ ਦੇ ਹਿਤਾਂ ਦੀ ਬਹੁਤ ਹਾਨੀ ਹੋਈ ਸੀ। ਮੁਸਲਿਮ ਭਾਰਤ ਨੂੰ ਗਜਨੀ ਤੋਂ ਮੁਕਤ ਕਰਕੇ ਐਬਕ ਨੇ "ਭਾਰਤ ਵਿਚ ਸੱਤਾ ਦੇ ਪ੍ਰਸਾਰ ਦੇ ਲਈ ਕਾਫ਼ੀ ਸਹਾਇਤਾ ਪ੍ਰਦਾਨ ਕੀਤੀ।" ਹਸਨ ਉਨ ਨਿਜਾਮੀ ਦਾ ਇਹ ਵਿਚਾਰ ਹੈ "ਉਸਦੇ ਆਦੇਸ਼ਾਂ ਤੋਂ ਇਸਲਾਮ ਦੇ ਨਿਰਦੇਸ਼ਾਂ ਨੂੰ ਖੂਬ ਲਾਗੂ ਕੀਤਾ ਗਿਆ ਅਤੇ ਈਸ਼ਵਰ ਦੀ ਸਚਾਈ ਦੇ ਸੂਰਜ ਨੇ ਹਿੰਦ ਦੇ ਪ੍ਰਦੇਸ਼ਾਂ ਉਤੇ ਅਪਣਾ ਆਸਰਾ ਰੱਖਿਆ।" ਉਸਨੇ ਇਕ ਮਸਜਿਦ ਦਿੱਲੀ ਵਿਚ ਅਤੇ ਦੂਸਰੀ ਅਜਮੇਰ ਵਿਚ ਬਣਵਾਈ।

ਐਬਕ ਇੱਕ ਮਹਾਨ ਸੈਨਾਨੀ ਵੀ ਸੀ। ਅਪਣੇ ਸਵਾਮੀ ਦੇ ਜੀਵਨ ਕਾਲ ਵਿਚ ਯੁੱਧ-ਭੂਮੀ ਉਤੇ ਬਹੁਤ ਸਾਰੀ ਵਿਜਾਵਾਂ ਪ੍ਰਾਪਤ ਕੀਤੀਆਂ ਅਤੇ ਇਸ ਪ੍ਰਕਾਰ ਯਸ ਪ੍ਰਾਪਤ ਕੀਤਾ।

ਸ਼ਾਇਦ ਹੀ ਕਿਸੇ ਸੰਗ੍ਰਾਮ ਵਿਚ ਉਸਨੂੰ ਹਾਰ ਮਿਲੀ। ਮਿਨਹਾਜ ਦੇ ਸ਼ਬਦਾਂ ਵਿਚ ਐਬਕ ਇਕ "ਉੱਚ ਸਾਹਸ ਵਾਲਾ ਅਤੇ ਖੁਲੇ ਦਿਲ ਦਾ ਸ਼ਾਸਕ ਸੀ, ਉਹ ਬਹੁਤ ਉਦਾਰ ਵੀ ਸੀ।" ਹਜਾਰਾਂ ਮਨੁੱਖ ਉਸ ਤੋਂ ਉਪਹਾਰ ਪ੍ਰਾਪਤ ਕਰਦੇ ਸਨ। ਇਸ ਲਈ ਉਸਨੂੰ 'ਲਾਖ ਬਖਸ਼' (ਜਾਂ ਲੱਖਾਂ ਦਾ ਦਾਤਾ) ਕਹਿੰਦੇ ਸਨ। 'ਤਾਜ ਉਲ ਮਾਸਿਰ' ਦਾ ਲੇਖਕ ਹਸਨ ਨਿਜਾਮੀ ਇਹ ਦੱਸਦਾ ਹੈ ਕਿ ਐਬਕ ਨੇ "ਲੋਕਾਂ ਨੂੰ ਅਪਣੇ ਹੱਥੋਂ ਨਿਆਂ ਦਿੱਤਾ ਅਤੇ ਰਾਜ ਵਿੱਚ ਸਕਤੀ ਅਤੇ ਸਮਰਿਧੀ ਦਾ ਸੰਚਾਰ ਕਰਨ ਲਈ ਉਸਨੇ ਹੋਰ ਮਿਹਨਤ ਕੀਤੀ।" ਉਹ ਗਿਆਨ ਦਾ ਬੜਾ ਪ੍ਰੇਮੀ ਸੀ ਅਤੇ ਉਸਨੇ ਹਸਨ–ਉਨ–ਨਿਜਾਮੀ ਅਤੇ ਫਖਰੁਦੀਨ ਜੈਸੇ ਲੇਖਕਾਂ ਨੂੰ ਆਸਰਾ ਦਿੱਤਾ। ਹਸਨ–ਉਨ–ਨਿਜਾਮੀ ਨੇ ਤਾਜ–ਉਲ–ਮਾਸਿਰ ਅਤੇ ਫਖਰੁਦੀਨ ਨੇ "ਤਾਰੀਖ–ਏ–ਮੁਬਾਰਕ ਸ਼ਾਹੀ" ਦੀ ਰਚਨਾ ਕੀਤੀ।

ਏਬਕ ਸਾਮਰਿਕ ਕੰਮਾਂ ਵਿੱਚ ਇੰਨਾ ਰੁੱਝਿਆ ਰਿਹਾ ਕਿ ਉਸ ਨੇ ਦੇਸ਼ ਵਿੱਚ ਇਕ ਦ੍ਰਿੜ ਸ਼ਾਸਨ ਵਿਵਸਥਾ ਸਥਾਪਿਤ ਕਰਨ ਦੇ ਲਈ ਸਮਾਂ ਹੀ ਨਾ ਮਿਲ ਸਕਿਆ। ਸਾਰੀ ਵਿਵਸਥਾ ਦਾ ਅਧਾਰ ਸੈਨਾ ਸੀ। ਉਸ ਨੇ ਕੇਵਲ ਰਾਜਧਾਨੀ ਹੀ ਵਿੱਚ ਨਹੀਂ, ਸਗੋਂ ਰਾਜ ਦੇ ਸਾਰੇ ਮਹੱਤਵਪੂਰਨ ਨਗਰਾਂ ਵਿੱਚ ਆਪਣੀ ਸੈਨਾ ਰੱਖੀ। ਸਥਾਨਕ ਪ੍ਰਬੰਧ ਦੇਸ਼ ਦੀ ਪ੍ਰਜਾ ਦੇ ਹੱਥਾਂ ਵਿੱਚ ਰਿਹਾ। ਮੁਸਲਿਮ ਅਧਿਕਾਰੀਆਂ ਨੂੰ ਕੇਵਲ ਵੱਖ-ਵੱਖ ਵਿਭਾਗਾਂ ਦਾ ਪ੍ਰਬੰਧਕ ਰੱਖਿਆ ਗਿਆ। ਇਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਸੈਨਿਕ ਹੁੰਦੇ ਸਨ ਅਤੇ ਵਿਵਸਥਾ ਦਾ ਰੂਪ ਪਰਿਕ੍ਰਸ਼ਤ ਰਿਹਾ ਹੋਵੇਗਾ। ਇਹ ਕਹਿਣਾ ਅਤਿਕਥਨੀ ਪੂਰਨ ਹੋਵੇਗਾ ਕਿ ਉਸ ਦੇ ਰਾਜ ਵਿੱਚ ਸ਼ੇਰ ਅਤੇ ਬੱਕਰੀ ਇਕ ਹੀ ਘਾਟ ਦਾ ਪਾਣੀ ਪੀਂਦੇ ਸਨ। ਇਹ ਵੀ ਕਥਨ ਠੀਕ ਨਹੀਂ ਹੈ ਕਿ ਏਬਕ ਹਿੰਦੂਆਂ ਦੇ ਪ੍ਰਤੀ ਦਿਆਲੂ ਰਿਹਾ ਕਿਉਂਕਿ ਅਜਿਹੇ ਪ੍ਰਮਾਣ ਮਿਲਦੇ ਹਨ ਕਿ ਉਸ ਨੇ ਆਪਣੇ ਅਨਹਿਲਵਾੜਾ ਤੇ ਕਾਲਿੰਜਰ ਦੇ ਵਿਰੁਧ ਹਿੰਦੂਆਂ ਨੂੰ ਦਾਸ ਬਣਾਇਆ ਅਤੇ ਉਨ੍ਹਾਂ ਦਾ ਧਰਮ ਪਰਿਵਰਤਨ ਅਤੇ ਹਿੰਦੂਆਂ ਦੇ ਮੰਦਰਾਂ ਦੀ ਸਾਮਗ੍ਰੀ ਤੋਂ ਮਸਜਿਦਾਂ ਬਣਵਾਈਆਂ। ਇਨਾਂ ਜ਼ਰੂਰ ਹੈ ਕਿ ਸ਼ਾਂਤੀ ਕਾਲ ਵਿੱਚ ਐਬਕ ਅਸਲ ਵਿਚ ਸਹਿਨਸ਼ੀਲ ਰਿਹਾ।

**ਆਰਾਮ ਸ਼ਾਹ** (1210–11) (Aram Shah): ਕੁਤੁਬਦੀਨ ਐਬਕ ਦੀ ਮ੍ਰਿਤੂ ਦੇ ਨਾਲ ਲਾਹੋਰ ਵਿਰ ਮਲਿਕੋ ਅਤੇ ਸਰਦਾਰਾਂ ਨੇ ਅਚਾਨਕ "ਸੈਨਿਕ ਵਰਗ ਦੇ ਦਿਲਾਂ ਨੂੰ ਸੰਤੋਸ਼ ਦੇਣ, ਸਾਧਾਰਣ ਜਨਤਾ ਵਿੱਚ ਰੱਖਣ ਅਤੇ ਉਪਦ੍ਰਵ ਰੋਕਣ ਲਈ" ਆਰਾਮਸ਼ਾਹ ਨੂੰ ਗੱਦੀ ਉਪਰ ਬੈਠਾ ਦਿੱਤਾ। ਆਰਾਮ ਸ਼ਾਹ ਦੇ ਕੁਤੁਬਦੀਨ ਦੇ ਸੰਬੰਧ ਦੇ ਵਿਸ਼ੇ ਵਿਚ ਮਤਭੇਦ ਹਨ। ਇਕ ਮਤ ਇਹ ਹੈ ਕਿ

ਨੋਟ

ਇਲਤੁਤਮਿਸ਼ ਕੁਤੁਬਦੀਨ ਦਾ ਪੁੱਤਰ ਸੀ। ਮਿਨਹਾਜ–ਉਸ–ਸਿਰਾਜ ਇਸ ਮਤ ਦਾ ਖੰਡਨ ਕਰਦਾ ਹੈ ਕਿਉਂਕਿ ਉਸਦੇ ਵਿਚਾਰ ਵਿਚ ਕੁਤੁਬਦੀਨ ਦੇ ਕੋਈ ਪੁੱਤਰ ਨਹੀਂ ਸੀ ਕੇਵਲ ਤਿੰਨ ਪੁੱਤਰੀਆਂ ਸਨ। ਅਬੁਲ ਫਜ਼ਲ ਦਾ ਵਿਚਾਰ ਹੈ ਕਿ ਆਰਾਮ ਸ਼ਾਹ ਕੁਤੁਬਦੀਨ ਦਾ ਕੋਈ ਸੰਬੰਧੀ ਨਹੀਂ ਸੀ, ਲੇਕਿਨ ਉਸਨੂੰ ਇਸ ਲਈ ਸੱਤਾ ਰੂੜ੍ਹ ਕੀਤਾ ਗਿਆ ਸੀ ਕਿਉਂਕਿ ਉਸ ਸਮੇਂ ਸਥਿਤੀਨੁਸਾਰ ਉਸੀ ਨੂੰ ਉਪਲਭਧੀ ਹੋ ਸਕੀ। ਇਸ ਵਿਸ਼ੇ ਵਿਚ ਕੋਈ ਭੀ ਨਿਸ਼ਚਿਤ ਪਰਿਣਾਮ ਨਹੀ ਨਿਕਲਦਾ।

| | |
|---|---|
| *ਕੀ ਤੁਸੀਂ ਜਾਣਦੇ ਹੋ* | ਤਾਜ–ਉਲ–ਮਾਸ਼ਿਰ ਦਾ ਲੇਖਕ ਹਸਨ ਨਿਜ਼ਾਮੀ ਸੀ। |

ਬਦਕਿਸਮਤੀ ਨਾਲ ਆਰਾਮ ਸ਼ਾਹ ਇਕ ਕਮਜ਼ੋਰ ਅਤੇ ਅਯੋਗ ਸ਼ਾਸਕ ਸਿੱਧ ਹੋਇਆ ਅਤੇ ਇਸ ਲਈ ਲੋਕਾਂ ਨੇ ਉਸਨੂੰ ਅਪਨਾ ਸ਼ਾਸਕ ਮੰਨਣ ਤੋਂ ਇੰਕਾਰ ਕਰ ਦਿੱਤਾ। ਅਲਗ–ਅਲਗ ਪ੍ਰਾਂਤਾਂ ਦੇ ਸ਼ਕਤੀਸ਼ਾਲੀ ਅਧਿਯਕਸ਼ ਨੇ ਜੈਸੇ ਸੁਲਤਾਨ ਦੇ ਕੁਬਾਚਾ ਅਤੇ ਬੰਗਾਲ ਦੇ ਅਲੀ ਮਰਦਾਨ ਨੇ ਆਰਾਮ ਸਾਹ ਦੀ ਸਰਵਭੋਮਿਕਤਾ ਮੰਨਣ ਤੋਂ ਇੰਕਾਰ ਕਰ ਦਿੱਤਾ। ਦੇਸ਼ ਵਿਚ ਉਸ ਦਾ ਡਰ ਉਠ ਗਿਆ ਅਤੇ ਉਸਦਾ ਨਿਰਾਕਰਣ ਕਰਨ ਦੇ ਉਦੇਸ਼ ਤੋਂ ਬਦਾਯੂੰ ਦੇ ਪ੍ਰਾਂਤ ਨਿਰੀਖਕ ਇਲਤੁਤਮਿਸ਼ ਨੂੰ ਇਕ ਨਿਮੰਤ੍ਰਨ ਭੇਜਿਆ। ਸ਼ਮਸੁਦੀਨ ਇਲਤੁਤਮਿਸ਼ ਨੇ ਨਿਮੰਤ੍ਰਨ ਸਵੀਕਾਰ ਕਰ ਲਿਆ ਅਤੇ ਦਿੱਲੀ ਦੇ ਨੇੜੇ ਜਡ (Jud) ਦੇ ਸਥਾਨ ਤੇ ਉਸਨੇ ਆਰਾਮਸ਼ਾਹ ਨੂੰ ਹਰਾ ਦਿੱਤਾ। ਸ਼ਾਇਦ ਆਰਾਮ ਸ਼ਾਹ ਦੀ ਹੱਤਿਆ ਕਰ ਦਿੱਤੀ ਗਈ। ਉਸਦਾ ਸ਼ਾਸਨ ਲਗਭਗ ਅੱਠ ਮਹੀਨਿਆਂ ਤਕ ਰਹਿ ਕੇ ਸਮਾਪਤ ਹੋਇਆ।

**ਸਵ-ਮੁਲਾਂਕਣ (Self Assessment)**

1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks):
   (i) ਭਾਰਤ ਵਿਚ ਕੁਤੁਬਦੀਨ ਐਬਕ ਦੁਆਰਾ ਸੰਸਥਾਪਿਤ ਵੰਸ਼ ..............ਦੇ ਨਾਮ ਤੋਂ ਪ੍ਰਸਿੱਧ ਹੈ।
   (ii) ਭਾਰਤ ਵਿਚ ਤੁਰਕੀ ਸਾਮਰਾਜ ਦਾ ਵਾਸਤਵਿਕ ਸੰਸਥਾਪਕ............ ਸੀ।
   (iii) ............ ਵਿਚ ਮੁਹੱਮਦ ਗੌਰੀ ਦੀ ਮ੍ਰਿਤੂ ਹੋਈ।
   (iv) ਐਬਕ ਨੇ ਭਾਰਤ ਵਿਚ ............ ਦੇ ਪ੍ਰਸਾਰ ਦੀ ਮਹਾਨ ਸੇਵਾ ਕੀਤੀ।
   (v) ਐਬਕ ਇਕ ਮਹਾਨ............. ਵੀ ਸੀ।

## 4.2 ਇਲਤੁਤਮਿਸ਼ (1211–36) (Iltutmish)

ਦਾਸ ਵੰਸ਼ ਦੇ ਸੁਲਤਾਨਾਂ ਵਿਚੋਂ ਸਭ ਤੋਂ ਮਹਾਨ ਇਲਤੁਤਮਿਸ਼ ਹੋਇਆ। ਉਹ ਇਕ ਦਾਸ ਸੀ ਜਿਹੜਾ ਅਪਨੀ ਯੋਗਤਾ ਦੇ ਬਲ ਉਪਰ ਇਤਨੇ ਉੱਚ ਪਦ ਤਕ ਪਹੁੰਚਿਆ। ਉਹ ਤੁਰਕਿਸਤਾਨ ਦੀ ਇਲਬਾਰੀਜਾ ਜਾਤੀ ਨਾਲ ਸੰਬੰਧਤ ਸੀ। ਉਹ ਇਕ ਉੱਚ ਪਰਿਵਾਰ ਦਾ ਸੀ। ਅਪਣੇ ਬਚਪਨ ਵਿਚ ਉਹ ਬਹੁਤ ਸੁੰਦਰ ਸੀ ਅਤੇ ਉਸਨੇ ਸਾਰੇ ਬੁੱਧੀਮਤਾ ਅਤੇ ਸਾਧੂਤਾ ਦੇ ਲੱਛਣ ਸੱਪਸ਼ਟ ਕੀਤੇ ਸਨ। ਇਸ ਪ੍ਰਕਾਰ ਅਪਣੇ ਭਰ੍ਹਾਵਾਂ ਦੀ ਈਰਖਾ ਨੂੰ ਜਾਗ੍ਰਤ ਕੀਤਾ ਸੀ ਜਿਨ੍ਹਾਂ ਨੇ ਉਸਨੂੰ ਪੈਤ੍ਰਿਕ ਨਿਵਾਸ ਅਤੇ ਸੰਰਕਸ਼ਣ ਤੋਂ ਵੰਚਤ ਕਰ ਦੇਣ ਦਾ ਪ੍ਰਯਤਨ ਕੀਤਾ। ਉਸ ਨੂੰ ਬੁਖਾਰਾ ਦੇ ਇਕ ਵਪਾਰੀ ਦੇ ਹੱਥ ਬੇਚ ਦਿੱਤਾ ਗਿਆ ਜਿਸ ਤੋਂ ਇਕ ਹੋਰ ਵਿਅਕਤੀ ਨੇ ਮੁੱਲ ਖਰੀਦ ਕੇ ਕੁਤੁਬਦੀਨ ਦੇ ਹੱਥਾਂ ਵਿਚ ਵੇਚ ਦਿੱਤਾ। ਇਲਤੁਤਮਿਸ਼ ਨੇ ਹੌਲੀ–ਹੌਲੀ ਪ੍ਰਗਤੀ ਕੀਤੀ, ਇਥੇ ਤਕ ਕਿ ਉਹ ਬਦਾਂਯੂੰ ਦਾ ਸੂਬੇਦਾਰ ਬਣ ਗਿਆ। ਕੁਤੁਬਦੀਨ ਐਬਕ ਦੀ ਕੰਨਿਆ ਨਾਲ ਉਸ ਦਾ ਵਿਆਹ ਹੋ ਗਿਆ। ਉਸਨੇ ਖੋਖਰਾਂ ਦੇ ਵਿਰੁਧ ਸੰਗ੍ਰਾਮ ਕਰਕੇ ਆਪਣੀ ਖਿਆਤੀ ਵਧਾ ਲਈ। ਅਪਣੀ ਸੇਵਾਵਾਂ ਦੀ ਮਾਨਤਾ ਦੇ ਅਵਸਰ ਵਿਚ ਮੁਹੱਮਦ ਗੌਰੀ ਦੇ ਆਦੇਸ਼ ਤੋਂ ਇਲਤੁਤਮਿਸ਼ ਨੂੰ ਦਾਸਤਾ ਤੋਂ ਮੁਕਤੀ ਮਿਲ ਗਈ ਅਤੇ ਨਾਲ ਹੀ ਅਮੀਰ–ਉਲ–ਉਮਰਾ ਦੀ ਉਪਾਧਿ ਮਿਲ ਗਈ।

ਜਦੋਂ 1210 ਈ. ਵਿਚ ਕੁਤੁਬਦੀਨ ਦਾ ਦੇਹਾਂਤ ਹੋ ਗਿਆ, ਤਾਂ ਆਰਾਮਸ਼ਾਹ ਉਸ ਦਾ ਉੱਤਰਾਧਿਕਾਰੀ ਬਣ ਗਿਆ। ਉਸਨੂੰ ਅਯੋਗ ਪਾ ਕੇ ਸਰਦਾਰਾਂ ਨੇ ਸਿੰਹਾਸਨ ਦੇ ਲਈ ਇਲਤੁਤਮਿਸ਼ ਨੂੰ ਆਮੰਤ੍ਰਿਤ ਕਰਨ ਦਾ ਨਿਸ਼ਚੈ ਕੀਤਾ ਅਤੇ ਉਨ੍ਹਾਂ ਦੀ ਪਸੰਦ ਹਿਕ ਛੋਟੇ ਜਿਹੇ ਸਾਮਰਾਜ ਦੇ ਹਿਤ ਵਿਚ ਠੀਕ ਸਿੱਧ ਹੋਈ।

ਕੁਤੁਬਦੀਨ ਦੇ ਸੰਰੱਖਿਅਕ ਦੇ ਨਾਇਕ (Commander of the Guards) ਨੇ ਉਸਦਾ ਵਿਰੋਧ ਕੀਤਾ, ਕਿੰਤੂ ਪਿਛੋਂ ਕੋਈ ਸਹਾਇਤਾ ਨਾ ਹੋਣ ਦੇ ਕਾਰਣ ਉਸਦਾ ਵਿਰੋਧ ਨਿਸਫਲ ਰਿਹਾ ਕਾਜੀ ਵਜੀਹ–ਉਦ–ਦੀਨ ਦੇ ਨੇਤਰਤਵ ਵਿਚ ਕੁਝ ਵਿਧੀ–ਗਿਆਤਾਵਾਂ ਨੇ ਇਲਤੁਤਮਿਸ਼ ਦਾ ਇਕ ਆਧਾਰ ਉਤੇ ਵਿਰੋਧ ਕੀਤਾ ਕਿ ਉਹ ਇਕ ਸਵਤੰਤਰ ਮਨੁਖ ਨਹੀਂ ਅਤੇ ਉਨ੍ਹਾਂ ਨੇ ਅਪਣੀ ਦਲੀਲ ਤਦੇ ਵਾਪਸ ਲੈ ਲਈ ਜਦੋ ਕਿ ਇਲਤੁਤਮਿਸ਼ ਨੇ ਉਨ੍ਹਾਂ ਨੂੰ ਅਪਣਾ ਮੁਕਤੀ–ਪੱਤਰ ਦਿਖਾਇਆ।

*ਟਾਸਕ* ਅਮੀਰ-ਉਲ-ਉਮਰਾ ਦੀ ਉਪਾਧੀ ਕਿਸ ਨੂੰ ਮਿਲੀ ?

**ਅਪਹਰਣਕਰਤਾ ਨਹੀਂ** (Not Usurper): ਇਲਤੁਤਮਿਸ਼ ਕੋਈ ਅਪਹਰਣਕਰਤਾ ਨਹੀਂ ਸੀ ਕਿਉਂਕਿ ਅਪਹਰਣ ਦੇ ਲਈ ਕੋਈ ਵਸਤੂ ਨਹੀਂ ਸੀ। ਉਸ ਸਮੇਂ ਭਾਰਤ ਵਿਚ ਕੋਈ ਸਰਵੋਤਮ ਸ਼ਾਸਕ ਨਹੀਂ ਸੀ। ਇਲਤੁਤਮਿਸ਼ ਦੀ ਸਮਰਣ ਸ਼ਕਤੀ ਤਿੰਨ ਬਾਤਾਂ ਉੱਤੇ ਨਿਰਭਰ ਸੀ। ਪਹਿਲੀ, ਉਹ ਅਧਿਕਾਰੀਆਂ ਦੁਆਰਾ ਨਿਰਵਾਚਿਤ ਕੀਤਾ ਗਿਆ ਸੀ। ਦੂਸਰੇ ਉਹ ਵਿਜੈ ਦੇ ਅਧਿਕਾਰ ਦਾ ਦਾਵਾ ਕਰਕੇ ਅਪਣੇ ਆਦੇਸ਼ ਲਾਗੂ ਕਰ ਸਕਦਾ ਸੀ। ਤੀਸਰੀ, ਉਸਨੂੰ ਬਗਦਾਦ ਦੇ ਖਲੀਫਾ ਦੁਆਰਾ ਮਾਨਤਾ ਮਿਲ ਗਈ ਸੀ। ਇਹ ਸਪੱਸ਼ਟ ਨਹੀਂ ਹੈ ਕਿ ਇਲਤੁਤਮਿਸ਼ ਨੇ ਖਲੀਫਾ ਤੇ ਇੱਜਤ ਦਾ ਚੋਗਾ ਪ੍ਰਾਪਤ ਕਰਨ ਦੀ ਕੋਈ ਪ੍ਰਾਥਨਾ ਕੀਤੀ ਜਾਂ ਖਲੀਫਾ ਨੇ ਖੁਦ ਅਪਨੀ ਇੱਛਾ ਨਾਲ ਉਸਨੂੰ ਉਹ ਚੋਗਾ ਪ੍ਰਦਾਨ ਕੀਤਾ ਸੀ। ਖਲੀਫਾ ਨੇ ਇਲਤੁਤਮਿਸ਼ ਦੀ ਪੁਸ਼ਟੀ ਉਸ ਸਾਰੇ ਖੇਤਰ ਵਿਚ ਕਰ ਦਿੱਤੀ "ਜਿਹੜਾ ਉਸਨੇ ਵਿਜਿਤ ਕੀਤਾ ਸੀ" ਅਤੇ ਉਹ ਮੁਲਤਾਨ-ਏ-ਆਜਮ (ਮਹਾਨ ਸ਼ਾਸਕ) ਦੀ ਉਪਾਧਿ ਪ੍ਰਦਾਨ ਕੀਤੀ। ਇਸ ਕਾਰਜ ਨੇ "ਦਿੱਲੀ ਦੀ ਸਲਤਨਤ ਦੇ ਉਪਰ ਖਿਲਾਫਤ ਦੀ ਛਾਪ ਨੂੰ ਦ੍ਰਿੜ੍ਹ ਕਰ ਦਿੱਤਾ ਅਤੇ ਭਾਰਤ ਦੀ ਭੌਗੋਲਿਕ ਸੀਮਾਵਾਂ ਤੋਂ ਬਾਹਰ ਖਲੀਫਾ ਦੇ ਅੰਤਮ ਅਧਿਕਾਰ ਨੂੰ ਵੈਧਾਂਨਿਕ ਰੂਪ ਵਿਚ ਪੁਸ਼ਟ ਕਰ ਦਿੱਤਾ ਜੋ ਇਸਲਾਮ ਦੇ ਵਾਸਤਵਿਕ ਭਰਾ-ਭਾਉ ਤੋਂ ਅਧਿਕ ਸੱਪਸ਼ਟ ਹੋ ਗਿਆ।" ਅਪਣੇ ਸਿੱਕਿਆ ਉਤੇ ਇਲਤੁਤਮਿਸ਼ ਨੇ ਅਪਣੇ ਲਈ ਖਲੀਫਾ ਦਾ ਦੂਤ ਪਰਦਰਸ਼ਿਤ ਕੀਤਾ।

**ਉਸ ਦੀ ਕਠਿਨਾਈਆਂ** (His Difficulties) : ਜਦੋਂ 1211 ਈ. ਵਿਚ ਇਲਤੁਤਮਿਸ਼ ਸੁਲਤਾਨ ਬਣਿਆ, ਤਾਂ ਉਸਦੇ ਸਾਹਮਣੇ ਅਨੇਕ ਕਠਿਨਾਈਆਂ ਉਪਸਥਿਤ ਹੋਈਆਂ। ਉਨਾਂ ਕਠਿਨਾਈਆਂ ਦੇ ਕਾਰਣ ਸਾਹਸਹੀਣ ਹੋਣ ਦੀ ਬਜਾਏ ਉਸਨੇ ਉਸਦਾ ਸਾਹਸਪੂਰਵਕ ਸਾਹਮਣਾ ਕੀਤਾ ਅਤੇ ਉਨ੍ਹਾਂ ਉਤੇ ਵਿਜੈ ਪ੍ਰਾਪਤ ਕੀਤੀ। ਉਸਨੇ ਕੁਤੁਬੀ ਅਤੇ ਮੁਇੱਜੀ ਮਲਿਕਾਂਵਾਂ ਦੇ ਵਿਰੁਧ ਤੱਤਕਾਲ ਕਦਮ ਉਠਾਇਆ ਅਤੇ ਦਿੱਲੀ ਦੇ ਪਾਸ ਦੇ ਖੇਤਰਾਂ ਵਿੱਚ ਉਨ੍ਹਾਂ ਨੂੰ ਦਮਨਕਾਰੀ ਹਾਰ ਦਿੱਤੀ। ਦਿੱਲੀ ਦੇ ਪਾਸ ਦੇ ਖੇਤਰਾਂ ਵਿਚ ਉਸਨੇ ਅਪਣੀ ਸ਼ਕਤੀ ਸੁਦ੍ਰਿੜ ਬਣਾ ਲਈ। ਉਸ ਨੇ ਯਲਦੌਜ ਤੋਂ 'ਮੁਕਤੀਪਤਰ' ਭੀ ਪ੍ਰਾਪਤ ਕਰ ਲਿਆ।

**ਯਲਦੌਜ** (Yildoz): ਤਾਜੁਦੀਨ ਯਲਦੌਜ਼ ਇਲਤੁਤਮਿਸ਼ ਦਾ ਇਕ ਦੁਸ਼ਮਣ ਸੀ। ਉਸ ਨੇ ਆਪਣੇ ਆਪ ਨੂੰ ਮੁਹੰਮਦ ਗੌਰੀ ਦਾ ਉਤਰਾਧਿਕਾਰੀ ਸਮਝਿਆ ਅਤੇ ਉਹ ਇਹ ਸਹਿਣ ਨਹੀਂ ਕਰ ਸਕਦਾ ਸੀ ਕਿ ਭਾਰਤ ਵਿੱਚ ਇਸਲਾਮੀ ਰਾਜ ਗੁਲਾਮ ਹੋ ਜਾਵੇ। 1214 ਈ. ਵਿੱਚ ਯਲਦੌਜ਼ ਨੇ ਲਾਹੌਰ 'ਤੇ ਆਪਣਾ ਅਧਿਕਾਰ ਜਮਾ ਲਿਆ। ਇਲਤੁਤਮਿਸ਼ ਦੇ ਲਈ ਇਹ ਇਕ ਵੱਡੀ ਗੱਲ ਸੀ। ਉਹ ਯਲਦੌਜ਼ ਦੇ ਵਿਰੁੱਧ ਵਧਿਆ ਅਤੇ ਥਾਨੇਸਰ ਦੇ ਨੇੜੇ ਤਰਾਇਣ ਦੇ ਯੁੱਧ ਵਿੱਚ ਉਸ ਨੂੰ ਹਰਾ ਦਿੱਤਾ। ਯਲਦੌਜ਼ ਨੂੰ ਬੰਦੀ ਬਣਾ ਕੇ ਬਦਾਂਯੂ ਦੇ ਇਕ ਦੁਰਗ ਵਿੱਚ ਭੇਜ ਦਿੱਤਾ ਗਿਆ, ਜਿੱਥੇ ਬਾਅਦ ਵਿੱਚ ਉਸ ਦੀ ਹੱਤਿਆ ਕਰ ਦਿੱਤੀ ਗਈ। ਇਸ ਤਰ੍ਹਾ ਇਲਤੁਤਮਿਸ਼ ਨੇ ਆਪਣੇ ਰਸਤੇ 'ਚੋਂ ਇਕ ਮਹਾਨ ਦੁਸ਼ਮਣ ਦਾ ਸਫਾਇਆ ਕਰ ਦਿੱਤਾ।

**ਕੁਬਾਚਾ** (Qabacha): ਉੱਛ ਅਤੇ ਮੁਲਤਾਨ ਦੇ ਪ੍ਰਾਂਤ ਨਿਰੀਖਕ ਨਾਸਿਰੁਦੀਨ ਕੁਬਾਚਾ ਦਾ ਦਮਨ ਕਰਨ ਵਿੱਚ ਵੀ ਇਲਤੁਤਮਿਸ਼ ਸਫਲ ਹੋਇਆ। ਕੁਤੁਬਦੀਨ ਦੀ ਮ੍ਰਿਤੂ ਦੇ ਬਾਦ ਕੁਬਾਚਾ ਨੇ ਪੰਜਾਬ ਦੇ ਇੱਕ ਭਾਗ ਉਪਰ ਅਧਿਕਾਰ ਕਰ ਲਿਆ। ਇਸ ਤੇ ਇਲਤੁਤਮਿਸ਼ ਨੇ ਕੁਬਾਚਾ ਦੇ ਵਿਰੁਧ ਚੜ੍ਹਾਈ ਕਰ ਦਿੱਤੀ। 1217 ਈ. ਵਿਚ ਉਹ ਉਦੰਡ ਕੁਬਾਚਾ ਨੂੰ ਪੰਜਾਬ ਤੋਂ ਖਦੇੜਨ ਵਿਚ ਸਫਲ ਹੋਇਆ ਕਿਉਂਕਿ ਕੁਬਾਚਾ ਦਾ ਦਮਨ ਪੂਰਣ ਰੂਪ ਵਿਚ ਸ਼ਾਂਤ ਨਹੀਂ ਸੀ ਹੋ ਸਕਿਆ, ਇਸ ਲਈ ਉਸਨੇ ਅਗਲੇ ਦਸਕ ਵਿਚ ਦੁਬਾਰਾ ਸਵਾਧੀਨ ਰਹਿਣ ਦੀ ਸਮਰਥਾ ਗ੍ਰਹਿਣ ਕਰ ਲਈ ਸੀ। 1227 ਈ. ਵਿਚ ਇਲਤੁਤਮਿਸ਼ ਨੇ ਫਿਰ ਕੁਬਾਚਾ ਦੇ ਵਿਰੁਧ ਚੜ੍ਹਾਈ ਕੀਤੀ ਅਤੇ ਬਿਨਾਂ ਕਿਸੀ ਅਧਿਕ ਵਿਰੋਧ ਦੇ ਉੱਛ ਪਰ ਅਧਿਕਾਰ ਕਰ ਲਿਆ। ਉੱਛ ਤੋਂ ਦੌੜ ਕੇ ਕੁਬਾਚਾ ਨੇ ਭੱਕਰ ਵਿਚ ਸ਼ਰਣ ਲਈ। ਜਦੋਂ ਇਲਤੁਤਮਿਸ਼ ਨੇ ਭੱਕਰ ਤੇ ਘੇਰਾ ਪਾਇਆ ਤਾਂ ਕੁਬਾਚਾ ਨੇ ਸਾਹਸਹੀਣ ਹੋ ਕੇ ਸਮਝੌਤੇ ਦੀ ਯਾਚਨਾ ਕੀਤੀ। ਸਮਝੌਤੇ ਦੀਆਂ ਸ਼ਰਤਾਂ ਤੇ ਸਮਝਤੇ ਲਈ ਉਸਨੇ ਅਪਣੇ ਪੁੱਤਰ ਬਹਰਾਮਮਸੁਦ ਨੂੰ ਭੇਜਿਆ ਪਰ ਉਸਨੂੰ ਬੰਦੀ ਬਣਾ ਲਿਆ ਗਿਆ। ਕੁਬਾਚਾ ਏਨਾ ਘਬਰਾ ਗਿਆ ਕਿ ਉਸਨੇ ਭੱਕਰ ਤੋਂ ਦੌੜਨ ਦਾ ਨਿਸ਼ਚੈ ਕਰ ਲਿਆ ਲੇਕਿਨ ਸਿੰਧ ਨਦੀ ਵਿਚ ਡੁੱਬ ਜਾਣ ਤੋਂ ਉਸਦੀ ਮ੍ਰਿਤੂ ਹੋ ਗਈ। ਇਕ ਵਿਚਾਰ ਇਹ ਵੀ ਹੈ ਕਿ ਦੁਰਘਟਨਾ ਵਿਚ ਉਸਦੀ ਹੱਤਿਆ ਹੋ ਗਈ। ਇਕ ਮਤ ਇਹ ਵੀ ਹੈ ਕਿ ਉਸਨੇ ਆਤਮ ਹੱਤਿਆ ਕਰ ਲਈ। ਚਾਹੇ ਕੁਝ ਵੀ ਸੱਚ ਹੋਵੇ, ਇਲਤੁਤਮਿਸ਼ ਨੇ ਭੱਕਰ ਉਤੇ ਕਬਜਾ ਕਰ ਲਿਆ ਅਤੇ ਹੇਠਲੇ ਸਿੰਧ ਦੀ ਵਿਜੈ ਨੂੰ ਪੂਰਾ ਕਰਨ ਦੇ ਲਈ ਵਜੀਰ ਮੁਹੰਮਦ-ਜੁਨੈਦ ਨੂੰ ਨਿਯੁਕਤ ਕੀਤਾ।

**ਬੰਗਾਲ** (Bengal): ਕੁਤੁਬਦੀਨ ਐਬਕ ਦੀ ਮ੍ਰਿਤੂ ਦੇ ਬਾਦ ਅਲੀ ਮਰਦਾਨ ਨੇ ਆਪਣੇ ਨੂੰ ਸਵਾਧੀਨ ਬਣਾ ਲਿਆ ਅਤੇ ਅਲਾਉਦੀਨ ਦੀ ਉਪਾਧਿ ਗ੍ਰਹਿਣ ਕਰ ਲਈ। ਲੇਕਿਨ ਦੋ ਸਾਲਾ ਬਾਦ ਉਸਦੀ ਮ੍ਰਿਤੂ ਹੋ ਗਈ। ਉਸ ਤੋਂ ਬਾਦ ਉਸ ਦਾ ਪੁੱਤਰ ਹਿਮਾਮ-ਉਦ-ਦੀਨ ਇਵਾਜ ਉਤਰਾਧਿਕਾਰੀ ਬਣਿਆ। ਉਸਨੇ ਗਯਾਸੁਦੀਨ ਆਜਿਮ ਦੀ ਉਪਾਧਿ ਗ੍ਰਹਿਣ ਕਰਕੇ ਅਪਣੇ ਨਾਮ ਦਾ ਸਿੱਕਾ ਕੱਢਿਆ। ਉਸਦੇ ਨਾਮ ਦਾ ਖੁਤਬਾ ਵੀ ਪੜ੍ਹਿਆ ਗਿਆ। ਐਸੀ ਉਦੰਡਤਾ ਸਹਿਣ ਕਰਨਾ ਇਲਤੁਤਮਿਸ਼ ਲਈ ਇਕ ਅਸੰਭਵ ਵਸਤੂ ਸੀ। ਇਸ

ਨੋਟ

ਕਾਰਣ 1225 ਈ. ਵਿਚ ਉਸਨੇ ਉਸਦੇ ਵਿਰੁਧ ਇਕ ਅਭਿਯਾਨ ਭੇਜਿਆ ਅਤੇ ਬਾਦ ਵਿੱਚ ਇਕ ਅਭਿਯਾਨ ਦਾ ਖੁਦ ਨੇਤਰਤਵ ਕੀਤਾ। ਜਦ ਗਯਾਸੁਦੀਨ ਨੇ ਇਲਤੁਤਮਿਸ਼ ਨੇ ਆਉਣ ਦਾ ਸਮਾਚਾਰ ਸੁਣਿਆ ਤਾਂ ਉਸਨੇ ਤੁਰੰਤ ਅਧੀਨਤਾ ਸਵੀਕਾਰ ਕਰ ਲਈ ਅਤੇ ਕਰ ਦੇਣ ਲਈ ਸਹਿਮਤ ਹੋ ਗਿਆ। ਗਯਾਸੁਦੀਨ ਦੀ ਅਧੀਨਤਾ ਇਕ ਸਥਾਈ ਵਸਤੂ ਨਾ ਰਹਿ ਸਕੀ ਅਤੇ ਕੁਝ ਸਮੇਂ ਬਾਦ ਉਸਨੇ ਵਿਦਰੋਹ ਦੀ ਆਵਾਜ ਦੁਬਾਰਾ ਉਠਾ ਦਿੱਤੀ। ਇਲਤੁਤਮਿਸ਼ ਨੇ ਉਸਦੇ ਵਿਰੁਧ ਇਕ ਦੂਸਰਾ ਅਭਿਯਾਨ ਭੇਜਿਆ। ਗਯਾਸੁਦੀਨ ਦੀ ਹਾਰ ਨਾਲ ਉਸਦੀ ਹੱਤਿਆ ਵੀ ਹੋ ਗਈ ਅਤੇ ਬੰਗਾਲ ਸੰਪੂਰਣਤਾ ਦਿੱਲੀ ਦੇ ਸਿੰਹਾਸਨ ਦੇ ਅਧੀਨ ਹੋ ਗਿਆ। ਜਦ 1229 ਈ. ਵਿਚ ਬੰਗਾਲ ਦੇ ਵਿਜੇਤਾ ਨਾਸਿਰੁਦੀਨ ਦਾ ਸੁਰਗਵਾਸ ਹੋ ਗਿਆ ਤਾਂ ਬਲਕਾ ਦੇ ਨੇਤਰਤਵ ਵਿਚ ਖਿਲਜੀ ਮਲਿਕਾਣਾਂ ਨੇ ਫਿਰ ਵਿਦਰੋਹ ਕਰ ਦਿੱਤਾ। ਤਦ ਇਲਤੁਤਮਿਸ਼ ਖੁਦ ਇਕ ਵੱਡੀ ਸੈਨਾ ਲੈ ਕੇ ਬੰਗਾਲ ਪਹੁੰਚਿਆ ਅਤੇ ਬਲਕਾਂ ਨੂੰ ਹਰਾ ਕੇ ਅਲਾਉਦੀਨ ਜਾਨੀ ਨੂੰ ਬੰਗਾਲ ਦਾ ਪ੍ਰਬੰਧਕ ਬਣਾ ਦਿੱਤਾ।

**ਰਾਜਪੂਤ** (Rajputs): ਕੁਤੁਬਦੀਨ ਐਬਕ ਦੀ ਮ੍ਰਿਤੂ ਦੇ ਬਾਦ ਰਾਪੂਤਾਂ ਨੇ ਤੁਰਕਾਂ ਨੂੰ ਬਾਹਰ ਕੱਢਣ ਦਾ ਕਠਿਨ ਪ੍ਰਯਤਨ ਕੀਤਾ। ਚੰਦੇਲਾਂ ਨੇ ਕਾਂਲਿੰਜਰ ਅਤੇ ਅਜਯਗੜ੍ਹ ਪਰ ਦੁਬਾਰਾ ਅਧਿਕਾਰ ਕਰ ਲਿਆ। ਪ੍ਰਤੀਹਾਰਾਂ ਨੇ ਮੁਸਲਮਾਨਾਂ ਦੀ ਸੈਨਾ ਨੂੰ ਗਵਾਲਿਅਰ ਤੋਂ ਕੱਢ ਦਿੱਤਾ ਅਤੇ ਨਗਰ ਉਪਰ ਅਧਿਕਾਰ ਕਰ ਲਿਆ। ਉਨ੍ਹਾਂ ਨੇ ਨਖਾਰ ਅਤੇ ਝਾਂਸੀ ਤੇ ਵੀ ਅਧਿਕਾਰ ਕਰ ਲਿਆ। ਰਣਥੰਬੋਹੀ ਦੇ ਚੋਹਾਨ ਸ਼ਾਸਕ ਨੇ ਤੁਰਕੀ ਸੈਨਾਵਾਂ ਨੂੰ ਬਾਹਰ ਕੱਢ ਦਿੱਤਾ ਅਤੇ ਜੋਧਪੁਰ ਅਤੇ ਉਸਦੇ ਨੇੜਤੇ ਖੇਤਰਾਂ ਨੂੰ ਅਪਣੇ ਅਧੀਨ ਕਰ ਲਿਆ। ਜੇਲੋਰ ਦੇ ਚੌਹਾਨਾਂ ਨੇ ਇਕ ਬਾਰ ਫਿਰ ਨਾਂਦੋਲ, ਮੰਡੌਰ ਭਰਮੇਰ ਰਤਨਪੁਰ ਸਾਂਚੌਰ ਰਾਧਾਧਾਰ, ਖੇਰਾ ਰਾਮਾਸੇਨ ਅਤੇ ਭੀਨਾਮਲ ਪਰ ਅਧਿਕਾਰ ਕਰ ਲਿਆ। ਜਾਦੋਂਭੱਟੀਆਂ ਨੇ ਉੱਤਰੀ ਅਲਵਰ ਵਿੱਚ ਅਪਣੀ ਸੱਤਾ ਸਥਾਪਿਤ ਕਰ ਲਈ। ਅਜਮੇਰ ਥਾਨਗਿਰ ਅਤੇ ਬਿਆਨਾ ਵਿੱਚ ਉਨ੍ਹਾਂ ਦਾ ਪ੍ਰਭੁਤਵ ਸਥਾਪਿਤ ਹੋ ਗਿਆ ਅਤੇ ਤੁਰਕੀ ਸੱਤਾ ਨੂੰ ਧਮਕਾ ਕੇ ਉਹ ਸਵਤੰਤਰ ਹੋ ਗਏ।

ਇਲਤੁਤਮਿਸ਼ ਅਧਿਕ ਸਮੇਂ ਤਕ ਰਾਜਪੂਤਾਂ ਦੀ ਐਸੀ ਸਵਾਧੀਨਤਾ ਸਹਿਣ ਨਹੀਂ ਕਰ ਸਕਦਾ ਸੀ। 1226 ਈ. ਵਿੱਚ ਉਸਨੇ ਘੇਰਾ ਪਾ ਕੇ ਰਣਥੰਬੌਰ ਜਿੱਤ ਲਿਆ ਅਤੇ ਉਸ ਵਿੱਚ ਅਪਣੀ ਸੇਨਾਵਾਂ ਰੱਖ ਦਿੱਤੀ। ਇਸ ਤੋਂ ਬਾਦ ਉਸਨੇ ਜੈਲੋਰ ਦਾ ਘੇਰਾ ਕੀਤਾ। ਇਥੇ ਦੇ ਸ਼ਾਸਕ ਉਦਮ ਸਿੰਘ ਨੇ ਉਸਦਾ ਵਿਰੋਧ ਕੀਤਾ ਕਿੰਤੂ ਅੰਤ ਵਿਚ ਉਸਨੂੰ ਆਤਮ ਸਮਰਪਣ ਕਰਨ ਵਿਚ ਬੇਬਸ ਹੋਣਾ ਪਿਆ। ਕਰ ਚੁਕਾਉਣ ਦੀ ਸ਼ਰਤ ਸਵੀਕਾਰ ਕਰ ਲੈਣ ਤੇ ਉਸਨੂੰ ਸ਼ਾਸਕ ਬਣੇ ਰਹਿਣ ਦੀ ਅਨੁਮਤੀ ਮਿਲ ਗਈ। ਉਸਨੇ ਬਿਆਨਾ ਅਤੇ ਥਾਨਗਿਰ ਤੇ ਵੀ ਅਧਿਕਾਰ ਕਰ ਲਿਆ। ਕਠੋਰ ਵਿਰੋਧ ਦੇ ਬਾਦ ਅਜਮੇਰ ਉਤੇ ਵੀ ਉਸਨੇ ਅਧਿਕਾਰ ਕਰ ਲਿਆ। ਜੋਧਪੁਰ ਵਿਚ ਨਾਗੋਰ ਤੇ ਵੀ ਦੁਬਾਰਾ ਅਧਿਕਾਰ ਕਰ ਲਿਆ ਗਿਆ। 1231 ਈ. ਵਿੱਚ ਗਵਾਲਿਅਰ ਦਾ ਵੀ ਘੇਰਾ ਪਾ ਲਿਆ ਗਿਆ। ਉਥੇ ਦੇ ਸ਼ਾਸਕ ਮਲਾਇ ਵਰੱਮਦੇਵ ਨੇ ਵੀਰਤਾ ਨਾਲ ਸੰਗ੍ਰਾਮ ਕੀਤਾ ਲੇਕਿਨ ਆਤਮਸਮਰਪਣ ਤੇ ਉਹ ਬੇਬਸ ਹੋ ਗਿਆ। ਕਾਲਿੰਜਰ ਦੇ ਸ਼ਾਸਕ ਤ੍ਰਿਲੋਕਮ ਵਰਮਾ ਨੇ ਅਪਣਾ ਰਾਜ ਤਿਆਗ ਦਿੱਤਾ ਜਿਸ ਨਾਲ ਉਥੇ ਲੁੱਟ ਮਾਰ ਸ਼ੁਰੂ ਹੋ ਗਈ, ਲੇਕਿਨ ਚੰਦੇਲਾਂ ਨੇ ਇਕ ਵਾਰ ਫਿਰ ਮੁਸਲਮਾਨਾਂ ਨੂੰ ਕੱਢ ਦਿੱਤਾ। ਇਲਤੁਤਮਿਸ਼ ਨੇ ਖੁਦ ਨਗਾਦ ਦੇ ਆਕ੍ਰਮਣ ਦਾ ਨੇਤਰਤਵ ਕੀਤਾ, ਲੇਕਿਨ ਉਥੋਂ ਦੇ ਸ਼ਾਸਕ ਛੇਤਰ ਸਿੰਘ ਨੇ ਉਸਨੂੰ ਹਰਾ ਦਿੱਤਾ। ਜਿਸ ਵਿੱਚ ਇਲਤੁਤਮਿਸ਼ ਨੂੰ ਬਹੁਤ ਜ਼ਿਆਦਾ ਹਾਨੀ ਦਾ ਸਾਹਮਣਾ ਕਰਨਾ ਪਿਆ। ਇਲਤੁਤਮਿਸ਼ ਨੇ ਗੁਜਰਾਤ ਦੇ ਚਾਲੁਕਅ ਨੂੰ ਦਬਾਉਣ ਦੀ ਪ੍ਰਯਤਨ ਕੀਤਾ ਲੇਕਿਨ ਉਸ ਨੂੰ ਸਫ਼ਲਤਾ ਨਹੀਂ ਮਿਲੀ। 1234-35 ਈ. ਵਿਚ ਇਲਤੁਤਮਿਸ਼ ਨੇ ਮਾਲਵਾ ਦੇ ਇਕ ਅਭਿਆਨ ਦਾ ਨੇਤਰਤਵ ਕੀਤਾ। ਉਸਨੇ ਭੇਲਸਾ ਅਤੇ ਉੱਜੈਨ ਵਿਚ ਲੁੱਟਮਾਰ ਕੀਤੀ। ਉਸਨੇ ਉੱਜੈਨ ਵਿਚ ਮਹਾਕਾਲ ਦੇ ਮੰਦਰ ਦਾ ਸੰਹਾਰ ਕੀਤਾ। ਸਰਵੁੱਜਲੇ ਦਾ ਇਹ ਵਿਸ਼ਵਾਸ ਹੈ ਕਿ ਇਲਤੁਤਮਿਸ਼ ਨੇ ਮਾਲਵਾ ਤੇ ਵਿਜੈ ਕਰਕੇ ਉਸਦਾ ਆਪਣੇ ਪ੍ਰਦੇਸ਼ ਵਿਚ ਸਮਾਵੇਸ਼ ਕਰ ਲਿਆ। ਲੇਕਿਨ ਐਸਾ ਮਾਲੂਮ ਹੁੰਦਾ ਹੈ ਕਿ ਇਹ ਕੋਈ ਵਿਜੈ ਦਾ ਸੰਗ੍ਰਾਮ ਨਾਂ ਹੋ ਕੇ ਕਵਲ ਇੱਕ ਛਾਪਾ ਸੀ।

**ਦੋਆਬ** (The Doab) : ਰਾਜਪੂਤਾਂ ਦੀ ਤਰ੍ਹਾਂ ਵਰਤਮਾਨ ਉਤਰ ਪ੍ਰਦੇਸ਼ ਦੇ ਬਹੁਤ ਸਾਰੇ ਜ਼ਿਲ੍ਹਿਆਂ ਨੇ ਇਲਤੁਤਮਿਸ਼ ਦੇ ਸਮੇਂ ਵਿੱਚ ਗੁਲਾਮੀ ਗ੍ਰਹਿਣ ਕਰ ਲਈ ਸੀ। ਬਦਾਂਯੂ, ਕੰਨੌਜ, ਬਨਾਰਸ, ਕਟੇਹਰ (ਰੋਹੇਲਖੰਡ) ਆਦਿ ਅਜਿਹੇ ਹੀ ਜ਼ਿਲ੍ਹੇ ਸਨ। ਪਰ ਜਿਵੇਂ ਹੀ ਇਲਤੁਤਮਿਸ਼ ਨੇ ਆਪਣੀ ਸੱਤਾ ਸਥਾਪਿਤ ਕਰ ਲਈ, ਉਸ ਨੇ ਉਨ੍ਹਾਂ ਦੇ ਵਿਰੁੱਧ ਕਦਮ ਉਠਾਇਆ। ਇਕ-ਇਕ ਕਰਕੇ ਬਦਾਂਯੂ, ਕੰਨੌਜ ਅਤੇ ਬਨਾਰਸ ਉਪਰ ਅਧਿਕਾਰ ਕਰ ਲਈ। ਕਟੇਹਰ ਦੇ ਨਾਲ ਵੀ ਇਸ ਤਰ੍ਹਾਂ ਕੀਤਾ ਗਿਆ। ਇਕ ਅਭਿਯਾਨ ਬਹਰਾਇਚ ਭੀ ਭੇਜਿਆ ਗਿਆ ਜਿਸਨੇ ਉਥੇ ਅਧਿਕਾਰ ਕਰ ਲਿਆ। ਕਾਫ਼ੀ ਕਠੋਰ ਵਿਰੋਧ ਦੇ ਬਾਦ ਅਵਧ ਤੇ ਵੀ ਅਧਿਕਾਰ ਕਰ ਲਿਆ। ਇਕ ਸਥਾਨਿਯ ਜਾਤਿ ਜੋ ਅਪਣੇ ਨੇਤਾ ਬਾਰਤੂ ਜਾਂ ਪਿਰਥੂ ਦੇ ਨੇਤਰਤਵ ਵਿਚ ਸੰਗ੍ਰਾਮ ਕਰ ਰਹੀ ਸੀ, ਉਸ ਨੂੰ ਹਰਾਉਣਾ ਕਠਿਨ ਦਿਖ ਰਿਹਾ ਸੀ। ਬਹੁਤ ਅਵਸਰਾਂ ਤੇ ਉਨ੍ਹਾਂ ਨੇ ਤੁਰਕਾਂ ਨੂੰ ਹਰਾ ਦਿੱਤਾ ਅਤੇ ਉਨ੍ਹਾਂ ਨੇ ਇਕ ਲੱਖ ਤੋਂ ਵੀ ਅਧਿਕ ਦੀ ਸੈਨਾ ਦਾ ਸੰਹਾਰ ਕੀਤਾ। ਕੇਵਲ ਪਿਰਥੂ ਦੀ ਮ੍ਰਿਤੂ ਦੇ ਬਾਦ ਹੀ ਸਥਾਨਿਸ ਜਾਤਿ ਦਾ ਦਮਨ ਹੋਇਆ। ਚੰਦ ਵਾਰਅਤੇ ਤਿਰਹੁਤ ਦੇ ਵਿਰੁਧ ਵੀ ਅਭਿਯਾਨ ਭੇਜੇ ਗਏ।

**ਮੰਗੋਲ** (The Mongols): ਅਪਣੇ ਸ਼ਾਸਨ ਕਾਲ ਵਿਚ ਇਲਤੁਤਮਿਸ਼ ਨੂੰ ਬੜੇ ਸੰਕਟ ਦਾ ਮੁਕਾਬਲਾ ਕਰਨਾ ਪਿਆ। ਮੰਗੋਲ ਭਿਆਨਕ ਲੋਕ ਸਨ ਜੋ ਲੁੱਟ ਮਾਰ ਸੰਹਾਰ ਹੱਤਿਯਾ ਆਦਿ ਵਿਚ ਆਨੰਦ ਲੈਂਦੇ ਸਨ। ਉਹ ਕਠੋਰ ਸਨ ਅਤੇ ਉਨ੍ਹਾਂ ਨੂੰ ਨਗਰਾਂ ਨੂੰ ਅੱਗ ਲਗਾਉਣ ਵਿੱਚ ਅਤੇ ਹੱਤਿਆ ਕਾਂਡਾਂ ਦਾ ਸੰਗਠਨ ਕਰਨ ਵਿੱਚ ਪ੍ਰਸੰਨਤਾ ਮਿਲਦੀ ਸੀ। ਹਰੇਕ ਤਰ੍ਹਾਂ ਦੀ ਕਠੋਰਤਾ ਦਾ ਉਨ੍ਹਾਂ ਤੇ ਉਤੱਰਦਾਇਤਵ ਸੀ। ਉਹ ਸਭਿਅਤਾ ਦੇ ਸ਼ਤਰੂਸਨ। ਉਹ ਮਦੇਰਾ ਮਸਜਿਦਾਂ ਅਤੇ ਪੂਜਾ ਘਰਾਂ ਦਾ ਸੰਹਾਰ ਕਰਦੇ ਸਨ। ਉਨ੍ਹਾਂ ਨੂੰ

ਧਾਰਮਿਕ ਪੁਸਤਕਾਂ ਨੂੰ ਜਲਾਉਣ ਵਿੱਚ ਆਨੰਦ ਮਿਲਦਾ ਸੀ। ਉਨ੍ਹਾਂ ਨੇ ਅਮੀਰ ਖੁਸਰੋ ਜਿਹੇ ਕਵੀ ਨੂੰ ਪਕੜ ਰੱਖਿਆ ਸੀ, ਜਿਸ ਨੂੰ ਉਨ੍ਹਾਂ ਦੇ ਹੱਥਾਂ ਵਿਚ ਕਾਫ਼ੀ ਹਾਨੀ ਉਠਾਉਣ ਪਈ। ਮੰਗੋਲਾਂ ਦੇ ਵਿਸ਼ੇ ਵਿਚ ਉਸ ਦਾ ਇਹ ਵਿਚਾਰ ਵਿਅਕਤ ਹੋਇਆ। "ਮੰਗੋਲਾਂ ਨੇ ਮੁਸਲਮਾਨਾਂ ਨੂੰ ਰੇਗਿਸਤਾਨ ਵਿਚ ਉਨ੍ਹਾਂ ਨੂੰ ਖੂਨ ਨਾਲ ਲਥ-ਪਥ ਕਰ ਦਿੱਤਾ। ਮੁਸਲਮਾਨ ਬੰਦਿਆਂ ਦੀਆਂ ਗਰਦਨਾਂ ਆਪਸ ਵਿਚ ਹਾਰ ਵਿਚ ਗੰਢੇ ਫੁਲਾਂ ਦੇ ਗੁੱਛਿਆ ਦੀ ਤਰ੍ਹਾਂ ਬੰਨ ਦਿੱਤੀਆਂ। ਮੈਨੂੰ ਵੀ ਬੰਦੀ ਬਣਾ ਲਿਆ ਸੀ ਅਤੇ ਇਸ ਡਰ ਤੋਂ ਉਹ ਮੇਰਾ ਖੂਨ ਬਹਾਉਣਗੇ ਮੇਰੀ ਨਸਾਂ ਵਿਚ ਖੂਨ ਦੀ ਇਕ ਬੂੰਦ ਵੀ ਨਹੀਂ ਰਹੀ। ਉਨ੍ਹਾਂ ਨੇ ਮੈਨੂੰ ਇਧਰ ਉਧਰ ਘੁਮਾਇਆ ਜਦ ਕਿ ਮੇਰੇ ਤਲਵਾਂ ਵਿਚ ਜਲ ਦੀ ਧਾਰਾ ਦੀ ਸਤਹਿ ਤੇ ਪਏ ਬੁਲਬੁਲਿਆ ਦੀ ਤਰ੍ਹਾਂ ਅਣਗਿਣਤ ਛਾਲੇ ਪਏ ਹੋਏ ਸਨ। ਬਹੁਤ ਜ਼ਿਆਦਾ ਪਿਆਸ ਦੇ ਕਾਰਣ ਮੇਰੀ ਜੀਭ ਸੁੱਕ ਗਈ ਸੀ ਅਤੇ ਉਸ ਵਿੱਚ ਅੱਗ ਜਿਹੀ ਉਠ ਰਹੀ ਸੀ।" ਭੋਜਨ ਦੀ ਕਮੀ ਦੇ ਕਾਰਣ ਮੇਰਾ ਪੇਟ ਧਸ ਗਿਆ ਸੀ। ਉਨ੍ਹਾਂ ਨੇ ਮੈਨੂੰ ਐਸੀ ਨੰਗੀ ਅਵਸਥਾ ਵਿਚ ਛੱਡ ਦਿੱਤਾ ਜਿਸ ਤਰ੍ਹਾਂ ਜਾੜ੍ਹਾਂ ਵਿਚ ਕੋਈ ਪੱਤੀਆ ਰਹਿਤ ਬਿਰਛ ਹੋਵੇ ਜਾਂ ਕੋਈ ਫੁੱਲ ਹੋਵੇ ਜਿਹਨੂੰ ਕੰਡਿਆਂ ਨੇ ਖੂਬ ਜ਼ਖ਼ਮੀ ਕੀਤਾ ਹੋਵੇ। ਮੇਰਾ ਮੰਗੋਲ ਸਵਾਮੀ ਇਕ ਘੋੜ ਉਪਰ ਸਵਾਰ ਹੋਇਆ ਜਿਸ ਤਰ੍ਹਾਂ ਕਿ ਕੋਈ ਸ਼ੇਰ ਪਹਾੜ ਉਤੇ ਵਿਰਾਜਮਾਨ ਹੋਵੇ ਉਸ ਦੇ ਮੂੰਹ ਵਿਚੋਂ ਅਸਿਹ ਬਦਬੂ ਆ ਰਹੀ ਸੀ ਅਤੇ ਇਕ ਰਾਹੂ ਰਤਨ ਦੀ ਭਾਂਤ ਉਸ ਦੀ ਠੋਡੀ ਉੱਤੇ ਬਾਲਾਂ ਦਾ ਇਕ ਗੁੱਛਾ ਉਗਿਆ ਹੋਇਆ ਸੀ। ਜੇਕਰ ਨਿਰਬਲਤਾ ਦੇ ਕਾਰਣ ਵਿਚ ਪਿੱਛੇ ਰਹਿ ਜਾਂਦਾ ਕਦੇ-ਕਦੇ ਮੈਨੂੰ ਅਪਣੇ ਪਾਲ੍ਹੇ ਅਤੇ ਕਦੇ-ਕਦੇ ਗਰਮ ਕਰਨ ਵਾਲੀ ਚਾਦਰ ਦੁਆਰਾ ਦੰਡਤ ਕਰਨ ਦੀ ਧਕੀ ਦੇਂਦਾ ਸੀ। ਮੈ ਆਹ ਭਰੀ ਅਤੇ ਇਹ ਸੋਚਿਆ ਕਿ ਇਸ ਸਥਿਤੀ ਤੋਂ ਮੁਕਤੀ ਅਸੰਭਵ ਹੈ ਲੇਕਿਨ ਇਹ ਮੇਰਾ ਅਹੋਭਾਗ ਹੈ ਕਿ ਆਪਣੇ ਸ਼ਰੀਰ ਵਿੱਚ ਇਕ ਤੀਰ ਵੀ ਬਿਨ੍ਹਾਂ ਘੁਮੇ ਜਾਂ ਉਸਦੇ ਕਿਸੇ ਭਾਗ ਦੇ ਤਲਵਾਰ ਦੁਆਰਾ ਵਿਛੇਦ ਹੋਏ ਬਿਨਾਂ ਮੈਨੂੰ ਉਨ੍ਹਾਂ ਤੋਂ ਮਬੁਕਤੀ ਮਿਲ ਗਈ।

1221 ਈ. ਵਿੱਚ ਸਭ ਤੋਂ ਪਹਿਲੀ ਵਾਰ ਮੰਗੋਲ ਲੋਕ ਆਪਣੇ ਪ੍ਰਸਿੱਧ ਨੇਤਾ ਚੰਗੇਜ ਖਾਂ ਦੀ ਅਧੀਨਤਾ ਵਿੱਚ ਸਿੰਧ ਨਦੀ ਦੇ ਤੱਟ 'ਤੇ ਪ੍ਰਗਟ ਹੋਈ। ਵਿਧੁਤ ਵਰਗੀ ਜਲਦੀ ਦੇ ਨਾਲ ਚੰਗੇਜ ਖਾਂ ਨੇ ਕੇਂਦਰੀ ਅਤੇ ਪੱਛਮੀ ਏਸ਼ੀਆ ਦਾ ਦਮਨ ਕੀਤਾ। ਜਦੋਂ ਉਸ ਨੇ ਖਿਵਾ ਜਾਂ ਖਵਾਜਮ ਦੇ ਅੰਤਿਮ ਸ਼ਾਸਕ ਜਲਾਲੂਦੀਨ ਮੰਗਾਬਾਰਨੀ 'ਤੇ ਹਮਲਾ ਕੀਤਾ ਤਾਂ ਉਹ ਡਰ ਨਾਲ ਦੌੜ ਕੇ ਪੰਜਾਬ ਆ ਗਿਆ। ਉਸ ਨੇ ਇਲਤੁਤਮਿਸ਼ ਤੋਂ ਸ਼ਰਣ ਪ੍ਰਾਪਤ ਕਰਨ ਦੀ ਬੇਨਤੀ ਕੀਤੀ। ਇਲਤੁਤਮਿਸ਼ ਨੇ ਇਹ ਸੋਚਿਆ ਕਿ ਉਸ ਨੂੰ ਸ਼ਰਨ ਦੇ ਕੇ ਉਹ ਇਕ ਸੰਕਟ ਨੂੰ ਬੁਲਾਵਾ ਦੇਵੇਗਾ ਅਤੇ ਉਸ ਨੇ ਇਹ ਲਿਖਤੀ ਸਮਾਚਾਰ ਭੇਜਿਆ ਕਿ ਉਸ ਨੂੰ ਸ਼ਰਣ ਦੇਣ ਵਿੱਚ ਮੁਸ਼ਕਿਲ ਨਹੀਂ ਹੈ ਪਰ ਉਸ ਨੂੰ ਡਰ ਹੈ ਕਿ ਪੰਜਾਬ ਦੀ ਜਲਵਾਯੂ ਉਸ ਦੇ ਲਈ ਉਪਯੁਕਤ ਸਿੱਧ ਨਹੀਂ ਹੋਵੇਗੀ। ਪ੍ਰਾਥਨਾ ਨਾ-ਮਨਜ਼ੂਰ ਕਰਨ ਦਾ ਇਹ ਸਭ ਤੋਂ ਜ਼ਿਆਦਾ ਵਧੀਆ ਢੰਗ ਸੀ। ਫਲਸਰੂਪ ਜਲਾਲੂਦੀਨ ਨੇ ਖੋਖਰਿਆਂ ਦੇ ਨਾਲ ਇਕ ਸੰਧੀ ਕਰ ਲਈ। ਉਸ ਨੇ ਮੁਲਤਾਨ ਦੇ ਨਾਸਿਰੁਦੀਨ ਕੁਬਾਚਾ ਨੂੰ ਹਰਾ ਦਿੱਤਾ ਅਤੇ ਸਿੰਧ ਅਤੇ ਉਤਰੀ ਗੁਜਰਾਤ ਵਿੱਚ ਲੁੱਟ ਮਾਰ ਮਚਾ ਦਿੱਤੀ। ਇਸ ਦੇ ਬਾਅਦ ਉਹ ਫਾਰਸ ਵਾਪਿਸ ਚਲਾ ਗਿਆ। ਮੰਗੋਲ ਵੀ ਵਾਪਿਸ ਲੌਟ ਗਏ ਅਤੇ ਇਸ ਤਰ੍ਹਾਂ ਭਾਰਤ ਦਾ ਛੋਟਾ ਜਿਹਾ ਮੁਸਲਿਮ ਰਾਜ ਬਚ ਗਿਆ।

ਇਲਤੁਤਮਿਸ਼ ਦਾ ਅੰਤਮ ਅਭਿਆਨ ਬਨਆਨ ਦੇ ਵਿਰੁਧ ਹੋਇਆ। ਰਾਵਰਟੀ ਦੇ ਸ਼ਬਦਾਂ ਵਿੱਚ ਇਹ ਖੇਤਰ ਸਿੰਧ ਸਾਗਰ ਦੋਆਬ ਦੇ ਪਹਾੜੀ ਖੇਤਰਾਂ ਜਾਂ ਸਾਲਟਰੇਂਜ ਦੇ ਠੀਕ ਪਛਮ ਵਿਚ ਸਿਥਤ ਸੀ। ਮਾਰਗ ਵਿੱਚ ਹੀ ਇਲਤੁਤਮਿਸ਼ ਪਰ ਬੁਖਾਰ ਦੀ ਇਤਨੀ ਭਾਰੀ ਸੱਟ ਪਹੁੰਚੀ ਕਿ ਇਕ ਪਾਲਕੀ ਵਿਚ ਉਸਨੂੰ ਦਿੱਲੀ ਵਾਪਸ ਲਿਆਉਣਾ ਬਹੁਤ ਜ਼ਰੂਰੀ ਹੋ ਗਿਆ। ਬੁਖਾਰ ਬਹੁਤ ਘਾਤਕ ਸਿੱਧ ਹੋਇਆ ਅਤੇ 29 ਅਪਰੈਲ, 1236 ਈ. ਵਿਚ ਉਸਦਾ ਦੇਹਾਂਤ ਹੋ ਗਿਆ।

1231-32 ਈ. ਵਿਚ ਇਲਤੁਤਮਿਸ਼ ਨੇ ਦਿੱਲੀ ਵਿਚ ਮਹਰੌਲੀ ਦੇ ਨੇੜੇ ਸੁਪ੍ਰਸਿੱਧ ਕੁਤੁਬਮੀਨਾਰ ਦਾ ਨਿਰਮਾਣ ਪੂਰਾ ਕਰਾਇਆ। ਇਹ ਇਲਤੁਤਮਿਸ਼ ਦੀ ਮਹਾਨਤਾ ਦਾ ਇਕ ਪ੍ਰਮਾਣ ਹੈ ਕੁਤੁਬ ਮੀਨਾਰ ਦਾ ਨਾਮ ਕੁਤੁਬਦੀਨ ਐਬਕ ਦੇ ਨਾਮ ਪਰ ਨਹੀਂ ਹੈ ਵਰਨ ਇਹ ਬਗਦਾਦ ਦੇ ਨਿਕਟ ਉੱਛ ਦੇ ਇਕ ਨਿਵਾਸੀ ਖਰਾਜਾ ਕੁਤੁਬਦੀਨ ਦੇ ਨਾਮ ਤੇ ਹੈ ਜੋ ਨਿਵਾਸ ਦੇ ਲਈ ਭਾਰਤ ਆਇਆ ਸੀ। ਇਲਤੁਤਮਿਸ਼ ਅਤੇ ਹੋਰ ਲੋਕਾਂ ਨੂੰ ਉਸਦਾ ਬਹੁਤ ਸਣਮਾਨ ਦਿੱਤਾ ਸੀ। ਉਪਕਾਰ ਦੇ ਰੂਪ ਵਿਚ ਇਲਤੁਤਮਿਸ਼ ਨੇ ਅਪਣੇ ਆਸ੍ਰੇਯਦਾਤਾਵਾਂ ਕੁਤੁਬਦੀਨ ਐਬਕ ਤੇ ਸੁਲਤਾਨ ਮੁਈਜਦੀਨ ਦੇ ਨਾਮ ਉਸ ਤੇ ਖੁਦਵਾਏ। ਸੁਲਤਾਨ ਦੇ ਆਦੇਸ਼ ਨਾਲ ਇਕ ਸੁੰਦਰ ਮਸਜਿਦ ਦਾ ਭੀ ਨਿਰਮਾਣ ਕੀਤਾ ਗਿਆ।

ਮੁਹੰਮਦ ਜੁਨੈਦੀ ਅਤੇ ਫਖਰੁਲ-ਮੁਲਕ ਅਸਮੀ ਦੀ ਮਦਦ ਨਾਲ ਇਲਤੁਤਮਿਸ਼ ਨੇ ਸ਼ਾਸਨ ਪ੍ਰਬੰਧ ਦੀ ਵਿਵਸਥਾ ਦਾ ਪੁਨਰਗਠਨ ਕੀਤਾ ਅਤੇ ਉਸ ਦਾ ਰੂਪ ਵੀ ਸੁਧਾਰਿਆ। ਇੱਬਬਤੂਤਾ ਦੇ ਮਤਾਨੁਸਾਰ, ਉਸਨੇ ਅਪਣੇ ਮਹਿਲ ਵਿਚ ਇਕ ਘੰਟੀ ਅਤੇਜੰਜੀਰ ਦਾ ਪ੍ਰਬੰਧ ਕਰ ਰੱਖਿਆ ਸੀ ਜਿਸ ਤੋਂ ਪੀੜਿਤ ਵਿਅਕਤੀ ਬਿਨਾਂ ਅਧਿਕ ਕਠਨਾਈ ਦੇ ਸੁਲਤਾਨ ਤਕ ਅਪਣੀ ਪਹੁੰਚ ਕਰ ਸਕੇ। ਇਲਤੁਤਮਿਸ਼ ਨੇ ਦਿੱਲੀ ਵਿਚ ਇਕ ਵਿਦਿਆਲਯ ਦਾ ਨਿਰਮਾਣ ਕਰਾਇਆ। ਉਸਦੇ ਸਮੇ ਵਿਚ ਸੜਕਾਂ ਬਣਵਾਈਆਂ ਗਈਆਂ ਅਤੇ ਜੰਗਲਾਂ ਦੀ ਸਫ਼ਾਈ ਕੀਤੀ ਗਈ। ਇਲਤੁਤਮਿਸ਼ ਨੇ ਅਪਣੀ ਰਾਜਧਾਨੀ ਲਾਹੌਰ ਤੋਂ ਹਟਾ ਕੇ ਦਿੱਲੀ ਕਰ ਦਿੱਤੀ। ਉਸ ਤੋਂ ਬਾਦ ਦੂਸਰੇ ਸੁਲਤਾਨਾਂ ਨੇ ਵੀ ਦਿੱਲੀ ਨੂੰ ਅਪਣੀ ਰਾਜਧਾਨੀ ਬਣਾ ਰੱਖਿਆ ਸੀ।

ਇਲਤੁਤਮਿਸ਼ ਨੇ ਅਪਣੇ ਸਿੱਕਿਆਂ ਵਿਚ ਇਹ ਗਰਵਪੂਰਣ ਸ਼ਬਦ ਖੁਦਵਾਏ "ਸ਼ਕਤੀਸ਼ਾਲੀ ਸੁਲਤਾਨ, ਸਾਮਰਾਜ ਅਤੇ ਧਰਮ ਦਾ ਸੂਰਜ, ਵਿਜੈ ਤੋਂ ਯੁਕਤ ਇਲਤੁਤਮਿਸ਼ ਅਤੇ ਧਰਮਨਿਸ਼ਠੋ ਦੇ ਨਾਇਕ ਦਾ ਸਹਾਇਕ।" ਇਲਤੁਤਮਿਸ਼ ਤੋਂ ਪਹਿਲੇ ਮੁਸਲਿਮ ਸ਼ਾਸਕਾਂ ਨੇ ਕਰੋੜਾਂ ਛੋਟੇ ਸਿੱਕੇ ਨਿਰਮਿਤ ਕੀਤੇ ਜਿਨ੍ਹਾਂ ਦਾ ਦੇਸੀ ਰੂਪ ਸੀ ਅਤੇ ਉਨ੍ਹਾਂ ਦੀ ਲਿਪੀ ਕਦੇ ਨਾਗਰੀ ਹੁੰਦੀ ਸੀ ਅਤੇ ਕਦੀ-ਕਦੀ ਅਰਬੀ। ਉਨ੍ਹਾਂ ਦੇ ਸਿੱਕਿਆ ਤੇ ਕੁਝ ਹਿੰਦੂਆਂ ਦੇ ਪਰਿਚਿਤ ਚਿਨ੍ਹਾਂ ਦੀ ਵੀ ਆਕ੍ਰਿਤੀ ਬਣੀ ਹੋਈ ਸੀ ਜਿਸ ਤਰ੍ਹਾਂ ਸ਼ਿਵ ਦਾ ਬੈਲ

*ਨੋਟ*

ਅਤੇ ਚੌਹਾਨ ਅਸਵਰੋਹੀ। ਇਲਤੁਤਮਿਸ਼ ਹੀ ਉਹ ਪ੍ਰਥਮ ਮੁਸਲਿਮ ਸ਼ਾਸਕ ਹੋਇਆ ਜਿਸ ਨੇ ਸਿੱਕਿਆਂ ਵਿੱਚ ਸ਼ੁੱਧਤਾਂ ਅਰਬੀ ਲਿਪੀ ਦਾ ਪ੍ਰਯੋਗ ਕੀਤਾ। ਉਸਨੇ ਚਾਂਦੀ ਦੇ ਟੰਕੇ ਨੂੰ ਜੋ ਰੁਪਏ ਦਾ ਪੂਰਵਜ ਹਨ, ਅਪਣਾ ਮਾਨਕ ਸਿੱਕਾ (Standard Coin) ਸਵੀਕਾਰ ਕੀਤਾ ਜਿਸ ਦਾ ਭਾਰ 175 ਦਾਣਿਆਂ ਦਾ ਤੁੱਲ ਸੀ।

ਬਾਦ ਵਿਚ ਬਲਬਨ ਨੇ ਉਸੀ ਭਾਰ ਦੇ ਸੋਨੇ ਦੇ ਸਿੱਕੇ ਬਣਵਾਏ। ਇਲਤੁਤਮਿਸ਼ ਇਕ ਪਵਿਤ੍ਰ ਮੁਸਲਮਾਨ ਸੀ। ਉਹ ਅਪਣੀ ਪੰਜੇ ਦੈਨਿਕ ਪ੍ਰਾਰਥਨਾ ਵੱਲ ਬਹੁਤ ਧਿਆਨ ਦੇਂਦਾ ਸੀ, ਲੇਕਿਨ ਉਹ ਸ਼ਿਆਓਂ ਦੇ ਪ੍ਰਤੀ ਅਸਹਨੀਅ ਸੀ। ਇਸ ਲਈ ਇਸਮਾਈਲ ਸ਼ਿਆਓ ਨੇ ਉਸਦੇ ਵਿਰੁਧ ਉਪਦ੍ਰਵ ਕਰ ਦਿੱਤਾ ਲੇਕਿਨ ਸੁਲਤਾਨ ਨੇ ਉਨ੍ਹਾਂ ਦਾ ਦਮਨ ਕਰ ਦਿੱਤਾ। ਉਨ੍ਹਾਂ ਦੀ ਕਾਫ਼ੀ ਸੰਖਿਆ ਵਿਚ ਹੱਤਿਆਵਾਂ ਕਰ ਦਿੱਤੀਆਂ ਸਨ। ਹਿੰਦੂਆਂ ਦੇ ਪ੍ਰਤੀ ਵੀ ਉਸਦਾ ਵਿਵਹਾਰ ਉੱਤਮ ਨਹੀਂ ਸੀ। ਉਹ ਉਨ੍ਹਾਂ ਨੂੰ ਪੀੜਿਤ ਕਰਦਾ ਰਹਿੰਦਾ। ਇਲਤੁਤਮਿਸ਼ ਨੂੰ ਇਕ ਨਿਰਮਾਣਕਾਰੀ ਸ਼ਾਸਕ ਨਹੀਂ ਕਿਹਾ ਜਾ ਸਕਦਾ। ਉਸਨੇ ਅਪਣੀ ਵੀਰਤਾ ਅਤੇ ਸਾਹਸ ਨਾਲ ਭਾਰਤ ਵਿੱਚ ਨਵਨਿਰਮਿਤ ਮੁਸਲਿਮ ਸਾਮਰਾਜ ਦੀ ਰੱਖਿਆ ਕੀਤੀ। ਉਸਨੇ ਕੇਵਲ ਕੁਤੁਬਦੀਨ ਐਬਕ ਦੁਆਰਾ ਸ਼ੁਰੂ ਕੀਤੇ ਗਏ ਕਾਰਜ ਜਾਰੀ ਰੱਖੇ।

*ਕੀ ਤੁਸੀਂ ਜਾਣਦੇ ਹੋ* ਇਲਤੁਤਮਿਸ਼ ਦਾ ਅੰਤਿਮ ਅਭਿਆ ਬਨਿਆਨ ਦੇ ਵਿਰੁੱਧ ਹੋਇਆ।


**ਮੁਲੱਆਂਕਨ** (Estimate ): ਜਿੱਥੇ ਤਕ ਇਲਤੁਤਮਿਸ਼ ਦੇ ਸ਼ਾਸਨ ਦੇ ਮੁੱਲਆਂਕਨ ਦਾ ਸੰਬੰਧ ਹੈ ਸਰ ਵੁਜ਼ਲੇ ਹੇਗ ਦਾ ਇਹ ਕਥਨ ਹੈ ਕਿ ਇਲਤੁਤਮਿਸ਼ ਹੀ ਦਾਸ ਸੁਲਤਾਨਾਂ ਵਿਚੋਂ ਸਭ ਤੋਂ ਉੱਚਾ ਪਦ ਗ੍ਰਹਿਣ ਕਰਨ ਦਾ ਅਧਿਕਾਰੀ ਹੈ ਉਸਦੀਆਂ ਸਫ਼ਲਤਾਵਾਂ ਕਦਾਚਿਤ ਹੀ ਉਸਦੇ ਸਵਾਮੀ ਦੇ ਤੁੱਲ ਨਹੀਂ ਸਨ ਲੇਕਿਨ ਉਸ ਨੂੰ ਐਬਕ ਦੀ ਭਾਂਤਿ ਕਦੇ ਵੀ ਮਹਾਨ ਸਾਮਰਾਜ ਦੀ ਇਕ ਨੈਤਿਕ ਅਤੇ ਭੌਤਿਕ ਸਹਾਇਤਾ ਨਾਂ ਮਿਲ ਸਕੀ। ਉਸਨੇ ਜੋ ਵੀ ਸਫ਼ਲਤਾ ਪ੍ਰਾਪਤ ਕੀਤੀ, ਉਹ ਉਸਨੇ ਖੁਦ, ਕਦੇ-ਕਦੇ ਬੜੀ ਕਠਨਾਈਆਂ ਦਾ ਸਾਹਮਣਾ ਕਰਦੇ ਹੋਏ ਵੀ ਅਪਣੇ ਪ੍ਰੀਸ਼੍ਰਮ ਦੇ ਆਧਾਰ ਉਤੇ ਪ੍ਰਾਪਤ ਕੀਤੀ। ਉਸਨੇ ਐਬਕ ਦੇ ਸਾਮਰਾਜ ਵਿਚ ਸਿੰਧ ਅਤੇ ਮਾਲਵਾ ਦੇ ਉਨ੍ਹਾਂ ਪ੍ਰਾਂਤਾਂ ਨੂੰ ਮਿਲਾਇਆ ਜਿਨ੍ਹਾਂ ਨੂੰ ਉਸਨੇ ਅਸੰਗਠਤ ਅਤੇ ਅਸੰਬੰਧ ਹਾਲਤ ਵਿਚ ਪਾਇਆ। ਉਹ ਅਪਣੇ ਸਵਾਮੀ ਦੇ ਮੁਕਾਬਲੇ ਅਧਿਕ ਫਜ਼ੂਲਖਰਚੀ ਸੀ। ਇਹ ਉਸ ਦੇ ਲਈ ਕੋਈ ਯੋਗਪਾਤਰ ਦੀ ਗੱਲ ਨਹੀਂ ਕਿਉਂਕਿ ਪੂਰਵੀ ਸ਼ਾਸਕਾਂ ਦਾ ਬੇਕਾਰ ਖਰਚ ਕਿਸੇ ਉਤਮ ਭਾਵਨਾ ਦੀ ਅਪੇਕਖਿਆ ਹੰਕਾਰ ਦਾ ਨਤੀਜਾ ਹੁੰਦਾ ਹੈ ਅਤੇ ਐਸੇ ਦਰਬਾਰ ਵਿੱਚ ਜਿੱਥੇ ਇਕ ਸਾਫ਼ ਸੁਥਰੀ ਸਜਾਵਟ ਜਾਂ ਇਕ ਚਤੁਰਾਈਪੁਰਣ ਹਾਜਰ ਜਵਾਬੀ ਉਤਨੀ ਲਾਭਦਾਇਕ ਹੋ ਸਕਦੀ ਹੈ ਜਿਤਨੀ ਇਕ ਸਫ਼ਲ ਅਭਿਮਾਨ ਉਤੇ ਦੇਸ਼ ਦੇ ਸਾਧਨਾਂ ਨੂੰ ਬੇਕਾਰ ਉਦੇਸ਼ਾਂ ਤੇ ਖਰਾਬ ਕੀਤੇ ਜਾਂਦੇ ਹਨ। (*Cambridge History of India,* Vol.-III, P. 56)

ਮਿਨਹਾਜ-ਉਸ-ਸਿਰਾਜ ਦੇ ਵਿਚਾਰ ਵਿਚ ਓਸ ਜੈਸਾ ਗੁਣਵਾਨ, ਦਿਆਲੂ ਬੁੱਧੀਮਾਨ ਅਤੇ ਧਰਮ-ਪਰਾਇਣ ਲੋਕਾਂ ਦੇ ਪ੍ਰਤੀ ਸਨਮਾਨ ਰਖਣ ਵਾਲਾ ਸ਼ਾਸਕ ਕਦੇ ਵੀ ਸਿੰਘਾਸਨ-ਸੁਰੱਖਿਅਤ ਨਹੀਂ ਹੋਇਆ। ਕੁਝ ਸਮਕਾਲੀਨ ਵਿਵਰਣਾਂ ਵਿਚ ਇਲਤੁਤਮਿਸ਼ ਨੂੰ ਅੱਲ੍ਹਾ ਦੇ ਇਲਾਕਿਆਂ ਦਾ ਸੰਰੱਖਿਅਕ ਅਤੇ ਈਸ਼ਵਰ ਦੇ ਸੇਵਕਾਂ ਦਾ ਸਹਾਇਕ ਵੀ ਦੱਸਿਆ ਜਾਂਦਾ ਹੈ। ਇਹ ਦੱਸਿਆ ਜਾਂਦਾ ਹੈ ਕਿ ਉਸਦਾ ਦਰਬਾਰ ਏਸਿਆ ਦੇ ਅਲਗ ਭਾਗਾਂ ਤੋਂ ਆਉਣ ਵਾਲੇ ਵਿਦਵਾਨਾਂ ਅਤੇ ਕਵੀਆਂ ਦੇ ਲਈ ਗ੍ਰਹਿ-ਆਸ਼ਰਮ ਬਣ ਗਿਆ ਸੀ। ਤਾਬਾਤ-ਏ-ਨਾਮਾਰੀ ਦੇ ਲੇਖਕ ਮਿਨਹਾਜ-ਉਸ-ਸਿਰਾਜ ਨੂੰ ਇਲਤੁਤਮਿਸ਼ ਨੇ ਹੀ ਆਸਰਾ ਦਿੱਤਾ ਸੀ। ਰੂਹਾਨੀ ਅਤੇ ਮਲਿਕ ਤਾਜ ਉੱਦੀਨ ਰੇਜਾਬ ਦੇ ਨਾਲ ਵੀ ਇਸੇ ਤਰ੍ਹਾਂ ਹੋਇਆ। ਇਲਤੁਤਮਿਸ਼ ਦੇ ਸ਼ਾਸਨਕਾਲ ਵਿੱਚ ਅਵਫੀ ਨੇ 'ਜਵਾਮੀ-ਉਲ-ਹਿਕਾਯਤ' ਦੀ ਰਚਨਾ ਕੀਤੀ।

*ਨੋਟਸ* 'ਤਾਬਾਤ ਏ ਨਾਸਿਰੀ' ਦੇ ਲੇਖਕ ਮਿਨਹਾਜ-ਉਸ-ਸਿਰੀਜ ਨੂੰ ਇਲਤੁਤਮਿਸ਼ ਨੇ ਹੀ ਆਸਰਾ ਦਿੱਤਾ ਸੀ।

**ਰੁਕਨਦੀਨ ਫਿਰੋਜ ਸ਼ਾਹ** (1236) (Rukn-ud-Din Firoj Shah): ਇਲਤੁਤਮਿਸ਼ ਦੇ ਕਈ ਪੁੱਤਰ ਸਨ, ਲੇਕਿਨ ਸਾਰੇ ਅਯੋਗ ਨਿਕਲੇ। ਇਸਲਈ ਉਸਨੇ ਅਪਣੀ ਪੁੱਤਰੀ ਰਜਿਆ ਨੂੰ ਆਪਣੀ ਉੱਤਰਾਧਿਕਾਰਿਣੀ ਨਿਯੁਕਤ ਕੀਤੀ। ਉਸਦੀ ਇਸ ਪਸੰਦ ਦੇ ਵਿਰੁਧ ਪ੍ਰਤੀਵਾਦ ਉਪਸਥਿਤ ਹੋਏ ਅਤੇ ਉਸਨੇ ਇਨ ਸ਼ਬਦਾਂ ਵਿਚ ਉਤਰ ਦਿੱਤਾ, "ਮੇਰੇ ਪੁੱਤਰ ਜਵਾਨੀ ਦੇ ਆਨੰਦਾਂ ਵਿਚ ਲੀਨ ਹਨ ਅਤੇ ਉਨ੍ਹਾਂ ਵਿਚੋਂ ਕੋਈ ਵੀ ਸੁਲਤਾਨ ਬਣਨ ਦੇ ਯੋਗ ਨਹੀਂ ਹੈ। ਉਹ ਇਸ ਯੋਗ ਨਹੀਂ ਕਿ ਉਨ੍ਹਾਂ ਨੂੰ ਰਾਜ ਦਾ ਕੰਮ ਕਾਰਜ ਦਿੱਤਾ ਜਾਏ। ਮੇਰੀ ਮ੍ਰਿਤੂ ਤੋਂ ਬਾਦ ਆਪ ਲੋਕ ਇਹ ਦੇਖੋਗੇ ਕਿ ਮੇਰੀ ਪੁੱਤਰੀ ਦੇ ਮੁਕਾਬਲੇ ਮੇਰਾ ਕੋਈ ਵੀ ਪੁੱਤਰ ਰਾਜ ਦੇ ਕੰਮ-ਕਾਰਣ ਸੰਭਾਲਣ ਲਈ ਯੋਗ ਨਹੀਂ ਹੋਵੇਗਾ।"

ਨੋਟ




ਐਸਾ ਹੁੰਦੇ ਹੋਏ ਵੀ ਇਲਤੁਤਮਿਸ਼ ਦੀ ਮ੍ਰਿਤੂ ਦੇ ਬਾਦ ਸਰਦਾਰਾਂ ਨੇ ਉਸਦੇ ਸਭ ਤੋਂ ਵੱਡੇ ਪੁੱਤਰ ਰੁਕਨਦੀਨ ਫਿਰੋਜ਼ਸ਼ਾਹ ਨੂੰ ਗੱਦੀ ਉਤੇ ਬੈਠਾਇਆ ਕਿਉਂਕਿ ਉਹ ਹੰਕਾਰ ਭਾਵ ਵਿੱਚ ਮਸਤ ਹੋਣ ਦੇ ਕਾਰਣ ਇਕ ਇਸਤ੍ਰੀ ਦੇ ਸਾਹਮਣੇ ਸਿਰ ਝੁਕਾਉਣ ਵਿੱਚ ਅਪਣਾ ਅਪਮਾਨ ਸਮਝਦੇ ਸਨ। ਸੁਲਤਾਨ ਬਣਨ ਤੋਂ ਪਹਿਲਾਂ ਰੁਕਨਦੀਨ ਬਦਾਯੂੰ ਅਤੇ ਲਾਹੌਰ ਦੀ ਸਰਕਾਰ ਦਾ ਪ੍ਰਬੰਧ ਸੰਭਾਲ ਚੁੱਕਾ ਸੀ।

ਅਨੁਭਵ ਨੇ ਸਿੱਧ ਕੀਤਾ ਕਿ ਰੁਕਨਦੀਨ ਅਤਿਯੰਤ ਅਯੋਗ ਸ਼ਾਸਕ ਹੈ। ਉਸਨੇ ਅਪਣੇ ਸਮੇਂ ਦਾ ਬੜਾ ਭਾਰਾ ਅਪਣੇ ਵਿਸ਼ੇ–ਵਿਕਾਰਾਂ ਦੀ ਤ੍ਰਿਪਤੀ ਲਈ ਗੁਵਾ ਦਿੱਤਾ ਅਤੇ ਉਹ ਸ਼ਾਸਨ ਦੇ ਕੰਮ–ਕਾਰਜਾਂ ਵਿਚ ਕੋਈ ਧਿਆਨ ਨਹੀਂ ਦੇ ਸਕਿਆ। ਉਸਨੇ ਹਾਥੀ ਉਪਰ ਬੈਠ ਕੇ ਦਿੱਲੀ ਦੀ ਸੜਕਾਂ ਦੀ ਸੈਰ ਕਰਨ ਅਤੇ ਲੋਕਾਂ ਨੂੰ ਧੰਨ ਵੰਡਣ ਵਿਚ ਆਨੰਦ ਲਿਆ। ਮਸਖਰੇ ਅਤੇ ਮਜਾਕਿਏ ਉਸਦੇ ਸਾਥੀ ਬਣ ਚੁੱਕੇ ਸਨ ਅਤੇ ਇਸ ਲਈ ਉਸਨੂੰ ਵਿਲਾਸ–ਪ੍ਰਿਯ ਜੀਵ ਕਿਹਾ ਗਿਆ।

ਰੁਕਨੁਦੀਨ ਨੇ ਸ਼ਾਸਨ ਦਾ ਕੰਮ ਆਪਣੀ ਇੱਛਾ ਅਨੁਸਾਰ ਮਾਤਾ ਸ਼ਾਹ ਤੁਰਕਨ ਦੇ ਹੱਥਾਂ ਵਿੱਚ ਸੌਂਪ ਦਿੱਤਾ। ਅਸਲ ਵਿੱਚ ਉਹ ਇਕ ਤੁਰਕੀ ਦਾਸੀ ਸੀ। ਉਸ ਨੇ ਉਨ੍ਹਾਂ ਸਾਰਿਆਂ ਲੋਕਾਂ ਤੋਂ ਬਦਲਾ ਲਿਆ ਜਿਨ੍ਹਾਂ ਨੇ ਜਵਾਨੀ ਵਿੱਚ ਉਸ ਦੀ ਬੇਇਜ਼ਤੀ ਕੀਤੀ ਸੀ। ਕੁਝ ਦਾ ਪਦ ਘਟਾ ਦਿੱਤਾ ਗਿਆ ਅਤੇ ਕੁਝ ਦੀ ਹੱਤਿਆ ਕੀਤੀ ਗਈ। ਇਲਤੁਤਮਿਸ਼ ਦੇ ਇਕ ਪੁੱਤਰ ਕੁਤਬੁਦੀਨ ਦੀ ਹੱਤਿਆ

ਨੋਟ

ਕਰ ਦਿੱਤੀ ਗਈ। ਇਨ੍ਹਾਂ ਸਾਰੀਆਂ ਗੱਲਾਂ ਦਾ ਇਹ ਫਲ ਨਿਕਲਦਾ ਹੈ ਕਿ ਚਾਰੋਂ ਪਾਸੇ ਵਿਦਰੋਹ ਉਠ ਖੜ੍ਹੇ ਹੋਏ। ਇਹ ਠੀਕ ਹੈ ਕਿ ਨਵੇਂ ਸੁਲਤਾਨ ਨੇ ਉਨ੍ਹਾਂ ਦੇ ਵਿਰੁੱਧ ਅਭਿਆਨ ਕੀਤੇ ਪਰ ਉਸ ਨੇ ਇਹ ਦੇਖਿਆ ਕਿ ਵਜੀਰ ਮੁਹੰਮਦ ਜੁਨੈਦੀ ਨੇ ਉਸ ਦਾ ਹੱਥ ਛੱਡ ਕੇ ਧੋਖਾ ਕੀਤਾ ਹੈ। ਰਜ਼ੀਆ ਦੀ ਹੱਤਿਆ ਦਾ ਇਕ ਛਡਯੰਤਰ ਰਚਿਆ ਗਿਆ ਜੋ ਕਿ ਕਿਸੇ ਤਰ੍ਹਾਂ ਨਾਲ ਖੁੱਲ੍ਹ ਗਿਆ। ਸਾਰੇ ਮੁਸਲਿਮ ਸਰਦਾਰ ਇਸ ਅਵਿਵਸਥਾ ਤੋਂ ਤੰਗ ਆ ਗਏ ਅਤੇ ਇਸ ਲਈ ਉਨ੍ਹਾਂ ਨੇ ਸ਼ਾਹ ਤੁਰਕਨ ਦੀ ਹੱਤਿਆ ਕਰ ਦਿੱਤੀ। ਜਦੋਂ ਰੁਕਨੁਦੀਨ ਆਪਣੀ ਮਾਤਾ ਦੀ ਸਹਾਇਤਾ ਦੇ ਲਈ ਆਇਆ ਤਾਂ ਉਸ ਨੂੰ ਵੀ ਹਾਰ ਦੇ ਨਾਲ ਆਪਣੇ ਪ੍ਰਾਣਾਂ ਦਾ ਦਾਨ ਦੇਣਾ ਪਿਆ। ਇਸ ਤਰ੍ਹਾ 6 ਮਹੀਨੇ ਅਤੇ 7 ਦਿਲ ਬਾਅਦ ਰੁਕਨੁਦੀਨ ਦੇ ਸ਼ਾਸਨ ਕਾਲ ਦਾ ਅੰਤ ਹੋ ਗਿਆ।



ਰਜਿਆਂ

**ਸੁਲਤਾਨ ਰਜ਼ੀਆ** (1236-40) (Raziya Sultana): ਰੁਕਨੁਦੀਨ ਫਿਰੋਜਸ਼ਾਹ ਦੀ ਮੌਤ ਦੇ ਬਾਅਦ ਸੁਲਤਾਨ ਰਜ਼ੀਆ ਦਾ ਸਿੰਘਾਸਨਾਰੋਹਣ ਹੋਇਆ। ਡਾ. ਆਰ. ਪੀ. ਤ੍ਰਿਪਾਠੀ ਦਾ ਵਿਚਾਰ ਹੈ ਕਿ "ਸਮੇਂ ਅਤੇ ਮੁਸਲਿਮ ਜਾਤੀ ਦਾ ਸਧਾਰਣ ਦ੍ਰਿਸ਼ਟੀਕੋਣ ਵਿਚਾਰ ਵਿੱਚ ਰੱਖਦੇ ਹੋਏ, ਵਿਸ਼ੇਸ਼ਕਰ ਸੈਨਿਕ ਅਤੇ ਧਾਰਮਿਕ ਵਰਗਾਂ ਦਾ, ਰਜ਼ੀਆ ਦਾ ਚੁਣਿਆ ਜਾਣਾ ਇਕ ਦੂਸਰਾ ਅਤੇ ਸਾਹਸੀ ਕਦਮ ਸੀ। ਜਦੋਂ ਕਿ ਉਸ ਦਾ ਸ਼ਾਸਨ ਕਾਲ ਸਾਢੇ ਤਿੰਨ ਸਾਲ ਤੱਕ ਰਿਹਾ, ਪਰ ਉਸ ਵੱਲੋਂ ਇਸ ਦਾ ਮਹੱਤਵ ਨਹੀਂ ਨਾਪਿਆ ਜਾ ਸਕਦਾ। ਇਹ ਤੇਰ੍ਹਵੀਂ ਸਦੀ ਵਿੱਚ ਘੱਟ ਤੋਂ ਘੱਟ ਤੁਰਕੀ ਦਿਮਾਗ ਦੀ ਨਵੀਨਤਾ ਅਤੇ ਦ੍ਰਿੜਤਾ ਦਾ ਪ੍ਰਤੀਕ ਹੈ, ਜੋ ਉਸ ਸਮੇਂ ਅਜਿਹਾ ਸਾਹਸੀ ਕਦਮ ਚੁੱਕਣ ਅਤੇ ਅਜਿਹੇ ਅਨੁਭਵ ਦਾ ਪ੍ਰੀਖਣ ਕਰਨ ਦੇ ਯੋਗ ਨਿਕਲਿਆ। ਲਗਭਗ ਤਿੰਨ ਸਦੀਆਂ ਦੇ ਬਾਅਦ ਵਿਦਿਆਚਾਰੀਏ ਨੇ ਇਹ ਪਤਾ ਲਗਾਇਆ ਕਿ ਰਜ਼ੀਆ ਦੀ ਚੋਣ ਬਹੁਤ ਬਚਿੱਤਰ ਵਸਤੂ ਹੈ ਅਤੇ ਉਸੇ ਨੇ ਉਨ੍ਹਾਂ ਸ਼ੇਖਾਂ ਅਤੇ ਸਮਾਜਿਕ ਵਿਦਿਆਚਰਿਆ ਦੇ ਇਸ ਕੰਮ 'ਤੇ ਹੈਰਾਨੀ ਪ੍ਰਗਟ ਕੀਤੀ ਜਿਨ੍ਹਾਂ ਨੇ ਉਸ ਦੀ ਪੁਸ਼ਟੀ ਕੀਤੀ। ਉਹ ਇਕ ਸੰਕੇਤ ਕਰਕੇ ਆਪਣੀ ਵਿਆਖਿਆ ਖਤਮ ਕਰਦਾ ਹੈ ਕਿ ਇਸ ਦਾ ਕਾਰਨ ਮਲਿਕਾਵਾਂ ਦੀ ਸਮੂਹਿਕ ਸਹਾਇਤਾ ਅਤੇ ਸ਼ਕਤੀ ਹੋਵੇਗੀ (Some Aspects of Muslim Administration, p.29)।

ਰਜਿਆਂ ਦੇ ਅਦਭੁਤ ਗੁਣ ਸਨ ਮਿਨਹਾਜ-ਉਸ-ਸਿਰਾਜ ਦੇ ਸ਼ਬਦਾਂ ਵਿਚ "ਰਜਿਆ ਇਕ ਮਹਾਨ ਸ਼ਾਸਕ, ਤੇਜ ਬੁੱਧੀ ਵਾਲੀ, ਨਿਆਂ ਪ੍ਰਿਯ, ਹਿਤਕਾਰੀ ਵਿਦਵਾਨਾਂ ਨੂੰ ਆਸਰਾ ਦੇਣ ਵਾਲੀ, ਨਿਆਂ ਕਰਤਾ ਅਪਣੀ ਜਨਤਾ ਦੇ ਕਲਿਆਣਕਾਰੀ ਯੁੱਧ ਸੰਬੰਧੀ ਗੁਣ ਰੱਖਣ ਵਾਲੀ ਸੀ। ਉਸ ਵਿੱਚ ਉਹ ਸਾਰੀਆਂ ਪ੍ਰਸੰਸਨੀਯ ਗੁਣ ਅਤੇ ਯੋਗਤਾਵਾਂ ਸਨ ਜੋ ਇਕ ਸ਼ਾਸਕ ਦੇ ਲਈ ਆਵਸ਼ਕ ਹਨ। ਉਹ ਖੁਦ ਅਪਣੇ ਸ਼ਤਰੂਆਂ ਦੇ ਵਿਰੁੱਧ ਅੱਗੇ ਵਧੀ। ਉਸਨੇ ਅਪਣੀ ਵੇਸ-ਭੂਸ਼ਾ ਤਿਆਗ ਦਿੱਤੀ। ਉਸਨੇ ਪਰਦਾ ਸੁੱਟ ਦਿੱਤਾ। ਚੋਗਾ ਗ੍ਰਹਿਣ ਕਰਕੇ ਪੁਰਸਾਂ ਜੈਸੀ ਮੁੱਖ ਵੇਸ਼-ਭੂਸ਼ਾ ਧਾਰਨ ਕੀਤੀ। ਉਸਦੇ ਅਤਿਅੰਤ ਯੋਗਤਾ ਨਾਲ ਖੁੱਲ੍ਹੇ ਦਰਬਾਰ ਵਿਚ ਰਾਜ ਦੇ ਵਿਸ਼ਾਵਾਂ ਦਾ ਪ੍ਰਬੰਧ ਕੀਤਾ। ਉਸਨੇ ਸਾਰੀ ਸੰਭਵ ਰੀਤੀਆਂ ਨਾਲ ਅਪਣੇ ਆਪ ਨੂੰ ਸੁਲਤਾਨਾ ਪ੍ਰਦਰਸ਼ਿਤ ਕਰਨ ਦੀ ਕੋਸ਼ਿਸ਼ ਕੀਤੀ। ਐਸਾ ਹੁੰਦੇ ਹੋਏ ਵੀ ਉਸਦਾ ਸ਼ਾਸਨ ਸਾਢੇ ਤਿੰਨ ਸਾਲ ਬਾਦ ਸਮਾਪਤ ਹੋ ਗਿਆ ਅਤੇ ਇਸ ਇਕ-ਮਾਤਰ ਕਾਰਣ ਉਸਦਾ ਇਸਤ੍ਰੀ ਹੋਣਾ ਹੈ।"

ਜਿਸ ਸਿੰਘਾਸਨ ਤੇ ਸੁਲਤਾਨਾ ਰਜਿਯਾ ਚੜ੍ਹੀ ਉਹ ਅਪਾਰ ਸੁਖ ਦੀ ਸੇਜ਼ ਨਹੀਂ ਸੀ। ਮੁਸਲਮਾਨ ਬਦਾਯੂੰ, ਹਾਂਸੀ ਅਤੇ ਲਾਹੌਰ ਦੇ ਪ੍ਰਾਂਤ ਨਿਰੀਖਕਾਂ ਨੇ ਉਸਦੇ ਵਿਰੁਧ ਖੁਲੇਆਮ ਵਿਦਰੋਹ ਕਰ ਦਿੱਤਾ। ਵੀਰ ਮੁਹੱਮਦ ਜੂਨੇ ਦੀ ਅਤੇ ਕੁਝ ਹੋਰ ਦੂਜੇ ਸਰਦਾਰਾਂ ਨੇ ਇਹ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਇਕ ਇਸਤ੍ਰੀ ਉਨ੍ਹਾਂ ਉਪਰ ਸ਼ਾਸਨ ਕਰੇ। ਕੁਝ ਸਮੇ ਦੇ ਲਈ ਅਪਣੀ ਕੂਟ ਨੀਤੀ ਜਾਂ ਖੜਯੰਤਰਕਾਰੀ ਵਿਧੀਆਂ ਨਾਲ ਰਜਿਯਾ ਵਿਦਰੋਹੀ ਸਰਦਾਰਾਂ ਅਤੇ ਪ੍ਰਾਂਤ ਨਿਰੀਖਕਾਂ ਵਿਚ ਫੁੱਟ ਪਾਉਣ ਵਿਚ ਸਫਲ ਰਹੀ। ਵਜੀਰ ਮੁਹੱਮਦ ਜੂਨੈਦੀ ਦੀ ਹਾਰ ਤੋਂ ਲੌਟਣ ਦੇ ਕੁਝ ਸਮਾਂ ਬਾਦ ਮ੍ਰਿਤੂ ਹੋ ਗਈ। ਉਹ ਕੁਝ ਮੁਸਲਿਮ ਸਰਦਾਰਾਂ ਨੂੰ ਅਪਣੇ ਵੱਲ ਮਿਲਾਉਣ ਵਿਚ ਭੀ ਸਫਲ ਹੋਈ।

ਉਸਦੇ ਸ਼ਾਸਨਕਾਲ ਵਿੱਚ ਮੁਸਲਮਾਨਾਂ ਦੇ ਕੁਝ ਵਰਗਾਂ ਨੇ ਵਿਦਰੋਹ ਕੀਤਾ। ਨੂਰੁਦੀਨ ਉਨ੍ਹਾਂ ਦਾ ਨੇਤਾ ਸੀ। ਉਨ੍ਹਾਂ ਨੇ ਦਿੱਲੀ ਦੀ ਜਾਮਾ ਮਸਜਿਦ ਵਿਚ ਪ੍ਰਵੇਸ਼ ਕਰਕੇ ਅਪਣੀ ਪ੍ਰਾਰਥਨਾਵਾਂ ਦੁਆਰਾ ਕੱਟੜ ਲੋਕਾਂ ਨੂੰ ਭਯਭੀਤ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਵਿਰੁਧ ਸੈਨਾਵਾਂ ਭੇਜਣ ਵਿੱਚ ਰਜਿਯਾ ਨੇ ਕੋਈ ਪੱਛੜ ਨਹੀਂ ਕੀਤਾ ਅਤੇ ਉਨ੍ਹਾਂ ਦਾ ਦਮਨ ਹੋਣ ਤੋਂ ਬਾਦ ਰਾਜਧਾਨੀ ਵਿੱਚ ਸ਼ਾਂਤੀ ਹੋ ਗਈ। ਇਹ ਕਿਹਾ ਜਾਂਦਾ ਹੈ ਕਿ ਜੇਕਰ ਰਜਿਯਾ ਇਸਤ੍ਰੀ ਨਾ ਹੁੰਦੀ, ਤਾਂ ਉਹ ਭਾਰਤ ਵਿਚ ਇਕ ਅਤਿ ਅਧਿਕ ਸਫਲ ਮੁਸਲਿਮ ਸ਼ਾਸਕ ਸਿਧ ਹੁੰਦੀ। ਉਸਦੀ ਸਭ ਤੋਂ ਵੱਡੀ ਕਮਜੋਰੀ ਉਸ ਦਾ ਇਸਤ੍ਰੀ ਹੋਣਾ ਸੀ। ਐਲਫਿੰਸਟਨ ਦਾ ਕਹਿਣਾ ਸੀ ਕਿ

**ਨੋਟ**

ਉਸਦੀ "ਵਿਸ਼ੇਸ਼ਤਾਵਾਂ ਅਤੇ ਗੁਣ ਉਸ ਨੂੰ ਇਸ ਕਮਜ਼ੋਰੀ ਤੋਂ ਬਚਾਉਣ ਵਿਚ ਅਧੂਰੇ ਰਹੇ।" ਉਹ ਇਕ ਐਬੇਸੀਨਿਆ ਨਿਵਾਸੀ ਦਾਸ ਜਲਾਲੁਦੀਨ ਯਾਕੂਤ ਉਪਰ ਅਨੁਚਿਤ ਕ੍ਰਿਪਾਵਾਂ ਦੀ ਵਰਖਾ ਕਰਨ ਲੱਗੀ। ਯਾਕੂਤ ਨੂੰ ਘੋਲਮਾਲਾਵਾਂ ਦਾ ਸਵਾਮੀ ਬਣਾ ਦਿੱਤਾ ਗਿਆ। ਇੱਬਬਤੁਤਾ ਦਾ ਕਹਿਣਾ ਹੈ ਕਿ ਉਸ ਦਾ ਇਕ ਐਬੇਸੀਨਿਆ ਵਾਲੇ ਦੇ ਪ੍ਰਤੀ ਚਾਉ ਉਸਦੇ ਲਈ ਅਪਰਾਧ ਦੇ ਬਰਾਬਰ ਸੀ ਲੇਕਿਨ ਇਕ ਸਮਕਾਲੀਨ ਲੇਖਕ ਮਿਨਹਾਜ–ਉਸ–ਸਿਰਾਜ ਨੇ ਐਸਾ ਕੋਈ ਸੰਕੇਤ ਨਹੀਂ ਦਿੱਤਾ ਹੈ। ਉਹ ਕੇਵਲ ਇਨ੍ਹਾਂ ਦੱਸਦਾ ਹੈ ਕਿ ਐਬੇਸਿਨਿਆ ਨਿਵਾਸੀ ਨੇ ਸੁਲਤਾਨਾ ਦੀ ਸੇਵਾ ਵਿਚ ਰਹਿ ਕੇ ਉਸ ਦੀ ਕ੍ਰਿਪਾਵਾਂ ਪ੍ਰਾਪਤ ਕੀਤੀਆਂ। ਫਰਿਸ਼ਤਾ ਨੇ ਉਸ ਤੇ ਮਰਯਾਦਾ ਭੰਗ ਕਰਨ ਦਾ ਸਭ ਤੋਂ ਵੱਡਾ ਇਹ ਅਰੋਪ ਲਗਾਇਆ ਹੈ ਕਿ ਜੋ "ਉਹ ਅਪਣੱਤ ਹੈ ਜੋ ਐਬੇਮਿਨਿਯਾਈ (ਯਾਕੂਤ) ਅਤੇ ਰਾਣੀ ਦੇ ਵਿਚ ਇਸ ਗੱਲ ਤੋਂ ਪ੍ਰਗਟ ਹੁੰਦੀ ਹੈ ਕਿ ਜਦੋਂ ਰਾਣੀ ਘੋੜੇ ਉੱਤੇ ਸਵਾਰ ਹੁੰਦੀ ਸੀ, ਤਾਂ ਸਦੈਵ ਉਹ ਹੀ ਅਪਣੇ ਹੱਥਾਂ ਨਾਲ ਉਸਨੂੰ ਘੋੜੇ ਉਪਰ ਚੜ੍ਹਾਉਂਦਾ ਸੀ।" ਟਾਮਸ ਦੇ ਵਿਚਾਰ ਵਿਚ, "ਐਸੀ ਬਾਤ ਨਹੀਂ ਸੀ ਕਿ ਅਵਿਵਾਹਤ ਰਾਣਿਆਂ ਨੂੰ ਪ੍ਰੇਮ ਕਰਨ ਦੀ ਆਗਿਆ ਨਾਂ ਰਹੀ ਹੋਵੇ। ਉਹ ਕਿ ਵਿਨਮ੍ਰ ਰਾਜਪੁੱਤਰ ਤੇ ਦੀਵਾਨੀ ਹੋ ਸਕਦੀ ਸੀ ਜਾਂ ਨਿਸ਼ੇਧ ਖੇਤਰ ਦੇ ਅੰਧਕਾਰ ਹਿੱਸੇ ਵਿਚ ਅਸੀਮਿਤ ਵਿਲਾਸ ਕਰ ਸਕਦੀ ਸੀ ਲੇਕਿਨ ਉਸ ਦੀ ਨਿਯੰਤ੍ਰਤਾ ਉਸਨੂੰ ਗਲਤ ਦਿਸ਼ਾ ਵਿਚ ਲੈ ਗਈ ਅਤੇ ਉਹ ਅਪਨੀ ਰਾਜ ਸਭਾ ਦੇ ਕੁਰਖਤ ਸੇਵਕ ਦੇ ਪ੍ਰੇਮ ਵਿਚ ਮਗਨ ਹੋ ਗਈ। ਨਾਲ ਹੀ ਇਹ ਪਿਆਰ ਜਿਸ ਵਿਅਕਤੀ ਦੇ ਪ੍ਰਤੀ ਪ੍ਰਦਰਸ਼ਿਤ ਕੀਤਾ ਜਾ ਰਿਹਾ ਸੀ ਉਸਨੂੰ ਸਾਰੀ ਤੁਰਕ ਸਰਕਾਰ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਸਨ। (Chronicles of the Pathan Kings, p.106) ਲੇਕਿਨ ਮੇਜਰ ਰਾਵਰਟੀ ਨੇ ਇਸ ਦ੍ਰਿਸ਼ਟੀਕੋਣ ਨੂੰ ਸਵੀਕਾਰ ਨਹੀਂ ਕੀਤਾ ਹੈ ਅਤੇ ਉਸਦਾ ਇਹ ਕਥਨ ਹੈ ਕਿ ਟਾਮਸ ਦੀ ਵਿਵੇਚਨਾ ਦੇ ਪਿੱਛੇ ਕੋਈ ਨਿਆਂ ਸੰਗਤ ਕਾਰਣ ਨਹੀਂ।"

ਸਰਦਾਰ ਲੋਕ ਯਾਕੂਤ ਨਾਲ ਈਰਖਾ ਰੱਖਣ ਲੱਗੇ ਅਤੇ ਰਖਿਯਾ ਦੇ ਵਿਰੁਧ ਉਠ ਖੜੇ ਹੋਏ। ਇਸੀ ਦੇ ਨਾਲ ਰਾਜ ਦੇ ਅਲਗ ਭਾਗਾਂ ਵਿਚ ਉਪਦ੍ਰਵ ਖੜੇ ਹੋ ਗਏ। ਸਭ ਤੋਂ ਪਹਿਲਾਂ ਲਾਹੌਰ ਦੇ ਪ੍ਰਾਂਤ ਨਿਰੀਖਕ ਨੇ ਉਪਦ੍ਰਵ ਖੜਾ ਕੀਤਾ, ਲੇਕਿਨ ਰਜਿਆ ਨੇ ਉਸਦਾ ਦਮਨ ਕਰ ਦਿੱਤਾ। ਭਟਿੰਡਾ ਵਿਚ ਇਕ ਗੰਭੀਰ ਉਪਦ੍ਰਵ ਉਠ ਖੜ੍ਹਾ ਹੋਇਆ। ਉਥੇ ਦੇ ਪ੍ਰਾਂਤ ਨਿਰੀਖਕ ਮਲਿਕ ਇਖਤਿਯਾਰੁ ਦੀਨ ਅਲਤੁਨਿਆਂ ਨੇ ਰਜਿਯਾ ਦਾ ਸਰਵ ਉਚ ਅਧਿਕਾਰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਯਾਕੂਤ ਦੇ ਨਾਲ ਰਜਿਆ ਨੇ ਉਸਦੇ ਵਿਰੁਧ ਅਭਿਯਾਨ ਕੀਤਾ। ਰਸਤੇ ਵਿਚ ਅਲਤੁਨਿਆ ਦੇ ਤੁਰਕੀ ਸਾਥੀਆਂ ਨੇ ਯਾਕੂਤ ਦੀ ਹੱਤਿਆ ਕਰ ਦਿੱਤੀ ਸੀ ਅਤੇ ਰਜਿਆ ਨੂੰ ਬੰਦ ਕਰ ਦਿੱਤਾ। ਉਸਨੂੰ ਅਲਤੁਨਿਆਂ ਨੇ ਅਪਣੇ ਨਿਰੀਖਣ ਵਿਚ ਰੱਖ ਲਿਆ ਅਤੇ ਰਜਿਆ ਦੇ ਭਰਾ ਬਹਰਾਮ ਸ਼ਾਹ ਨੂੰ ਗੱਦੀ ਉਪਰ ਬਿਠਾ ਦਿੱਤਾ। ਰਜਿਆ ਨੇ ਸੋਚਿਆ ਕਿ ਮੁਕਤੀ ਦਾ ਇਕ–ਮਾਤਰ ਉਪਾਅ ਅਲਤੁਨਿਆਂ ਨਾਲ ਵਿਆਹ ਕਰ ਲੈਣਾ ਹੈ ਅਤੇ ਉਸਨੇ ਐਸਾ ਹੀ ਕੀਤਾ। ਇਸ ਤੋਂ ਬਾਦ ਨਵ–ਵਿਵਾਹਤਾਂ ਨੇ ਦਿੱਲੀ ਦੇ ਵਿਰੁਧ ਅਭਿਯਾਨ ਕੀਤਾ। ਜਦੋਂ ਉਹ ਕੈਥਲ ਦੇ ਨਿਕਟ ਪਹੁੰਚੀ, ਤਾਂ ਅਲਤੁਨਿਆਂ ਦੇ ਸਾਥੀਆਂ ਨੇ ਸਾਥ ਛੱਡ ਦਿੱਤਾ। 13 ਅਕਤੂਬਰ, 1240 ਈ. ਨੂੰ ਬਹਰਾਮ ਨੇ ਉਸਨੂੰ ਹਰਾ ਦਿੱਤਾ। ਅਗਲੇ ਦਿਨ ਉਸਦਾ ਅਤੇ ਉਸਦੇ ਪਤੀ ਦੀ ਹੱਤਿਆ ਕਰ ਦਿੱਤੀ। ਇਸ ਪ੍ਰਕਾਰ ਇੱਕ ਪ੍ਰਤਿਭਾਸ਼ਾਲੀ ਚਰਿਤ੍ਰ ਵਾਲੀ ਇਸਤ੍ਰੀ ਦਾ ਅੰਤ ਹੋ ਗਿਆ। ਉਹ ਅਪਨੀ ਮਹੱਤਵਤਾ ਸਿੱਧ ਕਰਨ ਵਿਚ ਅਸਫਲ ਨਾ ਰਹੀ।

*ਟਾਸਕ* ਮਿਲਹਾਜ–ਉਸ–ਸਿਰਾਜ ਨੇ ਰਜਿਯਾ ਸੁਲਤਾਨ ਦੇ ਬਾਰੇ ਵਿਚ ਕੀ ਕਿਹਾ ?

**ਬਹਰਾਮ ਸ਼ਾਹ** (1240–42) (Bahram Shah): ਮੁਇਜੁਦੀਨ ਬਹਰਾਮ ਸ਼ਾਹ ਇਲਤੁਤਮਿਸ਼ ਦਾ ਤੀਜਾ ਪੁੱਤਰ ਸੀ। ਉਸਨੂੰ ਇਸ ਨਿਸ਼ਚਿਤ ਵਿਮਰਸ਼ ਦੇ ਨਾਲ ਗੱਦੀ ਉਪਰ ਬਿਠਾਇਆ ਗਿਆ ਸੀ ਕਿ ਉਹ ਤੁਰਕੀ ਮਲਿਕਾਂ ਅਤੇ ਅਮੀਰਾਂ ਨੂੰ ਉਨ੍ਹਾਂ ਦੇ ਕੰਮਾਂ ਵਿਚ ਬਿਨ੍ਹਾਂ ਕਿਸੇ ਦਖੱਲ ਅੰਦਾਜ਼ੀ ਕੀਤੇ ਉਨ੍ਹਾਂ ਦੇ ਖੇਤਰਾਂ ਦਾ ਪ੍ਰਬੰਧ ਕਰਨ ਦੇਵੇਗਾ। ਇਕ ਨਵੇਂ ਪਦ 'ਨਾਇਬ-ਏ-ਮੁਮਲਿਕਤ' ਦਾ ਨਿਰਮਾਣ ਕੀਤਾ ਗਿਆ ਅਤੇ ਇਸ ਉਤੇ ਇਖਤਿਆਰ ਉਦੀਨ ਆਇਤਿਗਿਨ ਦੀ ਨਿਯੁਕਤੀ ਕੀਤੀ ਗਈ। ਹਾਲਾਂਕਿ ਮੁਹਜਿਬੁਦੀਨ ਵਜੀਰ ਬਣਿਆ ਰਿਹਾ, ਲੇਕਿਨ ਉਸਦੀ ਸਥਿਤੀ ਦਿਵੀਤੱਯ ਸ਼੍ਰੈਣੀ ਦੀ ਹੋ ਗਈ। ਸਾਰੀ ਸ਼ਕਤੀ ਸਰਦਾਰਾਂ ਅਤੇ ਮਨੋਨੀਤ ਕੀਤੇ ਗਏ ਵਿਅਕਤਿਆਂ ਦੇ ਹੱਥ ਵਿਚ ਆ ਗਈ।

ਇਖਤਿਆਰ ਉਦੀਨ ਆਈਤਿਗਿਨ ਉਨ੍ਹਾਂ ਸਾਰਿਆਂ ਸ਼ਕਤੀਆਂ ਦਾ ਪ੍ਰਯੋਗ ਕਰਨ ਲੱਗਾ। ਜਿਨ੍ਹਾਂ ਦਾ ਪ੍ਰਯੋਗ ਪਹਿਲਾਂ ਸੁਲਤਾਨਾਂ ਦੁਆਰਾ ਕੀਤਾ ਜਾਂਦਾ ਸੀ। ਉਸਨੇ ਸੁਲਤਾਨ ਦੇ ਵਿਸ਼ੇਸ਼ਾਧਿਕਾਰਾਂ ਤਕ ਦਾ ਪ੍ਰਯੋਗ ਕੀਤਾ। ਉਸਨੇ ਸੁਲਤਾਨ ਦੀ ਇਕ ਭੈਣ ਦੇ ਨਾਲ ਵਿਆਹ ਕਰ ਲਿਆ ਅਤੇ ਫਿਰ ਅਪਣੇ ਆਪ ਨੂੰ ਸੁਲਤਾਨ ਤੋਂ ਵੀ ਅਧਿਕ ਸ਼ਕਤੀਸ਼ਾਲੀ ਸਮਝਣ ਲਗਾ। ਸੁਲਤਾਨ ਦੇ ਲਈ ਇਹ ਵਿਵਹਾਰ ਸਹਿਣਾ ਕਠਿਨ ਹੋ ਗਿਆ ਅਤੇ ਉਸਦੀ ਹੱਤਿਆ ਕਰ ਦਿੱਤੀ ਗਈ।

ਬਹਰੁਦੀਨ ਸ਼ਨਕਾਰ ਅਮੀਰ–ਏ–ਹਾਜਿਬ ਸੀ ਅਤੇ ਉਹ ਦਰਬਾਰ ਦੇ ਚਾਲ੍ਹੀ ਸਰਦਾਰਾਂ ਵਿਚੋਂ ਇਕ ਸੀ। ਉਹ ਉਸ ਸਮਾਂ ਉਸ ਸਮਸਤ ਸ਼ਕਤੀ ਦਾ ਪ੍ਰਯੋਗ ਕਰ ਰਿਹਾ ਸੀ ਜਿਸ ਦਾ ਪ੍ਰਯੋਗ ਪਹਿਲੇ ਨਾਇਬ–ਉਲ–ਮੁਮਲਿਕਤ ਦੁਆਰਾ ਹੁੰਦਾ ਸੀ। ਬਹਰਾਮ ਸ਼ਾਹ ਇਸ ਨੂੰ ਸਹਿਨ ਨਹੀਂ ਕਰ ਸਕਿਆ ਅਤੇ ਵਜੀਰ ਨਾਲ ਮਿਲ ਕੇ ਉਸਨੇ ਸੁਨਕਾਰ ਨੂੰ ਦੇਸ ਨਿਕਾਲਾ ਦੇ ਦਿੱਤਾ। ਜਿਵੇਂ ਹੀ ਸੁਨਕਾਰ ਬਿਨਾਂ ਆਗਿਆ ਦੇ ਦਰਬਾਰ ਵਿਚ ਵਾਪਸ ਲੌਟਿਆ ਉਸਨੂੰ ਬੰਦੀ ਬਣਾ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਨੋਟ

ਨੋਟਸ

ਸੁਨਕਾਰ ਅਤੇ ਆਇਤਗੀਨ ਦੀ ਮੌਤ ਨੇ ਤੁਰਕਾਂ ਨੂੰ ਭੈਅਭੀਤ ਕਰ ਦਿੱਤਾ ਅਤੇ ਉਨ੍ਹਾਂ ਨੇ ਉਲੇਮਾਵਾਂ ਦੇ ਨਾਲ ਮਿਲ ਕੇ ਸੁਲਤਾਨ ਦਾ ਵਿਰੋਧ ਕੀਤਾ। ਇਕ ਖੜਯੰਤਰ ਰਚਿਆ ਗਿਆ। ਬਹਰਾਮਸ਼ਾਹ ਨੂੰ ਬੰਦੀ ਬਣਾ ਲਿਆ ਗਿਆ ਅਤੇ ਮਈ 1242 ਈ. ਵਿਚ ਉਸ ਦੀ ਹਤਿਆ ਕਰ ਦਿੱਤੀ ਗਈ।

ਬਹਰਾਮ ਸ਼ਾਹ ਦੇ ਸ਼ਾਸਨ ਕਾਲ ਵਿੱਚ 1241 ਈ. ਵਿਚ ਤਾਯਰ ਦੇ ਨੇਤਰਤਵ ਵਿਚ ਮੰਗੋਲਾਂ ਨੇ ਭਾਰਤ ਉਪਰ ਆਕ੍ਰਮਣ ਕੀਤਾ। ਉਨ੍ਹਾਂ ਦਾ ਪਹਿਲਾ ਨਿਸ਼ਾਨਾ ਸੁਲਤਾਨ ਸੀ, ਲੇਕਿਨ ਸੁਲਤਾਨ ਦੇ ਪ੍ਰਾਂਤ ਨਿਰੀਖਕ ਕਬੀਰ ਖਾਂ ਅਯਾਜ ਨੇ ਉਸਦਾ ਕਠਨ ਵਿਰੋਧ ਕੀਤਾ। ਸੁਲਤਾਨ ਉਪਰ ਬਿਨਾਂ ਅਧਿਕਾਰ ਕੀਤੇ ਮੰਗੋਲ ਲਾਹੌਰ ਦੇ ਵੱਲ ਵੱਧ ਅਤੇ ਉਨ੍ਹਾਂ ਨੇ ਦਿਸੰਬਰ 1241 ਈ. ਵਿਚ ਉਸ ਉਪਰ ਅਧਿਕਾਰ ਕਰ ਲਿਆ। ਆਪਸੀ ਫੁੱਟ ਦੇ ਕਾਰਣ ਸੇਨਾ ਸੁਸਜਿੱਤ ਨਹੀਂ ਸੀ। ਲਾਹੌਰ ਦੇ ਲੋਕ ਅਤੇ ਵਪਾਰੀ ਜੋ ਮੱਧ ਏਸ਼ੀਆ ਦੇ ਨਾਲ ਵਪਾਰ ਕਰਦੇ ਸਨ ਅਤੇ ਜਿਨ੍ਹਾਂ ਨੂੰ ਮੰਗੋਲਾਂ ਤੋਂ ਅਨੁਮਤੀ ਪੱਤਰ ਅਤੇ ਦੂਸਰੀ ਸੁਵਿਧਾਵਾਂ ਪ੍ਰਾਪਤ ਹੁੰਦੀਆਂ ਸਨ। ਉਨ੍ਹਾਂ ਨੂੰ ਮੰਗੋਲਾਂ ਦਾ ਵਿਰੋਧ ਘਿਣਾਉਣਾ ਪ੍ਰਤੀਤ ਹੋਇਆ। ਵਜੀਰ ਨਿਜਾਮ-ਉਲ ਮੁਲਕ ਦੇ ਨੇਤਰਤਵ ਵਿਚ ਬਹਰਾਮ ਸ਼ਾਹ ਨੇ ਇਕ ਸੈਨਾ ਭੇਜੀ, ਲੇਕਿਨ ਇਸ ਤੋਂ ਕੋਈ ਲਾਭ ਨਹੀਂ ਹੋਇਆ। ਲਾਹੌਰ ਪ੍ਰਾਂਤ ਨਿਰੀਖਕ ਮਲਿਕ ਕਰਾਕਸ ਨੇ ਕੁਝ ਸਮਾਂ ਤਕ ਨਗਰ ਦੀ ਰੱਖਿਆ ਕੀਤੀ, ਪਰ ਇਸ ਕਾਰਜ ਨੂੰ ਵਿਅਰਥ ਸਮਝ ਕੇ ਉਹ ਨਗਰ ਛੱਡ ਕੇ ਦੌੜ ਗਿਆ। ਨਗਰ ਤੇ ਅਧਿਕਾਰ ਕਰਕੇ ਉਸੇ ਲੁੱਟ ਲਿਆ। ਲਾਹੌਰ ਦੇ ਨਿਵਾਸੀਆਂ ਦੀ ਹੱਤਿਆ ਕੀਤੀ ਗਈ ਅਤੇ ਉਸ ਤੋਂ ਬਾਦ ਮੰਗੋਲ ਲੋਕ ਵਾਪਸ ਲੌਟ ਗਏ।

**ਅਲਾਉਦਿਨ ਮਸੂਦ ਸ਼ਾਹ** (1242–46) (Ala-ud-Din Masud Shah): ਮਸੂਦ ਸ਼ਾਹ ਨੇ ਚਾਰ ਸਾਲ ਤਕ ਰਾਜ ਕੀਤਾ। ਉਹ ਸੁਲਤਾਨ ਰੁਕਨਦੀਨ ਫਿਰੋਜ਼ ਸ਼ਾਹ ਦਾ ਪੁੱਤਰ ਅਤੇ ਇਲਤੁਤਮਿਸ਼ ਦਾ ਪੋਤਰਾ ਸੀ। ਉਸਦੇ ਸਮੇਂ ਵਿਚ ਤੁਰਕੀ ਸਰਦਾਰ ਸਰਵ ਉੱਚ ਬਣੇ ਰਹੇ। ਇਹ ਨਵਾਂ ਸੁਲਤਾਨ ਚਾਲੀ ਸਰਦਾਰਾਂ ਦੇ ਪੱਖ ਵਿਚ ਅਪਣੀ ਸਾਰੀ ਸ਼ਕਤੀ ਤਿਆਗਣ ਉਤੇ ਬੇਬਸ ਹੋ ਗਿਆ। ਉਸ ਦੇ ਕੋਲ ਕੇਵਲ ਸੁਲਤਾਨ ਦੀ ਉਪਾਧੀ ਰਹਿ ਗਈ। ਇਕ ਵਾਰ ਫਿਰ ਨਾਇਬ-ਏ-ਮੁਮਲਿਕਤ ਦਾ ਪਦ ਬਣਾ ਦਿੱਤਾ ਗਿਆ ਅਤੇ ਉਸ ਪਦ ਦੀ ਪੂਰਤੀ ਮਲਿਕ ਕੁਤੁਬਦੀਨ ਹਸਨ ਦੁਆਰਾ ਹੋਈ। ਸ਼ਾਸਨ ਵਿਵਸਥਾ ਦੇ ਦੂਸਰੇ ਮਹੱਤਵਪੂਰਨ ਪਦਾਂ ਤੇ 'ਚਾਲੀਸੋ' ਦੇ ਦੂਸਰੇ ਸੱਦਸਾਂ ਦਾ ਅਧਿਕਾਰ ਹੋ ਗਿਆ। ਵਜੀਰ ਮੁਹਾਜਿਬੁਦੀਨ ਨੇ ਉਹੋ ਪਦ ਗ੍ਰਹਿਣ ਕੀਤਾ ਜੋ ਪਹਿਲੇ ਨਾਇਬ ਦੇ ਪਾਸ ਸੀ। ਸਰਦਾਰਾਂ ਅਤੇ ਵਜੀਰ ਦੇ ਵਿਚ ਮਤਭੇਦ ਪੈਦਾ ਹੋ ਗਏ ਅਤੇ ਅੰਤ ਵਿਚ ਵਜੀਰ ਨੂੰ ਨਿਸ਼ਕਾਸਿਤ ਕਰ ਦਿੱਤਾ ਗਿਆ। ਬਲਬਨ ਨੂੰ ਅਮੀਰ-ਏ-ਹਾਜਿਬ ਨਿਯੁਕਤ ਕੀਤਾ ਗਿਆ। ਹੌਲੀ-ਹੌਲੀ ਉਸਨੇ ਸਾਰੀ ਸ਼ਕਤੀ ਅਪਣੇ ਹੱਥਾਂ ਵਿਚ ਇਕਤ੍ਰਿਤ ਕਰ ਲਈ।

ਮਸੂਦ ਸ਼ਾਹ ਦੇ ਸ਼ਾਸਨ ਕਾਲ ਵਿਚ ਬੰਗਾਲ ਦਾ ਪ੍ਰਾਂਤ ਨਿਰੀਖਕ ਤੁਗਰ ਖਾਂ ਸੁਲਤਾਨ ਦੀ ਸੱਤਾ ਦੀ ਅਵਹੇਲਣਾ ਕਰ ਸਵਤੰਤਰ ਬਣ ਗਿਆ। ਉਸਨੇ ਬਿਹਾਰ ਨੂੰ ਅਪਣੇ ਪ੍ਰਦੇਸ਼ ਵਿਚ ਮਿਲਾ ਲਿਆ ਅਤੇ ਅਵਧ ਤੇ ਆਕ੍ਰਮਣ ਕਰਨ ਦਾ ਪ੍ਰਯਤਨ ਕੀਤਾ। ਸੁਲਤਾਨ ਅਤੇ ਉੱਛ ਵੀ ਸਵਤੰਤਰ ਬਣ ਗਏ। 1245 ਈ. ਵਿਚ ਸੈਫੁਦੀਨ ਹਸਨ ਕਾਰਲਗ ਨੇ ਮੁਲਤਾਨ ਉਪਰ ਆਕ੍ਰਮਣ ਕੀਤਾ ਅਤੇ ਉਸ ਤੇ ਅਧਿਕਾਰ ਕਰ ਲਿਆ। 1245 ਈ. ਵਿਚ ਭਾਰਤ ਵਿਚ ਫਿਰ ਮੰਗੋਲ ਪ੍ਰਗਟ ਹੋਏ। ਉਨ੍ਹਾਂ ਨੇ ਮੁਲਤਾਨ ਤੇ ਆਕ੍ਰਮਣ ਕਰਕੇ ਹਸਨ ਕਾਰਲਗ ਨੂੰ ਕੱਢ ਦਿੱਤਾ। ਉਸ ਤੋਂ ਬਾਦ ਉਨ੍ਹਾਂ ਨੇ ਉੱਛ ਦਾ ਘੇਰਾ ਕੀਤਾ। ਸੁਲਤਾਨ ਮਹਮੂਦ ਬਿਆਸ ਤਕ ਮੰਗੋਲਾਂ ਦੇ ਵਿਰੁਧ ਵੱਧਾ, ਲੇਕਿਨ ਸੁਲਤਾਨ ਦੇ ਆਗਮਨ ਦਾ ਸਮਾਚਾਰ ਸੁਣ ਕੇ ਮੰਗਲਾਂ ਨੇ ਘੇਰਾ ਹਟਾ ਦਿੱਤਾ ਅਤੇ ਭਾਰਤ ਛੱਡ ਕੇ ਚਲ ਪਏ।



ਨਾਸਿਰੁਦੀਨ

ਇਕ ਖੜਯੰਤਰ ਐਸਾ ਰਚਿਆ ਗਿਆ ਜਿਸ ਵਿਚ ਬਲਬਨ, ਨਾਸਿਰੁਦੀਨ ਮਹਮੂਦ ਅਤੇ ਉਸ ਦੇ ਮਾਤਾ ਨੇ ਭਾਗ ਲਿਆ। ਨਾਸਿਰੁਦੀਨ ਮਹਮੂਦ ਨੇ ਇਕ ਰੋਗੀ ਪੁਰਸ਼ ਦਾ ਭੇਸ ਬਣਾ ਕੇ ਅਤੇ ਬਾਦ ਵਿਚ ਬੁਰਕਾ ਪਾ ਕੇ ਰਾਜਧਾਨੀ ਵਿਚ ਪ੍ਰਵੇਸ਼ ਕਰ ਲਿਆ ਅਤੇ ਮਸੂਦ ਸ਼ਾਹ ਨੂੰ ਪਦ ਤੋਂ ਗਿਰਾ ਕੇ ਜੂਨ 1246 ਈ. ਵਿਚ ਖੁਦ ਸੁਲਤਾਨ ਬਣ ਗਿਆ।

**ਨਾਸਿਰੁਦੀਨ ਮਹਮੂਦ** (1246-1266) (Nasir-ud-Din Mahmud): ਅਪਣੇ ਸਿੰਘਾਸਨਰੋਹਣ ਦੇ ਲਈ ਨਾਸਿਰੁਦੀਨ ਮਹਮੂਦ ਤੁਰਕੀ ਸਰਦਾਰਾਂ ਦੇ ਪ੍ਰਤੀ ਕਰਜਈ ਸੀ ਅਤੇ ਇਸ ਲਈ ਉਸ ਦੇ ਸ਼ਾਸਨ ਵਿਚ ਉਨ੍ਹਾਂ ਦਾ ਅਤਿ ਅਧਿਕ ਪ੍ਰਭਾਵ ਹੋਣਾ ਵੀ ਸਵਭਾਵਿਕ ਸੀ। ਇਹ ਨਵਾਂ ਸੁਲਤਾਨ ਉਨ੍ਹਾਂ ਲੋਕਾਂ ਦੀ ਕਿਸਮਤ ਨਾਲ ਪਰਿਚਿਤ ਸੀ ਜਿਨ੍ਹਾਂ ਨੇ ਸ਼ਕਤੀਸ਼ਾਲੀ ਸਰਦਾਰਾਂ ਦੇ ਪੱਖ

**ਨੋਟ**

ਵਿਚ ਤਿਆਗ ਦਿੱਤੀ (ਵਿਸ਼ੇਸ਼ਕਰ ਬਲਬਨ ਦੇ ਪੱਖ ਵਿਚ) ਅਤੇ ਕੇਵਲ ਨਾਮ ਮਾਤਰ ਦੇ ਸੁਲਤਾਨ ਦੀ ਭਾਂਤਿ 20 ਸਾਲ ਤਕ ਰਾਜ ਕਾਰਜ ਕਰਦਾ ਰਿਹਾ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਅਤਿਯੰਤ ਸਾਦਾ ਜੀਵਨ ਬਤੀਤ ਕਰਦਾ ਸੀ ਅਤੇ ਅਪਣਾ ਬਹੁਤ ਸਮਾਂ ਪਵਿਤ੍ਰ ਕੁਰਾਨ ਦੀਆਂ ਨਕਲਾਂ ਬਣਾਉਣ ਵਿੱਚ ਬਤੀਤ ਕਰਦਾ ਸੀ। ਉਹ ਇਨ੍ਹਾਂ ਸਰਲ ਸੁਭਾਅ ਦਾ ਸੀ ਕਿ ਉਸਨੇ ਅਪਣੀ ਰਾਣੀ ਦੇ ਲਈ ਇਕ ਦਾਸੀ ਰੱਖਣ ਦੀ ਅਨੁਮਤਿ ਨਹੀਂ ਦਿੱਛੀ। ਇਹ ਕਿਹਾ ਜਾਂਦਾ ਹੈ ਕਿ ਇਕ ਵਾਰ ਭੋਜਨ ਪਕਾਉਂਦੇ ਸਮੇਂ ਉਸ ਦੀ ਰਾਣੀ ਦੀ ਉਂਗਲਿਆਂ ਜਲ ਗਈ ਅਤੇ ਰਾਣੀ ਨੇ ਅਪਣੇ ਲਈ ਇਕ ਦਾਸੀ ਰੱਖਣ ਦੀ ਪ੍ਰਾਰਥਨਾ ਕੀਤੀ। ਸੁਲਤਾਨ ਨੇ ਇਹ ਉੱਤਰ ਦਿੱਤਾ ਕਿ ਕਿਉਂਕਿ ਉਹ ਰਾਜ ਦਾ ਕੇਵਲ ਇਕ ਸੰਰੱਖਿਅਕ ਮਾਤਰ ਹੈ ਇਸ ਲਈ ਉਹ ਅਪਣੇ ਵਿਅਕਤੀਗਤ ਸੁੱਖਾਂ ਉਪਰ ਕੋਈ ਧੰਨ ਨਹੀਂ ਖਰਚ ਸਕਦਾ। ਸੱਪਸ਼ਟਤਾ ਇਹ ਸਭ ਕੁਝ ਝੂਠ ਹੈ ਕਿਉਂਕਿ ਉਸ ਦੀ ਪਤਨੀ ਬਲਬਨ ਦੀ ਲੜਕੀ ਸੀ ਅਤੇ ਇਸ ਲਈ ਐਸੀ ਇਸਤ੍ਰੀ ਤੋਂ ਖੁਦ ਭੋਜਨ ਪਕਵਾਉਣ ਦੀ ਆਸ ਕਰਨਾ ਵਿਅਰਥ ਸੀ। ਇਸ ਦੇ ਸਿਵਾਏ ਇਹ ਵੀ ਸੱਚ ਹੈ ਕਿ ਉਸ ਦੀ ਇਕ ਤੋਂ ਅਧਿਕ ਪਤਨੀਆਂ ਅਤੇ ਬਹੁਤ ਸਾਰੇ ਦਾਸ ਸਨ।

ਨਾਸਿਰੁਦੀਨ ਮਹਿਮੂਦ ਦੇ ਚਰਿੱਤਰ ਦੇ ਵਿਸ਼ੇ ਵਿੱਚ ਡਾ. ਪੀ. ਸਰਨ ਦਾ ਵਿਚਾਰ ਹੋਰ ਲੇਖਕਾਂ ਤੋਂ ਵੱਖ ਹੈ। ਉਨ੍ਹਾਂ ਦਾ ਇਹ ਕਹਿਣਾ ਹੈ ਕਿ ਇਸ ਸੁਲਤਾਨ ਨੇ ਆਪਣਾ ਸ਼ਾਸਨ ਬਹੁਤ ਉਤਸ਼ਾਹ ਦੇ ਨਾਲ ਸ਼ੁਰੂ ਕੀਤਾ ਪਰ ਉਹ ਬਲਬਨ ਨੂੰ ਪਸੰਦ ਨਹੀਂ ਸੀ ਕਿਉਂਕਿ ਉਹ ਸਾਰੀ ਸੱਤਾ ਆਪਣੇ ਹੱਥਾਂ ਵਿੱਚ ਰੱਖਣਾ ਚਾਹੁੰਦਾ ਸੀ। ਇਹ ਸੁਲਤਾਨ ਬਹੁਤ ਦੂਰਦਰਸ਼ੀ ਸੀ ਅਤੇ ਉਹ ਬਲਬਨ ਨੂੰ ਚੁਣੌਤੀ ਦੇਣ ਦੇ ਲਈ ਕਿਸੇ ਖਾਸ ਮੌਕੇ ਦੀ ਤਾਕ ਵਿੱਚ ਸੀ। ਇਕ ਅਜਿਹਾ ਸਮਾਂ ਆਇਆ ਕਿ ਬਲਬਨ ਤੁਰਕੀ ਸਰਦਾਰਾਂ ਅਤੇ ਆਪਣੇ ਸਬੰਧੀਆਂ ਵਿੱਚ ਅਲੋਕਪ੍ਰਿਯ ਹੋ ਗਿਆ ਅਤੇ ਇਸ ਮੌਕੇ ਤੋਂ ਲਾਭ ਚੁੱਕ ਕੇ ਆਪਣੇ ਬਲਬਨ ਦਾ ਨਿਰਵਾਸਨ ਕਰ ਦਿੱਤਾ ਅਤੇ ਉਸ ਦਾ ਸਥਾਨ ਇਮਾਦੁਦੀਨ ਹੈਰਾਨ ਨੂੰ ਦੇ ਦਿੱਤਾ। ਜਿਸ ਛੋਟੇ ਕਾਲ ਵਿੱਚ ਹੈਰਾਨ ਨੇ ਕੰਮ ਕੀਤਾ ਉਸ ਵਿੱਚ ਸੁਲਤਾਨ ਜ਼ਰੂਰ ਸਰਵਉਚ ਸ਼ਾਸਕ ਦੀ ਤਰ੍ਹਾਂ ਕੰਮ ਕਰ ਸਕਿਆ। ਜਦੋਂ ਬਲਬਨ ਦੁਬਾਰਾ ਸ਼ਕਤੀਸ਼ਾਲੀ ਹੋ ਗਿਆ ਅਤੇ ਹੈਰਾਨ ਹੋ ਕੇ ਕੱਢ ਦਿੱਤਾ ਗਿਆ ਤਾਂ ਉਸ ਨੇ ਬਲਬਨ ਦੀ ਇੱਛਾ ਦੇ ਅਨੁਸਾਰ ਕੰਮ ਕਰਨ ਵਿੱਚ ਕੋਈ ਸੰਕੋਚ ਨਹੀਂ ਕੀਤਾ। ਉਸ ਨੇ ਬਲਬਨ ਦੇ ਆਦੇਸ਼ 'ਤੇ ਆਪਣੀ ਮਾਤਾ ਮਲਿਕਾ-ਏ-ਜਹਾਂ ਤੱਕ ਨੂੰ ਕੱਢ ਦਿੱਤਾ। ਸੁਲਤਾਨ ਨੇ ਆਪਣੀ ਸੁਰੱਖਿਆ ਦੇ ਸਾਹਮਣੇ ਮਾਤਾ ਦੇ ਜੀਵਨ ਦੀ ਕੋਈ ਪ੍ਰਵਾਹ ਨਾ ਕੀਤੀ। ਡਾ. ਪੀ. ਸਰਨ ਨੇ ਇਹ ਵੀ ਦੱਸਿਆ ਹੈ ਕਿ ਜਦੋਂ ਨਾਸਿਰੁਦੀਨ ਮਹਿਮੂਦ ਸੁਲਤਾਨ ਬਣਿਆ, ਉਸ ਸੇਮਂ ਉਹ ਕੇਵਲ 17 ਸਾਲ ਦਾ ਇਕ ਛੋਕਰਾ ਸੀ ਅਤੇ ਅਜਿਹੀ ਛੋਟੀ ਉਮਰ ਵਿੱਚ ਉਸ ਤੋਂ ਬੈਰਾਗੀ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਅਜਿਹਾ ਕੋਈ ਤੱਤ ਨਹੀਂ ਮਿਲਦਾ ਕਿ ਸੰਸਾਰਿਕ ਕੰਮਾਂ ਵਿੱਚ ਸੁਲਤਾਨ ਨੂੰ ਕੋਈ ਰੁਚੀ ਨਹੀਂ ਸੀ। ਇਸ ਦੇ ਉਲਟ 'ਪਵਿੱਤਰ ਯੁੱਧ' ਕਰਨ ਅਤੇ ਕਾਫਿਰਾਂ ਦਾ ਦਮਨ ਕਰਨ ਵਿੱਚ ਸੁਲਤਾਨ ਨੇ ਬੜੀ ਸ਼ਕਤੀ ਅਤੇ ਕੁਸ਼ਲਤਾ ਦਾ ਸਪੱਸ਼ਟ ਪ੍ਰਦਰਸ਼ਨ ਕੀਤਾ। ਕਿਹਾ ਜਾਂਦਾ ਹੈ ਕਿ ਆਸ-ਪਾਸ ਦੇ ਖੇਤਰਾਂ ਵਿੱਚ ਮਹਿਮੂਦ ਨੇ ਸੱਤ ਅਭਿਆਨਾਂ ਦੀ ਅਗਵਾਈ ਕੀਤੀ। ਇਹ ਸੰਕੇਤ ਕੀਤਾ ਜਾਂਦਾ ਹੈ ਕਿ ਆਪਣੀ ਬਹੁਤ ਜ਼ਿਆਦਾ ਪ੍ਰਦਰਸ਼ਿਤ ਧਰਮਨਧਤਾ ਦੇ ਹੁੰਦੇ ਹੋਏ ਵੀ ਸੁਲਤਾਨ ਲੋਕ ਸੱਤਾ ਅਤੇ ਸੁਖ ਨੂੰ ਭੋਗਣ ਦੀ ਉਤਨੀ ਹੀ ਅਭਿਲਾਸ਼ਾ ਰਖਦਾ ਸੀ ਜਿਤਨੀ ਕੋਈ ਵੀ ਭੌਤਿਕ ਵਸਤੂਆਂ ਦਾ ਪ੍ਰੇਮੀ ਅਤੇ ਕਮਜੋਰ ਬੁੱਧੀ ਵਾਲਾ ਸ਼ਾਸਕ ਰੱਖ ਸਕਦਾ ਸੀ। ਉਸਦੇ ਸੱਚੇ ਚਰਿਤ੍ਰ ਦਾ ਪਤਾ ਇਸ ਰੀਤੀ ਤੋਂ ਚਲ ਸਕਦਾ ਹੈ ਜਿਸ ਨੂੰ ਗ੍ਰਹਿਣ ਕਰਕੇ ਉਸਨੇ ਮਸੂਦ ਸ਼ਾਹ ਨੂੰ ਸਿੰਘਾਸਨ ਤੋਂ ਹਟਾਇਆ ਸੀ।

ਨਾਸਿਰੁਦੀਨ ਦੇ ਸ਼ਾਸਨ ਕਾਲ ਵਿਚ ਮੰਗੋਲਾਂ ਨੇ ਉਪਦ੍ਰਵ ਮਚਾਇਆ। ਉਨ੍ਹਾਂ ਨੇ ਮੁਲਤਾਨ ਅਤੇ ਲਾਹੌਰ ਤੇ ਕਈ ਛਾਪੇ ਮਾਰੇ ਅਤੇ ਉਥੇ ਦੇ ਨਿਵਾਸੀਆਂ ਨੂੰ ਲੁੱਟ ਕੇ ਬਹੁਤ ਸਾਰਾ ਸੋਨਾ, ਚਾਂਦੀ ਅਤੇ ਦੂਸਰੀ ਬਹੁਮੁੱਲੀ ਵਸਤੂਆਂ ਲੈ ਗਏ। ਉਹ ਇਨ੍ਹਾਂ ਨਗਰਾਂ ਤੋਂ ਬਹੁਤ ਸਾਰੇ ਮਨੁੱਖਾਂ ਨੂੰ ਵੀ ਬੰਦੀ ਦੇ ਰੂਪ ਵਿਚ ਆਪਣੇ ਨਾਲ ਲੈ ਗਏ। 1246 ਈ. ਵਿਚ ਸੁਲਤਾਨ ਨੇ ਰਾਵੀ ਨਦੀ ਨੂੰ ਪਾਰ ਕੀਤਾ ਅਤੇ ਚਨਾਬ ਦੇ ਕਿਨਾਰੇ ਦੇ ਵੱਲ ਵਧੇ। ਖੋਖਰਾਂ ਨੂੰ ਦੰਡਿਤ ਕਰਨ ਦੇ ਲਈ ਉਸਨੇ ਬਲਬਨ ਨੂੰ ਜਡ ਦੀਆਂ ਪਹਾੜੀਆਂ ਅਤੇ ਸਾਲਟ ਰੇਜੇ ਦੇ ਵੱਲ ਭੇਜਿਆ। ਬਲਬਨ ਨੇ ਉਨ੍ਹਾਂ ਦਾ ਡਟ ਕੇ ਮੁਕਾਬਲਾ ਕੀਤਾ। ਜਿਸ ਸਮੇਂ ਬਲਬਨ ਜੇਹਲਮ ਨਦੀ ਦੇ ਕਿਨਾਰੇ ਅਪਣਾ ਸ਼ਿਵਿਰ ਲਗਾਇਆ ਹੋਇਆ ਸੀ ਮੰਗੋਲ ਸੈਨਾ ਦੁਬਾਰਾ ਪ੍ਰਗਟ ਹੋਈ, ਲੇਕਿਨ ਉਹ ਲੋਕ ਵਾਪਸ ਲੌਟ ਗਏ ਜਦੋਂ ਉਨ੍ਹਾਂ ਨੂੰ ਇਹ ਜਾਣਕਾਰੀ ਹੋਈ ਕਿ ਬਲਬਨ ਉਨ੍ਹਾਂ ਦਾ ਸਾਹਮਣਾ ਕਰਨ ਦੇ ਲਈ ਤਿਆਰ ਹੈ। ਇਸ ਪ੍ਰਕਾਰ ਨਾਸਿਰੁਦੀਨ ਦੇ ਸਮੇਂ ਵਿਚ ਮੰਗੋਲਾਂ ਦੇ ਭੈ ਦਾ ਵੀ ਸਾਹਮਣਾ ਕੀਤਾ ਗਿਆ।

ਕਿਸਲੁ ਖਾਨ ਬਲਵਾਨ ਦਾ ਭਾਈ ਸੀ। ਰੈਜਾਨ ਨੇ ਉਸੇ ਮੁਲਤਾਨ ਅਤੇ ਉੱਛ ਦਾ ਪ੍ਰਾਂਤ ਨਿਰੀਖਕ ਨਿਯੁਕਤ ਕੀਤਾ ਸੀ। ਜਦੋਂ ਬਲਬਨ ਨੇ ਦੁਬਾਰਾ ਸ਼ਕਤੀ ਗ੍ਰਹਿਣ ਕੀਤੀ ਤਾਂ ਕਿਸਲੂਖਾਨ ਨੇ ਵਿਦਰੋਹ ਕਰ ਦਿੱਤਾ ਅਤ ਉਸ ਨੂੰ ਖ਼ਰਾਸਾਨ ਦੇ ਹਲਾਕੂ ਖਾਨ ਦਾ ਮਾਲਿਕਪਣ ਸਵੀਕਾਰ ਕਰ ਲਿਆ। ਇਸ ਲਈ ਮੁਲਤਾਨ ਮੰਗੋਲਾਂ ਦੇ ਰਾਜ ਦਾ ਇਕ ਭਾਗ ਬਣ ਗਿਆ। 1256 ਈ. ਵਿਚ ਬਿਆਨਾ ਦੇ ਅਮੀਰ ਕੁਤਲਗ ਖਾਨ ਨੇ ਪੰਜਾਬ ਵਿਚ ਪ੍ਰਵੇਸ਼ ਕੀਤਾ। ਉਹ ਬਿਆਸ ਦੇ ਕਿਨਾਰਿਆਂ ਤਕ ਆ ਪਹੁੰਚਿਆ ਅਤੇ ਕਿਸਲੂਖਾਨ ਦੇ ਸਾਮਰਾਜ ਵਿਚ ਮਿਲ ਗਿਆ। ਦੋਵਾਂ ਦੀ ਮਿਲੀ ਸੈਨਾਵਾਂ ਸਮਾਨਾ ਦੇ ਕਿਲੇ ਦੀ ਵੱਲ ਅੱਗੇ ਵਧਿਆਂ। ਇਹ ਸੱਚ ਹੈ ਕਿ ਵਿਦਰੋਹੀਆਂ ਦੀ ਹਾਰ ਹੋਈ, ਲੇਕਿਨ ਇਸ ਨੇ ਬਲਬਨ ਦੇ ਵਿਰੁਧ ਈਰਖਾ ਨੂੰ ਵੀ ਵਧ ਦਿੱਤਾ। ਕੁਝ ਮਹੀਨਿਆਂ ਬਾਦ ਨੁਇਨ ਸਾਲੇਨ ਦੇ ਨੇਤਰਤਵ ਵਿਚ ਮੰਗੋਲ ਸੈਨਾ ਨੇ ਦੱਖਣੀ ਸੀਮਾ ਉਤੇ ਆਕ੍ਰਮਣ ਕੀਤਾ ਅਤੇ ਉੱਛ ਤੋਂ ਕਿਸਲੂਖਾਨ ਵੀ ਇਸ ਵਿਚ ਮਿਲ ਗਿਆ। ਉਨ੍ਹਾਂ ਨੇ ਮੁਲਤਾਨ ਦੀ ਪ੍ਰਤੀਰੱਖਿਆਵਾਂ ਨੂੰ ਵੀ ਨਸ਼ਟ ਕਰ ਦਿੱਤਾ। ਲੋਕਾਂ ਤੇ ਅਤਿਯੰਤ ਆਂਤਕ ਹਾਵੀ ਹੋ ਗਿਆ

ਨੋਟ

ਅਤੇ ਬਲਬਨ ਨੈ ਮੰਗੋਲਾਂ ਦੇ ਵਿਰੁਧ ਅਪਣੀ ਤਿਆਰਿਆਂ ਸ਼ੁਰੂ ਕੀਤੀਆਂ, ਲੇਕਿਨ ਇਸ ਲਈ ਉਨ੍ਹਾਂ ਦਾ ਉਦੇਸ਼ ਕੇਵਲ ਲੁੱਟ ਮਾਰ ਕਰਨਾ ਸੀ, ਇਸ ਲਈ ਉਹ ਜਲਦੀ ਹੀ ਵਾਪਸ ਲੌਟ ਗਏ।

**ਸਵ-ਮੁਲਾਂਕਣ (Self Assessment)**

2. ਹੇਠ ਲਿਖਿਆਂ ਕਥਨਾਂ ਵਿਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State whether the following Statements are True or False):

   (i) ਇਲਤੁਤਮਿਸ਼ ਤੁਰਕਿਸਤਾਨ ਦੀ ਇਲਬਾਰੀ ਜਾਤੀ ਨਾਲ ਸੰਬੰਧਤ ਸੀ।

   (ii) 1209 ਈ. ਵਿਚ ਕੁਤੁਬਦੀਨ ਦਾ ਦੇਹਾਂਤ ਹੋ ਗਿਆ।

   (iii) ਇਲਤੁਤਮਿਸ਼ ਅਪਹਰਣਕਰਤਾ ਸੀ।

   (iv) 1211 ਈ. ਵਿਚ ਇਲਤੁਤਮਿਸ਼ ਸੁਲਤਾਨ ਬਣਾ।

   (v) ਤਾਜੁਦੀਨ ਯਲਦੌਜ ਇਲਤੁਤਮਿਸ਼ ਦਾ ਮਿੱਤਰ ਸੀ।

## 4.3 ਗਯਾਸੁਦੀਨ ਬਲਬਨ (1266-86) (Gayas-ud-Din Balban)

**ਪ੍ਰਾਰੰਭਕ ਜੀਵਨ** : ਬਲਬਨ ਦਾਸ ਵੰਸ਼ ਵਿੱਚ ਸਭ ਤੋਂ ਵੱਡਾ ਸੁਲਤਾਨ ਸੀ। ਉਸ ਦਾ ਵਾਸਤਵਿਕ ਨਾਮ ਬਹਾਉਦੀਨ ਸੀ। ਉਹ ਇੱਕ ਇਸਲਾਮੀ ਤੁਰਕ ਸੀ। ਛੋਟੀ ਉਮਰ ਵਿਚ ਉਸਨੂੰ ਮੰਗੋਲਾਂ ਨੇ ਪਕੜ ਲਿਆ ਸੀ ਅਤੇ ਰਾਜਨੀ ਵਿਚ ਉਸਨੂੰ ਇਕ ਵਿਦਵਾਨ ਅਤੇ ਧਾਰਮਿਕ ਮਨੁੱਖ ਬਸਰਾ ਨਿਵਾਸੀ ਖਵਾਜਾ ਜਮਾਲੁਦੀਨ ਦੇ ਹੱਥ ਵੇਚ ਦਿੱਤਾ ਗਿਆ। 1232 ਈ. ਵਿਚ ਖਵਾਜਾ ਉਸਨੂੰ ਦੂਸਰੇ ਦਾਸਾਂ ਦੇ ਨਾਲ ਦਿੱਲੀ ਲੈ ਆਇਆ ਜਿੱਥੇ ਇਲਤੁਤਮਿਸ਼ ਨੇ ਉਸਨੂੰ ਖਰੀਦ ਲਿਆ। ਬਲਬਨ ਇਲਤੁਤਮਿਸ਼ ਦੇ ਉਨ੍ਹਾਂ ਤੁਰਕੀ ਦਾਸਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਚਾਲੀਸ (ਚਹੇ ਲਗਨ) ਕਹਿੰਦੇ ਸਨ। ਅਪਣੇ ਪ੍ਰਯਤਨਾਂ ਤੋਂ ਉਹ ਰਜਿਆ ਸੁਲਤਾਨਾ ਦੇ ਸਮੇਂ ਵਿਚ ਅਮੀਰ-ਏ-ਸਿਕਾਰ (ਲਾਰਡ ਔਫਦੀਹੰਟ) ਹੋ ਗਿਆ। ਉਸਨੇ ਰਜਿਆ ਦੇ ਵਿਰੁਧ ਖੜਯੰਤਰ ਵਿਚ ਤੁਰਕੀ ਸਰਦਾਰਾਂ ਦੀ ਸਹਾਇਤਾ ਕੀਤੀ। ਬਹਰਾਮ ਸ਼ਾਹ ਨੇ ਪੰਜਾਬ ਵਿਚ ਉਸਨੂੰ ਰੈਵਾੜੀ ਦੀ ਜਾਗੀਰ ਸਮਰਪੱਤ ਕੀਤੀ। ਉਸਨੂੰ ਹਾਂਸੀ ਦਾ ਜਿਲਾ ਭੀਦਿੱਤਾ ਗਿਆ। 1246 ਈ. ਵਿਚ ਉਸਨੇ ਮੰਗੋਲਾਂ ਨੂੰ ਉੱਛ ਦਾ ਘੇਰਾ ਉਠਾਉਣ ਲਈ ਬੇਬਸ ਕੀਤਾ। ਦਿੱਲੀ ਦੇ ਸਿੰਘਾਸਨ ਤੋਂ ਮਸੂਦ ਸ਼ਾਹ ਨੂੰ ਉਲਟ ਸੁੱਟਣ ਅਤੇ ਉਸਦਾ ਸਥਾਨ ਨਾਸਿਰੁਦੀਨ ਨੂੰ ਦੇਣ ਵਿਚ ਵੀ ਉਸਨੇ ਯੋਗਦਾਨ ਦਿੱਤਾ। ਉਸਦੇ ਛੋਟੇ ਭਾਈ ਕਿਸਲੂਖਾਨ ਨੂੰ ਅਮੀ-ਅ-ਹਾਜਿਬ ਜਾਂ 'ਲਾਰਡ ਚੇਂਬਰਲੇਨ' ਨਿਯੁਕਤ ਕੀਤਾ ਗਿਆ। ਉਸਦੇ ਚਚੇਰੇ ਭਾਈ ਸ਼ੇਰ ਖਾਨ ਨੂੰ ਲਾਹੌਰ ਅਤੇ ਭਟਿੰਡਾ ਦਾ ਪ੍ਰਾਂਤ ਪ੍ਰਧਾਨ ਨਿਯੁਕਤ ਕਰ ਦਿੱਤਾ। 1249 ਈ. ਵਿਚ ਬਲਬਨ ਨੂੰ 'ਨਾਇਬ-ਏ-ਮੁਮਲਿਕਤ' ਨਿਯੁਕਤ ਕੀਤਾ ਗਿਆ। ਉਸੇ ਵਰਸ਼ ਉਸਨੇ ਅਪਣੀ ਪੁਤਰੀ ਦਾ ਸੁਲਤਾਨ ਨਾਸਿਰੁਦੀਨ ਦੇ ਨਾਲ ਵਿਆਹ ਕਰ ਦਿੱਤਾ। ਇਸ ਪ੍ਰਕਾਰ ਸ਼ਾਸਨ ਦੀ ਸਾਰੀ ਸ਼ਕਤੀ ਬਲਬਨ ਦੇ ਹੱਥਾਂ ਵਿਚ ਕੇਂਦ੍ਰਿਤ ਹੋ ਗਈ।

1253 ਈ. ਵਿਚ ਕੁਝ ਸਮਾਂ ਲਈ ਬਲਬਨ ਦੀ ਸ਼ਕਤੀ ਸ਼ਾਸਨ ਸੱਤਾ ਪਰ ਅਪਣਾ ਏਕਾਧਿਕਾਰ ਜਮਾ ਲਿਆ ਸੀ। ਬਲਬਨ ਦੇ ਸਮਸਤ ਵਿਰੋਧੀਆਂ ਦਾ ਨੇਤਰਤਵ ਇਮਾਦੁਦੀਨ ਰੈਹਾਨ ਨੇ ਕੀਤਾ। ਸੁਲਤਾਨ ਵੀ ਉਨ੍ਹਾਂ ਵੱਲ ਝਕਿਆ। ਇਸ ਦਾ ਫਲ ਇਹ ਹੋਇਆ ਕਿ 1253 ਈ. ਵਿਚ ਬਲਬਨ ਅਤੇ ਉਸਦੇ ਭਾਈ ਦਾ ਨਿਸਕਾਸ਼ਨ ਕਰ ਦਿੱਤਾ ਗਿਆ। ਰੈਹਾਨ ਪ੍ਰਧਾਨਮੰਤਰੀ ਬਣ ਗਿਆ। ਇਸੀ ਰੈਹਾਨ ਨੂੰ ਇੱਕ ਗੱਦਾਰ ਹਿੰਦੂ ਸਹਸਾ ਉੱਚੇ ਪਦ ਉਪਰ ਪਹੁੰਚਣ ਵਾਲਾ ਅਪਹਰਣਕਰਤਾ ਅਤੇ ਖੜਯੰਤਰ ਕਾਰੀ ਦੱਸਿਆ ਗਿਆ ਹੈ। ਸੱਚ ਇਹ ਹੈ ਕਿ ਉਸ ਇਸ ਪ੍ਰਕਾਰ ਦਾ ਜੀਵ ਨਹੀਂ ਸੀ ਉਹ ਇਤਨਾ ਅੱਛਾ ਮੁਸਲਿਮ ਸੀ ਜਿਨ੍ਹਾਂ ਕਿ ਕੋਈ ਤੁਰਕ ਹੋ ਸਕਦਾ ਹੈ। ਉਹ ਨ ਹੀ ਇਕ ਕਠੋਰ ਅਤੇ ਨਾਂ ਹੀ ਇਕ ਦੁਸ਼ਟ ! ਉਹ ਕੇਵਲ ਇਕ ਚਾਲਾਕ ਸ਼ਾਸਕ ਸੀ ਜਿਸਨੇ ਮਰਦਾਰਾਂ ਦੇ ਵਿਰੁਧ ਅਸੰਤੋਸ਼ ਨਾਲ ਲਾਭ ਉਠਾਇਆ ਅਤੇ ਸੁਲਤਾਨ ਦੀ ਸਹਾਇਤਾ ਨਾਲ ਸ਼ਕਤੀ ਦਾ ਅਪਹਰਣ ਕਰਨ ਵਿਚ ਸਫ਼ਲ ਰਿਹਾ। ਉਹ ਕਾਫ਼ੀ ਦੇਰ ਤਕ ਸੱਤਾਧਾਰੀ ਨਹੀਂ ਰਹਿ ਸਕਿਆ। ਤੁਰਕੀ ਸਰਦਾਰਾਂ ਨੇ ਇਕ ਬਾਰ ਫਿਰ ਬਲਬਨ ਦਾ ਸਾਥ ਦਿੱਤਾ ਅਤੇ 1254 ਈ. ਵਿਚ ਰੈਗਾਨ ਦਾ ਨਿਸ਼ਕਾਸਨ ਹੋ ਜਾਣ ਉਤੇ ਬਲਬਨ ਨੂੰ ਨਾਇਬ ਦੇ ਪਦ ਉਤੇ ਦੁਬਾਰਾ ਨਿਯੁਕਤ ਕਰ ਦਿੱਤਾ ਗਿਆ।

*ਕੀ ਤੁਸੀਂ ਜਾਣਦੇ ਹੋ*

ਬਲਬਨ ਦਾ ਅਸਲੀ ਨਾਮ ਬਹਾਉੱਦੀਨ ਸੀ।

**ਨੋਟ**

ਦੁਬਾਰਾ ਪਦ ਉੱਤੇ ਬੈਠ ਹੋ ਜਾਣ ਤੋਂ ਬਾਦ ਬਲਬਨ ਨੇ ਆਪਣੇ ਹੱਥਾਂ ਵਿਚ ਸੱਤਾ ਕੇਂਦ੍ਰਿਤ ਕਰਨ ਵਾਲੀ ਨੀਤੀ ਜਾਰੀ ਰੱਖੀ। ਬੰਗਾਲ ਦੇ ਪ੍ਰਾਂਤ ਪ੍ਰਧਾਨ ਤੁਗਨਖਾਨ ਨੇ ਦਿੱਲੀ ਦੀ ਸੱਤਾ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਸਨੇ ਅਵਧ ਤੱਕ ਚੜ੍ਹਾਈ ਕਰ ਦਿੱਤੀ, ਲੇਕਿਨ ਜਦੋਂ ਉੜੀਸਾ ਵਿੱਚ ਜਾਜਨਗਰ ਦੇ ਰਾਜਾ ਨੇ ਉਸਨੂੰ ਹਰਾਇਆ ਤਾਂ ਉਸਨੇ ਬਲਬਨ ਤੋਂ ਸਹਾਇਤਾ ਦੀ ਪ੍ਰਾਥਨਾ ਕੀਤੀ। ਬਲਬਨ ਨੇ ਤੈਮੂਰ ਖਾਨ ਨੂੰ ਇਸ ਆਦੇਸ਼ ਦੇ ਨਾਲ ਭੇਜਿਆ ਕਿ ਉਹ ਬੰਗਾਲ ਉਤੇ ਵੀ ਅਧਿਕਾਰ ਕਰ ਲਵੇ ਅਤੇ ਉਸਨੇ ਇਹ ਕੰਮ ਸਫਲਤਾਪੂਰਵਕ ਕੀਤਾ। ਤੁਗਨਖਾਨ ਨੂੰ ਹਾਨੀ ਦੀ ਪੂਰਤੀ ਦਾ ਲਾਭ ਤਾਂ ਮਿਲਿਆ, ਲੇਕਿਨ ਜਲਦੀ ਉਸ ਦੀ ਮ੍ਰਿਤੂ ਹੋ ਗਈ। ਬੰਗਾਲ ਬਲਬਨ ਦੇ ਲਈ ਇਕ ਬਾਰ ਫਿਰ ਪਰੇਸ਼ਾਨੀ ਦਾ ਕਾਰਣ ਬਣ ਗਿਆ। ਤੁਗਨਖਾਨ ਦੇ ਇਕ ਉੱਤਰਾਧਿਕਾਰੀ ਨੇ ਸ਼ਾਹੀ ਉਪਾਧੀ ਗ੍ਰਹਿਣ ਕੀਤੀ ਅਤੇ ਅਪਣੇ ਨਾਂਮ ਦੇ ਸਿੱਕੇ ਖੁਦਵਾਏ ਅਤੇ ਲਗਭਗ 1255 ਈ. ਵਿਚ ਅਪਣੇ ਨਾਮ ਦਾ ਖੁਤਬਾ ਵੀ ਪੜ੍ਹਵਾਇਆ। 1257 ਈ. ਵਿਚ ਉਸਦੀ ਮ੍ਰਿਤੂ ਹੋ ਜਾਣ ਪਰ ਦਿਲੀ ਦਾ ਸ਼ਾਸਨ ਬੰਗਾਲ ਉਪਰ ਦੁਬਾਰਾ ਸਥਾਪਿਤ ਹੋ ਗਿਆ। ਜਦ ਲਖਨੌਤੀ ਤੇ ਕੜਾ ਦੇ ਪ੍ਰਾਂਤ ਪ੍ਰਧਾਨ ਅਰਸਲਨਖਾਨ ਨੇ ਅਧਿਕਾਰ ਕਰ ਲਿਆ ਅਤੇ ਬੰਗਾਲ ਦਾ ਪ੍ਰਬੰਧ ਇਕ ਸਵਤੰਤਰ ਸ਼ਾਸਕ ਦੇ ਬਰਾਬਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਇਕ ਬਾਰ ਫਿਰ ਪਰੇਸ਼ਾਨੀ ਉਠ ਖੜੀ ਹੋਈ। ਨਾਸਿਰੁਦੀਨ ਦੇ ਸਮਾਂ ਦੇ ਅੰਤ ਤਕ ਇਹ ਸਥਿਤੀ ਚਲਦੀ ਰਹੀ।

ਬਲਬਨ ਨੇ ਦੋਆਬ ਦੇ ਹਿੰਦੂਆਂ ਨੂੰ ਕੁਚਲਣ ਦਾ ਯਤਨ ਕੀਤਾ। ਇਕ ਘੋਰ ਸੰਗਰਾਮ ਵਿੱਚ ਬਹੁਤ ਸਾਰੇ ਹਿੰਦੂਆਂ ਦਾ ਹੱਤਿਆਕਾਂਡ ਹੋਇਆ ਅਤੇ ਉਨ੍ਹਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਦਾਸ ਹੋਣਾ ਪਿਆ। ਆਪਣੀ ਪੁਰਾਣੀ ਕਰੂਰਤਾ ਦੇ ਜ਼ੋਰ 'ਤੇ ਬਲਬਨ ਨੇ ਮੇਵਾਤ ਦੇ ਲੋਕਾਂ ਨੂੰ ਵੀ ਸਜ਼ਾ ਦਿੱਤੀ। ਕਈ ਅਭਿਆਨਾਂ ਦੇ ਬਾਅਦ ਰਣਥੰਬੌਰ 'ਤੇ ਜਿੱਤ ਪ੍ਰਾਪਤ ਕਰ ਲਈ ਗਈ। 1247 ਈ. ਵਿੱਚ ਬਲਬਨ ਨੇ ਕਾਲਿੰਜਰ ਦੇ ਚੰਦੇਲ ਸਰਦਾਰ ਦੇ ਵਿਦਰੋਹ ਦਾ ਖਾਤਮਾ ਕੀਤਾ। 1251 ਈ. ਵਿੱਚ ਉਸ ਨੇ ਗਵਾਲੀਅਰ ਦੇ ਰਾਜਾ ਦੇ ਵਿਰੁੱਧ ਇਕ ਅਭਿਆਨ ਦੀ ਅਗਵਾਈ ਕੀਤੀ।

**ਬਲਬਨ ਸੁਲਤਾਨ ਦੇ ਰੂਪ ਵਿਚ** (Balban as King) : ਜਦ 1266 ਈ. ਵਿਚ ਨਾਸਿਰੁਦੀਨ ਮਹਮੂਦ ਦਾ ਦੇਹਾਂਤ ਹੋ ਗਿਆ, ਤਾਂ ਬਲਬਨ ਖੁਦ ਸੁਲਤਾਨ ਬਣ ਗਿਆ। ਅਪਣੇ ਸਿੰਘਾਸਨ ਰੋਹਣ ਦੇ ਸਮੇਂ ਬਲਬਨ ਨੂੰ ਬਹੁਤ ਸਾਰਿਆ ਕਠਨਾਈਆਂ ਦਾ ਸਾਹਮਣਾ ਕਰਨਾ ਪਿਆ। ਇਲਤੁਤਮਿਸ਼ ਦੇ ਉੱਤਰਾਧਿਕਾਰੀਆਂ ਦੀ ਅਯੋਗਤਾ ਦੇ ਕਾਰਣ ਰਾਜ ਦੇ ਮਾਮਲੇ ਅਸਤ-ਵਿਅਸਤ ਅਵਸਥਾ ਵਿਚ ਪੈ ਗਏ ਸਨ। ਰਾਜਸੀ ਕੋਸ਼ ਵੀ ਬੰਦ ਹੋਣ ਦੇ ਰੂਪ ਵਿਚ ਖਾਲੀ ਹੋ ਚੁਕੀ ਸੀ। ਰਾਜ ਦੀ ਮਰਿਯਾਦਾ ਵੀ ਗਿਰ ਚੁਕੀ ਸੀ। ਤੁਰਕੀ ਸਰਦਾਰਾਂ ਦੀ ਹੈਂਕੜਬਾਜੀ ਵਿਚ ਵਾਧਾ ਆ ਚੁੱਕਾ ਸੀ। ਬਰਨੀ ਦੇ ਸ਼ਬਦਾਂ ਵਿਚ "ਸ਼ਾਸਨ ਸੱਤਾ ਦਾ ਆਂਤਕ, ਜੋ ਸਮਸਤ ਅੱਡੇ ਸ਼ਾਸਨ ਦਾ ਆਧਾਰ ਹੈ ਅਤੇ ਜੋ ਰਾਜ ਦੀ ਮਹੱਤਵਪੂਰਨ ਤਾਕਤ ਅਤੇ ਖੁਸ਼ ਹਾਲੀ ਦਾ ਸੋਮਾ ਹੈ, ਸਭ ਮਨੁੱਖਾਂ ਦੇ ਦਿਲਾਂ ਵਿਚ ਨਿਕਲ ਚੁਕਾ ਸੀ ਅਤੇ ਦੇਸ ਨੀਚ ਦਸ਼ਾ ਵਿਚ ਗਿਰ ਚੁੱਕਾ ਸੀ" ਦਿੱਲੀ ਸਲਤਨਤ ਪਰ ਮੰਗੋਲਾਂ ਦੇ ਛਾਪੇ ਵੀ ਪੈਣ ਲਗ ਗਏ ਸਨ। ਐਸੇ ਸੰਕਟ ਦਾ ਸਾਹਮਣਾ ਕਰਨ ਦੇ ਲਈ ਬਲਬਨ ਨੇ ਅਪਣੇ ਆਪ ਨੂੰ ਦੂਸਰੇ ਹਰੇਕ ਸੁਲਤਾਨ ਤੋਂ ਜ਼ਿਆਦਾ ਯੋਗ ਸਿੱਧ ਕੀਤਾ।

*ਟਾਸਕ* ਬਲਬਨ ਨੂੰ 'ਨਾਇਬ-ਏ-ਮੁਮਲਿਕਤ' ਕਦੋਂ ਨਿਯੁਕਤ ਕੀਤਾ ਗਿਆ ?

**ਦੋਆਬ** (The Doab) : ਇਕ ਦ੍ਰਿੜ ਅਤੇ ਖੁਸ ਸੈਨਾ ਸੰਗਠਿਤ ਕਰਨ ਤੋਂ ਬਾਦ ਉਸਨੇ ਦਿੱਲੀ ਦੇ ਨੇੜੇ ਤੇੜੇ ਦੇ ਖੇਤਰਾਂ ਵਿਚ ਵਿਵਸਥਾ ਸੁਧਾਰਨ ਦਾ ਪ੍ਰਯਤਨ ਕੀਤਾ। ਮੇਵਾੜ ਦੇ ਰਾਜਪੂਤਾਂ ਅਤੇ ਡਾਕੂਆਂ ਦੇ ਦੂਸਰੇ ਗਿਰੋਹਾਂ ਦੁਆਰਾ ਅਪਹਰਣਤਾਮਕ ਕਾਰਜਾਂ ਦੇ ਕਾਰਣ ਜੀਵਨ, ਸੰਪਤੀ ਅਤੇ ਵਿਵਸਾਇਕ ਅਸੁਰੱਖਿਤ ਹੋ ਚੁੱਕਾ ਸੀ। ਸੁਲਤਾਨ ਦੇ ਅਧਿਕਾਰੀਆਂ ਦੇ ਲਈ ਭੂਮੀ-ਕਰ ਇਕੱਠ; ਕਰਨਾ ਇਕ ਕਠਿਨ ਕੰਮ ਬਣ ਕੇ ਰਹਿ ਗਿਆ ਸੀ। ਅਪਣੇ ਸਿੰਘਾਸਨ ਰੋਹਣ ਦੇ ਥੋੜੇ ਹੀ ਸਮਾਂ ਬਾਦ ਬਲਬਨ ਨੇ ਦਿੱਲੀ ਦੇ ਨੇੜੇ-ਤੇੜੇ ਦੇ ਖੇਤਰਾਂ ਨੂੰ ਡਾਕੂਆਂ ਅਤੇ ਵਿਦਰੋਹੀਆਂ ਨੂੰ ਸਾਫ਼ ਕਰ ਦਿੱਤਾ। ਉਨ੍ਹਾਂ ਦੇ ਨਾਲ ਬੜੀ ਕਠੋਰਤਾ ਦਾ ਵਿਵਹਾਰ ਕੀਤਾ ਗਿਆ। ਉਨ੍ਹਾਂ ਨੂੰ ਬੜੀ ਨਿਰਦਇਤਾ ਨਾਲ ਖਦੇੜ ਦਿੱਤਾ ਗਿਆ। ਜੰਗਲਾਂ ਦੀ ਸਫ਼ਾਈ ਕਰ ਦਿੱਤੀ ਗਈ। ਦੋਆਬ ਅਤੇ ਅਵਧ ਵਿਚ ਵੀ ਵਿਦਰੋਹੀਆਂ ਨੂੰ ਸ਼ਾਂਤ ਕਰਨ ਵਿਚ ਉਸਨੇ ਖੁਦ ਹਿੱਸਾ ਲਿਆ। ਭੋਜਪੁਰ, ਪਟਿਯਾਲੀ, ਕੰਪਲੀ ਅਤੇ ਜਲਾਲੀ ਵਿਚ ਸੈਨਾ ਦੀ ਚੌਕੀਆਂ ਬਣਾਈਆਂ ਗਈਆਂ ਅਤੇ ਉਨ੍ਹਾਂ ਵਿੰਚ ਭਿਆਨਕ ਅਫਗਾਨ ਸੈਨਾਵਾਂ ਨੂੰ ਰੱਖਿਆ ਗਿਆ। ਕਟੇਹਰ (ਰੁਹੇਲਖੰਡ) ਵਿਚ ਬਲਬਨ ਨੇ ਅਪਣੀ ਸੈਨਾਵਾਂ ਨੂੰ ਪਿੰਡਾਂ ਉਪਰ ਆਕ੍ਰਮਣ ਕਰਨ ਦਾ ਆਦੇਸ਼ ਦਿੱਤਾ। ਉਥੇ ਦੇ ਲੋਕਾਂ ਦੇ ਮਕਾਨਾਂ ਨੂੰ ਅੱਗ ਲਗਾ ਦਿੱਤੀ ਗਈ ਅਤੇ ਉੱਥੇ ਦੇ ਸਾਰੇ ਬਾਲਿਗ ਸਿਆਣਿਆਂ ਨੂੰ ਮਾਰ ਦੇਣ ਦਾ ਆਦੇਸ਼ ਦਿੱਤਾ ਗਿਆ। ਉੱਥੇ ਦੀਆਂ ਇਸਤ੍ਰਿਆਂ ਅਤੇ ਬੱਚਿਆਂ ਨੂੰ ਦਾਸ ਬਣਾ ਲਿਆ ਗਿਆ। ਹਰੇਕ ਪਿੰਡ ਅਤੇ ਜੰਗਲ ਵਿਚ ਲਾਸ਼ਾਂ ਦੇ ਢੇਰ ਲੱਗ ਗਏ। ਇਸ ਤੋਂ ਆਤੰਕ ਮੰਗੋਲ ਬਲਬਨ ਦੇ ਸ਼ਾਸਨ ਕਾਲ ਵਿਚ ਮੰਗੋਲਾਂ ਦਾ ਭੈ ਬਹੁਤ ਵਧ ਗਿਆ।

**ਬੰਗਾਲ** (Bengal): ਬੰਗਾਲ ਦੀ ਤੁਗਰਿਲ ਖਾਂ ਬਲਬਨ ਦਾ ਸਹਾਇਕ ਸੀ। ਉਹ ਇਕ ਚੁਸਤ, ਸਾਹਸੀ ਅਤੇ ਉਦਾਰ ਸੁਭਾਅ ਵਾਲਾ ਤੁਰਕੀ ਸੀ ਅਤੇ ਉਸ ਦਾ ਸ਼ਾਸਨ-ਪ੍ਰਬੰਧ ਬਹੁਤ ਕੁਸ਼ਲ ਸੀ। ਬਲਬਨ ਦੀ ਬੁਢਾਪੇ ਦੀ ਹਾਲਤ ਅਤੇ ਮੰਗੋਲਾਂ ਦੇ ਹਮਲਿਆਂ

ਨੋਟ

ਨੇ ਉਸ ਨੂੰ ਆਪਣੀ ਸੁਤੰਤਰਤਾ ਘੋਸ਼ਿਤ ਕਰਨ ਦਿੱਤੀ। ਜਦੋਂ ਬਲਬਨ ਨੇ ਤੁਰਗਿਲ ਦੇ ਹਮਲੇ ਦਾ ਸਮਾਚਾਰ ਸੁਣਾਇਆ ਤਾਂ ਉਹ ਗੜਬੜ ਵਿੱਚ ਪੈ ਗਿਆ। ਉਸ ਨੇ ਅਲਪਤਗੀਨ (ਜਿਸ ਦੀ ਉਪਾਧੀ ਅਮੀਰ ਖਾਂ ਸੀ) ਦੀ ਅਗਵਾਈ ਵਿੱਚ ਇਕ ਵੱਡੀ ਸੈਨਾ ਬੰਗਾਲ ਦੇ ਲਈ ਰਵਾਨਾ ਕੀਤੀ। ਇਸ ਸੰਗਰਾਮ ਵਿੱਚ ਅਮੀਰ ਖਾਂ ਹਾਰ ਗਿਆ ਅਤੇ ਉਸ ਦੀ ਸੈਨਾ ਵੀ ਤੁਗਰਿਲ ਖਾਂ ਨਾਲ ਜਾ ਮਿਲਿਆ। ਇਸ 'ਤੇ ਬਲਬਨ ਨੂੰ ਇੰਨਾ ਗੁੱਸਾ ਆਇਆ ਕਿ ਉਸ ਨੇ ਅਮੀਰ ਖਾਂ ਨੂੰ ਮਾਰ ਕੇ ਉਸ ਦੇ ਸਰੀਰ ਨੂੰ ਦਿੱਲੀ ਦੇ ਦੁਆਰ ਲਟਕਾ ਦੇਣ ਦਾ ਹੁਕਮ ਦਿੱਤਾ। 1280 ਈ. ਵਿੱਚ ਮਲਿਕ ਤਰਗੀ ਦੀ ਅਗਵਾਈ ਵਿੱਚ ਇਕ ਦੂਸਰੀ ਸੈਨਾ ਬੰਗਾਲ ਦੇ ਲਈ ਰਵਾਨਾ ਕੀਤੀ ਗਈ। ਉਸ ਦਾ ਇਹ ਅਭਿਆਨ ਵੀ ਵਿਅਰਥ ਰਿਹਾ। ਬਲਬਨ ਨੇ ਹੁਣ ਆਪਣੀ ਸਾਰੀ ਸ਼ਕਤੀ ਅਤੇ ਧਿਆਨ ਤੁਗਰਿਲ ਨੂੰ ਹਰਾਉਣ ਵਿੱਚ ਲਗਾਇਆ ਅਤੇ ਖ਼ੁਦ ਬੰਗਾਲ ਜਾਣ ਦਾ ਫੈਸਲਾ ਕੀਤਾ। ਉਸ ਦੇ ਨਾਲ ਉਸ ਦਾ ਪੁੱਤਰ ਬੁਗਰਾ ਖਾਂ ਵੀ ਸੀ। ਜਦੋਂ ਤੁਗਰਿਲ ਖਾਂ ਅਤੇ ਉਸ ਦੇ ਸਾਥੀਆਂ ਦੀ ਖੋਜ ਵਿੱਚ ਪੂਰਵੀ ਬੰਗਾਲ ਵੱਲ ਵਧਿਆ ਅਤੇ ਉਸ ਦੇ ਇਕ ਸਾਥੀ ਸ਼ੇਰ ਅੰਦਾਜ ਨੇ ਉਨ੍ਹਾਂ ਸਾਰਿਆਂ ਦਾ ਪਤਾ ਲਗਾ ਲਿਆ। ਮਲਿਕ ਮੁਕੱਦਰ ਨੇ ਇਕ ਤੀਰ ਦੇ ਨਿਸ਼ਾਨੇ ਤੋਂ ਪੇੜ 'ਤੇ ਤੁਰਗਿਲ ਖਾਂ ਨੂੰ ਹੇਠਾਂ ਸੁੱਟ ਦਿੱਤਾ। ਉਸ ਦਾ ਸਿਰ ਕੱਟ ਕੇ ਉਸ ਦਾ ਸਰੀਰ ਨਦੀ ਵਿੱਚ ਸੁੱਟ ਦਿੱਤਾ ਗਿਆ। ਉਸ ਦੇ ਸਬੰਧੀਆਂ ਅਤੇ ਬਹੁਤ ਸਾਰੇ ਸੈਨਿਕਾਂ ਨੂੰ ਕੈਦ ਕਰ ਲਿਆ ਗਿਆ। ਤੁਰਗਿਲ ਖਾਂ ਦੇ ਸਹਿਯੋਗੀਆ ਅਤੇ ਸਾਥੀਆਂ ਨੂੰ ਬਲਬਨ ਨੇ ਬਹੁਤ ਕੜੀ ਸਜ਼ਾ ਦਿੱਤੀ। ਬਰਨੀ ਦੇ ਸ਼ਬਦਾਂ ਵਿੱਚ, "ਲਖਨੌਤੀ ਦੇ ਮੁੱਖ ਬਾਜ਼ਾਰ ਦੇ ਦੋਨੋਂ ਪਾਸੇ, ਦੋ ਮੀਲ ਤੋਂ ਜ਼ਿਆਦਾ ਲੰਬੀ ਸੜਕ 'ਤੇ, ਸੂਲੀਆਂ ਦੀ ਇਕ ਲਾਈਨ ਬਣਾਈ ਗਈ ਅਤੇ ਤੁਰਗਿਲ ਦੇ ਸਾਥੀਆਂ ਨੂੰ ਉਨ੍ਹਾਂ 'ਤੇ ਚੜ੍ਹਾਅ ਦਿੱਤਾ ਗਿਆ। ਕਿਸੇ ਵੀ ਦੇਖਣ ਵਾਲੇ ਨੇ ਅਜਿਹਾ ਭਿਆਨਕ ਦ੍ਰਿਸ਼ ਕਦੀ ਨਹੀਂ ਦੇਖਿਆ ਸੀ, ਬਹੁਤ ਸਾਰੇ ਲੋਕ ਤਾਂ ਨਫਰਤ ਅਤੇ ਡਰ ਦੇ ਕਾਰਨ ਬੇਹੋਸ਼ ਹੋ ਗਏ।" ਸੁਲਤਾਨ ਨੇ ਬੁਗਰਾ ਖਾਂ ਨੂੰ ਬੰਗਾਲ ਦਾ ਰਾਜਪਾਲ ਨਿਯੁਕਤ ਕੀਤਾ। ਬੰਗਾਲ ਛੱਡਣ ਤੋਂ ਪਹਿਲਾਂ ਬਲਬਨ ਨੇ ਆਪਣੇ ਪੁੱਤਰ ਨੂੰ ਇਹ ਸ਼ਬਦ ਕਹੇ, "ਮੈਨੂੰ ਸਮਝ ਲੋ ਅਤੇ ਇਹ ਨਾ ਭੁੱਲਣ ਕਿ ਜੇਕਰ ਹਿੰਦ ਜਾਂ ਸਿੰਧ, ਮਾਲਵਾ ਜਾਂ ਗੁਜਰਾਤ, ਲਖਨੋਤੀ ਜਾਂ ਸੋਨਾਰ ਪਿੰਡ ਦੇ ਰਾਜਪਾਲ ਨੇ ਤਲਵਾਰ ਖਿੱਚੀ ਅਤੇ ਦਿੱਲੀ ਦੇ ਸਿੰਘਾਸਨ ਦੇ ਵਿਰੁੱਧ ਵਿਦਰੋਹ ਕੀਤਾ ਤਾਂ ਇਹ ਸਜ਼ਾ ਮਿਲੇਗੀ ਜੋ ਤੁਗਰਿਲ ਅਤੇ ਉਸ ਦੇ ਸਾਥੀਆਂ, ਉਸ ਦੀਆਂ ਇਸਤਰੀਆਂ ਅਤੇ ਬੱਚਿਆਂ ਅਤੇ ਉਨ੍ਹਾਂ ਦੇ ਸਾਰੇ ਸਹਿਯੋਗੀਆਂ ਨੂੰ ਮਿਲੀ ਹੈ।" 1339 ਈ. ਤੱਕ ਬੁਗਰਾ ਖਾਂ ਅਤੇ ਉਸ ਦੇ ਉਤਰਾਧਿਕਾਰੀ ਬੰਗਾਲ 'ਤੇ ਸ਼ਾਸਨ ਕਰਦੇ ਰਹੇ।

**ਮੰਗੋਲ** (The Mongols) : ਬਲਬਨ ਦੇ ਸ਼ਾਸਨ ਕਾਲ ਵਿਚ ਮੰਗੋਲਾਂ ਦਾ ਭੈ ਬਹੁਤ ਵਧ ਗਿਆ। ਉਨ੍ਹਾਂ ਦੇ ਛਾਪੇ ਅਧਿਕ ਤੇਜੀ ਨਾਲ ਅਤੇ ਬਾਰਬਾਰ ਹੋਣ ਲੱਗ ਪਏ। ਬਲਬਨ ਨੇ ਸੀਮਾਂਵਾਂ ਉਤੇ ਉਨ੍ਹਾਂ ਦਾ ਸਾਹਮਣਾ ਕਰਨ ਲਈ ਅਪਣੇ ਨੂੰ ਸਦਾ ਤਿਆਰ ਰੱਖਿਆ। ਉਸਨੇ ਦਿੱਲੀ ਤੋਂ ਬਹੁਤ ਦੂਰ ਜਾਣ ਦਾ ਕਦੇ ਵਿਚਾਰ ਨਹੀਂ ਕੀਤਾ। ਉਹ ਸੁਰੱਖਿਆ ਦੇ ਵਿਸ਼ੇ ਵਿਚ ਨਕਾਰਾਤਮਕ ਨੀਤੀ ਤੋਂ ਅਸੰਤੁਸ਼ਟ ਸੀ ਅਤੇ ਇਸ ਲਈ ਉਸਨੇ ਖੋਖਰਾਂ ਅਤੇ ਦੂਸਰੀ ਜਾਤੀਆਂ ਜਿਹੜੀ ਲਗਾਤਾਰ ਰੂਪ ਨਾਲ ਦਿੱਲੀ ਸਲਤਨਤ ਦੇ ਸੀਮਾਂਤ ਭਾਗਾਂ ਉਤੇ ਲੁੱਟ ਮਾਰ ਕਰਦੀ ਰਹਿੰਦੀਆਂ ਸਨ, ਦਾ ਸ਼ਾਂਤ ਕਰਨ ਅਤੇ ਕੁਚਲਣ ਵਿਚ ਇਕ ਅਭਿਯਾਨਾਤਮਕ ਨੀਤੀ ਦੀ ਨਕਲ ਕੀਤੀ। ਉਸਦਾ ਵਿਚਾਰ ਉਨ੍ਹਾਂ ਪ੍ਰਦੇਸ਼ਾਂ ਨੂੰ ਦਿੱਲੀ ਸਲਤਨਤ ਦੇ ਅਧੀਨ ਲੈ ਆਉਣਾ ਸੀ ਜਿਸ ਤੋਂ ਉਹ ਆਕ੍ਰਮਣਕਾਰੀਆਂ ਨੂੰ ਉਨ੍ਹਾਂ ਜਾਤੀਆਂ ਦੇ ਪ੍ਰਦੇਸ਼ ਤੋਂ ਹੋ ਕੇ ਸੁਰੱਖਿਅਤ ਮਾਰਗ ਪ੍ਰਾਪਤ ਕਰਨ ਦੇ ਲਾਭ ਤੋਂ ਵੰਚਿਤ ਕਰ ਸਕੇ। ਬਲਬਨ ਨੇ ਸਾਲਟ ਰੇਂਜ ਤੇ ਅਭਿਯਾਨ ਦਾ ਨੇਤਰਤਵ ਕੀਤਾ ਅਤੇ ਖੋਖਰਾਂ ਨੂੰ ਦੰਡਿਤ ਕੀਤਾ। ਇਹ ਯਾਦ ਰੱਖਣ ਯੋਗ ਹੈ ਕਿ ਬਲਬਨ ਉਸ ਖੇਤਰ ਤੇ ਸਥਾਈ ਅਧਿਕਾਰ ਰੱਖਣ ਵਿਚ ਅਸਫਲ ਰਿਹਾ। ਉਹ ਖੋਖਰਾਂ ਨਾਲ ਮਿਤ੍ਰਤਾ ਰੱਖਣ ਵਿਚ ਵੀ ਅਸਫਲ ਰਿਹਾ।

ਪੱਛਮੀ ਸੀਮਾਵਾਂ ਦੀ ਸੁਰੱਖਿਆਂ ਦੇ ਲਈ ਬਲਬਨ ਨੇ ਦੂਸਰੀ ਨੀਤੀ ਗ੍ਰਹਿਣ ਕੀਤੀ। ਉਸਨੇ ਪੂਰਣ ਤਿਆਰੀ ਦੇ ਨਾਲ ਆਕ੍ਰਮਣਕਾਰੀਆਂ ਦੇ ਰਸਤੇ ਵਿਚ ਪੈਣ ਵਾਲੇ ਕਿਲਿਆਂ ਦੀ ਮੁਰੰਮਤ ਕਰਾਈ ਅਤੇ ਉਥੇ ਪੂਰਣ ਰੂਪਨਾਲ ਸੈਨਾ ਦਾ ਪ੍ਰਬੰਧ ਕੀਤਾ ਗਿਆ। ਜਿੱਥੇ ਆਵਸ਼ਕ ਸਮਝਿਆ ਗਇਆ ਉਥੇ ਨਵੇਂ ਕਿਲੇ ਅਤੇ ਪਹਿਰੇ ਵਾਲੀ ਚੌਂਕੀਆਂ ਬਣਾਈਆਂ ਉਸਨੇ ਮਾਰਗਾਂ ਉਪਰ ਕੜੀ ਚੌਕਸੀ ਰੱਖੀ। ਉਸਨੇ ਅਭਿਯਾਨਾਂ ਦੇ ਨਾਇਕਾਂ ਦੀ ਨਿਯੁਕਤੀ ਕੀਤੀ ਅਤੇ ਇਹ ਪਦ ਐਸੇ ਯੋਗ ਅਤੇ ਅਨੁਭਵੀਂ ਸੈਨਿਕ ਸਰਦਾਰਾਂ ਨੂੰ ਦਿੱਤੇ ਗਏ ਜਿਸ ਤਰ੍ਹਾਂ ਸ਼ੇਰਖਾਨ ਸਨਕਾਰ ਆਦਿ। ਸ਼ੇਰਖਾਨ ਉਸ ਸਮੇਂ ਦਾ ਅਤਿਯੰਤ ਸੁਪ੍ਰਸਿੱਧ ਸੈਨਿਕ ਯੋਧਾ ਸੀ। ਉਹ ਭਟਿੰਡਾ, ਭਟਨੇਰ, ਸੁਨਾਮ ਅਤੇ ਸਮਾਨਾ ਦਾ ਪ੍ਰਾਂਤ ਪ੍ਰਧਾਨ ਰਹਿ ਚੁਕਾ ਸੀ। ਸੀਮਾਵਾਂ ਤੇ ਉਸ ਦੀ ਉਪਸਥਿਤੀ ਸੁਰਖਿਆ ਦੀ ਗਰੰਟੀ ਸੀ। ਮੰਗੋਲ ਅਤੇ ਖੋਖਰ ਦੋਵੇਂ ਹੀ ਉਸ ਤੋਂ ਡਰਦੇ ਸਨ। ਬਦਕਿਸਮਤੀ ਨਾਲ ਬਲਬਨ ਉਸ ਨਾਲ ਈਰਖਾ ਰੱਖਣ ਲੱਗਾ ਅਤੇ ਉਸਨੇ ਜਹਿਰ ਦੁਆਰਾ ਉਸ ਦੀ ਹੱਤਿਆ ਕਰਾ ਦਿੱਤੀ।

ਸ਼ੇਰਖਾਨ ਦੀ ਮ੍ਰਿਤੂ ਦਾ ਪਰਿਣਾਮ ਇਹ ਹੋਇਆ ਕਿ 1272 ਈ. ਵਿਚ ਮੰਗੋਲਾਂ, ਖੋਖਰਾਂ ਅਤੇ ਦੂਸਰੀ ਜਾਤੀਆਂ ਨੇ ਇਕ ਵਾਰ ਫਿਰ ਚੜ੍ਹਾਈਆਂ ਸ਼ੁਰੂ ਕਰ ਦਿੱਤੀਆਂ। ਬਲਬਨ ਨੇ ਤੈਮੁਰਖਾਨ ਨੂੰ ਸਨਾਮ ਅਤੇ ਸਮਾਨਾ ਦਾ ਪ੍ਰਬੰਧਕ ਨਿਯੁਕਤ ਕੀਤਾ। ਦੂਸਰੀ ਇਮਾਰਤਾਂ ਅਤੇ ਕਿਲਿਆਂ ਦਾ ਪ੍ਰਬੰਧ ਦੂਸਰੇ ਅਮੀਰ ਅਤੇ ਸਰਦਾਰਾਂ ਨੂੰ ਸੌਂਪਿਆ ਗਿਆ। ਇਹ ਪ੍ਰਬੰਧ ਸਫ਼ਲ ਸਿੱਧ ਨਾਂ ਹੋ ਸਕੇ। ਐਸੇ ਹਾਲਾਤਾਂ ਦੇ ਕਾਰਣ ਬਲਬਨ ਨੇ ਅਪਣੇ ਪੁੱਤਰ ਮੁਹੰਮਦ ਨੂੰ ਦੱਖਣੀ ਸੀਮਾਵਾਂ ਦਾ ਪ੍ਰਬੰਧਕ ਨਿਯੁਕਤ ਕੀਤਾ। ਮੁਹੰਮਦ ਨੇ ਸੁਲਤਾਨ ਨੂੰ ਅਪਣਾ ਮੁੱਖ ਕੇਂਦਰ ਬਣਾਈਆਂ। 1279 ਅਤੇ 1285 ਈ. ਵਿਚ ਮੰਗੋਲਾਂ ਨੇ ਦੁਬਾਰਾ ਆਕ੍ਰਮਣ ਕੀਤੇ। ਇਹ ਆਕ੍ਰਮਣ ਇਤਨੇ ਬੜੇ ਸਨ ਕਿ ਸੁਲਤਾਨ ਨੂੰ ਅਪਣੀ ਸਾਰੀ ਸ਼ਕਤੀ ਅਤੇ ਸਾਰੇ ਸਾਧਨਾਂ ਦਾ ਪ੍ਰਯੋਗ ਕਰਨਾ ਪਿਆ। ਮੰਗੋਲਾਂ ਨੂੰ ਹਾਰ ਨਹੀਂ ਦੌੜਨਾ ਪਿਆ। 1256 ਈ. ਵਿਚ ਮੰਗੋਲ ਦੁਬਾਰਾ ਪ੍ਰਗਟ ਹੋਏ ਅਤੇ ਇਸ ਸਮੇਂ ਰਾਜਕੁਮਾਰ ਮੁਹੰਮਦ ਦੀ ਹੱਤਿਆ ਹੋ ਗਈ। ਕਵੀ ਅਮੀਰ ਖੁਸਰੋ ਨੂੰ ਵੀ ਪਕੜ ਲਿਆ। ਇਹ ਸੱਚ ਹੈ ਕਿ ਬਲਬਨ ਨੇ ਲਾਹੌਰ ਉਪਰ ਦੁਬਾਰਾ ਅਧਿਕਾਰ ਕਰ ਲਿਆ, ਲੇਕਿਨ ਉਸਦੀ ਸ਼ਕਤੀ ਉਸ ਤੋਂ ਅਧਿਕ ਨਾ ਵਧ ਸਕੀ। ਰਾਵੀ ਨਦੀ ਤੋਂ ਅੱਗੇ ਦਾ ਖੇਤਰ ਮੰਗੋਲਾਂ ਦੇ ਨਿਯੰਤ੍ਰਣ ਵਿਚ ਰਿਹਾ।

**ਮੌਤ** (His Death): ਇਹ ਵਰਨਣਯੋਗ ਹੈ ਕਿ ਆਪਣੇ ਪੁੱਤਰ ਮੁਹੰਮਦ ਦੀ 1286 ਈ. ਵਿੱਚ ਮੰਗੋਲਾਂ ਵੱਲੋਂ ਹੱਤਿਆ ਦੇ ਬਾਅਦ ਕਾਫੀ ਸਮੇਂ ਤੱਕ ਬਲਬਨ ਜਿਉਂਦਾ ਨਾ ਰਹਿ ਸਕਿਆ। ਉਸ 'ਤੇ ਇੰਨੀ ਗਹਿਰੀ ਚੋਟ ਲੱਗੀ ਕਿ ਉਹ ਉਸ ਤੋਂ ਆਪਣੇ ਆਪ ਨੂੰ ਫਿਰ ਬਚਾ ਨਾ ਸਕਿਆ। ਜਦੋਂ ਬਲਬਨ ਨੇ ਆਪਣਾ ਅੰਤ ਬਹੁਤ ਨੇੜੇ ਪਾਇਆ ਤਾਂ ਉਸ ਨੇ ਆਪਣੇ ਪੁੱਤਰ ਬੁਗਰਾ ਖਾਂ ਨੂੰ ਆਪਣੇ ਨਾਲ ਰਹਿਣ ਦੇ ਲਈ ਬੰਗਾਲ ਤੋਂ ਬੁਲਾਇਆ ਪਰ ਉਹ ਆਪਣੇ ਪਿਤਾ ਦੇ ਕਠੋਰ ਸੁਭਾਅ ਤੋਂ ਇੰਨਾ ਡਰ ਗਿਆ ਕਿ ਜਲਦੀ ਹੀ ਬੰਗਾਲ ਦੌੜ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਬਲਬਨ ਨੇ ਮੁਹੰਮਦ ਦੇ ਪੁੱਤਰ ਖੁਸਰੋ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ ਅਤੇ ਕੁਝ ਹੀ ਸਮੇਂ ਬਾਅਦ 1286 ਈ. ਵਿੱਚ ਉਸ ਦੀ ਮੌਤ ਹੋ ਗਈ।

**ਚਾਲੀਸਿਔਂ ਦਾ ਸੰਹਾਰ** (Destruction of 'the Forty'): ਚਾਲੀਸਿਔਂ ਦੇ ਸੰਹਾਰ ਦੀ ਜਿੰਮੇਦਾਰੀ ਬਲਬਨ ਦੀ ਹੀ ਹੈ। ਉਹ ਅੱਛੀ ਤਰ੍ਹਾਂ ਜਾਣਦਾ ਸੀ ਕਿ ਉਹ ਉਸ ਸੁਲਤਾਨ ਦੀ ਸਕਤਿਆਂ ਦਾ ਇਛਾਨੁਸਾਰ ਪ੍ਰਯੋਗ ਕਦੇ ਵੀ ਨਹੀਂ ਕਰਨ ਦੇਣਗੇ। ਉਹ ਇਹ ਵੀ ਜਾਣਦਾ ਸੀ ਕਿ ਉਨ੍ਹਾਂ ਨੇ ਸੁਲਤਾਨ ਦੀ ਸਮਸਤ ਸਕਤਿਆਂ ਦਾ ਅਪਹਰਣ ਕਰਕੇ ਉਸੇ ਕੇਵਲ ਇੱਕ ਨਾਮਧਾਰੀ ਸ਼ਾਸਕ ਬਣਾ ਛੱਡਿਆ ਹੈ। ਬਲਬਨ ਛੋਟੇ ਤੁਰਕਾਂ ਨੂੰ ਅਧਿਕ ਮਹੱਤਵਪੂਰਨ ਔਹਦੇ ਦੇਣ ਸ਼ੁਰੂ ਕਰ ਦਿੱਤੇ ਅਤੇ ਉਨ੍ਹਾਂ ਨੂੰ ਚਾਲੀਸਿਔਂ ਦੇ ਸਮਾਨ ਬਣਾਉਣ ਦਾ ਪ੍ਰਯਤਨ ਕੀਤਾ। ਜਦ ਵੀ ਕਦੀ ਚਾਲੀਸਿਔਂ ਦਾ ਕੋਈ ਸਦੱਸ ਗਲਤੀ ਕਰਦਾ ਤਾਂ ਉਸਨੂੰ ਕਠੋਰ ਦੰਡ ਦਿੱਤਾ ਜਾਂਦਾ। ਇਹ ਕਿਹਾ ਜਾਂਦਾ ਹੈ ਜਦ ਬਦਾਯੂੰ ਦੇ ਪ੍ਰਾਂਤ ਪ੍ਰਧਾਨ ਮਲਿਕ ਬਕ ਬਕ ਨੇ ਅਪਣੇ ਨੌਕਰ ਨੂੰ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ ਤਾਂ ਬਲਬਨ ਨੇ ਆਦੇਸ਼ ਦਿੱਤਾ ਕਿ ਬਲਬਨ ਨੂੰ ਸਰਵਜਨਿਕ ਰੂਪ ਨਾਲ ਸਜਾ ਦਿੱਤੀ ਜਾਵੇ। ਹੈਬਤਖਾਨ ਅਵਧ ਦਾ ਪ੍ਰਾਂਤ ਪ੍ਰਧਾਨ ਸੀ ਉਸਨੇ ਸ਼ਰਾਬ ਦੇ ਨਸ਼ੇ ਵਿਚ ਆ ਕੇ ਇਕ ਮਨੁੱਖ ਦੀ ਹੱਤਿਆ ਕਰ ਦਿੱਤੀ। ਬਲਬਨ ਨੇ ਉਸੇ 500 ਕੋੜੇ ਦੁਆਰਾ ਮਾਰੇ ਜਾਣ ਦਾ ਆਦੇਸ਼ ਦਿੱਤਾ ਅਤੇ ਉਸਦਾ ਸਰੀਰ ਉਸ ਮ੍ਰਿਤਕ ਦੀ ਵਿਧਵਾ ਦੀ ਦਇਆ ਉਤੇ ਛੱਡ ਦਿੱਤਾ। ਹੈਬਤਖਾਨ ਨੂੰ ਉਸ ਵਿਧਵਾ ਦੇ ਲਈ 2000 ਟੰਕੇ ਦੇਣੇ ਪਏ ਅਤੇ ਉਸ ਸਮੇਂ ਤੋਂ ਅਪਣੀ ਮ੍ਰਿਤੂ ਤਕ ਦੇ ਸਮੇਂ ਤਕ ਉਸਨੇ ਅਪਣਾ ਮਕਾਨ ਕਦੇ ਵੀ ਨਹੀਂ ਛੱਡਿਆ। ਬਲਬਨ ਨੇ ਅਵਧ ਦੇ ਪ੍ਰਾਂਤ ਅਧਿਕਾਰੀ ਅਮੀਨ ਖਾਨ ਨੂੰ ਅਯੋਧਿਆ ਨਗਰ ਦੇ ਦੁਆਰ ਤੇ ਲਟਕਵਾ ਦਿੱਤਾ। ਸ਼ੇਰਖਾਨ ਸਨਕਾਰ ਨੂੰ ਜਹਿਰ ਦੇ ਦਿੱਤਾ ਗਿਆ ਕਿਉਂਕਿ ਉਹ ਉਸਦੀ ਸ਼ਕਤੀ ਤੋਂ ਈਰਖਾ ਰੱਖਦਾ ਸੀ। ਇਸ ਪ੍ਰਕਾਰ ਬਲਬਨ ਚਾਲੀਸਿਯੋਂ ਦਾ ਸੰਹਾਰ ਕਰਨ ਵਿਚ ਸਫਲ ਹੋਇਆ ਜੋ ਸਰਦਾਰ ਮ੍ਰਿਤੂ ਜਾਂ ਨਿਸਕਾਸਨ ਤੋਂ ਬਚ ਗਏ ਉਹ ਆਤੰਕ ਦੇ ਕਾਰਣ ਦਬ ਗਏ।

**ਜਾਸੂਸ ਵਿਵਸਥਾ** (Spy System): ਬਲਬਨ ਨੇ ਇਕ ਅਤਿਅੰਤ ਕੁਸ਼ਲ ਜਾਸੂਸ ਵਿਵਸਥਾ ਦਾ ਸੰਗਠਨ ਕੀਤਾ। ਹਰੇਕ ਵਿਭਾਵ ਵਿਚ ਗੁਪਤ ਸਮਾਚਾਰਦਾਤਾ ਰੱਖੇ ਗਏ। ਹਰੇਕ ਪ੍ਰਾਂਤ ਅਤੇ ਹਰੇਕ ਜਿਲ੍ਹੇ ਵਿਚ ਗੁਪਤ ਸਮਾਚਾਰ ਲਿਖਣ ਵਾਲਿਆਂ ਦੀ ਨਿਯੁਕਤੀ ਕੀਤੀ ਗਈ। ਸਮਾਚਾਰ ਦਾਤਾਵਾਂ ਨੂੰ ਅੱਛਾ ਵੇਤਨ ਪ੍ਰਦਾਨ ਕੀਤਾ ਜਾਂਦਾ। ਉਨ੍ਹਾਂ ਨੂੰ ਨਾਇਕ ਅਤੇ ਪ੍ਰਾਂਤ ਪ੍ਰਧਾਨ ਦੇ ਨਿਯਤ੍ਰਣ ਤੋਂ ਮੁਕਤ ਰੱਖਿਆ ਗਿਆ ਅਤੇ ਐਸੀ ਵਿਵਸਥਾ ਕੀਤੀ ਗਈ ਕਿ ਉਹ ਹਰੇਕ ਵਿਅਕਤੀ ਦੀ ਨਿਸ਼ਚਿੰਤ ਹੋ ਕੇ ਸੂਚਨਾ ਦੇਵੇ। ਅਪਣੇ ਕਰਤੱਵਾਂ ਦਾ ਪਾਲਣ ਨਾਂ ਕਰਨ ਵਿੱਚ ਉਨ੍ਹਾਂ ਨੂੰ ਕਠੋਰ ਦੰਡ ਦਿੱਤਾ ਜਾਂਦਾ ਸੀ। ਐਸਾ ਕਿਹਾ ਜਾਂਦਾ ਹੈ ਕਿ ਬਦਾਯੂੰ ਦੇ ਸਮਾਚਾਰ ਪ੍ਰੇਸ਼ਕ ਨੇ ਮਲਿਕ ਬਕਬਕ ਦੇ ਵਿਵਹਾਰ ਦੇ ਵਿਸ਼ੇ ਵਿਚ ਕੋਈ ਸੂਚਨਾ ਨਹੀਂ ਭੇਜੀ ਜਿਸਦੇ ਫਲਸਵਰੂਪ ਉਸੇ ਨਗਰ ਦੇ ਦੁਆਰ ਤੇ ਲਟਕਾ ਦਿੱਤਾ ਗਿਆ। ਇਸੀ ਜਾਸੂਸ ਵਿਵਸਥਾ ਦੀ ਮਦਦ ਨਾਲ ਬਲਬਨ ਅਪਣੀ ਸ਼ਕਤੀ ਨੂੰ ਸੁਦ੍ਰਿੜ ਬਣਾਉਣ ਵਿਚ ਸਫਲ ਹੋਇਆ।

**ਅਨੁਦਾਨਾਂ ਦਾ ਉਨਮੂਲਨ** (Cancellation of Grants): ਅਪਣੀ ਸੈਨਾ ਦਾ ਪੁਨਰਗਠਨ ਕਰਕੇ ਬਲਬਨ ਨੇ ਉਸ ਨੂੰ ਇੱਕ ਕੁਸ਼ਲ ਯੰਤ੍ਰ ਬਣਾ ਦਿੱਤਾ। ਇਲਤੁਤਮਿਸ਼ ਦੇ ਕਾਲ ਵਿਚ ਸੈਨਿਕ ਸੇਵਾ ਦੇ ਬਦਲੇ ਕੁਝ ਭੂਮੀ ਦਾ ਅਨੁਦਾਨ ਕੀਤਾ ਗਿਆ। ਅਨੁਦਾਨ ਪਾਉਣ ਵਾਲੇ ਉਨ੍ਹਾਂ ਭੂਮੀਆਂ ਦਾ ਆਨੰਦ ਲੈਂਦੇ ਰਹੇ ਹਾਲਾਂਕਿ ਉਨ੍ਹਾਂ ਵਿਚੋਂ ਕੁਝ ਦੀ ਤਾਂ ਮ੍ਰਿਤੂ ਵੀ ਹੋ ਚੁੱਕੀ ਸੀ ਅਤੇ ਕੁਝ ਬੁੱਢੇ ਹੋ ਚੁਕੇ ਸਨ। ਉਨ੍ਹਾਂ ਦੇ ਉੱਤਰਾਧਿਕਾਰੀਆਂ ਨੂੰ ਉਨ ਭੂਮੀਆਂ ਤੇ ਅਪਣੀ ਸੰਪਤੀ ਦੀ ਭਾਂਤ ਅਧਿਕਾਰ ਰੱਖਿਆ ਸੀ ਅਤੇ ਆਰਿਜ (Muster master) ਦੇ ਅਭਿਲੇਖਾਂ ਵਿਚ ਉਨ੍ਹਾਂ ਨੇ ਅਪਣੇ ਨਾਮ ਲਿਖਵਾ ਲਏ ਸਨ। ਰਣਖੇਤਰ ਕਾਰਜ ਤੋਂ ਬਚਨਾ ਉਨ੍ਹਾਂ ਦਾ ਆਮ ਸੁਭਾਉ ਬਣ ਚੁੱਕਾ ਸੀ। ਬਲਬਨ ਨੇ ਪੁਰਾਣੇ ਅਨੁਦਾਨਾਂ ਨੂੰ ਫਿਰ ਤੋਂ ਸ਼ੁਰੂ ਕਰਵਾ ਦਿੱਤਾ ਲੇਕਿਨ ਉਨ੍ਹਾਂ ਦੇ ਧਾਰਕਾਂ ਦੀ ਅਵਸਥਾ ਦੇ ਅਨੁਕੂਲ ਕੁਝ ਮਦਦ ਦਾ ਪ੍ਰਬੰਧ ਕੀਤਾ। ਇਸ ਨਾਲ ਬਹੁਤ ਅਸੰਤੋਸ਼ ਫੈਲ ਗਿਆ ਅਤੇ ਅਖੀਰ ਵਿੱਚ ਬਲਬਨ ਨੇ ਉਨ੍ਹਾਂ ਭੂਮਿਆਂ ਦਾ ਪੁਨਰ ਵਿਤਰਣ ਦਾ ਆਦੇਸ਼ ਹੀ ਕੱਟ ਦਿੱਤਾ। ਇਸ ਦੇ ਫਲ ਸਵਰੂਪ ਇਹ ਦੋਸ਼ ਚਲਦਾ ਹੀ ਰਿਹਾ।

ਬਲਬਨ ਨੇ ਇਮਾਦ–ਉਲ–ਮੁਲਕ ਨੂੰ ਸੈਨਾ ਦਾ ਪ੍ਰਬੰਧਕ ਬਣਾਇਆ। ਉਸ ਨੂੰ ਸੁਰੱਖਿਆ ਮੰਤਰੀ ਜਾਂ ਦੀਵਾਨ–ਏ–ਆਰਿਜ ਦਾ ਪਦ ਪ੍ਰਾਪਤ ਹੋਇਆ। ਉਸ ਨੇ ਸੈਨਾ ਦੀ ਭਰਤੀ, ਤਨਖਾਹ ਅਤੇ ਵਸਤੂਆਂ ਦੇ ਵਿਸ਼ਿਆਂ ਦਾ ਪ੍ਰਬੰਧ ਸੰਭਾਲਣ ਵਿੱਚ ਬਹੁਤ ਰੁਚੀ ਦਿਖਾਈ। ਉਹ ਬਹੁਤ ਜ਼ਿਆਦਾ ਕੁਸ਼ਲ ਅਧਿਕਾਰੀ ਸਿੱਧ ਹੋਇਆ। ਇਸ ਦੇ ਇਲਾਵਾ ਉਸ ਨੂੰ ਧਨ ਦੇ ਵਜੀਰ ਦੇ ਕੰਟਰੋਲ ਤੋਂ ਮੁਕਤ ਰੱਖਿਆ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਸੈਨਾ ਵਿੱਚ ਕਠੋਰ ਅਨੁਸ਼ਾਸਨ ਆ ਗਿਆ, ਜਿਸ ਤੋਂ ਉਸ ਦਾ ਸੰਚਾਲਨ ਹੋਰ ਵੀ ਜ਼ਿਆਦਾ ਕੁਸ਼ਲ ਹੋ ਗਿਆ।

**ਰਾਜਪਦ ਦਾ ਸਿੱਧਾਂਤ** (Conception of Kingship): ਰਾਜਪਦ ਦੇ ਵਿਸ਼ਾਂ ਵਿਚ ਬਲਬਨ ਦਾ ਵਿਚਾਰ ਵੀ ਦੈਵੀ ਸਿਧਾਂਤ ਦੇ ਸਮਾਨ ਸੀ। ਉਸਨੇ ਰਾਜਪਦ ਦੇ ਚਾਰੋ ਔਰ ਉੱਤਮਤਾ ਦਾ ਤੇਜ ਪੈਦਾ ਕਰ ਦਿੱਤਾ। ਉਸਨੇ "ਜਿੱਲੀ ਇਲ੍ਹੱਾਹ" ਜਾਂ ਈਸ਼ਵਰ ਦਾ ਪ੍ਰਤੀਬਿੰਬ ਦੀ ਉਪਾਧੀ ਗ੍ਰਹਿਣ ਕੀਤੀ। ਹਾਲਾਂਕਿ ਬਗਦਾਦ ਦੇ ਖਲੀਫਾ ਦੀ ਮ੍ਰਿਤੂ ਹੋ ਚੁਕੀ ਸੀ ਫਿਰ ਵੀ ਉਹ ਅਪਣੇ ਸਿੱਕਿਆ ਤੇ

ਨੋਟ

ਮ੍ਰਿਤਕ ਖਲੀਫਾ ਦਾ ਨਾਂ ਖੁਦਵਾਉਂਦਾ ਰਿਹਾ। ਇਹ ਇਸਲਈ ਸੀ ਕਿ ਉਸਦੇ ਵਿਚਾਰ ਵਿਚ ਇਸ ਪ੍ਰਕਾਰ ਸਨਮਾਨ ਪ੍ਰਾਪਤ ਕੀਤਾ ਜਾ ਸਕਦਾ ਸੀ ਅਤੇ ਉਹ ਇਸੀ ਡਰ ਦੇ ਕਾਰਣ ਅਪਣੀ ਰਾਜਸੀ ਉਪਾਧੀ ਨੂੰ ਮੁਸਲਮਾਨਾਂ ਦੇ ਧਾਰਮਿਕ ਵਿਸ਼ਵਾਸ ਦੇ ਅਨੁਕੂਲ ਰੱਖਣਾ ਚਾਹੁੰਦਾ ਸੀ। ਬਲਬਨ ਨੇ ਅਪਣੇ ਪੁੱਤਰ ਬੁਗਰਾਖਾਨ ਦੇ ਸਾਹਮਣੇ ਰਾਜਪਦ ਦੇ ਵਿਸ਼ਾਂ ਵਿਚ ਅਪਣੇ ਵਿਚਾਰਾਂ ਦੀ ਇਸ ਪ੍ਰਕਾਰ ਵਿਆਖਿਆ ਕੀਤੀ—"ਰਾਜਾ ਦਾ ਦਿਲ ਈਸ਼ਵਰ ਦੀ ਕਿਰਪਾ ਦਾ ਵਿਸ਼ੇਸ਼ ਕੋਸ ਹੈ ਅਤੇ ਇਸ ਸੰਬੰਧ ਵਿਚ ਮਾਨਵ ਜਾਤਿ ਵਿਚ ਕੋਈ ਇਸ ਦੇ ਸਮਾਨ ਨਹੀਂ ਹੈ"।

ਬਲਬਨ ਨਿਰੰਕੁਸ਼ ਸ਼ਾਸਨ ਵਿਚ ਵਿਸ਼ਵਾਸ ਰੱਖਦਾ ਸੀ। ਉਸਦਾ ਇਹ ਵਿਸ਼ਵਾਸ ਸੀ ਕਿ ਕੇਵਲ ਇਕ ਨਿਰੰਕੁਸ਼ ਸ਼ਾਸਕ ਹੀ ਅਪਣੀ ਜਨਤਾ ਦਾ ਆਗਿਆ ਪਾਲਣ ਕਰ ਸਕਦਾ ਹੈ ਅਤੇ ਉਹ ਹੀ ਰਾਜ ਵਿਚ ਸੁਰੱਖਿਆ ਦੀ ਗਰੰਟੀ ਕਰ ਸਕਦਾ ਹੈ। ਉਹ ਅਪਣਾ ਵੰਸ਼ ਇਕ ਪੁਰਾਣਿਕ ਤੁਰਕੀ ਨਾਇਕ, ਤੂਰਾਨ ਦੇ ਅਫਰਾਸਿਆਬ ਨਾਲ ਸੰਬੰਧਤ ਮਨੰਦਾਸੀ ਅਤੇ ਇਸ ਲਈ ਉਹ ਆਪਣੇ ਨੂੰ ਸਦਾ ਜਨਤਾ ਤੋਂ ਅਲਗ ਰੱਖਦਾ ਸੀ। ਅਪਣੇ ਸਿੰਘਾਸਨ ਰੋਹਣ ਦੇ ਬਾਦ ਹੀ ਉਸਨੇ ਮਦਿਰਾਪਾਨ ਅਤੇ ਹਾਸਯ ਸੰਗੀਤ ਦਾ ਤਿਆਗ ਕੀਤਾ। ਉਸਨੇ ਸੁਲਤਾਨ ਦੇ ਲਈ ਆਪਣਾ ਆਮ ਸੰਨਮਾਨ ਪ੍ਰਦਰਸ਼ਿਤ ਕਰਨ ਦੇ ਵਿਸ਼ੇ ਵਿਚ ਅਪਣੇ ਦਰਬਾਰ ਵਿਚ ਸਿਜਦਾ (ਲੇਟ ਕਰ ਨਮਸਕਾਰ ਕਰਨਾ) ਜਾਂ ਪਾਂਯ ਬੋਸ (ਪੈਰ ਦਾ ਚੁੰਮਣਾ) ਦੀ ਪ੍ਰਥਾ ਦਾ ਪ੍ਰਚਲਣ ਕੀਤਾ। ਅਪਣੇ ਦਰਬਾਰ ਦੀ ਇੱਜਤ ਵਧਾਉਣ ਲਈ ਉਸਨੇ ਨੌਰੋਜ ਪ੍ਰਥਾ ਪ੍ਰਚੱਲਿਤ ਕੀਤੀ। ਇਨ੍ਹਾਂ ਸਾਰੇ ਸਾਧਨਾਂ ਨਾਲ ਬਲਵਨ ਨੇ ਸੁਲਤਾਨ ਦੀ ਮਰਿਯਾਦਾ ਦੁਬਾਰਾ ਸਥਾਪਿਤ ਕਰਨ ਦਾ ਪ੍ਰਯਤਨ ਕੀਤਾ।

**ਮੁੱਲਆਂਕਨ** (Estimate): ਲੇਨਪੁਲ ਮਹੋਦਅ ਦੇ ਵਿਚਾਰ ਵਿਚ "ਬਲਬਨ ਜੋ ਇਕ ਦਾਸ, ਆਖੇਟ ਕਰਤਾ ਸੈਨਾਨੀ ਰਾਜਨਿਤਿਗ ਅਤੇ ਸੁਲਤਾਨ ਰਿਹਾ ਦਿੱਲੀ ਦੇ ਸੁਲਤਾਨਾ ਦੀ ਲੰਬੀ ਸ਼੍ਰੇਣੀ ਵਿਚ ਅਤਿਅਧਿਕ ਖਿਆਤਿ ਪ੍ਰਾਪਤ ਮਨੁੱਖਾਂ ਵਿਚੋਂ ਇਕ ਮਹੱਤਵਪੂਰਨ ਵਿਅਕਤੀ ਹੈ। ਡਾ. ਈਸ਼ਵਰੀ ਪ੍ਰਸਾਦਿ ਦੇ ਸ਼ਬਦਾਂ ਵਿਚ ਮਹਾਨ ਯੋਧਾ, ਸ਼ਾਸਕ ਅਤੇ ਨੀਤੀ ਨਿਪੁਣ ਬਲਬਨ ਜਿਸਨੇ ਅਧਿਕ ਦੁੱਖਦਾਈ ਸਥਿਤੀ ਵਿਚ ਪਏ ਹੋਏ ਬਹੁਤ ਘੱਟ ਮੁਸਲਿਮ ਰਾਜ ਨੂੰ ਸੁਰੱਖਿਅਤ ਰੱਖਿਆ ਅਤੇ ਨਸ਼ਟ ਹੋਣ ਤੋਂ ਬਚਾਇਆ ਇਸ ਲਈ ਮੱਧ ਕਾਲੀਨ ਭਾਰਤੀਯ ਇਤਿਹਾਸ ਵਿਚ ਸਦੈਵ ਉੱਚ ਸਥਾਨ ਪਾਉਂਦਾ ਰਹੇਗਾ। ਉਸਨੇ ਅਲਾਉਦੀਨ ਦੇ ਸਫਲ ਸ਼ਾਸਕ ਦੀ ਭੂਮਿਕਾ ਬਣਾ ਦਿੱਤੀ। ਜੇਕਰ ਉਸ ਨੇ ਭਾਰਤ ਵਿਚ ਸੰਘਰਸ਼ਰਤ ਮੁਸਲਿਮ ਸ਼ਕਤੀ ਨੂੰ ਦ੍ਰਿੜ ਅਤੇ ਸੁਰੱਖਿਅਤ ਨ ਬਣਾਇਆ ਹੁੰਦਾ ਤਾਂ ਅਲਾਉਦੀਨ ਮੰਗੋਲਾਂ ਦੇ ਆਕ੍ਰਮਣ ਸਫਲ ਪ੍ਰਤੀਰੋਧ ਕਰਕੇ ਅਤੇ ਸੁਦੂਰਵਰਤੀ ਪ੍ਰਦੇਸ਼ਾਂ ਨੂੰ ਵਿਜੈ ਕਰਨ ਵਿੱਚ ਕਦੇ ਵੀ ਸਫ਼ਲ ਨਾ ਹੁੰਦਾ ਜਿਨ੍ਹਾਂ ਦੇ ਕਾਰਣ ਉਸਨੂੰ ਮੁਸਲਮਾਨਾਂ ਦੇ ਇਤਿਹਾਸ ਵਿਚ ਐਸਾ ਗੌਰਵਪੂਰਣ ਸਥਾਨ ਪ੍ਰਾਪਤ ਹੋਇਆ ਹੈ।" (ਮੱਧ ਕਾਲੀਨ ਭਾਰਤ ਪੇਜ਼ 199)

ਬਰਨੀ ਦੇ ਕਥਾਨੁਸਾਰ "ਸੁਲਤਾਨ ਗਯਾਸੁਦੀਨ ਬਲਵਨ ਸ਼ਾਸਨ ਦੇ ਵਿਸ਼ਾ ਵਿੱਚ ਇਕ ਅਨੁਭਵੀ ਵਿਅਕਤੀ ਸੀ। ਇਕ ਮਲਿਕ ਹੁੰਦੇ ਹੋਏ ਵੀ ਉਹ ਖਾਨ ਹੋ ਗਿਆ ਅਤੇ ਫਿਰ ਸੁਲਤਾਨ ਬਣ ਗਿਆ। ਪਹਿਲੇ ਅਤੇ ਦੂਸਰੇ ਸਾਲਾਂ ਵਿਚ ਹੀ ਉਸਨੇ ਮਹਾਨ ਪ੍ਰਤਿਭਾ ਪ੍ਰਾਪਤ ਕਰ ਲਈ ਅਤੇ ਅਪਣੀ ਤਾਕਤ ਅਤੇ ਮਰਿਯਾਦਾ ਦਾ ਪ੍ਰਦਰਸ਼ਨ ਕੀਤਾ। ਉਸਦੇ ਪ੍ਰਬੰਧ ਦਾ ਪ੍ਰਭੂਤਵ ਦੇਖਣ ਲਈ ਸੌ ਅਤੇ ਦੋ ਸੌ ਮੀਲ ਤੋਂ ਹਿੰਦੂ ਅਤੇ ਮੁਸਲਮਾਨ ਆਉਂਦੇ ਸਨ ਅਤੇ ਦੇਖਣ ਤੋਂ ਬਾਦ ਹੈਰਾਨ ਹੋ ਜਾਂਦੇ ਸਨ। ਦਿੱਲੀ ਵਿਚ ਉਸ ਤੋਂ ਪਹਿਲੇ ਕਿਸੇ ਵੀ ਸੁਲਤਾਨ ਨੇ ਐਸੇ ਸ਼ਕਤੀਸ਼ਾਲੀ ਅਤੇ ਪ੍ਰਭੂਤਵ ਦਾ ਪ੍ਰਦਰਸ਼ਨ ਨਹੀਂ ਕੀਤਾ। ਅਪਣੇ 22 ਸਾਲਾਂ ਦੇ ਸ਼ਾਸਨ ਵਿਚ ਅਪਣੇ ਸਿੰਘਾਸਨ ਦੀ ਮਰਿਯਾਦਾ ਸੰਨਮਾਨ, ਸ਼ਕਤੀ ਨੂੰ ਐਸਾ ਰੂਪ ਪ੍ਰਦਾਨ ਕੀਤਾ ਕਿ ਫਿਰ ਕੋਈ ਵੀ ਉਸ ਤੋਂ ਉਪਰ ਨਾ ਜਾ ਸਕੇ। ਉਸਦੇ ਕੁਝ ਸੇਵਕਾਂ ਨੇ ਜੋ ਉਸ ਦੀ ਨਿਜੀ ਤੌਰ ਉਤੇ ਸੇਵਾ ਕਰਦੇ ਸਨ, ਮੈਨੂੰ ਇਸ ਗੱਲ ਦਾ ਅਹਸਾਸ ਦਿਲਾਇਆ ਕਿ ਉਨ੍ਹਾਂ ਨੇ ਅਪਣੇ ਸਵਾਮੀ ਨੂੰ ਸਦਾਪੁਰੇ ਵਸਤ੍ਰ ਧਾਰਨ ਕੀਤੇ ਪਾਇਆ। ਲਗਭਗ 40 ਸਾਲ ਤੋਂ ਵੀ ਅਧਿਕ ਦੇ ਸਮਾਂ ਵਿਚ ਜਿਸ ਵਿਚ ਉਹ ਇਕ ਸ਼ਾਸਕ ਅਤੇ ਸੁਲਤਾਨ ਰਿਹਾ ਉਸਨੇ ਨੀਚੀ ਜਾਤੀ ਜਾਂ ਵਿਵਸਾਇਕ ਦੇ ਕਿਸੀ ਭੀ ਵਿਅਕਤੀ ਨਾਲ ਗੱਲ ਨਹੀਂ ਕੀਤੀ ਅਤੇ ਆਪਣੇ ਮਿਤ੍ਰਾਂ ਅਤੇ ਅਪਰਿਚਿਤਾਂ ਨਾਲ ਕਦੇ ਵੀ ਇਸ ਪ੍ਰਕਾਰ ਦੀ ਅਪਰਿਚਿਤਤਾ ਨਹੀਂ ਵਰਤੀ ਜਿਸ ਤੋਂ ਸੁਲਤਾਨ ਦੀ ਮਰਿਯਾਦਾ ਵਿਚ ਕਮੀ ਆਵੇ। ਉਸਨੇ ਕਦੇ ਕਿਸੇ ਨਾਲ ਹਾਸ ਨਹੀਂ ਕੀਤਾ। ਉਸਨੇ ਕਦੇ ਵੀ ਕਿਸੇ ਨੂੰ ਅਪਣੀ ਉਪਸਥਿਤੀ ਵਿਚ ਹਾਸ ਕਰਨ ਦੀ ਆਗਿਆ ਨਹੀਂ ਦਿੱਤੀ। ਉਹ ਕਦੇ ਜ਼ੋਰ ਨਾਲ ਨਹੀਂ ਹੱਸਿਆ ਅਤੇ ਨਾਂ ਹੀ ਅਪਣੇ ਦਰਬਾਰ ਵਿਚ ਕਿਸੇ ਨੂੰ ਹੱਸਣ ਦਿੱਤਾ। ਜਦ ਤਕ ਉਹ ਜੀਵਿਤ ਰਿਹਾ, ਕਿਸੀ ਭੀ ਮਨੁੱਖ ਨੇ ਇਹ ਸਾਹਸ ਨਹੀਂ ਕੀਤਾ ਕਿ ਕਿਸੀ ਸੇਵਾ ਦੇ ਲਈ ਕਿਸੀ ਨੀਚ ਜਾਤੀ ਜਾਂ ਵਰਗ ਦੇ ਵਿਅਕਤੀ ਦੀ ਸਿਫ਼ਾਰਿਸ਼ ਕਰੇ। ਅਪਣੇ ਨਿਆਂ ਪ੍ਰਬੰਧ ਵਿਚ ਉਹ ਕਠੋਰ ਸੀ ਅਤੇ ਅਪਣੇ ਭਾਇਆਂ ਬੱਚਿਆਂ ਸਹਿਯੋਗੀਆਂ ਅਤੇ ਸੇਵਕਾਂ ਤਕ ਦੇ ਨਾਲ ਕੋਈ ਛੂਟ ਨਹੀਂ ਵਰਤਦਾ ਸੀ ਅਤੇ ਜੇਕਰ ਉਨ੍ਹਾਂ ਵਿਚ ਕੋਈ ਵੀ ਅਨ੍ਹਿਆਂ ਦਾ ਕੰਮ ਕਰਦਾ ਤਾਂ ਉਹ ਪੀੜਤ ਵਿਅਕਤੀ ਹਾਨੀਪੂਰਤੀ ਕਰਨ ਅਤੇ ਉਸਨੂੰ ਆਰਾਕ ਦੇਣ ਵਿਚ ਨਹੀਂ ਚੁਕਦਾ ਸੀ। ਉਸਦੇ ਦਾਸਾਂ, ਸੇਵਕਾਂ, ਘੋੜ ਸਵਾਰ ਸੈਨਾ ਅਤੇ ਨਾਇਕਾਂ ਦੇ ਵੱਲ ਕਠੋਰ ਬਣਨ ਵਿਚ ਕੋਈ ਸਾਹਸ ਨਹੀਂ ਕਰ ਸਕਦਾ ਸੀ।"

ਅਪਨੇ ਨਿਜੀ ਜੀਵਨ ਵਿੱਚ ਬਲਬਨ ਕਰੁਣਾ ਪ੍ਰਿਯ ਅਤੇ ਦਿਆਲੂ ਸੁਭਾਅ ਦਾ ਸੀ। ਉਸਦੇ ਪੁੱਤਰ ਰਾਜਕੁਮਾਰ ਦੀ ਹੱਤਿਆ ਨੇ ਵਿਵਹਾਰਿਕ ਰੂਪ ਵਿਚ ਉਸਦੀ ਹੱਤਿਆ ਕਰ ਦਿੱਤੀ। ਉਸਨੇ ਮੱਧ ਏਸ਼ੀਆ ਤੋਂ ਆਉਣ ਵਾਲੇ ਹਜਾਰਾਂ ਸ਼ਰਣਾਰਥੀਆਂ ਨੂੰ ਆਸਰਾ ਦਿੱਤਾ। ਮ੍ਰਿਤਕ ਸੰਸਕਾਰ ਦੇਖਦੇ ਸਮੇਂ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਥਰੂ ਆ ਨਿਕਲਦੇ ਸਨ।

ਬਲਬਨ ਇਕ ਵਿਦਿਆ ਪ੍ਰੇਮੀ ਵੀ ਸੀ। ਉਸਨੇ ਮੱਧ ਏਸ਼ੀਆ ਤੋਂ ਆਉਣ ਵਾਲੇ ਬਹੁਤ ਸਾਰੇ ਗਿਆਨੀਆਂ ਦਾ ਸਵਾਗਤ ਕੀਤਾ। ਉਨ੍ਹਾਂ ਦੇ ਨਿਵਾਸ ਲਈ ਸ਼ਰਨਸਥਲ ਅਤੇ ਮਕਾਨਾਂ ਦਾ ਪ੍ਰਬੰਧ ਕੀਤਾ ਗਿਆ। ਅਮੀਰ ਖੁਸਰੋ ਜੋ ਫਾਰਸੀ ਦਾ ਇੱਕ ਮਹਾਨ ਕਵੀ

**ਨੋਟ**

ਸੀ, ਉਸੇ ਦੇ ਸਮੇਂ ਵਿਚ ਚਮਕਿਆ ਅਤੇ ਉਸਦੇ ਪੁੱਤਰ ਰਾਜਕੁਮਾਰ ਮੁਹੱਮਦ ਦੇ ਦਰਬਾਰ ਵਿਚ ਰਿਹਾ। ਇਸ ਭਾਂਤਿ ਅਮੀਰ ਹਸਨ ਨੂੰ ਵੀ ਰਾਜਕੁਮਾਰ ਮੁਹੱਮਦ ਦਾ ਆਸਰਾ ਪ੍ਰਾਪਤ ਹੋਇਆ।

ਭਾਰਤ ਦੇ ਮੁਸਲਿਮ ਇਤਿਹਾਸ ਵਿਚ ਬਲਬਨ ਨੂੰ ਇਕ ਅਤਿਯੰਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਸਨੇ ਦਿੱਲੀ ਸਲਤਨਤ ਦੀ ਮਰਿਯਾਦਾ ਉੱਚੀ ਕੀਤੀ ਅਤੇ ਲੋਕਾਂ ਵਿਚ ਸ਼ਾਂਤੀ ਦੀ ਸਦਭਾਵਨਾ ਸਥਾਪਿਤ ਕੀਤੀ।

**ਕੈਕੁਬਾਦ** (1287–90) (Kaiqubad): ਅਪਣੀ ਮ੍ਰਿਤੂ ਤੋਂ ਪਹਿਲਾਂ ਬਲਬਨ ਨੇ ਅਪਣੇ ਪੋਤਰੇ ਕਾਇਖੁਸਰੋ (ਰਾਜਕੁਮਾਰ ਮੁਹੱਮਦ ਦੇ ਪੁੱਤਰ) ਨੂੰ ਅਪਣਾ ਉੱਤਰਾਧਿਕਾਰੀ ਮਨੋਨੀਤ ਕੀਤਾ ਸੀ ਪਰ ਦਿੱਲੀ ਦੇ ਕੋਤਵਾਲ ਫਖਰੂਦੀਨ ਨੇ ਉਸਦੇ ਨਾਮ ਨਿਰਦੇਸ਼ਨ ਨੂੰ ਠੁਕਰਾ ਦਿੱਤਾ। ਬੁਗਰਾ ਖਾਨ ਦੇ ਪੁੱਤਰ ਕੈਕੁਬਾਦ ਨੂੰ ਗੱਦੀ ਉਤੇ ਬੈਠਾ ਦਿੱਤਾ ਗਿਆ। ਇਸ ਨਵੇਂ ਸੁਲਤਾਨ ਨੇ ਮੁਈਜ਼ੁਦੀਨ ਕੈਕੁਬਾਦ ਦੀ ਉਪਾਧੀ ਗ੍ਰਹਿਣ ਕੀਤੀ।

ਜਦੋਂ ਉਹ ਸੁਲਤਾਨ ਬਣਿਆ ਉਸ ਸਮੇਂ ਉਸ ਦੀ ਆਯੂ ਕੇਵਲ 19 ਸਾਲ ਦੀ ਸੀ। ਬਲਬਨ ਨੇ ਜਦੋਂ ਕਿ ਉਹ ਸੁਲਤਾਨ ਬਣ ਗਿਆ ਤਾਂ ਉਸਨੇ ਅਪਣੀ ਪੁਰਾਣੀ ਹਾਨੀ ਦੀ ਪੂਰਤੀ ਦੇ ਲਈ ਸ਼ਰਾਬ ਅਤੇ ਇਸਤ੍ਰੀਆਂ ਦਾ ਖੂਬ ਆਨੰਦ ਲੈਣਾ ਸ਼ੁਰੂ ਕੀਤਾ। ਸੁਲਤਾਨ ਦੁਆਰਾ ਸਥਾਪਿਤ ਉਦਾਹਰਣ ਦਾ ਦੂਸਰੇ ਦਰਬਾਰੀਆਂ ਨੇ ਅਨੁਸਰਨ ਕੀਤਾ। ਫਲਸਰੂਪ ਸ਼ਾਸਨ ਪ੍ਰਬੰਧ ਦੇ ਵੱਲ ਸੁਲਤਾਨ ਪੂਰਣਤਾ ਉਦਾਸੀਨ ਹੋ ਗਿਆ। ਦਿੱਲੀ ਦੇ ਸੁਲਤਾਨ ਫਖਰੂਦੀਨ ਦੇ ਦਾਮਾਦ ਨਿਜਾਮੁਦੀਨ ਨੇ ਸਾਰੀ ਸ਼ਕਤੀ ਅਪਣੇ ਹੱਥਾਂ ਵਿਚ ਲੈ ਲਈ ਅਤੇ ਸੁਲਤਾਨ ਉਸਦੇ ਹੱਥਾਂ ਦਾ ਇਕ ਖਿਲੌਨਾ ਬਣ ਕੇ ਰਹਿ ਗਿਆ।

**ਮੰਗੋਲ** (The Mongols): ਕੈਕੁਬਾਦ ਦੇ ਸ਼ਾਸਨਕਾਲ ਵਿਚ ਮੰਗੋਲਾਂ ਨੇ ਚੜ੍ਹਾਈ ਕਰ ਦਿੱਤੀ। ਗਜਨੀ ਦਾ ਤਾਮਰ ਖਾਨ ਉਨ੍ਹਾਂ ਦਾ ਸਰਦਾਰ ਸੀ। ਉਨ੍ਹਾਂ ਨੇ ਸਮਾਨਾ ਤਕ ਲੁੱਟ ਮਾਰ ਕੀਤੀ, ਲੇਕਿਨ ਬਲਬਨ ਦੁਆਰਾ ਸਥਾਪਿਤ ਸੁਰੱਖਿਆ ਦੇ ਉਪਾਉ ਅਜੇ ਵੀ ਕਾਫੀ ਦ੍ਰਿੜ ਸਨ ਅਤੇ ਇਸ ਲਈ ਹਾਰਨ ਤੋਂ ਬਾਦ ਮੰਗੋਲਾਂ ਨੂੰ ਵਾਪਸ ਦੌੜਨਾ ਪਿਆ। ਉਨ੍ਹਾਂ ਦੇ ਆਕ੍ਰਮਣ ਤੋਂ ਭਾਰੀ ਹਾਨੀ ਆਵਸ ਹੋਈ। ਮੰਗੋਲਾਂ ਨੂੰ ਹਰਾਉਣ ਲਈ ਮਲਿਕ ਬਲਬਨ ਨੇ ਮੁੱਖ ਕਾਰਜ ਸੰਪਨ ਕੀਤੇ।

**ਬੁਗਰਾ ਖਾਂ ਦਾ ਦਿੱਲੀ ਵਿੱਚ ਪ੍ਰਵੇਸ਼** (Bughra Khan in Delhi): ਇਹ ਦੱਸਿਆ ਜਾਂਦਾ ਹੈ ਕਿ ਕੈਕੁਬਾਦ ਦਾ ਪਿਤਾ ਬੁਗਰਾ ਖਾਂ ਇਕ ਵੱਡੀ ਸੈਨਾ ਦੇ ਨਾਲ ਦਿੱਲੀ ਵੱਲ ਵਧਿਆ। ਉਸ ਦਾ ਉਦੇਸ਼ ਆਪਣੇ ਪੁੱਤਰ ਦਾ ਸਿੰਘਾਸਨ ਖੋਹਣਾ ਸੀ। ਇਕ ਹੋਰ ਵਿਚਾਰ ਇਹ ਹੈ ਕਿ ਉਸ ਦਾ ਉਦੇਸ਼ ਕੇਵਲ ਆਪਣੇ ਪੁੱਤਰ ਨੂੰ ਇਹ ਰਾਏ ਦੇਣਾ ਸੀ ਕਿ ਉਹ ਆਨੰਦ ਅਤੇ ਵਿਲਾਸ ਦੇ ਜੀਵਨ ਨੂੰ ਛੱਡ ਕੇ ਸ਼ਾਸਨ–ਕੰਮ ਵਿੱਚ ਇਕ ਸੁਲਤਾਨ ਦੀ ਤਰ੍ਹਾ ਧਿਆਨ ਦੇਵੇ। 1288 ਈ. ਵਿੱਚ ਬੁਗਰਾ ਖਾਂ ਅਯੁੱਧਿਆ ਵਿੱਚ ਘਾਗਰਾ ਦੇ ਤੱਟ ਤੱਕ ਆ ਪਹੁੰਚਿਆ। ਲੱਗਭਗ ਉਂਨੀ ਹੀ ਵਿਸ਼ਾਲ ਸੈਨਾ ਦੇ ਨਾਲ ਕੈਕੁਬਾਦ ਨੇ ਵੀ ਆਪਣੇ ਪਿਤਾ ਦੇ ਵਿਰੁੱਧ ਸੰਗ੍ਰਾਮ ਦੇ ਲਈ ਪ੍ਰਸਥਾਨ ਕੀਤਾ। ਰਣਖੇਤਰ ਵਿੱਚ ਸੰਗ੍ਰਾਮ ਹੋਣ ਦੀ ਥਾਂ ਪਿਤਾ ਅਤੇ ਪੁੱਤਰ ਦੇ ਵਿੱਚ ਇਕ ਸਮਝੌਤਾ ਹੋ ਗਿਆ। ਬੁਗਰਾ ਖਾਂ ਦਿੱਲੀ ਦੇ ਸੁਲਤਾਨ ਦੇ ਪ੍ਰਤੀ ਸਨਮਾਨ ਪ੍ਰਦਰਸ਼ਿਤ ਕਰਨ ’ਤੇ ਸਹਿਮਤ ਹੋ ਗਿਆ ਅਤੇ ਉਸ ਨੇ ਅਸਲ ਵਿੱਚ ਅਜਿਹਾ ਹੀ ਕੀਤਾ ਪਰ ਸਨਮਾਨ ਦੀ ਰਸਮ ਦੇ ਪੂਰੇ ਹੋਣ ਦੇ ਨਾਲ ਹੀ ਕੈਕੁਬਾਦ ਪ੍ਰਭਾਵਿਤ ਹੋ ਕੇ ਆਪਣੇ ਪਿਤਾ ਦੇ ਪੈਰਾਂ ’ਤੇ ਡਿੱਗ ਪਿਆ ਅਤੇ ਉਸ ਨੂੰ ਸਿੰਘਾਸਨ ’ਤੇ ਸੁਸ਼ੋਭਿਤ ਕੀਤਾ। ਕੁਝ ਦਿਨਾਂ ਤੱਕ ਆਪਣੇ ਪੁੱਤਰ ਦੇ ਨਾਲ ਰਹਿਣ ਦੇ ਬਾਅਦ ਬੁਗਰਾ ਖਾਂ ਬੰਗਾਲ ਵਾਪਿਸ ਚਲਾ ਗਿਆ ਅਤੇ ਵਿਦਾ ਲੈਣ ਤੋਂ ਪਹਿਲਾਂ ਉਸ ਨੇ ਆਪਣੇ ਪੁੱਤਰ ਨੂੰ ਭੋਗ–ਵਿਲਾਸ ਦਾ ਜੀਵਨ ਤਿਆਗਣ ਅਤੇ ਸ਼ਾਸਨ ਵੱਲ ਧਿਆਨ ਦੇਣ ਦੀ ਸਲਾਹ ਦਿੱਤੀ। ਕੁਝ ਸਮੇਂ ਤੱਕ ਕੈਕੁਬਾਦ ਨੇ ਆਪਣੇ ਪਿਤਾ ਦੀ ਸਲਾਹ ਦਾ ਪਾਲਣ ਕੀਤਾ ਪਰ ਉਸ ਦੇ ਬਾਅਦ ਉਹ ਫਿਰ ਇਕ ਵਿਲਾਸਪ੍ਰਿਯ ਜੀਵਨ ਦਾ ਸ਼ਿਕਾਰ ਬਣ ਗਿਆ।

ਨਿਜਾਮੁਦੀਨ ਦੀ ਮ੍ਰਿਤੂ ਦੇ ਬਾਦ ਜਲਾਲੁਦੀਨ ਫਿਰੋਜ ਨੂੰ ਬੁਲੰਦ ਸ਼ਹਿਰ ਦੀ ਮਹੱਤਵਪੂਰਣ ਜਾਗੀਰ ਦਿੱਤੀ ਗਈ ਅਤੇ ਉਸਨੂੰ ਸੁਲਤਾਨ ਦੀ ਸੈਨਾ ਦਾ ਨਾਂਇਕ ਵੀ ਨਿਯੁਕਤ ਕੀਤਾ ਗਿਆ। ਸਾਰੇ ਤੁਰਕੀ ਸਰਦਾਰਾਂ ਨੇ ਇਸ ਨਵੀਂ ਨਿਯੁਕਤੀ ਦਾ ਵਿਰੋਧ ਕੀਤਾ ਕਿਉਂਕਿ ਉਨ੍ਹਾਂ ਦੇ ਵਿਚਾਰ ਵਿਚ ਜਲਾਲੁਦੀਨ ਇਕ ਤੁਰਕੀ ਨਹੀਂ ਸੀ। ਕੈਕੁਬਾਦ ਪਰ ਫਾਲਿਜ ਗਿਰ ਗਈ। ਤੁਰਕੀ ਸਰਦਾਰਾਂ ਨੇ ਮੌਕੇ ਤੋਂ ਲਾਭ ਉਠਾ ਕੇ ਕੈਕੁਬਾਦ ਦੇ ਪੁੱਤਰ ਨੂੰ ਸਿੰਘਾਸਨ ਤੇ ਬਿਠਾ ਦਿੱਤਾ। ਇਸ ਨਵੇਂ ਸੁਲਤਾਨ ਨੂੰ ਸ਼ਮਸੁਦੀਨ ਕਾਪੁਮਾਰਸ ਦੀ ਉਪਾਧੀ ਦਿੱਤੀ ਗਈ। ਜਲਾਲੁਦੀਨ ਨੂੰ ਉਲਟ ਸੁੱਟਣ ਲਈ ਇਕ ਪ੍ਰਯਤਨ ਕੀਤਾ ਗਿਆ, ਲੇਕਿਨ ਉਸ ਸਮੇਂ ਉਹ ਪਰਿਸਥਿਤੀ ਤੋਂ ਪਰਿਚਿਤ ਸੀ। ਉਸਨੇ ਦਿੱਲੀ ਤੇ ਅਧਿਕਾਰ ਕਰਕੇ ਕੈਕੁਬਾਦ ਦੀ ਹੱਤਿਆ ਕਰ ਦਿੱਤੀ। ਉਹ ਉਸ ਸਮੇਂ ਨਾਬਾਲਿਗ ਸੁਲਤਾਨ ਦਾ ਸੰਰੱਖਿਅਕ ਬਣ ਗਿਆ, ਪਰ ਕੁਝ ਸਮਾਂ ਬਾਦ ਨਾਬਾਲਿਗ ਸੁਲਤਾਨ ਦੀ ਹੱਤਿਆ ਹੋ ਜਾਣ ਤੋਂ ਬਾਦ ਮਾਰਚ 1290 ਈ. ਵਿਚ ਜਲਾਲੁਦੀਨ ਫਿਰੋਜ ਸਿੰਘਾਸਨ ਗੱਦੀ ਤੇ ਬੈਠਾ। ਇਸ ਪ੍ਰਕਾਰ ਲਗਭਗ 84 ਵਰਸ਼ਾਂ ਦੇ ਲੰਬੇ ਸ਼ਾਸਨ ਦੇ ਬਾਦ ਉਸ ਵੰਸ਼ ਦਾ ਅੰਤ ਹੋਇਆ ਜਿਸ ਨੂੰ ਦਾਸ ਵੰਸ਼ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ।

ਸਰ ਵੁੱਜਲੇ ਹੇਰਾਂ ਦੇ ਵਿਚਾਰ ਵਿਚ, ਦਾਸ ਸੁਲਤਾਨਾਂ ਦਾ ਸ਼ਾਸਨ ਹਾਲਾਂਕਿ ਅਸਹਿਨਸ਼ੀਲਤਾ ਅਤੇ ਅਸੰਤੁਸ਼ਟ ਲੋਕਾਂ ਦੇ ਪ੍ਰਤੀ ਕਠੋਰ ਅੱਤਿਆਚਾਰ ਤੋਂ ਬਦਨਾਮ ਹੋ ਗਿਆ, ਫਿਰ ਵੀ ਉਹ ਉਤਨਾ ਹੀ ਨਿਆਂ ਸੰਗਤ ਅਤੇ ਮਾਨਵੀਯ ਸੀ ਜਿਨ੍ਹਾਂ ਇੰਗਲੈਂਡ ਵਿਚ ਨਾਰਮਨ ਸ਼ਾਸਕਾਂ ਦਾ ਅਤੇ ਸਪੇਨ ਅਤੇ ਨੀਦਰਲੈਂਡਸ ਵਿਚ ਫਿਲਿਪ ਦਿਵੀਤਯ ਦੇ ਸ਼ਾਸਨ ਤੋਂ ਕਿਤੇ ਅਧਿਕ ਸਹਿਨਸ਼ੀਲ ਸੀ।

**ਸਾਮੰਤ ਵਰਗ ਬਨਾਮ ਰਾਜਤੰਤਰ** (Nobility vs Monarchy): ਗੁਲਾਮ ਵੰਸ਼ ਦੇ ਸ਼ਾਸਨ ਕਾਲ ਦੇ ਦੌਰਾਨ ਇਕ ਵੱਲ ਸਾਮੰਤ ਅਤੇ ਦੂਸਰੀ ਵੱਲ ਰਾਜਤੰਤਰ ਦੇ ਵਿੱਚ ਸੰਘਰਸ਼ ਦਾ ਵਿਸਤਾਰ ਪੂਰਵਕ ਵਰਨਣ ਕਰਨਾ ਲੋੜੀਂਦਾ ਪ੍ਰਤੀਤ ਹੁੰਦਾ ਹੈ। ਮੁਹੱਮਦ ਗੌਰੀ

ਨੋਟ

ਨੇ ਅਪਣੇ ਪਿੱਛੇ ਕਿਸੇ ਲੜਕੇ ਨੂੰ ਨਹੀਂ ਛੱਡਿਆ ਜੋ ਉਸ ਤੋਂ ਬਾਦ ਉੱਤਰਾਧਿਕਾਰੀ ਬਣਦਾ ਪਰਿਣਾਮ ਇਹ ਹੋਇਆ ਕਿ ਜਿਹੜੇ ਅਲਗ-ਅਲਗ ਸੈਨਾਪਤੀਆਂ ਨੇ ਦੇਸ਼ ਦੇ ਅਲਗ-ਅਲਗ ਭਾਗਾਂ ਨੂੰ ਜਿੱਤਣ ਵਿਚ ਉਸ ਦੀ ਸਹਾਇਤਾ ਕੀਤੀ ਸੀ। ਉਨ੍ਹਾਂ ਦੇ ਵਿਚ ਸੱਤਾ ਲਈ ਸੰਘਰਸ਼ ਹੋਣ ਲੱਗਾ। ਐਬਕ ਉਨ੍ਹਾਂ ਸਭ ਵਿਚ ਅੱਗੇ ਸੀ। ਬੇਸ਼ਕ ਉਹ ਉਨ੍ਹਾਂ ਸਭ ਵਿਚ ਸਰਵਧਿਕ ਸਮਰਥ ਸੀ ਅਤੇ ਭਾਰਤੀਯ ਖੇਤਰਾਂ ਦਾ ਪ੍ਰਸ਼ਾਸਨ ਚਲਾਉਣ ਵਿਚ ਮੁਹੱਮਦ ਗੌਰੀ ਮੁੱਖ ਰੂਪ ਤੋਂ ਉਸੇ ਉੱਤੇ ਨਿਰਭਰ ਕਰਦਾ ਸੀ। ਤਾਜੂਦੀਨ ਖਲਦੌਜ ਐਬਕ ਦਾ ਗੂੜ੍ਹਾ ਪ੍ਰਤੀਦਵੰਦੀ ਸੀ। ਦੂਸਰੇ ਪ੍ਰਤੀਦਵੰਦੀ ਸਨ ਨਸੀਰੁਦੀਨ ਕੁਬਾਚਾ ਅਤੇ ਬਹਾਉਦੀਨ ਤੁਗਰਿਲ। ਇਹਨਾਂ ਸਾਰਿਆਂ ਨੇ ਸਰਵ ਉੱਚ ਸੱਤਾ ਦੇ ਲਈ ਕਈ ਵਾਰ ਐਬਕ ਦੇ ਪ੍ਰਤੀ ਸੰਪਰਦਣਾ ਕੀਤੀ ਪਰ ਅਸਫਲ ਰਹੇ। ਫਿਰ ਵੀ ਦਿੱਲੀ ਸਲਤਨਤ ਦੀ ਨੀਂਹ ਰੱਖੇ ਜਾਣ ਦੇ ਸਮੇਂ ਤੋਂ ਹੀ ਤਖਤ ਲਈ ਮੁਕਾਬਲਾ ਕਰਨ ਜਾਂ ਘੱਟ ਤੋਂ ਘੱਟ ਤਖਤਨਸੀਨ ਨੂੰ ਕਾਬੂ ਕਰਨ ਦੇ ਲਈ ਸੱਤਾ ਹਥਿਆਉਣ ਦੀ ਪਰੰਪਰਾ ਸਥਾਪਿਤ ਹੋ ਚੁਕੀ ਸੀ। ਇਲਤੁਤਮਿਸ਼ ਦੇ ਉੱਤਰਾਧਿਕਾਰੀਆਂ ਦੇ ਸ਼ਾਸਨਕਾਲ ਵਿਚ ਇਹ ਅਤਿਅੰਤ ਉਭਰਦੀ ਗਈ।

ਐਬਕ ਦੀ ਮ੍ਰਿਤੂ ਤੋਂ ਬਾਦ ਲਾਹੌਰ ਦੇ ਸਾਮੰਤਾਂ ਨੇ ਆਰਾਮ ਸ਼ਾਹ ਨੂੰ ਅਪਣਾ ਸਰਦਾਰ ਘੋਸ਼ਿਤ ਕਰ ਦਿੱਤਾ ਫਿਰ ਵੀ ਦਿੱਲੀ ਦੇ ਸਾਮੰਤਾਂ ਨੇ ਇਲਤੁਤਮਿਸ਼ ਦਾ ਸਮਰਥਨ ਕੀਤਾ। ਦਿੱਲੀ ਦੇ ਨੇੜੇ ਇਕ ਲੜਾਈ ਲੜੀ ਗਈ ਜਿਸ ਵਿਚ ਆਰਾਮ ਸ਼ਾਹ ਮਾਰਿਆ ਗਿਆ ਅਤੇ ਇਲਤੁਤਮਿਸ਼ ਗੱਦੀ ਉਪਰ ਬੈਠਾ।

ਇਲਤੁਤਮਿਸ਼ ਦੇ ਸ਼ਾਸਨ ਕਾਲ ਵਿਚ ਯਲਦੌਜ, ਕੁਬਾਚਾ ਅਤੇ ਅਲੀ ਮਰਦਾਨ ਖਾਨ ਨੇ ਵਿਦਰੋਹ ਕਰ ਦਿੱਤਾ ਅਤੇ ਬਹੁਤ ਉਤਪਾਤ ਕੀਤਾ, ਪਰ ਇਲਤੁਤਮਿਸ਼ ਨੇ ਉਨ੍ਹਾਂ ਸਭ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ। ਇਲਤੁਤਮਿਸ਼ ਨੇ ਅਪਣੀ ਸਲਤਨਤ ਦੇ ਪ੍ਰਮੁੱਖ ਸਾਮੰਤਾਂ ਦੀ ਇੱਕ ਪਰਿਸ਼ਦ ਜਾਂ ਸਮਿਤੀ ਗਠਤ ਕੀਤੀ ਤਾਂ ਕਿ ਉਨ੍ਹਾਂ ਨੂੰ ਰਾਜ ਗੱਦੀ ਦੇ ਪ੍ਰਤੀ ਵਫਾਦਾਰੀ ਦੀ ਭਾਵਨਾ ਤੋਂ ਪ੍ਰੇਰਿਤ ਕੀਤਾ ਜਾ ਸਕੇ। ਇਸ ਦਾ ਪਰਿਣਾਮ ਇਹ ਹੋਇਆ ਕਿ ਜਦ ਇਲਤੁਤਮਿਸ਼ ਮਰਨ ਲੱਗਾ ਤਾਂ ਉਸਨੇ ਅਨੁਰੋਧ ਕੀਤਾ ਕਿ ਉਹ ਉਸ ਦੀ ਬੇਟੀ ਤਦ ਕਿ ਇਲਤੁਤਮਿਸ਼ ਦੀ ਮੌਤ ਦੇ ਬਾਅਦ ਦੁਸ਼ਮਣ ਦਲਾਂ ਨੇ ਫਿਰ ਸਿਰ ਚੁੱਕਿਆ। ਇਕ ਪਾਸੇ ਲੋਕ ਰਜ਼ੀਆ ਅਤੇ ਦੂਸਰੀ ਰੁਕਨੂਦੀਨ ਦਾ ਸਮਰਥਨ ਕਰਨ ਲੱਗੇ। ਰੁਕਨੂਦੀਨ ਦਾ ਸਮਰਥਨ ਕਰਨ ਵਾਲੇ ਦਲ ਦਾ ਨੇਤਾ ਪ੍ਰਧਾਨ ਮੰਤਰੀ ਮੁਹੰਮਦ ਖੁਦ ਸੀ। ਉਸ ਨੇ ਇਲਤੁਤਮਿਸ਼ ਦੀ ਅੰਤਿਮ ਇੱਛਾ ਦੀ ਉਲੰਘਣਾ ਕਰਨ ਵਿੱਚ ਕੋਈ ਸੰਕੋਚ ਨਹੀਂ ਕੀਤਾ। ਨਤੀਜਾ ਇਹ ਹੋਇਆ ਕਿ ਰੁਕਨੁਦੀਨ ਨੂੰ ਗੱਦੀ 'ਤੇ ਬਿਠਾ ਦਿੱਤਾ ਗਿਆ। ਬਦਕਿਸਮਤੀ ਨਾਲ ਉਹ ਬਿਲਕੁਲ ਅਯੋਗ ਸਿੱਧ ਹੋਇਆ ਅਤੇ ਪ੍ਰਦੇਸ਼ਾਂ ਦੇ ਸ਼ਾਸਕ ਅਤੇ ਖੁਦ ਵਜੀਰ ਜੁਨੈਦੀ ਵੀ ਉਸ ਦੇ ਵਿਰੋਧੀ ਬਣ ਗਏ। ਉਨ੍ਹਾਂ ਨੇ ਇਕੱਠੇ ਹੋ ਕੇ ਅਵਧ ਦੇ ਸ਼ਾਸਕ ਰਿਆਜੁਦੀਨ, ਜੋ ਰੁਕਨੂਦੀਨ ਦਾ ਛੋਟਾ ਭਰਾ ਸੀ, ਦੀ ਕਮਾਨ ਵਿੱਚ ਆਪਣੀ ਸੰਯੁਕਤ ਸੈਨਾਵਾਂ ਦੇ ਨਾਲ ਦਿੱਲੀ 'ਤੇ ਚੜ੍ਹਾਈ ਕਰ ਦਿੱਤੀ। ਰੁਕਨੁਦੀਨ ਦੀ ਸੈਨਾ ਵਿੱਚ ਵਿਦਰੋਹ ਹੋ ਗਿਆ ਅਤੇ ਉਸ ਦੇ ਅਧਿਕਾਰੀਆਂ ਨੂੰ ਕਤਲ ਕਰ ਦਿੱਤਾ ਗਿਆ। ਰੁਕਨੂਦੀਨ ਨੂੰ ਫੜ ਲਿਆ ਗਿਆ ਅਤੇ ਸੰਨ 1236 ਈ. ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ।

ਰਜਿਆ ਨੂੰ ਉਸਦੇ ਉੱਤਰਾਧਿਕਾਰੀ ਦੇ ਰੂਪ ਵਿਚ ਸਵੀਕਾਰ ਕਰ ਲੈਣ। ਉਨ੍ਹਾਂ ਨੇ ਇਸ ਨੂੰ ਅਸਵੀਕਾਰ ਕਰਨ ਦਾ ਸਾਹਸ ਨਹੀਂ ਕੀਤਾ ਉਹ ਜਾਣਦੇ ਸਨ ਕਿ ਇਸ ਦੇ ਲਈ ਕੋਈ ਪੂਰਵੋਦਾਹਰਣ ਨਹੀਂ ਹੈ। ਰਜਿਆ ਜਿਸਨੇ ਦਿੱਲੀ ਦੇ ਲੋਕਾਂ ਦੇ ਸਮਰਥਨ ਨਾਲ ਵਿਜੈ ਪ੍ਰਾਪਤ ਕੀਤੀ ਸੀ, ਨੂੰ ਗੱਦੀ ਉਪਰ ਬਿਠਾਇਆ ਗਿਆ ਫਿਰ ਵੀ ਉਸਨੂੰ ਗੱਦੀ ਉਪਰ ਬਿਠਾਉਣ ਲਈ ਪ੍ਰਾਂਤਾਂ ਦੇ ਜਿਨ ਸ਼ਾਸਕਾਂ ਦੀ ਸਹਿਮਤੀ ਪ੍ਰਾਪਤ ਨਹੀਂ ਸੀ ਕੀਤੀ ਗਈ ਉਨ੍ਹਾਂ ਨੂੰ ਉਹ ਸਵੀਕਾਰਯ ਨਹੀਂ ਸੀ। ਸ਼ਾਸਕਾਂ ਦਾ ਵਿਚਾਰ ਸੀ ਕਿ ਸੁਲਤਾਨ ਨੂੰ ਚੁਨਣ ਦੇ ਲਈ ਉਨ੍ਹਾਂ ਦੇ ਅਧਿਕਾਰ ਦੀ ਉਲੰਘਣਾ ਕੀਤੀ ਗਈ ਹੈ। ਕਈ ਮਹੱਤਵਪੂਰਣ ਸਾਮੰਤ ਵੀ ਰਜਿਆ ਦੇ ਵਿਰੋਧੀ ਸਨ। ਪਰਿਣਾਮ ਇਹ ਹੋਇਆ ਕਿ ਪ੍ਰਧਾਨਮੰਤਰੀ ਜੁਨੈਦੀ ਅਤੇ ਕਈ ਦੂਸਰੇ ਪ੍ਰਮੁੱਖ ਸਾਮੰਤਾਂ ਨੇ ਅਪਣੀ ਸੈਨਾਵਾਂ ਦੇ ਨਾਲ ਦਿੱਲੀ ਉਪਰ ਘੇਰਾ ਪਾ ਲਿਆ। ਅਵਧ ਦਾ ਸ਼ਾਸਕ ਮਲਿਕ ਤਾਯਾਸੀ ਹੀ ਇਕ ਐਸਾ ਸਾਮੰਤ ਸੀ ਜਿਸਨੇ ਰਜਿਆ ਦਾ ਪੱਖ ਲਿਆ ਪਰ ਉਹ ਹਾਰ ਗਿਆ ਅਤੇ ਮਾਰਿਆ ਗਿਆ।

ਰਜਿਆ ਨੇ ਅਪਣੇ ਵਿਰੋਧੀਆਂ ਦੇ ਨਾਲ ਯੁੱਧ ਕਰਨ ਦਾ ਸਾਹਸ ਕੀਤਾ। ਉਸਨੇ ਦੋ ਪ੍ਰਮੁੱਖ ਮਲਿਕਾ ਜਾਂ ਸਾਮੰਤਾਂ ਨੂੰ ਅਪਣੇ ਵੱਲ ਕਰਕੇ, ਅਪਣੀ ਸੈਨਾਵਾਂ ਵਿਚ ਮਤਭੇਦ ਪੈਦਾ ਕਰ ਦਿੱਤੇ। ਉਸਨੇ ਉਨ੍ਹਾਂ ਨੂੰ ਇਹ ਆਸ਼ਵਾਸਨ ਦਿੱਤਾ ਕਿ ਵਜੀਰ ਅਤੇ ਉਸਦੇ ਦੂਸਰੇ ਮਿਤ੍ਰਾਂ ਨੂੰ ਕੈਦ ਕਰ ਲਿਆ ਜਾਵੇਗਾ। ਇਸ ਤੋਂ ਬਾਦ ਇਹ ਰਹੱਸ ਉਨ੍ਹਾਂ ਵਿਅਕਤੀਆਂ ਨੂੰ ਪ੍ਰਗਟ ਕਰ ਦਿੱਤਾ ਜਿਨ੍ਹਾਂ ਨੂੰ ਕੈਦ ਕੀਤਾ ਜਾਂਦਾ ਸੀ। ਨਤੀਜਾ ਇਹ ਹੋਇਆ ਕਿ ਲੋਕ ਦੌੜ ਖੜ੍ਹੇ ਹੋਏ ਹਾਲਾਂਕਿ ਸ਼ਾਹੀ ਸੈਨਾ ਨੇ ਉਨ੍ਹਾਂ ਦਾ ਪਿੱਛਾ ਕੀਤਾ। ਵਜੀਰ ਦਾ ਭਾਈ ਫਖਰੁਦੀਨ ਅਤੇ ਉਸਦੇ ਦਲ ਦੇ ਕੁਝ ਦੂਸਰੇ ਲੋਕ ਮਾਰੇ ਗਏ। ਵਜੀਰ ਨੇ ਖੁਦ ਵੀ ਉੱਤਰ ਦੀਆਂ ਪਹਾੜੀਆਂ ਵਿਚ ਸ਼ਰਨ ਲਈ ਜਿੱਥੇ ਥੋੜੀ ਦੇਰ ਬਾਦ ਹੀ ਉਸਦੀ ਮ੍ਰਿਤੂ ਹੋ ਗਈ।

ਰਜਿਆ ਦੀ ਵਿਜੈ ਨਾਲ ਸਾਮੰਤਾ ਵਿਚ ਅਪਮਾਨ ਦੀ ਭਾਵਨਾ ਪੈਦਾ ਹੋ ਗਈ ਅਤੇ ਉਨ੍ਹਾਂ ਨੇ ਬਦਲਾ ਲੈਣ ਦਾ ਨਿਸ਼ਚੈ ਕੀਤਾ। ਉਨ੍ਹਾਂ ਨੂੰ ਵਿਦਰੋਹ ਕਰਨ ਦਾ ਅਵਸਰ ਉਸ ਸਮੇਂ ਪ੍ਰਾਪਤ ਹੋਇਆ ਜਦੋਂ ਰਜਿਆ ਨੇ ਜਮਾਲੁਦੀਨ ਯਾਕੂਤ ਜੋ ਕਿ ਐਬੀਸਿਨਿਆ ਦਾ ਨਿਵਾਸੀ ਅਤੇ ਗੈਰ ਤੁਰਕ ਸੀ, ਨੂੰ ਅਸਤਬਲਾਂ ਦਾ ਪ੍ਰਬੰਧਕ ਨਿਯੁਕਤ ਕੀਤਾ ਗਿਆ। ਸਾਮੰਤਾਂ ਨੂੰ ਸੰਦੇਹ ਸੀ ਕਿ ਤੁਰਕ ਸਾਮੰਤਾਂ ਦੀ ਵਧ ਰਹੀ ਸ਼ਕਤੀ ਦੇ ਵਿਰੁਧ ਅਪਣਾ ਇਕ ਦਲ ਖੜਾ ਕਰਨ ਦੇ ਲਈ ਰਜਿਆ ਦੀ ਇਹ ਕੋਸ਼ਿਸ਼ ਸੀ। ਇਸ ਦੇ ਇਲਾਵਾ ਉਹ ਇਕ ਗੈਰ ਤੁਰਕ ਨੂੰ ਸਰਕਾਰ ਵਿੱਚ ਏਨਾ ਉੱਚਾ ਪਦ ਦਿੱਤੇ ਜਾਣ ਨੂੰ ਵੀ ਸਹਿਨ ਨਹੀਂ ਕਰ ਸਕਦੇ ਸਨ। ਇਸ ਦੇ ਪਰਿਣਾਮਸਰੂਪ

**ਨੋਟ**

ਉਨ੍ਹਾਂ ਨੇ ਵਿਦਰੋਹ ਕਰ ਦਿੱਤਾ ਲੇਕਿਨ ਇਸ ਵਿਦਰੋਹ ਨੂੰ ਦਬਾ ਦਿੱਤਾ ਗਿਆ। ਰਜਿਆ ਨੇ ਮਰਦਾਨਾ ਲਿਬਾਸ ਵਿਚ ਜਨਤਾ ਦੇ ਸਾਹਮਣੇ ਆਉਣ ਦਾ ਨਿਸਚੈ ਕੀਤਾ। ਰਜਿਆ ਦੇ ਵਿਰੁਧ ਵਿਦਰੋਹ ਕਰਨ ਦੇ ਲਈ ਸਾਮੰਤਾਂ ਨੇ ਇਸ ਨੂੰ ਇਕ ਬਹਾਨਾ ਬਣਾ ਲਿਆ। ਉਨ੍ਹਾਂ ਨੇ ਨੇਤਰਤਵ ਕਰਨ ਦੇ ਲਈ ਭਟਿੰਡਾ ਦੇ ਸ਼ਾਸਕ ਅਲਤੂਨਿਆ ਨੂੰ ਭੜਕਾਇਆ। ਯਾਕੂਤ ਦਾ ਕਤਲ ਕਰ ਦਿੱਤਾ ਗਿਆ ਅਤੇ ਰਜਿਆ ਨੂੰ ਬੰਦੀ ਬਣਾ ਲਿਆ ਗਿਆ। ਵਿਰੋਹੀਆਂ ਨੇ ਬਹਰਾਮ ਨੂੰ 1240 ਈ. ਵਿਚ ਗੱਦੀ ਤੇ ਬਿਠਾ ਦਿੱਤਾ। ਬਹਰਾਮ ਨੂੰ ਗੱਦੀ ਤੇ ਬਿਠਾਉਂਦੇ ਸਮੇਂ ਸਾਮੰਤਾਂ ਨੇ ਉਸਦੇ ਅਧਿਕਾਰ ਤੇ ਕਈ ਪ੍ਰਤੀਬੰਧ ਲਗਾ ਦਿੱਤੇ। ਇਹ ਤੈਅ ਹੋਇਆ ਕਿ ਵਜੀਰ ਮਲਿਕ ਇਖਤਿਆਰੁਦੀਨ ਐਤਿਗਿਨ ਨੂੰ ਨਾਈਬੇ-ਮਸਲਿਕਤ ਭਾਵ ਉਪਬਾਦਸ਼ਾਹ ਬਣਾਇਆ ਜਾਵੇਗਾ। ਇਹ ਇਕ ਨਵਾਂ ਪਦ ਸੀ ਜੋ ਵਜੀਰ ਦੇ ਪਦ ਤੋਂ ਉੱਚਾ ਸੀ। ਹਾਲਾਂਕਿ ਬਹਰਾਮ ਨੇ ਗੱਦੀ ਉਪਰ ਬੈਠਦੇ ਸਮੇਂ ਅਪਣੇ ਉਪਰ ਲਗਾਏ ਗਏ ਸਾਰੇ ਪ੍ਰਤੀਬੰਧਾਂ ਨੂੰ ਸਵੀਕਾਰ ਕਰ ਲਿਆ ਸੀ ਫਿਰ ਵੀ ਉਹ ਉਨ੍ਹ ਤੋਂ ਬਹੁਤ ਜਲਦੀ ਅਕ ਗਿਆ। ਉਸਨੇ ਇਹ ਮਹਿਸੂਸ ਕੀਤਾ ਕਿ ਉਹ ਨਾਇਬ ਅਤੇ ਵਜੀਰ ਦੇ ਰੁੱਖੇਪਣ ਦੇ ਨਾਲ ਗੁਜਾਰਾ ਨਹੀਂ ਕਰ ਸਕਦਾ। ਉਸਨੇ ਉਨ੍ਹਾਂ ਨੂੰ ਕਤਲ ਕਰਨ ਦੇ ਲਈ ਤਰਕ ਦਲ ਦੇ ਦੋ ਸਦੱਸਾਂ ਨੂੰ ਗੁਪਤ ਰੂਪ ਵਿਚ ਭੜਕਾਇਆ। ਨਤੀਜਾ ਇਹ ਹੋਇਆ ਕਿ ਐਤੀਗਿਨ ਤਾਂ ਮਾਰਿਆ ਗਿਆ ਲੇਕਿਨ ਵਜੀਰ ਬਚ ਨਿਕਲਿਆ। ਬਾਦਸ਼ਾਹ ਨੇ ਨਾਇਬੇ–ਮਮਲਿਕਤ ਦੇ ਪਦ ਨੂੰ ਭਰਨਾ ਨਾਂ ਮਨਜ਼ੂਰ ਕਰ ਦਿੱਤਾ। ਬਦਰਜੁਦੀਨ ਸਾਕਰ, ਅਮੀਰ ਗਰੀਬ ਅਤੇ ਧਰਮਨਿਸ਼ਠਾਵਾਨ ਨਿਰੀਖਕ ਨੇ ਲਗਭਗ ਸਾਰੇ ਸ਼ਾਹੀ ਅਧਿਕਾਰ ਹੱਥਿਆ ਕੇ ਬਹੁਤ ਨਾਜਾਇਜ਼ ਢੰਗ ਨਾਲ ਵਿਵਹਾਰ ਕੀਤਾ। ਉਸਨੇ ਬਾਦਸ਼ਾਹ ਨੂੰ ਗੱਦੀ ਤੋਂ ਉਤਾਰਨ ਦੇ ਲਈ ਵਜੀਰ ਦੇ ਨਾਲ ਸਾਜਿਸ ਵੀ ਕੀਤੀ। ਬਦਕਿਸਮਤੀ ਵਜੀਰ ਨੇ ਸਾਕਰ ਨੂੰ ਧੋਖਾ ਦਿੱਤਾ ਅਤੇ ਬਹਰਾਮ ਉਤੇ ਇਸ ਸਾਜਿਸ਼ ਦਾ ਭਾਂਡਾ ਫੋੜ ਦਿੱਤਾ। ਬਹਰਾਮ ਜਲਦੀ ਹੀ ਖੜਯੰਤਰਕਾਰੀਆਂ ਦੇ ਸਭਾ ਘਰ ਵਿਚ ਪਹੁੰਚ ਗਿਆ ਅਤੇ ਉਨ੍ਹਾਂ ਨੂੰ ਰੰਗੇ ਹੱਥ ਫੜ ਲਿਆ। ਕੁਝ ਸਮੇਂ ਬਾਦ ਸਾਕਰ ਦੇ ਬਾਦਸ਼ਾਹ ਦੇ ਖਿਲਾਫ ਇਕ ਹੋਰ ਦਲ ਖੜਾ ਕਰ ਦਿੱਤਾ ਪਰ ਉਸ ਨੂੰ ਫਾਂਸੀ ਦੇ ਦਿੱਤੀ ਗਈ। ਇਸ ਨਾਲ ਸਾਮੰਤਾਂ ਵਿਚ ਤੁਰਕ ਸਾਮੰਤਾਂ ਵਿਚ ਦੁਸ਼ਮਨੀ ਅਤੇ ਡਰ ਦੀ ਭਾਵਨਾਵਾਂ ਪੈਦਾ ਹੋ ਗਈਆਂ। ਨਤੀਜਾ ਇਹ ਹੋਇਆ ਕਿ ਸਾਮੰਤ ਇਕੱਠੇ ਹੋ ਗਏ ਅਤੇ ਉਨ੍ਹਾਂ ਦੀ ਸਹਾਇਤਾ ਕੀਤੀ ਵਜੀਰ ਨੇ ਜਿਸਨੇ ਉਲੇਮਾ ਦਾ ਸਮਰਥਨ ਵੀ ਪ੍ਰਾਪਤ ਕਰ ਲਿਆ ਸੀ। ਦਿੱਲੀ ਦੀ ਬਹੁਤ ਦੇਰ ਤਕ ਘੇਰਾ ਬੰਦੀ ਕੀਤੀ ਗਈ ਅਤੇ ਅੰਤ ਵਿਚ ਸਾਮੰਤਾਂ ਨੇ ਇਸ ਤੇ ਅਧਿਕਾਰ ਕਰ ਲਿਆ। ਬਹਰਾਮ ਦਾ ਵੀ ਸੰਨ 1242 ਈ. ਵਿਚ ਕਤਲ ਕਰ ਦਿੱਤਾ ਗਿਆ। ਸਾਮੰਤਾਂ ਨੇ ਅਲਾਉਦੀਨ ਮਸੂਦ ਨੂੰ ਤਖਤ ਤੇ ਬਿਠਾਇਆ। ਉਨ੍ਹਾਂ ਨੇ ਉਸ ਤੇ ਵੀ ਉਹੋ ਪ੍ਰਤੀਬੰਧ ਲਗਾ ਦਿੱਤੇ ਜੋ ਬਹਰਾਮ ਉੱਤੇ ਲਗਾਏ ਸਨ। ਇਹ ਉਲੇਖ ਮਿਲਦਾ ਹੈ ਕਿ ਮਲਿਕ ਕਿਸਲੂਖਾਨ ਸੱਤਾ ਤੇ ਅਧਿਕਾਰ ਕਰਨ ਲਈ ਬੇਚੈਨ ਹੋ ਗਿਆ ਕਿ ਉਹ ਖ਼ੁਦ ਗੱਦੀ ਉਪਰ ਬੈਠ ਗਿਆ ਅਤੇ ਅਪਣੇ ਨੂੰ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਪਰ ਉਸਦੇ ਅਪਣੇ ਦਲ ਦੇ ਲੋਕਾਂ ਨੇ ਹੀ ਉਸਨੂੰ ਅਸਵੀਕਾਰ ਕਰ ਦਿੱਤਾ ਅਤੇ ਇਸ ਪ੍ਰਕਾਰ ਇਸ ਦਾ ਕੁਝ ਪਰਿਣਾਮ ਨਹੀਂ ਨਿਕਲਿਆ। ਮਸੂਦ ਨੇ ਅਪਣੇ ਵਿਸ਼ਵਾਸ-ਪਾਤ੍ਰ ਵਿਅਕਤੀਆਂ ਵਿਚੋਂ ਅਪਣੇ ਮੰਤਰੀ ਅਤੇ ਸਲਾਹਕਾਰ ਚੁਣਨ ਦਾ ਪ੍ਰਯਤਨ ਕੀਤਾ।

ਇਸ ਸਮੇਂ ਬਲਬਨ ਅੱਗੇ ਆਇਆ। ਉਹ ਉਨ੍ਹਾਂ ਚਾਲੀ ਗੁਲਾਮਾਂ ਵਿੱਚੋਂ ਇਕ ਸੀ ਜਿਨ੍ਹਾਂ ਇਲਤੁਤਮਿਸ਼ ਲਿਆ ਸੀ। ਉਸ ਨੇ ਚਲਾਕੀ ਨਾਲ ਵਜੀਰ ਨੂੰ ਖਤਮ ਕਰ ਦਿੱਤਾ। ਉਸ ਦੇ ਬਾਅਦ ਉਹ ਬਿਨਾਂ ਵਿਵਾਦ ਤੁਰਕੀ ਦਲ ਦਾ ਨੇਤਾ ਬਣ ਗਿਆ। ਇਤਿਹਾਸਕਾਰ ਮਿਨਹਾਸ ਦੇ ਅਨੁਸਾਰ ਉਹ ਆਪਣੇ ਦਲ ਦਾ ਇਕ ਬਹੁਤ ਵਿਸ਼ੇਸ਼ ਅਤੇ ਜੋਸ਼ੀਲਾ ਮੈਂਬਰ ਸੀ। ਸ਼ੁਰੂ ਵਿੱਚ ਬਲਬਨ ਨੇ ਮਸੂਦ ਨੂੰ ਆਪਣੇ ਵੱਲ ਮਿਲਾਉਣ ਦਾ ਯਤਨ ਕੀਤਾ। ਇਸ ਦੇ ਨਾਲ ਹੀ ਉਸ ਨੇ ਮਸੂਦ ਨੂੰ ਇਸ ਅਧਾਰ 'ਤੇ ਕੱਢ ਕੇ ਬਾਹਰ ਸੁੱਟਣ ਦਾ ਛਡਯੰਤਰ ਰਚਣ ਦਾ ਯਤਨ ਕੀਤਾ ਕਿ ਉਸ ਨੇ ਬਲਬਨ ਅਤੇ ਉਸ ਦੀ ਪਾਰਟੀ ਦੀ ਇੱਛਾ ਅਨੁਸਾਰ ਆਪਣੇ ਆਪ ਨੂੰ ਹੋਂਦ-ਹੀਣ ਮੰਨਣ ਤੋਂ ਇਨਕਾਰ ਕੀਤਾ। ਬਲਬਨ ਨੇ ਇਲਤੁਤਮਿਸ਼ ਦੇ ਛੋਟੇ ਲੜਕੇ ਨਸੀਰੁਦੀਨ ਮਹਿਮੂਦ ਨੂੰ ਬਰਗਲਾ ਕੇ ਮਸੂਦ ਨੂੰ ਖਤਮ ਕਰਨ ਦੇ ਲਈ ਤਿਆਰ ਕਰ ਲਿਆ ਅਤੇ ਉਸ ਨੂੰ ਗੱਦੀ 'ਤੇ ਬਿਠਾ ਦਿੱਤਾ। ਇਹ ਸੱਚ ਹੈ ਕਿ ਮਸੂਦ ਲੋਕਾਂ ਵਿੱਚ ਬਹੁਤ ਲੋਕਪ੍ਰਿਯ ਸੀ ਪਰ ਉਸ ਦੇ ਵਿਰੁੱਧ ਛਡਯੰਤਰ ਇੰਨਾ ਗੁਪਤ ਸੀ ਕਿ ਉਸ ਨੂੰ ਆਪਣੇ ਫੜ੍ਹੇ ਜਾਣ ਅਤੇ ਜੇਲ੍ਹ ਵਿੱਚ ਪਾ ਦਿੱਤੇ ਜਾਣ ਦੇ ਸਮੇਂ ਤੱਕ ਇਸ ਦਾ ਬਿਲਕੁਲ ਪਤਾ ਨਹੀਂ ਲੱਗਿਆ ਅਤੇ ਨਸੀਰੁਦੀਨ ਨੂੰ ਗੱਦੀ 'ਤੇ ਬਿਠਾ ਦਿੱਤਾ ਗਿਆ।

ਬਲਬਨ ਤੁਰਕ ਪਾਰਟੀ ਦਾ ਨੇਤਾ ਬਣ ਗਿਆ ਅਤੇ ਉਸਨੇ ਇਕ ਇਕ ਕਰਕੇ ਅਪਣੇ ਸਾਰੇ ਵਿਰੋਧੀਆਂ ਦਾ ਸਫਾਇਆ ਕਰ ਦਿੱਤਾ। ਉਸਨੇ ਕਰਾਕਸ ਦੇ ਸਥਾਨ ਉੱਤੇ ਅਪਣੇ ਆਪ ਨੂੰ ਅਮੀਰ ਹਾਜਿਬ ਨਿਯੁਕਤ ਕਰਵਾ ਦਿੱਤਾ। ਪਰਿਣਾਮ ਇਹ ਹੋਇਆ ਕਿ ਬੁੱਢੇ ਵਜੀਰ ਨਿਜਾਮੁਲ ਮਲਿਕ ਦੇ ਨੇਤਰਤਵ ਵਾਲੀ ਪਾਰਟੀ ਨੂੰ ਭੰਗ ਕਰ ਦਿੱਤਾ ਅਤੇ ਬਲਬਨ ਪਾਰਟੀ ਦਾ ਸਰਵ ਸਮਿਤੀ ਨਾਲ ਨੇਤਾ ਬਣ ਗਿਆ। ਇਹ ਸਭ ਘਟਨਾਵਾਂ ਸੰਨ 1246 ਈ. ਵਿਚ ਹੋਇਆ। ਇਸਦੇ ਬਾਦ ਬਲਬਨ ਨੇ ਹੌਲੀ–ਹੌਲੀ ਸਲਤਨਤ ਵਿਚ ਸਰਵੋਚ ਸਥਿਤੀ ਪ੍ਰਾਪਤ ਕਰ ਲਈ ਅਤੇ ਜੈਸਾ ਕਿ ਬਾਰਾਨੀ ਨੇ ਵਰਨਣ ਕੀਤਾ ਹੈ – "ਸੁਲਤਾਨ ਦੀ ਸਥਿਤੀ ਕੇਵਲ ਇਕ ਪ੍ਰਤੀਕ ਭਾਵ 'ਨਮੂਨੇ' ਦੀ ਰਹਿ ਗਈ।" (The Sultan was reduced to the position of a mere symbol or "Namunah" as described by Barani).

ਕੁਝ ਸਮਾਂ ਬਾਦ ਸਾਮੰਤਾਂ ਦੇ ਵਿਚ ਫੁੱਟ ਪੈਦਾ ਹੋ ਗਈ। ਐਸੇ ਕਈ ਸਾਮੰਤ ਸਨ ਜੋ ਬਲਬਨ ਦੀ ਪ੍ਰਮੁੱਖ ਸਥਿਤੀ ਨੂੰ ਸਹਿਣ ਵਾਸਤੇ ਤਿਆਰ ਨਹੀਂ ਸਨ। ਸੁਲਤਾਨ ਇਹ ਮਹਿਸੂਸ ਕਰ ਰਿਹਾ ਸੀ ਕਿ ਉਸ ਤੇ ਬਲਬਨ ਦਾ ਨਿਯੰਤ੍ਰਣ ਅਤਿ ਅਧਿਕ ਹੈ। ਇਮਾਦੁਦੀਨ ਹੈਰਾਨ ਨੇ ਜੋ ਹਿੰਦੁਸਤਾਨੀ ਪਾਰਟੀ ਦਾ ਨੇਤਾ ਸੀ (ਜਿਸ ਵਿਚ ਭਾਰਤੀਯ ਸਾਮੰਤ ਵੀ ਸ਼ਾਮਲ ਸਨ), ਸੁਲਤਾਨ ਨੂੰ ਬਲਬਨ ਦੇ ਵਿਰੁਧ ਅਪਣੇ ਪੂਰਨ ਸਮਰਥਨ ਦਾ ਵਿਸ਼ਵਾਸ ਦਿੱਤਾ। ਬਲਬਨ ਨੂੰ ਬਰਖਾਸਤ ਕਰਨ ਲਈ ਸੁਲਤਾਨ ਨੂੰ ਰਾਜੀ ਕਰ ਲਿਆ ਤਾਂਕਿ

ਨੋਟ

ਉਹ ਬਲਬਨ ਨੂੰ ਬਰਖਾਸਤ ਕਰ ਦੇਵੇ ਅਤੇ ਉਸ ਨੂੰ ਅਪਣੇ ਅਸੰਜਮ ਵਜੀਰ ਦੇ ਚੁੰਗਲ ਵਿਚੋਂ ਛੁਟਕਾਰਾ ਮਿਲ ਸਕੇ। ਬਲਬਨ ਨੂੰ ਇਕ ਦੂਰ ਸਥਾਨ ਉਤੇ ਭੇਜ ਦਿੱਤਾ ਤਾਂ ਕਿ ਉਹ ਸੁਲਤਾਨ ਦੇ ਲਈ ਖਤਰਾ ਪੈਦਾ ਨ ਕਰ ਸਕੇ। ਰੈਹਾਨ ਨੂੰ ਵਜੀਰ ਨਿਯੁਕਤ ਕੀਤਾ ਗਿਆ ਅਤੇ ਉਸਨੇ ਬਲਬਨ ਦੇ ਸਮਰਥਕ ਸਾਰੇ ਲੋਕਾਂ ਨੂੰ ਪਾਰਟੀ ਤੋਂ ਬਰਖਾਸਤ ਕਰ ਦਿੱਤਾ ਅਤੇ ਉਨ੍ਹਾਂ ਦੇ ਸਥਾਨ ਉਤੇ ਹਿੰਦੁਸਤਾਨੀ ਮੁਸਲਮਾਨਾਂ ਨੂੰ ਨਿਯੁਕਤ ਕਰ ਦਿੱਤਾ।

ਬਲਬਨ ਨੇ ਵੀ ਬਦਲਾ ਲਿਆ। ਉਹਨੇ ਤੁਰਕ ਸਾਮੰਤਾਂ ਨੂੰ ਇਹ ਕਹਿ ਕੇ ਸਮਰਥਨ ਦਾ ਪ੍ਰਯਤਨ ਕੀਤਾ ਕਿ ਆਪਸੀ ਮਤਭੇਦਾਂ ਦੇ ਕਾਰਣ ਉਨ੍ਹਾਂ ਅਪਮਾਨ ਅਤੇ ਅਨਾਦਰ ਸਹਿਣ ਕਰਨਾ ਪਿਆ ਹੈ ਉਸਨੇ ਇਹ ਅਨੁਰੋਧ ਕੀਤਾ ਕਿ ਅਪਣੇ ਮਤਭੇਦ ਭੁਲਾ ਦਿਓ ਅਤੇ ਸੰਯੁਕਤ ਪ੍ਰਯਤਨਾਂ ਨਾਲ ਸੱਤਾ ਪ੍ਰਾਪਤ ਕਰ। ਕਈ ਸਾਮੰਤਾਂ ਨੂੰ ਬਲਬਨ ਉਪਰ ਸ਼ੱਕ ਸੀ ਅਤੇ ਉਨ੍ਹਾਂ ਨੇ ਉਸਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਵੀ ਕੁਝ ਐਸੇ ਸਾਮੰਤ ਸਨ ਜਿਨ੍ਹਾਂ ਨੂੰ ਬਲਬਨ ਨੇ ਆਪਣੇ ਨਾਲ ਮਿਲਾਇਆ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਦਿੱਲੀ ਦੀ ਤਰਫ ਕੂਚ ਕਰ ਦਿੱਤਾ। ਉਸਨੂੰ ਉਨ੍ਹਾਂ ਸੈਨਾਵਾਂ ਦੇ ਮੁਕਾਬਲੇ ਵਿਚ ਅਪਣੀ ਵਿਜੈ ਦਾ ਵਿਸ਼ਵਾਸ ਨਹੀਂ ਸੀ, ਜਿਹੜੀਆਂ ਰੈਹਾਨ ਨੇ ਸੁਲਤਾਨ ਦੀ ਰੱਖਿਆ ਲਈ ਗਠਿਤ ਕੀਤੀਆਂ ਸਨ। ਇਸਲਈ ਉਸਨੇ ਬਾਦਸ਼ਾਹ ਦੇ ਪਾਸ ਇਕ ਪ੍ਰਤੀਨਿਧੀ ਮੰਡਲ ਭੇਜਣ ਦੀ ਚਾਲ ਚੱਲੀ। ਪ੍ਰਤੀਨਿਧੀ ਮੰਡਲ ਦੇ ਸਦੱਸਾਂ ਨੇ ਬਾਦਸ਼ਾਹ ਨੂੰ ਦੱਸਿਆ ਕਿ ਜੇਕਰ ਉਹ ਕੇਵਲ ਰੈਹਾਨ ਅਤੇ ਉਸਦੇ ਦਲ ਦੇ ਲੋਕਾਂ ਨੂੰ ਬਰਖਾਸਤ ਕਰੇ ਤਾਂ ਬਲਬਨ ਅਤੇ ਦੂਸਰੇ ਸਾਮੰਤ ਉਸਦਾ ਇਮਾਨਦਾਰੀ ਨਾਲ ਸਮਰਥਨ ਕਰਨਗੇ। ਸੁਲਤਾਨ ਇਕ ਬਹੁਤ ਸੁਆਰਥੀ ਵਿਅਕਤੀ ਸੀ। ਉਹ ਇਸ ਗੱਲ ਨੂੰ ਬਿਲਕੁਲ ਭੁੱਲ ਗਿਆ ਕਿ ਜੇਕਰ ਬਲਬਰਨ ਸੱਤਾ ਵਿੱਚ ਆ ਗਿਆ ਤਾਂ ਉਹ ਉਸਨੂੰ ਅਪਣੇ ਹੱਕਾਂ ਦਾ ਖਿਡੌਣਾ ਬਣਾ ਲਵੇਗਾ। ਉਸਨੇ ਰੈਹਾਨ ਦੇ ਪ੍ਰਤੀ ਕੋਈ ਮਹੱਤਵਪੂਰਣ ਭਾਵਨਾ ਵੀ ਨਹੀਂ ਦਿਖਾਈ ਜਿਸਨੇ ਬਲਬਨ ਦੇ ਚੁੰਗਲ ਤੋਂ ਬਚਾਇਆ ਸੀ। ਸੁਲਤਾਨ ਬਿਨਾਂ ਕਿਸੇ ਸ਼ੱਕ ਇਸ ਜਾਲ ਵਿਚ ਫਸ ਗਿਆ। ਰੈਹਾਨ ਨੂੰ ਬਰਖਾਸਤ ਕਰ ਦਿੱਤਾ ਅਤੇ ਬਲਬਨ ਨੂੰ ਉਸਦੇ ਪਹਿਲੇ ਪਦ ਉਤੇ ਬਿਠਾ ਦਿੱਤਾ। ਦੁਬਾਰਾ ਸੱਤਾ ਪ੍ਰਾਪਤ ਕਰਨ ਤੋਂ ਬਾਦ ਬਲਬਨ ਨੇ ਅਪਣਾ ਪੂਰਾ ਬਦਲਾ ਲਿਆ। ਉਸਨੇ ਰੈਹਾਨ ਅਤੇ ਉਸਦੇ ਦਲ ਦੇ ਲੋਕਾਂ ਨੂੰ ਖਤਮ ਕਰਵਾ ਦਿੱਤਾ। ਸੁਲਤਾਨ ਦੀ ਮਾਂ ਨੂੰ ਵੀ ਮਰਵਾ ਦਿੱਤਾ। ਸਾਮੰਤਾਂ ਦੇ ਅਧਿਕਾਰ ਅਤੇ ਸ਼ਕਤੀ ਨੂੰ ਨਸ਼ਟ ਕਰਨ ਦੇ ਲਈ ਕਈਹੋਰ ਉਪਾਉ ਕੀਤੇ।

ਉਪਰੋਕਤ ਵੇਰਵੇ ਤੋਂ ਇਹ ਸਪੱਸ਼ਟ ਹੈ ਕਿ ਇਸ ਸਮੇਂ ਦੇ ਦੌਰਾਨ ਸਾਮੰਤ ਬਹੁਤ ਬਲਵਾਨ ਸੀ। ਕੋਈ ਵੀ ਸ਼ਾਸਕ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਉਤਰਾਧਿਕਾਰੀ ਦੇ ਲਈ ਤੁਰਕਾਂ ਦਾ ਕੋਈ ਨਿਸ਼ਚਿਤ ਅਤੇ ਸਭ ਦੇ ਮੰਨਣ ਯੋਗ ਕਾਨੂੰਨ ਨਹੀਂ ਸੀ ਅਤੇ ਇਸ ਤੋਂ ਤਖਤੇ ਪਿੱਛੇ ਅਸਲ ਸ਼ਕਤੀ 'ਤੇ ਕਬਜ਼ਾ ਕਰਨ ਦੇ ਲਈ ਮਹੱਤਵਪੂਰਨ ਸਾਮੰਤ ਇੱਛਾ ਪੂਰੀ ਕਰਨ ਦੇ ਲਈ ਛਡਯੰਤਰ ਕਰਨ ਦਾ ਕਾਫੀ ਮੌਕਾ ਮਿਲ ਜਾਂਦਾ ਸੀ। ਕੁਝ ਵਿਸ਼ੇਸ਼ ਮਾਮਲਿਆਂ ਵਿੱਚ ਸਾਮੰਤ ਬਾਦਸ਼ਾਹ ਬਣ ਬੈਠੇ ਅਤੇ ਇਕ ਪਾਸੇ ਸਾਮੰਤਾਂ ਅਤੇ ਦੂਸਰੇ ਪਾਸੇ ਰਾਜਤੰਤਰ ਦੇ ਵਿੱਚ ਪ੍ਰਭੂਤਾ ਦੇ ਲਈ ਸੰਘਰਸ਼ ਜ਼ਰੂਰੀ ਸੀ।

**ਸਵ-ਮੁਲਾਂਕਣ (Self Assessment)**

3. ਨਿਮਨਲਿਖਤ ਕਥਨਾਂ ਵਿਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State whether the following Statements are True or False):

(i) ਬਲਬਨ ਦਾਸ ਵੰਸ਼ ਵਿਚ ਸਭ ਤੋਂ ਵੱਡਾ ਸੁਲਤਾਨ ਸੀ।

(ii) ਬਲਬਨ ਨੇ ਦੋਆਬ ਦੇ ਹਿੰਦੂਆਂ ਨਾਲ ਦੋਸਤੀ ਕਰਨ ਦਾ ਪ੍ਰਯਤਨ ਕੀਤਾ।

(iii) ਸ਼ੇਰ ਖਾਨ ਦੀ ਮ੍ਰਿਤੂ ਦਾ ਪਰਿਣਾਮ ਇਹ ਹੋਇਆ ਕਿ 1272 ਈ. ਵਿਚ ਮੰਗੋਲਾ, ਖੋਖਰਾਂ ਅਤੇ ਦੂਸਰੀ ਜਾਤੀਆਂ ਨੇ ਇਕ ਵਾਰ ਫਿਰ ਚੜ੍ਹਾਈਆਂ ਸ਼ੁਰੂ ਦਿੱਤੀਆਂ।

(iv) 'ਚਾਲੀਸਿਯੋਂ' ਦੇ ਸੰਹਾਰ ਦਾ ਉਤਰਦਾਇਤਵ ਬਲਬਨ ਤੇ ਹੀ ਸੀ।

(v) ਨਿਜਾਮੁਦੀਨ ਦੀ ਮ੍ਰਿਤੂ ਦੇ ਬਾਦ ਬੁਗਰ ਖਾਨ ਨੂੰ ਬੁਲੰਦ ਸ਼ਹਿਰ ਦੀ ਜਾਗੀਰ ਦਿੱਤੀ ਗਈ।

## 4.4 ਸਾਰ ਅੰਸ਼ (Summary)

- ਭਾਰਤ ਵਿੱਚ ਤੁਰਕੀ ਸਾਮਰਾਜ ਦਾ ਵਾਸਤਵਿਕ ਸੰਸਥਾਪਕ ਕੁਤੁਬਦੀਨ ਐਬਕ ਸੀ। ਉਸਦੇ ਮਾਤਾ ਪਿਤਾ ਤੁਰਕੀ ਸਨ ਅਤੇ ਉਸਦਾ ਜਨਮ ਵੀ ਤੁਰਕਿਸਤਾਨ ਵਿਚ ਹੋਇਆ ਸੀ। ਜਦੋਂ ਉਹ ਕੇਵਲ ਇੱਕ ਬਾਲਕ ਸੀ ਉਸੇ ਇਕ ਵਪਾਰੀ ਨਿਸ਼ਾਪੁਰ ਲੈ ਗਿਆ ਅਤੇ ਉੱਥੇ ਇਕ ਕਾਜੀ ਨੇ ਉਸੇ ਦਾਸ ਦੇ ਰੂਪ ਵਿਚ ਖਰੀਦ ਲਿਆ। ਕਾਜੀ ਨੇ ਉਸਨੂੰ ਅਪਣੇ ਪੁੱਤਰਾਂ ਦੇ ਨਾਲ ਧਾਰਮਿਕ ਅਤੇ ਸੈਨਿਕ ਸਿਖਲਾਈ ਦਿੱਤੀ। ਜਦੋਂ ਕਾਜੀ ਦੀ ਮ੍ਰਿਤੂ ਹੋ ਗਈ ਤਾਂ ਉਸਦੇ ਪੁੱਤਰਾਂ ਨੇ ਉਸ ਨੂੰ ਇਕ ਵਪਾਰ ਦੇ ਹੱਥ ਵੇਚ ਦਿੱਤਾ ਜੋ ਉਸਨੂੰ ਗਜਨੀ ਲੈ ਆਇਆ ਜਿਥੇ ਉਸਨੂੰ ਮੁਹੱਮਦ ਗੌਰੀ ਨੇ ਖਰੀਦ ਲਿਆ।

ਨੋਟ

- ਦਾਸ ਵੰਸ਼ ਦੇ ਸੁਲਤਾਨਾਂ ਵਿਚੋਂ ਸਭ ਤੋਂ ਮਹਾਨ ਇਲਤੁਤਮਿਸ਼ ਹੋਇਆ। ਉਹ ਇੱਕ ਦਾਸ ਸੀ ਜੋ ਕੇਵਲ ਅਪਣੀ ਯੋਗਤਾ ਦੇ ਬਲ ਤੇ ਏਨੇ ਉੱਚੇ ਪਦ ਤਕ ਪਹੁੰਚ ਸਕਿਆ। ਉਹ ਤੁਰਕਿਸਤਾਨ ਦੀ ਇਲਬਾਰੀ ਜਾਤਿ ਨਾਲ ਸੰਬੰਧਤ ਸੀ। ਉਹ ਇਕ ਉੱਚ ਪਰਿਵਾਰ ਦਾ ਸੀ। ਅਪਣੇ ਬਚਪਨ ਵਿਚ ਉਹ ਬਹੁਤ ਸੁੰਦਰ ਸੀ ਅਤੇ ਉਸਨੇ ਸਾਰੀ ਬੁੱਧੀ ਮਤਾ ਅਤੇ ਸਾਧੁਤਾ ਦੀਆਂ ਨਿਸ਼ਾਨੀਆਂ ਸਪੱਸ਼ਟ ਕੀਤੀਆਂ ਸਨ। ਉਸਨੇ ਇਸ ਪ੍ਰਕਾਰ ਅਪਣੇ ਉਨ੍ਹਾਂ ਭਰ੍ਹਾਵਾਂ ਦੀ ਈਰਖਾ ਨੂੰ ਜਾਗਰਿਤ ਕੀਤਾ ਸੀ। ਜਿਨ੍ਹਾਂ ਨੇ ਉਸੇ ਪੈਤ੍ਰਿਕ ਨਿਵਾਸ ਅਤੇ ਸਰੱਖਿਅਣ ਤੋਂ ਵੰਚਿਤ ਰੱਖਣ ਦਾ ਪ੍ਰਯਤਨ ਕੀਤਾ। ਉਸੇ ਬੁਖਾਰਾ ਦੇ ਇਕ ਵਪਾਰੀ ਦੇ ਹੱਥ ਵੇਚ ਦਿੱਤਾ ਗਿਆ ਜਿਸ ਤੋਂ ਇੱਕ ਦੂਸਰੇ ਵਿਅਕਤੀ ਨੇ ਮੁੱਲ ਲੈ ਕੇ ਕੁਤੁਬਦੀਨ ਦੇ ਹੱਥ ਵੇਚ ਦਿੱਤਾ। ਇਲਤੁਤਮਿਸ਼ ਨੇ ਹੌਲੀ–ਹੌਲੀ ਪ੍ਰਗਤੀ ਕੀਤੀ ਇਥੇ ਤਕ ਕਿ ਉਹ ਬਦਾਯੂੰ ਦਾ ਸੂਬੇਦਾਰ ਬਣ ਗਿਆ। ਕੁਤੁਬਦੀਨ ਐਬਕ ਦੀ ਲੜਕੀ ਨਾਲ ਉਸਦਾ ਵਿਆਹ ਹੋਇਆ।
- ਰੁਕਨਦੀਨ ਫਿਰੋਜਸ਼ਾਹ ਦੀ ਮ੍ਰਿਤੂ ਤੋਂ ਬਾਦ ਸੁਲਤਾਨਾ ਰਜਿਆ ਦਾ ਸਿੰਘਾਸਨ ਰੋਹਣ ਹੋਇਆ। ਡਾ. ਆਰ.ਪੀ. ਤ੍ਰਿਪਾਠੀ ਦਾ ਵਿਚਾਰ ਹੈ ਕਿ "ਸਮੇਂ ਅਤੇ ਮੁਸਲਿਮ ਜਾਤਿ ਦਾ ਆਮ ਦ੍ਰਿਸ਼ਟੀਕੋਣ ਵਿਚਾਰ ਵਿਚ ਰੱਖਦੇ ਹੋਏ ਵਿਸ਼ੇਸ਼ਕਰ ਸੈਨਿਕ ਅਤੇ ਧਾਰਮਿਕ ਵਰਗਾਂ ਦਾ ਰਜਿਆ ਦਾ ਚੁਣਿਆ ਜਾਣਾ ਇਕ ਅਦਵਿੱਤਯ ਅਤੇ ਸਾਹਸੀ ਕਦਮ ਸੀ।"
- ਰਜਿਆ ਵਿੱਚ ਅਦਭੁਗ ਗੁਣ ਸਨ। ਮਿਨਹਾਜ–ਉਸ–ਸਿਰਾਜ ਦੇ ਸ਼ਬਦਾਂ ਵਿੱਚ "ਰਜਿਆ ਇਕ ਮਹਾਨ ਸ਼ਾਸਕ ਕੁਸ਼ਾਗਰ ਬੁੱਧੀ ਵਾਲੀ ਨਿਆਂ ਪ੍ਰਿਯ ਹਿਤਕਾਰੀ, ਵਿਦਵਾਨਾਂ ਨੂੰ ਆਸਰਾ ਦੇਣ ਵਾਲੀ ਨਿਆਂ ਕਰਤਾ, ਅਪਣੀ ਜਨਤਾ ਦਾ ਕਲਿਆਣ ਕਰਨ ਵਾਲੀ ਅਤੇ ਸਾਮਰਿਕ ਗੁਣ ਨੂੰ ਰੱਖਣ ਵਾਲੀ ਸੀ ਉਸ ਵਿੱਚ ਉਹ ਸਮਸਤ ਪ੍ਰਸ਼ੰਸਨੀਯ ਗੁਣ ਅਤੇ ਯੋਗਤਾਂਵਾਂ ਸਨ ਜੋ ਇਕ ਸ਼ਾਸਕ ਦੇ ਲਈ ਆਵਸਕ ਹਨ।"
- ਬਲਬਨ ਦਾਸ ਵੰਸ਼ ਵਿਚ ਸਭ ਤੋਂ ਵੱਡਾ ਸੁਲਤਾਨ ਸੀ। ਉਸ ਦਾ ਵਾਸਤਵਿਕ ਨਾਮ ਬਹਾਉਦੀਨ ਸੀ। ਉਹ ਇਕ ਇਲਬਾਰੀ ਤੁਰਕ ਸੀ। ਛੋਟੀ ਉਮਰ ਵਿਚ ਉਸੇ ਮੰਗੋਲਾਂ ਨੇ ਪਕੜ ਲਿਆ ਸੀ ਅਤੇ ਗਜਨੀ ਵਿਚ ਉਸੇ ਇੱਕ ਵਿਦਵਾਨ ਅਤੇ ਧਾਰਮਿਕ ਮਨੁੱਖ ਬਸਰਾ ਨਿਵਾਸੀ ਖਵਾਜਾ ਜਮਾਲੁਦੀਨ ਦੇ ਹੱਥਾਂ ਵਿਚ ਵੇਚ ਦਿੱਤਾ। 1232 ਵਿੱਚ ਖਵਾਜਾ ਉਸੇ ਦੂਸਰੇ ਦਾਸਾਂ ਦੇ ਨਾਲ ਦਿੱਲੀ ਲੈ ਆਇਆ ਜਿੱਥੇ ਇਲਤੁਤਮਿਸ਼ ਨੇ ਉਸਨੂੰ ਖਰੀਦ ਲਿਆ। ਬਲਬਨ ਇਲਤੁਤਮਿਸ਼ ਦੇ ਉਨ੍ਹਾਂ ਤੁਰਕੀ ਦਾਸਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਚਾਲੀਸ (ਚਹੇਲਗਨ) ਕਹਿੰਦੇ ਸਨ। ਅਪਣੇ ਪ੍ਰਯਤਨਾਂ ਤੋਂ ਉਹ ਰਜਿਆ ਸੁਲਤਾਨਾ ਦੇ ਸਮੇਂ ਵਿਚ ਅਮੀਰ ਏ ਸ਼ਿਕਾਰ (ਲਾਰਡ ਆਫ ਦੀ ਹਟ) ਹੋ ਗਿਆ।
- ਇਹ ਦੱਸਿਆ ਜਾਦਾ ਹੈ ਕਿ ਕੈਕੁਬਾਦ ਦਾ ਪਿਤਾ ਬੁਗ਼ਰਾ ਖਾਨ ਇਕ ਵੱਡੀ ਸੈਨਾ ਦੇ ਨਾਲ ਦਿੱਲੀ ਦੇ ਵੱਲ ਵੱਧਿਆ। ਉਸ ਦਾ ਉਦੇਸ਼ ਅਪਣੇ ਪੁੱਤਰ ਦਾ ਸਿੰਘਾਸਨ ਖੋਹਣਾ ਸੀ। ਇਕ ਦੂਜਾ ਵਿਚਾਰ ਇਹ ਹੈ ਕਿ ਉਸਦਾ ਉਦੇਸ਼ ਕੇਵਲ ਅਪਣੇ ਪੁੱਤਰ ਨੂੰ ਇਹ ਰਾਏ ਦੇਣਾ ਸੀ ਕਿ ਉਹ ਆਨੰਦ ਅਤੇ ਵਿਲਾਸ ਦੇ ਜੀਵਨ ਨੂੰ ਛੱਡ ਕੇ ਸ਼ਾਮਨ ਕਾਰਜ ਵਿਚ ਇਕ ਸੁਲਤਾਨ ਦੀ ਭਾਂਤ ਧਿਆਨ ਦੇਵੇ। 1288 ਈ. ਵਿਚ ਬੁਗ਼ਰਾ ਖਾਨ ਅਯੋਧਿਆ ਵਿਚ ਘਾਘਰਾ ਦੇ ਤਟ ਤਕ ਆ ਪਹੁੰਚਿਆ। ਲਗਭਗ ਉਤਨੀ ਹੀ ਵਿਸ਼ਾਲ ਸੈਨਾ ਦੇ ਨਾਲ ਕੈਕੁਬਾਦ ਨੇ ਵੀ ਅਪਣੇ ਪਿਤਾ ਦੇ ਵਿਰੁਧ ਸੰਗ੍ਰਾਮ ਦੇ ਲਈ ਪ੍ਰਸਥਾਨ ਕੀਤਾ।
- ਗੁਲਾਮ ਵੰਸ਼ ਦੇ ਸ਼ਾਸਨਕਾਲ ਦੇ ਦੌਰਾਨ ਇਕ ਪਾਸੇ ਸਾਮੰਤਾਂ ਅਤੇ ਦੂਸਰੀ ਵੱਲ ਰਾਜਤੰਤਰ ਦੇ ਵਿੰਚ ਸੰਘਰਸ਼ ਦਾ ਵਿਸਤਾਰ ਪੂਰਵਕ ਵਰਨਣ ਕਰਨਾ ਲੋੜੀਂਦਾ ਪ੍ਰਤੀਤ ਹੁੰਦਾ ਹੈ। ਮੁਹੱਮਦ ਗੌਰੀ ਨੇ ਅਪਣੇ ਪਿੱਛੇ ਕਿਸੇ ਲੜਕੇ ਨੂੰ ਨਹੀਂ ਛੱਡਿਆ ਜੋ ਕਿ ਉਸ ਤੋਂ ਬਾਦ ਉਸ ਦਾ ਉਤਰਾਧਿਕਾਰੀ ਬਣਦਾ। ਪਰਿਣਾਮ ਸਰੂਪ ਇਹ ਹੋਇਆ ਕਿ ਜਿਸ ਅਲਗ ਅਲਗ ਸੈਨਾਪਤੀਆਂ ਨੇ ਦੇਸ਼ ਦੇ ਅਲਗ ਅਲਗ ਹਿੱਸਿਆਂ ਨੂੰ ਜਿੱਤਣ ਵਿਚ ਸਹਾਇਤਾ ਕੀਤੀ ਸੀ।

## 4.5 ਸ਼ਬਦਕੋਸ਼ (Keywords)

- **ਸਿੰਘਾਸਨ ਰੋਹਣ (Succession):** ਗੱਦੀ ਉਤੇ ਬੈਠਣਾ।
- **ਉਤਕਰਸ਼ (Rise):** ਉੱਥਾਨ।

## 4.6 ਅਭਿਆਸ ਪ੍ਰਸ਼ਨ (Review Questions)

1. ਕੁਤੁਬਦੀਨ ਐਬਕ ਦੇ ਉਤਕਰਸ਼ ਉੱਤੇ ਪ੍ਰਕਾਸ਼ ਪਾਓ।
2. ਇਲਤੁਤਮਿਸ਼ ਕੌਣ ਸੀ ? ਦਾਸ ਵੰਸ਼ ਵਿੱਚ ਉਸਦੇ ਯੋਗਦਾਨਾਂ ਦਾ ਵਰਨਣ ਕਰੋ ।
3. ਰਜਿਆ ਸੁਲਤਾਨਾ ਦੀ ਸ਼ਾਸਨ ਪ੍ਰਣਾਲੀ ਦਾ ਵਰਨਣ ਕਰੋ।

ਨੋਟ

4. ਬਲਬਨ ਕੌਣ ਸੀ? ਇਸ ਦੇ ਸ਼ੁਰੂਆਤੀ ਜੀਵਨ ਅਤੇ ਸ਼ਾਸਨ ਪ੍ਰਬੰਧ ਦਾ ਵਰਨਣ ਕਰੋ।
5. ਸਾਮੰਤ ਵਰਗ ਬਨਾਮ ਰਾਜਤੰਤਰ ਦੀ ਵਿਆਖਿਆ ਕਰੋ।

**ਉੱਤਰ : ਸਵ ਮੁਲਾਂਕਨ (Answer : Self Assessment)**

| | | | | | |
|---|---|---|---|---|---|
| 1. | (i) ਦਾਸ ਵੰਸ਼ | (ii) ਕੁਤੁਬਦੀਨ ਐਬਕ | (iii) 1206 ਈ. | (iv) ਇਸਲਾਮ | (v) ਸੈਨਾਪਤੀ |
| 2. | (i) ਸੱਚ | (ii) ਝੂਠ | (iii) ਝੂਠ | (iv) ਸੱਚ | (v) ਝੂਠ |
| 3. | (i) ਸੱਚ | (ii) ਝੂਠ | (iii) ਸੱਚ | (iv) ਸੱਚ | (v) ਝੂਠ |

## 4.7 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਮੱਧ ਕਾਲੀਨ ਭਾਰਤ ਦਾ ਇਤਿਹਾਸ – ਸ਼ੈਲੇਂਦਰ ਸ਼ੈਂਗਰ ਅਟਲਾਂਟਿਕ ਪਬਲੀਸ਼ਰਜ਼ ।
2. ਮੱਧਕਾਲੀਨ ਭਾਰਤ ਦਾ ਇਤਿਹਾਸ (1206 to 1740) ਐਸ ਐਲ ਨਾਗੋਰੀ ਪ੍ਰਣਵਦੇਵ ਆਰ. ਬੀ.ਐਸ. ਪਬਲਿਸ਼ਰਜ਼ ।
3. ਲੇਟਰ ਮਿਡਾਈਵਲ ਇੰਡੀਆ ਏ ਹਿਸਟ੍ਰੀ ਔਫ ਦੀ ਮੁਗਲਸ–ਅਵਧ ਬਿਹਾਰੀ ਪਾਂਡੇ ਸੈਂਟਰਲ ਬੁਕ ਡਿਪੋ ।
4. ਪੂਰਵ ਮੱਧਕਾਲੀਨ ਭਾਰਤ ਦਾ ਸਾਮੰਤੀ ਸਮਾਜ ਅਤੇ ਸੰਸਕ੍ਰਿਤੀ–ਰਾਮਸ਼ਰਣ ਸ਼ਰਮਾ–ਰਾਜ ਕਮਲ ਪ੍ਰਕਾਸ਼ਨ ।
5. ਅਰਲੀ ਮਿਡਾਈਵਲ ਇੰਡੀਆ–ਅਵਧ ਬਿਹਾਰੀ ਪਾਂਡੇ ਸੈਨਟ੍ਰਲ ਬੁਕ ਡਿਪੋ।

ਨੋਟ

# ਇਕਾਈ–5: ਖਿਲਜੀ ਵੰਸ਼ (1290-1320)
# [The Khilji Dynasty (1290-1320)]

**ਵਿਸ਼ਾ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

5.1 ਜਲਾਲੁਦੀਨ ਫਿਰੋਜ਼ (1290-96) (Jalal-ud-Din Feroze)

5.2 ਮੰਗੋਲ ਹਮਲੇ (The Mongol Invasions)

5.3 ਅਲਾਉਦੀਨ ਖਿਲਜੀ ਦੀ ਵਿਜੈ (Conquest of Ala-ud-Din Khilji)

5.4 ਅਲਾਉਦੀਨ ਖਿਲਜੀ ਦਾ ਪ੍ਰਸ਼ਾਸਨ (Administration of Ala-ud-Din Khilji)

5.5 ਲਗਾਨ ਅਤੇ ਰਾਜ ਸਬੰਧੀ ਪ੍ਰਸ਼ਾਸਨ (Revenue and Fiscal Administration)

5.6 ਅਲਾਉਦੀਨ ਖਿਲਜੀ ਦੇ ਬਾਜਾਰ ਪਰੀਨਿਯਮ (Market Regulation of Ala-ud-Din Khilji)

5.7 ਅਲਾਉਦੀਨ ਖਿਲਜੀ ਦੇ ਆਰਥਿਕ ਸੁਧਾਰ (Economic Improvement of Ala-ud-Din Khilji)

5.8 ਅਲਾਉਦੀਨ ਖਿਲਜੀ ਦਾ ਚਰਿਤ੍ਰ ਅਤੇ ਵਿਅਕਤੀਤਵ (Character and Personality of Ala-ud-Din Khilji)

5.9 ਖਿਲਜੀ ਦੇ ਉਤਰਾਧਿਕਾਰੀ (Successor of Khilji)

5.10 ਸਾਰ ਅੰਸ਼ (Summary)

5.11 ਸ਼ਬਦਕੋਸ਼ (Keywords)

5.12 ਅਭਿਆਸ ਪ੍ਰਸ਼ਨ (Review Questions)

5.13 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਮੰਗੋਲਾਂ ਦਾ ਭਾਰਤ ਉੱਤੇ ਆਕ੍ਰਮਣ ਸੰਬੰਧੀ ਜਾਣਕਾਰੀ ਬਾਰੇ।
- ਅਲਾਉਦੀਨ ਖਿਲਜੀ ਦੀ ਵਿਜੈ ਸੰਬੰਧੀ ਗੱਲ੍ਹਾਂ ਨੂੰ ਸਮਝਣ ਬਾਰੇ।
- ਅਲਾਉਦੀਨ ਖਿਲਜੀ ਦੇ ਸ਼ਾਸਨ–ਪ੍ਰਬੰਧ ਨੂੰ ਸਮਝਣ ਬਾਰੇ।

## ਜਾਣਕਾਰ (Introduction)

1290 ਈ. ਵਿਚ ਫਿਰੋਜ ਖਿਲਜੀ ਨੇ ਅੰਤਮ ਦਾਸ ਰਾਜਾ ਕੈਕੁਬਾਦ ਨੂੰ ਪਕੜ ਕੇ ਯਮੁਨਾ ਨਦੀ ਵਿਚ ਸੁੱਟ ਦਿੱਤਾ ਅਤੇ ਜਲਾਲੁਦੀਨ ਦੀ ਪਦਵੀ ਧਾਰਣ ਕਰਕੇ ਅਪਣਾ ਸ਼ਾਸਨ ਸਥਾਪਿਤ ਕਰ ਲਿਆ। ਇਸ ਪ੍ਰਕਾਸ ਦਾਸ ਵੰਸ਼ ਦੇ ਸਥਾਨ ਤੇ ਖਿਲਜੀ ਵੰਸ਼ ਆ ਗਿਆ ਜਿਸਨੇ 1290 ਤੋਂ 1320 ਈ. ਤਕ ਦਿੱਲੀ ਦੀ ਸੁਲਤਾਨ ਸ਼ਾਹੀ ਦੀ ਕਿਸਮਤ ਨੂੰ ਸੰਭਾਲ ਰੱਖਿਆ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਅਲਾਉਦੀਨ ਖਿਲਜੀ ਸੀ ਜਿਸ ਨੂੰ ਦਿੱਲੀ ਦੇ ਸਾਰੇ ਸੁਲਤਾਨਾਂ ਵਿਚੋਂ ਸਭ ਤੋਂ ਵੱਡਾ ਮੰਨ੍ਹਿਆ ਜਾਂਦਾ ਹੈ।

ਨੋਟ

## 5.1 ਜਲਾਲੁਦੀਨ ਫਿਰੋਜ਼ (1290-96) (Jalal-ud-Din Feroze)

**ਖਿਲਜੀ ਕ੍ਰਾਂਤਿ** (Khilji Revolution): "ਖਿਲਜੀ ਕ੍ਰਾਂਤਿ" ਨਾਮਕ ਸ਼ਬਦ ਡਾ. ਤ੍ਰਿਪਾਠੀ ਨੇ ਵਰਤਿਆ ਹੈ। ਇਸ ਦਾ ਅਰਥ ਹੈ ਉਹ ਵੰਸ਼ ਪਰਿਵਰਤਨ ਜਿਸ ਦੇ ਦੁਆਰਾ ਦਿੱਲੀ ਦਾ ਸਿੰਘਾਸਣ ਜੋ ਲਗਭਗ ਇੱਕ ਸ਼ਤਾਬਦੀ ਤੋਂ ਤੁਰਕੀ ਦਾਸਾਂ ਦੇ ਅਧਿਕਾਰ ਵਿਚ ਰਹਿ ਚੁੱਕਾ ਸੀ ਖਿਲਜੀਆਂ ਦੇ ਹੱਥਾਂ ਵਿਚ ਚਲਾ ਗਿਆ। ਇਸ ਕ੍ਰਾਂਤਿ ਦਾ ਨਾਇਕ ਸੀ ਜਲਾਲੁਦੀਨ ਫਿਰੋਜ।

ਬਲਬਨ ਦੀ ਮ੍ਰਿਤੂ ਤੋਂ ਬਾਦ ਦਿੱਲੀ ਦਾ ਸਿੰਘਾਸਨ ਬਲਬਨ ਨੇ ਮਨੋਨੀਤ ਕੈਖੁਸਰੋ ਦੇ ਸਥਾਨ ਤੇ ਕੈਕੁਬਾਦ ਨੂੰ ਦੇ ਦਿੱਤਾ ਗਿਆ। ਕੈਕੁਬਾਦ ਇਕ ਵਿਲਾਸੀ ਰਾਜਾ ਸੀ ਜਿਹੜਾ ਆਲਸੀ ਅਤੇ ਉਨਮਾਦ ਵਿੱਚ ਡੁੱਬਿਆ ਰਹਿੰਦਾ ਸੀ। ਜਿਸਦੇ ਕਾਰਣ ਰਾਜ ਦਾ ਕੰਮ ਧੰਦਾ ਨਿਜਾਮੁਦੀਨ ਦੁਆਰਾ ਚਲਾਇਆ ਜਾਣ ਲੱਗਾ। ਨਿਜਾਮੁਦੀਨ ਇੱਕ ਬਹੁਤ ਹੀ ਮਹਾਨ ਇੱਛਾ ਵਾਲਾ ਮੰਤਰੀ ਸੀ। ਉਸਨੇ ਕੈਖੁਸਰੋ ਨੂੰ ਮਰਵਾ ਦਿੱਤਾ ਅਤੇ ਉਨ੍ਹਾਂ ਸਰਦਾਰਾਂ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ ਜਿਹੜੇ ਉਸਦੇ ਮਾਰਗ ਵਿਚ ਅੜਚਣ ਬਣਦੇ ਸਨ। ਜਿਹੜੇ ਦਰਬਾਰੀ ਨਿਜਾਮੁਦੀਨ ਦੀ ਸ਼ਕਤੀ ਤੋਂ ਈਰਖਾ ਕਰਦੇ ਸਨ ਉਨ੍ਹਾਂ ਨੂੰ ਖੜਯੰਤ੍ਰ ਰਚ ਕੇ ਨਿਜਾਮੁਦੀਨ ਨੂੰ ਮਰਵਾ ਦਿੱਤਾ।

ਨਿਜਾਮੁਦੀਨ ਦੀ ਮੌਤ ਉਤੇ ਬੜੀ ਅਸ਼ਾਂਤੀ ਅਤ ਗੜਬੜ ਫੈਲ ਗਈ ਸੀ। ਦਿੱਲੀ ਦੇ ਸਰਦਾਰ ਹੁਣ ਦੋ ਗੁੱਟਾਂ ਵਿਚ ਵੰਡ ਹੋ ਗਏ। ਇਕ ਦਲ ਬਲਬਨੀ ਨਵਾਬਾਂ ਦਾ ਸੀ ਜਿਸ ਦਾ ਨੇਤਾ ਐਤਵਾਰ ਕੱਛਨ ਸੀ ਦੂਸਰੇ ਦਲ ਦਾ ਨੇਤਾ ਫਿਰੋਜ ਖਿਲਜੀ ਸੀ। ਇਸ ਸਮੇਂ ਸੁਲਤਾਨ ਕੈਕੁਬਾਦ ਬੀਮਾਰ ਹੋ ਗਿਆ ਕਿਉਂਕਿ ਉਸ ਦੇ ਸਵੱਸਥ ਹੋਣ ਦੀ ਕੋਈ ਆਸ ਨਹੀਂ ਰਹੀ ਇਸਲਈ ਬਲਬਨੀ ਤੁਰਕਾਂ ਨੇ ਝੱਟ ਹੀ ਕੈਕੁਬਾਦ ਦੇ ਇਕ ਛੋਟੇ ਪੁੱਤਰ ਸ਼ੱਮਸੁਦੀਨ ਦਾ ਨਾਂਮ ਦੇ ਕੇ ਗੱਦੀ ਉਤੇ ਬਿਠਾ ਦਿੱਤਾ। ਉਨ੍ਹਾਂ ਨੇ ਖਿਲਜੀਆਂ ਤੋਂ ਛੁਟਕਾਰਾ ਪਾਉਣ ਲਈ ਇਕ ਖੜਯੰਤ੍ਰ ਰਚਿਆ।

ਜਦੋਂ ਜਲਾਲੁਦੀਨ ਨੂੰ ਇਹ ਪਤਾ ਲੱਗਿਆ ਕਿ ਖਿਲਜੀਆਂ ਦੇ ਵਿਰੁਧ ਇਕ ਖੜਯੰਤ੍ਰ ਹੋ ਰਿਹਾ ਹੈ ਤਾਂ ਉਹ ਦਿੱਲੀ ਛੱਡ ਕੇ ਬਹਰਾਰਪੁਰ ਚਲਾ ਗਿਆ। ਉਸਨੇ ਸੈਨਾਵਾਂ ਇਕੱਠੀ ਕੀਤੀਆਂ ਅਤੇ ਸ਼ਾਹੀ ਖੜਯੰਤ੍ਰ ਦਲ ਦੇ ਵਿਰੁਧ ਚੜ੍ਹਾਈ ਕਰ ਦਿੱਤੀ। ਇਕ ਲੜਾਈ ਹੋਈ ਜਿਸ ਵਿਚ ਬਲਬਨੀ ਹਾਰ ਗਏ ਅਤੇ ਛੋਟਾ ਰਾਜਾ ਅਤੇ ਉਸਦੇ ਸਮਰਥਕ ਕੈਕੁਬਾਦ 1 ਫਰਵਰੀ 1290 ਈ. ਵਿਚ ਪਕੜ ਲਏ ਗਏ। ਕੈਕੁਬਾਦ ਨੂੰ ਯਮੁਨਾ ਵਿਚ ਸੁੱਟ ਦਿੱਤਾ।

ਹੁਣ ਜਲਾਲੁਦੀਨ ਨੇ ਅਪਣੇ ਆਪ ਨੂੰ ਰਾਜਾ ਘੋਸ਼ਿਤ ਨਹੀਂ ਕੀਤਾ ਬਲਕਿ ਉਸਨੇ ਸ਼ਮਸੁਦੀਨ ਨੂੰ ਬਹਰਾਰਪੁਰ ਦੇ ਸਿੰਘਾਸਨ ਉਪਰ ਬੈਠਾਇਆ ਅਤੇ ਖੁਦ ਸ਼ਾਹੀ ਪ੍ਰਤੀਨਿਧੀ (Regent) ਦਾ ਕੰਮ ਕਰਨ ਲੱਗਾ। ਅੰਤ ਵਿਚ 16 ਜੂਨ 1290 ਈ. ਨੂੰ ਜਲਾਲੁਦੀਨ ਨੇ ਕਿਲੁਧਾਰੀ ਤੇ ਅਪਣੇ ਆਪ ਨੂੰ ਰਾਜ ਤਿਲਕ ਕਰ ਲਿਆ। ਸ਼ਮਸੁਦੀਨ ਨੂੰ ਕੈਦ ਵਿਚ ਸੁੱਟ ਦਿੱਤਾ ਗਿਆ ਜਿੱਥੇ ਉਹ ਕੁਝ ਸਮੇਂ ਬਾਦ ਮਰ ਗਿਆ। ਇਸ ਪ੍ਰਕਾਰ ਉਹ ਮਹਾਨ ਵੰਸ਼ਗਤ ਬਦਲ ਗਿਆ ਜਿਸਦੇ ਦੁਆਰਾ ਸ਼ਲਵਾਰੀ ਤੁਰਕਾਂ ਨੂੰ ਕੱਢ ਕੇ ਖਿਲਜੀ ਦਿੱਲੀ ਦੇ ਸੁਲਤਾਨ ਬਣ ਗਏ।

*ਨੋਟਸ* ‘ਖਿਲਜੀ ਕ੍ਰਾਂਤੀ’ ਨਾਮਕ ਸ਼ਬਦ ਡਾ. ਤ੍ਰਿਪਾਠੀ ਨੇ ਪ੍ਰਯੁਕਤ ਕੀਤਾ ਹੈ।

### 5.1.1 ਜਲਾਲੁਦੀਨ ਦੇ ਕੰਮ ਅਦੇ ਉਸਦੀ ਨੀਤੀ (Policy and Work of Jalal-ud-Din)

**ਕੋਮਲ ਚਿੱਤ ਜਲਾਲੁਦੀਨ** (Jalal-ud-Din-Clemency king): ਪਹਿਲਾ ਖਿਲਜੀ ਸੁਲਤਾਨ ਜਲਾਲੁਦੀ ਕੋਈ ਸ਼ਕਤੀਸ਼ਾਲੀ ਅਤੇ ਮਜ਼ਬੂਤ ਰਾਜਾ ਨਹੀਂ ਸੀ। ਸ਼ਾਸਨ ਪ੍ਰਬੰਧ ਵਿਚ ਉਹ ਐਸੀ ਕ੍ਰਿਪਾਲੂ ਨੀਤੀ ਨੂੰ ਗ੍ਰਹਿਣ ਕਰਦਾ ਸੀ ਕਿ ਡਾਕੂਆਂ ਅਤੇ ਵਿਦਰੋਹੀਆਂ ਦੇ ਵਿਰੁਧ ਵੀ ਕਾਰਵਾਈ ਕਰਨ ਨੂੰ ਝਿਜਕਦਾ ਰਹਿੰਦਾ। ਇਸ ਲਈ ਤਾਂ ਸ੍ਰੀ ਰਾਮ ਸ਼ਰਮਾ ਨੇ ਉਸਦਾ ਨਾਮ ਕੋਮਲ ਹਿਰਦੇ ਫਿਰੋਜ ਰੱਖਿਆ ਹੈ।

**ਮਲਿਕ ਛੱਜੂ ਦਾ ਵਿਦਰੋਹ** (Revolt of Malik Chhaju): ਕਿਸ਼ਨੂੰ ਖਾਨ ਨੇ ਜੋ ਮਲਿਕ ਛੱਜੂ ਦੇ ਨਾਮ ਨਾਲ ਪ੍ਰਸਿੱਧ ਸੀ ਅਤੇ ਜਿਸਨੂੰ ਕਾਰਾ ਦੀ ਜਾਗੀਰ ਮਿਲੀ ਹੋਈ ਸੀ, ਅਵਧ ਦੇ ਰਾਜਪਾਲ ਨਾਲ ਮਿਲਕੇ ਜਲਾਲੁਦੀਨ ਦੇ ਵਿਰੁਧ ਵਿਦਰੋਹ ਕਰ ਦਿੱਤਾ। ਸੁਲਤਾਨ ਨੇ ਵਿਦਰੋਹੀਆਂ ਦਾ ਮੁਕਾਬਲਾ ਕਰਨ ਲਈ ਅਪਣੇ ਬੇਟੇ ਅਸਕਲੀ ਖਾਨ ਦੇ ਨੇਤਰਤਵ ਵਿਚ ਸੈਨਾ ਭੇਜੀ। ਬਦਾਯੂੰ ਦੇ ਨੇੜੇ ਵਿਦਰੋਹੀਆਂ ਦੀ ਬੁਰੀ ਤਰ੍ਹਾਂ ਹਾਰ ਹੋਈ। ਮਲਿਕ ਛੱਜੂ ਪਕੜਿਆ ਗਿਆ ਅਤੇ ਸੁਲਤਾਨ ਦੇ ਅੱਗੇ ਲਿਆਂਦਾ ਗਿਆ ਪਰ ਕ੍ਰਿਪਾਲੂ ਫਿਰੋਜ ਨੇ ਉਸਨੂੰ ਮਾਫ ਕਰ ਦਿੱਤਾ ਅਤੇ ਉਸਦੇ ਗੁਜਾਰੇ ਦਾ ਪ੍ਰਬੰਧ ਕਰਕੇ ਉਸਨੂੰ ਮੁਲਤਾਨ ਭੇਜ ਦਿੱਤਾ।

**ਡਾਕੂਆਂ ਅਤੇ ਚੋਰਾਂ ਨਾਲ ਵਿਵਹਾਰ** (Attitude Towards Robbers and Thieves): ਬਲਬਨ ਦੀ ਮ੍ਰਿਤੂ ਦੇ ਬਾਦ ਜੋ ਗੜਬੜ ਫੈਲੀ ਉਸਦੇ ਕਾਰਣ ਚੋਰ ਅਤ ਡਾਕੂ ਅਪਣੀ ਕਾਰਵਾਈਆਂ ਵਿਚ ਬਹੁਤ ਸਾਹਸੀ ਬਣ ਗਏ। ਇਕ ਵਾਰ ਬਹੁਤ ਸਾਰੇ ਚੋਰ, ਡਾਕੂ

ਨੋਟ

ਅਤੇ ਹੱਤਿਆਰੇ ਪਕੜੇ ਗਏ। ਸੁਲਤਾਨ ਨੇ ਉਨ੍ਹਾਂ ਨੂੰ ਬੰਗਾਲ ਭੇਜ ਦਿੱਤਾ ਅਤੇ ਉੱਥੇ ਉਹ ਮੁਕਤ ਕਰ ਦਿੱਤੇ ਗਏ। ਅਮੀਰਾਂ ਅਤੇ ਸਰਦਾਰਾਂ ਨੂੰ ਇਹ ਚੰਗਾ ਨਹੀਂ ਲੱਗਾ ਅਤੇ ਕੁਝ ਇਕ ਨੇ ਤਾਂ ਉਸਨੂੰ ਉਲਟਾ ਸੁੱਟਣ ਲਈ ਖੜਯੰਤ੍ਰ ਵੀ ਸ਼ੁਰੂ ਕਰ ਦਿੱਤਾ। ਜਦੋਂ ਸੁਲਤਾਨ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਵਿਦਰੋਹੀ ਅਮੀਰਾਂ ਨੂੰ ਬੁਲਾਇਆ, ਝਿੜਕਿਆ ਅਤੇ ਛੱਡ ਦਿੱਤਾ।

**ਸਿੱਦੀ ਮੋਲਾ ਦੇ ਵਿਰੁਧ ਕਾਰਵਾਈ** (Action Against Siddi Moula): ਫਿਰੋਜ ਚੋਰਾਂ ਅਤੇ ਡਾਕੂਆਂ ਦੇ ਪ੍ਰਤੀ ਦਇਆਵਾਨ ਰਿਹਾ ਸੀ ਪਰ ਇਕ ਸੰਤ ਸਿੱਦੀ ਮੌਲਾ ਦੇ ਨਾਲ ਉਸਨੇ ਅਪਣੇ ਵਿਵਹਾਰ ਵਿਚ ਅਸਾਧਾਰਣ ਕੱਟੜਤਾ ਦਿਖਾਈ ਕਹਿੰਦੇ ਹਨ ਕਿ ਕੁਝ ਸਰਦਾਰਾਂ ਨੇ ਫਿਰੋਜ ਦਾ ਤਖਤਾ ਉਲਟਣ ਅਤੇ ਸਿੱਦੀ ਮੌਲਾ ਨੂੰ ਖਲੀਫਾ ਘੋਸ਼ਿਤ ਕਰਨ ਦਾ ਖੜਯੰਤ੍ਰ ਰਚ ਰੱਖਿਆ ਸੀ। ਜਦੋਂ ਫਿਰੋਜ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੇ ਉਨ੍ਹਾਂ ਸਰਦਾਰਾਂ ਦੇ ਵਿਰੁਧ ਇਕ ਬਹੁਤ ਹੀ ਸਖਤ ਕਾਰਵਾਈ ਕੀਤੀ ਅਤੇ ਅਪਣੇ ਬੇਟੇ ਅਸਕਲੀ ਖਾਨ ਦੁਆਰਾ ਸਿੱਦੀ ਮੌਲਾ ਖਾਨ ਨੂੰ ਮਰਵਾ ਦਿੱਤਾ।

**ਰਣਥੰਭੋਰ ਤੇ ਚੜ੍ਹਾਈ** (War Against Ranthambhor): ਫਿਰੋਜ ਰਣਥੰਭੋਰ ਤੇ ਅਧਿਕਾਰ ਕਰਨ ਦੇ ਲਈ ਇਕ ਭਾਰੀ ਸੈਨਾ ਲੈ ਕੇ ਅੱਗੇ ਵਧਿਆ ਪਰ ਜਦੋਂ ਉਹ ਸੱਚਮੁੱਚ ਉੱਥੇ ਪਹੁੰਚਿਆਂ ਤਾਂ ਉਸਨੂੰ ਪਤਾ ਲੱਗਾ ਕਿ ਇਸ ਚੜ੍ਹਾਈ ਦੇ ਕਾਰਣ ਬਹੁਤ ਹਾਨੀ ਅਤੇ ਖ਼ੂਨ ਵਹੇਗਾ। ਉਸਨੇ ਸੋਚਿਆ ਕਿ ਇਸ ਵਿੱਚ ਤਾਂ ਰੱਤੀ ਭਰ ਵੀ ਲਾਭ ਨਹੀਂ। ਇਸ ਲਈ ਉਸਨੇ ਆਗਿਆ ਦਿੱਤੀ ਕਿ ਮੇਰੇ ਸੈਨਿਕ ਵਾਪਸ ਲੌਟ ਆਉਣ।

**ਭੀਲਸਾ ਦੀ ਚੜ੍ਹਾਈ** (Conquest of Bhilsa): ਜਲਾਲੁਦੀਨ ਨੇ ਅਪਣੇ ਭਤੀਜੇ ਅਤੇ ਦਾਮਾਦ ਅਲਾਉਦੀਨ ਨੂੰ ਭੀਲਸਾ ਉਪਰ ਅਧਿਕਾਰ ਕਰਨ ਲਈ ਭੇਜਿਆ। ਅਲਾਉਦੀਨ ਇਕ ਬਹਾਦੁਰ ਸੈਨਾਨੀ ਸੀ ਅਤੇ ਉਸਨੇ ਬੜੀ ਸੁਵਿਧਾ ਨਾਲ ਭੀਲਸਾ ਜਿੱਤ ਲਿਆ।

**ਮੰਗੋਲਾਂ ਅਤੇ ਨਵੇਂ ਮੁਸਲਮਾਨਾਂ ਦੀ ਹਾਰ** (Defeat of Mongols and new Muslims): 1292 ਈ. ਵਿੱਚ ਮੰਗੋਲਾਂ ਨੇ ਅਬਦੁੱਲਾ ਦੇ ਨੇਤਰਤਵ ਵਿੱਚ ਭਾਰਤ ਉਤੇ ਚੜ੍ਹਾਈ ਕਰ ਦਿੱਤੀ। ਜਲਾਲੁਦੀਨ ਨੇ ਉਸਦੇ ਵਿਰੁਧ ਸੈਨਾ ਭੇਜੀ ਅਤੇ ਉਨ੍ਹਾਂ ਨੂੰ ਹਰਾ ਦਿੱਤਾ ਤਾਂ ਵੀ ਉਸਨੇ ਕੁਝ ਮੰਗੋਲਾਂ ਨੂੰ ਭਾਰਤ ਵਿਚ ਵੱਸ ਜਾਣ ਦੀ ਆਗਿਆ ਦੇ ਦਿੱਤੀ, ਇਹ ਮੰਗੋਲ ਨਵੇਂ ਮੁਸਲਮਾਨ ਅਖਵਾਉਣ ਲੱਗੇ।

**ਦੇਵਗਿਰੀ ਤੇ ਆਕ੍ਰਮਣ** (Invasion of Devgiri): ਜਦੋਂ ਅਲਾਉਦੀਨ ਭੀਲਸਾ ਦੇ ਉਪਰ ਅਧਿਕਾਰ ਕਰਨ ਵਿਚ ਜੁਟਿਆ ਹੋਇਆ ਸੀ ਤਾਂ ਉਸਨੇ ਦੱਖਣੀ ਰਾਜ ਦੀ ਵਿਸ਼ਾਲ ਦੌਲਤ ਦੇ ਬਾਰੇ ਵਿਚ ਕਹਾਣੀਆਂ ਸੁਣੀਆਂ। ਇਸ ਲਈ ਸੁਲਤਾਨ ਦੀ ਆਗਿਆ ਲੈ ਕੇ ਅਲਾਉਦੀਨ ਨੇ 1296 ਈ. ਵਿਚ ਦੇਵਗਿਰੀ ਉਤੇ ਚੜ੍ਹਾਈ ਕੀਤੀ। ਦੇਵ ਗਿਰੀ ਦੇ ਰਾਜਾ ਰਾਮ ਚੰਦਰ ਨੇ ਡਟ ਕੇ ਮੁਕਾਬਲਾ ਕੀਤਾ। ਪਰ ਅੰਤ ਵਿਚ ਉਸਦੀ ਹਾਰ ਹੋਈ।

**ਅਲਾਉਦੀਨ ਦਾ ਛਡਯੰਤਰ ਅਤੇ ਜਲਾਲੂਦੀਨ ਦਾ ਅੰਤ** (Ala-ud-Din's Conspiracy: End of Jalal-ud-Din): ਅਲਾਉਦੀਨ ਬਹੁਤ ਸਾਰਾ ਲੁੱਟ ਦਾ ਮਾਲ ਲੈ ਕੇ ਕੜਾ ਲੌਟਿਆਅਪਣੇ ਸਾਹਸਪੂਰਣ ਕਾਰਜਾਂ ਅਤੇ ਉਸ ਵਿਸ਼ਾਲ ਦੌਲਤ ਜੋ ਉਹ ਦੱਖਣ ਤੋਂ ਲਿਆਇਆ ਦੇ ਕਾਰਣ ਅਲਾਉਣੀਨ ਨੇ ਬੜਾ ਨਾਮ ਕਮਾਇਆ। ਅਲਾਉਦੀਨ ਦੇ ਸ਼ਾਨਦਾਰ ਕੰਮਾਂ ਦੇ ਬਾਰੇ ਵਿਚ ਸਮਾਚਾਰ ਸੁਣ ਕੇ ਜਲਾਲੁਦੀਨ ਬਹੁਤ ਖੁਸ਼ ਹੋਇਆ। ਅਪਣੇ ਭਤੀਜੇ ਅਤੇ ਦਾਮਾਦ ਨੂੰ ਵਧਾਈ ਦੇਣ ਉਹ ਕੜਾ ਤਕ ਗਿਆ। ਪਰ ਅਲਾਉਦੀਨ ਨੇ ਇਕ ਖੜਯੰਤ੍ਰ ਰਚ ਰੱਖਿਆ ਸੀ। ਜਦੋਂ ਬੁੱਢਾ ਸੁਲਤਾਨ ਮਿਨਕਪੁਰ ਵਿਚ ਅਲਾਉਦੀਨ ਨਾਲ ਮਿਲਿਆ ਤਾਂ ਦੋਵੇਂ ਇੱਕ ਦੂਜੇ ਨਾਲ ਮਿਲਾਪ ਕਰਨ ਲੱਗੇ ਤਾਂ ਅਲੌਉਦੀਨ ਦੇ ਕੁਝ ਆਦਮੀਆਂ ਨੇ ਖੜਯੰਤ੍ਰ ਦੇ ਮੁਤਾਬਿਕ ਜਲਾਲੁਦੀਨ ਉੱਤੇ ਆਕ੍ਰਮਣ ਕਰਕੇ ਉਸਨੂੰ ਮਾਰ ਦਿੱਤਾ। ਲੇਨਪੂਲ ਲਿਖਦਾ ਹੈ "ਇਹ ਇਤਿਹਾਸ ਵਿਚ ਘਿਨਾਉਣੀ ਹੱਤਿਆ (Basest Murder) ਦੀ ਘਟਨਾ ਘਟੀ ਸੀ।"

**ਅਲਾਉਦੀਨ ਖਿਲਜੀ** (Alau-ud-Din Khilji) (1296-1316) : ਅਲਾਉਦੀਨ ਫਿਰੋਜ ਖਿਲਜੀ ਦਾ ਭਤੀਜਾ ਅਤੇ ਦਾਮਾਦ ਸੀ। ਉਹ ਬਹੁਤ ਦੀ ਸਮਝਦਾਰ ਸਾਹਸੀ ਅਤੇ ਵੀਰ ਨਵਯੁਵਕ ਸੀ। ਜਲਾਲੁਦੀਨ ਨੇ ਉਸੇ ਕੱਛ ਦਾ ਰਾਜਪਾਲ ਨਿਯੁਕਤ ਕਰ ਰੱਖਿਆ ਸੀ। 1292 ਈ. ਵਿਚ ਉਸਨੇ ਭੀਲਸਾ ਉਪਰ ਚੜ੍ਹਾਈ ਕਰਕੇ ਉਸ ਤੇ ਅਧਿਕਾਰ ਕਰ ਲਿਆ। ਇਸ ਉੱਤੇ ਉਸਨੂੰ ਅਵਧ ਵੀ ਮਿਲ ਗਿਆ। ਅਲਾਉਦੀਨ ਨੂੰ ਕੜਾ ਅਤੇ ਅਵਧ ਨਾਲ ਸੰਤੋਖ ਨਹੀਂ ਹੋਇਆ। ਉਹ ਇਕ ਬਹੁਤ ਹੀ ਤੀਬਰ ਲਾਲਸਾ ਵਾਲਾ ਨਵਯੁਵਕ ਸੀ ਅਤੇ ਸਾਰੇ ਸਾਮਰਾਜ ਦਾ ਸਮਰਾਟ ਬਣਨਾ ਚਾਹੁੰਦਾ ਸੀ। 1296 ਈ. ਵਿਚ ਉਸਨੇ ਦੇਵਗਿਰੀ ਉਤੇ ਚੜ੍ਹਾਈ ਕੀਤੀ ਅਤੇ ਉੱਥੇ ਤੋਂ ਬਹੁਤ ਸਾਰੀ ਦੌਲਤ ਲੁੱਟ ਕੇ ਲੈ ਆਇਆ। ਜਦੋਂ ਉਹ ਕੜਾ ਪਹੁੰਚਿਆਂ ਤਾਂ ਸੁਲਤਾਨ ਉਸਨੂੰ ਵਧਾਈ ਦੇਣ ਆਇਆ। ਅਲਾਉਦੀਨ ਨੇ ਉਸਨੂੰ ਇਕ ਖੜਯੰਤ੍ਰ ਦੁਆਰਾ ਮਰਵਾ ਦਿੱਤਾ।

ਅਲਾਉਦੀਨ ਹੁਣ ਦਿੱਲੀ ਵੱਲ ਵੱਧਿਆ। ਜਲਾਲੁਦੀਨ ਦੀ ਵਿਧਵਾ ਮਲਿਕਾ ਜਹਾਨ ਨੇ ਅਪਣੇ ਬੇਟੇ ਕਾਦਿਰ ਖਾਨ ਰੁਕਨਦੀਨ (ਇਬ੍ਰਾਹਿਮ) ਨੂੰ ਸਿੰਘਾਸਨ ਉੱਤੇ ਬੈਠਾ ਦਿੱਤਾ ਅਤੇ ਅਪਣੇ ਵੱਡੇ ਬੇਟੇ ਅਰਕਲੀ ਖਾਨ ਨੂੰ ਵੀ ਮੁਲਤਾਨ ਤੋਂ ਬੁਲਾ ਲਿਆ ਸੀ। ਜਦੋਂ ਅਲਾਉਦੀਨ ਅੱਗੇ ਵੱਧਾ ਤਾਂ ਉਸਨੇ ਦੇਵਗਿਰੀ ਤੋਂ ਲੁੱਟ ਕੇ ਲਿਆਂਦਾ ਹੋਇਆ ਸੋਨਾ ਅਤੇ ਚਾਂਦੀ ਦੇ ਕੇ ਬਹੁਤ ਸਾਰੇ ਸਰਦਾਰਾਂ ਅਤੇ ਸੈਨਿਕਾਂ ਨੂੰ ਅਪਣੇ ਵੱਲ ਕਰ ਲਿਆ। ਜਦੋਂ ਇਬ੍ਰਾਹੀਮ ਨੂੰ ਇਹ ਪਤਾ ਲੱਗਾ ਕਿ ਅਲਾਉਦੀਨ ਇਕ ਵੱਡੀ ਸੈਨਾ ਲੈ ਕੇ ਆ ਰਿਹਾ

ਨੋਟ

ਹੈ ਤਾਂ ਉਹ ਅਪਣੀ ਮਾਤਾ ਨੂੰ ਲੈ ਕੇ ਮੁਲਤਾਨ ਦੇ ਵੱਲ ਦੌੜ ਗਿਆ। ਇਸ ਪ੍ਰਕਾਰ 3 ਅਕਤੂਬਰ 1296 ਈ. ਨੂੰ ਅਲਾਉਦੀਨ ਨੇ ਅਪਣੇ ਆਪ ਨੂੰ ਸੁਲਤਾਨ ਘੋਸ਼ਤ ਕਰ ਦਿੱਤਾ। ਅਲਾਉਦੀਨ ਨੇ ਜਲਾਲੁਦੀਨ ਦੇ ਪਰਿਵਾਰ ਦੇ ਵਿਰੁਧ ਕਾਰਵਾਈ ਕਰਨ ਦੇ ਲਈ ਉਲਗ ਖਾਨ ਨੂੰ ਮੁਲਤਾਨ ਭੇਜਿਆ। ਅਰਕਲੀ ਅਤ ਇਬ੍ਰਾਹੀਮ ਦੀਆਂ ਅੱਖਾਂ ਕੱਢ ਦਿੱਤੀਆਂ ਅਤੇ ਮਲਿਕਾ ਜਹਾਨ ਨੂੰ ਜੇਲ ਵਿਚ ਸੁੱਟ ਦਿੱਤਾ ਗਿਆ। ਹੁਣ ਅਲਾਉਦੀਨ ਨੇ ਸ਼ਤਰੂ ਸਰਦਾਰਾਂ ਦੇ ਵਿਰੁਧ ਹੱਥ ਚੁੱਕਿਆ। ਨਸ਼ਰਤ ਖਾਨ ਦੀ ਸਹਾਇਤਾ ਨਾਲ ਉਸਨੇ ਐਸੇ ਸਰਦਾਰਾਂ ਨੂੰ ਪਕੜ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਪ੍ਰਕਾਰ ਉਹ ਦੇਹਲੀ ਦਾ ਬਿਨ੍ਹਾਂ ਝਗੜੇ ਸੁਲਤਾਨ ਬਣ ਬੈਠਾ। ਡਾ. ਈਸ਼ਵਰੀ ਪ੍ਰਸਾਦ ਕਹਿੰਦਾ ਹੈ "ਉਸਦਾ ਸ਼ਾਸਨ ਮੁਸਲਿਮ ਤਾਨਾਸ਼ਾਹੀ ਦੀ ਸਰਵੌਚ ਸੀਮਾ ਦਾ ਸੰਕੇਤ ਹੈ।"

*ਕੀ ਤੁਸੀਂ ਜਾਣਦੇ ਹੋ*

ਜਲਾਲੁਦੀਨ ਨੇ ਆਪਣੇ ਭਤੀਜੀ ਅਲਾਉਦੀਨ ਨੂੰ ਭੀਲਸਾ ਤੇ ਅਧਿਕਾਰ ਕਰਨੇ ਭੇਜਿਆ। ਅਲਾਉਦੀਨ ਇੱਕ ਬਹਾਦਰ ਸੈਨਾਨੀ ਸੀ ਅਤੇ ਉਸਨੇ ਬੜੀ ਆਸਾਨੀ ਨਾਲ ਭੀਲਸਾ ਵੀ ਜਿੱਤ ਲਿਆ।

**ਸਵ-ਮੁਲਾਂਕਣ (Self Assessment)**

1. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) 'ਖਿਲਜੀ ਕ੍ਰਾਂਤੀ' ਨਾਮ ਦਾ ਸ਼ਬਦ ਕਿਸ ਨੇ ਦਿੱਤਾ?

(ਅ) ਡਾ. ਤ੍ਰਿਪਾਠੀ (ਬ) ਸ਼ੰਭਸੂਦੀਨ (ਸ) ਕਿਸ਼ੂਨ ਖਾਂ (ਦ) ਜਲਾਲੂਦੀਨ

(ii) ਜਲਾਲੂਦੀਨ ਦਾ ਰਾਜ ਤਿਲਕ ਕਦੋਂ ਹੋਇਆ?

(ਅ) 16 ਜੂਨ, 1291 (ਬ) 16 ਜੂਨ, 1920 (ਸ) 16 ਜੂਨ, 1291 (ਦ) 16 ਜੂਨ, 1292

(iii) ਕਿਸ਼ੂਨ ਖਾਂ ਕਿਸ ਨਾਮ ਨਾਲ ਪ੍ਰਸਿੱਧ ਸੀ?

(ਅ) ਮਲਿਕ ਛੱਜੂ (ਬ) ਸ਼ੰਭਸੂਦੀਨ (ਸ) ਜਲਾਲੂਦੀਨ (ਦ) ਕੱਛਨ

## 5.2 ਮੰਗੋਲ ਹਮਲੇ (The Mongol Invasions)

ਅਲਾਉਦੀਨ ਖਿਲਜੀ ਦੇ ਸ਼ਾਸਨ ਕਾਲ ਵਿਚ ਮੰਗੋਲਾਂ ਨੇ ਭਾਰਤ ਉੱਤੇ ਬਾਰ-ਬਾਰ ਚੜ੍ਹਾਈ ਕੀਤੀ। ਪਰ ਅਲਾਉਦੀਨ ਨੇ ਜੋ ਇਕ ਬੜਾ ਸਖਤ ਸ਼ਾਸਕ ਸੀ, ਸਫਲਤਾ ਪੂਰਵਤ ਇਨ੍ਹਾਂ ਆਕ੍ਰਮਣਾਂ ਨੂੰ ਜਿੱਤ ਲਿਆ।

(1) **ਕਾਦਰ ਦਾ ਆਕ੍ਰਮਣ** (Kadar's Invasion) : 1297–98—1297 ਈ. ਵਿਚ ਕੇਂਦ੍ਰਿਯ ਏਸ਼ੀਆ ਦੇ ਇਕ ਮੰਗੋਲ ਸ਼ਾਸਕ ਦੇਵ ਨੇ ਕਾਦਰ ਦੇ ਨੇਤਰਤਵ ਵਿੱਚ ਇੱਕ ਲੱਖ ਸੈਨਿਕਾਂ ਦੀ ਸੈਨਾ ਭਾਰਤ ਉਤੇ ਚੜ੍ਹਾਈ ਕਰਨ ਲਈ ਭੇਜੀ। ਮੰਗੋਲ ਉੱਤਰ ਪੱਛਮ ਦੇ ਦੇਸ਼ ਵਿਚ ਘੁਸੇ ਅਤੇ ਪੰਜਾਬ ਦੇ ਮੈਦਾਨ ਵਿਚ ਆ ਪਹੁੰਚੇ।; ਅਲਾਉਦੀਨ ਨੇ ਉਲਗ ਖਾਨ ਅਤੇ ਜਫਰਖਾਨ ਜਿਹੇ ਸ਼ਾਨਦਾਰ ਅਤੇ ਬਹਾਦਰ ਸੈਨਾਪਤੀਆਂ ਦੇ ਨੇਤਰਤਵ ਵਿਚ ਸੈਨਾ ਭੇਜੀ। ਜਲੰਧਰ ਦੇ ਨੇੜੇ ਮੰਗੋਲਾਂ ਦੀ ਬੁਰੀ ਤਰ੍ਹਾਂ ਹਾਰ ਹੋਈ। ਲਗਭਗ 20,000 ਮੰਗੋਲ ਮਾਰੇ ਗਏ। ਸਿੰਘਾਸਨ ਗੱਦੀ ਉਪਰ ਬੈਠਣ ਦੇ ਜਲਦੀ ਬਾਦ ਅਲਾਉਦੀਨ ਦੀ ਇਸ ਵਿਜੈ ਨੇ ਉਸਦੇ ਮਾਨ ਵਿਚ ਖੂਬ ਵਾਧਾ ਪਾਇਆ।

(2) **ਸਾਲਦੀ ਦਾ ਆਕ੍ਰਮਣ** (Saldi's Invasion) : 1299 ਈ. ਵਿਚ ਸਾਲਦੀ ਦੇ ਨੇਤਰਤਵ ਵਿਚ ਮੰਗੋਲਾਂ ਨੇ ਫਿਰ ਭਾਰਤ ਉਪਰ ਚੜ੍ਹਾਈ ਕੀਤੀ। ਜਫਰਖਾਨ ਨੇ ਇਕ ਛੋਟੀ ਜਿਹੀ ਸੈਨਾ ਲੈ ਕੇ ਉਨ੍ਹਾਂ ਨੂੰ ਇਕ ਠੋਸ ਹਾਰ ਦਿੱਤੀ ਅਤੇ ਸਾਲਦੀ ਅਤੇ ਉਸਦੇ ਭਾਈ ਸਣੇ 2000 ਮੰਗੋਲਾਂ ਨੂੰ ਬੰਦੀ ਬਣਾ ਲਿਆ। ਜਫਰ ਦੀ ਇਸ ਸ਼੍ਰੇਸਠ ਵਿਜੈ ਨੇ ਸੈਨਿਕ ਦੇ ਰੂਪ ਵਿੱਚ ਉਸ ਦੀ ਪਦਵੀ ਨੂੰ ਵਧਾ ਦਿੱਤਾ। ਦੂਸਰੇ ਸਰਦਾਰ ਈਰਖਾ ਨਾਲ ਬਲ੍ਹ ਗਏ। ਸੁਲਤਾਨ ਵੀ ਈਰਖਾ ਵਿਚ ਆ ਗਿਆ ਅਤੇ ਉਸਨੇ ਜ਼ਫ਼ਰਖਾਨ ਨੂੰ ਜਹਿਰ ਦੇ ਕੇ ਮਾਰਨ ਦੀ ਸੋਚੀ ਪਰ ਰਾਜਨੀਤਿਕ ਸਥਿਤੀ ਵਿਚ ਤਬਦੀਲੀ ਆਉਣ ਕਰਕੇ ਉਹ ਐਸਾ ਨਹੀਂ ਕਰ ਸਕਿਆ।

(3) **ਕੁੱਤਲਗ ਖਵਾਜਾ ਦਾ ਆਕ੍ਰਮਣ** (Invasion of Kutlegh Khwaja) : 1299 ਈ. ਵਿਚ ਦੇਵ ਦੇ ਵੱਡੇ ਬੇਟੇ ਕੁਤਲਗ ਖਵਾਜਾ ਨੇ ਦੋ ਲੱਖ ਦੀ ਇਕ ਵੱਡੀ ਸੈਨਾ ਲੈ ਕੇ ਭਾਰਤ ਉੱਤੇ ਚੜ੍ਹਾਈ ਕੀਤੀ ਮਲਿਕ ਅਲਾਉਲਮਲਕ ਨੇ ਅਲਾਉਦੀਨ ਨੂੰ ਨਸੀਹਤ ਕੀਤੀ ਕਿ ਮੰਗੋਲਾਂ ਦੇ ਵਿਰੁਧ ਲੜੇ ਨਾਂ, ਕਿਉਂਕਿ ਇਸ ਤਰ੍ਹਾਂ ਵਿਨਾਮ ਮੁੱਲ ਲੈਣਾ ਹੋਵੇਗਾ। ਪਰ ਉਸ ਮਹਾਨ ਯੋਧਾ ਅਤੇ ਰਾਜਨੀਤਿਗ ਨੇ ਉੱਤਰ ਦਿੱਤਾ ਕਿ ਮੰਗੋਲਾਂ ਦਾ ਵਿਰੋਧ ਨਾਂ ਕਰਨਾ ਮੇਰੀ ਡਰਪੋਕਤਾ ਅਤੇ ਕਮੀਣਾਪਨ ਹੋਵੇਗਾ। ਜਫ਼ਰਖਾਨ ਉਲਗ ਖਾਨ ਅਤੇ

ਨੁਸਰਤ ਖਾਨ ਨੂੰ ਨਾਲ ਲੈ ਕੇ ਉਹ ਖੁਦ ਮੰਗੋਲਾਂ ਦੇ ਨਾਲ ਚੱਲਿਆ। ਜਿਹੜੀ ਲੜਾਈ ਹੋਈ ਉਸ ਵਿਚ ਮੰਗੋਲ ਹਾਰ ਗਏ ਅਤੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ ਗਿਆ। ਜ਼ਫ਼ਰਖਾਨ ਲੜਾਈ ਵਿੱਚ ਮਾਰਿਆ ਗਿਆ ਪਰ ਉਸਨੇ ਮੰਗੋਲਾਂ ਵਿਚ ਆਤੰਕ ਮਚਾ ਕੇ ਰੱਖ ਦਿੱਤਾ। ਉਸ ਦੀ ਵੀਰਤਾ ਨੂੰ ਮੰਗੋਲ ਲੋਕ ਦੇਰ ਤਕ ਯਾਦ ਰੱਖਣਗੇ। ਇਕ ਪੁਰਾਣੀ ਕਥਾ ਇਹ ਹੈ ਕਿ ਜਦਂ ਕਦੇ ਉਨ੍ਹਾਂ ਦੇ ਘੋੜੇ ਨੇ ਪਾਣੀ ਪੀਣ ਤੋਂ ਇਨਕਾਰ ਕੀਤਾ ਤਾਂ ਉਹ ਕਹਿੰਦੇ ਹਨ ਕਿ ਇਨ੍ਹਾਂ ਨੇ ਸ਼ਾਇਦ ਜ਼ਫ਼ਰ ਦੇ ਦਰਸ਼ਨ ਕੀਤੇ ਹਨ।

(4) **ਤਾਰਗੀ ਦਾ ਆਕ੍ਰਮਣ** (Targhi's Invasion) : 1303 ਈ. ਵਿਚ ਕੋਈ ਇਕ ਲੱਖ ਵੀਹ ਹਜਾਰ ਮੰਗੋਲਾਂ ਨੇ ਤਾਰਗੀ ਦੇ ਨੇਤਰਤਵ ਵਿਚ ਭਾਰਤ ਵਿੱਚ ਚੜ੍ਹਾਈ ਕੀਤੀ। ਅਲਾਉਦੀਨ ਦੇ ਵੱਲੋਂ ਲਏ ਗਏ ਪ੍ਰਤੀ ਬਚਾਉ ਕਰਨ ਦੇ ਤਰੀਕਿਆਂ ਦੇ ਕਾਰਣ ਉਨ੍ਹਾਂ ਨੂੰ ਕੋਈ ਵਿਜੈ ਪ੍ਰਾਪਮ ਨਹੀਂ ਹੋਈ ਅਤੇ ਦੋ ਮਹੀਨੇ ਬਾਦ ਉਹ ਵਾਪਸ ਲੌਟ ਗਏ। ਹੁਣ ਅਲਾਉਦੀਨ ਨੇ ਉਤਰ-ਪੱਛਮੀ ਸੀਮਾ ਨੂੰ ਪੱਕਾ ਕੀਤਾ। ਪੁਰਾਣਿਆਂ ਕਿਲ੍ਹਿਆਂ ਦੀ ਮੁਰੰਮਤ ਕੀਤੀ ਗਈ ਅਤੇ ਖਤਰੇ ਵਾਲੀ ਜਗ੍ਹਾਵਾਂ ਤੇ ਕਿਲ੍ਹੇ ਬਣਵਾਏ ਗਏ। ਸੈਨਾ ਨੂੰ ਫਿਰ ਤੋਂ ਸੰਗਠਿਤ ਕੀਤਾ ਗਿਆ ਅਤੇ ਨਵੀਂ ਭਰਤੀ ਕੀਤੀ ਗਈ।

(5) **ਅਲੀਬੇਗ ਅਤੇ ਤਰਤਾਕ ਤਾਰਗੀ ਦਾ ਆਕ੍ਰਮਣ** (Invasion of Ali Beg and Tartaq Targhi) : 1305 ਈ ਵਿਚ ਤਾਰਗੀ ਨੇ ਮੰਗੋਲਾਂ ਦੀ ਕਲੰਕਿਤ ਹਾਰ ਦਾ ਬਦਲਾ ਲੈਣ ਦਾ ਨਿਸ਼ਚੈ ਕਰ ਲਿਆ ਸੀ। ਇਸ ਲਈ 1305 ਈ. ਵਿਚ ਅਲੀਬੇਗ ਅਤੇ ਤਰਤਾਕ ਦੇ ਭਾਰਤ ਦੇ ਆਕ੍ਰਮਣ ਦੇ ਸਮੇਂ ਉਹ ਉਸਦੇ ਨਾਲ ਆਇਆ। ਅਲਾਉਦੀਨ ਨੇ ਇਨ੍ਹਾਂ ਆਕ੍ਰਮਣਕਾਰੀਆਂ ਦਾ ਸਾਹਮਣਾ ਕਰਨ ਦੇ ਲਈ ਕੋਈ ਤੀਹ-ਚਾਲ੍ਹੀ-ਹਜਾਰ ਸੈਨਾ ਦੇ ਕੇ ਮਲਿਕ ਕਾਫ਼ੁਰ ਅਤੇ ਗਾਜੀ ਮਲਿਕ ਨੂੰ ਭੇਜਿਆ। ਅਮਰੋਹਾ ਤੇ ਮੰਗੋਲਾਂ ਦੀ ਹਾਰ ਹੋਈ। ਉਨ੍ਹਾਂ ਦੇ ਵੀਹ ਹਜਾਰ ਘੋੜੇ ਖੋਹ ਲਏ ਗਏ। ਬਹੁਤ ਸਾਰੇ ਮੰਗੋਲ ਪਕੜ ਕੇ ਮਾਰ ਦਿੱਤੇ ਗਏ ਅਤੇ ਉਨ੍ਹਾਂ ਦੇ ਸਿਰਾਂ ਦੀ ਵਰਤੋਂ ਸਿਰੀ ਦੇ ਮੀਨਾਰ ਬਣਾਉਣ ਵਿਚ ਵਰਤੇ ਗਏ।

(6) **ਕੁਬਕ ਅਤੇ ਇਕਬਾਲ ਮੰਦ ਦਾ ਆਕ੍ਰਮਣ** (Invasion of Kubak and Ikblamand) : 1305 ਈ. ਵਿਚ ਦੇਵ ਖਾਨ ਨੇ ਕੁਬਕ ਦੇ ਅਧੀਨ ਫਿਰ ਇਕ ਸੈਨਾ ਭੇਜੀ। ਉਸ ਕਾਲ ਵਿਚ ਇਕਬਾਲ ਮੰਦ ਨੇ ਵੀ ਅਪਣੇ ਤੋਂ ਇਲਾਵਾ ਆਕ੍ਰਮਣ ਸ਼ੁਰੂ ਕਰ ਦਿੱਤੇ। ਗਾਜੀ ਮਲਿਕ ਤੁਗਲਕ ਨੇ ਕੁਬਕ ਦੇ ਅਧੀਨ ਆਏ ਹੋਏ ਮੰਗੋਲਾਂ ਨੂੰ ਹਰਾ ਦਿੱਤਾ ਅਤੇ ਕੁਬਕ ਪਕੜਿਆ ਗਿਆ। ਇਕ- ਬਾਲਮੰਦ ਦੂਜਿਆ ਦੇ ਨਾਲ ਦੌੜ ਖੜਾ ਹੋਇਆ। ਪੰਜਾਹ ਸੱਠ ਹਜਾਰ ਮੰਗੋਲਾਂ ਵਿੱਚ ਕੋਈ ਤਿੰਨ ਜਾਂ ਚਾਰ ਹਜਾਰ ਮੰਗੋਲ ਹੀ ਵਾਪਸ ਆ ਸਕੇ। ਉਨ੍ਹਾਂ ਦੀਆਂ ਇਸਤ੍ਰੀਆਂ ਅਤੇ ਬੱਚੇ ਵੀ ਪਕੜੇ ਗਏ ਅਤੇ ਬਾਦ ਵਿਚ ਵੇਚ ਦਿੱਤੇ ਗਏ।

ਇਸ ਤਰ੍ਹਾਂ ਅਲਾਊਦੀਨ ਨੇ ਮੰਗੋਲ ਖਤਰੇ ਨੂੰ ਖਤਮ ਕਰ ਦਿੱਤਾ। ਉਸ ਦੇ ਸੁਧਾਰਵਾਦੀ ਤਰੀਕਿਆਂ, ਉਸ ਦੀ ਭਾਰੀ ਸੈਨਾ ਅਤੇ ਸਭ ਤੋਂ ਵੱਧ ਕੇ ਉਸ ਦ ਸ਼ਾਨਦਾਰ ਸੈਨਾਨੀਪਣ ਨੇ ਸਾਮਰਾਜ ਨੂੰ ਉਸ ਸੰਕਟ ਤੋਂ ਮੁਕਤ ਕਰ ਦਿੱਤਾ ਜੋ ਲਗਾਤਾਰ ਭਾਰਤ ਦੇ ਲੋਕਾਂ ਅਤੇ ਸ਼ਾਸਕਾਂ ਦੇ ਸਿਰ 'ਤੇ ਮੰਡਰਾ ਰਿਹਾ ਸੀ ਨਾ ਕੇਵਲ ਮੰਗੋਲ ਹਮਲਿਆਂ ਨੂੰ ਹੀ ਰੋਕ ਦਿੱਤਾ ਗਿਆ ਬਲਕਿ ਗਾਜੀ ਮਲਿਕ ਜਿਸ ਨੂੰ ਉਤਰ-ਪੱਛਮੀ ਪ੍ਰਾਂਤ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਸੀ ਸਿਰਫ ਪ੍ਰਤੀ ਸਾਲ ਕਾਬੁਲ, ਗਜਨੀ, ਕੰਧਾਰ 'ਤੇ ਚੜ੍ਹਾਈ ਕਰਨ ਲੱਗਾ। ਉਹ ਇਨ੍ਹਾਂ ਪ੍ਰਦੇਸ਼ਾਂ ਨੂੰ ਲੁੱਟਦਾ ਅਤੇ ਉਥੇ ਦੇ ਨਿਵਾਸੀਆਂ ਤੋਂ ਖਿਰਾਜ ਪ੍ਰਾਪਤ ਕਰਦਾ ਸੀ। ਕਹਿੰਦੇ ਹਨ ਕਿ ਗਜਨੀ ਦੀ ਮਸਜਿਦਾਂ ਵਿੱਚ ਸੁਲਤਾਨ ਅਲਾਉਦੀਨ ਦੇ ਨਾਮ ਦਾ ਖੁਤਬਾ ਵੀ ਪੜ੍ਹਿਆ ਜਾਣ ਲੱਗਾ।

*ਟਾਸਕ* ਸਾਲਦੀ ਦਾ ਆਕ੍ਰਮਣ ਕਦੋਂ ਹੋਇਆ ਸੀ ?

**ਮੰਗੋਲ ਆਕ੍ਰਮਣਾਂ ਦੇ ਪਰਿਣਾਮ** (Effects of Mongol Invasions): ਅਲਾਉਦੀਨ ਦੇ ਰਾਜ ਵਿਚ ਮੰਗੋਲਾਂ ਦੇ ਬਾਰ-ਬਾਰ ਆਕ੍ਰਮਣਾਂ ਦੇ ਬਹੁਤ ਗਹਿਰੇ ਪਰਿਣਾਮ ਨਿਕਲੇ:

1. ਸਭ ਤੋਂ ਪਹਿਲੀ ਗੱਲ੍ਹ ਇਹ ਹੈ ਕਿ ਮੰਗੋਲਾਂ ਦੇ ਲਗਾਤਾਰ ਭੈ ਦੇ ਕਾਰਣ ਹੀ ਅਲਾਉਦੀਨ ਨੇ ਇਕ ਬਹੁਤ ਵੱਡੀ ਸਥਾਈ ਸੈਨਾ ਰੱਖੀ ਅਤੇ ਇਸ ਸੈਨਾ ਨੇ ਉਸਨੂੰ ਇਸ ਯੋਗ ਬਣਾ ਦਿੱਤਾ ਕਿ ਉਹ ਉਤਰੀ ਭਾਰਤ ਅਤੇ ਦੱਖਣ ਦੇ ਦੂਰਵਰਤੀ ਦੇਸ਼ਾਂ ਨੂੰ ਜਿੱਤ ਸਕਿਆ ਅਤੇ ਚਾਹੇ ਇਹ ਗੱਲ੍ਹ ਅਜੀਬ ਜਿਹੀ ਲੱਗੇ ਪਰ ਸੱਚ ਇਹ ਹੈ ਕਿ ਮੰਗੋਲਾਂ ਦੇ ਲਗਾਤਾਰ ਆਕ੍ਰਮਣ ਨੇ ਅਲਾਉਦੀਨ ਦੀ ਇਸ ਗੱਲ੍ਹ ਵਿਚ ਸਹਾਇਤਾ ਕੀਤੀ ਕਿ ਜਿਸ ਨਾਲ ਉਹ ਸਾਰੇ ਵਿਦਰੋਹ ਅਤੇ ਅੰਦਰ ਦੇ ਵਿਦਰੋਹੀ ਤੱਤ ਨੂੰ ਕੁਚਲ ਸਕਿਆ ਅਤੇ ਬਾਹਰ ਦੂਰ ਦੱਖਣ ਦੇ ਪ੍ਰਦੇਸ਼ਾਂ ਉਪਰ ਅਧਿਕਾਰ ਕਰ ਲਿਆ।
2. ਦੂਸਰੀ ਗੱਲ ਇਹ ਹੈ ਕਿ ਮੰਗੋਲ ਆਕ੍ਰਮਣਾਂ ਨੇ ਅਲਾਉਦੀਨ ਦੀ ਰਾਜ ਕਰ ਸੰਬੰਧ ਨੀਤੀ ਤੇ ਗਹਿਰਾ ਪ੍ਰਭਾਵ ਪਾਇਆ। ਅਲਾਉਦੀਨ ਨੂੰ ਇਕ ਮਜ਼ਬੂਤ ਅਤੇ ਯੋਗ ਸੈਨਾ ਬਣਾਉਣ ਦੇ ਲਈ ਧੰਨ ਦੀ ਜ਼ਰੂਰਤ ਸੀ ਤਾਂਕਿ ਉਸ ਸੈਨਾ ਨਾਲ ਉਹ ਮੰਗੋਲ ਆਕ੍ਰਮਣਾਂ ਦਾ ਸਾਹਮਣਾ ਕਰ ਸਕੇ। ਉਸ ਦੀ ਰਾਜ ਕਰ ਸੰਬੰਧੀ ਨੀਤੀ ਦਾ ਮੁੱਖ ਮਕਸਦ ਵੱਧ ਤੋਂ ਵੱਧ ਧੰਨ ਇਕੱਠਾ ਕਰਨਾ ਸੀ। ਇਸ ਲਈ ਉਸਨੇ ਜਮੀਦਾਰਾਂ ਦੀਆਂ ਜ਼ਮੀਨਾਂ ਖੋਹ ਲਈਆਂ ਅਤੇ ਮੁਕੰਦਮਿਆਂ ਨੂੰ ਉਨ੍ਹਾਂ

ਨੋਟ

ਦਾ ਵਿਸ਼ੇਸ਼ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ। ਇਸਲਈ ਉਸਨੇ ਰਾਜ ਭਾਗ ਦੇ ਰੂਪ ਵਿਚ ਪੈਦਾਵਾਰ ਦਾ ਪੰਜਵਾ ਹਿੱਸਾ ਵਸੂਲ ਕੀਤਾ ਅਤੇ ਫਿਰ ਇਸਲਈ ਤਾਂ ਉਸਨੇ ਐਸੇ ਕਰ ਜਿਸ ਤਰ੍ਹਾਂ ਗ੍ਰਹਿ-ਕਰ ਚਰਵਾਹਾ-ਕਰ ਕਰ-ਜਜਿਆ ਖਸਮ ਅਤੇ ਯਕਾਤ ਕਠੋਰ ਰੂਪ ਵਿਚ ਲਾਗੂ ਕੀਤੇ।

3. ਤੀਜੀ ਗੱਲ ਇਹ ਹੈ ਮੰਗੋਲ ਆਕ੍ਰਮਣਾਂ ਨੇ ਅਲਾਉਦੀਨ ਦੁਆਰਾ ਅਪਣਾਏ ਆਰਥਿਕ ਤਰੀਕੇ ਨੂੰ ਪੱਕਾ ਕਰ ਦਿੱਤਾ ਜਿਨ੍ਹਾਂ ਦੇ ਕਾਰਣ ਉਸਨੇ ਬੜਾ ਨਾਮ ਕਮਾਇਆ। ਅਲਾਉਦੀਨ ਨੇ ਮੰਗੋਲ ਆਕ੍ਰਮਣਾਂ ਦਾ ਸਾਹਮਣ ਕਰਨ ਦੇ ਲਈ ਇਕ ਵੱਡੀ ਸੈਨਾ ਤਿਆਰ ਕੀਤੀ ਸੀ। ਪਰ ਉਸ ਸੈਨਾ ਦਾ ਖਰਚ ਚੁੱਕਣਾ ਬਹੁਤ ਮੁਸ਼ਕਿਲ ਸੀ ਇਸ ਲਈ ਉਸਨੇ ਸੈਨਿਕਾਂ ਦੀਆਂ ਤਨਖਾਵਾਂ ਘਟਾ ਦਿੱਤੀਆਂ। ਇਸ ਕਰਕੇ ਕਿ ਸੈਨਿਕ ਥੋੜੀ ਤਨਖਾਹ ਵਿਚ ਅਪਣਾ ਚੰਗਾ ਗੁਜਾਰਾ ਕਰ ਸਕੇ। ਉਸਨੇ ਆਰਥਿਕ ਸੁਧਾਰਾਂ ਦੀ ਇਕ ਯੋਜਨਾ ਬਣਾਈ। ਉਸਨੇ ਹਰ ਚੀਜ ਦੀ ਸਸਤੀ ਕੀਮਤ ਤੈ ਕਰ ਦਿੱਤੇ। ਆਉਣ ਜਾਣ ਅਤੇ ਸਪਲਾਈ ਉਤੇ ਨਿਯੰਤਣ ਕੀਤਾ ਅਤੇ ਅਪਣੇ ਤਰੀਕੇ ਨਾਲ ਬੜੀ ਦ੍ਰਿੜਤਾ ਅਤ ਬਲਪੂਰਵਕ ਲਾਗੂ ਕੀਤੇ।

4. ਚੌਥੀ ਗੱਲ੍ਹ ਇਹ ਹੈ ਮੰਗੋਲਾਂ ਦੇ ਵਿਰੁਧ ਅਲਾਉਦੀਨ ਦੀਆਂ ਸਫ਼ਲਤਾਵਾਂ ਨੇ ਉਸਦੀ ਸਥਿਤੀ ਨੂੰ ਪੱਕਾ ਅਤੇ ਦ੍ਰਿੜ ਬਣਾ ਦਿੱਤਾ ਅਤੇ ਸੁਲਤਾਨ ਦੇ ਪ੍ਰਤੀ ਲੋਕਾਂ ਦੇ ਮਨ ਵਿਚ ਆਦਰ ਅਤੇ ਡਰ ਦਾ ਭਾਵ ਕਰ ਦਿੱਤਾ। ਜਿਨ੍ਹਾਂ ਲੋਕਾਂ ਨੂੰ ਭਿਆਨਕ ਅਤੇ ਵਿਨਾਸ਼ਕਾਰੀ ਮੰਗੋਲ ਖਤਰੇ ਤੋਂ ਬਚਾਇਆ ਗਿਆ ਉਨ੍ਹਾਂ ਦੇ ਮਨ ਦੇ ਅੰਦਰ ਸਵਭਾਵਿਕ ਅਲਾਉਦੀਨ ਦੇ ਲਈ ਆਦਰ ਭਾਵ ਪੈਦਾ ਹੋ ਗਿਆ ਇਸ ਤੋਂ ਇਲਾਵਾ ਅਲਾਉਦੀਨ ਦੁਆਰਾ ਮੰਗੋਲਾਂ ਨੂੰ ਨਿਰਦਇਤਾ ਨਾਲ ਮਰਵਾਣਾ, ਉਨ੍ਹਾਂ ਦੀਆਂ ਇਸਤ੍ਰਿਆਂ ਅਤੇ ਬੱਚਿਆਂ ਨੂੰ ਕੱਟਣ ਤੋਂ ਲੋਕਾਂ ਦੇ ਅੰਦਰ ਇਕ ਮਨੋ ਵਿਗਿਆਨਿਕ ਡਰ ਪੈਦਾ ਹੋ ਗਿਆ ਅਤੇ ਹੁਣ ਕਿਸੇ ਨੂੰ ਵੀ ਸੁਲਤਾਨ ਦੇ ਵਿਰੁਧ ਬੋਲਣ ਦਾ ਸਾਹਸ ਨਹੀਂ ਰਿਹਾ। ਇਸ ਪ੍ਰਕਾਰ ਮੰਗੋਲ ਆਕ੍ਰਮਣਾ ਨੇ ਅਲਾਉਦੀਨ ਦੀ ਜਨਤਾ ਨੂੰ ਸੁਲਤਾਨ ਦੇ ਪ੍ਰਤੀ ਵਫਾਦਾਰ ਅਤੇ ਆਦਰ-ਸਤਿਕਾਰ ਬਣਾ ਦਿੱਤਾ।

5. ਅੰਤਿਮ ਗੱਲ ਇਹ ਹੈ ਕਿ ਮੰਗੋਲ ਹਮਲਿਆਂ ਨੇ ਅਲਾਊਦੀਨ ਦੇ ਪ੍ਰਸ਼ਾਸਨ ਦੀ ਪ੍ਰਕਿਰਤੀ ਹੀ ਨਿਸ਼ਚਿਤ ਕਰ ਦਿੱਤੀ। ਉਸ ਨੂੰ ਮੰਗੋਲ ਹਮਲਿਆਂ ਨੂੰ ਰੋਕਣ ਦੇ ਲਈ ਹਮੇਸ਼ਾ ਇਕ ਭਾਰੀ ਸੈਨਾ ਰੱਖਣੀ ਪੈਂਦੀ ਸੀ ਅਤੇ ਕਿਉਂਕਿ ਉਹ ਉਸ ਦੇ ਵਿਰੁੱਧ ਲੜਨ ਵਿੱਚ ਜੁਟਿਆ ਰਹਿੰਦਾ ਸੀ। ਉਹ ਲੋਕਾਂ ਦੀ ਨੈਤਿਕ ਅਤੇ ਭੌਤਿਕ ਉਨਤੀ ਦੇ ਲਈ ਉਝ ਜ਼ਿਆਦਾ ਨਹੀਂ ਕਰ ਸਕਿਆ ਅਤੇ ਉਸ ਦੀ ਸਰਕਾਰ ਥੋੜ੍ਹੀ ਬਹੁਤ ਇਕ ਸੈਨਿਕ ਮਨਮਰਜ਼ੀ ਬਣ ਗਈ।

**ਸਵ-ਮੁਲਾਂਕਣ (Self Assessment)**

2. ਖਾਲੀ ਸਥਾਨਾਂ ਨੂੰ ਭਰੋ (Fill in the Blanks):

(i) ਅਲਾਉਦੀਨ ਖਿਲਜੀ ਦੇ ਸ਼ਾਸਨਕਾਲ ਵਿਚ..........ਨੇ ਭਾਰਤ ਉੱਤੇ ਬਾਰ-ਬਾਰ ਚੜ੍ਹਾਈ ਕੀਤੀ।

(ii) ਅਮਰੋਹਾ ਤੇ .................. ਦੀ ਹਾਰ ਹੋਈ।

(iii) ................. ਦੇਵ ਖਾਨ ਨੇ ਕੁਬਕ ਦੇ ਅਧੀਨ ਫਿਰ ਇਕ ਸੈਨਾ ਭੇਜੀ।

(iv) ਅਲਾਉਦੀਨ ਨੇ ਮੰਗੋਲ ਆਕ੍ਰਮਣਾਂ ਦਾ ਸਾਹਮਣਾ ਕਰਨ ਲਈ ਇਕ ਵੱਡੀ............. ਤਿਆਰ ਕੀਤੀ ਸੀ।

(v) ਗਾਜੀ ਮਲਿਕ ਤੁਗਲਕ ਨੇ ................ ਦੇ ਅਧੀਨ ਆਏ ਹੋਏ ਮੰਗੋਲਾਂ ਨੂੰ ਹਰਾ ਦਿੱਤਾ।

## 5.3 ਅਲਾਉਦੀਨ ਖਿਲਜੀ ਦੀ ਵਿਜੈ (Conquest of Ala-ud-Din Khilji)

ਅਲਾਉਦੀਨ ਖਿਲਜੀ 1396 ਈ. ਵਿਚ ਸਿੰਘਾਸਨ ਤੇ ਬੈਠਾ। ਬਹੁਤ ਹੀ ਇੱਛੁਕ ਰਾਜਾ ਹੋਣ ਦੇ ਨਾਤੇ ਉਹ ਸਾਰੇ ਭਾਰਤ ਦਾ ਸਵਾਮੀ ਬਣਨਾ ਚਾਹੁੰਦਾ ਸੀ ਇਸ ਸੱਚ ਦੇ ਹੁੰਦੇ ਹੋਏ ਵੀ ਕਿ ਉਸਨੂੰ ਬਾਰ-ਬਾਰ ਮੰਗੋਲ ਆਕ੍ਰਮਣਾਂ ਦਾ ਸਾਹਮਣਾ ਕਰਨਾ ਪਿਆ। ਉਸਨੇ ਉੱਤਰੀ ਭਾਰਤ ਦੇ ਅਨੇਕ ਮਹੱਤਵਪੂਰਣ ਰਾਜ ਜਿੱਤ ਲਏ ਅਤੇ ਦੱਖਣੀ ਭਾਰਤ ਦੇ ਰਾਜਾਂ ਨੂੰ ਵੀ ਹਰਾਇਆ। ਉਸਦੀ ਵਿਜੈ ਨੂੰ ਦੋ ਭਾਗਾਂ ਵਿਚ ਵੰਡਿਆਂ ਜਾ ਸਕਦਾ ਹੈ:

(ੳ) ਉੱਤਰ ਭਾਰਤ ਦੀ ਵਿਜੈ (Conquest of Northern India)

(ਅ) ਦੱਖਣੀ ਭਾਰਤ ਦੀ ਵਿਜੈ (Conquest of Southern India)

### (ੳ) ਉਤਰੀ ਭਾਰਤ ਦੀ ਵਿਜੈ (1297-1305 ਈ.)

**(i) ਗੁਜਰਾਤ ਦੀ ਵਿਜੈ** (Conquest of Gujarat) 1297 : ਮੰਗੋਲਾਂ ਦੇ ਪਹਿਲੇ ਆਕ੍ਰਮਣ ਨੂੰ ਹਰਾਉਣ ਤੋਂ ਅਲਾਉਦੀਨ ਨੇ ਅਪਣੀ ਸੈਨਾਵਾਂ ਉਲਗ ਖਾਨ ਅਤੇ ਨਸਰਤ ਖਾਨ ਦੇ ਨੇਤਰਤਵ ਵਿਚ ਗੁਜਰਾਤ ਵਿਜੈ ਦੇ ਲਈ ਭੇਜ ਦਿੱਤੀਆਂ।

ਉਸ ਸਮੇਂ ਰਾਜਾ ਕਰਣ ਗੁਜਰਾਤ ਉਤੇ ਰਾਜ ਕਰਦਾ ਸੀ। ਉਹ ਮੁਸਲਮਾਨ ਸੈਨਾਵਾਂ ਦਾ ਮੁਕਾਬਲਾ ਕਰਨ ਵਿਚ ਅਸਮਰਥ ਸੀ। ਇਸ ਲਈ ਜਦੋਂ ਉਸਨੂੰ ਸਾਰੀ ਸੈਨਾਵਾਂ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਪੁੱਤਰੀ ਦੇਵਲ ਦੇਵੀ ਨੂੰ ਨਾਲ ਲੈ ਕੇ ਦੇਵ ਗਿਰੀ ਦੇ ਵੱਲ ਦੌੜ ਗਿਆ ਪਰੰਤੂ ਰਾਜਾ ਦੀ ਪਤਨੀ ਕਮਲਾ ਦੇਵੀ ਆਕ੍ਰਮਣਕਾਰੀਆਂ ਦੇ ਹੱਥੇ ਚੜ੍ਹ ਗਈ ਅਤੇ ਉਸਨੂੰ ਉਨ੍ਹਾਂ ਨੇ ਅਲਾਉਦੀਨ ਅੰਤ:ਪੁਰ ਵਿਚ ਭੇਜ ਦਿੱਤਾ। ਉਸ ਤੋਂ ਬਾਦ ਮੁਸਲਮਾਨ ਲੁੱਟ-ਖਸੁੱਟ ਅਤੇ ਡਾਕਿਆ ਦੇ ਕੰਮਾਂ ਵਿਚ ਵੜ ਗਏ ਅਤੇ ਉਨ੍ਹਾਂ ਨੇ ਅਸੀਮਤ ਮਾਲ ਇਕੱਠਾ ਕਰ ਲਿਆ। ਜਦੋਂ ਉਹ ਗੁਜਰਾਤ ਦੀ ਧੰਨੀ ਬੰਦਰਗਾਹ ਕੰਬੇ ਨੂੰ ਲੁੱਟ ਰਹੇ ਸਨ ਤਦੇ ਨੁਸਰਤ ਖਾਨ ਨੇ ਮਲਿਕ ਕਾਫੂਰ ਨਾਮਦ ਇਕ ਹਿੰਦੂ ਹੀਜੜਾ ਇੱਕ ਹਜਾਰ ਦੀਨਾਰ ਵਿਚ ਖਰੀਦ ਲਿਆ। ਮਲਿਕ ਕਾਫੂਰ ਨੇ ਜਿਸ ਨੂੰ ਹਜਾਰ ਦੀਨਾਰੀ ਦਾ ਨਾਮ ਮਿਲਿਆ ਬਾਦ ਵਿਚ ਮੁਸਲਿਮ ਪ੍ਰਭੁਸਤਾ ਦੱਖਣ ਤਕ ਫੈਲਾਉਣ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ।

**(ii)** **ਰਣਥੰਭੋਰ ਦੀ ਵਿਜੈ** (Conquest of Ranthambhor) : 1209-1301 – ਰਣਥੰਭੋਰ ਜਿਸ ਨੂੰ ਕਈ ਅਲਤਮਸ ਅਤੇ ਬਲਬਨ ਨੇ ਤਬਾਹ ਕਰ ਦਿੱਤਾ ਸੀ ਹੁਣ ਸਵਤੰਤਰ ਹੋ ਚੁੱਕਾ ਸੀ। ਰਾਣਾ ਹਮੀਰ ਇਸ ਦਾ ਰਾਜਾ ਸੀ। 1299 ਈ. ਵਿਚ ਅਲਾਉਦੀਨ ਨੇ ਨਸਰਤ ਖਾਨ ਅਤੇ ਉਲਗ ਖਾਨ ਦੇ ਨੇਤਰਤਵ ਵਿਚ ਇਕ ਸੈਨਾ ਭੇਜੀ। ਰਾਣਾ ਹਮੀਰ ਬੜੀ ਵੀਰਤਾ ਨਾਲ ਲੜਿਆ ਅਤੇ ਉਸਨੇ ਨਸਰਤ ਖਾਨ ਨੂੰ ਮਾਰ ਦਿੱਤਾ। ਇਸ ਸਮੇਂ ਅਲਾਉਦੀਨ ਖੁਦ ਰਣਥੰਭੋਰ ਪਹੁੰਚਿਆ। ਰਾਜਾ ਨੇ ਅਪਣੇ ਰਾਜਪੂਤ ਸੈਨਿਕਾਂ ਅਤੇ ਸਵਾਮੀ ਭਗਤ ਨਵੇਂ ਮੁਸਲਮਾਨਾਂ ਦੀ ਸਹਾਇਤਾ ਨਾਲ ਗਿਆਰ੍ਹਾਂ ਮਹੀਨੇ ਤਕ ਡਟ ਕੇ ਮੁਕਾਬਲਾ ਕੀਤਾ। ਅੰਤ ਵਿਚ ਰਾਣਾ ਦੇ ਇਕ ਸੈਨਾਨੀ ਰਣਮਲ ਨੇ ਅਪਣੇ ਸਵਾਮੀ ਨਾਲ ਵਿਸ਼ਵਾਸਘਾਤ ਕਰ ਦਿੱਤਾ ਅਤੇ ਜੁਲਾਈ 1301 ਈ. ਵਿਚ ਰਣਥੰਭੋਰ ਦਾ ਕਿਲ੍ਹਾ ਜਿੱਤ ਲਿਆ। ਰਾਣਾ ਹਮੀਰ ਦਾ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਮੌਤ ਦੇ ਘਾਟ ਉਤਾਰ ਦਿੱਤੇ ਗਏ। ਰਣਮਲ, ਜਿਸ ਨੇ ਰਾਣਾ ਨਾਲ ਧੋਖਾ ਕਰਕੇ ਸੁਲਤਾਨਸ਼ਾਹੀ ਦਾ ਸਾਥ ਦਿੱਤਾ ਸੀ ਉਹ ਵੀ ਮਾਰ ਦਿੱਤਾ ਗਿਆ, ਕਿਉਂਕਿ ਅਲਾਉਦੀਨ ਦੇ ਮਨ ਵਿੱਚ ਇਹ ਗੱਲ ਬੈਠ ਗਈ ਕਿ ਕੋਈ ਧੋਖੇਬਾਜ ਕਦੀ ਵਫਾਦਾਰ ਨਹੀਂ ਹੋ ਸਕਦਾ।

*ਨੋਟਸ* ਅਲਾਉਦੀਨ ਖਿਲਜੀ 1396 ਈ. ਵਿਚ ਸਿੰਘਾਸਨ ਉਤੇ ਬੈਠਾ।

**(iii)** **ਮੇਵਾੜ ਦੀ ਵਿਜੈ** (Conquest of Mewar) 1303 ਈ. : ਹੁਣ ਅਲਾਉਦੀਨ ਨੇ ਅਪਣਾ ਧਿਆਨ ਮੇਵਾੜ ਦੇ ਵੱਲ ਕੀਤਾ। ਇਸ ਕੰਮ ਨੂੰ ਹੱਥ ਵਿਚ ਲੈਣ ਦਾ ਹੌਸਲਾ ਅਤੇ ਜੋਸ਼ ਅਲਾਉਦੀਨ ਨੂੰ ਇਸ ਗੱਲ੍ਹ ਤੋਂ ਮਿਲਿਆ ਕਿ ਉਸਨੇ ਮੇਵਾੜ ਦੇ ਰਾਜਾ ਰਤਨ ਸਿੰਘ ਦੀ ਰਾਣੀ ਪਦਮਨੀ ਦੇ ਅਸਾਧਾਰਣ ਸੁੰਦਰਤਾ ਦੇ ਬਾਰੇ ਵਿਚ ਬਹੁਤ ਕੁਝ ਸੁਣ ਚੁੱਕਿਆ ਸੀ। ਇਸ ਲਈ 1303 ਈ. ਵਿਚ ਉਸਨੇ ਮੇਵਾੜ ਉੱਤੇ ਚੜ੍ਹਾਈ ਕੀਤੀ ਅਤੇ ਰਾਜਾ ਰਤਨ ਸਿੰਘ ਨੂੰ ਹਰਾ ਕੇ ਉਸਨੂੰ ਬੰਦੀ ਬਣਾ ਲਿਆ। ਪਦਮਨੀ ਨੂੰ ਇਹ ਸੰਦੇਸ਼ ਭੇਜ ਦਿੱਤਾ ਗਿਆ, ਜੇਕਰ ਤੁਸੀਂ ਸ਼ਾਹੀ ਅੰਤ:ਪੁਰ ਵਿਚ ਆਉਣਾ ਸਵੀਕਾਰ ਕਰ ਲਉ ਤਾਂ ਤੁਹਾਡੇ ਪਤੀ ਨੂੰ ਛੱਡ ਦਿੱਤਾ ਜਾਵੇਗਾ। ਰਾਣੀ ਨੇ ਬੜੀ ਚਾਲਾਕੀ ਨਾਲ ਕੰਮ ਲਿਆ। ਉਸਨੇ ਸੁਲਤਾਨ ਨੂੰ ਕਹਲਾ ਭੇਜਿਆ ਕਿ ਮੈਂ ਅਪਣੀ ਦਾਸੀਆਂ ਨਾਲ ਆ ਰਹੀ ਹਾਂ। 700 ਰਾਜਪੂਤ ਸੈਨਿਕ ਰਾਣੀ ਦੀਆਂ ਦਾਸੀਆਂ ਦੇ ਭੇਸ ਵਿੱਚ ਮੁਸਲਿਮ ਡੇਰੇ ਵਿਚ ਘੁਸ ਗਏ ਅਤੇ ਰਾਜਾ ਰਤਨ ਸਿੰਘ ਨੂੰ ਕੱਢ ਕੇ ਲੈ ਗਏ। ਇਸ ਉੱਤੇ ਰਾਜਾ ਆਪੇ ਤੋਂ ਬਾਹਰ ਹੋ ਗਿਆ ਅਤੇ ਉਸਨੇ ਇਕ ਭਾਰੀ ਸੈਨਾ ਲੈ ਕੇ ਚਿੱਤੋੜ ਉਪਰ ਧਾਵਾ ਬੋਲ ਦਿੱਤਾ। ਗੋਰਾ ਅਤੇ ਰਾਜਪੂਤ ਵੀਰਾਂ ਨੇ ਡਟ ਕੇ ਮੁਕਾਬਲਾ ਕੀਤਾ ਲੇਕਿਨ ਹਾਰ ਗਏ। ਪਦਮਨੀ ਨੇ ਦੂਸਰੀ ਇਸਤ੍ਰੀਆਂ ਨਾਲ ਜੌਹਰ ਰਚਾਇਆ ਅਤੇ ਇਸ ਤਰ੍ਹਾਂ ਬੇਇਜਤੀ ਦੀ ਬਜਾਏ ਮੌਤ ਨੂੰ ਠੀਕ ਸਮਝਿਆ। ਹੁਣ ਸੁਲਤਾਨ ਨੇ ਅਪਣੇ ਬੇਟੇ ਖਿਜਰ ਖਾਨ ਨੂੰ ਵਿਜਿਤ ਪ੍ਰਦੇਸ਼ ਦਾ ਰਾਜਪਾਲ ਬਣਾ ਕੇ ਪਿੱਛੇ ਛੱਡ ਦਿੱਤਾ।

**(iv)** **ਮਾਲਵਾ ਦੀ ਵਿਜੈ** (Conquest of Malwa) : 1305 ਈ. ਵਿਚ ਅਲਾਉਦੀਨ ਨੇ ਮੁਲਤਾਨ ਦੇ ਰਾਜਪਾਲ ਅਤਯਨ-ਉਲ-ਮਲਿਕ ਨੂੰ ਮਾਲਵਾ ਉਪਰ ਚੜ੍ਹਾਈ ਕਰਨ ਲਈ ਭੇਜਿਆ। ਉਸ ਸਮੇਂ ਮਾਲਵਾ ਦਾ ਰਾਜਪੂਤ ਰਾਜਾ ਮਹਾਲਕ ਸੀ। ਜਦੋਂ ਉਸਨੂੰ ਮੁਸਲਮਾਨਾਂ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਉਸਨੇਅਪਣੇ ਸ਼ਤਰੂਆਂ ਦਾ ਸਾਹਮਣਾ ਕਰਨ ਦੀ ਤਿਆਰੀ ਕੀਤੀ। ਜਿਹੜੀ ਲੜਾਈ ਹੋਈ ਉਸ ਵਿਚ ਉਸਦੀ ਹਾਰ ਹੋਈ। ਮੁਸਲਮਾਨ ਫਿਰ ਵਿਜਈ ਹੋਏ ਅਤੇ ਉਨ੍ਹਾਂ ਨੇ ਉੱਜੈਨ ਧਾਰ ਚੰਦੇਰੀ ਮਾਂਡ ਸਮੇਤ ਮਾਲਵਾ ਦੇ ਸਾਰੇ ਪ੍ਰਦੇਸ਼ਾਂ ਉਪਰ ਅਧਿਕਾਰ ਕਰ ਲਿਆ।

ਨੋਟ

*ਕੀ ਤੁਸੀਂ ਜਾਣਦੇ ਹੋ* 1305 ਈ. ਤਕ ਅਲਾਉਦੀਨ ਨੇ ਇਸ ਪ੍ਰਕਾਰ ਭਾਰਤ ਦਾ ਬਹੁਤ ਸਾਰਾ ਹਿੱਸਾ ਜਿੱਤ ਲਿਆ ਅਤੇ ਉਹ ਉਤੱਰੀ ਭਾਰਤ ਦਾ ਸਰਵ ਸੰਮਤਿ ਨਾਲ ਸਮਰਾਟ ਬਣ ਗਿਆ।

(ਖ) **ਦੱਖਣੀ ਭਾਰਤ ਦੀ ਵਿਜੈ** (Conquest of Southern India) : ਅਲਾਉਦੀਨ ਖਿਲਜੀ ਪਹਿਲਾਂ ਮੁਸਲਿਮ ਬਾਦਸ਼ਾਹ ਸੀ ਜਿਸਨੇ ਉਤੱਰੀ ਭਾਰਤ ਦਾ ਬਹੁਤ ਸਾਰਾ ਹਿੱਸਾ ਜਿੱਤਣ ਤੋਂ ਬਾਦ ਅਪਣਾ ਧਿਆਨ ਦੱਖਣ ਦੀ ਵਿਜੈ ਵੱਲ ਮੋੜਿਆ। ਉਸ ਤੋਂ ਪਹਿਲੇ ਦਿੱਲੀ ਦੇ ਸੁਲਤਾਨ ਦੱਖਣੀ ਉਪਰ ਚੜ੍ਹਾਈ ਕਰਨ ਦੀ ਕਲਪਨਾ ਤਕ ਨਹੀ ਸੀ ਕਰ ਸਕੇ। ਕਿਉਂ ਉਹ ਉਤੱਰ ਦੇ ਵਿਦਰੋਹਾਂ ਨੂੰ ਦਬਾਉਣ ਅਤੇ ਮੰਗੋਲਾਂ ਦੇ ਵਿਰੁਧ ਲੜਨ ਵਿਚ ਲੱਗੇ ਹੋਏ ਸਨ। ਇਸ ਤੋਂ ਇਲਾਵਾ ਇਕ ਕਾਰਣ ਇਹ ਵੀ ਸੀ ਕਿ ਦੱਖਣੀ ਰਾਜਧਾਨੀ ਤੋਂ ਬਹੁਤ ਦੂਰ ਸੀ ਅਤੇ ਦੱਖਣੀ ਦੇ ਬਾਰੇ ਵਿਚ ਉਨ੍ਹਾਂ ਨੂੰ ਕੋਈ ਭੋਗੋਲਿਕ ਗਿਆਨ ਵੀ ਨਹੀਂ ਸੀ। ਪਰੰਤੂ ਛੇ ਸਾਲ ਬਾਦ ਥੋੜੇ ਜਿਹੇ ਕਾਲ ਅੰਦਰ ਅਲਾਉਦੀਨ ਨੇ ਦੱਖਣ ਦੇ ਸਭ ਪ੍ਰਮੁੱਖ ਰਾਜ ਜਿੱਤ ਲਏ ਜਿਸ ਤਰ੍ਹਾਂ ਦੇਵਗਿਰੀ, ਤੇਲਗਿਰੀ, ਤੇਬਨਗੜ ਹੋਇਸਲ ਅਤੇ ਪਾਂਡੇਯ। ਦੱਖਣੀ ਅਭਿਯਾਨ ਦਾ ਵਿਜਈ ਵੀਰ ਸੀ ਮਲਿਕ ਕਾਫੂਰ ਜਿਸ ਨੂੰ ਅਲਾਉਦੀਨ ਨੇ ਗੁਜਰਾਤ ਦੀ ਵਿਜੈ ਦੇ ਬਾਦ ਕੰਸਬੇ ਵਿਚ ਖਰੀਦਿਆ ਸੀ।

(i) **ਦੇਵਗਿਰੀ ਦੀ ਵਿਜੈ** (Conquest of Devigiri) (1306–07) : 1306 ਈ. ਵਿਚ ਮਲਿਕ ਕਾਫੂਰ ਨੂੰ ਸੈਨਾ ਦੇ ਕੇ ਦੇਵਗਿਰੀ ਭੇਜਿਆ ਗਿਆ। ਅਲਪਖਾਨ ਜੋ ਗੁਜਰਾਤ ਦਾ ਰਾਜਪਾਲ ਸੀ ਉਸ ਚੜ੍ਹਾਈ ਵਿਚ ਉਸਦੇ ਨਾਲ ਮਿਲ ਗਿਆ। ਸਭ ਤੋਂ ਪਹਿਲਾਂ ਮੁਸਲਮਾਨਾਂ ਸੈਨਾਵਾਂ ਨੇ ਗੁਜਰਾਤ ਦੇ ਪਹਲਿ ਰਾਜਾ ਕਾਰਣ ਨੂੰ ਜਿਹੜਾ ਇੱਥੇ ਛਿਪਾ ਬੈਠਾ ਸੀ ਹਰਾਇਆ ਅਤੇ ਉਸਦੀ ਬੇਟੀ ਦੇਵਲ ਦੇਵੀ ਨੂੰ ਪਕੜ ਲਿਆ ਜਿਸ ਨੂੰ ਦਿੱਲੀ ਭੇਜ ਦਿੱਤਾ ਗਿਆ ਅਤੇ ਉੱਥੇ ਰਾਜਕੁਮਾਰ ਖਿਜਰਖਾਨ ਨਾਲ ਵਿਆਹ ਕਰ ਦਿੱਤਾ। ਹੁਣ ਕਾਫੂਰ ਨੇ ਰਾਮਚੰਦਰ ਦੇ ਵਿਰੁਧ ਚੜ੍ਹਾਈ ਕੀਤੀ ਉਸਨੂੰ ਹਰਾਇਆ ਅਤੇ ਸ਼ਾਹੀ ਦਰਬਾਰ ਵਿੱਚ ਭੇਜ ਦਿੱਤਾ। ਰਾਮਚੰਦਰ ਨੇ ਸੁਲਤਾਨ ਦੀ ਪ੍ਰਭੁਸਤਾ ਸਵੀਕਾਰ ਕਰ ਲਈ ਅਤੇ ਉਸਨੇ ਇਕ ਭਾਰੀ ਰਕਮ ਚੁਕਾਏਂ। ਉਸਨੇ ਅਲਾਉਦੀਨ ਦੇ ਹੇਠਾਂ ਰਾਜ ਕਰਨਾ ਸ਼ੁਰੂ ਕਰ ਦਿੱਤਾ।

(ii) **ਵਾਰੰਗਲ ਦੀ ਵਿਜੈ** (Conquest of Warangal) : 1309 ਈ. ਵਿਚ ਮਲਿਕ ਕਾਫੂਰ ਨੇ ਵਾਰੰਗਲ ਉੱਤੇ ਧਾਵਾ ਬੋਲ ਦਿੱਤਾ। ਰਾਜਾ ਪ੍ਰਤਾਪਰੁਦਰਦੇਵ ਨੇ ਮੁਕਾਬਲਾ ਕੀਤਾ ਪਰ ਅੰਤ ਵਿਚ ਉਹ ਹਾਰ ਗਿਆ। ਉਸਨੇ ਅਪਣਾ ਸਾਰਾ ਖਜਾਨਾ ਦੇ ਦਿੱਤਾ ਅਤੇ ਅਪਣੀ ਇਕ ਸੁਨਹਿਰੀ ਧਾਤੂ ਦੀ ਮੂਰਤੀ ਵੀ ਭੇਜੀ ਜਿਸ ਤੇ ਪਰਾਧੀਨਤਾ ਦੀ ਨਿਸ਼ਾਨੀ ਰੂਪ ਵਿਚ ਉਸਦੇ ਗਲੇ ਵਿਚ ਪਈ ਹੋਈ ਸੁਨਹਿਰੀ ਜੰਜੀਰ ਦਿਖਾਈ ਗਈ ਸੀ।

(iii) **ਦਵਾਰਸਮੁਦਰ ਦੀ ਜਿੱਤ** (Conquest of Dwarsamudra): 1310 ਈ. ਵਿੱਚ ਮਲਿਕ ਕਾਫੂਰ ਦਵਾਰਸਮੁਦਰ ਵੱਲ ਵਧਿਆ ਅਤੇ ਉਸ ਨੇ ਹੋਯਸਲ ਰਾਜਾ ਵੀਰ ਬਲੱਭ ਤੀਸਰੇ ਨੂੰ ਹਰਾਇਆ। ਵੀਰ ਬਲੱਭੀ ਨੇ ਹਾਰ ਮੰਨ ਲਈ ਅਤੇ ਬਹੁਤ ਸਾਰਾ ਧਨ ਭੇਂਟ ਦੇ ਰੂਪ ਵਿੱਚ ਸਮਰਪਿਤ ਕੀਤਾ। ਮੁਸਲਮਾਨਾਂ ਨੇ ਹਿੰਦੂ ਮੰਦਿਰਾਂ ਨੂੰ ਉਜਾੜਿਆ ਅਤੇ ਬਹੁਤ ਸਾਰਾ ਸੋਨਾ, ਚਾਂਦੀ ਅਤੇ ਜਵਾਹਰਾਤ ਲੁੱਟੇ ਅਤੇ ਉਨ੍ਹਾਂ ਮੰਦਿਰਾਂ ਦੇ ਸਥਾਨਾਂ 'ਤੇ ਮਸਜਿਦਾਂ ਖੜ੍ਹੀਆਂ ਕਰ ਦਿੱਤੀਆਂ।

(iv) **ਮਦੁਰਾ ਦੀ ਵਿਜੈ** (Conquest of Madura) : 1311 ਈ. ਵਿਚ ਦੁਵਾਰਸਮੁੰਦਰ ਦੇ ਹੋਏ ਸਲ ਰਾਜ ਨੂੰ ਜਿਤ ਲੈਣ ਤੋਂ ਬਾਦ ਮਲਿਕ ਕਾਫੂਰ ਨੇ ਮਦੁਰਾ ਪਾਂਡੇਯਾਂ ਦੇ ਵਿਰੁਧ ਆਕ੍ਰਮਣ ਕੀਤਾ। ਮੁਸਲਮਾਨਾਂ ਦੀ ਖੁਸ਼ ਕਿਸਮਤੀ ਸਮਝੋ ਕਿ ਉਸ ਸਮੇਂ ਸੁੰਦਰ ਅਤੇ ਵੀਰ ਪਾਂਡੇਯ ਦੇ ਭਾਈਆਂ ਦੇ ਵਿਚ ਉਤਰਾਧਿਕਾਰ ਦਾ ਯੁੱਧ ਚਲ ਰਿਹਾ ਸੀ। ਮਲਿਕ ਨੇ ਸੁੰਦਰ ਪਾਂਡੇਯ ਦਾ ਸਾਥ ਦਿੱਤਾ ਅਤੇ ਵੀਰ ਪਾਂਡੇਯ ਨੂੰ ਹਰਾ ਕੇ ਸਮਾਪਤ ਕਰ ਦਿੱਤਾ। ਮਦੁਰਾ ਨੂੰ ਲੁੱਟ ਮਾਰ ਕਰਕੇ ਉਜਾੜ ਦਿੱਤਾ। ਮੰਦਰ ਤੋੜ ਦਿੱਤੇ ਅਤੇ ਉਸੀ ਸਥਾਨ ਉਤੇ ਮਸਜਿਦਾਂ ਬਣਵਾਈਆਂ। ਬਹੁਤ ਸਾਰੀ ਧੰਨ ਦੌਲਤ ਲੈ ਕੇ ਮਲਿਕ ਕਾਫੂਰ ਉਤੱਰ ਵੱਲ ਵਾਪਸ ਆ ਗਿਆ।

(v) **ਦਵਗਿਰੀ ਤੇ ਦੁਬਾਰਾ ਆਕ੍ਰਮਣ** (Another Conquest of Devgiri) : ਦੇਵ ਗਿਰੀ ਦਾ ਰਾਜਾ ਰਾਮਚੰਦਰ 1306–07 ਈ. ਵਿੱਚ ਮਲਿਕ ਕਾਫੂਰ ਦੇ ਹੱਥੋਂ ਹਾਰ ਖਾ ਕੇ ਦੂਜੇ ਵਸ ਹੋ ਚੁੱਕਾ ਸੀ। ਉਸਦੀ ਮੌਤ ਦੇ ਬਾਦ ਸ਼ੰਕਰਦੇਵ ਦੇਵਗਿਰੀ ਦਾ ਸ਼ਾਸਕ ਬਣ ਗਿਆ ਸੀ। ਉਸਨੇ ਸੁਲਤਾਨ ਨੂੰ ਸਾਲਾਨਾ ਧੰਨ ਭੇਂਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਲਈ ਕਾਫੂਰ ਨੇ ਉਸਦੇ ਵਿਰੁਧ ਚੜ੍ਹਾਈ ਕਰਕੇ ਉਸਨੂੰ ਹਰਾ ਦਿੱਤਾ। ਸ਼ੰਕਰ ਦੇਵ ਮਾਰ ਦਿੱਤਾ ਗਿਆ ਅਤੇ ਦੇਵਗਿਰੀ ਨੂੰ ਲੁੱਟ ਕੇ ਪਰਾਏ ਵਸ ਬਣਾ ਦਿੱਤਾ।

*ਟਾਸਕ* ਮਦੁਰਾ ਦੀ ਵਿਜੈ ਕਦੋਂ ਹੋਈ ?

ਨੋਟ

**ਅਲਾਉਦੀਨ ਦੀ ਦਖਣੀ ਨੀਤੀ** (Ala-ud-Din's Deccan Policy) : ਅਲਾਉਦੀਨ ਦੀ ਦੱਖਣੀ ਨੀਤੀ ਦਾ ਮਤਲਬ ਸਾਰੇ ਦੱਖਣੀ ਰਾਜਾਂ ਨੂੰ ਹੜੱਪ ਕਰ ਲੈਣਾ ਨਹੀਂ ਸੀ। ਦੇਵ ਗਿਰੀ ਵਾਰੰਗਲ ਦੁਆਰ ਸਮੁੰਦਰ ਅਤੇ ਮਦੁਰਾ ਦੇ ਰਾਜਾਂ ਨੂੰ ਜਿਤ ਲਿਆ ਗਿਆ ਪਰੰਤੂ ਉਨ੍ਹਾਂ ਨੂੰ ਸਾਮਰਾਜ ਵਿਚ ਖਪਾਇਆ ਨਹੀਂ।

ਅਮੀਰ ਖੁਸਰੋ ਦੇ ਮਤਾਨੁਸਾਰ ਅਲਾਉਦੀਨ ਦੀ ਦੱਖਣੀ ਚੜ੍ਹਾਈਆਂ ਦਾ ਪ੍ਰਧਾਨ ਮਤਲਬ ਧਾਰਮਿਕ ਸੀ। ਉੱਤਰੀ ਭਾਰਤ ਦੇ ਬਹੁਤ ਸਾਰੇ ਹਿੱਸੇ ਨੂੰ ਜਿੱਤਣ ਤੇ ਸੁਲਤਾਨ ਨੇ ਇਹ ਮਹਿਸੂਸ ਕੀਤਾ ਕਿ ਇਸਲਾਮ ਦਾ ਪ੍ਰਕਾਸ਼ ਦੱਖਣ ਵਿਚ ਜ਼ਰੂਰ ਫੈਲਾਉਣਾ ਚਾਹੀਦਾ ਹੈ।

ਇਸ ਲਈ ਤਾਂ ਦੁਆਰ ਸਮੁੰਦਰ ਵਿਚ ਕਈ ਮੰਦਰ ਹਟਾ ਕੇ ਉਨ੍ਹਾਂ ਦੇ ਸਥਾਨ ਤੇ ਮਸਜਿਦਾਂ ਬਣਵਾਈਆਂ ਪਰੰਤੂ ਡਾ. ਆਯੰਗਰ ਅਤੇ ਕੇ.ਐਸ. ਲਾਲ ਦੇ ਮਤਾਨੂੰਸਾਰ ਅਲਾਉਦੀਨ ਦੇ ਧਾਰਮਿਕ ਜੋਸ਼ ਨੇ ਦੱਖਣੀ ਨੀਤੀ ਨੂੰ ਨਿਰਧਾਰਿਤ ਨਹੀਂ ਕੀਤਾ। ਜੇਕਰ ਮਲਿਕ ਕਾਫੂਰ ਨੇ ਦੱਖਣੀ ਮੰਦਰਾਂ ਨੂੰ ਨਸ਼ਟ ਕੀਤਾ ਤਾਂ ਇਸ ਲਈ ਨਹੀਂ ਕਿ ਉਸਦਾ ਮਕਸਦ ਮੂਰਤੀ ਪੂਜਾ ਨੂੰ ਨਸ਼ਟ ਕਰਨਾ ਸੀ। ਉਧਰ ਦੂਸਰੀ ਗੱਲ ਇਹ ਮੰਦਰ ਇਸਲਈ ਨਸ਼ਟ ਕੀਤੇ ਗਏ ਕਿਉਂਕਿ ਉਹ ਧੰਨ ਦੌਲਤ ਦਾ ਭੰਡਾਰ ਸਨ। ਇਸ ਪ੍ਰਕਾਰ ਜੇਕਰ ਕੁਝ ਮਸਜਿਦਾਂ ਦੱਖਣ ਵਿਚ ਬਣਾਵਾਈਆਂ ਗਈਆਂ ਤਾਂ ਉਹ ਇਸ ਮਕਸਦ ਤੋਂ ਨਹੀਂ ਕਿ ਇਸਲਾਮ ਦਾ ਪ੍ਰਸਾਰ ਕਰਨਾਂ ਹੈ ਬਲਕਿ ਉਹ ਵਿਜਾਵਾਂ ਦੀ ਯਾਦ ਮਨਾਉਣ ਵਾਸਤੇ ਜਿਹੜੀਆਂ ਮੁਸਲਮਾਨਾਂ ਨੇ ਅਲਾਉਦੀਨ ਦੀ ਦੱਖਣੀ ਚੜਾਈਆਂ ਦਾ ਪ੍ਰਮੁੱਖ ਅਤੇ ਆਵਸਕ ਰੂਪ ਦੱਖਣ ਤੋਂ ਵੱਧ ਤੋਂ ਵੱਧ ਧੰਨ ਦੌਲਤ ਇਕੱਠੀ ਕਰਨੀ ਸੀ। ਸਿੰਘਾਸਨ ਉਤੇ ਬੈਠਣ ਤੋਂ ਪਹਿਲਾਂ ਵੀ ਉਸਨੇ ਦੇਵਗਿਰੀ ਉਤੇ ਚੜ੍ਹਾਈ ਕੀਤੀ ਸੀ ਅਤੇ ਬਹੁਤ ਸਾਰੀ ਧੰਨ ਦੌਲਤ ਨਾਲ ਲੈ ਕੇ ਆਇਆ ਸੀ। ਇਸ ਲਈ ਜਦੋਂ ਉਹ ਰਾਜਾ ਬਣਿਆ ਤਾਂ ਉਸਨੇ ਮਲਿਕ ਕਾਫੂਰ ਨੂੰ ਇਹ ਨਿਰਦੇਸ਼ ਦਿੱਤਾ ਸੀ ਕਿ ਇਨ੍ਹਾਂ ਰਾਜਾ ਉਤੇ ਚੜ੍ਹਾਈ ਕਰਕੇ ਉੱਥੇ ਦੀ ਧੰਨ ਦੌਲਤ ਲੁੱਟ ਕੇ ਲਿਆਵੇ। ਉਸਨੇ ਮਲਿਕ ਨੂੰ ਖਾਸ ਨਿਰਦੇਸ਼ ਦਿੱਤਾ ਕਿ ਤੁਸੀਂ ਉਹ ਸ਼ਰਤਾਂ ਹੀ ਸਵੀਕਾਰ ਕਰਨੀਆਂ ਹਨ ਜਿਸ ਵਿਚ ਜਵਾਹਾਰਾਤ ਅਤੇ ਧੰਨ ਕੋਸ਼ ਦਾ ਸਮਰਪਣ ਹੋਵੇ ਅਤੇ ਜਦੋਂ ਐਸਾ ਹੋ ਜਾਵੇ ਤਾਂ ਤੁਹਾਨੂੰ ਅਨਆਵਸਕ ਰੂਪ ਨਾਲ ਉਨ੍ਹਾਂ ਸ਼ਾਸਕਾਂ ਨੂੰ ਨਹੀਂ ਸਤਾਉਣਾ ਚਾਹੀਦਾ। ਇਸ ਸੰਬੰਧ ਵਿਚ ਡਾ. ਅਯਰਾਰ ਦਾ ਕਹਿਣਾ ਹੈ ਕਿ "ਦੱਖਣ ਦੀ ਇਨ੍ਹਾਂ ਅਲਗ-ਅਲਗ ਚੜ੍ਹਾਈਆਂ ਵਿਚ ਅਤੇ ਦੂਰ ਦੱਖਣ ਵੱਲ ਜਾਣ ਵਿਚ ਅਲਾਉਦੀਨ ਦਾ ਮਕਸਦ ਇਸ ਤੋਂ ਜ਼ਿਆਦਾ ਨਹੀਂ ਦਿਖਦਾ ਕਿ ਉਹ ਗਊ ਦੇ ਥਣ ਤੋਂ ਦੁੱਧ ਨਹੀਂ ਸੋਨਾ ਕੱਢਣਾ ਚਾਹੁੰਦਾ ਸੀ, ਜਿਸ ਦੀ ਉਸਨੂੰ ਬਹੁਤ ਆਵਸ਼ਕਤਾ ਰਹਿੰਦੀ ਸੀ।" ਹਰੇਕ ਆਕ੍ਰਮਣ ਦੇ ਪਰਿਣਾਮ-ਸਰੂਪ ਮਲਿਕ ਕਫੂਰ ਨੇ ਬਹੁਤ ਦੌਲਤ ਭੇਜੀ। ਅਸੀਂ ਦੇਖਦੇ ਹਾਂ ਕਿ ਦੇਵਗਿਰੀ ਦੇ ਰਾਮ ਚੰਦਰ ਨੇ ਭਾਰੀ ਮਾਤਰਾ ਵਿਚ ਦੌਲਤ ਅਤੇ ਜਵਾਹਾਰਾਤ ਦਿੱਤੇ ਅਤੇ ਕੁਝ ਹਾਥੀ ਵੀ ਦਿੱਤੇ ਜਿਨ੍ਹਾਂ ਦੇ ਨਾਲ ਸਾਲਾਨਾ ਧੰਨ ਦੀ ਵੀ ਭੇਂਟ ਦਿੱਤੀ ਸੀ। ਇਸੀ ਤਰ੍ਹਾਂ ਵਾਰੰਗਲ ਦੇ ਪ੍ਰਤਾਪ ਰੁਦਰਦੇਵ ਨੇ ਅਪਣਾ ਧੰਨ ਖਜਾਨਾ ਹਵਾਲੇ ਕੀਤਾ। ਉਸਨੇ ਅਪਣੀ ਸੁਨਹਿਰੀ ਮੂਰਤੀ ਵੀ ਭੇਜੀ ਜਿਸ ਦੇ ਗੱਲ ਵਿੱਚ ਸੁੰਦਰ ਮਾਲਾ ਸੀ ਜਿਹੜਾ ਬਿਨਾਂ ਸ਼ਰਤ ਹਵਾਲੇ ਹੋਣ ਦੀ ਨਿਸ਼ਾਨੀ ਸੀ। ਦੱਖਣ ਦੀ ਦੂਸਰੇ ਸ਼ਾਸਕਾਂ ਨੂੰ ਵੀ ਉਸੀ ਤਰ੍ਹਾਂ ਦੌਲਤ ਦੇ ਵੱਡੇ-ਵੱਡੇ ਤੋਹਫ਼ੇ ਦਿੱਤੇ। ਕਹਿੰਦੇ ਹਨ ਕਿ ਪ੍ਰਸਿੱਧ ਕੋਹੇਨੂਰ ਮਲਿਕ ਕਾਫੂਰ ਦੱਖਣ ਤੋਂ ਹੀ ਲੈ ਕੇ ਆਇਆ ਸੀ। ਅਲਾਉਦੀਨ ਨੇ ਹਿੰਦੂ ਮੰਦਰਾਂ ਨੂੰ ਨਸ਼ਟ ਕੀਤਾ ਤਾਂ ਵੀ ਇਸ ਲਈ ਨਹੀਂ ਕਿ ਉੱਥੇ ਤੋਂ ਦੌਲਤ ਲੁੱਟੇ। ਇਸ ਲਈ ਕੇ.ਐਸ. ਲਾਲ ਲਿਖਦਾ ਹੈ ਕਿ "ਸਚ ਪੁੱਛੋਂ ਤਾਂ ਦੱਖਣ ਵਿਚ ਕਾਫੂਰ ਦੇ ਅਭਿਯਾਨਾਂ ਦੇ ਪਿੱਛੇ ਉਹ ਪ੍ਰਯੋਜਨ ਕੰਮ ਕਰ ਰਹੇ ਸਨ ਜਿਹੜੇ ਉੱਤਰ ਵਿਚ ਗਜਨੀ ਦੇ ਮੁਹੰਮਦ ਦੇ ਪਿੱਛੇ।" ਸੰਖੇਪ ਵਿਚ ਇਹ ਸਭ ਤੋਂ ਵਧ ਕੇ ਦੱਖਣ ਦੀ ਅਸੀਮ ਦੌਲਤ ਹੀ ਸੀ ਜਿਸਨੇ ਉਸਨੂੰ ਵਿੰਧਿਆ ਪਾਰ ਦੇ ਰਾਜਾ ਉੱਤੇ ਚੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ।

ਪਰ ਇਸ ਦਾ ਅਰਥ ਇਹ ਨਹੀਂ ਕਿ ਅਲਾਊਦੀਨ ਦੀ ਨੀਤੀ ਦੱਖਣ ਵਿੱਚ ਕੇਵਲ ਲੁੱਟਮਾਰ ਦੇ ਲਈ ਛਾਪੇ ਮਾਰਨਾ ਸੀ। ਉਸ ਨੇ ਦੱਖਣ ਦਾ ਇਕ ਛੋਟਾ ਜਿਹਾ ਹਿੱਸਾ ਦੇਵਗਿਰੀ ਆਪਣੇ ਰਾਜ ਵਿੱਚ ਮਿਲਾਇਆ। ਇਸ ਦੇ ਇਲਾਵਾ ਦੱਖਣ ਦੇ ਕੁਝ ਰਾਜ ਇਸ ਹੱਦ ਤੱਕ ਦਬਾਅ ਦਿੱਤੇ ਗਏ ਕਿ ਉਹ ਮੁਸਲਮਾਨਾਂ ਦਾ ਅਧਿਕਾਰ ਸਵੀਕਾਰ ਕੀਤੇ ਬਿਨਾਂ ਨਾ ਰਹਿ ਸਕਦੇ ਅਤੇ ਅਸਲ ਵਿੱਚ ਉਹ ਤੰਗ ਹੋ ਕੇ ਦਿੱਲੀ ਸੁਲਤਾਨ ਦੇ ਕੇਵਲ ਦਾਸ ਹੀ ਬਣ ਕੇ ਰਹਿ ਗਏ। ਜਦੋਂ ਕਿ ਅਲਾਊਦੀਨ ਦਾ ਸਾਮਰਾਜ ਦੂਰ ਦੱਖਣ ਤੱਕ ਨਹੀਂ ਫੈਲਿਆ ਫਿਰ ਵੀ ਇਕ ਗੱਲ ਤਾਂ ਹੈ ਕਿ ਕਿ ਖਿਲਜੀਆਂ ਦਾ ਅਧਿਕਾਰ ਦੱਖਣ ਦੇ ਹਿੰਦੂ ਰਾਜਿਆਂ ਨੇ ਵੀ ਮੰਨ ਲਿਆ।

ਅਲਾਉਦੀਨ ਦੀ ਦੱਖਣੀ ਨੀਤੀ ਬਹੁਤ ਹੀ ਸਫਲ ਅਤੇ ਰਾਜਨੀਤੀਪੂਰਣ ਸੀ। ਇਸ ਨੀਤੀ ਨਾਲ ਉਸਨੂੰ ਧੰਨ, ਸ਼ਕਤੀ ਅਤੇ ਸ਼ਾਨ ਮਿਲੀ ਅਤੇ ਉਸਦਾ ਰਾਜ ਮਜਬੂਤ ਹੋਇਆ। ਉਸਨੇ ਦੱਖਣੀ ਰਾਜਾ ਨੂੰ ਨਾਲ ਨਹੀਂ ਮਿਲਾਇਆ ਇਹੋ ਹੀ ਉਸਦੀ ਬੁੱਧੀਮਤਾ ਸੀ। ਇਸ ਵਾਸਤਵਿਕਵਾਦੀ ਦੀ ਤਰ੍ਹਾਂ ਉਸਨੇ ਇਹ ਸਮਝ ਲਿਆ ਕਿ ਦੱਖਣੀ ਦੇ ਦੂਰ ਵਰਤੀਪ੍ਰਦੇਸ਼ਾਂ ਤੇ ਪੂਰਾ ਨਿਯੰਤ੍ਰਣ ਕਰਨਾ ਵਿਵਹਾਰਕ ਦ੍ਰਿਸ਼ਟੀ ਨਾਲ ਅਸੰਭਵ ਹੋਵੇਗਾ। ਬਾਦ ਵਿਚ ਦੱਖਣੀ ਰਾਜਾਂ ਨੂੰ ਹੜੱਪ ਕਰਨ ਵਿਚ ਮੁਹੱਮਦ ਤੁਗਲਕ ਦੀ ਕੋਸ਼ਿਸ਼ ਨੇ ਬੜੀ ਮੁਸ਼ਕਲਾਂ ਖੜੀਆਂ ਕਰ ਦਿੱਤੀਆਂ ਅਤੇ ਸੁਲਤਾਨ ਸ਼ਾਹੀ ਬੜੇ ਦੁਖਾਂ ਵਿਚ ਫਸ ਗਈ।

**ਸਵ-ਮੁਲਾਂਕਣ (Self Assessment)**

3. ਹੇਠ ਲਿਖਿਆਂ ਕਥਨਾਂ ਵਿਚ ਸੱਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False):
   (i) ਅਲਾਉਦੀਨ ਖਿਲਜੀ 1296 ਈ. ਵਿਚ ਗੱਦੀ ਉਤੇ ਬੈਠੇ।
   (ii) 1299 ਈ. ਵਿਚ ਅਲਾਉਦੀਨ ਨੇ ਨੁਸਰਤ ਖਾਨ ਅਤੇ ਉਲਗਖਾਨ ਦੇ ਨੇਤਰਤਵ ਵਿਚ ਇਕ ਸੈਨਾ ਭੇਜੀ।

ਨੋਟ

(iii) 1307 ਈ. ਵਿਚ ਮਲਿਕ ਕਾਫੂਰ ਨੂੰ ਸੈਨਾ ਦੇ ਕੇ ਦੇਵਗਿਰੀ ਭੇਜਿਆ।

(iv) ਅਲਾਉਦੀਨ ਦੀ ਦੱਖਣੀ ਨੀਤੀ ਦਾ ਮਕਸਦ ਸਾਰੇ ਦੱਖਣੀ ਰਾਜ ਨੂੰ ਹੜਪ ਕਰਨਾ ਨਹੀਂ ਸੀ।

## 5.4 ਅਲਾਉਦੀਨ ਖਿਲਜੀ ਦਾ ਪ੍ਰਸ਼ਾਸਨ (Administration of Ala-ud-Din Khilji)

ਅਲਾਉਦੀਨ ਖਿਲਜੀ ਨ ਕੇਵਲ ਇਕ ਮਹਾਨ ਯੋਧਾ ਅਤੇ ਵਿਜੇਤਾ ਸੀ ਇਸ ਤੋਂ ਇਲਾਵਾ ਉਹ ਇਕ ਸਰਵੋਚ ਪ੍ਰਸ਼ਾਸਨਿਕ ਦਿਮਾਗ ਦਾ ਵੀ ਸੀ। ਕੇ. ਐਸ. ਲਾਲ ਲਿਖਦੇ ਹਨ ਗੱਲ੍ਹਾਂ ਦੀ ਬਜਾਏ ਇਕ ਪ੍ਰਸ਼ਾਸਕ ਦੇ ਰੂਪ ਵਿਚ ਹੀ ਅਲਾਉਦੀਨ ਆਪਣੇ ਪੂਰਵਗਾਮੀਆਂ ਤੋਂ ਕਿਤੇ ਉੱਚਾ ਸੀ। ਇਕ ਯੋਧਾ ਦੇ ਨਾਤੇ ਜਿਹੜੇ ਉਸਦੇ ਅੰਦਰ ਗੁਣ ਸਨ ਉਹ ਇਕ ਸੰਯੋਜਕ ਦੇ ਨਾਤੇ ਉਸਦੀ ਸਫਲਤਾਵਾਂ ਦੇ ਅੱਗੇ ਫਿੱਕੇ ਪੈ ਜਾਂਦੇ ਹਨ।

### 5.4.1 ਕੇਂਦਰੀ ਸਰਕਾਰ (Central Government)

**ਰਾਜਾ** (The King): ਸੁਲਤਾਨ ਪ੍ਰਸ਼ਾਸਨ ਦਾ ਮੁਖੀਆ ਸੀ ਡਾ.ਆਰ. ਪੀ. ਤ੍ਰਿਪਾਠੀ ਦੇ ਮਤਾਨੁਸਾਰ "ਰਾਜ ਸ਼ਾਹੀ ਬਿਨਾਂ ਕਿਸੇ ਵਿਸ਼ੇਸ਼ ਧਾਰਮਿਕ ਸਹਾਇਤਾ ਦੇ ਜੀਵਤ ਨਹੀਂ ਰਹਿ ਸਕਦੀ ਸੀ ਅਤੇ ਰਾਜਾ ਦਾ ਦ੍ਰਿਸ਼ਟੀਕੋਣ ਮੁੱਲਾਂ ਅਤੇ ਮੌਲਵੀਆਂ ਤੋਂ ਬਹੁਤ ਵੱਖ ਸੀ। ਅਲਾਉਦੀਨ ਖਿਲਜੀ ਦੀ ਇਹ ਬਹੁਤ ਵੱਡੀ ਦੇਣ ਸੀ।" ਉਹ ਸ਼ਾਹੀ ਸੈਨਾ ਦਾ ਮਹਾਨ ਸੈਨਾਪਤੀ ਸੀ ਅਤੇ ਨਿਆਂ ਅਤੇ ਸ਼ਾਸਨ ਦਾ ਸਰਵੋਚ ਅਧਿਕਾਰੀ ਸੀ। ਅਸ਼ਰਫ਼ ਦੇ ਸ਼ਬਦਾਂ ਵਿਚ, "ਦਿੱਲੀ ਦਾ ਸੁਲਤਾਨ ਸਿਧਾਂਤਕ ਅਸੀਮ ਮਨ ਮੰਨਿਆ ਸ਼ਾਹ ਸੀ ਜਿਸ ਉੱਤੇ ਕਾਨੂੰਨ ਦਾ ਕੋਈ ਬੰਧਨ ਨਹੀਂ ਸੀ ਅਤੇ ਕੋਈ ਭੌਤਿਕ ਰੋਕ ਨਹੀਂ ਅਤੇ ਜਿਸ ਉੱਤੇ ਅਪਣੀ ਇੱਛਾ ਦੇ ਸਿਵਾਏ ਹੋਰ ਕੋਈ ਇੱਛਾ ਨਹੀਂ ਚਲਦੀ ਸੀ।" ਤੇਰ੍ਹਵੀਂ ਸ਼ਤਾਬਦੀ ਭਰ ਦੇਸ਼ ਦੇ ਸੁਲਤਾਨ ਉਪਰ ਦੋ ਸ਼ਕਤੀਸ਼ਾਲੀ ਬਰਾਦਰੀਆਂ ਦਾ ਬਹੁਤ ਪ੍ਰਭਾਵ ਰਹਿ ਚੁਕਿਆ ਸੀ। ਇਕ ਬਰਾਦਰੀ ਸੀ ਸਰਦਾਰ ਵਰਗ ਅਤੇ ਦੂਸਰਾ ਸੀ ਮੌਲਾਨਾ ਵਰਗ। ਅਲਾਉਦੀਨ ਨੇ ਸਰਦਾਰ ਵਰਗ ਨੂੰ ਕੇਵਲ ਨੌਕਰੀ ਚਾਕਰੀ ਦੀ ਸਥਿਤੀ ਤਕ ਪਹੁੰਚਾ ਦਿੱਤਾ ਅਤੇ ਇਸ ਪ੍ਰਕਾਰ ਜਿਹੜਾ ਪ੍ਰਭਾਓ ਸੁਲਤਾਨ ਉੱਤੇ ਚਲਦਾ ਸੀ ਉਸਨੂੰ ਖਤਮ ਕਰ ਦਿੱਤਾ। ਡਾ. ਈਸ਼ਵਰੀ ਪ੍ਰਸਾਦਿ : ਅਲਾਉਦੀਨ ਰਾਜ ਦੇ ਮਾਮਲੇ ਵਿਚ 'ਉਲੇਮਾ' ਦੀ ਦਖਲ ਅੰਦਾਜੀ ਦਾ ਵਿਰੋਧ ਕਰਦਾ ਸੀ ਅਤੇ ਇਸ ਸੰਬੰਧ ਵਿਚ ਉਸਨੇ ਦਿੱਲੀ ਦੇ ਪਹਿਲੇ ਸੁਲਤਾਨਾਂ ਦੇ ਰਿਵਾਜ ਦਾ ਪਾਲਣ ਨਹੀਂ ਕੀਤਾ। ਨਿਯਮ (Law) ਰਾਜਾ ਦੀ ਇੱਛਾ ਉਤੇ ਨਿਰਭਰ ਸੀ ਅਤੇ ਪੈਗੰਬਰ ਦੀ ਵਿਧੀ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਸੀ। ਨਵੇਂ ਰਾਜਾ ਦਾ ਇਹ ਮਾਰਗ ਸੂਤਰ (Guiding Maxim) ਸੀ।

ਅਲਾਉਦੀਨ ਨੇ ਸੁਲਤਾਨ-ਸ਼ਾਹੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਇਹ ਘੋਸ਼ਣਾਕੀਤੀ ਕਿ ਮੈਂ ਮੌਲਾਨਾ ਵਰਗ ਨੂੰ ਇਹ ਛੂਟ ਕਦੀ ਨਹੀਂ ਦੇਵਾਂਗਾ ਕਿ ਉਹ ਰਾਜ ਉੱਤੇ ਹਕੂਮਤ ਚਲਾਉਣ। ਉਸਨੇਸਭ ਤੋਂ ਪਹਿਲਾਂ ਕਾਜੀ ਮੁਧੀਸੁੱਦੀਨ ਤੋਂ ਕੁਝ ਸਵਾਲ ਪੁੱਛੇ। ਪਹਿਲਾਂ ਸਵਾਲ ਇਹ ਸੀ ਕਿ ਕੀ ਰਾਜਾ ਭ੍ਰਸ਼ਟਾਚਾਰੀ ਅਤੇ ਵਿਦਰੋਹੀ ਸਰਦਾਰਾਂ ਨੂੰ ਸਖਤ ਸਜਾ ਦੇ ਸਕਦਾ ਹੈ ? ਕਾਜੀ ਨੇ ਜਵਾਬ ਦਿੱਤਾ ਕਿ ਇਹ ਇਸਲਾਮੀ ਕਾਨੂੰਨ ਦੇ ਵਿਰੁਧ ਹੈ। ਫਿਰ ਅਲਾਉਦੀਨ ਨੇ ਉਸ ਕੋਲੋਂ ਪੁੱਛਿਆ ਕਿ ਜੋ ਜਿਹੜਾ ਲੁੱਟ ਦਾ ਮਾਲ ਮੈਂ ਦੱਖਣ ਤੋਂ ਲਿਆਂਦਾ ਹਾਂ ਕੀ ਮੈਂ ਉਸਨੂੰ ਅਪਣੇ ਨਿਜੀ ਲਾਭ ਲਈ ਵਰਤ ਸਕਦਾ ਹਾਂ ? ਕਾਜੀ ਨੇ ਕਿਹਾ- ਨਹੀਂ ਅਲਾਉਦੀਨ ਨੇ ਹੋਰ ਇਕ ਸਵਾਲ ਪੁੱਛਿਆ ਕਿ ਰਾਜਾ ਨੂੰ ਕਿੰਨੀ ਤਨਖਾਹ ਲੈਣੀ ਚਾਹੀਦੀ। ਉਸ ਵਿਦਵਾਨ ਨੇਜਵਾਬ ਦਿੱਤਾ ਕਿ ਜ਼ਿਆਦਾ ਤੋਂ ਜ਼ਿਆਦਾ ਉਨ੍ਹੀ ਤਨਖਾਹ ਲਵੇ ਜਿਨ੍ਹੀ ਕਿ ਸਰਵੱਚ ਅਧਿਕਾਰੀ ਨੂੰ ਦੇਵੇ। ਇਸ ਜਵਾਬ ਤੇ ਸੁਲਤਾਨ ਬਿਗੜ ਗਿਆ ਅਤੇ ਉਸਨੇ ਬੜੇ ਦੁਰਬੋਧ ਸ਼ਬਦਾਂ ਵਿਚ ਕਾਜੀ ਨੂੰ ਕਿਹਾ "ਐਸੇ ਇਕ ਵਿਦਰੋਹ ਨੂੰ ਰੋਕਣ ਲਈ ਜਿਸ ਦੇ ਵਿਚ ਹਜਾਰਾਂ ਲੋਕ ਨਸ਼ਟ ਹੋ ਜਾਣ ਮੈਂ ਐਸੀ ਆਗਿਆ ਜਾਰੀ ਕਰਦਾ ਹਾਂ ਜਿਸਨੂੰ ਮੈਂ ਰਾਜ ਦੇ ਲਾਭ ਅਤੇ ਲੋਕਾਂ ਦੀ ਭਲਾਈ ਦੇ ਲਈ ਠੀਕ ਸਮਝਦਾ ਹਾਂ। ਮੈਂ ਨਹੀਂ ਜਾਣਦਾ ਕਿ ਉਹ ਕਾਨੂੰਨੀ ਹੈ ਜਾਂ ਕਾਨੂੰਨ ਵਿਰੁਧ। ਮੇਰੇ ਲਈ ਤਾਂ ਉਹ ਕਾਨੂੰਨ ਹੈ ਜਿਸਨੂੰ ਰਾਜ ਦੀ ਭਲਾਈ ਜਾਂ ਸੰਕਟ ਕਾਲ ਦੇ ਲਈ ਠੀਕ ਸਮਝਾਂ। ਸੰਕਟ ਕਾਲ ਵਿੱਚ ਨਿਆਂ ਦੇ ਦਿਨ ਮੇਰੇ ਨਾਲ ਕੀ ਹੋਵੇਗਾ ਮੈਨੂੰ ਇਸ ਦੀ ਚਿੰਤਾ ਨਹੀਂ।" ਸੁਲਤਾਨ ਦੇ ਇਹ ਸ਼ਬਦ ਬੜੇ ਅਰਥਪੂਰਣ ਸਨ ਕਿਉਂਕਿ ਇਨ੍ਹਾਂ ਨੇ ਰਾਜਸ਼ਾਹੀ ਦੇ ਇੱਕ ਨਵੇਂ ਸਿਧਾਂਤ ਦੀ ਨੀਂਹ ਰੱਖੀ।

**ਮੰਤਰੀ (Ministers)**

(i) ਅਪਣੇ ਰਾਜ ਦੇ ਕਰਤੱਵਾਂ ਨੂੰ ਚੁਕਾਉਣ ਵਿੱਚ ਸੁਲਤਾਨ ਦੇ ਕੋਲ ਕਈ ਮਦਦਗਾਰ ਮੰਤਰੀ ਸਨ। ਸੁਲਤਾਨ ਤੋਂ ਬਾਦ ਪ੍ਰਧਾਨ ਮੰਤਰੀ ਦਾ ਜੋ ਵਜੀਰ ਕਹਾਉਂਦਾ ਸੀ ਉਹ ਸੈਨਿਕ ਅਤੇ ਅਸੈਨਿਕ ਦੋਵੇਂ ਕੰਮ ਕਰਦਾ। ਉਹ ਵਿੱਤ ਵਿਭਾਗ ਦਾ ਸਿੱਧਾ ਅਧਿਕਾਰੀ ਸੀ ਅਤੇ ਰਾਜ ਕਰ ਇੱਕਠਾ ਕਰਨ ਅਤੇ ਸ਼ਾਹੀ ਖਜਾਨੇ ਵਿਚ ਜਮਾ ਕਰਾਉਣ ਦੇ ਲਈ ਸਾਮਰਾਜ ਦੇ ਵੱਖ-ਵੱਖ ਹਿੱਸਿਆ ਵਿਚ ਅਮੀਰ ਨਾਮ ਦੇ ਅਧਿਕਾਰੀ ਦੀ ਨਿਯੁਕਤੀ ਕਰਦਾ। ਉੱਧਰ ਸੈਨਿਕ ਵੱਲ ਇਹ ਵਜੀਰ ਸ਼ਾਹੀ ਸੈਨਾਵਾਂ ਦਾ ਸੇਨਾਪਤੀ ਹੁੰਦਾ ਸੀ ਅਤੇ ਜਦੋਂ ਕਦੇ ਸੁਲਤਾਨ ਦੀ ਆਗਿਆ ਮਿਲਦੀ ਤਾਂ ਅਪਣਾ ਵਜੀਰ ਨਿਯੁਕਤ ਕੀਤਾ ਜਾਂਦਾ। 1297 ਈ. ਵਿਚ ਨਸਰਤ ਖਾਨ ਨੇ ਉਸਦੀ ਜਗ੍ਹਾ ਲਈ।

(ii) **ਕਾਜੀ ਉਲਕਜਾਤ :** ਕਾਜੀ ਉਲਕਜਾਤ ਨਿਆਂ ਵਿਭਾਗ ਨਿਰੀਖਕ ਮੰਤਰੀ ਸੀ। ਉਸਦੇ ਰਾਜ ਦੇ ਅਰੰਭ ਵਿਚ ਸਦਰੂਦੀਨ ਕਾਜੀ-ਏ-ਮਮਾਲਿਕ ਸੀ।

(iii) **ਮੀਰ ਅਰਜ :** ਮੀਰ ਅਰਜ ਦਰਖਾਸਤ ਪੱਤਰਾਂ ਦਾ ਸਵਾਮੀ ਸੀ ਉਸੇ ਦੇ ਦੁਆਰਾ ਲੋਕ ਅਪਣੇ ਦਰਖਾਸਤ ਪੱਤਰ ਸੁਲਤਾਨ ਦੇ ਕੋਲ ਭੇਜਿਆ ਕਰਦੇ ਸੀ।

(iv) **ਦੀਵਾਰ-ਏ-ਅਸ਼ਰਫ਼ :** ਦੀਵਾਨ-ਏ-ਅਸ਼ਰਫ ਉਹ ਮਹਾਲੇਖਾ ਪਾਲ (Accountant General) ਸੀ ਜਿਹੜਾ ਲੇਖਾ-ਜੋਖਾ ਰਖਦਾ ਅਤੇ ਵਜੀਰ ਦੇ ਹੇਠਾਂ ਕੰਮ ਕਰਦਾ।

(v) **ਮੁਸਤੌਫੀ :** ਮੁਸਤੌਫੀ ਮਹਾਲੇਖਕ ਪਰੀਖਕ (Auditor General) ਸੀ ਉਹ ਵੀ ਵਜੀਰ ਦੇ ਹੇਠਾਂ ਕੰਮ ਕਰਦਾ ਸੀ।

(vi) **ਆਰਜ-ਏ-ਮਮਾਲਿਕ :** ਆਰਜ-ਏ-ਮਮਾਲਿਕ ਸੈਨਾ ਅਤੇ ਯੁੱਧ ਦਾ ਕਾਰਜਕਾਰੀ ਸੀ। ਉਹ ਸੈਨਿਕਾਂ ਦੀ ਭਰਤੀ ਵਿਚ ਅਤੇ ਸੈਨਾ ਅਤੇ ਆਕ੍ਰਮਣ ਅਭਿਯਾਨ ਦੇ ਸੰਗਠਨ ਵਿਚ ਰਾਜ ਦੀ ਸਹਾਇਤਾ ਕਰਦਾ।

(vii) **ਬਕਸ-ਏ-ਫੌਜ :** ਇਹ ਅਧਿਕਾਰੀ ਸੈਨਾ ਨੂੰ ਤਨਖਾਹ ਦੇਣ ਦਾ ਕੰਮ ਸੰਭਾਲਦਾ।

(viii) **ਅਮੀਰ ਕੋਹੀ :** ਇਹ ਅਧਿਕਾਰੀ ਖੇਤੀ ਬਾੜੀ ਦਾ ਸੰਚਾਲਕ ਸੀ।

(ix) **ਸ਼ਹਾਹਾਨਾ-ਏ-ਮੰਡੀ ਔਰ ਦੀਵਾਨੇ ਰਿਆਯਤ :** ਇਹ ਲੋਕ ਮੰਡੀਆਂ ਦਾ ਕੰਮ ਸੰਭਾਲਦੇ।

(x) **ਕੋਤਵਾਲ :** ਇਹ ਇਕ ਪੁਲਿਸ ਅਧਿਕਾਰੀ ਸੀ ਜਿਹੜਾ ਸ਼ਾਂਤੀ ਅਤੇ ਵਿਵਸਥਾ ਦਾ ਕੰਮ ਸੰਭਾਲਦਾ।

### 5.4.2 ਪ੍ਰਸ਼ਾਸਨ (Administration)

ਸਾਮਰਾਜ ਨੂੰ ਕਈ ਹਿੱਸਿਆਂ ਵਿਚ ਵੰਡ ਦਿੱਤਾ ਗਿਆ। ਜਿਯਾਉਦੀਨ ਬਾਰਣੀ ਦੇ ਕਹਿਣ ਅਨੁਸਾਰ ਇੱਥੇ ਗਿਆਰ੍ਹਾ ਪ੍ਰਾਂਤ ਸਨ ਜਿਨ੍ਹਾਂ ਦੇ ਨਾਮ ਹੇਠਾਂ ਦੱਤੇ ਜਾਂਦੇ ਹਨ-

(i) ਗੁਜਰਾਤ (Gujarat)
(ii) ਮੁਲਤਾਨ ਅਤੇ ਸਿਵੀਸਤਾਨ (Multan and Sivistan)
(iii) ਦੀਪਾਲਪੁਰ (Dipalpur)
(iv) ਸਮਾਣਾ ਅਤੇ ਸੁਨਾਮ (Samana and Sunam)
(v) ਧਾਰ ਅਤੇ ਉਜੈਨ (Dhar and Ujjain)
(vi) ਝਾਯਨ (Jhain)
(vii) ਚਿਤੌੜ (Chittor)
(viii) ਚੰਦੇਰੀ (Chanderi)
(ix) ਬਦਾਂਯੂ (Badaon)
(x) ਅਵਧ (Oudh)
(xi) ਕਾਰ (Kar)।

ਹਰੇਕ ਪ੍ਰਾਂਤ ਇਕ ਰਾਜਪਾਲ ਦੇ ਅਧੀਨ ਸੀ ਜਿਹੜਾ ਇਕ ਪ੍ਰਕਾਰ ਦਾ ਰਾਜਾ ਹੁੰਦਾ ਸੀ। ਉਹੀ ਪ੍ਰਾਂਤ ਦਾ ਪ੍ਰਧਾਨ ਅਧਿਕਾਰੀ ਨਿਆਂਇਕ ਅਤੇ ਸੈਨਿਕ ਮੁਖਿਆ ਸੀ ਉਸਦਾ ਕੰਮ ਸੀ - ਪ੍ਰਾਂਤ ਵਿਚ ਸ਼ਾਂਤੀ ਅਤੇ ਵਿਵਸਥਾ ਨੂੰ ਬਣਾਏ ਰਖਣਾ, ਰਾਜ ਕਰ ਇਕੱਠਾਕਰਨਾ ਅਤੇ ਜਦੋਂ ਕਦੀ ਅਤੇ ਜਿੱਥੇ ਕਿਤੇ ਜਾਣ ਦੀ ਆਗਿਆ ਮਿਲੇ ਸੈਨਿਕ ਪ੍ਰਸਥਾਨ ਦੇ ਨੇਤਰਤਵ ਕਰਨਾ।

ਅਲਾਉਦੀਨ ਜਿਹੇ ਬਲਵਾਨ ਰਾਜਾ ਦੇ ਅਧੀਨ ਰਾਜਪਾਲਾਂ ਨੂੰ ਵਿਦਰੋਹੀ ਵਿਵਹਾਰ ਕਰਨ ਦਾ ਹੌਸਲਾ ਨਹੀਂ ਹੁੰਦਾ ਸੀ। ਇਹ ਗੱਲ੍ਹ ਕਿ ਗਾਜੀ ਮਲਿਕ, ਮਲਿਕ ਕਾਫੂਰ ਅਤੇ ਅਲ੍ਹਾਹ ਖਾਨ ਜਿਹੇ ਅਨੁਭਵੀ ਸੈਨਾਪਤੀ ਅਤੇ ਰਾਜਪਾਲ ਦੀ ਵਫਾਦਾਰੀ ਨਾਲ ਸਰਕਾਰ ਦੀ ਸੇਵਾ ਕਰਦੇ, ਅਲਾਉਦੀਨ ਦੀ ਸ਼ਕਤੀ ਅਤੇ ਸਾਵਧਾਨੀ ਦਾ ਪੱਕਾ ਸਬੂਤ ਹੈ।

ਪ੍ਰਾਂਤਾਂ ਵਿੱਚ ਹੇਠਲੀਆਂ ਇਕਾਈਆਂ ਦਾ ਦਰਜਾ ਸੀ ਜਿਨ੍ਹਾਂ ਦੇ ਅਪਣੇ ਅਧਿਕਾਰੀ ਸਨ। ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਪਿੰਡ ਸੀ।

### 5.4.3 ਨਿਆਂ-ਪ੍ਰਣਾਲੀ (Judicial System)

ਕੇ.ਐਮ.ਲਾਲ ਦੇ ਸ਼ਬਦਾਂ ਵਿੱਚ "ਸੁਲਤਾਨ ਅਲਾਉਦੀਨ ਨਿਆਂ ਕਰਨ ਵਿਚ ਏਨਾ ਹੀ ਕੱਟੜ ਅਤੇ ਸਥਿਰ ਜਿੰਨ੍ਹਾਂ ਕਿ ਬਲਬਨ !" ਉਹ ਨਿਆਂ ਦਾ ਸੋਮਾ ਸੀ ਅਤੇ ਵੱਡੇ ਵੱਡੇ ਇਲਜਾਮਾਂ ਦਾ ਨਿਰਣਾ ਖੁਦ ਕਰਦਾ। ਉਸਦੇ ਦੂਸਰੇ ਦਰਜੇ ਉੱਤੇ ਕਾਜੀ-ਉਲਫ-ਕਜਾਤ (Lord Chief Justice) ਦਾ ਸਥਾਨ ਸੀ। ਪ੍ਰਾਂਤਾਂ ਵਿਚ ਰਾਜਪਾਲ ਕਾਜੀ ਅਤੇ ਹੋਰ ਛੋਟੇ ਅਧਿਕਾਰੀ ਨਿਆਂ-ਪ੍ਰਬੰਧ ਚਲਾਉਂਦੇ। ਪਿੰਡਾਂ ਵਿਚ ਮੁਖੀਆ ਲੋਕ ਅਤੇ ਪੰਚਾਇਤਾਂ ਝਗੜੇ ਮੁਕਾਉਂਦੀਆਂ ਅਤੇ ਮੁਕੱਦਮਿਆਂ ਦਾ ਫੈਸਲਾ ਕਰਦੀਆਂ। ਨਿਆਂਇਕ ਅਧਿਕਾਰੀਆਂ ਤੋਂ ਇਮਾਨਦਾਰੀ ਅਤੇ ਸਮਝਦਾਰ ਹੋਣ ਦੀ ਆਸ ਰੱਖੀ ਜਾਂਦੀ। ਇਕ ਕਾਜੀ ਦੇ ਗੁਣ ਇਹ ਸਨ ਕਿ ਉਹ ਵਿਦਵਾਨ ਬਣੇ, ਭਗਵਾਨ ਤੋਂ ਡਰੇ ਅਤੇ ਬੁਰਾਈਆਂ ਤੋਂ ਬਚੇ। ਅਲਾਉਦੀਨ ਨੇ ਇਕ ਵਾਰ ਕਾਜੀ ਨੂੰ ਮ੍ਰਿਤੂ ਦੰਡ ਦਿੱਤਾ ਕਿਉਂਕਿ ਉਹ ਸ਼ਰਾਬ ਪੀਣ ਲਗ ਗਿਆ ਸੀ।

ਨੋਟ

ਅਲਾਉਦੀਨ ਖਿਲਜੀ ਦੇ ਸਮੇਂ ਜੋ ਸਜ਼ਾ ਦਿੱਤੀ ਜਾਂਦੀ ਸੀ ਸਿਰਫ ਵੱਡੇ ਬਰਬਰ ਪ੍ਰਕਾਰ ਦੇ ਹੁੰਦੇ। ਕੋਈ ਚਾਹੇ ਕਿੰਨੀ ਉਚਹ ਪਾਦਵੀ 'ਤੇ ਕਿਉਂ ਨਾ ਹੋਵੇ, ਬੜਾ ਪਵਿੱਤਰ ਦਿਲ ਹੋਵੇ ਜਾਂ ਅਮੀਰ ਹੋਵੇ ਕਾਨੂੰਨ ਦੇ ਪੰਜੇ ਤੋਂ ਨਹੀਂ ਬਚ ਸਕਦਾ ਸੀ। ਮਲਿਕ ਕਬੂਲ ਦੀ ਸਥਿਤੀ ਦੇ ਸ਼ਾਹਾਨਾ ਨੂੰ ਵੀ ਇਸ ਕਾਰਨ ਵੀਹ ਕੋੜੇ ਲੱਗੇ ਕਿ ਉਸ ਨੇ ਸੁਲਤਾਨ ਨੂੰ ਇਹ ਸੁਝਾਅ ਦਿੱਤਾ ਸੀ ਕਿ ਅੱਧਾ ਜਿੱਤਲ ਅਨਾਜ ਦੀ ਕੀਮਤ ਵਧਾ ਦਿੱਤੀ ਜਾਵੇ। ਹੱਥ-ਪੈਰ ਕਟਵਾ ਦੇਣ ਅਤੇ ਸਰੀਰਿਕ ਦੁੱਖ ਦੀ ਸਜ਼ਾ ਤਾਂ ਇਕ ਸਧਾਰਣ ਗੱਲ ਸੀ।

ਚੋਰੀ ਨਾਲ ਸ਼ਰਾਬ ਲਿਆਉਣਾ, ਖੁੱਲ੍ਹੇਆਮ ਸ਼ਰਾਬ ਪੀਣਾ ਆਦਿ ਅਪਰਾਧਾਂ ਦੇ ਲਈ ਅਪਰਾਧੀਆਂ ਨੂੰ ਗੰਦੇ ਖੂਹ ਵਿੱਚ ਸੁੱਟਿਆ ਜਾਂਦਾ ਜਿੱਥੇ ਤੋਂ ਉਹ ਜਿਉਂਦੇ ਬਚ ਕੇ ਨਿਕਲ ਆਉਂਦੇ ਜੇਕਰ ਕੋਈ ਦੁਕਾਨਦਾਰ ਘੱਟ ਤੋਲਦਾ ਤਾਂ ਉਸਦੇ ਸਰੀਰ ਤੋਂ ਉਨ੍ਹੇ ਹੀ ਪਰਿਮਾਪ ਦਾ ਮਾਸ ਕੱਟ ਲਿਆ ਜਾਂਦਾ।

### 5.4.4 ਪੁਲਿਸ ਅਤੇ ਗੁਪਤ ਪ੍ਰਣਾਲੀ (Police and Intelligence System)

ਅਲਾਉਦੀਨ ਨੇ ਇਕ ਬਹੁਤ ਹੀ ਮਜਬੂਤ ਅਤੇ ਯੋਗ ਪੁਲਿਸ ਅਤੇ ਗੁਪਤਚਰ ਪ੍ਰਣਾਲੀ ਸਥਾਪਿਤ ਕੀਤੀ । ਕੋਤਵਾਲ ਉਸ ਸਮੇਂ ਮੁਖ ਅਧਿਕਾਰੀ ਸੀ ਜੋ ਸ਼ਾਂਤੀ ਅਤੇ ਵਿਵਸਥਾ ਦਾ ਰਖਵਾਲਾ ਸੀ ਹੋਰ ਵੀ ਕਈ ਅਧਿਕਾਰੀ ਸਨ ਜਿਨ੍ਹਾਂ ਦੇ ਕੋਲ ਪੁਲਿਸ ਦਾ ਕੰਮ ਸੀ। ਇਸ ਤੋਂ ਇਲਾਵਾ ਅਲਾਉਦੀਨ ਨੇ ਬੜੇ ਸੁਚੱਜੇ ਢੰਗ ਨਾਲ ਗੁਪਤਚਰ ਪ੍ਰਣਾਲੀ ਨੂੰ ਸੰਗਠਤ ਕੀਤਾ। ਮੁਰਲੈਂਡ ਦਾ ਕਹਿਣਾ ਹੈ "ਉਸਨੇ ਜਸੂਸੀ ਦੀ ਇਕ ਇਹੋ ਜਿਹੀ ਪ੍ਰਣਾਲੀ ਦਾ ਗਠਨ ਕੀਤਾ ਕਿ ਕੋਈ ਵਿਅਕਤੀ ਰਾਜਦਰੋਹਾਤਮਕ (Seditious Word) ਨਹੀਂ ਬੋਲ ਸਕਦਾ ਸੀ। ਰਾਜਧਾਨੀ ਦਾ ਆਨੰਦਮਈ ਵਾਤਾਵਰਣ ਨਿਸੰਦੇਹ ਅੰਧਕਾਰ ਵਿਚ ਬਦਲ ਗਿਆ। ਪਰ ਉਸ ਸਮੇਂ ਖੜਯੰਤ੍ਰ (Conspiracy) ਦਾ ਅੰਤ ਹੋ ਚੁੱਕਾ ਸੀ। ਉਸਨੇ ਮੁਹਬਿਸ ਨਿਯੁਕਤ ਕਰ ਰਖੇ ਸਨ ਜਿਹੜੇ ਸੁਲਤਾਨ੍ਹ ਬਹੁਤ ਛੋਟੀ ਤੋਂ ਛੋਟੀ ਗੱਲ ਦੀ ਸੂਚਨਾ ਦਿੰਦੇ ਸਨ। ਉਹ ਉੱਚੇ ਨੀਚੇ ਸਭਾ ਦੇ ਘਰ ਵਿਚ ਘੁਸ ਜਾਂਦੇ ਅਤੇ ਛੋਟੇ ਤੋਂ ਛੋਟੇ ਅਪਰਾਧ ਦੇ ਲਈ ਤੰਗ ਕਰਦੇ। ਜਿੰਨ੍ਹੀ ਕਠੋਰ ਯੋਗਤਾ ਨਾਲ ਗੁਪਤਚਰ ਕੰਮ ਕਰਦਾ ਸੀ ਉਸਦੇ ਬਾਰੇ ਵਿਚ ਸਬੂਤ ਦਿੰਦਾ ਹੋਇਆ ਜਿਯਾਉਦੀਨ ਬਾਰਨੀ ਕਹਿੰਦਾ ਹੈ ਕਿ "ਅਲਾਉਦੀਨ ਦੇ ਗਿਆਨ ਦੇ ਬਿਨ੍ਹਾਂ ਇਕ ਪੱਤਾ ਵੀ ਨਹੀਂ ਹਿਲ ਸਕਦਾ ਸੀ ਅਤੇ ਜੋ ਕੁਝ ਮਲਿਕਾਂ, ਅਮੀਰ ਅਧਿਕਾਰੀਆਂ ਅਤੇ ਬੜੇ ਲੋਕਾਂ ਦੇ ਘਰ ਹੁੰਦਾ ਉਸਦੀ ਸੂਚਨਾ ਸੁਲਤਾਨ ਨੂੰ ਪਹੁੰਚਾ ਦਿੱਤੀ ਜਾਂਦੀ। ਗੁਪਤਚਰਾਂ ਦੇ ਡਰ ਤੋਂ ਨਵਾਬਾਂ ਨੇ ਸੁਲਤਾਨ ਦੇ ਹਜ਼ੂਰ ਵਿਚ ਕੁਝ ਵੀ ਉੱਚੀ ਆਵਾਜ਼ ਵਿਚ ਕਹਿਣ ਬੰਦ ਕਰ ਦਿੱਤਾ ਅਤੇ ਜੇਕਰ ਉਨ੍ਹਾਂ ਕੁਝ ਕਹਿਣਾ ਹੁੰਦਾ ਤਾਂ ਉਹ ਇਸ਼ਾਰੇ ਨਾਲ ਕਹਿੰਦੇ। ਸੈਨਾਨੀ-ਪਹਿਰੇਦਾਰ ਦੇ ਘੁੰਮਣ ਫਿਰਨ ਦੇ ਕਾਰਣ ਉਹ ਦਿਨ ਰਾਤ ਘਰਾਂ ਵਿਚ ਕੰਬਦੇ ਰਹਿੰਦੇ।" ਨਾਂ ਹੀ ਉਹ ਕੁਝ ਕਰਦੇ ਅਤੇ ਨਾਂ ਹੀ ਇਕ ਸ਼ਬਦ ਇਹੋ ਜਿਹਾ ਮੂੰਹ ਤੋਂ ਕੱਢਦੇ ਜਿਸਦੇ ਕਾਰਣ ਉਨ੍ਹਾਂ ਨੂੰ ਝਿੜਕਾਂ ਪੈਣ ਜਾਂ ਦੰਡ ਮਿਲੇ।

**ਸਵ-ਮੁਲਾਂਕਣ (Self Assessment)**

4. ਹੇਠ ਲਿਖਿਆਂ ਕਥਨਾਂ ਵਿਚ ਸੱਚ ਅਤੇ ਝੂਠ ਦੀ ਪਹਿਚਾਣ ਕਰੋ (State whether the following Statements are True or False)

(i) ਸੁਲਤਾਨ ਪ੍ਰਸ਼ਾਸਨ ਦਾ ਮੁਖੀਆ ਸੀ।

(ii) ਕਾਜ਼ੀ ਉਲਕਜਾਤ ਨਿਆਂ ਵਿਭਾਗ ਦਾ ਨਿਰੀਖਕ ਅੰਗ ਨਹੀਂ ਸੀ।

(iii) ਆਰਜ-ਏ-ਮਮਾਲਿਕ ਸੈਨਾ ਅਤੇ ਯੁੱਧ ਦਾ ਕਾਰਜ ਕਰਤਾ ਸੀ।

(iv) ਕੋਤਵਾਲ ਇਕ ਪੁਲਿਸ ਅਧਿਕਾਰੀ ਸੀ ਜੋ ਅਸ਼ਾਂਤੀ ਅਤੇ ਅਵਿਵਸਥਾ ਦਾ ਕੰਮ ਸੰਭਾਲਦਾ ਸੀ।

## 5.5 ਲਗਾਨ ਅਤੇ ਰਾਜ ਸਬੰਧੀ ਪ੍ਰਸ਼ਾਸਨ (Revenue and Fiscal Administration)

**ਲਗਾਨ ਅਤੇ ਰਾਜਕਰ ਸੰਬੰਧੀ ਪ੍ਰਸ਼ਾਸਨ** (Revenue and Fiscal Administration) : ਅਲਾਉਦੀਨ ਪਹਿਲਾਂ ਸੁਲਤਾਨ ਸੀ ਜਿਸਨੇ ਲਗਾਨ ਅਤੇ ਰਾਜ ਕਰ ਸੰਬੰਧੀ ਮਾਮਲਿਆਂ ਵਿਚ ਬੜੀ ਦਿਲਚਸਪੀ ਲਈ। ਉਸ ਦਾ ਸਭ ਤੋਂ ਉੱਚਾ ਮਕਸਦ ਸੀ ਕਿ ਵੱਧ ਤੋਂ ਵੱਧ ਲਗਾਨ ਪ੍ਰਾਪਤ ਹੋਵੇ। ਵਾਸਤਵ ਵਿਚ ਅਲਾਉਦੀਨ ਖਿਲਜੀ ਨੂੰ ਇਕ ਵੱਡੀ ਸੈਨਾ ਸਥਾਪਿਤ ਕਰਨ ਦੇ ਲਈ ਧੰਨ ਦੀ ਆਵਸ਼ਕਤਾ ਸੀ ਤਾਂ ਕਿ ਮੰਗੋਲ ਖਤਰੇ ਦਾ ਸਾਹਮਣਾ ਕਰ ਸਕੇ ਅਤੇ ਵਿਜੈ ਪ੍ਰਾਪਤ ਕਰ ਸਕੇ। ਸਭ ਤੋਂ ਪਹਿਲਾਂ ਕੰਮ ਉਸਨੇ ਇਹ ਕੀਤਾ ਕਿ ਨਵਾਬਾਂ ਦੇ ਪਾਸ ਇਨਾਮ (Reward) ਜਾਂ ਦਾਨ ਦੇ ਰੂਪ ਵਿਚ ਜਿਹੜੀਆਂ ਜਾਗੀਰਾਂ ਸਨ ਉਹ ਦੁਬਾਰਾ ਗ੍ਰਹਿਣ ਕਰਨ ਦੀ ਆਗਿਆ ਦੇ ਦਿੱਤੀ। ਉਸ ਤੋਂ ਬਾਦ ਸਾਰੀ ਭੂਮੀ ਦੀ ਪੈਮਾਇਸ਼ ਕਰਾਈ ਅਤੇ ਉਸਦੀ ਫਸਲ ਦਾ ਨਿਸਚੈ ਕਰਕੇ ਸਰਕਾਰ ਦੇ ਹਿੱਸੇ ਨੂੰ ਪੰਜਾਹ ਪ੍ਰਤੀ ਸੈਂਕੜਾ ਨਿਯੁਕਤ ਕਰ ਦਿੱਤਾ। ਪੂਰੀ ਫਸਲ ਦੀ ਅੱਧੀ ਵੰਡਾਈ ਵਸੂਲ ਕਰਨਾ ਇੱਕ ਪੁਰਾਣਾ ਢੰਗ ਸੀ। ਕਿਸਾਨਾਂ ਨੂੰ ਬਹੁਤ ਸਾਰੇ ਹੋਰ ਵੀ ਕਰ ਚੁਕਾਉਣੇ ਪੈਂਦੇ ਸਨ ਇਸ ਲਈ ਉਨ੍ਹਾਂ ਦੀ ਦੁਰਦਸ਼ਾ ਹੋ ਜਾਂਦੀ ਸੀ। ਬਾਰਨੀ ਸਾਨੂੰ ਦੱਸਦਾ ਹੈ ਕਿ ਕਿਸ ਤਰ੍ਹਾਂ ਹਿੰਦੂ ਲੋਕ ਜਿਨ੍ਹਾਂ ਦੇ ਕੋਲ ਖੇਤੀ ਬਾੜੀ ਦਾ ਇਕ ਅਧਿਕਾਰ ਸੀ ਗਰੀਬ ਹੋ ਗਏ ਇੱਥੇ ਤਕ ਕਿ ਉਨ੍ਹਾਂ ਦੇ ਘਰ ਵਿਚ ਸੋਨੇ ਜਾਂ ਚਾਂਦੀ ਦੀ ਕੋਈ ਨਿਸ਼ਾਨੀ ਵੀ ਨਹੀਂ ਰਹੀ। ਧਾਰਮਿਕ ਲੋਕਾਂ ਦੀਆਂ ਪਤਨੀਆਂ ਨੂੰ ਮੁਸਲਮਾਨਾਂ ਦੇ ਘਰ ਵਿਚ ਕੰਮ ਲੱਭਣਾ ਅਤੇ

ਫਿਰ ਉਸ ਕੰਮ ਦੁਆਰਾ ਵੇਤਨ ਪ੍ਰਾਪਤ ਕਰਕੇ ਗੁਜਾਰਾ ਕਰਨਾ ਪੈਂਦਾ ਸੀ। ਸੁਲਤਾਨ ਨੇ ਪਟਵਾਰੀਆਂ ਦੇ ਅੰਦਰ ਭ੍ਰਸ਼ਟਾਚਾਰ ਨੂੰ ਰੋਕਣ ਦੇ ਗੰਭੀਰ ਢੰਗ ਅਪਣਾਏ। ਜਿੱਥੇ ਕਿ ਉਸਨੇ ਪਟਵਾਰੀਆਂ ਦੀ ਤਨਖਾਹ ਵੀ ਵਧਾਈ ਉੱਥੇ ਹੀ ਉਨ੍ਹਾਂ ਨੂੰ ਕਠੋਰ ਦੰਡਲ ਵੀ ਦਿੱਤਾ ਗਿਆ। ਜੇਕਰ ਕੋਈ ਭ੍ਰਸ਼ਟਾਚਾਰ ਦਾ ਦੋਸ਼ੀ ਠਹਿਰਾਇਆ ਗਿਆ ਉਹ ਉਨ੍ਹਾਂ ਉੱਤੇ ਸਖਤ ਦੇਖਰੇਖ ਅਤੇ ਸਖਤ ਨਿਯੰਤ੍ਰਣ ਰਖਦਾ ਜੈਸਾ ਕਿ ਡਾ. ਤ੍ਰਿਪਾਠੀ ਦਾ ਕਹਿਣਾ ਹੈ ਕਿ "ਅਲਾਉਦੀਨ ਹੀ ਪਹਿਲਾ ਮੁਸਲਿਮ ਸ਼ਾਸਕ ਸੀ ਜਿਸਨੇ ਪਟਵਾਰੀਆਂ ਤਕ ਨੂੰ ਠੀਕ ਕੀਤਾ ਕਿਉਂਕਿ ਉਹੋ ਲੋਕ ਭੂਮੀ ਅਤੇ ਉਸਦੇ ਲਗਾਨ ਦੇ ਸੰਬੰਧ ਦੇ ਸਾਰੇ ਮਾਮਲੇ ਦੀ ਸੂਚਨਾ ਦਾ ਸਰਵੋਚ ਸੋਮਾ ਸਨ।" ਭੂਮੀ ਲਗਾਨ ਦੇ ਇਲਾਵਾ ਸੁਲਤਾਨ ਨੇ ਹੇਠ ਲਿਖੇ ਕਰ ਵੀ ਲਗਾਏ –

(i) ਗ੍ਰਹਿ ਕਰ।

(ii) ਪਸ਼ੂ ਚਰਾਈ ਕਰ।

(iii) ਜਜਿਯਾ (ਇਹ ਕੇਵਲ ਹਿੰਦੂਆਂ ਤੋਂ ਲਿਆ ਜਾਂਦਾ ਸੀ)।

(iv) ਖੰਮਸ (ਯੁੱਧ ਵਿਚ ਲੁੱਟ ਮਾਰ ਦਾ 4 ਪ੍ਰਤੀਸ਼ਤ ਭਾਗ)।

(v) ਯਕਾਤ (ਮੁਸਲਮਾਨਾਂ ਉਤੇ ਧਾਰਮਿਕ ਕਰ)।

**ਸਰਦਾਰਾਂ ਦੇ ਵਿਰੁੱਧ ਉਠਾਏ ਗਏ ਕਦਮ** (Measures Against Nobility) : ਸੁਲਾਤਾਨ ਨੇ ਸਰਦਾਰਾਂ ਦੇ ਵਿਰੁੱਧ ਭੀ ਕਈ ਕਦਮ ਉਠਾਏ ਕਿਉਂਕਿ ਬਹੁਤ ਵਾਰ ਵਿਦਰੋਹ ਕਰਦੇ ਅਤੇ ਸੁਲਤਾਨ ਦੇ ਰਸਤੇ ਵਿਚ ਅੜਚਣਾਂ ਖੜੀ ਕਰਦੇ। ਉਸਨੇ ਉਹ ਜਾਗੀਰਾਂ ਖੋਹ ਲਈਆਂ ਜਿਹੜੀਆਂ ਉਨ੍ਹਾਂ ਨੂੰ ਇਨਾਮ ਵਜੋਂ ਜਾਂ ਸੇਵਾ ਦੇ ਬਦਲੇ ਮਿਲੀਆਂ ਹੋਈਆਂ ਸਨ। ਉਸਨੇ ਸ਼ਰਾਬ ਪੀਣ ਦੀ ਮਨਾਹੀ ਕਰ ਦਿੱਤੀ। ਸਭ ਤੋਂ ਪਹਿਲਾਂ ਉਸਨੇ ਸ਼ਰਾਬ ਦੇ ਬਰਤਨ ਤੋੜੇ ਅਤੇ ਸਾਰੀ ਸ਼ਰਾਬ ਬਾਹਰ ਸੁੱਟ ਦਿੱਤੀ। ਉਸਦੇ ਸਰਦਾਰਾਂ ਨੇ ਵੀ ਐਸਾ ਹੀ ਕੀਤਾ। ਨਤੀਜਾ ਇਹ ਹੋਇਆ ਕਿ ਗਲੀਆਂ, ਕੂਚੇ ਕੀਚੜ ਅਤੇ ਦਲਦਲ ਨਾਲ ਇਸ ਤਰ੍ਹਾਂ ਭਰ ਗਏ ਜਿਸ ਤਰ੍ਹਾਂ ਬਰਸਾਤ ਦੀ ਰੁੱਤ ਵਿੱਚ ਹੁੰਦਾ ਹੈ। ਸਰਦਾਰਾਂ ਦੇ ਵਿਆਹਕ ਸੰਬੰਧ ਅਤੇ ਮੇਲਜੋਲ ਨੂੰ ਵੀ ਘਟਾਦਿੱਤਾ ਅਤੇ ਅੰਤ ਵਿਚ ਗੁਪਤਚਰਾਂ ਦੁਆਰਾ ਸੁਲਤਾਨ ਨੇ ਉਨ੍ਹਾਂ ਦੇ ਕੰਮ ਕਾਜ ਉੱਤੇ ਬਹੁਤ ਕਠੋਰ ਨਿਯੰਤ੍ਰਣ ਲਾਗੂ ਕਰ ਦਿੱਤਾ।

*ਨੋਟਸ* ਅਲਾਉਦੀਨ ਪਹਿਲਾਂ ਸੁਤਾਨ ਸੀ ਜਿਸਨੇ ਲਗਾਨ ਅਤੇ ਰਾਜ ਕਰ ਸੰਬੰਧੀ ਮਾਮਲਿਆਂ ਵਿਚ ਬੜੀ ਦਿਲਚਸਪੀ ਲਈ।

### 5.5.1 ਆਰਥਿਕ ਸੁਧਾਰ (Economic Reforms)

**ਇਕ ਮਹਾਨ ਅਰਥ-ਸ਼ਾਸਤਰੀ ਦੇ ਰੂਪ ਵਿਚ :** ਅਲਾਉਦੀਨ ਨੇ ਕਈ ਆਰਥਿਕ ਸੁਧਾਰ ਕੀਤੇ ਜਿਨ੍ਹਾਂ ਦੀ ਕੋਈ ਮੱਧਕਾਲੀਨ ਰਾਜਾ ਕਲਪਨਾ ਵੀ ਨਹੀਂ ਕਰ ਸਕਦਾ ਸੀ। ਸਭ ਤੋਂ ਪਹਿਲਾਂ ਉਸਨੇ ਜੀਵਨ ਦੀ ਸਭ ਆਵਸ਼ਕ ਚੀਜਾਂ ਦੇ ਮੁੱਲ ਨਿਯਤ ਕੀਤੇ। ਕਣਕ ਸਾਢੇ ਸੱਤ ਜੀਤਲ ਪ੍ਰਤੀ ਮਣ ਦਾ ਭਾਉ ਲਗਾ ਦਿੱਤਾ। ਜੋ ਚਾਰ ਜੀਤਲ ਪ੍ਰਤੀ ਮਣ ਅਤੇਚਣੇ ਪੰਜ ਜੀਤਲ ਪ੍ਰਤੀ ਸਨ। ਮੱਖਣ ਢਾਈ ਸੇਰ ਪ੍ਰਤੀ ਜੀਤਲ ਦੇ ਭਾਉ ਵਿਕਦਾ। ਫਲ ਜੁੱਤੇ ਸੂਈਆਂ ਸਬਜੀਆਂ ਘੋੜੇ ਗਾਵਾਂ ਆਦਿ ਸਭ ਦੇ ਮੁੱਲ ਨਿਯਤ ਕਰ ਦਿੱਤੇ ਗਏ। ਕੇਵਲ ਏਨਾ ਹੀ ਨਹੀਂ ਸਪਲਾਈ ਅਤੇ ਟ੍ਰਾਂਸਪੋਰਟ ਤੇ ਵੀ ਸਰਕਾਰ ਨੇ ਨਿਯੰਤ੍ਰਣ ਲਗਾ ਦਿੱਤਾ। ਸ਼ਾਹਾਨ-ਏ-ਮੰਡੀ ਅਤੇ ਦੀਵਾਨੇ-ਰਿਆਸਤ ਜੈਸੇ ਵਿਸ਼ੇਸ਼ ਰਾਜ ਅਧਿਕਾਰੀ ਇਸ ਗੱਲ ਦਾ ਧਿਆਨ ਰੱਖਣ ਲਈ ਨਿਯੁਕਤ ਕਰ ਦਿੱਤੇ ਗਏ ਕਿ ਇਨ੍ਹਾਂ ਨਿਯਮਾਂ ਉਤੇ ਪੂਰਣ ਅਮਲ ਹੁੰਦਾ ਰਹੇ। ਇਕ ਸੰਕਟ ਕਾਲੀਨ ਰਾਸ਼ਨ ਪ੍ਰਣਾਲੀ ਵੀ ਚਲਾਈ ਗਈ। ਜੇਕਰ ਕੋਈਅਧਿਕਾਰੀ ਜਾਂ ਵਪਾਰੀ ਇਨ੍ਹਾਂ ਨਿਯਮਾਂ ਦਾ ਦ੍ਰਿੜਤਾ ਨਾਲ ਪਾਲਣ ਨਹੀਂ ਕਰਦਾ ਤਾਂ ਉਸਨੂੰ ਕਠੋਰ ਦੰਡ ਦਿੱਤਾ ਜਾਂਦਾ। ਜੇਕਰ ਉਹ ਅਧਿਕ ਭ੍ਹਾ ਉੱਤੇ ਵੇਚਦੇ ਅਤੇ ਘੱਟ ਤੋਲਦੇ ਤਾਂ ਉਨ੍ਹਾਂ ਨੂੰ ਭਿਆਨਕ ਜੇਲ ਵਿਚ ਸੁੱਟ ਦਿੱਤਾ ਜਾਂਦਾ ਜਾਂ ਉਨ੍ਹਾਂ ਦਾ ਮਾਸ ਕੱਟ ਲਿਆ ਜਾਂਦਾ। ਉਨ੍ਹਾਂ ਗੰਦੇ ਗੰਦੇ ਦਲਾਲਾਂ ਨੂੰ ਜਿਹੜੇ ਭੋਲੇ ਭਾਲੇ ਲੋਕਾਂ ਦਾ ਸ਼ੋਸ਼ਣ ਕਰਦੇ, ਕਠੋਰ ਦੰਡ ਦਿੱਤਾ ਜਾਂਦਾ। ਡਾ. ਈਸ਼ਵਰੀ ਪ੍ਰਸਾਦ ਦੇ ਅਨੁਸਾਰ "ਉਸਨੇ ਬਾਜਾਰ ਉਤੇ ਨਿਯੰਤ੍ਰਣ (Control on the Market) ਕਰਕੇ ਲੋਕਾਂ ਦੀ ਆਵਸ਼ਕਤਾ ਅਤੇ ਦੁਰਦਸ਼ਾ ਨੂੰ ਦੂਰ ਕਰਨ ਦੇ ਲਈ ਬਹੁਤ ਕੁਝ ਕੀਤਾ।" ਇਸ ਤਰ੍ਹਾ ਅਲਾਊਦੀਨ ਖਿਲਜੀ ਦੇ ਆਰਥਿਕ ਸੁਧਾਰ ਚੱਲਦੇ ਰਹੇ। ਸਭ ਤਰ੍ਹਾਂ ਦੇ ਵਿਦਰੋਹ ਨੂੰ ਦਬਾਉਂਦੇ ਰਹੇ, ਲੋਕਾਂ ਦਾ ਸੁਭਾਅ ਬਣਾਉਂਦੇ ਰਹੇ ਅਤੇ ਵਿਸ਼ੇਸ਼ ਕਰਕੇ ਸੈਨਿਕਾਂ ਦੇ ਸੁੱਖ ਨੂੰ ਵਧਾਉਂਦੇ ਰਹੇ, ਜੋ ਹੁਣ ਥੋੜ੍ਹੀ ਤਨਖਾਹ 'ਤੇ ਗੁਜ਼ਾਰਾ ਕਰ ਸਕਦੇ ਸਨ। ਕੁਝ ਸੈਨਿਕਾਂ ਅਤੇ ਵਪਾਰੀਆਂ ਨੂੰ ਤਾਂ ਬਹੁਤ ਹਾਨੀ ਪਹੁੰਚੀ। ਫਿਰ ਵੀ ਇਨ੍ਹਾਂ ਸੁਧਾਰਾਂ ਤੋਂ ਇਹ ਪਤਾ ਲੱਗਦਾ ਹੈ ਕਿ ਅਲਾਊਦੀਨ ਦੇ ਅੰਦਰ ਕਿੰਨੀ ਵੱਡੀ ਪ੍ਰਤਿਭਾ ਸੀ।

ਨੋਟ

### 5.5.2 ਸੈਨਿਕ ਪ੍ਰਣਾਲੀ (Military System)

ਅਲਾਉਦੀਨ ਨੇ ਇਕ ਬਹੁਤ ਹੀ ਵੱਡੀ ਮਜਬੂਤ ਅਤੇ ਯੋਗ ਸੈਨਾ ਖੜੀ ਕੀਤੀ। ਉਸਨੇ ਅਪਣੇ ਆਪ ਨੂੰ ਸੈਨਯ ਬਲ ਦੇ ਸਹਾਰੇ ਹੀ ਸੁਲਤਾਨ ਬਣਾਇਆ ਸੀ ਅਤੇ ਉਸਨੇ ਇਹ ਮਹਿਸੂਸ ਕੀਤਾ ਸੀ ਕਿ ਮੰਗੋਲ ਆਕ੍ਰਮਣਾਂ ਨੂੰ ਹਰਾਉਣ ਲਈ ਅਤੇ ਅੰਦਰਲੇ ਵਿਦਰੋਹ ਨੂੰ ਕੁਚਲਣ ਦੇ ਲਈ ਇਕ ਮਜਬੂਤ ਅਤੇ ਯੋਗ ਸੈਨਾ ਦੀ ਬੜੀ ਆਵਸ਼ਕਤਾ ਹੈ। ਉਸਦੇ ਸਮੇਂ ਮੰਗੋਲ ਆਕ੍ਰਮਣਾਂ ਦੀ ਸੰਖਿਆ ਸਭ ਤੋਂ ਵੱਧ ਸੀ ਅਤੇ ਮੰਗੋਲਾਂ ਦੇ ਆਕ੍ਰਮਣ ਏਨੇ ਤਾਕਤਵਰ ਸੀ ਕਿ ਕਈ ਵਾਰ ਤਾਂ ਐਸਾ ਲਗਦਾ ਕਿ ਇਹ ਸਾਮਰਾਜ ਉਨ੍ਹਾਂ ਦੇ ਹੱਥ ਚਲਾ ਜਾਵੇਗਾ। ਇਨ੍ਹਾਂ ਹਾਲਾਤ ਵਿਚ ਸੈਨਾ ਦਾ ਦੁਬਾਰਾ ਗਠਨ ਕਰਨਾ ਬੜਾ ਹੀ ਆਵਸ਼ਕ ਸੀ ਅਤੇ ਅਲਾਉਦੀਨ ਨੇ ਸੈਨਾ ਦੀ ਸ਼ਕਤੀ, ਉਸਦੇ ਪ੍ਰਸ਼ਾਸਨ ਅਤੇ ਸਾਹਸ ਨੂੰ ਵਧਾਉਣ ਲਈ ਕਦਮ ਉਠਾਏ।

ਸਭ ਤੋਂ ਪਹਿਲਾਂ ਉਸਨੇ ਅਪਣੇ ਵਫਾਦਾਰ ਸਰਦਾਰਾਂ ਦੀ ਸਲਾਹ ਨਾਲ ਇਹ ਫੈਸਲਾ ਲਿਆ ਕਿ ਮੌਜੂਦ ਕਿਲ੍ਹਿਆਂ ਦੀ ਮੁਰੱਮਤ ਕਰਾਈ ਜਾਵੇ ਠੀਕ ਸਥਾਨਾਂ ਉਤੇ ਨਵੇ ਕਿਲ੍ਹੇ ਬਣਾਏ ਜਾਣ ਅਤੇ ਉਥੇ ਯੋਗ ਸੈਨਾਵਾਂ ਠਹਿਰਾਈਆਂ ਜਾਣ।

*ਕੀ ਤੁਸੀਂ ਜਾਣਦੇ ਹੋ*

ਦੂਸਰੀ ਗੱਲ ਇਹ ਹੈ ਕਿ ਉਸਨੇ ਵੱਧ ਤੋਂ ਵੱਧ ਸੈਨਿਕ ਭਰਤੀ ਕਰਨੇ ਸ਼ੁਰੂ ਕਰ ਦਿੱਤੇ ਅਤੇ ਫਰਿਸ਼ਤਾ ਦੇ ਅਨੁਸਾਰ ਉਸਨੇ 4 ਲੱਖ 75 ਹਜਾਰ ਸੰਖਿਆ ਦੀ ਇਕ ਸੈਨਾ ਖੜੀ ਕੀਤੀ। ਇਸ ਸੈਨਾ ਦੇ ਮੁੱਖ ਤਿੰਨ ਅੰਗ ਸਨ – ਘੋੜਸਵਾਰ, ਪਦਸਵਾਰ ਅਤੇ ਰਾਜ ਸਵਾਰ। ਪਰ ਸੈਨਾ ਦੀ ਮੁੱਖ ਸ਼ਕਤੀ ਘੋੜ ਸਵਾਰ ਹੀ ਸਨ।

ਸੈਨਾ ਦੇ ਸੰਬੰਧ ਵਿਚ ਅਲਾਉਦੀਨ ਦਾ ਬੜਾ ਸੁਧਾਰ ਇਹ ਸੀ ਕਿ ਉਸਨੇ ਹਰ ਸੈਨਿਕ ਦਾ ਹੁਲੀਆ (ਸ਼ਕਲ ਵਰਣਨ) ਅਤੇ ਘੋੜਾ ਦਾਗਣ ਦਾ ਰਿਵਾਜ ਜਾਰੀ ਕੀਤਾ। ਐਸਾ ਇਸਲਈ ਕੀਤਾ ਗਿਆ ਕਿ ਕਿਸੀ ਸਰਦਾਰ ਜਾਂ ਸੈਨਿਕ ਵੱਲੋਂ ਕੋਈ ਵਿਸ਼ਵਾਸਘਾਤ ਨਾ ਹੋ ਪਾਵੇ। ਰਾਜ ਦਾ ਸੈਨਾ ਦਾ ਸਮੇਂ-ਸਮੇਂ ਤੇ ਇਕ ਵੱਡਾ ਨਿਰੀਖਣ ਕੀਤਾ ਜਾਂਦਾ ਅਤ ਸੈਨਿਕਾਂ ਦੇ ਘੋੜੇ ਅਤੇ ਹਥਿਆਰਾਂ ਦਾ ਗਹਿਰਾ ਨਿਰੀਖਣ ਹੁੰਦਾ। ਡਾ. ਪੀ. ਸਰਨ ਲਿਖਦਾ ਹੈ, "ਵਿਸ਼ਾਲ ਸੈਨਾ ਰੱਖਣ ਦੀ ਸਮੱਸਿਆ ਰਾਜ ਦੇ ਸੀਮਤ ਸਾਧਨਾਂ ਦੀ ਸਹਾਇਤਾ ਨਾਲ ਇਕ ਸੁਸਜਿੱਤ ਖੁਸ਼ਹਾਲ ਅਤੇ ਵੱਡੀ ਭਾਰੀ ਸੈਨਾ ਨੂੰ ਰੱਖਣ ਦੀ ਸਮੱਸਿਆ ਦੇ ਕਾਰਣ ਹੀ ਜੀਵਨ ਦੀਆਂ ਆਵਸ਼ਕ ਚੀਜ਼ਾ ਦੇਭਾਵਾਂ ਉਤੇ ਨਿਯੰਤ੍ਰਣ ਰੱਖਣ ਦੀ ਆਵਸ਼ਕਤਾ ਪਈ ਤਾਂ ਕਿ ਸੁਲਤਾਨ ਦੇ ਫੈਸਲੇ ਦੇ ਅਨੁਸਾਰ ਸੈਨਿਕਾਂ ਨੂੰ ਮਿਲਣ ਵਾਲੀ ਘੱਟ ਤਨਖਾਹ ਦੇ ਕਾਰਣਉਨ੍ਹਾਂ ਨੂੰ ਸਸਤਾ ਰੱਖਿਆ ਜਾਵੇ। ਸੈਨਿਕਾਂ ਨੂੰ ਨਕਦ ਵੇਤਨ ਮਿਲਦਾ। ਇਕ ਸਾਧਾਰਨ ਸੈਨਿਕ ਨੂੰ ਜਿਸ ਨੂੰ ਯੱਕ ਅਸਪਾ ਕਹਿੰਦੇ ਸਨ ਇਕ ਘੋੜਾ ਪਾਲਦੇ ਹੋਏ 234 ਟੰਕ ਪ੍ਰਤੀ ਸਾਲ ਵੇਤਨ ਮਿਲਦਾ ਸੀ ਪਰ ਜੇਕਰ ਉਸਦੇ ਕੋਲ ਦੋ ਘੋੜੇ ਹੁੰਦੇ ਤਾਂ ਉਸਨੂੰ 78 ਟੰਕ ਦਾ ਇੱਕ ਹੋਰ ਵੇਤਨ ਮਿਲਦਾ ਅਤੇ ਉਸਨੂੰ ਪਾਰਿਭਾਸ਼ਿਕ ਸ਼ਬਦਾਂ ਵਿਚ ਦੋ ਅਸਪਾ ਦਾ ਨਾਮ ਦਿੱਤਾ ਜਾਂਦਾ।"

ਇਕ ਸੈਨਿਕ ਨੂੰ ਬਹੁਤ ਥੋੜ੍ਹੀ ਤਨਖਾਹ ਮਿਲਦੀ ਪਰ ਅਲਾਊਦੀਨ ਆਪਣੇ ਸੈਨਿਕਾਂ ਨੂੰ ਸੰਤੁਸ਼ਟ ਰੱਖਣ ਵੱਲ ਬਹੁਤਾ ਧਿਆਨ ਦਿੰਦਾ ਸੀ। ਉਸ ਨੇ ਜੀਵਨ ਦੀਆਂ ਜ਼ਰੂਰਤਾਂ ਨੂੰ ਸਸਤਾ ਕਰ ਰੱਖਿਆ ਸੀ। ਮੰਡੀ 'ਤੇ ਕੰਟਰੋਲ ਕਬ ਲਿਆ ਸੀ ਅਤੇ ਹੋਰ ਅਜਿਹੇ ਤਰੀਕੇ ਕੀਤੇ ਸਨ ਜਿਸ ਨਾਲ ਉਹ ਆਪਣੀ ਤਨਖਾਹ ਵਿੱਚ ਗੁਜ਼ਾਰਾ ਕਰ ਸਕਣ।

ਅਲਾਉਦੀਨ ਨੇ ਹਰ ਸੈਨਾ ਦੀ ਟੁਕੜੀ ਵਿਚ ਗੁਪਤਚਰ ਰੱਖੇ ਸਨ ਉਹ ਸੁਲਤਾਨ ਨੂੰ ਸੈਨਿਕ ਅਧਿਕਾਰੀਆਂ ਦੇ ਆਚਰਣ ਅਤੇ ਵਿਵਹਾਰ ਦੇ ਬਾਰੇ ਵਿਚ ਅਤੇ ਉਨ੍ਹਾਂ ਦੀ ਸੈਨਿਕ ਪ੍ਰਣਾਲੀ ਦੀ ਆਮ ਪ੍ਰਗਤੀ ਦੇ ਬਾਰੇ ਵਿਚ ਨਿਯਮਪੂਰਵਕ ਸੂਚਨਾ ਦਿੰਦੇ ਰਹਿੰਦੇ।

**ਸਵ-ਮੁਲਾਂਕਣ (Self Assessment)**

5. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) ਲਗਾਨ ਅਤੇ ਰਾਜ ਕਰ ਸੰਬੰਧੀ ਮਾਮਲਿਆਂ ਵਿਚ ਸਰਵੋਤਮ ਦਿਲਚਸਪੀ ਕਿਸਨੇ ਲਈ ?

(ਅ) ਜਲਾਊਦੀਨ (ਬ) ਅਲਾਊਦੀਨ (ਸ) ਸ਼ੰਭਸੁਦੀਨ (ਦ) ਬਹਾਊਦੀਨ

(ii) ਅਲਾਊਦੀਨ ਸੀ–

(ਅ) ਇਕ ਮੂਰਤੀਕਾਰ (ਬ) ਇਕ ਚਿੱਤਰਕਾਰ (ਸ) ਇਕ ਮਹਾਨ ਅਰਥਸ਼ਾਸਤਰੀ (ਦ) ਸ਼ਿਲਪਕਾਰ

(iii) ਅਸਪਾ ਕਿਸ ਨੂੰ ਕਿਹਾ ਜਾਂਦਾ ਸੀ?

(ਅ) ਸੈਨਿਕ ਨੂੰ (ਬ) ਰਾਜੇ ਨੂੰ (ਸ) ਮੰਤਰੀ ਨੂੰ (ਦ) ਸਾਮੰਤ ਨੂੰ

ਨੋਟ

## 5.6 ਅਲਾਉਦੀਨ ਖਿਲਜੀ ਦੇ ਬਾਜਾਰ ਪਰੀਨਿਯਮ (Market Regulation of Ala-ud-Din Khilji)

ਲਗਾਤਾਰ ਵਿਜੈ ਦੇ ਲਈ ਅਲਾਉਦੀਨ ਦੀ ਉਤੇਜਨਾਂ ਅਤੇ ਉੱਤਰ ਪੱਛਮ ਦੇ ਵੱਲ ਤੋਂ ਮੰਗੋਲ ਲੁਟੇਰਿਆਂ ਦੇ ਬਰਾਬਰ ਆਕ੍ਰਮਣਾਂ ਨੇ ਇੱਕ ਵਿਸ਼ਾਲ ਸੈਨਾ ਦਾ ਰੱਖਣਾ ਆਵਸ਼ਕ ਬਣ ਚੁੱਕਾ ਸੀ। ਸੈਨਾ ਤੋਂ ਇਲਾਵਾ ਅਸੈਨਿਕ ਪ੍ਰਸ਼ਾਸਨ (Civil Administration) ਅਤੇ ਦਾਸਾਂ ਦੇ ਕਾਰਣ ਰੱਖੇ ਗਏ ਰਾਜ ਕਰਮਚਾਰੀਆਂ ਉੱਤੇ ਖਰਚ ਦੇ ਕਾਰਣ ਸ਼ਾਹੀ ਖ਼ਜਾਨੇ ਉਪਰ ਕਾਫ਼ੀ ਬੋਝ ਪੈ ਗਿਆ ਸੀ। ਸਾਮਰਾਜ ਦਾ ਸਾਰਾ ਧਨ ਅਤੇ ਸਾਮਰਾਜ ਦੇ ਵੱਖ-ਵੱਖ ਭਾਗਾਂ ਤੋਂ ਇਕੱਠੇ ਕੀਤੇ ਗਏ ਕਰ ਇਨ੍ਹਾਂ ਮੰਗਾਂ ਨੂੰ ਪੂਰਾ ਕਰਨ ਲਈ ਪੂਰੇ ਨਹੀਂ ਸਨ। ਇਸਲਈ ਰਾਜਾ ਨੇ ਰਾਜ-ਕਰ (Revenue) ਨੂੰ ਵਧਾ ਕੇ ਉਤਪਾਦਨ (Productions) ਦਾ 5 ਪ੍ਰਤੀਸ਼ਤ ਕਰ ਦਿੱਤਾ ਅਤੇ ਵੱਖ-ਵੱਖ ਹੋਰ ਕਰ ਵੀ ਲਗਾ ਦਿੱਤੇ। ਪਾਣੀ ਪੀਣ ਦੇ ਬਰਤਨ ਵੀ ਸੋਨੇ ਅਤੇ ਚਾਂਦੀ ਦੇ ਸਿੱਕੇ ਬਣਾ ਦਿੱਤੇ। ਪਰ ਧੰਨ ਦੀ ਘਾਟ (Scarcity) ਬਣੀ ਰਹੀ। ਹਿਸਾਬ ਲਗਾਇਆ ਗਿਆ ਕਿ ਜੇਕਰ ਰਾਜਾ ਸਧਾਰਣ ਵੇਤਨ ਉੱਤੇ ਵੀ ਭਾਰੀ ਸੰਖਿਆ ਵਿਚ ਤਿਆਰ ਕਰੇ ਤਾਂ ਸਾਰਾ ਸ਼ਾਹੀ ਖਜਾਨਾ 5 ਜਾਂ 6 ਸਾਲ ਵਿਚ ਖਤਮ ਹੋ ਜਾਏਗਾ।

**ਕਟੌਤੀ ਕੀਤੇ ਵੇਤਨ** (Truncated Salaries): ਇਸਲਈ ਅਲਾਉਦੀਨ ਨੇ ਸੈਨਿਕਾਂ ਦੀ ਤਨਖਾਹ ਵਿਚ ਕਟੌਤੀ ਕਰਨ ਦਾ ਫੈਸਲਾ ਲਿਆ, ਪਰ ਉਨ੍ਹਾਂ ਦਾ ਆਰਥਿਕ ਦੁਖ (Economic distress) ਦਾ ਸ਼ਿਕਾਰ ਬਣਨ ਤੋਂ ਰੋਕਣ ਲਈ ਉਸਨੇ ਰੋਜ਼ਾਨਾ ਵਰਤੋਂ ਦੀ ਚੀਜਾਂ ਦੀਆਂ ਕੀਮਤਾਂ ਘੱਟ ਕਰਨ ਦਾ ਫੈਸਲਾ ਲਿਆ। ਇਸ ਉਦੇਸ਼ ਦੇ ਨਾਲ ਉਸਨੇ ਵੱਖ-ਵੱਖ ਵਿਨਿਯਮ ਬਣਾਏ ਅਤੇ ਆਦੇਸ਼ ਜਾਰੀ ਕੀਤੇ ਗਏ। ਜਿਨ੍ਹਾਂ ਨਾਲ ਰਹਿਣ-ਸਹਿਣ ਦਾ ਖਰਚ ਘੱਟ ਗਿਆ। ਇਹ ਵਿਨਿਯਮ ਕਾਫੀ ਹਦ ਤਕ ਅਲਾਉਦੀਨ ਦੇ ਪ੍ਰਸ਼ਾਸਨ (Administration) ਦੇ ਵਿਸ਼ੇਸ਼ ਮਕਸਦ ਸਨ।

**ਧਨਵਾਨ ਲੋਕਾਂ ਦੇ ਵਿਰੁਧ ਕਾਰਵਾਈ** (Measures Against Rich) : ਦੂਜੀ ਗੱਲ ਇਹ ਹੈ ਕਿ ਅਲਾਉਦੀਨ ਲੋਕਾਂ ਨੂੰ ਧਨਵਾਨ ਨਹੀਂ ਹੋਣ ਦੇਣਾ ਚਾਹੁੰਦਾ ਸੀ ਕਿ ਕਿਤੇ ਉਹ ਹਠੀਲੇ ਅਤੇ ਉਪਦ੍ਰਵੀ ਨਾਂ ਬਣ ਜਾਣ। ਇਸਲਈ ਉਸਨੇ ਲੋਕਾਂ ਕੋਲੋਂ ਧਨ ਕਢਵਾਉਣ ਦੀ ਖੁੱਲ੍ਹੀ ਕਾਰਵਾਈ ਕੀਤੀ। ਕਿਉਂਕਿ ਉਸਨੂੰ ਇਹ ਗੱਲ੍ਹ ਵੀ ਦੇਖਣੀ ਸੀ ਕਿ ਲੋਕ ਅਪਣੇ ਘੱਟ ਵੇਤਨ ਦੇ ਨਾਲ ਅਪਣਾ ਗੁਜਾਰਾ ਕਰ ਸਕਣ ਇਸਲਈ ਉਸਨੇ ਵਸਤੂਆਂ ਦੇ ਭਾਉ ਗਿਰਾ ਦਿੱਤੇ।

**ਯੁੱਧ ਸਥਿਤੀ** (A State of Warfare) : ਅਲਾਉਦੀਨ ਦਾ ਸ਼ਾਸਨ ਯੁੱਧ-ਸਥਿਤੀ ਵਿਚ ਸੀ। ਇਕ ਐਸੀ ਸਥਿਤੀ ਜਿਸ ਵਿਚ ਕੀ ਕੀਮਤਾਂ ਚੜ੍ਹਦੀਆਂ ਹਨ। ਯੁੱਧ ਦੇ ਕਾਰਣ ਆਉਣ-ਜਾਣ ਵਿਚ ਵੀ ਗੜਬੜ ਹੁੰਦੀ ਸੀ। ਤਰਘਈ ਦੇ ਆਕ੍ਰਮਣ ਦੇ ਵਿਚ ਇਸ ਦਾ ਇਕ ਸੱਪਸ਼ਟ ਉਦਾਹਰਣ ਦਿਖਾਈਦਿੰਦਾ ਹੈ ਜਦੋਂ ਕਿ ਮੰਗੋਲ ਆਕ੍ਰਮਣਕਾਰੀ ਨੇ ਦਿੱਲੀ ਦੇ ਨੇੜੇ ਤੇੜੇ ਦੀਆਂ ਸੜਕਾਂ ਉਪਰ ਕਬਜਾ ਕਰਕੇ ਅਤੇ ਯਮੁਨਾ ਦੇ ਘਾਟਾਂ (Tords) ਤੋਂ ਸਾਰੇ ਕਾਫਲਿਆਂ ਨੂੰ ਦਿੱਲੀ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ। ਆਣ-ਜਾਣ ਅਤੇ ਉੱਚੀ ਕੀਮਤਾਂ ਦੀ ਇਨ੍ਹਾਂ ਕਠਨਾਈਆਂ ਉੱਤੇ ਕਾਬੂ ਪਾਉਣ ਦੇ ਲਈ ਅਲਾਉਣੀਨ ਨੇ ਰਾਜਧਾਨੀ ਵਿਚ ਇਕ ਪਾਸੇ ਤਾਂ ਖਾਧ (Food) ਇਕੱਠਾ ਕੀਤਾ ਅਤੇ ਦੂਜੇ ਪਾਸੇ ਚੀਜਾਂ ਦੇ ਭਾਵ ਨਿਯਤ ਕਰ ਦਿੱਤੇ।

**ਖਾਧਾਨਾਂ ਦੀਆਂ ਕੀਮਤਾਂ ਦਾ ਪ੍ਰੀਨਿਯਮਨ** (Regulation of Foodgrains Prices): ਖਾਦ ਮਨੁੱਖ ਦੀਆਂ ਮੁੱਖ ਜ਼ਰੂਰਤਾਂ ਹਨ ਅਤੇ ਇਸ ਵੱਲ ਸੁਲਤਾਨ ਨੇ ਸਭ ਤੋਂ ਪਹਿਲਾਂ ਆਪਣਾ ਪੂਰਾ-ਪੂਰਾ ਧਿਆਨ ਦਿੱਤਾ। ਸ਼ੁਰੂ-ਸ਼ੁਰੂ ਵਿੱਚ ਉਸ ਨੇ ਖਾਧਾਨਾਂ (Foodgrains) ਦੀਆਂ ਕੀਮਤਾਂ ਨੂੰ ਨਿਯਮਿਤ ਕੀਤਾ ਅਤੇ ਉਨ੍ਹਾਂ ਨੂੰ ਬਹੁਤ ਘੱਟ ਦਰ 'ਤੇ ਨਿਯਮਤ ਕੀਤਾ। ਖਾਧਾਨਾਂ ਦੀਆਂ ਕੀਮਤਾਂ ਨੂੰ ਨਿਯਮਿਤ ਕਰਨ ਦੇ ਬਾਅਦ ਸੁਲਤਾਨ ਨੇ ਅਨਾਜ ਦੀਆਂ ਮੰਡੀਆਂ ਅਤੇ ਸਰਕਾਰੀ ਅਨਾਜ-ਸਟੋਰਾਂ ਦੀ ਸਥਾਪਨਾ ਦੀ ਇੱਥੋਂ ਲੋਕ ਅਤੇ ਵਪਾਰੀ-ਪਹਿਲਾਂ ਉਹ ਵਪਾਰੀ ਜਿਨ੍ਹਾਂ ਦੀ ਦਿੱਲੀ ਵਿੱਚ ਸਥਾਈ ਦੁਕਾਨਾਂ ਸਨ ਅਤੇ ਦੂਸਰੇ ਫੇਰੀ ਵਾਲੇ ਵਪਾਰੀ ਜੋ ਸ਼ਰਣ ਵਿੱਚ ਅਨਾਜ ਲਿਆਉਂਦੇ ਅਤੇ ਉਸ ਨੂੰ ਦੁਕਾਨਦਾਰਾਂ ਅਤੇ ਲੋਕਾਂ ਨੂੰ ਵੇਚ ਦਿੰਦੇ-ਅਨਾਜ ਖਰੀਦ ਸਕਦੇ ਸਨ ਪਰ ਖਾਧਾਨਾਂ ਦੀ ਬਹੁਤ ਨੀਵੀਆਂ ਕੀਮਤਾਂ ਨਿਰਧਾਰਿਤ ਕਰ ਦੇਣ ਨਾਲ ਸੌਦਾਗਰਾਂ ਨੂੰ ਬਹੁਤ ਘੱਟ ਲਾਭ ਹੁੰਦਾ ਸੀ।

**ਯੋਜਨਾ ਦੇ ਪ੍ਰਤੀ ਓਸਦਾ ਲਗਾਉ** (His devotion to Scheme) : ਇਸ ਦਾ ਨਤੀਜਾ ਇਹ ਹੋਇਆ ਕਿ ਦਿੱਲੀ ਦੇ ਦੁਕਾਨਦਾਰ ਨਵੇਂ ਵਿਨਿਯਮਾਂ ਨੂੰ ਨਿਰਾਸ਼ ਦ੍ਰਿਸ਼ਟੀ ਨਾਲ ਦੇਖਦੇ ਸਨ ਅਤੇ ਯਾਤਰੀ ਸੌਦਾਗਰਾਂ ਨੇ ਸ਼ਹਿਰ ਵਿਚ ਆਉਣਾ ਬੰਦ ਕਰ ਦਿੱਤਾ। ਪਰ ਕਿਉਂਕਿ ਅਲਾਉਦੀਨ ਅਪਣੀ ਯੋਜਨਾ ਨੂੰ ਸਫਲ ਕਰਨ ਲਈ ਬਿਲਕੁਲ ਤਿਆਰ ਸੀ ਇਸਲਈ ਉਸਨੇ ਯਾਤਰੀ ਸੌਦਾਗਰਾਂ ਨੂੰ ਇਹ ਆਦੇਸ਼ ਦਿੱਤਾ ਕਿ ਉਹ ਬਾਜਾਰ ਉੱਚਅਧਿਕਾਰੀ (Superintendent of the Market) ਦੇ ਕੋਲ ਪੰਜੀਕ੍ਰਿਤ ਕਰਾਉਣ। ਅਨਾਜ-ਬਾਜਾਰ ਦੇ ਨਿਰੀਖਕ ਮਲਿਕ ਕਬੂਲ ਨੇ ਯਾਤਰੀ ਸੌਦਾਗਰਾਂ ਦੇ ਨੇਤਾਵਾਂ ਨੂੰ ਪਹਿਚਾਣ ਲਿਆ ਅਤੇ ਉਨ੍ਹਾਂ ਨੂੰ ਤਦ ਤਕ ਦੇ ਲਈ ਨਿਯੰਤ੍ਰਣ ਵਿਚ ਰੱਖ ਲਿਆ ਜਦੋਂ ਤਕ ਕਿ ਉਹ ਦਿੱਲੀ ਦੇ ਬਾਹਰ ਵਾਲੇ ਸਥਾਨਾਂ ਤੋਂ ਬਾਜਾਰ ਵਿਚ ਨਿਰੰਤਰ ਅਨਾਜ ਲਿਆਉਣ ਅਤੇ ਅਨੁਸੂਚਿਤ ਦਰਾਂ (Scheduled Rates) ਉੱਤੇ ਵੇਚਣ ਦੇ ਲਈ ਸਹਿਮਤ ਨਹੀ ਹੋ ਗਏ। ਇਸ ਤਰ੍ਹਾਂ ਆਯਾਤ (Supply) ਵਿਚ ਕਮੀ ਹੋਣ ਦਾ ਖਤਰਾ ਟਲ ਗਿਆ।

**ਦੰਡਨਾਇਕਗਣ ਦੇ ਲਈ ਹਦਾਇਤਾਂ** (Instruction of Magistracy) : ਇਹ ਸੁਨਿਸ਼ਚਿਤ ਕਰਨ ਦੇ ਲਈ ਕਿ ਕਾਫਿਲਕਾਰਾਂ (Caravanians) ਨੂੰ ਐਸੀ ਕੀਮਤ ਉਤੇ ਅਨਾਜ ਮਿਲੇ ਕਿ ਉਨ੍ਹਾਂ ਦੇ ਲਾਭ ਦੀ ਸੀਮਾ ਸੁਨਿਸ਼ਚਿਤ ਰਹੇ। ਅਲਾਉਦੀਨ ਨੇ ਦੋ

**ਨੋਟ**

ਆਬਾ ਦੇ ਪੇਂਡੂ ਖੇਤਰ ਅਤੇ ਰਾਜਧਾਨੀ ਸ਼ਹਿਰ ਦੇ ਨੇੜਤੇ ਖੇਤਰਾਂ ਦੇ ਸਾਰੇ ਦੰਡਨਾਇਕਾਂ (Magistrates) ਅਤੇ ਕਲੈਕਟ੍ਰਾਂ ਨੂੰ ਸ਼ਾਹੀ ਆਦੇਸ਼ ਜਾਰੀ ਕਰ ਦਿੱਤੇ ਕਿ ਉਹ ਕਿਸਾਨਾਂ ਤੋਂ ਜ਼ਿਆਦਾ ਤੋਂ ਜ਼ਿਆਦਾ ਅਨਾਜ ਦੀ ਪ੍ਰਾਪਤੀ ਦੇ ਲਈ ਰਾਜਾ ਨੂੰ ਲਿਖਤੀ ਵਚਨ ਦੇਣ। ਕਿਸਾਨਾਂ ਨੂੰ ਰਾਜ ਕਰ (Revenue) ਦਾ 50 ਪ੍ਰਤੀ ਸ਼ਤ ਕਿਸਮ (Kind) ਦੇ ਰੂਪ ਵਿਚ ਦੇਣ ਪ੍ਰੋਤਸਾਹਿਤ ਕੀਤਾ ਗਿਆ ਅਤੇ ਦਬਾਬ ਪਾਇਆ ਗਿਆ ਕਿ ਉਹ ਅਪਣੇ ਤੋਂ ਇਲਾਵਾ ਸਟਾਕ ਨੂੰ ਨਿਸ਼ਚਿਤ ਦਰ ਤੇ ਕਾਫਿਲਕਾਰਾਂ ਨੂੰ ਵੇਚਣ। ਇਸ ਤਰ੍ਹਾ ਉਨ੍ਹਾਂ ਦੇ ਕੋਲ ਕੇਵਲ ਉਨ੍ਹਾਂ ਦੇ ਗੁਜਾਰੇ ਲਈ ਹੀ ਅਨਾਜ ਛੱਡਿਆ ਜਾਂਦਾ।

*ਟਾਸਕ* ਅਲਾਉਦੀਨ ਖਿਲਜੀ ਨੇ ਖਾਧ ਅੰਨ੍ਹ ਦੀ ਕੀਮਤਾਂ ਦਾ ਵਿਨਿਯਮ ਕਿਸ ਪ੍ਰਕਾਰ ਬਣਾਇਆ ?

**ਅਨਾਜ ਗੋਦਾਮ** (Grain Stores) : ਇਹ ਕਾਰਜ ਚੰਗੇ ਮੌਸਮ ਉਤੇ ਨਿਰਭਰ ਕਰਦੇ ਸਨ। ਮੌਸਮ ਦੀ ਭਿਆਨਕਤਾ ਤੋਂ ਬਚਣ ਦੇ ਲਈ ਸੁਲਤਾਨ ਨੇ ਸਰਾਕਰੀ ਅਨਾਜ-ਗੁਦਾਮ ਸਥਾਪਿਤ ਕੀਤੇ। ਇਨ੍ਹਾਂ ਗੁਦਾਮਾਂ ਨੂੰ ਚੰਗੀ ਤਰ੍ਹਾਂ ਭਰਕੇ ਰੱਖਿਆ ਗਿਆ। ਬਾਰੂਨੀ ਦਾ ਕਹਿਣਾ ਹੈ ਕਿ ਸ਼ਾਇਦ ਹੀ ਕੋਈ ਇਹੋ ਜਿਹਾ ਸਥਾਨ ਹੋਵੇਗਾ ਜਿੱਥੇ ਖਾਧ-ਅੰਨ੍ਹ (Food Stuffs) ਤੋਂ ਭਰੇ 2 ਜਾਂ 3 ਸ਼ਾਹੀ ਗੁਦਾਮ ਨਾ ਹੋਣ। ਇਹ ਐਸੇ ਗੁਦਾਮ ਸਨ ਜੋ ਆਮ ਸਥਿਤੀਆਂ ਵਿਚ ਚਾਲੂ ਨਹੀਂ ਰਹਿੰਦੇ ਸਨ। ਉਨ੍ਹਾਂ ਨੂੰ ਕੇਵਲ ਅਨਾਜ ਦੀ ਕਮੀ ਦੇ ਦਿਨਾਂ ਵਿਚ ਖੋਲ੍ਹਿਆ ਜਾਂਦਾ ਸੀ। ਸੁੱਕੇ (Drought) ਦੇ ਦਿਨਾਂ ਵਿਚ ਅਨਾਜ ਦਾ ਰਾਸ਼ਨ-ਕਰ ਦਿੱਤਾ ਜਾਂਦਾ ਸੀ ਅਤੇ ਹਰੇਕ ਘਰ ਨੂੰ ਹਰ ਰੋਜ ਅੱਧਾ ਮਣ ਅਨਾਜ ਦਿੱਤਾ ਜਾਂਦਾ ਸੀ। ਪਰ ਉਨ੍ਹਾਂ ਦਿਨਾਂ ਵਿਚ ਰਾਸ਼ਨ ਕਾਰਡ ਨਹੀਂ ਹੁੰਦੇ ਸਨ ਅਤੇ ਨਾਂ ਹੀ ਨਿਸ਼ਚਿਤ ਵਜਨ ਦੇ ਅਨਾਜ ਪ੍ਰਾਪਤ ਕਰਨ ਦੇ ਲਈ ਲੋਕਾਂ ਦੀ ਸੰਖਿਆ ਹੀ ਨਿਸ਼ਚਿਤ ਕੀਤੀ ਜਾਂਦੀ ਸੀ। ਇਸ ਤਰ੍ਹਾਂ ਦਿਖਦਾ ਹੁੰਦਾ ਹੈ ਕਿ ਜਿਹੜਾ ਵਿਅਕਤੀ ਬਾਜਾਰ ਜਾਂਦਾ ਸੀ ਉਸਨੂੰ ਨਿਰਧਾਰਤ ਵਜਨ ਵਿਚ ਅਨਾਜ ਦੇ ਦਿੱਤਾ ਜਾਂਦਾ ਸੀ।

**ਰਾਜਕੀ ਵਾਰਿਸ** (Officials Heirarchy): ਬਾਜ਼ਾਰਾਂ 'ਤੇ ਪ੍ਰਭਾਵਸ਼ਾਲੀ ਕੰਟਰੋਲ ਦੇ ਲਈ ਕਰਮਚਾਰੀ ਰੱਖੇ ਗਏ ਸਨ। ਉਨ੍ਹਾਂ ਦਾ ਪ੍ਰਧਾਨ (Head) ਬਾਜ਼ਾਰ-ਪ੍ਰਧਾਨ ਜਾਂ ਬਜ਼ਾਰ-ਸਹਨਾਲ (Superintendent or Sahanal of the Market) ਹੁੰਦਾ ਸੀ। ਉਸ ਨੂੰ ਅਨੁਦਾਨ ਦੇ ਰੂਪ ਵਿੱਚ ਇਕ ਵਿਸ਼ਾਲ ਰਾਜ ਸੰਪਤੀ (Estate) ਦਿੱਤੀ ਜਾਂਦੀ ਸੀ ਅਤੇ ਉਸ ਨੂੰ ਆਪਣੇ ਕੰਮਾਂ ਵਿੰਚ ਸਹਾਇਤਾ ਦੇ ਲਈ ਇਕ ਭਾਰੀ ਰਿਸਾਲਾ (Cavalary) ਤੇ ਪੈਦਲ-ਸੈਨਾ ਦਿੱਤੇ ਜਾਂਦੇ ਸਨ। ਉਸ ਦੀਆਂ ਸ਼ਕਤੀਆਂ ਵਿਸਤ੍ਰਿਤ ਸਨ ਅਤੇ ਸ਼ਹਿਰ ਦੇ ਸਾਰੇ ਯਾਤਰੀ ਸੌਦਾਗਰਾਂ ਨੂੰ ਉਸ ਦੇ ਅਧੀਨ ਕਰ ਦਿੱਤਾ ਗਿਆ ਸੀ। ਉਹ ਇਸ ਗੱਲ ਦੀ ਦੇਖਭਾਲ ਕਰਦਾ ਸੀ ਕਿ ਉਹ ਲਗਾਤਾਰ ਮੰਡੀਆਂ ਵਿੱਚ ਅਨਾਜ ਲਿਆਏ। ਰਾਜਾ ਵੱਲੋਂ ਨਿਰਧਾਰਿਤ ਦਰਾਂ 'ਤੇ ਵੇਚਣ ਅਤੇ ਕਿਸੇ ਚੀਜ਼ ਨੂੰ ਚੋਰੀ ਨਾਲ ਇਕੱਠਾ ਨਾ ਕੀਤਾ ਜਾਵੇ ਜਾਂ ਕਾਲੇ ਬਾਜ਼ਾਰ ਵਿੱਚ ਵੇਚਿਆ ਜਾਵੇ। ਇਨ੍ਹਾਂ ਨਿਯਮਾਂ (Regulations) ਨੂੰ ਬੜੀ ਕਠੋਰਤਾ ਦੇ ਨਾਲ ਲਾਗੂ ਕੀਤਾ ਗਿਆ। ਬਰੂਨੀ ਦਾ ਕਹਿਣਾ ਹੈ ਕਿ ਕਿਸੇ ਵਿਅਕਤੀ ਨੂੰ ਇਕ ਮਣ ਅਨਾਜ ਵੀ ਗੁਪਤ-ਸੰਚਯ (Hoard) ਕਰਨ ਦਾ ਹੌਸਲਾ ਨਾ ਹੁੰਦਾ ਸੀ। ਦੋਆਬ ਵਿੱਚ ਵਿਸ਼ੇਸ਼ ਤੌਰ 'ਤੇ ਕੰਟਰੋਲ ਲਾਗੂ ਕੀਤਾ ਗਿਆ ਸੀ ਅਤੇ ਜੇਕਰ ਕਿਸੇ ਤਰੁੱਟੀ ਦਾ ਪਤਾ ਲੱਗਦਾ ਤਾਂ ਦੋਸ਼ੀ ਨੂੰ ਤੁਰੰਤ ਸਜ਼ਾ ਮਿਲਦੀ ਸੀ। ਬਜ਼ਾਰ ਦੀ ਸਥਿਤੀ ਦੇ ਵਾਰੇ ਵਿੱਚ ਉਹ ਰਾਜਾ ਨੂੰ ਪ੍ਰਤੀ ਦਿਨ ਰਿਪੋਰਟ ਦਿੰਦਾ ਸੀ। ਉਸ ਦੀ ਰਿਪੋਰਟ ਦੀ ਸਹਾਇਤਾ ਕੀਤੀ ਜਾਂਦੀ ਸੀ ਹੋਰ ਸਾਧਨਾਂ ਨਾਲ ਕੀਤੀ ਜਾਂਦੀ ਸੀ ਅਤੇ ਜੇਕਰ ਕੋਈ ਅੰਤਰ ਮਿਲਦਾ ਹੈ ਤਾਂ ਦੋਸ਼ੀ ਤੋਂ ਤੁਰੰਤ ਜਵਾਬ ਕੀਤਾ ਜਾਂਦਾ ਸੀ।

ਅਨਾਜ ਮੰਡੀ ਵਿਚ ਦੂਜੇ ਕਰਮਚਾਰੀ ਬਾਰਿਦ-ਏ-ਮੰਡੀ (Barid-e-Mandi) ਅਤੇ ਮੁਨਿਹਿਯਨ (Munhiyans) ਹੁੰਦੇ ਸਨ। ਪਹਿਲੇ ਦਾ ਕੰਮ "ਵਸਤਾਂ ਦੇ ਗੁਣਾਂ ਦੀ ਰਿਪੋਰਟ ਦੇਣਾ ਹੁੰਦਾ ਸੀ। ਮੁਨਿਹਿਅਨਾਂ ਦੀ ਤੁਲਨਾ ਅੱਜ ਦੀ ਗੁਪਤ ਸੇਵਾ-ਪੁਲਿਸ ਦੇ ਨਾਲ ਕੀਤੀ ਜਾ ਸਕਦੀ ਸੀ। ਹਾਲਾਂਕਿ ਤਕਨੀਕੀ ਨਜ਼ਰ ਤੋਂ ਉਹ ਉੱਚ ਅਧਿਕਾਰੀ (Superintendents) ਦੇ ਅਧੀਨ ਹੁੰਦੇ ਸਨ ਫਿਰ ਵੀ ਉਹ ਸਿੱਧਾ ਸੁਲਤਾਨ ਨੂੰ ਅਪਣੀ ਰਿਪੋਰਟ ਪੇਸ਼ ਕਰਦੇ ਸਨ।"

**ਕੱਪੜਾ ਅਤੇ ਘੋੜਾ ਬਾਜ਼ਾਰ** (Cloth and Horse Market) : ਇਸ ਪ੍ਰਕਾਰ ਸਿਪਾਹੀ ਦੀ ਸਾਰੀ ਜ਼ਰੂਰਤੀ ਵਸਤਾਂ ਦੇ ਭਾਉ ਨੂੰ ਨਿਯੰਤ੍ਰਤ ਕਰ ਦਿੱਤਾ। ਖਾਧ-ਖੁਰਾਕ ਦੇ ਬਾਦ ਇਕ ਸਿਪਾਹੀ ਦੇ ਲਈ ਸਭ ਤੋਂ ਵੱਧ ਮਹੱਤਵਪੂਰਨ ਆਵਸ਼ਕਤਾ ਕੱਪੜੇ ਦੀ ਅਤੇ ਘੋੜੇ ਦੀ ਸੀ। ਕੱਪੜੇ ਦੇ ਬਾਜਾਰ ਨੂੰ ਸ਼ਹਿਰ ਵਿਚ ਇਕ ਵਿਸ਼ੇਸ ਜਗ੍ਹਾਂ ਉਤੇ ਵਸਾਇਆ ਗਿਆ ਅਤੇ ਸ਼ਹਿਰ ਵਿਚ ਕੇਵਲ ਇਕ ਹੀ ਬਜਾਰ ਹੁੰਦਾ ਸੀ। ਉਹ ਦੀਵਾਨ-ਏ-ਰਿਆਸਤ (Diwan-e-Riyasat) ਦੇ ਅਧੀਨ ਸੀ ਜਿਹੜਾ ਮੁੱਖ ਬਾਜਾਰ ਅਧਿਕਾਰੀ ਹੁੰਦਾ ਸੀ। ਕਪੜੇ ਦੀ ਸਪਲਾਈ ਦੇ ਨਹੀ ਉਹ ਦੂਸਰੇ। ਬਾਜਾਰਾਂ ਵਿਚ ਉਚ ਅਧਿਕਾਰੀ (Superintendent) ਨਿਯੁਕਤ ਕਰਦਾ ਸੀ। ਕਿਉਂਕਿ ਦੂਰ ਸਥਾਨਾਂ ਦੇ ਨਿਰਮਾਤਾਵਾਂ ਨੂੰ ਅਪਣਾ ਮਾਲ ਨਿਰਧਾਰਤ ਭਾਉ ਉਤੇ ਵੇਚਣ ਲਈ ਮਜਬੂਰ ਨਹੀਂ ਸੀ ਕਰ ਸਕਦਾ, ਇਸਲਈ ਉਸਨੂੰ ਕੁਝ ਉਦਾਰ ਕਦਮ ਚੁੱਕਣੇ ਪਏ। ਸੌਦਾਗਰਾਂ ਨੂੰ ਪੰਜੀਕ੍ਰਿਤ (Registered) ਕੀਤਾ ਗਿਆ। ਸੁਲਤਾਨ ਮੁਲਤਾਨੀ ਸੌਦਾਗਰਾਂ ਨੂੰ ਪੇਸ਼ਗੀ ਧੰਨ (Advance) ਦਿੰਦਾ ਸੀ ਤਾਂਕਿ ਨਿਯੰਤ੍ਰਿਤ ਮੁੱਲ ਉਤੇ ਸਰਕਾਰੀ ਬਾਜਾਰ ਵਿਚ ਵਸਤਾਂ ਵੇਚਣ ਲਈ ਉਹ ਕਿਤੇ ਤੋਂ ਵੀ ਉਨ੍ਹਾਂ ਨੂੰ ਖਰੀਦ ਸਕੇ ਇਹ ਸੌਦਾਗਰ ਵਾਸਤਵ ਵਿਚ ਪੱਕੇ ਸੌਦਾਗਰ ਨਹੀਂ ਸਨ। ਉਹ ਅਸਲ ਵਿਚ ਸਰਕਾਰ

ਨੋਟ

ਦੇ ਏਜੰਟ ਸਨ ਅਤੇ ਉਨ੍ਹਾਂ ਨੂੰ ਬਾਹਰ ਤੋਂ ਸਾਮਾਨ ਖਰੀਦ ਕੇ ਦਿੱਲੀ ਵਿਚ ਵੇਚਣ ਲਈ ਪੇਸ਼ਗੀ ਧੰਨ ਦਿੱਤਾ ਜਾਂਦਾ ਸੀ। ਕਾਲਾ ਬਾਜ਼ਾਰ ਬੰਦ ਕਰਨ ਲਈ ਅਤੇ ਉਨ੍ਹਾਂ ਨੂੰ ਉੱਚ ਦਰਜੇ ਦੇ ਕੱਪੜੇ ਖਰੀਦਣ ਦੇ ਲਈ ਉਨ੍ਹਾਂ ਨੂੰ ਮਿਹਨਤਾਨਾ ਵੀ ਦਿੱਤਾ ਜਾਂਦਾ ਸੀ। ਇਨ੍ਹਾਂ ਵਸਤਾਂ ਦੇ ਖਰੀਦਣ ਲਈ ਦੀਵਾਨੀ–ਏ–ਰਿਆਸਤ ਤੋਂ ਪਰਮਟ ਲੈਣਾ ਪੈਂਦਾ ਸੀ ਅਤੇ ਉਸ ਸਾਮਾਨ ਦੀ ਲਿਖਤ ਪਾਵਤੀ (Receipt) ਦੇਣੀ ਪੈਂਦੀ ਸੀ। ਇਸ ਪ੍ਰਕਾਰ ਮੁਨਾਫਾਖੋਰੀ ਅਤੇ ਕਾਲਾਬਾਜਰੀ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ ਗਿਆ।

**ਦਾਸ ਬਾਜਾਰ ਉੱਤੇ ਨਿਯੰਤ੍ਰਣ** (Control to Slave Market) : ਇਸੀ ਤਰ੍ਹਾਂ ਘੋੜਾ ਅਤੇ ਦਾਸ ਬਾਜਾਰ ਉੱਤੇ ਨਿਯੰਤ੍ਰਣ ਕੀਤਾ ਗਿਆ। ਬਹੁਤ ਮੁਸ਼ਕਿਲਾਂ ਤੋਂ ਬਾਦ ਮੱਧ ਖਰੀਦ ਅਤੇ ਵਿਕਰੀ ਵਰਗ (Class of middle buyer and seller) ਨੂੰ ਠੀਕ ਰਸਤੇ ਉੱਤੇ ਲਿਆਂਦਾ ਗਿਆ। ਦਲਾਲਾਂ ਨੂੰ ਆਮ ਆਦੇਸ਼ ਜਾਰੀ ਕੀਤਾ ਗਿਆ। ਆਮਤੌਰ ਤੇ ਉਹ ਚਾਬੁਕਾਂ (Lashes) ਨੂੰ ਇਸਤੇਮਾਲ ਕਰਦਾ ਸੀ। ਇਸ ਪ੍ਰਕਾਰ ਜੈਸਾ ਕਿ ਇਤਿਹਾਸ ਕਾਲਕ੍ਰਮ (Chronicles) ਤੋਂ ਪਤਾ ਚਲਦਾ ਹੈ ਹਰੇਕ ਵਸਤੂ ਦੀ ਕੀਮਤ ਨਿਰਧਾਰਤ ਕੀਤੀ ਗਈ ਜਦ ਤਕ ਵਪਾਰੀ ਬਿਲਕੁਲ ਕਰਜਦਾਰ ਨਹੀਂ ਸੀ ਹੋ ਜਾਂਦਾ ਅਤੇ ਉਹ ਘੱਟ ਤੋਲਣਾ ਬੰਦ ਨਹੀਂ ਸੀ ਕਰਦਾ ਤਦ ਤਕ ਉਸਨੂੰ ਭਿਆਨਕ ਸਜਾਵਾਂ ਮਿਲਦੀਆਂ ਰਹਿੰਦੀਆਂ। ਕਦੇ–ਕਦੇ ਤਾਂ ਉਹ ਅਸਲ ਵਜਨ ਤੋਂ ਜ਼ਿਆਦਾ ਤੋਲ ਦਿੰਦੇ ਸਨ।

**ਚੁਕਕਰਤਾਵਾਂ ਦੀ ਸਜਾ** (Punishment to Defaulters) : ਇਹ ਦੂਸਰੀ ਉੱਚ ਸੀਮਾ ਸੀ। ਅਤਿਅੰਤ ਗੰਭੀਰ ਸਜਾਵਾਂ ਦੇ ਕਾਰਣ ਦੁਕਾਨਦਾਰਾਂ ਨੇ ਵਾਸਤਵਿਕ ਵਜਨ ਤੋਂ ਵੱਧ ਤੋਲਣਾ ਸ਼ੁਰੂ ਕਰ ਦਿੱਤਾ ਸੀ। ਇਹ ਦੂਰਦਰਸ਼ਿਤਾ ਦੀ ਕਮੀ ਦਾ ਸਬੂਤ ਹੈ, ਕਿਉਂਕਿ ਵਪਾਰ ਅਤੇ ਪੈਸੇ ਨਾਲ ਸੰਬੰਧਤ ਐਸੀ ਹਾਲਤ ਵਿਚ ਉਪਰ ਉੱਠ ਨਹੀਂ ਸਕਦੇ ਜਿਥੇ ਉਨ੍ਹਾਂ ਦੇ ਲਾਭ ਉਦੇਸ਼ (Profit Motive) ਨੂੰ ਪ੍ਰੋਤਸਾਹਨ ਨਾ ਮਿਲਦਾ ਹੋਵੇ। ਵਪਾਰ ਦੇ ਲਈ ਲਾਭ ਦਾ ਉਦੇਸ਼ ਹੀ ਸਭ ਤੋਂ ਵੱਡੀ ਪ੍ਰੇਰਣਾ ਹੈ ਅਤੇ ਇਸੇ ਨੂੰ ਅਲਾਉਦੀਨ ਨੇ ਕਠੋਰਤਾ ਨਾਲ ਦਬਾਇਆ।

**ਖੇਤੀ ਦਾ ਪ੍ਰਭਾਵ** (Effect on Agriculture): ਖੇਤੀ ’ਤੇ ਵੀ ਪ੍ਰਭਾਵ ਪਿਆ ਅਤੇ ਕਿਸਾਨਾਂ ਦੀ ਦਸ਼ਾ ਵੀ ਲੱਗਭਗ ਬੇਸਹਾਰਾ ਹੋ ਗਈ। ਭੂਰਾਜਸਵ (Land Revenue) ਨੂੰ 50 ਪ੍ਰਤੀਸ਼ਤ ਕਿਸਮ ਦੇ ਰੂਪ ਵਿੱਚ ਵਸੂਲ ਕਰਨ ਦਾ ਬਹਾਨਾ ਰੋਕਣ ਦੀ ਕਾਰਵਾਈ ਕਹਿ ਕੇ ਟਾਲਿਆ ਜਾ ਸਕਦਾ ਹੈ, ਪਰ ਜਦੋਂ ਅਸੀਂ ਇਸ ਗੱਲ ’ਤੇ ਧਿਆਨ ਦਿੰਦੇ ਹਾਂ ਕਿ ਕਿਸਾਨਾਂ ਨੂੰ ਹੋਰ ਬਹੁਤ ਸਾਰੀਆਂ ਅਦਾਇਗੀਆਂ ਕਰਨੀਆਂ ਪੈਂਦੀਆਂ ਸਨ ਅਤੇ ਫਿਰ ਉਨ੍ਹਾਂ ਸਰਕਾਰੀ ਸੌਦਾਗਰਾਂ ਦੇ ਹੱਥ ਆਪਣੇ ਬਾਕੀ ਅਨਾਜ ਨੂੰ ਸਸਤੇ ਭਾਅ ’ਤੇ ਵੇਚਣਾ ਪੈਂਦਾ ਸੀ ਤਾਂ ਇਸ ਨਾਲ ਉਨ੍ਹਾਂ ਦਿਨਾਂ ਵਿੱਚ ਕਿਸਾਨਾ ਦੀ ਦਸ਼ਾ ਦਾ ਅਹਿਸਾਸ ਨਹੀਂ ਹੁੰਦਾ।

ਪਰ ਅਲਾਉਦੀਨ ਨੂੰ ਇਸ ਕਾਰਣ ਦੇ ਨਾਲ ਮਾਫ਼ ਕੀਤਾ ਜਾ ਸਕਦਾ ਹੈ ਕਿ ਖੇਤੀ–ਬਾੜੀ ਅਤੇ ਵਪਾਰ ਨੂੰ ਵਧਾਉਣਾ ਹੀ ਉਸਦਾ ਉਦੇਸ਼ ਨਹੀਂ ਸੀ। ਉਸਦੀ ਮੁੱਖ ਆਵਸ਼ਕਤਾ ਤਾਂ ਇਕ ਵਿਸ਼ਾਲ ਸੈਨਾ ਰੱਖਣ ਦੀ ਸੀ ਅਤੇ ਉਸ ਮਕਸਦ ਵਿਚ ਉਸਦੀ ਕਾਰਵਾਈ ਜ਼ਿਆਦਾਤਰ ਸਫ਼ਲ ਰਹੀ।

**ਸਵ-ਮੁਲਾਂਕਣ (Self Assessment)**

6. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks):
   (i) ਯੁੱਧ ਦੇ ਕਾਰਣ............... ਵਿਚ ਵੀ ਗੜਬੜ ਹੁੰਦੀ ਸੀ।
   (ii) ਮੌਸਮ ਦੇ ਆਂਤਕ ਤੋਂ ਬਚਾਵ ਦੇ ਲਈ ਸੁਲਤਾਨ ਨੇ ਸਰਕਾਰੀ...........ਸਥਾਪਿਤ ਕੀਤੇ।
   (iii) ਅਨਾਜ ਮੰਡੀ ਵਿਚ ਦੂਸਰੇ ਕਰਮਚਾਰੀ ਬਾਰਿਦ–ਏ–ਮੰਡੀ ਅਤੇ.............. ਹੁੰਦੇ ਸਨ।

## 5.7 ਅਲਾਉਦੀਨ ਖਿਲਜੀ ਦੇ ਆਰਥਿਕ ਸੁਧਾਰ (Economic Improvement of Ala-ud-Din Khilji)

ਅਲਾਉਦੀਨ ਖਿਲਜੀ ਦੇ ਆਰਥਕ ਸੁਧਾਰ ਉਸਦੇ ਪ੍ਰਸ਼ਾਸਨ ਦਾ ਸਭ ਤੋਂ ਮਹੱਤਵਪੂਰਣ ਰੂਪ ਹੈ। ਡਾ. ਕੇ. ਐਸ. ਲਾਲ ਦਾ ਕਹਿਣਾ ਹੈ ਕਿ “ਐਸਾ ਲਗਦਾ ਹੈ ਕਿ ਕਿਸਾਨਾਂ ਦਾ ਜੀਵਨ ਨੀਰਸ ਸੀ ਅਤੇ ਉਨ੍ਹਾਂ ਦੇ ਰਹਿਣ–ਸਹਿਣ ਦਾ ਦਰਜਾ ਨੀਵਾਂ ਸੀ।” ਮੱਧ ਯੁਗ ਇਤਿਹਾਸ ਦੇ ਸਾਰੇ ਘੇਰੇ ਵਿਚ ਸ਼ਾਇਦ ਉਹ ਇਕ ਐਸਾ ਸ਼ਾਸਕ ਹੈ ਜਿਸਨੇ ਆਰਥਿਕ ਸੁਧਾਰ ਕੀਤੇ ਅਤੇ ਇਨ੍ਹਾਂ ਸੁਧਾਰਾਂ ਦੇ ਕਾਰਣ ਹੀ ਲੇਨਪੁਲ ਨੇ ਉਸਨੂੰ ਇਕ ਮਹਾਨ ਅਰਥ ਸ਼ਾਸਤ੍ਰੀ ਦਾ ਨਾਮ ਦਿੱਤਾ ਹੈ।

ਲਗਾਤਾਰ ਵਿਜਾਵਾਂ ਦਾ ਅਲਾਉਦੀਨ ਦਾ ਸ਼ੌਕ ਅਤੇ ਮੰਗੋਲਾਂ ਦੇ ਲਗਾਤਾਰ ਆਕ੍ਰਮਣਾਂ ਨੇ ਉਸਦੇ ਮਨ ਵਿਚ ਇਹ ਗੱਲ੍ਹ ਬਠਾ ਦਿੱਤੀ ਸੀ ਕਿ ਇਕ ਬੜੀ ਭਾਰੀ ਸੈਨਾ ਬਣਾ ਕੇ ਰੱਖਣਾ ਅਤਿ–ਆਵਸ਼ਕ ਹੈ। ਸੈਨਾ ਉੱਤੇ ਖਰਚ ਕਰਨ ਤੋਂ ਇਲਾਵਾ ਵੀ ਉਸਨੂੰ ਪ੍ਰਸ਼ਾਸਨ ਚਲਾਉਣ ਲਈ ਵੀ ਧਨ ਦੀ ਜ਼ਰੂਰਤ ਸੀ। ਮੰਨਿਆ ਕਿ ਉਹ ਦੇਵਗਿਰੀ ਤੋਂ ਬਹੁਤ ਸਾਰਾ ਧੰਨ ਲੁੱਟ ਕੇ ਲੈ ਆਇਆ ਸੀ ਉਸਨੂੰ ਕਈ ਹਾਰੀ ਹੋਈ ਸ਼ਕਤੀਆਂ ਤੋਂ ਭੇਂਟ ਧੰਨ ਵੀ ਮਿਲ ਰਿਹਾ ਸੀ ਅਤੇ ਉਹ ਕਿਸਾਨਾਂ ਤੋਂ ਫਸਲ ਦਾ 50 ਪ੍ਰਤੀਸ਼ਤ ਵੀ ਪ੍ਰਾਪਤ ਕਰ ਰਿਹਾ ਸੀ ਪਰ ਫਿਰ ਵੀ ਅਪਣੀ ਆਵਸ਼ਕਤਾ ਦੀ ਪੂਰਤੀ ਲਈ ਉਸਦੇ ਕੋਲ ਜ਼ਿਆਦਾ ਧਨ ਨਹੀਂ ਸੀ। ਸੈਨਾ ਤਾਂ ਉਹ ਘਟਾ ਨਹੀਂ ਸੀ ਸਕਦਾ ਇਸ ਲਈ ਉਸਨੇ ਸੈਨਕਾਂ ਦੀ ਤਨਖਾਹ ਘਟਾ ਦਿੱਤੀ ਪਰ ਇਸਲਈ ਕਿ ਘੱਟ ਤਨਖਾਹ ਵਿਚ ਵੀ ਉਹ

ਨੋਟ

ਆਰਾਮ ਨਾਲ ਗੁਜਾਰਾ ਕਰ ਸਕਣ ਉਸਨੇ ਵਸਤਾਂ ਦੇ ਮੁੱਲ ਘਟਾ ਦਿੱਤੇ ਅਤੇ ਹੋਰ ਸੁਧਾਰ ਲਾਗੂ ਕਰਨ ਦਾ ਨਿਸ਼ਚੈ ਕਰ ਲਿਆ। ਉਸਦੇ ਆਰਥਿਕ ਸੁਧਾਰਾਂ ਦੀ ਸਤਹ ਉੱਤੇ ਵਾਸਤਵ ਵਿਚ ਇਹ ਪ੍ਰਯੋਜਨ ਕੰਮ ਕਰ ਰਿਹਾ ਸੀ। ਇਸ ਤੋਂ ਇਲਾਵਾ ਅਪਣੀ ਗਰੀਬ ਹੋਈ ਜਨਤਾ ਦੇ ਨਾਲ-ਨਾਲ ਉਸਨੇ ਇਹ ਆਵਸ਼ਕ ਸਮਝਿਆ ਕਿ ਵਸਤਾਂ ਦੀਆਂ ਕੀਮਤਾਂ ਨਿਰਧਾਰਿਤ ਕਰ ਦਿੱਤੀਆਂ ਜਾਣ ਤਾਂਕਿ ਇਸ ਗੱਲ੍ਹ ਦਾ ਨਿਸ਼ਚੈ ਹੋ ਸਕੇ ਕਿ ਉਨ੍ਹਾਂ ਦੇ ਕੋਲ ਪ੍ਰਤੀ ਸਾਲ ਜਿੰਨਾ ਚਾਹੀਦਾ ਹੈ ਉਨ੍ਹਾਂ ਅਨਾਜ ਦੁੱਧ ਆਦਿ ਸਾਮਾਨ ਤਾਂ ਬਚ ਹੀ ਜਾਵੇਗਾ। ਉਹ ਨਹੀਂ ਚਾਹੁੰਦਾ ਸੀ ਕਿ ਲੋਕ ਅਮੀਰ ਬਣ ਜਾਣ ਜਿਸ ਨਾਲ ਇਸ ਤਰ੍ਹਾਂ ਨਾ ਹੋਵੇ ਕਿ ਉਹ ਵਿਦਰੋਹੀ ਅਤੇ ਦੁਖਦਾਈ ਸਿੱਧ ਹੋਣ। ਉਸਦੇ ਸੁਧਾਰ ਸੰਖੇਪ ਵਿਚ ਇਸ ਪ੍ਰਕਾਰ ਦਿੱਤੇ ਜਾ ਸਕਦੇ ਹਨ—

*ਨੋਟਸ* ਮੱਧ ਯੁਗ ਇਤਿਹਾਸ ਦੇ ਸਾਰੇ ਘੇਰੇ ਵਿਚ ਸ਼ਾਇਦ ਉਹ ਹੀ ਇਕ ਸ਼ਾਸਕ ਸੀ ਜਿਸਨੇ ਆਰਥਿਕ ਸੁਧਾਰ ਕੀਤੇ।

**(i) ਕੀਮਤਾਂ 'ਤੇ ਕੰਟਰੋਲ** (Control on Prices): ਸਭ ਤੋਂ ਪਹਿਲਾਂ ਇਕ ਵਪਾਰਕ ਸੂਚੀ ਤਿਆਰ ਕੀਤੀ ਗਈ, ਜਿਸ ਵਿੱਚ ਰੋਜ਼ਾਨਾ ਪ੍ਰਯੋਗ ਦੀਆਂ ਸਭ ਵਸਤੂਆਂ ਦਾ ਮੁੱਲ ਲਿਖ ਦਿੱਤਾ ਗਿਆ। ਮੁੱਖ ਬਹੁਤ ਹੀ ਥੋੜ੍ਹੇ ਭਾਅ 'ਤੇ ਨਿਸ਼ਚਿਤ ਕੀਤੇ ਗਏ। ਉਦਾਹਰਣ ਦੇ ਤੌਰ 'ਤੇ ਅਨਾਜ ਦੀਆਂ ਕੀਮਤਾਂ ਇਸ ਤਰ੍ਹਾਂ ਸਨ–

| | | |
|---|---|---|
| (i) | ਕਣਕ | ਸਾਢੇ 7 ਜੀਤਲ ਪ੍ਰਤੀ ਮਣ |
| (ii) | ਜੌਂ | 4 ਜੀਤਲ ਪ੍ਰਤੀ ਮਣ |
| (iii) | ਛੋਲੇ | 5 ਜੀਤਲ ਪ੍ਰਤੀ ਮਣ |
| (iv) | ਚਾਵਲ | 5 ਜੀਤਲ ਪ੍ਰਤੀ ਮਣ |
| (v) | ਮਾਸ | 5 ਜੀਤਲ ਪ੍ਰਤੀ ਮਣ |
| (vi) | ਮੋਠ | 3 ਜੀਤਲ ਪ੍ਰਤੀ ਮਣ |

ਮੱਖਣ ਦਾ ਜ਼ਿਆਦਾ ਤੋਂ ਜ਼ਿਆਦਾ ਮੁੱਖ ਢਾਈ ਸੇਰ ਪ੍ਰਤੀ ਜੀਤਲ ਨਿਯਤ ਕੀਤਾ ਗਿਆ। ਖੰਡ ਦਾ ਮੁੱਲ $1\frac{1}{2}$ ਇਕ ਜੀਤਲ ਪ੍ਰਤੀ ਸੇਰ ਲਗਾਇਆ ਗਿਆ। ਰੇਵੜੀ ਖੀਰ ਸਬਜੀਆਂ ਚੋਂ ਪੱਤਿਆਂ ਫਲ ਕੰਘੇ ਜੁਤੇ ਪਿਆਲੇ ਘੜੇ ਸੂਈਆਂ ਅਤੇ ਪਾਨ ਆਦਿ ਵਸਤਾਂ ਦੇ ਮੁੱਲ ਨਿਯਤ ਕਰ ਦਿੱਤੇ। ਦਾਸਾਂ ਗਾਵਾਂ ਘੋੜੇ ਅਤੇ ਨੌਕਰਾਂ ਅਤੇ ਵੇਸ਼ਵਾਵਾਂ ਦੀ ਕੀਮਤ ਵੀ ਨਿਯਤ ਕਰ ਦਿੱਤੀ। ਕੱਟਣ ਲਈ ਇਕ ਗਊ ਡੇਢ ਟੰਕ ਤਕ ਵਿਕਦੀ ਜਦੋਂ ਕਿ ਦੁੱਧ ਦੇਣ ਵਾਲੀ ਗਊ 3 ਤੋਂ 4 ਟੰਕ ਤਕ ਵਿਕਦੀ ਸੀ। ਪਹਿਲੇ ਦਰਜੇ ਦੇ ਘੋੜੇ 102 ਤੋਂ 120 ਟੰਕ ਤਕ ਖਰੀਦੇ ਜਾ ਸਕਦੇ। ਦੂਜੇ ਦਰਜੇ ਦੇ ਘੋੜੇ 80 ਤੋਂ 90 ਟੰਕ ਤਕ ਅਤੇ ਤੀਜੇ ਦਰਜੇ ਦੇ 65 ਤੋਂ 70 ਟੰਕ ਵਿਚ ਖਰੀਦੇ ਜਾ ਸਕਦੇ ਸਨ। ਇਕ ਦਾਸ ਲੜਕੀ ਦਾ ਮੁੱਲ 5 ਤੋਂ 12 ਟੰਕ ਤਕ ਨਿਯਤ ਕੀਤਾ ਗਿਆ ਅਤੇ ਇਕ ਵੇਸ਼ਵਾ ਦਾ 20 ਤੋਂ 40 ਟੰਕ ਤਕ।

ਫਰਿਸਤਾ ਦੀ ਰਾਏ ਇਹ ਹੈ ਕਿ ਜਿਹੜੀਆਂ ਕੀਮਤਾਂ ਦਿੱਲੀ ਦੇ ਲਈ ਨਿਯਤ ਕੀਤੀ ਗਈ ਉਹੀ ਦੇਸ਼ ਦੇ ਦੂਜੇ ਭਾਗਾਂ ਵਿਚ ਵੀ ਚਲਦੀ ਸੀ ਪਰ ਇਹ ਗੱਲ੍ਹ ਗਲਤ ਲਗਦੀ ਹੈ।

*ਕੀ ਤੁਸੀਂ ਜਾਣਦੇ ਹੋ* ਦੁਕਾਨਦਾਰਾਂ ਨੂੰ ਇਨ੍ਹਾਂ ਨਿਯਤ ਮੁੱਲਾਂ ਉੱਤੇ ਹੀ ਵਸਤਾਂ ਵੇਚਣੀਆਂ ਪੈਂਦੀਆਂ ਸਨ। ਜ਼ਿਆਦਾ ਮੁੱਲ ਉੱਤੇ ਵੇਚਣਾ ਇਕ ਅਪਰਾਧ ਸੀ ਅਤੇ ਅਪਰਾਧ ਵੀ ਇਹੋ ਜਿਹਾ ਜਿਸਦੇ ਲਈ ਕਠੋਰ ਦੰਡ ਮਿਲਦਾ। ਬਾਰਾਨੀ ਸਾਨੂੰ ਦੱਸਦਾ ਹੈ ਕਿ ਇਕ ਵਾਰ ਸ਼ਾਹਾਨਾ-ਏ-ਮੰਡੀ ਨੂੰ 22 ਚਾਬੁਕ ਮਾਰੇ ਗਏ ਇਸ ਕਾਰਣ ਕਿ ਉਸਨੇ ਸੁਲਤਾਨ ਨੂੰ ਅਨਾਜ ਦੇ ਮੁੱਲ ਡੇਢ ਜੀਤਲ ਤਕ ਵਧਾਵੁਣ ਦਾ ਸੁਝਾਉ ਦਿੱਤਾ ਸੀ।

ਨੋਟ

**(ii) ਸਪਲਾਈ ਉੱਤੇ ਨਿਯੰਤ੍ਰਣ** (Control on Supply) : ਅਲਾਉਦੀਨ ਨੇ ਇਹ ਸਮਝ ਲਿਆ ਕਿ ਜੇਕਰ ਸਪਲਾਈ ਉਤੇ ਨਿਯੰਤ੍ਰਣ ਨਾ ਕੀਤਾ ਗਿਆ ਤਾਂ ਕੀਮਤਾਂ ਘੱਟ ਕਰਨ ਨਾਲ ਕੰਮ ਨਹੀਂ ਬਣੇਗਾ। ਉਸ ਦੇ ਦਿਲ ਵਿਚ ਇਹ ਗੱਲ ਬੈਠ ਗਈ ਕਿ ਜੇਕਰ ਉਸਦੀ ਯੋਜਨਾ ਸਫਲ ਹੋਣੀ ਹੈ ਤਾਂ ਵਸਤਾਂ ਦੀ ਸਪਲਾਈ ਸਮਾਂ ਉਤੇ ਹੋਣੀ ਆਵਸ਼ਕ ਹੈ। ਇਸ ਲਈ ਉਸਨੇ ਇਹ ਆਗਿਆ ਜਾਰੀ ਕਰ ਦਿੱਤੀ ਕਿ ਕੋਈ ਵੀ ਆਦਮੀ ਅਪਣੇ ਕੋਲ 10 ਮਣ ਤੋਂ ਜ਼ਿਆਦਾ ਅਨਾਜ ਨਾ ਰੱਖੇ ਅਤੇ ਫਾਲਤੂ ਅਨਾਜ ਨਿਯਤ ਕੀਮਤ ਉੱਤੇ ਵੇਚ ਦੇਵੇ। ਅਲਾਉਦੀਨ ਨੇ ਨਾਲ ਜੁੜੇ ਹੋਏ ਨਿਆਂ-ਪਾਲਕਾਂ ਅਤੇ ਪੱਕੇ ਅਧਿਕਾਰੀਆਂ ਨੂੰ ਵੀ ਆਗਿਆ ਦੇ ਦਿੱਤੀ ਕਿ ਤੁਸੀਂ ਮੈਨੂੰ ਲਿਖ ਕੇ ਦਿਉ ਕਿ ਕਿਸਾਨਾਂ ਤੋਂ ਜਿੰਨਾਂ ਵੀ ਹੋ ਸਕੇਗਾ ਉਨਾਂ ਹੀ ਅਨਾਜ ਪ੍ਰਾਪਤ ਕਰਨ ਦਾ ਪ੍ਰਯਤਨ ਕੀਤਾ ਜਾਏਗਾ। ਉਸਦੇ ਅਨੁਸਾਰ ਹੀ ਨਿਆਂ-ਪਾਲਕਾਂ ਅਤੇ ਜਿਲ੍ਹਾਂ ਅਧਿਕਾਰੀਆਂ ਨੇ 50 ਪ੍ਰਤੀ ਸ਼ਤ ਫਸਲ ਰਾਜ ਕਰ ਦੇ ਰੂਪ ਵਿਚ ਪ੍ਰਾਪਤ ਕਰਨ ਤੋਂ ਬਾਦ ਕਿਸਾਨਾਂ ਨੂੰ ਮਜਬੂਰ ਕੀਤਾ ਕਿ ਉਹ ਅਪਣਾ ਫਾਲਤੂ ਅਨਾਜ ਨਿਯਤ ਮੁੱਲ ਉੱਤੇ ਯਾਤਰੀ ਵਪਾਰੀਆਂ ਨੂੰ ਵੇਚ ਦੇਣ। ਸਪਲਾਈ ਵਿਚ ਅੜਚਣ ਮੌਸਮ ਦੇ ਕਾਰਣ ਵੀ ਹੋ ਸਕਦੀ ਸੀ। ਇਸਲਈ ਸੁਲਤਾਨ ਨੇ ਅਨਾਜ ਦੇ ਸਰਕਾਰੀ ਗੁਦਾਮ ਸਥਾਪਿਤ ਕੀਤੇ ਜਿਹੜੇ ਅਨਾਜ ਦੀ ਸਪਲਾਈ ਦਿੰਦੇ, ਜਦੋਂ ਫਸਲ ਦੇ ਅਸਫਲ ਹੋ ਜਾਣ ਦੇ ਕਾਰਣ ਕਿਸਾਨ ਸਪਲਾਈ ਨਾਂ ਕਰ ਸਕਦੇ।

**(iii) ਆਵਾ-ਜਾਈ ਤੇ ਨਿਯੰਤ੍ਰਣ** (Control on Transport) : ਸੁਲਤਾਨ ਨੇ ਨਾਂ ਕੇਵਲ ਬਹੁਤ ਸਾਰੀ ਵਸਤਾਂ ਦੀ ਕੀਮਤ ਅਤੇ ਉਨ੍ਹਾਂ ਦੀ ਸਪਲਾਈ ਉੱਤੇ ਨਿਯੰਤ੍ਰਣ ਕੀਤਾ ਨਾਲ ਹੀ ਉਸਨੇ ਮਾਲ ਦੀ ਢੋਆ-ਢੁਆਈ ਤੇ ਵੀ ਨਿਯੰਤ੍ਰਣ ਕੀਤਾ। ਇਕ ਜਗ੍ਹਾਂ ਤੋਂ ਦੂਜੀ ਜਗ੍ਹਾ ਤਕ ਮਾਲ ਲੈ ਜਾਣ ਵਾਲੇ ਵਪਾਰੀਆਂ ਅਤੇ ਬਾਜਾਰਾਂ ਦੇ ਨਾਮ ਰਜਿਸਟਰਡ ਕੀਤੇ ਗਏ ਅਤ ਮਾਲ ਨੂੰ ਲੈ ਆਉਣ ਲੈ ਜਾਣ ਵਿਚ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਦਿੱਤੀ ਗਈ ਸੀ।

**(iv) ਰਾਸ਼ਨ ਪ੍ਰਣਾਲੀ** (Rationing System) : ਕਿਤੇ ਕਿਸੀ ਜਗ੍ਹਾਂ ਤੇ ਸੋਕਾ ਜਾਂ ਅਕਾਲ ਨਾਂ ਪੈ ਜਾਵੇ ਇਸਲਈ ਅਲਾਉਦੀਨ ਨੇ ਪਹਿਲਾਂ ਤੋਂ ਹੀ ਰਾਸ਼ਨ ਪ੍ਰਣਾਲੀ ਚਾਲੂ ਕਰ ਦਿੱਤੀ ਸੀ। ਇਹੋ ਜਿਹੇ ਦੁੱਖਦਾਈ ਸਮੇਂ ਵਿਚ ਲੋਕਾਂ ਨੂੰ ਅਨਿਸ਼ਚਿਤ ਪਰਿਣਾਮ ਵਿਚ ਅਨਾਜ ਨਹੀਂ ਵੇਚਿਆ ਜਾ ਸਕਦਾ ਸੀ। ਉਧਰ ਦੂਜੇ ਪਾਸੇ ਕਿਸੇ ਮੁਹੱਲੇ ਦੇ ਰਜਿਸਟਰਡ ਹੋਏ ਬਕਾਲ ਜਿਨ੍ਹਾਂ ਨੂੰ ਸਰਕਾਰੀ ਗੁਦਾਮਾਂ ਵਿਚੋਂ ਅਨਾਜ ਮਿਲਦਾ ਸੀ ਕਿਸੇ ਵੀ ਵਿਅਕਤੀ ਨੂੰ ਅੱਧੇ ਮਣ ਤੋਂ ਜ਼ਿਆਦਾ ਨਹੀਂ ਵੇਚ ਸਕਦੇ ਸਨ। ਇਹ ਰਾਸ਼ਨ ਪ੍ਰਣਾਲੀ ਅਲਾਉਦੀਨ ਦਾ ਅਪਣਾ ਹੀ ਇਕ ਨਿਰਾਲਾ ਵਿਚਾਰ ਸੀ ਅਤੇ ਬਾਰਾਨੀ ਲਿਖਦਾ ਹੈ ਕਿ ਅਲਾਉਦੀਨ ਨੇ ਵੱਖ-ਵੱਖ ਪ੍ਰਕਾਰ ਦੇ ਇਨ੍ਹਾਂ ਨਿਯਮਾਂ ਦੇ ਕਾਰਣ ਦਿੱਲੀ ਵਿਚ ਇਕ ਵਾਰ ਵੀ ਅਕਾਲ ਨਹੀਂ ਪਿਆ ਚਾਹੇ ਸੋਕਾ ਵੀ ਪਿਆ ਹੋਵੇ।

**(v) ਇਸ ਪ੍ਰਣਾਲੀ ਦਾ ਸੁਚਾਰੂ ਸੰਗਠਨ** (Efficient Organisation of the System) : ਅਲਾਉਦੀਨ ਨੇ ਇਸ ਪ੍ਰਣਾਲੀ ਨੂੰ ਬੜੇ ਠੀਕ ਢੰਗ ਨਾਲ ਸੰਗਠਤ ਕੀਤਾ, ਉਸਨੇ ਅਪਣੇ ਦੋ ਅਧਿਕਾਰੀ ਨਿਯੁਕਤ ਕੀਤੇ ਸਹਾਨਾ-ਏ-ਮੰਡੀ ਅਤੇ ਦੀਵਾਨ-ਏ-ਰਿਆਸਤ। ਮਲਿਕ ਕਬੂਲ ਸਹਾਨਾ-ਏ-ਮੰਡੀ ਅਨਾਜ ਜਾਂ ਬਾਜਾਰ ਦਾ ਨਿਰੀਖਕ ਸੀ ਜਦੋਂ ਕਿ ਦੀਵਾਨ-ਏ-ਰਿਆਸਤ ਕੱਪੜਾ ਅਤੇ ਦੂਜੀ ਵਸਤਾਂ ਦੇ ਬਾਜਾਰ ਉੱਤੇ ਉਤੱਰਦਾਈ ਅਧਿਕਾਰੀ ਸੀ। ਡਾ. ਈਸ਼ਵਰੀ ਪ੍ਰਸਾਦਿ ਦਾ ਕਹਿਣਾ ਹੈ, "ਸੁਲਤਾਨ ਅਪਣੇ ਦਾਸਾਂ ਨੂੰ ਰੋਟੀ, ਮਾਸ, ਹਲਵਾ, ਖਰਬੂਜ਼ਾ, ਕੱਕੜੀ ਆਦਿ ਜਿਹੀ ਵਸਤਾਂ ਖਰੀਦਣ ਲਈ ਬਾਜਾਰ ਭੇਜਿਆ ਕਰਦਾ ਸੀ ਅਤੇ ਜਦੋਂ ਉਹ ਵਾਪਸ ਆਉਂਦੇ ਤਾਂ ਉਨ੍ਹਾਂ ਲਿਆਂਦੀ ਹੋਈ ਵਸਤਾਂ ਨੂੰ ਤੋਲਿਆ ਜਾਂਦਾ ਸੀ ਅਤੇ ਉਨ੍ਹਾਂ ਵਜਨ ਘੱਟ ਹੁੰਦਾ ਤਾਂ ਦੁਕਾਨਦਾਰ ਦੇ ਸਰੀਰ ਵਿਚੋਂ ਉਨੇ ਹੀ ਵਜਨ ਦਾ ਮਾਸ ਕੱਟ ਲਿਆ ਜਾਂਦਾ ਸੀ ਤਾਂਕਿ ਤੋਲ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ।"

ਮਲਿਕ ਕਬੂਲ ਦੇ ਪਾਸ ਜੋ ਸ਼ਹਾਨਾ-ਏ-ਮੰਡੀ ਦੇ ਰੂਪ ਵਿਚ ਕੰਮ ਕਰਦਾ ਸੀ, ਘੋੜ-ਸਵਾਰਾਂ ਅਤੇ ਪਦਸਵਾਰਾਂ ਦਾ ਇਕ ਵੱਡਾ ਦਲ ਸੀ ਜਿਹੜੇ ਉਸਦੇ ਕੰਮ ਵਿਚ ਉਸਦੀ ਸਹਾਇਤਾ ਕਰਦਾ। ਉਹ ਇਸ ਗੱਲ ਦਾ ਧਿਆਨ ਰੱਖਦਾ ਕਿ ਵਪਾਰੀ ਲੋਕ ਜਲਦੀ-ਜਲਦੀ ਅਤੇ ਨਿਯਮਿਤ ਰੂਪ ਨਾਲ ਅਨਾਜ ਮੰਡੀ ਵਿਚ ਲਿਆਉਣ, ਉਨ੍ਹਾਂ ਨੂੰ ਨਿਯਤ ਕੀਮਤ ਵਿਚ ਵੇਚਣ ਅਤੇ ਕਿਸੇ ਤਰ੍ਹਾਂ ਦੀ ਚੋਰ ਬਜਾਰੀ ਨਾਂ ਹੋਵੇ। ਉਹ ਮੰਡੀ ਦੀਆਂ ਕੀਮਤਾਂ ਅਤੇ ਆਮ ਹਾਲਾਤਾਂ ਦੇ ਬਾਰੇ ਵਿਚ ਸੁਲਤਾਨ ਨੂੰ ਜਾਣਕਾਰੀ ਦਿੰਦਾ ਸੀ। ਉਹ ਸੁਲਤਾਨ ਤੋਂ ਸਦਾ ਹੀ ਡਰਦਾ ਰਹਿੰਦਾ ਅਤੇ ਇਕ ਵਾਰ ਉਸਨੂੰ ਇਸ ਕਾਰਣ ਦੰਡ ਮਿਲਿਆ ਕਿ ਉਸਨੇ ਸੁਲਤਾਨ ਨੂੰ ਸੁਝਾਓ ਦਿੱਤਾ ਸੀ ਕਿ ਕਣਕ ਦਾ ਭਾਅ ਡੇਢ ਜੀਤਲ ਪ੍ਰਤੀ ਮਣ ਵਧਾ ਦਿੱਤਾ ਜਾਵੇ। ਅਨਾਜ ਬਾਜਾਰ ਦੇ ਹੋਰ ਅਧਿਕਾਰੀ ਇਹ ਸਨ - ਨਾਸਿਦ-ਏ-ਮੰਡੀ ਜਿਹੜਾ ਵਸਤਾਂ ਦੇ ਗੁਣ, ਕਿਸਮ ਦੀ ਸੂਚਨਾ ਦਿੰਦਾ ਅਤੇ ਮੁਨੀਹਯਾਤ ਮਤਲਬ ਉਹ ਗੁਪਤਚਰ ਜਿਹੜੇ ਸੁਲਤਾਨ ਨੂੰ ਅਪਣੇ ਵੱਲੋ ਸੂਚਨਾ ਦਿੰਦੇ ਅਤੇ ਦੀਵਾਨ-ਏ-ਰਿਆਸਤ ਅਪਣੇ ਵੱਲੋ ਕੱਪੜਾ ਬਾਜਾਰ ਦੀ ਦੇਖਰੇਖ ਕਰਦਾ।

**(vi) ਨਿਯਮਾਂ ਦਾ ਲਾਗੂ ਕਰਣ ਅਤੇ ਭਿਆਨਕ ਦੰਡ ਵਿਵਸਥਾ** (Enforcement of Regulations and Drastic Punishments) : ਸੁਲਤਾਨ ਅਪਣੀ ਦ੍ਰਿੜਤਾ ਨਾਲ ਅਪਣੇ ਨਿਯਮਾਂ ਨੂੰ ਲਾਗੂ ਕਰਦਾ। ਹਰ ਸ਼ਾਹਾਨਾਂ ਨੂੰ ਆਪਣੀ ਮੰਡੀ ਦੇ ਲਈ ਦਾਮ-ਸੂਚੀ ਦੀ ਇਕ ਪ੍ਰਤੀ ਦਿੱਤੀ ਜਾਂਦੀ ਤਾਂ ਕਿ ਉਹ ਪਤਾ ਲਗਾ ਸਕੇ ਕਿ ਕਿਤੇ ਕਿਸੀ ਵਪਾਰੀ ਨੇ ਜ਼ਿਆਦਾ ਕੀਮਤ ਤਾਂ ਨਹੀਂ ਵਸੂਲ ਕਰ ਲਈ। ਇਹ ਸਹਾਨਾਂ ਲੋਕ ਹਰ ਕਿਸਮ ਦੇ ਵਪਾਰੀਆਂ ਨੂੰ ਦਬਾਉਂਦੇ, ਉਨ੍ਹਾਂ ਨੂੰ ਕੋੜੇ ਮਾਰਦੇ ਅਤੇ ਉਨ੍ਹਾਂ ਦੇ ਉਪਰ ਤਰ੍ਹਾਂ-ਤਰ੍ਹਾਂ ਦੇ ਅੱਤਿਆਚਾਰ ਢਾਉਂਦੇ। ਯਾਕੂਤ ਤਾਂ ਇੱਥੇ ਤਕ ਕਰਦਾ ਕਿ ਜੇਕਰ ਕੋਈ ਵਪਾਰੀ ਘੱਟ ਤੋਲਦਾ ਤਾਂ ਉਹ ਉਸਦੀ ਕਮੀ ਨੂੰ ਪੂਰਾ ਕਰਨ ਲਈ ਉਸ ਵਪਾਰੀ ਦੇ ਸ਼ਰੀਰ ਵਿਚੋਂ ਉਨਾਂ ਹੀ ਮਾਸ ਕਟਵਾ ਦਿੰਦਾ ਸੀ। ਡਾ. ਪੀ. ਸਰਨ ਦੇ ਅਨੁਸਾਰ ਭਾਅ

ਨੋਟ

ਨਿਯੰਤ੍ਰਣ ਪ੍ਰਣਾਲੀ (Price Control System) ਦੇ ਅਧੀਨ ਹਾਲਾਤਾਂ ਦੇ ਪੂਰਣ ਅਧਿਐਨ ਤੋਂ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਉਨ੍ਹਾਂ ਲੋਕਾਂ ਉਤੇ ਇਸ ਦਾ ਸਭ ਤੋਂ ਬੁਰਾ ਅਸਰ ਪਿਆ ਸੀ। ਬੇਈਮਾਨੀ ਦਾ ਪਤਾ ਲਗਾਉਣ ਦੇ ਲਈ ਸੁਲਤਾਨ ਖੁਦ ਅਪਣੇ ਦਾਸਾਂ ਨੂੰ ਬਾਜਾਰ ਵਿਚ ਭੇਜਦਾ ਕਿ ਰੋਟੀ, ਮਾਸ, ਰੇਵੜੀ, ਖੀਰ ਆਦਿ ਵਸਤਾਂ ਤੋਲ ਕੇ ਲਿਆਂਦੀਆਂ ਜਾਣ। ਜੇਕਰ ਇਹ ਪਤਾ ਲੱਗਦਾ ਕਿ ਉਹਤੋਲ ਵਿਚ ਘੱਟ ਹੈ ਤਾਂ ਉਨ੍ਹਾਂ ਦਾ ਉਨਾਂ ਮਾਸ ਕੱਟ ਲਿਆ ਜਾਂਦਾ। ਵਪਾਰੀ ਲੋਕ ਏਨਾ ਡਰ ਗਏ ਸਨ ਕਿ ਆਮ ਉਹ ਵਾਸਤਵਿਕ ਤੋਲ ਤੋਂ ਵੀ ਜ਼ਿਆਦਾ ਮਾਤਰਾ ਵਿਚ ਵਸਤਾਂ ਦਿੰਦੇ। ਡਾ. ਈਸ਼ਵਰੀ ਪ੍ਰਸਾਦਿ ਲਿਖਦਾ ਹੈ ਕਿ "ਸੁਲਤਾਨ ਅਪਣੇ ਦਾਸਾਂ ਨੂੰ ਰੋਟੀ ਗੋਸ਼ਤ ਹਲਵਾ ਆਦਿ ਜਿਹੀ ਚੀਜ਼ਾਂ ਖਰੀਦਣ ਲਈ ਬਾਜਾਰ ਵਿਚ ਭੇਜਿਆ ਕਰਦਾ ਸੀ ਜਦੋਂ ਉਹ ਵਾਪਸ ਆਉਂਦੇ ਤਾਂ ਉਨ੍ਹਾਂ ਦੀ ਲਿਆਂਉਂਦੀ ਹੋਈ ਵਸਤਾਂ ਨੂੰ ਵੀ ਤੋਲਿਆ ਜਾਂਦਾ ਸੀ ਜੇਕਰ ਉਨਾਂ ਦਾ ਵਜਨ ਘੱਟ ਹੁੰਦਾ ਤਾਂ ਦੁਕਾਨਦਾਰ ਦੇ ਸ਼ਰੀਰ ਵਿਚੋਂ ਉਤਨਾਂ ਹੀ ਮਾਸ ਕੱਢ ਲਿਆ ਜਾਂਦਾ ਸੀ ਤਾਂ ਕਿ ਤੋਲ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ।"

ਅਲਾਉਦੀਨ ਉਨ੍ਹਾਂ ਗੰਦੇ ਦਲਾਲਾਂ ਦੇ ਵਿਰੁੱਧ ਵੀ ਬੜੀ ਕਠੋਰ ਕਾਰਵਾਈ ਕਰਦਾ ਜੋ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਦੇ, ਇੱਥੇ ਉਨਾਂ ਦਾ ਜੀਵਨ ਮੁਸ਼ਕਿਲ ਹੋ ਗਿਆ ਅਤੇ ਉਹ ਮਰ ਜਾਣ ਦੀ ਇੱਛਾ ਕਰਦੇ ਰਹਿੰਦੇ।

**ਇਸ ਪ੍ਰਣਾਲੀ ਦੀ ਸਫਲਤਾ ਦੇ ਕਾਰਣ** (Causes of the Success of This System) : ਅਲਾਉਦੀਨ ਦੀ ਇਹ ਪ੍ਰਣਾਲੀ ਬੜੀ ਸਫਲ ਰਹੀ। ਇਸ ਦੇ ਕਾਰਨ ਸਨ :

(i) **ਪ੍ਰਣਾਲੀ ਦੀ ਦ੍ਰਿੜਤਾ ਨਾਲ ਲਾਗੂਕਰਣ** (Rigorous Enforcement of the System) : ਸਭ ਤੋਂ ਪਹਿਲਾਂ ਇਹ ਪ੍ਰਣਾਲੀ ਦ੍ਰਿੜਤਾ ਨਾਲ ਲਾਗੂ ਕੀਤੀ ਗਈ ਅਤੇ ਜਿਸ ਕਿਸੀ ਨੇ ਇਨ੍ਹਾਂ ਵਿਚੋਂ ਕਿਸੀ ਵੀ ਨਿਯਮ ਦਾ ਉਲੰਘਣ ਕੀਤਾ ਉਸਨੂੰ ਕੜਾ ਦੰਡ ਦਿੱਤਾ ਗਿਆ।

(ii) **ਸੁਲਤਾਨ ਦੀ ਵਿਅਕਤੀਗਤ ਰੁਚੀ** (Personal Interest of Sultan) : ਦੂਜੀ ਗੱਲ ਇਹ ਹੈ ਕਿ ਸੁਲਤਾਨ ਦੀ ਵਿਅਕਤੀਗਤ ਦਿਲਚਸਪੀ ਅਤੇ ਦੇਖਰੇਖ ਨੇ ਵੀ ਇਸ ਪ੍ਰਣਾਲੀ ਨੂੰ ਸਫਲ ਬਣਾਉਣ ਵਿਚ ਬੜਾ ਕੰਮ ਕੀਤਾ। ਸੁਲਤਾਨ ਨੂੰ ਵੱਖ-ਵੱਖ ਸੋਮਿਆਂ ਤੋਂ ਇਸ ਪ੍ਰਣਾਲੀ ਦੀ ਪ੍ਰਗਤੀ ਦੇ ਬਾਰੇ ਵਿਚ ਨਿਯਮਪੂਰਵਕ ਸੂਚਲਾ ਮਿਲਦੀ ਰਹਿੰਦੀ। ਏਨਾ ਹੀ ਨਹੀਂ, ਉਹ ਆਮ ਬਾਜਾਰ ਆਪਣੇ ਦਾਸਾਂ ਨੂੰ ਬਾਜਾਰ ਭੇਜਿਆ ਕਰਦਾ ਕਿ ਕੁਝ ਨਿਸ਼ਚਿਤ ਵਸਤਾਂ ਖਰੀਦ ਕੇ ਲੈ ਆਉਣ ਤਾਂਕਿ ਉਹ ਦੇਖ ਸਕੇ ਕਿ ਵਪਾਰੀ ਲੋਕ ਠੀਕ ਭਾਅ ਉਤੇ ਸਾਮਾਨ ਵੇਚਦੇ ਹਨ ਕਿ ਨਹੀਂ। ਜੇਕਰ ਉਹ ਭਾਅ ਵਧਾ ਕੇ ਵੇਚਦੇ ਜਾਂ ਘੱਟ ਤੋਲਦੇ ਤਾਂ ਉਨ੍ਹ ਨੂੰ ਦੰਡ ਮਿਲਦਾ।

(iii) **ਅਧਿਕਾਰੀਆਂ ਦਾ ਹੌਸਲਾ ਅਤੇ ਉਸਦੀ ਨਿਸਪੱਖਤਾ** (Impartiality and Zeal of the Officers) : ਦੀਵਾਨ ਏ ਰਿਆਸਤ ਯਾਕੁਬ ਅਤੇ ਸਹਾਨਾ-ਏ-ਮੰਡੀ ਮਲਿਕ ਕਬੂਲ ਜੈਸੇ ਅਲਾਉਦੀਨ ਦੇ ਅਧਿਕਾਰੀ ਬੜੇ ਹੌਸਲੇ ਅਤੇ ਬੜੀ ਇਮਾਨਦਾਰੀ ਨਾਲ ਅਪਣਾ ਕਰਤੱਵ ਪੂਰਾ ਕਰਦੇ। ਜੇਕਰ ਉਹ ਅਪਣੇ ਕਰਤੱਵ ਤੋਂ ਥੋੜਾ ਵੀ ਭਟਕ ਜਾਂਦੇ ਜਾਂ ਥੋੜੀ ਜਿਹੀ ਗਲਤੀ ਵੀ ਉਨ੍ਹਾਂ ਦੇ ਕੰਮ ਵਿਚ ਰਹਿ ਜਾਂਦੀ ਤਾਂ ਉਨ੍ਹਾਂ ਨੂੰ ਬੜਾ ਸਖਤ ਦੰਡ ਮਿਲਦਾ।

(iv) **ਲੋਕ ਗਰੀਬ ਹੋਣ ਉਤੇ ਵਿਵਸ਼** (Forced Poverty of People) : ਅਲਾਉਦੀਨ ਨੇ ਲੋਕਾਂ ਨੂੰ ਗਰੀਬ ਰਹਿਣ ਲਈ ਮਜਬੂਰ ਕੀਤਾ ਇਸ ਗੱਲ ਨੇ ਵੀ ਉਸਦੀ ਇਸ ਪ੍ਰਣਾਲੀ ਨੂੰ ਸਫ਼ਲ ਬਣਾਇਆ। ਇਨ੍ਹਾਂ ਤਰੀਕਾਵਾਂ ਦੇ ਕਾਰਣ ਲੋਕ ਅਮੀਰ ਨਹੀਂ ਬਣ ਸਕਦੇ ਸਨ ਇਸਲਈ ਉਹ ਵਿਦਰੋਹੀ ਅਤੇ ਦੁਖਦਾਈ ਵੀ ਨਹੀਂ ਬਣ ਸਕਦੇ ਸਨ।

*ਟਾਸਕ* ਅਲਾਉਦੀਨ ਖਿਲਜੀ ਘੱਟ ਤੋਲਣ ਵਾਲੇ ਵਪਾਰੀਆਂ ਦੇ ਪ੍ਰਤੀ ਕਿਹੋ ਜਿਹਾ ਵਿਵਹਾਰ ਕਰਦਾ ਸੀ ?

### 5.7.1 ਇਸ ਪ੍ਰਣਾਲੀ ਦੇ ਗੁਣ ਅਤੇ ਦੋਸ਼ (Merits and Demerits of the System)

**ਗੁਣ** (Merits) : ਅਲਾਉਦੀਨ ਖਿਲਜੀ ਦੇ ਆਰਥਿਕ ਸੁਧਾਰ ਬੜੇ ਸਫਲ ਅਤੇ ਲਾਭਦਾਇਕ ਸਿੱਧ ਹੋਏ। ਸੁਲਤਾਨ ਕਹਿੰਦਾ ਸੀ – "ਮੈਨੂੰ ਪਤਾ ਨਹੀਂ ਕਿ ਇਹ ਕੰਮ ਕਾਨੂੰਨੀ (lawful) ਹੈ ਜਾਂ ਗੈਰ ਕਾਨੂੰਨੀ (Unlawful)। ਜਿਹੜਾ ਮੈਂ ਰਾਜ ਦੀ ਭਲਾਈ ਜਾਂ ਸੰਕਟਕਾਲੀਨ ਸਥਿਤੀ (Emergency) ਦੇ ਲਈ ਠੀਕ (Suitable) ਸਮਝਦਾ ਹਾਂ, ਕਰਦਾ ਹਾਂ ਅਤੇ ਆਉਣ ਵਾਲੇ ਨਿਆਂ ਦੇ ਰੋਜ (Approaching day of Judgement) ਮੇਰਾ ਕੀ ਹੋਵੇਗਾ ਉਸਦਾ ਮੈਨੂੰ ਪਤਾ ਨਹੀਂ"। ਪਹਿਲੀ ਗੱਲ ਇਹ ਹੈ ਕਿ ਇਨ੍ਹਾਂ ਸੁਧਾਰਾਂ ਦੇ ਕਾਰਣ ਹੀ ਅਲਾਉਦੀਨ ਇਕ ਯੋਗ ਅਤੇ ਬਲਵਾਨ ਸੈਨਾ ਬਣਾ ਕੇ ਰੱਖ ਸਕਿਆ। ਉਸਦੇ ਕੋਲ ਭਾਰੀ ਸੰਖਿਆ ਵਿਚ ਐਸੇ ਸੈਨਿਕ ਸਨ ਜੋ ਘੱਟ ਤਨਖਾਹ ਲੈਂਦੇ। ਫਿਰ ਵੀ ਇਨ੍ਹਾਂ ਸੁਧਾਰਾਂ ਦੇ ਦੁਆਰਾ ਉਹ ਸੰਤੁਸ਼ਟ ਰੱਖ ਸਕਿਆ ਕਿਉਂਕਿ ਉਸ ਨੇ ਵਸਤਾਂ ਬੜੀ ਸਸਤੀਆਂ ਕਰ ਦਿੱਤੀਆਂ ਸਨ। ਨਤੀਜਾ ਇਹ ਹੋਇਆ ਕਿ ਇਨ੍ਹਾਂ ਸੁਧਾਰਾਂ ਦੇ ਸਹਾਰੇ ਸੈਨਾ ਬਲਵਾਨ ਅਤੇ ਯੋਗ ਬਣ ਗਈ ਅਤੇ ਇਸ ਨਾਲ ਮੰਗੋਲ ਆਕ੍ਰਮਣਾਂ ਦੇ ਵਿਰੁਧ ਰਾਜ ਸੁਰੱਖਿਅਤ ਹੋ ਗਿਆ ਅਤੇ ਵਿਦਰੋਹੀ ਸਰਦਾਰ ਰਾਜਾ ਵੱਸ ਵਿਚ ਆ ਗਏ।

ਨੋਟ

ਦੂਜੀ ਗੱਲ ਸਭ ਤਰ੍ਹਾਂ ਦਾ ਰਾਜ ਦ੍ਰੋਹ ਖਤਮ ਹੋ ਗਿਆ ਅਤੇ ਲੋਕਾਂ ਦੇ ਸੁਭਾਅ ਅਨੁਸਾਰ ਹੋ ਗਿਆ। ਹੁਣ ਕੋਈ ਚੋਰ ਬਾਜਾਰੀ ਅਤੇ ਧੋਖਾ–ਧੜੀ ਨਹੀਂ ਸੀ ਹੋ ਸਕਦੀ। ਛੋਟੇ–ਛੋਟੇ ਅਪਰਾਧਾਂ ਲਈ ਵਪਾਰੀਆਂ ਨੂੰ ਸਖਤ ਦੰਡ ਮਿਲਦਾ, ਉਸ ਨਾਲ ਉਨ੍ਹਾਂ ਦੀ ਆਦਤਾਂ ਸੁਧਰ ਗਈਆਂ।

ਤੀਜੀ ਗੱਲ ਡਾ. ਈਸ਼ਵਰੀ ਪ੍ਰਸਾਦਿ ਦੇ ਮਤਾਨੁਸਾਰ ਜੀਵਨ ਦੀਆਂ ਆਵਸ਼ਕਤਾਵਾਂ ਦੇ ਸਸਤਾ ਹੋ ਜਾਣ ਤੋਂ ਲੋਕਾਂ ਦੇ ਸੁਖ ਵਿਚ ਵਾਧਾ ਹੋਇਆ ਅਤ।

ਚੌਥੀ ਗੱਲ, ਇਨ੍ਹਾਂ ਸੁਧਾਰਾਂ ਨੇ ਲੋਕਾਂ ਨੂੰ ਰਾਜ ਦੀ ਵਿਅਕਤੀਗਤ ਮਨਮਾਨੀ ਨਾਲ ਜਕੜ ਕੇ ਰੱਖ ਦਿੱਤਾ।

**ਦੋਸ਼** (Demerits): ਅਲਾਉਦੀਨ ਦੇ ਆਰਥਿਕ ਸੁਧਾਰ ਪੂਰਨ ਰੂਪ ਨਾਲ ਚੰਗੇ ਨਹੀਂ ਸਨ। ਇਲਿਅਟ ਲਿਖਦਾ ਹੈ–"ਹਿੰਦੂਆਂ ਦੀ ਇੰਨੀ ਜ਼ਿਆਦਾ ਦੁਰਦਸ਼ਾ ਹੋ ਗਈ ਸੀ ਕਿ ਖੂਤਾਂ ਅਤੇ ਮੁਕੱਦਮਿਆਂ (Muqaddams) ਦੀਆਂ ਪਤਨੀਆਂ ਮੁਸਲਮਾਨਾਂ ਦੇ ਘਰਾਂ ਵਿੱਚ ਜਾ ਕੇ ਕਿਰਾਏ 'ਤੇ ਕੰਮ ਕਰਦੀਆਂ ਸਨ।" ਉਨ੍ਹਾਂ ਦੇ ਅੰਦਰ ਦੋਸ਼ ਅਤੇ ਤੁਰੱਟੀਆਂ ਵੀ ਸਨ। ਡਾ. ਪ੍ਰਮਾਤਮਾ ਸਰਨ ਲਿਖਦਾ ਹੈ–"ਅਲਾਉਦੀਨ ਦੇ ਨਵੇਂ ਵਿਵਹਾਰ (New Deal) ਦਾ ਸਾਰਾ ਬਿਊਰਾ ਕੇਵਲ ਇਕ ਹੀ ਸਿੱਟੇ ਵੱਲ ਇਸ਼ਾਰਾ ਕਰਦਾ ਹੈ ਕਿ ਉਹ ਪੂਰਨ ਤੌਰ 'ਤੇ ਅਣਉਚਿਤ ਅਸਮਝ ਪੂਰਨ ਅਤੇ ਕ੍ਰਿਤਰਿਮ–ਪ੍ਰਣਾਲੀ (Artificial System) ਸੀ ਜੋ ਸਾਰੀਆਂ ਵਿੱਤੀ ਵਿਧੀਆਂ (Economic Laws) ਦੇ ਪ੍ਰਤੀਕੂਲ ਸੀ ਅਤੇ ਜਿਸ ਦਾ ਮੂਲ ਉਦੇਸ਼ ਸਰਕਾਰ ਦੇ ਲਾਭ ਪਹੁੰਚਾਉਣਾ ਸੀ। ਨਤੀਜੇ ਵਜੋਂ ਉਨ੍ਹਾਂ ਲੋਕਾਂ ਨੂੰ ਜੋ ਪ੍ਰਤੱਖ ਅਦ੍ਰਿਸ਼ ਰੂਪ ਨਾਲ ਉਸ ਦੇ ਪੈਰਾਂ ਦੇ ਥੱਲੇ ਸੀ ਐਸੀ ਬੁਰੀ ਹਾਲਤ, ਗਰੀਬੀ ਅਤੇ ਬੇਇੱਜਤੀ ਦਾ ਸਾਹਮਣਾ ਕਰਨਾ ਪਿਆ ਜਿਸਦਾ ਹਿਸਾਬ ਨਹੀਂ ਲਗਾਇਆ ਜਾ ਸਕਦਾ।

ਪਹਿਲੀ ਗੱਲ, ਅਲਾਉਦੀਨ ਦੇ ਸੁਧਾਰ ਕਿਸੀ ਲੋਕ–ਭਲਾਈ ਦੇ ਪ੍ਰਯੋਜਨ ਦਾ ਪਰਿਣਾਮ ਨਹੀਂ ਸਨ। ਉਸਨੇ ਇਹ ਸੁਧਾਰ ਸਿਰਫ ਸੈਨਾ ਦੇ ਲਈ ਹੀ ਜਾਰੀ ਕੀਤੇ ਸਨ ਅਤੇ ਸੈਨਾ ਖਲਕ–ਏ–ਖੁਦਾ (The People of God) ਦਾ ਇੱਕ ਅੰਸ਼ ਹੀ ਤਾਂ ਸੀ। ਵਸਤਾਂ ਦੇ ਸਸਤਾ ਹੋਣ ਦਾ ਲਾਭ ਸੈਨਿਕਾਂ ਨੂੰ ਵੀ ਬਹੁਤ ਜ਼ਿਆਦਾ ਨਹੀਂ ਪਹੁੰਚਿਆ। ਜੇਕਰ ਕੀਮਤਾਂ ਘੱਟ ਸਨ ਤਾਂ ਉਨ੍ਹਾਂ ਦੀ ਤਨਖਾਹ ਵੀ ਤਾਂ ਘੱਟ ਸੀ। ਫਿਰ ਇਹ ਸੁਧਾਰ ਰਾਜ ਦੇ ਸਾਰੇ ਹਿੱਸਿਆਂ ਵਿਚ ਲਾਗੂ ਨਹੀਂ ਹੋਏ। ਇਹ ਪ੍ਰਣਾਲੀ ਸਿਰਫ ਦੇਹਲੀ ਅਤੇ ਉਸਨੇ ਨੇੜੇ–ਤੇੜੇ ਦੇ ਪ੍ਰਦੇਸ਼ਾਂ ਵਿਚ ਹੀ ਚੱਲੀ ਨਾ ਕੇ ਸਾਰੇ ਦੇਸ਼ ਵਿੱਚ।

ਦੂਜੀ ਗੱਲ, ਇਨ੍ਹਾਂ ਸੁਧਾਰਾਂ ਨੇ ਵਪਾਰ ਦੇ ਵਿਚ ਅੜਚਣ ਪਾਈ ਅਤੇ ਉਸਨੂੰ ਠੱਪ ਕਰ ਦਿੱਤਾ। ਦੁਕਾਨਦਾਰਾਂ ਨੇ ਅਪਣੀਆਂ ਵਸਤਾਂ ਸਸਤੇ ਭਾਅ ਅਤੇ ਜ਼ਿਆਦਾ ਤੋਲ ਵਿਚ ਦੇਣੀਆਂ ਪੈਂਦੀਆਂ ਸਨ। ਜੇਕਰ ਜ਼ਿਆਦਾ ਕੀਮਤ ਲੈਂਦੇ ਜਾਂ ਘੱਟ ਤੋਲਦੇ ਤਾਂ ਉਨ੍ਹਾਂ ਨੂੰ ਕਠੋਰ ਦੰਡ ਮਿਲਦਾ। ਇਸ ਕਾਰਣ ਵਪਾਰੀਆਂ ਨੂੰ ਉਹ ਲਾਭ ਨਾ ਮਿਲਦਾ ਜਿਹੜਾ ਵਪਾਰ ਦੀ ਪ੍ਰਗਤੀ ਦੇ ਲਈ ਸਭ ਤੋਂ ਵੱਡੀ ਪ੍ਰੇਰਣਾ ਹੈ, ਇਸ ਲਈ ਉਹ ਵਪਾਰ ਵਿਚ ਕੋਈ ਦਿਲਚਸਪੀ ਨਾਂ ਰਖਦੇ ਅਤੇ ਇਸ ਪ੍ਰਕਾਰ ਵਪਾਰ ਠੱਪ ਹੋ ਗਿਆ।

ਤੀਜਾ ਦੋਸ਼ ਇਹ ਸੀ ਕਿ ਇਨ੍ਹਾਂ ਸੁਧਾਰਾਂ ਨਾਲ ਕਿਸਾਨਾਂ ਨੂੰ ਬਹੁਤ ਹਾਨੀ ਹੋਈ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਅਪਣੀ ਫਸਲ ਦਾ 50 ਪ੍ਰਤੀਸ਼ਤ ਲਗਾਨ ਦੇ ਰੂਪ ਵਿਚ ਦੇਣਾ ਪੈਂਦਾ। ਉਨ੍ਹਾਂ ਨੂੰ ਕਈ ਹੋਰ ਵੀ ਕਰ ਚੁਕਾਉਣੇ ਪੈਂਦੇ ਸਨ, ਫਿਰ ਉਨ੍ਹਾਂ ਨੂੰ ਬਹੁਤ ਸਸਤੀ ਕੀਮਤਾਂ ਉੱਤੇ ਅਪਣਾ ਅਨਾਜ ਵੇਚਣਾ ਪੈਂਦਾ ਤਾਂ ਇਹ ਸਵਭਾਵਿਕ ਗੱਲ ਹੈ ਕਿ ਉਨ੍ਹਾਂ ਦੀ ਦਸ਼ਾ ਬਹੁਤ ਬਿਗੜ ਗਈ ਸੀ ਅਤੇ ਉਨ੍ਹਾਂ ਉੱਤੇ ਗਰੀਬੀ ਲੱਦ ਗਈ।

ਚੌਥ ਦੋਸ਼ ਇਹ ਸੀ ਕਿ ਅਲਾਉਦੀਨ ਦੀ ਇਹ ਸੁਧਾਰ ਪ੍ਰਣਾਲੀ ਬਹੁਤ ਨਿਰਦਈ ਸੀ। ਛੋਟੇ ਛੋਟੇ ਅਪਰਾਧਾਂ ਲਈ ਉਨ੍ਹਾਂ ਦੇ ਅਧਿਕਾਰੀ ਵਪਾਰੀਆਂ ਨੂੰ ਬਹੁਤ ਕਠੋਰ ਦੰਡ ਦਿੰਦੇ ਸਨ। ਇੱਥੇ ਤਕ ਕਿ ਲੋਕ ਇਨ੍ਹਾਂ ਅਧਿਕਾਰੀਆਂ ਨੂੰ ਪਲੇਗ ਤੋਂ ਵੀ ਵੱਧ ਸਮਝਦੇ ਅਤੇ ਸਰਕਾਰੀ ਕਲਰਕ ਬਣਨਾ ਮੌਤ ਤੋਂ ਵੀ ਜ਼ਿਆਦਾ ਗਿਣਿਆ ਜਾਂਦਾ।

ਅਖੀਰਲਾ ਦੋਸ਼ ਇਹ ਸੀ ਕਿ ਅਲਾਉਦੀਨ ਦੇ ਨਿਯਮ ਬੜੇ ਆਰਜੀ ਸਨ ਜਿਹੜੇ ਉਸਦੀ ਮੌਤ ਨਾਲ ਹੀ ਮਰ ਗਏ।

ਸੰਖੇਪ ਵਿਚ ਗੱਲ ਇਹ ਹੈ ਕਿ ਅਲਾਉਦੀਨ ਦੇ ਸੁਧਾਰਾਂ ਤੇ ਕੇਵਲ ਦੇਹਲੀ ਦੇ ਲੋਕਾਂ ਅਤੇ ਸੈਨਿਕਾਂ ਨੂੰ ਹੀ ਲਾਭ ਪਹੁੰਚਿਆ। ਕਿਸਾਨਾਂ ਅਤੇ ਵਪਾਰੀਆਂ ਨੂੰ ਇਨ੍ਹਾਂ ਸੁਧਾਰਾਂ ਨਾਲ ਬਹੁਤ ਹਾਨੀ ਹੋਈ। ਜਿਹੜਾ ਕੁਝ ਵੀ ਹੋਵੇ, ਘੱਟ ਖਰਚੇ ਉੱਤੇ ਇਕ ਬੜੀ ਭਾਰੀ ਸੈਨਾ ਰੱਖਣ ਦਾ ਅਲਾਉਦੀਨ ਦਾ ਉਦੇਸ਼ ਤਾਂ ਪੂਰਾ ਹੋ ਹੀ ਗਿਆ ਅਤੇ ਉਸੀ ਸੈਨਾ ਨਾਲ ਉਹ ਮੰਗੋਲ ਆਕ੍ਰਮਣਾਂ ਦੇ ਸਫਲਤਾਪੂਰਵਕ ਸਾਹਮਣਾ ਕਰਨ ਅਤੇ ਅਨੇਕ ਵਿਦਰੋਹਾਂ ਨੂੰ ਦਬਾਉਣ ਵਿਚ ਸਮਰਥ ਹੋਇਆ।

## 5.8 ਅਲਾਉਦੀਨ ਖਿਲਜੀ ਦਾ ਚਰਿਤ੍ਰ ਅਤੇ ਵਿਅਕਤੀਤਵ (Character and Personality of Ala-ud-Din Khilji)

ਅਲਾਉਦੀਨ ਖਿਲਜੀ ਬੇਸ਼ਕ ਭਾਰਤ ਦਾ ਸਭ ਤੋਂ ਮਹਾਨ ਮੁਸਲਿਮ ਸਮਰਾਟ ਹੋਇਆ ਹੈ। ਉਹ ਹੇਠਲੀ ਦਸ਼ਾ ਤੋਂ ਉਠ ਕੇ ਮੱਧ ਜੁਗ ਦਾ ਇਕ ਮਹਾਨ ਸ਼ਾਸਕ ਬਣ ਗਿਆ। ਉਸ ਦਾ ਚਰਿਤ੍ਰ ਇਸ ਤਰ੍ਹਾਂ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ—

(ਕ) ਇਕ ਮਨੁੱਖ ਦੇ ਰੂਪ ਵਿਚ (As as Man)

(ਖ) ਇਕ ਸੈਨਾਪਤੀ ਦੇ ਰੂਪ ਵਿਚ (As a General)

(ਗ) ਇਕ ਸ਼ਾਸਕ ਦੇ ਰੂਪ ਵਿਚ (As a Ruler)

ਨੋਟ

### 5.8.1 ਇਕ ਮਨੁੱਖ ਦੇ ਰੂਪ ਵਿੱਚ (As a Man)

**(i) ਅਨਪੜ੍ਹ ਪਰ ਬੜਾ ਬੁੱਧੀਮਾਨ** (Illiterate but endowed with great Commonsense) – ਅਕਬਰ ਅਤੇ ਰਣਜੀਤ ਸਿੰਘ ਦੀ ਤਰ੍ਹਾਂ ਅਲਾਉਦੀਨ ਵੀ ਇਕ ਅਨਪੜ੍ਹ ਵਿਅਕਤੀ ਸੀ ਪਰ ਉਸਦੇ ਵਿਚ ਆਮ ਸਮਝ ਅਤੇ ਅਕਲ ਸੀ। ਉਹ ਕਿਸੇ ਵੀ ਵਿਦਵਾਨ ਮੌਲਾਨਾ ਦੇ ਨਾਲ ਵਾਦ-ਵਿਵਦਾ ਵਿਚ ਉਲਝ ਸਕਦਾ ਸੀ ਅਤੇ ਸਾਮਰਾਜ ਦੀ ਸਾਰੀ ਸਮੱਸਿਆਵਾਂ ਨੂੰ ਸਮਝ ਸਕਦਾ ਸੀ।

**(ii) ਕਠੋਰ ਅਤੇ ਨਿਰਦਈ** : ਅਲਾਉਦੀਨ ਇਕ ਬਹੁਤ ਨਿਰਦਈ ਮਨੁੱਖ ਸੀ ਜਿਸ ਵਿਚ ਮਾਨਵੀ ਦਇਆਮਈਤਾ ਨਾਮ ਮਾਤਰ ਵੀ ਨਹੀਂ ਸੀ। ਉਹ ਲੋਕਾਂ ਨੂੰ ਅੱਤਿਆਚਾਰਪੂਰਣ ਦੰਡ ਦਿੰਦਾ ਸੀ। ਇਲੀਅਟ ਲਿਖਦਾ ਹੈ "ਹਿੰਦੂਆਂ ਦੀ ਏਨੀ ਦੁਰਦਸ਼ਾ ਹੋ ਗਈ ਕਿ ਖੁਤਾਂ (Khuts) ਮੁਕਦੱਮਾਵਾਂ (Mukaddams) ਦੀ ਪਤਨੀਆਂ ਮੁਸਲਮਾਨਾਂ ਦੇ ਘਰਾਂ ਵਿਚ ਜਾ ਕੇ ਕਿਰਾਏ ਉਤੇ ਕੰਮ ਕਰਦੀਆਂ ਸਨ।" ਵਪਾਰੀਆਂ ਨੂੰ ਉਸਨੇ ਦੰਡ ਦਿੱਤੇ, ਲੋਕਾਂ ਦੇ ਉੱਤੇ ਜਿਹੜੇ ਨਸਰਤ ਖਾਨ ਨੇ ਜੋ ਅੱਤਿਆਚਾਰ ਕੀਤੇ ਅਤੇ ਸੁਲਤਾਨ ਨੇ ਜਿਸ ਨਿਰਦਇਤਾ ਨਾਲ ਅਪਣੇ ਹੀ ਸਗੇ-ਸੰਬੰਧੀਆਂ ਨੂੰ ਮਾਰ ਦਿੱਤਾ। ਇਹ ਸਭ ਸੋਚ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਡਾਂ ਈਸ਼ਵਰੀ ਪ੍ਰਸਾਦਿ ਕਹਿੰਦਾ ਹੈ "ਅਲਾਉਦੀਨ ਦਾ ਰਾਜ ਮੁਸਲਿਮ ਤਾਨਾਸ਼ਾਹੀ ਦੀ ਉੱਚ ਸੀਮਾ ਦਾ ਇੱਕ ਸਬੂਤ ਹੈ। ਉਹ ਸੁਭਾਅ ਤੋਂ ਨਿਰਦਈ ਅਤੇ ਨਾਸਤਿਕ ਸੀ। ਜੇਕਰ ਕੋਈ ਧਰਮ ਦੇ ਆਦੇਸ਼ ਅਤੇ ਨਿਯਮ ਦੇ ਅਨੁਸਾਰ ਵਿਧੀ (Conon Law) ਉਸਦੀ ਨੀਤੀ ਵਿਚ ਕੋਈ ਦਖਲ ਅੰਦਾਜੀ ਕਰਦਾ ਤਾਂ ਉਹ ਉਸਨੂੰ ਇਕ ਪਾਸੇ ਉਠਾ ਕੇ ਰੱਖ ਦਿੰਦਾ।" ਅਪਣੇ ਚਾਚਾ ਅਤੇ ਸੌਹਰਾ ਜਲਾਲੁਦੀਨ ਦੀ ਹੱਤਿਆ ਅਤੇ ਉਲਗਖਾਨ ਨੂੰ ਚੋਰੀ ਨਾਲ ਜਹਿਰ ਦੇ ਕੇ ਮਾਰਨਾ ਇਸ ਗੱਲ ਦਾ ਸਬੂਤ ਹੈ ਕਿ ਰਾਜਾ ਦੇ ਅੰਦਰ ਸ਼ਾਇਦ ਮਨੁਖਤਾ ਸੀ ਹੀ ਨਹੀਂ। ਡਾ. ਪੀ. ਸਰਨ ਲਿਖਦਾ ਹੈ – "ਇਹ ਗੱਲ ਨਿਸ਼ਚਿਤ ਹੈ ਕਿ ਅਲਾਉਦੀਨ ਦੇ ਕੰਮ ਉਸਦੇ ਲੋਕ ਉਪਕਾਰੀ (Philanthropic motives) ਜਿਹੇ ਅਪਣੀ ਜਨਤਾ ਦੀ ਆਮ ਦਸ਼ਾ ਵਿਚ ਸੁਧਾਰ ਕਰਨ ਦੇ ਪਰਿਣਾਮ ਨਹੀਂ ਸਨ। ਉਹ ਸਰਕਾਰ ਦੀ ਕਾਰਜ-ਕੁਸ਼ਲਤਾ (Efficiency) ਦੇ ਕਿਸੀ ਵਿਚਾਰ ਨਾਲ ਵੀ ਨਹੀਂ ਕੀਤੇ ਗਏ ਸਨ। "

**(iii) ਇੱਕ ਧਾਰਮਿਕ ਵਿਅਕਤੀ ਅਤੇ ਕੱਟੜ ਪੰਥੀ** (A religious man and a fanatic) : ਅਮੀਰ ਖੁਸਰੋ ਅਤੇ ਇਸਾਮੀ ਦੇ ਕਹਿਣ ਅਨੁਸਾਰ ਅਲਾਉਦੀਨ ਇਕ ਸੱਚਾ ਮੁਸਲਮਾਨ ਸੀ ਜਿਹੜਾ ਸਰੀਅਤ ਦੇ ਨਿਯਮਾਂ ਉੱਤੇ ਚਲਦਾ ਅਤੇ ਅਪਣੇ ਕੰਮ ਕਾਜ ਵਿਚ ਇਸਲਾਮ ਧਰਮ ਦਾ ਪ੍ਰਦਰਸ਼ਨ ਕਰਦਾ। ਇਹ ਅਪਣੇ ਸਮਕਾਲੀਨ ਮੁਸਲਿਮ ਸੰਤਾਂ ਦੀ ਬੜੀ ਇੱਜਤ ਕਰਦਾ ਪਰ ਉਹ ਰਾਜ ਦੇ ਮਾਮਲਿਆਂ ਵਿਚ ਕਾਜੀਆਂ ਅਤੇ ਮੌਲਾਨਾਵਾਂ ਦੀ ਗਲਤ ਦਖਲ ਅੰਦਾਜੀ ਪਸੰਦ ਨਹੀਂ ਕਰਦਾ ਸੀ ਅਤੇ ਨਾਂ ਹੀ ਉਨ੍ਹਾਂ ਨੂੰ ਮਾਰਗ-ਪ੍ਰਦਰਸ਼ਕ ਮੰਨਦਾ। ਅਲਾਉਦੀਨ ਇੱਕ ਕੱਟੜਪੰਥੀ ਮੁਸਲਮਾਨ ਸੀ ਜਿਸ ਦਾ ਹਿੰਦੂਆਂ ਦੇ ਲਈ ਵਿਵਹਾਰ ਸੰਤੋਸ਼ਜਨਕ ਨਹੀਂ ਸੀ। ਉਸਨੇ ਉਨ੍ਹਾਂ ਉੱਤੇ ਜਜਿਆ-ਕਰ ਲਗਾਇਆ ਅਤੇ ਸਭ ਤਰ੍ਹਾਂ ਦੇ ਅੱਤਿਆਚਾਰ ਕੀਤੇ। ਫਿਰ ਵੀ ਉਹ ਫਿਰੋਜਸ਼ਾਹ ਤੁਗਲਕ ਸਿਕੰਦਰ ਲੋਧੀ ਜਾਂ ਔਰੰਗਜੇਬ ਜਿਹਾ ਪਰਮ ਪੁਜਾਰੀ ਨਹੀਂ ਸੀ। ਡਾ. ਪਰਮਾਤਮਾ ਸ਼ਰਨ ਲਿਖਦਾ ਹੈ – "ਸਰਕਾਰ ਦੀ ਵੱਖ-ਵੱਖ ਕਾਰਵਾਈਆਂ ਅਤੇ ਉਸਦੇ ਸਤਰਕ ਅਤੇ ਸਵਾਧਾਨੀਆਂ (Measures) ਨੂੰ ਖਾਸ ਕਰਕੇ ਸ਼ਾਸਕ ਵਰਗ (Ruling Class) ਦੇ ਭਲੇ ਵਿਚ ਲਾਗੂ ਕੀਤਾ ਜਾਂਦਾ ਸੀ। ਜੇਕਰ ਉਨ੍ਹਾਂ ਤੋ ਕੋਈ ਜਨਤਾ ਦੀ ਭਲਾਈ ਹੋ ਜਾਂਦੀ ਸੀ ਤਾਂ ਉਹ ਕੇਵਲ ਅਚਾਨਕੀ ਗੱਲ ਹੁੰਦੀ ਸੀ। ਇਹ ਉਨ੍ਹਾਂ ਦੀ ਸਤਰਕਤਾ ਅਤੇ ਸਾਵਧਾਨੀਆਂ ਦਾ ਗੁਣ ਵਿਚ ਘਟੀਆ ਨਤੀਜਾ (By Product) ਮਾਤਰ ਸੀ ਅਤੇ ਉਹ ਭਲਾਈ ਇਸ ਮਤਲਬ ਤੋਂ ਕਿਸੇ ਕੀਤੇ ਗਏ ਕਾਰਜ ਦਾ ਫਲ ਨਹੀਂ ਸੀ।" ਲੇਨਪੁਲ ਲਿਖਦਾ ਹੈ – "ਹਾਲਾਂਕਿ ਉਹ ਇਕ ਕ੍ਰੋਧੀ ਅਤੇ ਬੇਸ਼ੱਕ ਨਿਰਦਈ ਵਿਅਕਤੀ ਸੀ ਫਿਰ ਉਸਨੂੰ ਇਕ ਦ੍ਰਿੜ ਅਤੇ ਯੋਗ ਸ਼ਾਸਕ ਦੀ ਪਦਵੀ ਦੇਣ ਤੋਂ ਕੋਈ ਵਿਅਕਤੀ ਇਨਕਾਰ ਨਹੀਂ ਕਰ ਸਕਦਾ ਸੀ।"

**(iv) ਇਕ ਮਹਾਨ ਸ਼ਿਕਾਰੀ** (A Great Hunter) : ਅਲਾਉਦੀਨ ਨੂੰ ਸਿਕਾਰ ਕਰਨ ਦੀ ਬੜੀ ਦਿਲਚਸਪੀ ਸੀ। ਉਹ ਨਿਤਨੇਮ ਨਾਲ ਅਪਣਾ ਕੁਝ ਸਮਾਂ ਕਬੂਤਰ ਉਡਾਉਣ ਵਿਚ ਅਤੇ ਕਈ ਪ੍ਰਕਾਰ ਦੇ ਜੀਵਾਂ ਦੇ ਸ਼ਿਕਾਰ ਕਰਨ ਵਿਚ ਲਗਾਉਂਦਾ।

**(v) ਦੁਸ਼ਟਾਚਾਰੀ ਨਹੀਂ** (Not a Debauch) : ਅਲਾਉਦੀਨ ਹਾਲਾਂਕਿ ਬਹੁ-ਪਤਨੀ ਪ੍ਰਥਾ ਦਾ ਸੀ ਤਾਂ ਵੀ ਉਹ ਕਿਸੀ ਇਸਤ੍ਰੀ ਦੇ ਪ੍ਰਭਾਵ ਦੇ ਅਧੀਨ ਨਹੀਂ ਸੀ। ਪਹਿਲੇ-ਪਹਿਲ ਉਹ ਸ਼ਰਾਬ ਲਿਆ ਕਰਦਾ ਸੀ। ਪਰ ਬਾਦ ਵਿਚ ਉਸਨੇ ਇਸਨੂੰ ਛੱਡ ਦਿੱਤਾ। ਵਾਸਤਵ ਵਿਚ ਅਲਾਉਦੀਨ ਨੇ ਖੁੱਲ੍ਹੇ ਦੁਸ਼ਟਾਚਾਰ ਤੋਂ ਬਚ ਕੇ ਜੀਵਨ ਗੁਜਾਰਿਆ।

### 5.8.2 ਇਕ ਸੈਨਾਪਤੀ ਦੇ ਰੂਪ ਵਿਚ (As a General)

ਅਲਾਉਦੀਨ ਇਕ ਨਿਡਰ ਅਤੇ ਹੋਣਹਾਰ ਸੈਨਾਨੀ ਸੀ ਅਤੇ ਅਪਣੇ ਸੈਨਾਨੀਪਣ ਦੇ ਕਾਰਣ ਹੀ ਉਹ ਛੋਟੀ ਜਿਹੀ ਹਾਲਾਤਾਂ ਤੋਂ ਉਠ ਕੇ ਮਹਾਨ ਸਮਰਾਟ ਦੀ ਪਦਵੀ ਤੱਕ ਪਹੁੰਚ ਗਿਆ। ਕੁਝ ਲੋਕ ਕਹਿੰਦੇ ਹਨ ਕਿ ਅਲਾਉਦੀਨ ਖੁਦ ਇਕ ਸੈਨਾਨੀ ਨਹੀਂ ਸੀ ਅਤੇ ਉਸਦੀ ਵਿਜਾਵਾਂ ਉਸਦੇ ਸੈਨਾਪਤੀਆਂ ਦੇ ਸਹਾਰੇ ਹੋਈਆਂ ਅਤੇ ਉਹ ਸੈਨਾਪਤੀ ਸਨ ਅਲਪਖਾਨ, ਜਫਰ ਖਾਨ, ਨਸਰਤ ਖਾਨ ਅਤੇ ਮਲਿਕ ਕਾਫੂਰ। ਪਰ ਇਹ ਵਿਚਾਰ ਬਿਲਕੁਲ ਗਲਤ ਹੈ। ਅਜੇ ਜਦੋਂ ਉਹ ਇਕ ਅਗਿਆਤ ਵਿਅਕਤੀ ਸੀ, ਅਲਾਉਦੀਨ ਨੇ

ਜਲਾਲੁਦੀਨ ਦੇ ਸ਼ਾਸਨਕਾਨ ਵਿਚ ਮਲਿਕ ਛੱਜੂ ਦੇ ਵਿਰੁਧ ਲੜ ਕੇ ਅਤੇ ਭੀਲਸਾ ਉੱਤੇ ਚੜ੍ਹਾਈ ਕਰਕੇ ਅਪਣੇ ਆਪ ਨੂੰ ਪ੍ਰਸਿੱਧ ਕਰ ਲਿਆ। ਉਸ ਤੋਂ ਬਾਦ ਉਸਨੇ ਦੇਵਗਿਰੀ ਉੱਤੇ ਇਕ ਸ਼ਾਨਦਾਰ, ਪ੍ਰਸਿੱਧ ਅਤੇ ਸਫਲ ਚੜ੍ਹਾਈ ਕਰਕੇ ਦਿਖਾਈ।

ਸਿੰਘਾਸਨ 'ਤੇ ਬੈਠਣ ਦੇ ਬਾਅਦ ਅਲਾਉਦੀਨ ਸੁਰੱਖਿਅਤ ਰੂਪ ਨਾਲ ਰਾਜਧਾਨੀ ਨੂੰ ਛੱਡ ਕੇ ਨਾ ਜਾ ਸਕਿਆ ਅਤੇ ਇਸ ਲਈ ਉਸ ਨੇ ਉਲਗ ਖਾਂ ਅਤੇ ਨਸਰਤ ਖਾਂ ਨੂੰ ਗੁਜਰਾਤ ਅਤੇ ਹੋਰ ਪ੍ਰਦੇਸ਼ਾਂ 'ਤੇ ਅਧਿਕਾਰ ਕਰਨ ਭੇਜਿਆ ਸੀ। 1299 ਈ. ਵਿੱਚ ਅਲਾਉਦੀਨ ਨੇ ਖੁਦ ਕੁਤਲੁਗ ਖਵਾਜਾ ਦੀ ਅਗਵਾਈ ਵਿੱਚ ਆਏ ਹੋਏ ਮੰਗੋਲਾਂ ਨੂੰ ਕਰਾਰੀ ਹਾਰ ਦਿੱਤੀ। ਮੰਗੋਲਾਂ ਦੇ ਵਿਰੁੱਧ ਚੜ੍ਹਾਈ ਕਰਨ ਤੋਂ ਪਹਿਲਾਂ ਜਿਸ ਤਰ੍ਹਾਂ ਉਸ ਨੇ ਮਲਿਕ ਅਲਾ-ਉਲ-ਮੁਲਕ ਦੇ ਨਾਲ ਵਿਚਾਰ-ਵਟਾਂਦਰਾ ਕੀਤਾ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਅੰਦਰ ਕਿੰਨਾ ਬਹਾਦਰੀ ਭਾਵ ਸੀ। ਵਿਦੇਸ਼ੀਆਂ ਨਾਲ ਨਾ ਲੜਨਾ ਉਹ ਘਟੀਆ ਤਰ੍ਹਾਂ ਦੀ ਬੁਜ਼ਦਿਲੀ ਸਮਝਦਾ ਸੀ। ਮੰਗੋਲਾਂ ਅਤੇ ਰਾਜਪੂਤਾਂ ਦੇ ਵਿਰੁੱਧ ਲੜੇ ਗਏ ਆਪਣੇ ਸਾਰੇ ਯੁੱਧਾਂ ਵਿੱਚ ਸੁਲਤਾਨ ਨੇ ਦਰਸ਼ਾ ਦਿੱਤਾ ਕਿ ਉਸ ਦੇ ਅੰਦਰ ਸੰਗਠਨਾਤਮਕ ਯੋਗਤਾ, ਕੂਟਨੀਤੀ ਅਤੇ ਸੈਨਿਕ ਨਿਪੁੰਨਤਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਰਣਥਮਭੋਰ ਦੇ ਆਪਣੇ ਘੇਰੇ ਵਿੱਚ ਜਦੋਂ ਉਲਗ ਖਾਂ ਸਫਲ ਨਾ ਹੋ ਸਕਿਆ ਤਾਂ ਅਲਾਉਦੀਨ ਨੇ ਖੁਦ ਉਸ 'ਤੇ ਚੜ੍ਹਾਈ ਕੀਤੀ ਅਤੇ ਆਪਣੇ ਲਗਾਤਾਰ ਯਤਨਾਂ ਅਤੇ ਸੈਨਿਕ ਪ੍ਰਤਿਭਾ ਦੇ ਸਹਾਰੇ ਉਸ ਨੂੰ ਹਰਾ ਕੇ ਛੱਡਿਆ। 1303 ਈ. ਵਿੱਚ ਸੁਲਤਾਨ ਚਿਤੌੜ ਨੂੰ ਜਿੱਤਣ ਵਿੱਚ ਸਫਲ ਹੋਇਆ ਉਥੇ ਚਿਤੌੜ ਜਿਸ 'ਤੇ ਪਹਿਲਾਂ ਦੇ ਸੁਲਤਾਨ ਅਧਿਕਾਰ ਨਾ ਕਰ ਸਕੇ ਸਨ। ਅਲਾਉਦੀਨ ਹੀ ਪਹਿਲਾ ਮੁਸਲਿਮ ਸੁਲਤਾਨ ਸੀ ਜਿਸ ਨੇ ਦੱਖਣ 'ਤੇ ਚੜ੍ਹਾਈ ਕੀਤੀ ਅਤੇ ਕਾਫੂਰ ਦੁਆਰ ਦੇਵਗਿਰੀ, ਵਾਰੰਗਲ, ਦੁਆਰ ਸਮੁੰਦਰ ਅਤੇ ਮਥੁਰਾ ਦੇ ਦੱਖਣੀ ਰਾਜਿਆਂ ਨੂੰ ਹਰਾ ਦਿੱਤਾ।

ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਅਲਾਉਦੀਨ ਇਕ ਮਹਾਨ ਵਿਜੇਤਾ ਅਤੇ ਬਹੁਤ ਉੱਚ ਗੁਣਵਾਨ ਸੈਨਿਕ ਸੀ।

*ਨੋਟਸ* ਅਲਾਉਦੀਨ ਇਕ ਨਿਡਰ ਅਤੇ ਹੋਣਹਾਰ ਸੈਨਾਪਤੀ ਸੀ।

### 5.8.3 ਇਕ ਸ਼ਾਸਕ ਦੇ ਰੂਪ ਵਿਚ (As a Ruler)

(**i**) **ਇਕ ਮਹਾਨ ਪ੍ਰਸ਼ਾਸਕ** (A great Administrator) : ਡਾ. ਈਸ਼ਵਰੀ ਪ੍ਰਸਾਦਿ ਲਿਖਦਾ ਹੈ ਕਿ "ਅਲਾਉਦੀਨ ਵਿਚ ਇਕ ਜਨਮ-ਜਾਤ ਸੈਨਾਪਤੀ ਅਤੇ ਸ਼ਾਸਕ-ਪ੍ਰਬੰਧਕ ਦੇ ਗੁਣ ਸਨ। ਇਹ ਦੋਵੇਂ ਗੱਲਾਂ ਮੱਧ ਯੁਗ ਇਤਿਹਾਸ ਵਿਚ ਘੱਟ ਦਿਖਾਈ ਦਿੰਦੀਆਂ ਹਨ।" ਉਹ ਨਾਂ ਕੇਵਲ ਇਕ ਨਿਡਰ ਸੈਨਾਪਤੀ ਸੀ ਪਰ ਇਕ ਉੱਚ ਯੁੱਧ ਪ੍ਰਸ਼ਾਸਕ ਵੀ ਸੀ। ਕੇ. ਐਸ. ਲਾਲ ਦੇ ਸ਼ਬਦਾਂ ਵਿਚ ਇਕ ਸ਼ਾਸਨ ਪ੍ਰਬੰਧਕ ਦੇ ਰੂਪ ਵਿਚ ਹੀ ਅਲਾਉਦੀਨ ਅਪਣੇ ਪੂਰਵਗਾਮੀਆਂ ਤੋਂ ਕਿਤੇ ਉੱਚਾ ਸੀ ਅਤੇ ਕਿਸੇ ਰੂਪ ਵਿਚ ਹੋਵੇ ਜਾ ਨਾਂ ਹੋਵੇ, ਇਕ ਯੋਧਾ ਦੇ ਰੂਪ ਵਿਚ ਉਸਦੀ ਸਫਲਤਾਵਾਂ ਇਕ ਸੰਗਠਨ ਕਰਤਾ ਦੇ ਰੂਪ ਵਿਚ ਹੀ ਅਲਾਉਦੀਨ ਅਪਣੇ ਪੂਰਵਗਾਮੀਆਂ ਤੋਂ ਕਿਤੇ ਉੱਚਾ ਸੀ ਅਤੇ ਕਿਸੇ ਰੂਪ ਵਿਚ ਹੋਵੇ ਜਾਂ ਨਾਂ ਹੋਵੇ, ਇਕ ਯੋਧਾ ਦੇ ਰੂਪ ਵਿਚ ਉਸਦੀ ਸਫਲਤਾਵਾਂ ਇਕ ਸੰਗਠਨ ਕਰਤਾ ਦੇ ਰੂਪ ਵਿਚ ਉਸਦੀ ਸਫਲਤਾਵਾਂ ਦੇ ਅੱਗੇ ਫਿੱਕੀਆਂ ਪੈ ਜਾਂਦੀਆਂ ਹਨ। ਸ੍ਰੀ ਆਰ. ਸੀ. ਮਜੂਮਦਾਰ ਦਾ ਕਹਿਣਾ ਹੈ ਕਿ "ਪ੍ਰਸ਼ਾਸਕ ਦੇ ਰੂਪ ਵਿਚ ਅਲਾਉਦੀਨ ਖਿਲਜੀ ਨੇਅਪਣੇ ਸ਼ਾਸਨ ਦੇ ਸ਼ੁਰੂਆਤ ਹਿੱਸੇ ਵਿਚ ਹੈਰਾਨ ਕਰਨ ਵਾਲਾ ਹੌਂਸਲਾ ਦਿਖਾਇਆ। ਪੁਜਾਰੀ ਦਾਯਾਦਤਾ (Priestly heirarchy) ਦੇ ਮਾਰਗ ਪ੍ਰਦਰਸ਼ਨ ਅਤੇ ਪ੍ਰਭੂਸਤਾ ਤੋਂ ਅਜਾਦ ਹੋ ਕੇ ਰਾਜ ਉੱਤੇ ਪਹਿਲੀ ਵਾਰ ਸ਼ਾਸਨ ਕਰਨ ਦੀ ਵਡਿਆਈ (Credit) ਉਸੀ ਨੂੰ ਹੈ।"

ਅਲਾਉਦੀਨ ਨੇ ਇਕ ਬਹੁਤ ਹੀ ਮਜਬੂਤ ਅਤੇ ਵਧੀਆ ਪ੍ਰਸ਼ਾਸਨ ਸਥਾਪਿਤ ਕੀਤਾ। ਉਸਨੇ ਸਰਦਾਰਾਂ ਦੀ ਗਲਤ ਸ਼ਕਤੀ ਨੂੰ ਦਬਾਇਆ ਅਤੇ ਧਾਰਮਿਕ ਸੰਸਥਾਂਵਾਂ ਨੂੰ ਅਪਣੇ ਨਿਯੰਤ੍ਰਣ ਵਿਚ ਰੱਖਿਆ। ਉਸਨੇ ਪ੍ਰਾਂਤ ਪ੍ਰਸ਼ਾਸਨ ਉਤੇ ਵੀ ਵੱਡਾ ਨਿਯੰਤ੍ਰਣ ਰੱਖਿਆ ਅਤੇ ਸਾਵਧਾਨੀ ਵਰਤੀ। ਉਸਨੇ ਇਕ ਬਰਾਬਰ ਨਿਆਂ ਕਰਨ ਦਾ ਖਾਸ ਧਿਆਨ ਰੱਖਿਆ ਅਤੇ ਅਪਰਾਧੀਆਂ ਨੂੰ ਸਖਤ ਦੰਡ ਦਿੱਤੇ। ਉਸ ਨੇ ਇਕ ਵਧੀਆ ਗੁਪਤਚਰ ਪ੍ਰਣਾਲੀ ਵੀ ਚਲਾਈ। ਅਲਾਉਦੀਨ ਨੇ ਸੈਨਿਕ ਪ੍ਰਣਾਲੀ ਦਾ ਦੁਬਾਰਾ ਗਠਨ ਕੀਤਾ ਅਤੇ ਅਖੀਰ ਵਿਚ ਬਹੁਤ ਸਾਰੇ ਆਰਥਿਕ ਸੁਧਾਰ ਵੀ ਕੀਤੇ। ਡਾ. ਕੇ. ਐਸ. ਲਾਲ ਕਹਿੰਦਾ ਹੈ "ਲੋੜ ਤੋਂ ਵੱਧ ਕੰਮ ਲੈਂਦੇ ਹੋਏ ਵੀ ਇਹ ਵਾਕ ਇਸ ਪ੍ਰਚਲਿਤ ਵਿਚਾਰਧਾਰਾ ਵੱਲ ਲੈ ਜਾਂਦੇ ਹਨ ਕਿ ਰਾਜਾ ਹੀ ਰਾਜ ਕਰਦਾ ਸੀ ਅਤੇ ਉਹ ਸ਼ਾਹੀ ਪ੍ਰਵਾਹ ਨਾ ਕਰਨ ਵਾਲਾ ਜਮਾਨਾ ਸੀ।"

**ਇਕ ਚਾਲਾਕ ਰਾਜਨੀਤਿਗ** : ਅਲਾਉਦੀਨ ਇਕ ਚਾਲਾਕ ਰਾਜਨੀਤਿਗ ਸੀ। ਉਸਨੇ ਸਮਝ ਲਿਆ ਸੀ ਕਿ ਲਗਾਤਾਰ ਪ੍ਰਦੇਸ਼-ਹੜੱਪ ਨੀਤੀ ਨੂੰ ਅਪਨਾਉਣਾ ਬੜਾ ਖਤਰਨਾਕ ਹੈ। ਇਸ ਲਈ ਉਸਨੇ ਦੱਖਣ ਦੇ ਰਾਜਾ ਨੂੰ ਅਪਣੇ ਸਾਮਰਾਜ ਵਿਚ ਨਹੀਂ ਮਿਲਾਇਆ। ਉਸਨੇ ਦੱਖਣ ਦੇ ਰਾਜਕੁਮਾਰਾਂ ਨੂੰ ਹਰਾ ਕੇ ਉਨ੍ਹਾਂ ਤੋਂ ਧੰਨ ਤੋਹਫੇ ਵਿਚ ਲਿਆ। ਪਰ ਨਾਲ ਉਨ੍ਹਾਂ ਦੇ ਪ੍ਰਦੇਸ਼ ਉਨ੍ਹਾਂ ਦੇ ਅਧਿਕਾਰ ਵਿਚ ਹੀ ਛੱਡ ਦਿੱਤੇ। ਉਸ ਤੋਂ ਅਲਾਉਦੀਨ ਦੀ ਬੁੱਧੀਮਤਾ ਅਤੇ ਰਾਜਨਿਤਿਗਤਾ ਦਾ ਪਤਾ ਲਗਦਾ ਹੈ। ਇਨ੍ਹਾਂ ਰਾਜਾਂ ਉਤੇ

ਨੋਟ

ਨਿਯੰਤ੍ਰਣ ਰਖਣਾ ਇਕ ਅਸੰਭਵ ਗੱਲ ਹੁੰਦੀ। ਇਸ ਲਈ ਅਲਾਉਦੀਨ ਦੀ ਦੱਖਣੀ ਨੀਤੀ ਬੇਸ਼ੱਕ ਬੜੀ ਸਮਝ ਅਤੇ ਰਾਜਨੀਤੀ ਦੀ ਗੱਲ ਸੀ।

**(ii) ਕਲਾ ਅਤੇ ਵਿਦਤਾ ਦਾ ਮਹਾਨ ਸੁਰੱਖਿਅਕ** : ਜਦੋਂ ਕਿ ਉਹ ਖੁਦ ਅਨਪੜ੍ਹ ਸੀ ਫਿਰ ਵੀ ਅਲਾਉਦੀਨ ਨੇ ਕਵੀਆਂ ਅਤੇ ਵਿਦਵਾਨਾਂ ਨੂੰ ਜੀਅ ਭਰ ਸੁਰੱਖਿਆ ਦਿੱਤੀ। ਬਾਰਾਨੀ ਦੇ ਕਹਿਣ ਅਨੁਸਾਰ ਉਸ ਦੇ ਦਰਬਾਰ ਵਿੱਚ 46 ਵੱਡੇ ਵਿਦਵਾਨ ਸਨ। ਉਨ੍ਹਾਂ ਵਿੱਚ ਸਭ ਤੋਂ ਵੱਡਾ ਵਿਦਵਾਨ ਅਮੀਰ ਖੁਸਰੋ ਸੀ ਜਿਸ ਨੇ 'ਤਾਰੀਖ-ਏ-ਅਲਾਊ' ਲਿਖੀ ਜਿਸ ਵਿੱਚ ਉਸ ਨੇ ਅਲਾਊਦੀਨ ਦੀਆਂ ਜਿੱਤਾਂ ਦਾ ਵਰਨਣ ਕੀਤਾ ਅਤੇ 'ਆਸ਼ਿਕ' ਨਾਮ ਦੀ ਇਕ ਰਮਣੀਕ ਰਚਨਾ ਵੀ ਰਚੀ ਜਿਸ ਵਿੱਚ ਦੇਵਲਦੇਵੀ ਅਤੇ ਖਿਜਰ ਖਾਂ ਦਾ ਪ੍ਰੰਪਰਾ ਪਿਆਰ ਦਰਸਾਇਆ ਗਿਆ ਹੈ। ਅਲਾਊਦੀਨ ਦੇ ਦਰਬਾਰ ਵਿੱਚ ਇਕ ਹੋਰ ਮਹਾਨ ਸਾਹਿਤਕਾਰ ਸੀ। ਅਮੀਰ ਹਸਨ ਦੇਹਲਵੀ ਜਿਸ ਨੂੰ ਭਾਰਤ-ਗਵਾਹ ਕਹਿੰਦੇ ਹਨ। ਇਸ ਦੇ ਇਲਾਵਾ ਹੋਰ ਮਹਾਨ ਲੇਖਕ ਅਤੇ ਧਰਮ ਪੰਡਿਤ ਇਹ ਸਨ-ਅਮੀਰ ਅਰਸਲਾਨ ਕੋਹੀ, ਕਬੀਰੂਦੀਨ, ਸ਼ੇਖ ਨਿਜ਼ਾਮੁਦੀਨ ਅਤੇ ਕਾਜ਼ੀ ਮੁਗੀਸ-ਉਦੀਨ।

ਅਲਾਉਦੀਨ ਭਵਨ-ਨਿਰਮਾਣ ਕਲਾ ਦਾ ਪ੍ਰੇਮੀ ਸੀ ਜਿਸਨੇ 70,000 ਲੋਕਾਂ ਨੂੰ ਭਵਨ ਨਿਰਮਾਣ ਵਿੱਚ ਲਗਾ ਰੱਖਿਆ ਸੀ। ਉਸਦੇ ਪ੍ਰਸਿੱਧ ਭਵਨ ਇਹ ਹਨ – ਯਾਮਿਨੀ-ਮਸਜ਼ਿਦ, ਅਲਾਏ-ਮੀਨਾਰ, ਅਲਾਏ-ਦਰਵਾਜਾ ਆਦਿ। ਸਰ ਵੂੱਜਲੇ ਹੇਗ ਦਾ ਕਹਿਣਾ ਹੈ "ਅਲਾਉਦੀਨ ਦੇ ਸ਼ਾਸਨ ਦੇ ਨਾਲ ਇਕ ਐਸੇ ਜੁਗ ਦੀ ਸ਼ੁਰੂਆਤ ਹੁੰਦੀ ਹੈ ਜਿਸ ਨੂੰ ਸਲਤਨਤ ਦਾ ਸਾਮਰਾਜ ਵਾਦੀ ਜੁਗ (Imperialage) ਕਿਹਾ ਜਾ ਸਕਦਾ ਹੈ ਜਿਹੜਾ ਲਗਭਗ ਅੱਧੀ ਸ਼ਤਾਬਦੀ ਤਕ ਰਿਹਾ।"

| | |
|---|---|
| *ਕੀ ਤੁਸੀਂ ਜਾਣਦੇ ਹੋ* | ਤਾਰੀਖ-ਏ-ਅਲਾਉ ਅਮੀਰ ਖੁਸਰੋ ਨੇ ਲਿਖੀ। |

### 5.8.4 ਅਲਾਉਦੀਨ ਦਾ ਆਲੋਚਨਾਤਮਕ ਅਨੁਮਾਨ (Critical Estimate of Ala-ud-Din)

ਕੁਝ ਲੋਕਾਂ ਦੀ ਸਮਝ ਹੈ ਕਿ ਅਲਾਉਦੀਨ ਨੇ ਕੋਈ ਸਥਾਈ ਸਫਲਤਾ ਪ੍ਰਾਪਤ ਨਹੀਂ ਕੀਤੀ। ਕਹਿੰਦੇ ਹਨ ਕਿ ਉਸਦੀ ਸਰਕਾਰ ਦਾ ਕੋਈ ਠੋਸ ਆਧਾਰ ਨਹੀਂ ਸੀ ਅਤੇ ਉਸਦੇ ਸ਼ਾਸਨ ਦੀ ਅੰਦਰੂਨੀ ਕਮਜੋਰੀ ਦੇ ਕਾਰਣ ਖਿਲਜੀ ਵੰਸ਼ ਆਸਾਨੀ ਨਾਲ ਖਤਮ ਹੋ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਲਾਉਦੀਨ ਦੀ ਪ੍ਰਸ਼ਾਸਨ ਪ੍ਰਣਾਲੀ ਵਿਚ ਕੁਝ ਅਪਣੇ ਦੋਸ਼ ਸਨ। ਉਸ ਦੀ ਸਰਕਾਰ ਕੇਵਲ ਇਕ ਵਿਅਕਤੀ ਦਾ ਸ਼ਾਸਨ ਸੀ ਅਤੇ ਉਹ ਸ਼ਾਸਨ ਸੈਨਾ ਬਲ ਉਤੇ ਅਧਾਰਤਿ ਸੀ। ਅਪਣੇ ਸੈਨਿਕਾਂ ਨੂੰ ਲਾਭ ਪਹੁੰਚਾਉਣ ਲਈ ਹੀ ਉਸਨੇ ਕੁਝ ਆਰਥਿਕ ਸੁਧਾਰ ਕੀਤੇ ਜਿਸਦੇ ਦੁਆਰਾ ਉਸਨੇ ਵਪਾਰ ਅਤੇ ਖੇਤੀ ਬਾੜੀ ਪਾਸੇ ਸਾਰੀ ਉਤੇਜਨਾ ਖਤਮ ਕਰ ਦਿੱਤੀ। ਉਸਦੇ ਸ਼ਾਸਨ ਦੇ ਹੇਠਾਂ ਵਪਾਰੀ ਅਤੇ ਕਿਸਾਨ ਬਹੁਤ ਦੁਖੀ ਸਨ। ਗੁਪਤਚਰ ਪ੍ਰਣਾਲੀ ਅਤੇ ਭਿਆਨਕ ਦੰਡ ਨੇ ਲੋਕਾਂ ਦੇ ਜੀਵਨ ਨੂੰ ਬੇਚੈਨ ਕਰ ਦਿੱਤਾ। ਡਾ. ਡੀ.ਵੀ. ਸਮਿਥ ਦਾ ਕਹਿਣਾ ਹੈ – "ਉਹ ਖਾਸ ਕਰਕੇ ਇਕ ਲੁੱਟ ਮਾਰ ਕਰਨ ਵਾਲਾ ਅਤੇ ਅਤਿਆਚਾਰੀ ਸ਼ਾਸਕ ਸੀ ਜਿਸ ਦੇ ਦਿਲ ਵਿਚ ਨਿਆਂ ਦੇ ਪ੍ਰਤੀ ਕੋਈ ਇੱਜਤ ਨਹੀਂ ਸੀ। ਹਾਲਾਂਕਿ ਉਸ ਦੇ ਸ਼ਾਸਨ ਕਾਲ ਵਿਚ ਗੁਜਰਾਤ ਦੀ ਵਿਜੈ, ਬਹੁਤ ਸਾਰੇ ਲੁੱਟ ਮਾਰ ਦੇ ਆਕ੍ਰਮਣ ਅਤੇ ਦੋ ਵੱਡੇ ਕਿਲ੍ਹਿਆਂ ਉਤੇ ਖਤਰਨਾਕ ਹਮਲੇ ਦੀਆਂ ਘਟਨਾਵਾਂ ਉਲੇਖਨੀਯ ਹਨ ਫਿਰ ਵੀ ਉਸ ਦਾ ਸ਼ਾਸਨ ਕਈ ਹਾਲਤਾਂ ਵਿਚ ਅਤਿਅੰਤ ਸ਼ਰਮਨਾਕ ਸੀ।"

ਪਰ ਜਦੋਂ ਅਲਾਉਦੀਨ ਦੀ ਠੋਸ ਉਪਲਬਧੀਆਂ ਸਾਵਧਾਨਂ ਅਤੇ ਆਲੋਚਨਾਪੂਰਵਕ ਵਿਸ਼ਲੇਸ਼ਣ ਕੀਤਾ ਜਾਏ ਤਾਂ ਇਹ ਸਾਰੀ ਗੱਲਾਂ ਨਹੀਂ ਟਿਕਦੀਆਂ। ਉਸਨੇ ਇਕ ਛੋਟੇ ਜਿਹੇ ਰਾਜ ਨੂੰ ਮਹਾਨ ਸਾਮਰਾਜ ਬਣਾ ਦਿੱਤਾ ਅਤੇ ਦਿੱਲੀ ਦੀ ਸੁਲਤਾਨ ਸ਼ਾਹੀ ਦੇ ਇਤਿਹਾਸ ਵਿਚ ਪਹਿਲੀ ਬਾਰ ਦੱਖਣ ਭਾਰਤ ਨੂੰ ਹਰਾਇਆ। ਉਸਨੇ ਮੰਗੋਲਾਂ ਦੀ ਸ਼ਕਤੀ ਉੱਤੇ ਵੀ ਇਕ ਹਮਲਾ ਕੀਤਾ ਜਿਸਨੇ ਦਿੱਲੀ ਦੀ ਸੁਲਤਾਨਸ਼ਾਹੀ ਢਾਂਚੇ ਨੂੰ ਹੀ ਖਤਰੇ ਵਿਚ ਸੁੱਟ ਦਿੱਤਾ। ਉਸਨੇ ਇਕ ਮਜਬੂਤ ਪ੍ਰਸ਼ਾਸਨ ਸਥਾਪਿਤ ਕੀਤੀ ਅਤੇ ਸੁਲਤਾਨ ਸ਼ਾਹੀ ਨੂੰ ਅੰਦਰੂਨੀ ਵਿਦਰੋਹਾਂ ਤੋਂ ਸੁਰੱਖਿਅਤ ਰੱਖਿਆ। ਉਸਦੇ ਸਰਾਹਨੀਅ ਤਰੀਕਿਆਂ ਵਿਚੋਂ ਬਹੁਤ ਸਾਰੇ ਤਰੀਕੇ ਬਾਦ ਦੇ ਸਮਰਾਟਾਂ ਦੇ ਆਦਰਸ਼ ਬਣ ਗਏ।

ਸੰਖੇਪ ਵਿਚ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਅਲਾਉਦੀਨ ਇਕ ਮਹਾਨ ਰਾਜਾ ਸੀ ਜਿਹੜਾ ਦਿੱਲੀ ਦੇ ਸੁਲਤਾਨਾ ਵਿਚ ਸਭ ਤੋਂ ਮਹਾਨ ਸੀ। ਡਾ. ਈਸ਼ਵਰੀ ਪ੍ਰਸਾਦਿ ਦਾ ਕਹਿਣਾ ਹੈ "ਅਲਾਉਦੀਨ ਕੋਈ ਖਾਸ ਸਨਕ ਰਖਣ ਵਾਲਾ (Faddist) ਨਹੀਂ ਸੀ। ਉਹ ਕਿਸੀ ਯੋਜਨਾ ਦਾ ਪਾਲਣ ਕਰਦਾ ਅਤੇ ਲਗਾਤਾਰ ਗ੍ਰਹਿਣ ਕਰਦਾ ਸੀ ਅਤੇ ਲੋਕ-ਮਤ ਵਿਚ ਮਿਲਣ ਵਾਲੇ ਸਮਰਥਨ ਨੇ ਉਸਨੂੰ ਜੀਵਨਭਰ ਲਈ ਨਿਰਵਿਰੋਧ ਬਣਾ ਦਿੱਤਾ ਸੀ। ਏ.ਐਮ.ਹੁਸੈਨ ਦੇ ਕਹਿਣ ਅਨੁਸਾਰ ਉਸਨੂੰ ਸ਼ੇਰਸ਼ਾਹ ਸੂਰੀ ਅਤੇ ਅਕਬਰ ਜਿਹੇ ਭਾਰਤ ਦੇ ਮਹਾਨ ਸ਼ਾਸਕਾਂ ਦੇ ਨਾਲ ਗਿਣ ਸਕਦੇ ਹਾਂ। ਹੈਵਲ ਕਹਿੰਦਾ ਹੈ – "ਅਲਾਉਦੀਨ ਅਪਣੀ ਉਮਰ ਤੋਂ ਕਿਤੇ ਅਧਿਕ ਅੱਗੇ ਵੱਧਾ ਹੋਇਆ। 20 ਵਰ੍ਹਿਆਂ ਦੇ ਉਸਦੇ ਸ਼ਾਸਨ ਵਿਚ ਖੁਦ ਸਾਡੇ ਜੁਗ ਦੀ ਬਰਾਬਰੀ ਘਟਨਾਵਾਂ ਮਿਲਦੀਆਂ ਹਨ।" ਇਬਬਤੂਤਾ ਕਹਿੰਦਾ ਹੈ, ਉਹ ਸਰਵੋਤਮ ਸੁਲਤਾਨ ਇਕ ਸੀ।

ਨੋਟ

## 5.9 ਖਿਲਜੀ ਦੇ ਉਤਰਾਧਿਕਾਰੀ (Successor of Khilji)

### 5.9.1 ਮਲਿਕ ਕਾਫੂਰ (Malik Kafur)

ਮਲਿਕ ਕਾਫੂਰ ਗੁਜਰਾਤ ਪ੍ਰਦੇਸ਼ ਦੇ ਇਕ ਕੰਬੇ ਸਥਾਨ ਦਾ ਇਕ ਹਿੰਦੂ ਹੀਜੜਾ ਸੀ। ਜਦੋਂ 1297 ਈ. ਵਿਚ ਨਸਰਤ ਖਾਨ ਨੇ ਗੁਜਰਾਤ ਨੂੰ ਜਿੱਤਿਆ ਤਾਂ ਉਸਨੇ ਕਾਫੂਰ ਨੂੰ ਇਕ ਹਜਾਰ ਦੀਨਾਰ ਵਿਚ ਖਰੀਦ ਲਿਆ। ਕਿਉਂਕਿ ਉਸਨੂੰ ਹਜਾਰ ਦੀਨਾਰ ਵਿਚ ਖਰੀਦਿਆ ਗਿਆ। ਇਸ ਲਈ ਉਹ ਹਜਾਰ ਦੀਨਾਰੀ ਕਹਾਉਣ ਲੱਗਾ। ਸੁਲਤਾਨ ਕਾਫੂਰ ਦੀ ਸਰੀਰਕ ਸ਼ਕਲ ਅਤੇ ਤੀਬਰ ਬੁੱਧੀ ਨਾਲ ਬਹੁਤ ਪ੍ਰਭਾਵਿਤ ਹੋਇਆ। ਗੱਲ ਇਥੇ ਤਕ ਪਹੁੰਚੀ ਕਿ ਸੁਲਤਾਨ ਨੇ ਉਸਨੂੰ ਇਕ ਮੰਤਰੀ ਦੇ ਪਦ ਤਕ ਚੁੱਕ ਦਿੱਤਾ।

ਮਲਿਕ ਕਾਫੂਰ ਦੀ ਸਭ ਤੋਂ ਵੱਡੀ ਸਫਲਤਾ ਇਸ ਗੱਲ ਵਿਚ ਸੀ ਕਿ ਉਸਨੇ ਦੱਖਣੀ ਭਾਰਤ ਉੱਤੇ ਚੜ੍ਹਾਈ ਕੀਤੀ ਅਤੇ ਦੱਖਣ ਦੇ ਬਹੁਤ ਰਾਜਾਂ ਨੂੰ ਜਿੱਤਿਆ। 1306–12 ਈ. ਤਕ ਉਸਨੇ ਦੇਵਗਿਰੀ, ਵਾਰੰਗਲ ਦੁਆਰ ਸਮੁੰਦਰ ਅਤੇ ਮਥੁਰਾ ਨੂੰ ਹਰਾਇਆ। ਉਹ ਦੱਖਣ ਤੋਂ ਬਹੁਤ ਸਾਰੀ ਦੌਲਤ ਲੁੱਟ ਕੇ ਲੈ ਆਇਆ ਅਤੇ ਸਾਮਰਾਜ ਦਾ ਬਹੁਤ ਹੀ ਪ੍ਰਸਿੱਧ ਵਿਅਕਤੀ ਬਣ ਗਿਆ।

ਮਲਿਕ ਕਾਫੂਰ ਨੇ ਸੁਲਤਾਨ ਉਪਰ ਇਕ ਅਨੋਖਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ। ਰਾਜ ਦੇ ਬਹੁਤ ਸਾਰੇ ਮਾਮਲਿਆਂ ਵਿਚ ਸੁਲਤਾਨ ਇਸੀ ਵਜੀਰ ਦੀ ਸਲਾਹ ਲੈਂਦਾ। ਕਾਫੂਰ ਨੇ ਸੁਲਤਾਨ ਦੇ ਕੰਨ ਭਰ ਦਿੱਤੇ ਕਿ ਉਨ੍ਹਾਂ ਦੀ ਪਤਨੀ ਮਲਿਕਾ ਜਹਾਨ ਅਤੇ ਬੇਟੇ ਖਿਜਰ ਖਾਨ ਅਤੇ ਸ਼ਾਦੀ ਖਾਨ ਉਨ੍ਹਾਂ ਦੇ ਵਿਰੁਧ ਖੜਯੰਤਰ ਕਰ ਰਹੇ ਹਨ। ਅਲਾਉਦੀਨ ਨੇ ਉਸ ਉੱਤੇ ਭਰੋਸਾ ਕਰ ਲਿਆ ਅਤੇ ਪਤਨੀ ਅਤੇ ਪੁੱਤਰਾਂ ਨੂੰ ਕੈਦ ਕਰ ਲਿਆ। ਉਸਦਾ ਸੁਲਤਾਨ ਉਪਰ ਏਨਾ ਭਰੋਸਾ ਸੀ ਕਿ ਉਸ ਦੇ ਸਮਝਾਉਣ ਉੱਤੇ ਅਲਾਉਦੀਨ ਨੇ ਅਲਪ ਖਾਨ ਨੂੰ ਫਾਂਸੀ ਉਪਰ ਚੜ੍ਹਾ ਦਿੱਤਾ ਜੋ ਕਿ ਮਲਿਕ ਕਾਫੂਰ ਦਾ ਪ੍ਰਤੀਯੋਗੀ ਸੀ।

ਅਲਾਉਦੀਨ ਦੀ ਮ੍ਰਿਤੂ ਤੋਂ ਬਾਦ ਪ੍ਰਤੀਯੋਗੀ ਪੱਖਾਂ ਨੇ ਯੁੱਧ ਦੀ ਤਿਆਰੀ ਸ਼ੁਰੂ ਕਰ ਦਿੱਤੀ। ਇਸ ਸਮੇਂ ਤਕ ਮਲਿਕ ਕਾਫੂਰ ਨੇ ਪੂਰੀ ਸ਼ਕਤੀ ਪ੍ਰਾਪਤ ਕਰ ਲਈ ਸੀ। ਇਸ ਲਈ ਉਹ ਅਤਿਆਧਿਕ ਮਹਤੱਵਪੂਰਨ ਬਣਦਾ ਜਾ ਰਿਹਾ ਸੀ। ਉਸਨੇ ਇਕ–ਇਕ ਕਰਕੇ ਰਾਜ ਕੁਮਾਰਾਂ ਨੂੰ ਹਰਾ ਦਿੱਤਾ। ਉਸਨੇ ਬੜੀ ਨੀਚਤਾ ਦਾ ਵਿਵਹਾਰ ਕੀਤਾ ਅਤੇ ਅਲਾਦੀਨ ਦੀ ਤਰਫ਼ ਤੋਂ ਇਕ ਜਾਲੀ ਵਸੀਹਤ (Will) ਬਣਾਈ ਜਿਸ ਵਿਚ ਔਮਰਖਾਨ ਨੂੰ ਉੱਤਰਾਧਿਕਾਰੀ ਦਿਖਾਇਆ ਗਿਆ। ਰਾਜਕੁਮਾਰ ਦੀ ਉਮਰ ਕੇਵਲ 6 ਸਾਲ ਦੀ ਸੀ। ਇਸ ਲਈ ਉਹ ਵਾਸਤਵਿਕ ਸ਼ਾਸਕ ਬਣ ਗਿਆ। ਉਸ ਦਾ ਖਿਆਲ ਸਿੰਘਾਸਨ ਉੱਤੇ ਦਾਅਵਾ ਕਰਨ ਵਾਲੇ ਸਾਰੇ ਵਿਅਕਤੀਆਂ ਨੂੰ ਮਾਰ ਕੇ ਜਾਂ ਹੋਰ ਕਿਸੇ ਤਰੀਕੇ ਨਾਲ ਅਪਣੇ ਰਸਤੇ ਤੋਂ ਦੂਰ ਕਰਨ ਦਾ ਸੀ। ਮੁਬਾਰਕ ਖਾਨ ਉਸਦੇ ਕ੍ਰੋਧ ਤੋਂ ਬਚ ਗਿਆ ਅਤੇ ਦੂਜੇ ਦਾਅਵੇ ਕਰਨ ਵਾਲਿਆਂ ਨੂੰ ਗੈਰ–ਕਾਨੂੰਨੀ ਬਣਾ ਦਿੱਤਾ। ਮਲਿਕ ਕਾਫੂਰ ਨੇ ਅਲਾਉਦੀਨ ਦੀ ਵਿਧਵਾ ਦੇ ਨਾਲ ਵਿਆਹ ਕਰਕੇ ਉਸਦੇ ਸਾਰੇ ਖਜਾਨੇ ਅਤੇ ਗਹਿਣਿਆਂ ਉਪਰ ਅਧਿਕਾਰ ਕਰ ਲਿਆ।

ਅਲਾਉਦੀਨ ਖਿਲਜੀ ਦੀ ਮੌਤ ਤੋਂ ਬਾਦ ਮਲਿਕ ਕਾਫੂਰ ਨੇ ਸਵਰਗਵਾਸੀ ਸੁਲਤਾਨ ਦੇ ਬੇਟੇ ਸ਼ਹਾਬੁਦੀਨ ਨੂੰ ਸਿੰਘਾਸਨ ਉੱਤੇ ਬਠਾਇਆ ਅਤੇ ਖੁਦ ਉਸਦਾ ਕਾਰਜ ਕਰਤਾ ਬਣ ਬੈਠਾ। ਹੁਣ ਉਸਨੇ ਸਾਰੇ ਸ਼ਾਹੀ ਵਿਅਕਤੀਆਂ ਦੇ ਵਿਰੁੱਧ ਹੱਥ ਚਲਾਉਣੇ ਸ਼ੁਰੂ ਕਰ ਦਿੱਤੇ ਜਿਹੜੇ ਉਸਦੇ ਰਸਤੇ ਵਿਚ ਅੜਚਣ ਬਣ ਸਕਦੇ ਸਨ। ਉਸਨੇ ਖਿਜਰਖਾਨ ਅਤੇ ਸ਼ਾਦੀ ਖਾਨ ਦੀਆਂ ਅੱਖਾਂ ਕੱਢਵਾ ਦਿੱਤੀਆਂ ਅਤੇ ਉਨ੍ਹਾਂ ਅਤੇ ਉਨ੍ਹਾਂ ਦੀ ਮਾਂ ਮਲਿਕਾਜਹਾਨ ਨੂੰ ਬੰਦੀ ਬਣਾ ਲਿਆ। ਹੁਣ ਉਸਨੇ ਮੁਬਾਰਕ ਦੀ ਹੱਤਿਆ ਦਾ ਖੜਯੰਤਰ ਰਚਣਾ ਸ਼ੁਰੂ ਕਰ ਦਿੱਤਾ। ਇਹ ਗੱਲ ਕੁਝ ਸਰਦਾਰ ਸਹਿਨ ਨਾ ਕਰ ਸਕੇ। ਇਸ ਲਈ ਉਨ੍ਹਾਂ ਨੇ ਮਲਿਕ ਕਾਫੂਰ ਦੇ ਵਿਰੁਧ ਇਕ–ਇਕ ਕਰਕੇ 6 ਫਰਵਰੀ 1316 ਈ. ਨੂੰ ਮਰਵਾ ਦਿੱਤਾ।

ਵਾਸਤਵ ਵਿਚ ਜਿਸ ਨੀਤੀ ਦੇ ਮਲਿਕ ਕਾਫੂਰ ਨੇ ਅਲਾਉਦੀਨ ਦੀ ਮ੍ਰਿਤੂ ਤੋਂ ਬਾਦ ਧਾਰਨ ਕੀਤਾ ਉਸ ਨਾਲ ਖਿਲਜੀ ਵੰਸ਼ ਦੇ ਸਮਰਥਕ ਅਸੰਤੁਸ਼ਟ ਹੋ ਗਏ। ਇਸ ਲਈ ਉਨ੍ਹਾਂ ਨੇ ਉਸਦੇ ਵਿਰੁਧ ਖੜਯੰਤਰ ਸ਼ੁਰੂ ਕਰ ਦਿੱਤਾ ਅਤੇ ਉਹ ਸਫਲ ਵੀ ਰਹੇ। ਕਿਹਾ ਜਾਂਦਾ ਹੈ ਕਿ ਸੈਨਾ ਨੇ ਵੀ ਖੜਯੰਤਰ ਕਾਰੀਆਂ ਦੀ ਸਹਿਇਤਾ ਕੀਤੀ ਸੀ। ਜਦ ਮਲਿਕ ਕਾਫੂਰ ਦੇ ਆਦਮੀ ਮੁਬਾਰਕ ਕੋਲ ਉਸ ਦੀਆਂ ਅੱਖਾਂ ਕੱਢਣ ਲਈ ਪਹੁੰਚੇ ਤਾਂ ਉਸਨੇ ਉਨ੍ਹਾਂ ਨੂੰ ਅਪਣੇ ਵੱਲ ਪ੍ਰਭਾਵਿਤ ਕਰ ਲਿਆ ਅਤੇ ਉਨ੍ਹਾਂ ਨੂੰ ਬੇਸ਼ੁਮਾਰ ਧੰਨ ਅਤੇ ਅਹੁਦਾ ਦੇਣ ਦਾ ਵਚਨ ਦਿੱਤਾ ਸ਼ਰਤ ਨਾਲ ਕਿ ਉਹ ਹੀ ਵਿਅਕਤੀ ਕਾਫੂਰ ਨੂੰ ਕਤਲ ਕਰ ਦੇਣ ਅਤੇ ਰਾਜਕੁਮਾਰ ਮੁਬਾਰਕ ਨੂੰ ਉਸ ਦਾ ਸਿੰਘਾਸਨ ਦਵਾ ਦੇਣ। ਕਿਹਾ ਜਾਂਦਾ ਹੈ ਕਿ ਉਹ ਲੋਕ ਇਸ ਤਰ੍ਹਾਂ ਕਰਨ ਲਈ ਰਾਜੀ ਹੋ ਗਏ ਅਤੇ ਕਾਫੂਰ ਨੂੰ ਖਤਮ ਕਰ ਦਿੱਤਾ। ਤਦ ਮੁਬਾਰਕ ਅਪਣੇ ਭਰਾ ਔਮਰਖਾਨ ਦਾ ਸ਼ਾਹੀ ਪ੍ਰਤੀਨਿਧੀ (Regent) ਬਣ ਗਿਆ ਲਗਭਗ 2 ਮਹੀਨੇ ਬਾਦ ਮੁਬਾਰਕ ਨੇ ਅਪਣੇ ਭਰਾ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਖੁਦ ਸੁਲਤਾਨ ਬਣ ਗਿਆ। ਇਸ ਪ੍ਰਕਾਰ ਮਲਿਕ ਕਾਫੂਰ ਦਾ ਅੰਤ ਹੋਇਆ।

*ਟਾਸਕ* ਹਜ਼ਾਰ ਦਿਨਾਰੀ ਕਿਸ ਨੂੰ ਕਿਹਾ ਗਿਆ?

ਨੋਟ

### 5.9.2 ਅਮੀਰ ਖੁਸਰੋ (Amir Khusro)

ਅਮੀਰ ਖੁਸਰੋ, ਅਮੀਰ ਸੈਫੁਦੀਨ ਦਾ ਬੇਟਾ ਸੀ। ਅਜੇ ਉਹ ਲੜਕਾ ਹੀ ਸੀ ਕਿ ਮੰਗੋਲਾਂ ਨੇ ਉਸੇ ਨੂੰ ਪਕੜ ਲਿਆ। ਉਹ ਭਾਰਤ ਆਇਆ ਅਤੇ ਬਲਬਨ ਦੇ ਬੇਟੇ ਰਾਜਕੁਮਾਰ ਮੁਹੱਮਦ ਦੇ ਦਰਬਾਰ ਵਿਚ ਰਹਿਣ ਲੱਗਾ। ਮੁਹੱਮਦ ਨੇ ਖੁਸਰੋ ਨੂੰ ਖੂਬ ਸੁਰੱਖਿਆ ਦਿੱਤੀ ਅਤੇ ਉਸਦੇ ਮਰਨ ਉੱਤੇ ਖੁਸਰੋ ਨੇ ਮੁਹੱਮਦ ਉਤੇ ਇਕ ਸੋਕ ਕਵਿਤਾ ਲਿਖੀ।

ਅਮੀਰ ਖੁਸਰੋ ਅਲਾਉਦੀਨ ਖਿਲਜੀ ਦੇ ਸਮੇਂ ਵਿਚ ਖੂਬ ਫਲਿਆ ਫੁੱਲਿਆ। ਉਸਨੇ ਤਾਰੀਖ-ਏ-ਅਲ੍ਹਾਹ ਲਿਖੀ। ਜਿਸ ਵਿਚ ਉਸਨੇ ਅਲਾਉਦੀਨ ਖਿਲਜੀ ਦੀ ਵਿਜਾਵਾਂ ਦਾ ਵਰਣਨ ਕੀਤਾ। ਉਸਨੇ ਆਸਿਕ ਨਾਮਕ ਇਕ ਰਮਣੀਕ ਰਚਨਾ ਵੀ ਕੀਤੀ ਜਿਸ ਵਿਚ ਉਸਨੇ ਦੇਵਲ ਦੇਵੀ ਅਤੇ ਖਿਜਰ ਖਾਨ ਦੇ ਪਿਆਰ ਦਾ ਵਰਣਨ ਕੀਤਾ। ਉਹ ਇਕ ਮਹਾਨ ਗਾਇਕ ਵੀ ਸੀ ਅਤੇ ਉਸਨੂੰ ਤੁਤੀ-ਏ-ਹਿੰਦ ਮਤਲਬ ਹਿੰਦ ਦੀ ਆਵਾਜ ਨਾਮਕ ਉਪਾਧੀ ਮਿਲੀ।

ਅਲਾਉਦੀਨ ਖਿਲਜੀ ਦੀ ਮ੍ਰਿਤੂ ਤੋਂ ਬਾਦ ਵੀ ਅਮੀਰ ਖੁਸਰੋ ਇਕ ਦਰਬਾਰੀ ਕਵੀ ਦੇ ਰੂਪ ਵਿਚ ਚਲਦਾ ਰਿਹਾ। ਮੁਬਾਰਕ ਸ਼ਾਹ ਦੇ ਸਮੇਂ ਵਿਚ ਉਸਨੇ ਨੌ ਆਕਾਸ਼ ਨਾਮਕ ਇਕ ਰਚਨਾ ਰਚੀ, ਜਿਸ ਵਿਚ ਸੁਲਤਾਨ ਮੁਬਾਰਕ ਸ਼ਾਹ ਦੇ ਇਤਿਹਾਸ ਦਾ ਵਰਨਣ ਕੀਤਾ। ਬਾਦ ਵਿਚ ਤੁਗਲਕ ਵੰਸ਼ ਦੇ ਸੰਸਥਾਪਕ ਗਯਾਸੁਦੀਨ ਤੁਗਲਕ ਦੀ ਸੁਰੱਖਿਆ ਵਿਚ ਆ ਗਿਆ। ਉਸਦੇ ਸ਼ਾਸਨ ਕਾਲ ਵਿਚ ਉਸਨੇ 'ਤੁਗਲਕ ਨਾਮਾ' ਲਿਖਿਆ, ਜਿਸ ਵਿਚ ਗਯਾਸੁਦੀਨ ਦੇ ਕੰਮ ਅਤੇ ਉਸਦੀ ਸਫਲਤਾਵਾਂ ਦਾ ਵਰਨਣ ਕੀਤਾ। ਉਹ ਹਿੰਦੀ ਵੀ ਜਾਣਦਾ ਸੀ ਅਤੇ ਉਸਨੇ ਹਿੰਦੀ ਕਵਿਤਾ ਕਰਨੀ ਸ਼ੁਰੂ ਕਰ ਦਿੱਤੀ। ਸੰਖੇਪ ਵਿਚ ਇਹ ਕਹਿ ਸਕਦੇ ਹਾਂ ਕਿ ਖੁਸਰੋ ਮਧ ਜੁਗ ਭਾਰਤ ਦਾ ਇਕ ਮਹਾਨ ਵਿਦਵਾਨ ਸੀ।

### 5.9.3 ਅਲਾਉਦੀਨ ਖਿਲਜੀ ਦੇ ਉੱਤਰਾਧਿਕਾਰੀ (Successors of Ala-ud-Din Khilji)

**ਸ਼ਹਾਬੁਦੀਨ ਅਤੇ ਮਲਿਕ ਕਾਫੂਰ** (1316 ਈ.): ਅਲਾਉਦੀਨ ਖਿਲਜੀ ਦੀ ਮ੍ਰਿਤੂ 2 ਜਨਵਰੀ 1316 ਈ. ਨੂੰ ਹੋਈ। ਉਸ ਤੋਂ ਬਰਾਦ ਮਲਿਕ ਕਾਫੂਰ ਨੇ ਉਸਦੇ ਬੇਟੇ ਸ਼ਹਾਬੁਦੀਨ ਉਮਰ ਨੂੰ ਸਿੰਘਾਸਨ ਉਤੇ ਬਿਠਾਇਆ ਅਤੇ ਖੁਦ ਉਸਦਾ ਕਾਰਜਕਾਰੀ ਸ਼ਾਸਕ ਬਣਿਆ। ਹੁਣ ਉਸਨੇ ਸਾਰੇ ਸ਼ਾਹੀ ਵਿਅਕਤੀਆਂ ਦੇ ਵਿਰੁਧ ਹੱਥ ਚਲਾਇਆ ਜਿਹੜੇ ਉਸਦੇ ਮਾਰਗ ਵਿਚ ਅੜਚਣ ਬਣ ਸਕਦੇ ਸਨ। ਉਸਨੇ ਸਵਰਗਵਾਸੀ ਸੁਲਤਾਨ ਦੇ ਦੋ ਪੁੱਤਰਾਂ ਖਿਜਰਖਾਨ ਅਤੇ ਸ਼ਾਦੀ ਖਾਨ ਦੀਆਂ ਅੱਖਾਂ ਕੱਢਵਾ ਦਿੱਤੀਆਂ। ਉਸਨੇ ਮੁਬਾਰਕ ਨੂੰ ਵੀ ਮਰਵਾਉਣ ਦਾ ਖੜਯੰਤਰ ਵੀ ਕੀਤਾ ਪਰ ਇਸ ਤੋਂ ਪਹਿਲਾਂ ਕਿ ਐਸਾ ਹੋ ਸਕੇ ਕੁਝ ਸਰਦਾਰਾਂ ਨੇ ਉਸਨੂੰ 6 ਫਰਵਰੀ 1316 ਈ. ਨੂੰ ਮਰਵਾ ਦਿੱਤਾ। ਹੁਣ ਮੁਬਾਰਕ ਸੁਲਤਾਨ ਬਣ ਗਿਆ।

**ਮੁਬਾਰਿਕ** (Mubarik) (1316-20) : ਫਰਵਰੀ 1316 ਈ. ਵਿਚ ਸਿੰਘਾਸਨ ਉਤੇ ਬੈਠਣ ਦੇ ਬਾਅਦ ਮੁਬਾਰਿਕ ਨੇ ਸਰਦਾਰਾਂ ਨੂੰ ਅਪਣੇ ਵੱਲ ਕਰ ਲਿਆ ਅਤੇ ਬੜੀ ਦ੍ਰਿੜਤਾ ਨਾਲ ਸ਼ਾਸਨ ਕਰਨ ਲੱਗਾ। ਉਸਨੇ ਦੇਵਗਿਰੀ ਦੇ ਵਿਦਰੋਹ ਨੂੰ ਦਬਾ ਦਿੱਤਾ ਅਤੇ ਉਸਦੇ ਵਿਦਰੋਹੀ ਰਾਜਾ ਹਰਪਾਲ ਨੂੰ ਮਰਵਾ ਦਿੱਤਾ। ਪਰ ਜਲਦੀ ਬਾਦ ਹੀ ਮੁਬਾਰਿਕ ਨੇ ਵਿਲਾਸਤਾ ਵਿਚ ਸਮਾਂ ਖਰਾਬ ਕਰਨਾ ਸ਼ੁਰੂ ਕਰ ਦਿੱਤਾ। ਉਸਨੇ ਅਪਣੀ ਸਾਰੀ ਸ਼ਕਤੀ ਅਪਣੇ ਦਿਆਲੂਪਾਤਰ ਖੁਸਰੋ ਦੇ ਹਵਾਲੇ ਕਰ ਦਿੱਤੀ ਜਿਸਨੇ 1320 ਈ. ਵਿਚ ਰਾਜਾ ਨੂੰ ਮਰਵਾ ਦਿੱਤਾ। ਇਸ ਪ੍ਰਕਾਰ ਮੁਬਾਰਿਕ ਨੇ ਕੋਈ ਚਾਰ ਸਾਲ ਰਾਜ ਕੀਤਾ।

**ਖੁਸਰੋ ਖਾਂ** (Khusro khan) (1320 ਈ.): ਖੁਸਰੋ ਖਾਂ ਸ਼ੁਰੂ ਵਿੱਚ ਇਕ ਹਿੰਦੂ ਸੀ। ਪਰ ਬਾਅਦ ਵਿੱਚ ਉਸ ਨੇ ਇਸਲਾਮ ਧਰਮ ਸਵੀਕਾਰ ਕਰ ਲਿਆ। 1320 ਈ. ਵਿੱਚ ਉਹ ਸ਼ਾਸਕ ਬਣਿਆ। ਉਸ ਨੇ ਹਿੰਦੂਆਂ ਨਾਲ ਪੱਖਪਾਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੁਸਲਮਾਨਾਂ ਤੋਂ ਨਫਰਤ ਦਾ ਵਿਵਹਾਰ ਕੀਤਾ। ਕੱਟੜ ਪੰਥੀ ਮੁਸਲਮਾਨ ਵਿਗੜ ਗਏ। ਗਾਜੀ ਮਲਿਕ ਦੀ ਅਗਵਾਈ ਵਿੱਚ ਮੁਸਲਮਾਨਾਂ ਨੇ ਖੁਸਰੋ 'ਤੇ ਚੜ੍ਹਾਈ ਕਰ ਦਿੱਤੀ ਅਤੇ ਉਸ ਨੂੰ ਹਰਾ ਕੇ ਮਾਰ ਦਿੱਤਾ। ਹੁਣ ਗਾਜੀ ਮਲਿਕ ਤੁਗਲਕ ਅਗਲਾ ਸੁਲਤਾਨ ਬਣਿਆ। ਇਸ ਤਰ੍ਹਾਂ ਖਿਲਜੀ ਵੰਸ਼ ਦਾ ਅੰਤ ਹੋਇਆ ਅਤੇ ਤੁਗਲਕ ਵੰਸ਼ ਦਾ ਸ਼ਾਸਨ ਅਰੰਭ ਹੋਇਆ। ਉਸ ਦਾ ਪੂਰਾ ਨਸੀਰੂਦੀਨ ਖੁਸਰੋ ਸੀ। ਉਸ ਦੇ ਜਨਮ ਅਤੇ ਉਸ ਦੀ ਜਾਤੀ ਦੇ ਵਿਸ਼ੇ ਵਿੱਚ ਮਤਭੇਦ ਹਨ। ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਉਹ ਗੁਜਰਾਤ ਦੀ ਇਕ ਨੀਵੀਂ ਜਾਤੀ ਵਿੱਚ ਪੈਦਾ ਹੋਇਆ ਸੀ। ਕੁਝ ਵਿਅਕਤੀ ਉਸ ਨੂੰ ਜਾਤੀ ਦਾ ਭੰਗੀ ਵੀ ਦੱਸਦੇ ਹਨ। ਬਾਅਦ ਵਿੱਚ ਉਸ ਨੇ ਇਸਲਾਮ ਧਰਮ ਅਪਣਾ ਲਿਆ ਸੀ। ਨੀਵੀਂ ਜਾਤੀ ਵਿੱਚ ਜਨਮ ਲੈਣ 'ਤੇ ਵੀ ਉਸ ਦਾ ਦਿਮਾਗ ਕੁਸ਼ਾਗ੍ਰ ਅਤੇ ਅੰਤਰਭੇਦੀ ਸੀ। ਆਪਣੀ ਤੇਜ਼ ਬੁੱਧੀ ਦੇ ਕਾਰਨ ਉਹ ਸੁਲਤਾਨ ਮੁਬਾਰਿਕਸ਼ਾਹ ਦਾ ਪਿਆਰਾ ਅਤੇ ਵਿਸ਼ਵਾਸ ਪਾਤਰ ਬਣ ਗਿਆ ਸੀ। ਖੁਸਰੋ ਵਿੱਚ ਨਾ ਬੁੱਧੀ ਦੀ ਕਮੀ ਸੀ ਅਤੇ ਨਾ ਸਰੀਰਿਕ ਜ਼ੋਰ ਦੀ। ਉਸ ਨੇ ਇਸ ਦਾ ਸਬੂਤ ਤੇਲੰਗਾਨਾ ਦੇ ਸ਼ਾਸਕ ਦੇ ਵਿਰੁੱਧ ਦਿੱਤਾ। ਤੇਲੰਗਾਨਾ ਦੀ ਜਿੱਤ ਦੇ ਬਾਅਦ ਸੁਲਤਾਨ ਨੇ ਉਸ ਨੂੰ ਦਿੱਲੀ ਬੁਲਾਇਆ ਨਹੀਂ ਤਾਂ ਉਹ ਦੱਖਣ ਵਿੱਚ ਸੁਤੰਤਰ ਰਾਜ ਸਥਾਪਿਤ ਕਰਨ ਦਾ ਵਿਚਾਰ ਕਰ ਰਿਹਾ ਸੀ। ਪਰ ਉਸ ਦੇ ਦਿੱਲੀ ਆਉਣ 'ਤੇ ਵੀ ਉਸ ਦੀ ਸ਼ਕਤੀ ਘੱਟ ਨਾ ਹੋਈ। ਉਸ ਨੇ ਇਕ ਬੜੇ ਹੀ ਸਹਿਜ ਛਡਯੰਤਰ ਨਾਲ ਸੁਲਤਾਨ ਨੂੰ ਮਰਵਾ ਦਿੱਤਾ। ਕਿਹਾ ਜਾਂਦਾ ਹੈ ਕਿ ਸੁਲਤਾਨ ਦੀ ਹੱਤਿਆ ਦੇ ਬਾਅਦ ਖੁਸਰੋ ਦੇ ਦਰਬਾਰ ਦੇ ਸਾਰੇ ਅਭਿਜਾਤ ਵਿਅਕਤੀਆਂ (Nobles) ਨੂੰ ਬੁਲਾ ਕੇ ਰਾਤ ਭਰ ਵਿੱਚ ਘਰ ਕੈਦ (Room-arrest) ਕਰ ਲਿਆ ਅਤੇ ਉਸ ਦੇ ਆਦਮੀ ਹਰਮ ਵਿੱਚ ਚਲੇ ਗਏ ਜਿੱਥੇ ਉਨ੍ਹਾਂ ਨੇ ਰਾਣੀਆਂ ਅਤੇ ਰਾਜ ਕੁਮਾਰਾਂ ਨੂੰ ਕਤਲ ਕਰ ਦਿੱਤਾ। ਇਸ ਤਰ੍ਹਾਂ ਖੁਸਰੋ ਨੇ ਸ਼ਾਹੀ ਪਰਿਵਾਰ ਨੂੰ ਵਿਧਵੰਸ ਕੀਤਾ।

ਨੋਟ

ਫਖਰੂਦੀਨ ਜੁਨਾ ਨਾਮਕ ਇਕ ਵਿਅਕਤੀ ਖੁਸਰੋ ਦੀ ਸੱਤਾ (Authority) ਨੂੰ ਚੁਣੌਤੀ ਦੇਣ ਲਈ ਉਠ ਖੜਾ ਹੋਇਆ। ਜੁਨਾ ਦਾ ਬਾਪ ਗਾਜੀ ਮਲਿਕ ਦਿਪਾਲਪੁਰ ਦਾ ਗਵਰਨਰ ਸੀ। ਜੁਨਾ ਦੀ ਹਾਰ ਗੱਲ ਦੀ ਖਬਰ ਅਪਣੇ ਬਾਪ ਨੂੰ ਦੇ ਦਿੱਤੀ। ਗਾਜੀ ਕ੍ਰੋਧ ਨਾਲ ਭਰ ਗਿਆ। ਉਸਨੇ ਖੁਸਰੋ ਦੇ ਵਿਰੁਧ ਅਪਣੇ ਅਮੀਰਾਂ ਦਾ ਸਮਰਖਣ ਪ੍ਰਾਪਤ ਕੀਤਾ। ਜ਼ਿਆਦਾਤਰ ਅਮੀਰ ਉਸਦੇ ਨਾਲ ਹੋ ਗਏ। ਤਦ ਗਾਜੀ ਮਲਿਕ ਨੇ ਇਕ ਬੜੀ ਸੈਨਾ ਲੈ ਕੇ ਦਿੱਲੀ ਉੱਤੇ ਚੜ੍ਹਾਈ ਕਰ ਦਿੱਤੀ। ਖੁਸਰੋ ਦੀ ਅਵਿਵਸਥਿਤ ਸੈਨਾ ਇਧਰ-ਉਧਰ ਨੱਸ ਗਈ। ਖੁਸਰੋ ਵੀ ਮੈਦਾਨ ਛੱਡ ਕੇ ਨੱਸ ਗਿਆ। ਅੰਤ ਵਿਚ ਉਸਨੂੰ ਗ੍ਰਿਫ਼ਤਾਰ ਕਰਕੇ ਮਾਰ ਦਿੱਤਾ। ਗਾਜੀ ਮਲਿਕ ਨੂੰ ਪਤਾ ਲੱਗਾ ਕਿ ਮੁਬਾਰਿਕ ਸ਼ਾਹ ਦਾ ਕੋਈ ਵੀ ਸੰਭਵ ਉੱਤਰਾਧਿਕਾਰੀ ਜੀਵਤ ਨਾਂ ਬਚਿਆ ਸੀ ਇਸ ਲਈ ਗਾਜੀ ਮਲਿਕ ਨੂੰ ਮਜਬੂਰੀ ਵਿਚ ਸੁਲਤਾਨ ਬਣਨਾ ਪਿਆ। ਉਹ ਗਯਾਸੁਦੀਨ ਤੁਗਲਕ ਦੇ ਨਾਮ ਤੋਂ 1320 ਈ. ਵਿਚ ਸਿੰਘਾਸਨ ਉਤੇ ਬੈਠਾ ਅਤੇ ਉਸਨੇ ਨਵੇਂ ਵੰਸ਼ ਦੀ ਸਥਾਪਨਾ ਕੀਤੀ।

### 5.9.4 ਕੁਤੁਬਦੀਨ ਮੁਬਾਰਿਕ (1316 ਈ. - 1320 ਈ.)

**ਉਸਦਾ ਸਿੰਘਾਸਨ ਉੱਤੇ ਬੈਠਣਾ** (His Accession)—ਮਲਿਕ ਕਾਫੂਰ ਦੀ ਮ੍ਰਿਤੂ ਤੋਂ ਬਾਦ ਕੁਤੁਬਦੀਨ ਮੁਬਾਰਿਕ ਨੇ ਅਮੀਰਾਂ ਅਤੇ ਲੋਕਾਂ ਦੀ ਭਲਾਈ ਲਈ ਸ਼ਾਸਨ ਕਰਨਾ ਸ਼ੁਰੂ ਕੀਤਾ। ਉਸ ਦੇ ਸਿੰਘਾਸਨ ਉਤੇ ਬੈਠਣ ਦੇ ਜਲਦੀ ਹੀ ਬਾਦ ਉਸਨੇ ਅਪਣੇ ਬਾਪ ਦੇ ਸਮੇਂ ਦੀ ਦਸ਼ਾ ਬਦਲ ਦਿੱਤੀ। ਉਸਨੇ ਕੈਦੀਆਂ ਨੂੰ ਮੁਕਤ ਕਰ ਦਿੱਤਾ। ਇਸ ਲਈ ਉਸਨੇ 'ਭੁਲ ਜਾਂ ਮਾਫ ਕਰੋ' ਦੀ ਨੀਤੀ ਨੂੰ ਅਪਣਾਇਆ, ਪਰ ਮੁਬਾਰਿਕ ਨੇ ਕਾਫੂਰ ਦੇ ਹੱਤਿਆਰਾਂ ਨੂੰ ਸਖਤੀ ਨਾਲ ਵਿਵਹਾਰ ਕੀਤਾ ਕਿਉਂਕਿ ਉਹ ਬਹੁਤ ਜ਼ਿਆਦਾ ਖਾਸ ਅਧਿਕਾਰ ਅਤੇ ਸੁਵਿਧਾਵਾਂ ਦੀ ਮੰਗ ਕਰਦੇ ਸਨ।

**ਉਸ ਦਾ ਚਰਿੱਤਰ** (His Character) - ਮੁਬਾਰਿਕ ਦੇ ਬਾਜਾਰ ਤੋਂ ਸਭ ਰੋਕਾਂ (Restrictions) ਨੂੰ ਹਟਾ ਲਿਆ। ਵਾਪਸ ਲਈ ਹੋਈ ਜਮੀਨ ਵੀ ਲੋਕਾਂ ਵਿਚ ਵੰਡ ਦਿੱਤੀ ਗਈ, ਕਰ ਬੰਦ ਕਰ ਦਿੱਤੇ। ਇਸ ਪ੍ਰਕਾਰ ਲੋਕਾਂ ਨੇ ਸੰਤੋਸ਼ ਦਾ ਸਾਹ ਲਿਆ। ਇਸ ਸੰਬੰਧ ਵਿਚ ਬਾਰੁਨੀ ਸਾਨੂੰ ਦੱਸਦਾ ਹੈ ਕਿ ਬਹੁਤ ਸਾਰੀ "ਇਹ ਕਰੋ, ਇਹ ਨਾਂ ਕਰੋ" ਗੱਲਾ ਨੂੰ ਹਟਾ ਦਿੱਤਾ ਗਿਆ ਅਤੇ ਲੋਕ ਸਾਦਾ ਜੀਵਨ ਗੁਜਾਰਨ ਲੱਗ ਗਏ ਲੇਕਿਨ ਜਦੋਂ ਮੁਬਾਰਿਕ ਨੇ ਅਪਣੇ ਬਾਪ ਦੁਆਰਾ ਜਾਰੀ ਕੀਤੇ ਗਏ। ਅਧਿਆਦੇਸ਼ (Ordinances) ਨੂੰ ਹਟਾ ਤਾਂ ਸਰਕਾਰ ਦਾ ਨਾਂ ਹੋਣਾ ਅਤੇ ਨੈਤਿਕ ਪਤਨ ਫੇਲ ਹੋ ਗਏ। ਦਰਬਾਰੀ ਭ੍ਰਿਸ਼ਟ ਹੋ ਗਏ। ਖੁਦ ਸੁਲਤਾਨ ਵੀ ਕਾਮ-ਵਾਸਨਾਵਾਂ ਵਿਚ ਫਸ ਗਏ। ਉਹ ਹਮੇਸ਼ਾ ਔਰਤਾਂ ਅਤੇ ਮੁੰਡਿਆਂ ਦੇ ਪਿੱਛੇ ਰਹਿੰਦਾ ਸੀ। ਬਾਰੁਨੀ ਇਸ ਪ੍ਰਕਾਰ ਦੱਸਦਾ ਹੈ "ਉਹ ਸਦਾ ਹੀ ਸੁੰਦਰ ਲੜਕੀਆਂ ਅਤੇ ਬਿਨਾਂ ਦਾੜ੍ਹੀ (Beardless) ਮੁੰਡਿਆਂ ਦੀ ਮੰਗ ਕਰਦਾ ਸੀ।" ਪਰ ਇਸ ਤੋਂ ਵੀ ਜ਼ਿਆਦਾ ਬੁਰੀ ਗੱਲ ਇਹ ਸੀ ਕਿ ਉਹ ਗੁਜਰਾਤ ਦੇ ਇੱਕ ਘਟੀਆ ਖਾਨਦਾਨ ਵਿਚ ਪੈਦਾ ਹੋਏ ਵਿਅਕਤੀ ਦੇ ਪ੍ਰਭਾਅ ਵਿਚ ਆ ਗਏ। ਉਸਦਾ ਨਾਮ ਖੁਸਰੋ ਸੀ। ਸੁਲਤਾਨ ਦੇ ਵਿਲਾਸ ਪ੍ਰਿਯ ਜੀਵਨ ਜਨਤਾ ਨੇ ਵੀ ਅਪਣਾ ਲਿਆ। ਇਸ ਨਾਲ ਪ੍ਰਸ਼ਾਸਨ ਵਿਚ ਆਲਸ ਅਤੇ ਅਵਿਵਸਥਾ (Disorganisation) ਆ ਗਈ।

**ਵਿਦਰੋਹ ਅਤੇ ਉਸ ਦਾ ਖਾਤਮਾ** (Revolt and their suppression):ਸੁਲਤਾਨ ਦੇ ਵਿਲਾਸਪ੍ਰਿਯ ਅਤੇ ਆਲਸੀ ਜੀਵਨ ਦਾ ਲਾਭ ਉਠਾ ਕੇ ਮਤਲਬੀ ਲੋਕਾਂ ਨੇ ਛਡਯੰਤਰ ਰਚਣਾ ਸ਼ੁਰੂ ਕਰ ਦਿੱਤੇ ਅਤੇ ਜਿਵੇਂ ਤਿਵੇਂ ਸਫਲ ਵੀ ਹੋਏ। ਗੁਜਰਾਤ ਵਿੱਚ ਇਕ ਸ਼ਕਤੀਸ਼ਾਲੀ ਵਿਦਰੋਹ ਰਚਿਆ ਗਿਆ। ਦੇਵਗਿਰੀ ਦੇ ਰਾਜਾ ਹਰਪਾਲ ਨੇ ਆਪਣੇ ਆਪ ਨੂੰ ਸੁਤੰਤਰ ਸ਼ਾਸਕ ਘੋਸ਼ਿਤ ਕਰ ਦਿੱਤਾ। ਇਨ੍ਹਾਂ ਦੋ ਭਿਆਨਕ ਵਿਦਰੋਹਾਂ ਨੂੰ ਦਬਾਉਣ ਦੇ ਲਈ ਸੁਲਤਾਨ ਨੇ ਆਪਣੇ ਸਹੁਰੇ ਦੀਆਂ ਸੇਵਾਵਾਂ ਦਾ ਉਪਯੋਗ ਕੀਤਾ ਉਸ ਨੇ ਗੁਜਰਾਤ ਵਿੱਚ ਵਿਦਰੋਹ ਦਾ ਖਾਤਮਾ ਕਰਨ ਦੇ ਲਈ ਆਪਣੇ ਸਹੁਰੇ ਏਨਲ-ਮੁਲਕ ਨੂੰ ਭੇਜਿਆ ਅਤੇ ਖੁਦ ਸੁਲਤਾਨ ਨੇ ਦੇਵਗਿਰੀ ਨੂੰ ਕੁਚਲਣ ਦਾ ਕੰਮ ਆਪਣੇ ਹੱਥ ਵਿੱਚ ਲਿਆ।

**ਘਟਨਾਵਾਂ ਦਾ ਦੌਰ** (Course of Events) - ਸੁਲਤਾਨ ਨੇ ਦੇਵਗਿਰੀ ਪਰ ਆਕ੍ਰਮਣ ਕੀਤਾ। ਜਦੋਂ ਦੇਵਗਿਰੀ ਦੇ ਰਾਜਾ ਹਰਪਾਲ ਨੇ ਸੁਣਿਆ ਕਿ ਸੁਲਤਾਨ ਉਸ ਉੱਤੇ ਆਕ੍ਰਮਣ ਕਰਨ ਲਈ ਆਇਆ ਹੈ ਤਾਂ ਉਸਨੇ ਨੱਸਣ ਦੀ ਕੋਸ਼ਿਸ਼ ਕੀਤੀ। ਪਰ ਉਸਨੂੰ ਫੜ ਕੇ ਮਾਰ ਦਿੱਤਾ। ਉਸ ਦਾ ਸਿਰ ਵੱਢ ਕੇ ਦੇਵਗਿਰੀ ਦੇ ਦਰਵਾਜੇ ਉਪਰ ਲਟਕਾ ਦਿੱਤਾ। ਦੇਵਗਿਰੀ ਉੱਤੇ ਜਿੱਤ ਪਾਉਣ ਤੋਂ ਬਾਦ ਉਸਨੂੰ ਜਿਲ੍ਹਿਆਂ ਵਿਚ ਵੰਡ ਦਿੱਤਾ ਗਿਆ। ਹਰੇਕ ਜਿਲ੍ਹੇ ਵਿਚ ਸੁਲਤਾਨ ਨੇ ਸੁਰੱਖਿਆ ਟੁਕੜੀਆਂ (Safety Troops) ਲਗਾ ਦਿੱਤੀਆਂ। ਦੇਵਗਿਰੀ ਦੇ ਇਲਾਵਾ ਪੁਲਵਰਗ ਸਾਗਰ ਅਤੇ ਦੁਆਰ ਸਮੁੰਦਰ ਨੂੰ ਵੀ ਜਿੱਤ ਕੇ ਦਿੱਲੀ ਦੇ ਅਧੀਨ ਕਰ ਲਿਆ ਗਿਆ। ਇਨ੍ਹਾਂ ਵਿਜਈ ਸਥਾਨਾਂ ਉੱਤੇ ਵੀ ਤੁਰਕੀ ਦਸਤੇ ਤੈਨਾਤ ਕਰ ਦਿੱਤੇ ਗਏ। ਦੇਵਗਿਰੀ ਵਿਚ ਬਹੁਤ ਸਾਰੇ ਮੰਦਰਾਂ ਨੂੰ ਗਿਰਾਉਣ ਤੋਂ ਬਾਦਅ ਮਸਜਿਦਾਂ ਬਣਵਾਈਆਂ। ਸੁਲਤਾਨ ਨੇ ਖੁਸਰੋ ਨੂੰ ਮਦੁਰਾ ਦੇ ਲਈ ਰਵਾਨਾ ਕੀਤਾ ਅਤੇ ਮਲਿਕ ਨੂੰ ਦੇਵਗਿਰੀ ਦਾ ਗਵਰਨਰ ਬਣਾਉਣ ਤੋਂ ਬਾਅਦ ਉਹ ਦਿੱਲੀ ਵਾਪਸ ਆਇਆ।

ਐਨੁਲ ਮੁਲਕ ਗੁਜਰਾਤ ਉੱਤੇ ਸਵਾਮੀ-ਪਣ ਜਮਾਉਣ ਵਿਚ ਸਫਲ ਹੋ ਗਿਆ। ਗੁਜਰਾਤ ਨੂੰ ਵੀ ਸਿੱਧੇ ਦਿੱਲੀ ਦੇ ਅਧੀਨ ਰੱਖਿਆ ਗਿਆ। ਸੁਲਤਾਨ ਨੇ ਉੱਥੇ ਵੀ ਖੁਦ ਅਪਣੇ ਢੰਗ ਦੀ ਪ੍ਰਸ਼ਾਸਨਿਕ ਵਿਵਸਥਾ ਸਥਾਪਿਤ ਕੀਤੀ।

**ਮੁਬਾਰਿਕ ਦੇ ਵਿਰੁਧ ਖੜਯੰਤਰ** (Conspiracy against Mubarik) : ਦੇਵਗਿਰੀ ਜਿੱਤਣ ਤੋਂ ਬਾਅਦ ਜਦੋਂ ਸੁਲਤਾਨ ਦਿੱਲੀ ਵੱਲ ਵਾਪਸ ਆ ਰਿਹਾ ਸੀ ਤਾਂ ਰਾਹ ਵਿਚ ਉਸਨੂੰ ਇਕ ਖੜਯੰਤਰ (Conspiracy Plan) ਦਾ ਸਾਹਮਣਾ ਕਰਨਾ ਪਿਆ। ਇਸ ਖੜਯੰਤਰ ਨੂੰ ਮੁਬਾਰਿਕ ਦੇ ਇਕ ਚਚੇਰੇ ਭਾਈ ਅਤੇ ਫਿਰੋਜ ਖਿਲਜੀ ਦੇ ਇਕ ਭਤੀਜੇ ਨੇ ਰਚਿਆ - ਉਸ ਦਾ ਨਾਮ ਆਸਿਮੁਦੀਨ ਸੀ। ਖੜਯੰਤਰ ਕਾਰੀਆਂ ਦੀ ਯੋਜਨਾ ਸੀ ਕਿ ਸੁਲਤਾਨ ਮੁਬਾਰਿਕ ਦੀ ਰਾਹ ਵਿੱਚ ਹੱਤਿਆ ਕਰ ਦਿੱਤੀ ਜਾਵੇ ਅਤੇ ਤਾਜ ਖਿਜਰ

ਨੋਟ

ਖਾਨ ਦੇ ਇਕ ਦਸ ਸਾਲਾਂ ਦੇ ਪੁੱਤਰ ਨੂੰ ਪਹਿਨਾਇਆ ਜਾਵੇ। ਕਿਉਂਕਿ ਖੜਯੰਤਰਕਾਰੀਆਂ ਵਿਚੋਂ ਇਕ ਨੇ ਸੁਲਤਾਨ ਨੂੰ ਖੜਯੰਤਰ ਦੀ ਖਬਰ ਦੇ ਦਿੱਤੀ ਸੀ। ਇਸ ਲਈ ਖੜਯੰਤਰ ਸਫਲ ਨਹੀਂ ਹੋ ਸਕਿਆ। ਸੁਲਤਾਨ ਨੇ ਸਾਰੇ ਖੜਯੰਤਰਕਾਰੀਆਂ ਨੂੰ ਮਰਵਾ ਦਿੱਤਾ। ਜਦੋਂ ਸੁਲਤਾਨ ਨੇ ਇਸ ਖੜਯੰਤਰ ਦੇ ਬਾਰੇ ਵਿਚ ਸੁਣਿਆ ਤਾਂ ਗੁੱਸੇ ਦੇ ਮਾਰੇ ਅਪਣਾ ਸੰਤੁਲਨ (Balance) ਵਿਗਾੜ ਲਿਆ। ਉਸਨੇ ਖਿਜਰ ਖਾਨ ਸਣੇ ਉਸਦੇ ਸਾਰੇ ਪਰਿਵਾਰ ਨੂੰ ਮਰਵਾ ਦਿੱਤਾ। ਉਹ ਖਿਜਰ ਖਾਨ ਦੇ ਪਰਿਵਾਰ ਦੇ ਪ੍ਰਤੀ ਇਸ ਸੀਮਾ ਤਕ ਦਿਆਲੂ ਸੀ ਕਿ ਉਸਨੇ ਉਸਦੀ ਵਿਧਵਾ ਨਾਲ ਖੁਦ ਸ਼ਾਦੀ ਕੀਤੀ।

**ਅਵਿਵਸਥਿਤ ਪ੍ਰਸ਼ਾਸਨ** (Disorganised Administration) – ਦੱਖਣ ਵਿਚ ਮੁਬਾਰਿਕ ਦੀ ਸਫਲਤਾ ਖਾਸ ਕਰਕੇ ਦੇਵਗਿਰੀ ਦੀ ਵਿਜੈ ਨੇ ਉਸਨੂੰ ਅੱਧਾ ਪਾਗਲ ਬਣਾ ਦਿੱਤਾ ਸੀ ਨਤੀਜਾ ਉਹ ਨਿਰਦਈ ਅਤੇ ਕਠੋਰ ਬਣ ਗਿਆ। ਉਸਨੇ ਅਪਣੇ ਸਸੁਰ ਅਤੇ ਅਪਣੇ ਕਿਰਪਾਯੋਗ ਹਨੂਨ ਨੂੰ ਮਰਵਾ ਦਿੱਤਾ। ਕਿਹਾ ਜਾਂਦਾ ਹੈ ਕਿ ਦੇਵਗਿਰੀ ਦੀ ਵਿਜੈ ਤੋਂ ਬਾਦ ਸੁਲਤਾਨ ਨੇ ਪ੍ਰਸ਼ਾਸਨ ਦੇ ਕੰਮਾਂ ਵਿਚ ਲਾਪਰਵਾਹੀ ਵਰਤਣੀ ਸ਼ੁਰੂ ਕਰ ਦਿੱਤੀ ਅਤੇ ਉਹ ਵਿਸ਼ੇ-ਵਾਸਨਾ ਦੇ ਵੱਲ ਪੂਰੀ ਤਰ੍ਹਾਂ ਝੁਕ ਗਿਆ। ਕਦੇ-ਕਦੇ ਉਹ ਆਪਣੇ ਨਿਯਮ ਸਮੇਂ ਦਰਬਾਰ ਵਿਚ ਇਸਤਰੀ ਦੀ ਪੋਸ਼ਾਕ ਵਿਚ ਦਿਖਾਈ ਦਿੰਦਾ। ਉਸਨੇ ਹਿਜੜੀਆਂ (Eunuch) ਅਤੇ ਵੇਸ਼ਵਾਵਾਂ ਨੂੰ ਦਰਬਾਰ ਦੇ ਬੁੱਢੇ ਅਤੇ ਅਨੁਭਵੀ ਪ੍ਰਭਾਵਸ਼ਾਲੀ ਵਿਅਕਤੀਆਂ (Nobles) ਦੇ ਨਾਲ ਸੁਤੰਤਰਤਾ ਪੂਰਣ ਬੋਲਣ ਦੀ ਇਜਾਜਤ ਦੇ ਦਿੱਤੀ। ਉਸਦੇ ਸ਼ਾਸਨ ਦੇ ਜਸਨੀ ਕੰਮਾਂ ਦਾ ਵਰਣਨ ਕਰਦੇ ਹੋਏ ਬਾਰੂਨੀ ਲਿਖਦਾ ਹੈ "ਕਦੀ-ਕਦੀ ਸੁਲਤਾਨ ਅਪਣੇ ਦਰਬਾਰੀਆਂ ਵਿਚ ਨੰਗਾ ਹੋ ਕੇ ਦੌੜ ਲਗਾਉਂਦਾ ਸੀ।" ਇਨ੍ਹਾਂ ਵਿਸ਼ੇ-ਵਾਸਨਾਪੂਰਣ ਘਟਨਾਵਾਂ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਵਿਚ ਰਾਜਾ ਦੇ ਪ੍ਰਤੀ ਕੋਈ ਇੱਜਤ ਨਾ ਰਹੀ। ਹਰ ਜਗ੍ਹਾ ਵਿਦਰੋਹ ਅਤੇ ਕ੍ਰਾਂਤੀ ਦੀ ਅੱਗ ਭੜਕਣ ਲੱਗੀ। ਦੇਵਗਿਰੀ ਦੇ ਗਵਰਨਰ ਯਕਲਾਕੀ (Yaklaki) ਨੇ ਵਿਦਰੋਹ ਦਾ ਝੰਡਾ ਉਠਾਇਆ ਅਤੇ ਅਪਣੇ ਆਪ ਨੂੰ ਇੱਕ ਸੁਤੰਤਰ ਰਾਜਾ ਘੋਸ਼ਤ ਕਰ ਦਿੱਤਾ। ਪਰ ਮੁਬਾਰਿਕ ਦੇ ਇਕ ਆਗਿਆਕਾਰੀ ਸੇਵਕ ਨੇ ਯਕਲਾਕੀ ਦੇ ਵਿਰੁਧ ਲੜਾਈ ਕੀਤੀ ਉਸਨੂੰ ਹਰਾ ਕੇ ਦਿੱਲੀ ਭੇਜ ਦਿੱਤਾ। ਮੁਬਾਰਿਕ ਨੇ ਉਸਨੂੰ ਫਾਂਸੀ ਨਾਂ ਦੇ ਕੇ ਉਸ ਉੱਤੇ ਦਇਆ ਕੀਤੀ, ਪਰ ਨਾਲ-ਨਾਲ ਉਸਦੇ ਨਾਲ ਬੜੀ ਨਿਰਦਇਤਾ ਦਾ ਵਿਵਹਾਰ ਕੀਤਾ। ਯਕਲਾਕੀ ਦੇ ਕੰਨ ਅਤੇ ਨੱਕ ਕੱਟ ਲਏ ਗਏ। ਕੁਝ ਦਿਨਾਂ ਬਾਦ ਉਸਨੂੰ ਮੁਆਫ ਕਰ ਦਿੱਤਾ ਅਤੇ ਉਸਨੂੰ ਸਮਾਨਾ (Samana) ਦਾ ਗਵਰਨਰ ਬਣਾ ਦਿੱਤਾ। ਖੁਸਰੋ ਦੇ ਮਤਰੇਏ ਭਰਾ ਨੇ ਗੁਜਰਾਤ ਵਿਚ ਵਿਦਰੋਹ ਕਰ ਦਿੱਤਾ। ਉਸਨੂੰ ਵੀ ਰਾਜਾ ਦੇ ਵਫਾਦਾਰ ਸੇਵਕਾਂ ਨੇ ਹਰਾ ਦਿੱਤਾ। ਮੁਬਾਰਿਕ ਦਾ ਦੋਸਤ ਖੁਸਰੋ ਵੀ ਦੱਖਣ ਵਿਚ ਇਕ ਸੁਤੰਤਰ ਰਾਜ ਬਣਾਉਣਾ ਚਾਹੁੰਦਾ ਸੀ। ਜਦੋਂ ਰਾਜਾ ਨੂੰ ਇਹ ਖਬਰ ਮਿਲੀ ਤਾਂ ਉਸਨੇ ਇਸ ਉੱਤੇ ਵਿਸ਼ਵਾਸ ਨਹੀਂ ਕੀਤਾ। ਉਸਨੇ ਖੁਸਰੋ ਨੂੰ ਦਿੱਲੀ ਬੁਲਾਇਆ ਅਤੇ ਜਿਨ੍ਹਾਂ ਲੋਕਾਂ ਨੇ ਖੁਸਰੋ ਦੇ ਇਰਾਦਿਆਂ ਦੀ ਸੂਚਨਾ ਦਿੱਤੀ ਸੀ ਉਨ੍ਹਾਂ ਨੂੰ ਸਜਾ ਦਿੱਤੀ ਗਈ।

**ਮੁਬਾਰਿਕ ਦਾ ਅੰਤ** (End of Mubarik): ਖੁਸਰੋ ਹਮੇਸ਼ਾ ਪ੍ਰਾਪਤ ਕਰਨ ਦੀਆਂ ਯੋਜਨਾਵਾਂ ਬਣਾਉਂਦਾ ਰਹਿੰਦਾ ਸੀ। ਉਹ ਸੋਚਦਾ ਸੀ ਕਿ ਜਦੋਂ ਤੱਕ ਉਸ ਦੇ ਕੋਲ ਇਕ ਵਿਸ਼ਾਲ ਅਤੇ ਵਿਵਸਥਿਤ ਸੈਨਾ ਨਾ ਹੋਵੇ ਉਦੋਂ ਤੱਕ ਉਹ ਆਪਣੀ ਇੱਛਾਵਾਂ ਨੂੰ ਪੂਰਾ ਨਹੀਂ ਕਰ ਸਕਦਾ ਸੀ। ਇਸ ਲਈ ਉਸ ਨੇ ਸੁਲਤਾਨ ਨੂੰ ਪ੍ਰਾਥਨਾ ਕੀਤੀ ਕਿ ਉਸ ਨੂੰ ਆਪਣੇ ਕੋਲ 40,000 ਸਿਪਾਹੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਜਾਵੇ। ਸੁਲਤਾਨ ਨੇ ਤੁਰੰਤ ਆਗਿਆ ਪ੍ਰਦਾਨ ਕਰ ਦਿੱਤੀ। ਇਸ ਦੇ ਬਾਅਦ ਉਸ ਦੇ ਮਿੱਤਰ ਖੁਸਰੋ ਨੇ ਬੇਨਤੀ ਕੀਤੀ ਕਿ ਉਸ ਨੂੰ ਆਪਣੇ ਮਿੱਤਰਾਂ ਅਤੇ ਸਬੰਧੀਆਂ ਤੋਂ ਮਹਿਲ ਵਿੱਚ ਕਿਤੇ ਵੀ ਇਕੱਲੇ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ। ਸੁਲਤਾਨ ਨੂੰ ਕੋਈ ਸ਼ੱਕ ਨਾ ਸੀ ਇਸ ਲਈ ਉਸ ਨੇ ਆਪਣੇ ਮਿੱਤਰ ਨੂੰ ਇਹ ਵੀ ਇਜਾਜ਼ਤ ਦੇ ਦਿੱਤੀ ਅਤੇ ਖੁਸਰੋ ਦੇ ਲਈ ਸਿੰਘਾਸਨ ਪ੍ਰਾਪਤ ਕਰਨ ਦੇ ਲਈ ਜਨਮ ਭੂਮੀ ਤਿਆਰ ਹੋ ਗਈ। ਮੁਬਾਰਕ ਦੇ ਇਕ ਬੁੱਢੇ ਅਧਿਆਪਕ ਦੇ ਖੁਸਰੋ ਦੇ ਇਕ ਸ਼ੱਕ ਦੇ ਬਾਰੇ ਵਿੱਚ ਚੇਤਾਵਨੀ ਦਿੱਤੀ ਪਰ ਉਸ ਨੇ ਇਨ੍ਹਾਂ ਸ਼ੱਕਾ ਨੂੰ ਕੋਈ ਮੰਤਵ ਨਹੀਂ ਦਿੱਤਾ। ਉਹ ਬਰਾਬਰ ਇਹੀ ਸੋਚਦਾ ਸੀ ਕਿ ਖੁਸਰੋ ਉਸ ਦਾ ਵੱਡਾ ਮਿੱਤਰ ਹੈ।

ਜਦੋਂ ਸਾਰੀ ਤਿਆਰੀਆਂ ਹੋ ਗਈਆਂ ਤਾਂ ਇਹ ਸਭ ਘਟਨਾ ਅਪਰੈਲ 1320 ਈ. ਵਿਚ ਘਟੀ। 1320 ਈ. ਵਿਚ ਅਪਰੈਲ ਦੀ ਚੌਥੀ ਰਾਤ ਨੂੰ ਖੁਸਰੋ ਦੇ ਲੋਕਾਂ ਨੇ ਮਹੱਲ ਵਿਚ ਪ੍ਰਵੇਸ਼ ਕੀਤਾ। ਸ਼ੁਰੂ ਵਿਚ ਖੁਸਰੋ ਦੇ ਆਦਮੀਆਂ ਨੇ ਦੁਆਰ-ਪਾਲਾਂ ਨੂੰ ਕਤਲ ਕੀਤਾ। ਬਹੁਤ ਸ਼ੋਰ ਮਚ ਗਿਆ। ਜਦੋਂ ਸੁਲਤਾਨ ਮੁਬਾਰਿਕ ਨੇ ਚਹਲ-ਪਹਲ ਸੁਣੀ ਤਾਂ ਉਸਨੇ ਖੁਸਰੋ ਤੋਂ ਪੁੱਛਿਆ ਕਿ ਕੀ ਗੱਲ ਹੈ? ਖੁਸਰੋ ਨੇ ਸਪੱਸ਼ਟ ਤੌਰ ਤੇ ਦੱਸਿਆ ਕਿ ਕੁਝ ਘੋੜੇ ਤਬੇਲੇ ਤੋ ਦੌੜ ਗਏ ਹਨ ਅਤੇ ਉਨ੍ਹਾਂ ਨੂੰ ਪਕੜਿਆ ਜਾ ਰਿਹਾ ਹੈ। ਏਨੇ ਵਿਚ ਕੁਝ ਸਿਪਾਹੀ ਸੁਲਤਾਨ ਦੇ ਕਮਰੇ ਵਿਚ ਦੌੜਦੇ ਹੋਏ ਆਏ। ਸੁਲਤਾਨ ਡਰ ਗਿਆ ਅਤੇ ਉਹ ਮਨਾਹੀ (Heram) ਵਾਲੀ ਜਗ੍ਹਾ ਵੱਲ ਦੌੜਿਆ। ਖੁਸਰੋ ਨੇ ਉਸਨੂੰ ਪਕੜ ਲਿਆ ਅਤੇ ਸਿਪਾਹੀਆਂ ਨੇ ਉਸ ਦਾ ਸਿਰ ਕੱਟ ਦਿੱਤਾ। ਇਸ ਲਈ 1320 ਈ. ਵਿਚ ਖਿਲਜੀ ਸਾਮਰਾਜ ਦਾ ਬੁਰੀ ਤਰ੍ਹਾਂ ਅੰਤ ਹੋਇਆ। ਠੀਕ ਹੀ ਕਿਹਾ ਗਿਆ ਹੈ ਕਿ ਨੀਚ-ਨੀਚ ਹੀ ਹੁੰਦਾ ਹੈ, ਉਹ ਵੱਡੇ-ਵੱਡੇ ਕੰਮਾਂ ਦੇ ਲਾਇਕ ਨਹੀਂ ਹੁੰਦੇ। ਸੁਲਤਾਨ ਨੇ ਖੁਸਰੋ ਦੇ ਨਾਲ ਪਿਆਰ ਅਤੇ ਦੋਸਤੀ ਕਰਕੇ ਗਲਤੀ ਕੀਤੀ ਸੀ ਨਹੀਂ ਤਾਂ ਇਤਿਹਾਸ ਦੇ ਪੰਨ੍ਹੇ ਆਖੀਰੀ ਖਿਲਜੀ ਸੁਲਤਾਨ ਮੁਬਾਰਿਕ ਦੇ ਸ਼ਾਸਨ ਦੇ ਵੱਖ ਹੀ ਸਬੂਤ ਦਿੰਦੇ।

**ਖਿਲਜੀ ਸਾਮਰਾਜ ਦੀ ਬਰਬਾਦੀ ਦੇ ਕਾਰਣ** – ਸਲਤਨਤ ਕਾਲ ਦਾ ਇਤਿਹਾਸ ਇਕ ਐਸੇ ਨਾਟਕ ਦੇ ਬਰਾਬਰ ਹੈ ਜਿਸ ਵਿਚ ਵੱਖ ਵੱਖ ਵੰਸ਼ਾਂ ਦਾ ਇਕ ਇਕ ਕਰਕੇ ਉਦੈ ਅਤੇ ਪਤਨ ਹੁੰਦਾ ਹੈ ਅਤੇ ਜਿਸ ਵਿਚ ਹਰੇਕ ਵੰਸ਼ ਦੀ ਔਸਤ ਉਮਰ ਲਗਭਗ 70 ਸਾਲ ਹੈ। ਅਜੀਬ ਜਿਹਾ ਲਗਦਾ ਹੈ ਕਿ ਅਲਾਉਦੀਨ ਖਿਲਜੀ ਦੇ ਸਮੇਂ ਵਿਚ ਜਿਹੜਾ ਵੰਸ਼ ਬਹੁਤ ਉੱਚਾ ਉਠ ਗਿਆ ਸੀ ਉਹ ਉਸਤੋਂ

ਨੋਟ

ਬਾਦ ਮੋਮ ਵਾਂਗ ਪਿਘਲ ਜਾਏ। ਵੰਸ਼ ਉਤੇ ਆਉਣ ਵਾਲੇ ਵਿਨਾਸ਼ ਦੇ ਕਈ ਕਾਰਨ ਸਨ। ਕਿਸੇ ਹੱਦ ਤਕ ਖੁਦ ਅਲਾਉਦੀਨ ਇਨ੍ਹਾਂ ਦਾ ਜ਼ਿੰਮੇਦਾਰ ਹੈ। ਪਰ ਆਮ ਸਾਮਰਾਜ ਦੇ ਪਤਨ ਦੇਬਹੁਤ ਸਾਰੇ ਕਾਰਨ ਸਨ:

(i) **ਸਰਕਾਰ ਦੀ ਕਮਜ਼ੋਰੀ** (Weakness of Government) – ਲੇਨਪੁਲ ਲਿਖਦਾ ਹੈ ਕਿ "ਪੂਰਵੀ ਕੇਂਦਰਾਂ ਮੁੱਖਤਾ ਰਾਜਾਵਾਂ ਦੇ ਆਸ-ਪਾਸ ਅਤੇ ਪੂਰਵੀ ਵੰਸ਼ਾਂ ਦਾ ਇਤਿਹਾਸ ਮਹਾਨ ਵਿਅਕਤੀਆਂ ਦੇ ਉਦੈ ਅਤੇ ਉਨ੍ਹਾਂ ਦੇ ਉਤੱਰਾਧਿਕਾਰੀਆਂ ਦੇ ਪਤਨ ਦਾ ਹੈ।"

ਇਹ ਗੱਲ ਜ਼ਰੂਰੀ ਨਹੀਂ ਹੈ ਕਿ ਕਿਸੀ ਵੰਸ਼ ਦੇ ਸਾਰੇ ਸ਼ਾਸਕ ਹੋਸ਼ਿਆਰ ਅਤੇ ਯੋਗ ਹੀ ਹੋਣ ਅਤੇ ਇਹ ਆਵਸ਼ਕ ਨਹੀਂ ਕਿ ਕਿਸੀ ਯੋਗ ਸ਼ਾਸਕ ਦੇ ਉਤੱਰਾਧਿਕਾਰੀ ਵੀ ਸਭ ਯੋਗ ਹੋਣ ਉਦਾਹਰਣ ਲਈ ਜਲਾਲੁਦੀਨ ਖਿਲਜੀ ਇਕ ਦਇਆਵਾਨ ਸ਼ਾਸਕ ਸੀ। ਉਸ ਦੀ ਦਇਆਲਤਾ ਅਤੇ ਨਿਸ਼ਪਕਸਤਾ ਦੇ ਕਾਰਨ ਉਸਨੂੰ ਪਸੰਦ ਨਹੀਂ ਕਰਦੀ ਸੀ। ਅੰਤ ਵਿਚ ਇਕ ਖੜਯੰਤਰ ਦੁਆਰਾ ਉਸਨੂੰ ਮਾਰ ਦਿੱਤਾ। ਅਲਾਉਦੀਨ ਅਪਣੇ ਪੂਰਵਜਾਂ ਤੋਂ ਉਲਟ ਸੀ। ਅਸੀਂ ਉਸਦੀ ਤੁਲਣਾ ਆਸਾਨੀ ਨਾਲ ਅਲਤਮਸ਼ ਬਲਬਨ ਜਾਂ ਸ਼ੇਰਸ਼ਾਹ ਨਾਲ ਕਰ ਸਕਦੇ ਹਾਂ। ਹੋਰ ਯੋਗ ਸ਼ਾਸਕਾਂ ਦੀ ਤਰ੍ਹਾਂ ਉਸਨੇ ਅਪਣੇ ਰਸਤੇ ਤੋਂ ਅਪਣੇ ਸ਼ਤਰੂਆਂ ਨੂੰ ਮਾਰ ਦਿੱਤਾ ਜਾਂ ਦੂਰ ਹਟਾ ਦਿੱਤਾ। ਉਸਨੇ ਸ਼ਾਂਤੀ ਸਥਾਪਿਤ ਕੀਤੀ ਅਤੇ ਨਿਰੰਕੁਸ਼ਤਾ ਦੀ ਨੀਂਹ ਰੱਖੀ। ਉਸਨੇ ਸਾਰੇ ਉੱਤਰੀ ਅਤੇ ਦੱਖਣੀ ਭਾਰਤ ਨੂੰ ਅਪਣੇ ਅਧੀਨ ਕਰ ਲਿਆ।

ਪਰ ਅਲਾਉਦੀਨ ਦਾ ਸਥਾਪਿਤ ਕੀਤਾ ਸਾਮਰਾਜ ਬਾਲੂ ਰੇਤ 'ਤੇ ਅਧਾਰਿਤ ਸੀ। ਠੀਕ ਉਸੇ ਕਾਰਨ ਨਾਲ ਉਹ ਸਾਮਰਾਜ ਵੀ ਆਪਣੇ-ਆਪਣੇ ਸੰਸਥਾਪਕ ਤੋਂ ਬਾਅਦ ਜ਼ਿਆਦਾ ਸਮਾਂ ਨਾ ਰਹਿ ਸਕਿਆ। ਬਰੂਨੀ ਦੇ ਵਿਚਾਰ ਅਨੁਸਾਰ ਖੁਦ ਜੀਵਨ ਦੇ ਅੰਤਿਮ ਦਿਨਾਂ ਵਿੱਚ ਉਸ ਦੇ ਪਤਨ ਦੇ ਚਿੰਨ੍ਹ ਦਿਖਾਈ ਦੇਣ ਲੱਗੇ ਸਨ। ਅਲਾਉਦੀਨ ਨੇ ਆਪਣੇ ਪੁੱਤਰਾਂ ਨੂੰ ਵਧੇਰੇ ਸਿੱਖਿਆ ਨਹੀਂ ਦਿੱਤੀ ਸੀ। ਖਿਜਰਖਾ ਅਤੇ ਹੋਰ ਵਿਅਕਤੀਆਂ ਨੇ ਆਪਣੇ ਆਪ ਨੂੰ ਬਹੁਤ ਕਮਜ਼ੋਰ ਹੋਣ ਦਾ ਸਬੂਤ ਦਿੱਤਾ ਅਤੇ ਉਹ ਹਮੇਸ਼ਾ ਜਿੱਤ-ਵਾਸਨਾ ਵਿਚ ਰੁੱਝਿਆ ਰਹਿੰਦਾ ਸੀ। ਇਸ ਲਈ ਉਹ ਸਾਮਰਾਜ ਨੂੰ ਨਾ ਰੱਖ ਸਕਿਆ। ਕਾਫੂਰ ਨੇ ਸਿੰਘਾਸਨ 'ਤੇ ਕਬਜ਼ਾ ਕਰ ਲਿਆ ਸੀ ਪਰ ਅੰਤ ਵਿੱਚ ਤੁਗਲਕ ਆ ਗਿਆ।

(ii) **ਉੱਤਰਾਧਿਕਾਰ ਦਾ ਕੋਈ ਕਾਨੂੰਨ ਨਹੀਂ** (No Law of Succession) – "ਸੁਲਤਾਨ ਅਤੇ ਮਲਿਕਾ ਜਾਂ ਸੈਨਾਪਤੀ ਵਿਚ ਲਗਾਤਾਰ ਸੰਘਰਸ਼ ਰਹਿੰਦਾ ਸੀ ਅਤੇ ਜਿਹੜੇ ਸਭ ਤੋਂ ਵੱਧ ਯੋਗ ਲੋਕ ਬਚਦੇ ਉਨ੍ਹਾਂ ਵਿਚੋਂ ਪ੍ਰਧਾਨ ਵਿਅਕਤੀ ਹੀ ਹਰੇਕ ਰਾਜਾ ਅਤੇ ਹਰੇਕ ਵੰਸ਼ ਦੇ ਜੀਵਨ ਦਾ ਫੈਸਲਾ ਕਰਦੇ ਸਨ। ਕਾਰਜ ਪਾਲਿਕਾ (Executive) ਦੀ ਛੋਟੀ ਜਿਹੀ ਕਮਜੋਰੀ ਨਾਲ ਵਿਦਰੋਹ ਪੈਦਾ ਹੋ ਜਾਂਦੇ ਸਨ। ਐਸੇ ਵਿਦਰੋਹੀ ਅਤੇ ਸਾਹਸੀ ਵਿਅਕਤੀ ਜਾਂ ਤਾਂ ਖੁਦ ਅਪਣੇ ਲਈ ਸਿੰਘਾਸਨ ਪ੍ਰਾਪਤ ਕਰਨ ਦੀ ਕੋਸ਼ਿਸ ਕਰਦੇ ਸਨ ਜਾਂ ਸਭ ਤਰ੍ਹਾਂ ਤੋਂ ਉਨ੍ਹਾਂ ਦੇ ਉਪਰ ਨਿਰਭਰ ਉਨ੍ਹਾਂ ਦੇ ਹੱਥਾਂ ਦੀ ਕਠਪੁਤਲੀ ਰਾਜਾ ਦੀ ਸਹਾਇਤਾ ਕਰਦੇ ਸਨ। ਇਸ ਦੇ ਕਾਰਣ ਅਤੇ ਉਤੱਰਾਧਿਕਾਰ ਦੇ ਨਿਸ਼ਚਿਤ ਨਿਯਮ ਦੇ ਅਭਾਵ ਦੇ ਕਾਰਣ ਅਰਾਜਕਤਾ ਪੈਦਾ ਹੋ ਜਾਂਦੀ ਸੀ ਅਤੇ ਪ੍ਰਤੀਯੋਗੀ ਦਲ ਉਠ ਖੜ੍ਹੇ ਹੁੰਦੇ ਸਨ। ਇਕ ਪੱਖ ਦੂਜੇ ਪੱਖ ਨਾਲ ਲੜਦਾ ਸੀ ਅਤੇ ਇਕ ਵੰਸ਼ ਦੂਜੇ ਵੰਸ਼ ਦਾ ਉਤੱਰਾਧਿਕਾਰੀ ਬਣਦਾ ਸੀ।"

(iii) **ਦੁਰਬਲ ਸੈਨਾ** (Weak Army) – ਖਿਲਜੀ ਵੰਸ਼ ਵਿਚ ਅਲਾਉਦੀਨ ਹੀ ਇਕ ਐਸਾ ਰਾਜਾ ਸੀ ਜਿਹੜਾ ਸੈਨਾ ਦੀ ਕਾਰਜ ਕੁਸ਼ਲਤਾ (Efficiency) ਦੇ ਬਾਰੇ ਵਿਚ ਕੁਝ ਕਰਨਾ ਚਾਹੁੰਦਾ ਸੀ। ਉਸਨੇ ਸੈਨਾ ਦਾ ਪੂਰੀ ਤਰ੍ਹਾਂ ਦੁਬਾਰਾ ਗਠਨ ਕੀਤਾ ਅਤੇ ਉਸ ਵਿਚੋਂ ਭ੍ਰਿਸ਼ਟਾਚਾਰ (Corruption) ਨੂੰ ਮਿਟਾ ਦਿੱਤਾ। ਅਪਣੇ ਬਾਜਾਰ ਪਰੀਨਿਯਮ (Market Regulations) ਦੁਆਰਾ ਅਲਾਉਦੀਨ ਨੇ ਸੈਨਿਕਾਂ ਲਈ ਘੱਟ ਤਨਖਾਹ ਵਿਚ ਸੁਖ ਨਾਲ ਰਹਿਣ ਦੀ ਸੁਵਿਧਾ ਦਿੱਤੀ। ਉਸਨੇ ਹੀ ਸਲਤਨਤ ਦੇ ਲਈ ਸਥਾਈ ਸੈਨਾ (Standing Army) ਬਣਾਈ। ਉਹ ਪ੍ਰਾਂਤੀਆਂ ਗਵਰਨਰਾਂ ਉਪਰ ਨਿਰਭਰ ਨਹੀਂ ਸੀ ਰਹਿਣਾ ਚਾਹੁੰਦਾ। ਪਰ ਉਸ ਦੇ ਉਤੱਰਾਧਿਕਾਰੀਆਂ ਨੇ ਪ੍ਰਾਂਤੀਆਂ ਗਵਰਨਰਾਂ ਉਪਰ ਅਨੁਚਿਤ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਅਪਣੇ ਅਗਿਆਨ ਅਤੇ ਅਵਿਵਹਾਰ-ਕੁਸ਼ਲਤਾ ਨਾਲ ਅਲਾਉਦੀਨ ਦੇ ਸਮੇਂ ਦੀ ਸੈਨਿਕ ਕਾਰਜ-ਕੁਸ਼ਲਤਾ (Efficiency) ਨੂੰ ਨਸ਼ਟ ਕਰ ਦਿੱਤਾ। ਕਿਉਂਕਿ ਅਲਾਉਦੀਨ ਦੇ ਉਤੱਰਾਧਿਕਾਰੀ ਨਿਰਬਲ ਸਨ ਇਸ ਲਈ ਸ਼ਕਤੀਸ਼ਾਲੀ ਸੈਨਿਕ ਰਾਜਾ ਬਣ ਗਏ ਸਨ। ਵਾਸਤਵ ਵਿਚ ਕੇਵਲ ਇਕ ਵਿਅਕਤੀ ਹੀ ਰਾਜਾ ਬਣ ਸਕਦਾ ਸੀ ਜਿਸ ਦਾ ਸੈਨਾ ਉੱਤੇ ਨਿਯੰਤਰਣ ਹੁੰਦਾ ਸੀ ਜਾਂ ਜਿਸ ਦੇ ਅਧੀਨ ਸੈਨਾ ਹੁੰਦੀ ਸੀ ਅਤੇ ਕਿਉਂਕਿ ਕੋਈ ਸਥਾਈ ਸੈਨਾ (Standing Army) ਨਹੀਂ ਸੀ ਇਸ ਲਈ ਰਾਜ ਅਮੀਰਾਂ ਅਤੇ ਪ੍ਰਾਂਤੀ ਗਵਰਨਰ ਦੇ ਹੱਥ ਦੀ ਕਠਪੁਤਲੀ ਬਣ ਗਿਆ ਸੀ।

(iv) **ਮੰਗੋਲ ਆਕ੍ਰਮਣ** (Mongol Invasions) – ਤਾਰੀਖ-ਏ-ਫਿਰੋਜ਼ਸ਼ਾਹੀ ਵਿਚ ਬਾਰੁਨੀ ਲਿਖਦਾ ਹੈ ਕਿ "ਇਨ੍ਹਾਂ ਨਿਰਾਸ਼ ਦੁਸ਼ਟਾਂ ਨੇ ਭਾਰਤ ਨੂੰ ਲੁੱਟਣ ਲਈ ਨਜਿੱਠ ਲਿਆ। ਉਨ੍ਹਾਂ ਨੇ ਲਾਹੌਰ ਉਤੇ ਆਕ੍ਰਮਣ ਕਰਕੇ ਲੁੱਟ ਲਿਆ ਹੈ। ਲਾਹੌਰ ਸਾਡੇ ਸਾਮਰਾਜ ਦੀ ਬਾਹਰੀ ਚੌਂਕੀ ਹੈ। ਕੋਈ ਐਸਾ ਵਰਗ ਨਹੀਂ ਜਦੋਂ ਇੱਥੇ ਆ ਕੇ ਪਿੰਡਾਂ ਨੂੰ ਲੁੱਟਦੇ ਨਾ ਹੋਣ।"

ਇਸ ਸੰਬੰਧ ਵਿਚ ਡਾ.ਏ. ਐਲ. ਸਰੀਵਾਸਤਵ ਕਹਿੰਦਾ ਹੈ, "ਮੰਗੋਲਾ ਦੇ ਲਗਾਤਾਰ ਆਕ੍ਰਮਣਾਂ ਨੇ ਖਿਲਜੀ ਸਾਮਰਾਜ ਦਾ ਅੰਤ ਕਰ ਦਿੱਤਾ। ਇਹ ਆਕ੍ਰਮਣ ਰਜਿਆ ਦੀ ਮ੍ਰਿਤੂ ਤੋਂ ਬਾਦ 1242 ਈ. ਵਿਚ ਸ਼ੁਰੂ ਹੋਏ। ਦਿੱਲੀ ਸਲਤਨਤ ਦੀ ਨੀਤੀਆਂ ਅਤੇ ਕਿਸਮਤ ਉੱਤੇ ਮੰਗੋਲ ਗਹਿਰਾ ਅਸਰ ਪਾਉਂਦੇ ਸਨ।"

ਨੋਟ

ਮੰਗੋਲ ਹਮੇਸ਼ਾ ਤੁਰਕੀ ਸਾਮਰਾਜ ਨੂੰ ਨਸ਼ਟ ਕਰਨ ਦੀ ਗੱਲ ਸੋਚਦੇ ਰਹਿੰਦੇ ਸਨ। ਜਦੋਂ ਵੀ ਉਨ੍ਹਾਂ ਨੂੰ ਦਿੱਲੀ ਵਿੱਚ ਕਮਜ਼ੋਰ ਸ਼ਾਸਕ ਦਿਖਾਈ ਦਿੰਦਾ ਉਹ ਹਮਲਾ ਕਰਨਾ ਸ਼ੁਰੂ ਕਰ ਦਿੰਦੇ ਸਨ। ਉਨ੍ਹਾਂ ਨੇ ਭਾਰਤ ਦੇ ਤੁਰਕੀ ਸ਼ਾਸਕਾਂ ਨੂੰ ਦਮ ਨਹੀਂ ਲੈਣ ਦਿੱਤਾ। ਅਲਾਊਦੀਨ ਨੇ ਮੰਗੋਲਾਂ ਦੇ ਵਿਰੁੱਧ ਸਾਰੇ ਉਚਿਤ ਠੀਕ ਉਪਾਅ (Precuations) ਕਰ ਲਏ ਸਨ। ਉਸ ਨੇ ਇਕ ਸਥਾਈ ਸੈਨਾ (Standing Army) ਬਣਾ ਲਈ ਸੀ ਅਤੇ ਸੀਮਾਂਤ ਡਵੀਜ਼ਨਾਂ ਵਿੱਚ ਆਪਣੇ ਪੁੱਤਰਾਂ ਨੂੰ ਤਾਇਨਾਤ ਕਰ ਦਿੱਤਾ ਸੀ। ਅਲਾਊਦੀਨ ਮੰਗੋਲਾਂ ਦੇ ਆਤੰਕ ਨੂੰ ਕੁਝ ਸਮੇਂ ਦੇ ਲਈ ਰੋਕਣ ਵਿੱਚ ਸਫਲ ਰਿਹਾ। ਪਰ ਇਹ ਕਹਿਣਾ ਗਲਤ ਹੋਵੇਗਾ ਕਿ ਮੰਗੋਲਾਂ ਨੇ ਆਪਣੇ ਖੁਦ ਦੇ ਢੰਗ ਨਾਲ ਸੋਚਣਾ ਬੰਦ ਕਰ ਦਿੱਤਾ ਸੀ। ਅਲਾਊਦੀਨ ਦੇ ਬਾਅਦ ਕੋਈ ਵੀ ਖਿਲਜੀ ਸੁਲਤਾਨ ਇਕ ਵੱਡੀ ਸੈਨਾ ਸ਼ਕਤੀ ਨਾ ਰੱਖ ਸਕਿਆ। ਇਸ ਲਈ ਆਉਣ ਵਾਲੇ ਹਰੇਕ ਸੁਲਤਾਨ ਦੇ ਸ਼ਾਸਨ ਵਿੱਚ ਮੰਗੋਲਾਂ ਨੇ ਲਗਾਤਾਰ ਹਮਲੇ ਕੀਤੇ। ਮੰਗੋਲ ਹਮਲਿਆਂ ਦਾ ਲਾਭ ਚੁੱਕ ਕੇ ਅਸੰਤੁਸ਼ਟ ਸਰਦਾਰ ਆਪਣੀ-ਆਪਣੀ ਸੁਤੰਤਰਤਾ ਦੀ ਘੋਸ਼ਣਾ ਕਰਦੇ ਰਹੇ। ਇਸ ਤਰ੍ਹਾਂ ਮੰਗੋਲ ਹਮਲਿਆਂ ਨੇ ਅਪ੍ਰਤੱਖ ਰੂਪ ਨਾਲ ਖਿਲਚੀ ਸਾਮਰਾਜ ਨੂੰ ਕਮਜ਼ੋਰ ਬਣਾ ਦਿੱਤਾ।

ਅਲਾਉਦੀਨ ਨੇ ਨਾਂ ਤਾਂ ਹਿੰਦੂਆਂ ਨੂੰ ਅਤੇ ਨਾਂ ਮੁਸਲਮਾਨਾਂ ਨੂੰ ਹੀ ਕੇਂਦਰੀ ਸੱਤਾ (Central Authority) ਦੇ ਵਿਰੁਧ ਸਿਰ ਚੁੱਕਣ ਦਿੱਤਾ ਸੀ। ਵਾਸਤਵ ਵਿਚ ਹਿੰਦੂਆਂ ਦੀ ਦਸ਼ਾ ਨਿੰਦਣਯੋਗ ਬਣਾ ਦਿੱਤੀ ਸੀ। ਚੰਗੇ ਘਰਾਣੇ ਦੀਆਂ ਹਿੰਦੂ ਇਸਤਰੀਆਂ ਨੂੰ ਪੜੋਸ ਦੇ ਮੁਸਲਮਾਨਾਂ ਦੇ ਘਰ੍ਹਾਂ ਵਿਚ ਨੌਕਰਾਨੀਆਂ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਾਰੀ ਜਨਤਾ ਨੂੰ "ਇਹ ਨਾ ਕਰੋ" ਦੇ ਨਿਯਮਾਂ ਦੁਆਰਾ ਮਾਰਗ ਦਰਸ਼ਨ ਕਰਾਇਆ ਜਾਂਦਾ ਸੀ। ਜਿਹੜਾ ਵਿਅਕਤੀ ਉਸਦੇ ਨਿਯਮਾਂ ਨੂੰ ਤੋੜਦਾ ਉਸਦੇ ਵਿਰੁਧ ਕਠੋਰ ਕਾਰਵਾਈ ਕੀਤੀ ਜਾਂਦੀ ਸੀ। ਉਸਦੀ ਜਾਸੂਸੀ ਪ੍ਰਣਾਲੀ ਸੁਗਠਤ ਸੀ ਪਰ ਅਲਾਉਦੀਨ ਦੇ ਉੱਤਰਾਧਿਕਾਰੀ ਇਨ੍ਹਾਂ ਸਾਵਧਾਨੀਆਂ ਨੂੰ ਕਾਇਮ ਨਾ ਰਖ ਸਕੇ। ਇਸ ਲਈ ਅਲਾਉਦੀਨ ਦੇ ਬਾਦ ਸਾਮਰਾਜ ਦੀ ਸ਼ਕਤੀ ਜਲਦੀ ਨਾਲ ਗਿਰਨ ਲਗ ਗਈ ਅਤੇ ਨਤੀਜਾ ਸਾਮਰਾਜ ਟੁਕੜੇ-ਟੁਕੜੇ ਹੋ ਗਿਆ।

(**v**) **ਅਧਵਿਕਸਿਤ ਦਾਸ** (Degenerate Slaves) – ਡਾ. ਮੇਂਹਦੀ ਹਸਨ ਲਿਖਦਾ ਹੈ "ਨਾਂ ਤਾਂ ਉਹ ਆਗਿਆਕਾਰ ਸਨ ਅਤੇ ਨਾ ਵਫਾਦਾਰ। ਉਨ੍ਹਾਂ ਦਾ ਆਚਾਰ-ਸ਼ਾਸਤਰ ਘਟੀਆ ਸੀ ਅਤੇ ਮੋਟੀਆਂ ਇੱਛਾਵਾਂ ਉਨ੍ਹਾਂ ਨੂੰ ਘੇਰੇ ਰੱਖਦੀਆਂ ਸਨ। ਸੁਲਤਾਨ ਫਿਰੋਜ ਦੇ ਜੀਵਨ ਕਾਲ ਵਿਚ ਵੀ ਉਹ ਸਾਮਰਾਜ ਦੇ ਲਈ ਸ਼ਰਾਪ ਬਣ ਗਏ ਸਨ ਅਤੇ ਉਨ੍ਹਾਂ ਦੀ ਸ਼ਰਾਰਤਾਂ ਨੇ ਅਵਿਵਸਥਾ ਅਤੇ ਪਰੇਸ਼ਾਨੀਆਂ ਨੂੰ ਬਹੁਤ ਜ਼ਿਆਦਾ ਵਧਾ ਦਿੱਤਾ ਸੀ ਜਿਹੜੇ ਉਸਦੇ ਅਖੀਰੀ ਜੀਵਨ ਵਿਚ ਮੁਸੀਬਤ ਬਣ ਕੇ ਆ ਗਏ। ਵਿਦਰੋਹਾਂ ਦਾ ਦਮਨ ਕਰਕੇ ਜਾਂ 13ਵੀਂ ਸ਼ਤਾਬਦੀ ਦੇ ਦਾਸਾਂ ਦੀ ਤਰ੍ਹਾਂ ਸੀਮਾਵਾਂ ਵਿਚ ਵਾਧਾ ਕਰਕੇ ਰਾਜ ਦੀ ਸੇਵਾ ਕਰਨ ਦੀ ਬਜਾਏ ਉਨ੍ਹਾਂ ਨੇ ਰਾਜ-ਖਜਾਨੇ ਦਾ ਵਹਾਅ ਕੀਤਾ।"

ਸਾਰੀ ਤੁਰਕੀ ਸਲਤਨਤ ਵਿਚ ਦਾਸਾਂ ਦਾ ਬਹੁਤ ਪ੍ਰਭਾਅ ਸੀ ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਤਾਂ ਉਹ ਸਾਰੀ ਸ਼ਕਤੀ ਨੂੰ ਅਪਣੇ ਹੱਥਾ ਵਿਚ ਲੈ ਲੈਂਦੇ ਸਨ। ਉਹ ਵੱਡੇ ਆਦਮੀ ਬਣ ਗਏ ਸਨ। ਐਬਕ, ਬਲਬਨ ਅਤੇ ਅਲਤਮਸ਼ ਦੇ ਨਾਮ ਖਾਸ ਉਲੇਖਨੀਅ ਹੈ। ਕਾਲਾਂਤਰ ਵਿਚ ਦਾਸ ਪ੍ਰਥਾ ਇਕ ਨਿਯਮ ਬਣ ਗਈ ਸੀ। ਬਾਦ ਵਿੱਚ ਮਲਿਕ ਕਾਫੂਰ ਅਤੇ ਖੁਸਰੋ ਜਿਹੇ ਯੋਗ ਦਾਸ ਹੋਏ। ਪਰ ਇਹ ਦਾਸ ਪਹਿਲੇ ਦਾਸਾਂ ਦੇ ਬਰਾਬਰ ਆਗਿਆਕਾਰ ਨਹੀਂ ਸਨ। ਮਲਿਕ ਕਾਫੂਰ ਨੇ ਅਲਾਉਦੀਨ ਨੂੰ ਜਹਿਰ ਦੇ ਦਿੱਤਾ ਅਤੇ ਉਸਦੇ ਪੁੱਤਰਾਂ ਨੂੰ ਮਾਰ ਦਿੱਤਾ। ਖੁਸਰੋ ਨੇ ਖੜਯੰਤਰ ਕਰਕੇ ਅਪਣੇ ਸਵਾਮੀ ਮੁਬਾਰਿਕ ਨੂੰ ਮਾਰ ਦਿੱਤਾ। ਦੋਵਾਂ ਨੇ ਅਪਣੇ ਅਪਣੇ ਸਿੰਘਾਸਨ ਖੋਹ ਲਏ। ਖੁਸ਼ਕਿਸਮਤ ਨਾਲ ਉਨ੍ਹਾਂ ਦੇ ਹੱਤਿਆਰਿਆਂ ਨੂੰ ਵੀ ਖਤਮ ਕਰ ਦਿੱਤਾ ਨਹੀਂ ਤਾਂ ਉਸ ਸਮੇਂ ਦਾ ਇਤਿਹਾਸ ਜ਼ਿਆਦਾ ਕਾਲਾ ਹੁੰਦਾ। ਇਸਲਈ ਇਹ ਦਾਸ ਪ੍ਰਣਾਲੀ ਸਾਮਰਾਜ ਦੇ ਲਈ ਵਿਨਾਸ਼ ਦਾ ਕਾਰਣ ਬਣੀ ਅਤੇ ਉਸਨੂੰ ਖਤਮ ਕਰਨ ਵਿਚ ਉਸਦੀ ਬੜੀ ਦੇਣ ਹੈ।

(**vi**) **ਹਿੰਦੂਆਂ ਦਾ ਵਿਰੋਧ** (Opposition of Hindu) – ਤੁਰਕਾਂ ਨੇ ਭਾਰਤ ਵਿਚ ਸ਼ਾਹੀ ਸ਼ਕਤੀ ਅਤੇ ਅਹੁਦੇ ਖੋਹ ਲਏ ਸਨ ਅਤੇ ਉਨ੍ਹਾਂ ਨੇ ਹਿੰਦੂਆਂ ਦੀ ਸੁਤੰਤਰਤਾ ਤੋਂ ਵਾਂਝਾ ਕਰ ਦਿੱਤਾ ਸੀ। ਹਿੰਦੂਆਂ ਦਾ ਸੁਤੰਤਰਤਾ ਜਾਂਦੀ ਰਹੀ। ਉਹ ਕੁਝ ਸਮੇਂ ਤਕ ਤਾਂ ਸ਼ਰਾਬ ਦੇ ਨਸ਼ੇ ਵਿਚ ਖੋਏ ਰਹੇ, ਪਰ ਬਾਦ ਵਿਚ ਉਨ੍ਹਾਂ ਨੇ ਤੁਰਕ ਦੇ ਸ਼ਾਸਨ ਨੂੰ ਉਖਾੜਨ ਦੀ ਕੋਸ਼ਿਸ ਕੀਤੀ। ਇਹੀ ਕਾਰਣ ਹੈ ਕਿ ਜਦੋਂ ਕਦੀ ਉਨ੍ਹਾਂ ਨੇ ਦੇਖਿਆ ਕਿ ਸੁਲਤਾਨ ਕਮਜੋਰ ਜਾਂ ਅਯੋਗ ਸੀ ਜਾਂ ਕਮਜੋਰ ਹੁੰਦਾ ਜਾ ਰਿਹਾ ਸੀ ਤਾਂ ਉਨ੍ਹਾਂ ਨੇ ਵਿਦਰੋਹ ਕੀਤੇ ਅਤੇ ਖੜਯੰਤਰ ਰਚੇ। ਸਵਭਾਵ ਮੁਸਲਮਾਨ ਅਮੀਰ ਚਿੰਤਤ ਹੋ ਗਏ ਕਿਉਂਕਿ ਜੇਕਰ ਸੁਲਤਾਨਾਂ ਦੇ ਵਿਰੁਧ ਹਿੰਦੂਆਂ ਦੀ ਜਿੱਤ ਹੋ ਗਈ ਤਾਂ ਉਨ੍ਹਾਂ ਨੂੰ ਬੜੇ ਕਠੋਰ ਸਮੇਂ ਦਾ ਸਾਹਮਣਾ ਕਰਨਾ ਪੈਂਦਾ। ਅਮੀਰ ਵੀ ਅਯੋਗ ਸਨ ਉਹ ਚਾਹੁੰਦੇ ਸਨ ਕਿ ਸ਼ਾਸਕ ਸ਼ਕਤੀਸ਼ਾਲੀ ਹੋਣਾ ਚਾਹੀਦਾ ਅਤੇ ਉਹ ਲੋਕ ਉਸਦੇ ਅਧੀਨ ਖੁਸ਼ਹਾਲ ਅਤੇ ਸੁਰੱਖਿਅਤ ਰਹਿਣ। ਇਹ ਕਾਰਣ ਹੈ ਕਿ ਜਦੋਂ ਕੋਈ ਦੁਰਬਲ ਸ਼ਾਸਕ ਹੁੰਦਾ ਤਦ ਸਾਰੇ ਅਮੀਰ ਮਿਲ ਕੇ ਉਸਨੂੰ ਸਿੰਘਾਸਨ ਤੋਂ ਹਟਾ ਦਿੰਦੇ ਸਨ ਅਤੇ ਕਿਸੇ ਜ਼ਿਆਦਾ ਚੰਗੇ ਵਿਅਕਤੀ ਦੀ ਭਾਲ ਕਰਦੇ। ਇਸ ਸਾਮਰਾਜ ਦੀ ਨੀਂਹ ਕਮਜੋਰ ਹੋ ਗਈ ਅਤੇ ਉਸਨੂੰ ਆਸਾਨੀ ਨਾਲ ਮਿਟਾ ਦਿੱਤਾ ਗਿਆ।

## 5.10 ਸਾਰ ਅੰਸ਼ (Summary)

- 1290 ਈ. ਵਿਚ ਫਿਰੋਜ ਖਿਲਜੀ ਨੇ ਅੰਤਮ ਦਾਸ ਰਾਜਾ ਕੈਕੁਬਾਦ ਨੂੰ ਪਕੜ ਕੇ ਯਮੁਨਾ ਨਦੀ ਵਿਚ ਸੁੱਟ ਦਿੱਤਾ ਅਤੇ ਜਲਾਲੁਦੀਨ ਦੀ ਪਦਵੀ ਧਾਰਨ ਕਰਕੇ ਅਪਣਾ ਸ਼ਾਸਨ ਸਥਾਪਿਤ ਕਰ ਲਿਆ। ਇਸ ਪ੍ਰਕਾਰ ਦਾਸ ਵੰਸ਼ ਦੇ ਸਥਾਨ

ਨੋਟ

ਤੇ ਖਿਲਜੀ ਵੰਸ਼ ਆ ਗਿਆ ਜਿਸਨੇ 1290 ਈ. ਤੋਂ 1320 ਈ. ਤਕ ਦਿੱਲੀ ਦੀ ਸੁਲਤਾਨ ਸ਼ਾਹੀ ਦੀ ਕਿਸਮਤ ਨੂੰ ਸੰਭਾਲ ਰੱਖਿਆ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਅਲਾਉਦੀਨ ਖਿਲਜੀ ਸੀ ਜਿਸਨੂੰ ਦਿੱਲੀ ਦੇ ਸਾਰੇ ਸੁਲਤਾਨਾਂ ਵਿਚੋਂ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ।

- ਬਲਬਨ ਦੀ ਮ੍ਰਿਤੂ ਦੇ ਬਾਦ ਦਿੱਲੀ ਦਾ ਸਿੰਘਾਸਨ ਬਲਬਨ ਦੇ ਮਨੋਨੀਤ ਕੈ ਖੁਸਰੋ ਦੇ ਸਥਾਨ ਤੇ ਕੈਕੁਬਾਦ ਨੂੰ ਦਿੱਤਾ ਗਿਆ। ਕੈਕੁਬਾਦ ਇਕ ਵਿਲਾਸੀ ਰਾਜਾ ਸੀ ਜੋ ਆਲਸ ਅਤੇ ਮਨੋਭਾਵ ਵਿਚ ਕੈਕੁਬਾਦ ਨੂੰ ਦਿੱਤਾ ਗਿਆ। ਕੈਕੁਬਾਦ ਇਕ ਵਿਲਾਸੀ ਰਾਜਾ ਸੀ ਜੋ ਆਲਸ ਅਤੇ ਮਨੋਭਾਵ ਵਿਚ ਡੁੱਬਾ ਰਹਿੰਦਾ ਜਿਸਦੇ ਕਾਰਨ ਰਾਜਾ ਦਾ ਕੰਮ-ਧੰਦਾ ਨਿਜਾਮੁਦੀਨ ਦੁਆਰਾ ਚਲਾਇਆ ਜਾਣ ਲੱਗਾ।
- ਨਿਜਾਮੁਦੀਨ ਦੀ ਮੌਤ ਉੱਤੇ ਬੜੀ ਅਸ਼ਾਂਤੀ ਅਤੇ ਗੜਬੜ ਫੈਲ ਗਈ ਦਿੱਲੀ ਦੇ ਸਰਦਾਰ ਹੁਣ ਦੋ ਪੱਖਾਂ ਵਿਚ ਵੰਡੇ ਗਏ। ਇਕ ਪੱਖ ਬਲਬਨੀ ਨਵਾਬਾਂ ਦਾ ਸੀ ਜਿਨ੍ਹਾਂ ਦਾ ਨੇਤਾ ਐਤਵਾਰ ਕੱਛਨ ਸੀ ਅਤੇ ਦੂਜੇ ਪੱਖ ਦਾ ਨੇਤਾ ਫਿਰੋਜ ਖਿਲਜੀ ਸੀ।
- ਜਦੋਂ ਜਲਾਲੁਦੀਨ ਨੂੰ ਇਹ ਪਤਾ ਲੱਗਾ ਕਿ ਖਿਲਜੀਆਂ ਦੇ ਵਿਰੁਧ ਇਕ ਖੜਯੰਤਰ ਹੋ ਰਿਹਾ ਹੈ ਤਾਂ ਉਹ ਦਿੱਲੀ ਛੱਡ ਕੇ ਬਹਰਾਰਪੂਰ ਚਲਾ ਗਿਆ। ਉਸਨੇ ਸੈਨਾਵਾਂ ਇਕੱਠੀ ਕੀਤੀਆਂ ਅਤੇ ਸ਼ਾਹੀ ਖੜਯੰਤਰ ਪੱਖ ਦੇ ਵਿਰੁਧ ਚੜ੍ਹਾਈ ਕਰ ਦਿੱਤੀ।
- ਅਲਾਉਦੀਨ ਫਿਰੋਜ ਖਿਲਜੀ ਦਾ ਭਤੀਜਾ ਅਤੇ ਦਾਮਾਦ ਸੀ। ਉਹ ਬਹੁਤ ਹੀ ਸਮਝਦਾਰ, ਸਾਹਸੀ ਅਤੇ ਵੀਰ ਨਵਯੁਵਕ ਸੀ। ਜਲਾਲੁਦੀਨ ਨੇ ਉਸਨੂੰ ਕੱਛ ਦਾ ਰਾਜਪਾਲ ਨਿਯੁਕਤ ਕਰ ਰੱਖਿਆ ਸੀ। 1292 ਈ. ਵਿਚ ਉਸਨੇ ਭਿਲਸਾ ਉੱਤੇ ਚੜ੍ਹਾਈ ਕਰਕੇ ਉਸ ਉਤੇ ਅਧਿਕਾਰ ਕਰ ਲਿਆ।
- ਅਲਾਉਦੀਨ ਖਿਲਜੀ 1396 ਈ. ਵਿਚ ਸਿੰਘਾਸਨ ਉਤੇ ਬੈਠਾ। ਬਹੁਤ ਹੀ ਇੱਛਾਵਾਨ ਰਾਜਾ ਹੋਣ ਦੇ ਨਾਤੇ ਉਹ ਸਾਰੇ ਭਾਰਤ ਦਾ ਸਵਾਮੀ ਬਣ ਜਾਣਾ ਚਾਹੁੰਦਾ ਸੀ। ਇਸ ਸੱਚ ਦੇ ਹੁੰਦੇ ਹੋਏ ਵੀ ਕਿ ਉਸਨੂੰ ਬਾਰ-ਬਾਰ ਮੰਗੋਲ ਆਕ੍ਰਮਣਾਂ ਦਾ ਸਾਹਮਣਾ ਕਰਨਾ ਪਿਆ।
- ਅਲਾਉਦੀਨ ਦੀਆਂ ਦੱਖਣੀ ਚੜ੍ਹਾਈਆਂ ਦ ਪ੍ਰਮੁੱਖ ਅਤੇ ਆਵਸ਼ਕ ਰੂਪ ਦੱਖਣ ਤੋਂ ਜ਼ਿਆਦਾ ਤੋਂ ਜ਼ਿਆਦਾ ਦੌਲਤ ਇਕੱਠੀ ਕਰਨੀ ਸੀ। ਸਿੰਘਾਸਨ ਉੱਤੇ ਬੈਠਣ ਤੋਂ ਪਹਿਲਾਂ ਵੀ ਉਸਨੇ ਦੇਵਗਿਰੀ ਉੱਤੇ ਚੜ੍ਹਾਈ ਕੀਤੀ ਸੀ ਅਤੇ ਉਹ ਬਹੁਤ ਸਾਰੀ ਦੌਲਤ ਨਾਲ ਲੈ ਕੇ ਆਇਆ ਸੀ। ਇਸ ਲਈ ਜਦੋਂ ਉਹ ਰਾਜਾ ਬਣਿਆ ਤਾਂ ਉਸਨੇ ਮਲਿਕ ਕਾਫੂਰ ਨੂੰ ਇਹ ਨਿਰਦੇਸ਼ ਦਿੱਤਾ ਕਿ ਇਨ੍ਹਾਂ ਰਾਜਾਂ ਉਤੇ ਚੜ੍ਹਾਈ ਕਰਕੇ ਉੱਥੋਂ ਦੌਲਤ ਲੁੱਟ ਕੇ ਲੈ ਆਵੇ।
- ਅਲਾਉਦੀਨ ਖਿਲਜੀ ਨਾ ਕੇਵਲ ਇਕ ਮਹਾਨ ਯੋਧਾ ਅਤੇ ਵਿਜੇਤਾ ਸੀ ਇਸ ਤੋਂ ਇਲਾਵਾ ਇਕ ਉੱਤਮ ਪ੍ਰਸ਼ਾਸਨਿਕ ਦਿਮਾਗੀ ਵੀ ਸੀ। ਕੇ.ਐਮ. ਲਾਲ ਲਿਖਦਾ ਹੈ "ਹੋਰ ਗੱਲਾਂ ਦੀ ਬਜਾਏ ਉਹ ਇਕ ਪ੍ਰਸ਼ਾਸਕ ਦੇ ਰੂਪ ਵਿਚ ਵੀ ਅਲਾਉਦੀਨ ਅਪਣੇ ਪੁਰਵਗਾਮੀਆਂ ਤੋਂ ਕਿਤੇ ਉੱਚਾ ਹੈ। ਇਕ ਯੋਧਾ ਹੋਣ ਦੇ ਨਾਤੇ ਜਿਹੜੇ ਉਸਦੇ ਅੰਦਰ ਗੁਣ ਸਨ, ਉਹ ਇਕ ਸੰਯੋਜਕ ਦੇ ਨਾਤੇ ਉਸਦੀ ਸਫਲਤਾਵਾਂ ਦੇ ਸਾਹਮਣੇ ਫਿੱਕੇ ਸਨ।"
- ਅਲਾਉਦੀਨ ਪਹਿਲਾਂ ਸੁਲਤਾਨ ਸੀ ਜਿਸਨੇ ਲਗਾਨ ਅਤੇ ਰਾਜ-ਕਰ ਸੰਬੰਧੀ ਮਾਮਲਿਆਂ ਵਿਚ ਬੜੀ ਦਿਲਚਸਪੀ ਲਈ। ਉਸ ਦਾ ਸਭ ਤੋਂ ਉੱਚਾ ਮਕਸਦ ਇਹ ਸੀ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਲਗਾਨ ਪ੍ਰਾਪਤ ਕਰੇ। ਵਾਸਤਵ ਵਿਚ ਅਲਾਉਦੀਨ ਖਿਲਜੀ ਨੂੰ ਇਕ ਬੜੀ ਸੈਨਾ ਸਥਾਪਿਤ ਕਰਨ ਦੇ ਲਈ ਧੰਨ ਦੀ ਆਵਸ਼ਕਤਾ ਸੀ ਤਾਂ ਕਿ ਮੰਗੋਲ ਖਤਰੇ ਦਾ ਸਾਹਮਣਾ ਕਰ ਸਕੇ ਅਤੇ ਜਿੱਤ ਪ੍ਰਾਪਤ ਕਰ ਸਕੇ।
- ਅਲਾਉਦੀਨ ਨੇ ਇਕ ਬਹੁਤ ਵੱਡੀ ਮਜਬੂਤ ਅਤੇ ਯੋਗ ਸੈਨਾ ਖੜ੍ਹੀ ਕੀਤੀ। ਉਸਨੇ ਅਪਣੇ ਆਪ ਨੂੰ ਕੇਵਲ ਅਪਣੇ ਸੈਨਾ ਬਲ ਦੇ ਸਹਾਰੇ ਹੀ ਸੁਲਤਾਨ ਬਣਾਇਆ ਸੀ ਅਤੇ ਉਸਨੇ ਇਹ ਮਹਿਸੂਸ ਕੀਤਾ ਸੀ ਕਿ ਮੰਗੋਲ ਆਕ੍ਰਮਣਾਂ ਨੂੰ ਹਰਾਉਣ ਅਤੇ ਅੰਦਰੂਨੀ ਵਿਦਰੋਹਾਂ ਨੂੰ ਕੁਚਲਣ ਦੇ ਲਈ ਇਕ ਮਜਬੂਤ ਅਤੇ ਯੋਗ ਸੈਨਾ ਦੀ ਬੜੀ ਆਵਸ਼ਕਤਾ ਹੈ।
- ਲਗਾਤਾਰ ਜਿੱਤਾਂ ਲਈ ਅਲਾਉਦੀਨ ਦਾ ਸਾਹਸ ਅਤੇ ਉੱਤਰ-ਪੱਛਮੀ ਦੇ ਪਾਸੇ ਤੋਂ ਮੰਗੋਲ ਲੁਟੇਰਿਆਂ ਦੇ ਲਗਾਤਾਰ ਆਕ੍ਰਮਣਾ ਲਈ ਇਕ ਵਿਸ਼ਾਲ ਸੈਨਾ ਦਾ ਰੱਖਣਾ ਆਵਸ਼ਕ ਬਣਾ ਦਿੱਤਾ ਸੀ। ਸੈਨਾ ਦੇ ਇਲਾਵਾ ਅਸੈਨਿਕ ਪ੍ਰਸ਼ਾਸਨ (Civil Administration) ਅਤੇ ਦਾਸਾਂ ਦੇ ਕਾਰਨ ਰੱਖ ਗਏ ਰਾਜਕੀਅ ਕਰਮਚਾਰੀਆਂ ਉਤੇ ਖਰਚੇ ਦੇ ਕਾਰਨ ਸ਼ਾਹੀ ਖਜਾਨੇ ਉਤੇ ਭਾਰੀ ਬੋਝ ਹੋ ਗਿਆ।
- ਅਲਾਉਦੀਨ ਖਿਲਜੀ ਦੇ ਆਰਥਿਕ ਸੁਧਾਰ ਉਸਦੇ ਪ੍ਰਸ਼ਾਸਨ ਦਾ ਸਭ ਤੋਂ ਮਹੱਤਵਪੂਰਣ ਰੂਪ ਹੈ। ਡਾ. ਕੇ. ਐਸ. ਲਾਲ ਦਾ ਕਹਿਣਾ ਹੈ ਕਿ "ਅਜਿਹਾ ਦਿਸਦਾ ਹੈ ਕਿ ਕਿਸਾਨਾਂ ਦਾ ਜੀਵਨ ਨੀਰਸ ਸੀ ਅਤੇ ਉਨ੍ਹਾਂ ਦੇ ਰਹਿਣ-ਸਹਿਣ ਦਾ ਦਰਜਾ ਨੀਵਾਂ ਸੀ।" ਮੱਧ-ਯੁਗ ਇਤਿਹਾਸ ਦੇ ਸਾਰੇ ਘੇਰੇ ਵਿਚ ਸ਼ਾਇਦ ਉਹ ਹੀ ਇਕ ਐਸਾ ਸ਼ਾਸਕ ਹੈ ਜਿਸਨੇ

ਨੋਟ

ਆਰਥਿਕ ਸੁਧਾਰ ਕੀਤੇ ਅਤੇ ਇਨ੍ਹਾਂ ਸੁਧਾਰਾਂ ਦੇ ਕਾਰਨ ਹੀ ਲੇਨਪੁਲ ਨੇ ਉਸਨੂੰ ਇਕ ਮਹਾਨ ਅਰਥ ਸ਼ਾਸਤਰੀ ਦਾ ਨਾਮ ਦਿੱਤਾ ਹੈ।

- ਅਲਾਉਦੀਨ ਖਿਲਜੀ ਬੇਸ਼ੱਕ ਭਾਰਤ ਦਾ ਸਭ ਤੋਂ ਮਹਾਨ ਸਮਰਾਟ ਹੋਇਆ ਹੈ। ਉਹ ਹੇਠਲੀ ਦਸ਼ਾ ਤੋਂ ਉਠ ਕੇ ਮੱਧ-ਯੁਗ ਦਾ ਇਕ ਮਹਾਨਤਮ ਸ਼ਾਸਕ ਬਣ ਗਿਆ।
- ਕੁਝ ਲੋਕਾਂ ਦਾ ਇਹ ਵਿਚਾਰ ਹੈ ਕਿ ਅਲਾਉਦੀਨ ਨੇ ਕੋਈ ਸਥਾਈ ਸਫ਼ਲਤਾ ਪ੍ਰਾਪਤ ਨਹੀਂ ਕੀਤੀ। ਕਹਿੰਦੇ ਹਨ ਕਿ ਉਸ ਦੀ ਸਰਕਾਰ ਦਾ ਕੋਈ ਠੋਸ ਆਧਾਰ ਨਹੀਂ ਸੀ ਅਤੇ ਉਸਦੇ ਸ਼ਾਸਨ ਦੀ ਅੰਦਰੂਨੀ ਦੁਰਬਲਤਾ ਦੇ ਕਾਰਨ ਖਿਲਜੀ ਵੰਸ਼ ਆਸਾਨੀ ਨਾਲ ਉਖੱੜ ਗਿਆ।
- ਅਲਾਉਦੀਨ ਦੀ ਮ੍ਰਿਤੂ ਦੇ ਬਾਦ ਪ੍ਰਤੀਯੋਗੀ ਪੱਖਾਂ ਨੇ ਯੁੱਧ ਤਿਆਰੀ ਸ਼ੁਰੂ ਕਰ ਦਿੱਤੀ। ਇਸ ਸਮੇਂ ਤਕ ਮਲਿਕ ਕਾਫੂਰ ਨੇ ਲੋੜੀਂਦੀ ਸ਼ਕਤੀ ਪ੍ਰਾਪਤ ਕਰ ਲਈ ਸੀ। ਇਸ ਲਈ ਉਹ ਜ਼ਿਆਦਾ ਤੋਂ ਜ਼ਿਆਦਾ ਇੱਛਾਵਾਨ ਬਣਦਾ ਜਾ ਰਿਹਾ ਸੀ। ਉਸਨੇ ਇੱਕ-ਇੱਕ ਕਰਕੇ ਰਾਜਕੁਮਾਰਾਂ ਨੂੰ ਹਰਾ ਦਿੱਤਾ।
- ਸਲਤਨਤ ਕਾਲ ਦਾ ਇਤਿਹਾਸ ਇਕ ਐਸੇ ਨਾਟਕ ਦੇ ਬਰਾਬਰ ਹੈ ਜਿਸ ਵਿਚ ਵੱਖ-ਵੱਖ ਵੰਸ਼ਾਂ ਦਾ ਇਕ-ਇਕ ਕਰਕੇ ਉਦੈ ਅਤੇ ਪਤਨ ਹੋਇਆ ਹੈ ਅਤੇ ਜਿਸ ਵਿਚ ਹਰੇਕ ਵੰਸ਼ ਦੀ ਔਸਤ ਉਮਰ 70 ਸਾਲ ਹੈ। ਅਜੀਬ ਜਿਹਾ ਲੱਗਦਾ ਹੈ ਕਿ ਅਲਾਉਦੀਨ ਖਿਲਜੀ ਦੇ ਸਮੇਂ ਵਿਚ ਜਿਹੜਾ ਵੰਸ਼ ਬਹੁਤ ਉੱਚਾ ਉਠ ਗਿਆ ਸੀ ਉਹ ਉਸਤੋਂ ਬਾਦ ਮੋਮ ਦੀ ਤਰ੍ਹਾਂ ਪਿਘਲ ਜਾਵੇ। ਵੰਸ਼ ਉਤੇ ਆਉਣ ਵਾਲੇ ਇਸ ਵਿਨਾਸ਼ ਦੇ ਕਈ ਕਾਰਨ ਸਨ। ਕਿਸੀ ਹੱਦ ਤਕ ਖੁਦ ਅਲਾਉਦੀਨ ਇਨ੍ਹਾਂ ਦਾ ਜਿੰਮੇਦਾਰ ਹੈ।

## 5.11 ਸ਼ਬਦਕੋਸ਼ (Keywords)

- **ਵਿਦਰੋਹ (Revolt) :** ਕ੍ਰਾਂਤੀ।
- **ਪਰੀਨਿਯਮ (Regulations)** : ਨਿਯਮ, ਕਾਨੂੰਨ।

## 5.12 ਅਭਿਆਸ ਪ੍ਰਸ਼ਨ (Review Questions)

1. ਜਲਾਲੁਦੀਨ ਦੇ ਕੰਮ ਅਤੇ ਉਸ ਦੀਆਂ ਨੀਤੀਆਂ ਦਾ ਵਰਣਨ ਕਰੋ।
2. ਭਾਰਤ ਉਤੇ ਮੰਗੋਲਾਂ ਦੇ ਆਕ੍ਰਮਣ ਦਾ ਵਰਣਨ ਕਰੋ।
3. ਅਲਾਉਦੀਨ ਖਿਲਜੀ ਦੀ ਉਤੱਰੀ ਭਾਰ ਦੀ ਵਿਜੈ ਦਾ ਵਰਣਨ ਕਰੋ।
4. ਅਲਾਉਦੀਨ ਖਿਲਜੀ ਦੇ ਸ਼ਾਸਨ-ਪ੍ਰਬੰਧ ਦਾ ਵਰਣਨ ਕਰੋ।
5. ਅਲਾਉਦੀਨ ਖਿਲਜੀ ਦੇ ਬਾਜਾਰ ਪਰੀਨਿਯਮ ਦਾ ਸੰਖੇਪ ਵਿਚ ਵਰਣਨ ਕਰੋ।
6. ਅਲਾਉਦੀਨ ਖਿਲਜੀ ਦੇ ਚਰਿੱਤਰ ਅਤੇ ਵਿਅਕਤੀਤਵ ਦਾ ਸੰਖੇਪ ਵਰਣਨ ਕਰੋ।
7. ਖਿਲਜੀ ਸਾਮਰਾਜ ਦੇ ਵਿਨਾਸ਼ ਦੇ ਕੀ ਕਾਰਨ ਸਨ ?

**ਉਤਰ : ਸਵ-ਮੁਲਾਂਕਣ (Answer: Self Assessment)**

| | | | | | |
|---|---|---|---|---|---|
| 1. | (i) (ਅ) | (ii) (ਬ) | (iii) (ਅ) | | |
| 2. | (i) ਮੰਗੋਲਾਂ | (ii) ਮੰਗੋਲਾਂ | (iii) 1305 ਈ. | (iv) ਸੈਨਾ | (v) ਕੁਬਕ |
| 3. | (i) ਝੂਠ | (ii) ਸੱਚ | (iii) ਝੂਠ | (iv) ਸੱਚ | |
| 4. | (i) ਸੱਚ | (ii) ਝੂਠ | (iii) ਸੱਚ | (iv) ਝੂਠ | |
| 5. | (i) (ਬ) | (ii) (ਸ) | (iii) (ਅ) | | |
| 6. | (i) ਆਵਾਜਾਈ | (ii) ਅਨਾਜ-ਗੁਦਾਮ | (iii) ਮੁਨਿਹਯਨ। | | |

## 5.13 ਸੰਬੰਧਿਤ ਪੁਸਤਕਾਂ (Further Readings)

ਨੋਟ

*ਬੁਕਸ*


1. ਪੂਰਵ ਮੱਧ ਕਾਲੀਨ ਭਾਰਤ ਦਾ ਸਾਮੰਤੀ ਸਮਾਜ ਅਤੇ ਸੰਸਕ੍ਰਿਤੀ–ਰਾਮ ਸ਼ਰਣ ਸ਼ਰਮਾ ਰਾਜ ਕਮਲ ਪ੍ਰਕਾਸ਼ਨ।
2. ਮੱਧਕਾਲੀਨ ਭਾਰਤ ਦਾ ਇਤਿਹਾਸ–ਪਾਥਿਰਵ ਕੁਮਾਰ, ਰੀਤੂ ਪਬਲੀਕੇਸ਼ਨਸ।
3. ਅਰਲੀ ਸਿਡਾਈਵਲ ਇੰਡੀਆ — ਅਵਧ ਬਿਹਾਰੀ ਪਾਂਡੇ, ਸੈਂਟਰਲ ਬੁਕ ਡਿਪੋ।
4. ਮੱਧ ਕਾਲੀਨ ਭਾਰਤ ਵਿੱਚ ਨਗਰੀਕਰਨ – ਨਮਰਤਾ ਸਿੰਘ ਯੂਨੀਵਰਸਿਟੀ ਪਬਲੀਕੇਸ਼ਨ।
5. ਮੱਧ ਕਾਲੀ ਭਾਰਤ ਦਾ ਇਤਿਹਾਸ : ਸਲਤਨਤ ਕਾਲ – ਮੋਹਿਤ, ਰਾਜੀਵ ਕੁਮਾਰ, ਰਜਤ ਪ੍ਰਕਾਸ਼ਨ।

ਨੋਟ

# ਇਕਾਈ–6: ਤੁਗਲਕ ਵੰਸ਼ (1320-1414 ਈ.)
# [The Tughluq Dynasty (1320-1414)]

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
6.1 ਗਯਾਸੁਦੀਨ ਤੁਗਲਕ (1320–1325) (Ghiyas-ud-Din Tughluq)
6.2 ਮੁਹੰਮਦ ਤੁਗਲਕ (Mohammad Tughluq)
6.3 ਫਿਰੋਜ ਤੁਗਲਕ (1351-1388) (Firoz Tughluq)
6.4 ਉੱਤਰਕਾਲੀਨ ਤੁਗਲਕ ਸ਼ਾਸਕ (The Later Tughluqs)
6.5 ਤੈਮੂਰ ਦਾ ਭਾਰਤ ਉਤੇ ਆਕ੍ਰਮਣ (1398) (Taimur Invasion of India)
6.6 ਹਮਲੇ ਦੇ ਪ੍ਰਭਾਵ (Effects of Invasion)
6.7 ਸਾਰ ਅੰਸ਼ (Summary)
6.8 ਸ਼ਬਦਕੋਸ਼ (Keywords)
6.9 ਅਭਿਆਸ ਪ੍ਰਸ਼ਨ (Review Questions)
6.10 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਗਯਾਸੁਦੀਨ ਤੁਗਲਕ ਜੀਵਨ ਅਤੇ ਸ਼੍ਰੇਸ਼ਟਤਾ ਦੇ ਸੰਬੰਧਤ ਜਾਣਕਾਰੀ ਬਾਰੇ।
- ਮੁਹੱਮਦ ਤੁਗਲਕ ਦੇ ਸ਼ਾਸਨ ਪ੍ਰਬੰਧ ਨੂੰ ਸਪੱਸ਼ਟ ਰੂਪ ਵਿਚ ਸਮਝਣ ਬਾਰੇ।
- ਫਿਰੋਜ ਤੁਗਲਕ ਦੇ ਸ਼ੁਰੂਆਤੀ ਜੀਵਨ ਅਤੇ ਉਸਦੇ ਸ਼ਾਸਨ-ਪ੍ਰਬੰਧ ਨੂੰ ਸਮਝਣ ਬਾਰੇ।

## ਜਾਣਕਾਰੀ (Introduction)

ਤੁਗਲਕ ਵੰਸ਼ ਦਾ ਸੰਸਥਾਪਕ ਗਯਾਸੁਦੀਨ ਤੁਗਲਕ ਸੀ ਉਹ ਗਾਜੀ ਤੁਗਲਕ ਦੇ ਨਾਮ ਤੋਂ ਵੀ ਜਾਨਿਆ ਜਾਂਦਾ ਹੈ। ਗਾਜੀ ਤੁਗਲਕ ਇਕ ਸਾਧਾਰਣ ਪਰਿਵਾਰ ਦਾ ਵਿਅਕਤੀ ਸੀ। ਉਸ ਦੀ ਮਾਤਾ ਪੰਜਾਬ ਦੀ ਇਕ ਜਾਟ ਮਹਿਲਾ ਸੀ ਅਤੇ ਪਿਤਾ ਬਲਬਨ ਦਾ ਤੁਰਕੀ ਦਾਸ ਸੀ। ਉਹ 8 ਸਿਤੰਬਰ 1320 ਈ. ਨੂੰ ਗੱਦੀ ਉੱਤੇ ਬੈਠਾ। ਦਿੱਲੀ ਦਾ ਪ੍ਰਤਿਸ਼ਠਤ ਪਹਿਲਾਂ ਸੁਲਤਾਨ ਸੀ ਜਿਸਨੇ ਗਾਜੀ ਜਾਂ ਕਾਫਰਾ ਦਾ ਘਾਤਕ ਦੀ ਉਪਾਧੀ ਗ੍ਰਹਿਣ ਕੀਤੀ।

ਰਾਜ ਕੁਮਾਰ ਜੁਨਾ ਖਾਨ ਗਯਾਸੂਦੀਨ ਤੁਗਲਕ ਦਾ ਜਠੇਰਾ ਪੁੱਤਰ ਸੀ, ਉਸ ਦਾ ਪਾਲਣ ਪੋਸ਼ਣ ਇਕ ਸੈਨਿਕ ਦੀ ਤਰ੍ਹਾਂ ਹੋਇਆ ਅਤੇ ਉਸਨੇ ਉਸੀ ਵਿਚ ਪ੍ਰਸਿੱਧ ਕਰ ਲਿਆ।

ਐਡਵਰਡ ਟਾਮਸ ਨੇ ਮੁਹੱਮਦ ਤੁਗਲਕ ਨੂੰ ਅਮੀਰਾਂ ਦਾ ਰਾਜਕੁਮਾਰ ਦੱਸਿਆ ਹੈ। ਉਹ ਦੱਸਦੇ ਹਨ ਕਿ ਉਸਦੇ ਸ਼ਾਸਨਕਾਲ ਦਾ ਪਹਿਲਾ ਕੰਮ ਇਹ ਸੀ ਕਿ ਮੁਦਰਾ ਢਲਾਈ ਨੂੰ ਨਵਾਂ ਰੂਪ ਦਿੱਤਾ ਗਿਆ।

ਮੁਹੱਮਦ ਤੁਗਲਕ ਇਕ ਯੋਗ ਵਿਅਕਤੀ ਸੀ ਅਤੇ ਉਸਨੇ ਸਭ ਮਜਮੂਨਾਂ ਵਿਚ ਉਲੇਮਾ ਦੇ ਆਦੇਸ਼ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਮੁਹੱਮਦ ਤੁਗਲਕ ਦੇ ਬਾਅਦ ਫਿਰੋਜ ਤੁਗਲਕ ਗੱਦੀ ਉੱਤੇ ਬੈਠਾ। ਉਸ ਦਾ ਜਨਮ 1309 ਈ. ਵਿਚ ਹੋਇਆ ਅਤੇ ਮ੍ਰਿਤੂ 1388 ਈ. ਵਿਚ ਹੋਈ। ਉਹ ਗਯਾਸੁਦੀਨ ਤੁਗਲਕ ਦੇ ਛੋਟੇ ਭਰਾ ਰਜਬ ਦਾ ਪੁੱਤਰ ਸੀ। ਉਸ ਦੀ ਮਾਤਾ ਭਕਤੀ ਰਾਜਪੂਤ ਕੰਨਿਆ ਸੀ। **ਨੋਟ**

## 6.1 ਗਯਾਸੁਦੀਨ ਤੁਗਲਕ (1320-1325) (Ghiyas-ud-Din Tughluq)

ਗਯਾਸੁਦੀਨ ਤੁਗਲਕ (Ghiyas-ud-Din Tughluq) ਜਾਂ ਗਾਜੀ ਮਲਿਕ (Ghazi Malik) ਤੁਗਲਕ ਵੰਸ਼ ਦਾ ਸੰਸਥਾਪਕ ਸੀ। ਇਹ ਵੰਸ਼ ਕਰੌਨਾ ਤੁਰਕ ਦੇ ਵੰਸ਼ ਦੇ ਨਾਮ ਨਾਲ ਵੀ ਪ੍ਰਸਿੱਧ ਹੈ ਕਿਉਂਕਿ ਗਯਾਸੁਦੀਨ ਤੁਗਲਕ ਦਾ ਪਿਤਾ ਕਰੌਨਾ ਤੁਰਕ ਸੀ। ਇੱਬਬਤੁਤਾ ਸਾਨੂੰਦੱਸਦਾ ਹੈ ਕਿ ਉਸਨੇ ਸ਼ੇਖ ਰੁਕਨਦੀਨ ਮੁਲਤਾਨੀ (Sheikh Rukn-Ud-din-Multani) ਤੋਂ ਇਹ ਸੁਣਿਆ ਸੀ ਕਿ ਸੁਲਤਾਨ ਤੁਗਲਕ ਉਨ੍ਹਾਂ ਕਰੌਨਾ ਤੁਰਕਾਂ ਦੀ ਨਸਲ ਵਿਚੋਂ ਸੀ ਜਿਹੜੇ ਸਿੰਧ ਤੇ ਤੁਰਕਿਸਤਾਨ ਦੇ ਵਿਚ ਪਹਾੜੀ ਖੇਤਰਾਂ ਵਿਚ ਨਿਵਾਸ ਕਰਦੇ ਸਨ। ਕਰੌਨਾ ਤੁਰਕਾਂ ਦੇ ਮਾਮਲੇ ਵਿਚ ਦੱਸਦੇ ਹੋਏ ਮਾਰਕੋ ਪੋਲੋ (Marco Polo) ਸਾਨੂੰ ਇਹ ਸੂਚਿਤ ਕਰਦਾ ਹੈ ਕਿ ਉਨ੍ਹਾਂ ਨੂੰ ਇਹ ਨਾਮ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਉਹ ਭਾਰਤੀਅ ਮਾਤਾਵਾਂ ਅਤੇ ਤਾਰਤਾਰ ਪਿਤਾਵਾਂ ਦੇ ਪੁੱਤਰ ਸਨ। ਇਲਯਾਜ (Nay Elias) ਮਿਰਜ਼ਾ ਹੈਦਰ ਦੀ ਤਾਰਖੀ–ਏ–ਰਸ਼ੀਦੀ ਦੇ ਅਨੁਵਾਦ ਨੇ ਕਰੌਨਾ ਲੋਕਾਂ ਦੀ ਉਤਪੱਤੀ ਦੇ ਮਾਮਾਲੇ ਵਿਚ ਜਾਂਚ ਕੀਤੀ ਅਤੇ ਇਹ ਨਿਸ਼ਕਰਸ਼ ਕੱਢਿਆ ਕਿ ਕਰੌਨਾ ਮੱਧ ਏਸ਼ੀਆ ਦੇ ਮੰਗੋਲਾਂ ਵਿਚੋਂ ਸਨ ਅਤੇ ਉਨ੍ਹਾਂ ਨੇ ਆਦਿਕਾਲ ਵਿਚ ਫਾਰਸ ਦੇ ਮੰਗੋਲ ਆਕ੍ਰਮਣਾਂ ਵਿਚ ਮੁੱਖ ਹਿੱਸਾ ਲਿਆ। ਭਾਰਤ ਦੇ ਮੁਸਲਿਮ ਇਤਿਹਾਸਕਾਰ ਕਰੌਨਾ ਲੋਕਾਂ ਦੇ ਮਾਮਲਿਆਂ ਵਿਚ ਕੁਝ ਨਹੀਂ ਲਿਖਦੇ।

> *ਨੋਟਸ* ਗਯਾਸੁਦੀਨ ਤੁਗਲਕ ਨੂੰ ਗਾਜੀ ਮਲਿਕ ਦੇ ਨਾਮ ਨਾਲ ਵੀ ਜਾਨਿਆ ਜਾਂਦਾ ਹੈ।

**ਗਯਾਸੁਦੀਨ ਦਾ ਉਤਕ੍ਰਿਸ਼ਠ** (His Rise) : ਗਾਜੀ ਤੁਗਲਕ ਇਕ ਸਾਧਾਰਣ ਪਰਿਵਾਰ ਦਾ ਪੁਰਖ ਸੀ। ਉਸਦੀ ਮਾਤਾ ਪੰਜਾਬ ਦੀ ਇਕ ਜਾਟ ਮਹਿਲਾ ਸੀ ਅਤੇ ਉਸਦਾ ਪਿਤਾ ਬਲਬਨ ਦਾ ਤੁਰਕੀ ਦਾਸ ਸੀ। ਅਪਣੇ ਐਸੇ ਜਨਮ ਦੇ ਕਾਰਣ "ਗਾਜੀ ਮਲਿਕ ਦੇ ਚਰਿੱਤਰ ਵਿਚ ਇਨ੍ਹਾਂ ਦੋ ਜਾਤਾਂ ਦੇ ਮੁੱਖ ਗੁਣ–ਹਿੰਦੂਆਂ ਦੀ ਵਿਨਮਰਤਾ ਤੇ ਕੋਮਲਤਾ ਅਤੇ ਤੁਰਕਾਂ ਦੀ ਤਾਕ ਅਤੇ ਹੌਸਲੇ ਦਾ ਮਿਸ਼ਰਣ ਹੋਇਆ।" ਹਾਲਾਂਕਿ ਉਸਨੇ ਅਪਣਾ ਜੀਵਨ ਇਕ ਸਾਧਾਰਣ ਸੈਨਿਕ ਦੀ ਤਰ੍ਹਾਂ ਸ਼ੁਰੂ ਕੀਤਾ, ਫਿਰ ਵੀ ਉਹ ਅਪਣੀ ਯੋਗਤਾ ਤੇ ਕਠਨ ਮਿਹਨਤ ਦੇ ਕਾਰਣ ਪ੍ਰਸਿੱਧ ਹੋ ਗਿਆ। ਅਲਾਉਦੀਨ ਖਿਲਜੀ ਦੇ ਸ਼ਾਸਨਕਾਲ ਵਿਚ ਉਹ ਅਭਿਯਾਨਾਂ ਦੀ ਨਿਰੀਖਕ (Warden of Marches) ਅਤੇ ਦੀਪਾਲਪੁਰ ਦਾ ਰਾਜਪਾਲ ਨਿਯੁਕਤ ਕੀਤਾ ਗਿਆ। 29 ਮੌਕਿਆਂ ਤੇ ਉਸਨੇ ਮੰਗੋਲਾਂ ਦੇ ਵਿਰੁਧ ਸੰਗ੍ਰਾਮ ਕੀਤਾ, ਉਨ੍ਹਾਂ ਨੂੰ ਭਾਰਤ ਤੋਂ ਬਾਹਰ ਕੱਢ ਦਿੱਤਾ ਅਤੇ ਇਸ ਲਈ ਮਲਿਕ–ਉਲ–ਗਾਜੀ ਦੇ ਨਾਮ ਨਾਲ ਪ੍ਰਸਿੱਧ ਹੋਇਆ। ਅਲਾਉਦੀਨ ਦੀ ਮ੍ਰਿਤੂ ਦੇ ਸਮੇਂ ਗਾਜੀ ਮਲਿਕ ਰਾਜ ਦੇ ਵੱਧ ਸ਼ਕਤੀਸ਼ਾਲੀ ਗੁਣ ਵਾਲੇ ਆਦਮੀਆਂ ਵਿਚੋਂ ਇਕ ਸੀ। ਮੁਬਾਰਕ ਸ਼ਾਹ ਦੇ ਸ਼ਾਸਨ ਕਾਲ ਵਿਚ ਵੀ ਉਸਦੀ ਸ਼ਕਤੀ ਪਹਿਲਾਂ ਵਾਂਗ ਰਹੀ। ਹਾਲਾਂਕਿ ਖੁਸਰੋ ਸ਼ਾਹ ਨੇ ਉਸਨੂੰ ਮਨਾਉਣ ਦਾ ਪ੍ਰਯਤਨ ਕੀਤਾ, ਪਰ ਗਾਜੀ ਮਲਿਕ ਉੱਤੇ ਉਸਦਾ ਕੋਈ ਪ੍ਰਭਾਵ ਨਹੀਂ ਪਿਆ। ਅਪਣੇ ਪੁੱਤਰ ਜੂਨਾ ਖਾਨ ਦੀ ਸਹਾਇਤਾ ਨਾਲ ਉਸਨੇ ਖੁਸਰੋ ਸ਼ਾਹ ਉਤੇ ਆਕ੍ਰਮਣ ਕਰਕੇ ਉਸ ਨੂੰ ਹਰਾ ਦਿੱਤਾ ਅਤੇ ਉਸ ਦਾ ਕਤਲ ਕਰ ਦਿੱਤਾ। ਇਹ ਕਿਹਾ ਜਾਂਦਾ ਹੈ ਕਿ ਦਿੱਲੀ ਵਿਚ ਵਿਜੇਤਾ ਦੇ ਰੂਪ ਵਿਚ ਪ੍ਰਵੇਸ਼ ਕਰਨ ਤੋਂ ਬਾਦ ਗਾਜੀ ਮਲਿਕ ਨੇ ਇਹ ਪੁੱਛ–ਗਿੱਛ ਕਰਵਾਈ ਕਿ ਅਲਾਉਦੀਨ ਖਿਲਜੀ ਦਾ ਕੋਈ ਐਸਾ ਉੱਤਰਾਧਿਕਾਰੀ ਹੈ ਜਿਸ ਨੂੰ ਉਹ ਦਿੱਲੀ ਦੀ ਗੱਦੀ ਉੱਤੇ ਬੈਠਾ ਸਕੇ। ਇਹ ਕਹਿਣਾ ਮੁਸ਼ਕਿਲ ਹੈ ਕਿ ਪੁੱਛ–ਗਿੱਛ ਕਿੱਥੇ ਤਕ ਸੱਚ ਸੀ ਅਤੇ ਕਿੱਥੇ ਤਕ ਇਹ ਢਕੋਸਲਾ ਸੀ। ਫਿਰ ਵੀ ਗਯਾਸੁਦੀਨ ਤੁਗਲਕ 8 ਸਿਤੰਬਰ 1320 ਈ. ਨੂੰ ਗੱਦੀ ਉੱਤੇ ਬੈਠਿਆ। ਦਿੱਲੀ ਦਾ ਉਹ ਪਹਿਲਾ ਸੁਲਤਾਨ ਸੀ ਜਿਸਨੇ ਗਾਜੀ ਜਾਂ ਕਾਫਰਾਂ ਦਾ ਘਾਤਕ ਦੀ ਉਪਾਧੀ ਗ੍ਰਹਿਣ ਕੀਤੀ ਅਤੇ ਵਿਦੇਸ਼ ਨੀਤੀ।

**ਗ੍ਰਹਿ ਨੀਤੀ** (Domestic Policies): ਗਯਾਸੁਦੀਨ ਤੁਗਲਕ ਦਾ ਸ਼ਾਸਨ ਕਾਲ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ–ਗ੍ਰਹਿ–ਨੀਤੀ ਜਿੱਥੇ ਤਕ ਗ੍ਰਹਿ ਨੀਤੀ ਦਾ ਸੰਬੰਧ ਹੈ, ਉਸ ਦਾ ਪਹਿਲਾ ਕੰਮ ਗੁਣਵਾਨ ਲੋਕਾਂ ਅਤੇ ਅਧਿਕਾਰੀਆਂ ਦਾ ਵਿਸ਼ਵਾਸ ਪ੍ਰਾਪਤ ਕਰਨਾ ਅਤੇ ਸਾਮਰਾਜ ਵਿਚ ਵਿਵਸਥਾ ਸਥਾਪਿਤ ਕਰਨਾ ਸੀ। ਇਹ ਸੱਚ ਹੈ ਕਿ ਉਸਨੇ ਖੁਸਰੋ ਸ਼ਾਹ ਦੇ ਸਹਾਇਕਾਂ ਦਾ ਨਿਰਦਇਤਾ ਨਾਲ ਨਿਸ਼ਕਾਸਿਤ ਕਰਾ ਦਿੱਤਾ ਪਰ ਦੂਸਰੇ ਗੁਣਵਾਨ ਲੋਕਾਂ ਅਤੇ ਅਧਿਕਾਰੀਆਂ ਦੇ ਨਾਲ ਕੁਝ ਦਇਆਪੂਰਣ ਵਿਵਹਾਰ ਕੀਤਾ। ਉਸਨੇ ਉਨ੍ਹਾਂ ਸਭ ਨੂੰ ਉਨ੍ਹਾਂ ਦੀਆਂ ਜਮੀਨਾਂ ਵਾਪਸ ਕਰ ਦਿੱਤੀਆਂ ਜਿਨ੍ਹਾਂ ਨੂੰ ਅਲਾਉਦੀਨ ਖਿਲਜੀ ਨੇ ਖੋਹ ਲਈਆਂ ਸਨ। ਉਸਨੇ ਯਾਚਨਾ ਕਰਤਾਵਾਂ ਅਤੇ ਜਾਗੀਰਾਂ ਦੇ ਮਾਮਲੇ ਵਿਚ ਇਕ ਗੁਪਤ ਜਾਂਚ ਦੀ ਆਗਿਆ ਦਿੱਤੀ ਅਤੇਰਾਜ ਦੇ ਅਧੀਨ ਸਭ ਗੈਰ–ਕਾਨੂੰਨੀ ਚੰਦੇ ਨੂੰ ਜਬਤ ਕਰ ਲਿਆ। ਉਸਨੇ ਉਸ ਖਜਾਨੇ ਦੀ ਹਾਨੀ–ਪੂਰਤੀ ਕਰਨ ਦੀ ਇੱਛਾ ਵੀ ਕੀਤੀ ਜਿਸ ਨੂੰ ਖੁਸਰੋ ਸ਼ਾਹ ਨੇ ਫਿਜੂਲ ਖਰਚੀ ਨਾਲ ਵਿਗਾੜਿਆ ਸੀ ਜਾਂ ਉਸਦੇ ਪਤਨ ਦੇ ਬਾਦ ਅਸ਼ਾਂਤੀ ਦੇ ਸਮੇਂ ਲੁੱਟ ਲਿਆ ਸੀ। ਇਸ ਕੰਮ ਵਿਚ ਉਹ ਬਹੁਤ ਜ਼ਿਆਦਾ ਸਫਲ ਵੀ ਹੋਇਆ। ਬਹੁਤ ਸਾਰੇ ਸ਼ੇਖਾਂ ਨੇ ਉਹ ਧੰਨ ਉਸਨੂੰ ਵਾਪਸ ਕਰ ਦਿੱਤਾ ਜਿਹੜਾ ਉਨ੍ਹਾਂ ਨੇ ਖੁਸਰੋ ਸ਼ਾਹ ਤੋਂ ਬੜੀ ਮਾਤਰਾ ਵਿਚ ਪ੍ਰਾਪਤ ਕੀਤਾ ਸੀ। ਪਰ ਸ਼ੇਖ ਨਿਜਾਮੁਦੀਨ ਔਲਿਆ ਨੇ ਜਿਸਨੇ ਪੰਜ ਲੱਖ ਟੰਕੇ ਪ੍ਰਾਪਤ ਕੀਤੇ ਸਨ ਇਸ ਅਧਾਰ

ਨੋਟ

ਉੱਤੇ ਧੰਨ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸਨੇ ਉਹ ਸਾਰਾ ਧੰਨ ਦਾਨ ਕਰ ਦਿੱਤਾ ਹੈ। ਗਾਜੀ ਮਲਿਕ ਨੂੰ ਇਹ ਗੱਲ ਦਿਲਚਸਪ ਨਹੀਂ ਦਿਖਾਈ ਦਿੱਤੀ ਪਰ ਉਹ ਸ਼ੇਖ ਨੂੰ ਉਸਦੀ ਲੋਕਪ੍ਰਿਯਤਾ ਦੇ ਕਾਰਨ ਕੋਈ ਦੰਡ ਨਹੀਂ ਦੇ ਸਕਿਆ। ਉਸਨੇ ਸ਼ੇਖ ਦੀ ਇਸ ਆਧਾਰ ਤੇ ਨਿੰਦਾ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ "ਆਨੰਦਮਈ ਰਾਗਾਂ ਅਤੇ ਦਰਵੇਸ਼ਾਂ ਦੇ ਨ੍ਰਿਤ ਵਿਚ ਮਸਤ ਰਹਿੰਦਾ ਹੈ ਅਤੇ ਇਸ ਢੰਗ ਦੀ ਭਗਤੀ ਨੂੰ ਸੰਸਥਾਪਿਤ ਪਰਮ ਦੇ ਕੱਟੜ ਸੁੰਨੀ ਲੋਕ ਗੈਰ-ਕਾਨੂੰਨੀ ਸਮਝਦੇ ਸਨ।" ਪਰ ਉਸਨੂੰ ਅਪਣੇ ਉਦੇਸ਼ ਵਿਚ ਸਫਲਤਾ ਪ੍ਰਾਪਤ ਨਹੀਂ ਹੋ ਸਕੀ ਕਿਉਂਕਿ 53 ਧਰਮ ਵਿਦਵਾਨ ਜਿਨ੍ਹਾਂ ਨੇ ਉਸ ਨਾਲ ਵਾਦ-ਵਿਵਾਦ ਕੀਤਾ, ਸ਼ੇਖ ਦੇ ਕੰਮਾਂ ਵਿਚ ਕੋਈ ਦੋਸ਼ ਨਹੀਂ ਪਾਇਆ।

ਭ੍ਰਿਸ਼ਟਾਚਾਰ ਜਾਂ ਠੱਗੀ ਨੂੰ ਰੋਕਣ ਲਈ ਗਾਜੀ ਮਲਿਕ ਨੇ ਅਪਣੇ ਅਧਿਕਾਰੀਆਂ ਨੂੰ ਚੰਗੀ ਤਨਖਾਹ ਦਿੱਤੀ ਅਤੇ ਕੇਵਲ ਉਨ੍ਹਾਂ ਦੇ ਅਹੁਦੇ ਦੀ ਤਰੱਕੀ ਸਵੀਕਾਰ ਕੀਤੀ ਜਿਨ੍ਹਾਂ ਨੇਅਪਣੀ ਵਫਾਦਾਰੀ ਅਤੇ ਯੋਗਤਾ ਦਾ ਸਬੂਤ ਦਿੱਤਾ। ਇਨਾਮ ਵੰਡਣ ਦੇ ਸਮੇਂ ਉਸਨੇ ਵਰਗ, ਯੋਗਤਾ ਤੇ ਸੇਵਾ ਦੇ ਕਾਲ ਉੱਤੇ ਵਿਚਾਰ ਕੀਤਾ। ਉਸਨੇ ਸਾਰੇ ਈਰਖਾਲੂ ਖਿਆਤੀਆਂ ਨੂੰ ਹਟਾ ਦਿੱਤਾ। ਗਾਜੀ ਮਲਿਕ ਇਕ ਦ੍ਰਿੜ ਫੈਸਲੇ ਕਰਨ ਵਾਲਾ ਸ਼ਾਸਕ ਸੀ। ਉਹ ਇਕ ਸਾਧੂ ਅਤੇ ਬੁੱਧੀਮਾਨ ਸ਼ਾਸਕ ਸੀ ਜਿਹੜਾ ਰਾਜ ਦੇ ਮਹੱਤਵਪੂਰਣ ਮਾਮਲਿਆਂ ਵਿਚ ਅਪਣੇ ਵਾਦ-ਵਿਵਾਦ ਕਰਨ ਵਾਲਿਆਂ ਦੀ ਸਦਾ ਸਲਾਹ ਲੈਂਦਾ ਸੀ।

*ਕੀ ਤੁਸੀਂ ਜਾਣਦੇ ਹੋ* ਗਯਾਸੁਦੀਨ ਤੁਗਲਕ ਦੀ ਮਾਤਾ ਪੰਜਾਬ ਦੀ ਇਕ ਜਾਟ ਮਹਿਲਾ ਸੀ।

ਜਿੱਥੇ ਤਕ ਉਸਦੀ ਆਰਥਿਕ ਨੀਤੀ ਦਾ ਸੰਬੰਧ ਹੈ ਭੂਮੀ-ਕਰ ਇਕੱਠਾ ਕਰਨ ਦੇ ਲਈ ਬੋਲੀ ਦਿਲਵਾਉਣ (System of Farming of Taxes) ਬੰਦ ਕਰ ਦਿੱਤੀ। ਮਾਲ ਗੁਜਾਰੀ ਦੀ ਬੋਲੀ ਦੇਣ ਵਾਲਿਆਂ ਨੂੰ ਦੀਵਾਨ-ਏ-ਵਿਜਾਰਤ ਤਕ ਸਿਫ਼ਾਰਸ਼ ਪਹੁੰਚਾਣ ਦੀ ਇਜਾਜਤ ਨਹੀਂ ਦਿੱਤੀ। ਮਾਲ ਗੁਜਾਰੀ ਇਕੱਠਾ ਕਰਨ ਵਾਲਿਆਂ ਨੂੰ ਅਤਿਆਚਾਰ ਤੋਂ ਰੋਕਿਆ ਗਿਆ। ਅਮੀਰ ਅਤੇ ਮਲਿਕ ਅਪਣੇ ਪ੍ਰਾਂਤਾਂ ਦੀ ਮਾਲਗੁਜਾਰੀ ਦਾ 1/15 ਤੋਂ ਵੱਧ ਹਿੱਸਾ ਨਹੀਂ ਲੈ ਸਕਦੇ ਸਨ। ਕਾਰਕੁਨੋ ਤੇ ਮੁਤਸਰ ਸਰਿਫੋਂ ਨੂੰ 5 ਤੋਂ 10 ਪ੍ਰਤੀ ਹਜਾਰ ਤੋਂ ਵੱਧ ਲੈਣ ਦੀ ਇਜਾਜਤ ਨਹੀਂ ਦਿੱਤੀ ਗਈ। ਇਹ ਆਗਿਆ ਦਿੱਤੀ ਗਈ ਕਿ ਦੀਵਾਨ-ਏ-ਵਿਰਾਜਤ ਕਿਸੀ ਇਕਤਾ (Iqta) ਦੀ ਮਾਲਗੁਜਾਰੀ ਇਕ ਸਾਲ ਵਿਚ 1/10 ਜਾਂ 1/11 ਤੋਂ ਵੱਧ ਨਾ ਵਧਾਈ ਜਾਵੇ। ਜੇਕਰ ਕੋਈ ਵਾਧਾ ਆਵਸ਼ਕ ਹੋਵੇ ਤਾਂ ਉਹ ਕਈ ਸਾਲਾਂ ਵਿਚ ਕੀਤਾ ਜਾਵੇ। ਬਰਨੀ (Barani) ਸਾਨੂੰ ਇਹ ਦੱਸਦਾ ਹੈ ਕਿ "ਖਿਰਾਜ ਇਕ ਦਮ ਨਹੀਂ ਵਰਨ ਬਹੁਤ ਸਾਰੇ ਸਾਲਾਂ ਵਿਚ ਵਧਣਾ ਚਾਹੀਦਾ ਸੀ, ਕਿਉਂਕਿ ਐਸਾ ਨਾ ਕਰਨ ਤੋਂ ਦੇਸ਼ ਨੂੰ ਹਾਨਂ ਹੁੰਦੀ ਹੈ ਤੇ ਉਨੰਤੀ ਦਾ ਰਸਤਾ ਰੁਕ ਜਾਂਦਾ ਹੈ।" ਇਕ ਦੂਸਰੀ ਆਗਿਆ ਇਸ ਪ੍ਰਕਾਰ ਸੀ – "ਜਾਗੀਰਦਾਰਾਂ ਤੇ ਹਕੀਮਾਂ ਨੂੰ ਇਸ ਮਾਮਲੇ ਵਿਚ ਸਾਵਧਾਨ ਰਹਿਣ ਦੇ ਆਦੇਸ਼ ਸਨ ਕਿ ਉਹ ਖਿਰਾਜਾਂ ਨੂੰ ਇਸ ਤਰ੍ਹਾਂ ਇਕੱਠਾ ਕਰਨ ਜਿਸ ਨਾਲ ਖੁਤ (Khuts) ਅਤੇ ਮੁਕੱਦਮ ਲੋਕ ਰਾਜਕੀਅ ਕਰਜ ਦੇ ਇਲਾਵਾ ਜਨਤਾ ਉੱਤੇ ਜ਼ਿਆਦਾ ਭਾਰ ਨਾਂ ਪਾ ਸਕਣ। ਅਕਾਲ ਦੇ ਸਮੇਂ ਕਰਾਂ ਵਿਚ ਭਾਰੀ ਰਕਮਾਂ ਦੀ ਛੁੱਟ ਦਿੱਤੀ ਜਾਂਦੀ ਸੀ ਅਤੇ ਭੂਮੀ-ਕਰ ਨਾ ਦੇਣ ਵਾਲਿਆਂ ਨਾਲ ਬੜੀ ਉਦਾਰਤਾ ਨਾਲ ਵਿਵਹਾਰ ਕੀਤਾ ਜਾਂਦਾ ਸੀ। ਧਨ ਦੇ ਲਈ ਕਿਸੇ ਵਿਅਕਤੀ ਨੂੰ ਕੈਦ ਵਿਚ ਨਹੀਂ ਰੱਖਿਆ ਜਾਂਦਾ ਸੀ ਅਤੇ ਰਾਜ ਦੁਆਰਾ ਹਰੇਕ ਐਸੀ ਸੁਵਿਧਾ ਦਿੱਤੀ ਜਾਂਦੀ ਸੀ ਜਿਹੜੀ ਲੋਕਾਂ ਨੂੰ ਬਿਨਾਂ ਕਿਸੀ ਅਸੁਵਿਧਾ ਜਾਂ ਤਕਲੀਫ ਦੇ ਅਪਣੇ ਫਰਜਾਂ ਦਾ ਪਾਲਣ ਕਰਨ ਦੇ ਯੋਗ ਬਣਾ ਸਕੇ।"

ਭੂਮੀ ਨੂੰ ਨਾਪਣ ਦੀ ਪ੍ਰਥਾ ਬੰਦ ਕਰ ਦਿੱਤੀ ਗਈ ਕਿਉਂਕਿ ਇਸ ਦਾ ਪਾਲਣ ਸੰਤੋਸ਼ਜਨਕ ਨਹੀਂ ਸੀ ਅਤੇ ਇਹ ਆਦੇਸ਼ ਦਿੱਤਾ ਗਿਆ ਕਿ ਭੂਮੀ ਕਰ ਉਗਾਉਣ ਵਾਲੇ ਖੁਦ ਕਰ ਨਿਰਧਾਰਿਤ ਕਰਨ। ਗਾਜੀ ਮਲਿਕ ਨੇ ਖੇਤੀ ਦੇ ਅਧੀਨ ਜ਼ਿਆਦਾ ਭੂਮੀ ਨੂੰ ਲਿਆਉਣ ਦੇ ਵੀ ਤਰੀਕੇ ਕੀਤੇ। ਇਸ ਦਾ ਵਿਚਾਰ ਇਹ ਸੀ ਕਿ ਭੂਮੀ ਕਰ ਵਧਾਉਣ ਦਾ ਸਭ ਤੋਂ ਚੰਗਾ ਰਸਤਾ "ਖੇਤੀ ਦਾ ਪ੍ਰਸਾਰ ਹੈ, ਮੰਗ ਦਾ ਵਾਧਾ ਨਹੀਂ।" ਉਸ ਦੀ ਨੀਤੀ ਦਾ ਨਤੀਜਾ ਇਹ ਹੋਇਆ ਕਿ ਬਹੁਤ ਸਾਰੀ ਬੇਕਾਰ ਭੂਮੀ ਵਿੱਚ ਖੇਤੀ ਹੋਣ ਲੱਗੀ। ਖੇਤਾਂ ਦੀ ਸਿੰਚਾਈ ਦੇ ਲਈ ਨਹਿਰਾਂ ਵੀ ਪੁੱਟੀਆਂ ਗਈਆਂ। ਉਧਾਨ ਵੀ ਲਗਾਏ ਗਏ। ਕਿਸਾਨਾਂ ਨੂੰ ਲੁਟੇਰਿਆਂ ਤੋਂ ਬਚਾਉਣ ਲਈ ਦੁਰਗਾ ਦਾ ਨਿਰਮਾਣ ਵੀ ਕੀਤਾ ਗਿਆ। ਬਾਜਾਨੀ ਦੇ ਵੇਰਵੇ ਤੋਂ ਪਤਾ ਲੱਗਦਾ ਹੈ ਕਿ ਸਾਰੇ ਵਰਗ ਦੇ ਨਾਲ ਇਕੋ ਜਿਹਾ ਵਿਵਹਾਰ ਨਹੀਂ ਕੀਤਾ ਜਾਂਦਾ ਸੀ। ਇਹ ਵੀ ਪਤਾ ਲੱਗਾ ਹੈ ਕਿ ਕੁਝ ਸ਼੍ਰੇਣੀਆਂ ਦੇ ਲੋਕਾਂ 'ਤੇ "ਇਸ ਲਈ ਕਰ ਲਗਾਇਆ ਜਾਂਦਾ ਸੀ ਕਿ ਉਹ ਜ਼ਿਆਦਾ ਧਨ ਦੇ ਕਾਰਨ ਘਮੰਡ ਨਾਲ ਅੰਨ੍ਹੇ ਨਾ ਬਣ ਜਾਣ ਅਤੇ ਅਸੰਤੁਸ਼ਟ ਜਾਂ ਉਪਦ੍ਰਵੀ ਨਾ ਹੋ ਜਾਣ ਅਤੇ ਦੂਸਰੇ ਪਾਸੇ ਕਿਤੇ ਇੰਨੇ ਗਰੀਬ ਵੀ ਨਾ ਹੋ ਜਾਣ ਕਿ ਗਰੀਬੀ ਦੇ ਕਾਰਨ ਆਪਣਾ ਕਾਰੋਬਾਰ ਤੱਕ ਨਾ ਚਲਾ ਸਕਣ।"

ਗਾਜੀ ਮਲਿਕ ਨੇ ਰਾਜ ਦੇ ਸਾਰੇ ਵਿਭਾਗਾਂ ਦੇ ਵੱਲ ਧਿਆਨ ਦਿੱਤਾ। ਨਿਆਇਕ ਤੇ ਪੁਲਿਸ ਵਿਭਾਗ ਏਨੇ ਮਾਹਿਰ ਸਨ ਕਿ ਭੇੜੀਆ ਬੱਕਰੀ ਦੇਬੱਚੇ ਨੂੰ ਪਕੜਣ ਦਾ ਹੌਸਲਾ ਨਹੀਂ ਕਰ ਸਕਦਾ ਸੀ ਅਤੇ ਸ਼ੇਰ ਤੇ ਹਿਰਨ ਇੱਕ ਹੀ ਘਾਟ ਉੱਤੇ ਪਾਣੀ ਪੀਂਦੇ ਸਨ। "ਅਲਾਉਦੀਨ ਦੁਆਰਾ ਚਲਾਈ ਗਈਚੇਹਰਾ ਤੇ ਦਾਗ ਵਿਵਸਥਾ ਜਾਰੀ ਰੱਖੀ ਗਈ। ਇਕ ਬਹੁਤ ਸੁਚੱਜੀ ਡਾਕ ਵਿਵਸਥਾ ਦੀ ਸਥਾਪਨਾ ਵੀ ਕੀਤੀ ਗਈ। ਡਾਕ ਸੰਦੇਸ਼ਵਾਹਕ ਅਤੇ ਘੋੜ ਸਵਾਰ ਦੁਆਰਾ ਲੈ ਜਾਈ ਜਾਂਦੀ ਸੀ ਜਿਨ੍ਹਾਂ ਨੂੰ ਮੀਲ ਦੇ

2/3 ਹਿੱਸਿਆ ਅਤੇ 6 ਜਾਂ 8 ਮੀਲ ਦੀ ਦੂਰੀ ਤੇ ਸਾਰੇ ਰਾਜ ਵਿਚ ਯੋਜਨਾਬੱਧ ਰੱਖਿਆ ਜਾਂਦਾ ਸੀ। ਸਮਾਚਾਰ ਇਕ ਦਿਨ ਵਿਚ ਸੌ ਮੀਲ ਦੀ ਗਤੀ ਨਾਲ ਚਲਦੇ ਸਨ। ਗਾਜੀ ਮਲਿਕ ਨੇ ਗਰੀਬਾਂ ਦੀ ਸਹਾਇਤਾ ਵਿਵਸਥਾ ਵੀ ਕੀਤੀ। ਉਸਨੇ ਧਾਰਮਿਕ ਸੰਸਥਾਵਾਂ ਅਤੇ ਸਾਹਿੱਤਕਾਰਾਂ ਨੂੰ ਰੱਖਿਆ ਵੀ ਦਿੱਤੀ। ਅਮੀਰ ਖੁਸਰੋਂ ਉਸ ਦਾ ਰਾਜ ਕਵੀ ਸੀ ਅਤੇ ਉਸਨੂੰ ਰਾਜ ਤੋਂ 1000 ਟੰਕੇ ਪੈਨਸ਼ਨ ਪ੍ਰਤੀ ਮਹੀਨਾ ਮਿਲਦੀ ਸੀ।"

ਗਾਜੀ ਮਲਿਕ ਨੇ "ਅਪਣੇ ਦਰਬਾਰ ਨੂੰ ਐਸਾ ਕਠੋਰ ਤੇ ਸ਼ਾਨਦਾਰ ਬਣਾ ਦਿੱਤਾ ਜਿੰਨ੍ਹਾਂ ਕਿ ਉਹ ਸ਼ਾਇਦ ਬਲਬਨ ਦੇ ਸਿਵਾਏ ਹੋਰ ਕਿਸੇ ਸਮੇਂ ਵਿਚ ਨਹੀਂ ਰਿਹਾ।" ਉਸਨੇ ਉਦਾਰਤਾ ਅਤੇ ਬੁੱਧੀਮਤਾ ਦਿਖਾਈ। ਕੋਈ ਹੈਰਾਨੀ ਨਹੀਂ ਕਿ ਅਮੀਰ ਖੁਸਰੋ ਨੇ ਉਸਦੀ ਪ੍ਰਸੰਸਾ ਇਨ੍ਹਾਂ ਸ਼ਬਦਾਂ ਵਿਚ ਕੀਤੀ ਹੈ - "ਉਸਨੇ ਕਦੇ ਕੋਈ ਐਸਾ ਕੰਮ ਨਹੀਂ ਕੀਤਾ ਜਿਹੜਾ ਬੁੱਧੀਮਤਾ ਯੁਕਤ ਹੋਵੇ। ਉਸਦੇ ਮਾਮਲੇ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਹ ਰਾਜਮੁਕਟ ਦੇ ਹੇਠਾਂ ਸੈਂਕੜੇ ਉਪਦੇਸ਼ਕਾਂ ਦੀ ਯੋਗਤਾ ਦੇ ਬਰਾਬਰ ਦਿਮਾਗ ਰੱਖਦਾ ਸੀ।

**ਵਿਦੇਸ਼ ਨੀਤੀ** (Foreign Policy) : ਵਿਚ ਗਾਜੀ ਮਲਿਕ ਮਹਾਨ ਵਿਜੇਤਾ (Annexationist) ਸੀ। ਉਹ ਉਨ੍ਹਾਂ ਸਭ ਰਾਜਾਂ ਨੂੰ ਅਪਣੇ ਸਵਾਮੀਪਣ ਵਿਚ ਰੱਖਣ ਲਈ ਦ੍ਰਿੜ ਸੀ, ਜਿਨ੍ਹਾਂ ਨੇ ਦਿੱਲੀ ਸਲਤਨਤ ਦੀ ਸ਼ਕਤੀ ਦਾ ਨਜ਼ਰਅੰਦਾਜ ਕੀਤਾ।"

1. ਅਪਣੀ ਇਸ ਨੀਤੀ ਦਾ ਮਕਸਦ ਬਣਾਉਣ ਲਈ ਉਸਨੇ 1321 ਈ. ਵਿਚ ਅਪਣੇ ਪੁੱਤਰ ਜੁਨਾਖਾਨ ਨੂੰ (ਬਾਦ ਵਿਚ ਮੁਹੱਮਦ ਤੁਗਲਕ) ਵਾਰੰਗਲ ਦੇ ਪ੍ਰਤਾਪ ਰੁਦਰਦੇਵ ਦੇਵੀਤਥ ਨੂੰ ਦਬਾਉਣ ਲਈ ਭੇਜਿਆ ਜਿਸਨੇ ਅਲਾਉਦੀਨ ਖਿਲਜੀ ਦੀ ਮ੍ਰਿਤੂ ਦੇ ਬਾਦ ਅਰਾਜਕਤਾ ਵਿਚ ਅਪਣੀ ਸ਼ਕਤੀ ਵਧਾ ਲਈ ਸੀ ਅਤੇ ਦਿੱਲੀ ਦੀ ਸਰਕਾਰ ਨੂੰ ਨਿਸ਼ਚਿਤ ਕਰ ਦੇਣ ਲਈ ਇੰਨਕਾਰ ਕਰ ਦਿੱਤਾ ਸੀ। ਉਸਨੇ ਵਾਰੰਗਲ ਦੇ ਕੱਚੇ ਕਿਲ੍ਹੇ ਨੂੰ ਘੇਰ ਲਿਆ ਪਰ ਹਿੰਦੂਆਂ ਨੇ ਸਾਹਸ ਅਤੇ ਦ੍ਰਿੜ ਵਿਸ਼ਵਾਸ ਨਾਲ ਉਸਦੀ ਰੱਖਿਆ ਕੀਤੀ। ਮਹਾਮਾਰੀ ਅਤੇ ਖੜਯੰਤਰ ਦੇ ਕਾਰਣ ਜੂਨਾ ਖਾਨ ਨੂੰ ਬਿਨਾਂ ਸਫਲਤਾ ਪ੍ਰਾਪਤ ਕੀਤੇ ਵਾਪਸ ਆਉਣਾ ਪਿਆ। ਬਾਰਾਨੀਅਤੇ ਯਾਹਿ-ਯਾ-ਬਿਨ-ਅਹਮਦ ਦੇ ਅਨੁਸਾਰ ਜਿਨ੍ਹਾਂ ਦਾ ਨਿਜਾਮੁਦੀਨ ਅਹਮਦ, ਬਦਾਯੁਨੀ ਅਤੇ ਫਰਿਸ਼ਤਾ ਨੇ ਅਪਣਾਇਆ ਹੈ, ਉਹ ਖੜਯੰਤਰ ਸੈਨਾ ਵਿਚ ਕੁਝ ਗੱਦਾਰਾਂ ਦੇ ਕਾਰਣ ਹੋਏ ਸਨ ਪਰ ਇਬਨਬਤੂਤਾ (Ibnbatuta) ਸਾਨੂੰ ਇਹ ਦੱਸਦਾ ਹੈ ਕਿ ਉਨ੍ਹਾਂ ਖੜਯੰਤਰਾਂ ਦੀ ਜਿੰਮੇਦਾਰੀ ਖੁਦ ਰਾਜਕੁਮਾਰ ਜੂਨਾ ਖਾਨ ਉਤੇ ਹੋਣੀ ਚਾਹੀਦੀ ਸੀ ਜਿਹੜਾ ਸਿੰਘਾਸਨ ਖੋਹਣ ਦਾ ਇਰਾਦਾ ਰੱਖਦਾ ਸੀ। ਸਰ ਵਲੱਜਲੇ ਹੇਗ (Sir Wolseley Haig), ਕੈਂਮਬ੍ਰਿਜ ਹਿਸਟਰੀ ਔਫ ਇੰਡੀਆ ਅੰਕ 3 ਦੇ ਯੋਗ ਸੰਪਾਦਕ ਇਬਨਬਤੂਤਾ ਦੇ ਵਿਚਾਰ ਨੂੰ ਸਵੀਕਾਰ ਕਰਦੇ ਹਾਂ। ਪਰ ਡਾ. ਈਸ਼ਵਰੀ ਪ੍ਰਸਾਦਿ ਅਪਣੇ "ਕਰੌਨਾ ਤੁਰਕਾਂ ਦਾ ਇਤਿਹਾਸ" ਵਿਚ ਇਸ ਵਿਚਾਰ ਨੂੰ ਸਵੀਕਾਰ ਨਹੀਂ ਕਰਦੇ।

ਜੂਨਾ ਖਾਨ ਦਿੱਲੀ ਲੌਟ ਆਉਣ ਦੇ ਚਾਰ ਮਹੀਨੇ ਬਾਦ ਇਕ ਹੋਰ ਅਭਿਯਾਨ ਦੇ ਨੇਤਰਤਵ ਵਿਚ ਇਕ ਵਾਰ ਫਿਰ ਵਾਰੰਗਲ ਭੇਜਿਆ। ਇਹ ਘਟਨਾ 1323 ਈ. ਦੀ ਹੈ। ਜੂਨਾਖਾਨ ਨੇ ਬੀਦਰ ਉੱਤੇ ਅਧਿਕਾਰ ਕਰ ਲਿਆ ਅਤੇ ਉਹ ਵਾਰੰਗਲ ਦੇ ਵੱਲ ਵਧਿਆ। ਹਿੰਦੂਆਂ ਨੇ ਬੜੀ ਦ੍ਰਿੜਤਾ ਨਾਲ ਯੁੱਧ ਲੜਿਆ ਪਰ ਉਹ ਆਕ੍ਰਮਣਕਾਰੀਆਂ ਦੇ ਵਿਰੁਧ ਅਸਫਲ ਰਹੇ ਅਖੀਰ ਪ੍ਰਤਾਪ ਰੁਦਰਦੇਵ ਦਿਵੀਤਯ, ਉਸਦਾ ਪਰਿਵਾਰ ਅਤੇ ਅਧਿਕਾਰੀ ਆਦਿ ਆਕ੍ਰਮਣਕਾਰੀਆਂ ਨੇ ਬੰਦੀ ਬਣਾ ਲਏ। ਰਾਜਾ ਨੂੰ ਦਿੱਲੀ ਭੇਜ ਦਿੱਤਾ ਗਿਆ। ਵਾਰੰਗਲ ਦਾ ਕਾਕਤੀਆ ਸਾਮਰਾਜ ਜਿਸ ਨੂੰ ਗਾਜੀ ਮਲਿਕ ਨੇ ਅਪਣੇ ਸਾਮਰਾਜ ਵਿਚ ਨਹੀਂ ਮਿਲਾਇਆ ਸੀ। ਬਹੁਤ ਸਾਰੇ ਜਿਲ੍ਹਿਆਂ ਵਿਚ ਵੰਡ ਦਿੱਤਾ ਗਿਆ ਅਤੇ ਵੱਖ ਵੱਖ ਤੁਰਕੀ ਸਰਦਾਰਾਂ ਅਤੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ। ਵਾਰੰਗਲ ਦਾ ਨਾਮ ਬਦਲ ਕੇ ਸੁਲਤਾਨਪੁਰ ਕਰ ਦਿੱਤਾ ਗਿਆ।

2. ਜਦੋਂ ਰਾਜ ਕੁਮਾਰ ਜੂਨਾ ਖਾਂ ਦਿੱਲੀ ਵਾਪਿਸ ਆ ਰਿਹਾ ਸੀ, ਉਸ ਨੇ ਦਿੱਲੀ ਵਿੱਚ ਉਤਕਲ ਰਾਜ 'ਤੇ ਹਮਲਾ ਕੀਤਾ ਅਤੇ 50 ਹਾਥੀ ਅਤੇ ਬਹੁਤ ਸਾਰੀ ਬਹੁਮੁੱਲੀ ਵਸਤਾਂ ਉਤੇ ਅਧਿਕਾਰ ਕਰ ਲਿਆ।

3. ਗਾਜੀ ਮਲਿਕ ਨੂੰ ਬੰਗਾਲ ਵਿਚ ਵੀ ਦਖਲ ਅੰਦਾਜੀ ਕਰਨੀ ਪਈ। ਸ਼ਮਸੁਦੀਨ ਫਿਰੋਜਸ਼ਾਹ (Sham-ud-Din Firoz Shah) ਦੇ ਤਿੰਨੇ ਪੁੱਤਰ ਗਯਾਸੁਦੀਨ, ਸ਼ਹਾਬੁਦੀਨ ਅਤੇ ਨਸੀਰੁਦੀਨ ਦੇ ਵਿਚਕਾਰ ਗ੍ਰਹਿ ਯੁੱਧ ਚੱਲ ਰਿਹਾ ਸੀ। ਗਯਾਸੁਦੀਨ ਜਿਹੜਾ ਪੂਰਬੀ ਬੰਗਾਲ ਦਾ ਸੂਬੇਦਾਰ ਸੀ ਨੇ ਸ਼ਹਾਬੁਦੀਨ ਨੂੰ ਹਟਾ ਦਿੱਤਾ ਅਤੇ 1319 ਈ. ਵਿਚ ਲਖਨੌਤੀ ਦੀ ਗੱਦੀ ਉਤੇ ਅਧਿਕਾਰ ਜਮਾ ਲਿਆ। ਨਸੀਰੁਦੀਨ ਨੂੰ ਗੱਦੀ ਲੈਣ ਦੀ ਚਾਹ ਸੀ ਇਸਲਈ ਉਸਨੇ ਦਿੱਲੀ ਦੇ ਸੁਲਤਾਨ ਤੋਂ ਸਹਾਇਤਾ ਦੀ ਪ੍ਰਾਰਥਨਾ ਕੀਤੀ। ਉਸਨੇ ਪ੍ਰਾਰਥਨਾ ਨੂੰ ਸਵੀਕਾਰ ਕਰ ਲਿਆ ਅਤੇ ਖੁਦ ਬੰਗਾਲ ਦੇ ਵੱਲ ਵਧਿਆ। ਗਯਾਸੁਦੀਨ ਹਾਰ ਗਿਆ ਅਤੇ ਉਸਨੂੰ ਬੰਦੀ ਬਣਾ ਲਿਆ ਗਿਆ। ਨਸੀਰੁਦੀਨ ਨੂੰ ਪੱਛਮੀ ਬੰਗਾਲ ਦੇ ਸਿੰਘਾਸਨ ਉਤੇ ਦਿੱਲੀ ਦੀ ਅਧੀਨਤਾ ਵਿਚ ਬੈਠਾ ਦਿੱਤਾ ਗਿਆ ਅਤੇ ਪੂਰਬੀ ਬੰਗਾਲ ਨੂੰ ਦਿੱਲੀ ਰਾਜ ਵਿਚ ਮਿਲਾ ਲਿਆ। ਦਿੱਲੀ ਵਾਪਸ ਆਉਂਦੇ ਹੋਏ ਗਾਜੀ ਮਲਿਕ ਨੇ ਤਿਰਹੁਤ (ਮਿਥਿਲਾ) ਦੇ ਰਾਜਾ ਹਰੀ ਸਿੰਘ ਦੇਵ ਨੂੰ ਸਵਾਮੀਪਣ ਮੰਨਣ ਲਈ ਮਜਬੂਰ ਕੀਤਾ। ਇਸ ਪ੍ਰਕਾਰ ਤਿਰਹੁਤ ਵੀ ਦਿੱਲੀ ਸਲਤਨਤ ਦਾ ਇਕ ਹਿੱਸਾ (Fief) ਬਣ ਗਿਆ।

4. 1324 ਈ. ਵਿਚ ਮੰਗੋਲਾਂ ਨੇ ਉੱਤਰੀ ਭਾਰਤ ਉਤੇ ਆਕ੍ਰਮਣ ਕੀਤਾ ਪਰ ਉਨ੍ਹਾਂ ਨੂੰ ਹਰਾ ਕੇ ਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਪਕੜ ਕੇ ਦਿੱਲੀ ਲਿਆਂਦਾ ਗਿਆ।

**ਗਯਾਸੁਦੀਨ ਦੀ ਮ੍ਰਿਤੂ** (Death of Ghias-ud-Din) : ਜਦੋਂ ਗਾਜੀ ਮਲਿਕ ਬੰਗਾਲ ਵਿਚ ਸੀ ਉਸਨੂੰ ਅਪਣੇ ਪੁੱਤਰ ਜੂਨਾਖਾਨ ਦੇ ਦੇਵੀ ਦੇਵਤਾ ਦੇ ਵਿਸ਼ੇ ਵਿਚ ਖਬਰ ਮਿਲੀ। ਅਪਣੇ ਲਈ ਇਕ ਸ਼ਕਤੀਸ਼ਾਲੀ ਦਲ ਬਣਾਉਣ ਦੇ ਵਿਚਾਰ ਨਾਲ ਜੂਨਾਖਾਨ ਅਪਣੇ

ਨੋਟ

ਨੌਕਰਾਂ ਦੀ ਸੰਖਿਆ ਵਧਾ ਰਿਹਾ ਸੀ। ਉਹ ਸ਼ੇਖ ਨਿਜਾਮੁਦੀਨ ਔਲੀਆ ਜਿਸਦੇ ਨਾਲ ਉਸਦੇ ਪਿਤਾ ਦੇ ਸੰਬੰਧ ਚੰਗੇ ਨਹੀ ਸਨ ਦਾ ਚੇਲਾ ਬਣ ਗਿਆ। ਕਿਹਾ ਜਾਂਦਾ ਹੈ ਕਿ ਸ਼ੇਖ ਨੇ ਇਕ ਭਵਿੱਖਵਾਣੀ ਕੀਤੀ ਸੀ ਕਿ ਰਾਜਕੁਮਾਰ ਜੁਨਾਖਾਨ ਬਹੁਤ ਜਲਦੀ ਦਿੱਲੀ ਦਾ ਸੁਲਤਾਨ ਹੋਵੇਗਾ। ਦੂਜੇ ਜੋਤਸ਼ੀਆਂ ਨੇ ਵੀ ਦੱਸਿਆ ਕਿ ਗਾਜੀ ਮਲਿਕ ਦਿੱਲੀ ਨਹੀਂ ਪਹੁੰਚ ਸਕੇਗਾ। ਗਾਜੀ ਮਲਿਕ ਜਲਦੀ ਨਾਲ ਬੰਗਾਲ ਤੋਂ ਦਿੱਲੀ ਵਾਪਸੀ ਲਈ ਚੱਲਾ। ਰਾਜਕੁਮਾਰ ਜੁਨਾ ਖਾਨ ਨੇ ਅਫ਼ਗਾਨਪੁਰ ਦਿੱਲੀ ਤੋਂ 6 ਮੀਲ ਦੀ ਦੂਰੀ ਉੱਤੇ ਇਕ ਪਿੰਡ ਵਿਚ ਇਕ ਲਕੜੀ ਦਾ ਭਵਨ ਅਪਣੇ ਪਿਤਾ ਦਾ ਸਵਾਗਤ ਕਰਨ ਲਈ ਬਣਵਾਇਆ। ਭਵਨ ਇਸ ਢੰਗ ਦਾ ਬਣਾਇਆ ਗਿਆ ਕਿ ਉਹ ਇੱਕ ਖਾਸਸਥਾਨ ਤੇ ਹਾਥੀਆਂ ਦੇ ਛੂਹਣ ਦੇ ਨਾਲ ਗਿਰ ਜਾਏ। ਗਾਜੀ ਮਲਿਕ ਦਾ ਪੰਡਾਲ ਦੇ ਹੇਠਾਂ ਸਵਾਗਤ ਕੀਤਾ ਗਿਆ। ਭੋਜਨ ਦੇ ਬਾਦ ਜੁਨਾ ਖਾਨ ਨੇ ਅਪਣੇ ਪਿਤਾ ਗਾਜੀ ਮਲਿਕ ਨੂੰ ਬੰਗਾਲ ਤੋਂ ਲਿਆਂਦੇ ਗਏ ਹਾਥੀ ਨੂੰ ਦੇਖਣ ਦੀ ਪ੍ਰਾਰਥਨਾ ਕੀਤੀ। ਗਾਜੀ ਮਲਿਕ ਦੇ ਸਵੀਕਾਰ ਕਰਨ ਉਤੇ ਉਸਦੇ ਸਾਹਮਣੇ ਹਾਥੀਆਂ ਦਾ ਪ੍ਰਦਰਸ਼ਨ ਕੀਤਾ ਗਿਆ। ਜਿਵੇਂ ਹੀ ਹਾਥੀ ਭਵਨ ਦੇ ਉਸ ਹਿੱਸੇ ਦੇ ਸੰਪਰਕ ਵਿਚ ਆਏ, ਜਿਹੜਾ ਗਿਰ ਜਾਣ ਦੇ ਉਦੇਸ਼ ਨਾਲ ਬਣਾਇਆ ਗਿਆ ਸੀ ਸਾਰਾ ਪੰਡਾਲ ਗਿਰ ਗਿਆ। ਗਾਜੀ ਮਲਿਕ ਅਪਣੇ ਦੂਜੇ ਪੁੱਤਰ ਰਾਜਕੁਮਾਰ ਮਹਮੂਦ ਖਾਨ ਦੇ ਨਾਲ ਕੁਚਲਿਆ ਗਿਆ। ਗਾਜੀ ਮਲਿਕ ਮਹਮੂਦ ਖਾਨ ਦੇ ਸਰੀਰ ਦੇ ਵੱਲ ਝੁਕਿਆ ਹੋਇਆ ਦੇਖਿਆ ਗਿਆ। ਐਸਾ ਅਨੁਭਵ ਹੁੰਦਾ ਸੀ ਕਿ ਉਹ ਉਸਦੀ ਰੱਖਿਆ ਕਰਨਾ ਚਾਹੁੰਦਾ ਸੀ। ਇਹ ਕਿਹਾ ਜਾਂਦਾ ਹੈ ਕਿ ਜੁਨਾਖਾਨ ਨੇ ਜਾਣ ਬੁੱਝ ਕੇ ਗਿਰੇ ਹੋਏ ਹਿੱਸੇ ਨੂੰ ਹਟਾਉਣ ਵਿਚ ਦੇਰੀ ਕਰਵਾਈ।

ਗਾਜੀ ਮਲਿਕ ਦੀ ਮ੍ਰਿਤੂ ਦੀ ਘਟਨਾ ਦੇ ਸੰਬੰਧ ਵਿਚ ਵੱਖ ਵੱਖ ਮਤ ਹਨ। ਬਰਨੀ ਕੇਵਲ ਇਹ ਦੱਸਦਾ ਹੈ ਕਿ ਆਕਾਸ਼ ਤੋਂ ਇਕ ਮੁਸੀਬਤ ਦੀ ਬਿਜਲੀ ਸੁਲਤਾਨ ਉਤੇ ਗਿਰੀ ਅਤੇ ਉਹ ਪੰਜ ਜਾਂ ਛੇ ਸਾਥੀਆਂ ਦੇ ਨਾਲ ਢੇਰ ਦੇ ਹੇਠਾਂ ਕੁਚਲਿਆ ਗਿਆ। ਇਲਿਯਟ (Elliot) ਦੇ ਅਨੁਵਾਦ ਤੋਂ ਇਹ ਜਾਣਕਾਰੀ ਹੁੰਦੀ ਹੈ ਕਿ ਬਿਜਲੀ ਛੱਤ ਉਪਰ ਗਿਰੀ ਅਤੇ ਸਾਰਾ ਭਵਨ ਝਟਕੇ ਦੇ ਨਾਲ ਭੂਮੀ ਉੱਤੇ ਗਿਰ ਗਿਆ। ਇਬਨਬਤੂਤਾ ਜਿਹੜਾ 1333 ਈ. ਵਿਚ ਭਾਰਤ ਵਰਸ਼ ਆਇਆ ਨਿਸ਼ਚਿਤ ਹੀ ਸਾਨੂੰ ਦੱਸਦਾ ਹੈ ਕਿ ਰਾਜਕੁਮਾਰ ਜੁਨਾ ਖਾਨ ਅਪਣੇ ਪਿਤਾ ਦੀ ਮ੍ਰਿਤੂ ਦਾ ਕਾਰਣ ਸੀ। ਉਸਦੇ ਗਿਆਨ ਦਾ ਸੋਮਾ ਸ਼ੇਖ ਰੁਕਨਦੀਨ ਮੁਲਤਾਨੀ ਸੀ ਜਿਹੜਾ ਉਸ ਸਮੇਂ ਸਮਰਾਟ ਦੇ ਨਾਲ ਹਾਜਿਰ ਸੀ। ਉਹ ਸਾਨੂੰ ਇਹ ਵੀ ਦੱਸਦਾ ਹੈ ਕਿ ਰਾਜਕੁਮਾਰ ਜੁਨਾ ਖਾਨ ਨੇ ਜਾਣ ਬੁੱਝ ਕੇ ਉਨ੍ਹਾਂ ਕਾਰੀਗਰਾਂ ਨੂੰ ਬੁਲਾਉਣ ਵਿਚ ਦੇਰ ਕੀਤੀ ਜਿਨ੍ਹਾਂ ਨੇ ਔਜਾਰਾਂ ਦੀ ਮਦਦ ਨਾਲ ਸੁਲਤਾਨ ਦਾ ਸਰੀਰ ਬਾਹਰ ਕੱਢਿਆ। ਇਬਲਬਤੂਤਾ ਸਾਨੂੰ ਇਹ ਵੀ ਦੱਸਦਾ ਹੈ ਕਿ ਭਵਨ ਦਾ ਨਿਰਮਾਣ ਅਹਮਦ ਅਯਾਜ ਨੇ ਕਰਵਾਇਆ ਜਿਸਨੂੰ ਸੁਲਤਾਨ ਬਣਨ ਉਤੇ ਜੁਨਾ ਖਾਨ ਨੇ ਮੁੱਖ ਮੰਤਰੀ ਬਣਾਇਆ ਸੀ। ਹਾਲਾਤਾਂ ਦੇ ਸਬੂਤ ਵੀ ਇਬਨਬਤੂਤਾ ਦੇ ਪੱਖ ਵਿਚ ਹਨ। ਉਸਦਾ ਅਪਣਾ ਕੋਈ ਸੁਆਰਥ ਦਿਖਾਈ ਨਹੀਂ ਦਿੰਦਾ। ਨਿਜਾਮੁਦੀਨ ਅਹਮਦ ਸਾਨੂੰ ਇਹ ਦੱਸਦਾ ਹੈ ਕਿ ਜਲਦੀ ਨਾਲ ਭਵਨ ਦਾ ਨਿਰਮਾਣ ਇਹ ਸੰਦੇਹ ਉਤਪੰਨ ਕਰਦਾ ਹੈ ਕਿ ਰਾਜਕੁਮਾਰ ਜੁਨਾ ਖਾਨ ਹੀ ਅਪਣੇ ਪਿਤਾ ਦੀ ਮ੍ਰਿਤੂ ਦੇ ਲਈ ਜ਼ਿੰਮੇਵਾਰ ਹੈ। ਗਾਜੀ ਮਲਿਕ ਦੀ ਮ੍ਰਿਤੂ ਉਸ ਖੜਯੰਤਰ ਦੇ ਕਾਰਨ ਹੋਈ ਜਿਸਨੂੰ ਰਚਣ ਵਾਲੇ ਨਿਜਾਮੁਦੀਨ ਔਲਿਆ ਅਤੇ ਰਾਜਕੁਮਾਰ ਜੁਨਾ ਖਾਨ ਸਨ। ਇਸਾਮੀ (Isami), ਇਕ ਸਮਕਾਲੀਨ ਲੇਖਕ, ਨਿਜਾਮੁਦੀਨ ਅਹਮਦ ਦਾ ਸਮਰਥਣ ਕਰਦਾ ਹੈ। ਅਬੁਲ ਫਜਲ ਅਤੇ ਬਦਾਯੂਨੀ ਵੀ ਜੁਨਾ ਖਾਨ ਦੇ ਖੜਯੰਤਰ ਉਤੇ ਸੰਦੇਹ ਕਰਦੇ ਹਨ। ਡਾ. ਈਸ਼ਵਰੀ ਪ੍ਰਸਾਦਿ ਦਾ ਇਹ ਵਿਚਾਰ ਹੈ ਕਿ ਇਹ ਸੋਚਣ ਦੇ ਮਜਬੂਤ ਕਾਰਨ ਹਨ ਕਿ ਸੁਲਤਾਨ ਦੀ ਮ੍ਰਿਤੂ ਉਸ ਖੜਯੰਤਰ ਦੇ ਕਾਰਣ ਹੋਈ ਜਿਸ ਵਿਚ ਜੁਨਾ ਖਾਨ ਨੇ ਹਿੱਸਾ ਲਿਆ ਅਤੇ ਇਹ ਕਿਸੀ ਅਚਾਨਕ ਘਟਨਾ ਦਾ ਫਲ ਨਹੀਂ ਸੀ। ਸਰ ਵੂਲਜਲੇ ਹੇਗ ਦਾ ਵੀ ਇਹੋ ਵਿਚਾਰ ਹੈ ਕਿ ਸੁਲਤਾਨ ਦੀ ਮ੍ਰਿਤੂ ਇਕ ਖੜਯੰਤਰ ਦਾ ਨਤੀਜਾ ਸੀ ਜਿਸਨੂੰ ਜੁਨਾਂ ਖਾਨ ਨੇ ਚਤਰਾਈ ਦੇ ਨਾਲ ਰਚਿਆ ਸੀ। ਪਰ ਡਾ. ਮੇਂਹਦੀ ਹਸਨ ਦਾ ਇਹ ਵਿਚਾਰ ਹੈ ਕਿ ਭਵਨ ਖੁਦ ਹੀ ਗਿਰ ਗਿਆ। ਇਸ ਵਿਚ ਰਾਜਕੁਮਾਰ ਜੁਨਾ ਖਾਨ ਦਾ ਕਦੀ ਵੀ ਕੋਈ ਹੱਥ ਨਹੀਂ ਸੀ। ਪਰ ਸਰਵਸਨਮਾਨ ਮਤ ਇਹ ਹੈ ਕਿ ਰਾਜਕੁਮਾਰ ਜੁਨਾ ਖਾਨ ਹੀ ਅਪਣੇ ਪਿਤਾ ਦੀ ਮ੍ਰਿਤੂ ਦੇ ਲਈ ਜ਼ਿੰਮੇਵਾਰ ਸੀ।

*ਟਾਸਕ* ਗਯਾਸੁਦੀਨ ਤੁਗਲਕ ਦੀ ਮੌਤ ਕਿਸ ਤਰ੍ਹਾਂ ਹੋਈ?

**ਮੁਲਅਾਂਕਨ** (Estimate) : ਗਾਜੀ ਮਲਿਕ ਇਕ ਅਨੁਭਵੀ ਸੈਨਿਕ ਅਤੇ ਯੋਗ ਸੈਨਾਪਤੀ ਸੀ। ਉਹ ਅਪਣੀ ਯੋਗਤਾ ਅਤੇ ਕਠੋਰ ਮਿਹਨਤ ਦੇ ਹੀ ਕਾਰਣ ਏਨੇ ਉੱਚੇਸਥਾਨ ਉੱਤੇ ਪਹੁੰ ਸਕਿਆ। ਉਸਨੇਅਪਣੇ ਰਾਜ ਵਿਚ ਚੰਗੀ ਵਿਵਸਥਾ ਸਥਾਪਿਤ ਕੀਤੀ ਅਤੇ ਐਸੇ ਵੱਖ-ਵੱਖ ਕੰਮ ਕੀਤੇ ਜਿਨ੍ਹਾਂ ਦਾ ਉਦੇਸ਼ ਜਨਤਾ ਦੇ ਸੁਖ ਅਤੇ ਖੁਸ਼ਹਾਲੀ ਨੂੰ ਵਧਾਇਆ ਜਾ ਸਕੇ। ਉਸਦੇ ਸ਼ਾਸਨਕਾਲ ਵਿਚ ਲੋਕਾਂ ਨੂੰ ਆਰਥਿਕ ਖੁਸ਼ਹਾਲੀ ਪ੍ਰਾਪਤ ਹੋਈ। ਨਿਆਂ ਕਰਨ ਲਈ ਦਿਨ ਵਿਚ ਦੋ ਵਾਰ ਦਰਬਾਰ ਲਗਾਉਂਦਾ ਸੀ। ਅਪਣੇ ਦਰਬਾਰੀਆਂ ਮਿਤਰਾਂ, ਸਹਿਯੋਗੀਆਂ ਦੇ ਪ੍ਰਤੀ ਉਹ ਉਦਾਰ ਸੀ। ਪਰ ਹਿੰਦੂਆਂ ਦੇ ਪ੍ਰਤੀ ਉਹ ਕਠੋਰ ਸੀ। ਅਪਣੇ ਆਕ੍ਰਮਣਾ ਦੇ ਸਮੇਂ ਵਿਚ ਉਹ ਮੰਦਰਾਂ ਨੂੰ ਨਸ਼ਟ ਕਰਨ ਅਤੇ ਮੂਰਤੀਆਂ ਨੂੰ ਤੋੜਨ ਲੱਗ ਜਾਂਦਾ ਸੀ। ਉਹ ਇਕ ਕਠੋਰ ਸੁੰਨੀ ਮੁਸਲਮਾਨ ਸੀ। ਉਹ ਗਿਆਨ ਦਾ ਪਰੇਮੀ ਸੀ ਅਤੇ ਉਸਦੇ ਦਰਬਾਰ ਵਿਚ ਵਿਦਵਾਨ ਅਤੇ ਕਵੀ ਸਨ। ਉਸਨੇ ਅਪਣੀ ਰਾਜਧਾਨੀ ਤੁਗਲਕਾਬਾਦ ਵਿਚ ਕਿਲ੍ਹੇ ਦੇ ਰੂਪ ਵਿਚ ਇੱਕ ਰੋਚਕ ਸਮਾਰਕ ਛੱਡਿਆ ਜਿਹੜਾ ਉਸਨੇ ਅਪਣੇ ਲਈ ਉਸ ਸਥਾਨ ਤੋਂ ਲਗਭਗ 10 ਮੀਲ ਦੂਰ ਦੱਖਣ ਦੇ ਵੱਲ

ਨੋਟ

ਬਣਵਾਇਆ, ਜਿਹੜਾ ਸ਼ਾਹਜਹਾਨ ਨੇ ਅਪਣੀ ਰਾਜਧਾਨੀ ਦੇ ਲਈ ਚੁਣਿਆ ਸੀ। ਉਸਨੇਅਪਣੇ ਸਿੰਘਾਸਨ ਉਤੇ ਬੈਠਣ ਤੋਂ ਬਾਦ ਇਸ ਨਗਰ ਦੀ ਨੀਂਹ ਰੱਖੀ ਅਤੇ ਤੇਲੰਗਾਨਾ ਉਤੇ ਅਪਣੀ ਵਿਜੈ ਦੀ ਖਬਰ ਪਾਉਣ ਤੋਂ ਪਹਿਲਾਂ ਹੀ ਉਸਨੇ ਇਸ ਨੂੰ ਪੂਰਾ ਵੀ ਕਰ ਦਿੱਤਾ। ਇਬਨਬਤੁਤਾ ਸਾਨੂੰ ਇਹ ਦੱਸਦਾ ਹੈ ਕਿ "ਇਥੇ ਤੁਗਲਕਾਂ ਦੇ ਖਜਾਨੇ ਅਤੇ ਮਹਲ ਸਨ ਅਤੇ ਉਹ ਵਿਸ਼ਾਲ ਉਹ ਮਹਲ ਜਿਹੜੇ ਨੂੰ ਉਸਨੇ ਚਮਕਦੀ ਹੋਈ ਇੱਟਾਂ ਨਾਲ ਬਣਵਾਇਆ, ਜਦੋਂ ਸੂਰਜ ਨਿਕਲਦਾ ਸੀ ਤਾਂ ਇਸ ਤਰ੍ਹਾਂ ਚਮਕਦਾ ਸੀ ਕਿ ਕੋਈ ਵੀ ਉਸ ਵੱਲ ਅੱਖਾਂ ਖੋਲ ਕੇ ਨਹੀਂ ਸੀ ਦੇਖ ਸਕਦਾ ਸੀ। ਉੱਥੇ ਉਸਨੇ ਮਹਾਨ ਕੋਸ਼ ਇਕੱਠਾ ਕੀਤਾ ਅਤੇ ਇਹ ਦੱਸਿਆ ਗਿਆ ਸੀ ਕਿ ਉਥੇ ਉਸਨੇ ਇਕ ਤਲਾਬ ਵੀ ਬਣਵਾਇਆ ਜਿਸ ਵਿਚ ਉਸਨੇ ਪਿਘਲਾ ਹੋਇਆ ਸੋਨਾ ਪਾਇਆ ਜਿਸ ਨਾਲ ਇਕ ਠੋਸ ਢੇਰ ਜਿਹਾ ਬਣ ਗਿਆ। ਉਸ ਦਾ ਪੁੱਤਰ ਮੁਹੰਮਦ ਸ਼ਾਹ ਜਦ ਸੁਲਤਾਨ ਬਣਿਆ ਤਦ ਉਸਨੂੰ ਇਹ ਪ੍ਰਾਪਤ ਹੋਇਆ। ਲਾਲ ਪੱਥਰ ਅਤੇ ਸਫ਼ੇਦ ਸੰਗਮਰਮਰ ਦਾ ਬਣਿਆ ਹੋਇਆ ਉਸ ਦਾ ਮਕਬਰਾ ਜਿਹੜਾ ਪੁਲ ਨਾਂਲ ਜੁੜਿਆ ਹੋਇਆ ਹੈ ਅਤੇ ਕਿਲ੍ਹੇ ਦੀਆਂ ਵਿਸਾਲ ਦੀਵਾਰਾਂ ਅਜੇ ਵੀ ਬਾਕੀ ਹਨ।

ਗਾਜੀ ਮਲਿਕ ਨੇ ਐਸੀ ਕਠੋਰ ਨੀਤੀ ਦਾ ਪਾਲਣ ਕੀਤਾ ਤੁਲਣਾਤਮਕ ਰੂਪ ਵਿਚ ਬਹੁਤ ਕੁਝ ਬਲਬਨ ਦੇ ਬਰਾਬਰ ਹੈ। ਉਸਨੇ ਅਪਣੇ ਆਪ ਨੂੰ ਵਿਲਾਸ ਤੋਂ ਵਾਂਝਾ ਰੱਖਿਆ। ਉਸਨੇ ਅਪਣੇ ਨੂੰ "ਸੁੰਦਰ ਬਿਨਾਂ ਦਾੜ੍ਹੀ ਵਾਲੇ ਕਿਸ਼ੋਰੋਂ" ਨੂੰ ਉਸ ਅਪਰਾਧ ਤੋਂ ਬਚਾਇਆ ਜਿਹੜਾ ਉਸ ਸਮੇਂ ਪ੍ਰਚਲਿਤ ਸੀ। ਉਸਨੇ ਸਰਵਜਨਿਕ ਜੀਵਨ ਅਤੇ ਰਾਜਕੀਅ ਕੰਮਾਂ ਵਿਚ ਬਲਬਨ ਅਤੇ ਔਰੰਗਜੇਬ ਜਿਹੇ ਅਤਿਆਚਾਰ ਆਡੰਬਰ ਅਤੇ ਤਾਕਤ ਨੂੰ ਵੱਖ ਰੱਖਿਆ।" ਅਪਣੇ ਛੋਟੇ ਜਿਹੇ ਸ਼ਾਸਨ ਕਾਲ ਵਿਚ ਉਸਨੇ ਉਹ ਅਮਮਾਨ ਦੇ ਧੱਬੇ ਨੂੰ ਮਿਟਾਉਣ ਦੀ ਬਹੁਤ ਹਿੰਮਤ ਕੀਤੀ ਜੋ ਦਿੱਲੀ ਦੇ ਸਾਮਰਾਜ 'ਤੇ ਪਿਆ ਹੋਇਆ ਸੀ, ਉਸ ਨੇ ਵਿਗੜੇ ਹੋਏ ਸ਼ਾਸਨ ਪ੍ਰਬੰਧ ਨੂੰ ਦੁਬਾਰਾ ਗਠਿਤ ਕਰਨ ਦਾ ਬਹੁਤ ਯਤਨ ਕੀਤਾ। ਉਸ ਨੇ ਰਾਜਸਵ ਦੀ ਉਸ ਸ਼ਕਤੀ ਅਤੇ ਮਰਿਯਾਦਾ ਨੂੰ ਪੁਨਰ ਸਥਾਪਿਤ ਕਰਨ ਦੀ ਬਹੁਤ ਮਿਹਨਤ ਕੀਤੀ ਜੋ ਖੁਸਰੋ ਸ਼ਾਹ ਦੇ ਸ਼ਾਸਨ ਕਾਲ ਵਿੱਚ ਲੱਗਭਗ ਖਤਮ ਹੋ ਚੁੱਕੀ ਸੀ।"

ਕਦੇ-ਕਦੇ ਗਾਜੀ ਮਲਿਕ ਦੀ ਤੁਲਣਾ ਜਲਾਲੁਦੀਨ ਫਿਰੋਜ ਖਿਲਜੀ ਨਾਲ ਵੀ ਕੀਤੀ ਜਾਂਦੀ ਹੈ। ਸਰਵੂਲਜਲੇ ਹੰਗ ਦੇ ਅਨੁਸਾਰ "ਦੋਵੇਂ ਬੁੱਢੇ ਯੋਧਾ ਸਨ ਜਿਨ੍ਹਾਂ ਨੂੰ ਇਸਲਾਮ ਦਾ ਰਾਜ ਸਥਾਪਿਤ ਕਰਨ ਦਾ ਜਿੰਮਾ ਦਿੱਤਾ ਸੀ। ਇਸਲਾਮ ਨੂੰ ਉਨ੍ਹਾਂ ਵੰਸ਼ਾਂ ਦੇ ਅੰਤ ਹੋਣ ਤੇ ਖੁਦ ਮਿਟਣ ਦਾ ਡਰ ਸੀ। ਇਸ ਧਰਮ ਨੇ ਉਨ੍ਹਾਂ ਦੀ ਲੰਬੇ ਸਮੇਂ ਤੋਂ ਸੇਵਾ ਕੀਤੀ ਸੀ। ਪਰ ਇੱਥੇ ਉਨ੍ਹਾਂ ਸੁਲਤਾਨਾਂ ਦੀ ਸਾਰੀ ਬਰਾਬਰੀ ਦਾ ਅੰਤ ਹੋ ਜਾਂਦਾ ਹੈ। ਫਿਰੋਜ ਜਦੋਂ ਗੱਦੀ ਉਤੇ ਬੈਠਿਆ ਤਦ ਉਸ ਦੀਆਂ ਸਾਰੀ ਸ਼ਕਤੀਆਂ ਕਮਜੋਰ ਹੋ ਗਈਆਂ ਸਨ। ਉਸਦੇ ਸ਼ਾਸਨ ਕਾਲ ਦੇ ਬਾਦ ਉਸਦੇ ਵੰਸ਼ ਦੇ ਇਤਿਹਾਸ ਦਾ ਅੰਤ ਹੋ ਜਾਂਦਾ, ਜੇਕਰ ਉਸਦੇ ਅਤਿਆਚਾਰ ਪਰ ਸਾਹਸੀ ਭਤੀਜੇ ਉਸ ਦਾ ਰਾਜ ਬਲਪੂਰਵਕ ਨਾਂ ਖੋਹ ਲਿਆ ਹੁੰਦਾ। ਇਸ ਦੇ ਉਲਟ ਤੁਗਲਕ ਸੁਲਤਾਨ ਬੁੱਢੇ ਹੁੰਦੇ ਹੋਏ ਵੀ ਅਪਣੇ ਦਿਮਾਗ ਦੇ ਪੂਰਨ ਵਿਕਾਸ ਵਿਚ ਸੀ ਅਤੇ ਉਸਦੇ ਥੋੜੇ ਸ਼ਾਸਨ ਕਾਲ ਵਿਚ ਫਿਰੋਜ ਦੀ ਤਰ੍ਹਾਂ ਕੋਈ ਵੀ ਨਫ਼ਰਤ ਭਰੀ ਬੁਰਾਈ ਦਿਖਾਈ ਨਾਂ ਦਿੰਦੀ। ਉਹ ਇਸ ਯੋਗ ਸੀ ਕਿ ਅਲਾਉਦੀਨ ਦੇ ਬਹੁਤ ਸਾਰੇ ਭਲਾਈ ਦੇ ਨਿਯਮਾਂ ਨੂੰ ਲਾਗੂ ਕਰ ਸਕੇ ਅਤੇ ਐਸੇ ਵੀ ਨਿਯਮ ਬਣਾ ਸਕੇ ਜਿਹੜੇ ਐਸੇ ਰਾਜ ਵਿਚ ਵਿਵਸਥਾ ਸਥਾਪਿਤ ਕਰ ਦੇਣ ਜਿਹੜੇ ਇਸਲਾਮ ਦੇ ਪ੍ਰਭਾਵ ਤੋਂ ਲਗਭਗ ਨਿਕਲ ਚੁੱਕਾ ਹੋਵੇ। ਉਹ ਤਾਰੀਖੇ-ਫਿਰੋਜ ਸ਼ਾਹੀ (Tarikh-i-Firoz Shahi), ਫਿਰੋਜ ਸ਼ਾਹ ਤੁਗਲਕ ਦੀ ਇੱਕ ਜੀਵਨ ਵਿਆਖਿਆ ਫਤੂਹਾਤ-ਏ-ਫਿਰੋਜ ਸ਼ਾਹੀ (Fatuhat-i-Firoz Shahi), ਏਨ-ਉਲ-ਮੁਲਕ ਮੁਲਤਾਨੀ (Ain-ul-Mulk Multani) ਦਾ ਮੁਨਸ਼ਤੇ ਮੈਹਰੂ (Munshat-I-Mahru), ਅਮੀਰ ਖੁਸਰੋ ਦਾ ਤੁਗਲਕ ਨਾਮਾ (Tughluq Nama) ਅਤੇ ਯਾਹਿਯਾ ਬਿਨ ਅਹਮਦ ਸਰਹਿੰਦੀ (Yahia-bin-Ahmad Sarhindi) ਦਾ ਤਾਰਖ-ਮੁਬਾਰਕ ਸ਼ਾਹੀ (Tarikh-i-Mubarak Shahi)।"

## 6.2 ਮੁਹੰਮਦ ਤੁਗਲਕ (Mohammad Tughluq)

**ਪ੍ਰਾਰੰਭਕ ਜੀਵਨ** (Early Life) – ਰਾਜਕੁਮਾਰ ਜੁਨਾ ਖਾਨ (Prince Juna Khan) ਜਿਹੜਾ ਮੁਹੰਮਦ-ਤੁਗਲਕ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਗਯਾਸੁਦੀਨ ਤੁਗਲਕ ਦਾ ਜਠੇਰਾ ਪੁੱਤਰ ਸੀ। ਉਸ ਦਾ ਪਾਲਣ ਪੋਸ਼ਣ ਇਕ ਸੈਨਿਕ ਦੀ ਤਰ੍ਹਾਂ ਹੋਇਆ ਸੀ ਅਤੇ ਉਸ ਨੇ ਉਸੀ ਵਿਚ ਆਪਣੇ ਨੂੰ ਪ੍ਰਸਿੱਧ ਕਰ ਲਿਆ। ਉਹ ਇਕ ਤੇਜ ਬੁੱਧੀ ਵਾਲਾ ਬਾਲਕ ਸੀ। ਖੁਸਰੋ ਸ਼ਾਹ ਦੁਆਰਾ ਉਸਨੂੰ "ਤਰੰਗਾ ਦਾ ਸਵਾਮੀ" ਨਿਯੁਕਤ ਕੀਤਾ ਗਿਆ ਸੀ। ਪਰ ਜੁਨਾ ਖਾਨ ਨੇ ਅਪਣੇ ਰੱਖਿਅਕ ਖੁਸਰੋ ਸ਼ਾਹ ਦੇ ਵਿਰੁਧ ਇਕ ਅੰਦੋਲਨ ਸ਼ੁਰੂ ਕਰ ਦਿੱਤਾ ਅਤੇ ਉਸਨੇ ਖੁਸਰੋ ਸ਼ਾਹ ਨੂੰ ਉਲਟ ਸੁੱਟਣ ਵਿਚ ਅਪਣੇ ਪਿਤਾ ਦੀ ਸਹਾਇਤਾ ਕੀਤੀ। ਜਦੋਂ 1320 ਈ. ਵਿਚ ਉਸ ਦਾ ਪਿਤਾ ਸਮਰਾਟ ਬਣ ਗਿਆ ਤਾਂ ਰਾਜਕੁਮਾਰ ਜੁਨਾ ਖਾਨ ਦੀ ਉਤੱਰਾਧਿਕਾਰੀ ਦੇ ਰੂਪ ਵਿਚ ਨਿਯੁਕਤੀ ਕੀਤੀ ਗਈ ਅਤੇ ਉਸਨੂੰ ਉਲਘ ਖਾਨ (Ulugh Khan) ਦੀ ਉਪਾਧੀ ਵੀ ਦਿੱਤੀ ਗਈ। ਉਸਨੇ 1322 ਈ. ਅਤੇ 1323 ਈ. ਵਿਚ ਵਾਰੰਗਲ ਵਿਚ ਦੋ ਅਭਿਯਾਨਾਂ ਦਾ ਨੇਤਰਤਵ ਕੀਤਾ ਅਤੇ ਹਾਲਾਂਕਿ ਉਹ ਅਪਣੇ ਪਹਿਲੇ ਅਭਿਯਾਨ ਵਿਚ ਅਸਫ਼ਲ ਰਿਹਾ, ਫਿਰ ਵੀ ਉਹ ਦੂਜੇ ਅਭਿਯਾਨ ਵਿਚ ਸਫ਼ਲ ਹੋਇਆ। ਉਸਨੇ 1325 ਈ. ਵਿਚ ਅਪਣੇ ਪਿਤਾ ਦੀ ਮ੍ਰਿਤੂ ਦੇ ਜਲਦੀ ਬਾਦ ਹੀਅਪਣੇ ਨੂੰ ਗੱਦੀ ਉਤੇ ਵਿਰਾਜਮਾਨ ਕੀਤਾ। ਚਾਲ੍ਹੀ ਦਿਨ ਉਹ ਤੁਗਲਕਾਬਾਦ ਵਿਚ ਰਿਹਾ, ਉਸ ਤੋਂ ਬਾਦ ਉਹ ਦਿੱਲੀ ਨਗਰ ਵੱਲ ਵਧਿਆ ਅਤੇ ਅਪਣੇ ਨੂੰ ਬਲਬਨ ਦੇ ਲਾਲ ਮਹਿਲ ਵਿਚ ਰੱਖਿਆ। ਉਸਨੇ ਅਪਣੇ ਮੁਕੁਟ ਸਮਾਰੋਹ ਦੇ ਸਮੇਂ ਸੋਨੇ ਅਤੇ ਚਾਂਦੀ ਦੇ ਸਿੱਕੇ ਲੋਕਾਂ ਵਿਚ ਵੰਡੇ।

ਨੋਟ

1. **ਗ੍ਰਹਿ ਨੀਤੀ** (Domestic Policy) – ਅਸੀਂ ਮੁਹੰਮਦ ਤੁਗਲਕ ਦੇ ਸ਼ਾਸਨ ਕਾਲ ਦੀਆਂ ਘਟਨਾਵਾਂ ਦਾ ਅਧਿਐਨ ਦੋ ਬਾਹਰੀ ਹਿੱਸਿਆਂ ਵਿਚ ਕਰ ਸਕਦੇ ਹਾਂ ਉਸਦੀ ਗ੍ਰਹਿ ਨੀਤੀ ਅਤੇ ਉਸਦੀ ਵਿਦੇਸ਼ ਨੀਤੀ ਜਿੱਥੇ ਤਕ ਗ੍ਰਹਿ ਨੀਤੀ ਦਾ ਸੰਬੰਧ ਹੈ ਮੁਹੰਮਦ ਤੁਗਲਕ ਆਪਣੇ ਸ਼ਾਸਨ ਕਾਲ ਦੇ ਆਦਿ ਸਮੇਂ ਤੋਂ ਹੀ ਅਪਣੇ ਸ਼ਾਸਨ ਪ੍ਰਬੰਧ ਦੇ ਵਿਸਥਾਰ ਨੂੰ ਦੇਖਣ ਲੱਗਾ ਸੀ ਉਸਨੇ ਸਭ ਤੋਂ ਪਹਿਲਾਂ ਅਪਣੇ ਰਾਜ ਦੀ ਮਾਲਗੁਜਾਰੀ ਅਤੇ ਪ੍ਰਾਂਤਾਂ ਦੇ ਸੰਬੰਧੀ ਰਜਿਸਟਰਾਂ ਦੇ ਤਿਆਰ ਕਰਨ ਦਾ ਆਦੇਸ਼ ਦਿੱਤਾ। ਪ੍ਰਾਂਤਾਂ ਦੇ ਸ਼ਾਸਕਾਂ ਨੂੰ ਇਹ ਆਵਸ਼ਕ ਹੋ ਗਿਆ ਕਿ ਉਹ ਸਾਰੀ ਸੰਬੰਧਤ ਲਿਖਤ ਰਿਕਾਰਡ ਅਤੇ ਉਸ ਕੰਮ ਦੇ ਸੰਬੰਧ ਹੋਰ ਸਾਮਗ੍ਰੀਆਂ ਦਿੱਲੀ ਭੇਜਣ। ਨਤੀਜਾ ਇਹ ਹੋਇਆ ਕਿ ਆਮਦਨੀ ਅਤੇ ਖਰਚ ਦੇ ਸਾਰਾਂਸ਼ ਸਾਮਰਾਜ ਦੇ ਵੱਖ-ਵੱਖ ਹਿੱਸਿਆਂ ਤੋਂ ਦਿੱਲੀ ਆਉਣ ਲੱਗੇ ਅਤੇ ਠੀਕ ਪ੍ਰਕਾਰ ਨਾਲ ਕੰਮ ਹੋਣ ਲੱਗਾ।

2. **ਦੋਆਬ ਵਿਚ ਕਰ** (Taxation in the Doab) – ਸੁਲਤਾਨ ਨੇ ਗੰਗਾ ਅਤੇ ਯਮੁਨਾ ਦੇ ਵਿਚ ਦੋਆਬ ਵਿਚ ਇਕ ਵਿੱਤ-ਵਿਵਸਥਾ ਦਾ ਪ੍ਰਯੋਗ ਕੀਤਾ ਜਿਸ ਦਾ ਵਾਦ-ਵਿਵਾਦ ਠੀਕ ਨਹੀਂ ਸੀ। ਉਸਨੇ ਕੇਵਲ ਕਰ ਦੀ ਦਰ ਹੀ ਨਹੀਂ ਵਧਾਈ ਉਸਨੇ ਕੁਝ ਹੋਰ ਚਮਕੀਲੀ ਸ਼ਾਨ ਵਾਲੀ ਜਾਂ ਰਾਜਸੰਪੱਤੀ (Cesses) ਦਾ ਪੁਨਰਜੀਵਨ ਅਤੇ ਨਿਰਮਾਣ ਵੀ ਕੀਤਾ। ਲਾਗੂ ਕੀਤੀ ਹੋਈ ਧੰਨ-ਰਾਸ਼ੀ ਦੇ ਮਾਮਲੇ ਵਿਚ ਸਮਕਾਲੀਨ ਅਤੇ ਆਗਾਮੀ ਮੁਸਲਿਮ ਲੇਖਕਾਂ ਦੀ ਵਿਆਖਿਆ ਵਿਚ ਕੁਝ ਅਸ਼ੱਪਸ਼ਟਤਾ ਅਤੇ ਵਿਸ਼ੇਸ਼ਤਾਵਾਂ ਹਨ। ਬਾਰਾਨੀ ਕਹਿੰਦਾ ਹੈ ਕਿ ਕਰਾਂ ਨੂੰ 10 ਤੋਂ 20 ਗੁਣਾ ਤਕ ਅਧਿਕ ਵਧ ਵਧਾ ਦਿੱਤਾ ਗਿਆ ਸੀ। ਇਲਿਯਟ ਦੇ ਅਨੁਵਾਦ ਵਿਚ ਇਹ 10% ਜਾਂ 5% ਦੱਸੀ ਗਈ ਹੈ। ਤਾਰੀਖ-ਏ-ਮੁਬਾਰਕ ਸ਼ਾਹੀ ਵਿਚ ਇਹ ਦੱਸਿਆ ਗਿਆ ਹੈ ਕਿ ਵਾਧਾ 20 ਗੁਣਾ ਸੀ ਅਤੇ ਇਸ ਵਿਚ ਛੋਟਾ-ਕਿਲ੍ਹਾ ਜਾਂ ਮਕਾਨ ਜਾਂ ਚਰਾਹੀ ਕਰ ਵੀ ਜੁੜੇ ਸਨ। ਬਦਾਯੂਨੀ ਦੇ ਅਨਸਾਰ ਕਰਾਂ ਨੂੰ ਦੁੱਗਣਾ ਕਰ ਦਿੱਤਾ ਗਿਆ ਸੀ। ਇਨ੍ਹਾਂ ਹਾਲਾਤਾਂ ਵਿਚ ਅੱਜ-ਕਲ ਦੇ ਲੇਖਕਾਂ ਨੇ ਇਹ ਇਸ਼ਾਰਾ ਕੀਤਾ ਹੈ ਕਿ ਬਹੁਤ ਜ਼ਿਆਦਾ ਕਰ 5% ਤੋਂ ਵਧ ਨਹੀਂ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਦੋਆਬ ਦੇ ਲੋਕਾਂ ਉਤੇ ਸੁਲਤਾਨ ਦੁਆਰਾ ਇਨ੍ਹਾਂ ਜ਼ਿਆਦਾ ਕਰਾਂ ਦੇ ਲਗਾਏ ਜਾਣ ਦਾ ਮਕਸਦ ਦੰਡਾਤਮਕ (Punitive) ਨਹੀਂ ਸੀ ਜਿਸ ਤਰ੍ਹਾਂ ਕਿ ਬਦਾਯੂਨੀ (Badauni) ਅਤੇ ਸਰ ਵੂਲਜਾਲੇ ਹੇਗ ਨੇ ਦੱਸਿਆ ਹੈ "ਇਹ ਸੈਨਾ ਸ਼ਕਤੀ ਵਧਾਉਣ ਅਤੇ ਕੁਸ਼ਲ ਆਧਾਰਾਂ ਉਤੇ ਸ਼ਾਸਨ ਪ੍ਰਬੰਧ ਸੰਗਠਿਤ ਕਰਨ ਲਈ ਕੀਤਾ ਗਿਆ ਸੀ।" ਚਾਹੇ ਕੁਝ ਵੀ ਸੱਚ ਹੋਵੇ ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਕੰਮ ਤੋਂ ਬਹੁਤ ਕਠਨਾਈ ਪੈਦਾ ਹੋਈ ਜਿਹੜੀ ਦੋਆਬ ਦੇ ਲੋਕਾਂ ਨੂੰ ਚੁੱਕਣੀ ਪਈ। ਬਾਰਾਨੀ ਸਾਨੂੰ ਦੱਸਦਾ ਹੈ ਕਿ "ਕਿਸਾਨਾਂ ਦੀ ਕਮਰ ਟੁੱਟ ਗਈ। ਉਹ ਜੋ ਧਨੀ ਸਨ ਉਪਦ੍ਰਵੀ ਹੋ ਗਏ ਭੂਮੀ ਬਰਬਾਦ ਹੋ ਗਈ ਅਤੇ ਖੇਤੀ ਦੀ ਤਰੱਕੀ ਰੁਕ ਗਈ। ਅਨਾਜ ਮਹਿੰਗਾ ਹੋ ਗਿਆ ਬਰਸਾਤ ਵਿਚ ਕਮੀ ਆਈ ਇਸ ਲਈ ਭੁਖਮਰੀ ਹਰ ਜਗ੍ਹਾ ਹੋ ਗਈ ਇਹ ਕਈ ਸਾਲਾਂ ਤਕ ਚਲਦਾ ਰਿਹਾ ਅਤ ਇਸ ਲਈ ਹਜਾਰਾਂ ਮਨੁੱਖ ਮਰ ਗਏ।" ਡਾਂ ਈਸ਼ਵਰੀ ਪ੍ਰਸਾਦਿ ਕਹਿੰਦੇ ਹਨ ਕਿ "ਬਦਕਿਸਮਤੀ ਨਾਲ ਇਸ ਤਰੀਕੇ ਨੂੰ ਐਸੇ ਸਮੇਂ ਵਿਚ ਲਾਗੂ ਕੀਤਾ ਗਿਆ ਸੀ ਜਦ ਕਿ ਦੋਆਬ ਵਿਚ ਕਠੋਰ ਭੁਖਮਰੀ ਚਲ ਰਹੀ ਸੀ, ਇਸ ਦੇ ਖਤਰਨਾਕ ਪਰਿਣਾਮਾਂ ਨੇ ਜਨਤਾ ਦੀ ਮੁਸ਼ਕਿਲਾਂ ਨੂੰ ਹੋਰ ਵੀ ਵਧਾ ਦਿੱਤਾ ਸੀ। ਇਹ ਸੁਲਤਾਨ ਨੂੰ ਦੋਸ਼ ਤੋਂ ਮੁਕਤ ਨਹੀਂ ਕਰਦਾ ਕਿਉਂਕਿ ਉਸਦੇ ਅਧਿਕਾਰੀ ਵਧੀ ਹੋਣ ਦਰ ਉਤੇ ਕਰ ਲਗਾਉਂਦੇ ਰਹੇ ਅਤੇ ਉਨ੍ਹਾਂ ਨੇ ਭੁਖਮਰੀ ਦੇ ਵੱਲ ਧਿਆਨ ਨਾ ਦਿੰਦੇ ਹੋਏ ਕਠੋਰਤਾ ਨਾਲ ਕੰਮ ਲਿਆ।" ਸੁਲਤਾਨ ਸਹਾਇਤਾ ਕਰਨ ਵਾਲੇ ਤਰੀਕੇ ਜਿਸ ਤਰ੍ਹਾਂ ਕਿਸਾਨਾਂ ਨੂੰ ਰਿਣ ਦੇਣ। ਖੂਹ ਖੁਦਵਾਉਣਾ ਅਤੇ ਬੰਜਰ ਭੂਮੀ ਨੂੰ ਠੀਕ ਰਾਜ ਪ੍ਰਬੰਧ ਅਤੇ ਵਿੱਤੀਅ ਸਹਾਇਤਾ ਦੇ ਆਧਾਰ ਉਤੇ ਸਮਾਧਾਨ ਕਰਨਾ ਅਤੇ ਖੇਤੀ ਬਾੜੀ ਦੇ ਕੰਮ ਵਿਚ ਲਾਉਣਾ ਬਹੁਤ ਦੇਰ ਵਿਚ ਲਾਗੂ ਹੋ ਸਕੇ। ਕਿਸਾਨ ਜਾਤੀ ਨੇ ਅਪਣੇ ਸਥਾਨ ਛੱਡ ਦਿੱਤੇ ਅਤੇ ਦੂਸਰੇ ਸਥਾਲਾਂ ਉਤੇ ਚਲੇ ਗਏ। ਸੁਲਤਾਨ ਬਹੁਤ ਰੁੱਸ ਗਿਆ ਅਤੇ ਉਸਨੇ ਕਿਸਾਨਾਂ ਨੂੰ ਉਨ੍ਹਾਂ ਦੇ ਵਾਸਤਵਿਕ ਸਥਾਨਾਂ ਉਤੇ ਵਾਪਸ ਆਉਣ ਲਈ ਬਹੁਤ ਕਠੋਰ ਗੀਤੀਆਂ ਦਾ ਪ੍ਰਯੋਗ ਕੀਤਾ। ਜਿੱਥੇ ਕਿ ਤੁਗਲਕ ਵੰਸ਼ ਦੇ ਭਵਿੱਖ ਨਾਲ ਸੰਬੰਧ ਹੈ ਇਨ੍ਹਾਂ ਸਭ ਦਾ ਬਹੁਤ ਬੁਰਾ ਅਸਰ ਪਿਆ।

3. ਸੁਲਤਾਨ ਨੇ ਖੇਤੀ ਦੇ ਇਕ ਨਵੇਂ ਵਿਭਾਗ ਦੀ ਸਥਾਪਨਾ ਕੀਤੀ ਜਿਸ ਨੂੰ ਦੀਵਾਨ-ਏ-ਕੋਹੀ (Diwan-i-kohi) ਕਹਿੰਦੇ ਸਨ। ਇਸ ਵਿਭਾਗ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਪ੍ਰਤੱਖ ਸਹਾਇਤਾ ਦੇ ਕੇ ਜ਼ਿਆਦਾ ਭੂਮੀ ਖੇਤੀ ਕੰਮ ਦੇ ਅਧੀਨ ਲੈਣਾ ਸੀ। 60 ਵਰਗ ਮੀਲ ਦੀ ਭੂਮੀ ਦਾ ਇਕ ਲੰਬਾ ਟੁਕੜਾ ਇਸ ਕੰਮ ਲਈ ਚੁਣਿਆ ਗਿਆ। ਭੂਮੀ 'ਤੇ ਖੇਤੀ ਕੀਤੀ ਗਈ ਅਤੇ ਹੇਰ-ਫੇਰ ਦੇ ਨਾਲ ਵੱਖ-ਵੱਖ ਫਸਲਾਂ ਦੀ ਉਪਜ ਕੀਤੀ ਗਈ। ਦੋ ਸਾਲਾਂ ਵਿੱਚ ਸਰਕਾਰ ਨੇ 70 ਲੱਖ ਤੋਂ ਜ਼ਿਆਦਾ ਖਰਚ ਕੀਤਾ। ਭੂਮੀ ਉਨ੍ਹਾਂ ਮਨੁੱਖਾਂ ਨੂੰ ਦਿੱਤੀ ਗਈ ਜਿਨ੍ਹਾਂ ਨੂੰ ਉਸ ਦੀ ਜ਼ਰੂਰਤ ਸੀ। ਬਦਕਿਸਮਤੀ ਨਾਲ ਇਹ ਪ੍ਰਯੋਗ ਵੀ ਅਸਫਲ ਰਿਹਾ। ਪ੍ਰਯੋਗ ਦੇ ਲਈ ਲਿਆ ਗਿਆ ਖੇਤ ਅਣਉਪਜਾਊ ਨਿਕਲਿਆ। ਤਿੰਨ ਸਾਲਾਂ ਦੇ ਸਮੇਂ ਵਿੱਚ ਵੀ ਕੋਈ ਪੱਕਾ ਨਤੀਜਾ ਨਾ ਦੇ ਸਕੀ। ਧਨ ਵੀ ਠੀਕ ਤਰ੍ਹਾਂ ਨਾਲ ਖਰਚ ਨਹੀਂ ਹੋਇਆ ਅਤੇ ਇਸ ਦਾ ਕਾਫੀ ਵੱਡਾ ਹਿੱਸਾ ਕੇਵਲ ਬੇਕਾਰ ਹੀ ਗਿਆ।

4. **ਦੌਲਤਾਬਾਦ ਦੇ ਲਈ ਰਾਜਧਾਨੀ ਦਾ ਸਥਾਨਾਂਤਰਣ (1327)** (Transfer of Capital) : ਇਕ ਬਹੁਤ ਮਹੱਤਵਪੂਰਨ ਪ੍ਰਯੋਗ ਜਿਹੜਾ ਸੁਲਤਾਨ ਨੇ ਕੀਤਾ ਉਹ ਦਿੱਲੀ ਤੋਂ ਦੌਲਤਾਬਾਦ ਦੇ ਲਈ ਰਾਜਧਾਨੀ ਦਾ ਬਦਲਣਾ ਹੈ। ਬਾਰਾਨੀ ਲਿਖਦਾ ਹੈ ਕਿ ਦੌਲਤਾਬਾਦ ਦੀ ਕੇਂਦਰੀ ਸਥਿਤੀ ਸੀ ਅਤੇ ਦਿੱਲੀ ਗੁਜਰਾਤ ਲਖਨੌਤੀ ਤੇਲਿੰਗਆਨਾ ਅਤੇ ਦੂਸਰੇ ਪ੍ਰਮੁੱਖ ਸਥਾਨਾਂ ਤੋਂ ਲਗਭਗ 700 ਮੀਲ ਦੂਰ ਸੀ। ਇਹ ਨਵੀਂ ਰਾਜਧਾਨੀ ਸਾਮਰਿਕ ਮਹੱਤਵ ਰੱਖਦੀ ਸੀ। ਇਹ ਮੰਗੋਲਾਂ ਦੇ ਆਕ੍ਰਮਣਾਂ ਤੋਂ ਸੁਰਖਿਅਤ ਵੀ ਸੀ ਜਿਹੜੇ ਸਥਾਈ ਰੂਪ ਵਿਚ ਦਿੱਲੀ ਨੂੰ ਧਮਕੀ ਦਿੰਦੇ ਰਹਿੰਦੇ ਸਨ। ਸੁਲਤਾਨ ਨੇ ਦੌਲਤਾਬਾਦ ਨੂੰ ਆਪਣੇ ਅਧਿਕਾਰੀਆਂ ਅਤੇ

ਨੋਟ

ਜਨਤਾ ਦੇ ਲਈ ਉਚਿਤ ਸਥਾਨ ਬਣਾਉਣ ਦਾ ਪੂਰਾ ਪ੍ਰਯਤਨ ਕੀਤਾ। ਉਨ੍ਹਾਂ ਸਭ ਨੂੰ ਜਿਨ੍ਹਾਂ ਨੇ ਦੌਲਤਾਬਾਦ ਲਈ ਰਵਾਨਗੀ ਕਰਨੀ ਸੀ। ਇਹ ਸਭ ਸੁਵਿਧਾਵਾਂ ਪ੍ਰਸਤੁਤ ਕੀਤੀ ਗਈਆਂ। ਉਨ੍ਹਾਂ ਦੀ ਆਸਾਨੀ ਦੇ ਲਈ ਇਕ ਵਿਸ਼ਾਲ ਸੜਕ ਬਣਾਈ ਗਈ। ਸੜਕ ਦੇ ਦੋਵੇਂ ਪਾਸੇ ਛਾਂਦਾਰ ਦਰਖੱਤ ਲਗਾਏ ਗਏ। ਦਿੱਲੀ ਅਤੇ ਦੌਲਤਾਬਾਦ ਦੇ ਵਿਚ ਇੱਕ ਸੁਵਿਵਸਥਿਤ ਡਾਕ ਵਿਵਸਥਾ ਦੀ ਸਥਾਪਨਾ ਕੀਤੀ ਗਈ।

ਪਰ ਜਦੋਂ ਦਿੱਲੀ ਦੇ ਲੋਕਾਂ ਨੇ ਦੌਲਤਾਬਾਦ ਜਾਣ ਵਿੱਚ ਸੰਕੋਚ ਪ੍ਰਗਟ ਕੀਤਾ ਤਾਂ ਸੁਲਤਾਨ ਖੁਸ਼ ਨਾ ਹੋਇਆ ਅਤੇ ਉਸ ਨੇ ਸਾਰੇ ਲੋਕਾਂ ਨੂੰ ਆਪਣੀ ਸਾਰੀ ਸੰਪਤੀ ਦੇ ਨਾਲ ਦਿੱਲੀ ਛੱਡ ਕੇ ਦੌਲਤਾਬਾਦ ਚੱਲਣ ਦਾ ਆਦੇਸ਼ ਦਿੱਤਾ। ਇਬਨਬਤੂਤਾ ਦੱਸਦਾ ਹੈ ਕਿ ਸਮਰਾਟ ਇਕ ਅੰਨ੍ਹੇ ਮਨੁੱਖ ਦਿੱਲੀ ਤੋਂ ਦੌਲਤਾਬਾਦ ਖਿੱਚ ਕੇ ਲੈ ਗਿਆ ਅਤੇ ਇਕ ਬਿਸਤਰੇ 'ਤੇ ਪਏ ਅਪਾਹਿਜ ਨੂੰ ਅਸਤ੍ਰਕਸ਼ੇਪਕ ਨਾਲ ਉਥੇ ਲਿਜਾਇਆ ਗਿਆ। ਦੌਲਤਾਬਾਦ ਦੇ ਲਈ ਰਾਜਧਾਨੀ ਦੀ ਤਬਦੀਲੀ ਦੇ ਵਿਸ਼ੇ ਵਿੱਚ ਬਾਰਾਨੀ ਦਾ ਵਿਚਾਰ ਹੈ ਕਿ "ਬਿਨਾਂ ਸਲਾਹ ਅਤੇ ਬਿਨਾਂ ਉਤਾਰ-ਚੜ੍ਹਾਅ ਦੇਖਦੇ ਹੋਏ ਉਸ ਨੇ ਦਿੱਲੀ ਨੂੰ ਬਰਾਬਰ ਕਰ ਦਿੱਤਾ ਜਿਸ ਵਿੱਚ 170 ਜਾਂ 180 ਸਾਲਾਂ ਤੋਂ ਸਮ੍ਰਿਧੀ ਫੈਲੀ ਹੋਈ ਸੀ ਅਤੇ ਜੋ ਬਗਦਾਦ ਤੇ ਕਾਹਿਰਾ ਦਾ ਮੁਕਾਬਲਾ ਕਰ ਰਹੀ ਸੀ। ਉਹ ਨਗਰ, ਜਿਸ ਵਿੱਚ ਚਾਰ-ਪੰਜ ਮੀਲ ਤੱਕ ਸਰਾਵਾਂ, ਬਸਤੀਆਂ ਅਤੇ ਪਿੰਡ ਵਸੇ ਹੋਏ ਸਨ, ਨਸ਼ਟ-ਭ੍ਰਿਸ਼ਟ ਤੇ ਨਿਰਜਨ ਹੋ ਗਿਆ। ਕੋਈ ਬਿੱਲੀ ਅਤੇ ਕੁੱਤਾ ਤਕ ਨਾਂ ਬਚਿਆ ਮਨੁੱਖਾਂ ਨੂੰ ਅਪਣੇ ਪਰਿਵਾਰਾਂ ਨਾਲ ਸਮੂਹ ਦੇ ਰੂਪ ਵਿਚ ਟੁੱਟੇ ਹੋਏ ਦਿਲਾਂ ਦੇ ਨਾਲ ਪਲਾਇਨ ਲਈ ਬੇਬਸ ਕਰ ਦਿੱਤਾ ਗਿਆ। ਬਹੁਤ ਸਾਰੇ ਲੋਕ ਤਾਂ ਸੜਕਾਂ ਉਤੇ ਹੀ ਮਰ ਗਏ ਅਤੇ ਜਿਹੜੇ ਦੇਵਗਿਰੀ ਪਹੁੰਚ ਉਹ ਐਸੇ ਦੇਸ਼ ਨਿਕਾਲੇ ਨੂੰ ਸਹਿਣ ਨਾ ਕਰ ਸਕੇ ਅਤੇ ਘੁਟ-ਘੁਟ ਕੇ ਮਰਨ ਲੱਗੇ। ਦੇਵ ਗਿਰੀ ਜਿਹੇ ਘ੍ਰਿਣਾ ਯੋਗ ਖੇਤਰ ਵਿਚ ਚਾਰੇ ਪਾਸੇ ਮੁਸਲਮਾਨਾਂ ਦੀਆਂ ਕਬਰਾਂ ਫੈਲ ਗਈਆਂ। ਸੁਲਤਾਨ ਯਾਤਰਾ ਦੇ ਲਈ ਬਾਹਰ ਜਾਣ ਵਾਲਿਆਂ ਅਤੇ ਆ ਪਹੁੰਚਣ ਵਾਲਿਆਂ ਦੇ ਪ੍ਰਤੀ ਬਹੁਤ ਉਦਾਰ ਸੀ ਪਰ ਉਹ ਬੇਬਸ ਸੀ ਅਤੇ ਉਹ ਬਣਵਾਸ ਨੂੰ ਸਹਿਣ ਨਹੀ ਕਰ ਸਕੇ। ਉਨ੍ਹਾਂ ਨੇ ਉਸ ਅਪਵਿੱਤਰ ਦੇਸ਼ ਵਿਚ ਅਪਣੇ ਸਿਰਾਂ ਨੂੰ ਝੁਕਾ ਦਿੱਤਾ ਅਤੇ ਭੀੜ ਵਿਚੋਂ ਅਪਣੀ ਨਿਜੀ ਸਥਾਨਾਂ ਤਕ ਵਾਪਿਸ ਆਉਣ ਲਈ ਥੋੜੇ ਹੀ ਬਚ ਸਕੇ।

*ਨੋਟਸ* ਸੁਲਤਾਨ ਨੇ ਖੇਤੀ-ਬਾੜੀ ਦੇ ਇਕ ਨਵੇਂ ਵਿਭਾਵ ਦੀ ਸਥਾਪਨਾ ਕੀਤੀ ਜਿਸਨੂੰ ਦੀਵਾਨ ਕੋਹੀ ਕਿਹਾ ਜਾਂਦਾ ਸੀ।

ਸੁਲਤਾਨ ਨੇ ਅਪਣੇ ਪ੍ਰਯੋਗ ਦੀ ਗਲਤੀ ਮਹਿਸੂਸ ਕੀਤੀ ਅਤੇ ਲੋਕਾਂ ਨੂੰ ਲੌਟ ਚੱਲਣ ਦਾ ਆਦੇਸ਼ ਕੱਢਿਆ। ਨਤੀਜਾ ਇਹ ਹੋਇਆ ਕਿ ਜਿਹੜੇ ਲੋਕ ਦੌਲਤਾਬਾਦ ਦੀ ਯਾਤਰਾ ਤੋਂ ਬਚੇ ਵੀ ਸਨ ਉਹ ਲੌਟਦੇ ਹੋਏ ਯਾਤਰਾ ਵਿਚ ਮਰ ਗਏ। ਇਸ ਅਨੁਭਵ ਦਾ ਮੁੱਖ ਨਤੀਜਾ ਇਹ ਨਿਕਲਿਆ ਕਿ ਦਿੱਲੀ ਅਪਣੀ ਪੁਰਾਣੀ ਤਾਕਤ ਅਤੇ ਖੁਸ਼ਹਾਲੀ ਖੋ ਬੈਠੀ। ਇਹ ਠੀਕ ਹੈ ਕਿ "ਸੁਲਤਾਨ ਅਪਣੇ ਪ੍ਰਦੇਸ਼ ਦੇ ਕੁਝ ਨਗਰਾਂ ਤੋਂ ਯੋਗ ਮਨੁੱਖਾਂ ਅਤੇਸੱਜਣਾਂ, ਵਪਾਰੀਆਂ ਅਤੇ ਭੂਮੀ ਪਤੀਆਂ ਨੂੰ ਦਿੱਲੀ ਨਗਰ ਵਿਚ ਲਿਆਂਦਾ ਗਿਆ ਅਤੇ ਉਨ੍ਹਾਂ ਦੇ ਰਹਿਣ ਦਾ ਪ੍ਰਬੰਧ ਕੀਤਾ।" ਪਰ ਜਦੋਂ ਇਬਨਬਤੁਤਾ ਦਿੱਲੀ ਆਇਆ ਤਾਂ ਉਸਨੇ (1334 ਈ. ਵਿਚ) ਉਥੇ ਦੇ ਕੁਝ ਹਿੱਸਿਆਂ ਨੂੰ ਫਿਰ ਵੀਰਾਨ ਪਾਇਆ। ਲੇਨਪੁਲ (Lane Poole) ਦੇ ਅਨੁਸਾਰ "ਦੌਲਤਾਬਾਦ ਇਕ ਪਥ ਭ੍ਰਿਸ਼ਟ ਸ਼ਕਤੀ ਦਾ ਸਮਾਰਕ ਸੀ।" ਡਾ. ਈਸ਼ਵਰੀ ਪ੍ਰਸਾਦਿ ਦੇ ਅਨੁਸਾਰ, ਇਹ ਸ਼ੱਕ ਦਾ ਚਿੰਨ੍ਹ ਹੈ ਕਿ ਦੌਲਤਾਬਾਦ ਦੇ ਲਈ ਰਾਜਧਾਨੀ ਦਾ ਤਬਾਦਲਾ ਸੁਲਤਾਨ ਨੂੰ ਇਸ ਗੱਲ ਦੀ ਸਹਾਇਤਾ ਕਰਦਾ ਹੈ ਕਿ ਉਹ ਅਪਣੇ ਸਾਮਰਾਜ ਦੇ ਵੱਖ ਵੱਖ ਹਿੱਸਿਆਂ ਉਤੇ ਦ੍ਰਿੜ ਸ਼ਾਸਕ ਈਸ਼ਵਰ ਬਣਾਏ ਰੱਖ ਸਕੇ। ਸੁਲਤਾਨ ਨੇ ਇਹ ਨਹੀਂ ਦੇਖਿਆ ਕਿ ਦੌਲਤਾਬਾਦ ਸਾਮਰਾਜ ਦੇ ਉਤੱਰੀ ਸੀਮਾ ਪ੍ਰਾਂਤਾਂ ਤੋਂ ਬਹੁਤ ਦੂਰੀ ਉਤੇ ਸਥਿਤ ਸੀ ਅਤੇ ਉਨ੍ਹਾਂ ਸੀਮਾਵਾਂ ਵੱਲ ਸਥਾਈ ਰੂਪ ਨਾਲ ਨਿਗਰਾਨੀ ਰੱਖਣਾ ਆਵਸ਼ਕ ਸੀ ਉਸਨੇ ਉਸ ਚੇਤਾਵਨੀ ਦੇ ਵੱਲ ਉਦਾਸੀਨਤਾ ਵਰਤੀ ਕਿ ਹਿੰਦੂਆਂ ਦੇ ਉਪਦ੍ਰਵ ਅਤੇ ਮੰਗੋਲਾਂ ਦੇ ਆਕ੍ਰਮਣ ਉਸਦੇ ਸਾਮਰਾਜ ਨੂੰ ਕਿਸੇ ਵੀ ਸਮੇਂ ਖਤਰੇ ਵਿਚ ਪਾ ਸਕਦੇ ਹਨ। ਜੇਕਰ ਐਸੀ ਅਚਾਨਕ ਸਥਿਤੀ ਆ ਜਾਂਦੀ, ਤਾਂ ਸੁਲਤਾਨ ਉਸਦਾ ਸਾਹਮਣਾ ਕਰਨ ਵਿਚ ਅਵਸ਼ ।

5. **ਟਕਸਾਲ ਦਾ ਪ੍ਰਯੋਗ** (1329-30) (Currency Experiment) : ਐਡਵਰਡ ਟਾਮਸ (Edward Thomas) ਨੇ ਮੁਹੱਮਦ ਤੁਗਲਕ ਨੂੰ "ਧਨਵਾਨਾਂ ਦਾ ਰਾਜਕੁਮਾਰ" ਦੱਸਿਆ ਹੈ। ਦੱਸਦੇ ਹਨ ਕਿ ਉਸਦੇ ਸ਼ਾਸਨ ਕਾਲ ਦਾ ਪਹਿਲਾਂ ਕੰਮ ਇਹ ਸੀ ਕਿ ਮੁਦਰਾ ਢਲਾਈ (Coinage) ਨੂੰ ਨਵਾਂ ਰੂਪ ਦਿੱਤਾ ਗਿਆ। ਉਸ ਦੀ ਵੰਡ ਨੂੰ ਬਹੁਤ ਕੀਮਤੀ ਧਾਤੂਆਂ ਦੇ ਬਦਲੇ ਹੋਏ ਮੁੱਲਾਂ ਦੇ ਅਨੁਸਾਰ ਦੁਬਾਰਾ ਸਥਾਪਿਤ ਕਰ ਦਿੱਤਾ ਜਾਵੇ ਅਤੇ ਨਿਆਂ-ਅਧਿਕਾਰ ਵਹਾਅ ਦੇ ਲਈ ਨਵੀਂ ਅਤੇ ਠੀਕ ਵੱਟੇ ਵਾਲੀ ਵਸਤਾਂ ਖੜ੍ਹੀਆਂ ਕੀਤੀਆਂ ਜਾਣ। ਇਕ ਨਵਾਂ ਸੋਨੇ ਦਾ ਸਿੱਕਾ ਜਿਸ ਦਾ ਭਾਰ 200 ਦਾਣਿਆਂ ਦੇ ਬਰਾਬਰ ਸੀ ਅਤੇ ਜਿਸਨੂੰ ਇਬਨਬਤੁਤਾ ਨੇ ਦੀਨਾਰ ਦੱਸਿਆ ਉਸਨੂੰ ਮੁਹੰਮਦ ਤੁਗਲਕ ਨੇ ਨਸ਼ਟ ਕਰ ਦਿੱਤਾ। ਉਨੇ 175 ਦਾਣਿਆਂ ਦੇ ਬਰਾਬਰ ਭਾਰਤ ਦੇ ਸੋਨੇ ਅਤੇ ਚਾਂਦੀ ਦੇ ਪੁਰਾਣਿਆਂ ਸਿੱਕਿਆਂ ਦੀ ਜਗ੍ਹਾ ਅਸਲੀ ਸਿੱਕਿਆਂ ਨੂੰ ਫਿਰ ਚਾਲੂ ਕਰ ਦਿੱਤਾ ਜਿਨ੍ਹਾਂ ਦਾ ਭਾਰ 140 ਦਾਣਿਆਂ ਦੇ ਬਰਾਬਰ

ਨੋਟ

ਸੀ, ਸੰਭਵਤਾ ਇਹ ਤਬਦੀਲੀ ਇਸ ਲਈ ਸੀ ਕਿ "ਚਾਂਦੀ ਦੇ ਮੁਕਾਬਲੇ ਸੋਨੇ ਦੀ ਉਪਾਧੀ ਦਾ ਮਹੱਤਵ ਘੱਟ ਗਿਆ ਸੀ, ਦੱਖਣ ਦੇ ਅਭਿਮਾਨਾਂ ਦੇ ਕਾਰਣ ਸਾਮਰਾਜ ਦਾ ਖਜਾਨਾ ਪੁਰਾਣੀ ਧਾਤੂ ਦੇ ਸਿੱਕਿਆਂ ਨਾਲ ਵਿਸ਼ਾਲ ਮਾਤਰਾ ਵਿਚ ਭਰ ਕੇ ਚੁੱਕਿਆ ਸੀ।"

1329 ਈ. ਅਤੇ 1330 ਈ. ਵਿਚ ਸੁਲਤਾਨ ਨੇ ਤਾਂਬੇ ਦੇ ਸਿੱਕਿਆਂ ਵਿਚ ਪ੍ਰਤੀਕ ਚਿੰਨ੍ਹਤ ਸਿੱਕਿਆਂ ਦੀ ਮੁਦਰਾ ਨਸ਼ਟ ਕਰ ਦਿੱਤੀ। ਚੀਨ ਅਤੇ ਫਾਰਸ ਵਿਚ ਪਹਿਲਾਂ ਤੋਂ ਹੀ ਐਸੀ ਮੁਦਰਾ ਲਾਗੂ ਹੋਣ ਦੀ ਸਥਿਤੀ ਸੀ। ਚੀਨ ਦੇ ਮੰਗੋਲ ਸਮਰਾਟ ਕੁਬਲਾਈ ਖਾਨ ਨੇ ਤੇਰ੍ਹਵੀਂ ਸ਼ਤਾਬਦੀ ਦੇ ਅਖੀਰਲੇ ਸਮੇਂ ਚੀਨ ਵਿਚ ਕਾਗਜ਼ੀ ਮੁਦਰਾ ਲਾਗੂ ਕੀਤੀ ਸੀ। ਫਾਰਸ ਦੇ ਸ਼ਾਸਕ ਗਾਈ ਖਾਟੂ (Gai Khatu) ਨੇ 1294 ਵਿਚ ਐਸਾ ਹੀ ਤਜਰਬਾ ਕੀਤਾ ਸੀ। ਅਪਣੇ ਸਾਹਮਣੇ ਐਸੇ ਉਦਾਹਰਣ ਦੇ ਨਾਲ ਮੁਹੰਮਦ ਤੁਗਲਕ ਨੇ ਇਕ ਆਦੇਸ਼ ਜਾਰੀ ਕੀਤਾ ਜਿਸ ਵਿਚ ਘੋਸ਼ਤ ਕੀਤਾ ਗਿਆ ਕਿ ਸਾਰੇ ਲੇਣ ਦੇਣ ਵਿਚ ਸੋਨੇ ਅਤੇ ਚਾਂਦੇ ਦੇ ਸਿੱਕਿਆਂ ਦੀ ਤਰ੍ਹਾਂ ਤਾਂਬੇ ਦੇ ਸਿੱਕੇ ਵੀ ਕਾਨੂੰਨੀ ਰੂਪ ਵਿਚ ਸਵੀਕਾਰ ਕੀਤੇ ਜਾਣ। ਬਾਰਾਨੀ ਦੇ ਅਨੁਸਾਰ "ਇਸ ਆਦੇਸ਼ ਨੇਹਰੇਕ ਹਿੰਦੂ ਦੇ ਘਰ ਨੂੰ ਟੰਕਸ਼ਾਲਾ ਵਿਚ ਬਦਲ ਦਿੱਤਾ ਅਤੇ ਪ੍ਰਾਂਤਾਂ ਦੇ ਭਾਰਤੀਅ ਲੋਕਾਂ ਨੇ ਤਾਂਬੇ ਦੇ ਲੱਖਾਂ ਅਤੇ ਕਰੋੜਾਂ ਸਿੱਕੇ ਬਣਾ ਲਏ ਜਿਸ ਨਾਲ ਉਨ੍ਹਾਂ ਨੇ ਅਪਣੇ ਭੁਗਤਾਨ ਕੀਤੇ ਅਤੇ ਘੋੜੇ, ਕਪੜੇ-ਹਥਿਆਰ ਅਤੇ ਸਭ ਪ੍ਰਕਾਰ ਦੀਆਂ ਚੰਗੀਆਂ ਵਸਤਾਂ ਖਰੀਦ ਲਈਆਂ। ਧੰਨੀ ਲੋਕ ਪੇਂਡੂ ਨਿਰੀਖਕ ਅਤੇ ਭੂਮੀ-ਪਤੀ ਇਨ੍ਹਾਂ ਤਾਂਬੇ ਦੇ ਸਿੱਕਿਆਂ ਨਾਲ ਅਮੀਰ ਬਣ ਗਏ ਅਤੇ ਰਾਜ ਦਾ ਖਜਾਨਾ ਖਾਲੀ ਹੋ ਗਿਆ। ਥੋੜੇ ਹੀ ਸਮੇਂ ਵਿਚ ਦੂਰ ਦੇ ਦੇਸ਼ ਕੇਵਲ ਤਾਂਬੇ ਦੇ ਟੰਕੇ ਨੂੰ ਹੀ ਧਾਤੂ ਸਵੀਕਾਰ ਕਰਨ ਲੱਗ ਗਏ ਅਤੇ ਉਨ੍ਹਾਂ ਸਥਾਂਨਾਂ ਉਤੇ ਜਿੱਥੇ ਆਦੇਸ਼ ਦੇ ਪ੍ਰਤੀ ਆਦਰ ਪ੍ਰਚਲਨ ਸੀ ਸੋਨੇ ਦਾ ਟੰਕਾ ਤਾਂਬੇ ਦੇ 100 ਟੰਕਿਆਂ ਦੇ ਬਰਾਬਰ ਹੋ ਗਿਆ। ਹਰੇਕ ਸੁਨਿਆਰ ਅਪਣੀ ਪ੍ਰਯੋਗਸ਼ਾਲ ਵਿਚ ਤਾਂਬੇ ਦੇ ਸਿੱਕੇ ਢਾਲ੍ਹਣ ਲੱਗ ਗਿਆ ਅਤੇ ਰਾਜ ਕੋਸ਼ ਉਨ੍ਹਾਂ ਨਾਲ ਭਰ ਗਿਆ। ਉਨ੍ਹਾਂ ਦਾ ਮੂਲ ਏਨਾ ਗਿਰ ਗਿਆ ਕਿ ਉਹ ਪੱਥਰਾਂ ਅਤੇ ਮਿੱਟੀ ਦੇ ਟੁਕੜਿਆਂ ਦੇ ਬਰਾਬਰ ਵੀ ਨਹੀਂ ਰਿਹਾ। ਜਦੋਂ ਵਿਆਪਾਰ ਵਿਚ ਰੁਕਾਵਟ ਆ ਗਈ ਤਾਂ ਸੁਲਤਾਨ ਨੇ ਅਪਣਾ ਆਦੇਸ਼ ਤੋੜ ਦਿੱਤਾ ਅਤੇ ਬੜੇ ਕ੍ਰੋਧ ਵਿਚ ਆ ਕੇ ਇਹ ਘੋਸ਼ਤ ਕੀਤਾ ਕਿ ਸਾਰੇ ਤਾਂਬੇ ਦੇ ਸਿੱਕੇ ਰਾਜਕੋਸ਼ ਤੋਂ ਸੋਨੇ ਉਹ ਚਾਂਦੀ ਦੇ ਸਿੱਕਿਆਂ ਵਿੱਚ ਬਦਲ ਲਏ ਜਾਣ। ਹਜ਼ਾਰਾਂ ਲੋਕਾਂ ਨੇ ਉਨ੍ਹਾਂ ਨੂੰ ਵਿਨਿਮਯ ਦੇ ਲਈ ਖਰੀਦ ਲਿਆ ਅਤੇ ਉਨ੍ਹਾਂ ਦੇ ਢੇਰ ਤੁਗਲਕਾਬਾਦ ਵਿੱਚ ਪਹਾੜਾਂ ਦੀ ਤਰ੍ਹਾਂ ਲੱਗ ਗਏ।" ਬਾਰਾਨੀ ਸਾਨੂੰ ਦੱਸਦਾ ਹੈ ਕਿ ਇਹ ਪ੍ਰਯੋਗ ਦੋ ਕਾਰਨਾਂ ਨਾਲ ਸੀ। ਪਹਿਲਾ ਕਾਰਨ ਜਿੱਤ ਦੀ ਮਹਾਨ ਸੈਨਾ, ਜਿਸ ਦੀ ਸੰਖਿਆ 3,70,000 ਸੀ, ਬਣਾਈ ਰੱਖਣ ਲਈ ਧਨ ਦੀ ਜ਼ਰੂਰਤ ਸੀ। ਦੂਸਰਾ ਕਾਰਨ ਇਹ ਸੀ ਕਿ ਸੁਲਤਾਨ ਦੇ ਮਹਿੰਗੇ ਉਪਹਾਰਾਂ ਦੇ ਕਾਰਨ ਰਾਜਕੋਸ਼ ਵਿੱਚ ਮਹਾਨ ਕਮੀ ਆ ਗਈ ਸੀ। ਸ਼ਾਇਦ ਇਕ ਹੋਰ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਸ ਸਮੇਂ ਬਾਜ਼ਾਰ ਵਿੱਚ ਚਾਂਦੀ ਦੀ ਤੁਲਨਾ ਵਿੱਚ ਕਮੀ ਹੋ ਗਈ ਸੀ। ਡਾ. ਈਸ਼ਵਰੀ ਪ੍ਰਸ਼ਾਦ ਦੇ ਅਨੁਸਾਰ, ਇਕ ਹੋਰ ਸੰਭਵ ਕਾਰਨ ਸੁਲਤਾਨ ਦੇ ਪ੍ਰਯੋਗ ਦੇ ਲਈ ਚਾਅ ਹੋ ਸਕਦਾ ਹੈ ਕਿਉਂਕਿ ਸੁਲਤਾਨ ਇਕ ਨਵੇਂ ਹੀ ਦਿਮਾਗ ਦਾ ਮਨੁੱਖ ਸੀ ਜੋ ਆਪਣੇ ਸਮੇਂ ਦੀ ਕਲਾਵਾਂ ਅਤੇ ਵਿਗਿਆਨਾਂ ਵਿੱਚ ਖੂਬ ਕੁਸ਼ਲ ਸੀ। ਸੁਲਤਾਨ ਨੇ ਇਕ ਵਿਗਿਆਨਕ ਭਾਵ ਨਾਲ ਇਸ ਨਵੇਂ ਪ੍ਰਯੋਗ ਲਈ ਇਕ ਪ੍ਰਬਲ ਭਾਵਨਾ ਦਾ ਅਹਿਸਾਸ ਕੀਤਾ ਹੋਵੇਗਾ। ਅਜਿਹੇ ਰਾਜਸੀ ਆਦੇਸ਼, ਜਿਨ੍ਹਾਂ ਨਾਲ ਮੁਦਰਾ ਦਾ ਚਲਨ ਅਤੇ ਬਾਅਦ ਵਿੱਚ ਸੁਲਤਾਨ ਦਾ ਵਿਵਹਾਰ ਪ੍ਰਗਟ ਹੋਇਆ, ਪ੍ਰਭਾਵਪੂਰਨ ਰੂਪ ਵਿੱਚ ਉਸ ਨਿਯਮਹੀਣਤਾ ਦਾ ਦੋਸ਼ ਕੱਟ ਦਿੰਦੇ ਹਨ ਜੋ ਆਧੁਨਿਕ ਲੇਖਕਾਂ ਨੇ ਉਸ 'ਤੇ ਥੋਪਿਆ ਹੈ।

ਮੁਹੰਮਦ ਤੁਗਲਕ ਦੇ ਇਸ ਮੁਦਰਾ ਵਾਲੇ ਪ੍ਰਯੋਗ ਦੀ ਅਸਫਲਤਾ ਦੇ ਕਈ ਕਾਰਨ ਦੱਸੇ ਗਏ ਹਨ। ਇਹ ਕਿਹਾ ਜਾਂਦਾ ਹੈ ਕਿ ਇਹ ਵਿਚਾਰ ਯੁਕਤ ਸੁਗੰਠਿਤ ਤਜਰਬਾ ਇਸ ਲਈ ਫੇਲ ਹੋ ਗਿਆ ਕਿਉਂਕਿ ਉਹ ਸਮੇਂ ਤੋਂ ਬਹੁਤ ਪਹਿਲਾਂ ਹੋ ਗਿਆ ਅਤੇ ਲੋਕ ਉਸਦਾ ਵਾਸਤਵਿਕ ਮਹੱਤਵ ਨਹੀਂ ਸਮਝ ਸਕੇ। ਉਨ੍ਹਾਂ ਦਿਨਾਂ ਵਿਚ ਲੋਕਾਂ ਦੇ ਲਈ ਪਿੱਤਲ ਪਿੱਤਲ ਸੀ ਅਤੇ ਤਾਂਬਾ ਤਾਂਬਾ ਸੀ, ਚਾਹੇ ਰਾਜ ਦੀ ਆਵਸ਼ਕਤਾ ਕਿੰਨੀ ਵੀ ਜ਼ਰੂਰੀ ਨਾ ਹੁੰਦੀ। ਤਜਰਬੇ ਦੀ ਅਸਫਲਤਾ ਦਾ ਦੂਜਾ ਕਾਰਣ ਇਹ ਸੀ ਕਿ ਸੁਲਤਾਨ ਨੇ ਤਾਂਬੇ ਦੇ ਸਿੱਕਿਆਂ ਨੂੰ ਨਸ਼ਟ ਕਰਨ ਕੰਮ ਕੇਵਲ ਰਾਜ ਦੀ ਇਰਾਜੇਦਾਰੀ ਵਿਚ  ਨਹੀਂ ਰੱਖਿਆ। ਐਡਵਰਡ ਟਾਮਸ ਦੇ ਅਨੁਸਾਰ "ਐਸਾ ਕੋਈ ਖਾਸ ਯੰਤਰ ਨਹੀਂ ਸੀ ਜਿਹੜਾ ਰਾਜ ਦੀ ਟਕਸਾਲ ਅਤੇ ਕਾਰੀਗਰ ਦੇ ਬਣਾਏ ਹੋਏ ਸਿੱਕਿਆਂ ਵਿਚ ਫਰਕ ਕੱਢ ਸਕੇ। ਚੀਨ ਵਿਚ ਕਾਗਜੀ ਨੋਟਾਂ ਦੀ ਨਕਲ ਨੂੰ ਰੋਕਣ ਲਈ ਜਿਹੜੀਆਂ ਬੰਦਸ਼ ਲੱਗੀਆਂ ਹੋਈਆਂ ਸਨ ਉਹ ਤਾਂਬੇ ਦੇ ਸਿੱਕਿਆਂ ਦੇ ਬਣਾਉਣ ਉਤੇ ਨਹੀਂ ਸਨ ਅਤੇ ਜਨਤਾ ਦੀ ਸਿੱਕੇ ਬਣਾਉਣ ਦੀ ਤਾਕਤ ਉੱਤੇ ਕੋਈ ਵੀ ਅਸਰਦਾਰ ਕੰਟਰੋਲ ਨਹੀਂ ਸੀ।" ਐਲੀਫਨਸਟਨ (Elphinstone) ਦੀ ਮੁਸੀਬਤ ਇਹ ਹ ਕਿ ਸੰਕੇਤਿਕ ਟੰਕਸਾਲ ਦੀ ਅਸਫ਼ਲਤਾ ਦਾ ਕਾਰਣ ਸ਼ਾਸਨ ਦਾ ਆਰਜੀਪਣ ਅਤੇ ਸੁਲਤਾਨ ਦਾ ਦਿਵਾਲਾਪਣ ਸੀ। ਇਹ ਮੁਸੀਬਤ ਆਧਾਰਹੀਣ ਹੈ ਕਿਉਂਕਿ ਸੁਲਤਾਨ ਨੇ ਸਹੀ ਰੂਪ ਵਿਚ ਤਾਂਬੇ ਦੇ ਸੰਕੇਤਿਕ ਸਿੱਕਿਆਂ ਦੇ ਬਦਲੇ ਸੋਨੇ ਅਤੇ ਚਾਂਦੀ ਦੇ ਸਿੱਕੇ ਦੇ ਕੇ ਬਹੁਤ ਜਲਦੀ ਸਾਰੇ ਸਿੱਕੇ ਵਾਪਸ ਲੈ ਲਏ। ਜੇਕਰ ਸੁਲਤਾਨ ਦਿਵਾਲੀਆਂ ਹੁੰਦਾ ਤਾਂ ਉਹ ਬਦਲੇ ਵਿਚ ਸੋਨੇ ਅਤੇ ਚਾਂਦੀ ਦੇ ਸਿੱਕੇ ਦੇਣ ਯੋਗ ਵਿਚ ਕਦੇ ਨਾ ਹੁੰਦਾ। ਬਰਾਉਨ (Brown) ਦਾ ਵਿਚਾਰ ਹੈ ਕਿ ਇਸ ਟੰਕਸਾਲ ਦੀ ਸਮੱਸਿਆ ਚੌਦਵ੍ਹੀ ਸ਼ਤਾਬਦੀ ਵਿਚ ਸੰਸਾਰ ਵਿਚ ਚਾਂਦੀ ਦੀ ਪੂਰਤੀ ਦੀ ਕਮੀ ਦੇ ਕਾਰਣ ਹੋਈ। ਲਗਭਗ 1355 ਈ. ਵਿਚ ਇੰਗਲੈਂਡ ਦੇ ਅਡਵਰਡ ਤ੍ਰਿਤੀਅ ਦੇ ਸ਼ਾਸਨਕਾਲ ਵਿਚ ਵੀ ਇਸੀ ਤਰ੍ਹਾਂ ਨਾਲ ਸਿੱਕਿਆਂ ਵਿਚ ਕਮੀ ਆ ਗਈ ਸੀ। ਦੂਜੇ ਦੇਸ਼ਾਂ ਵਿਚ ਵੀ ਇਸ ਤਰ੍ਹਾਂ ਦੀ ਮੁਸ਼ਕਿਲਾਂ ਦਾ ਅਨੁਭਵ ਕੀਤਾ ਗਿਆ ਸੀ।

**ਉਦਾਰ ਸ਼ਾਸਨ ਪ੍ਰਬੰਧ** (Liberal Administration) : ਮੁਹੰਮਦ ਤੁਗਲਕ ਇਕ ਯੋਗ ਵਿਅਕਤੀ ਸੀ ਅਤੇ ਉਸਨੇ ਸਾਰੇ ਵਿਸ਼ੇ ਵਿਚ ਉਲੇਮਾਵਾਂ ਦੇ ਆਦੇਸ਼ ਸਵੀਕਾਰ ਕਰਨ ਲਈ ਇਨਕਾਰ ਕਰ ਦਿੱਤਾ। ਕੇਵਲ ਚਾਰ ਕਾਨੂੰਨੀ ਕਰ ਸਨ – ਖਿਰਾਜ, ਜਕਾਤ,

**ਨੋਟ**

ਜਜਿਆ ਅਤੇ ਖਮਸਾ। ਪਰ ਮੁਹੰਮਦ ਤੁਗਲਕ ਨੇ ਉਨ੍ਹਾਂ ਤੋਂ ਇਲਾਵਾ ਹੋਰ ਵੀ ਕਰ ਲਗਾਏ ਸਨ। ਮੁਹੰਮਦ ਤੁਗਲਕ ਕੋਈ ਅੰਨ੍ਹਾ ਧਰਮ ਵਿਸ਼ਵਾਸੀ ਨਹੀਂ ਸੀ ਅਤੇ ਇਸ ਲਈ ਉਸਨੇ ਅਪਣੇ ਪੂਰਵਰਤੀਆਂ ਅਤੇ ਉਤੱਰਾਧਿਕਾਰੀਆਂ ਦੀ ਬਜਾਏ ਹਿੰਦੂਆਂ ਦੀ ਭਾਵਨਾਵਾਂ ਦੇ ਲਈ ਕਾਫੀ ਇੱਜਤ ਦਿੱਤੀ। ਉਸਨੇ ਸਤੀ ਪ੍ਰਥਾ ਰੋਕਣ ਦਾ ਜਤਨ ਕੀਤਾ। ਉਸਨੇ ਸੁਤੰਤਰ ਰਾਜਪੂਤ ਰਿਆਸਤਾਂ ਵਿਚ ਦਖਲ-ਅੰਦਾਜੀ ਨਹੀਂ ਕੀਤੀ ਅਤੇ ਉਸਦਾ ਇਹ ਕੰਮ ਧਰਮ ਪਰਮ ਉਪਦੇਸ਼ਕ ਵਰਗ ਲਈ ਦਿਲਚਸਪ ਨਹੀਂ ਸੀ। ਉਸਨੇ ਧਾਰਮਿਕ ਗੁਰੂਆਂ ਨੂੰ ਨਿਆਂ ਦੇ ਸ਼ਾਸਨ ਪ੍ਰਬੰਧ ਉੱਤੇ ਇਜਾਰੇਦਾਰੀ ਤੋਂ ਵੰਚਿਤ ਕਰ ਦਿੱਤਾ। ਉਸਨੇਅਪਣੇ ਨੂੰ ਯਾਚਨਾ ਦਾ ਸਭ ਤੋਂ ਵੱਡਾ ਨਿਆਂਲਆ ਬਣਾਇਆ ਅਤੇਜਦੋਂ ਵੀ ਉਹ ਮੁਫਤਿਆਂ ਨਾਲ ਅਸਹਮਤ ਹੁੰਦਾ ਸੀ, ਉਸਨੇ ਉਨ੍ਹਾਂ ਦੇ ਵਿਚਾਰ ਨੂੰ ਠੋਕਰ ਮਾਰ ਦਿੱਤੀ ਅਤੇ ਅਪਣੇ ਵਿਚਾਰ ਅਨੁਸਾਰ ਕੰਮ ਕੀਤਾ। ਰਾਜ ਦੇ ਕੁਝ ਅਹੁਦਾ ਪ੍ਰਾਪਤ ਅਧਿਕਾਰੀਆਂ ਨੂੰ ਨਿਆਂ ਸ਼ਕਤੀਆਂ ਦਿੱਤੀਆਂ ਗਈਆਂ ਹਾਲਾਂਕਿ ਉਹ ਕਾਜੀ ਜਾਂ ਮੁਫਤੀ ਨਹੀਂ ਸਨ।

ਮੁਹੰਮਦ ਤੁਗਲਕ ਨੇ ਆਪਣੇ ਆਪ ਨੂੰ ਈਸ਼ਵਰ ਦਾ ਪ੍ਰਤੀਬਿੰਬ ਸਮਝਿਆ। ਉਸ ਦੇ ਸਿੱਕਿਆਂ ਦੇ ਕੁਝ ਲੇਖ ਦੱਸੇ ਹਨ ਕਿ "ਰਾਜ ਸ਼ਕਤੀ ਹਰੇਕ ਮਨੁੱਖ ਨੂੰ ਨਹੀਂ ਦਿੱਤੀ ਗਈ ਹੈ, ਸਗੋਂ ਚੁਣੇ ਵਿਅਕਤੀਆਂ ਨੂੰ ਦਿੱਤੀ ਗਈ ਹੈ। ਉਹ ਜੋ ਸੁਲਤਾਨ ਦਾ ਸੱਚੇ ਰੂਪ ਵਿੱਚ ਆਗਿਆਪਾਲਕ ਹੈ, ਉਹ ਈਸ਼ਵਰ ਦਾ ਸੱਚਾ ਆਗਿਆਪਾਲਕ ਹੈ। ਸੁਲਤਾਨ ਈਸ਼ਵਰ ਦਾ ਪ੍ਰਤੀਬਿੰਬ ਹੈ ਅਤੇ ਈਸ਼ਵਰ ਸੁਲਤਾਨ ਦਾ ਸਹਾਇਕ ਹੈ।" ਉਸ ਨੇ ਖਲੀਫਾ ਦੇ ਲਈ ਮੁਕੱਦਮਿਆਂ ਦਾ ਭੇਜਣਾ ਰੋਕ ਦਿੱਤਾ।

ਮੁਹੰਮਦ ਤੁਗਲਕ ਦਾ ਭਰਾ ਮੁਬਾਰਕ ਖਾਨ ਦੀਵਾਨੇ ਖਾਨ ਵਿਚ ਕਾਜੀ ਦੇ ਕੋਲ ਉਸਨੂੰ ਮੁਕੱਦਮੇ ਦੇ ਫੈਸਲੇ ਦੇ ਕੰਮ ਵਿਚ ਮਦਦ ਦੇਣ ਲਈ ਬੈਠਦਾ ਸੀ। ਸੁਲਤਾਨ ਨੇ ਧਰਮ ਉਪਦੇਸ਼ਕ ਵਰਗ ਦੇ ਕੁਝ ਮਨੁੱਖਾਂ ਨੂੰ ਕਠੋਰ ਦੰਡ ਦਿੱਤਾ ਕਿਉਂਕਿ ਉਹ ਖੁੱਲ੍ਹੇ ਵਿਦਰੋਹ, ਇਨਕਲਾਬ ਅਤੇ ਖਜਾਨੇ ਨੂੰ ਛਲ ਨਾਲ ਹੱਥਿਆਉਣ ਦੇ ਅਪਰਾਧੀ ਬਣੇ ਸਨ। ਧਰਮ ਉਪਦੇਸ਼ਕਾਂ ਦੇ ਵਰਗ ਤੋਂ ਇਹ ਆਸ ਨਹੀਂ ਕੀਤੀ ਗਈ ਸੀ ਕਿ ਉਹ ਉਸ ਸ਼ਾਸਕ ਨੂੰ ਪਸੰਦ ਕਰੇਗਾ ਜਿਹੜਾ ਸੇਖਾਂ ਅਤੇ ਸਇਦਾ ਤਕ ਜਿਨ੍ਹਾਂ ਨੂੰ ਮੁਸਲਿਮ ਸ਼ਾਸਕ ਪਵਿੱਤਰ ਸਮਝਦੇਸਨ, ਦੰਡ ਦੇਵੇਗਾ ਪਰ ਜਦ ਉਹ ਬਹੁਤ ਹੀ ਬਦਨਾਮ ਹੋ ਗਿਆ ਤਾਂ ਉਸਨੇ ਖਲੀਫ਼ਾ ਦੇ ਪ੍ਰਤੀ ਵਿਵਹਾਰ ਬਦਲ ਦਿੱਤਾ ਅਤੇ ਮਿਸਰ ਦੇ ਖਲੀਫਾ ਨੂੰ ਦਿੱਲੀ ਦੇ ਸੁਲਤਾਨ ਦੀ ਪੁਸ਼ਟੀ ਕਰਨ ਲਈ ਪ੍ਰਾਰਥਨਾ ਕੀਤੀ। ਉਸਨੇ ਅਪਣੇ ਨਾਮ ਦੀ ਜਗ੍ਹਾ ਸਿੱਕਿਆ ਉਤੇ ਖਲੀਫਾ ਦਾ ਨਾਮ ਖੁਦਵਾ ਦਿੱਤਾ। ਸਾਰੇ ਰਾਜ ਦੇ ਆਦੇਸ਼ ਖਲੀਫਾ ਦੇ ਨਾਮ ਜਾਰੀ ਕੀਤੇਜਾਣ ਲੱਗੇ। 1344 ਈ. ਵਿਚ ਮੁਹੰਮਦ ਤੁਗਲਦ ਨੇ ਮਿਸਰ ਦੇ ਖਲੀਫਾ ਦੁਆਰਾ ਭੇਜੇ ਗਏ ਦੂਤ ਹਾਜੀ ਸਇਦ ਸਰਸਰੀ ਦਾ ਸੁਆਗਤ ਕੀਤਾ। ਦੂਤ ਦਾ ਵਿਸ਼ਾਲ ਇੱਜ਼ਤ ਨਾਲ ਸੁਆਗਤ ਕੀਤਾ। ਸੁਲਤਾਨ, ਰਾਜ ਦੇ ਸਾਰੇ ਬੜੇ ਅਧਿਕਾਰੀ ਸਇਦ ਲੋਕ, ਪਵਿੱਤਰ ਅਤੇ ਯੋਗ ਮਨੁੱਖ ਅਤੇ ਹਰ ਕੋਈ ਜਿਹੜਾ ਅਪਣਾ ਮਹੱਤਵ ਪ੍ਰਦਰਸ਼ਿ ਤ ਕਰ ਸਕਦਾ ਸੀ, ਦੂਤ ਦਾ ਸੁਆਗਤ ਕਰਨ ਲਈ ਦਿੱਲੀ ਤੋਂ ਬਾਹਰ ਗਏ। ਸੁਲਤਾਨ ਨੰਗੇ ਪੈਰ ਚਲਿਆ। ਜਦੋਂ ਦੂਤ ਉਸ ਕੋਲ ਆਇਆ ਤਾਂ ਉਸਨੇ ਕਈ ਵਾਰ ਉਸਦੇ ਪੈਰ ਚੁੰਮੇ। ਨਗਰ ਵਿਚ ਵਿਜੈ ਦੀ ਮਹਿਰਾਬਾਂ ਮਨਾਈਆਂ ਅਤੇ ਦਿਲ ਖੋਲ ਕੇ ਦਾਨ ਦਿੱਤਾ ਗਿਆ। ਦੂਤ ਦੇ ਭਾਸ਼ਣਾਂ ਨੂੰ ਲਿਖ ਲਿਆ ਗਿਆ ਅਤੇ ਉਨ੍ਹਾਂ ਨੂੰ ਦੋਹਰਾਇਆ ਗਿਆ ਜਿਸ ਤਰ੍ਹਾਂ ਕਿ ਉਨ੍ਹਾਂ ਤੋਂ ਪ੍ਰੇਰਣਾ ਲਈ ਗਈਹੋਵੇ। ਬਾਰਾਨੀ ਦੇ ਅਨੁਸਾਰ "ਖਲੀਫਾ ਦੇ ਆਦੇਸ਼ ਤੋਂ ਬਿਨਾਂ ਰਾਜਾ ਨੇ ਪਾਣੀ ਦਾ ਇਕ ਘੁੱਟ ਪੀਣ ਦਾ ਸਾਹਸ ਨਹੀਂ ਕੀਤਾ।" ਏਨਾ ਸਭ ਕੁਝ ਹੋਣ ਤੋਂ ਵੀ ਮੁਹੰਮਦ ਤੁਗਲਕ ਨੇ ਅਪਣੀ ਜਨਤਾ ਦਾ ਵਿਸ਼ਵਾਸ ਅਤੇ ਮਜਬੂਤੀ ਪ੍ਰਾਪਤ ਨਹੀਂ ਕੀਤੀ। ਉਹ ਪਹਿਲਾਂ ਦੀ ਤਰ੍ਹਾਂ ਅਲੋਕ ਪ੍ਰਿਯ ਬਣਿਆ ਰਿਹਾ।

*ਕੀ ਤੁਸੀਂ ਜਾਣਦੇ ਹੋ* ਮੁਹੰਮਦ ਤੁਗਲਕ ਦੇ ਕੋਲ 3,70,000 ਸੈਨਾ ਸੀ।

**ਵਿਦੇਸ਼ ਨੀਤੀ (Foreign Policy)**

(1) ਦਿੱਲੀ ਦੀ ਸਲਤਨਤ ਮੁਹੰਮਦ ਤੁਗਲਕ ਦੇ ਸ਼ਾਸਨ ਕਾਲ ਵਿਚ ਵਿਦੇਸ਼ੀ ਮੁਸੀਬਤਾਂ ਤੋਂ ਆਜਾਦ ਨਾਂ ਰਹਿ ਸਕੀ। 1328-29 ਈ. ਵਿਚ ਤਰਮਾਸਿਰੀ ਖਾਨ (Taramashirin Khan) ਜੋ ਟਰਾਂਸੋਕਿਅਸ ਖਾਨ ਦਾ ਚੁਗਤਾਈ ਸਰਦਾਰ ਸੀ, ਨੇ ਭਾਰਤ ਉਤੇ ਆਕ੍ਰਮਣ ਕੀਤਾ। ਮੁਲਤਾਨ ਅਤੇ ਲਾਹੌਰ ਤੋਂ ਲੈ ਕੇ ਦਿੱਲੀ ਦੇ ਬਾਹਰੀ ਹਿੱਸੇ ਤਕ ਛਾਪਾ ਮਾਰਿਆ। ਐਸਾ ਪਤਾ ਚਲਦਾ ਹੈ ਕਿ ਦਿੱਲੀ ਤੇ ਦੌਲਤਾਬਾਦ ਦੇ ਲਈ ਰਾਜਧਾਨੀ ਦਾ ਸਥਾਨਾਂਤਰਣ ਅਤੇ ਮੁਹੰਮਦ ਤੁਗਲਕ ਦੁਆਰਾ ਉੱਤਰੀ ਸੀਮਾਵਾਂ ਦੀ ਰੱਖਿਆਂ ਦੇ ਪ੍ਰਤੀ ਉਦਾਸੀਨਤਾ ਨੇ ਮੰਗੋਲਾਂ ਨੂੰ ਭਾਰਤ ਉੱਤੇ ਆਕ੍ਰਮਣ ਕਰਨ ਦੀ ਪ੍ਰੇਰਣਾ ਦਿੱਤੀ। ਆਕ੍ਰਮਣਾਂ ਦੇ ਉਦੈ ਦੇ ਵਿਸ਼ੇ ਵਿਚ ਲੇਖਕਾਂ ਦੇ ਵਿਚਕਾਰ ਮਤਭੇਦ ਹਨ। ਯਾਹਿਯਾ-ਬਿਨ-ਅਹਮਦ ਅਤੇ ਬਦਾਯੂਨੀ ਇਹ ਦੱਸਦੇ ਹਨ ਕਿ ਮੁਹੰਮਦ ਤੁਗਲਕ ਨੇ ਮੰਗੋਲਾਂ ਨੂੰ ਹਰਾਇਆ ਅਤੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕੱਢ ਦਿੱਤਾ। ਪਰ ਫਰਿਸ਼ਤਾ ਦਾ ਮਤ ਇਹ ਹੈ ਕਿ ਮੁਹੰਮਦ ਤੁਗਲਕ ਨੇ ਆਕ੍ਰਮਣਕਾਰੀਆਂ ਨੂੰ ਰਿਸ਼ਵਤ ਦੇ ਕੇ ਲੌਟ ਜਾਣ ਯੋਗ ਬਣਾ ਦਿੱਤਾ। ਆਕ੍ਰਮਣਕਾਰੀਆਂ ਨੂੰ ਸੁਲਤਾਨ ਦੁਆਰਾ ਦਿੱਤੇ ਗਏ ਸੋਨੇ ਅਤੇ ਰਤਨਾਂ ਨੂੰ "ਰਾਜ ਦਾ ਮੁੱਲ" ਸਮਝਿਆ ਗਿਆ ਹੈ। ਚਾਹੇ ਕੁਝ ਵੀ ਸੱਚ ਹੋਵੇ, "ਆਕ੍ਰਮਣ ਕੇਵਲ ਇਕ ਛਾਪ ਦੇ ਤਰ੍ਹਾਂ ਸੀ ਅਤੇ ਤਰਮਾਂਸਿਰੀ ਐਸੇ ਅਦ੍ਰਿਸ਼ ਹੋ ਗਿਆ ਜਿਸ ਤਰ੍ਹਾਂ ਆਇਆ।"

ਨੋਟ

2. ਮੁਹੰਮਦ ਤੁਗਲਕ ਦਾ ਵਿਚਾਰ ਸੰਸਾਰ ਜਿੱਤ ਦਾ ਸੀ। ਉਸ ਨੇ ਖੁਰਾਸਾਨ ਅਤੇ ਈਰਾਕ ਜਿੱਤਣ ਦਾ ਫੈਸਲਾ ਕੀਤਾ ਅਤੇ ਇਸ ਕੰਮ ਦੇ ਲਈ ਇਕ ਵੱਡੀ ਸੈਨਾ ਦਾ ਸੰਗਠਨ ਵੀ ਕੀਤਾ। ਅਜਿਹਾ ਕਰਨ ਵਿੱਚ ਉਸ ਨੂੰ ਉਨ੍ਹਾਂ ਖੁਰਾਸਾਨੀ ਕੁਲੀਨਾਂ ਤੋਂ ਪ੍ਰੇਰਣਾ ਮਿਲੀ ਸੀ, ਜਿਨ੍ਹਾਂ ਨੇ ਉਸ ਦੇ ਦਰਬਾਰ ਵਿੱਚ ਸ਼ਰਣ ਲਈ। ਇਸ ਵਿੱਚ ਉਨ੍ਹਾਂ ਦੇ ਆਪਣੇ ਨਿੱਜੀ ਸਵਾਰਥ ਵੀ ਸਨ। ਜਿਆਊਦੀਨ ਬਾਰਾਨੀ ਸਾਨੂੰ ਦੱਸਦਾ ਹੈ ਕਿ ਲੱਗਭਗ 3,70,000 ਮਨੁੱਖ ਦੀਵਾਨੇ-ਅਰਜ ਜਾਂ ਭਰਤੀ ਦਫਤਰ ਵਿੱਚ ਤਾਇਨਾਤ ਕੀਤੇ ਗਏ ਸਨ। ਪੂਰੇ ਇਕ ਸਾਲ ਤੱਕ ਉਨ੍ਹਾਂ ਨੂੰ ਇਸ ਦੀ ਤਨਖਾਹ ਦਿੱਤੀ ਗਈ ਸੀ। ਇਹ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਖੁਰਾਸਾਨ ਵਿੱਚ ਅਬੂ ਸਈਦ ਦੇ ਬਦਨਾਮ ਸ਼ਾਸਨ ਦੇ ਕਾਰਨ ਅਵਿਵਸਥਾ ਸੀ ਅਤੇ ਮੁਹੰਮਦ ਤੁਗਲਕ ਨਿਸ਼ਚਿਤ ਹੀ ਉਸ ਦਾ ਲਾਭ ਉਠਾ ਸਕਦਾ ਸੀ ਪਰ ਇਹ ਭੁਲਾਇਆ ਨਹੀਂ ਜਾ ਸਕਦਾ ਕਿ ਮੁਹੰਮਦ ਤੁਗਲਕ ਦੀ ਸਥਿਤੀ ਖੁਦ ਭਾਰਤ ਵਿੱਚ ਸਥਾਈ ਨਹੀਂ ਸੀ ਅਤੇ ਇਸ ਲਈ ਵਿਦੇਸ਼ੀ ਭੂਮੀ ਨੂੰ ਜਿੱਤਣ ਦਾ ਵਿਚਾਰ ਤੱਕ ਉਸ ਦੇ ਲਈ ਇਕ ਮੂਰਖ ਕੰਮ ਸੀ। ਇਸ ਤੋਂ ਇਲਾਵਾ ਉਸ ਨੇ ਆਵਾਜਾਈ ਦੀ ਸਮੱਸਿਆ 'ਤੇ ਕੋਈ ਧਿਆਨ ਨਹੀਂ ਦਿੱਤਾ। ਭੂਗੋਲਿਕ ਕਠਿਨਾਈਆਂ ਦੇ ਪ੍ਰਤੀ ਵੀ ਉਦਾਸੀਨਤਾ ਵਰਤੀ ਗਈ। ਇਹ ਗੱਲ ਪੂਰੀ ਤਰ੍ਹਾਂ ਭੁਲਾ ਦਿੱਤੀ ਗਈ ਕਿ ਹਿਮਾਲਿਆ ਅਤੇ ਹਿੰਦੂਕੁਸ਼ ਦੇ ਪਹਾੜੀ ਰਸਤਿਆਂ ਤੋਂ ਹੋ ਕੇ ਅਜਿਹੀ ਵਿਸ਼ਾਲ ਸੈਨਾ ਦਾ ਕੱਢਣਾ ਵੀ ਇਕ ਔਖਾ ਕੰਮ ਸੀ ਅਤੇ ਉਸ ਸੈਨਾ ਦਾ ਭੋਜਨ ਅਤੇ ਅਜਿਹੇ ਦੂਰ ਦੇਸ਼ ਵਿੱਚ ਜੀਵਨ ਦੀਆਂ ਹੋਰ ਜ਼ਰੂਰਤਾਂ ਦਾ ਪ੍ਰਬੰਧ ਕਰਨਾ ਵੀ ਕੋਈ ਸਰਲ ਕੰਮ ਨਹੀਂ ਸੀ। ਇਸ ਦੇ ਇਲਾਵਾ ਭਾਰਤ ਦੇ ਮੁਸਲਿਮ ਸੈਨਿਕ ਮੱਧ ਏਸ਼ੀਆ ਦੇ ਕਠੋਰ ਯੋਧਿਆਂ ਦੇ ਸਾਹਮਣੇ ਕੋਈ ਜੋੜ ਨਹੀਂ ਹੋ ਸਕਦੇ ਸਨ। ਮੁਹੰਮਦ ਤੁਗਲਕ ਮਿਸਰ ਦੇ ਸੁਲਤਾਨ ਅਤੇ ਤਰਮਾਸ਼ੀਰੀਂ ਖਾਂ ਦੀ ਸਹਾਇਤਾ 'ਤੇ ਨਿਰਭਰ ਨਹੀਂ ਰਹਿ ਸਕਦਾ ਸੀ। ਮੁਹੰਮਦ ਤੁਗਲਕ ਨੂੰ ਸਹਾਇਤਾ ਦੇਣ ਦੇ ਬਦਲੇ ਉਨ੍ਹਾਂ ਦੇ ਕੁਝ ਆਪਣੇ ਸਵਾਰਥ ਸਨ। ਇਹ ਠੀਕ ਕਿਹਾ ਗਿਆ ਹੈ ਕਿ ਹਰੇਕ ਦ੍ਰਿਸ਼ਟੀਕੋਣ ਤੋਂ ਇਹ ਯੋਜਨਾ ਪੂਰਨ ਰੂਪ ਨਾਲ ਦੂਰਦਰਸ਼ੀ ਸੀ ਅਤੇ ਇਸ ਵਿੱਚ ਕੋਈ ਹੈਰਾਨੀ ਨਹੀਂ ਕਿ ਉਸ ਨੂੰ ਇਹ ਤਿਆਗਣੀ ਪਵੇ। ਜਿਆਊਦੀਨ ਬਾਰਾਨੀ ਇਹ ਵਿਚਾਰ ਪ੍ਰਗਟ ਕਰਦਾ ਹੈ ਕਿ "ਉਹ ਦੇਸ਼ ਪ੍ਰਾਪਤ ਨਹੀਂ ਕੀਤੇ ਜਾ ਸਕੇ ਜਿਨ੍ਹਾਂ ਦਾ ਮੋਹ ਸੀ... ਅਤੇ ਉਸ ਦਾ ਕੋਸ਼ ਜੋ ਰਾਜਨੀਤਿਕ ਸ਼ਕਤੀ ਦਾ ਸੱਚਾ ਸਰੋਤ ਸੀ ਖਰਚ ਕਰ ਦਿੱਤਾ ਗਿਆ।"

3. ਨਗਰ ਕੋਟ ਦਾ ਕਿਲ੍ਹਾ ਪੰਜਾਬ ਵਿਚ ਕਾਂਗੜਾ ਜਿਲ੍ਹੇ ਵਿਚ ਇਕ ਪਹਾੜੀ ਉੱਤੇ ਸਥਿਤ ਸੀ। ਇਸਨੇ ਮਹਮੂਦ ਗਜਨੀ ਦੇ ਸਮੇਂ ਤੋਂ ਪੱਤਪਰਕੇ ਤੁਰਕੀ ਸੈਨਾ ਨੂੰ ਹਰਾਇਆ ਸੀ। ਇਹ ਅਲਾਉਦੀਨ ਖਿਲਜੀ ਦੇ ਸ਼ਾਸਨ ਕਾਲ ਜਿੱਤਣ ਤੋਂ ਰਹਿ ਗਿਆ ਸੀ। 1337 ਈ. ਵਿਚ ਮੁਹੰਮਦ ਤੁਗਲਕ ਨੇ ਨਗਰਕੋਟ ਦੇ ਵਿਰੁਧ ਆਕ੍ਰਮਣ ਦੀ ਤਿਆਰੀ ਕੀਤੀ। ਹਿੰਦੂ ਰਾਜਾ ਨੇ ਵਿਰੋਧ ਕੀਤਾ ਪਰ ਹਾਰ ਗਿਆ। ਸੁਲਤਾਨ ਨੇ ਉਸਨੂੰ ਕਿਲ੍ਹਾ ਵਾਪਸ ਕਰ ਦਿੱਤਾ।


4. ਫਰਿਸ਼ਦਾ ਦੀ ਨਿਰੀਖਕਤਾ ਦਾ ਅਨੁਕਰਨ ਕਰਦੇ ਹੋਏ ਭਾਰਤੀਅ ਇਤਿਹਾਸ ਦੇ ਬਹੁਤ ਸਾਰੇ ਲੇਖਕਾਂ ਨੇ ਇਹ ਗਲਤ ਵਿਚਾਰ ਦਿੱਤਾ ਹੈ ਕਿ ਮੁਹੰਮਦ ਤੁਗਲਕ ਨੇ ਚੀਨ ਦੇ ਵਿਰੁਧ ਆਕ੍ਰਮਣ ਲਈ ਸੈਨਾ ਭੇਜੀ। ਪਰ ਜਿਆਉਦੀਨ ਬਾਰਾਨੀ ਅਤੇ ਇਬਨਬਤੂਤਾ ਦੁਆਰਾ ਇਹ ਸੱਪਸ਼ਟ ਰੂਪ ਨਾਲ ਦੱਸਿਆ ਜਾਂਦਾ ਹੈ ਕਿ ਮੁਹੰਮਦ ਤੁਗਲਕ ਨੇ ਕਰਾਜਲ ਦਾ ਪਹਾੜ ਜਿੱਤਣ ਦਾ ਇਰਾਦਾ ਕੀਤਾ ਜਿਹੜਾ ਭਾਰਤ ਅਤੇ ਚੀਨ ਦੇ ਵਿਚਕਾਰ ਸਥਿਤ ਹੈ। ਇਬਨਬਤੂਤਾ ਸਾਨੂੰ ਦੱਸਦਾ ਹੈ ਕਿ ਕਰਾਜਲ ਦਾ ਪਹਾੜ ਦਿੱਲੀ ਤੋਂ 10 ਮੀਲ ਦੂਰੀ ਉਤੇ ਸਥਿਤ ਸੀ। ਐਸਾ ਪਤਾ ਚਲਦਾ ਹੈ ਕਿ ਅਭਿਯਾਨ ਕਮਾਯੂੰ ਗੜ੍ਹਵਾਲ ਖੇਤਰ ਦੇ ਕੁਝ ਪਹਾੜੀ ਲੋਕਾਂ ਨੂੰ ਦਿੱਲੀ ਸਲਤਨਤ ਦੇ ਸਵਾਮੀਪਣ ਵਿਚ ਲੈ ਆਉਣ ਲਈ ਕੀਤਾ ਗਿਆ ਸੀ। ਇਸ ਕੰਮ ਦੇ ਲਈ 1337-38 ਈ. ਵਿਚ ਇਕ ਬੜੀ ਭਾਰੀ ਸੈਨਾ ਭੇਜੀ ਗਈ ਸੀ। ਪਹਿਲਾ ਆਕ੍ਰਮਣ ਸਫਲ ਰਿਹਾ, ਪਰ ਜਦੋਂ ਵਰਖਾ-ਰੁੱਤ ਆਈ ਤਾਂ ਆਕ੍ਰਮਣਕਾਰੀਆਂ ਨੂੰ ਬੜੀ ਕਠਿਨਾਈਆਂ ਚੁੱਕਣੀ ਪਈਆਂ। ਸੈਨਾ ਦਾ ਸਾਰਾ ਸਾਮਾਨ ਪਹਾੜੀਆਂ ਨੇ ਲੁੱਟ ਲਿਆ। ਜਿਯਾਉਦੀਨ ਬਾਰਾਨੀ ਦੇ ਅਨੁਸਾਰ 10 ਘੋੜਸਵਾਰ ਬਰਬਾਦੀ ਦੀ ਕਥਾ ਸੁਣਾਉਣ ਲਈ ਵਾਪਸ ਆਏ। ਪਰ ਇਬਨਬਤੂਤਾ ਦੇ ਅਨੁਸਾਰ ਇਹ ਸੰਖਿਆ 3 ਸੀ। ਇਯ ਅਸਫਲਤਾ ਦੇ ਹੁੰਦੇ ਹੋਏ ਵੀ, ਅਭਿਯਾਨ ਦਾ ਉਦੇਸ਼ ਪੂਰਾ ਹੋ ਗਿਆ। ਪਹਾੜੀ ਲੋਕਾਂ ਨੇ ਵਿਰੋਧ ਦੀ ਮੂਰਖਤਾ ਲਈ ਅਨੁਭਵ ਕੀਤਾ ਅਤੇ ਸੁਲਤਾਨ ਨੂੰ ਇੱਜਤ ਦੇਣ ਦੇ ਵਿਚਾਰ ਨਾਲ ਸਹਮਤ ਹੁੰਦੇ ਹੋਏ ਚੰਗੇ ਸੰਬੰਧ ਬਣਾ ਲਏ।

5. ਬੰਗਾਲ ਦਿੱਲੀ ਸਲਤਨਤ ਦੇ ਪ੍ਰਤੀ ਕਦੇ ਵੀ ਵਫਾਦਾਰ ਨਹੀਂ ਰਿਹਾ ਸੀ। ਫਖਰੁਦੀਨ (Fakhar-ud-Din) ਬਹਰਾਮ ਖਾਨ ਦੇ ਲੌਹਕੋਟ-ਧਾਰਕ ਅਤੇ ਪੂਰੀ ਬੰਗਾਲ ਦੇ ਸ਼ਾਸਕ ਨੇ ਅਪਣੇ ਸਵਾਮੀ ਦੀ ਹੱਤਿਆ ਕਰ ਦਿੱਤੀ ਅਤੇ 1336-37 ਈ. ਵਿਚ ਉਸਦਾ ਪ੍ਰਦੇਸ਼ ਖੋਹ ਲਿਆ। ਲਖਨੌਤੀ ਦਾ ਸ਼ਾਸਕ ਕਦਰ ਖਾਨ (Qadr Khan) ਉਸਦੇ ਵਿਰੁਧ ਅੱਗੇ ਵਧਿਆ ਅਤੇ ਖੁਦ ਮਾਰਿਆ ਗਿਆ। ਫਖਰੁਦੀਨ ਨੇ ਮੁਹੰਮਦ ਤੁਗਲਕ ਦੀ ਕਠਿਨਾਈਆਂ ਦਾ ਫਾਇਦਾ ਚੁੱਕਿਆ ਅਤੇ ਅਪਣੇ ਨੂੰ ਬੰਗਾਲ ਦਾ ਸੁਤੰਤਰ ਸ਼ਾਸਕ ਘੋਸ਼ਤ ਕਰ ਦਿੱਤਾ। ਉਸਨੇ ਅਪਣੇ ਨਾਮ ਦੇ ਸਿੱਕੇ ਵੀ ਕਢਵਾ ਦਿੱਤੇ। ਖਾਣ ਯੋਗ-ਪਦਾਰਥ ਅਤੇ ਜੀਵਨ ਦੀ ਹੋਰ ਆਵਸ਼ਕਤਾਵਾਂ ਦਾ ਮੁੱਲ ਏਨਾ ਘੱਟ ਸੀ ਕਿ ਫਾਰਸ ਦੇ ਲੋਕ ਬੰਗਾਲ ਨੂੰ "ਸਭ ਚੰਗੀ ਵਾਸਤਾਂ ਨਾਲ ਭਰਿਆ ਹੋਇਆ ਨਰਕ" ਕਹਿੰਦੇ ਸਨ।

6. ਐਨ. ਉਲ ਮੁਲਕ ਮੁਲਤਾਨੀ (An-ul-Mulk Multani) ਅਵਧ ਦਾ ਸ਼ਾਸਕ ਸੀ। ਉਹ ਇਕ ਵਫਾਦਾਰ ਅਧਿਕਾਰੀ, ਇਕ ਮਹਾਨ ਸੈਨਿਕ ਅਤੇ ਸੁਸਿੱਖਿਅਕ ਵਿਦਵਾਨ ਸੀ। ਉਹ ਕਾਰਾਂ ਦੇ ਨਿਜਾਮ ਮਇਨ ਦੇ ਇਨਕਲਾਬ ਨੂੰ ਦਬਾਉਣ ਦੇ ਲਈ ਜ਼ਿੰਮੇਵਾਰ ਸੀ। ਜਦੋਂ ਅਵਧ ਵਿਚ ਅਕਾਲ ਪਿਆ ਤਦ ਉਸਨੇ ਦਾਨਿਆਂ ਦੇ ਮੁੱਲ ਦੇ 70 ਤੋਂ 80 ਲੱਖ ਤਕ ਦੇ ਟੰਕੇ ਭੇਜੇ। ਇਨ੍ਹਾਂ ਸੇਵਾਵਾਂ ਦੇ ਹੁੰਦੇ ਹੋਏ ਵੀ 1340-41 ਈ. ਵਿਚ ਉਸਨੂੰ ਦੌਲਤਾਬਾਦ ਜਾ ਕੇ ਉਥੋਂ ਦੇ ਉਪਦ੍ਰਵ ਦਬਾਉਣ ਦਾ ਆਦੇਸ਼ ਦਿੱਤਾ ਗਿਆ। ਐਨ.ਐਲ. ਮੁਲਕ ਨੇ ਇਹ ਸੋਚਿਆ ਕਿ ਐਸੇ ਕੰਮ ਦਾ ਇਰਾਦਾ ਅਵਧ ਵਿਚ ਉਸਦੀ ਇੱਜਤ ਦਾ ਪਤਨ ਅਤੇ ਕੂਟਨੀਤੀ ਹੈ। ਆਵਾ-ਜਾਈ ਦੁਆਰਾ ਉਸਦੀ ਸ਼ਕਤੀ ਨੂੰ ਘਟਾਉਣਾ ਹੈ। ਉਸਨੇ ਸੁਲਤਾਨ ਨੂੰ ਇਹ ਪ੍ਰਾਰਥਨਾ ਕੀਤੀ ਕਿ ਉਸਨੂੰ ਦੱਖਣ ਨਾ ਭੇਜਿਆ ਜਾਵੇ,

ਪਰ ਜਦੋਂ ਸੁਲਤਾਨ ਨੇ ਜ਼ਿੱਦ ਕੀਤੀ ਤਾਂ ਉਸਨੇ ਉਪਦ੍ਰਵ ਮਚਾ ਦਿੱਤਾ। ਉਹ ਹਾਰ ਗਿਆ ਅਤੇ ਬੰਦੀ ਬਣਾ ਲਿਆ ਗਿਆ। ਉਸਨੂੰ ਅਹੁਦੇ ਤੋਂ ਵੀ ਉਤਾਰ ਦਿੱਤਾ ਗਿਆ ਅਤੇ ਬਹੁਤ ਬੇਇੱਜਤੀ ਨਾਲ ਉਸਨੂੰ ਰੱਖਿਆ ਗਿਆ। ਕਿਉਂਕਿ ਸੁਲਤਾਨ ਇਹ ਜਾਣਦਾ ਸੀ ਕਿ ਐਨ ਉਲ ਮਲਕ ਇਕ ਕਮਜ਼ੋਰ ਦਿਲ ਵਾਲਾ ਵਿਦਰੋਹੀ ਸੀ, ਇਸ ਲਈ ਉਸਨੂੰ ਮੁਕਤ ਕਰ ਦਿੱਤਾ ਗਿਆ ਅਤੇ ਉਸਨੂੰ ਦਿੱਲੀ ਦੇ ਰਾਜਸੀ ਬਗੀਚਿਆਂ ਦਾ ਸੰਰੱਖਿਅਕ ਨਿਯੁਕਤ ਕਰ ਦਿੱਤਾ ਗਿਆ।

7. ਰਾਜ ਦੇ ਅਸਥਾਇਤਵ ਤੋਂ ਲਾਭ ਉਠਾਉਂਦੇ ਹੋਏ ਸਿੰਧ ਵਿੱਚ ਲੁੱਟਮਾਰ ਨੇ ਬੋਲਬਾਲਾ ਪੈਦਾ ਕਰ ਲਿਆ। ਮੁਹੰਮਦ ਤੁਗਲਕ ਖ਼ੁਦ ਆਪਣੀ ਸੈਨਾ ਦੇ ਨਾਲ ਉਥੇ ਪਹੁੰਚਿਆ। ਲੁਟੇਰੇ ਤਿਤਰ–ਬਿਤਰ ਹੋ ਗਏ ਅਤੇ ਉਨ੍ਹਾਂ ਦੇ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਸਲਾਮ ਧਰਮ ਸਵੀਕਾਰ ਕਰਨ ਨੂੰ ਮਜ਼ਬੂਰ ਕੀਤਾ ਗਿਆ।



ਨੋਟ

*ਟਾਸਕ* ਏਨ-ਉਲ-ਮੁਲਕ ਮੁਲਤਾਨੀ ਕਿੱਥੋਂ ਦਾ ਸ਼ਾਸਕ ਸੀ?

8. 1336 ਈ. ਵਿਚ ਇਕ ਉਤਸਾਹੀ ਨੇਤਾ ਹਰੀਹਰ ਨੇ ਵਿਜੈ ਨਗਰ ਉਤੇ ਹਿੰਦੂਰਾਜ ਦੀ ਸਥਾਪਨਾ ਕੀਤੀ, ਉਸਨੇ ਕ੍ਰਿਸ਼ਨਾ ਨਾਇਕ ਪ੍ਰਤਾਰੁਦਰਕਾਕਤੀਅ ਦੇ ਪੁੱਤਰ ਦੀ ਸਹਾਇਤਾ ਵੀ ਕੀਤੀ ਜਦ ਕਿ ਉਸਨੇ 1343–44 ਈ. ਵਿਚ ਮੁਹੰਮਦ ਤੁਗਲਦ ਦੇ ਵਿਰੁਧ ਵਿਦਰੋਹ ਕੀਤਾ ਬਲਾਲ ਦਵੀਤਅ ਨੇ ਵਾਰੰਗਲ ਉਤੇ ਅਧਿਕਾਰ ਜਮਾ ਲਿਆ ਅਤੇ ਉਸ ਦਾ ਮੁਸਲਿਮ ਸ਼ਾਸਕ ਇਮਾਦ-ਉਲ-ਮੁਲਕ ਦੌਲਤਾਬਾਦ ਨੱਸ ਗਿਆ। ਫਰਿਸ਼ਤਾ ਦੇ ਅਨੁਸਾਰ ਬੱਲਾਲ ਦੇਵ ਅਤੇ ਕ੍ਰਿਸ਼ਨਾ ਨਾਇਕ ਦੋਵਾਂ ਨੇ ਅਪਣੀ ਸੈਨਾਵਾਂ ਮਿਲਾ ਲਈਆਂ ਅਤੇ ਸਾਬਰ ਅਤੇ ਦੁਆਰ ਸਮੁੰਦਰ ਨੂੰ ਮੁਸਲਿਮ ਨਿਯੰਤਰਣ ਤੋਂ ਮੁਕਤ ਕਰਾਇਆ। ਸਾਰੀ ਦਿਸ਼ਾਵਾਂ ਵਿਚ ਯੁੱਧ ਅਤੇ ਵਿਦਰੋਹ ਦੀਆਂ ਲਪਟਾਂ ਭੜਕ ਉਠੀਆਂ ਅਤੇ ਦੂਰ ਦੇ ਪ੍ਰਦੇਸ਼ਾਂ ਵਿਚ ਸੁਲਤਾਨ ਦੇ ਕੋਲ ਇਲਾਵਾ ਗੁਜਰਾਤ ਅਤੇ ਦੇਵਗਿਰੀ ਦੇ ਕੁਝ ਨਾਂ ਬਚਿਆ।

9. ਕੁਤਲਗ ਖਾਨ (Qutlugh Khan) – ਦੌਲਤਾਬਾਦ ਦਾ ਪ੍ਰਾਂਤ ਨਿਰੀਖਕ ਸੀ। ਉਸਦੇ ਹੇਠਲੇ ਅਧਿਕਾਰੀਆਂ ਨੇ ਬਹੁਤ ਸਾਰਾ ਸਰਵਜਨਿਕ ਧੰਨ ਛਲ ਨਾਲ ਹੱਥਿਆ ਲਿਆ ਸੀ ਅਤੇ ਇਸ ਲਈ ਮੁਹੰਮਤ ਤੁਗਲਕ ਨੇ ਐਨ-ਉਲ-ਮੁਲਕ ਮੁਲਤਾਨੀ ਨੂੰ ਦੌਲਤਾਬਾਦਭੇਜਣ ਦਾ ਨਿਸ਼ਚੈ ਕੀਤਾ। ਐਨ. ਉਲ. ਮੁਲਕ ਦੇ ਅਭਿਯਾਨ ਦੇ ਬਾਦ ਵੀ ਇਹ ਕੰਮ ਨਹੀਂ ਹੋ ਸਕਿਆ। ਇਸ ਦੇ ਹੁੰਦੇ ਹੋਏ ਵੀ ਕੁਤਲਗ ਖਾਨ ਦੌਲਤਾਬਾਦ ਤੋਂ ਵਾਪਸ ਬੁਲਾ ਲਿਆ ਗਿਆ ਅਤੇ ਅਲੀਮ-ਉਦੀਨ-ਮੁਲਕ ਨੂੰ ਦੌਲਤਾਬਾਦ ਦਾ ਪ੍ਰਾਂਤ ਨਿਰੀਖਕ ਨਿਯੁਕਤ ਕਰ ਦਿੱਤਾ ਗਿਆ। ਫਿਰ ਵੀ ਸਥਿਤੀ ਵਿਚ ਸੁਧਾਰ ਨਾ ਹੋ ਸਕਿਆ। ਫਰਿਸ਼ਤਾ ਦੇ ਅਨੁਸਾਰ, "ਕੁਤਲਗ ਖਾਨ ਦੇ ਹਟਣ ਤੇ ਲੋਕ ਉਦਾਸ ਹੋ ਗਏਅਤੇ ਨਵੇਂ ਸ਼ਾਸਨ ਪ੍ਰਬੰਧ ਦੁਆਰਾ ਪ੍ਰਦਰਸ਼ਿਤ ਅਸਮਰਥ ਭਾਵ ਨੇ ਸਭ ਪਾਸੇ ਵਿਦਰੋਹਾਂ ਨੂੰ ਜਨਮ ਦਿੱਤਾ। ਪਰਿਣਾਮ ਇਹ ਹੋਇਆ ਦੇਸ਼ ਬੇਜਾਨ ਅਤੇ ਨਸ਼ਟ ਹੋ ਗਿਆ।

10. ਅਜੀਜ ਖ਼ੁੰਮਰ (Aziz Khummar) – ਮੁਹੰਮਦ ਤੁਗਲਕ ਦੁਆਰਾ ਮਾਲਵਾਅਤੇ ਧਾਰ ਦਾ ਸ਼ਾਸਕ ਨਿਯੁਕਤ ਕੀਤਾ ਗਿਆ ਸੀ ਉਸ ਦਾ ਵਿਵਹਾਰ ਕੁਲੀਨ ਸਰਦਾਰਾਂ ਦੇ ਪ੍ਰਤੀ ਦੁਖਦਾਈ ਸੀ ਅਤੇ ਇਸ ਲਈ ਉਨ੍ਹਾਂ ਨੇ ਵਿਦਰੋਹ ਕਰ ਦਿੱਤਾ। ਸ਼ਾਸਕ ਨੇ ਐਸੇ 80 ਸਰਦਾਰ ਪਕੜਵਾ ਲਏ ਅਤੇ ਦੂਜਿਆਂ ਨੂੰ ਆਂਤਕ ਵਿਚ ਲਿਆਉਣ ਲਈ ਉਨ੍ਹਾਂ ਨੂੰ ਮਹਿਲ ਦੇ ਸਾਹਮਣੇ ਕਤਲ ਕਰਵਾ ਦਿੱਤਾ। ਉਹ ਬਹੁਤ ਜ਼ਿਆਦਾ ਅਤਿਆਚਾਰ ਸੀ ਅਤੇ ਇਸ ਲਈ ਹਰ ਜਗ੍ਹਾ ਸੰਕਟ ਖੜਾ ਹੋ ਗਿਆ।" ਅਜੀਜ ਖ਼ੁੰਮਰ ਪਕੜ ਲਿਆ ਗਿਆ ਅਤੇ ਉਸਦੀ ਅਪਮਾਨਜਨਕ ਮ੍ਰਿਤੂ ਕੀਤੀ ਗਈ।

11. ਸੁਲਤਾਨ ਅਪਣੀ ਸ਼ਕਤੀ ਦਾ ਉਲੰਘਣ ਸਹਿਣ ਨਹੀਂ ਕਰ ਸਕਿਆ ਅਤੇ ਫਲਸਰੂਪ ਉਹ ਇੱਕ ਸੈਨਾ ਦੇ ਨਾਲ ਗੁਜਰਾਤ ਦੇ ਵੱਲ ਵਧਿਆ ਅਤੇ ਅਪਣੇ ਹੱਥ ਆਉਣ ਵਾਲੀ ਵਸਤ ਦਾ ਉਸਨੇ ਕਤਲ ਕਰ ਦਿੱਤਾ। ਉਸੀ ਸਮੇਂ ਉਸਨੂੰ ਦੇਵਗਿਰੀ ਵਿਚ ਵਿਦਰੋਹ ਦੀ ਖਬਰ ਮਿਲੀ ਅਤੇ ਇਸ ਲਈ ਉਸਨੇ ਦੇਵਗਿਰੀ ਵੱਲ ਚਲ ਪਿਆ। ਉਥੇ ਹਿੰਦੂਆਂ, ਅਫ਼ਗਾਨਾਂ ਅਤੇ ਤੁਰਕਾਂ ਨੇ ਮਿਲ ਕੇ ਸੁਲਤਾਨ ਦੇ ਵਿਰੁਧ ਸਿਰ ਚੁੱਕਿਆ ਸੀ, ਪਰ ਸੁਲਤਾਨ ਨੇ ਵਿਦਰੋਹੀਆਂ ਤੋਂ ਦੌਲਤਾਬਾਦ ਵਾਪਸ ਲੈ ਲਿਆ। ਜਦੋਂ ਉਹ ਦੌਲਤਾਬਾਦ ਵਿਚ ਸੀ, ਉਸਨੂੰ ਗੁਜਰਾਤ ਵਿਚ ਦੂਜੇ ਵਿਦਰੋਹ ਦੀ ਖਬਰ ਮਿਲੀ। ਉਥੇ ਵਿਦਰੋਹ ਦਾ ਨੇਤਾ ਸਰਦਾਰ ਤਗੀ (Taghi) ਸੀ ਜਿਹੜਾ ਕਿ ਇੱਕ ਸਾਧਾਰਣ ਜੂਤਾ ਬਣਾਉਣ ਵਾਲਾ ਅਤੇ ਮੁਸਲਿਮ ਕੁਲੀਨਾਂ ਦਾ ਇੱਕ ਦਾਸ ਸੀ। ਉਹ ਸਾਰੇ ਅਸੰਤੁਸ਼ਟ ਤੱਤਾਂ ਨੂੰ ਅਪਣੇ ਹੇਠ ਲਿਆਉਣ ਵਿਚ ਸਫ਼ਲ ਰਿਹਾ। ਉਸਨੇ ਸਫ਼ਲਤਾ ਦੇ ਨਾਲ ਨਹਿਰ ਵਾਲਾ, ਕੈਂਬੇ ਅਤੇ ਭੜੌਚ ਦੇ ਸਥਾਨਾਂ ਨੂੰ ਲੁੱਟ ਲਿਆ ਅਤੇ ਉਨ੍ਹਾਂ ਨੂੰ ਅਪਣੇ ਅਧਿਕਾਰ ਵਿਚ ਕਰ ਲਿਆ। ਫਿਰ ਵੀ ਮੁਹੰਮਦ ਤੁਗਲਕ ਤਗੀ ਨੂੰ ਗੁਜਰਾਤ ਵਿਚੋਂ ਭਜਾਉਣ ਅਤੇ ਉਸਨੂੰ ਸਿੰਧ ਵਿਚ ਸ਼ਰਣ ਲੈਣ ਯੋਗ ਬਣਾਉਣ ਵਿਚ ਸਫ਼ਲ ਰਿਹਾ। ਅਖੀਰ ਗੁਜਰਾਤ ਦਾ ਵਾਤਾਵਰਨ ਸ਼ਾਂਤ ਹੋ ਗਿਆ।

12. ਜਦੋਂ ਮੁਹੰਮਦ ਤੁਗਲਕ ਗੁਜਰਾਤ ਵਿਚ ਸੀ, ਤਾਂ ਵਿਦੇਸੀ ਅਮੀਰਾਂ ਨੇ ਅਪਣੀ ਸਥਿਤੀ ਦੁਬਾਰਾ ਪ੍ਰਾਪਤ ਕਰਨ ਦੀ ਪ੍ਰਭਾਵਸ਼ਾਲੀ ਯੋਜਨਾਵਾਂ ਬਣਾਈਆਂ ਅਤੇ ਉਨ੍ਹਾਂ ਨੇ ਦੇਵਗਿਰੀ ਦਾ ਕਿਲ੍ਹਾ ਘੇਰ ਲਿਆ। ਉਸ ਉੱਤੇ ਦੁਬਾਰਾ ਪ੍ਰਭਾਵ ਜਮਾਉਣ ਦੇ ਲਈ ਸਾਮਰਾਜਵਾਦੀਆਂ ਦੀ ਸਾਰੀ ਯੋਜਨਾਵਾਂ ਅਸਫਲ ਰਹੀਆਂ। ਹਸਨ ਗੰਗੂ ਨੇ ਇਮਾਦ ਉਲ ਮੁਲਕ ਨੂੰ ਹਰਾ ਦਿੱਤਾ ਅਤੇ ਵਿਦਰੋਹੀਆਂ ਨੇ ਦੌਲਤਾਬਾਦ ਉਤੇ ਕਬਜਾ ਕਰ ਲਿਆ। ਇਸਮਾਇਲ ਮੁਲਕ ਜਿਸਨੂੰ ਵਿਦਰੋਹੀਆਂ ਨੇਅਪਣਾ ਰਾਜਾ ਚੁਣ ਲਿਆ ਸੀ, ਨੇ ਇੱਛਕ ਅਤੇ ਪ੍ਰਸੰਨ ਰੂਪ ਵਿਚ "ਹਸਨ ਗੰਗੂ ਦੇ ਪੱਖ ਵਿਚ ਤਿਆਗ ਪੱਤਰ ਦੇ ਦਿੱਤਾ। ਅਗਸਤ 1347 ਈ. ਵਿਚ ਹਸਨ ਨੇ ਅਲਾਉਦੀਨ ਬਹਮਨ ਸ਼ਾਹ ਦੀ ਉਪਾਧੀ ਗ੍ਰਹਿਣ ਕਰ ਲਈ ਅਤੇ ਬਹਮਨੀ ਰਾਜ ਦੀ ਨੀਂਹ ਰੱਖੀ।"

13. ਤਗੀ ਨੇ ਸਿੰਧ ਵਿਚ ਸ਼ਰਨ ਲਈ ਸੀ ਅਤੇ ਮੁਹੰਮਦ ਤੁਗਲਕ ਨੇ ਉਸ ਦੇ ਵਿਰੁਧ ਵਧਣ ਦਾ ਫੈਸਲਾ ਕੀਤਾ ਸੀ, ਪਰ ਰਸਤੇ ਵਿਚ ਸੁਲਤਾਨ ਬੀਮਾਰ ਹੋ ਗਿਆ ਅਤੇ ਇਸਲਈ ਗੋਂਡਲ ਵਿਚ ਕੁਝ ਸਮੇਂ ਦੇ ਲਈ ਰੁਕਣ ਵਾਸਤੇ ਬੇਬਸ ਹੋ ਗਿਆ। ਕੁਝ ਦਸ਼ਾ ਸੁਧਰਨ ਵਿਚ ਉਹ ਸਿੰਧ ਵਿਚ ਖੱਟਾ ਵਲ ਵਧਿਆ। ਉਸ ਸਥਾਨ ਤੋਂ 3 ਜਾਂ 4 ਦਿਨ ਤਕ ਵਧਦੇ ਹੀ ਉਸਦੀ ਹਾਲਤ ਗੰਭੀਰ ਹੋ

**ਨੋਟ**

ਗਈ ਅਤੇ 20 ਮਾਰਚ 1351 ਈ. ਨੂੰ ਉਸਦਾ ਦੇਹਾਂਤ ਹੋ ਗਿਆ। ਬਦਾਯੂਨੀ ਇਸ ਤਰ੍ਹਾਂ ਕਹਿੰਦਾ ਹੈ "ਅਤੇ ਇਸ ਤਰ੍ਹਾਂ ਰਾਜਾ ਨੂੰ ਅਪਣੀ ਜਨਤਾ ਤੋਂ ਅਤੇ ਜਨਤਾ ਨੂੰ ਅਪਣੇ ਰਾਜਾ ਤੋਂ ਮੁਕਤੀ ਮਿਲ ਗਈ।"

ਡਾ. ਈਸ਼ਵਰੀ ਪ੍ਰਸਾਦ ਦੇ ਅਨੁਸਾਰ,"ਉਨ੍ਹਾਂ ਅਮੀਰਾਂ ਵੱਲ ਜੋ ਉਸ ਦੇ ਡੇਰੇ ਵਿੱਚ ਭੀੜ ਲਗਾਈ ਰੱਖਦੇ ਸਨ, ਉਹ ਆਪਣੀ ਡਗਮਗਾਉਂਦੀ ਹੋਈ ਸ਼ਕਤੀ ਨੂੰ ਰੋਕਣ ਲਈ ਸਹਾਇਤਾ ਦੇ ਲਈ ਦੇਖਦਾ ਸੀ ਪਰ ਉਹ ਸਭ ਬਿਨਾਂ ਕਿਸੇ ਯੋਜਨਾ ਜਾਂ ਨੀਤੀ ਦੇ ਘੱਟ ਬੁੱਧੀ ਵਾਲੇ ਸਨ ਅਤੇ ਉਸ ਨੂੰ ਕੇਵਲ ਬਹੁਤ ਥੋੜ੍ਹੀ ਜਿਹੀ ਸਹਾਇਤਾ ਦੇ ਸਕਦੇ ਸਨ। ਜਿਸ ਵਸਤੂ ਨੇ ਉਸ ਗੰਭੀਰਤਾ ਦੇ ਨਾਲ ਰੋਕਿਆ ਉਹ ਚੀਜ਼ ਉਨ੍ਹਾਂ ਯੋਗ ਸ਼ਾਸਕਾਂ ਅਤੇ ਅਧਿਕਾਰੀਆਂ ਦੀ ਕਮੀ ਸੀ ਜੋ ਉਸ ਦੀਆਂ ਯੋਜਨਾਵਾਂ ਨੂੰ ਲਾਗੂ ਕਰ ਸਕਦੇ। ਮੁੱਖ ਸਥਾਨ 'ਤੇ ਮਨੁੱਖ ਦੀ ਅਕੁਸ਼ਲਤਾ ਨੇ ਵਿਅਕਤੀਤਵ ਦੇ ਤੱਤ ਨੂੰ ਇਸ ਹੱਦ ਤੱਕ ਮਹੱਤਵ ਪ੍ਰਦਾਨ ਕੀਤਾ ਕਿ ਗੜਬੜ ਵਾਲੇ ਖੇਤਰਾਂ ਵਿੱਚ ਵਿਵਸਥਾ ਬਣਾਈ ਰੱਖਣ ਦੇ ਲਈ ਸੁਲਤਾਨ ਦੀ ਮੌਜੂਦਗੀ ਜ਼ਰੂਰੀ ਹੋ ਗਈ। ਲਗਾਤਾਰ ਵਿਰੋਧ ਅਤੇ ਮਾੜੇ ਪ੍ਰਬੰਧਾਂ ਨਾਲ ਪ੍ਰਭਾਵਿਤ ਸਥਾਨਕ ਸ਼ਾਸਨ ਪ੍ਰਬੰਧ ਉਨ੍ਹਾਂ ਵਿਦਰੋਹੀਆਂ ਦੇ ਸਾਹਮਣੇ ਨਾ ਠਹਿਰ ਸਕੇ, ਜਿਨ੍ਹਾਂ ਦੀ ਸ਼ਕਤੀ ਰੋਜ਼ ਵੱਧ ਰਹੀ ਸੀ। ਅਸ਼ਾਂਤੀ ਦੀਆਂ ਸ਼ਕਤੀਆਂ 'ਤੇ ਰੋਕ ਲਗਾਉਣ ਵਿੱਚ ਗੁਜਰਾਤ ਜਾਂ ਦੇਵਗਿਰੀ ਕਿਸੇ ਦਾ ਵੀ ਸਥਾਨਕ ਸ਼ਾਸਨ ਪ੍ਰਬੰਧ ਕੋਈ ਉਤਸ਼ਾਹ ਨਾ ਦਿਖਾ ਸਕਿਆ। ਕੇਵਲ ਸੁਲਤਾਨ ਹੀ ਨੂੰ ਹਮਲਿਆਂ ਦੀਆਂ ਮੁੱਖ ਸੱਟਾਂ ਦਾ ਮੁਕਾਬਲਾ ਕਰਨਾ ਪਿਆ। ਰਾਜਸੀ ਸੈਨਾ ਵੀ ਕੋਈ ਵਿਸ਼ੇਸ਼ ਕੁਸ਼ਲਤਾ ਨਾ ਦਿਖਾ ਸਕੀ। ਸ਼ਾਇਦ ਸੁਲਤਾਨ ਦੀਆਂ ਅਸਧਾਰਣ ਕਠੋਰਤਾਵਾਂ ਨੇ ਉਸ ਦਾ ਸੰਤੋਸ਼ ਖਤਮ ਕਰ ਦਿੱਤਾ ਸੀ ਅਤੇ ਉਸ ਦਾ ਉਤਸ਼ਾਹ ਠੰਡਾ ਕਰ ਦਿੱਤਾ ਸੀ।" (Qaraunah Turks, p. 247) ।

**ਮੁਹੰਮਦ ਤੁਗਲਕ ਦਾ ਚਰਿੱਤਰ ਅਤੇ ਮੁੱਲਆਂਕਨ** (Character and Estimate) : ਤੁਗਲਕ ਦੇ ਚਰਿੱਤਰ ਅਤੇ ਸਫਲਤਾਵਾਂ ਦੇ ਵਿਸ਼ੇ ਵਿਚ ਬਹੁਤ ਵਿਵਾਦ ਹਨ। ਐਲੀਫਸਟਨ ਦਾ ਇਹ ਮਤ ਹੈ ਕਿ ਮੁਹੰਮਦ ਤੁਗਲਕ ਉਤੇ ਥੋੜਾ ਬਹੁਤ ਪਾਗਲਪਣ ਦਾ ਵੀ ਪ੍ਰਭਾਵ ਸੀ। ਕੁਝ ਲੇਖਕ ਜਿਸ ਤਰ੍ਹਾਂ ਹੈਵਲ, ਐਡਵਰਡ ਟਾਮਸ ਅਤੇ ਸਮਿਥ ਉਸੀ ਦੇ ਇਸ ਵਿਚਾਰ ਨੂੰ ਗ੍ਰਹਿਣ ਕਰਦੇ ਹਨ। ਗਾਰਡਿਨਰ ਬਰਾਉਨ (Gardiner Brown) ਨੇ ਮੁਹੰਮਦ ਤੁਗਲਕ ਦੇ ਬੁਰੇ ਜੀਵਨ ਦੇ ਪਹਿਲੂ ਨੂੰ ਬਿਲਕੁਲ ਛੱਡ ਦਿੱਤਾ ਹੈ ਅਤੇ ਉਸਨੂੰ "ਪਾਗਲ" "ਖ਼ੂਨ ਦਾ ਪਿਆਸਾ" ਜਾਂ "ਸੁਪਨੇ ਦੇਖਣ ਵਾਲਾ" ਹੋਣ ਤੋਂ ਮੁਕਤ ਕੀਤਾ ਹੈ। ਗਿਯਾਸੁਦੀਨ ਬਾਰਾਨੀ ਅਤੇ ਇਬਨਬਤੁਤਾ ਮੁਹੰਮਦ ਤੁਗਲਕ ਦੇ ਵਿਅਕਤੀਤਵ ਵਿਚ ਗੁਣਾ ਅਤੇ ਦੋਸ਼ਾਂ ਦੇ ਵਿਸ਼ੇ ਵਿਚ ਉਲਟਾ ਮੱਤ ਰੱਖਦੇ ਹਨ। ਇਹ ਵਿਵਾਦ ਹਮੇਸ਼ਾ ਤੋਂ ਹੀ ਐਸਾ ਜੀਵਿਤ ਰਿਹਾ ਹੈ।

ਮੁਹੰਮਦ ਤੁਗਲਕ ਅਪਣੇ ਸਮੇਂ ਦਾ ਯੋਗ ਅਤੇ ਹੋਣਹਾਰ ਵਿਦਵਾਨਾਂ ਵਿਚੋਂ ਇੱਕ ਸੀ ਅਤੇ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਉਸਦੇ ਸਮਕਾਲੀਨ ਲੋਕਾਂ ਨੇ ਉਸਦੀ ਪ੍ਰਸ਼ੰਸਾ ਕੀਤੀ ਹੈ। ਉਹ ਇੱਥ ਤੇਜ ਬੁੱਧੀ ਅਤੇ ਹੈਰਾਨ ਕਰਨ ਵਾਲੀ ਯਾਦਾਸ਼ਤ ਸ਼ਕਤੀ ਰੱਖਦਾ ਸੀ। ਉਹ ਤਰਕ-ਸ਼ਾਸਤਰ, ਦਰਸ਼ਨ ਸ਼ਾਸਤਰ, ਗਣਿਤ ਸ਼ਾਸਤਰ, ਜੋਤਸ਼ੀ ਅਤੇ ਭੌਤਿਕ ਵਿਗਿਆਨ ਜਾਣਦਾ ਸੀ। ਉਹ ਰਚਨਾ ਅਤੇ ਸ਼ੈਲੀ ਦਾ ਪੂਰਣ ਸਵਾਮੀ ਸੀ। ਉਹ ਇੱਕ ਯੋਗ ਅਤੇ ਸੁੰਦਰ ਲੇਖਕ ਸੀ। ਉਸਨੂੰ ਫਾਰਸੀ ਕਵਿਤਾ ਦਾ ਬਹੁਤ ਚੰਗਾ ਗਿਆਨ ਸੀ ਅਤੇ ਅਪਣੇ ਪੱਤਰਾਂ ਵਿਚ ਫਾਰਸੀ ਕਵਿਤਾਵਾਂ ਦੇ ਕੁਝ ਹਿੱਸੇ ਲਿਖਣ ਵਿਚ ਉਸਨੂੰ ਬੜਾ ਆਨੰਦ ਆਉਂਦਾ ਸੀ। ਉਸਨੂੰ ਦਵਾਈਆਂ ਦਾ ਗਿਆਨ ਸੀ ਅਤੇ ਉਹ ਵਿਵਾਦਾਂ ਵਿਚ ਬਹਤੁ ਮਾਹਿਰ ਸੀ। ਉਪਮਾਵਾਂ ਅਤੇ ਅਲੰਕਾਰਾਂ ਦੀ ਵਰਤੋਂ ਵਿਚ ਉਹ ਬਹਤੁ ਚਾਲਾਕ ਸੀ। ਜਿਯਾਉਦੀਨ ਬਾਰਾਨੀ ਉਸਨੂੰ ਇੱਕ ਯੋਗ ਵਿਦਵਾਨ ਦੱਸਦਾ ਹੈ ਅਤੇ ਸੰਸਾਰ ਦਾ ਇਕ ਐਸੀ ਮਹਾਨ ਹੈਰਾਨੀ ਸਮਝਦਾ ਹੈ ਜਿਸ ਦੀਆਂ ਯੋਗਤਾਵਾਂ ਅਰਸਤੂ ਅਤੇ ਆਸਫ ਜਿਹੇ ਮਨੁੱਖਾਂ ਨੂੰ ਹੈਰਾਨ ਕਰ ਦਿੰਦੀ ਹੈ। ਉਹ ਉਦਾਰ ਸੁਭਾਅ ਦਾ ਸੀ। ਉਹ ਉਨ੍ਹਾਂ ਸਭ ਨੂੰ ਤੋਹਫੇ ਦਿੰਦਾ ਸੀ ਜਿਹੜੇ ਉਸਦੇ ਦਰਬਾਰ ਵਿਚ ਭੀੜ ਲਗਾਈ ਰੱਖਦੇ ਸਨ। ਉਸ ਦੀਆਂ ਆਦਤਾਂ ਸਾਧਾਰਣ ਸਨ। ਉਹ ਅਪਣੇ ਸਮੇਂ ਦੀਆਂ ਪ੍ਰਚਲਿਤ ਬੁਰਾਈਆਂ ਤੋਂ ਮੁਕਤ ਸੀ। ਇਬਨਬਤੁਤਾ ਨੇ ਉਸਨੂੰ "ਸਭ ਤੋਂ ਜ਼ਿਆਦਾ ਨਮਰ ਅਤੇ ਐਸਾ ਮਨੁੱਖ ਜਿਹੜਾ ਸਦਾ ਹੀ ਠੀਕ ਅਤੇ ਸੱਚਾ ਕੰਮ ਕਰਨ ਦੇ ਲਈ ਫੌਰਨ ਅਤੇ ਇੱਛੁਕ ਰਹਿਣ ਵਾਲਾ ਸੀ" ਦੱਸਿਆ ਹੈ। ਬਰਨੀ ਯਾਹਿਮਾ-ਬਿਨ-ਅਹਮਦ ਸਰਹਿੰਦੀ, ਬਦਾਯੂਨੀ, ਨਿਜਾਮੁਦੀਨ ਅਤੇ ਫਰਿਸ਼ਤਾ ਨੇ ਇਹ ਗਲਤ ਦੱਸਿਆ ਹੈ ਕਿ ਮੁਹੰਮਦ ਤੁਗਲਕ ਇੱਕ ਧਾਰਮਿਕ ਵਿਅਕਤੀ ਨਹੀਂ ਸੀ ਅਤੇ ਉਹ ਪਵਿੱਤਰ ਅਤੇ ਯੋਗ ਮਨੁੱਖਾਂ ਦੇ ਹੱਤਿਆ ਕਾਂਡ ਦੇ ਲਈ ਜਿੰਮੇਦਾਰ ਵੀ ਸੀ। ਇਬਨਬਤੁਤਾ ਬਿਲਕੁਲ ਸਾਹਮਣੇ ਇਹ ਸਵੀਕਾਰ ਕਰਦਾ ਹੈ ਕਿ ਉਹ (ਮੁਹੰਮਦ ਤੁਗਲਕ) ਪੱਕੀ ਤਰ੍ਹਾਂ ਨਾਲ ਧਾਰਮਿਕ ਸਿਧਾਂਤ ਦੀ ਪਾਲਣਾ ਕਰਦਾ ਸੀ। ਖੁਦ ਪ੍ਰਾਰਥਨਾਵਾਂ ਕਰਦਾ ਹੈ ਅਤੇ ਮਨੁੱਖਾਂ ਨੂੰ ਦੰਡ ਵੀ ਦਿੰਦਾ ਹੈ ਜਿਹੜੇ ਪੂਜਾ ਤੋਂ ਉਦਾਸੀਨ ਰਹਿੰਦੇ ਹਨ। ਦੋ ਹੋਰ ਸਮਕਾਲੀਨ ਲੇਖਕ ਸ਼ਹਾਬੁਦੀਨ ਅਹਮਦ ਅਤੇ ਉਨ-ਬਦਰੇ-ਛਾਛ ਵੀ ਇਬਨਬਤੁਤਾ ਦੇ ਮੱਤ ਦੀ ਪੁਸ਼ਟੀ ਕਰਦੇ ਹਨ। ਇਹ ਪਤਾ ਲਗਦਾ ਹੈ ਕਿ ਮੁਹੰਮਦ ਤੁਗਲਕ ਦੀ ਇਕ ਮਾਤਰ ਗਲਤੀ ਇਹ ਸੀ ਕਿ "ਉਸਨੇ ਉਸ ਪਰੰਪਰਾਗਤ ਨਿਯਮ" ਦੇ ਪ੍ਰਤੀ ਉਦਾਸੀਨਤਾ ਕੀਤੀ ਜਿਸਦੀ ਵਿਆਖਿਆ ਕਾਜੀ ਅਤੇ ਦੂਜੇ ਹੋਰ ਮੁਸਲਿਮ ਉਲੇਮਾ ਕਰਦੇ ਸਨ ਅਤੇ ਉਸਨੇ ਉਹੋ ਹੀ ਕੀਤਾ ਜਿਹੜਾ ਖੁਦ ਠੀਕ ਅਤੇ ਨਿਆਂ ਸੰਗਤ ਸਮਝਿਆ।

ਮੁਹੰਮਦ ਤੁਗਲਕ ਦੀ ਕਲਪਨਾ ਸ਼ਕਤੀ ਬਹੁਤ ਤੇਜ਼ ਸੀ ਪਰ ਉਸ ਦੇ ਕੋਲ ਵਪਾਰਕ ਨਿਆ ਅਤੇ ਸਧਾਰਣ ਬੁੱਧੀ ਦਾ ਅਹਿਸਾਸ ਸੀ। ਉਹ ਤੇਜ਼ ਕੰਮ ਕਰਨ ਵਾਲਾ ਅਤੇ ਗਰਮ ਸੁਭਾਅ ਦਾ ਸੀ। ਉਹ ਕਿਸੇ ਪਾਸਿਓਂ ਵਿਰੋਧ ਸਹਿਣ ਨਹੀਂ ਕਰ ਸਕਦਾ ਸੀ ਅਤੇ ਉਨ੍ਹਾਂ ਸਾਰਿਆਂ ਨੂੰ ਸਜ਼ਾ ਦੇਣ ਦੇ ਲਈ ਤਿਆਰ ਰਹਿੰਦਾ ਸੀ ਜੋ ਉਸ ਦੀ ਆਗਿਆ ਦਾ ਉਲੰਘਣ ਕਰਨ ਜਾਂ ਉਸ ਤੋਂ ਅਸਹਿਮਤ ਦਾ ਹੌਸਲਾ ਕਰਦੇ ਸਨ। ਜਿਆਉਦੀਨ ਬਾਰਾਨੀ ਦੇ ਅਨੁਸਾਰ, "ਉਸ ਨੇ ਜੋ ਕੁਝ ਸੋਚਿਆ, ਉਸ ਨੇ ਚੰਗਾ ਸੋਚਿਆ, ਪਰ ਆਪਣੀ

ਨੋਟ

ਯੋਜਨਾ ਨੂੰ ਲਾਗੂ ਕਰਨ ਵਿੱਚ ਉਸ ਨੇ ਆਪਣੇ ਪ੍ਰਦੇਸ਼ਾਂ ਤੱਕ ਨੂੰ ਗੁਆ ਦਿੱਤਾ, ਆਪਣੀ ਜਨਤਾ ਨੂੰ ਅਸੰਤੁਸ਼ਟ ਕਰ ਦਿੱਤਾ ਅਤੇ ਆਪਣਾ ਖਜ਼ਾਨਾ ਖਾਲੀ ਕਰ ਦਿੱਤਾ। ਵਿਸਮਯ ਦੇ ਬਾਅਦ ਵਿਸਮਯ ਆਇਆ ਅਤੇ ਇਸ ਲਈ ਗੜਬੜ ਚਰਮ ਸੀਮਾ 'ਤੇ ਪਹੁੰਚ ਗਈ। ਲੋਕਾਂ ਦੀਆਂ ਮਾੜੀਆਂ ਭਾਵਨਾਵਾਂ ਨੇ ਵਿਦਰੋਹ ਦੇ ਫੁੱਟਣ ਨੂੰ ਜਨਮ ਦਿੱਤਾ। ਸ਼ਾਹੀ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਨਿਯਮ ਦਿਨ ਪ੍ਰਤੀ ਦਿਨ ਜ਼ਿਆਦਾ ਸ਼ੋਸ਼ਣਾਤਮਕ ਹੋਣ ਲੱਗੇ। ਬਹੁਤ ਦੂਰ ਦੇ ਦੇਸ਼ਾਂ ਅਤੇ ਪ੍ਰਾਂਤਾਂ ਦੇ ਕਰ ਜਾਂਦੇ ਰਹੇ ਅਤੇ ਬਹੁਤ ਸਾਰੇ ਸੈਨਿਕ ਅਤੇ ਨੌਕਰ ਤਿਤਰ-ਬਿਤਰ ਹੋ ਗਏ ਅਤੇ ਦੂਰ ਦੇ ਸਥਾਨਾਂ ਵਿੱਚ ਛੱਡ ਦਿੱਤੇ ਗਏ। ਖਜ਼ਾਨੇ ਵਿੱਚ ਅਹਿਸਾਸ ਦਿਖਾਈ ਦੇਣ ਲੱਗਾ। ਸੁਲਤਾਨ ਦੇ ਦਿਮਾਗ ਦਾ ਸੁਲਤਾਨ ਖਤਮ ਹੋ ਗਿਆ। ਆਪਣੇ ਸੁਭਾਅ ਦੀ ਚਰਮ ਕਮਜ਼ੋਰੀ ਅਤੇ ਕਠੋਰਤਾ ਵਿੱਚ ਆ ਕੇ ਉਸ ਨੇ ਆਪਣੇ ਆਪ ਨੂੰ ਅੱਤਿਆਚਾਰ ਦੇ ਪ੍ਰਤੀ ਸਮਰਪਿਤ ਕਰ ਦਿੱਤਾ। ਜਦੋਂ ਉਸ ਨੇ ਦੇਖਿਆ ਕਿ ਉਸ ਦੇ ਆਦੇਸ਼ ਠੀਕ ਨਹੀਂ ਚੱਲ ਰਹੇ ਹਨ, ਜਿਵੇਂ ਕਿ ਉਹ ਚਾਹੁੰਦਾ ਸੀ ਤਾਂ ਉਹ ਆਪਣੀ ਜਨਤਾ ਦੇ ਪ੍ਰਤੀ ਹੋਰ ਵੀ ਜ਼ਿਆਦਾ ਨਾਰਾਜ਼ ਹੋ ਗਿਆ।"

ਮੁਹੰਮਦ ਤੁਗਲਕ ਨੇ ਬਰਨੀ ਨੂੰ ਕਿਹਾ "ਮੇਰਾ ਰਾਜ ਰੋਗੀ ਹੈ ਅਤੇ ਕੋਈ ਵੀ ਔਖਦ ਉਸਨੂੰ ਠੀਕ ਨਹੀਂ ਕਰਦੀ। ਵੈਦ ਸਿਰ ਦਾ ਦਰਦ ਠੀਕ ਕਰਦਾ ਹੈ ਪਰ ਬੁਖਾਰ ਆ ਜਾਂਦਾ ਹੈ, ਉਹ ਬੁਖਾਰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਕੁਝ ਹੋਰ ਰੋਗ ਨਿਕਲ ਆਉਂਦਾ ਹੈ। ਇਸ ਲਈ ਮੇਰੇ ਰਾਜ ਵਿਚ ਅਸ਼ਾਂਤੀ ਫੱਟ ਗਈ ਹੈ, ਜੇਕਰ ਮੈਂ ਇਕ ਜਗ੍ਹਾਂ ਉਸਨੂੰ ਦਬਾਉਂਦਾ ਹਾਂ ਉਹ ਦੂਜੀ ਜਗ੍ਹਾਂ ਉਠ ਜਾਂਦੀ ਹੈ, ਜੇਕਰ ਮੈਂ ਫਿਰ ਉਸਨੂੰ ਇਕ ਜਿਲ੍ਹੇ ਵਿਚ ਰੋਕਦਾ ਹਾਂ ਤਾਂ ਦੂਜੇ ਜਿਲ੍ਹੇ ਵਿਚ ਗੜਬੜ ਹੋ ਜਾਂਦੀ ਹੈ। ਫਿਰ ਮੈਂ ਸ਼ੱਕ ਜਾਂ ਕਲਪਨਾ ਉਤੇ ਉਨ੍ਹਾਂ ਦੇ ਵਿਦਰੋਹਾਤਮਕ ਅਤੇ ਝੂਠ ਨੂੰ ਸੱਚ ਕਰਨ ਵਾਲਿਆਂ ਦੇ ਕੰਮਾਂ ਦੇ ਵਿਰੁਧ ਅੱਗੇ ਵਧਦਾ ਹਾਂ ਅਤੇ ਛੋਟੇ ਛੋਟੇ ਅਪਰਾਧ ਤਕ ਉੱਤੇ ਮ੍ਰਿਤੂ ਦੰਡ ਦਿੰਦਾ ਹਾਂ ਇਹ ਮੈਂ ਤਦ ਕਰਾਂਗਾ ਜਦ ਤਕ ਜੀਵਤ ਰਹਾਂਗਾ ਜਾਂ ਜਦ ਤਕ ਲੋਕ ਇਮਾਨਦਾਰੀ ਨਾਲ ਕੰਮ ਨਹੀਂ ਕਰਦੇ ਜਾਂ ਵਿਦਰੋਹ ਅਤੇ ਆਗਿਆ ਉਲੰਘਣ ਨਹੀਂ ਛੱਡ ਦਿੰਦੇ। ਮੇਰੇ ਕੋਲ ਕੋਈ ਐਸਾ ਵਜੀਰ ਨਹੀਂ ਹੈ ਜਿਹੜਾ ਮੇਰੇ ਨਿਕਲਦੇ ਹੋਏ ਖੂਨ ਨੂੰ ਦਿਖਾਉਣ ਲਈ ਨਿਯਮ ਬਣਾਏਗਾ। ਮੈਂ ਮਨੁੱਖਾਂ ਨੂੰ ਦੰਡ ਦਿੰਦਾ ਹਾਂ ਕਿਉਂਕਿ ਉਹ ਮੇਰੇ ਬਿਲਕੁਲ ਵਿਰੋਧੀ ਅਤੇ ਸ਼ਤਰੂ ਬਣ ਬੈਠੇ ਹਨ। ਮੈਂ ਉਨ੍ਹਾਂ ਦੇ ਵਿਚ ਬਹੁਤ ਧੰਨ ਵੰਡ ਦਿੱਤਾ ਹੈ ਪਰ ਫਿਰ ਵੀ ਉਹ ਕਰਤੱਵ ਨਿਭਾਉਣ ਅਤੇ ਮਿੱਤਰ ਨਾਂ ਹੋ ਸਕੇ।" ਫਿਰ ਵਿਦਰੋਹੀਆਂ ਦੇ ਲਈ ਮੇਰਾ ਤਰੀਕਾ ਤਲਵਾਰ ਹੈ। ਮੈਂ ਦੰਡ ਦਿੰਦਾ ਹਾਂ ਅਤੇ ਤਲਵਾਰ ਦਾ ਪ੍ਰਯੋਗ ਕਰਦਾ ਹਾਂ ਜਿਸ ਨਾਲ ਕਸ਼ਟਾਂ ਦੁਆਰਾ ਸੁਧਾਰ ਹੋ ਸਕੇ। ਜਿੰਨ੍ਹਾਂ ਜ਼ਿਆਦਾ ਲੋਕ ਵਿਰੋਧ ਕਰਦੇ ਹਨ ਉਨ੍ਹਾਂ ਹੀ ਜ਼ਿਆਦਾ ਦੰਡ ਦਿੰਦਾ ਹਾਂ।

ਮੁਹੰਮਦ ਤੁਗਲਕ ਨੂੰ "ਵਿਪਰੀਤਤਾਵਾਂ ਦਾ ਮਿਸ਼ਰਣ" (a mixture of opposites) ਦੱਸਿਆ ਗਿਆ ਹੈ ਜੇਕਰ ਉਸਦੇ ਅਪਣੇ ਗੁਣ ਸਨ ਤਾਂ ਕੁਝ ਦੋਸ਼ ਵੀ ਸਨ। ਜਿੱਥੇ ਉਹ ਉਦਾਰ, ਦਿਆਲੂ ਅਤੇ ਨਮਰ ਸੀ ਉੱਥੇ ਬਹੁਤ ਨਿਰਦਈ ਵੀ ਸੀ। ਜਿੱਥੇ ਉਹ ਅਪਣੇ ਕੋਲ ਆਉਣ ਵਾਲੇ ਲੋਕਾਂ ਨੂੰ ਤੋਹਫੇ ਦਿੰਦਾ ਸੀ ਉੱਥੇ ਬਹੁਤਿਆਂ ਦੀ ਮ੍ਰਿਤੂ ਲਈ ਵੀ ਜਿੰਮੇਦਾਰ ਵੀ ਸੀ। ਸੁਲਤਾਨ ਦਾ ਸੁਭਾਅ ਐਸਾ ਸੀ ਕਿ ਕੋਈ ਵਿਸ਼ਵਾਸ ਨਾਲ ਇਹ ਨਹੀਂ ਕਹਿ ਸਕਦਾ ਸੀ ਕਿ ਉਸ ਨੂੰ ਕੀ ਮਿਲੇਗਾ। ਇਹ ਸੰਭਵ ਸੀ ਕਿ ਉਸਨੂੰ ਦਾਨ ਦੇ ਰੂਪ ਵਿਚ ਕੁਝ ਮਿਲ ਜਾਏ। ਇਹ ਵੀ ਉਨ੍ਹਾਂ ਹੀ ਸੰਭਵ ਸੀ ਕਿ ਉਸਨੂੰ ਫਾਂਸੀ ਮਿਲ ਜਾਏ। ਉਹ ਲੋਕਾਂ ਦੀ ਭਾਵਨਾ ਦੀ ਚਿੰਤਾ ਨਹੀਂ ਕਰਦਾ ਸੀ। ਉਸਦੇ ਪਾਸ ਦਿਮਾਗ ਦਾ ਸੰਤੁਲਨ ਜਾਂ ਸੰਤੋਸ਼ ਨਹੀਂ ਸੀ।

ਮੁਹੰਮਦ ਤੁਗਲਕ ਨੂੰ ਵਿਪਰੀਤਤਾਵਾਂ ਦਾ ਵਿਚਿਤ੍ਰ ਮਿਸ਼ਰਣ (an amazing compound of contradictions) ਵੀ ਕਿਹਾ ਗਿਆ ਹੈ। ਡਾ. ਈਸ਼ਵਰੀ ਪ੍ਰਸਾਦਿ ਦਾ ਮੱਤ ਹੈ ਕਿ ਉਸ ਉੱਤੇ ਖੂਨ ਦਾ ਪਿਆਸਾ ਅਤੇ ਪਾਗਲ ਹੋਣ ਦਾ ਦੋਸ਼ ਜ਼ਿਆਦਾਤਰ ਨਿਰਾਧਾਰ ਹੈ। ਕਿਸੀ ਵੀ ਸਮਕਾਲੀਨ ਲੇਖਕ ਨੇ ਕੋਈ ਇਹੋ ਜਿਹਾ ਵਿਵਰਣ ਨਹੀਂ ਦਿੱਤਾ ਹੈ ਜਿਸ ਤੋਂ ਇਹ ਨਿਚੋੜ ਕੱਢਿਆ ਜਾ ਸਕੇ ਕਿ ਮੁਹੰਮਦ ਤੁਗਲਕ ਸਨਕੀ ਜਾਂ ਪਾਗਲ ਸੀ। ਇਹ ਸੰਭਵ ਹੈ ਕਿ ਐਲੀਫੰਸਟਨ ਅਤੇ ਹੋਰ ਯੂਰੋਪੀਆਂ ਲੇਖਕ ਇਬਨਬਤੂਤਾ ਦੇ ਇਸ ਵਿਵਰਣ ਨੂੰ ਗਲਤ ਸਮਝ ਬੈਠੇ ਕਿ ਕੁਝ ਮ੍ਰਿਤਕ ਸਰੀਰ ਸੁਲਤਾਨ ਦੇ ਮਹਿਲ ਦੇ ਬਾਹਰ ਹਮੇਸ਼ਾ ਪਏ ਰਹਿੰਦੇ ਸਨ। ਜੇਕਰ ਉਹ ਛੋਟੇ ਜਿਹੇ ਅਪਰਾਧ ਲਈ ਮ੍ਰਿਤੂ ਦੰਡ ਦਾ ਆਦੇਸ਼ ਦਿੰਦਾ ਸੀ ਤਾਂ ਇਸ ਦਾ ਕਾਰਣ ਇਹ ਸੀ ਕਿ ਉਸਨੂੰ ਅਨੁਪਾਤ ਦਾ ਕੋਈ ਗਿਆਨ ਨਹੀਂ ਸੀ ਅਤੇ ਇਸ ਲਈ ਵੀ ਕਿ ਉਸ ਸਮੇਂ ਯੂਰੋਪ ਅਤੇ ਏਸ਼ੀਆ ਵਿਚ ਇਹੋ ਰਿਵਾਜ ਪ੍ਰਚਲਿਤ ਸੀ। ਧਾਰਮਿਕ ਵਰਗ ਦੇ ਸਦੱਸਾਂ ਨੇ ਹੀ ਉਸ ਉਤੇ ਖੂਨ ਦਾ ਪਿਆਸਾ ਹੋਣ ਦਾ ਦੋਸ਼ ਲਗਾਇਆ ਹੈ। ਬਾਰਾਨੀ ਵੀ ਸੁਲਤਾਨ ਦੀ ਇਸ ਬੁੱਧੀ ਦੀ ਨਿੰਦਾ ਕਰਦਾ ਹੈ। ਉਹ ਉਸਦੀ ਦਰਸ਼ਨਿਕ ਕਲਪਨਾਵਾਂ ਦੀ ਬਹੁਤ ਸਖਤ ਭਾਸ਼ਾ ਵਿਚ ਆਲੋਚਨਾ ਕਰਦਾ ਹੈ। ਐਸੀ ਕੋਈ ਵਸਤ ਦੇਖਣ ਵਿਚ ਨਹੀਂ ਆਉਂਦੀ ਕਿ ਸੁਲਤਾਨ ਨੂੰ ਮਨੁੱਖ ਜਾਤ ਦੇ ਕਤਲ ਕਰਨ ਜਾਂ ਸੰਗਠਿਤ ਮਨੁੱਖਾਂ ਦਾ ਸ਼ਿਕਾਰ ਕਰਨ ਵਿਚ ਆਨੰਦ ਆਉਂਦਾ ਸੀ। ਡਾ. ਈਸ਼ਵਰੀ ਪ੍ਰਸਾਦਿ ਦੇ ਅਨੁਸਾਰ "ਸੱਚ ਇਹ ਹੈ ਕਿ ਸੁਲਤਾਨ ਨੇ ਅਪਣੇ ਕਮਜੋਰ ਸੁਭਾਅ ਅਤੇ ਪ੍ਰਸ਼ਾਸਕੀਅ ਸੁਧਾਰਾਂ ਦੇ ਪੁਰਵਗਾਮੀ ਆਦੇਸ਼ਾਂ ਦਾ ਮਿਸ਼ਰਣ ਕਰ ਦਿੱਤਾ, ਜਦੋਂ ਲੋਕਾਂ ਨੇ ਉਸਦੀ ਇੱਛਾਵਾਂ ਦੇ ਅਨੁਸਾਰ ਕੰਮ ਕਰਨੇ ਵਿਚ ਅਸਮਰਥਤਾ ਦਿਖਾਈ ਤਾਂ ਉਸ ਦਾ ਕ੍ਰੋਧ ਭਿਆਨਕ ਹੋ ਗਿਆ। ਉਸ ਦਾ ਅਸੰਤੋਸ਼ ਲੋਕ ਉਦਾਸੀਨਤਾ ਦਾ ਫਲ ਸੀ, ਜਿਸ ਪ੍ਰਕਾਰ ਲੋਕ ਉਦਾਸੀਨਤਾ ਉਸਦੀ ਚੌਕੰਨਾ ਕਰਨ ਵਾਲੀ ਨਵੀਨਤਾਵਾਂ ਦਾ ਨਤੀਜਾ ਸੀ।" (Medieval India, p. 272)।

ਗਰਦਿਨਿਅਰ ਬਰਾਉਨ ਦੇ ਅਨੁਸਾਰ, ਉਹ ਪਾਗਲ ਸੀ, ਇਹ ਅਜਹਿਾ ਵਚਿਾਰ ਸੀ ਕਿ ਜਿਸਦਾ ਸਮਕਾਲੀ ਲੋਕ ਕੋਈ ਸੰਕੇਤ ਨਹੀ ਦਿੰਦੇ ਹੈ ਇਹ ਕਿ ਉਹ ਇੱਕ ਸਵਪਨ-ਦਰਸ਼ਕ ਸੀ ਤਾਂ ਉਸਦਾ ਬਹੁਰੂਪੀ ਵਿਵਹਾਰਕ ਅਤੇ ਤੇਜਪੁਰਣ ਚਰਿੱਤਰ ਸਾਨੂੰ ਅਜਿਹਾ ਵਿਸ਼ਵਾਸ਼ ਕਰਣ ਵਲੋ ਰੋਕਦਾ ਹੈ ਉਸਨੂੰ ਇੱਕ ਨਿਰੰਕਸ ਸ਼ਾਸਕ ਮੰਨਣਾ ਸੱਚ ਹੋ ਸਕਦਾ ਹੈ ਪਰ ਵਿਚਕਾਰ ਯੁੱਗ ਵਿੱਚ ਅਤੇ ਕਿਸੇ ਪ੍ਰਕਾਰ ਦਾ ਸ਼ਾਸ਼ਨ ਕਲਪਨਾ ਲਿਾਕ ਵੀ ਨਹੀ ਸੀ ਇਸ ਸ਼ਬਦ ਦਾ ਇਸ ਪ੍ਰਕਾਰ ਪ੍ਰਯੋਗ ਕਰਣਾ ਜਿਵੇਂ ਕਿ ਉਹ ਕਿਸੇ ਰੋਗ ਜਾਂ ਬੁਰਾਈ ਦਾ ਨਾਮ ਹੈ ਤਾਂ ਉਸਦਾ ਆਸ਼ਏ ਉਸ ਤੱਤਵ ਨੂੰ ਭੁੱਲ ਜਾਣਾ ਹੈ ਕਿ ਇਕ

ਨਿਰੰਕੁਸ਼ ਰਾਜਕੁਮਾਰ ਜੋ ਨਵੇਂ ਵਿਚਾਰਾਂ ਤੱਕ ਪਹੁਚ ਸਕਦਾ ਹੈ ਜਾਂ ਜੋ ਸੁਧਾਰ ਦੇ ਉਪਾਅ ਕਰਦਾ ਹੈ ਉਹ ਅਜਿਹੇ ਯੁੱਗ ਵਿੱਚ ਆਪਣੇ ਮਨੁਸਯੋ ਕਿ ਸਮ੍ਰਧਿ ਲਈ ਬਹੁਤ ਕੁੱਝ ਕਰ ਸਕਦਾ ਹੈ ਜਦੋਂ ਕਿ ਸਿਖਿਆ ਕਿ ਇੰਨੀ ਘੱਟ ਤਰੱਕੀ ਹੋਏ ਹੋ ਅਤੇ ਰੂੜੀਵਾਦ ਇੰਨਾ ਗਹਿਰਾ ਹੋ ਅਜਿਹੇ ਸ਼ਾਸਕ ਨੂੰ ਫਿਰ ਵੀ, ਆਪਣੇ ਸਮਾਂ ਵਿੱਚ ਮੁਕਾਬਲਾ ਕਰਣ ਲਈ ਗੰਭੀਰ ਕਠਿਨਾਇਯੋ ਦਾ ਸਾਮਣਾ ਕਰਣਾ ਪੈਦਾ ਹੈ: ਸਵਾਰਥੀ ਹਿਤਾਂ ਕਿ ਲਾਜ਼ਮੀ ਉਥੱਲ ਪੁਥਲ, ਸਥਾਪਤ ਪਰੰਪਰਾ ਲਈ ਸਹਿਜ ਲਗਾਉ ਉਸਦੇ ਲਈ ਅਸੰਖਸ਼ਤਰੁਵਾਂਕਿ ਉਤਪਤੀ ਕਰਦੇ ਹੈ ਅਲੋਕਪ੍ਰਿਅ ਸੁਧਾਰੋ ਨੂੰ ਲਾਗੂ ਕਰਣ ਵਾਲੇ ਅਧਿਕਾਰ ਸਵਾਮੀ ਦੇ ਆਦੇਸ਼ਾਂ ਦਾ ਬਹਾਨਿਆ ਕਰ ਆਪਣੀ ਜਾਨ ਬਚਾ ਲੈਦੇ ਹੈ ਜੇਕਰ ਉਸਦੀ ਯੋਜਨਾਓ ਉੱਤੇ ਬਿਨਾਂ ਵਜ੍ਹਾ ਆਪੱਤੀ ਆ ਪਏ ਜਾਂ ਭੈੜੇ ਅਤੇ ਅਕੁਸ਼ਲ ਅਧਿਕਾਰੀ ਆਪਣੇ ਸਵਾਰਥਾਂ ਲਈ ਭ੍ਰਸਿ਼ਟ ਹੋ ਜਾਓ, ਉਹ ਸਭ ਇਸ ਕਾਰਨ ਹੈ ਕਿ ਉਹ ਇੱਕ ਨਿਰੰਕਸ ਸ਼ਾਸਕ ਹੈ ਅਤੇ ਇਸਲਈ ਉਸਨੂੰ ਇਹ ਦੋਸ਼ ਆਪਣੇ ਜਿੰਮੇ ਲੈਣਾ ਚਾਹੀਦਾ ਹੈ ਜੇਕਰ ਉਹ ਇੱਕ ਸੂਰਮਾ ਰਿਹਾ ਹੈ ਅਤੇ ਮੌਤ ਉਸਦਾ ਪੜਾਅ ਕਰਦੀ ਜਦੋਂ ਕਿ ਉਹ ਥੱਟਾ ਕਿ ਦੀਵਾਰਾਂ ਦੇ ਨਿਚੇ ਮੁਹੰਮਦ ਬਿਨਾਂ ਤੁਗਲਕ ਕਿ ਤਰ੍ਹਾਂ ਕਿਸੇ ਛੋਟੇ ਜਿਹੇ ਲੜਾਈ ਵਿੱਚ ਫੱਸਿਆ ਹੋਇਆ ਹੈ, ਤਾਂ ਸਵਰਗ ਦਾ ਫ਼ੈਸਲਾ ਕਿ ਪੁਸ਼ਟੀ ਕਰਦਾ ਹੋਇਆ ਪਤਾ ਹੁੰਦਾ ਹੈ ਅਤੇ ਸਾਹਿਤ ਇਹ ਕਿਹੰਦਾ ਹੈ -

ਉਸਨੇ ਐਸਾ ਨਾਮ ਛੱਡਿਆ ਜਿਸ ਉਪਰ ਸੰਸਾਰ ਪੀਲਾ ਪੈ ਗਿਆ।<br>ਇੱਕ ਸਿੱਖਿਆ ਦੇਣ ਜਾਂ ਕਹਾਣੀ ਸਜਾਉਣ ਦੇ ਵਾਸਤੇ

ਲੇਨਪੂਲ ਦੇ ਅਨੁਸਾਰ "ਮੁਹੰਮਦ ਤੁਗਲਕ ਮੱਧ ਯੁਗ ਦਾ ਸਭ ਤੋਂ ਜ਼ਿਆਦਾ ਪ੍ਰਸਿੱਧ ਨਾਮੀ ਜੀਵ ਸੀ। ਉਹ ਐਸਾ ਮਨੁੱਖ ਸੀ ਜਿਸਦੇ ਵਿਚਾਰ ਅਪਣੇ ਸਮੇਂ ਤੋਂ ਬਹਤੁ ਅੱਗੇ ਸਨ। ਅਪਣੇ ਸ਼ਾਸਨ ਦੀ ਸਮੱਸਿਆਵਾਂ ਦਾ ਭਾਰ ਚੁੱਕਣ ਦੇ ਲਈ ਅਲਾਉਦੀਨ ਦੇ ਕੋਲ ਇੱਕ ਚਮਕੀਲਾ ਪਰ ਬੰਦ ਦਿਮਾਗ ਸੀ। ਮੁਹੰਮਦ ਤੁਗਲਕ ਅਪਣੀ ਯੋਜਨਾਵਾਂ ਵਿਚ ਅਧਿਕ ਸਾਹਸੀ ਸੀ, ਪਰ ਉਸਦੇ ਵਿਚਾਰ ਮਾਹਿਰ ਬੁੱਧੀ ਅਤੇ ਪੜ੍ਹੇ ਲਿਖੇ ਕਲਪਨਾ ਕਰਨ ਵਾਲੇ ਮਨੁੱਖ ਦੇ ਆਦਰਸ਼ ਸਨ। ਉਹ ਅਪਣੇ ਸਮੇਂ ਦੀ ਮਾਨਤਾਵਾਂ ਵਿਚ ਪੂਰਣ, ਫਾਰਸੀ ਕਵਿਤਾ ਦਾ ਯੋਗ ਵਿਦਿਆਰਥੀ, ਭਾਰਤੀਅ ਸਿੱਖਿਆ ਦਾ ਲਾਤਿਨੀ ਸ਼ੈਲੀ ਦਾ ਉਸਤਾਦ ਅਲੰਕਾਰ ਦੇ ਯੁਗ ਵਿਚ ਸਰਵਸ਼੍ਰੇਸ਼ਠ ਰੂਪ ਨਾਲ ਅਭਿਭਾਵਕ, ਯੂਨਾਨੀ ਤਰਕ-ਸ਼ਾਸਤਰ ਅਤੇ ਵੇਦਾਂਤ ਸ਼ਾਸਤਰ ਵਿਚ ਅਭਿਆਸ ਪ੍ਰਾਪਤ ਸੀ ਜਿਸ ਨਾਲ ਵਿਦਵਾਨ ਵੀ ਵਿਵਾਦ ਕਰਨ ਲਈ ਡਰਦੇ ਸਨ। ਉਹ ਗਣਿਤ ਅਤੇ ਵਿਗਿਆਨ ਦਾ ਪ੍ਰੇਮੀ ਸੀ। ਸਮਕਾਲੀਨ ਲੇਖਕ ਉਸ ਦੀ ਰਚਨਾ ਅਤੇ ਅਜੀਬ ਸੁੰਦਰ-ਲਿਪੀ ਦੇ ਬੇਹੱਦ ਪ੍ਰਸੰਸਾ ਕਰਦੇ ਹਨ। ਉਸਦੀ ਸੁੰਦਰ ਮੁਦਰਾ ਇਹ ਸਾਬਤ ਕਰਦੀ ਹੈ ਅਰਬ ਦੇ ਚਰਿੱਤਰ ਨੂੰ ਅਪਣਾਉਣ ਦੀ ਕਲਾ ਵਿਚ ਉਸਨੂੰ ਸੋਚ ਸਮਝ ਕੇ ਨਿਰਣਾ ਕਰਨ ਦਾ ਚਾਉ ਸੀ ਜਿਸਨੂੰ ਉਹ ਪੜ੍ਹਦਾ ਅਤੇ ਸਮਝਦਾ ਸੀ ਹਾਲਾਂਕਿ ਉਹ ਭਾਸ਼ਾ ਨੂੰ ਤੇਜੀ ਨਾਲ ਬੋਲ ਸਕਦਾ ਸੀ"।

"ਸੰਖੇਪ ਵਿਚ ਉਹ ਉਨ੍ਹਾਂ ਸਭ ਵਿਚ ਸੰਪੂਰਨ ਸੀ ਜਿਹੜਾ ਉਸ ਯੁਗ ਅਤੇ ਦੇਸ਼ ਵਿਚ ਸੰਸਕ੍ਰਿਤੀ ਦੁਆਰਾ ਪ੍ਰਾਪਤ ਹੋ ਸਕਦਾ ਸੀ ਉਸਨੇ ਅਪਣੇ ਅਭਿਆਸ ਦੀ ਸਫ਼ਾਈ ਵਿਚ ਮੂਲ ਵਿਚਾਰ ਦਾ ਇਕ ਕੁਦਰਤੀ ਗਿਆਨ, ਅਸਚਰਜ ਯਾਦਾਸ਼ਤ ਸ਼ਕਤੀ ਅਤੇ ਇਕ ਦ੍ਰਿੜ, ਇੱਛਾ ਦਾ ਯੋਗ ਕਰ ਦਿੱਤਾ। ਉਸ ਦਾ ਕੇਂਦਰੀ ਰਾਜਧਾਨੀ ਦਾ ਵਿਚਾਰ, ਉਸਦੀ ਸੰਕੇਤਿਕ ਸਿੱਕੇ ਦੀ ਯੋਜਨਾ ਉਸਦੀ ਹੋਰ ਬਹੁਤ ਸਾਰੀ ਯੋਜਨਾਵਾਂ ਦੇ ਮੁਕਾਬਲੇ ਚੰਗੀ ਸੀ। ਪਰ ਉਸਨੇ ਅਪਣੀ ਨਵੀਆਂ ਦੇ ਲਈ ਦੇਸ਼ੀ ਨਾਂਪਸੰਦੀ ਉਤੇ ਕੋਈ ਧਿਆਨ ਨਹੀਂ ਦਿੱਤਾ। ਉਸਨੇ ਬਿਨ੍ਹਾਂ ਸੰਤੋਸ਼ ਦੇ ਅਪਣੇ ਨਵੇਂ ਤਰੀਕਿਆਂ ਨੂੰ ਲਾਗੂ ਕਰਨ ਵਿਚ ਜਲਦਬਾਜੀ ਕੀਤੀ ਜਿਸ ਨਾਲ ਲੋਕ ਉਸਨੂੰ ਹੌਲੀ-ਹੌਲੀ ਅਪਣਾ ਲੈ ਸਕਣ, ਜਦੋਂ ਉਹ ਅਸੰਤੁਸ਼ਟ ਹੋ ਗਏ ਅਤੇ ਉਨ੍ਹਾਂ ਨੇ ਵਿਦਰੋਹ ਕੀਤਾ ਤਾਂ ਉਸਨੇ ਉਨ੍ਹਾਂ ਨੂੰ ਨਿਰਦਇਤਾ ਨਾਲ ਸਜਾ ਦਿੱਤੀ। ਉਸਨੂੰ ਜੋ ਚੰਗਾ ਦਿਖਿਆ ਉਸਨੂੰ ਫੋਰਨ ਕੀਤੇ ਜਾਣ ਦਾ ਆਦੇਸ਼ ਮਿਲਿਆ ਅਤੇ ਜਦੋਂ ਉਹ ਅਸਫਲ ਜਾਂ ਅਸੰਭਵ ਦਿਖਿਆ ਤਾਂ ਉਸਦੀ ਨਿਰਾਸ਼ਾ ਦੁੱਖ ਵਿਚ ਸੀਮਾ ਉਤੇ ਪਹੁੰਚ ਗਈ ਅਤੇ ਉਸਨੇ ਅਪਣਾ ਕ੍ਰੋਧ ਬਿਨਾਂ ਕੋਈ ਭੇਦਭਾਵ ਕੀਤੇ ਉਨਾਂ ਦੁਖੀ ਅਪਰਾਧਿਆਂ ਉਤੇ ਉਤਾਰਿਆ ਜਿਹੜੇ ਉਸਦੀ ਕਲਪਨਾ ਦੇ ਨਾਲ ਨਹੀਂ ਚਲ ਸਕੇ। ਇਸ ਲਈ ਅਪਣੇ ਸਰਵਉੱਤਮ ਸੰਕਲਪਾਂ, ਉਤਮ ਵਿਚਾਰਾਂ ਅਤੇ ਸੰਤੋਸ਼ ਦੇ ਸੰਤੁਲਨ ਬਿਨਾਂ, ਅਨੁਪਾਤ ਦਾ ਕੋਈ ਧਿਆਨ ਨਾਂ ਕਰਦੇ ਹੋਏ ਮੁਹੰਮਦ ਤੁਗਲਕ ਨੂੰ ਸੰਪੂਰਣ ਅਸਫ਼ਲਤਾ ਪ੍ਰਾਪਤ ਹੋਈ। ਉਸਦਾ ਸ਼ਾਸਨ ਐਸਾ ਸੀ ਜਿਸ ਵਿਚ ਵਿਦਰੋਹਾਂ ਦਾ ਇੱਕ ਲੰਬਾ ਸਿਲਸਿਲਾ ਚਲਦਾ ਰਿਹ ਜਿਨ੍ਹਾਂ ਨੂੰ ਉਸਨੇ ਕੁਰਖਤਾ ਨਾਲ ਦਬਾਇਆ। ਉਸਦੀ ਜਨਤਾ ਜਿਸਨੂੰ ਉਹ ਲਾਭ ਪਹੁੰਚਾਉਣਾ ਚਾਹੁੰਦਾ ਸੀ ਜਿਸ ਉਤੇ ਅਪਣਾ ਖਜਾਨਾ ਲੁਟਾਇਆ। ਉਸ ਨਾਲ ਦੁਖੀ ਹੋਣ ਲੱਗੀ, ਉਸਦੀ ਸਾਰੀ ਯੋਜਨਾਵਾਂ ਬੇਤਲਬੀ ਹੋ ਗਈਆਂ ਅਤੇ ਜਦੋਂ ਸਿੰਧ ਨਦੀ ਦੇ ਕਿਨਾਰੇ 26 ਸਾਲ ਬਾਦ ਉਸਦਾ ਦੇਹਾਂਤ ਹੋਇਆ ਤਾਂ ਉਸਨੇ ਇੱਥ ਟੁੱਟਿਆ-ਫੁੱਟਿਆ ਸਾਮਰਾਜ ਅਤੇ ਇਕ ਲੁਟੀ ਹੋਈ ਅਤੇ ਵਿਦਰੋਹੀ ਜਨਤਾ ਛੱਡੀ।" (Medieval India, p. 86-87)

ਸਰ ਵੁਲਜਲੇ ਹੇਗ ਦੇ ਅਨੁਸਾਰ, "ਮੁਹੰਮਦ ਤੁਗਲਕ ਵਰਗੇ ਵਿਸ਼ੇ ਅਤੇ ਪ੍ਰਤੀਕੂਲ ਚਰਿੱਤਰ ਨੂੰ ਅੰਕਿਤ ਕਰਨਾ ਕੋਈ ਅਸਾਨ ਕੰਮ ਨਹੀਂ ਹੈ। ਉਹ ਉਨ੍ਹਾਂ ਅਸਾਧਾਰਣ ਰਾਜਿਆਂ ਵਿੱਚੋਂ ਸਨ ਜੋ ਕਦੀ ਗੱਦੀ 'ਤੇ ਬੈਠੇ। ਆਪਣੀ ਬਹੁਤ ਖਰਚੀਲੀ ਉਦਾਰਤਾ ਵਿੱਚ ਉਸ ਨੇ ਵਿਦਰੋਹਮਈ ਅਤੇ ਅਵਿਵੇਕਪੂਰਨ ਬਿਨਾਂ ਦਇਆ ਭਾਵਨਾ ਦਾ ਸੰਯੋਗ ਕਰ ਦਿੱਤਾ, ਉਸ ਨੇ ਇਸਲਾਮ ਦੇ ਕਾਨੂੰਨ ਨਾਲ ਨਿਰਧਾਰਿਤ ਰੀਤੀ ਅਤੇ ਸੰਸਕਾਰਾਂ ਨੂੰ ਸਵੀਕਾਰ ਕੀਤਾ ਪਰ ਸਾਰੇ ਸਰਵਜਨਿਕ ਮਾਮਲਿਆਂ ਵਿੱਚ ਉਨ੍ਹਾਂ ਦਾ ਬਿਲਕੁਲ ਪਾਲਣ ਨਹੀਂ ਕੀਤਾ, ਉਸ ਨੇ ਉਨ੍ਹਾਂ ਸਾਰਿਆਂ ਦੇ ਲਈ ਇਕ ਅੰਧਵਿਸ਼ਵਾਸੀ ਸਨਮਾਨ ਦਿੱਤਾ, ਜਿਨ੍ਹਾਂ ਦੀ ਜਾਤੀ ਜਾਂ ਜਿਨ੍ਹਾਂ ਦੀ

ਨੋਟ

ਪਵਿੱਤਰਤਾ ਦਾ ਆਦਰ ਕੀਤਾ ਜਾਂਦਾ ਸੀ, ਪਰ ਜਦੋਂ ਉਸ ਦਾ ਰੋਸ ਜਾਗ੍ਰਿਤ ਹੋ ਜਾਂਦਾ ਸੀ ਉਦੋਂ ਉਹ ਵਿਅਕਤੀਗਤ ਪਾਵਨਤਾ ਜਾਂ ਪ੍ਰੋਹਿਤ (ਉਲਮਾ) ਦੇ ਖੂਨ ਤੱਕ ਦਾ ਸਨਮਾਨ ਨਾ ਕਰਦਾ ਸੀ। ਉਸ ਦੇ ਕੁਝ ਪ੍ਰਸ਼ਾਸਕੀ ਅਤੇ ਹੋਰ ਸੈਨਿਕ ਤਰੀਕੇ ਉਸ ਦੀ ਸਰਵਸ਼੍ਰੇਸ਼ਠ ਯੋਗਤਾ ਦਾ ਪ੍ਰਮਾਣ ਦਿੰਦੇ ਹਨ, ਬਾਕੀ ਕੰਮ ਕਿਸੇ ਪਾਗਲ ਵਰਗੇ ਮਨੁੱਖ ਦੇ ਹਨ। ਉਸ ਦਾ ਸੁਰੱਖਿਆ ਅਧੀਨ ਵਿਦਵਾਨ ਜਿਆਊਦੀਨ ਬਾਰਾਨੀ, ਇਤਿਹਾਸਕਾਰ ਜਿਸ ਦੇ ਨਾਲ ਉਸ ਨੇ ਕਾਫੀ ਹੱਦ ਤੱਕ ਗਹਿਰੀ ਸਵੀਕਾਰ ਕੀਤੀ ਅਤੇ ਜਿਸ ਨਾਲ ਉਸ ਨੇ ਸਿਰਫ ਸਲਾਹ ਲਈ, ਉਹ ਬਹੁਤ ਸਾਰੇ ਅਜਿਹੇ ਅੱਤਿਆਚਾਰਾਂ ਦਾ ਵਰਨਣ ਕਰਦਾ ਹੈ ਕਿ ਜਿਨ੍ਹਾਂ ਦੀ ਮਨਜ਼ੂਰੀ ਜਾਂ ਜਿਨ੍ਹਾਂ ਦੇ ਆਦੇਸ਼ ਸੁਲਤਾਨ ਨੇ 12 ਦੁਸ਼ਟ ਸਲਾਹਕਾਰ ਦੇ ਮਾੜੇ ਪ੍ਰਭਾਵ ਦੇ ਕਾਰਨ ਜਾਰੀ ਕੀਤੇ, ਉਹ ਸੁਲਤਾਨ ਨੂੰ 'ਦਿਆਲੂਪਣ', 'ਅਭਿਸ਼ਪਤ' ਜਾਂ ਸਭ ਤੋਂ 'ਜ਼ਿਆਦਾ ਅਭਿਸ਼ਪਤ' ਨਾਲ ਦੋਸ਼ੀ ਠਹਿਰਾਉਂਦਾ ਹੈ, ਜਿਸ ਨੂੰ ਮੁਸਲਮਾਨਾਂ ਦਾ ਖੂਨ ਵਹਾਉਣ ਵਿੱਚ ਆਨੰਦ ਆਉਂਦਾ ਸੀ। ਪਰ ਮੁਹੰਮਦ ਤੁਗਲਕ ਕੋਈ ਕਮਜ਼ੋਰ ਵਿਅਕਤੀ ਨਹੀਂ ਸੀ ਅਤੇ ਆਪਣੇ ਸਲਾਹਕਾਰਾਂ ਦੇ ਹੱਥ ਵਿੱਚ ਕਦੀ ਕਠਪੁਤਲੀ ਬਣ ਕੇ ਨਹੀਂ ਰਿਹਾ। ਜੇਕਰ ਉਸ ਦੇ ਸਲਾਹਕਾਰ ਦੂਸ਼ਿਤ ਅਤੇ ਖੂਨ ਦੇ ਪਿਆਸੇ ਸਨ ਤਾਂ ਉਹੀ ਉਨ੍ਹਾਂ ਦੀ ਚੋਣ ਕਰਦਾ ਸੀ, ਜੇਕਰ ਉਹ ਬੁਰੀਆਂ ਸਲਾਹਾਂ ਦਾ ਅਨੁਸਰਣ ਕਰਦਾ ਸੀ, ਤਾਂ ਉਹ ਇਸ ਲਈ ਕਰਦਾ ਸੀ ਕਿਉਂਕਿ ਉਹ ਉਸ ਵੱਲੋਂ ਪ੍ਰਸ਼ਾਂਸਿਤ ਹੁੰਦੇ ਰਹਿੰਦੇ। ਇਸ ਤਰ੍ਹਾਂ ਬਾਰਾਨੀ ਦੱਸਦਾ ਹੈ ਕਿ ਆਦਿ ਕਾਲ ਵਿੱਚ ਆਪਣਾ ਸੰਪਰਕ ਸਾਦ ਕਾਫਿਰ, ਤਰਕਚਾਰਏ ਉਬੈਦ, ਅਭਕਿਤਪੂਰਨ ਕਵੀ ਅਲੀਮੁਦੀਨ ਦਾਰਸ਼ਨਿਕ ਨਾਲ ਰੱਖਣ ਦੇ ਕਾਰਨ ਪ੍ਰਸ਼ਾਸਕੀ ਅਤੇ ਸਜ਼ਾ ਸਬੰਧੀ ਕੰਮਾਂ ਵਿੱਚ ਉਹ ਇਸਲਾਮ ਦੇ ਕਾਨੂੰਨ ਦੇ ਪ੍ਰਤੀ ਉਦਾਸੀਨਤਾ ਰੱਖ ਲੈਂਦਾ ਸੀ ਪਰ ਇਹ ਕੇਵਲ ਵਿਸ਼ੇਸ਼ ਦਲੀਲ ਹੈ। ਉਸ ਦੇ ਇਨ੍ਹਾਂ ਸੁਤੰਤਰ ਵਿਚਾਰ ਵਾਲਿਆਂ ਦੇ ਨਾਲ ਸੰਪਰਕ ਨੇ ਇਸਲਾਮ ਵਿੱਚ ਉਸ ਦੇ ਵਿਸ਼ਵਾਸ ਨੂੰ ਘੱਟ ਨਹੀਂ ਕੀਤਾ ਅਤੇ ਇਸ ਨਾਲ ਹੋਰ ਖੇਤਰਾਂ ਵਿੱਚ ਕਾਨੂੰਨਾਂ ਦੇ ਪ੍ਰਤੀ ਉਸ ਦੇ ਗਿਆਨ ਪੂਰਨ ਸਨਮਾਨ ਜਾਂ ਉਸ ਦੀਆ ਪ੍ਰੰਪਰਾਵਾਂ ਦੇ ਆਦਰ ਵਿੱਚ ਕੋਈ ਕਮੀ ਨਹੀਂ ਆ ਸਕੀ। ਇਹ ਤਰਕਚਾਰੀਆ, ਕਵੀਆਂ ਜਾਂ ਦਾਰਸ਼ਨਿਕਾਂ ਦਾ ਦੋਸ਼ ਨਹੀਂ ਹੈ ਕਿ ਉਸ ਨੇ ਆਪਣੀ ਅਭਿਰੁਚੀ ਨੂੰ ਸਪੱਸ਼ਟ ਰੂਪ ਨਾਲ ਬਿਨਾਂ ਖੋਲ੍ਹੇ ਹੋਏ ਸੰਸਾਰਿਕ ਵਿਸ਼ਿਆਂ ਵਿੱਚ ਦੈਵੀ ਸਪੱਸ਼ਟੀਕਰਨ ਦੇ ਖੇਤਰ ਵਿੱਚ ਮਨੁੱਖੀ ਵਿਵੇਕ ਨੂੰ ਜਾਣਬੁੱਝ ਕੇ ਪਸੰਦ ਕੀਤਾ ਅਤੇ ਇਸ ਤਰ੍ਹਾਂ ਰੂੜੀਵਾਦ ਨੂੰ ਠੁਕਰਾ ਦਿੱਤਾ। ਉਸ ਦੇ ਨਿੱਜੀ ਫੈਸਲੇ ਨੇ ਉਸ ਨੂੰ ਗਲਤ ਰਸਤਾ ਦਿਖਾਇਆ ਪਰ ਇਹ ਉਸ ਦੀ ਪ੍ਰਵਿਰਤੀ ਦੇ ਕਾਰਨ ਸੀ। ਇਕ ਜੱਜ ਅਤੇ ਪ੍ਰਸ਼ਾਸਕ ਦੇ ਨਾਤੇ ਉਸ ਦਾ ਵਿਸ਼ੇਸ਼ ਦੋਸ਼ ਇਹ ਸੀ ਕਿ ਉਸ ਵਿੱਚ ਅਪਰਿਮਿਤ ਗਰਵ ਸੀ ਜਿਸ ਨੇ ਉਸ ਨੂੰ ਅਪਰਾਧਾਂ ਵਿੱਚ ਅੰਤਰ ਕੱਢਣ ਦੀ ਸ਼ਕਤੀ ਤੋਂ ਵਾਂਝਾ ਕਰ ਰੱਖਿਆ ਸੀ। ਉਸ ਦੇ ਸਾਰੇ ਆਦੇਸ਼ ਪਵਿੱਤਰ ਹੁੰਦੇ ਸਨ ਅਤੇ ਇਕ ਅਵਿਵਹਾਰਿਕ ਨਿਰਦੇਸ਼ ਤੋਂ ਜ਼ਰਾ ਵੀ ਹਟਾਅ ਅਤੇ ਵਿਦਰੋਹ ਜਾਂ ਆਗਿਆ ਨਾ ਮੰਨਣ ਦਾ ਗੰਭੀਰ ਅਪਰਾਧ ਸਾਰਿਆਂ ਦੀ ਇਕ ਸਜ਼ਾ ਸੀ–ਨਿਰਦਈ ਦੇ ਨਾਲ ਮੌਤ ਦੀ ਸਜ਼ਾ। ਇਸ ਨੀਤੀ ਨੇ ਰਾਜਾ ਅਤੇ ਪ੍ਰਜਾ 'ਤੇ ਸਮੂਹਿਕ ਰੂਪ ਨਾਲ ਪ੍ਰਭਾਵ ਪਾਇਆ ਅਤੇ ਨਾਲ ਹੀ ਉਸ ਦੀ ਪ੍ਰਤੀਕਿਰਿਆ ਵੀ ਚੱਲਦੀ ਰਹੀ। ਆਪਣੇ ਸਰਵਭੌਮਿਕ ਸ਼ਾਸਕ ਦੀ ਬਰਾਬਰਤਾ ਤੋਂ ਤੰਗ ਆ ਕੇ ਉਹ ਹੋਰ ਵੀ ਜ਼ਿਆਦਾ ਪ੍ਰਤੀਕਿਰਿਆਵਾਦੀ ਬਣ ਗਏ। ਉਨ੍ਹਾਂ ਦੀ ਆਗਿਆਵੇਹਨਾ ਤੋਂ ਖਿਜ ਕੇ ਉਹ ਹੋਰ ਵੀ ਨਾਰਾਜ਼ ਹੋ ਗਿਆ। ਉਸ ਦੇ ਸ਼ਾਸਨ ਕਾਲ ਵਿੱਚ ਉਸ ਦਾ ਵਿਸ਼ਾਲ ਸਾਮਰਾਜ ਬਹੁਤ ਘੱਟ ਸਮਿਆਂ 'ਤੇ ਉਪਦ੍ਰਵਾਂ ਤੋਂ ਮੁਕਤ ਰਿਹਾ ਅਤੇ ਉਸ ਦੀ ਮੌਤ 'ਤੇ ਸਾਰਾ ਰਾਜ ਉਥਲ–ਪੁਥਲ ਵਿੱਚ ਆ ਫਸਿਆ।

"ਬਰਨੀ ਉਸਦੇ ਭਲ੍ਹਿਆਂ ਅਤੇ ਡਰਾਂ ਦਾ ਵਿਚਾਰ ਨਾਂ ਕਰਦੇ ਹੋਏ, ਹੈਰਾਨੀ ਦੇ ਨਾਲ ਐਸਾ ਵਿਵਰਣ ਦਿੰਦਾ ਹੈ। ਉਹ ਕਹਿੰਦਾ ਹੈ ਕਿ ਸੁਲਤਾਨ ਦਾ ਘਮੰਡ ਇੰਨ੍ਹਾਂ ਅਸੀਮਿਤ ਸੀ ਕਿ ਉਹ ਇਹ ਸੁਣਨਾ ਸਹਿਣ ਨਹੀਂ ਕਰ ਸਕਦਾ ਸੀ ਕਿ ਕੋਈ ਇਸ ਧਰਤੀ ਦਾ ਕੋਣਾ, ਇੱਥੇ ਤਕ ਕਿ ਅਕਾਸ਼ ਦਾ ਕੋਈ ਕੋਣਾ ਉਸਦੀ ਸੱਤਾ ਦੇ ਅਧੀਨ ਨਹੀਂ ਹੈ। ਇੱਕ ਹੀ ਸਮੇਂ ਉਤੇ ਉਹ ਸੁਲੇਮਾਨ ਅਤੇ ਸਿਕੰਦਰ ਦੋਵੇਂ ਹੀ ਸੀ ਉਹ ਕੇਵਲ ਰਾਜਪਦ ਤੋਂ ਹੀ ਸੰਤੁਸ਼ਟ ਨਹੀਂ ਸੀ ਕਿਉਂਕਿ ਉਹ ਧਾਰਮਿਕ ਪੁਰੋਹਿਤ ਦਾ ਅਹੁਦਾ ਪ੍ਰਾਪਤ ਕਰਨ ਦਾ ਇੱਛੁਕ ਸੀ। ਉਸਦੀ ਇਹ ਇੱਛਾ ਸੀਕਿ ਸੰਸਾਰ ਦੀ ਸਾਰੀ ਵਸਤਾਂ ਨੂੰ ਉਹ ਅਪਣਾ ਦਾਸ ਬਣਾ ਲਵੇ ਅਤੇ ਬਰਨੀ ਉਸਦੇ ਇਸ ਘਮੰਡ ਨੂੰ ਉਨ ਫਰੋਨ ਰਾਜਾਵਾਂ ਅਤੇ ਨਿਮਰੋਦ ਦੇ ਸਮਾਨ ਸਮਝਦਾ ਹੈ। ਜਿਹੜੇ ਰਾਜਪਦ ਅਤੇ ਦੈਵੀ ਪਦ ਦੋਨਾਂ ਹੀ ਦਾ ਦਾਅਵਾ ਕਰਦੇ ਸਨ ਪਰ ਕੁਦਰਤ ਦੇ ਪ੍ਰਤੀ ਉਂਸਦੀ ਚਿੰਤਾ ਜਨਕ ਇੱਜਤ ਅਤੇ ਇਸਲਾਮ ਧਰਮ ਵਿਚ ਉਸਦੇ ਦ੍ਰਿੜ੍ਹ ਵਿਸ਼ਵਾਸ ਨੇ ਉਸ ਦੇ ਮੱਥੇ ਤੋਂ ਨਾਸਤਿਕਤਾ ਅਤੇ ਅਨਿਸ਼ਠਾ ਦਾ ਕਲੰਕ ਹਟਾ ਦਿੱਤਾ। ਉਹ ਉਸਦੀ ਤੁਲਨਾ ਬੁਸਤਾਮ ਦੇ ਬਯਾਜਿਦ ਅਤੇ ਮਨਸੂਰ–ਉਲ–ਹੱਲਾਜ ਦੇ ਪੁੱਤਰ ਹੁਸੈਨ ਨਾਲ ਕਰਦਾ ਜਿਨ੍ਹਾਂ ਨੇ ਅਪਣੀ ਭਗਤੀ ਦੇ ਆਨੰਦ ਵਿਚ ਰੱਤ ਹੋ ਕੇ ਇਹ ਵਿਸ਼ਵਾਸ ਕੀਤਾ ਕਿ ਉਹ ਈਸ਼ਵਰ ਵਿਚ ਅਪਣੇ ਨੂੰ ਮਿਲਾ ਚੁੱਕੇ ਹਨ ਪਰ ਉਸਦੀ ਕੁਰਖਤ ਨਿਰਦਇਤਾ ਨੇ ਕਿਸੇ ਵੀ ਪਵਿੱਤਰਵਾ ਨੂੰ ਉਸਦੇ ਐਸੇ ਦਾਅਵਾਂ ਤੋਂ ਵੰਚਿਤ ਕਰ ਦਿੱਤਾ।" (The Cambridge History of India, Vol. III, p. 136-37)

**ਸਵ-ਮੁਲਾਂਕਣ (Self Assessment)**

1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks):
   (i) ਤੁਗਲਕ ਵੰਸ਼ ਦਾ ਸੰਸਥਾਪਕ ............ ਸੀ।
   (ii) ਰਾਜਕੁਮਾਰ ਜੁਨਾਖਾਨ ਜਿਹੜਾ........... ਦੇ ਨਾਮ ਤੋਂ ਵੀ ਜਾਨਿਆ ਜਾਦਾ ਹੈ ਗਯਾਸੁਦੀਨ ਦਾ ਜਠੇਰਾ ਪੁੱਤਰ ਸੀ।
   (iii) ਮੁਹੰਮਤ ਤੁਗਲਕ ਨੂੰ ............. ਸੁਲਤਾਨ ਕਿਹਾ ਜਾਂਦਾ ਹੈ।
   (iv) ਮੁਹੰਮਦ ਤੁਗਲਕ ਦੀ .............. ਬਹੁਤ ਤੀਬਰ ਸੀ।

## 6.3 ਫਿਰੋਜ ਤੁਗਲਕ (1351-1388) (Firoz Tughluq)

ਮੁਹੰਮਦ ਤੁਗਲਕ ਤੋਂ ਬਾਦ ਫਿਰੋਜ ਤੁਗਲਕ ਗੱਦੀ ਉਤੇ ਬੈਠਿਆ। ਉਸ ਦਾ ਜਨਮ 1309 ਈ. ਵਿਚ ਹੋਇਆ ਅਤੇ ਉਸਦੀ ਮ੍ਰਿਤੂ 1388 ਈ. ਵਿਚ ਹੋਈ। ਉਹ ਗਯਾਸੁਦੀਨ ਤੁਗਲਕ ਦੇ ਛੋਟੇ ਭਰਾ ਰਜਬ ਦਾ ਪੁੱਤਰ ਸੀ। ਉਸ ਦੀ ਮਾਤਾ ਭੱਟੀ ਰਾਜਪੂਤ ਕੰਨਿਆ ਸੀ ਜਿਸਨੇ ਅਪਣੇ ਪਿਤਾ ਰਣਮਲ ਅਬੁਹਰ ਦੇ ਸਰਦਾਰ ਦੇ ਰਾਜ ਨੂੰ ਮੁਸਲਮਾਨਾਂ ਦੇ ਹੱਥਾਂ ਤੋਂ ਨਸ਼ਟ ਹੋਣ ਤੋਂ ਬਚਾਉਣ ਦੇ ਲਈ ਰਜਬ ਨਾਲ ਵਿਆਹ ਕਰਨ ਉਤੇ ਸਹਿਮਤੀ ਪ੍ਰਦਾਨ ਕਰ ਦਿੱਤੀ ਸੀ। ਜਦੋਂ ਫਿਰੋਜ ਵੱਡਾ ਹੋਇਆ ਤਾਂ ਉਸਨੇ ਸ਼ਾਸਨ ਪ੍ਰਬੰਧ ਅਤੇ ਯੁੱਧ ਕਲਾ ਵਿਚ ਅਭਿਆਸ ਪ੍ਰਾਪਤ ਕੀਤਾ ਪਰ ਉਹ ਕਿਸੀ ਵੀ ਖੇਤਰ ਵਿਚ ਮਾਹਿਰ ਨਾਂ ਬਣ ਕਿਆ। ਮੁਹੰਮਦ ਤੁਗਲਕ ਫਿਰੋਜ ਦੇ ਪ੍ਰਤੀ ਬਹੁਤ ਪ੍ਰੇਮ ਰੱਖਦਾ ਸੀ ਅਤੇ ਇਸ ਲਈ ਦੇਸ਼ ਦੇ ਸ਼ਾਸਨ ਪ੍ਰਬੰਧ ਵਿਚ ਉਸਨੇ ਉਸਨੂੰ ਨਾਲ ਲੈ ਲਿਆ।

**ਸਿੰਘਾਸਨਰੋਹਣ** (Succession): ਜਦੋਂ 20 ਮਾਰਚ 1351 ਈ. ਨੂੰ ਮੁਹੰਮਦ ਤੁਗਲਕ ਦੀ ਮ੍ਰਿਤੂ ਹੋ ਗਈ ਤਾਂ ਉਸ ਡੇਰੇ ਵਿਚ ਪੂਰਨ ਅਵਿਵਸਥਾ ਅਤੇ ਅਸ਼ਾਂਤੀ ਫੈਲ ਗਈ ਜਿਸਨੂੰ ਸਿੰਧ ਦੇ ਵਿਦਰੋਹੀਆਂ ਅਤੇ ਮੰਗੋਲ ਵੇਤਨਾਰਥੀ ਸੈਨਕਾਂ ਨੇ ਲੁੱਟਿਆ ਸੀ ਅਤੇ ਜਿਨ੍ਹਾਂ ਨੂੰ ਮੁਹੰਮਦ ਤੁਗਲਕ ਨੇ ਤਗੀ ਦੇ ਵਿਰੁੱਧ ਸੰਗਰਾਮ ਕਰਨ ਬਾਰੇ ਰੱਖ ਲਿਆ ਸੀ। ਸਿੰਧਿਆਂ ਅਤੇ ਮੰਗੋਲਾਂ ਨੇ ਕੰਮ ਖਤਮ ਕਰ ਦਿੱਤਾ ਹੁੰਦਾ, ਪਰਉਸੇ ਸਮੇਂ ਫਿਰੋਜ ਨੂੰ ਗੱਦੀ ਉਤੇ ਬੈਠਣ ਨੂੰ ਕਿਹਾ ਗਿਆ। ਉਸਨੇ ਸੰਕੋਚ ਪ੍ਰਗਟ ਕੀਤਾ, ਪਰ ਜਦ ਕੁਲੀਨ ਪੁਰਖਾਂ ਸ਼ੇਖਾਂ ਅਤੇ ਉਲੇਮਾਵਾਂ ਨੇ ਉਸ ਉੱਤੇ ਦਬਾਵ ਪਾਇਆ, ਤਾਂ ਉਹ ਸੁਲਤਾਨ ਬਣਨ ਲਈ ਰਾਜੀ ਹੋ ਗਿਆ। ਇਨ੍ਹਾਂ ਹਾਲਾਤਾਂ ਦੇ ਅਧੀਨ ਹੀ 23 ਮਾਰਚ 1351 ਈ. ਵਿਚ ਥੱਟਾ ਦੇ ਨੇੜੇ ਇੱਕ ਡੇਰੇ ਵਿਚ ਫਿਰੋਜ ਦਾ ਸਿੰਘਾਸਨ ਰੋਹਣ ਹੋਇਆ।

*ਨੋਟਸ* ਫਿਰੋਜ ਤੁਗਲਕ ਦਾ ਜਨਮ 1309 ਈ. ਵਿਚ ਹੋਇਆ।

**ਫਿਰੋਜ ਦਾ ਵਿਰੋਧ** (Opposition) – ਫਿਰੋਜ ਨੂੰ ਇਕ ਹੋਰ ਕਠਿਨਾਈ ਦਾ ਸਾਹਮਣਾ ਕਰਨਾ ਪਿਆ। ਸਵਰਗੀਅ ਸੁਲਤਾਨ ਦੇ ਨਾਇਬ (Deputy) ਖਵਾਜਾ-ਏ-ਜਹਾਨ ਨੇ ਦਿੱਲੀ ਵਿਚ ਇਕ ਲੜਕੇ ਨੂੰ ਸੁਲਤਾਨ ਮੁਹੰਮਦ ਤੁਗਲਕ ਦਾ ਪੁੱਤਰ ਅਤੇ ਅਧਿਕਾਰੀ ਘੋਸ਼ਤ ਕਰਕੇ ਗੱਦੀ ਉਤੇ ਬਿਠਾ ਦਿੱਤਾ। ਇਹ ਹਾਲਤ ਗੰਭੀਰ ਹੋ ਗਏ ਅਤੇ ਇਸ ਲਈ ਫਿਰੋਜ ਨੇ ਅਮੀਰਾਂ, ਸਰਦਾਰਾਂ ਅਤੇ ਮੁਸਲਿਮ ਵਿਧੀ ਗਿਆਤਾਂ (Jurists) ਨਾਲ ਗੱਲ ਬਾਤ ਕੀਤੀ। ਉਨ੍ਹਾਂ ਨੇ ਇਹ ਆਪੱਤੀ ਉਠਾਈ ਕਿ ਮੁਹੰਮਦ ਤੁਗਲਕ ਦੇ ਕੋਈ ਪੁੱਤਰ ਨਹੀਂ ਸੀ। ਉਨ੍ਹਾਂ ਨੇ ਇਸ ਗੱਲ ਉਪਰ ਜੋਰ ਦਿੱਤਾ ਕਿ ਖਵਾਜਾ-ਏ-ਜਹਾਨ ਉਮੀਦਵਾਰ ਇਸ ਲਈ ਅਯੋਗ ਹੈ ਕਿਉਂਕਿ ਉਹ ਨਾਬਾਲਿਕ (Minor) ਹੈ ਗੱਦੀ ਉਤੇ ਐਸੇ ਸਮੇਂ ਨਹੀਂ ਬਿਠਾਇਆ ਜਾ ਸਕਦਾ ਜਦੋਂ ਕਿ ਹਾਲਾਤ ਏਨੇ ਗੰਭੀਰ ਹਨ। ਇਹ ਵੀ ਕਿਹਾ ਗਿਆ ਹੈ ਕਿ ਇਸਲਾਮ ਦੇ ਕਾਨੂੰਨ ਵਿਚ ਉੱਤਰਾਧਿਕਾਰ ਕੋਈ ਪਿਤਰੀਤਵ ਅਧਿਕਾਰੀ ਨਹੀਂ ਹੈ। ਹਾਲਾਤ ਇਹ ਮੰਗ ਕਰਦੇ ਹਨ ਕਿ ਦਿੱਲੀ ਦੀ ਗੱਦੀ ਉੱਤੇ ਇੱਕ ਸ਼ਕਤੀਸ਼ਾਲੀ ਸ਼ਾਸਕ ਹੋਣਾ ਚਾਹੀਦਾ ਹੈ। ਜਦੋਂ ਖਵਾਜਾ-ਏ-ਜਹਾਨ ਨੇ ਅਪਣੀ ਸਥਿਤੀ ਕਮਜੋਰ ਪਾਈ, ਤਾਂ ਉਸਨੇ ਆਤਮ-ਸਮਰਪਣ ਕਰ ਦਿੱਤਾ। ਉਸਦੀ ਪੁਰਾਣੀ ਸੇਵਾਵਾਂ ਨੂੰ ਦੇਖਦੇ ਹੋਏ ਫਿਰੋਜ ਨੇ ਉਸਨੂੰ ਮਾਫ਼ ਕਰ ਦਿੱਤਾ ਅਤੇ ਉਸਨੂੰ ਸਮਾਨਾ ਵਿਚ ਆਸਰਾ ਲੈਣ ਦੀ ਆਗਿਆ ਦੇ ਦਿੱਤੀ। ਪਰ ਰਸਤੇ ਵਿਚ ਸ਼ੇਰਖਾਨ, ਸਮਾਨਾ ਦੇ ਸਰਦਾਰ (Commandant) ਦੇ ਕਿਸੀ ਸਾਥੀ ਨੇ ਉਸਦਾ ਕਤਲ ਕਰ ਦਿੱਤਾ।

**ਵਿਵਾਦ** (Controversy) : ਫਿਰੋਜ ਤੁਗਲਕ ਦੇ ਸਿੰਘਾਸਨਾਰੋਹਣ ਦੇ ਵਿਸ਼ੇ ਵਿੱਚ ਕੁਝ ਵਿਵਾਦ ਹਨ। ਜਿਆਊਦੀਨ ਬਰਨੀ ਦਾ ਵਿਚਾਰ ਹੈ ਕਿ ਮੁਹੰਮਦ ਤੁਗਲਕ ਨੇ ਇਕ ਆਦੇਸ਼ ਪੱਤਰ (Testament) ਛੱਡਿਆ ਜਿਸ ਵਿੱਚ ਉਸ ਨੇ ਫਿਰੋਜ ਤੁਗਲਕ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ ਸੀ ਪਰ ਸਰ ਵੂਲਜਲੇ ਹੇਗ ਨੇ ਇਸ ਆਦੇਸ਼ ਪੱਤਰ ਦੇ ਭਰੋਸੇ 'ਤੇ ਸ਼ੱਕ ਕੀਤਾ ਹੈ। ਉਸ ਦਾ ਵਿਚਾਰ ਹੈ ਕਿ ਉਹ ਬਾਲਕ ਜਿਸ ਨੂੰ ਖਵਾਜਾ-ਏ-ਜਹਾਂ ਨੇ ਗੱਦੀ 'ਤੇ ਬਿਠਾਇਆ ਉਹ ਮੁਹੰਮਦ ਤੁਗਲਕ ਦਾ ਕੋਈ "ਕਾਲਪਨਿਕ ਪੁੱਤਰ" ਨਹੀਂ ਸੀ, ਸਗੋਂ ਉਸ ਦੇ ਖ਼ੂਨ ਤੋਂ ਸੀ। ਫਲਸਰੂਪ, ਫਿਰੋਜ਼ ਦਾ ਸਿੰਘਾਸਨਾਰੋਹਣ ਕੋਈ ਸਥਾਕ੍ਰਮ ਵਸਤੂ ਨਹੀਂ ਸੀ ਅਤੇ ਇਸ ਲਈ ਉਸ ਨੂੰ ਬਲਾਦਗ੍ਰਾਹੀ (Usurper) ਮੰਨਿਆ ਜਾ ਸਕਦਾ ਹੈ। ਇਸ ਦੇ ਉਲਟ ਹੋਰ ਇਤਿਹਾਸਕਾਰਾਂ ਨੇ ਇਸ ਵਿਚਾਰ ਨੂੰ ਸਵੀਕਾਰ ਨਹੀਂ ਕੀਤਾ ਹੈ।ਇਹ ਕਿਹਾ ਜਾਂਦਾ ਹੈ ਕਿ ਅਜਿਹੀ ਕੋਈ ਵਸਤੂ ਨਹੀਂ ਮਿਲਦੀ ਹੈ ਜੋ ਇਸ ਬਾਲਕ ਨੂੰ ਮੁਹੰਮਦ ਤੁਗਲਕ ਦਾ ਪੁੱਤਰ ਦੱਸ ਸਕੇ। ਜੇਕਰ ਉਹ ਬਾਲਕ ਮੁਹੰਮਦ ਤੁਗਲਕ ਦਾ ਸੱਚਾ ਪੁੱਤਰ ਵੀ ਸੀ ਤਾਂ ਫਿਰੋਜ਼ ਸਿੰਘਾਸਨਾਰੋਹਣ ਸਥਾਕ੍ਰਮਹੀਨ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਸਲਾਮ ਵਿੱਚ ਗੱਦੀ ਦੇ ਉਤਰਾਧਿਕਾਰੀ ਦੇ ਵਿਸ਼ੇ ਵਿੱਚ ਕੋਈ ਪੈਤ੍ਰਕ ਅਧਿਕਾਰ ਨਹੀਂ ਸੀ। ਡਾ. ਆਰ ਪੀ. ਤ੍ਰਿਪਾਠੀ ਦੇ ਵਿਚਾਰ ਅਨੁਸਾਰ ਫਿਰੋਜ਼ ਸਿੰਘਾਸਨਾਰੋਹਣ ਨੇ "ਇਕ ਵਾਰ ਫਿਰ ਬਹੁਤ ਜ਼ੋਰ ਦੇ ਨਾਲ ਚੋਣ ਦਾ ਅਧਿਕਾਰ, ਜੋ ਪੁੱਤਰ ਨੂੰ ਸ਼ਾਸਨ ਦਾ ਅਧਿਕਾਰ ਬਿਨਾਂ ਮਨਾ ਕੀਤੇ ਹੋਏ ਵੀ ਹੌਲੀ-ਹੌਲੀ ਜਨਮ ਭੂਮੀ ਵਿੱਚ ਪ੍ਰਵਿਸ਼ਟ ਹੋ ਰਿਹਾ ਸੀ, ਸਪੱਸ਼ਟ ਕਰ ਦਿੱਤਾ।" ਫਿਰੋਜ਼ ਦੇ ਸਿੰਘਾਸਨਾਰੋਹਣ ਨੇ ਦੋ ਹੋਰ ਸਿਧਾਂਤਾਂ 'ਤੇ ਜ਼ੋਰ ਦਿੱਤਾ। ਪਹਿਲਾਂ ਇਹ ਕਿ ਅਜਿਹੀ ਕੋਈ ਮੁਸ਼ਕਿਲ ਨਹੀਂ ਉਠਾਈ ਜਾ ਸਕਦੀ ਕਿ ਸ਼ਾਸਕ ਦੀ ਮਾਤਾ ਵਿਆਹ ਤੋਂ ਪਹਿਲਾਂ ਗੈਰ-ਮੁਸਲਿਮ ਇਸਤਰੀ ਸੀ ਅਤੇ ਦੂਸਰਾ ਇਹ

ਨੋਟ

ਕਿ ਇਹ ਜ਼ਰੂਰੀ ਨਹੀਂ ਕਿ ਨਵਾਂ ਸ਼ਾਸਕ ਇਕ ਪ੍ਰਸਿੱਧ ਵਿਦਵਾਨ ਹੋਣਾ ਚਾਹੀਦਾ ਹੈ। ਇਹ ਠੀਕ ਕਿਹਾ ਗਿਆ ਹੈ ਕਿ ਫਿਰੋਜ਼ ਦਾ ਸਿੰਘਾਸਨਾਰੋਹਣ "ਉਂਨਾ ਹੀ ਮਹੱਤਵਪੂਰਨ ਸੀ ਜਿੰਨਾ ਕਿ ਰੋਚਕ।"

**ਗ੍ਰਹਿ ਨੀਤੀ** (Domestic Policy) : ਅਸੀਂ ਫਿਰੋਜ ਦੇ ਸ਼ਾਸਨ ਕਾਲ ਨੂੰ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ। ਗ੍ਰਹਿਨੀਤੀ ਅਤੇ ਵਿਦੇਸ਼ ਨੀਤੀ। ਜਿੱਥੇ ਤਕ ਉਸਦੀ ਗ੍ਰਹਿ ਨੀਤੀ ਦਾ ਸੰਬੰਧ ਹੈ ਇਸ ਨਵੇਂ ਸੁਲਤਾਨ ਦਾ ਨਿਕਟਤਮ ਕੰਮ ਜਨਤਾ ਦਾ ਅਪਣੇ ਵੱਲ ਝੁਕਾਓ ਕਰਾਉਣਾ ਸੀ। ਇਹ ਕੰਮ ਉਸਨੇ ਜਨਤਾ ਉੱਤੇ ਰਾਜ ਦੇ ਸਾਰੇ ਕਰਜ਼ੇ ਮਾਫ ਕਰਕੇ ਅਤੇ ਕੋਈ ਐਸੀ ਇੱਛਾ ਨਾ ਕਰਕੇ ਪੂਰਾ ਕੀਤਾ, ਜਿਸ ਦਾ ਮਤਲਬ ਉਸ ਕੰਮ ਦਾ ਦੁਬਾਰਾ ਇਕੱਠਾ ਕਰਨਾ ਹੈ ਜੋ ਖਵਾਜਾ-ਏ-ਜਹਾਨ ਨੇ ਅਪਣੇ ਉਮੀਦਵਾਰ ਨੂੰ ਗੱਦੀ ਉਤੇ ਬਠਾਉਂਦੇ ਸਮੇਂ ਜਨਤਾ ਵਿਚ ਵੰਡ ਦਿੱਤਾ ਸੀ। ਅਪਣੇ ਸ਼ਾਸਨਕਾਲ ਦੇ ਪਹਿਲੇ ਸਾਲ ਵਿਚ ਫਿਰੋਜ ਨੇ ਅਪਣਾ ਸਾਰਾ ਸਮਾਂ ਅਪਣੇ ਰਾਜ ਵਿਵਸਥਾ ਅਤੇ ਸ਼ਾਂਤੀ ਸਥਾਪਿਤ ਕਰਨ ਵਿਚ ਬਤੀਤ ਕੀਤਾ। ਨਵੇਂ ਸੁਲਤਾਨ ਨੇ ਅਪਣੇ ਸਾਹਮਣੇ ਜਨਤਾ ਦੇ ਭਲੇ ਲਈ ਆਦਰਸ਼ ਰੱਖਿਆ ਅਤੇ ਉਸਨੇ ਉਹ ਸਾਰੇ ਕੰਮ ਕੀਤੇ ਜਿਹੜੇ ਉਨ੍ਹਾਂ ਦੇ ਭੌਤਿਕ ਕਲਯਾਣ ਅਤੇ ਜੀਵਨ ਦੇ ਸੁਖ ਬਾਰੇ ਸੰਭਵ ਰੂਪ ਵਿਚ ਕਰ ਸਕਦਾ ਸੀ। ਉਸਨੇ ਵੱਖ ਵੱਖ ਖੇਤਰਾਂ ਵਿਚ ਬਹੁਤ ਸਾਰੇ ਸੁਧਾਰਾਂ ਦਾ ਪ੍ਰਚਲਨ ਕੀਤਾ ਅਤੇ ਇਸ ਪ੍ਰਕਾਰ ਸੈਨਿਕ ਖੇਤਰ ਵਿਚ ਅਪਣੀ ਅਯੋਗਤਾ ਦੇ ਹੁੰਦੇ ਹੋਏ ਵੀ ਉਸਨੇ ਜਨਤਾ ਦੀ ਸਹਾਇਤਾ ਪ੍ਰਾਪਤ ਕਰ ਲਈ।

**ਰਾਜਸਵ ਨੀਤੀ** (Revenue Policy) : ਜਦ ਫਿਰੋਜ ਤੁਗਲਕ ਗੱਦੀ ਉਤੇ ਬੈਠਿਆ, ਉਸ ਸਮੇਂ ਰਾਜਸਵ ਪ੍ਰਸ਼ਾਸਨ ਵਿਚ ਪੂਰਨ ਬੇਚੈਨੀ ਸੀ। ਉਸਨੇ ਕੇਵਲ ਉਨ੍ਹਾਂ ਤਕਾਵੀ ਕਰਜਿਆਂ ਨੂੰ ਰੱਦ ਨਹੀਂ ਕੀਤਾ ਜਿਹੜਾ ਮੁਹੰਮਦ ਤੁਗਲਕ ਦੇ ਸ਼ਾਸਨ ਕਾਲ ਵਿਚ ਦਿੱਤਾ ਗਿਆ ਸੀ ਇਸ ਦੇ ਇਲਾਵਾ ਉਸਨੇ ਇਹ ਵੀ ਆਦੇਸ਼ ਜਾਰੀ ਕੀਤਾ ਕਿ ਰਾਜ ਦੇ ਅਧਿਕਾਰੀ ਕਿਸਾਨਾਂ ਨੂੰ ਆਤੰਕਿਤ ਨਾਂ ਕਰਨ। ਉਸਨੇ ਰਾਜਸਵ ਵਿਭਾਵ ਦੇ ਅਧਿਕਾਰੀਆਂ ਦੀਆਂ ਤਨਖਾਹਾਂ ਵਧਾ ਦਿੱਤੀਆਂ। ਖਵਾਜਾ ਹਿਸਾਮੁਦੀਨ ਨੂੰ ਰਾਜ ਦੇ ਸਰਵਜਨਿਕ ਰਾਜਸਵ ਦੇ ਅਨੁਮਾਨ ਬਣਾਉਣ ਦਾ ਕੰਮ ਹਵਾਲੇ ਕੀਤਾ ਗਿਆ ਅਤੇ ਇਸ ਕੰਮ ਨੂੰ ਖਵਾਜਾ ਨੇ 6 ਸਾਲਾਂ ਵਿਚ ਪੂਰਾ ਕੀਤਾ। ਉਸਨੇ ਕੇਵਲ ਪ੍ਰਾਂਤਾਂ ਦਾ ਦੌਰਾ ਹੀ ਨਹੀਂ ਕੀਤਾ ਰਾਜਸਵ ਅਭਿਲੇਖਾਂ ਦੀ ਜਾਂਚ ਵੀ ਕੀਤੀ। ਫਲਸਰੂਪ ਉਸਨੇ ਅਪਣੇ ਰਾਜ ਦੀ ਖਾਲਸਾ ਭੂਮੀ ਦੀ ਮਾਲ-ਗੁਜਾਰੀ 6 ਕਰੋੜ 85 ਲੱਖ ਟੰਕੇ ਨਿਸ਼ਚਿਤ ਕਰ ਦਿੱਤੇ। ਇਹ ਵਿਸ਼ਾ ਵਰਣਨ ਯੋਗ ਹੈ ਕਿ ਇਹ ਅਨੁਮਾਨ ਭੂਮੀ ਦੇ ਵਾਸਤਵਿਕ ਮਾਪ ਉਤੇ ਆਸ਼ਰਿਤ ਨਹੀਂ ਸੀ, ਪਰ ਇਹ ਸਥਾਨੀਅ ਸੂਚਨਾ ਉਤੇ ਆਸ਼ਰਿਤ ਸੀ ਅਤੇ ਇਹ ਕੰਮ ਚਲਾਉਣ ਦੇ ਲਈ ਚੰਗਾ ਅਨੁਮਾਨ ਸੀ।

ਸੁਲਤਾਨ ਨੇ 24 ਅਜਿਹੇ ਵਿਵਾਦਗ੍ਰਸਤ ਅਤੇ ਅੰਨਿਆਗ੍ਰਸਤ ਮਹਸੂਲਾਂ (cesses) ਦਾ ਉਨਮੂਲਨ ਕਰ ਦਿੱਤਾ, ਜੋ ਪਿਛਲੇ ਸ਼ਾਸਨਕਾਲ ਤੋਂ ਲਾਗੂ ਹੋਏ ਚੱਲੇ ਆ ਰਹੇ ਸਨ। ਰਾਜ ਦਾ ਮਾਲਗੁਜ਼ਾਰੀ ਵਿੱਚ ਹਿੱਸਾ ਵੀ ਘਟਾ ਦਿੱਤਾ ਗਿਆ। ਉਸ ਨੇ ਉਨ੍ਹਾਂ ਉਪਹਾਰਾਂ ਦੀ ਪ੍ਰਥਾ ਦਾ ਅੰਤ ਕਰ ਦਿੱਤਾ, ਜੋ ਕਿ ਰਾਜਪਾਲਾਂ ਤੋਂ ਉਨ੍ਹਾਂ ਦੀ ਨਿਯੁਕਤੀ ਦੇ ਸਮੇਂ ਲਏ ਜਾਂਦੇ ਸਨ ਅਤੇ ਉਹ ਧਨ ਰਾਸ਼ੀ ਲੈਣੀ ਬੰਦ ਕਰ ਦਿੱਤੀ ਜੋ ਉਨ੍ਹਾਂ ਨੂੰ ਹਰ ਸਾਲ ਦੇਣੀ ਪੈਂਦੀ ਸੀ। ਅਜਿਹੇ ਮਹਸੂਲਾਂ ਨੂੰ ਪ੍ਰਾਂਤ ਪ੍ਰਧਾਨ ਅਸਲ ਵਿੱਚ ਜਨਤਾ ਤੋਂ ਵਸੂਲ ਕਰਦੇ ਸਨ। ਕਰਾਂ ਦੀ ਨਵੀਂ ਵਿਵਸਥਾ ਕੁਰਾਨ ਦੇ ਅਨੁਸਾਰ ਸੀ। ਕੁਰਾਨ ਨਾਲ ਸਵੀਕਾਰ ਚਾਰ ਤਰ੍ਹਾ ਦੇ ਕਰ ਲਗਾਏ ਗਏ ਸਨ ਅਤੇ ਉਹ ਸਨ ਖਿਰਾਜ, ਜਕਾਤ, ਜਜ਼ੀਆ ਅਤੇ ਖਮਸ। ਖਿਰਾਜ ਉਹ ਭੂਮੀ ਕਰ ਸੀ ਜੋ ਭੂਮੀ ਦੀ ਉਪਜ ਦੇ ਹਿੱਸੇ ਦੇ ਬਰਾਬਰ ਸੀ, ਜਕਾਤ ਉਹ 2-1/2% ਕਰ ਸੀ ਜੋ ਮੁਸਲਮਾਨਾਂ ਤੋਂ ਸੰਪਤੀ 'ਤੇ ਲਿਆ ਜਾਂਦਾ ਸੀ ਅਤੇ ਵਿਸ਼ੇਸ਼ ਰੂਪ ਵਿੱਚ ਧਾਰਮਿਕ ਕੰਮਾਂ 'ਤੇ ਹੀ ਖਰਚ ਕੀਤਾ ਜਾਂਦਾ ਸੀ। ਜਜ਼ੀਆ ਗੈਰ-ਮੁਸਲਮਾਨਾ ਅਤੇ ਕਾਫਿਰਾਂ 'ਤੇ ਲਗਾਇਆ ਜਾਣ ਵਾਲਾ ਕਰ ਸੀ। ਪਰ ਜਜ਼ੀਆ ਦਾ ਖੇਤਰ ਫਿਰੋਜ਼ ਨੇ ਵਧਾ ਦਿੱਤਾ ਅਤੇ ਉਨ੍ਹਾਂ ਬ੍ਰਾਹਮਣਾਂ ਤੱਕ 'ਤੇ ਲਾਗੂ ਕਰ ਦਿੱਤਾ ਜੋ ਪਹਿਲਾਂ ਇਸ ਤੋਂ ਮੁਕਤ ਸਨ। ਇਹ ਦੱਸਿਆ ਜਾਂਦਾ ਹੈ ਕਿ ਜਦੋਂ ਜਜ਼ੀਆ ਬ੍ਰਾਹਮਣਾਂ 'ਤੇ ਲਗਾਇਆ ਗਿਆ ਸੀ ਤਾਂ ਉਨ੍ਹਾਂ ਨੇ ਉਸ ਦਾ ਮਹਿਲ ਘੇਰ ਲਿਆ ਅਤੇ ਉਨ੍ਹਾਂ ਨੇ ਆਪਣੇ ਪੁਰਾਣੇ ਵਿਸ਼ੇਸ਼ ਅਧਿਕਾਰਾਂ ਦੇ ਵਿਰੁੱਧ ਹਮਲੇ 'ਤੇ ਪ੍ਰਤੀਵਾਦ ਸਪੱਸ਼ਟ ਕੀਤਾ। ਉਨ੍ਹਾਂ ਨੇ ਆਪਣੇ ਆਪ ਨੂੰ ਜਿੰਦਾ ਜਲਾ ਲੈਣ ਅਤੇ ਸੁਲਤਾਨ 'ਤੇ ਦੈਵੀ ਪ੍ਰਕੋਪ ਵਾਪਰਣ ਦੀ ਧਮਕੀ ਵੀ ਦਿੱਤੀ। ਸੁਲਤਾਨ ਨੇ ਇਹ ਉਤਰ ਦਿੱਤਾ ਕਿ ਉਹ ਹਮੇਸ਼ਾ ਸੰਭਵ ਅਤੇ ਜਲਦੀ-ਜਲਦੀ ਆਪਣੀ ਇੱਛਾ ਅਨੁਸਾਰ ਸੜ ਕੇ ਮਰ ਸਕਦੇ ਹਨ। ਸਿੱਟਾ ਇਹ ਹੋਇਆ ਕਿ ਆਪਣੇ ਆਪ ਨੂੰ ਜਿਉਂਦਾ ਜਲਾਉਣ ਦੀ ਤੁਲਨਾ 'ਚ ਉਹ ਸੁਲਤਾਨ ਦੇ ਦੁਆਰ 'ਤੇ ਭੁੱਖੇ ਬੈਠ ਗਏ। ਸੁਲਤਾਨ ਇਸ ਨਾਲ ਸਹਿਮਤ ਨਹੀਂ ਹੋਇਆ ਇਸ ਲਈ ਉਸ ਨੇ ਅਜਿਹੀ ਵਿਵਸਕਾ ਕੀਤੀ ਕਿ ਬ੍ਰਾਹਮਣਾਂ 'ਤੇ ਲਾਗੂ ਕੀਤਾ ਜਾਣ ਵਾਲਾ ਕਰ ਹਿੰਦੂਆਂ ਦੀਆਂ ਛੋਟੀਆਂ ਜਾਤੀਆਂ 'ਤੇ ਉਨ੍ਹਾਂ ਕਰਾਂ ਦੇ ਇਲਾਵਾ ਜਿਸ ਦੇ ਲਈ ਉਹ ਵਿਅਕਤੀਗਤ ਰੂਪ ਨਾਲ ਜ਼ਿੰਮੇਵਾਰ ਸਨ, ਲਗਾ ਦਿੱਤਾ ਜਾਵੇ। ਖਮਸ ਯੁੱਧ ਵਿੱਚ ਪ੍ਰਾਪਤ ਵਸਤੂ ਦਾ ਪੰਜਵਾਂ ਹਿੱਸਾ ਹੁੰਦਾ ਸੀ। ਅਲਾਉਦੀਨ ਅਤੇ ਮੁਹੰਮਦ ਤੁਗਲਕ ਲੁੱਟੇ ਹੋਏ ਧਨ ਦਾ ਕੇਵਲ 4/5 ਹਿੱਸਾ ਲੈ ਕੇ 1/5 ਹਿੱਸਾ ਛੱਡਦੇ ਸਨ। ਫਿਰੋਜ਼ ਨੇ ਇਸਲਾਮ ਦੇ ਨਿਯਮ ਦਾ ਅਨੁਸਰਣ ਕੀਤਾ, ਜਿਸ ਦੇ ਅਨੁਸਾਰ ਰਾਜ ਨੂੰ ਕੇਵਲ 1/5 ਹਿੱਸਾ ਲੈਣ ਅਤੇ 4/5 ਹਿੱਸਾ ਛੱਡਣ ਦਾ ਅਧਿਕਾਰ ਸੀ ਕਿਉਂਕਿ ਉਹ ਹਿੱਸਾ ਸੈਨਿਕਾਂ ਦਾ ਸੀ। ਧਰਮ ਸ਼ਾਸਤਰੀਆਂ ਦੀ ਸਲਾਹ ਅਨੁਸਾਰ ਸੁਲਤਾਨ ਨੇ ਖੇਤਾਂ ਦੀ ਉਪਜ 'ਤੇ 10% ਸਿੰਚਾਈ ਕਰ ਲਗਾ ਦਿੱਤਾ। ਵਪਾਰੀਆਂ ਨੂੰ ਉਨ੍ਹਾਂ ਅਣਉਚਿਤ ਅਤੇ ਅੱਤਿਆਚਾਰੀ ਚੁੰਗੀ ਕਰਾਂ ਤੋਂ ਮੁਕਤ ਕਰ ਦਿੱਤਾ ਗਿਆ ਜੋ ਉਨ੍ਹਾਂ ਨੇ ਦੇਸ਼ ਦੇ ਇਕ ਹਿੱਸੇ ਤੋਂ ਦੂਸਰੇ ਹਿੱਸੇ ਵਿੱਚ ਵਸਤੂਆਂ ਦੇ ਸੁਤੰਤਰ ਪ੍ਰਚਲਨ ਨੂੰ ਰੋਕਦੇ ਸਨ। ਮਾਲਗੁਜ਼ਾਰੀ ਦੇ ਉਗਾਉਣ ਵਾਲਿਆਂ ਨੂੰ ਚੇਤਾਵਨੀ ਦਿੱਤੀ ਗਈ ਕਿ ਉਨ੍ਹਾਂ ਨੂੰ ਕਠੋਰਤਾ ਦੇ ਨਾਲ ਸਜ਼ਾ ਦਿੱਤੀ ਜਾਵੇਗੀ ਜੇਕਰ ਉਨ੍ਹਾਂ ਨੂੰ ਜਨਤਾ ਤੋਂ ਨਿਰਧਾਰਿਤ ਟੈਕਸਾਂ ਤੋਂ ਜ਼ਿਆਦਾ ਉਗਰਾਹੀ ਕੀਤੀ।

ਨੋਟ

*ਕੀ ਤੁਸੀਂ ਜਾਣਦੇ ਹੋ* ਖਿਰਾਜ ਉਹ ਭੂਮੀ ਕਰ ਸੀ ਜਿਹੜਾ ਭੂਮੀ ਦੀ ਉਪਜ ਦੇ ਭਾਗ ਦੇ ਬਰਾਬਰ ਸੀ।

ਫਿਰੋਜ ਦੇ ਇਨ੍ਹਾਂ ਸੁਧਾਰਾਂ ਦਾ ਨਤੀਜਾ ਇਹ ਹੋਇਆ ਕਿ ਉਹ ਅਪਣੇ ਕੋਸ਼ ਵਿਚ ਬਹੁਤ ਸਾਰਾ ਧੰਨ ਰੱਖਣ ਯੋਗ ਹੋ ਸਕਿਆ। ਉਸਦੀ ਬਹੁਮਾਲ ਗੁਜਾਰਿਆਂ ਦਾ ਕਾਰਨ ਉੱਤਮ ਫਸਲਾਂ ਦੀ ਉਪਜ ਦੀ ਸੁਧਰੀ ਹੋਈ ਵਿਸ਼ੇਸਤਾ, ਜਲਕਰ ਅਤੇ ਉਦਯੋਗ ਦੁਆਰਾ ਆਮਦਨ ਸੀ। ਉਦਯੋਗ ਦੁਆਰਾ। 180,000 ਟੰਕੇ ਦੀ ਸਾਲਾਨਾ ਆਮਦਨ ਹੁੰਦੀ ਸੀ ਸੁਲਤਾਨ ਦੀ ਅਰਥ ਨੀਤੀ ਨੇ ਜਨਤਾ ਦੀ ਖੁਸ਼ਹਾਲੀ ਵਿਚ ਕਾਫੀ ਯੋਗਦਾਨ ਦਿੱਤਾ। ਸਮਸੇ-ਸਿਰਾਜ ਅਫੀਫ ਸਾਨੂੰ ਦੱਸਦਾ ਹੈ ਕਿ "ਉਨ੍ਹਾਂ ਦੇ ਘਰ ਅਨਾਜ, ਸੰਪੱਤੀ, ਘੋੜੇ ਅਤੇ ਲੱਕੜ ਦੀ ਵਸਤਾਂ ਨਾਲ ਭਰਪੂਰ ਸਨ। ਹਰੇਕ ਕੋਲ ਸੋਨਾ ਅਤੇ ਚਾਂਦੀ ਕਾਫ਼ੀ ਮਾਤਰਾ ਵਿਚ ਸੀ। ਕੋਈ ਇਸਤਰੀ ਬਿਨ੍ਹਾਂ ਗਹਿਣਿਆਂ ਤੋਂ ਨਹੀਂ ਸੀ ਅਤੇ ਕੋਈ ਵੀ ਮਕਾਨ ਚੰਗੇ ਬਿਸਤਰਿਆਂ ਅਤੇ ਦੀਵਾਨਾਂ ਤੋਂ ਖਾਲੀ ਨਹੀਂ ਸੀ। ਧਨ ਦੀ ਅਧਿਕਤਾ ਸੀ ਅਤੇ ਮੁੱਖ ਆਮ ਸਨ। ਉਸਦੇ ਸ਼ਾਸਨ ਕਾਲ ਵਿਚ ਆਰਥਿਕ ਰਿਕਤ ਦਾ ਸਾਹਮਣਾ ਨਹੀਂ ਕਰਨਾ ਪਿਆ। ਦੋਆਬ ਤੋਂ ਹੋਣ ਵਾਲੀ ਮਾਲ ਗੁਜਾਰੀ 80 ਲੱਖ ਟੰਕੇ ਅਤੇ ਦਿੱਲੀ ਦੇ ਪ੍ਰਦੇਸ਼ ਤੋਂ ਹੋਣ ਵਾਲੀ ਮਾਲ ਗੁਜਾਰੀ 6 ਕਰੋੜ 85 ਲੱਖ ਟੰਕੇ ਸੀ।" ਫਿਰ ਈਸ਼ਵਰ ਅਤੇ ਪੱਖ ਵਿਚ ਹੋਣ ਵਾਲੀ ਰੁੱਤ ਦੀ ਕਿਰਪਾ ਨਾਲ ਕੇਵਲ ਰਾਜਧਾਨੀ ਵਿਚ ਨਹੀਂ ਉਸਦੇ ਸਾਰੇ ਰਾਜ ਵਿਚ ਜੀਵਨ ਸੰਬੰਧੀ ਆਵਸ਼ਕ ਵਸਤਾਂ ਦਾ ਭਰਪੂਰ ਮਾਤਰਾ ਪ੍ਰਚਲਨ ਹੋਇਆ। ਅਨਾਜ ਏਨਾ ਸਸਤਾ ਸੀ ਦਿੱਲੀ ਦੇ ਨਗਰ ਵਿਚ ਕਣਕ 8 ਜੀਤਲ ਪ੍ਰਤੀ ਮਣ ਅਤੇ ਜੌਂ, ਜਵਾਰ ਆਦਿ 4 ਜੀਤਲ ਪ੍ਰਤੀ ਮਣ ਸਨ। ਡੇਰੇ ਦਾ ਇੱਕ ਵਿਅਕਤੀ ਅਪਣੇ ਘੋੜੇ ਨੂੰ 1 ਜੀਤਲ ਵਿਚ 10 ਸੇਰ। ਦਾ ਖਾਣਾ ਦੇ ਸਕਦਾ ਸੀ। ਸਭ ਪ੍ਰਕਾਰ ਦੇ ਵਸਤ੍ਰ ਸਸਤੇ ਸਨ ਸਫ਼ੇਦ ਅਤੇ ਰੰਗੀਨ ਦੋਵੇਂ ਹੀ ਪ੍ਰਕਾਰ ਦੇ ਸਿਲਕ ਦੇ ਕਪੜੇ ਸਾਧਾਰਣ ਮੁੱਲ ਦੇ ਸਨ। ਮੁੱਲ ਦੀ ਆਮ ਗਿਰਾਵਟ ਦੇ ਅਨੁਸਾਰ ਮਿਠਾਈਆਂ ਦੇ ਮੁੱਲ ਘਟਾਉਣ ਦੇ ਆਦੇਸ਼ ਦਿੱਤੇ ਗਏ ਸਨ।

ਫਿਰੋਜ ਦੀ ਆਰਥਿਕ ਨੀਤੀ ਵਿਚ ਆਲੋਚਕ ਕੁਝ ਦੋਸ਼ ਕੱਢਦੇ ਹਨ। ਇਹ ਕਿਹਾ ਜਾਂਦਾ ਹੈ ਕਿ ਸੁਲਤਾਨ ਨੇ ਕਰਾਂ ਦੇ ਠੇਕੇ ਦੇਣ ਦੀ ਵਿਵਸਥਾ ਵਿਚ ਫੈਲਾਓ ਕਰਕੇ ਇਕ ਗਲਤੀ ਕੀਤੀ। ਅਲਾਉਦੀਨ ਖਿਲਜੀ ਅਤੇ ਮੁਹੰਮਦ ਤੁਗਲਕ ਨੇ ਇਸ ਦਾ ਪ੍ਰਬੰਧ ਪ੍ਰਤੱਖਤਾ ਰਾਜ ਕੀਤਾ ਦੇ ਅਧੀਨ ਰੱਖਿਆ ਅਤੇ ਸੰਭਵ ਮਾਲਗੁਜ਼ਾਰੀ ਵਸੂਲ ਕਰਨ ਦੇ ਖੇਤਰ ਵਿੱਚ ਠੇਕੇਦਾਰੀ ਨੂੰ ਅਲੱਗ ਰੱਖਿਆ। ਫਿਰੋਜ਼ ਤੁਗਲਕ ਵੱਲੋਂ ਲਾਗੂ ਕੀਤੀ ਗਈ ਵਿਵਸਥਾ ਤੋਂ ਰਾਜ ਨੂੰ ਘੱਟ ਉਮਰ ਅਤੇ ਜਨਤਾ ਨੂੰ ਜ਼ਿਆਦਾ ਆਤੰਕ ਉਠਾਉਣਾ ਪਿਆ। ਫਿਰੋਜ਼ ਦੀ ਪ੍ਰਣਾਲੀ ਵਿੱਚ ਦੂਸਰਾ ਦੋਸ਼ ਇਹ ਸੀ ਕਿ ਉਸ ਨੇ ਉਸ ਜਗੀਰ ਪ੍ਰਥਾ ਨੂੰ ਦੁਬਾਰਾ ਸ਼ੁਰੂ ਕਰ ਦਿੱਤਾ ਜਿਸ ਨੂੰ ਅਲਾਉਦੀਨ ਨੇ ਬੰਦ ਕਰ ਦਿੱਤਾ ਸੀ। ਸੰਸੇ-ਸਿਰਾਜ ਅਫੀਮ ਨੇ ਇਸ ਵਿਵਸਥਾ ਦੀ ਇਸ ਤਰ੍ਹਾਂ ਪ੍ਰੀਭਾਸ਼ਾ ਦਿੱਤੀ ਹੈ-"ਸੈਨਾ ਦੇ ਸੈਨਿਕ ਭੂਮੀ ਦੇ ਅਨੁਦਾਨ (ਜਗੀਰ) ਪ੍ਰਾਪਤ ਕਰਦੇ ਸਨ ਜੋ ਉਨ੍ਹਾਂ ਨੂੰ ਸੁੱਖ ਅਤੇ ਆਰਾਮ ਦੇ ਲਈ ਕਾਫੀ ਹੁੰਦੀ ਸੀ ਅਤੇ ਉਹ ਅਨਿਯਮਿਤ ਰੂਪ ਨਾਲ ਰਾਜ ਕੋਸ਼ ਤੋਂ ਅਨੁਦਾਨ ਪ੍ਰਾਪਤ ਕਰਦੇ ਸਨ। ਉਹ ਸੈਨਿਕ ਜੋ ਇਸ ਤਰ੍ਹਾਂ ਆਪਣੀ ਤਨਖਾਹ ਪ੍ਰਾਪਤ ਨਹੀਂ ਕਰਦੇ ਸਨ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਮਾਲਗੁਜ਼ਾਰੀ ਸਬੰਧੀ ਕੰਮ ਸਮਰਪਿਤ ਕਰ ਦਿੱਤੇ ਜਾਂਦੇ ਸਨ। ਜਦੋਂ ਸੈਨਿਕਾਂ ਦੇ ਇਹ ਕੰਮ ਸਾਮੰਤ ਸੰਪਤੀ ਦੇ ਰੂਪ ਵਿੱਚ ਆ ਜਾਂਦੇ ਸਨ ਤਾਂ ਧਾਰਕਾਂ ਨੂੰ ਜਗੀਰਾਂ ਦੇ ਧਾਰਕਾਂ ਤੋਂ ਕੁੱਲ ਮਾਤਰਾ ਦਾ ਲੱਗਭਗ ਅੱਧਾ ਹਿੱਸਾ ਮਿਲਿਆ ਕਰਦਾ ਸੀ। ਉਨ੍ਹਾਂ ਦਿਨਾਂ ਵਿੱਚ ਕੁਝ ਵਿਅਕਤੀਆਂ ਦਾ ਕੰਮ ਇੰਨਾ ਦੱਤ ਕੰਮਾਂ ਨੂੰ ਖਰੀਦ ਲੈਣਾ ਸੀ ਜਿਸ ਨਾਲ ਦੋਨਾਂ ਪੱਖਾਂ ਨੂੰ ਗੁੰਜਾਇਸ਼ ਹੋ ਜਾਂਦੀ ਸੀ। ਉਹ ਉਨ੍ਹਾਂ ਦੇ ਬਦਲੇ ਵਿੱਚ ਨਗਰ ਵਿੱਚ ਮੁੱਲ ਦਾ 1/3 ਹਿੱਸਾ ਦਿੰਦੇ ਸਨ ਅਤੇ ਜ਼ਿਲ੍ਹਿਆਂ ਵਿੱਚ ਅਧਾਰ ਹਿੱਸਾ ਪ੍ਰਾਪਤ ਕਰਦੇ ਸਨ। ਇਨ੍ਹਾਂ ਦੱਤ ਕੰਮਾਂ ਦੇ ਕ੍ਰੇਤਾਗਣ ਅਜਿਹਾ ਖਰੀਦ-ਵੇਚ ਚਲਾਉਂਦੇ ਰਹਿੰਦੇ ਸਨ ਅਤੇ ਚੰਗਾ ਲਾਭ ਪ੍ਰਾਪਤ ਕਰਕੇ ਬਹੁਤ ਸਾਰੇ ਲੋਕ ਅਮੀਰ ਹੋ ਗਏ ਅਤੇ ਉਨ੍ਹਾਂ ਨੇ ਆਪਣੀ ਕਿਸਮਤ ਬਣਾ ਲਈ।" ਦੂਸਰਾ ਦੋਸ਼ ਜਜ਼ੀਆ ਦੇ ਖੇਤਰ ਦਾ ਵਿਸਥਾਰ ਅਤੇ ਉਸ ਦੇ ਉਗਰਾਹੀ ਵਿੱਚ ਕਠੋਰਤਾ ਦਾ ਵਰਤਿਆ ਜਾਣਾ ਸੀ। ਸੁਲਤਾਨ ਨੇ ਬ੍ਰਾਹਮਣਾਂ ਨੂੰ "ਅਭਕਿਤਪੂਰਤਾ ਦਾ ਦੁਰਗ" ਸਮਝਿਆ ਅਤੇ ਇਸ ਲਈ ਉਹ ਉਨ੍ਹਾਂ ਨੂੰ ਮੁਕਤ ਕਰਨ ਲਈ ਤਿਆਰ ਨਹੀਂ ਸਨ।

**ਸਿੰਜਾਈ** (Irrigation) : ਖੇਤੀ ਬਾੜੀ ਨੂੰ ਪ੍ਰੋਤਸਾਹਨ ਦੇਣ ਦੇ ਲਈ, ਸੁਲਤਾਨ ਨੇ ਸਿੰਜਾਈ ਦੇ ਵੱਲ ਅਪਣਾ ਧਿਆਨ ਦਿੱਤਾ। ਸ਼ਮਸੇ-ਸਿਰਾਜ-ਅਫੀਫ ਸਾਨੂੰ ਦੱਸਦਾ ਹੈ ਕਿ ਸੁਲਤਾਨ ਦੇ ਆਦੇਸ਼ਾਂ ਨਾਲ ਦੋ ਨਹਿਰਾਂ ਖੁਦਵਾਈਆਂ ਗਈਆਂ ਸਨ। ਉਨ੍ਹਾਂ ਵਿਚੋਂ ਇਕ ਸਤਲਜ ਵਿਚੋਂ ਅਤੇ ਦੂਜੀ ਯਮਨਾ ਵਿਚੋਂ ਕੱਢੀਆਂ ਗਈਆਂ ਸਨ। ਪਰ ਯਾਹਿਯਾ ਫਿਰੋਜ ਤੁਗਲਕ ਦੇ ਸ਼ਾਸਨ ਕਾਲ ਵਿਚ ਚਾਰ ਨਹਿਰਾਂ ਖੁਦਵਾਏ ਜਾਣ ਦਾ ਵਰਣਨ ਦਿੰਦਾ ਹੈ। ਪਹਿਲੀ ਨਹਿਰ ਸਤਲੁਜ ਤੋਂ ਘੱਗਰ ਤਕ ਇਹ 96 ਮੀਲ ਲੰਬੀ ਸੀ। ਦੂਜੀ ਨਹਿਰ 150 ਮੀਲ ਲੰਬੀ ਸੀ ਅਤੇ ਇਹ ਯਮਨਾ ਦੇ ਪਾਣੀ ਨੂੰ ਹਿਸਾਰ ਤਕ ਲੈ ਜਾਂਦੀ ਸੀ। ਤੀਜੀ ਨਹਿਰ ਮੰਡਵੀ ਅਤੇ ਸਿਰਮੌਰ ਪਹਾੜੀਆਂ ਦੇ ਕੋਲ ਤੋਂ ਨਿਕਲਦੀ ਸੀ ਅਤੇ ਉਸਨੂੰ ਹਾਂਸੀ ਨਾਲ ਜੋੜ ਦਿੰਦੀ ਸੀ। ਹਾਂਸੀ ਤੋਂ ਇਹ ਅਰਾਸਾਨੀ ਜਾਂਦੀ ਸੀ ਜਿੱਥੇ ਹਿਸਾਰ ਫਿਰੋਜਾਬਾਦ ਦੇ ਕਿਲ੍ਹੇ ਦੀ ਨੀਂਹ ਰੱਖੀ ਹੋਈ ਸੀ। ਚੌਥੀ ਨਹਿਰ ਸੁਰਸਤੀ ਦੇ ਕਿਲ੍ਹੇ ਦੇ ਘੱਗਰ ਤੋਂ ਹਿਰਾਨੀਖੇਰਾ ਦੇ ਪਿੰਡ ਤਕ ਵਹਿੰਦੀ ਸੀ। ਅੱਜ ਵੀ ਇਨ੍ਹਾਂ ਨਹਿਰਾਂ ਦੇ ਖੰਡਰਾਤ ਦੇਖੇ ਜਾ ਸਕਦੇ ਹਨ। ਇਨ੍ਹਾਂ ਨਹਿਰਾਂ ਦੇ ਨਿਰੀਖਣ ਕਰਨ ਅਤੇ ਇਸ ਸੰਬੰਧ ਵਿਚ ਅਪਣੀ ਰਿਪੋਰਟ ਦੇਣ ਦੇ ਲਈ ਮਾਹਿਰ ਕਾਰਜ-ਕਰਤਾਵਾਂ ਦੀ ਨਿਯੁਕਤੀ ਕੀਤੀ ਗਈ ਸੀ। ਯਾਤਰੀਆਂ ਦੇ ਵਰਤੋਂ ਲਈ ਅਤੇ ਸਿੰਜਾਈ ਕੰਮਾਂ ਬਾਰੇ 150 ਖੂਹ ਫਿਰੋਜ ਤੁਗਲਕ ਦੇ ਸ਼ਾਸਨ ਕਾਲ ਵਿਚ ਖੁਦਵਾਏ ਗਏ ਸਨ। ਇਹ ਦੱਸਿਆ ਜਾਂਦਾ ਹੈ ਕਿ

ਨੋਟ

ਸੁਲਤਾਨ ਦੁਆਰਾ ਸਿੰਜਾਈ ਦੀ ਸਹੂਲਤਾਂ ਦੇ ਫਲਸਰੂਪ ਕੇਵਲ ਦੋਆਬ ਵਿਚ 52 ਬਸਤੀਆਂ ਦਾ ਉਦੈ ਹੋਇਆ। ਉੱਤਮ ਫਸਲਾਂ ਜਿਸ ਤਰ੍ਹਾਂ ਕਣਕ ਗੰਨਾ ਆਦਿ ਦੀ ਫਸਲ ਹੋਈ। ਫਲ ਵੀ ਬਹੁਤ ਮਾਤਰਾ ਵਿਚ ਪੈਦਾ ਕੀਤੇ ਗਏ।

**ਸਰਵਜਨਿਕ ਨਿਰਮਾਣ** (Public Works) : ਫਿਰੋਜ ਨੂੰ ਨਿਰਮਾਣ ਦੀ ਸਭ ਤੋਂ ਜ਼ਿਆਦਾ ਰੂਚੀ ਸੀ। ਸਰ ਵੂੱਲਜਲੇ ਹੇਗ ਇਹ ਠੀਕ ਕਹਿੰਦੇ ਹਨ ਕਿ ਫਿਰੋਜ ਦੇ ਨਿਰਮਾਣ ਦੇ ਲਈ ਐਸੀ ਅਧਿਅਧਿਕ ਰੂਚੀ ਰੋਮਨ ਸਮਰਾਟ ਅਗਸਟਸ ਦੇ ਬਰਾਬਰ ਸੀ ਜੇਕਰ ਉਸ ਤੋਂ ਜ਼ਿਆਦਾ ਨਹੀਂ ਸੀ। ਫਿਰੋਜਾਬਾਦ (ਦਿੱਲੀ ਦਾ ਆਧੁਨਿਕ ਫਿਰੋਜ ਸ਼ਾਹ ਕੋਟਲਾ) ਫਤੇਹਾਬਾਦ ਹਿਸਾਰ ਜੌਨਪੁਰ ਅਤੇ ਫਿਰੋਜਪੁਰ (ਬਦਾਯੂੰ ਦੇ ਨੇੜੇ) ਉਸੀ ਦੇ ਦੁਆਰਾ ਸੰਸਥਾਪਤ ਹੋਏ ਸਨ। ਅਪਣੇ ਬੰਗਾਲ ਅਭਿਯਾਨਾਂ ਵਿਚ ਉਸਨੇ ਇਕ ਦਲਾਂ ਦਾ ਨਵਾਂ ਨਾਮ ਆਜਾਦਪੁਰ ਅਤੇ ਪੰਡੂਆਂ ਦਾ ਨਵਾਂ ਨਾਮ ਫਿਰੋਜਾਬਾਦ ਰੱਖਿਆ। ਸੁਲਤਾਨ ਨੇ 4 ਮਸਜਿਦਾਂ, 30 ਮਹਿਲ, 200 ਕਾਰਵਾਂ ਸਰਾਏ, 5 ਤਾਲਾਬ, 5 ਹਸਪਤਾਲ, 100 ਮਕਬਰੇ, 10 ਸਨਾਨਘਰ, 10 ਸਮਾਰਕ ਸਤੰਭ ਅਤੇ 100 ਪੁਲ ਬਣਵਾਏ। ਵੁਸਨੇ ਸਿੰਜਾਈ ਦੇ ਲਈ 5 ਨਹਿਰਾਂ ਖੁਦਵਾਈਆਂ। ਉਸਨੇ ਦਿੱਲੀ ਦੇ ਆਸ ਪਾਸ 1200 ਬਗੀਚੇ ਵੀ ਲਗਾਏ।

ਰਾਜ ਮੁੱਖ ਵਾਸਤੂਕਾਰ (Architect) ਮਲਿਕ ਗਾਜੀ ਸ਼ਹਨਾ ਸੀ ਜਿਸਨੂੰ ਅਪਣੇ ਕੰਮ ਵਿਚ ਅਬੁਲ ਹਕ ਦੀ ਸਹਾਇਤਾ ਮਿਲਦੀ ਸੀ। ਇਹ ਵਿਸ਼ਾ ਵਰਨਣ ਯੋਗ ਹੈ ਕਿ ਹਰੇਕ ਭਵਨ ਦੀ ਯੋਜਨਾ ਨੂੰ ਉਸਦੇ ਅੰਦਾਜੇ ਦੇ ਨਾਲ ਦੀਵਾਨੇ ਵਿਜਾਰਤ ਦੇ ਸਾਹਮਣੇ ਰੱਖਿਆ ਜਾਂਦਾ ਸੀ ਅਤੇ ਉਨ੍ਹਾਂ ਵੁੱਤੇ ਫਿਰ ਧੰਨ ਸਵੀਕਾਰ ਕੀਤਾ ਜਾਂਦਾ ਸੀ। ਇਨ੍ਹਾਂ ਨਿਰਮਾਣ ਕੰਮਾਂ ਦੇ ਵਿਸ਼ਾਂ ਵਿਚ ਸੁਲਤਾਨ ਖੁਦ ਇਹ ਕਹਿੰਦਾ ਹੈ, "ਉਨ੍ਹਾਂ ਤੋਹਫਿਆਂ ਵਿਚ ਜਿਹੜੇ ਈਸ਼ਵਰ ਨੇ ਮੈਨੂੰ ਅਪਣੇ ਨਮਰ ਸੇਵਕ ਨੂੰ ਦਿੱਤੇ ਹਨ, ਉਨ੍ਹਾਂ ਵਿਚ ਸਰਵਜਨਿਕ ਭਵਨ ਨਿਰਮਾਣ ਦੀ ਇੱਛਾ ਵੀ ਹੈ। ਇਸਲਈ ਮੈਂ ਬਹੁਤ ਸਾਰੀ ਮਸਜਿਦਾਂ, ਸਕੂਲਾਂ ਅਤੇ ਬਿਹਾਰਾਂ ਦਾ ਨਿਰਮਾਣ ਕਰਾਇਆ। ਜਿਸ ਨਾਲ ਯੋਗ ਅਤੇ ਬੁੱਢੇ, ਤਿਆਗੀ ਅਤੇ ਪਵਿੱਤਰ, ਇਨ੍ਹਾਂ ਭਵਨਾਂ ਵਿਚ ਉਸਦੀ ਉਪਾਸਨਾ ਕਰ ਸਕਣ ਅਤੇ ਅਪਣੀਆਂ ਪ੍ਰਾਰਥਨਾ ਨਾਲ ਦਿਆਲੂ ਨਿਰਮਾਤਾ ਦੀ ਸਹਾਇਤਾ ਕਰ ਸਕਣ।

ਡਾ. ਵੀ. ਏ. ਸਮਿਥ ਦੇ ਮਤਾਨੁਸਾਰ, "ਏਸ਼ੀਆਈ ਰਾਜਾ ਜੈਸਾ ਕਿ ਨਿਯਮ ਹੈ, ਉਨ੍ਹਾਂ ਭਵਨਾਂ ਵਿਚ ਕੋਈ ਰੂਚੀ ਨਹੀਂ ਰਖਦੇ ਹਨ ਜਿਨ੍ਹਾਂ ਦਾ ਨਿਰਮਾਣ ਉਨ੍ਹਾਂ ਦੇ ਪੂਰਵਵਰਤੀਆਂ ਨੇ ਕੀਤਾ ਸੀ ਅਤੇ ਇਸਲਈ ਉਹ ਭਵਨ ਟੁੱਟਦੇ ਰਹਿਦੇ ਹਨ ਕਿਉਂਕਿ ਕੋਈ ਉਨ੍ਹਾਂ ਦੀ ਦੇਖਰੇਖ ਨਹੀਂ ਕਰਦਾ, ਪਰ ਫਿਰੋਜਸ਼ਾਹ ਨਿਵੇਕਲਤਾ ਇਸ ਵਿੱਚ ਹੈ ਕਿ ਉਸਨੇਅਪਣੇ ਪੂਰਵ ਵਰਤੀ ਰਾਜਾਵਾਂ ਅਤੇ ਯੋਗ ਪੁਰਖਾਂ ਦੇ ਭਵਨਾਂ ਦੀ ਮੁਰੰਮਤ ਕਰਾਉਣ ਅਤੇ ਦੁਬਾਰਾ ਬਣਾਉਣ ਲਈ ਬਹੁਤ ਧਿਆਨ ਦਿੱਤਾ ਅਤੇ ਉਸਨੇ ਅਪਦੇ ਨਿਰਮਾਣਾਂ ਤੋਂ ਵੀ ਜ਼ਿਆਦਾ ਮਹੱਤਵ ਉਨ੍ਹਾਂ ਭਵਨਾਂ ਨੂੰ ਦੁਬਾਰਾ ਸਥਾਪਤ ਕਰਨ ਲਈ ਦਿੱਤਾ।" ਅਸ਼ੋਕ ਦੇ ਦੋ ਸਤੰਭਾਂ ਨੂੰ ਮੇਰਠ ਅਤੇ ਟੋਪਰਾ (ਹੁਣ ਅੰਬਾਲ ਜਿਲ੍ਹੇ ਵਿਚ) ਤੋਂ ਦਿੱਲੀ ਲਿਆਂਦਾ ਗਿਆ। ਟੋਪਰਾ ਵਾਲੇ ਸਤੰਭ ਨੂੰ ਮਹਿਲ ਅਤੇ ਫਿਰੋਜਾਬਾਦ ਦੀ ਮਸਜਿਦ ਦੇ ਨੇੜੇ ਦੁਬਾਰਾ ਸਥਾਪਿਤ ਕਰਾਇਆ ਗਿਆ। ਮੇਰਠ ਵਾਲੇ ਸਤੰਭ ਨੂੰ ਦਿੱਲੀ ਦੇ ਵਰਤਮਾਨ ਬਾੜਾ ਹਿੰਦੂ ਰਾਉ ਹਸਪਤਾਨ ਦੇ ਨੇੜੇ ਇਕ ਟੀਲੇ ਕਰਕੇ ਸ਼ਿਕਾਰ ਜਾਂ ਆਖੇਟ ਸਥਾਨ ਦੇ ਨੇੜੇ ਦੁਬਾਰਾ ਸਥਾਪਤ ਕਰਾਇਆ ਗਿਆ। ਸ਼ਮਸੇ-ਸਿਰਾਜ ਅਫੀਫ ਇਸ ਦੀ ਆਵਾਜਾਈ ਦੀ ਪ੍ਰੀਕ੍ਰਿਆ ਦਾ ਇਸ ਤਰ੍ਹਾਂ ਵਰਨਣ ਦਿੰਦਾ ਹੈ "ਬਹੁਤ ਸਾਰੀ ਵੱਡੀਆਂ ਕਿਸ਼ਤੀਆਂ ਇਕੱਠੀ ਕੀਤੀ ਗਈਆਂ ਸਨ, ਜਿਨ੍ਹਾਂ ਵਿਚ ਕੁਝ 5000 ਤੋਂ 7000 ਮਣ ਤਕ ਅਨਾਜ ਅਤੇ ਕੁਝ 2000 ਮਣ ਤਕ ਅਨਾਜ ਲੈ ਜਾ ਸਕਦੀ ਸਨ। ਸਤੰਭ ਨੂੰ ਬੜੀ ਚਤਰਾਈ ਨਾਲ ਇਨ੍ਹਾਂ ਕਿਸ਼ਤੀਆਂ ਤਕ ਲਿਆਂਦਾ ਗਿਆ ਅਤੇ ਫਿਰ ਉਨ੍ਹਾਂ ਨੂੰ ਫਿਰੋਜਾਬਾਦ ਲਿਆਂਦਾ ਗਿਆ, ਜਿੱਥੇ ਉਸਨੂੰ ਉਤਾਰ ਲਿਆ ਗਿਆ ਅਤੇ ਅਪਾਰ ਸ਼ਰਧਾ ਅਤੇ ਕੁਸ਼ਲਤਾ ਦੇ ਨਾਲ ਉਸਨੂੰ ਕੁਸ਼ਕ ਤਕ ਪਹੁੰਚਾ ਦਿੱਤਾ ਗਿਆ।"

**ਨੀਆਂ ਸੁਧਾਰ** (Judicial Reforms) : ਜਦੋਂ ਫਰਿੋਜ ਗੱਦੀ ਉੱਤੇ ਬੈਠਾ , ਉਸ ਸਮੇਂ ਦੇਸ਼ ਦਾ ਸਜਾ ਸੰਬੰਧੀ ਨਯਿਮ ਬਰਬਰਤਾਪੂਰਣ ਸੀ ਸੁਲਤਾਨ ਨੇ ਆਪ ਇਹ ਕਹਿਾ ਸੀ, ਪੁਰਵਵਰਤੀ ਰਾਜਾਵਾਂ ਦੇ ਸ਼ਾਸਣਕਾਲ ਵਿੱਚ ਬਹੁਤ ਪ੍ਰਕਾਰ ਦੇ ਡੰਡੋ ਦਾ ਪ੍ਰਯੋਗ ਕੀਤਾ ਗਆਿ ਹੱਥਾਂ ਅਤੇ ਪੈਰਾਂ ਦਾ ਵਚਿੇਧ ਕੀਤਾ ਜਾਣਾ , ਕਾਨੋ ਅਤੇ ਨਾਕੀਆਂ ਦਾ ਕੱਟਣਾ, ਅੱਖਾਂ ਦਾ ਨਕਿਲਨਾ, ਗਲੇ ਵਚਿ ਪਘਿਲਾ ਸੀਸਾ ਓਟਾ ਦੇਣਾ, ਹਾਥੋ ਓ ਪੈਰਾਂ ਕ ਿਹੱਡੀਆਂ ਨੂੰ ਹਥੋਰੇ ਦੁਆਰਾ ਤੋੜ ਦੇਣਾ, ਦੇਹ ਨੂੰ ਅੱਗ ਵਲੋ ਪਾਣੀ ਦੇਣਾ, ਹਾਥੋ ਵਚਿ ਲੋਹੇ ਕ ਿਕੀਲੀਆਂ ਠੋਕ ਦੇਣਾ, ਪੈਰਾਂ ਅਤੇ ਸੀਨਾਂ ਵਚਿ ਕਲਿ ਛੇਦ ਦੇਣਾ, ਅੰਗ ਕਟ ਦੇਣਾ, ਮਨੁੱਖਾਂ ਦੇ ਸਰੀਰਾਂ ਨੂੰ ਆਰੀ ਵਲੋ ਚੀਰ ਦੇਣਾ ਇਹੀ ਅਤੇ ਅਜਹਿ ਬਹੁਤ ਸਾਰੇ ਅਤਆਿਚਾਰਾਂ ਦਾ ਪ੍ਰਯੋਗ ਹੁੰਦਾ ਸੀ।

ਫਿਰੋਜ ਸ਼ਾਹ ਦੁਆਰਾ ਪ੍ਰਚਲਿਤ ਦੂਜੇ ਸੁਧਾਰ ਇਹ ਸੀ ਕਿ ਜੇਕਰ ਕੋਈ ਯਾਤਰੀ ਰਾਹ ਵਿਚ ਅਪਣੇ ਪ੍ਰਾਣ ਤਿਆਗ ਦਿੰਦਾ, ਤਾਂ ਸਾਮੰਤ ਲੋਕਾਂ ਅਤੇ ਮੁਕੱਦਮਾਂ ਨੂੰ ਆਵਸ਼ਕ ਸੀ ਕਿ ਉਹ ਕਾਜੀ ਜਾਂ ਹੋਰ ਮੁਸਲਮਾਨ ਨੂੰ ਬੁਲਾਉਣ ਅਤੇ ਮ੍ਰਿਤਕ ਦੇ ਸਰੀਰ ਦਾ ਪਰੀਖਣ ਕਰਾਉਣ। ਇਹ ਵੀ ਆਵਸ਼ਕ ਸੀ ਕਿ ਐਸੀ ਰਿਪੋਰਟ ਬਣਾਈ ਜਾਵੇ ਜਿਹੜੀ ਕਾਜੀ ਦੀ ਮੁਹਰ ਦੇ ਨਾਲ ਇਹ ਸਾਬਤ ਕਰੇ ਕਿ ਉਸਦੇ ਸਰੀਰ ਉਪਰ ਕੋਈ ਜੱਖਮ ਨਹੀਂ ਸੀ। ਕੇਵਲ ਤਦ ਹੀ ਮ੍ਰਿਤਕ ਦਾ ਅੰਤਮ ਸੰਸਕਾਰ ਕੀਤਾ ਜਾ ਸਕਦਾ ਸੀ।

ਸੁਲਤਾਨ ਨੇ ਇਕ ਵਿਆਹ ਵਿਭਾਗ ਵੀ ਬਣਵਾਇਆ। ਇਹ ਕੰਮ ਉਹ ਖੁਦ ਕਰਦਾ ਸੀ ਕਿ ਉਸਦੇ ਧਰਮ ਦੀ ਕੋਈ ਵੀ ਲੜਕੀ ਦਹੇਜ ਦੀ ਕਮੀ ਦੇ ਕਾਰਣ ਅਣਵਿਆਹੀ ਨਾਂ ਰਹਿ ਜਾਵੇ। ਉਸਦਾ ਇਹ ਵਿਭਾਵ ਮੁੱਖਤਾ ਮੱਧ ਵਰਗ ਦੇ ਲੋਕਾਂ, ਵਿਧਵਾਵਾਂ, ਸਰਵਜਨਿਕ ਸੇਵਾਵਾਂ ਦੇ ਸੰਰੱਖਿਅਣਹੀਨ ਦੇ ਖੇਤਰ ਵਿਚ ਕੰਮ ਕਰਦਾ ਸੀ ਅਤੇ ਬਹੁਤ ਖੁਸ਼ ਵੀ ਸੀ।

ਸੁਲਤਾਨ ਨੇ ਇਕ ਰੋਜਗਾਰ ਵਿਭਾਗ (Employment Bureau) ਵੀ ਖੋਲਿਆ। ਇਸ ਦਾ ਸੰਬੰਧ ਖਾਸ ਕਰਕੇ ਉਨ੍ਹਾਂ ਲੋਕਾਂ ਨਾਲ ਸੀ ਜਿਹੜੇ ਲਿਪਿਕ ਜਾਂ ਪ੍ਰਸ਼ਾਸਨ ਸੰਬੰਧੀ ਨੌਕਰੀ ਚਾਹੁੰਦੇ ਸਨ। ਦਿੱਲੀ ਦੇ ਕੋਤਵਾਲ ਦਾ ਇਹ ਫ਼ਰਜ ਸੀ ਕਿ ਉਹ ਉਨ੍ਹਾਂ ਮਨੁੱਖਾਂ ਦੀ

ਖੋਜ ਕਰੇ ਜੋ ਬੇਕਾਰ ਹਨ ਅਤੇ ਉਨ੍ਹਾਂ ਨੂੰ ਦਰਬਾਰ ਵਿਚ ਪੇਸ਼ ਕਰੇ। ਐਸੇ ਮਨੁੱਖਾਂ ਦੀਆਂ ਪਰਿਸਥਿਤੀਆਂ ਅਤੇ ਯੋਗਤਾਵਾਂ ਦੇ ਵਿਸ਼ੇ ਵਿਚ ਸੁਲਤਾਨ ਖੁਦ ਜਾਂਚ ਪੜਤਾਲ ਕਰਦਾ ਸੀ। ਉਸਦੇ ਝੁਕਾਅ ਦੇ ਅਨੁਸਾਰ ਨੌਕਰੀ ਦਿੱਤੀ ਜਾਂਦੀ ਸੀ। ਇਹ ਪਤਾ ਲਗਾਉਣ ਨਾਲ ਕੋਈ ਪ੍ਰਯੋਜਨ ਨਹੀਂ ਸੀ ਕਿ ਉਨ੍ਹਾਂ ਦੀ ਸੇਵਾਵਾਂ ਦੀ ਕੋਈ ਮੰਗ ਵੀ ਸੀ ਜਾਂ ਨਹੀਂ ਕਿਉਂਕਿ ਸਾਰਾ ਕੰਮ ਦਾਨ ਦੀ ਭਾਵਨਾ ਨਾਲ ਕੀਤਾ ਜਾਂਦਾ ਸੀ। ਇਸ ਵਿਵਸਥਾ ਨੇ ਬਹੁਤ ਸਾਰੇ ਬੇਕਾਰ ਯੁਵਕਾਂ ਦੀ ਸਹਾਇਤਾ ਕੀਤੀ ਗਈ।

ਸੁਲਤਾਨ ਨੇ ਇਕ ਖੈਰਾਤੀ ਹਸਪਤਾਲ ਦੀ ਸਥਾਪਨਾ ਵੀ ਕੀਤੀ ਜਿਸਨੂੰ ਦਾਉਅਲ ਸ਼ਫਾ ਕਹਿੰਦੇ ਸਨ। ਇਸ ਨੂੰ ਯੋਗ ਵੈਦਾਂ ਦੇ ਨਿਰੀਖਦ ਵਿਚ ਰੱਖਿਆ ਗਿਆ ਸੀ। ਇੱਥੇ ਰੋਗੀਆਂ ਨੂੰ ਔਖਦਾਂ ਅਤੇ ਭੋਜਨ ਮੁਫਤ ਦਿੱਤਾ ਜਾਂਦਾ ਸੀ।

*ਟਾਸਕ* ਦਾਉ ਸ਼ਫਾ ਕਿਸ ਨੂੰ ਕਹਿੰਦੇ ਹਨ ?

**ਸਿੱਖਿਆ** (Learning): ਸੁਲਤਾਨ ਗਿਆਨ ਦੇ ਪ੍ਰਸਾਰ ਵਿੱਚ ਬਹੁਤ ਰੁਚੀ ਰੱਖਦਾ ਸੀ। ਉਹ ਸ਼ੇਖਾਂ ਅਤੇ ਵਿਦਵਾਨਾਂ ਨੂੰ ਸਹਾਇਤਾ ਦਿੰਦਾ ਸੀ ਅਤੇ ਆਪਣੇ ਅੰਗੂਰਾਂ ਦੇ ਮਹਿਲ ਵਿੱਚ ਉਨ੍ਹਾਂ ਦਾ ਸਵਾਗਤ ਵੀ ਕਰਦਾ ਸੀ। ਉਹ ਵਿਦਵਾਨਾਂ ਨੂੰ ਅਰਥ ਸਹਾਇਤਾ ਵੀ ਦਿੰਦਾ ਸੀ। ਸੁਲਤਾਨ ਨੂੰ ਇਤਿਹਾਸ ਦਾ ਚਾਅ ਸੀ। ਜਿਆਊਦੀਨ ਬਰਨਟੀ ਅਤੇ ਸਮਸੇ-ਸਿਰਾਜ ਅਫੀਫ ਨੇ ਆਪਣੀਆਂ ਰਚਨਾਵਾਂ ਉਸੇ ਦੀ ਸੁਰੱਖਿਆ ਵਿੱਚ ਤਿਆਰ ਕੀਤੀਆਂ। ਉਸੇ ਦੇ ਸ਼ਾਸਨਕਾਲ ਵਿੱਚ ਤਾਰੀਖ-ਏ-ਫਿਰੋਜ਼ਸ਼ਾਹੀ ਦੀ ਰਚਨਾ ਹੋਈ। ਸੁਲਤਾਨ ਦੀ ਜੀਵਨੀ ਫਤੁਹਾਤ-ਏ-ਫਿਰੋਜ਼ ਸ਼ਾਹੀ ਦੇ ਨਾਮ ਨਾਲ ਪ੍ਰਸਿੱਧ ਹੈ। ਜਦੋਂ ਸੁਲਤਾਨ ਨੇ ਨਗਰਕੋਟ 'ਤੇ ਜਿੱਤ ਪ੍ਰਾਪਤ ਕੀਤੀ ਤਾਂ ਬਹੁਤ ਸਾਰੀ ਸੰਸਕ੍ਰਿਤ ਪੁਸਤਕਾਂ ਉਸ ਦੇ ਹੱਥਾਂ ਵਿੱਚ ਆਈਆਂ। ਉਨ੍ਹਾਂ ਵਿੱਚੋਂ 300 ਪੁਸਤਕਾਂ ਦਾ ਦਲਾਇਲ-ਏ-ਫਿਰੋਜ਼ ਸ਼ਾਹੀ ਦੇ ਸ਼ੀਰਸ਼ਕਾਲੀਨ ਫਾਰਸੀ ਭਾਸ਼ਾ ਵਿੱਚ ਆਜ-ਉਦੀਨ ਖਾਲਿਦ ਵੱਲੋਂ ਅਨੁਵਾਦ ਕੀਤਾ ਗਿਆ। ਬਹੁਤ ਸਾਰੇ ਸਕੂਲਾਂ ਅਤੇ ਵਿਹਾਰਾਂ ਦੀ ਸਥਾਪਨਾ ਕੀਤੀ ਗਈ ਸੀ, ਜਿੱਥੇ ਮਨੁੱਖ ਆਪਣੇ ਆਪ ਨੂੰ ਪ੍ਰਾਥਨਾ ਅਤੇ ਧਿਆਨ ਵਿੱਚ ਲੀਨ ਰੱਖਦੇ ਸਨ। ਪੂਜਾ ਦੇ ਲਈ ਹਰੇਕ ਕਾਲਜ ਦੇ ਕੋਲ ਇਕ ਮਸਜਿਦ ਹੁੰਦੀ ਸੀ। ਇਨ੍ਹਾਂ ਸਕੂਲਾਂ ਤੋਂ ਦੋ ਅਧਿਆਪਕਾਂ ਦਾ ਸਬੰਧ ਰੱਖਿਆ ਗਿਆ ਸੀ। ਇਨ੍ਹਾਂ ਵਿੱਚੋਂ ਇਕ ਸੀ ਮੌਲਾਨਾ ਜਲਾਲੁਦੀਨ ਰੂਸੀ ਜੋ ਧਰਮ ਵਿੱਦਿਆ ਅਤੇ ਇਸਲਾਮ ਦੀ ਵਿਧੀ ਵਿੱਦਿਆ ਦਾ ਅਧਿਆਪਕ ਸੀ। ਦੂਸਰਾ ਵਿਅਕਤੀ ਸਮਰਕੰਦ ਦਾ ਇਕ ਪ੍ਰਚਾਰਕ ਸੀ।

**ਦਾਸ ਪ੍ਰਥਾ** (Slavery) : ਸ਼ਮਸੇ ਅਫੀਫ ਸਾਨੂੰ ਦੱਸਦਾ ਹੈ ਕਿ "ਦਾਸਾਂ ਨੂੰ ਜੁਟਾਉਣ ਵਿਚ ਸੁਲਤਾਨ ਬੜਾ ਮਿਹਨਤੀ ਸੀ ਅਤੇ ਉਹ ਇਸ ਕੰਮ ਨੂੰ ਇਸ ਹੱਦ ਤਕ ਲੈ ਜਾਂਦਾ ਸੀ ਕਿ ਉਹ ਅਪਣੇ ਸਾਮੰਤਾਂ ਅਤੇ ਅਧਿਕਾਰੀਆਂ ਨੂੰ ਇਹ ਆਦੇਸ਼ ਦਿੰਦਾ ਸੀ ਕਿ ਉਹ ਯੁੱਧ ਦੇ ਸਮੇਂ ਦਾਸਾਂ ਨੂੰ ਪਕੜ ਲੈਣ ਅਤੇ ਉਨ੍ਹਾਂ ਵਿਚੋਂ ਚੰਗਿਆਂ ਨੂੰ ਛਾਂਟ ਕਰਕੇ ਦਰਬਾਰ ਵਿਚ ਭੇਜ ਦੇਣ। ਉਹ ਸਰਦਾਰ ਸਭ ਤੋਂ ਵੱਧ ਰਾਜਸੀ ਪੱਖ ਦੇ ਭਾਗੀ ਬਣਦੇ ਸਨ ਜਿਹੜੇ ਜ਼ਿਆਦਾ ਤੋਂ ਜ਼ਿਆਦਾ ਦਾਸ ਲਿਆ ਸਕਦੇ ਸਨ। ਲਗਭਗ 12000 ਦਾਸ ਵੱਖ ਵੱਖ ਪ੍ਰਕਾਰ ਦੇ ਕਲਾਕਾਰ ਹੋ ਗਏ। ਚਾਲ੍ਹੀ ਹਜਾਰ ਦਾਸ ਸੁਲਤਾਨ ਦੇ ਮਹਿਲ ਦੀ ਰੱਖਿਆ ਕਰਨ ਤੇ ਉਸਦੀ ਸੇਵਾ ਕਰਨ ਲਈ ਤਿਆਰ ਰਹਿੰਦੇ ਸਨ। ਨਗਰ ਤੇ ਸਮਸਤ ਜਾਗੀਰਾਂ ਵਿਚ 1,80,000 ਦਾਸ ਸਨ ਜਿਨ੍ਹਾਂ ਦੀ ਵਿਵਸਥਾ ਤੇ ਆਰਾਮ ਦੇ ਲਈ ਸੁਲਤਾਨ ਖਾਸ ਚਿੰਤਾ ਕਰਦਾ ਸੀ। ਇਸ ਸੰਸਥਾ ਨੇ ਦਸ਼ ਦੇ ਕੇਂਦਰ ਭਾਗ ਵਿਚ ਅਪਣੀਆਂ ਜੜ੍ਹਾਂ ਜਮਾ ਲਈਆਂ। ਸੁਲਤਾਨ ਇਸ ਦਾ ਉਚਿਤ ਨਿਯਮਅਨੁਸਾਰ ਅਪਣਾ ਫਰਜ਼ ਸਮਝਦਾ ਸੀ। ਸੁਲਤਾਨ ਨੇ ਇੱਕ ਵੱਖ ਖਜਾਨਾ, ਇੱਕ ਵੱਖ ਜਾਉ-ਸ਼ੁਗੂਰੀ (Jao Shughuri) ਇਕ ਸਹਾਇਕ ਜਾਉ-ਸ਼ੁਗੂਰੀ ਅਤੇ ਇੱਕ ਵੱਖ ਦੀਵਾਨ ਸਥਾਪਿਤ ਕੀਤਾ। ਦਾਸ ਪ੍ਰਥਾ ਇਸਲਾਮ ਦੇ ਪ੍ਰਚਾਰ ਦਾ ਸਭ ਤੋਂ ਆਸਾਨ ਰਸਤਾ ਸੀ ਕਿਵੁੰਕਿ ਹਰੇਕ ਦਾਸ ਇਸਲਾਮ ਧਰਮ ਅਪਣਾ ਲੈਂਦਾ ਸੀ।"

**ਸੈਨਾ** (Army) : ਸੈਨਾ ਸਾਮੰਤੀ ਆਧਾਰ ਉਤੇ ਬਣੀ ਸੀ। ਸੈਨਾ ਦੇ ਸਥਾਈ ਸੈਨਿਕ ਭੂਮੀ ਦਾ ਅਨੁਦਾਨ ਪਾਉਂਦੇ ਸਨ ਜਿਹੜਾ ਉਨ੍ਹਾਂ ਦੇ ਸੁਖੀ ਜੀਵਨ ਲਈ ਕਾਫ਼ੀ ਸੀ। ਆਰਜੀ ਸੈਨਕਾਂ (ਗੈਰ ਵਜ੍ਹਾ) ਨੂੰ ਪ੍ਰਤੱਖਤਾ ਰਾਜ ਤੋਂ ਤਨਖਾਹ ਮਿਲਦੀ ਸੀ। ਐਸੇ ਵੀ ਸੈਨਿਕ ਸਨ ਜਿਹੜੇ ਰਾਜਸਵ ਖੇਤਰ ਵਿਚ ਸਥਾਨਾਂਤਰਣੀਆਂ ਕਾਰਜਾਂ ਉੱਤੇ ਰੱਖੇ ਜਾਂਦੇ ਸਨ। ਇਨ੍ਹਾਂ ਕਾਰਜਾਂ (Assignments) ਨੂੰ ਮੁੱਖ ਪੁਰਖ ਰਾਜਧਾਨੀ ਵਿਚ ਉਨ੍ਹਾਂ ਦੇ ਮੁੱਲ ਦੇ 1/3 ਭਾਗ ਉਤੇ ਖਰੀਦ ਲੈਂਦੇ ਸਨ ਅਤੇ ਉਨ੍ਹਾਂ ਨੂੰ ਜਿਲ੍ਹਿਆਂ ਵਿਚ ਅੱਧੇ ਮੁੱਲ ਤੇ ਸਿਪਾਹੀਆਂ ਦੇ ਹੱਥ ਵੇਖ ਦਿੰਦੇ ਸਨ। ਇਸ ਪ੍ਰਕਾਰ ਸੈਨਕਾਂ ਦੇ ਖਰਚ ਉਤੇ ਕੁਝ ਮਨੁੱਖਾਂ ਨੇ ਲਾਭ ਕਮਾ ਲਿਆ। ਸੁਲਤਾਨ ਦੀ ਸੇਵਾ ਵਿਚ 80,000 ਜਾਂ 90,000 ਘੋੜ ਸਵਾਰ ਸਨ ਅਤੇ ਇਹ ਸੰਖਿਆ ਯੋਗ ਪੁਰਖਾਂ ਦੁਆਰਾ ਭੇਜੇ ਜਾਣ ਵਾਲੇ ਪ੍ਰਤੀਧਾਰਣ ਕਰਤਾਵਾਂ (Retainers) ਦੁਆਰਾ ਵਧਾਈ ਵੀ ਜਾ ਸਕਦੀ ਸੀ। ਸੈਨਾ ਕੁਸ਼ਲ ਨਹੀਂ ਹੋ ਸਕਦੀ ਸੀ। ਸੁਲਤਾਨ ਨੇ ਇੱਕ ਨਵਾਂ ਆਦੇਸ਼ ਜਾਰੀ ਕਰ ਦਿੱਤਾ। ਜੇਕਰ ਕੋਈ ਸੈਨਿਕ ਅਪਣੀ ਉਮਰ ਦੇ ਕਾਰਣ ਯੁੱਧ ਖੇਤਰ ਵਿਚ ਸੇਵਾ ਯੋਗ ਨਾਂ ਰਹੇ ਤਾਂ ਵੁਸਦੇ ਸਥਾਨ ਉੱਤੇ ਉਸਦੇ ਪੁੱਤਰ ਜਾਂ ਜਮਾਤਾ ਜਾਂ ਦਾਸ ਨੂੰ ਲੈ ਲਿਆ ਜਾਵੇ। ਪ੍ਰਤੱਖਤਾ ਸੈਨਿਕ ਸੇਵਾ ਵਿਚ ਪੈਤ੍ਰਿਕ ਆਧਾਰ ਉਤੇ ਅਧਿਕਾਰ ਇੱਕ ਦੋਸ਼ਪੂਰਣ ਵਸਤ ਸੀ। ਸੁਲਤਾਨ ਯੋਗ ਪੁਰਖਾਂ ਦੁਆਰਾ ਭੇਜੇ ਗਏ ਪ੍ਰਤੀਧਾਰਣ ਕਰਤਵਾਂ ਉੱਤੇ ਜ਼ਿਆਦਾ ਵਿਸ਼ਵਾਸ ਨਹੀਂ ਰੱਖ ਸਕਦਾ ਸੀ ਕਿਉਂਕਿ ਅਪਣੀ ਭਰਤੀ, ਪਦੋ ਉਨੰਤੀ ਤੇ ਅਨੁਸ਼ਾਸਨ ਦੇ ਲਈ ਉਹ ਅਪਣੇ ਮਾਲਕਾਂ ਵੱਲ ਦੇਖਦੇ ਸਨ। ਉਪਰ ਦੱਸੀ ਗਈ ਦੱਤ ਕਾਰਜਾਂ ਦੀ ਵਿਵਸਥਾ ਵੀ ਦੋਸ਼ਪੂਰਨ ਸੀ ਅਤੇ ਉਹ ਖੁਸ਼ਹਾਲੀ ਦੇ ਅਨੁਕੂਲ ਨਹੀਂ ਸੀ। ਬੁੱਢੇ ਅਤੇ ਅਕੁਸ਼ਲ ਸੈਨਿਕਾਂ

ਨੋਟ

ਨੂੰ ਸਮਰਾਟ ਦੇ ਕੋਲ ਤਕ ਜਾਣ ਦੀ ਆਗਿਆ ਨਹੀਂ ਸੀ ਅਤੇ ਉਹ ਸੈਨਾ ਦੀ ਮਾਹਿਰਤਾ ਉੱਤੇ ਉਸ ਦੇ ਪ੍ਰਭਾਵ ਨੂੰ ਬਿਨ੍ਹਾਂ ਦੇਖੇ ਹੋਏ ਦਖਲਅੰਦਾਜ਼ੀ ਕਰ ਬੈਠਦਾ ਸੀ। ਘੋੜ੍ਹਿਆ ਅਤੇ ਸੈਨਿਕਾਂ ਦੀ ਨਿਰੀਖਣ ਕਰਨ ਵਾਲੇ ਸੈਨਿਕ ਭ੍ਰਿਸ਼ਟਾਚਾਰੀ ਸਨ ਅਤੇ ਇਹ ਜਾਣਦੇ ਹੋਏ ਵੀ ਸੁਲਤਾਨ ਅਪਣੇ ਕੋਮਲ ਦਿਲ ਦੇ ਕਾਰਨ ਉਨ੍ਹਾਂ ਨੂੰ ਬਾਹਰ ਨਹੀਂ ਸੀ ਕੱਢਦਾ। ਸਾਨੂੰ ਇਹ ਪਤਾ ਲਗਦਾ ਹੈ ਕਿ ਸੁਲਤਾਨ ਨੇ ਕਿਸੀ ਸੈਨਿਕ ਦੀ ਇਸ ਕਠਿਨਾਈ ਉੱਤੇ ਧਿਆਨ ਨਹੀਂ ਦਿੱਤਾ ਜਿਸਦੀ ਮਨਸਾ ਦੂਸਰੇ ਸਾਥੀ ਨੂੰ ਇਹ ਸ਼ਿਕਾਇਤ ਕਰਨੀ ਸੀ ਕਿ ਉਸਨੂੰ ਨਿਰੀਖਣ ਕਰਨ ਦੇ ਲਈ ਅਪਣਾ ਘੋੜਾ ਪੇਸ਼ ਕਰਨ ਵਿਚ ਕਿੰਨ੍ਹੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਸੁਲਤਾਨ ਨੇ ਉਸ ਸਿਪਾਹੀ ਤੋਂ ਉਸ ਦੀ ਕਠਿਨਾਈ ਦੇ ਵਿਸ਼ੇ ਵਿਚ ਪੁੱਛਿਆ ਤਾਂ ਉਸਨੂੰ ਪਤਾ ਲੱਗਾ ਕਿ ਉਹ ਸਿਪਾਹੀ ਅਪਣੇ ਘੋੜੇ ਨੂੰ ਉਸ ਸਮੇਂ ਤਕ ਅੱਗੇ ਨਹੀ ਵਧਾ ਸਕਦਾ ਸੀ ਜਦੋਂ ਤਕ ਉਹ ਨਿਰੀਖਕ ਨੂੰ ਇਕ ਸੋਨੇ ਦਾ ਟੰਕਾ ਨਾਂ ਦੇ ਦੇਵੇ। ਸੁਲਤਾਨ ਨੇ ਨਿਰੀਖਕ ਦੇ ਵਿਰੁਧ ਕੋਈ ਦੰਡਾਤਮਕ ਆਦੇਸ਼ ਦੇਣ ਦੀ ਬਜਾਏ ਅਪਣੇ ਕੋਲ ਤੋਂ ਉਸ ਸਿਪਾਹੀ ਨੂੰ ਇਕ ਸੋਨੇ ਦਾ ਟੰਕਾ ਦਿੱਤਾ। ਜਿਸ ਨਾਲ ਕਿ ਉਹ ਉਸ ਸਿੱਕੇ ਨੂੰ ਨਿਰੀਖਕ ਨੂੰ ਦੇ ਕੇ ਅਪਣਾ ਕੰਮ ਚਲਾ ਸਕੇ। ਇਸ ਲਈ ਇਸ ਪ੍ਰਕਾਰ ਸੁਲਤਾਨ ਵੀ ਉਸ ਭ੍ਰਿਸ਼ਟਾਚਾਰ ਵਿੱਚ ਇਕ ਪੱਖ ਹੋ ਗਿਆ ਜੋ ਸ਼ਾਸਨ ਪ੍ਰਬੰਧ ਵਿੱਚ ਪ੍ਰਚੱਲਿਤ ਸੀ।

**ਸਿੱਕੇ** (Coins): ਸੁਲਤਾਨ ਨੇ ਪੂਰੀ ਤਰ੍ਹਾਂ ਨਵੀਂ ਤਰ੍ਹਾਂ ਦੇ ਸਿੱਕੇ ਨਹੀਂ ਬਣਾਏ। ਉਸ ਦੇ ਸ਼ਾਸਨਕਾਲ ਵਿੱਚ ਵੀ ਉਹੀ ਸਿੱਕੇ ਚੱਲਦੇ ਰਹੇ ਜੋ ਮੁਹੰਮਦ ਤੁਗਲਕ ਦੇ ਸਮੇਂ ਤੋਂ ਚੱਲੇ ਆ ਰਹੇ ਸਨ। ਸ਼ਮਸ-ਏ-ਸਿਰਾਜ ਅਫੀਫ (Shams-i-siraj Afif) ਦਾ ਵਿਚਾਰ ਹੈ ਕਿ ਫਿਰੋਜ਼ ਨੇ ਸ਼ਸਗਨੀ ਜਾਂ 6 ਜੀਤਲ ਦਾ ਇਕ ਸਿੱਕਾ ਚਲਾਇਆ, ਇਬਨਬਤੂਤਾ ਵੀ ਅਜਿਹੇ ਸਿੱਕੇ ਦਾ ਵੇਰਵਾ ਦਿੰਦਾ ਹੈ। ਫਿਰ ਵੀ ਇਹ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫਿਰੋਜ਼ ਨੇ ਦੋ ਸਿੱਕੇ ਅੱਧਾ (1/2 ਜੀਤਲ) ਅਤੇ ਬਿਖ (1/4 ਜੀਤਲ) ਜਾਰੀ ਕੀਤੇ। ਇਨ੍ਹਾਂ ਸਿੱਕਿਆਂ ਵਿੱਚ ਤਾਂਬਾ ਅਤੇ ਚਾਂਦੀ ਮਿਸ਼ਰਿਤ ਸੀ ਅਤੇ ਇਨ੍ਹਾਂ ਦਾ ਮੁੱਖ ਮਕਸਦ ਸਾਧਾਰਣ ਮਨੁੱਖਾਂ ਦੇ ਲੈਣ-ਦੇਣ ਵਿੱਚ ਸਹਾਇਤਾ ਦੇਣਾ ਸੀ, ਪਰ ਟਕਸਾਲ ਦੇ ਕੰਮ ਵਿੱਚ ਬਹੁਤ ਧੋਖਾ ਅਤੇ ਭ੍ਰਿਸ਼ਟਾਚਾਰ ਸੀ। ਇਹ ਕਿਹਾ ਜਾਂਦਾ ਹੈ ਕਿ ਦੋ ਸੂਚਕਾਂ ਨੇ ਇਹ ਸੂਚਨਾ ਦਿੱਤੀ ਕਿ 6 ਜੀਤਲ ਵਾਲੇ ਸਿੱਕਿਆਂ ਵਿੱਚ ਸ਼ੁੱਧ ਮਾਨਤਾ ਦਾ ਇਕ ਦਾਨੇ ਭਰ ਅਹਿਸਾਸ ਹੈ। ਖਾਨੇ ਜਹਾਂ ਮਕਬੂਲ, ਮੰਤਰੀ ਨੇ ਕਜਰਸ਼ਾਹ ਨੂੰ ਬੁਲਾਇਆ (ਜੋ ਟਕਸਾਲ ਦਾ ਸਵਾਮੀ ਸੀ) ਅਤੇ ਉਸ ਨੂੰ ਅਜਿਹੀ ਰੀਤ ਲੱਭਣ ਦਾ ਨਿਰਦੇਸ਼ ਦਿੱਤਾ ਜਿਸ ਨਾਲ ਸੁਲਤਾਨ ਸਿੱਕਿਆਂ ਦੀ ਸ਼ੁੱਧਤਾ ਦੇ ਵਿਸ਼ੇ ਵਿੱਚ ਸੰਤੁਸ਼ਟ ਹੋ ਜਾਵੇ। ਕਜਰਸ਼ਾਹ ਨੇ ਇਹ ਪ੍ਰਬੰਧ ਕੀਤਾ ਕਿ ਧਾਤੂ ਦੇ ਪ੍ਰੀਖਣ ਨਾਲ ਪਹਿਲਾਂ ਹੀ ਸਿੱਕਿਆਂ ਨੂੰ ਪਿਘਲਾ ਦਿੱਤਾ ਜਾਵੇ। ਉਹ ਉਨ੍ਹਾਂ ਸੁਨਾਰਾਂ ਦੇ ਕੋਲ ਵੀ ਗਿਆ ਜਿਨ੍ਹਾਂ ਦਾ ਕੰਮ ਰਾਜਾ ਦੇ ਸਾਹਮਦੇ ਪ੍ਰਯੋਗ ਕਰਨਾ ਸੀ ਅਤੇ ਉਨ੍ਹਾਂ ਤੋਂ ਇਹ ਪ੍ਰਾਥਨਾ ਕੀਤੀ ਕਿ ਉਹ ਗੋਪਨੀਅਤਾ ਦੇ ਨਾਲ ਘਰਿਆ ਵਿੱਚ ਕਾਫੀ ਮਾਤਰਾ ਵਿੱਚ ਚਾਂਦੀ ਰੱਖ ਲਈ ਜਿਸ ਨਾਲ ਪਿਘਲਣ ਵਾਲੀ ਧਾਤੂ ਸ਼ੁੱਧਤਾ ਦੇ ਮਾਨ ਤੱਕ ਆ ਜਾਵੇ। ਉਨ੍ਹਾਂ ਨੇ ਅਜਿਹਾ ਕਰਨ ਵਿੱਚ ਕਠਿਨਾਈ ਮਹਿਸੂਸ ਕੀਤੀ ਅਤੇ ਸੰਕੋਚ ਕੀਤਾ, ਪਰ ਅਜਿਹਾ ਕਰਨ ਦੀ ਪ੍ਰਤਿਗਿਆ ਕਰ ਦਿੱਤੀ ਜੇਕਰ ਉਸ ਦੇ ਕੋਲ ਚਾਂਦੀ ਦਾ ਪ੍ਰਬੰਧ ਹੋ ਸਕੇ। ਕਜਰਸ਼ਾਹ ਨੇ ਜ਼ਰੂਰੀ ਮਾਤਰਾ ਵਿੱਚ ਚਾਂਦੀ ਲਈ ਅਤੇ ਉਸ ਨੂੰ ਉਸ ਚਾਰਕੋਲ ਟੁਕੜੇ ਵਿੱਚ ਛਿਪਾ ਦਿੱਤਾ ਜਿਸ ਨਾਲ ਘਰਿਆ ਨੂੰ ਗਰਮ ਕਰਨਾ ਸੀ ਅਤੇ ਇਸ ਤਰ੍ਹਾਂ ਬਿਨਾਂ ਕਿਸੇ ਦੇ ਦੇਖਦੇ ਸੁਨਿਆਰੇ ਲੋਕ ਉਸ ਧਾਤੂ ਨੂੰ ਆਪਣੇ ਬਰਤਨ ਵਿੱਚ ਲਿਆਉਣ ਯੋਗ ਹੋ ਸਕਣ। ਜਦੋਂ ਧਾਤੂ ਦਾ ਪ੍ਰੀਖਣ ਕੀਤਾ ਗਿਆ, ਤਾਂ ਉਸ ਨੂੰ ਮਾਨਤਾ ਪ੍ਰਾਪਤ ਸ਼ੁੱਧ ਪਾਇਆ ਗਿਆ। ਉਦੋਂ ਦੋਨੋਂ ਸੂਚਕਾਂ ਨੂੰ ਨਿਰਵਾਸਨ ਦੀ ਸਜ਼ਾ ਮਿਲੀ ਅਤੇ ਕਜਰਸ਼ਾਹ ਨੂੰ ਆਪਣੀ ਇਮਾਨਦਾਰੀ ਕਰਨ ਦੇ ਲਕਸ਼ ਵਿੱਚ ਸ਼ਾਹੀ ਹਾਥੀ 'ਤੇ ਨਗਰ ਵਿੱਚ ਘੁਮਾਇਆ ਗਿਆ।

**ਦਰਬਾਰ** (Court): ਸੁਲਤਾਨ ਨੇ ਇੱਕ ਸੁੰਦਰ ਤੇ ਸ਼ਕਤੀਸ਼ਾਲੀ ਦਰਬਾਰ ਦੀ ਵਿਵਸਥਾ ਰੱਖੀ ਜਿਸ ਨੂੰ ਈਦ ਦੇ ਸ਼ਬਰਾਤ ਦੇ ਮੌਕਿਆਂ ਉਤੇ ਵਿਸ਼ੇਸ਼ ਰੂਪ ਨਾਲ ਸਜਾਇਆ ਜਾਂਦਾ ਸੀ। 36 ਸ਼ਾਹੀ ਦਰਬਾਰ ਸਨ ਅਤੇ ਹਰੇਕ ਦੇ ਪਾਸ ਅਪਣੇ ਵੱਖ ਅਧਿਕਾਰੀ ਰਹਿੰਦੇ ਸਨ। ਇਨ੍ਹਾਂ ਦਰਬਾਰਾਂ ਦਾ ਖਰਚ ਅਸਲ ਵਿਚ ਬਹੁਤ ਹੋਵੇਗਾ।

**ਧਾਰਮਿਕ ਨੀਤੀ** (Religious Policy) : ਜਿੱਥੇ ਹੋਰ ਸੁਧਾਰਾਂ ਦੇ ਲਈ ਫਿਰੋਜ ਦੀ ਪ੍ਰਸ਼ੰਸਾ ਕੀਤੀ ਜਾਂਦੀ ਸੀ, ਧਾਰਮਿਕ ਨੀਤੀ ਦੇ ਲਈ ਉੱਨੀ ਨਿੰਦਾ ਵੀ ਕੀਤੀ ਜਾਂਦੀ ਹੈ। ਉਹ ਇੱਕ ਕੱਟੜ ਸੁੱਨੀ ਮੁਸਲਮਾਨ ਸੀ ਅਤੇ ਉਨ੍ਹਾਂ ਸਭ ਦੀ ਸਹਾਇਤਾ ਕਰਨ ਲਈ ਤਿਆਰ ਰਹਿੰਦਾ ਸੀ ਜਿਹੜੇ ਉਸਦੇ ਧਰਮ ਦੇ ਅਨੁਯਾਈ ਹੁੰਦੇ ਸਨ। ਉਸਨੇ ਸਮਾਜ ਤੇ ਸਾਸਨ ਵਿਚ ਉਲੇਮਾ ਲੋਕਾਂ ਨੂੰ ਉੱਚਾ ਸਥਾਨ ਦਿੱਤਾ। ਸੁਲਤਾਨ ਨੇ ਅਪਣੇ ਆਪ ਨੂੰ ਉਨ੍ਹਾਂ ਦੇ ਨਿਰਣਾ ਅਧੀਨ ਰੱਖਿਆ। ਉਸਨੇ ਉਨ੍ਹਾਂ ਵਾਦ-ਵਿਵਾਦ ਬਿਨ੍ਹਾਂ ਕੁਝ ਵੀ ਨਹੀਂ ਕੀਤਾ। ਉਸਨੇ ਗਰੀਬ ਮੁਸਲਮਾਨਾਂ ਦੀਆਂ ਲੜਕੀਆਂ ਦੇ ਵਿਆਹ ਦੇ ਪ੍ਰਬੰਧ ਕੀਤੇ। ਉਸਨੇ ਸਕੂਲਾਂ ਅਤੇ ਕਾਲਜਾਂ ਦੀ ਵਿਵਸਥਾ ਕੀਤੀ ਅਤੇ ਰਾਜ ਦੇ ਖਰਚੇ ਉੱਤੇ ਉਨ੍ਹਾਂ ਦੀ ਵਿਵਸਥਾ ਚਲਾਈ। ਪਰ ਹਿੰਦੂਆਂ ਦੇ ਪ੍ਰਤੀ ਉਹ ਕਠੋਰ ਸੀ ਅਤੇ ਐਸਾ ਵਿਵਹਾਰ ਉਹ ਹੋਰ ਮੁਸਲਿਮੇਤਰ ਮੁਤਾਵਲੰਬਿਆਂ ਦੇ ਪ੍ਰਤੀ ਵੀ ਰੱਖਦਾ ਸੀ। ਉਸਨੇ ਹਿੰਦੂਆਂ ਦੇ ਮੰਦਰਾਂ ਨੂੰ ਨਸ਼ਟ ਕੀਤਾ ਅਤੇ ਕਾਫਰਾਂ ਦਾ ਕਤਲ ਕਰਾ ਦਿੱਤਾ ਗਿਆ ਜਿਨ੍ਹਾਂ ਨੇ ਦੂਜਿਆਂ ਨੂੰ ਗਲਤ ਮਾਰਗ ਉੱਤੇ ਚਲਣ ਦਾ ਲੋਭ ਦਿੱਤਾ। "ਉਸਨੇ ਮੰਦਰਾਂ ਦੇ ਸਥਾਨ ਉੱਤੇ ਮਸਜਿਦ ਬਣਵਾਈ। ਉਨ੍ਹਾਂ ਹਿੰਦੂਆਂ ਦਾ ਉਲੇਖ ਕਰਦੇ ਹੋਏ ਜਿਹੜੇ ਪੂਜਾ ਦੇ ਲਈ ਕੋਹਾਨਾਂ ਦੇ ਨਵੇਂ ਮੰਦਰ ਵਿਚ ਇਕੱਠੇ ਹੋਏ ਸਨ। ਸੁਲਤਾਨ ਨੇ ਇਸ ਤਰ੍ਹਾਂ ਲਿਖਿਆ – "ਲੋਕਾਂ ਨੂੰ ਪਕੜ ਕੇ ਮੇਰੇ ਸਾਹਮਣੇ ਲਿਆਂਦਾ ਗਿਆ। ਮੈਂ ਆਦੇਸ਼ ਦਿੱਤਾ ਕਿ ਇਸ ਦੁਸ਼ਟਤਾ ਦੇ ਨੇਤਾਂਵਾਂ ਦਾ ਦੂਸ਼ਿਤ ਰਾਜ ਸਰਵਜਨਿਕ ਰੂਪ ਨਾਲ ਘੋਸ਼ਿਤ ਕਰ ਦਿੱਤਾ ਜਾਣਾ ਚਾਹੀਦਾ, ਜਿਸ ਨਾਲਮਹਿਲ ਦੇ ਦੁਆਰ ਉੱਤੇ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਜਾਵੇ।

**ਨੋਟ**

ਮੈਂ ਇਹ ਵੀ ਆਦੇਸ਼ ਦਿੱਤਾ ਕਿ ਉਨ੍ਹਾਂ ਦੀ ਪੂਜਾ ਵਿਚ ਕੰਮ ਆਉਣ ਵਾਲੀ ਪੁਸਤਕਾਂ, ਮੂਰਤੀਆਂ ਅਤੇ ਭਾਂਡਿਆਂ ਨੂੰ ਜਿਹੜਿਆਂ ਨੂੰ ਉਨ੍ਹਾਂ ਨਾਲ ਲਿਆਂਦਾ ਗਿਆ ਹੈ ਸਭ ਦੇ ਸਾਹਮਣੇ ਜਲਾ ਦਿੱਤਾ ਜਾਵੇ। ਹੋਰ ਵਿਅਕਤੀਆਂ ਨੂੰ ਧਮਕੀਆਂ ਤੇ ਦੰਡਾਂ ਤੋਂ ਰੋਕ ਲਿਆ ਗਿਆ ਕਿਉਂਕਿ ਸਾਰੇ ਮਨੁੱਖਾਂ ਨੂੰ ਇਹ ਚੇਤਾਵਨੀ ਦੇ ਦਿੱਤੀ ਗਈ ਕਿ ਕੋਈ ਵੀ ਜ਼ਿੰਮੀ ਇਕ ਮੁਸਲਿਮ ਦੇਸ਼ ਵਿਚ ਐਸੇ ਵਿਸ਼ਾਲ ਹੌਸਲੇ ਦੀ ਪਾਲਣਾ ਨਹੀਂ ਕਰ ਸਕਦਾ।"

ਸੁਲਤਾਨ ਨੇ ਜਵਾਲਾਮੁਖੀ ਮੰਦਰ ਤੇ ਜਗਨਨਾਥ ਮੰਦਰਾਂ ਨੂੰ ਨਸ਼ਟ ਕਰ ਦਿੱਤਾ। ਉਸ ਨੇ ਬ੍ਰਾਹਮਣਾਂ ਉਤੇ ਜਜਿਆ ਕਰ ਲਗਾ ਦਿੱਤਾ। ਉਸਨੇ ਇੱਕ ਬ੍ਰਾਹਮਣ ਨੂੰ ਜਿੰਦਾ ਅੱਗ ਵਿਚ ਸੁੱਟਵਾ ਦਿੱਤਾ ਜਿਸ ਉਤੇ ਅਪਣੇ ਧਰਮ ਦੇ ਪ੍ਰਚਾਰ ਦਾ ਦੋਸ਼ ਲਗਾਇਆ ਗਿਆ ਸੀ। ਕਟਿਹਾਰ ਵਿਚ ਸਯਦਾਂ ਨੂੰ ਮ੍ਰਿਤੂ ਦੇ ਘਾਟ ਉਤਾਰ ਦਿੱਤਾ ਗਿਆ। ਜਦੋਂ ਫਿਰੋਜ ਨੂੰ ਇਸ ਦੀ ਖਬਰ ਮਿਲੀ, ਤਾਂ ਉਹ ਖੁਦ ਕਟਿਹਾਰ ਗਿਆ ਅਤੇ ਉਥੇ ਲੋਕਾਂ ਦੇ ਹੱਤਿਆ ਕਾਂਡ ਦਾ ਆਦੇਸ਼ ਜਾਰੀ ਕੀਤਾ। ਹਜਾਰਾਂ ਨਿਰਪਰਾਧ ਲੋਕਾਂ ਨੂੰ ਅਪਣੇ ਪ੍ਰਾਣ ਤਿਆਗਣੇ ਪਏ ਅਤੇ 23,000 ਮਨੁੱਖਾਂ ਨੂੰ ਬੰਦੀ ਬਣਾ ਕੇ ਇਸਲਾਮ ਧਰਮ ਦੇ ਅਨੁਆਈ ਬਣਾਏ। ਅਗਲੇ ਪੰਜ ਸਾਲਾਂ ਵਿਚ ਸੁਲਤਾਨ ਹਰੇਕ ਸਾਲ ਕਟਿਹਾਰ ਗਿਆ ਅਤੇ ਉਸਨੇ ਉਸ ਕਹਾਣੀ ਨੂੰ ਲਗਾਤਾਰ ਦੋਹਰਾਇਆ। ਇਹ ਅਤਿਆਚਾਰ ਏਨਾ ਵੱਧ ਗਿਆ ਸੀ ਕਿ "ਸੱਯਦਾਂ ਦੀ ਆਤਮਾਵਾਂ ਤਕ ਉਠ ਕੇ ਵਿਚਕਾਰਲਾ ਕੰਮ ਕਰਨ ਲੱਗੀਆਂ।" ਇਹ ਘਟਨਾ ਸੁਲਤਾਨ ਦਾ ਰੋਸ ਪ੍ਰਗਟ ਕਰਦੀ ਹੈ ਜਿਸਨੇ ਉਨ੍ਹਾਂ ਮਨੁੱਖਾਂ ਨੂੰ ਦੰਡ ਦਿੱਤਾ ਜਿਨ੍ਹਾਂ ਨੇ ਸੱਯਦਾਂ ਉਤੇ ਹੱਥ ਚੁੱਕਣ ਦਾ ਸਾਹਸ ਕੀਤਾ।

ਲੋਕਾਂ ਨੂੰ ਇਸਲਾਮ ਧਰਮ ਸਵੀਕਾਰ ਕਰਨ ਦੇ ਲਈ ਸੁਲਤਾਨ ਨੇ ਸਭ ਤਰ੍ਹਾਂ ਦੇ ਲਾਲਚ ਦਿੱਤੇ। ਸੁਲਤਾਨ ਦੇ ਅਨੁਸਾਰ,"ਮੈਨੂੰ ਆਪਣੇ ਕਾਫਿਰ ਲੋਕਾਂ ਨੂੰ ਪੈਗੰਬਰ ਦਾ ਧਰਮ ਸਵੀਕਾਰ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਮੈਂ ਇਹ ਘੋਸ਼ਿਤ ਕੀਤਾ ਕਿ ਹਰੇਕ ਮਨੁੱਖ ਜਿਸ ਨੇ ਇਸ ਵਿਚਾਰ ਨੂੰ ਦੁਹਰਾਇਆ ਅਤੇ ਮੁਸਲਮਾਨ ਬਣ ਗਿਆ, ਉਸ ਨੂੰ ਜਜ਼ੀਆ ਤੋਂ ਮੁਕਤੀ ਮਿਲ ਜਾਣੀ ਚਾਹੀਦੀ ਹੈ। ਇਸ ਵਿਸ਼ੇ ਦੀ ਸੂਚਨਾ ਵੱਡੀ ਮਾਤਰਾ ਵਿੱਚ ਲੋਕਾਂ ਦੇ ਕੰਨ ਤੱਕ ਪਹੁੰਚੀ ਬਹੁਤ ਵੱਡੀ ਸੰਖਿਆ ਵਿੱਚ ਹਿੰਦੂਆਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਉਨ੍ਹਾਂ ਨੇ ਇਸਲਾਮ ਵਿੱਚ ਦੀਖਸ਼ਤ ਕਰ ਦਿੱਤਾ ਗਿਆ।" ਉਹ ਹਿੰਦੂ ਜੋ ਮੁਸਲਮਾਨ ਬਣ ਗਏ ਉਨ੍ਹਾਂ ਨੂੰ ਜਜ਼ੀਆ ਦੇਣਾ ਜ਼ਰੂਰੀ ਨਾ ਰਿਹਾ। ਜਿਨ੍ਹਾਂ ਨੇ ਇਸਲਾਮ ਧਰਮ ਸਵੀਕਾਰ ਕਰ ਲਿਆ ਉਨ੍ਹਾਂ ਨੇ ਜਗੀਰਾਂ, ਨਕਦ ਉਪਹਾਰਾਂ, ਉਪਾਧੀਆਂ, ਸਨਮਾਨਾਂ ਅਤੇ ਨੌਕਰੀਆਂ ਤੋਂ ਕ੍ਰਤਾਰਥ ਵੀ ਕੀਤਾ ਗਿਆ।

ਸੁਲਤਾਨ ਸ਼ਿਯਾ ਲੋਕਾਂ ਅਤੇ ਉਨ੍ਹਾਂ ਗੈਰ ਸੁੰਨੀ ਮੁਸਲਮਾਨਾਂ ਦੇ ਪ੍ਰਤੀ ਵੀ ਅਸਹਿਣ ਸੀ। ਜਿਨ੍ਹਾਂ ਨੂੰ ਕੱਟੜ ਸੁੰਨੀ ਕਾਫਰ ਸਮਝਦੇ ਸਨ। ਸ਼ਿਯਾ ਲੋਕਾਂ ਦੇ ਵਿਸ਼ੇ ਵਿਚ ਸੁਲਤਾਨ ਇਹ ਕਹਿੰਦਾ ਹੈ ਕਿ "ਮੈਂ ਉਨ੍ਹਾਂ ਸਭ ਲੋਕਾਂ ਨੂੰ ਪਕੜ ਲਿਆ ਅਤੇ ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਗਲਤੀਆਂ ਤੋਂ ਪਰੀਚਿਤ ਕਰਾਇਆ। ਉਨ੍ਹਾਂ ਵਿਚੋਂ ਸਭ ਤੋਂ ਵੱਧ ਹੌਸਲਾ ਬੁਲੰਦਾ ਨੂੰ ਮੈਂ ਮ੍ਰਿਤੂ ਦੰਡ ਦੇ ਦਿੱਤਾ ਅਤੇ ਬਾਕੀਆਂ ਨੂੰ ਮੈਂ ਨਿੰਦਾ ਤੇ ਲੋਕ ਦੰਡ ਦਿੱਤਾ। ਮੈਂ ਸਾਰਿਆਂ ਦੇ ਸਾਹਮਣੇ ਉਨ੍ਹਾਂ ਦੀਆਂ ਕਿਤਾਬਾਂ ਨੂੰ ਜਲਾ ਦਿੱਤਾ। ਅਲ੍ਹਾ ਦੀ ਕਿਰਪਾ ਨਾਲ, ਇਸ ਸ਼ਿਯਾ ਵਰਗ ਦਾ ਪ੍ਰਭਾਵ ਪੂਰੀ ਤਰ੍ਹਾਂ ਦਬ ਗਿਆ।" ਮੁਲਹਿੰਦ ਤੇ ਅਬਹਤਿਯਾਨ ਨੂੰ ਬੰਦੀ ਬਣਾ ਲਿਆ ਗਿਆ ਅਤੇ ਦੇਸ ਤੋਂ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਦੇ ਧਾਰਮਿਕ ਕੰਮਾਂ ਉੱਤੇ ਰੋਕ ਲਗਾ ਦਿੱਤੀ ਗਈ। ਮੇਂਦਵੀ ਲੋਕਾਂ ਨੂੰ ਮਜਾਵਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਨੇਤਾ ਰੁਕਨਦੀਨ ਨੂੰ ਕਾਫਰ ਹੋਣ ਦੇ ਦੋਸ਼ ਵਿਚ ਬੰਦੀ ਬਣਾ ਲਿਆ ਗਿਆ ਅਤੇ ਕੁਝ ਸਹਾਇਕਾਂ ਤੇ ਸ਼ਿੱਸਾਂ ਦੇ ਨਾਲ ਉਸਦਾ ਕਤਲ ਕਰ ਦਿੱਤਾ ਗਿਆ। ਸੁਲਤਾਨ ਸਾਨੂੰ ਦਸਦਾ ਹੈ ਕਿ ਲੋਕਾਂ ਨੇ ਰੁਕਨਦੀਨ ਦੇ ਟੁਕੜ ਕਰ ਦਿੱਤੇ ਅਤੇ ਹੱਡੀਆਂ ਚੂਰ-ਚੂਰ ਕਰ ਦਿੱਤੀਆਂ। ਸੂਫੀ ਲੋਕਾਂ ਦੇ ਨਾਲ ਵੀ ਇਸ ਤਰ੍ਹਾਂ ਦਾ ਵਿਵਹਾਰ ਕੀਤਾ ਗਿਆ।

ਸੁਲਤਾਨ ਮਿਸਰ ਦੇ ਖਲੀਫਾ ਦੇ ਪ੍ਰਤੀ ਖਾਸ ਇੱਜਤ ਰੱਖਦਾ ਸੀ। ਉਸ ਨੇ ਅਪਣੇ ਨੂੰ ਖਲੀਫਾ ਦਾ ਸਹਾਇਕ ਪ੍ਰਦਰਸ਼ਿਤ ਕੀਤਾ। ਅਪਣੇ ਸ਼ਾਸਨਕਾਲ ਦੇ ਪਹਿਲੇ 6 ਸਾਲ ਵਿਚ, ਸੁਲਤਾਨ ਨੇ ਮਿਸਰ ਦੇ ਖਲੀਫਾ ਤੋਂ ਦੋ ਵਾਰ ਸ਼ਾਸਕ ਪਦ ਦਾ ਪਰਮਾਣ ਤੇ ਇੱਜਤ ਵਾਲੇ ਕੱਪੜੇ ਪ੍ਰਾਪਤ ਕੀਤੇ। ਸਿੱਕਿਆਂ ਉਤੇ ਅਪਣੇ ਨਾਮ ਦੇ ਨਾਲ ਉਸਨੇ ਖਲੀਫਾ ਦਾ ਨਾਮ ਵੀ ਜੁੜਵਾ ਦਿੱਤਾ। ਖੁਤਬਾ ਵਿਚ ਸੁਲਤਾਨ ਦੇ ਨਾਮ ਦੇ ਨਾਲ ਖਲੀਫਾ ਦਾ ਨਾਮ ਵੀ ਪੜ੍ਹਿਆ ਜਾਣ ਲੱਗਾ।

ਸੁਲਤਾਨ ਦੀ ਗ੍ਰਹਿ ਨੀਤੀ ਦੇ ਵਿਸ਼ੇ ਵਿਚ ਕੁਝ ਛੋਟੇ-ਛੋਟੇ ਪਹਿਲੂਆਂ ਉਤੇ ਵੀ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ। ਸੁਲਤਾਨ ਮੁਹੰਮਦ ਤੁਗਲਕ ਦੇ ਪਾਪਾਂ ਨੂੰ ਘੱਟ ਕਰਨਾ ਚਾਹੁੰਦਾ ਸੀ।ਉਸਨੇ ਆਦੇਸ਼ ਦਿੱਤਾ ਕਿ ਉਨ੍ਹਾਂ ਮਨੁੱਖਾਂ ਦੇ ਅਧਿਕਾਰੀਆਂ ਨੂੰ ਤੋਹਫਿਆਂ ਨਾਲ ਸੰਤੁਸ਼ਟ ਕਰਕੇ ਰਾਜ ਦੇ ਵੱਲ ਖਿੱਚ ਲਿਆ ਜਾਵੇ ਜਿਨ੍ਹਾਂ ਨੂੰ ਮੁਹੰਮਦ ਤੁਗਲਕ ਦੇ ਸ਼ਾਸਨ ਕਾਲ ਵਿਚ ਅੰਗ, ਨੱਕ, ਕੰਨ, ਅੱਖ, ਹੱਥ ਜਾਂ ਪੈਰ ਤੋਂ ਹੱਥ ਧੋਣਾ ਪਿਆ ਸੀ। ਇਸ ਵਿਸ਼ੇ ਵਿਚ ਉਨ੍ਹਾਂ ਨੂੰ ਪਰਮਾਣ ਪੱਤਰ ਦੀ ਸਹਾਇਤਾ ਨਾਲ ਉਚਿਤ ਪ੍ਰਕਾਰ ਤੋਂ ਲਿਖੀ ਗਈ ਘੋਸ਼ਣਾ ਦੇਣਾ ਆਵਸ਼ਕ ਸੀ। ਐਸੇ ਲਿਖੇ ਹੋਏ ਮਾਫ਼ੀਨਾਮੇ ਨੂੰ ਮੁਹੰਮਦ ਤੁਗਲਕ ਦੇ ਮਕਬਰੇ ਦੇ ਨੇੜੇ ਇਕ ਸੰਦੂਕ ਵਿਚ ਬੰਦ ਰੱਖਿਆ ਗਿਆ ਸੀ, ਜਿਸ ਨਾਲ ਕਆਮਤ ਦੇ ਦਿਨ ਉਨ੍ਹਾਂ ਦੀ ਸਹਾਇਤਾ ਮਿਲ ਸਕੇ। ਜਿਨ੍ਹਾਂ ਲੋਕਾਂ ਨੂੰ ਪਿਛਲੇ ਸ਼ਾਸਨ ਕਾਲ ਵਿਚ ਅਪਣੇ ਪਿੰਡਾਂ, ਭੂਮੀਆਂ ਅਤੇ ਪ੍ਰਾਚੀਨ ਪੈਤ੍ਰਿਕ ਸੰਪੱਤੀਆਂ ਤੋਂ ਵਾਂਝੇ ਹੋਣਾ ਪਹਿਆਂ ਸੀ, ਉਨ੍ਹਾਂ ਨੂੰ ਫਿਰ ਤੋਂ ਉਨ੍ਹਾਂ ਦੇ ਅਧਿਕਾਰ ਦੇ ਦਿੱਤੇ ਗਏ। ਨਿਆਂ-ਆਲਮ ਵਿਚ ਉਨ੍ਹਾਂ ਦੇ ਅਧਿਕਾਰਾਂ ਨੂੰ ਧਿਆਨ ਨਾਲ ਦੇਖਿਆ ਗਿਆ ਅਤੇ ਜਦ ਉਹ ਸਿੱਧ ਹੋ ਗਏ ਤਾਂ ਉਨ੍ਹਾਂ ਦੀ ਸੰਪੱਤੀ ਉਨ੍ਹਾਂ ਨੂੰ ਵਾਪਸ ਕਰ ਦਿੱਤੀ।

ਨੋਟ

1358 ਈ. ਵਿਚ ਫਿਰੋਜ ਨੂੰ ਜਾਨ ਤੋਂ ਮਾਰਨ ਲਈ ਇੱਕ ਖੜਯੰਤਰ ਰਚਿਆ ਗਿਆ। ਉਸਦੀ ਚਚੇਰੀ ਭੈਣ ਖੁਦਾਵੰਦਜਾਦਾ ਅਤੇ ਉਸਦੇ ਪਤੀ ਨੇ ਮਿਲ ਕਰ ਇਹ ਪ੍ਰਬੰਧ ਕੀਤਾ ਕਿ ਸੁਲਤਾਨ ਦੇ ਉਨ੍ਹਾਂ ਦੇ ਘਰ ਤੇ ਆਉਣ ਦੇ ਅਵਸਰ ਉਤੇ ਹਥਿਆਰਵੰਦ ਮਨੁੱਖਾਂ ਦੁਆਰਾ ਉਸ ਦਾ ਕਤਲ ਕਰ ਦਿੱਤਾ ਜਾਵੇ। ਪਰ ਉਸਦੇ ਪੁੱਤਰ ਦਾਵਰ ਮਲਿਕ ਨੇ ਇਹ ਖੜਯੰਤਰ ਫੋੜ ਦਿੱਤਾ ਜਿਹੜਾ ਅਪਦੇ ਸੌਤੇਲੇ ਪਿਤਾ ਨਾਲ ਕੋਈ ਸਹਾਨੂੰਭੂਤੀ ਨਹੀਂ ਰੱਖਦਾ ਸੀ। ਉਸਨੇ ਇਸ਼ਾਰਿਆਂ ਦੁਆਰਾ ਸੁਲਤਾਨ ਨੂੰ ਇਹ ਦੱਸ ਦਿੱਤਾ ਕਿ ਉਸਦਾ ਜੀਵਨ ਖਤਰੇ ਵਿਚ ਹੈ ਅਤੇ ਇਸ ਲਈ ਸੁਲਤਾਨ ਅਪਣੇ ਕਤਲ ਦੀ ਤਿਆਰੀ ਤੋਂ ਪਹਿਲਾਂ ਹੀ ਬਾਹਰ ਨਿਕਲ ਆਇਆ। ਅਪਣੇ ਮਹਿਲ ਵਿਚ ਵਾਪਸ ਆਉਣ ਤੇ, ਸੁਲਤਾਨ ਨੇ ਉਸ ਮਕਾਨ ਨੂੰ ਘੇਰ ਲੈਣ ਦਾ ਆਦੇਸ਼ ਦਿੱਤਾ ਅਤੇ ਇਸ ਪ੍ਰਕਾਰ ਉਹ ਸਭ ਮਨੁੱਖ ਗ੍ਰਿਫ਼ਤਾਰ ਕਰ ਲਏ ਗਏ ਜਿਨ੍ਹਾਂ ਦਾ ਮਕਸਦ ਸੁਲਤਾਨ ਨੂੰ ਮਾਰਨਾ ਸੀ। ਖੁਦਾਵੰਦਜਾਦਾ ਨੂੰ ਮ੍ਰਿਤੂ ਦੰਡ ਦੇਣ ਦੀ ਜਗ੍ਹਾਂ ਉਸਨੂੰ ਬੰਦੀ ਬਣਾ ਲਿਆ ਗਿਆ ਪਰ ਉਸਦੇ ਪਤੀ ਨੂੰ ਬਣਵਾਸ ਦੀ ਸਜਾ ਦਿੱਤੀ ਗਈ।

**ਵਿਦੇਸ਼ ਨੀਤੀ** (Foreign Policy): ਫਿਰੋਜ਼ ਤੁਗਲਕ ਇਕ ਪਵਿੱਤਰ ਅਤੇ ਦਿਆਲੂ ਸ਼ਾਸਕ ਸੀ। ਉਸ ਦੇ ਕੋਲ ਉਹ ਹੌਂਸਲਾ ਨਹੀਂ ਸੀ ਜੋ ਚੌਦਵੀਂ ਸਦੀ ਦੇ ਸੁਲਤਾਨ ਦੇ ਲਈ ਜ਼ਰੂਰੀ ਸੀ। ਉਸ ਵਿੱਚ ਉਨ੍ਹਾਂ ਗੁਣਾਂ ਦਾ ਅਹਿਸਾਸ ਸੀ ਜੋ ਦਿੱਲੀ ਸਾਮਰਾਜ ਦੇ ਉਨ੍ਹਾਂ ਸਭ ਹਿੱਸਿਆਂ ਨੂੰ ਉਸ ਦੇ ਅਧਿਕਾਰ ਅਧੀਨ ਕਰਨ ਵਿੱਚ ਸਹਾਇਕ ਹੋ ਸਕਦੇ ਸਨ, ਜੋ ਮੁਹੰਮਦ ਤੁਗਲਕ ਦੇ ਸ਼ਾਸਨਕਾਲ ਵਿੱਚ ਸੁਤੰਤਰ ਹੋ ਚੁੱਕੇ ਸਨ। ਸੁਲਤਾਨ ਨੂੰ ਯੁੱਧ ਤੋਂ ਬਹੁਤ ਡਰ ਲੱਗਦਾ ਸੀ ਅਤੇ ਖੂਨ-ਖਰਾਬਾ ਦੇਖ ਕੇ ਉਸ ਦਾ ਦਿਲ ਡੁੱਬਣ ਲੱਗਦਾ ਸੀ। ਟਾਮਸ ਦੇ ਅਨੁਸਾਰ, "ਬੰਗਾਲ ਦੇ ਦੋ ਅਭਿਆਨਾਂ ਵਿੱਚ ਉਸ ਦਾ ਸੈਨਾਪਤੀਤਵ ਅਤੇ ਨਤੀਜੇ ਵਜੋਂ ਥੱਟਾ ਦਾ ਪਤਨ ਸਭ ਤੋਂ ਹੇਠਲੇ ਪੱਧਰ ਦੀ ਵਸਤੂ ਪਤਾ ਲੱਗਦੀ ਹੈ, ਜਿਸ ਤਰ੍ਹਾਂ ਉਹ ਕੱਚ ਦੇ ਮਾਰੂਥਲਾਂ ਅਤੇ ਜਾਜਨਗਰ ਦੇ ਦੁਰਗਮ ਸਥਾਨਾਂ ਵਿੱਚ ਭਟਕਦਾ ਰਿਹਾ, ਉਹ ਉਸ ਦੀ ਮੂੜਤਾ ਦਾ ਪਰਿਚਾਇਕ ਹੈ।" ਦੱਖਣ ਨੂੰ ਆਪਣੇ ਅਧੀਨ ਕਰਨ ਵਿੱਚ ਸੁਲਤਾਨ ਦਾ ਕੋਈ ਸੁਆਰਥ ਪ੍ਰਤੀਤ ਹੁੰਦਾ ਹੈ। ਜਦੋਂ ਉਸ ਦੇ ਅਧਿਕਾਰੀਆਂ ਨੇ ਉਸ ਤੋਂ ਦੌਲਤਾਬਾਦ ਦੇ ਲਈ ਇਕ ਅਭਿਆਨ ਭੇਜਣ ਦੇ ਵਿਸ਼ੇ ਵਿੱਚ ਕਿਹਾ ਤਾਂ "ਸੁਲਤਾਨ ਨੂੰ ਬੜੀ ਘਬਰਾਹਟ ਹੋਈ, ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਪਾਈਆਂ ਗਈਆਂ ਅਤੇ ਉਨ੍ਹਾਂ ਦੇ ਵਿਚਾਰ ਨੂੰ ਸਵੀਕਾਰ ਕਰਦੇ ਹੋਏ ਉਸ ਨੇ ਕਿਹਾ ਕਿ ਇਸਲਾਮ ਧਰਮ ਦੇ ਮਨੁੱਖਾਂ ਦੇ ਵਿਰੁੱਧ ਸੰਗਰਾਮ ਕਰਨ ਦਾ ਉਸ ਨੇ ਕਦੀ ਕੋਈ ਸੰਕਲਪ ਨਹੀਂ ਕੀਤਾ।" ਉਸ ਦੇ ਸ਼ਾਸਨਕਾਲ ਵਿੱਚ ਕੋਈ ਵੀ ਮੰਗੋਲ ਹਮਲਾ ਨਹੀਂ ਹੋਇਆ। ਯਾਹਿਆ ਸਾਨੂੰ ਦੱਸਦਾ ਹੈ ਕਿ "ਰਾਜ ਦੇ ਸੀਮਾ ਪ੍ਰਾਂਤਾਂ ਦੀ ਸੁਰੱਖਿਆ ਵੱਡੀਆਂ ਸੈਨਾਵਾਂ ਅਤੇ ਸਮਰਾਟ ਦੇ ਸ਼ੁੱਭ ਚਿੰਤਕਾਂ ਨੂੰ ਉਥੇ ਰੱਖ ਕੇ ਹੋ ਜਾਂਦੀ ਸੀ।"

1. **ਬੰਗਾਲ** (Bengal): ਹਾਜੀ ਇਲਿਆਸ ਬੰਗਾਲ ਦਾ ਸੁਤੰਤਰ ਸ਼ਾਸਕ ਸੀ। ਉਹ ਪੂਰਬੀ ਅਤੇ ਪੱਛਮੀ ਬੰਗਾਲ ਦਾ ਸਵਾਮੀ ਬਣ ਬੈਠਾ ਸੀ। ਉਸਨੇ ਤਿਰਹੁਤ ਨੂੰ ਅਪਣੇ ਪ੍ਰਦੇਸ਼ ਵਿਚ ਮਿਲਾਉਣ ਦੇ ਉਦੇਸ਼ ਨਾਲ ਉਸ ਉਤੇ ਆਕ੍ਰਮਣ ਕੀਤਾ। ਯੁੱਧ ਦੇ ਲਈ ਅਪਣੀ ਇੱਛਾ ਨਾਹੁੰਦੇਹੋਏ ਵੀ ਫਿਰੋਜ ਤੁਗਲਕ ਨੇ ਇਹ ਅਨੁਭਵ ਕੀਤਾ ਕਿ ਸ਼ਮਸੁਮੀਨ ਦੇ ਵਿਰੁਧ ਕਾਰਜ ਕੀਤਾ ਜਾਵੇ। ਨਵੰਬਰ 1353 ਈ. ਵਿਚ ਸੁਲਤਾਨ 70,000 ਘੋੜੇ ਵਾਲੀ ਸੈਨਾ ਦੇ ਨਾਲ ਦਿੱਲੀ ਤੋਂ ਚੱਲਿਆ। ਜਦੋਂ ਇਲਿਆਸ ਨੂੰ ਸੁਲਤਾਨ ਦੇ ਆਉਣ ਦਾ ਸਮਾਚਾਰ ਮਿਲਿਆ ਉਹ ਇਕਦਲਾ ਦੇ ਕਿਲ੍ਹੇ ਵਿਚ ਚਲਾ ਗਿਆ ਜਿਹੜਾ ਪੰਡੂਆਂ ਤੋਂ 10 ਜਾਂ 12 ਮੀਲ ਦੀ ਦੂਰੀ ਉਤੇ ਸਥਿਤ ਸੀ। ਭਗੌੜੇ ਸ਼ਤਰੂ ਦਾ ਪਿੱਛਾ ਕਰਦੇ ਹੋਏ ਸੁਲਤਾਨ ਨੇ ਬੰਗਾਲ ਦੇ ਲੋਕਾਂ ਨੂੰ ਇਹ ਘੋਸ਼ਣਾ ਜਾਰੀ ਕੀਤੀ ਜਿਸ ਦਾ ਉਲੇਖ ਡਾ. ਈਸ਼ਵਰੀ ਪ੍ਰਸਾਦਿ ਨੇ ਇਸ ਪ੍ਰਕਾਰ ਕੀਤਾ ਹੈ "ਇਹ ਦਿੱਲੀ ਸਲਤਨਤ ਦੇ ਇਤਿਹਾਸ ਵਿਚ ਅਸਾਧਾਰਣ ਲੇਖ ਪੱਤਰਾਂ ਵਿਚ ਇਕ ਸੀ ਅਤੇ ਫਿਰੋਜ ਦੀ ਨਰਮ ਨੀਤੀ ਤੇ ਪ੍ਰਕਾਸ਼ ਪਾਉਂਦਾ ਹੈ।" ਮਨੁੱਖਾਂ ਦੀ ਸੁਵਿਧਾਵਾਂ ਦਾ ਵਚਨ ਦੇ ਕੇ ਘੋਸ਼ਣਾ ਇਹ ਕੀਤੀ ਗਈ "ਕਿਉਂਕਿ ਸਾਡੇ ਪਵਿੱਤਰ ਕੰਨਾਂ ਤਕ ਇਹ ਗੱਲ ਪਹੁੰਚੀ ਹੈ ਕਿ ਇਲਿਆਸ ਹਾਜੀ ਲਖਨੋਤੀ ਅਤੇ ਤਿਰਹੁਤ ਪ੍ਰਦੇਸ਼ ਦੇ ਲੋਕਾਂ ਉਤੇ ਅਤਿਆਚਾਰ ਅਤੇ ਦਮਨਕਾਰੀ ਵਿਵਹਾਰ ਕਰ ਰਿਹਾ ਹੈ ਅਨਾਵਸ਼ਕ ਰੂਪ ਨਾਲ ਖੂਨ ਬਹਾ ਰਿਹਾ ਹੈ ਇਸਤਰੀਆਂ ਤਕ ਦਾ ਖੂਨ ਬਹਿ ਰਿਹਾ ਹੈ, ਹਾਲਾਂਕਿ ਹਰੇਕ ਮਨ ਅਤੇ ਧਰਮ ਵਿਚ ਇਹ ਸਭ ਤੋਂ ਉੱਚਾ ਨਿਯਮ ਹੈ ਕਿ ਕਿਸੀ ਵੀ ਇਸਤਰੀ ਦਾ ਭਲਾ ਹੀ ਉਹ ਕਾਫਿਰ ਹੋਵੇ ਕਤਲ ਨਹੀਂ ਕਰਨਾ ਚਾਹੀਦਾ, ਅਤੇ ਜਦੋਂ ਕਿ ਉਪਰੋਕਤ ਇਲਿਆਸ ਹਾਜੀ ਐਸੇ ਅਵੈਧ ਕਰ ਲਗਾ ਰਿਹਾ ਹੈ ਜਿਹੜੇ ਇਸਲਾਮ ਵਿਚ ਗੈਰ ਕਾਨੂੰਨੀ ਹੈਨ ਅਤੇ ਇਸਪ੍ਰਕਾਰ ਜਨਤਾ ਨੂੰ ਕਸ਼ਟ ਦੇ ਰਿਹਾ ਹੈ ਜਦੋਂ ਕਿ ਨਾਂ ਤਾਂ ਜੀਵਨ ਅਤੇ ਸੰਪੱਤੀ ਦੀ ਸੁਰੱਖਿਆ ਹੈ ਨਾਂ ਇੱਜਤ ਨਾਂ ਪਵਿਤਰਤਾ ਦਾ ਬਚਾਉ ਹੈ ਅਤੇ ਜਦੋਂ ਕਿ ਇਹ ਪ੍ਰਦੇਸ਼ ਸਾਡੇ ਸਵਾਮੀਆਂ ਦੁਆਰਾ ਜਿੱਤ ਲਿਆ ਗਿਆ ਸੀ ਅਤੇ ਸਾਨੂੰ ਉੱਤਰਾਧਿਕਾਰ ਦੇ ਅਤੇ ਇਮਾਮ (ਮਿਸਰ ਦੇ ਅੱਬਾਸੀ ਖਲੀਫਾ) ਦੀ ਭੇਂਟ ਦੇ ਰੂਪ ਵਿਚ ਪ੍ਰਾਪਤ ਹੋਇਆ ਹੈ ਸਾਡੇ ਸਾਰੀ ਅਤੇ ਸਾਹਸਪੂਰਨ ਵਿਅਕਤੀਤਵ ਉਤੇ ਇਸ ਰਾਜ ਦੇ ਲੋਕਾਂ ਦੀ ਰੱਖਿਆ ਦਾ ਭਾਰ ਆ ਗਿਆ ਹੈ। ਕਿਉਂਕਿ ਇਲਿਆਸ ਹਾਜੀ ਭੂਤਪੂਰਵ ਸੁਲਤਾਨ ਦੇ ਪ੍ਰਤੀ ਆਗਿਆਕਾਰੀ ਅਤੇ ਸਿੰਘਾਸਨ ਦੇ ਪ੍ਰਤੀ ਭਗਤੀਪੂਰਨ ਸੀ ਅਤੇ ਸਾਡੇ ਮੰਗਲਮਅ ਰਾਜ ਅਭਿਸ਼ੇਕ ਦੇ ਅਵਸਰ ਤੇ ਵੀ ਉਸਨੇ ਅਧੀਨਤਾ ਅਤੇ ਰਾਜ ਭਗਤੀ ਸਵੀਕਾਰ ਕੀਤੀ ਸੀ ਅਤੇ ਸੇਵਾ ਵਿਚ ਨਿਆਂ ਪ੍ਰਾਥਨਾਵਾਂ ਅਤੇ ਤੋਹਫੇ ਭੇਜਦਾ ਰਿਹਾ ਹੈ ਜਿਸ ਤਰ੍ਹਾਂ ਕਿ ਅਧੀਨ ਵਿਅਕਤੀ ਲਈ ਉਚਿਤ ਹੈ ਇਸ ਲਈ ਜੇਕਰ ਇਸ ਤੋਂ ਪਹਿਲਾਂ ਉਸਦੇ ਉਨ੍ਹਾਂ ਅਤਿਆਚਾਰਾਂ ਅਤੇ ਦਮਨ ਦਾ ਜਿਹੜਾ ਉਹ ਪ੍ਰਭੂ ਦੇ ਪ੍ਰਾਣੀਆਂ ਉਤੇ ਕਰ ਰਿਹਾ ਹੈ ਕਣ ਮਾਤਰ ਵੀ ਸਾਡੇ ਪਵਿੱਤਰ ਧਿਆਨ ਵਿਚ ਲਿਆਇਆ ਹੁੰਦਾ ਤਾਂ ਅਸੀਂ ਉਸਨੂੰ ਐਸੀ ਚੇਤਾਵਨੀ ਦਿੰਦੇ ਜਿਸ ਨਾਲ ਉਹ ਬੰਦ ਹੋ ਜਾਂਦਾ ਅਤੇ ਉਹ ਜਦ ਕਿ ਸੀਮਾ ਤੋਂ ਵਧ ਰਿਹਾ ਹੈ ਅਤੇ ਉਸਨੇ ਸਾਡੇ ਅਧਿਕਾਰ ਦੇ ਪ੍ਰਤੀ ਵਿਦਰੋਹ ਕੀਤਾ ਹੈ ਇਸ ਲਈ ਅਸੀਂ ਜਨਤਾ ਦੀ ਖੁਸ਼ੀ ਦੇ ਲਈ ਇਕ ਅਜੇਯ ਸੈਨਾ ਨਾਲ ਆ ਪਹੁੰਚੇ ਹਾਂ ਇਸ ਦੇ ਦੁਆਰਾ ਅਸੀਂ ਸਭ ਨੂੰ ਉਸਦੇ ਅਤਿਆਚਾਰਾਂ ਤੋਂ ਮੁਕਤ ਕਰਨਾ ਉਸਦੇ ਦਮਨ ਦੇ

**ਨੋਟ**

ਜਖਮਾਂ ਦਾ ਨਿਆਂ ਅਤੇ ਦਇਆ ਦੀ ਔਖਦ ਦੁਆਰਾ ਇਲਾਜ ਕਰਵਾਉਣਾ ਚਾਹੁੰਦੇ ਹਾਂ ਅਤੇ ਚਾਹੁੰਦੇ ਹਾਂ ਕਿ ਅਤਿਆਚਾਰ ਅਤੇ ਦਮਨ ਦੀ ਗਰਮ ਸ਼ੋਸ਼ਕ ਹਵਾ ਦੁਆਰਾ ਮੁਰਝਾਇਆ ਹੋਇਆ ਉਨ੍ਹਾਂ ਦਾ (ਜਨਤਾ ਜਨਾਂ ਦਾ) ਜੀਵਨ ਰੁੱਖ ਸਾਡੀ ਕਿਰਪਾ ਦੇ ਸਾਫ਼ ਪਾਣੀ ਨਾਲ ਹਰਾ ਭਰਾ ਅਤੇ ਫਲ ਦੇਣ ਵਾਲਾ ਹੋ ਜਾਏ।" ਹਾਜੀ ਇਲਿਆਸ ਦਿੱਲੀ ਸੈਨਾਵਾਂ ਦੁਆਰਾ ਹਾਰਿਆ ਪਰ ਸੁਲਤਾਨ ਨੇ ਅਪਣੀ ਇਸ ਕਠਿਨਾਈ ਦੇ ਨਾਲ ਵਿਜੈ ਦਾ ਪੂਰਾ ਲਾਭ ਲਿਆ ਅਤੇ ਸਿਤੰਬਰ 1364 ਈ. ਵਿਚ ਬੰਗਾਲ ਦਾ ਰਾਜ ਵਿਚ ਬਿਨਾਂ ਮਿਲਾਏ ਹੀ ਦਿੱਲੀ ਵਾਪਸ ਆ ਗਿਆ। ਸੁਲਤਾਨ ਦੇ ਇਸ ਕੰਮ ਦੇ ਵਿਸ਼ੇ ਵਿਚ ਦੋ ਮਤ ਹਨ। ਪਹਿਲਾਂ ਇਹ ਹੈ ਕਿ ਘਿਰੇ ਹੋਏ ਕਿਲ੍ਹੇ ਵਿਚੋਂ ਔਰਤਾਂ ਦੇ ਵਿਲਾਪ ਦੇ ਸ਼ੋਰ ਨੂੰ ਸੁਣ ਕੇ ਸੁਲਤਾਨ ਨੇ ਵਾਪਸ ਆਉਣ ਦਾ ਨਿਸ਼ਚੈ ਕਰ ਲਿਆ। ਸ਼ਮਸੇ-ਸਿਰਾਜ-ਅਫੀਫ ਦੇ ਅਨੁਸਾਰ "ਕਿਲੇ ਵਿਚ ਤੂਫਾਨ ਮਚਾਉਣਾ, ਵੱਧ ਮੁਸਲਮਾਨਾਂ ਨੂੰ ਤਲਵਾਰ ਦੇ ਘਾਟ ਉਤਾਰਨਾ ਅਤੇ ਨੇਕਨਾਮੀ ਇਸਤਰੀਆਂ ਨੂੰ ਅਪਮਾਨ ਦਾ ਪਾਤਰ ਬਣਾਉਣਾ ਇੱਕ ਐਸਾ ਅਪਰਾਧ ਹੋਵੇਗਾ ਜਿਸ ਦੇ ਲਈ ਉਹ ਕਿਆਮਤ ਦੇ ਦਿਨ ਕੋਈ ਜਵਾਬ ਨਹੀਂ ਦੇ ਸਕੇਗਾ ਅਤੇ ਜਿਸ ਵਿਚ ਉਸ ਅਤੇ ਮੰਗੋਲਾਂ ਵਿਚ ਕੋਈ ਅੰਤਰ ਨਹੀ ਰਹਿ ਜਾਏਗਾ।" ਦੂਜਾ ਮਤ ਇਹ ਹੈ ਕਿ ਸੁਲਤਾਨ ਇਸ ਲਈ ਦੌੜ ਆਇਆ ਕਿਉਂਕਿ ਉਹ ਉਨ੍ਹਾਂ ਭਿਆਨਕ ਨਤੀਜਿਆਂ ਤੋਂ ਡਰਦਾ ਸੀ ਜਿਹੜਾ ਵਰਖਾ ਰੁੱਤ ਦੇ ਆਗਮਨ ਦੇ ਕਾਰਣ ਘਟਤ ਹੋ ਸਕਦਾ ਸੀ। ਉਸਦੇ ਦੌੜਨ ਦਾ ਕਾਰਣ ਚਾਹੇ ਕੋਈ ਵੀ ਹੋਵੇ ਕਿਉਂ ਨਾ, ਹਮੇਟਾਮਸ ਦੇ ਇਸ ਵਿਚਾਰ ਨਾਲ ਸਹਿਮਤ ਹੋਣਾ ਪਵੇਗਾ ਕਿ ਇਸ ਆਕ੍ਰਮਣ ਦਾ ਪਰਿਣਾਮ ਕੇਵਲ ਦੀ ਸਵੀਕ੍ਰਿਤੀ ਕੱਢਿਆ।

ਕੁਝ ਸਾਲ ਬਾਅਦ ਫਿਰੋਜ਼ ਨੇ ਬੰਗੋਲ ਨੂੰ ਦੁਬਾਰਾ ਜਿੱਤਣ ਦਾ ਯਤਨ ਕੀਤਾ। ਪੂਰਬੀ ਬੰਗਾਲ ਦੇ ਫਖਰੂਦੀਨ ਮੁਬਾਕ ਸ਼ਾਹ ਦਾ ਜਾਮਾਤਾ ਜਫਰ ਖਾਂ ਸੁਨਾਰ ਪਿੰਡ ਤੋਂ ਦੌੜ ਕੇ ਦਿੱਲੀ ਆਇਆ ਅਤੇ ਉਸ ਨੇ ਬੰਗਾਲ ਦੇ ਸ਼ਾਸਕ ਦੇ ਦਮਨਕਾਰੀ ਕੰਮਾਂ ਦੀ ਸ਼ਿਕਾਇਤ ਫਿਰੋਜ਼ ਤੁਗਲਕ ਨੂੰ ਕੀਤੀ। ਹਾਜੀ ਇਲਿਆਸ ਦੀ ਮੌਤ ਨੇ ਵੀ ਫਿਰੋਜ਼ ਨੂੰ ਬੰਗਾਲ ਦੇ ਵਿਰੁੱਧ ਅਭਿਆਨ ਕਰਨ ਦੀ ਪ੍ਰੇਰਣਾ ਦਿੱਤੀ। ਫਿਰੋਜ਼ ਤੁਗਲਕ ਨੇ ਆਪਣੀਆਂ ਪੁਰਾਣੀਆਂ ਸਾਰੀਆਂ ਸੰਧੀਆਂ ਅਤੇ ਮਿੱਤਰਤਾ ਦੇ ਵਚਨਾਂ ਨੂੰ ਹਟਾ ਦਿੱਤਾ ਅਤੇ 1359 ਈ. ਵਿੱਚ ਹਾਜੀ ਇਲਿਆਸ ਦੇ ਪੁੱਤਰ ਅਤੇ ਉਤਰਾਧਿਕਾਰੀ ਸਿਕੰਦਰ ਸ਼ਾਹ ਦੇ ਵਿਰੁੱਧ ਅੱਗੇ ਵਧਿਆ। ਸੁਲਤਾਨ ਦੀ ਸੈਨਾ ਵਿੱਚ 70,000 ਘੋੜੇ, ਲੱਗਭਗ 500 ਹਾਥੀ ਅਤੇ ਕਾਫੀ ਪੈਦਲ ਸੈਨਾ ਸੀ। ਰਸਤੇ ਵਿੱਚ ਸੁਲਤਾਨ 6 ਮਹੀਨੇ ਤੱਕ ਗੋਮਤੀ ਨਦੀ ਦੇ ਕਿਨਾਰੇ ਜਫਰਾਬਾਦ ਵਿੱਚ ਠਹਿਰਿਆ ਅਤੇ ਉਥੇ ਮੁਹੰਮਦ ਤੁਗਲਕ ਦੀ ਸਮ੍ਰਿਤੀ ਅਤੇ ਜੌਨਪੁਰ ਨਗਰ ਸਥਾਪਿਤ ਕੀਤਾ ਕਿਉਂਕਿ ਮੁਹੰਮਦ ਤੁਗਲਕ ਦਾ ਨਾਮ ਰਾਜ ਕੁਮਾਰ ਜੂਨਾ ਖਾਂ ਸੀ। ਜਦੋਂ ਸਾਲ ਰੁੱਤ ਨਿਕਲ ਗਿਆ, ਸੁਲਤਾਨ ਬੰਗਾਲ ਵੱਲ ਰਵਾਨਾ ਹੋ ਗਿਆ। ਆਪਣੇ ਪਿਤਾ ਦੀ ਤਰ੍ਹਾ ਸਿਕੰਦਰ ਸ਼ਾਹ ਇਕਦਲਾ ਦੇ ਦੁਰਗ ਵਿੱਚ ਜਾ ਛਿਪਿਆ ਜਿਸ ਨੂੰ ਦਿੱਲੀ ਦੇ ਸੈਨਿਕਾਂ ਨੇ ਘੇਰ ਰੱਖਿਆ ਸੀ। ਦੁਰਗ ਦੀ ਵੀਰਤਾ ਦੇ ਨਾਲ ਰੱਖਿਆ ਕੀਤੀ ਗਈ ਪਰ ਜਦੋਂ ਸਾਲ ਰੁੱਤ ਸ਼ੁਰੂ ਹੋ ਗਿਆ ਅਤੇ ਉਸ ਖੇਤਰ ਵਿੱਚ ਹੜ੍ਹ ਆ ਗਿਆ ਤਾਂ ਸੁਲਤਾਨ ਨੇ ਸਿਕੰਦਰ ਸ਼ਾਹ ਦੇ ਨਾਲ ਅਜਿਹੀ ਸੰਧੀ ਕਰ ਲਈ ਜੋ ਬੰਗਾਲ ਦੇ ਸ਼ਾਸਕ ਨੂੰ ਰੁਚੀਕਰ ਪ੍ਰਤੀਤ ਹੋਈ। ਨਤੀਜਾ ਇਹ ਹੋਇਆ ਕਿ ਬੰਗਾਲ ਦਾ ਦੂਸਰਾ ਅਭਿਆਨ ਆਪਣੇ ਉਦੇਸ਼ ਵਿੱਚ ਅਸਫਲ ਰਿਹਾ। ਇਸ ਨੇ ਸੁਲਤਾਨ ਦੀ ਕਮਜ਼ੋਰੀ ਸਿੱਧ ਕਰ ਦਿੱਤੀ।

2. **ਜਾਜ ਨਗਰ** (Jajnagar) : ਬੰਗਾਲ ਤੋਂ ਦਿੱਲੀ ਆਉਂਦੇ ਸਮੇਂ ਸੁਲਤਾਨ ਨੇ ਜਾਜਨਗਰ (ਵਰਤਮਾਨ ਉੜੀਸਾ) ਨੂੰ ਜਿੱਤਣ ਦਾ ਨਿਸ਼ਚੈ ਕੀਤਾ। ਇਹ ਦੱਸਣਾ ਕਠਿਨ ਹੈ ਕਿ ਜਾਜਨਗਰ ਜਿੱਤਣ ਦੇ ਪਿੱਛੇ ਸੁਲਤਾਨ ਦਾ ਸੱਚਾ ਮਕਸਦ ਕੀ ਸੀ। ਸਰਵੁੱਲਜਲੇ ਹੇਗ ਦਾ ਮਤ ਇਹ ਹੈ ਕਿ ਸੁਲਤਾਨ ਪੁਰੀ ਜਿੱਤਣਾ ਚਾਹੁੰਦਾ ਸੀ ਜਿਹੜੀ ਜਗਨਨਾਥ ਦ ਮੰਦਰਾਂ ਲਈ ਪ੍ਰਸਿੱਧ ਸੀ। ਸੁਲਤਾਨ ਦੇ ਆਉਂਦੇ ਹੀ ਜਾਜਨਗਰ ਦਾ ਸ਼ਾਸਕ ਦੌੜ ਨਿਕਲਿਆ ਅਤੇ ਉਸਨੇ ਤੇਲੰਗਾਨਾਂ ਵਿਚ ਸ਼ਰਣ ਲਈ। ਸੁਲਤਾਨ ਨੇ ਹਿੰਦੂ ਮੰਦਰਾਂ ਨੂੰ ਨਸ਼ਟ ਕਰਦਿੱਤਾ। ਉਨ੍ਹਾਂ ਦੀ ਮੂਰਤੀ ਸਮੁੰਦਰ ਵਿਚ ਸੁੱਟ ਦਿੱਤੀ ਅਤੇ ਉਨ੍ਹਾਂ ਵਿਚੋਂ ਕੁਝ ਮੁਸਲਮਾਨਾਂ ਨੂੰ ਪੈਰਾਂ ਥੱਲੇ ਕੁਚਲਣ ਲਈ ਦਿੱਲੀ ਲੈ ਆਇਆ। ਇਸ ਤੋਂ ਬਾਦ ਜਾਜ ਨਗਰ ਦੇ ਸ਼ਾਸਕ ਨੂੰ ਵਾਪਸ ਬੁਲਾ ਲਿਆ ਗਿਆ ਅਤੇ ਉਸਨੂੰ ਇਸ ਸ਼ਰਤ ਤੇ ਪ੍ਰਦੇਸ਼ ਵਾਪਸ ਕਰ ਦਿੱਤਾ ਗਿਆ ਕਿ ਹਰ ਸਾਲ ਸੁਲਤਾਨ ਨੂੰ ਕੁਝ ਹਾਥੀ ਭੇਂਟ ਕਰੇਗਾ।

ਜਾਜਨਗਰ ਤੇ ਸੁਲਤਾਨ ਛੋਟਾ ਨਾਗਪੁਰ ਗਿਆ। ਨਾਗਪੁਰ ਦੇ ਰਸਤੇ ਵਿਚ ਸੁਲਤਾਨ ਰਸਤਾ ਭੁੱਲ ਗਿਆਅਤੇ ਕੁਝ ਮਹੀਨੇ ਤਕ ਸੁਲਤਾਨ ਦੇ ਰਹਿਣ ਦੇ ਸਥਾਨ ਦੇ ਵਿਸ਼ੇ ਵਿਚ ਕੋਈ ਗਿਆਨ ਨਹੀਂ ਹੋ ਸਕਿਆ। ਉਨ੍ਹਾਂ ਜੰਗਲਾਂ ਵਿਚ ਬਹੁਤ ਸਾਰੇ ਸੈਨਿਕਾਂ ਨੂੰ ਅਪਣੇ ਪ੍ਰਾਣਾਂ ਤੋਂ ਹੱਥ ਧੋਣਾ ਪਿਆ।

3. **ਨਗਰਕੋਟ** (Nagakrot) : ਇਹ ਸੱਚ ਹੈ ਕਿ ਮੁਹੰਮਦ ਤੁਗਲਕ ਨੇ 1337ਈ. ਵਿਚ ਨਗਰਕੋਟ ਦਾ ਕਿਲ੍ਹਾ ਜਿੱਤਿਆ ਸੀ। ਪਰ ਮੁਹੰਮਦ ਤੁਗਲਕ ਦੇ ਹੀ ਸ਼ਾਸਨ ਕਾਲ ਦੇ ਅੰਤਮ ਦਿਨਾਂ ਵਿਚ ਇਹ ਸੁਤੰਤਰ ਹੋ ਚੁੱਕਿਆ ਸੀ। ਫਿਰੋਜ ਤੁਗਲਕ ਨੇ ਇਸ ਇੱਕ ਵਾਰ ਫਿਰ ਜਿੱਤਣ ਦਾ ਨਿਸ਼ਚੈ ਕੀਤਾ। 6 ਮਹੀਨੇ ਤਕ ਇਸੇ ਕਿਲ੍ਹੇ ਉਤੇ ਘੇਰਾ ਪਿਆ ਰਿਹਾ ਅਤੇ ਅਖੀਰ ਇਸ ਦੇ ਸ਼ਾਸਕ ਨੇ ਅਧੀਨਤਾ ਸਵੀਕਾਰ ਕਰ ਲਈ। ਸੁਲਤਾਨ ਨੇ ਜਵਾਲਾਮੁਖੀ ਮੰਦਰ ਵਿਚ ਪ੍ਰਵੇਸ਼ ਕੀਤਾ। ਉਸ ਦੀਆਂ ਮੂਰਤੀਆਂ ਤੋੜ ਦਿੱਤੀਆਂ ਅਤੇ ਉਨ੍ਹਾਂ ਦੇ ਟੁਕੜਿਆਂ ਨੂੰ ਗਾਂ ਦੇ ਖੂਨ ਅਤੇ ਮਾਸ ਵਿਚ ਗੁੰਨ੍ਹਿਆ ਗਿਆ। ਕੁਝ ਮੂਰਤੀਆਂ ਨੂੰ ਜਿੱਤ ਦੀ ਯਾਦ ਵਿਚ ਮਦੀਨਾ ਭੇਜਿਆ ਗਿਆ। ਇਹ ਵਰਣੀਅ ਹੈ ਕਿ ਜਵਾਲਾਮੁਖੀ ਮੰਦਰ ਤੋਂ ਸੁਲਤਾਨ ਨੂੰ ਬਹੁਤ ਸਾਰੀ ਸੰਸਕ੍ਰਿਤਪੁਸਤਕਾਂ ਪ੍ਰਾਪਤ ਹੋਈਆਂ ਅਤੇ ਉਨ੍ਹਾਂ ਵਿਚੋਂ ਕੁਝ ਦਾ ਦੈਲਾਯਲ-ਏ-ਫਿਰੋਜ ਸ਼ਾਹੀ ਦੇ ਨਾਮ ਨਾਲ ਫਾਰਸੀ ਵਿਚ ਅਨੁਵਾਦ ਵੀ ਕੀਤਾ ਗਿਆ।

4. **ਸਿੰਧ** (Sindh): ਮੁਹੰਮਦ ਤੁਗਲਕ ਸਿੰਘ ਵਿੱਚ ਲੜਦੇ ਹੋਏ ਮਰਿਆ ਸੀ ਅਤੇ ਸਿੰਧ ਵਿੱਚ ਹੀ ਇਕ ਡੇਰੇ 'ਚ ਫਿਰੋਜ਼ ਤੁਗਲਕ ਦੀ ਤਾਜਪੋਸ਼ੀ ਹੋਈ ਸੀ। ਸਿੰਧ ਨੂੰ ਇਸ ਲਈ ਫਿਰ ਤੋਂ ਜਿੱਤਣਾ ਜ਼ਰੂਰੀ ਸਮਝਿਆ ਗਿਆ। 1361-62 ਈ. ਵਿੱਚ ਫਿਰੋਜ਼ ਤੁਗਲਕ

ਨੋਟ

90,000 ਘੋੜ ਸਵਾਰਾਂ, 480 ਹਾਥੀਆਂ, 5,000 ਕਿਸ਼ਤੀਆਂ ਅਤੇ ਅਸੰਖਿਆ ਪੈਦਲ ਸੈਨਾ ਨੂੰ ਲੈ ਕੇ ਸਿੰਧ ਦੇ ਜਾਮਾਂ ਦੀ ਰਾਜਧਾਨੀ ਥੱਟਾ ਦੇ ਵਿਰੁੱਧ ਵਧਿਆ। ਸਿੰਧ ਦੇ ਸ਼ਾਸਕ ਜਾਮ ਬਬਾਨੀਆ ਨੇ 20,000 ਘੋੜ ਸਵਾਰ ਅਤੇ 4,00,000 ਪੈਦਲ ਸੈਨਾ ਦੀ ਸਹਾਇਤਾ ਨਾਲ ਸੁਲਤਾਨ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ। ਸੋਕਾ ਅਤੇ ਮਹਾਮਾਰੀ ਫੁੱਟ ਦੇ ਕਾਰਨ ਦਿੱਲੀ ਦੀ ਸੈਨਾ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਦਿੱਲੀ ਸੈਨਾ ਦਾ ਲੱਗਭਗ 1/3 ਹਿੱਸਾ ਨਸ਼ਟ ਹੋ ਗਿਆ। ਬਦਕਿਸਮਤੀ ਨਾਲ ਗੁਜਰਾਤ ਵੱਲ ਵਧਣ ਵਿੱਚ ਫਿਰੋਜ਼ ਆਪਣਾ ਰਸਤਾ ਗੁਆ ਬੈਠਿਆ ਕਿਉਂਕਿ ਉਸ ਦੇ ਪੱਥ-ਪ੍ਰਦਰਸ਼ਕਾਂ ਨੇ ਉਸ ਦੇ ਨਾਲ ਧੋਖਾਧੜੀ ਕੀਤੀ। ਉਹ ਕੱਚ ਦੀ ਖਾੜੀ ਵਿੱਚ ਪਹੁੰਚ ਗਿਆ। ਲੱਗਭਗ 6 ਮਹੀਨੇ ਤੱਕ ਸੁਲਤਾਨ ਅਤੇ ਉਸ ਦੀਆਂ ਸੈਨਾਵਾਂ ਦੇ ਵਿਸ਼ੇ ਵਿੱਚ ਕੁਝ ਪਤਾ ਨਾ ਚੱਲ ਸਕਿਆ। ਫਿਰ ਵੀ ਉਸ ਦੇ ਯੋਗ ਮੰਤਰੀ ਖਾਨੇ ਜਹਾਂ ਮਕਬੂਲ ਨੇ ਉਨ੍ਹਾਂ ਦੇ ਕੋਲ ਨਵੀਂ ਸੈਨਾ ਭੇਜੀ ਅਤੇ ਉਸ ਦੀ ਸਹਾਇਤਾ ਨਾਲ ਸੁਲਤਾਨ 1363 ਈ. ਵਿੱਚ ਸਿੰਧ 'ਤੇ ਹਮਲਾ ਕੀਤਾ ਅਤੇ ਉਨ੍ਹਾਂ ਨੂੰ ਸਮਝੌਤਾ ਕਰਨ ਲਈ ਮਜਬੂਰ ਕਰ ਦਿੱਤਾ। ਸਿੰਧ ਲੋਕ ਸੁਲਤਾਨ ਦਾ ਅਧਿਕਾਰ ਸਵੀਕਾਰ ਕਰਨ ਅਤੇ ਕਰ ਦੇ ਰੂਪ ਵਿੱਚ ਕਈ ਲੱਖ ਟੰਕੇ ਦਾ ਸਾਲਾਨਾ ਕਰ ਅਦਾ ਕਰਨ 'ਤੇ ਸਹਿਮਤ ਹੋ ਗਏ। ਜਾਮ ਬਬਾਨੀਆ ਨੂੰ ਦਿੱਲੀ ਲਿਆਂਦਾ ਗਿਆ ਅਤੇ ਉਸ ਦੀ ਜਗ੍ਹਾ 'ਤੇ ਉਸ ਦੇ ਭਰਾ ਦੀ ਨਿਯੁਕਤੀ ਕਰ ਦਿੱਤੀ ਗਈ। ਹਾਰ ਜਾਮਾਂ ਨੇ ਸੁਲਤਾਨ ਦੇ ਪ੍ਰਤੀ ਜੀਵਨ ਭਰ ਆਪਣੀ ਨਿਸ਼ਠਾ ਦਾ ਪ੍ਰਦਰਸ਼ਨ ਦਿੱਤਾ। ਡਾ. ਈਸ਼ਵਰੀ ਪ੍ਰਸ਼ਾਦ ਦੇ ਅਨੁਸਾਰ, "ਸਿੰਧ ਦਾ ਅਭਿਆਨ ਫਿਰੋਜ਼ ਤੁਗਲਕ ਦੇ ਸ਼ਾਸਨ ਕਾਲ ਦੀ ਇਕ ਅਤਿ ਮਨੋਰੰਜਕ ਘਟਨਾ ਹੈ। ਇਹ ਸੁਲਤਾਨ ਦੀ ਮੂਰਖਤਾ ਅਤੇ ਕੂਟਨੀਤਿਕ ਦੂਰਦਰਸ਼ਤਾ ਦੀ ਉਦਾਹਰਣ ਹੈ।"

**ਫਿਰੋਜ ਦੀ ਮ੍ਰਿਤੂ** (Death of Firoz) : ਸੁਲਤਾਨ ਦੇ ਅੰਤਮ ਦਿਨ ਸ਼ਾਂਤੀ ਪੂਰਣ ਨਹੀ ਸਨ। ਜਿਵੇਂ ਜਿਵੇਂ ਉਹ ਬੁੱਢਾ ਹੋਇਆ ਉਸਦਾ ਅਨੁਮਾਨ ਅਸਫਲ ਹੋਣ ਲੱਗਾ। ਸੁਲਤਾਨ ਨੂੰ ਇੱਕ ਤੀਬਰ ਧੱਕਾ ਲਗਿਆ ਜਦ ਕਿ 1374 ਈ. ਵਿਚ ਉਸਦੇ ਜਠੇਰੇ ਪੁੱਤਰ ਫਤੇਹ ਖਾਨ ਦਾ ਦੇਹਾਂਤ ਹੋ ਗਿਆ। ਅਪਣੇ ਪੁੱਤਰ ਮੁਹੰਮਦ ਨੂੰ ਸ਼ਾਸਨ ਪ੍ਰਬੰਧ ਵਿਚ ਹਿੱਸੇਦਾਰ ਬਣਾਉਣਾ ਸੁਲਤਾਨ ਦੇ ਲਈ ਇੱਕ ਗਲਤੀ ਸਿੱਧ ਹੋਈ। ਕਿਉਂਕਿ ਕੰਮ ਕਰਨ ਦੀ ਜਗ੍ਹਾ ਰਾਜਕੁਮਾਰ ਨੇ ਅਪਣਾ ਸਾਰਾ ਸਮਾਂ ਵਿਲਾਸ ਵਿਚ ਖਰਚ ਕੀਤਾ। ਰਾਜਕੁਮਾਰ ਦੀ ਕੰਮ ਵਿਚ ਰੁਚੀ ਪੈਦਾ ਕਰਾਉਣ ਲਈ ਬਹੁਤ ਸਾਰੀ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਨਿਸਫਲ ਰਹੇ। ਨਿਰਾਸ਼ ਹੋ ਕੇ ਕੁਲੀਨ ਪੁਰਖਾਂ ਨੇ ਮੁਹੰਮਦ ਖਾਨ ਦੀ ਸ਼ਕਤੀ ਦੇ ਵਿਰੁਧ ਇਕ ਵਿਦਰੋਹ ਖੜਾ ਕਰ ਦਿੱਤਾ ਅਤੇ ਮੁਹੰਮਦ ਖਾਨ ਲੜਨ ਲਈ ਮਜਬੂਰ ਹੋ ਗਿਆ। ਉਹ ਵਿਜੈ ਦੇ ਨੇੜੇ ਆ ਚੁੱਕਾ ਸੀ ਜਦ ਕਿ ਕੁਲੀਨ ਪੁਰਖ ਸੁਲਤਾਨ ਨੂੰ ਰਣਖੇਤਰ ਵਿਚ ਲੈ ਆਏ। ਫਲ ਇਹ ਹੋਇਆ ਕਿ ਮੁਹੰਮਦ ਖਾਨ ਹਾਰ ਗਿਆ ਅਤੇ ਅਪਣੀ ਜਾਨ ਬਚਾਉਣ ਦੇ ਲਈ ਉਹ ਸਿਰਮੌਰ ਦੀ ਪਹਾੜੀਆਂ ਵਿਚ ਦੌੜ ਗਿਆ। ਤਦ ਫਿਰੋਜ ਨੇ ਅਪਣੇ ਪੌਤਰੇ ਗਯਾਸੁਦੀਨ ਤੁਗਲਕ ਸ਼ਾਹ (ਫਤੇਹਖਾਨ ਦੇ ਪੁੱਤਰ) ਨੂੰ ਅਪਣਾ ਉਤੱਰਾਧਿਕਾਰੀ ਨਿਯੁਕਤ ਕੀਤਾ ਉਸਨੂੰ ਰਾਜਸੀ ਉਪਾਧੀ ਵੀ ਪ੍ਰਦਾਨ ਦਿੱਤੀ। 80 ਸਾਲ ਦੀ ਉਮਰ ਵਿਚ ਫਿਰੋਜ ਤੁਗਲਕ ਦੀ 20 ਸਿਤੰਬਰ 1388 ਈ. ਨੂੰ ਮ੍ਰਿਤੂ ਹੋ ਗਈ। ਮੋਰਲੈਂਡ ਦੇ ਮਤ ਅਨੁਸਾਰ "ਫਿਰੋਜ ਦੀ ਮ੍ਰਿਤੂ ਨਾਲ ਇਕ ਯੁਗ ਸਮਾਪਤ ਹੋ ਗਿਆ। ਕੁਝ ਹੀ ਸਾਲਾਂ ਵਿਚ ਸਾਮਰਾਜ ਛਿੰਨ ਭਿੰਨ ਹੋ ਗਿਆ ਅਤੇ ਪੰਦਰਵ੍ਹੀ ਸ਼ਤਾਬਦੀ ਦੇ ਪਹਿਲੇ ਅੱਧ ਵਿਚ ਭਾਰਤ ਵਿਚ ਇੱਕ ਵੀ ਪ੍ਰਭਾਵਸ਼ਾਲੀ ਮੁਸਲਿਮ ਵਿਚ ਸ਼ਕਤੀ ਨਾ ਰਹੀ।"

**ਖਾਨੇ ਜਹਾਨ ਮਕਬੂਲ** (Khan-i-Jahan Maqbul): ਖਾਨੇ ਜਹਾਨ ਮਕਬੂਲ ਵਾਸਤਵ ਵਿਚ ਤੇਲੰਗਾਨਾ ਦਾ ਹਿੰਦੂ ਰਾਜਾ ਸੀ। ਉਸਦਾ ਨਾਮ ਕੱਟੂ ਜਾਂ ਕੁੰਨੂ ਸੀ। ਮੁਹੰਮਦ ਤੁਗਲਕ ਦੇ ਸਮੇਂ ਵਿਚ ਉਹ ਮੁਸਲਮਾਨ ਬਣ ਗਿਆ। ਉਸਨੂੰ ਸੁਲਤਾਨ ਦੀ ਜਾਗੀਰ ਮਿਲ ਗਈ ਸੀ ਅਤੇ ਉਸਨੇ ਬੜੀ ਕੁਸ਼ਲਤਾ ਨਾਲ ਉਸ ਦਾ ਰਾਜ ਪ੍ਰਬੰਧ ਵੀ ਕੀਤਾ। ਜਦ ਫਿਰੋਜ ਗੱਦੀ ਉਤੇ ਬੈਠਾ, ਉਸਨੇ ਮਕਬੂਲ ਨੂੰ ਅਪਣੇ ਦਰਬਾਰ ਵਿਚ ਬੁਲਾਇਆ ਅਤੇ ਅਹਮਦ-ਬਿਨ-ਅਯਾਜ ਦੇ ਪਤਨ ਤੋਂ ਬਾਦ ਉਸਨੂੰ ਪ੍ਰਧਾਨਮੰਤਰੀ ਬਣਾ ਦਿੱਤਾ। ਸੁਲਤਾਨ ਨੇ ਉਸਨੂੰ ਖਾਨੇ ਜਹਾਨ ਮਤਲਬ "ਵਿਸ਼ਵ ਦਾ ਸਵਾਮੀ" ਦੀ ਉਪਾਧੀ ਪ੍ਰਦਾਨ ਕੀਤੀ। ਸੁਲਤਾਨ ਨੂੰ ਉਸ ਵਿਚ ਏਨਾ ਵਿਸ਼ਵਾਸ ਸੀ ਕਿ ਜਦ ਵੀ ਕਦੀ ਉਹ ਦਿੱਲੀ ਤੋਂ ਬਾਹਰ ਜਾਂਦਾ ਸੀ, ਤਾਂ ਰਾਜ ਦਾ ਕੰਮ ਕਾਰ ਮਕਬੂਲ ਨੂੰ ਸੌਂਪ ਦਿੰਦਾ ਸੀ। ਉਸਨੇ ਵੀ ਸਹਾਇਤਾਰਥ ਸੇਨਾ ਭੇਜ ਕੇ ਅਪਣੇ ਰਾਜਾ ਨੂੰ ਸਿੰਘ ਵਿਚ ਹਾਰਨ ਤੋਂ ਬਚਾ ਲਿਆ ਸੀ। ਲੇਨਪੂਲ ਦੇ ਮਤ ਅਨੁਸਾਰ, "ਸੁਲਤਾਨ ਦਾ ਸਹਾਇਕ ਹੋਣ ਦੇ ਨਾਤੇ ਉਸਨੇ ਉਸ ਸਮੇਂ ਰਾਜ ਨੂੰ ਸੁਰੱਖਿਤ ਰੱਖਿਆ ਜਦ ਕਿ ਉਸਦਾ ਸਵਾਮੀ ਬਾਹਰ ਹੁੰਦਾ ਸੀ। ਉਸਨੇ ਅਪੂਰਵ ਯੋਗਤਾ ਅਤੇ ਕੁਸ਼ਲਤਾ ਨਾਲ ਰਾਜ ਦਾ ਸ਼ਾਸਨ ਪ੍ਰਬੰਧ ਚਲਾਇਆ। ਜੇਕਰ ਪਹਿਲੇ ਦੀ ਬਜਾਏ ਸੀਮਾਵਾਂ ਵਧ ਸੀਮਿਤ ਹੁੰਦੀ ਤਾਂ ਛੋਟੇ ਖੇਤਰ ਨੂੰ ਵਧ ਵਿਕਸਤ ਅਤੇ ਵਧ ਉਪਜਾਊ ਬਣਾ ਦਿੱਤਾ ਜਾਂਦਾ। ਬੇਸ਼ੱਕ ਇਹ ਮਕਬੂਲ ਦਾ ਪ੍ਰਭਾਵ ਅਤੇ ਰਾਜਪੂਤ ਇਸਤਰੀ ਬੀਬੀ ਲੈਲਾ ਦੇ ਖੂਨ ਦਾ ਹੀ ਪ੍ਰਭਾਵ ਸੀ ਕਿ ਨਵੇਂ ਸ਼ਾਸਨ ਵਿਚ ਅਤਿਅਧਿਕ ਕੁਲੀਨਤਾ ਅਤੇ ਖੇਤੀ ਬਾੜੀ ਵਰਗ ਦੇ ਲਈ ਵਿਚਾਰਸ਼ੀਲਤਾ ਦੇ ਗੁਣ ਪ੍ਰਗਟ ਹੋਏ।"

ਹਾਲਾਂਕਿ ਮਕਬੂਲ ਇਕ ਮਹਾਨ ਰਾਜ ਨਿਤਿਗ ਸੀ ਫਿਰ ਵੀ ਭੋਗ ਵਿਲਾਸ ਦਾ ਦਾਸ ਵੀ ਸੀ। ਉਸਦੀ ਮਨਾਹੀ ਵਾਲੀ ਜਗ੍ਹਾ ਵਿਚ ਕਾਲੇ ਰੰਗ ਦੀਆਂ ਯੂਨਾਨੀ ਇਸਤਰੀਆਂ ਤੋਂ ਲੈ ਕੇ ਕੇਸਰੀ ਰੰਗ ਦੀਆਂ ਚੀਨੀ ਇਸਤਰੀਆਂ ਤਕ ਲਗਭਗ 2000 ਇਸਤਰੀਆਂ ਰਹਿੰਦੀਆਂ ਸਨ। ਸੁਲਤਾਨ ਨੂੰ ਮਕਬੂਲ ਤੋਂ। ਇੰਨਾ ਪਿਆ ਸੀ ਕਿ ਉਸ ਨੇ ਉਸ ਦੇ ਹਰੇਕ ਪੁੱਤਰ ਨੂੰ ਇਕ ਹਜ਼ਾਰ ਤੋਂ ਜ਼ਿਆਦਾ ਦੀ ਸਲਾਨਾ ਆਮਦਨ ਅਤੇ ਉਸ ਦੀ ਹਰੇਕ ਪੁੱਤਰੀ ਦੇ ਵਿਆਹ ਦੇ ਲਈ ਉਸ ਤੋਂ ਵੀ ਜ਼ਿਆਦਾ ਧਨ ਸਵੀਕਾਰ ਕਰ ਰੱਖਿਆ ਸੀ। ਉਸ ਦੇ ਹਰਮ ਦੀਆਂ ਇਸਤਰੀਆਂ ਦੀ ਸੰਖਿਆ ਦੇਖਦੇ ਹੋਏ ਇਹ ਖਰਚ ਬਹੁਤ ਜ਼ਿਆਦਾ ਹੋਵੇਗਾ। ਮਕਬੂਲ ਵਿੱਚ ਹੋਰ ਦੋਸ਼ ਵੀ ਸੀ। ਉਹ ਆਪਣੇ ਰਿਸ਼ਤੇਦਾਰਾਂ ਅਤੇ ਬੱਚਿਆਂ ਦੇ ਲਈ ਬਹੁਤ ਉਚੇ ਅਤੇ ਆਮਦਨ ਵਾਲੇ ਪਦ ਪ੍ਰਦਾਨ ਕਰਦਾ ਸੀ। ਮਕਬੂਲ

ਨੋਟ

ਕਾਫੀ ਲੰਬੀ ਉਮਰ ਤੱਕ ਜਿਉਂਦਾ ਰਿਹਾ ਅਤੇ ਜਦੋਂ 1370 ਈ. ਵਿੱਚ ਉਸ ਦੀ ਮੌਤ ਹੋ ਗਈ ਤਾਂ ਪਿਤਾ ਦੀ ਜਗ੍ਹਾ 'ਤੇ ਉਸ ਦੇ ਪੁੱਤਰ ਜੂਨਾ ਸ਼ਾਹ ਨੂੰ ਨਿਯੁਕਤ ਕਰ ਦਿੱਤਾ ਗਿਆ ਅਤੇ ਉਸ ਨੂੰ ਵੀ ਖਾਨੇ ਜਹਾਂ ਦੀ ਉਪਾਧੀ ਦਿੱਤੀ ਗਈ। ਬਦਕਿਸਮਤੀ ਨਾਲ ਉਹ ਆਪਣੇ ਪਿਤਾ ਦੀ ਤਰ੍ਹਾਂ ਵਫਾਦਾਰ ਨਹੀਂ ਨਿਕਲਿਆ। ਉਸ ਨੇ ਸੁਲਤਾਨ ਅਤੇ ਉਸ ਦੇ ਪੁੱਤਰ ਰਾਜ ਕੁਮਾਰ ਖਾਂ ਵਿੱਚ ਸਬੰਧ ਵਿਗਾੜਨ ਦਾ ਯਤਨ ਕੀਤਾ। ਜਦੋਂ ਸੁਲਤਾਨ ਨੂੰ ਇਸ ਦਾ ਗਿਆਨ ਹੋਇਆ ਤਾਂ ਉਸ ਨੂੰ ਕੱਢ ਦਿੱਤਾ ਗਿਆ।

**ਫਿਰੋਜ ਦਾ ਵਿਅਕਤੀਤਵ ਅਤੇ ਮੁੱਲਆਂਕਨ** (Character and Estimate) : ਸਮਕਾਲੀਨ ਭਾਰਤੀਯ ਲੇਖਕ ਫਿਰੋਜ ਦੀ ਪ੍ਰਸ਼ੰਸਾ ਕਰਨ ਵਿਚ ਇਕ ਮਤ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਨਸੀਰੁਦੀਨ ਮੁਹੰਮਦ ਦੇ ਸਮੇਂ ਤੋਂ ਕੋਈ ਵੀ ਰਾਜਾ ਐਸਾ ਨਿਆਂ ਪ੍ਰਿਯ ਦਿਆਲੂ ਈਸ਼ਵਰ ਤੋਂ ਡਰਨ ਵਾਲਾ ਅਤੇ ਨਿਰਮਾਣ ਕਰਤਾ ਨਹੀਂ ਹੋਇਆ ਜਿਹਾ ਫਿਰੋਜ ਸੀ। ਜਨਤਾ ਫਿਰੋਜ ਦੀ ਉਪਾਸਨਾ ਕਰਦੀ ਸੀ। ਉਸਨੇ ਬੁਰਾਈਆਂ ਵਿਚ ਸੁਧਾਰ ਕੀਤਾ। ਉਸਨੇ ਅਤਿਆਚਾਰ ਉਤੇ ਬੰਦਸ਼ਾ ਲਗਾਈਆਂ। ਉਸਨੇ ਸਿੰਜਾਈ ਵਿਚ ਵਾਧਾ ਕੀਤਾ। ਉਸਨੇ ਬੇਕਾਰ ਅਤੇ ਜ਼ਰੂਰਤਮੰਦਾਂ ਵੱਲ ਧਿਆਨ ਦਿੱਤਾ। ਉਸਨੇ ਬੁੱਢੇ ਅਧਿਕਾਰੀਆਂ ਨੂੰ ਕੱਢਣ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਉਨ੍ਹਾਂ ਦੇ ਸਥਾਨ ਉਤੇ ਕੰਮ ਕਰਨ ਦੀ ਆਗਿਆ ਦਿੱਤੀ। ਉਸਨੇ ਗਰੀਬ ਮੁਸਲਮਾਨਾਂ ਦੇ ਵਿਆਹ ਦੇ ਵਿਸ਼ੇ ਵਿਚ ਸਹਾਇਤਾ ਕੀਤੀ। ਉਸਨੇ ਸਭ ਵਰਗਾਂ ਦੇ ਮਨੁੱਖਾਂ ਦੇ ਲਈ ਹਸਪਤਾਲ ਦਾ ਪ੍ਰਬੰਧ ਕਰਾਇਆ। ਉਹ ਇੱਕ ਸੱਚਾ ਮੁਸਲਮਾਨ ਸੀ। ਉਹ ਰੋਜੇ ਰੱਖਦਾ ਸੀ ਅਤੇ ਲੋਕ ਪ੍ਰਾਰਥਨਾਵਾਂ ਵੀ ਕਰਦਾ ਸੀ। ਅਪਣੇ ਬੁਢਾਪੇ ਵਿਚ ਉਹ ਬਹਰਾਇਚ ਵਿਚ ਸਲਰ ਮਸੂਦ ਦੇ ਤੀਰਥ ਸਥਾਨ ਤੇ ਆਇਆ ਅਤੇ ਉਥੇ ਉਸਨੇ ਇੱਕ ਪਾਵਨ ਕਾਰਜ ਦੇ ਰੂਪ ਵਿਚ ਅਪਣਾ ਮੁੰਡਨ ਕਰਾਇਆ। ਉਸਨੇ ਕੁਰਾਨ ਦਾ ਬਿਨਾਂ ਵਾਦ–ਵਿਵਾਦ ਕੀਤੇ ਕੋਈ ਵੀ ਕਾਰਜ ਨਹੀਂ ਕੀਤਾ। ਉਸਨੇ ਰਾਜਪਾਲ ਦਾ ਚੁਣਾਉ ਕਰਦੇ ਸਮੇਂ ਪਵਿਤਰ ਪੁਸਤਕ ਦੇ ਸ਼ੁਭ ਸੰਕੇਤਾਂ ਦੇ ਅਨੁਸਾਰ ਕਾਰਜ ਕੀਤਾ। ਉਹ ਅਪਣੀ ਜਨਤਾ ਦੇ ਕਲਆਨ ਦੇ ਲਈ ਚਿੰਤਿਤ ਰਹਿੰਦਾ ਸੀ। ਉਸਨੇ ਸ਼ਾਸਨ ਕਾਲ ਵਿਚ ਜਨਤਾ ਨੇ ਖੁਸ਼ਹਾਲੀ ਦਾ ਆਨੰਦ ਲਿਆ।

ਫਿਰ ਵੀ, ਉਸਦੇ ਜੀਵਨ ਦੇ ਕੁਝ ਪਹਿਲੂ ਹਨ ਜਿਹੜੇ ਉਸਦੀ ਮਹਾਨਤਾ ਉਤੇ ਦੁਖੀ ਹੁੰਦੇ ਹਨ। ਉਹ ਇੱਕ ਸੈਨਾਨੀ ਨਹੀਂ ਸੀ ਅਤੇ ਇਸਲਈ ਉਸਨੇ ਉਨ੍ਹਾਂ ਪ੍ਰਦੇਸ਼ਾਂ ਨੂੰ ਫਿਰ ਤੋਂ ਜਿੱਤਣ ਦੀ ਕੋਸ਼ਿਸ਼ ਨਹੀਂ ਕੀਤੀ ਜਿਹੜੇ ਉਸਦੇ ਪੁਰਵਵਰਤੀਆਂ ਦੇ ਸਮੇਂ ਵਿਚ ਦੱਖਣ ਵਿਚ ਖੋਏ ਜਾ ਚੁੱਕੇ ਸਨ। ਉਹ ਸ਼ਾਸਨ ਪ੍ਰਬੰਧ ਵਿਚ ਕਠੋਰ ਨਹੀਂ ਸੀ। ਉਸਦੀ ਅਨੁਚਿਤ ਉਦਾਰਤਾ ਸਪੱਸ਼ਟ ਕਰਨ ਦੇ ਲਈ ਅਨੇਕ ਉਦਾਹਰਣ ਦਿੱਤੇ ਜਾ ਸਕਦੇ ਹਨ। ਇਹ ਪਹਿਲਾਂ ਹੀ ਦੱਸਿਆ ਜਾ ਚੁੱਕਿਆ ਹੈ ਕਿ ਉਸਨੇ ਇਕ ਸਿਪਾਹੀ ਨੂੰ ਟੰਕਾ ਦਿੱਤਾ ਜਿਸ ਨਾਲ ਉਹ ਆਪਣੇ ਨਿਰੀਖਕ ਨੂੰ ਰਿਸ਼ਵਤ ਦੇ ਸਕੇ। ਸੁਲਤਾਨ ਨੇ ਸਾਮੰਤੀ ਆਧਾਰ ਉਤੇ ਅਪਣੀ ਸੈਨਾ ਦਾ ਸੰਗਠਨ ਕਰਕੇ ਇਕ ਗਲਤੀ ਕੀਤੀ। ਉਸਨੇ ਜਾਗੀਰ ਪ੍ਰਥਾ ਦਾ ਦੁਬਾਰਾ ਸੰਚਾਲਨ ਨਹੀਂ ਸੀ ਕਰਨਾ ਚਾਹੀਦਾ ਜਿਸ ਦਾ ਅਲਾਉਦੀਨ ਖਿਲਜੀ ਨੇ ਖਤਮ ਕਰ ਦਿੱਤਾ ਸੀ। ਬੜੀ ਜਾਗੀਰਾਂ ਦਾ ਅਨੁਦਾਨ ਪਰੇਸ਼ਾਨੀ ਪੈਦਾ ਕਰਨ ਵਾਲਾ ਸੀ ਅਤੇ ਅਖੀਰ ਤੁਗਲਕ ਰਾਜ ਨੂੰ ਛਿੰਨ ਭਿੰਨ ਕਰਨ ਵਿਚ ਇਹ ਤੱਤ ਵੀ ਛੋਟੀ ਹਿੱਸੇਦਾਰੀ ਵਿਚ ਜ਼ਿੰਮੇਦਾਰ ਬਣੇ। ਤੁਗਲਕ ਵੰਸ਼ ਦੇ ਪਤਨ ਦੀ ਛੋਟੀ ਹਿੱਸੇਦਾਰੀ ਉਤੱਰਦਾਇਤਵ ਸਮਰਾਟਾਂ ਦੀ ਧਾਰਮਿਕ ਨੀਤੀ ਤੇ ਵੀ ਹੈ। ਹਿੰਦੂ ਅਤੇ ਗੈਰ ਸੁੰਨੀ ਮੁਸਲਮਾਨ ਤੁਗਲਕ ਸਮਰਾਟ ਦੇ ਸ਼ਤਰੂ ਬਣ ਗਏ। ਸੁਲਤਾਨ ਨੇ ਉਲੇਮਾਵਾਂ ਨੂੰ ਵੀ ਸ਼ਾਸਨ ਕੰਮਾਂ ਦਾ ਸਵਾਮੀ ਬਣਾ ਕੇ ਠੀਕ ਕੰਮ ਨਹੀਂ ਕੀਤਾ। ਡਾ. ਆਰ.ਪੀ. ਤ੍ਰਿਪਾਠੀ ਦੇ ਅਨੁਸਾਰ "ਇਤਿਹਾਸ ਦੀ ਮੁਸ਼ਕਿਲ ਕਹਿਣ ਨਾਲ ਪ੍ਰਦਰਸ਼ਿਤ ਹੁੰਦੀ ਹੈ ਕਿ ਜਿਨ੍ਹਾਂ ਤੱਤਾ ਨੇ ਫਿਰੋਜ ਨੂੰ ਲੋਕਪ੍ਰਿਯਤਾ ਪ੍ਰਦਾਨ ਕੀਤੀ ਉਹੋ ਤੱਤ ਦਿੱਲੀ ਦੀ ਸਲਤਨਤ ਨੂੰ ਕਮਜੋਰ ਬਣਾਉਣ ਦੇ ਲਈ ਬੜੀ ਮਾਤਰਾ ਵਿਚ ਜ਼ਿੰਮੇਦਾਰ ਹਨ।"

ਐਨ.ਆਰ. ਸ਼ਰਮਾ ਦੇ ਵਿਚਾਰ ਅਨੁਸਾਰ "ਫਿਰੋਜ ਨਾਂ ਅਸ਼ੋਕ ਸੀ ਨਾਂ ਅਕਬਰ, ਜਿਹੜਾ ਧਾਰਮਿਕ ਸੰਜਮ ਦੇ ਲਈ ਪ੍ਰਸਿੱਧ ਹੈ। ਫਿਰੋਜ ਔਰੰਗਜੇਬ ਦੀ ਤਰ੍ਹਾਂ ਧਰਮੋਨਮਤ ਸੀ, ਉਸਦੇ ਉਲਟ ਉਹ ਬਹੁਤ ਸ਼ਰਾਬ ਪੀਣ ਵਾਲਾ ਵੀ ਸੀ ਪਰ ਇਸ ਸਭ ਦੇ ਹੁੰਦੇ ਹੋਏ ਵੀ ਉਹ ਅਪਣੇ ਹਰੇਕ ਪੂਰਵਵਰਤੀ ਤੋਂ ਜ਼ਿਆਦਾ ਰਚਨਾਤਮਕ ਬੁੱਧੀ ਰੱਖਦਾ ਸੀ। ਸੈਨਿਕ ਉਤਸ਼ਾਹਭਾਵ ਅਤੇ ਰਾਜ ਵਿਚ ਸਾਮੰਤਵਾਦ ਲਿਆਉਣ ਦੀ ਮੂਰਖਤਾ ਹੀ ਉਹ ਹੋਰ ਦੋਸ਼ ਹਨ ਜਿਹੜੇ ਉਸ ਉੱਤੇ ਲਗਾਏ ਗਏ ਹਨ। (The Crescent in India, p. 154)

ਫਿਰੋਜ ਦੀ ਤੁਲਨਾ ਜਲਾਲੁਦੀਨ ਖਿਲਜੀ ਨਾਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਇਹ ਕਿਹਾ ਜਾਂਦਾ ਹੈ ਕਿ ਫਿਰੋਜ ਦੀ ਹੋਰ ਕਿਸੀ ਸ਼ਾਸਕ ਦੀ ਬਜਾਏ ਨਸੀਰੁਦੀਨ ਮੁਹੰਮਦ ਨਾਲ ਤੁਲਨਾ ਕਰਨਾ ਠੀਕ ਹੋਵੇਗਾ। ਨਸੀਰੁਦੀਨ ਦੀ ਤਰ੍ਹਾਂ ਉਹ ਧਰਮ ਦੇ ਪ੍ਰਤੀ ਅਭਿਰੁਚੀ ਰੱਖਦਾ ਸੀ ਅਤੇ ਉਸੇ ਦੀ ਤਰ੍ਹਾਂ ਉਸਨੇ ਖਾਨੇ–ਜਹਾਨ–ਮਕਬੂਲ ਨੂੰ ਅਪਣਾ ਬਲਬਨ ਮੰਨਿਆ। ਦੋਵੇਂ ਸ਼ਾਸਕ ਕੋਮਲ ਅਤੇ ਮੁਆਫ਼ ਕਰਨ ਵਾਲੇ ਸੁਭਾਅ ਦੇ ਸਨ, ਹਾਲਾਂਕਿ ਫਿਰੋਜ ਵੱਧ ਕੁਸ਼ਲ ਸ਼ਾਸਕ ਸੀ। ਸਰ ਵੁਲੱਜਲੇ ਹੇਗ ਦੇ ਅਨੁਸਾਰ "ਦੋਵੇਂ ਨਿਰਬਲ ਸ਼ਾਸਕ ਸਨ, ਪਰ ਮੁਹੰਮਦ ਦੀ ਬਜਾਏ ਫਿਰੋਜ ਦੀ ਦਿਆਲੁਤਾ ਮੁਹੰਮਦ ਦੀ ਬਜਾਏ ਵਧ ਸਕਿਰਿਆ ਸੀ। ਫਿਰੋਜ ਮੁਹੰਮਦ ਦੀ ਬਜਾਏ ਵਧ ਯੋਗਤਾ ਰੱਖਦਾ ਸੀ ਅਤੇ ਉਸ ਦੀ ਕਮਜੋਰੀ ਦਾ ਕਾਰਣ ਇਹ ਸੀ ਕਿ ਉਹ ਇੱਕ ਸੁਸਤ ਮਨੁੱਖ ਦੀ ਭਾਂਤ ਅਪਣੇ ਵਿਵਸਾਅ ਦੇ ਵਿਸਥਾਰ ਵਿਚ ਜਾਣ ਤੋਂ ਘ੍ਰਿਣਾ ਕਰਦਾ ਸੀ ਅਤੇ ਕਸ਼ਟ ਸਹਿਣ ਕਰਨ ਤੋਂ ਬਚਣਾ ਚਾਹੁੰਦਾ ਸੀ। ਉਸਦੀ ਦਿਆਲੁਤਾ ਗਲਤੀ ਭਰੀ ਸੀ ਕਿਉਂਕਿ ਉਹ ਭ੍ਰਿਸ਼ਟਾਚਾਰ ਅਧਿਕਾਰੀਆਂ ਦੇ ਪ੍ਰਤੀ ਉਤਨੀ ਹੀ ਦਿਆਲੁਤਾ ਵਰਤਦਾ ਸੀ ਜਿਤਨੀ ਆਲਸੀ ਕਿਸਾਨਾਂ ਦੇ ਵੱਲ ਉਸਦਾ ਸਰਵਜਨਿਕ ਉਪਯੋਗ ਦੀਆਂ ਵਸਤਾਂ ਦੇ ਨਿਰਮਾਣ ਦੇ ਪ੍ਰਤੀ ਦਿਲਚਸਪੀ ਕਦੇ–ਕਦੇ ਉਸਦੀ ਦਿਆਲੁਤਾ ਅਤੇ ਆਡੰਬਰ ਦੇ ਕਾਰਨ ਸੀ।" (Cambridge History of India, Vol. III, p. 184-85)

ਨੋਟ

ਹੇਨਰੀ ਇਲਿਅਟ ਨੇ ਫਿਰੋਜ਼ ਦੀ ਤੁਲਨਾ ਅਕਬਰ ਨਾਲ ਕਰਨ ਦਾ ਯਤਨ ਕੀਤਾ ਹੈ। ਪਰ ਡਾ. ਈਸ਼ਵਰੀ ਦਾ ਕਥਨ ਹੈ ਕਿ ਇਹ ਤੁਲਨਾ ਜ਼ਰੂਰੀ ਅਤੇ ਅੰਨਿਆਸੰਗਤ ਹੈ। ਉਸ ਦੇ ਕਥਨ ਅਨੁਸਾਰ, "ਫਿਰੋਜ਼ ਵਿੱਚ ਉਸ ਬੁੱਧੀ ਦਾ ਸ਼ਤਾਂਸ਼ ਵੀ ਨਹੀਂ ਸੀ ਜੋ ਅਜਿਹੇ ਵਿਸ਼ਾਲ ਦਿਲ ਵਾਲੇ ਅਤੇ ਬੁੱਧੀਮਾਨ ਸ਼ਾਸਕ ਦੇ ਲਈ ਜ਼ਰੂਰੀ ਹੈ ਜੋ ਸਰਵਜਨਕ ਹਿੱਤ ਦੇ ਉਸ ਸੰਚ ਨਾਲ ਸਾਰੇ ਵਰਗਾਂ ਅਤੇ ਪੰਥਾਂ ਵੱਲੋਂ ਸ਼ਾਂਤੀ, ਸਦਭਾਵਨਾ ਅਤੇ ਸਹਿਣਸ਼ੀਲਤਾ ਦੇ ਉਦੇਸ਼ ਦਿੰਦਾ ਸੀ। ਫਿਰੋਜ਼ ਦੇ ਸੁਧਾਰਾਂ ਵਿੱਚ ਸਥਿਰਤਾ ਦਾ ਅਹਿਸਾਸ ਸੀ, ਉਹ ਮੁਸਲਮਾਨ ਸ਼ਾਸਨ ਵਿਵਸਥਾ ਨੂੰ ਸ਼ਕਤੀਸ਼ਾਲੀ ਬਣਾਉਣ ਅਤੇ ਉਨ੍ਹਾਂ ਹਿੰਦੂਆਂ ਦਾ ਵਿਸ਼ਵਾਸ ਜਿੱਤਣ ਵਿੱਚ ਅਸਫਲ ਰਹੇ ਜਿਨ੍ਹਾਂ ਦੀਆਂ ਭਾਵਨਾਵਾਂ ਉਸ ਦੀ ਧਾਰਮਿਕ ਅਸਹਿਣਸ਼ੀਲਤਾ ਨਾਲ ਸਖਤ ਬਣ ਚੁੱਕੀਆਂ ਸਨ। ਉਨ੍ਹਾਂ ਨੇ ਪੂਰੀ ਤਰ੍ਹਾਂ ਅਜਿਹੀ ਪ੍ਰਤੀਕਿਰਿਆ ਨੂੰ ਜਨਮ ਦਿੱਤਾ, ਜੋ ਉਸੇ ਵੰਸ਼ ਦੇ ਲਈ ਘਾਤਕ ਸਿੱਧ ਹੋਈ ਜਿਸ ਦਾ ਉਹ ਕਿਸੇ ਤਰ੍ਹਾਂ ਨਾਲ ਕੋਈ ਯੋਗ ਪ੍ਰਤੀਨਿਧੀ ਸੀ।" (Medieval India, p. 314-15)।

ਸਰ ਵੁੱਲਜਲੇ ਹੇਗ ਦੇ ਮਤਾਨੁੰਸਾਰ "ਫਿਰੋਜ ਦਾ ਸ਼ਾਸਨਕਾਲ ਅਕਬਰ ਦੇ ਸ਼ਾਸਨ ਕਾਲ ਦੇ ਪਹਿਲੇ ਭਾਰਤ ਵਿਚ ਮੁਸਲਿਮ ਸ਼ਾਸਨ ਦੇ ਅਤਿਅਧਿਕ ਤੇਜਵਾਨ ਯੁਗ ਵਿਚ ਅਵਉਨੰਤੀ ਲਿਆਉਂਦਾ ਹੈ।" ਅਪਣੇ ਚਰਿੱਤਰ ਵਿਚ ਕੁਝ ਦੋਸ਼ਾਂ ਦੇ ਹੁੰਦੇ ਹੋਏ ਵੀ ਫਿਰੋਜ "ਸ਼ਾਸਨ ਪ੍ਰਬੰਧ ਨੂੰ ਸੁਧਾਰਨ ਅਤੇ ਅਪਣੀ ਜਨਤਾ ਦੀ ਦਸ਼ਾ ਸੰਭਾਲਣ ਅਤੇ ਉਸ ਦਾ ਪ੍ਰੇਮ ਜਿੱਤਣ ਵਿਚ ਸਫਲ ਹੋਇਆ। ਸੈਨਿਕ ਕਾਬਲੀਅਤ ਅਤੇ ਮਿਹਨਤਾਨਾ ਐਸੇ ਗੁਣ ਹਨ ਜਿਹੜੇ ਪੁਰਾਣੇ ਸ਼ਾਸਕਾਂ ਦੇ ਲਈ ਬਹੁਤ ਜ਼ਰੂਰੀ ਸਨ। ਫਿਰੋਜ ਵਿਚ ਇਨ੍ਹਾਂ ਦੋਵਾਂ ਦਾ ਅਭਾਵ ਸੀ। ਬੰਗਾਲ ਵਿਚ ਦੋ ਅਸਫਲ ਅਭਿਯਾਨਾਂ ਦੇ ਬਾਦ ਉਸ ਦੇ ਕੋਲ ਪ੍ਰਦੇਸ਼ ਦਾ ਸਵਧੀਨਤਾ ਨੂੰ ਮਾਨਤਾ ਦੇਣ ਦੇ ਸਿਵਾਏ ਹੋਰ ਕੋਈ ਰਸਤਾ ਨਹੀਂ ਰਿਹਾ। ਉਸਦੇ ਉਤਾਵਲੇਪਣ ਨੇ ਦੋ ਵਾਰ ਉਸਦੀ ਸੈਨਾ ਦੇ ਅਸਤਿਤਵ ਨੂੰ ਖਤਰੇ ਵਿਚ ਪਾ ਦਿੱਤਾ। ਉਸ ਦਾ ਬੁਰਾਈਆਂ ਨੂੰ ਆਸਾਨੀ ਤੋਂ ਸਹਿਣ ਕਰ ਲੈਣ। ਉਸ ਦੀ ਸਰਵ ਉੱਚ ਸੱਤਾ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੰਦਾ ਜੇਕਰ ਉਸਦੇ ਉਹ ਅਧਿਕਾਰੀ, ਜਿਨ੍ਹਾਂ ਨੂੰ ਹੋਸ਼ਿਆਰੀ ਦੇ ਨਾਲ ਚੁਣਿਆ ਸੀ ਅਤੇ ਜਿਨ੍ਹਾਂ ਉਪਰ ਉਸਦਾ ਪੂਰਣ ਵਿਸ਼ਵਾਸ ਸੀ ਪੂਰੀ ਤਰ੍ਹਾਂ ਚੌਕਸ ਅਤੇ ਸਾਵਧਾਨ ਨਾ ਹੁੰਦੇ। ਉਹ ਵਿਅਕਤੀਤਵ ਲੋਕਪ੍ਰਿਯਤਾ ਜੋ ਉਸਨੇ ਇਕ ਵਹਮੀ, ਨਿਰੰਕੁਸ਼ ਅਤੇ ਅਤਿਆਚਾਰ ਸ਼ਾਸਕ ਦੇ ਪ੍ਰਿਯ ਤੇ ਦਇਆਵਾਨ ਉਤਰਾਧਿਕਾਰੀ ਹੋਣ ਉਤੇ ਪ੍ਰਾਪਤ ਕੀਤੀ, ਉਸਨੇ ਉਸਦੇ ਵਿਸ਼ਵਸਨੀਯ ਅਧਿਕਾਰੀਆਂ ਦੇ ਵਿਸ਼ਵਾਸ ਨੂੰ ਪ੍ਰਾਪਤ ਕਰ ਲਿਆ, ਪਰ ਉਨ੍ਹਾਂ ਦੇ ਲਈ ਉਸਦੇ ਅਤਿਅਧਿਕ ਸ਼ਕਤੀਦਾਨ ਨੇ ਗੱਦੀ ਦੀ ਸ਼ਕਤੀ ਨੂੰ ਘਟਾ ਦਿੱਤਾ। ਕੋਈ ਵੀ ਨੀਤੀ, ਚਾਹੇ ਕਿੰਨੀ ਹੀ ਚੰਗੀ ਬਣਾਈ ਕਿਉਂ ਨਾ ਹੋਵੇ ਉਸਦੇ ਅਧਿਕਾਰੀਆਂ ਦੇ ਕਮਜੋਰ ਸ਼ਾਸਨ ਵਿਚ ਉਸ ਸ਼ਕਤੀ ਨੂੰ ਬਣਾਏ ਨਹੀਂ ਰੱਖ ਸਕਦਾ ਸੀ, ਉਸਦੀ ਮ੍ਰਿਤੂ ਦੇ ਦਸ ਸਾਲਾਂ ਅੰਦਰ ਹੀ ਉਸਦੇ ਰਾਜ ਉਤੇ ਖਤਰਨਾਕ ਸੱਟ ਲੱਗੀ। ਉਸਦੀ ਵਿਕੇਂਦਰੀਅਕਰਣ ਕਰਨ ਵਾਲੀ ਵਿਵਸਥਾ ਉਸਦੇ ਯੋਗਤਮ ਉਤੱਰਾਧਿਕਾਰੀ ਨੂੰ ਵੀ ਹੈਰਾਨੀ ਵਿਚ ਪਾ ਦਿੰਦੀ ਅਤੇ ਉਸਦੇ ਵੰਸ਼ ਦੇ ਜਲਦੀ ਪਤਨ ਦਾ ਕਾਰਣ ਬਣੀ।" (Cambridge History of India, Vol. III, p. 189)

## 6.4 ਉਤੱਰਕਾਲੀਨ ਤੁਗਲਕ ਸ਼ਾਸਕ (The Later Tughluqs)

ਫਿਰੋਜ ਤੁਗਲਕ ਦੇ ਬਾਦ ਉਸਦਾ ਪੌਤਰਾ ਗੱਦੀ ਉੱਤੇ ਬੈਠਾ। ਜਿਸਨੇ ਗਯਾਸੁਦੀਨ ਤੁਗਲਕ ਸ਼ਾਹ ਦੂਜਾ ਦੀ ਉਪਾਧੀ ਧਾਰਨ ਕੀਤੀ। ਉਸਦੇ ਚਾਚਾ ਨਸੀਰੁਦੀਨ ਮੁਹੱਮਦ ਨੇ ਉਸਦੇ ਸਿੰਘਾਸਨ ਰੋਹਣ ਦਾ ਵਿਰੋਧ ਕੀਤਾ, ਪਰ ਉਹ ਹਾਰ ਗਿਆ ਅਤੇ ਕਾਂਗੜਾ ਨੱਸ ਗਿਆ। ਇਹ ਨਵਾਂ ਸੁਲਤਾਨ ਅਪਣਾ ਜੀਵਨ ਵਿਲਾਸਤ ਵਿਚ ਗੁਜਾਰਨ ਲੱਗਾ ਅਤੇ ਉਸਨੇ ਅਪਣੀ ਸਕਤੀ ਨੂੰ ਅਪਣੇ ਸਾਰੇ ਪ੍ਰਤੀਯੋਗੀਆਂ ਨੂੰ ਰਸਤੇ ਵਿਚੋਂ ਹਾ ਕੇ ਦ੍ਰਿੜ੍ਹ ਕਰਨਾ ਚਾਹੁੰਦਾ ਸੀ। ਉਸਨੇ ਅਪਣੇ ਭਰਾ ਸਾਲਾਰ ਸ਼ਾਹ ਨੂੰ ਕੈਦ ਕਰ ਲਿਆ। ਅਪਣੀ ਰੱਖਿਆ ਬਾਰੇ ਅਬੂਬਕਰ,ਉਸਦਾ ਚਚੇਰਾ ਭਰਾ ਇੱਕ ਖੜ੍ਹਯੰਤਰ ਕਾਰੀ ਹੋ ਗਿਆ। ਰੁਕਨਦੀਨ ਨੇ ਵੀ ਉਸਦੀ ਸਹਾਇਤਾ ਕੀਤੀ। ਨਤੀਜਾ ਇਹ ਹੋਇਆ ਕਿ ਗਯਾਸੁਦੀਨ ਤੁਗਲਕ ਸ਼ਾਹ ਦੂਜਾ ਅਪਣੇ ਮਹਿਲ ਤੋਂ ਯਮਨਾ ਦੇ ਵੱਲ ਖੁਲਣ ਵਾਲੇ ਦਰਵਾਜੇ ਤੋਂ ਨਿਕਲ ਦੌੜਿਆ ਪਰ ਉਸ ਨੂੰ ਪਕੜ ਲਿਆ ਗਿਆ ਅਤੇ ਰੁਕਨਦੀਨ ਦੇ ਸੈਨਿਕਾਂ ਦੇ ਸਮੂਹ ਨੇ ਉਸ ਦਾ ਕਤਲ ਕਰ ਦਿੱਤਾ।

ਇਨ੍ਹਾਂ ਸਥਿਤੀਆਂ ਵਿੱਚ 19 ਫਰਵਰੀ, 1380 ਈ. ਨੂੰ ਅਬੂਬਕਰ ਸ਼ਾਹ ਰਾਜਾ ਬਣਿਆ। ਉਸ ਨੇ ਰੁਕਨੁਦੀਨ ਨੂੰ ਆਪਣਾ ਮੰਤਰੀ ਨਿਯੁਕਤ ਕੀਤਾ ਪਰ ਬਾਅਦ ਵਿੱਚ ਉਸ ਦਾ ਕਤਲ ਕਰਾ ਦਿੱਤਾ ਜਦੋਂ ਉਸ ਨੂੰ ਸਿੰਘਾਸਨ ਨੂੰ ਹੜੱਪਣ ਵਾਲੇ ਛਡਯੰਤਰ ਵਿੱਚ ਇਕ ਸਹਿਯੋਗੀ ਦੀ ਤਰ੍ਹਾਂ ਪਾਇਆ ਗਿਆ। ਅਬੂਬਕਰ ਸ਼ਾਹ ਅਤੇ ਨਾਸੀਰੁਦੀਨ ਮੁਹੰਮਦ ਵਿਚਕਾਰ ਸੱਤਾ ਦੇ ਲਈ ਸੰਘਰਸ਼ ਚੱਲ ਰਿਹਾ ਸੀ। ਉਸ ਨੇ ਦਿੱਲੀ ਵੱਲ ਆਪਣੀ ਯਾਤਰਾ ਜਾਰੀ ਰੱਖੀ। ਅਸਲ ਵਿੱਚ ਅਬੂਬਕਰ ਨਾਸੀਰੁਦੀਨ ਮੁਹੰਮਦ ਨੂੰ ਹਰਾਉਣ ਵਿੱਚ ਸਫਲ ਰਿਹਾ। ਨਾਸਿਰੁਦੀਨ ਯਮੁਨਾ ਪਾਰ ਕਰਕੇ ਦੋਆਬਾ ਪਹੁੰਚਿਆ ਅਤੇ ਉਸ ਨੇ ਜਲੇਸਰ ਵਿੱਚ ਸ਼ਰਣ ਲਈ ਜੋ ਕਿ ਉਸ ਦਾ ਮੁੱਖ ਕੇਂਦਰ ਸੀ। ਨਾਸੀਰੁਦੀਨ ਮੁਹੰਮਦ ਜੁਲਾਈ 1389 ਈ. ਵਿੱਚ ਇਕ ਵਾਰ ਫਿਰ ਖੇਤਰ ਵਿੱਚ ਆਇਆ ਅਤੇ ਦਿੱਲੀ ਵੱਲ ਵਧਿਆ, ਪਰ ਉਸ ਨੂੰ ਫਿਰ ਹਾਰ ਮਿਲੀ ਅਤੇ ਉਸ ਨੇ ਜਲੇਸਰ ਵਿੱਚ ਸ਼ਰਣ ਲਈ। ਦੂਸਰੀ ਵਾਰ ਫਿਰ ਇਸ ਹਾਰ ਦੇ ਬਾਅਦ ਵੀ ਸੁਲਤਾਨ, ਲਾਹੌਰ, ਸਮਾਨਾ, ਹਿਸਾਰ, ਹਾਂਸੀ ਅਤੇ ਦਿੱਲੀ ਦੇ ਹੋਰ ਉਤਰੀ ਜ਼ਿਲ੍ਹਿਆਂ ਵਿੱਚ ਉਸ ਦੇ ਅਧਿਕਾਰ ਨੂੰ ਮਾਨਤਾ ਮਿਲਦੀ ਰਹੀ। ਅਪ੍ਰੈਲ 1390 ਈ. ਵਿੱਚ ਅਬੂਬਕਰ ਸ਼ਾਹ ਨੇ ਦਿੱਲੀ ਛੱਡੀ ਪਰ ਜਦੋਂ ਉਹ ਨਾਸੀਰੁਦੀਨ ਮੁਹੰਮਦ ਨਾਲ ਮੁਕਾਬਲਾ ਕਰਨ ਦੇ ਲਈ ਜਲੇਸਰ ਪਹੁੰਚਿਆ ਤਾਂ ਨਾਸੀਰੁਦੀਨ ਨੇ ਉਸ ਨੂੰ ਚੱਕਰ ਵਿੱਚ ਪਾ ਦਿੱਤਾ, 4,000 ਘੋੜਿਆਂ ਦੀ ਸੈਨਾਂ ਦੇ ਨਾਲ ਉਹ ਦਿੱਲੀ

**ਨੋਟ**

ਪਹੁੰਚਿਆ ਅਤੇ ਮਹਿਲ 'ਤੇ ਅਧਿਕਾਰ ਕਰ ਲਿਆ। ਅਬੂਬਕਰ ਤੁਰੰਤ ਵਾਪਿਸ ਚਲਾ ਆ ਗਿਆ ਅਤੇ ਜਿਉਂ ਹੀ ਉਸ ਨੇ ਦਿੱਲੀ ਵਿੱਚ ਪ੍ਰਵੇਸ਼ ਕੀਤਾ, ਨਾਸੀਰੁਦੀਨ ਮੁਹੰਮਦ ਦੌੜ ਗਿਆ ਅਤੇ ਫਿਰ ਜਲੇਸਰ ਪਹੁੰਚਿਆ। ਅਬੂਬਕਰ ਦੇ ਵਿਰੁੱਧ ਇਕ ਛਡਯੰਤਰ ਦੀ ਰਚਨਾ ਹੋਈ ਅਤੇ ਜਦੋਂ ਇਸ ਦਾ ਪਤਾ ਚੱਲਿਆ ਤਾਂ ਆਪਣੇ ਸਾਥੀਆਂ ਦੇ ਨਾਲ ਉਹ ਮੇਵਾਤ ਚਲਾ ਗਿਆ। ਇਨ੍ਹਾਂ ਸਥਿਤੀਆਂ ਵਿੱਚ ਨਾਸੀਰੁਦੀਨ ਮੁਹੰਮਦ ਨੇ ਰਾਜਧਾਨੀ ਵਿੱਚ ਪ੍ਰਵੇਸ਼ ਕੀਤਾ ਅਤੇ 31 ਅਗਸਤ 1390 ਈ. ਨੂੰ ਫਿਰੋਜ਼ਾਬਾਦ ਦੇ ਮਹਿਲ ਵਿੱਚ ਉਸ ਦਾ ਸਿੰਘਾਸਨਾਰੋਹਣ ਹੋਇਆ।

ਨਸੀਰੁਦੀਨ ਮੁਹੱਮਦ ਨੇ ਲਗਭਗ ਚਾਰ ਸਾਲ (1390-94) ਤਕ ਸ਼ਾਸਨ ਕੀਤਾ। ਉਸਦਾ ਪਹਿਲਾ ਕੰਮ ਅਬੁਬਕਰ ਅਤੇ ਉਸ ਦੇ ਸਾਥੀਆਂ ਨੂੰ ਨਸ਼ਟ ਕਰਨਾ ਸੀ। ਅਬੁਬਕਰ ਨੇ ਆਤਮ ਸਮਰਪਣ ਕਰ ਦਿੱਤਾ ਅਤੇ ਉਸ ਨੂੰ ਬੰਦੀ ਦੇ ਰੂਪ ਵਿਚ ਮੇਰਠ ਭੇਜ ਦਿੱਤਾ ਜਿੱਥੇ ਜਲਦੀ ਹੀ ਉਸ ਦੀ ਮ੍ਰਿਤੂ ਹੋ ਗਈ। 1392 ਈ. ਵਿਚ ਇਲਾਵਾ ਦੇ ਹਿੰਦੂਆਂ ਨੇ ਨਰਸਿੰਘ, ਸਰਵਧਾਰਨ ਅਤੇ ਵੀਰ ਭਾਨ ਦੇ ਨੇਤਰਤਵ ਵਿਚ ਉਪਦ੍ਰਵ ਕਰ ਦਿੱਤਾ। ਉਨ੍ਹਾਂ ਦੇ ਵਿਰੁਧ ਇਸਲਾਮ ਖਾਨ ਨੂੰ ਭੇਜ ਦਿੱਤਾ। ਉਸਨੇ ਉਨ੍ਹਾਂ ਨੂੰ ਹਰਾ ਦਿੱਤਾ ਅਤੇ ਨਰ ਸਿੰਘ ਨੂੰ ਦਿੱਲੀ ਲੈ ਆਇਆ। ਜਿਵੇਂ ਹੀ ਉਹ ਲੌਟਿਆ, ਤੁਰੰਤ ਨਵਾਂ ਉਪਦ੍ਰਵ ਉਠ ਖੜ੍ਹਾ ਹੋਇਆ ਅਤੇ ਉਸਨੂੰ ਫਿਰ ਕੁਚਲ ਦਿੱਤਾ ਗਿਆ। 1393 ਈ. ਵਿਚ ਹੋਰ ਵਿਦਰੋਹ ਖੜ੍ਹਾ ਹੋ ਗਿਆ। ਇਸ ਮੌਕੇ ਉਤੇ ਜਲੇਸਰ ਦੇ ਸ਼ਾਸਕ ਨੇ ਧੋਖੇ ਨਾਂਲ ਉਨ੍ਹਾਂ ਦੇ ਨੇਤਾਵਾਂ ਨੂੰ ਕਨੌਜ ਵਿਚ ਬਹਕਾ ਦਿੱਤਾ। ਉੱਥੇ ਉਸਨੇ ਧੋਖੇ ਦੇ ਨਾਲ ਸਿਵਾਏ ਸਰਵਧਾਰਣ ਦੇ ਹੋਰ ਸਭ ਦਾ ਕਤਲ ਕਰ ਦਿੱਤਾ, ਪਰ ਸਰਵਧਾਰਣ ਬਚ ਨਿਕਲਿਆ ਅਤੇ ਉਸ ਨੇ ਇਟਾਵਾ ਵਿਚ ਆਸਰਾ ਲਿਆ। ਉਸੀ ਸਾਲ ਸੁਲਤਾਨ ਮੇਵਾਤ ਦੇ ਉਪਦ੍ਰਵੀ ਜਿਲ੍ਹੇ ਵਿਚ ਹੋ ਕੇ ਨਿਕਲਿਆ ਅਤੇ ਉਸਨੂੰ ਨਸ਼ਟ ਕਰ ਦਿੱਤਾ। 20 ਜਨਵਰੀ 1394 ਈ. ਨੂੰ ਨਸੀਰੁਦੀਨ ਮੁਹੰਮਦ ਦੀ ਮ੍ਰਿਤੂ ਹੋ ਗਈ।

22 ਜਨਵਰੀ, 1394 ਈ. ਨੂੰ ਉਸ ਦੇ ਪੁੱਤਰ ਅਲਾਉਦੀਨ ਸਿਕੰਦਰ ਸ਼ਾਹ ਦੀ ਉਪਾਧੀ ਗ੍ਰਹਿਣ ਕਰਕੇ ਗੱਦੀ ਉਤੇ ਬੈਠਾ। ਉਸ ਦਾ ਅਲਪ ਸ਼ਾਸਨ ਕਾਲ ਉਪਦ੍ਰਵਾਂ ਨਾਲ ਭਰਿਆ ਰਿਹਾ। ਗੱਦੀ ਉਤੇ ਬੈਠਣ ਤੋਂ ਕੁਝ ਸਮੇਂ ਬਾਦ ਹੀ ਉਹ ਬੀਮਾਰ ਹੋ ਗਿਆ ਅਤੇ 8 ਮਾਰਚ 1394 ਈ. ਨੂੰ ਉਸਦੀ ਮ੍ਰਿਤੂ ਹੋ ਗਈ।

*ਨੋਟਸ* ਫਿਰੋਜ ਤੁਗਲਕ ਤੋਂ ਬਾਦ ਉਸ ਦਾ ਪੋਤਰਾ ਗੱਦੀ ਉਤੇ ਬੈਠਿਆ ਗਯਾਸੁਦੀਨ ਤੁਗਲਕ ਸ਼ਾਹ ਦੂਜੇ ਦੀ ਉਪਾਧੀ ਧਾਰਨ ਕੀਤੀ।

ਖਾਲੀ ਗੱਦੀ ਹੁਣ ਨਸੀਰੁਦੀਨ ਅਹਮਦ ਦੇ ਸਭ ਤੋਂ ਛੋਟੇ ਪੁੱਤਰ ਰਾਜ ਕੁਮਾਰ ਮੁਹੰਮਦ ਨੂੰ ਪ੍ਰਾਪਤ ਹੋਈ। ਉਸਨੇ ਨਸੀਰੁਦੀਨ ਮੁਹੰਮਦ ਤੁਗਲਕ ਦੀ ਉਪਾਧੀ ਗ੍ਰਹਿਣ ਕੀਤੀ। ਨਵੇਂ ਰਾਜਾ ਨੂੰ ਬਹੁਤ ਸਾਰੀ ਕਠਿਨ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਰਾਜਧਾਨੀ ਵਿਚ ਐਸੇ ਬਹੁਤ ਸਾਰੇ ਸ਼ਕਤੀਸ਼ਾਲੀ ਗੁਟ ਸਨ ਜਿਨ੍ਹਾਂ ਨੇ ਵਿਵਹਾਰਿਕ ਰੂਪ ਵਿਚ ਇੱਕ ਸ਼ਕਤੀਸ਼ਾਲੀ ਸਰਕਾਰ ਬਣਾਉਣਾ ਅਸੰਭਵ ਕਰ ਰੱਖਿਆ ਸੀ। ਹਿੰਦੂ ਸਰਦਾਰਾਂ ਅਤੇ ਮੁਸਲਿਮ ਰਾਜਪਾਲਾਂ ਨੇ ਕੇਂਦਰੀਅ ਸਰਕਾਰ ਦੀ ਸੱਤਾ ਦਾ ਖੁਲ੍ਹੇ ਰੂਪ ਵਿਚ ਉਲੰਘਣ ਕੀਤਾ। ਕਲੌਂਜ ਤੋਂ ਲੈ ਕੇ ਬਿਹਾਰ ਅਤੇ ਬੰਗਾਲ ਤਕ ਸਾਰਾ ਦੇਸ਼ ਅਵਿਵਸਥਿਤ ਹੋ ਗਿਆ। ਮਹਾਨ ਕੁਲੀਨ ਅਤੇ ਸਰਦਾਰਾਂ ਨੇ ਅਪਣੇ ਹਿੱਤਾਂ ਅਤੇ ਸਹੂਲਤਾਂ ਦੇ ਅਨੁਕੂਲ ਰਾਜਸੀ ਸ਼ਕਤੀ ਦੀ ਵਰਤੋਂ ਕੀਤੀ। ਖਵਾਜਾ ਜਹਾਨੇ ਜਿਸ ਨੂੰ ਸੁਲਤਾਨ ਉਸ-ਸ਼ਰਕ ਜਾਂ "ਪੂਰਬ ਦਾ ਰਾਜਾ" ਬਣਾ ਦਿੱਤਾ ਗਿਆ ਸੀ, ਜੌਨਪੁਰ ਵਿਚ ਸਵਾਧੀਨ ਬਣ ਬੈਠਾ ਅਤੇ ਉਸਨੇ ਉਥੇ ਇੱਕ ਨਵੇਂ ਵੰਸ਼ ਦੀ ਸਥਾਪਨਾ ਕੀਤੀ।

ਕੁਝ ਕੁਲੀਨ ਸਰਦਾਰਾਂ ਨੇ ਫਿਰੋਜ਼ ਤੁਗਲਕ ਦੇ ਇਕ ਪੋਤਰੇ ਨੁਸਰਤ ਖਾਂ ਨੂੰ ਸਿੰਘਾਸਨ ਦੇ ਉਤਰਾਧਿਕਾਰੀ ਦੇ ਰੂਪ ਵਿੱਚ ਅੱਗੇ ਵਧਾਇਆ। ਫਿਰੋਜ਼ਾਬਾਦ ਦੇ ਅਮੀਰਾਂ, ਮਲਿਕਾਂ ਅਤੇ ਪੁਰਾਣੇ ਸ਼ਾਸਨ ਦੇ ਦਾਸਾਂ ਨੇ ਵੀ ਉਸ ਨੂੰ ਸਹਾਇਤਾ ਪ੍ਰਦਾਨ ਕੀਤੀ। ਇਸ ਤਰ੍ਹਾਂ ਵਿਰੋਧੀ ਕੇਂਦਰਾਂ 'ਤੇ ਖੜੇ ਹੋਏ ਦੋ ਸੁਲਤਾਨ ਦਿਖਾਈ ਦਿੱਤੇ ਜਿਨ੍ਹਾਂ ਦੇ ਵਿੱਚ ਸਿੰਘਾਸਨ ਗੇਂਦ ਦੀ ਤਰ੍ਹਾਂ ਇੱਧਰ ਤੋਂ ਉਧਰ ਘੁੰਮਣ ਲੱਗੀ। ਬਹੁਤ ਸਾਰੇ ਸਰਦਾਰ ਪੈਦਾ ਹੋਏ ਪਰ ਉਨ੍ਹਾਂ ਵਿੱਚ ਬਹਾਦੁਰ ਨਾਹਿਰ, ਤੱਲੂ ਇਕਬਾਲ ਅਤੇ ਮੁਕਰਬ ਖਾਂ ਸਭ ਤੋਂ ਜ਼ਿਆਦਾ ਮਹੱਤਵਪੂਰਨ ਸਨ। ਵੱਖ-ਵੱਖ ਨਗਰ ਜੋ ਵੱਖ-ਵੱਖ ਸਮਿਆਂ 'ਤੇ ਰਾਜਾਂ ਦੀ ਰਾਜਧਾਨੀ ਰਹੇ ਸਨ, ਹੁਣ ਉਨ੍ਹਾਂ 'ਤੇ ਕੁਝ ਗੁੱਟਾਂ ਦਾ ਅਧਿਕਾਰ ਹੋ ਗਿਆ। ਮੁਕਰਬ ਖਾਂ ਅਤੇ ਮੁਹੰਮਦ ਸ਼ਾਹ ਦਿੱਲੀ ਵਿੱਚ ਸੀ। ਨੁਸਰਤ ਸ਼ਾਹ ਅਤੇ ਫਿਰੋਜ਼ ਦੇ ਹੋਰ ਸਰਦਾਰ ਫਿਰੋਜ਼ਾਬਾਦ ਵਿੱਚ ਸਨ। ਬਹਾਦੁਰ ਨਾਹਿਰ, ਜਿਸ ਦੇ ਪਦ 'ਤੇ ਅਸਥਾਈ ਰੂਪ ਨਾਲ ਮੁਕਰਬ ਖਾਂ ਨੇ ਅਧਿਕਾਰ ਕਰ ਲਿਆ ਸੀ, ਦਿੱਲੀ ਵਿੱਚ ਸੀ। ਮੱਲੂ ਜੋ ਆਪਣੇ ਜੀਵਨ ਦੇ ਲਈ ਮੁਕਰਬ ਖਾਂ ਦੇ ਪ੍ਰਤੀ ਕਰਜਾਈ ਸੀ ਅਤੇ ਜਿਸ ਨੇ ਉਸ ਤੋਂ ਇਕਬਾਲ ਖਾਂ ਦੀ ਉਪਾਧੀ ਗ੍ਰਹਿਣ ਕੀਤੀ ਸੀ, ਸੀਰੀ ਵਿੱਚ ਸੀ। ਤਿੰਨ ਸਾਲਾਂ ਤੱਕ ਨਾਸੀਰੁਦੀਨ ਮੁਹੰਮਦ ਅਤੇ ਨੁਸਰਤ ਸ਼ਾਹ ਦੇ ਵਿੱਚ ਇਕ ਅਨਿਸ਼ਚੈਨਾਤਮਕ ਪਰ ਵਿਨਾਸ਼ਕਾਰੀ ਸੰਗ੍ਰਾਮ ਚੱਲਦਾ ਰਿਹਾ। ਨਾਸੀਰੁਦੀਨ ਮਹਿਮੂਦ ਦਾ ਰਾਜ ਦਿੱਲੀ ਦੀਆਂ ਦੀਵਾਰਾਂ ਨਾਲ ਘਿਰਿਆ ਹੋਇਆ ਸੀ ਅਤੇ ਨਾਮਾਤਰ ਵਿੱਚ ਨੁਸਰਤ ਸ਼ਾਹ ਦੋਆਬ ਦਾ ਦਾਅਵਾ ਕਰਦਾ ਸੀ। ਇਨ੍ਹਾਂ ਗ੍ਰਹਿ ਯੁੱਧਾਂ ਵਿੱਚ ਪ੍ਰਾਂਤੀ ਰਾਜਪਾਲਾਂ ਨੇ ਕੋਈ ਹਿੱਸਾ ਨਹੀਂ ਲਿਆ। ਉਹ ਵਿਰੋਧੀ ਵਰਗ ਦੇ ਹਿੱਸੇ ਵਿੱਚ ਹੋਣ ਵਾਲੇ ਪਰਿਵਰਤਨਾਂ ਨੂੰ ਦੇਖਦੇ ਰਹੇ।1397 ਈ. ਦੇ ਅੰਤ ਵਿੱਚ ਇਹ ਸਮਾਚਾਰ

ਨੋਟ

ਮਿਲਿਆ ਕਿ ਤੈਮੂਰ ਦੀ ਸੈਨਾ ਨੇ ਸਿੰਧ ਪਾਰ ਕਰ ਲਿਆ ਹੈ ਅਤੇ ਉਛ ਵਿੱਚ ਘੇਰਾ ਪਾ ਦਿੱਤਾ ਹੈ। ਵਿਦੇਸ਼ੀ ਸੈਨਾ ਦੇ ਆਗਮਨ ਦਾ ਰਾਜਧਾਨੀ ਦੇ ਗੁੱਟਾਂ 'ਤੇ ਗਹਿਰਾ ਪ੍ਰਭਾਵ ਪਿਆ। ਮੱਲੂ ਇਕਬਾਲ ਨੁਸਰਤ ਖਾਂ ਵੱਲ ਚਲਾ ਗਿਆ ਅਤੇ ਨਵੇਂ ਮਿੱਤਰਾਂ ਨੇ ਇਕ-ਦੂਸਰੇ ਵੱਲੋਂ ਵਫਾਦਾਰ ਰਹਿਣ ਦਾ ਵਚਨ ਦਿੱਤਾ। ਪਰ ਮੱਲੂ ਇਕਬਾਲ ਨੇ ਧੋਖਾ ਦੇ ਕੇ ਨੁਸਰਤ ਖਾਂ 'ਤੇ ਹਮਲਾ ਕੀਤਾ ਜਿਸ ਨਾਲ ਨੁਸਰਤ ਖਾਂ ਬਚ ਕੇ ਪਾਣੀਪਤ ਆ ਗਿਆ। ਉਦੋਂ ਮੱਲੂ ਇਕਬਾਲ ਨੇ ਮੁਕਰਬ ਖਾਂ ਨੂੰ ਰਾਜਧਾਨੀ 'ਚੋਂ ਬਾਹਰ ਕੱਢਣ ਦਾ ਫੈਸਲਾ ਕੀਤਾ ਅਤੇ ਦੋ ਮਹੀਨਿਆਂ ਤੱਕ ਦੋਨਾਂ ਦੇ ਵਿੱਚ ਭਿਆਨਕ ਸੰਗਰਾਮ ਚੱਲਦਾ ਰਿਹਾ। ਜਦੋਂਕਿ ਕੁਝ ਕੁਲੀਨ ਪੁਰਸ਼ਾਂ ਦੇ ਮੱਧ ਵਿੱਚ ਬਣ ਜਾਣ ਦੇ ਕਾਰਨ ਉਨ੍ਹਾਂ ਦੇ ਵਿੱਚ ਸੰਧੀ ਹੋ ਗਈ, ਉਦੋਂ ਮੱਲੂ ਇਕਬਾਲ ਨੇ ਮੁਕਰਬ ਖਾਂ ਦੇ ਘਰ 'ਤੇ ਹਮਲਾ ਕੀਤਾ ਅਤੇ ਉਥੇ ਉਸ ਦਾ ਕਤਲ ਕਰ ਦਿੱਤਾ। ਦਿੱਲੀ ਵਿੱਚ ਇਹ ਵਿਵਸਥਾ ਚੱਲ ਰਹੀ ਸੀ ਜਿਸ ਸਮੇਂ ਅਕਤੂਬਰ 1398 ਈ. ਵਿੱਚ ਤੈਮੂਰ ਨੇ ਸਿੰਧ ਨੂੰ ਪਾਰ ਕੀਤਾ ਅਤੇ ਝਨਾਬ ਅਤੇ ਰਾਵੀ ਨੂੰ ਪਾਰ ਕਰਕੇ ਮੁਲਤਾਨ 'ਤੇ ਪਹੁੰਚ ਗਿਆ, ਜਿਸ 'ਤੇ ਉਸ ਦਾ ਪੋਤਰਾ ਪਹਿਲਾਂ ਤੋਂ ਹੀ ਆਪਣਾ ਅਧਿਕਾਰ ਜਮਾਈ ਬੈਠਾ ਸੀ।

## 6.5 ਤੈਮੂਰ ਦਾ ਭਾਰਤ ਉਤੇ ਆਕ੍ਰਮਣ (1398) (Taimur Invasion of India)

ਅਮੀਰ ਤੈਮੂਰ ਜਾਂ ਤੈਮੂਰ ਲੰਗ (ਲੰਗੜਾ) "ਭਾਗਸ਼ਾਲੀ ਭਵਿੱਖ ਦਾ ਸਵਾਮੀ" 1336 ਈ. ਵਿਚ ਕੈਸ਼ ਵਿਚ ਪੈਦਾ ਹੋਇਆ ਸੀ, ਜਿਹੜਾ ਸਥਾਨ ਸਮਰਕੰਦ ਦੇ ਦੱਖਣ ਵਿਚ 50 ਮੀਲ ਦੂਰ ਸੀ। ਉਹ ਅਮੀਰ ਤੁਰਗੇ ਦਾ ਪੁੱਤਰ ਸੀ ਜਿਹੜਾ ਤੁਰਕਾਂ ਦੀ ਇੱਕ ਉੱਚ ਜਾਤ ਬਰਲਾਸ ਦੀ ਗੁਰਕਨ ਸ਼ਾਖਾ ਦਾ ਸਰਦਾਰ ਸੀ। 33 ਸਾਲ ਦੀ ਉਮਰ ਵਿਚ ਉਹ ਚੁਗਤਾਈ ਤੁਰਕਾਂ ਦਾ ਪ੍ਰਧਾਨ ਬਣ ਗਿਆ। ਉਸਨੇ ਫਾਰਮ ਅਤੇ ਉਸਦੇ ਹੋਰ ਪੜੋਸੀ ਦੇਸ਼ਾਂ ਦੇ ਵਿਰੁਧ ਯੁੱਧ ਕੀਤੇ। ਉਹ ਫਾਰਸ ਅਤੇ ਉਸਦੇ ਅਧੀਨ ਪ੍ਰਦੇਸ਼ਾਂ ਉਤੇ ਅਪਣਾ ਨਿਯੰਤਰਨ ਰੱਖਣ ਵਿਚ ਸਫਲ ਰਿਹਾ। ਭਾਰਤ ਉਤੇ ਆਕ੍ਰਮਣ ਕਰਨ ਤੋਂ ਪਹਿਲਾਂ ਉਸਨੇ ਮੈਸੋਪਟਾਮਿਆਂ ਅਤੇ ਅਫ਼ਗਾਨ ਨੂੰ ਜਿੱਤ ਰੱਖਿਆ ਸੀ।




ਤੈਮੂਰ

ਤੈਮੂਰ ਦੇ ਭਾਰਤ ਆਕ੍ਰਮਣ ਦੇ ਪਿੱਛੇ ਕੀ ਉਦੇਸ਼ ਸਨ, ਇਸ ਵਿਸ਼ੇ ਵਿਚ ਗਿਆਨ ਪ੍ਰਾਪਤ ਕਰਨ ਦੀਆਂ ਕਾਫ਼ੀ ਕੋਸ਼ਿਸ਼ਾਂ ਕੀਤੀ ਗਈਆਂ ਹਨ ਪਰ ਐਸਾ ਪਤਾ ਚਲਦਾ ਹੈ ਕਿ ਭਾਰਤ ਉਤੇ ਆਕ੍ਰਮਣ ਕਰਨ ਵਿਚ ਤੈਮੂਰ ਦੇ ਕੋਈ ਖਾਸ ਉਦੇਸ਼ ਸੱਪਸ਼ਟ ਨਹੀਂ ਸਨ। ਉਹ ਇੱਕ ਮਹਾਨ ਸੈਨਿਕ, ਆਕ੍ਰਮਣਕਾਰੀ ਅਤੇ ਮੁਸੀਬਤ ਚੁੱਕਣ ਵਾਲਾ ਵਿਅਕਤੀ ਸੀ ਅਤੇ ਉਸਦੀ ਰਾਜਾ ਨੂੰ ਜਿੱਤਣ ਦੀ ਜ਼ਰੂਰਤਾ ਸਨ। ਹੋ ਸਕਦਾ ਹੈ ਕਿ ਉਸਨੇਅਧਿਕ ਪ੍ਰਦੇਸ ਜਿੱਤਣ ਲਈ ਭਾਰਤ ਉਤੇ ਆਕ੍ਰਮਣ ਕੀਤਾ ਹੋਵੇ। ਇਸ ਦੇ ਸਿਵਾਏ ਭਾਰਤ ਵਿਚ ਸੋਨੇ, ਚਾਂਦੀ, ਮੋਤੀ ਅਤੇ ਜਵਾਹਾਰਾਤ ਆਦਿ ਨੇ ਉਸਨੂੰ ਆਕਰਸ਼ਿਤ ਕੀਤਾ ਪਰ ਜ਼ਫ਼ਰਨਾਮਾ ਅਤੇ ਸਲਫੁਜਾਤ-ਏ-ਤੈਮੂਰੀ ਵਿਚ ਇਹ ਕਿਹਾ ਗਿਆ ਹੈ ਕਿ ਉਸਦੇ ਅਭਿਯਾਨ ਦਾ ਮੁੱਖ ਮਕਸਦ ਵਿਜੈ ਜਾਂ ਲੁੱਟ ਨਹੀਂ ਇਹ ਕਾਫਰਾ ਦਾ ਕਤਲ ਸੀ। ਇਹ ਦੱਸਿਆ ਜਾਂਦਾ ਹੈ ਕਿ ਤੈਮੂ ਨੇ ਯੋਧਾਵਾਂ ਅਤੇ ਉਲੇਮਾਵਾਂ ਦੇ ਵਾਦ-ਵਿਵਾਦ ਲਈ ਇੱਕ ਪਰਿਸ਼ਦ ਬੁਲਾਈ। ਤੈਮੂਰ ਸ਼ਾਹਰੁਖ ਨੇ ਉਸਨੂੰ ਭਾਰਤ ਦੇ ਵਿਸ਼ਾਲ ਖੇਤਰ ਅਤੇ ਉਨ੍ਹਾਂ ਫਾਇਦਿਆਂ ਤੋਂ ਜਾਣੂ ਕਰਵਾਇਆ ਜਿਹੜੇ ਵਿਜੈ ਦੇ ਕਾਰਣ ਪ੍ਰਾਪਤ ਹੋ ਸਕਦੇ ਸਨ। ਰਾਜਕੁਮਾਰ ਮੁਹੰਮਦ ਨੇ ਭਾਰਤ ਦੇ ਸੋਮਿਆਂ ਅਤੇ ਉਸ ਦੀ ਕੀਮਤੀ ਧਾਤੂਆਂ, ਮੋਤੀਆਂ ਅਤੇ ਹੀਰੇ ਵੱਲ ਇਸ਼ਾਰਾ ਦਿੱਤਾ। ਉਸਨੇ ਇਸ ਵਿਸ਼ੇ ਦੇ ਧਾਰਮਿਕ ਪਹਿਲੂ ਉਤੇ ਵੀ ਇਸ਼ਾਰੇ ਦਿੱਤੇ। ਕੁਝ ਕੁਲੀਨ ਸਰਦਾਰਾਂ ਨੇ ਭਾਰਤ ਵਿਚ ਵਸ ਜਾਣ ਦੇ ਬੁਰੇ ਪਰਿਣਾਮਾਂ ਤੋਂ ਵੀ ਸੁਚੇਤ ਕੀਤਾ। ਇਹ ਸਭ ਸੁਣ ਕੇ ਤੈਮੂਰ ਨੇ (ਇਹ ਕਿਹਾ ਜਾਂਦਾ ਹੈ) ਇਹ ਕਿਹਾ "ਹਿੰਦੁਸਤਾਨ ਉੱਤੇ ਆਕ੍ਰਮਣ ਕਰਨ ਵਿਚ ਮੇਰਾ ਉਦੇਸ਼ ਨਾਸਤਕਾਂ ਦੇ ਵਿਰੁਧ ਅਭਿਯਾਨ ਕਰਨਾ ਹੈ ਜਿਸ ਨਾਲ ਮੁਹੰਮਦ ਦੇ ਆਦੇਸ਼ ਦੇ ਅਨੁਸਾਰ ਅਸੀ ਇਸ ਦੇਸ਼ ਦੇ ਨਿਵਾਸੀਆਂ ਨੂੰ ਸੱਚੇ ਦੀਨ ਦਾ ਅਨੁਆਈ ਬਣਾ ਸਕੀਏ ਅਤੇ ਜਿਸ ਨਾਲ ਅਸੀਂ ਉਨ੍ਹਾਂ ਦੇ ਮੰਦਰਾਂ ਅਤੇ ਮੂਰਤੀਆਂ ਨੂੰ ਨਸ਼ਟ ਕਰ ਦਈਏ ਅਤੇ ਖੁਦਾ ਦੀ ਨਜ਼ਰਾਂ ਵਿਚ "ਰਾਜੀ" ਅਤੇ "ਮੁਜਾਹਿਦ" ਬਣ ਜਾਣਾ ਉਲੇਮਾਵਾਂ ਨੇ ਉਸਦੇ ਵਿਚਾਰਾਂ ਦਾ ਸਮਰਥਨ ਕੀਤਾ।

*ਕੀ ਤੁਸੀਂ ਜਾਣਦੇ ਹੋ* — ਤੈਮੂਰ ਲੰਗ (ਲੰਗੜਾ) ਦਾ ਜਨਮ 1336 ਈ. ਵਿੱਚ ਕੈਸ਼ 'ਚ ਹੋਇਆ?

**ਨੋਟ**




ਭਾਰਤ ਵੱਲ ਚੱਲਣ ਤੋਂ ਪਹਿਲਾਂ ਤੈਮੂਰ ਨੇ ਆਪਣੇ ਪੋਤਰੇ (ਜਹਾਂਗੀਰ ਦੇ ਪੁੱਤਰ) ਪੀਰ ਮੁਹੰਮਦ ਨੂੰ ਪਹਿਲਾਂ ਕੰਮ ਦੇ ਲਈ ਭੇਜਿਆ। ਪੀਰ ਮੁਹੰਮਦ ਨੇ ਸਿੰਧ ਪਾਰ ਕੀਤਾ ਅਤੇ ਉਛ 'ਤੇ ਕਬਜ਼ਾ ਕਰ ਲਿਆ। ਬਾਅਦ ਵਿੱਚ ਉਹ ਸੁਲਤਾਨ ਵੱਲ ਵਧਿਆ ਜਿਸ ਨੂੰ ਛੇ ਮਹੀਨੇ ਦੇ ਲੰਬੇ ਘੇਰੇ ਤੋਂ ਬਾਅਦ ਜਿੱਤ ਲਿਆ ਗਿਆ। ਪੀਰ ਮੁਹੰਮਦ ਨੇ ਦੀਪਾਲਪੁਰ ਅਤੇ ਪਾਕਪਟਨ ਦੇ ਸਾਰੇ ਖੇਤਰ 'ਤੇ ਅਧਿਕਾਰ ਸਤਲੁਜ ਪਾਰ ਕੀਤਾ ਅਤੇ ਆਪਣੇ ਦਾਦ ਤੈਮੂਰ ਦਾ ਇੰਤਜ਼ਾਰ ਕਰਨ ਲੱਗਾ।

ਅਪਰੈਲ 1398 ਈ. ਵਿਚ ਤੈਮੂਰ ਨੇ ਸਮਰਕੰਦ ਛੱਡ ਦਿੱਤਾ। ਭਾਰਤ ਵੱਲ ਆਉਂਦੇ ਸਮੇਂ ਉਸ ਨੂੰ ਉਸਦੇ ਕਾਫਰ ਸਤਾਨ ਦੇ ਅਭਿਯਾਨ, ਸੜਕ ਉੱਤੇ ਕਿਲ੍ਹਿਆਂ ਦੇ ਨਿਰਮਾਣ ਅਤੇ ਵਿਸ਼ਾਲ ਸਾਮਰਾਜ ਦੇ ਕੰਮਾਂ ਦੇ ਕਾਰਣ ਕੁਝ ਦੇਰ ਹੋ ਗਈ। 15 ਅਗਸਤ 1398 ਈ. ਨੂੰ ਸਿੰਧ ਪਾਰ ਕਰ ਲਿਆ। ਦੋ ਦਿਨਾਂ ਵਿਚ ਉਹ ਜੇਹਲਮ ਪਹੁੰਚ ਗਿਆ। ਸਥਾਨੀਅ ਸ਼ਾਸਕ ਸ਼ਹਾਬੁਦੀਨ ਮੁਬਾਰਕ ਨੇ

ਨੋਟ

ਤੈਮੂਰ ਦਾ ਵਿਰੋਧ ਕੀਤਾ, ਪਰ ਉਹ ਹਾਰ ਗਿਆ। ਮੁਬਾਰਕ ਸ਼ਾਹ ਅਤੇ ਉਸਦੀ ਸਾਰੀ ਸੈਨਾ ਜੇਹਲਮ ਨਦੀ ਵਿਚ ਮਾਰੀ ਗਈ। ਤੈਮੂਰ ਨੇ ਜੇਹਲਮ ਅਤੇ ਰਾਵੀ ਨੂੰ ਪਾਰ ਕੀਤਾ ਅਤੇ 13 ਅਕਤੂਬਰ 1398 ਈ. ਨੂੰ ਤੁਲੰਬਾ ਦੇ ਸਾਹਮਣੇ ਘੇਰਾ ਪਾ ਲਿਆ। ਉਸਨੇ ਨਗਰ ਨੂੰ ਨਸ਼ਟ ਨਾਂ ਕਰਨ ਦੀ ਸਹਿਮਤੀ ਦਿੱਤੀ ਜੇਕਰ ਉਸਨੂੰ ਨਿਸ਼ਚਿਤ ਧੰਨ ਦੇ ਦੇਵੇ ਪਰ ਉਸਦੇ ਹੁੰਦੇ ਹੋਵੇ ਵੀ ਉਸਨੇ ਹੱਤਿਆ ਕਾਂਡ ਦਾ ਆਦੇਸ਼ ਦੇ ਹੀ ਦਿੱਤਾ। ਤੈਮੂਰ ਨੂੰ ਜਸਰਥ ਨਾਲ ਨਿਪਟਣਾ ਪਿਆ ਜਿਹੜਾ ਲਾਹੌਰ ਦਾ ਸ਼ਾਸਕ ਬਣ ਬੈਠਾ ਸੀ। ਸਤਲੁਜ ਨਦੀ ਦੇ ਕਿਨਾਰੇ ਜਸਰਥ ਦਾ ਕਿਲ੍ਹਾ ਖੋਹ ਲਿਆ ਅਤੇ ਉਹ ਨੱਸ ਗਿਆ। 25 ਅਕਤੂਬਰ 1398 ਈ. ਨੂੰ ਤੈਮੂਰ ਸਤਲੁਜ ਦੇ ਉੱਤਰੀ ਕਿਨਾਰੇ ਉੱਤੇ ਪਹੁੰਚਿਆ। 26 ਅਕਤੂਰ ਨੂੰ ਪੀਰ ਮੁਹੰਮਦ ਉਸ ਨਾਲ ਆ ਮਿਲਿਆ। ਭਾਰਤ ਵਿਚ ਹੋਰ ਅਭਿਯਾਨਾਂ ਵਿਚ ਤੈਮੂਰ ਦੀ ਸੈਨਾ ਦੇ ਦੱਖਣੀ ਪੱਖ ਦਾ ਨੇਤਰਤਵ ਪੀਰ ਮੁਹੰਮਦ ਦੇ ਕੋਲ ਰਿਹਾ।

ਪਾਕ ਪੱਟਨ ਅਤੇ ਦੀਪਾਲਪੁਰ ਦੇ ਨਗਰਾਂ ਨੇ ਪੀਰ ਮੁਹੰਮਦ ਦਾ ਵਿਰੋਧ ਕਰਕੇ ਤੈਮੂਰ ਦੇ ਕ੍ਰੋਧ ਨੂੰ ਵਧਾ ਦਿੱਤਾ। ਪਾਕ ਪਟੱਨ ਨਗਰ ਦੇ ਨਿਵਾਸੀਆਂ ਨੂੰ ਲੁੱਟ ਲਿਆ ਗਿਆ, ਦਾਸ ਬਣਾ ਲਿਆ ਗਿਆ ਅਤੇ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ। ਉਸ ਨਗਰ ਵਿਚ ਪੀਰ ਮੁਹੰਮਦ ਦੀ ਸੈਨਾ ਦੀ ਟੁਕੜੀ ਦੀ ਹੱਤਿਆ ਦਾ ਬਦਲਾ ਲੈਣ ਲਈ ਦੀਪਾਲਪੁਰ ਦੇ 500 ਨਿਵਾਸੀਆਂ ਦੀ ਹੱਤਿਆ ਕਰ ਦਿੱਤੀ। ਇੱਕ ਭੱਟੀ ਰਾਜਪੂਰਤ ਰਾਏ ਦੂਲਚੰਦ ਭਟਨੇਰ ਦਾ ਰਾਜਾ ਸੀ। ਉਸਨੇ ਕਠੋਰ ਵਿਰੋਧ ਕੀਤਾ ਪਰ ਅੰਤ ਵਿਚ 9 ਨਵੰਬਰ 1398 ਈ. ਨੂੰ ਉਸਨੇ ਆਤਮ-ਸਮਰਪਣ ਕਰ ਦਿੱਤਾ।

ਭਟਨੇਰ ਉਤੇ ਪਈ ਹਾਨੀ-ਪੂਰਤੀ ਅਤੇ ਉਗਾਹੀ ਨੇ ਜਨਤਾ ਦੇ ਵਿਰੋਧ ਨੂੰ ਪੈਦਾ ਕੀਤਾ। ਇੱਕ ਹੱਤਿਆਕਾਂਡ ਦੇ ਬਾਦ ਨਗਰ ਵਿਚ ਅੱਗ ਲਗਾ ਦਿੱਤੀ ਅਤੇ ਉਸਨੂੰ ਨਸ਼ਟ ਕਰ ਦਿੱਤਾ ਗਿਆ "ਜਿਸ ਨਾਲ ਕੋਈ ਇਹ ਨਾ ਕਹਿ ਸਕੇ ਕਿ ਉਸਦੇ ਆਸ ਪਾਸ ਕੋਈ ਜਿਉਂਦਾ ਮਨੁੱਖ ਸਾਹ ਲੈ ਰਿਹਾ ਸੀ।" 13 ਨਵੰਬਰ 1398 ਈ. ਨੂੰ ਤੈਮੂਰ ਨੇ ਭਟਨੇਰ ਛੱਡ ਦਿੱਤਾ ਅਤੇ ਦੌੜ ਨਿਕਲਣ ਵਾਲੇ ਲੋਕਾਂ ਦਾ ਪਿੱਛਾ ਕਰਦੇ ਹੋਏ ਅਤੇ ਉਨ੍ਹਾਂ ਦੀ ਹੱਤਿਆ ਕਰਦੇ ਹੋਏ ਸਿਰਸਾ ਅਤੇ ਫਤੇਹਾਬਾਦ ਤੋਂ ਨਿਕਲਿਆ। ਅਹਰਵਾਨ ਨੂੰ ਲੁੱਟ ਲਿਆ ਗਿਆ ਅਤੇ ਉਸ ਵਿਚ ਅੱਗ ਲਗਾ ਦਿੱਤੀ। ਤੋਹਨਾ ਵਿਚ ਲਗਭਗ 2000 ਜਾਟਾਂ ਦਾ ਕਤਲ ਕੀਤਾ ਗਿਆ। 29 ਨਵੰਬਰ ਨੂੰ ਸਾਰੀ ਸੈਨਾ ਕੈਥਲ ਵਿਚ ਇਕੱਠੀ ਹੋਈ ਅਤੇ ਪਾਣੀਪਤ ਵੱਲ ਵਧੀ। 7 ਦਸੰਬਰ 1398 ਈ. ਨੂੰ ਸੈਨਾ ਦਾ ਸੱਜਾ ਪੱਖ ਯਮਨਾ ਨੂੰ ਛੱਡਦਾ ਹੋਇਆ ਦਿੱਲੀ ਪਹੁੰਚਿਆ। 9 ਦਸੰਬਰ ਨੂੰ ਸੈਨਾ ਨੇ ਨਦੀ ਪਾਰ ਕੀਤੀ। 10 ਦਸੰਬਰ ਨੂੰ ਤੈਮੂਰ ਨੇ ਲੋਨੀ ਉਤੇ ਅਧਿਕਾਰ ਕਰ ਲਿਆ ਅਤੇ ਉਸ ਦੀ ਹਿੰਦੂ ਜਨਤਾ ਦਾ ਕਤਲ ਕੀਤਾ।

ਨਸੀਰੂਦੀਨ ਮੁਹੰਮਦ ਸ਼ਾਹ ਅਤੇ ਮੁੱਲ ਇਕਬਾਲ ਨੇ ਨਗਰ ਦੀਆਂ ਦੀਵਾਰਾਂ ਦੇ ਅੰਦਰ ਸੈਨਾ ਇਕੱਠੀ ਕੀਤੀ। 12 ਦਸੰਬਰ ਨੂੰ ਮੱਲੂ ਇਕਬਾਲ ਨੇ ਤੈਮੂਰ ਦੇ ਸਾਹਮਣੇ ਖੜੀ ਸੈਨਾ ਉਤੇ ਆਕ੍ਰਮਣ ਕੀਤਾ। ਸਾਹਮਣੇ ਭਾਗ ਦੀ ਰੱਖਿਆ ਦੇ ਲਈ ਦੋ ਟੁਕੜੀਆਂ ਭੇਜੀਆਂ ਗਈਆਂ, ਮਲੂ ਹਾਰ ਗਿਆ ਅਤੇ ਉਸਨੂੰ ਦਿੱਲੀ ਵੱਲ ਖਦੇੜ ਦਿੱਤਾ। ਉਸਦੇ ਆਕ੍ਰਮਣ ਦਾ ਇੱਕ ਮਾਤਰ ਫਲ ਹੱਤਿਆਕਾਂਡ ਸੀ। ਸਾਹਮਣੇ ਭਾਗ ਉਤੇ ਮੱਲੂ ਦੁਆਰਾ ਆਕ੍ਰਮਣ ਦੇ ਸਮੇਂ ਲਗਭਗ ਇਕ ਲੱਖ ਹਿੰਦੂ ਕੈਦੀ ਸਨ ਜਿਨ੍ਹਾਂ ਨੂੰ ਤੈਮੂਰ ਨੇ ਪਕੜ ਰੱਖਿਆ ਸੀ ਅਤੇ ਉਨ੍ਹਾਂ ਨੇ ਆਕ੍ਰਮਣ ਦੇ ਸਮੇਂ ਖੁਸ਼ੀ ਪ੍ਰਦਰਸ਼ਿਤ ਕੀਤੀ ਸੀ। ਤੈਮੂਰ ਨੇ ਇਹ ਭਾਵ ਦੇਖ ਲਿਆ ਸੀ ਅਤੇ ਉਸਨੇ ਸਭ ਦੀ ਹੱਤਿਆ ਦਾ ਆਦੇਸ਼ ਦੇ ਦਿੱਤਾ। ਤੈਮੂਰ ਨੂੰ ਇਸ ਗੱਲ ਦਾ ਡਰ ਸੀ ਕਿ ਕਿਤੇ ਯੁੱਧ ਦੇ ਦਿਨ ਇਹ ਲੋਕ "ਅਪਣਾ ਘੇਰਾ ਤੋੜ ਕੇ ਕਿਤੇ ਲੁੱਟ ਨਾ ਲੈਣ ਅਤੇ ਸ਼ਤਰੂ ਨਾਲ ਜਾ ਮਿਲਣ"।

ਜੋਤਸ਼ੀਆਂ ਦੀਆਂ ਚੇਤਾਵਨੀਆਂ ਦੇ ਹੁੰਦੇ ਹੋਏ ਵੀ ਅਤੇ ਸੈਨਾ ਦੇ ਸ਼ੱਕਾਂ 'ਤੇ ਧਿਆਨ ਨਾ ਦਿੰਦੇ ਹੋਏ ਤੈਮੂਰ ਨੇ 15 ਦਸੰਬਰ 1398 ਈ. ਨੂੰ ਯਮੁਨਾ ਪਾਰ ਵੱਲ 17 ਦਸੰਬਰ ਨੂੰ ਸਵੇਰੇ ਹਮਲੇ ਦੇ ਲਈ ਆਪਣੀ ਸੈਨਾ ਤਿਆਰ ਕਰ ਲਈ। ਮੱਲੂ ਇਕਬਾਲ ਅਤੇ ਮੁਹੰਮਦ ਸ਼ਾਹ ਨੇ ਵੀ ਅਪਣੀ ਸੈਨਾਵਾਂ ਨੂੰ ਦਿੱਲੀ ਤੋਂ ਬਾਹਰ ਕੱਢ ਲਿਆ। ਭਾਰਤੀ ਸੈਨਾ ਵਿਚ 10000 ਘੋੜ ਸਵਾਰ 40000 ਪਿਆਦੇ ਅਤੇ 120 ਹਾਥੀ ਸਨ ਜਿਨ੍ਹਾਂ ਉਤੇ ਦੰਦਾ ਦਾ ਕਵਚ ਚੜ੍ਹਿਆ ਹੋਇਆ ਸੀ ਜਹਿਰੀਲੇ ਖੰਜਰ ਸਨ ਅਤੇ ਜਿਨ੍ਹਾਂ ਦੀ ਪਿੱਠ ਉਤੇ ਲੱਕੜੀ ਦੇ ਢਾਂਚੇ ਚੜ੍ਹੇ ਹੋਏ ਸਨ ਜਿਨ੍ਹਾਂ ਦੇ ਉਤੋਂ ਬਰਛੇ ਜਾਂ ਲੋਹ ਦੀ ਤੇਜ ਧਾਰ ਵਾਲੇ ਟੁਕੜੇ ਸੁੱਟਣ ਦਾ ਧਰਮ ਅਤੇ ਅੱਗ ਪਕੜਨ ਵਾਲੀ ਵਸਤਾਂ ਨੂੰ ਸੁੱਟਣ ਦਾ ਪ੍ਰਬੰਧ ਸੀ। ਆਕ੍ਰਮਣਕਾਰੀ ਸੈਨਾ ਨੇ ਅਪਣੀ ਆਕ੍ਰਮਣ ਕਰਨ ਵਾਲੀ ਰੇਖਾ ਦੇ ਨੇੜੇ ਇੱਕ ਨਾਲੀ ਖੁਦਵਾਈ ਅਤੇ ਛੱਪਰਾਂ ਦੀਆਂ ਟੱਟਿਆ ਲਗਾ ਦਿੱਤੀਆਂ ਜਿਸ ਦੇ ਪਿੱਛੇ ਝੋਟੇ ਬੰਨ੍ਹ ਦਿੱਤੇ ਜਿਸ ਨਾਲ ਹਾਥੀਆਂ ਦਾ ਆਕ੍ਰਮਣ ਰੋਕਿਆ ਜਾ ਸਕੇ। ਤੈਮੂਰ ਨੇ ਅਪਣੀ ਸੈਨਾ ਦਾ ਸੱਜਾ ਪੱਖ ਪੀਰ ਮੁਹੰਮਦ ਅਤੇ ਅਮੀਰ ਯਾਦਗਾਰ ਬਰਲਾਸ ਦੇ ਨੇਤਰਤਵ ਵਿਚ ਰੱਖਿਆ, ਵਾਮ ਪੱਖ ਨੂੰ ਸੁਲਤਾਨ ਹੁਸੈਨ, ਸ਼ਾਹਜਾਦਾ ਖਾਲਿਦ ਅਤੇ ਅਮੀਰ ਜਹਾਂਨ ਦੇ ਆਦੇਸ਼ ਅਧੀਨ ਰੱਖਿਆ ਅਤੇ ਖੁਦ ਕੇਂਦਰੀ ਪੱਖ ਦਾ ਨਿਰਦੇਸ਼ਨ ਕੀਤਾ। ਦੋਵੇਂ ਸੈਨਾਵਾਂ ਦਾ ਦਿੱਲੀ ਦੇ ਬਾਹਰ ਮੁਕਾਬਲਾ ਹੋਇਆ ਅਤੇ ਘਮਾਸਾਨ ਯੁੱਧ ਛਿੜ ਗਿਆ। ਤੈਮੂਰ ਦੇ ਸੈਨਾਪਤੀਆਂ ਨੇ ਹਮਲਾਸ਼ੁਰੂ ਕੀਤਾ ਜਿਨ੍ਹਾਂ ਨੇ ਅਪਣੇ ਨੂੰ ਅਗਲੀ ਪੰਗਤੀ ਤੋਂ ਅਲਗ ਕਰ ਦਿੱਤਾ ਅਤੇ ਖੱਬੇ ਪੱਖ ਵਲ ਅੱਗੇ ਜਾਣ ਤੋਂ ਰੁਕ ਕੇ ਸ਼ਤਰੂ ਦੀ ਅਗਲੀ ਪੰਗਤੀ ਦੇ ਪਿੱਛੇ ਆ ਗਏ ਉਨ੍ਹਾਂ ਉੱਤੇ ਟੁੱਟ ਪਏ ਅਤੇ ਉਨ੍ਹਾਂ ਨੂੰ ਐਸੇ ਤਿਤਰ-ਬਿਤਰ ਕਰ ਦਿੱਤਾ ਜਿਸ ਤਰ੍ਹਾਂ ਭੁੱਖੇ ਸ਼ੇਰ ਭੇਡਾਂ ਦੇ ਝੁੰਡ ਨੂੰ ਤਿਤਰ-ਬਿਤਰ ਕਰ ਦਿੰਦੇ ਹਨ ਅਤੇ ਇੱਕ ਹੀ ਹਮਲੇ ਵਿਚ 600 ਸਿਪਾਹੀਆਂ ਨੂੰ ਮਾਰ ਦਿੱਤਾ। ਪੀਰ ਮੁਹੰਮਦ ਨੇ ਸ਼ਤਰੂ ਦੇ ਹੌਜ ਪੱਖ ਨੂੰ ਤੋੜ ਦਿੱਤਾ ਅਤੇ ਉਸਨੂੰ ਯੁੱਧ ਖੇਤਰਤੋਂ ਨੱਸਣ ਲਈ ਬੇਬਸ ਕਰ ਦਿੱਤਾ। ਸੁਲਤਾਨ ਮਹਮੂਦ ਸ਼ਾਹ ਅਤੇ ਮੱਲੂ ਇਕਬਾਲ ਨੇ ਕੇਂਦਰੀ ਪੱਖ ਉਤੇ ਹਮਲਾ ਕੀਤਾ। ਉਨ੍ਹਾਂ ਨੇ ਬੜੇ ਸਾਹਸ ਨਾਲ ਸੰਗਰਾਮ ਕੀਤਾ। ਕੰਮਜੋਰ ਕੀੜੇ ਭਿਆਨਕ ਹਵਾ ਨਾਲ ਨਹੀਂ ਲੜ ਸਕਦੇ ਅਤ ਨਾਂ ਕਮਜੋਰ ਹਿਰਨ ਬਾਘ ਨਾਲ ਇਸ ਲਈ ਉਹ ਨੱਸਣ ਉਤੇ ਬੇਬਸ

ਹੋ ਗਏ। ਮਹਮੂ ਦਸਾਹ ਅਤੇ ਮੱਲੂ ਇਕਬਾਲ ਰਣ-ਖੇਤਰ ਤੋਂ ਦੌੜ ਗਏ ਅਤੇ ਦਿੱਲੀ ਦੀ ਚਾਰ ਦੀਵਾਰੀ ਉਤੇ ਤੈਮੂਰ ਨੇ ਅਪਨਾ ਝੰਡਾ ਲਹਿਰਾਇਆ। ਸਯਦਾਂ, ਕਾਜੀਆਂ, ਸ਼ੇਖਾਂ ਅਤੇ ਨਗਰ ਦੇ ਉਲੇਮਾਵਾਂ ਨੇ ਤੈਮੂਰ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਦੀ ਸੇਵਾਵਾਂ ਅਤੇ ਪ੍ਰਾਰਥਨਾਵਾਂ ਦਾ ਉਤੱਰ ਦਿੰਦੇ ਹੋਏ ਉਸਨੇ ਦਿੱਲੀ ਦੀ ਜਨਤਾ ਨੂੰ ਮੁਆਫ ਕਰ ਦਿੱਤਾ ਪਰ ਸੈਨਿਕਾਂ ਦਾ ਅਸੰਜਮ, ਮੁਆਫੀ ਨਾ ਕੀਤੇ ਜਾਣ ਵਾਲੇ ਹੋਰ ਨਗਰਾਂ ਦੇ ਨਿਵਾਸੀਆਂ ਦੇ ਨਿਰਦਇਆਪੂਰਵਕ ਪਕੜੇ ਜਾਣ ਅਤੇ ਜੁਰਮਾਨੇ ਦੇ ਲਗਾਏ ਜਾਣ ਨੇ ਗੜਬੜ ਪੈਦਾ ਕਰ ਦਿੱਤੀ। ਫਲ ਇਹ ਹੋਇਆ ਕਿ ਸੈਨਾਵਾਂ ਨੂੰ ਬਾਹਰ ਕੱਢ ਦਿੱਤਾ ਅਤੇ ਕਈ ਦਿਨਾਂ ਤਕ ਖੂਨ ਵਹਿੰਦਾ ਰਿਹਾ। ਬਹੁਤ ਸੰਖਿਆ ਵਿਚ ਲੋਕ ਪਕੜ ਲਏ ਗਏ ਅਤੇ ਉਨ੍ਹਾਂ ਨੂੰ ਦਾਸ ਬਣਾ ਲਿਆ ਗਿਆ। ਤੈਮੂਰ ਦੁਆਰਾ ਸਾਮਰਾਜ ਦੇ ਵੱਖ-ਵੱਖ ਹਿੱਸਿਆ ਵਿਚ ਕਾਰੀਗਰਾਂ ਨੂੰ ਭੇਜਿਆ ਗਿਆ। ਸਾਰੀ ਦਿੱਲੀ ਅਤੇ ਜਹਾਂ-ਪਨਾਹ ਦੇ ਤਿੰਨਾਂ ਨਗਰਾਂ ਨੂੰ ਤੈਮੂਰ ਨੇ ਨਸ਼ਟ ਕਰ ਦਿੱਤਾ ਜਿਹੜਾ ਉਨ੍ਹਾਂ ਉਤੇ 15 ਦਿਨਾਂ ਤਕ ਅਧਿਕਾਰ ਜਮਾਏ ਰਿਹਾ।

ਜਫਰਨਾਮਾ ਦੇ ਲੇਖਕ ਦਿੱਲੀ ਦੀ ਲੁੱਟ ਦਾ ਇਸ ਪ੍ਰਕਾਰ ਵਰਣਨ ਕਰਦਾ ਹੈ - "ਪਰ ਉਸ ਸ਼ੁਕਰਵਾਰ ਦੀ ਰਾਤ ਨੂੰ ਨਗਰ ਵਿਚ ਲਗਭਗ 15000 ਆਦਮੀ ਸਨ ਜਿਹੜੇ ਸ਼ਾਮ ਤੋਂ ਲੈ ਕੇ ਸਵੇਰੇ ਤਕ ਲੁੱਟ-ਪਾਟ ਅਤੇ ਮਕਾਨ ਜਲਾਉਣ ਵਿਚ ਲਗੇ ਰਹੇ। ਅਨੇਕ ਸਥਾਨਾਂ ਉਤੇ ਨਾਸਤਕ "ਗਹਰੋ" ਨੇ ਮੁਕਾਬਲਾ ਕੀਤਾ। ਸਵੇਰੇ ਜਿਹੜੇ ਸੈਨਿਕ ਬਾਹਰ ਸਨ ਉਹ ਖੁਦ ਨੂੰ ਰੋਕ ਨਾ ਸਕੇ ਅਤੇ ਨਗਰ ਵਿਚ ਘੁਸ ਗਏ ਅਤੇ ਹੁੱਲੜਬਾਜੀ ਮਚਾਉਣ ਲੱਗੇ। ਉਸ ਰਵੀਵਾਰ ਦੇ ਦਿਨ ਮਹੀਨੇ ਦੀ 17 ਤਾਰੀਖ ਨੂੰ ਇਸ ਸਾਰੇ ਨਗਰ ਨੂੰ ਨਸ਼ਟ-ਭ੍ਰਿਸ਼ਟ ਕਰ ਦਿੱਤਾ ਅਤੇ ਜਹਾਂ ਪਨਾਹ ਅਤੇ ਸ਼ੀਰੀ ਵਿਚ ਅਨੇਕ ਮਹਿਲ ਨਸ਼ਟ ਕੀਤੇ ਗਏ। 18 ਤਾਰੀਖ ਨੂੰ ਵੀ ਇਸੀ ਪ੍ਰਕਾਰ ਲੁੱਟ ਜਾਰੀ ਰਹੀ। ਹਰੇਕ ਸੈਨਿਕ ਨੂੰ 20 ਤੋਂ ਵੱਧ ਆਦਮੀ ਦਾਸ ਦੇ ਰੂਪ ਵਿਚ ਪ੍ਰਾਪਤ ਹੋਏ ਅਤੇ ਬਹੁਤ ਸਾਰੇ ਤਾਂ ਨਗਰ ਤੋਂ 50 ਜਾਂ 100 ਤਕ ਪੁਰਖਾਂ, ਇਸਤਰੀਆਂ ਅਤੇ ਬੱਚਿਆਂ ਨੂੰ ਦਾਸ ਬਣਾ ਕੇ ਲੈ ਆਏ। ਲੁੱਟ ਦੀਆਂ ਦੂਜੀਆਂ ਵਸਤਾਂ ਅਸੀਮਤ ਸਨ। ਸਭ ਤਰ੍ਹਾਂ ਦੇ ਰਤਨਾ ਭਰਣ, ਲਾਲ ਹੀਰੇ, ਵੱਖ-ਵੱਖ ਪ੍ਰਕਾਰ ਦੇ ਪਦਾਰਥ ਅਤੇ ਕੱਪੜੇ, ਸੋਨੇ ਚਾਂਦੀ ਦੇ ਪਾਤਰ ਅਲਾਏ ਟੰਕੇ ਦੇ ਰੂਪ ਵਿਚ ਧੰਨ-ਰਾਸ਼ੀਆਂ ਅਤੇ ਹੋਰ ਮੁਦਰਾਵਾਂ ਅਨਗਿਣਤ ਸੰਖਿਆ ਵਿਚ ਪ੍ਰਾਪਤ ਹੋਈਆਂ। ਬੰਦੀ ਬਣਾਈ ਗਈ ਇਸਤਰੀਆਂ ਵਿਚ ਜ਼ਿਆਦਾਤਰ ਕਮਰ ਵਿਚ ਸੋਨੇ ਜਾਂ ਚਾਂਦੀ ਦੀਆਂ ਪੇਟੀਆਂ ਅਤੇ ਪੈਰਾਂ ਵਿਚ ਬਹੁਮੁੱਲੇ ਛੱਲੇ ਪਹਿਨੇ ਹੋਈਆਂ ਸਨ। ਔਖਦੀਆਂ ਸੁਗੰਧਿਤ ਪਦਾਰਥਾਂ ਅਤੇ ਐਸੀ ਹੀ ਵਸਤਾਂ ਉਤੇ ਤਾਂ ਕਿਸੇ ਦਾ ਧਿਆਨ ਹੀ ਨਹੀਂ ਦਿੱਤਾ। ਮਹੀਨੇ ਦੀ 19 ਤਾਰੀਕ  ਪੁਰਾਣੀ ਦਿੱਲੀ ਦੇ ਵੱਲ ਧਿਆਨ ਦਿੱਤਾ ਗਿਆ ਕਿਉਂਕਿ ਅਨੇਕ ਨਾਸਤਕ ਹਿੰਦੂ ਉੱਥੇ ਦੌੜ ਗਏ ਸਨ ਅਤੇ ਉੱਥੇ ਉਨ੍ਹਾਂ ਨੇ ਬੜੀ ਮਸਜਿਦ ਵਿਚ ਸ਼ਰਣ ਲੈ ਲਈ ਸੀ, ਜਿੱਥੇ ਉਨ੍ਹਾਂ ਨੇ ਆਤਮ ਰੱਖਿਆ ਦੀ ਤਿਆਰੀ ਕੀਤੀ ਸੀ। ਅਮੀਰ ਸ਼ਾਹ ਮਲਿਕ ਅਤੇ ਅਲੀ ਸੁਲਤਾਨ ਤਬਾਚੀ 500 ਵਿਸ਼ਵਸਨੀਅ ਆਦਮੀਆਂ ਨੂੰ ਲੈ ਕੇ ਉਨ੍ਹਾਂ ਦੇ ਵਿਰੁਧ ਚੱਲ ਪਏ ਅਤੇ ਅਪਨੀ ਤਲਵਾਰਾਂ ਖਿੱਚ ਕੇ ਉਨ੍ਹਾਂ ਉਤੇ ਟੁੱਟ ਪਏ ਅਤੇ ਉਨ੍ਹਾਂ ਨੂੰ ਨਰਕ ਵਿਚ ਭੇਜ ਦਿੱਤਾ। ਹਿੰਦੂਆਂ ਦੇ ਸਿਰਾਂ ਨਾਲ ਉਥੇ ਉੱਚੇ ਟਿੱਲੇ ਬਣਾ ਦਿੱਤੇ ਗਏ ਅਤੇ ਉਨ੍ਹਾਂ ਦੇ ਧੜ੍ਹ ਮਾਂਸਾਹਾਰੀ ਪਸ਼ੂ-ਪੰਛੀਆਂ ਦਾ ਭੋਜਨ ਬਣੇ। ਇਸੇ ਦਿਨ ਪੁਰਾਣੀ ਦਿੱਲੀ ਲੁਟੀ ਗਈ ਸੀ ਜਿਹੜੇ ਨਗਰ ਨਿਵਾਸੀ ਜੀਵਤ ਬਚ ਗਏ ਉਨ੍ਹਾਂ ਨੂੰ ਬੰਦੀ ਬਣਾ ਲਿਆ ਗਿਆ। ਅਨੇਕ ਦਿਨਾਂ ਤਕ ਇਹ ਬੰਦੀ ਨਗਰ ਤੋਂ ਬਾਹਰ ਲਿਆਏ ਗਏ ਅਤੇ ਹਰੇਕ "ਤੁਮਾਨ" ਅਤੇ "ਕੁਸ਼ਨ" ਦੇ ਅਮੀਰ ਇਨ੍ਹਾਂ ਦੇ ਇਕ ਇਕ ਦਲ ਨੂੰ ਅਪਨੇ ਅਧਿਕਾਰ ਵਿਚ ਲੈ ਲਿਆ। ਨਗਰ ਦੇ ਕਈ ਹਜਾਰ ਕਾਰੀਗਰ ਅਤੇ ਹੁਨਰ ਕਾਰੀਗਰ ਲਿਆਂਦੇ ਗਏ ਅਤੇ ਤੈਮੂਰ ਦੀ ਆਗਿਆ ਨਾਲ ਕੁਝ ਨੂੰ ਉਨ੍ਹਾਂ ਰਾਜਕੁਮਾਰਾਂ, ਅਮੀਰਾਂ ਅਤੇ ਆਗਾਉਂ ਵਿਚ ਵੰਡਿਆ ਗਿਆ, ਜਿਨ੍ਹਾਂ ਨੇ ਵਿਜੈ ਵਿਚ ਯੋਗਦਾਨ ਦਿੱਤਾ ਸੀ ਅਤੇ ਕੁਝ ਨੂੰ ਉਨ੍ਹਾਂ ਤੋਂ ਅਲਗ ਰੱਖਿਆ ਗਿਆ ਜਿਹੜੇ ਹੋਰ ਹਿੱਸਿਆਂ ਵਿਚ ਸ਼ਾਹੀ ਅਧਿਕਾਰ ਬਣਾਏ ਹੋਏ ਸਨ। ਤੈਮੂਰ ਨੇ ਅਪਨੀ ਰਾਜਧਾਨੀ ਸਮਰਕੰਦ ਵਿਚ ਇੱਕ ਮਸਜਿਦੇ-ਜਾਮੀ ਬਣਾਉਣ ਦੀ ਯੋਜਨਾ ਬਣਾਈ ਸੀ ਅਤੇ ਹੁਣ ਉਸਨੇ ਆਗਿਆ ਦਿੱਤੀ ਕਿ ਸਭ ਸੰਗਤਰਾਸ ਉਸ ਪਵਿੱਤਰ ਕਾਰਜ ਲਈ ਰੱਖੇ ਜਾਣ।

ਦਿੱਲੀ ਤੋਂ ਤੈਮੂਰ ਮੇਰਠ ਵੱਲ ਵਧਿਆ ਜਿਸ ਦੀ ਰੱਖਿਆ ਇਲਿਆਸ ਅਫਗਾਨ, ਉਸ ਦਾ ਪੁੱਤਰ, ਮੌਲਾਨਾ ਅਹਿਮਦ ਥਾਨੇਸਰੀ ਅਤੇ ਸਫੀ ਬਹਾਦਰੀ ਨਾਲ ਕਰ ਰਹੇ ਸਨ। ਤੈਮੂਰ ਨੇ ਦੁਰਗ ਨੂੰ ਜ਼ਮੀਨ 'ਤੇ ਸੁੱਟ ਦਿੱਤਾ, ਲੋਕਾਂ ਦੀ ਹੱਤਿਆ ਕਰਾ ਦਿੱਤੀ ਅਤੇ ਉਨ੍ਹਾਂ ਦੀ ਸਾਰੀ ਸੰਪਤੀ ਲੁੱਟ ਲਈ। ਇਹ ਆਦੇਸ਼ ਦਿੱਤਾ ਗਿਆ ਕਿ ਸਾਰੇ ਦੀਨਾਰੇ ਅਤੇ ਦੀਵਾਰਾਂ ਜ਼ਮੀਨ 'ਤੇ ਸੁੱਟ ਦਿੱਤੀਆਂ ਜਾਣ ਅਤੇ ਹਿੰਦੂਆਂ ਦੇ ਮਕਾਨਾਂ ਵਿੱਚ ਅੱਗ ਲਗਾ ਦਿੱਤੀ ਜਾਵੇ। ਤੈਮੂਰ ਗੰਗਾ ਵੱਲ ਚਲਿਆ ਅਤੇ ਉਹ ਇਕ ਸੰਗ੍ਰਾਮ ਦੇ ਬਾਅਦ, ਇੱਥੇ ਉਸ ਨੇ ਹਿੰਦੂਆਂ ਨਾਲ ਭਰੀ 48 ਕਿਸ਼ਤੀਆਂ ਨੂੰ ਲੁੱਟ ਲਿਆ ਅਤੇ ਉਨ੍ਹਾਂ ਨੂੰ ਨਸ਼ਟ ਕਰ ਦਿੱਤਾ, ਉਸ ਨੇ ਨਦੀ ਪਾਰ ਵੱਲ ਮੁਬਾਰਕ ਖਾਂ ਦੇ ਅਧੀਨ 10,000 ਅਸ਼ਵਾਰੋਹੀਆਂ ਅਤੇ ਪੈਦਲ ਸੈਨਾ ਨੂੰ ਹਰਾ ਦਿੱਤਾ। ਉਸ ਨੇ ਹਰਿਦੁਆਰ ਦੇ ਆਸ-ਪਾਸ ਦੋ ਹਿੰਦੂ ਸੈਨਾਵਾਂ ਨੂੰ ਫੜ੍ਹ ਲਿਆ ਅਤੇ ਉਨ੍ਹਾਂ ਨੂੰ ਲੁੱਟ ਲਿਆ। ਉਥੋਂ ਉਹ ਕਾਂਗੜਾ ਵੱਲ ਚਲਿਆ ਅਤੇ ਭੇਡਾਂ ਦੀ ਤਰ੍ਹਾਂ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰਦਾ ਗਿਆ। 16 ਜਨਵਰੀ 1399 ਈ. ਨੂੰ ਉਸ ਨੇ ਕਾਂਗੜਾ 'ਤੇ ਆਪਣਾ ਕਬਜ਼ਾ ਕਰ ਲਿਆ। ਬਾਅਦ ਵਿੱਚ ਉਹ ਜੰਮੂ ਵੱਲ ਗਿਆ ਇੱਥੇ ਦਾ ਸ਼ਾਸਕ ਹਾਰਨ ਤੋਂ ਬਾਅਦ ਬੰਦੀ ਬਣਾ ਲਿਆ ਗਿਆ। "ਆਸ਼ਾਵਾਂ, ਡਰਾਂ ਅਤੇ ਧਮਕੀਆਂ ਦੇ ਨਾਲ ਉਸ ਨੂੰ ਇਸਲਾਮ ਦੇ ਗ੍ਰਹਿਣ ਕਰਨ ਦੇ ਲਾਲਚ ਦਿੱਤੇ। ਉਸ ਨੇ ਮਤ ਸਵੀਕਾਰ ਕਰ ਲਿਆ ਅਤੇ ਗਾਂ ਦਾ ਮਾਸ ਖਾ ਲਿਆ ਜੋ ਉਸ ਦੇ ਧਰਮ ਦੇ ਲੋਕਾ ਲਈ ਨਿੰਦਾ ਦਾ ਕੰਮ ਹੈ। ਇਸ ਨਾਲ ਉਸ ਨੂੰ ਬਹੁਤ ਸਨਮਾਨ ਪ੍ਰਾਪਤ ਹੋਇਆ ਅਤੇ ਉਸ ਨੇ ਸਮਰਾਟ ਦੀ ਸੁਰੱਖਿਆ ਵਿੱਚ ਲੈ ਲਿਆ ਗਿਆ।" ਠੀਕ ਜੰਮੂ ਦੇ ਰਾਜਾ ਦੀ ਹਾਰ ਦੇ ਬਾਅਦ ਕਸ਼ਮੀਰ ਦੇ ਸਿਕੰਦਰ ਸ਼ਾਹ ਨੇ ਉਸ ਦੀ ਅਧੀਨਤਾ ਸਵੀਕਾਰ ਕਰਦੇ ਹੋਏ ਆਪਣਾ ਸੰਦੇਸ਼ ਭੇਜਿਆ। ਇਕ ਅਭਿਆਨ ਲਾਹੌਰ ਭੇਜਿਆ ਗਿਆ। ਨਗਰ 'ਤੇ ਕਬਜ਼ਾ ਕਰ ਲਿਆ ਗਿਆ। ਸ਼ੇਖਾ ਖੋਖਰ ਨੂੰ ਤੈਮੂਰ ਦੇ ਸਾਹਮਣੇ ਲਿਆਇਆ ਗਿਆ ਜਿਸ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ। 6 ਮਾਰਚ, 1399 ਈ. ਵਿੱਚ ਤੈਮੂਰ ਨੇ ਸੈਨਾ ਦੇ ਅਧਿਕਾਰੀਆਂ ਅਤੇ ਰਾਜ ਕੁਮਾਰਾਂ ਨੂੰ ਉਨ੍ਹਾਂ ਦੇ ਪ੍ਰਾਂਤਾਂ ਵਿੱਚ ਭੇਜਣ ਤੋਂ ਪਹਿਲਾਂ ਵਿਦਾਈ ਦੇਣ ਦੇ ਵਿਚਾਰ ਨਾਲ

ਨੋਟ

ਇਕ ਦਰਬਾਰ ਕੀਤਾ। ਇਸ ਮੌਕੇ ਉਸ ਨੇ ਖਿਜ ਖਾਂ ਨੂੰ ਸੁਲਤਾਨ, ਲਾਹੌਰ ਅਤੇ ਦੀਪਾਲਪੁਰ ਦੀ ਸਰਕਾਰ ਦਾ ਸ਼ਾਸਕ ਨਿਯੁਕਤ ਕਰ ਦਿੱਤਾ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਤੈਮੂਰ ਨੇ ਉਸ ਨੂੰ ਦਿੱਲੀ ਦਾ ਵਾਇਸਰਾਏ ਨਿਯੁਕਤ ਕੀਤਾ। 19 ਮਾਰਚ, 1399 ਈ. ਨੂੰ ਤੈਮੂਰ ਨੇ ਸਿੰਧ ਪਾਰ ਕੀਤਾ, ਦੋ ਦਿਨਾਂ ਦੇ ਬਾਅਦ ਉਸ ਨੇ ਬੰਨੂ ਛੱਡ ਦਿੱਤਾ ਅਤੇ ਕੁਝ ਸਮੇਂ ਦੇ ਬਾਅਦ ਸਮਰਕੰਦ ਪਹੁੰਚ ਗਿਆ। ਉਸ ਨੇ ਆਪਣੇ ਇਕ ਹਮਲੇ ਵਿੱਚ ਭਾਰਤ 'ਤੇ ਇੰਨੀ ਮੁਸੀਬਤ ਢਾਹੀ, ਜਿੰਨੀ ਕੋਈ ਵੀ ਹੋਰ ਪੂਰਵਵਰਤੀ ਆਪਣੇ ਹਮਲੇ ਵਿੱਚ ਨਾ ਢਾਹ ਸਕਿਆ।

**ਸਵ-ਮੁਲਾਂਕਣ (Self Assessment)**

2. ਹੇਠ ਲਿਖਿਆਂ ਕਥਨਾਂ ਵਿਚ ਸੱਚ ਜਾਂ ਝੂਠ ਕਥਨ ਦੀ ਪਹਿਚਾਣ ਕਰ (State whether the following Statements are True or False):

   (i) ਮੁਹੰਮਦ ਤੁਗਲਦ ਦੇ ਬਾਅਦ ਗਯਾਸੁਦੀਨ ਤੁਗਲਕ ਗੱਦੀ ਉਤੇ ਬੈਠਾ।

   (ii) ਫਿਰੋਜ ਤੁਗਲਕ ਗਯਾਸੁਦੀਨ ਤੁਗਲਕ ਦੇ ਛੋਟੇ ਭਰਾ ਦਾ ਪੁੱਤਰ ਸੀ।

   (iii) ਫਿਰੋਜ ਤੁਗਲਕ ਦੇ ਬਾਦ ਉਸਦਾ ਪੌਤਰ ਗਯਾਸੁਦੀਨ ਤੁਗਲਕ ਸ਼ਾਹ 'ਦੂਜਾ' ਗੱਦੀ ਉਤੇ ਬੈਠਾ।

   (iv) ਪੀਰ ਮੁਹੰਮਦ ਤੁਗਲਕ ਦਾ ਪੁੱਤਰ ਸੀ।

   (v) 19 ਮਾਰਚ 1399 ਈ. ਨੂੰ ਤੈਮੂਰ ਨੇ ਸਿੰਧ ਪਾਰ ਕੀਤਾ।

*ਟਾਸਕ* ਤੈਮੂਰ ਨੇ ਆਪਣੀ ਰਾਜਧਾਨੀ ਸਮਰਕੰਦ ਵਿੱਚ ਕੀ ਬਣਾਉਣ ਦੀ ਯੋਜਨਾ ਬਣਾਈ?

## 6.6 ਹਮਲੇ ਦੇ ਪ੍ਰਭਾਵ (Effects of Invasion)

1. ਤੈਮੂਰ ਦੀ ਵਾਪਸੀ ਦੇ ਬਾਦ ਸਾਰਾ ਭਾਰਤ ਅਵਰਣਨੀਅ ਅਸ਼ਾਂਤੀ ਅਤੇ ਅਵਿਵਸਥਾ ਵਿਚ ਫਸ ਗਿਆ। ਦਿੱਲੀ ਲਗਭਗ ਨਿਰਜਨ ਅਤੇ ਨਸ਼ਟ-ਭ੍ਰਿਸ਼ਟ ਹੋ ਗਈ। ਉਹ ਅਨਾਥ ਹੋ ਗਈ। ਜੋ ਕੁਝ ਨਿਵਾਸੀ ਬਚੇ, ਉਨ੍ਹਾਂ ਨੂੰ ਅਕਾਲ ਅਤੇ ਮਹਾਂਮਾਰੀ ਦਾ ਸਾਹਮਣਾ ਕਰਨਾ ਪਿਆ। ਕਿਉਂਕਿ ਆਕ੍ਰਮਣਕਾਰੀ ਸੈਨਾ ਨੇ ਫਸਲਾਂ ਅਤੇ ਅਨਾਜ ਦੇ ਢੇਰਾਂ ਨੂੰ ਅਪਾਰ ਹਾਨੀ ਪਹੁੰਚਾਈ ਸੀ ਇਸ ਸਵਭਾਵਿਕ ਰੂਪ ਨਾਲ ਦੁਰਲਭਤਾ ਵਿਚ ਆ ਗਿਆ। ਹਜਾਰਾਂ ਮਨੁੱਖਾਂ ਦੇ ਹੱਤਿਆ ਕਾਂਡ ਦੇ ਕਾਰਣ ਹਵਾ ਅਤੇ ਜਲ ਦੂਸ਼ਤ ਹੋ ਜਾਣ ਦੇ ਕਾਰਣ ਮਹਾਂਮਾਰੀ ਫੈਲ ਗਈ। ਬਰਬਾਦੀ ਇਨੀ ਭਾਰੀ ਹੋ ਗਈ ਕਿ "ਨਗਰ ਬੁਰੀ ਤਰ੍ਹਾਂ ਨਾਲ ਨਿਰਜਨ ਹੋ ਗਿਆ ਅਤੇ ਜੋ ਬਚ ਗਏ ਉਹ ਅਕਾਲ ਦਾ ਭੋਜਨ ਬਣ ਗਏ। ਪੂਰੇ 2 ਮਹੀਨੇ ਤਕ ਇਕ ਚਿੜੀ ਤਕ ਨੇ ਦਿੱਲੀ ਵਿਚ ਅਪਣਾ ਪੰਖ ਨਹੀਂ ਹਿਲਾਇਆ"।

2. ਤੁਗਲਕ ਸਾਮਰਾਜ ਪੂਰਣਤਾ ਅਸਤ-ਵਿਅਸਤ ਹੋ ਗਿਆ। ਖਵਾਜਾ ਜਹਾਨ ਜੌਨਪੁਰ ਦਾ ਇੱਕ ਸੁਤੰਤਰ ਸ਼ਾਸਕ ਸੀ। ਬੰਗਾਲ ਬਹੁਤ ਪਹਿਲੇ ਹੀ ਸੁਤੰਤਰ ਹੋ ਚੁੱਕਿਆ ਸੀ। ਗੁਜਰਾਤ ਵਿਚ ਮੁਜੱਫਰ ਸ਼ਾਹ ਕਿਸੀ ਨੂੰ ਸਵਾਮੀ ਨਹੀਂ ਮੰਨਦਾ ਸੀ। ਮਾਲਵਾ ਵਿਚ ਦਿਲਾਵਰ ਖਾਨ ਨੇ ਰਾਜਸੀ ਸ਼ਕਤੀ ਧਾਰਣ ਕਰ ਰੱਖੀ ਸੀ। ਪੰਜਾਬ ਅਤੇ ਅਪਰ ਸਿੰਧ ਦਾ ਸ਼ਾਸਨ ਖਿਜ ਖਾਨ ਤੈਮੂਰ ਦੇ ਵਾਈਸਰਾਏ ਦੀ ਤਰ੍ਹਾਂ ਕਰ ਰਿਹਾ ਸੀ। ਸਮਾਨਾ ਗਾਲਿਬ ਖਾਨ ਦੇ ਪਾਸ ਸੀ। ਕਾਲਪੀ ਅਤੇ ਮਹੋਬਾ ਮੁਹੰਮਦ ਖਾਨ ਦੇ ਅਧੀਨ ਸੁਤੰਤਰ ਰਿਆਸਤਾਂ ਬਣ ਚੁਕੀਆਂ ਸਨ। ਇਸ ਸਮੇਂ ਮੱਲੂ ਇਕਬਾਲ ਬਰਨ ਵਿਚ ਸੀ। ਕੁਝ ਸਮੇਂ ਦੇ ਲਈ ਨੁਸਰਤ ਸ਼ਾਹ ਦਿੱਲੀ ਦਾ ਸਵਾਮੀ ਬਣ ਬੈਠਾ, ਪਰ ਮੱਲੂ ਨੇ ਉਸ ਨੂੰ ਉਸ ਸਥਾਨ ਤੋਂ ਕੱਢ ਦਿੱਤਾ ਅਤੇ ਉਸਨੂੰ ਮੇਵਾਤ ਵਿਚ ਸ਼ਰਣ ਲੈਣ ਲਈ ਬੇਬਸ ਕਰ ਦਿੱਤਾ। ਜਿੱਥੇ ਕੁਝ ਹੀ ਸਮੇਂ ਬਾਦ ਉਸ ਦੀ ਮ੍ਰਿਤੂ ਹੋ ਗਈ। ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਤੈਮੂਰ ਦੇ ਆਕ੍ਰਮਣ ਨੇ ਉਸ ਡਾਂਵਾ ਡੋਲ ਹੋਏ ਤੁਗਲਕ ਵੰਸ਼ ਦਾ ਅੰਤ ਕਰ ਦਿੱਤਾ, ਜਿਸ ਤੋਂ ਬਾਦ 1414 ਈ. ਵਿਚ ਸਯਦ ਵੰਸ਼ ਨੂੰ ਸਥਾਨ ਪ੍ਰਾਪਤ ਹੋਇਆ।

3. ਤੈਮੂਰ ਨੇ ਭਾਰਤ ਦੀ ਖੁਸ਼ਹਾਲੀ ਨੂੰ ਨਸ਼ਟ ਕਰ ਦਿੱਤਾ ਗਿਆ। ਦਿਲੀ ਭਟਨੇਰ ਦੀਪਾਲ ਪੁਰ ਮੇਰਠ ਅਤੇ ਹਰੀਦੁਆਰ ਵਿਚ ਕਲਾ ਦੇ ਬੜੇ ਮਹਿਲਾਂ ਨੂੰ ਨਸ਼ਟ ਕਰ ਦਿੱਤਾ ਗਿਆ। ਲੁੱਟ ਮਾਰ ਆਗਜਨੀ ਆਦਿ ਨੇ ਭਾਰਤ ਨੂੰ ਉਸ ਦੀ ਮਹਾਨ ਸੰਪੱਤੀ ਤੋਂ ਵੰਚਿਤ ਕਰ ਦਿੱਤਾ।

4. ਤੈਮੂਰ ਦੇ ਆਕ੍ਰਮਣ ਨੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਕਾਰ ਖਾਈ ਨੂੰ ਵੱਧ ਚੌੜਾ ਕਰ ਦਿੱਤਾ। ਹਿੰਦੂਆਂ ਉਤੇ ਉਨ੍ਹਾਂ ਦੇ ਅਤਿਆਚਾਰਾਂ ਦੇ ਕਾਰਣ ਮੁਸਲਮਾਨ ਲੋਕ ਹਿੰਦੂਆਂ ਨੂੰ ਅਪਣੇ ਵੱਲ ਨਾ ਕਰ ਸਕੇ ਕਿਉਂਕਿ ਹਿੰਦੂ ਲੋਕ ਉਨ੍ਹਾਂ ਨੂੰ ਮਲੇਛ ਸਮਝਣ

**ਨੋਟ**

ਲਗੇ। ਤੈਮੂਰ ਦੁਆਰਾ ਹਿੰਦੂਆਂ ਦੇ ਹੱਤਿਆਕਾਂਡ ਅਤੇ ਉਨ੍ਹਾਂ ਦੇ ਸਿਰਾਂ ਤੋਂ ਮੀਨਾਰਾਂ ਦੇ ਬਣਾਏ ਜਾਣ ਦੀ ਕੜਵਾਹਟ ਨੂੰ ਹੋਰ ਵੀ ਵਧਾ ਦਿੱਤਾ। ਤੈਮੂਰ ਦੇ ਆਕ੍ਰਮਣ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇੱਕ-ਦੂਜੇ ਦੇ ਨੇੜੇ ਲੈ ਆਉਣ ਵਾਲੀ ਗੱਲ ਨੂੰ ਹੋਰ ਵੀ ਅਸੰਭਵ ਬਣਾ ਦਿੱਤਾ।

5. ਤੈਮੂਰ ਦੇ ਆਕ੍ਰਮਣ ਦਾ ਇੱਕ ਹੋਰ ਪ੍ਰਭਾਵ ਵੀ ਪਿਆ ਕਿ ਭਾਰਤੀ ਕਲਾ ਨੂੰ ਕੇਂਦਰੀ ਏਸ਼ੀਆਂ ਤੱਕ ਪਹੁੰਚਣ ਦਾ ਅਵਸਰ ਮਿਲਿਆ। ਤੈਮੂਰ ਆਪਣੇ ਨਾਲ ਬਹੁਤ ਸਾਰੇ ਸ਼ਿਲਪਕਾਰ ਅਤੇ ਕਾਰੀਗਰ ਸਮਰਕੰਦ ਲੈ ਗਿਆ ਜਿੱਥੇ ਉਨ੍ਹਾਂ ਨੇ ਮਸਜਿਦਾਂ ਅਤੇ ਹੋਰ ਮਹਿਲ ਬਣਾਉਣ ਲਈ ਰੱਖਿਆ।

6. ਤੈਮੂਰ ਦੇ ਆਕ੍ਰਮਣ ਦਾ ਇਕ ਹੋਰ ਪ੍ਰਭਾਵ ਹੋਇਆ ਕਿ ਉਸਨੇ ਮੁਗਲ ਵਿਜੈ ਦਾ ਰਸਤਾ ਖੋਲ ਦਿੱਤਾ। ਬਾਬਰ ਤੈਮੂਰ ਦੀ ਨਸਰ ਦਾ ਸੀ ਉਸਨੇ ਆਪਣੀ ਨਸਲ ਦੇ ਕਾਰਣ ਦਿੱਲੀ ਦੇ ਸਿੰਘਾਸਨ ਉੱਤੇ ਦਾਅਵਾ ਦਿਖਾਇਆ ਤੈਮੂਰ ਦੀ ਪੰਜਾਬ ਅਤੇ ਦਿੱਲੀ ਦੀ ਵਿਜਾਵਾਂ ਵਿੱਚ ਬਾਬਰ ਨੇ ਆਪਣੀ ਭਾਰਤੀਯ ਵਿਜੈ ਦੀ ਨੈਤਿਕ ਅਤੇ ਕਾਨੂੰਨੀ ਤਰਕ ਸਿੱਧੀ ਪਾਈ। ਦਿੱਲੀ ਦੇ ਸਿੰਘਾਸਨ ਉਤੇ ਵਿਜੈ ਦੀ ਨੈਤਿਕ ਅਤੇ ਕਾਨੂੰਨੀ ਤਰਕ ਸਿੱਧੀ ਪਾਈ।

**ਤੈਮੂਰ ਦੇ ਆਕ੍ਰਮਣ ਬਾਦ ਤੁਗਲਕ ਵੰਸ਼** (Tughluq Dynasty after Tamur's Invasion) : ਇਹ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਤੈਮੂਰ ਦੇ ਜਾਣ ਤੋਂ ਬਾਦ ਨੁਸਰਤ ਸ਼ਾਹ ਨੇ ਦਿੱਲੀ ਉਤੇ ਕਬਜਾ ਕਰ ਲਿਆ ਸੀ ਪਰ ਮੱਲੂ ਇਕਬਾਲ ਨੇ ਉਸਨੂੰ ਦੌੜਾ ਦਿੱਤਾ। 1401 ਈ. ਵਿਚ ਮੱਲੂ ਇਕਬਾਲ ਨੇ ਇਹ ਅਨੁਭਵ ਕੀਤਾ ਕਿ ਉਸਦੇ ਲਈ ਮੁਹੰਮਦ ਸ਼ਾਹ ਵੀ ਇੱਜਤ ਲਾਭਦਾਇਕ ਹੋਵੇਗੀ ਅਤੇ ਇਸ ਲਈ ਉਸਨੂੰ ਦਿੱਲੀ ਵਾਪਸ ਬੁਲਾਉਣ ਲਈ ਫੁਸਲਾਇਆ। ਤੈਮੂਰ ਦੇ ਹੱਥੋਂ ਹਾਰ ਜਾਣ ਤੋਂ ਬਾਦ ਮਹਮੂਦ ਸ਼ਾਹ ਦਾ ਅਨੁਭਵ ਕੌੜਾ ਹੋ ਚੁੱਕਿਆ ਸੀ। ਗੁਜਰਾਤ ਦੇ ਮੁਜੱਫਰ ਸ਼ਾਹ ਨੇ ਉਸਦਾ ਸਵਾਗਤ ਨਹੀਂ ਕੀਤਾ। ਮਾਲਵਾ ਦੇ ਦਿਲਾਵਰ ਖਾਨ ਨੇ ਉਸਦਾ ਚੰਗਾ ਸੁਆਗਤ ਕੀਤਾ ਅਤੇ ਉਸਨੂੰ ਧਾਰ ਵਿਚ ਇੱਕ ਨਿਵਾਸ ਗ੍ਰਹਿ ਪ੍ਰਦਾਨ ਕੀਤਾ ਪਰ ਉਹ ਦਿੱਲੀ ਵਾਪਸ ਆਉਣ ਦੇ ਚਾਉ ਨੂੰ ਨਾਂ ਰੋਕ ਸਕਿਆ। ਮੱਲੂ ਇਕਬਾਲ ਨੇ ਪੂਰੀ ਇੱਜਤ ਨਾਲ ਮਹਮੂਦ ਸ਼ਾਹ ਦਾ ਸੁਆਗਤ ਕੀਤਾ ਪਰ ਬਾਦ ਵਿਚ ਉਸਨੂੰ ਇੱਕ ਸ਼ਾਹੀ ਮਹਿਲ ਵਿਚ ਬੰਦ ਕਰਾ ਦਿੱਤਾ। ਰਾਜ ਉਤੇ ਉਹ ਐਸੇ ਸ਼ਾਸਨ ਕਰਦਾ ਰਿਹਾ ਜਿਸ ਤਰ੍ਹਾਂ ਕਿ ਮਹਮੂਦ ਸ਼ਾਹ ਮਾਲਵਾ ਤੋਂ ਵਾਪਸ ਹੀ ਨਾਂ ਆਇਆ ਹੋਵੇ।

1402 ਈ. ਵਿੱਚ ਮੱਲੂ ਇਕਬਾਲ ਕਨੌਜ ਵੱਲ ਚੱਲਿਆ। ਉਹ ਆਪਣੇ ਨਾਲ ਮਹਿਮੂਦ ਸ਼ਾਹ ਨੂੰ ਵੀ ਲੈ ਗਿਆ। ਮਹਿਮੂਦ ਸ਼ਾਹ ਨੇ ਮੱਲੂ ਦੇ ਅਧੀਨ ਰਹਿਣਾ ਬਹੁਤ ਅਪਮਾਨਜਨਕ ਸਮਝਿਆ, ਇਸ ਲਈ ਰਾਤ ਸਮੇਂ ਉਹ ਕੈਂਪ ਵਿੱਚੋਂ ਨਿਕਲ ਕੇ ਕਨੌਜ ਤੋਂ ਦੌੜ ਆਇਆ ਅਤੇ ਜੌਨਪੁਰ ਦੇ ਸ਼ਾਸਕ ਇਬਰਾਹਿਮ ਸ਼ਾਹ ਦੇ ਕੋਲ ਸ਼ਰਣ ਲਈ। ਪਰ ਇਬਰਾਹਿਮ ਸ਼ਾਹ ਨੇ ਉਸ ਦਾ ਸਵਾਗਤ ਨਹੀਂ ਕੀਤਾ ਅਤੇ ਉਹ ਕੁਝ ਸਾਥੀਆਂ ਦੇ ਨਾਲ ਉਥੋਂ ਚਲਾ ਗਿਆ। ਮਹਿਮੂਦ ਸ਼ਾਹ ਕਨੌਜ ਦੇ ਸ਼ਾਸਕ ਇਬਰਾਹਿਮ ਸ਼ਾਹ ਨੂੰ ਉਥੋਂ ਕੱਢਣ ਵਿੱਚ ਸਫਲ ਹੋ ਗਿਆ ਅਤੇ ਉਸ ਨੇ ਉਸ ਨਗਰ ਨੂੰ ਆਪਣਾ ਨਿਵਾਸ ਸਥਾਨ ਬਣਾ ਲਿਆ। ਮੱਲੂ ਇਕਬਾਲ ਦਿੱਲੀ ਵਾਪਿਸ ਚਲਾ ਆਇਆ। ਮਹਿਮੂਦ ਸ਼ਾਹ ਦੇ ਹੱਥਾਂ ਕਨੌਜ 'ਤੇ ਕਬਜ਼ੇ ਨੂੰ ਦੇਖ ਕੇ ਇਬਰਾਹਿਮ ਸ਼ਾਹ ਨੇ ਅਧੀਨਗੀ ਮੰਨ ਲਈ ਅਤੇ ਖੁਦ ਜੌਨਪੁਰ ਵਾਪਿਸ ਚਲਾ ਗਿਆ।

ਉਸੀ ਸਾਲ ਮੱਲੂ ਨੇ ਗਵਾਲਿਆਰ ਉਤੇ ਅਧਿਕਾਰ ਕਰਨਾ ਚਾਹਿਆ ਪਰ ਉਹ ਅਸਫਲ ਰਿਹਾ ਅਤੇ ਵਾਪਸ ਲੋਟ ਜਾਣ ਲਈ ਬੇਬਸ ਹੋ ਗਿਆ। 1404 ਈ. ਵਿਚ ਮੱਲੂ ਚਾਰ ਮਹੀਨਿਆਂ ਤਕ ਇਟਾਵਾ ਘੇਰੇ ਰਿਹਾ ਪਰ ਉਸ ਉੱਤੇ ਅਧਿਕਾਰ ਜਮਾਉਣ ਵਿਚ ਅਸਫਲ ਰਿਹਾ। ਉਸਨੇ ਕਨੌਜ ਉਤੇ ਕਬਜਾ ਕਰਨ ਦਾ ਨਿਸਚੈ ਕੀਤਾ, ਪਰ ਉੱਥੇ ਵੀ ਅਸਫਲ ਰਿਹਾ। 1405 ਈ. ਵਿਚ ਮੱਲੂ ਬਹਰਾਮ ਖਾਨ ਦੇ ਵਿਰੁਧ ਵਧਿਆ ਜਿਹੜਾ ਸਬਾਜ ਵਿਚ ਵਸ ਗਿਆ ਸੀ। ਬਹਰਾਮ ਖਾਨ ਦੌੜ ਗਿਆ ਪਰ ਰੋਪੜ ਤਕ ਉਸਦਾ ਪਿੱਛਾ ਕੀਤਾ ਗਿਆ। ਇੱਕ ਸੰਤ ਸ਼ੇਖ ਬਹਰਾਮ ਖਾਨ ਅਤੇ ਮੱਲੂ ਦੇ ਵਿਚ ਵਿਰੋਧ ਦੂਰ ਕਰਨ ਵਿਚ ਸਫਲ ਰਿਹਾ ਅਤੇ ਦੋਵਾਂ ਨੇ ਮਿਲ ਕੇ ਖਿਜ ਖਾਨ ਦੇ ਵਿਰੁਧ ਲੜਨ ਦਾ ਨਿਸਚੈ ਕੀਤਾ। ਮੱਲੂ ਨੇ ਚਾਲਾਕੀ ਦੇ ਨਾਲ ਬਹਰਾਮ ਖਾਨ ਨੂੰ ਮੌਤ ਦੇ ਘਾਟ ਉਤਰਵਾ ਦਿੱਤਾ। 12 ਨਵੰਬਰ 1405 ਈ. ਨੂੰ ਖਿਜ ਖਾਨ ਦੀਪਾਲਪੁਰ ਤੋਂ ਚੱਲਿਆ, ਉਸਨੇ ਪਾਕ ਪੱਟਨ ਦੇ ਕੋਲ ਮੱਲੂ ਨੂੰ ਹਰਾ ਦਿੱਤਾ ਅਤੇ ਉਸਦਾ ਅੰਤ ਕਰ ਦਿੱਤਾ।

1405 ਈ. ਵਿਚ ਮੱਲੂ ਇਕਬਾਲ ਦੀ ਮ੍ਰਿਤੂ ਦੇ ਬਾਦ ਦਿੱਲੀ ਦਾ ਸ਼ਾਸਨ ਪ੍ਰਬੰਧ ਕੁਝ ਕੁਲੀਨ ਸਰਦਾਰਾਂ ਦੇ ਹੱਥਾਂ ਵਿਚ ਆ ਗਿਆ ਜਿਨ੍ਹਾਂ ਦੇ ਪ੍ਰਧਾਨ ਦੌਲਤ ਖਾਨ ਲੋਧੀ ਅਤੇ ਇਖਿਤਆਰ ਖਾਨ ਸਨ। ਉਨ੍ਹਾਂ ਨੇ ਮਹਮੂਦ ਸ਼ਾਹ ਨੂੰ ਸੱਦਾ ਦਿੱਤਾ ਅਤੇ ਉਹ ਦਿਸੰਬਰ 1405 ਈ. ਵਿਚ ਦਿੱਲੀ ਵਾਪਸ ਆਇਆ। ਦੌਲਤਖਾਨ ਲੋਧੀ ਨੂੰ ਦੋਆਬ ਦਾ ਸ਼ਾਸਕ ਅਤੇ ਇਖਿਤਆਰ ਖਾਨ ਨੂੰ ਫਿਰੋਜਾਬਾਦ ਦਾ ਸ਼ਾਸ਼ਕ ਨਿਯੁਕਤ ਕਰ ਦਿੱਤਾ ਗਿਆ।

1406 ਈ. ਵਿਚ ਮਹਮੂਦ ਖਾਨ ਨੇ ਦੌਲਤਖਾਨ ਲੋਧੀ ਨੂੰ ਸਮਾਨਾ ਦੀ ਵਿਜੈ ਕਰਨ ਲਈ ਭੇਜਿਆ। ਜੌਨਪੁਰ ਦੇ ਇਬਰਾਹੀਮ ਸ਼ਾਹ ਨੂੰ ਉਸਦੇ ਬੁਰੇ ਵਰਤਾਵ ਦੇ ਕਾਰਣ (ਜਿਹੜਾ 1402 ਈ. ਵਿਚ ਅਪਣੇ ਸ਼ਿਵਰ ਵਿਚ ਪ੍ਰਦਰਸ਼ਿਤ ਕੀਤਾ ਸੀ) ਉਸਨੂੰ ਦੰਡ ਦੇਣ ਲਈ ਖੁਦ ਕਨੌਜ ਵੱਲ ਵਧਿਆ। ਕੁਝ ਸਮੇਂ ਤਕ ਮਹਮੂਦ ਸ਼ਾਹ ਅਤੇ ਇਬਰਾਹੀਮ ਸ਼ਾਹ ਦੇ ਸੈਨਾਵਾਂ ਵਿਚ ਸੰਘਰਸ਼ ਚਲਦੇ ਰਹਿਣ ਤੋਂ ਬਾਦ ਇੱਕ ਸਮਝੌਤਾ ਹੋਇਆ, ਪਰ ਉਸ ਦੇ ਹੁੰਦੇ ਹੋਏ ਵੀ ਇਬਰਾਹੀਮ ਸ਼ਾਹ ਕਨੌਜ ਉਤੇ ਘੇਰਾ ਪਾ ਕੇ ਰੱਖਿਆ ਅਤੇ ਉਸਨੇ ਉਸ

ਨੋਟ

ਉਪਰ ਅਧਿਕਾਰ ਕਰ ਲਿਆ। ਉਹ ਦਿੱਲੀ ਵੱਲ ਵਧਿਆ ਅਤੇ ਉਹ ਯਮਨਾ ਪਾਰ ਕਰਨ ਵਾਲਾ ਹੀ ਸੀ ਕਿ ਉਸਨੂੰ ਪਤਾ ਲੱਗਾ ਕਿ ਗੁਜਰਾਤ ਦਾ ਸ਼ਾਸਕ ਉਸਦੇ ਜੌਨਪੁਰ ਨੂੰ ਜਿੱਤਣ ਦਾ ਇਰਾਦਾ ਬਣਾ ਰਿਹਾ ਹੈ। ਇਨ੍ਹਾਂ ਹਾਲਾਤਾਂ ਦੇ ਕਾਰਣ ਇਬਰਾਹੀਮ ਸ਼ਾਹ ਵਾਪਸ ਜੌਨਪੁਰ ਪਹੁੰਚਿਆ। ਦੌਲਤ ਖਾਨ ਲੋਧੀ ਜਿਸ ਨੂੰ ਸਮਾਨਾ ਦੀ ਵਿਜੈ ਕਰਨ ਲਈ ਭੇਜਿਆ ਸੀ, ਨੇ ਬਹਰਾਮਖਾਨ ਨੂੰ ਸਮਾਨਾ ਤੋਂ ਸਰਹਿੰਦ ਤਕ ਖਦੇੜਿਆ ਅਤੇ ਉਸਨੂੰ ਆਤਮ ਸਮਰਪਣ ਕਰਨ ਲਈ ਬੇਬਸ ਕਰ ਦਿੱਤਾ। ਉਸਨੇ ਅਪਣੇ ਪਰਾਜਤ ਸ਼ਤਰੂ ਨੂੰ ਅਪਣਾ ਮਿਤ੍ਰ ਬਣਾ ਲਿਆ ਅਤੇ ਉਸਨੂੰ ਅਪਣੇ ਸੰਰੱਖਿਅਣ ਵਿਚ ਲੈ ਕੇ ਸਮਾਨਾ ਵਿਚ ਰਹਿਣ ਲੱਗਾ। ਖਿਜ ਖਾਨ ਦੇ ਆਉਣ ਉਤੇ ਦੌਲਤ ਖਾਨ ਲੋਧੀ ਦੋਆਬ ਦੌੜ ਗਿਆ ਅਤੇ ਉਸਦੇ ਸਾਥੀ ਖਿਜਖਾਨ ਨਾਲ ਮਿਲ ਗਏ। ਸਮਾਨਾ ਦੇ ਸਿਵਾਏ, ਖਿਜ ਖਾਨ ਨੇ ਸਿੰਧੂ, ਸੁਨਾਮ ਅਤੇ ਹਿਸਾਰ ਉਪਰ ਅਧਿਕਾਰ ਕਰ ਕੇ ਅਪਣੇ ਰਾਜ ਵਿਚ ਮਿਲਾ ਲਿਆ। ਇਸ ਨਾਲ ਦਿੱਲੀ ਦੀ ਦੀਵਾਰਾਂ ਅੱਗੇ ਕੇਵਲ ਦੋਆਬ ਰੋਹਤਕ ਅਤੇ ਸੰਭਲ ਮਹਮੂਦ ਸ਼ਾਹ ਦੇ ਅਧੀਨ ਰਹੇ।

ਇਹ ਸੱਚ ਹੈ ਕਿ ਮਹਮੂਦ ਸ਼ਾਹ ਨੇ 1408 ਈ. ਵਿਚ ਹਿਸਾਰ ਵਾਪਸ ਲੈ ਲਿਆ। ਜਨਵਰੀ 1409 ਈ. ਵਿਚ ਖਿਜ ਖਾਨ ਫਿਰੋਜਾਬਾਦ ਦੀ ਦੀਵਾਰਾਂ ਤੋਂ ਬਾਹਰ ਦਿਖਾਈ ਦਿੱਤਾ ਅਤੇ ਉਸਨੇ ਉਸਦਾ ਘੇਰਾ ਪਾ ਲਿਆ। ਪਰ ਖਿਜ ਖਾਨ ਵਾਪਸ ਲੌਟਣ ਲਈ ਮਜਬੂਰ ਹੋ ਗਿਆ ਕਿਉਂਕਿ ਅਕਾਲ ਅਤੇ ਬਰਬਾਦੀ ਦੇ ਕਾਰਣ ਲੋਕ ਸੈਨਾ ਦੀ ਸਹਾਇਤਾ ਕਰਨ ਵਿਚ ਬੇਬਸ ਸਨ। 1410 ਈ. ਵਿਚ ਖਿਜ ਖਾਨ ਨੇ ਰੋਹਤਕ ਜਿੱਤ ਲਿਆ ਪਰ 6 ਮਹੀਨੇ ਤਕ ਘੇਰਾ ਪਾਏ ਰਹਿਣ ਦੀ ਮਿਹਨਤ ਦੁਆਰਾ ਪ੍ਰਾਪਤ ਫਲ ਨੂੰ ਬਣਾਏ ਰੱਖਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ। 1411 ਈ. ਵਿਚ ਖਿਜ ਖਾਨ ਨਾਰਨੌਲ ਪਹੁੰਚਿਆ ਅਤੇ ਉਸ ਅਤੇ ਦਿੱਲੀ ਦੇ ਦੱਖਣ ਵਿਚ ਤਿੰਨ ਹੋਰ ਨਗਰਾਂ ਨੂੰ ਲੁੱਟ ਲਿਆ। ਉਸਨੇ ਸ਼ੀਰੀ ਵਿਚ ਮਹਮੂਦ ਸ਼ਾਹ ਨੂੰ ਘੇਰ ਲਿਆ ਪਰ ਇੱਕ ਵਾਰ ਫਿਰ ਅਕਾਲ ਦੇ ਉਸਦੀ ਰੱਖਿਆ ਕੀਤੀ ਅਤੇ ਖਿਜ ਖਾਨ ਘੇਰਾ ਹਟਾਉਣ ਅਤੇ ਵਾਪਸ ਜਾਣ ਲਈ ਬੇਬਸ ਹੋ ਗਿਆ। ਫਰਵਰੀ 1413 ਈ. ਵਿਚ ਮਹਮੂਦ ਸ਼ਾਹ ਦੀ ਮ੍ਰਿਤੂ ਹੋ ਗਈ ਅਤੇ ਕੈਥਲ ਵਿਚ 20 ਸਾਲ ਤਕ ਚੱਲਣ ਵਾਲੇ ਉਸਦੇ ਉਸ ਨਾਮ ਮਾਤਰ ਸ਼ਾਸਨ ਕਾਲ ਦਾ ਅੰਤ ਹੋਇਆ ਜਿਸ ਦੇ ਵਿਚ ਉਸਨੂੰ ਕਦੇ ਸ਼ਕਤੀ ਧਾਰਨ ਕਰਨ ਨੂੰ ਨਹੀਂ ਮਿਲੀ ਅਤੇ ਜਿਸ ਵਿਚ ਉਸਨੂੰ ਕਈ ਵਾਰੀ ਰਾਜਧਾਨੀ ਤੋਂ ਨੱਸਣਾ ਵੀ ਪਿਆ। ਉਸਦੇ ਨਾਲ ਹੀ ਗਯਾਸੁਦੀਨ ਤੁਗਲਕ ਦਾ ਵੰਸ਼ ਖਤਮ ਹੋ ਗਿਆ। ਮਹਮੂਦ ਸ਼ਾਹ ਦੇ ਵਿਸ਼ੇ ਵਿਚ ਤਾਰੀਖੇ ਮੁਬਾਰਕ ਸ਼ਾਹੀ ਦਾ ਰਚੈਤਾ ਕਹਿੰਦਾ ਹੈ, "ਸਾਰੇ ਰਾਜ ਕਾਜ ਅਤਿ ਅਧਿਕ ਅਵਿਵਸਥਾ ਵਿਚ ਪੈ ਗਏ ਸਨ। ਸੁਲਤਾਨ ਖੁਦ ਅਹੁਦਾ ਉਚਿਤ ਕਰਤੱਵਾਂ ਵੱਲ ਕੁਝ ਧਿਆਨ ਨਹੀਂ ਦਿੰਦਾ ਸੀ ਅਤੇ ਉਸਨੂੰ ਸਿੰਘਾਸਨ ਸਥਾਈ ਰੱਖਣ ਦੀ ਵੀ ਫਿਕਰ ਨਹੀਂ ਉਸ ਦਾ ਸਾਰਾ ਸਮਾਂ ਭੋਗ ਵਿਲਾਸ ਵਿਚ ਗੁਜਰਦਾ ਸੀ।"

**ਦੌਲਤ ਖਾਂ ਲੋਧੀ** (Daulat Khan Lodi): ਮੁਹੰਮਦ ਸ਼ਾਹ ਦੀ ਮੌਤ ਤੋਂ ਬਾਅਦ ਕੁਲੀਨ ਸਰਦਾਰਾਂ ਨੇ ਆਪਣੀ ਨਿਸ਼ਠਾ ਦਾ ਪ੍ਰਦਰਸ਼ਨ ਦੌਲਤ ਖਾਂ ਲੋਦੀ ਦੇ ਪੱਖ ਵਿੱਚ ਕੀਤਾ। ਦੌਲਤ ਖਾਂ ਨੇ ਦੋਆਬ ਵਿੱਚ ਪ੍ਰਵੇਸ਼ ਕੀਤਾ ਅਤੇ ਉਸ ਨੇ ਇਟਾਵਾ ਦੇ ਰਾਜਪੂਤਾਂ ਅਤੇ ਬਦਾਯੂੰ ਦੇ ਮਹਾਬਤ ਖਾਂ ਨੂੰ ਉਨ੍ਹਾਂ ਦਾ ਸਰਵ ਭੂਮੀ ਸ਼ਾਸਕ ਮੰਨਣ 'ਤੇ ਮਜ਼ਬੂਰ ਕੀਤਾ ਪਰ ਦੌਲਤ ਖਾਂ ਦਿੱਲੀ ਵਾਪਿਸ ਚਲਾ ਆਇਆ ਕਿਉਂਕਿ ਉਹ ਜੌਨਪੁਰ ਦੇ ਇਬਰਾਹਿਮ ਸ਼ਾਹ ਨਾਲ ਸੰਘਰਸ਼ ਕਰਨਾ ਨਹੀਂ ਚਾਹੁੰਦਾ ਸੀ। ਦਸੰਬਰ 1413 ਈ. ਵਿੱਚ ਖਿਰਜ ਖਾਂ ਨੇ ਦੌਲਤ ਦੇ ਪ੍ਰਦੇਸ਼ 'ਤੇ ਹਮਲਾ ਕੀਤਾ ਅਤੇ ਉਸ ਨੇ ਮੇਵਾਤ ਵਿੱਚ ਪ੍ਰਵੇਸ਼ ਕੀਤਾ। ਉਸ ਨੇ ਸੰਭਲ ਵਿੱਚ ਲੁੱਟ ਮਚਾ ਦਿੱਤੀ। ਮਾਰਚ 1414 ਈ. ਵਿੱਚ ਉਸ ਨੇ 60,000 ਅਸ਼ਵਾਰੋਹੀਆਂ ਦੇ ਨਾਲ ਸੀਰੀ ਵਿੱਚ ਦੌਲਤ ਖਾਂ ਨੂੰ ਘੇਰ ਲਿਆ। ਦੌਲਤ ਖਾਂ ਚਾਰ ਮਹੀਨਿਆਂ ਤੱਕ ਡਟਿਆ ਰਿਹਾ ਪਰ ਬਾਅਦ ਵਿੱਚ ਉਸ ਨੇ ਆਤਮ ਸਮਰਪਣ ਕਰ ਦਿੱਤਾ। 28 ਮਈ 1414 ਈ. ਨੂੰ ਖਿਰਜ ਖਾਂ ਨੇ ਦਿੱਲੀ ਵਿੱਚ ਪ੍ਰਵੇਸ਼ ਕੀਤਾ ਅਤੇ ਸਰਵ ਭੂਮੀ ਸ਼ਾਸਕ ਦੇ ਰੂਪ ਵਿੱਚ ਲੋਦੀ ਵੰਸ਼ ਦੀ ਨੀਂਹ ਰੱਖੀ। ਹਿਸਾਰ ਵਿੱਚ ਦੌਲਤ ਖਾਂ ਨੂੰ ਬੰਦੀ ਬਣਾ ਲਿਆ ਗਿਆ।

**ਤੁਗਲਕ ਵੰਸ਼ ਦੇ ਪਤਨ ਦੇ ਕਾਰਣ** (Cause of downfall of Tughluq Dynasty): ਜਦੋਂ ਮੁਹੰਮਦ ਤੁਗਲਕ ਸ਼ਾਸਕ ਸੀ ਉਸਦੇ ਸਾਮਰਾਜ ਵਿਚ ਸਾਰਾ ਭਾਰਤਵਰਸ਼ ਸਿਵਾਏ ਕਸ਼ਮੀਰ ਕੱਛ ਅਤੇ ਉੜੀਸਾ ਤੇ ਕਾਠਿਆਵਾੜ ਦੇ ਕੁਝ ਭਾਗ ਦੇ, ਆ ਗਿਆ ਸੀ। ਪਰ ਉਸਦੇ ਪੌਤਰ ਮੁਹੰਮਦ ਸ਼ਾਹ ਦੀ ਮ੍ਰਿਤੂ ਉਤੇ ਉਸਦੇ ਰਾਜ ਦੀ ਸੀਮਾ ਇੱਕ ਸਮਕਾਲੀਨ ਕਹਾਵਤ ਦੁਆਰਾ ਇਸ ਪ੍ਰਕਾਰ ਦੱਸੀ ਗਈ ਹੈ – ਸ਼ਾਹ ਆਲਮ ਦਿੱਲੀ ਤਾਂ ਪਾਲਮਾ (ਇਸ ਸਮੇਂ ਪਾਲਮ ਦਿੱਲੀ ਤੋਂ ਕੁਝ ਮੀਲਾਂ ਦੀ ਦੂਰੀ ਉਤੇ ਇੱਕ ਹਵਾਈ ਅੱਡਾ ਹੈ) ਇਹ ਛੋਟਾ ਜਿਹਾ ਰਾਜ ਵੀ ਲੁਪਤ ਹੋ ਗਿਆ ਅਤ ਦਿੱਲੀ ਉਤੇ ਸਯਦਾਂ ਨੇਅਪਣਾ ਰਾਜ ਸਥਾਪਿਤ ਕਰ ਲਿਆ। ਤੁਗਲਕ ਵੰਸ਼ ਦੇ ਪਤਨ ਦੇ ਕਈ ਕਾਰਣ ਹਨ –

1. ਮੁਹੰਮਦ ਤੁਗਲਕ ਖੁਦ ਤੁਗਲਕ ਸਾਮਰਾਜ ਦੇ ਪਤਨ ਦੇ ਲਈ ਆਂਸ਼ਿਕ ਰੂਪ ਨਾਲ ਜ਼ਿੰਮੇਦਾਰ ਸੀ। ਰਾਜਧਾਨੀ ਦਿੱਲੀ ਤੋਂ ਦੌਲਤਾਬਾਦ ਲੈ ਜਾਣ ਦੇ ਕਾਰਣ ਜਨਤਾ ਨੂੰ ਬਹੁਤ ਕਸ਼ਟ ਸਹਿਣੇ ਪਏ। ਉਸਦੇ ਸੰਕੇਤਿਕ ਸਿੱਕੇ ਵਾਲੀ ਯੋਜਨਾ ਨੇ ਖਜਾਨੇ ਨੂੰ ਖਾਲੀ ਕਰ ਦਿੱਤਾ। ਉਸਦੀ ਖੁਰਾਸਾਨ ਜਿੱਤਣ ਦੀ ਜ਼ਰੂਰਤ ਬਹੁਤ ਮਹਿੰਗੀ ਸਿੱਧ ਹੋਈ। ਦੋਆਬ ਵਿਚ ਕਰ ਨੇ ਜਨਤਾ ਨੂੰ ਸ਼ਤਰੂਆਂ ਵਿਚ ਬਦਲ ਦਿੱਤਾ। ਸਾਮਰਾਜ ਵਿਚ ਸ਼ਤਰੂਆਂ ਦੀ ਏਨੀ ਵਿਸ਼ਾਲ ਸੰਖਿਆ ਪੈਦਾ ਕਰਨ ਵਿਚ ਬਹੁਤ ਸਾਰੀ ਜ਼ਿੰਮੇਦਾਰੀਆਂ ਉਸਦੇ ਵਿਅਕਤੀਗਤ ਚਰਿੱਤਰ ਉਤੇ ਵੀ ਨਿਰਭਰ ਹਨ। ਇਸ ਵਿਚ ਕੋਈ ਹੈਰਾਨੀ ਨਹੀਂ ਕਿ ਉਸਦੇ ਸਾਮਰਜਾ ਦੇ ਵੱਖ-ਵੱਖ ਹਿੱਸਿਆ ਵਿਚ ਬਹੁਤ ਉਪਦ੍ਰਪ ਹੋਏ। ਉਸੇ ਸਮੇਂ ਵਿਚ ਦੱਖਣ ਵਿਚ ਬਾਹਮਣੀ ਰਾਜ ਦੀ ਸਥਾਪਨਾ ਹੋਈ। ਉਸੀ ਦੇ ਸ਼ਾਸਨ ਕਾਲ ਵਿਚ ਦੱਖਣ ਭਾਰਤ ਵਿਚ ਵਿਜੈ ਨਗਰ ਰਾਜ ਸਥਾਪਿਤ ਹੋਇਆ। ਇਸ ਤਰ੍ਹਾਂ ਉਸਦੇ ਸ਼ਾਸਨ ਕਾਲ ਵਿਚ ਸਾਰਾ ਸਮਾਂ ਇਕ ਦੇ ਬਾਦ੍ਰ ਜੇ ਵਿਦਰੋਹ ਨੂੰ ਕੁਚਲਣ ਵਿਚ ਖਰਚ ਹੋਇਆ ਅਤੇ ਜਦੋਂ 1351 ਈ. ਵਿਚ ਉਸਦਾ ਦੇਹਾਂਤ ਹੋ ਗਿਆ ਉਸ ਸਮੇਂ ਵੀ ਉਹ ਵਿਦਰੋਹੀਆਂ ਦੇ

**ਨੋਟ**

ਵਿਰੁਧ ਸੰਗਰਾਮ ਕਰ ਰਿਹਾ ਸੀ। ਇਹ ਕਹਿਣ ਵਿਚ ਕੋਈ ਵਧਾ-ਚੜਾ ਨਹੀਂ ਹੈ ਕਿ ਮੁਹੰਮਦ ਤੁਗਲਕ ਦੀ ਮ੍ਰਿਤੂ ਤੋਂ ਪਹਿਲਾਂ ਵੀ ਰਾਜ ਵਿਚ ਖਿੰਨ-ਭਿੰਨ ਹੋਣ ਦੀ ਪ੍ਰਕ੍ਰਿਆ ਚਲ ਰਹੀ ਸੀ।

2. ਇਹ ਛਿੰਨ-ਭਿੰਨ ਹੋਣ ਦੀ ਪ੍ਰਕ੍ਰਿਆ ਰੁਕ ਜਾਂਦੀ ਜੇਕਰ ਮੁਹੰਮਦ ਤੁਗਲਕ ਤੋਂ ਬਾਦ ਕੋਈ ਸ਼ਕਤੀਸ਼ਾਲੀ ਸ਼ਾਸਕ ਆਉਂਦਾ ਪਰ ਉਹ ਹੋ ਨਹੀਂ ਸਕਿਆ। ਉਸ ਤੋਂ ਬਾਦ ਫਿਰੋਜ ਤੁਗਲਕ ਆਇਆ ਜਿਹੜਾ ਕਿ ਇਕ ਵੀਰ ਸੈਨਾਨਂ ਨਹੀਂ ਸੀ। ਇਹ ਠੀਕ ਹੈ ਕਿ ਉਸਨੇ ਬਹੁਤ ਸਾਰੇ ਸੁਧਾਰ ਕੀਤੇ ਜਿਨ੍ਹਾਂ ਨਾਲ ਉਸਨੇ ਅਪਣੇ ਨੂੰ ਲੋਕ ਪ੍ਰਿਯ ਬਣਾ ਲਿਆ ਪਰ ਉਹ ਅਪਣੀ ਸ਼ਕਤੀ ਨਾਲ ਉਨ੍ਹਾਂ ਹਿੱਸਿਆਂ ਨੂੰ ਦੁਬਾਰਾ ਜਿੱਤ ਨਹੀਂ ਸਕਿਆ ਜਿਹੜੇ ਕਿਸੇ ਸਮੇਂ ਦਿੱਲੀ ਸਲਤਨਤ ਦੇ ਹਿੱਸੇ ਸਨ। ਉਸਨੇ ਵਿਜੈ ਨਗਰ ਦੇ ਹਿੰਦੂ ਰਾਜਿਆਂ ਅਤੇ ਬਾਹਮਣੀ ਰਾਜ ਦੇ ਮੁਸਲਿਮ ਸ਼ਾਸਕਾਂ ਦੇ ਵਿਰੁਧ ਕੋਈ ਕਦਮ ਉਠਾਇਆ।

3. ਫਿਰੋਜ਼ ਤੁਗਲਕ ਦੇ ਉਤਰਾਧਿਕਾਰੀਆਂ ਦੇ ਅਧੀਨ ਸਥਿਤੀ ਹੋਰ ਵੀ ਵਿਗੜ ਗਈ। ਗਿਆਸੁਦੀਨ ਤੁਗਲਕ ਸ਼ਾਹ ਦੂਸਰਾ ਅਬੂਬਕਰ ਸ਼ਾਹ, ਨਾਸੀਰੁਦੀਨ ਮੁਹੰਮਦ, ਅਲਾਊਦੀਨ ਅਤੇ ਸਿਕੰਦਰ ਸ਼ਾਹ ਜਿਨ੍ਹਾਂ ਨੇ 1388 ਤੋਂ 1413 ਈ. ਤੱਕ ਸ਼ਾਸਨ ਕੀਤਾ, ਸਾਰੇ ਬਹੁਤ ਕਮਜ਼ੋਰ ਸਨ ਅਤੇ ਇਸ ਲਈ ਉਹ ਉਨ੍ਹਾਂ ਹਿੱਸਿਆਂ ਨੂੰ ਨਾ ਜਿੱਤ ਸਕੇ ਜੋ ਸੁਤੰਤਰ ਹੋ ਚੁੱਕੇ ਸਨ। ਨਤੀਜਾ ਇਹ ਹੋਇਆ ਕਿ ਵਿਘਟਨ ਦੀ ਪ੍ਰਕਿਰਿਆ ਰੁਕਣ ਦੀ ਤੁਲਨਾ ’ਚ ਫਿਰੋਜ਼ ਦੇ ਉਤਰਾਧਿਕਾਰੀਆਂ ਦੇ ਸ਼ਾਸਨ ਕਾਲ ਵਿੱਚ ਹੋਰ ਤੇਜ਼ ਹੋ ਗਈ। ਉਹ ਸ਼ਾਸਕ ਭੋਗ-ਵਿਲਾਸ ਵਿੱਚ ਡੁੱਬੇ ਰਹੇ। ਉਨ੍ਹਾਂ ਨੇ ਆਪਣਾ ਸਾਰਾ ਸਮਾਂ ਪਾਰਸਪ੍ਰਿਕ ਝਗੜਿਆਂ ਵਿੱਚ ਬਤੀਤ ਕੀਤਾ। ਉਨ੍ਹਾਂ ਨੇ ਪ੍ਰਜਾ ਨੂੰ ਲੁੱਟਣ ਅਤੇ ਉਸ ਨੂੰ ਮੌਤ ਦੇ ਘਾਟ ਉਤਾਰਣ ਦੇ ਲਈ ਸੈਨਾਵਾਂ ਭੇਜੀਆਂ ਪਰ ਉਨ੍ਹਾਂ ਨੇ ਲੋਕਾਂ ਨੂੰ ਕੋਈ ਇੱਛਾ ਸ਼ਾਸਨ ਪ੍ਰਬੰਧ ਦੇਣ ਦੀ ਹਿੰਮਤ ਨਾ ਕੀਤੀ ਜੋ ਉਨ੍ਹਾਂ ਦੇ ਵਿਸ਼ਵਾਸ ਅਤੇ ਕਰਤੱਵ ਪਰਾਇਣਤਾ ਨੂੰ ਜਿੱਤ ਲੈਂਦਾ।

4. ਫਿਰੋਜ ਤੁਗਲਕ ਨੇ ਬਹੁਤ ਸਾਰੀ ਗਲਤੀਆਂ ਕੀਤੀਆਂ ਜਿਨ੍ਹਾਂ ਨੇ ਤੁਗਲਕ ਵੰਸ਼ ਦੇ ਪਤਨ ਵਿਚ ਅਪਣਾ ਯੋਗਦਾਨ ਦਿੱਤਾ। ਉਸਨੇ ਜਾਗੀਰ ਪ੍ਰਥਾ ਫਿਰ ਤੋਂ ਸ਼ੁਰੂ ਕਰ ਦਿੱਤੀ। ਉਸਨੇ ਅਪਣੇ ਬੜੇ ਸਰਦਾਰਾਂ ਨੂੰ ਵੇਤਨ ਦੀ ਬਜਾਏ ਜਾਗੀਰਾਂ ਦਿੱਤੀਆਂ। ਜਾਗੀਰਾਂ ਦਾ ਆਸਰਾ ਆਮ ਸ਼ਕਤੀਸ਼ਾਲੀ ਰਿਆਸਤਾਂ ਦਾ ਬਣਨਾ ਹੋਇਆ। ਵੱਡੇ-ਵੱਡੇ ਜ਼ਿਲ੍ਹੇ ਅਤੇ ਪ੍ਰਾਂਤ ਤਕ ਵੱਡੇ ਸਰਦਾਰਾਂ ਨੂੰ ਦੇ ਦਿੱਤੇ ਗਏ। ਕਰਾਂ ਅਤੇ ਡਾਲਾਮਾਓ ਮਰਦਾਨ ਦੌਲਤ ਨੂੰ ‘ਪੂਰਬ ਦਾ ਰਾਣਾ’ ਦੀ ਉਪਾਧੀ ਦੇ ਨਾਲ ਪ੍ਰਦਾਨ ਕੀਤੇ ਗਏ। ਜੌਨਪੁਰ ਅਤੇ ਜ਼ਫ਼ਰਾਬਾਦ ਦੂਜੇ ਅਮੀਰਾਂ ਨੂੰ ਦੇ ਦਿੱਤੇ। ਗੁਜਰਾਤ ਸਿਕੰਦਰ ਖਾਨ ਅਤੇ ਬਿਹਾਰ ਵੀਰ ਅਫਗਾਨ ਨੂੰ ਦੇ ਦਿੱਤਾ ਗਿਆ। ਇਨ੍ਹਾਂ ਸਭ ਯੋਗ ਪੁਰਖਾਂ ਤੋਂ ਸੀਮਾਵਾਂ ਦੀ ਰੱਖਿਆ ਕਰਨ ਅਤੇ ਅੰਦਰੂਨੀ ਵਿਸ਼ੇ ਦਾ ਪ੍ਰਬੰਧ ਕਰਨ ਦੀ ਆਸ ਕੀਤੀ ਜਾਂਦੀ ਸੀ। ਸਮੇਂ ਦੇ ਨਾਲ-ਨਾਲ ਇਨ੍ਹਾਂ ਜਾਗੀਰਦਾਰਾਂ ਨੇ ਦਿੱਲੀ ਸੁਲਤਾਨ ਦੀ ਸ਼ਕਤੀ ਦੀ ਉਲੰਘਣਾ ਕੀਤੀ ਅਤੇ ਤੁਗਲਕ ਸਾਮਰਾਜ ਦੇ ਵਿਰੋਧ ਵਿਚ ਸੁਤੰਤਰ ਰਿਆਸਤ ਅਤੇ ਰਾਜ ਸਥਾਪਤ ਕਰ ਲਿਆ। ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਫਿਰੋਜ ਤੁਗਲਕ ਨੇ ਐਸੀ ਵਿਨਾਸ਼ਕਾਰੀ ਸ਼ਕਤੀਆਂ ਨੂੰ ਛੱਡ ਦਿੱਤਾ ਜਿਨ੍ਹਾਂ ਨੇ ਅੰਤ ਵਿਚ ਸਾਮਰਾਜ ਦੇ ਟੁਕੜੇ ਕਰ ਦਿੱਤੇ। ਫਿਰੋਜ ਦੇ ਉੱਤਰਾਧਿਕਾਰੀ ਦੇ ਸ਼ਾਸਨਕਾਲ ਵਿਚ ਹੀ ਅਵਧ ਦਾ ਪ੍ਰਾਂਤ ਅਤੇ ਗੰਗਾ ਦੇ ਪਾਰ ਦੇ ਪ੍ਰਦੇਸ਼ ਵਿਚ ਬੰਗਾਲ ਦੀਆਂ ਸੀਮਾਵਾਂ ਤਕ ਸੁਤੰਤਰ ਜੌਨਪੁਰ ਰਾਜ ਦਾ ਸੰਗਠਨ ਹੋ ਗਿਆ। ਗੁਜਰਾਤ ਮਾਲਵਾਅਤੇ ਖਾਨ ਦੇਸ਼ ਦੇ ਪ੍ਰਾਂਤਾਂ ਨੇ ਦਿੱਲੀ ਨਾਂਲ ਅਪਣਾ ਸੰਬੰਧ ਤੋੜ ਲਿਆ ਅਤੇ ਸੁਤੰਤਰ ਰਾਜ ਬਣ ਗਏ। ਗਵਾਲਿਅਰ ਵਿਚ ਇੱਕ ਹਿੰਦੂ ਰਿਆਸਤ ਦਾ ਉਦੈ ਹੋਇਆ। ਬਿਆਨਾਂ ਅਤੇ ਕਾਲਪੀ ਵਿਚ ਮੁਸਲਿਮ ਰਿਆਸਤਾਂ ਬਣ ਗਈਆਂ। ਮੇਵਾਤ ਦੇ ਸਰਦਾਰ ਵਿਵਹਾਰਿਕ ਰੂਪ ਨਾਲ ਸੁਤੰਤਰ ਹੋ ਗਏ ਅਤੇ ਉਨ੍ਹਾਂ ਨੇ ਹਾਲਾਤਾਂ ਦੇ ਅਨੁਸਾਰ ਅਪਣੀ ਸ਼ਕਤੀ ਨੂੰ ਇੱਕ ਸਥਾਨ ਤੋਂ ਦੂਜੇ ਸਥਾਨ ਉਤੇ ਬਦਲਿਆ। ਦੋਆਬ ਦੇ ਹਿੰਦੂ ਸਮੇਂ-ਸਮੇਂ ਉਤੇ ਵਿਦਰੋਹ ਕਰਦੇ ਰਹੇ ਅਤੇ ਦਿੱਲੀ ਦੇ ਸ਼ਾਸਕਾਂ ਨੂੰ ਸਦਾ ਉਨ੍ਹਾਂ ਉਤੇ ਹੀ ਭਰੋਸਾ ਕਰਨਾ ਪਿਆ ਜਿਹੜਾ ਕੁਝ ਵੀ ਉਹ ਅਪਣੀ ਹਥਿਆਰਵੰਦ ਸੈਨਾ ਦੇ ਬਲ ਉਤੇ ਪ੍ਰਾਪਤ ਕਰ ਸਕਣ।

5. ਫਿਰੋਜ ਤੁਗਲਕ ਦੁਆਰਾ ਕੀਤੀ ਗਈ ਇਕ ਗਲਤੀ ਇਹ ਸੀ ਕਿ ਉਸਨੇ ਦਾਸਾਂ ਦੀ ਇਕ ਬਹੁਤ ਲੰਬੀ ਸੈਨਾ ਬਣਾ ਲਈ ਜਿਹੜੀ ਉਸਦੇ ਉਤਰਾਧਿਕਾਰੀਆਂ ਦੇ ਸਮੇਂ ਵਿਚ ਇੱਕ ਖਤਰਾ ਬਣ ਗਈ। ਫਿਰੋਜ ਤੁਗਲਕ ਦੇ ਸ਼ਾਸਨਕਾਲ ਵਿਚ ਦਾਸਾਂ ਦੀ ਸੰਖਿਆ ਲਗਭਗ 1,80,000 ਸੀ ਜਿਨ੍ਹਾਂ ਵਿਚੋਂ 40,000 ਸੁਲਤਾਨ ਦੇ ਮਹਿਲ ਵਿਚ ਸੇਵਾਵਾਂ ਦੇ ਲਈ ਨਿਯੁਕਤ ਸਨ। ਇਹ ਠੀਕ ਹੈ ਕਿ ਦਾਸਾਂ ਦੀ ਸੰਖਿਆ ਵਧਾ ਕੇ ਫਿਰੋਜ ਤੁਗਲਕ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਅਤੇ ਇਸਲਾਮ ਧਰਮ ਦੀ ਸੰਖਿਆ ਵਧਾਉਣ ਵਿਚ ਸਫਲ ਹੋਇਆ, ਪਰ ਇਨ੍ਹਾਂ ਦਾਸਾਂ ਨੇ ਸ਼ਾਸਨ ਪ੍ਰਬੰਧ ਵਿਚ ਦਖਲ ਅੰਦਾਜੀ ਕੀਤੀ ਅਤੇ ਫਲ ਇਹ ਸ਼ਾਸਨ ਦੀ ਬਰਬਾਦੀ ਕਰਨ ਲਈ ਇੱਕ ਮਹੱਤਵਪੂਰਨ ਤੱਤ ਬਣ ਬੈਠੇ, ਸਾਨੂੰ ਇਨ੍ਹਾਂ ਵਿਚੋਂ ਐਸੇ ਦਾਸ ਨਹੀਂ ਮਿਲਦੇ, ਜਿਸ ਤਰ੍ਹਾਂ ਕੁਤੁਬਦੀਨ ਏਬਕ, ਇਲਤੁਤਮਿਸ਼ ਅਤੇ ਬਲਬਨ ਜਿਹੜੇ ਦਾਸ ਵੰਸ਼ ਦੇ ਮਹੱਤਵ ਲਈ ਜਿੰਮੇਦਾਰ ਰਹਿਣ। ਫਿਰੋਜ ਤੁਗਲਕ ਦੇ ਦਾਸ ਸਿਰਫ ਬਰਬਾਦੀ ਕਰਨ ਲੱਗੇ ਰਹੇ ਜਿਨ੍ਹਾਂ ਨੇ ਰਾਜ ਦੀ ਭਲਾਈ ਛੱਡ ਕੇ ਅਪਣੀ ਖੁਦਗਰਜ਼ੀ ਨੂੰ ਸਾਹਮਣੇ ਰੱਖਿਆ। ਇਸ ਵਿਚ ਕੋਈ ਹੈਰਾਨੀ ਨਹੀਂ ਹੈ ਕਿ ਫਿਰੋਜ ਦੇ ਲਈ ਉਸਦੀ ਦਾਸਾਂ ਦੀ ਸੈਨਾ ਇੱਕ ਭਾਰ ਮਾਤਰ ਸਿੱਧ ਹੋਈ।

6. ਫਿਰੋਜ ਤੁਗਲਕ ਨੇ ਇਕ ਹੋਰ ਗਲਤੀ ਕੀਤੀ ਜਿਸਨੇ ਤੁਗਲਕ ਵੰਸ਼ ਦੇ ਪਤਨ ਨੂੰ ਲਿਆਉਣ ਵਿਚ ਹੋਰ ਯੋਗਦਾਨ ਕੀਤਾ। ਉਸਦੇ ਸ਼ਾਸਨ ਕਾਲ ਵਿਚ ਸੈਨਾ ਦੇ ਬਹੁਤ ਸਾਰੇ ਕਰਮਚਾਰੀਆਂ ਨੂੰ ਰਾਜਕੀਅ ਲਗਾਨ ਤੋਂ ਹਸਤਾਂਤਰਣੀਅ ਕਾਰਜ ਦਿੱਤੇ ਜਾਂਦੇ ਸਨ ਉਨ੍ਹਾਂ ਕਾਰਜਾਂ ਨੂੰ ਉਨ੍ਹਾਂ ਦੇ ਮੁੱਲ ਦੇ ਲਗਭਗ 1/3 ਉਤੇ ਦਿੱਲੀ ਦਾ ਇੱਕ ਵਪਾਰੀ ਵਰਗ ਖਰੀਦ ਲੈਂਦਾ ਸੀ। ਉਨ੍ਹਾਂ ਨੂੰ

ਨੋਟ

ਜਿਲ੍ਹਿਆਂ ਵਿਚ ਸਿਪਾਹੀਆਂ ਦੇ ਹੱਥੋਂ 1/2 ਉਤੇ ਵੇਚਿਆ ਜਾਂਦਾ ਸੀ। ਇਸ ਵਿਵਸਥਾ ਨਾਲ ਬਹੁਤ ਦੋਸ਼ ਪੈਦਾ ਹੋ ਗਏ ਅਤੇ ਸੈਨਾ ਦੇ ਅਨੁਸ਼ਾਸਨ ਉਤੇ ਬਹੁਤਬੁਰਾ ਪ੍ਰਭਾਵ ਪਿਆ। ਫਿਰੋਜ ਤੁਗਲਕ ਨੇ ਇਹ ਵੀ ਆਦੇਸ਼ ਦਿੱਤਾ ਕਿ ਜਦੋਂ ਕੋਈ ਸੈਨਿਕ ਬੁੱਢਾ ਹੋ ਜਾਏ ਤਾਂ ਉਸਦਾ ਪੁੱਤਰ, ਜਮਾਤਾ ਜਾਂ ਦਾਸ ਤਕ ਉਸਦੇ ਸਥਾਨ ਉਤੇ ਲੈ ਲਿਆ ਜਾਵੇ। ਸੈਨਾਂ ਵਿਚ ਸੇਵਾ ਨੂੰ ਪੈਤ੍ਰਿਕ ਕਰ ਦਿੱਤਾ ਗਿਆ ਅਤੇ ਯੋਗਤਾ ਦੇ ਸਮਰਥ ਸੰਬੰਧੀ ਤੱਤਾਂ ਦੇ ਪ੍ਰਤੀ ਉਦਾਸੀਨਤਾ ਵਰਤੀ ਗਈ। ਇਸ ਦਾ ਸੈਨਾ ਦੀ ਕੁਸਲਤਾ ਉਤੇ ਘਾਤਕ ਪ੍ਰਭਾਵ ਪਿਆ। ਐਸੀ ਸੈਨਾ ਤੋਂ ਵਿਦੇਸ਼ੀਆਂ ਦੇ ਆਕ੍ਰਮਣਾ ਦਾ ਮੁਕਾਬਲਾ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ ਸੀ। ਫਿਰੋਜ ਤੁਗਲਕ ਦੀ ਸੈਨਾ ਦਾ ਜ਼ਿਆਦਾਤਰ ਹਿੱਸਾ ਉਨ੍ਹਾਂ ਸੈਨਿਕਾਂ ਤੋਂ ਬਣਿਆ ਸੀ ਜਿਹੜਾ ਉਸਨੂੰ ਉਸਦੇ ਯੋਗ ਸਰਦਾਰ ਦੇਂਦੇ ਸਨ। ਇਹ ਸੈਨਾ ਕੇਂਦਰੀ ਸਰਕਾਰ ਅਪਣੇ ਨਿਯੰਤਰਨ ਵਿਚ ਨਹੀਂ ਰੱਖ ਸਕਦੀ ਸੀ ਕਿਉਂਕਿ ਉਨ੍ਹਾਂ ਦੀ ਭਰਤੀ, ਅਹੁਦਾ ਤਰੱਕੀ, ਅਤੇ ਅਨੁਸ਼ਾਸਨ ਸੁਲਤਾਨ ਦੀ ਬਜਾਏ ਉਸਦੇ ਯੋਗ ਸਰਦਾਰਾਂ ਕੋਲ ਸੀ। ਸੈਨਿਕ ਯੰਤਰ ਜਿਸ ਉਤੇ ਸਾਮਰਾਜ ਦੀ ਦ੍ਰਿੜ੍ਹਤਾ ਨਿਰਭਰ ਸੀ, ਦਾ ਸੁਰੱਖਿਆਹੀਣ ਬਣਾਉਣਾ, ਅਤਿਅੰਤ ਵਿਨਾਸ਼ਕਾਰੀ ਸੀ ਅਤੇ ਇਸ ਦੀ ਜ਼ਿੰਮੇਦਾਰੀ ਸਿਰਫ ਫਿਰੋਜ ਤੁਗਲਕ ਦੀ ਹੀ ਹੈ।

7. ਉਸ ਦੀ ਧਾਰਮਿਕ ਨੀਤੀ ਵੀ ਅੰਸ਼ਿਕ ਰੂਪ ਵਿੱਚ ਤੁਗਲਕ ਵੰਸ਼ ਦੇ ਪਤਨ ਦੇ ਲਈ ਜ਼ਿੰਮੇਵਾਰ ਰਹੀ ਹੈ। ਫਿਰੋਜ਼ ਤੁਗਲਕ ਇਕ ਕੱਟੜ ਸੁੰਨੀ ਮੁਸਲਮਾਨ ਸੀ। ਉਸ ਨੂੰ ਹਿੰਦੂਆਂ ਅਤੇ ਗੈਰ-ਸੁੰਨੀ ਮੁਸਲਮਾਨਾਂ ਨੂੰ ਸਤਾਉਣ ਵਿੱਚ ਆਨੰਦ ਆਉਂਦਾ ਸੀ। ਹਿੰਦੂਆਂ ਦੇ ਮੰਦਿਰਾਂ ਨੂੰ ਨਸ਼ਟ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਮੂਰਤੀਆਂ ਨੂੰ ਤੋੜਿਆ ਗਿਆ ਅਤੇ ਉਨ੍ਹਾਂ ਦਾ ਅਪਮਾਨ ਕੀਤਾ ਗਿਆ। ਉਨ੍ਹਾਂ ਦੀਆਂ ਪੁਸਤਕਾਂ ਨੂੰ ਜਲਾ ਦਿੱਤਾ ਗਿਆ। ਧਮਕੀਆਂ ਅਤੇ ਪ੍ਰਲੋਭਨਾਂ ਦੇ ਅਧਾਰ 'ਤੇ ਹਿੰਦੂਆਂ ਨੂੰ ਇਸਲਾਮ ਸਵੀਕਾਰ ਕਰਨ ਦੀ ਪ੍ਰੇਰਣਾ ਦਿੱਤੀ ਗਈ। ਹਿੰਦੂਆਂ ਨਾਲ ਬੜੀ ਕਠੋਰਤਾ ਦੇ ਨਾਲ ਜਜ਼ੀਆ ਕਰ ਵਸੂਲਿਆ ਗਿਆ। ਬ੍ਰਾਹਮਣਾਂ ਤੱਕ ਨੂੰ ਮੁਕਤੀ ਨਾ ਮਿਲ ਸਕੀ। ਇਕ ਬ੍ਰਾਹਮਣ ਨੂੰ ਇਸ ਦੋਸ਼ ਦੇ ਅਧਾਰ 'ਤੇ ਮੌਤ ਦੀ ਸਜ਼ਾ ਦਿੱਤੀ ਗਈ ਕਿ ਉਹ ਮੁਸਲਮਾਨਾਂ ਨੂੰ ਆਪਣਾ ਧਰਮ ਛੱਡਣ 'ਤੇ ਉਕਸਾ ਰਿਹਾ ਸੀ। ਕਟਿਹਾਰ ਵਿੱਚ ਦੋ ਸੈਯੱਦਾਂ ਨੂੰ ਮਾਰ ਦਿੱਤਾ ਗਿਆ। ਫਿਰੋਜ਼ ਤੁਗਲਕ ਨੇ ਕਟਿਹਰ 'ਤੇ ਹਮਲਾ ਕੀਤਾ ਅਤੇ ਉਸ ਦੀ ਆਗਿਆ ਨਾਲ ਹਜ਼ਾਰਾਂ ਹਿੰਦੂਆਂ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਵਿੱਚੋਂ 23, 000 ਨੂੰ ਕੈਦੀ ਬਣਾ ਲਿਆ ਗਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਦਾਸ ਦੇ ਰੂਪ ਵਿੱਚ ਹਰਾ ਦਿੱਤਾ ਗਿਆ। ਇਹ ਪ੍ਰਕਿਰਿਆ ਪੰਜ ਸਾਲਾਂ ਤੱਕ ਚੱਲਦੀ ਰਹੀ। ਇਹ ਗੱਲ ਫਿਰੋਜ਼ ਦੀ ਹਿੰਦੂਆਂ ਦੇ ਪ੍ਰਤੀ ਦੁਰਭਾਵਨਾ ਦੀ ਧੋਤਕ ਹੈ। ਅਜਿਹਾ ਹੀ ਵਿਵਹਾਰ ਫਿਰੋਜ਼ ਤੁਗਲਕ ਨੇ ਗੈਰ-ਸੁੰਨੀ ਮੁਸਲਮਾਨਾਂ ਦੇ ਨਾਲ ਵੀ ਕੀਤਾ, 'ਮੁਲਹਿਦ' ਅਤੇ 'ਅਬਹਿਤਯਾਨ' ਫੜ ਕੇ ਨਿਰਵਾਸਿਤ ਕਰ ਦਿੱਤੇ ਗਏ, 'ਮੇਹਦਵੀ' ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਦੇ ਨੇਤਾ ਰੁਕਨੁਦੀਨ ਦੇ ਟੁਕੜੇ ਕਰ ਦਿੱਤੇ ਗਏ ਅਤੇ ਫਿਰੋਜ਼ ਤੁਗਲਕ ਨੇ ਇਸ ਗੱਲ ਵਿੱਚ ਫਖਰ ਮਹਿਸੂਸ ਕੀਤਾ ਕਿ ਈਸ਼ਵਰ ਨੇ ਉਸ ਨੂੰ ਇਸ ਦ੍ਰਿਸ਼ਟਤਾ ਦੇ ਖਾਤਮੇ ਦੇ ਲਈ ਬਣਾਇਆ ਹੈ। ਉਹ ਸ਼ੀਆ ਲੋਕਾਂ ਦੇ ਪ੍ਰਤੀ ਵੀ ਅੱਤਿਆਚਾਰੀ ਸੀ। ਉਨ੍ਹਾਂ ਦੀਆਂ ਪੁਸਤਕਾਂ ਸਰਵਜਨਿਕ ਰੂਪ ਨਾਲ ਜਲਾਈਆਂ ਗਈਆਂ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਗਈ। ਅਜਿਹੀ ਧਾਰਮਿਕ ਨੀਤੀ ਦਾ ਅਨੁਸਰਣ ਕਰਕੇ ਫਿਰੋਜ਼ ਤੁਗਲਕ ਨੇ ਉਲੇਮਾਵਾਂ, ਸ਼ੇਖਾਂ ਅਤੇ ਸੈਯੱਦਾਂ ਅਤੇ ਹੋਰ ਇਸਲਾਮੀ ਧਾਰਮਿਕ ਨੇਤਾਵਾਂ ਦੀ ਸਦਭਾਵਨਾ ਪ੍ਰਾਪਤ ਕਰ ਲਈ ਹੋਵੇਗੀ ਪਰ ਅਜਿਹਾ ਕਰਕੇ ਉਸ ਨੇ ਆਪਣੀ ਪ੍ਰਜਾ ਦੀ ਬਹੁਤ ਵਿਸ਼ਾਲ ਸੰਖਿਆ ਨੂੰ ਕਾਫੀ ਹੱਦ ਤੱਕ ਆਪਣੇ ਤੋਂ ਦੂਰ ਕਰ ਦਿੱਤਾ ਅਤੇ ਇਸ ਤਰ੍ਹਾ ਅਜਿਹੇ ਕੰਮ ਨਾਲ ਉਸ ਨੇ ਆਪਣੇ ਸਾਮਰਾਜ ਦੀ ਨੀਂਹ ਨੂੰ ਖੁਦ ਹਿਲਾ ਦਿੱਤਾ। ਫਿਰੋਜ਼ ਤੁਗਲਕ ਇਹ ਭੁੱਲ ਗਿਆ ਕਿ ਰਾਜ ਦਾ ਅਧਾਰ ਸ਼ਕਤੀ ਨਹੀਂ ਸਗੋਂ ਇੱਛਾ ਹੈ। ਆਪਣੇ ਕੰਮ ਨਾਲ ਉਹ ਆਪਣੀ ਪ੍ਰਜਾ ਦਾ ਪ੍ਰੇਮ ਪਾਉਣ ਵਿੱਚ ਅਸਫਲ ਰਿਹਾ।

8. ਅੱਠਵੀ ਸ਼ਤਾਬਦੀ ਵਿਚ ਇਸਲਾਮੀ ਰਾਜ ਦਾ ਆਧਾਰਭੂਤ ਸਿਧਾਂਤ ਸ਼ਕਤੀ ਸੀ। ਉਹ ਡਰ ਅਤੇ ਆਂਤਕ ਜਿਸ ਉਤੇ ਸ਼ਾਸਕ ਵਰਗ ਟਿਕਿਆ ਹੋਇਆ ਸੀ, ਗਾਇਬ ਹੋ ਗਿਆ। ਫਿਰੋਜ ਤੁਗਲਕ ਨਾਲ ਜਨਤਾ ਨੇ ਪ੍ਰੇਮ ਤਾਂ ਕੀਤਾ ਪਰ ਉਹ ਉਸ ਤੋਂ ਡਰੀ ਨਹੀਂ। ਫਲ ਇਹ ਹੋਇਆ ਕਿ ਜਨਤਾ ਨੇ ਉਸਦੇ ਸ਼ਾਸਨ ਦੀ ਉਲੰਘਣਾ ਕੀਤੀ। ਕਈ ਸੁਤੰਤਰ ਰਿਆਸਤਾਂ ਬਣ ਗਈਆਂ ਅਤੇ ਸਾਮਰਾਜ ਟੁੱਟਣ ਫੁੱਟਣ ਲੱਗਾ।

9. ਰਾਜ ਦੇ ਅਲੌਕਿਕ ਸਵਰੂਪ ਨੇ ਰਾਜ ਦੀ ਕੁਸ਼ਲਤਾ ਉਤੇ ਹੋਰ ਵੀ ਬੁਰਾ ਅਸਰ ਪਿਆ। ਲੰਬੇ ਸ਼ਾਸਨ ਕਾਲ ਵਿਚ ਮੁਲੱਾਵਾਂ ਅਤੇ ਮੁਫਤੀਆਂ ਦਾ ਪ੍ਰਭਾਵ ਨੁਕਸਾਨ ਪਹੁੰਚਾਉਣ ਵਾਲਾ ਸਿੱਧ ਹੋਇਆ। ਐਸਾ ਰਾਜ ਜਿਸ ਵਿਚ ਜਨਤਾ ਦਾ ਬਹੁਤ ਵੱਡਾ ਹਿੱਸਾ ਗੈਰ-ਮੁਸਲਿਮ ਸੀ ਉਹ ਬਹੁਤ ਸਮੇਂ ਤਕ ਐਸੇ ਕਾਨੂੰਨ ਦੇ ਆਧਾਰ ਉਤੇ ਨਹੀਂ ਚਲ ਸਕਦਾ ਸੀ ਜਿਸ ਦਾ ਸਰੋਤ ਕੁਰਾਨ ਸੀ।

10. ਭਾਰਤ ਜਿੱਤਣ ਦੇ ਬਾਦ ਮੁਸਲਮਾਨਾਂ ਨੂੰ ਹਰ ਵਸਤ ਮਿਲ ਗਈ। ਉਨ੍ਹਾਂ ਨੂੰ ਇਸਤਰੀਆਂ, ਸ਼ਰਾਬ ਅਤੇ ਧੰਨ ਬਹੁਤ ਮਾਤਰਾ ਵਿਚ ਮਿਲ ਗਿਆ। ਉਨ੍ਹਾਂ ਨੇ ਵਿਲਾਸਪ੍ਰਿਯ ਜੀਵਨ ਬਤੀਤ ਕਰਨਾ ਸ਼ੁਰੂ ਕਰ ਦਿੱਤਾ। ਅਭਿਯਾਨ ਦੇ ਵਿਚ ਵੀ ਉਨ੍ਹਾਂ ਨੇ ਇੱਕ ਅਵਿਵਸਥਿਤ ਭੀੜ੍ਹ ਦੀ ਤਰ੍ਹਾਂ ਵਿਵਹਾਰ ਪ੍ਰਦਰਸ਼ਿਤ ਕੀਤਾ। ਸੈਨਿਕ ਗੁਣ ਅਦ੍ਰਿਸ਼ ਹੋ ਗਏ। ਐਸੇ ਨਮੂਨੇ ਦੀ ਸੈਨਾ ਹਿੰਦੂਆਂ, ਹੋਰ ਉਪ ਦ੍ਰਵੀਆਂ ਅਤੇ ਵਿਦੇਸ਼ੀ ਆਕ੍ਰਮਣਕਾਰੀਆਂ ਦੇ ਸਾਹਮਣੇ ਨਾਂ ਠਹਿਰ ਸਕੀ।

11. ਹਾਲਾਂਕਿ ਕਾਫ਼ੀ ਲੰਬੇ ਸਮੇਂ ਹਿੰਦੂ ਇਕ ਵਿਦੇਸ਼ੀ ਸ਼ਾਸਨ ਦੇ ਅਧੀਨ ਚਲੇ ਆ ਰਹੇ ਸਨ ਫਿਰ ਵੀ ਉਨ੍ਹਾਂ ਨੇ ਅਪਣੇ ਨੂੰ ਸੁਤੰਤਰ ਕਰਾਉਣ ਦੀ ਕੋਸ਼ਿਸ਼ਾਂ ਨੂੰ ਨਹੀਂ ਤਿਆਗਿਆ। ਰਣਥੰਭੋਰ ਨੂੰ ਜਿੱਤਣ ਅਤੇ ਉਸਨੂੰ ਅਪਣੇ ਰਾਜ ਵਿਚ ਮਿਲਾਉਣ ਵਿਚ 150 ਤੋਂ ਜ਼ਿਆਦਾ ਸਾਲ ਲੱਗੇ। ਹਾਲਾਂਕਿ ਦੋਆਬ ਦਿੱਲੀ ਦੇ ਬਹੁਤ ਨੇੜੇ ਸਥਿਤ ਹੈ ਫਿਰ ਵੀ ਉਹ ਸ਼ਾਂਤ ਕਦੀ ਨਹੀਂ ਰਿਹਾ। ਇਸ ਵਿਚ

ਕੋਈ ਹੈਰਾਨੀ ਨਹੀਂ ਹੈ ਕਿ ਜਿਵੇਂ ਹੀ ਦਿੱਲੀ ਸਲਤਨਤ ਦੀ ਸ਼ਕਤੀ ਕਮਜੋਰ ਪਈ, ਤਾਂ ਉਨ੍ਹਾਂ ਨੇ ਵਿਦਰੋਹ ਕਰ ਦਿੱਤੇ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਸੁਤੰਤਰ ਹੋ ਗਏ। **ਨੋਟ**

12. ਦਿੱਲੀ ਸਲਤਨਤ ਇੱਕ 'ਪੁਲਿਸ ਰਾਜ' ਸੀ। ਇਸ ਦਾ ਇਕ ਮਾਤਰ ਕਾਰਜ ਸ਼ਾਂਤੀ ਅਤੇ ਵਿਵਸਥਾ ਬਣਾਏ ਰਖਣਾ ਅਤੇ ਮਾਲਗੁਜਾਰੀ ਉਗਾਹਰਨਾ ਸੀ। ਜਦੋਂ ਉਹ ਉਨ੍ਹਾਂ ਕਰਤੱਵਾਂ ਨੂੰ ਉਚਿਤ ਰੂਪ ਨਾਲ ਸਿਰੇ ਚਾੜ੍ਹਨ ਵਿਚ ਅਸਰਮਕ ਰਹੀ ਹੋਵੇ ਤਾਂ ਉਸਨੇ ਅਪਣੇ ਅਸਤਿਤਵ ਦੇ ਆਦਿ ਕਾਰਣ ਹੀ ਖੋ ਦਿੱਤਾ।

13. ਡਾ. ਲੇਨਪੂਲ ਦੇ ਅਨੁਸਾਰ, "ਹਿੰਦੂਆਂ ਦੇ ਨਾਲ ਪਾਰਸਪ੍ਰਿਕ ਵਿਆਹ ਸਬੰਧ ਵੀ ਤੁਗਲਕ ਵੰਸ਼ ਦੇ ਪਤਨ ਦਾ ਇਕ ਕਾਰਨ ਸੀ।" ਪਰ ਇਸ ਵਿਚਾਰ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਇਹ ਕਿਹਾ ਜਾਂਦਾ ਹੈ ਕਿ ਜਦੋਂ ਫਿਰੋਜ਼ ਤੁਗਲਕ ਦੀ ਮਾਤਾ ਹਿੰਦੂ ਸੀ, ਫਿਰ ਵੀ ਉਸ ਨੇ ਹਿੰਦੂਆਂ ਦੇ ਪ੍ਰਤੀ ਕੋਈ ਨਿਮਰਤਾ ਨਹੀਂ ਵਰਤੀ। ਬਾਅਦ ਦੀਆਂ ਘਟਨਾਵਾਂ ਵੀ ਲੇਨਪੂਲ ਦੇ ਵਿਚਾਰ ਦੀ ਪੁਸ਼ਟੀ ਨਹੀਂ ਕਰਦੀਆਂ। ਆਪਣੇ ਸਾਮਰਾਜ ਨੂੰ ਦ੍ਰਿੜ ਬਣਾਉਣ ਦੇ ਲਈ ਅਕਬਰ ਨੇ ਵਿਆਹ ਸੰਧੀਆਂ ਦੀ ਨੀਤੀ ਅਪਣਾਈ ਅਤੇ ਇਹ ਮੰਨਿਆ ਜਾ ਸਕਦਾ ਹੈ ਕਿ ਅਜਿਹਾ ਕਰਨ ਵਿੱਚ ਉਹ ਸਫਲ ਵੀ ਹੋਇਆ। ਕੇਵਲ ਤਾਂ ਹੀ ਮੁਗਲ ਸਾਮਰਾਜ ਦਾ ਪਤਨ ਸ਼ੁਰੂ ਹੋਇਆ ਜਦੋਂ ਕਿ ਔਰੰਗਜ਼ੇਬ ਨੇ ਉਸ ਨੀਤੀ ਨੂੰ ਛੱਡ ਕੀਤਾ।

14. ਪਰ ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਭਾਰਤ ਉਤੇ ਤੈਮੂਰ ਦੇ ਆਕ੍ਰਮਣ ਨੇ ਤੁਗਲਕ ਵੰਸ਼ ਦੇ ਪਤਨ ਵਿਚ ਅੰਤਮ ਅਤੇ ਸੱਪਸ਼ਟ ਯੋਗਦਾਨ ਦਿੱਤਾ। ਆਕ੍ਰਮਣ ਦੇ ਸਮੇਂ ਵੀ ਮਹਮੂਦ ਸ਼ਾਹ ਅਤੇ ਨੁਸਰਤ ਸ਼ਾਹ ਦੋ ਸ਼ਾਸਕ ਸਨ ਜਿਹੜੇ ਇਕ ਹੀ ਸਮੇਂ ਉਤੇ ਦਿੱਲੀ ਦੇ ਸਾਸਕ ਦਾ ਦਾਅਵਾ ਕਰਦੇ ਸਨ। ਜਿਸ ਤਰੀਕੇ ਨਾਲ ਦਿੱਲੀ ਦੀ ਜਨਤਾ ਨੂੰ ਲੁੱਟਿਆ ਗਿਆ ਅਤੇ ਉਸਦਾ ਹੱਤਿਆ ਕਾਂਡ ਕੀਤਾ ਗਿਆ, ਉਸਨੇ ਤੁਗਲਕ ਵੰਸ਼ ਦੀ ਨੀਂਹ ਨੂੰ ਪੂਰੀ ਤਰ੍ਹਾਂ ਹਿਲਾ ਦਿੱਤਾ ਹੋਵੇਗਾ। ਸਾਨੂੰ ਦੱਸਿਆ ਜਾਂਦਾ ਹੈ ਕਿ ਤਿੰਨ ਮਹੀਨਿਆਂ ਤਕ ਦਿੱਲੀ ਵਿਚ ਕੋਈ ਵੀ ਸ਼ਾਸਕ ਨਹੀਂ ਰਿਹਾ। ਦੇਸ਼ ਵਿਚ ਬਿਲਕੁਲ ਅਵਿਵਸਥਾ ਅਤੇ ਅਸ਼ਾਂਤੀ ਸੀ। ਵੱਖ-ਵੱਖ ਪ੍ਰਾਂਤ ਬਿਲਕੁਲ ਸੁਤੰਤਰ ਬਣ ਗਏ ਅਤੇ ਉਨ੍ਹਾਂ ਦੇ ਵਿਰੁਧ ਕਦਮ ਉਠਾਉਣ ਵਾਲਾ ਕੋਈ ਵੀ ਨਹੀਂ ਸੀ। ਅਪਣੇ ਦੁਬਾਰਾਂ ਸ਼ਾਸਕ ਬਣ ਜਾਣ ਤੋਂ ਬਾਦ ਤਕ ਮੁਹਮੂਦ ਸ਼ਾਹ ਨੇ ਅਪਣੇ ਅਧੀਨ ਰਾਜ ਵਿਚ ਸ਼ਾਂਤੀ ਅਤੇ ਵਿਵਸਥਾ ਲਿਆਉਣ ਦਾ ਕੋਈ ਪ੍ਰਯਤਨ ਨਹੀਂ ਕੀਤਾ। ਉਸਨੇ ਅਪਣਾ ਸਾਰਾ ਸਮਾਂ ਵਿਲਾਸਤ ਵਿਚ ਬਤੀਤ ਕੀਤਾ। ਕੋਈ ਹੈਰਾਨੀ ਨਹੀਂ ਕਿ ਉਸਦਾ ਸਾਮਰਾਜ ਹੀ ਗਾਇਬ ਹੋ ਗਿਆ। ਉਸਦੀ ਸੱਤਾ ਸਿੱਧ ਕਰਨ ਲਈ ਕੁਝ ਬਾਕੀ ਨਾ ਰਿਹਾ।

**ਸਵ-ਮੁਲਾਂਕਣ (Self Assessment)**

3. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) ਤੈਮੂਰ ਦੇ ਜਾਣ ਦੇ ਬਾਦ ਕਿਸਨੇ ਦਿੱਲੀ ਉਤੇ ਕਬਜਾ ਕੀਤਾ ?

(ਅ) ਨੁਸਰਤ ਸ਼ਾਹ (ਬ) ਮਹਿਮੂਦ ਸ਼ਾਹ (ਸ) ਇਬਰਾਹਿਮ ਸ਼ਾਹ (ਦ) ਇਕਬਾਲ

(ii) ਮੱਲੂ ਇਕਬਾਲ ਕਨੌਜ ਕਦੋਂ ਵਧਿਆ?

(ਅ) 1400 ਈ. (ਬ) 1402 ਈ. (ਸ) 1405 ਈ. (ਦ) 1407 ਈ.

(iii) 1404 ਈ. ਵਿੱਚ ਕਿਸ ਨੇ ਚਾਰ ਮਹੀਨਿਆਂ ਤੱਕ ਇਟਾਵਾ ਨੂੰ ਘੇਰੀ ਰੱਖਿਆ?

(ਅ) ਇਬਰਾਹਿਮ ਸ਼ਾਹ (ਬ) ਨੁਸਰਤ ਸ਼ਾਹ (ਸ) ਮੱਲੂ (ਦ) ਖਿਰਜ ਖਾਂ

(iv) ਖਿਰਜ ਖਾਂ ਨਾਰਨੌਲ ਕਦੋਂ ਪਹੁੰਚਿਆ?

(ਅ) 1411 ਈ. (ਬ) 1412 ਈ. (ਸ) 1413 ਈ. (ਦ) 1413 ਈ.

(v) 28 ਮਈ 1414 ਈ. ਨੂੰ ਖਿਰਜ ਖਾਂ ਨੇ ਕਿੱਥੇ ਪ੍ਰਵੇਸ਼ ਕੀਤਾ?

(ਅ) ਮੁੰਬਈ (ਬ) ਕਲਕੱਤਾ (ਸ) ਚੇਨਈ (ਦ) ਦਿੱਲੀ

## 6.7 ਸਾਰ ਅੰਸ਼ (Summary)

- ਗਯਾਸੁਦੀਨ ਤੁਗਲਕ (Ghiyas-ud-Din Tughluq) ਜਾਂ ਗਾਜੀ (Ghazi Malik) ਮਲਿਕ ਤੁਗਲਕ ਵੰਸ਼ ਦਾ ਸੰਸਥਾਪਕ ਸੀ। ਇਹ ਵੰਸ਼ ਕਰੌਨਾ ਤੁਰਕ ਦੇ ਵੰਸ਼ ਦੇ ਨਾਮ ਤੋਂ ਵੀ ਪ੍ਰਸਿੱਧ ਹੈ ਕਿਉਂਕਿ ਗਯਾਸੁਦੀਨ ਤੁਗਲਕ ਦਾ ਪਿਤਾ ਕਰੌਨਾ ਤੁਰਕ ਸੀ।

ਨੋਟ

- ਗਾਜੀ ਤੁਗਲਕ ਇਕ ਸਾਧਾਰਣ ਪਰਿਵਾਰ ਦਾ ਪੁਰਖ ਸੀ। ਉਸਦੀ ਮਾਤਾ ਪੰਜਾਬ ਦੀ ਇਕ ਜਾਟ ਮਹਿਲਾ ਸੀ ਅਤੇ ਉਸ ਦਾ ਪਿਤਾ ਬਲਬਨ ਦਾ ਤੁਰਕੀ ਦਾਸ ਸੀ। ਅਪਣੇ ਐਸੇ ਜਨਮ ਦੇ ਕਾਰਣ "ਗਾਜੀ ਮਲਿਕ ਦੇ ਚਰਿੱਤਰ ਵਿਚ ਇਨ੍ਹਾਂ ਦੋ ਜਾਤਾਂ ਦੇ ਮੁੱਖ ਗੁਣ-ਹਿੰਦੂਆਂ ਦੀ ਵਿਨਮਰਤਾ ਅਤੇ ਕੋਮਲਤਾ ਅਤੇ ਤੁਰਕਾਂ ਦਾ ਬਲ ਅਤੇ ਉਤਸਾਹ ਦਾ ਮਿਸ਼ਰਣ ਹੋਇਆ।"
- ਗਯਾਸੁਦੀਨ ਤੁਗਲਕ ਦਾ ਸ਼ਾਸਨ ਕਾਲ ਦੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ – ਗ੍ਰਹਿਨੀਤੀ ਅਤੇ ਵਿਦੇਸ਼ ਨੀਤੀ। ਜਿੱਥੇ ਤਕ ਗ੍ਰਹਿ ਨੀਤੀ ਦਾ ਸੰਬੰਧ ਹੈ ਉਸ ਦਾ ਪਹਿਲਾ ਕੰਮ ਕੁਲੀਨ ਜਨ ਅਤੇ ਅਧਿਕਾਰੀਆਂ ਦਾ ਵਿਸ਼ਵਾਸ ਪ੍ਰਾਪਤ ਕਰਨਾ ਅਤੇ ਸਾਮਰਾਜ ਵਿਚ ਵਿਵਸਥਾ ਸਥਾਪਿਤ ਕਰਨਾ ਸੀ। ਇਹ ਸੱਚ ਹੈ ਕਿ ਉਸਨੇ ਖੁਸਰੋ ਸ਼ਾਹ ਦੇ ਸਹਾਇਕਾਂ ਦਾ ਨਿਰਦਇਤਾ ਦੇ ਨਾਲ ਬਾਹਰ ਕੱਢ ਦਿੱਤਾ ਪਰ ਹੁਣ ਕੁਲੀਨ ਜਨ ਅਤੇ ਅਧਿਕਾਰੀਆਂ ਦੇ ਨਾਲ ਕੁਝ ਦਇਆਪੂਰਣ ਵਿਵਹਾਰ ਕੀਤਾ। ਉਸਨੇ ਉਨ੍ਹਾਂ ਸਭ ਨੂੰ ਉਨ੍ਹਾਂ ਦੀਆਂ ਭੂਮੀ ਵਾਪਸ ਕਰ ਦਿੱਤੀ ਜਿਨ੍ਹਾਂ ਨੂੰ ਅਲਾਉਦੀਨ ਖਿਲਜੀ ਨੇ ਖੋਹ ਲਈਆਂ ਸਨ।
- ਜਿੱਥੇ ਤਕ ਉਸਦੀ ਆਰਥਿਕ ਨੀਤੀ ਦਾ ਸੰਬੰਧ ਹੈ ਉਸਨੇ ਭੂਮੀ-ਕਰ ਇੱਕਠਾ ਕਰਨ ਦੇ ਲਈ ਬੋਲੀ (System of farming of Taxes) ਦਿਲਾਉਣੀ ਬੰਦ ਕਰ ਦਿੱਤੀ। ਮਾਲ ਗੁਜਾਰੀ ਦੀ ਬੋਲੀ ਦੇਣ ਵਾਲੇ ਨੂੰ ਦੀਵਾਨ-ਏ-ਵਿਜਾਰਤ ਤਕ ਸਿਫ਼ਾਰਿਸ਼ ਪਹੁੰਚਾਣ ਤਕ ਦੀ ਅਨੁਮਤਿ ਨਹੀਂ ਦਿੱਤੀ ਗਈ।
- ਗਾਜੀ ਮਲਿਕ ਨੇ ਰਾਜ ਦੇ ਸਾਰੇ ਵਿਭਾਗਾਂ ਦੇ ਵੱਲ ਧਿਆਨ ਦਿੱਤਾ। ਨਿਆਂਇਕ ਅਤੇ ਪੁਲਿਸ ਵਿਭਾਗ ਏਨੇ ਕੁਸ਼ਲ ਸਨ ਕਿ ਭੇਡ ਬੱਕਰੀ ਦੇ ਬੱਚੇ ਨੂੰ ਪਕੜਨ ਦਾ ਸਾਹਸ ਨਹੀਂ ਕਰ ਸਕਦਾ ਸੀ ਅਤੇ ਸ਼ੇਰ ਤੇ ਹਿਰਨ ਇਕ ਹੀ ਘਾਟ ਉਤੇ ਪਾਣੀ ਪੀਂਦੇ ਸਨ। ਅਲਾਉਦੀਨ ਦੁਆਰਾ ਚਲਾਈ ਗਈ ਚਿਹਰਾ ਅਤੇ ਦਾਗ ਵਿਵਸਥਾ ਜਾਰੀ ਰੱਖੀ ਗਈ। ਇਕ ਬਹੁਤ ਕੁਸ਼ਲ ਡਾਕ ਵਿਵਸਥਾ ਦੀ ਵੀ ਸਥਾਪਨਾ ਕੀਤੀ।
- ਜਦੋਂ ਗਾਜੀ ਮਲਿਕ ਬੰਗਾਲ ਵਿਚ ਸੀ, ਉਸਨੂੰ ਅਪਣੇ ਪੁੱਤਰ ਜੁਨਾਖਾਨ ਦੇ ਕੰਮਾਂ ਦੇ ਵਿਸ਼ੇ ਵਿਚ ਸਮਾਚਾਰ ਮਿਲਿਆ। ਅਪਣੇ ਲਈ ਇੱਕ ਸ਼ਕਤੀਸ਼ਜਲੀ ਦਲ ਬਣਾਉਣ ਦੇ ਵਿਚਾਰ ਨਾਲ ਜੁਨਾ ਖਾਨ ਅਪਣੇ ਨੌਕਰਾਂ ਦੀ ਸੰਖਿਆ ਵਧਾ ਰਿਹਾ ਸੀ। ਉਹ ਸ਼ੇਖ ਨਿਜਾਮੁਦੀਨ ਔਲੀਆ ਜਿਸ ਦੇ ਨਾਲ ਉਸਦੇ ਪਿਤਾ ਦੇ ਸੰਬੰਧ ਚੰਗੇ ਨਹੀਂ ਸਨ, ਦਾ ਚੇਲਾ ਬਣ ਗਿਆ। ਕਿਹਾ ਜਾਂਦਾ ਹੈ ਕਿ ਸ਼ੇਖ ਨੇ ਇੱਕ ਭਵਿੱਖਵਾਣੀ ਕੀਤੀ ਕਿ ਰਾਜਕੁਮਾਰ ਜੁਨਾ ਖਾਨ ਬਹੁਤ ਜਲਦੀ ਦਿੱਲੀ ਦਾ ਸੁਲਤਾਨ ਹੋਵੇਗਾ। ਹੋਰਾਂ ਜੋਤਸ਼ੀਆਂ ਨੇ ਵੀ ਦੱਸਿਆ ਸੀ ਕਿ ਗਾਜੀ ਮਲਿਕ ਦਿੱਲੀ ਨਹੀਂ ਪਹੁੰਚੇਗਾ। ਗਾਜੀ ਮਲਿਕ ਜਲਦੀ ਨਾਲਬੰਗਾਲ ਤੋਂ ਦਿੱਲੀ ਵਾਪਸ ਲਈ ਚੱਲਿਆ। ਰਾਜਕੁਮਾਰ ਜੁਨਾ ਖਾਨ ਨੇ ਅਫਗਾਨਪੁਰ, ਦਿੱਲੀ ਤੋਂ ਲਗਭਗ 6 ਮੀਲ ਦੀ ਦੂਰੀ ਉਤੇ ਇਕ ਪਿੰਡ ਵਿਚ ਇੱਕ ਲੱਕੜੀ ਦਾ ਭਵਨ ਅਪਣੇ ਪਿਤਾ ਦਾ ਸਵਾਗਤ ਕਰਨ ਲਈ ਬਣਵਾਇਆ।
- ਰਾਜਕੁਮਾਰ ਜੁਨਾ ਖਾਨ (Prince Juna Khan) ਜਿਹੜਾ ਮੁਹੰਮਦ ਤੁਗਲਕ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਹੈ ਗਯਾਸੁਦੀਨ ਤੁਗਲਕ ਦਾ ਜਠੇਰਾ ਪੁੱਤਰ ਸੀ। ਉਸਦਾ ਪਾਲਨ-ਪੋਸ਼ਣ ਇਕ ਸੈਨਿਕ ਦੀ ਤਰ੍ਹਾਂ ਹੋਇਆ ਸੀ ਅਤੇ ਉਸਨੇ ਉਸੇ ਵਿਚ ਅਪਣੇ ਨੂੰ ਪ੍ਰਸਿੱਧ ਕਰ ਲਿਆ। ਉਹ ਇਕ ਤੇਜ ਬੁੱਧੀ ਵਾਲਾ ਬਾਲਕ ਸੀ। ਖੁਸਰੋ ਸ਼ਾਹ ਦੁਆਰਾ ਉਸਨੂੰ 'ਤਰੰਗਾਂ ਦਾ ਸਵਾਮੀ' ਨਿਯੁਕਤ ਕੀਤਾ ਗਿਆ ਸੀ। ਪਰ ਜੁਨਾ ਖਾਨ ਨੇ ਅਪਣੇ ਸੰਰਖਿਅਕ ਖੁਸਰੋ ਸ਼ਾਹ ਦੇ ਵਿਰੁਧ ਇਕ ਅੰਦੋਲਨ ਸ਼ੁਰੂ ਕਰ ਦਿੱਤਾ ਅਤੇ ਖੁਸਰੋ ਸ਼ਾਹ ਨੂੰ ਉਲਟ ਸੁੱਟਣ ਵਿਚ ਅਪਣੇ ਪਿਤਾ ਦੀ ਸਹਾਇਤਾ ਕੀਤੀ।
- ਮੁਹੰਮਦ ਤੁਗਲਕ ਦੇ ਬਾਦ ਫਿਰੋਜ ਤੁਗਲਕ ਗੱਦੀ ਉਤੇ ਬੈਠਾ। ਉਸ ਦਾ ਜਨਮ 1309 ਈ. ਵਿਚ ਹੋਇਆ ਅਤੇ ਉਸਦੀ ਮ੍ਰਿਤੂ 1388 ਈ. ਵਿਚ ਹੋਈ। ਉਹ ਗਯਾਸੁਦੀਨ ਤੁਗਲਕ ਦੇ ਛੋਟੇ ਭਰਾ ਰਜਬ ਦਾ ਪੁੱਤਰ ਸੀ। ਉਸਦੀ ਮਾਤਾ ਭੱਟੀ ਰਾਜਪੂਤ ਕੰਨਿਆ ਸੀ ਜਿਸਨੇ ਅਪਣੇ ਪਿਤਾ ਰਣਮਲ, ਅਬੁਹਰ ਦੇ ਸਰਦਾਰ ਦੇ ਰਾਜ ਨੂੰ ਮੁਸਲਮਾਨਾਂ ਦੇ ਹੱਥੋਂ ਨਸ਼ਟ ਹੋਣ ਤੋਂ ਬਚਾਉਣ ਲਈ ਰਜਬ ਨਾਲ ਵਿਆਹ ਕਰਨ ਉਪਰ ਸਹਿਮਤੀ ਪ੍ਰਦਾਨ ਕੀਤੀ ਸੀ।
- ਜਦੋਂ 20 ਮਾਰਚ 1361 ਈ. ਨੂੰ ਮੁਹੰਮਦ ਤੁਗਲਕ ਦੀ ਮ੍ਰਿਤੂ ਹੋ ਗਈ ਤਾਂ ਉਸ ਡੇਰੇ ਵਿਚ ਪੂਰਨ ਅਵਿਵਸਥਾ ਅਤੇ ਅਸ਼ਾਂਤੀ ਫੈਲ ਗਈ ਜਿਸ ਨੂੰ ਸਿੰਘ ਦੇ ਵਿਦਰੋਹੀਆਂ ਅਤੇ ਮੰਗੋਲ ਵਤਨਾਰਥੀ ਸੈਨਿਕਾਂ ਨੂੰ ਲੁਟਿਆ ਸੀ ਜਿਨ੍ਹਾਂ ਨੂੰ ਮੁਹੰਮਦ ਤੁਗਲਕ ਨੇ ਤਗੀ ਦੇ ਵਿਰੁਧ ਸੰਗਰਾਮ ਕਰਨ ਬਾਰੇ ਤੇ ਰੱਖ ਲਿਆ ਸੀ। ਸਿੰਧਿਆ ਅਤੇ ਮੰਗੋਲਾਂ ਨੇ ਕੰਮ ਤਮਮਾ ਕਰ ਦਿੱਤਾ ਹੁੰਦਾ ਪਰ ਉਸੇ ਸਮੇਂ ਫਿਰੋਜ ਨੂੰ ਗੱਦੀ ਉਪਰ ਬੈਠਣ ਲਈ ਕਿਹਾ ਗਿਆ।
- ਫਿਰੋਜ ਤੁਗਲ ਦੇ ਸਿੰਘਾਸਨ ਰੋਹਣ ਦੇ ਵਿਸ਼ੇ ਵਿਚ ਕੁਝ ਵਿਵਾਦ ਹਨ। ਜਿਯਾਉਦੀਨ ਬਰਨੀ ਦਾ ਮਤ ਹੈ ਕਿ ਮੁਹੰਮਦ ਤੁਗਲਕ ਨੇ ਇੱਕ ਆਦੇਸ਼ ਪੱਤਰ ਛੱਡਿਆ ਜਿਸ ਵਿਚ ਉਸਨੇ ਫਿਰੋਜ ਤੁਗਲਕ ਨੂੰ ਅਪਣਾ ਉੱਤਰਾਧਿਕਾਰੀ ਮਨੋਨੀਤ ਕੀਤਾ ਸੀ ਪਰ ਸਰ ਵੂੱਲਜਲੇ ਹੇਗ ਨੇ ਇਸ ਆਦੇਸ਼ ਪੱਤਰ ਦੀ ਵਿਸ਼ਵਸਨੀਅਤਾ ਤੇ ਸ਼ੱਕ ਕੀਤਾ ਹੈ ਉਸਦਾ ਵਿਚਾਰ ਹੈ ਕਿ ਇਹ ਬਾਲਕ ਜਿਸਨੂੰ ਖਵਾਜਾ-ਏ-ਜਹਾਨ ਨੇ ਗੱਦੀ ਉਤੇ ਬਿਠਾਇਆ ਉਹ ਮੁਹੰਮਦ ਤੁਗਲਕ ਦਾ

**ਨੋਟ**

ਕੋਈ "ਕਾਲਪਨਿਕ ਪੁੱਤਰ" ਨਹੀਂ ਸੀ ਮਤਲਬ ਉਸਦੇ ਰਕਤ ਤੋਂ ਸੀ। ਫਲਸਰੂਪ ਫਿਰੋਜ ਦਾ ਸਿੰਘਾਸਨ ਰੋਹਣ ਕੋਈ ਕਥਾਕ੍ਰਮ ਵਸਤ ਨਹੀਂ ਸੀ ਅੰਤ ਇਸ ਲਈ ਉਸਨੂੰ ਬਲਾਦਗਰਾਹੀ (usurper) ਮੰਨਿਆ ਜਾ ਸਕਦਾ ਹੈ।

- ਸੁਲਤਾਨ ਦੇ ਅੰਤਮ ਦਿਨ ਸ਼ਾਂਤੀ ਪੂਰਨ ਨਹੀਂ ਸਨ। ਜਿਸ ਤਰ੍ਹਾਂ ਉਹ ਬੁੱਢਾ ਹੁੰਦਾ ਗਿਆ, ਉਸਦਾ ਅਨੁਮਾਨ ਅਸਫਲ ਹੋਣ ਲੱਗਾ। ਸੁਲਤਾਨ ਨੂੰ ਇਕ ਤੀਬਰ ਧੱਕਾ ਲੱਗਾ ਜਦ ਕਿ 1374 ਈ. ਵਿਚ ਉਸਦੇ ਜਠੇਰਾ ਪੁੱਤਰ ਫਤੇਹ ਖਾਨ ਦਾ ਦੇਹਾਂਤ ਹੋ ਗਿਆ। ਅਪਣੇ ਪੁੱਤਰ ਮੁਹੰਮਦ ਨੂੰ ਸ਼ਾਸਨ ਪ੍ਰਬੰਧ ਵਿਚਭਾਗੀਦਾਰ ਬਣਾਉਣਾ ਸੁਲਤਾਨ ਦੇ ਲਈ ਇਕ ਗਲਤੀ ਸਿੱਧ ਹੋਈ। ਕਿਉਂਕਿ ਕੰਮ ਕਰਨ ਦੀ ਜਗ੍ਹਾ ਰਾਜਕੁਮਾਰ ਨੇ ਅਪਣਾ ਸਾਰਾ ਸਮਾਂ ਵਿਲਾਸ ਵਿਚ ਬਤੀਤ ਕੀਤਾ। ਰਾਜਕੁਮਾਰ ਦੇ ਕੰਮ ਵਿਚ ਰੁਚੀ ਪੈਦਾ ਕਰਾਉਣ ਲਈ ਬਹੁਤ ਸਾਰੀ ਕੋਸ਼ਿਸ਼ਾਂ ਕੀਤੀ ਗਈਆਂ। ਪਰ ਉਹ ਨਿਸਫਲ ਰਹੇ।
- 80 ਸਾਲ ਦੀ ਉਮਰ ਵਿਚ ਫਿਰੋਜ ਤੁਗਲਕ ਦੀ 20 ਸਿਤੰਬਰ 1388 ਈ. ਨੂੰ ਮ੍ਰਿਤੂ ਹੋ ਗਈ।
- ਫਿਰੋਜ ਤੁਗਲਕ ਦੇ ਬਾਦ ਉਸ ਦਾ ਪੋਤਰਾ ਗੱਦੀ ਉਤੇ ਬੈਠਾ ਜਿਸ ਨੇ ਗਯਾਸੁਦੀਨ ਤੁਗਲਕ ਸ਼ਾਹ ਦੂਜਾ ਦੀ ਉਪਾਧੀ ਧਾਰਨ ਕੀਤੀ। ਉਸ ਦੇ ਚਾਚਾ ਨਸੀਰਦੁਨ ਮੁਹੰਮਦ ਨੇ ਉਸਦੇ ਸਿੰਘਾਸਨ ਰੋਹਣ ਦਾ ਵਿਰੋਧ ਕੀਤਾ ਪਰ ਉਹ ਹਾਰ ਗਿਆ ਅਤੇ ਕਾਂਗੜਾ ਨੱਸ ਗਿਆ। ਇਹ ਨਵਾਂ ਸੁਲਤਾਨ ਅਪਣਾ ਜੀਵਨ ਵਿਲਾਸਤਾ ਵਿਚ ਬਤੀਤ ਕਰਨ ਲੱਗਾ ਅਤੇ ਉਸਨੇਅਪਣੀ ਸ਼ਕਤੀ ਨੂੰ ਸਾਰੇ ਪ੍ਰਤੀਯੋਗੀਆਂ ਨੂੰ ਰਸਤੇ ਤੋਂ ਹਟਾ ਕੇ ਦ੍ਰਿੜ ਕਰਨਾ ਚਾਹੁੰਦਾ ਸੀ।
- ਅਮੀਰ ਤੈਮੂਰ ਜਾਂ ਤੈਮੂਰ ਲੰਗ "ਭਾਗ ਸਾਲੀ ਭਵਿੱਖ ਦਾ ਸਵਾਮੀ" 1386 ਈ. ਵਿਚ ਕੈਸ਼ ਵਿਚ ਪੈਦਾ ਹੋਇਆ ਸੀ, ਜਿਹੜਾ ਸਥਾਨ ਸਮਰਕੰਦ ਦੇ ਦੱਖਣ ਵਿਚ 50 ਮੀਲ ਦੂਰ ਸੀ। ਉਹ ਅਮੀਰ ਤੁਰਗੇ ਦਾ ਪੁੱਤਰ ਸੀ ਜਿਹੜਾ ਤੁਰਕਾਂ ਦੀ ਇੱਥੇ ਉੱਚ ਜਾਤੀ ਬਰਲਾਸ ਦੀ ਗੁਰਕਨ ਸ਼ਾਖਾ ਦਾ ਸਰਦਾਰ ਸੀ।
- ਤੈਮੂਰ ਦੀ ਵਾਪਸੀ ਦੇ ਬਾਦ ਸਾਰਾ ਭਾਰਤ ਅਵਰਣਨੀਅ ਅਸ਼ਾਂਤੀ ਅਤੇ ਅਵਿਵਸਥਾ ਵਿਚ ਫਸ ਗਿਆ। ਦਿੱਲੀ ਲਗਭਗ ਨਿਰਜਨ ਅਤੇ ਨਸ਼ਟ-ਭ੍ਰਿਸ਼ਟ ਹੋ ਗਈ। ਉਹ ਅਨਾਥ ਹੋ ਗਈ। ਜੋ ਕੁਝ ਵੀ ਨਿਵਾਸੀ ਬਚੇ, ਉਨ੍ਹਾਂ ਨੂੰ ਸੋਕੇ ਅਤੇ ਮਹਾਮਾਰੀ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਹਮਲਾਵਾਰੀ ਸੈਨਾ ਨੇ ਫਸਲਾਂ ਅਤੇ ਅਨਾਜ ਦੇ ਢੇਰਾਂ ਨੂੰ ਬਹੁਤ ਨੁਕਸਾਨ ਪਹੁੰਚਾਇਆ ਸੀ ਇਸ ਲਈ ਸੁਭਾਵਿਕ ਰੂਪ ਨਾਲ ਦੁਰਭਿਕਸ਼ ਆ ਗਿਆ। ਹਜ਼ਾਰਾਂ ਮਨੁੱਖਾਂ ਦੇ ਹੱਤਿਆ ਕਾਂਡ ਦੇ ਕਾਰਨ ਹਵਾ ਅਤੇ ਜਲ ਦੂਸ਼ਿਤ ਹੋ ਜਾਣ ਦੇ ਕਾਰਨ ਮਹਾਮਾਰੀ ਫੈਲ ਗਈ। ਖੂਨ-ਖਰਾਬਾ ਇੰਨਾ ਭਾਰੀ ਹੋ ਗਿਆ ਕਿ "ਨਗਰ ਬੁਰੀ ਤਰ੍ਹਾਂ ਨਾਲ ਨਿਰਜਨ ਹੋ ਗਏ ਅਤੇ ਜੋ ਬਚ ਗਏ ਉਹ ਸੋਕੇ ਦਾ ਗ੍ਰਾਸ ਬਣ ਗਏ। ਪੂਰੇ ਦੋ ਮਹੀਨਿਆਂ ਤੱਕ ਇਕ ਚਿੜੀ ਤੱਕ ਨੇ ਦਿੱਲੀ ਵਿੱਚ ਆਪਣਾ ਪਰ ਨਹੀਂ ਹਿਲਾਇਆ।

## 6.8 ਸ਼ਬਦਕੋਸ਼ (Keywords)

- **ਮੁੱਲ ਆਂਕਨ (Estimate) :** ਆਂਕਨਾ।
- **ਸਥਾਨਾਂਤਰਣ (Transfer) :** ਤੁਬਾਦਲਾ ਕਰਨਾਂ।

## 6.9 ਅਭਿਆਸ ਪ੍ਰਸ਼ਨ (Review Questions)

1. ਗਯਾਸੁਦੀਨ ਤੁਗਲਕ ਦਿੱਲੀ ਦੀ ਗੱਦੀ ਉਤੇ ਕਦੋਂ ਬੈਠਿਆ ? ਉਸਦੀ ਗ੍ਰਹਿ ਨੀਤੀ ਅਤੇ ਵਿਦੇਸ਼ ਨੀਤੀ ਦਾ ਵਰਣਨ ਕਰੋ।
2. ਗਯਾਸੁਦੀਨ ਤੁਗਲਕ ਦੇ ਸ਼ਾਸਨ ਦਾ ਮੁੱਲ ਆਂਕਨ ਪ੍ਰਸਤੁਤ ਕਰੋ।
3. ਮੁਹੰਮਦ ਤੁਗਲਕ ਨੂੰ ਪਾਗਲ ਸੁਲਤਾਨ ਕਿਉਂ ਕਿਹਾ ਜਾਂਦਾ ਹੈ ?
4. ਜੁਨਾ ਖਾਨ (ਮੁਹੰਮਦ ਤੁਗਲਕ) ਦੇ ਆਰੰਭਕ ਜੀਵਨ ਦੇ ਸੰਖੇ ਪਰਿਚੈ ਦਿਉ।
5. ਮੁਹੰਮਦ ਤੁਗਲਕ ਦਾ ਚਰਿੱਤਰ-ਚਿਤਰਣ ਕਰੋ।
6. ਫਿਰੋਜ਼ ਤੁਗਲਕ ਕੌਣ ਸੀ? ਉਸ ਦੇ ਸਿੰਘਾਸਨਾਰੋਹਣ ਦਾ ਵਰਨਣ ਕਰੋ।
7. ਤੈਮੂਰ ਦੇ ਭਾਰਤ 'ਤੇ ਹਮਲੇ ਦਾ ਵਰਨਣ ਕਰੋ।
8. ਤੈਮੂਰ ਦੇ ਭਾਰਤ 'ਤੇ ਹਮਲੇ ਦਾ ਕੀ ਪ੍ਰਭਾਵ ਪਿਆ?
9. ਤੁਗਲਕ ਵੰਸ਼ ਦੇ ਪਤਨ ਦੇ ਕੀ ਕਾਰਨ ਸਨ?

ਨੋਟ

**ਉਤਰ : ਸਵ-ਮੁਲਾਂਕਣ (Answer: Self Assessment)**

| | | | | | |
|---|---|---|---|---|---|
| 1. | (i) ਗਯਾਸੁਦੀਨ ਤੁਗਲਕ | (ii) ਮੁਹੰਮਦ ਤੁਗਲਕ | (iii) ਪਾਗਲ | (iv) ਕਲਪਨਾ ਸ਼ਕਤੀ | |
| 2. | (i) ਝੂਠ | (ii) ਸੱਚ | (iii) ਸੱਚ | (iv) ਝੂਠ | (v) ਸੱਚ |
| 3. | (i) (ਅ) | (ii) (ਬ) | (iii) (ਸ) | (iv) (ਅ) | (v) (ਦ) |

## 6.10 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਪੂਰਵ ਮੰਧ ਕਾਲੀਨ ਭਾਰਤ ਦਾ ਸਾਮੰਤੀ ਸਮਾਜ ਅਤੇ ਸੰਸਕ੍ਰਿਤੀ—ਰਾਮਸ਼ਰਣ ਸ਼ਰਮਾ, ਰਾਜ ਕਮਲ ਪ੍ਰਕਾਸ਼ਨ।
2. ਮੱਧ ਕਾਲੀਨ ਭਾਰਤ ਦਾ ਇਤਿਹਾਸ—ਪ੍ਰਦੀਪ ਕੁਮਾਰ ਆਰਿਆ ਪਬਲੀਕੇਸ਼ਨਸ।
3. ਪੂਰਵ ਮੱਧਕਾਲੀਨ ਭਾਰਤ (ਦਿੱਲੀ ਸਲਤਨਤ)— ਸ਼੍ਰੀ ਨੇਤਰ ਪਾਂਡੇਅ, ਰਾਜਕਮਲ ਪ੍ਰਕਾਸ਼ਨ ਪ੍ਰਾਈਵੇਟ ਲਿਮਿਟਡ ।
4. ਮੱਧ ਕਾਲੀਨ ਭਾਰਤ ਦਾ ਇਤਿਹਾਸ — ਸ਼ੈਲੇਂਦਰ ਸੈਂਗਰ, ਅਟਲਾਂਟਿਕ ਪਬਲਿਸ਼ਰਜ।
5. ਮੱਧਕਾਲੀਨ ਭਾਰਤ ਵਿਚ ਨਗਰੀ ਕਰਨ — ਨਮਰਤਾ ਸਿੰਘ ਯੂਨੀਵਰਸਿਟੀ ਪਬਲੀਕੇਸ਼ਨ।

# ਇਕਾਈ–7: **ਲੋਦੀ ਵੰਸ਼** (1451-1526)
# [The Lodi Dynasty (1451-1526)]

ਨੋਟ

**ਵਿਸ਼ਾ ਵਸਤੂ** (**Contents**)

ਉਦੇਸ਼ (Objectives)
ਜਾਣਕਾਰੀ (Introduction)
7.1 ਬਹਲੋਲ ਲੋਦੀ (1451–1489) (Bahlol Lodi)
7.2 ਹਾਮਿਦ ਖਾਨ (Hamid Khan)
7.3 ਜੌਨਪੁਰ (Jaunpur)
7.4 ਸਿਕੰਦਰ ਸ਼ਾਹ (1489–1517) (Sikandar Shah)
7.5 ਇਬ੍ਰਾਹੀਮ ਲੋਦੀ (1517–26) (Ibrahim Lodi)
7.6 ਸਾਰ ਅੰਸ਼ (Summary)
7.7 ਸ਼ਬਦਕੋਸ਼ (Keywords)
7.8 ਅਭਿਆਸ ਪ੍ਰਸ਼ਨ (Review Questions)
7.9 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਬਹਲੋਲ ਲੋਦੀ ਦੇ ਅਰੰਭਕ ਜੀਵਨ ਅਤੇ ਸ਼ਾਸਨ ਪ੍ਰਬੰਧਾਂ ਨਾਲ ਸੰਬੰਧਤ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਨ ਬਾਰੇ ਵਿਚ।
- ਸਿਕੰਦਰ ਸ਼ਾਹ ਦੇ ਸ਼ਾਸਨ ਪ੍ਰਬੰਧ ਦੀ ਜਾਣਕਾਰੀ ਬਾਰੇ।
- ਇਬਰਾਹੀਮ ਲੋਦੀ ਦੇ ਸ਼ਾਸਨ ਵਿਵਸਥਾ ਸੰਬੰਧੀ ਗੱਲਾਂ ਨੂੰ ਜਾਨਣ ਬਾਰੇ।

## ਜਾਣਕਾਰੀ (Introduction)

ਲੋਦੀ ਵੰਸ਼ ਦਾ ਸੰਸਥਾਪਕ ਬਹਲੋਲ ਲੋਦੀ ਸੀ। ਬਹਲੋਲ ਦਾ ਦਾਦਾ ਮਲਿਕ ਬਹਰਾਮ ਫਿਰੋਜ ਤੁਗਲਕ ਦੇ ਸ਼ਾਸਨ ਵਿਚ ਮੁਲਤਾਨ ਚਲਾ ਗਿਆ। ਦਿੱਲੀ ਦੀ ਗੱਦੀ ਉਤੇ ਬਹਲੋਲ ਨੂੰ ਬਿਠਾਉਣ ਵਿਚ ਹਾਮਿਦ ਖਾਨ ਦਾ ਵੀ ਹੱਥ ਸੀ। ਇਹ ਵੀ ਸੱਚ ਹੈ ਕਿ ਬਹਲੋਲ ਨੇ ਹਾਮਿਦ ਖਾਨ ਨੂੰ ਸੁਲਤਾਨ ਬਣਨ ਲਈ ਕਿਹਾ ਕਿਉਂਕਿ ਉਹ ਕੇਵਲ ਏਨੇ ਤੋਂ ਸੰਤੁਸ਼ਟ ਨਹੀਂ ਹੋਇਆ।

ਹਾਲਾਂਕਿ ਬਹਲੋਲ ਸਿੰਘਾਸਨ ਉੱਤੇ ਬੈਠਾ ਚੁਕਾ ਸੀ ਫਿਰ ਵੀ ਜੌਨਪੁਰ ਦੇ ਸ਼ਾਸਕ ਮਹਮੂਦ ਸ਼ਾਹ ਸ਼ਰਕੀ ਨੇ ਉਸ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ। ਬਹਲੋਲ ਕੇਵਲ ਲੋਦੀ ਵੰਸ਼ ਦਾ ਸੰਸਥਾਪਕ ਹੀ ਨਹੀਂ ਸੀ, ਮਤਲਬ ਇਸ ਵੰਸ਼ ਦੀ ਸ਼ਕਤੀ ਅਤੇ ਖੁਸ਼ ਹਾਲੀ ਦਾ ਸਾਰੀ ਜ਼ਿੰਮਦਾਰੀਆਂ ਵੀ ਉਸੀ ਉੱਤੇ ਸਨ। ਬਹਲੋਲ ਲੋਦੀ ਦੇ ਬਾਅਦ ਉਸ ਦਾ ਪੁੱਤਰ ਨਿਜਾਮ ਖਾਨ ਸਿਕੰਦਰ ਸ਼ਾਹ ਦੀ ਉਪਾਧੀ ਗ੍ਰਹਿਣ ਕਰਕੇ ਸਿੰਘਾਸਨ ਗੱਦੀ ਉੱਤੇ ਬੈਠਿਆ। ਸਿਕੰਦਰ ਸ਼ਾਹ ਨੂੰ ਆਪਣਾ ਸੁਲਤਾਨ ਮੰਨਣ ਵਿਚ ਅਮੀਰਾਂ ਅਤੇ ਸਰਦਾਰਾਂ ਨੂੰ ਸੰਕੋਚ ਸੀ ਕਿਉਂਕਿ ਉਸ ਦੀ ਮਾਤਾ ਕਿਸੀ ਸੁਨਿਆਰ ਦੀ ਪੁੱਤਰੀ ਸੀ। ਇਸ ਲਈ ਉਸ ਦਾ ਪੁੱਤਰ ਇੱਕ ਰਾਜ ਕੁਮਾਰ ਦੀ ਬਜਾਏ ਇੱਕ ਸਾਧਾਰਣ ਵਿਅਕਤੀ ਸੀ।

ਨੋਟ

ਸਿਕੰਦਰ ਸ਼ਾਹ ਦੀ ਮ੍ਰਿਤੂ ਦੇ ਬਾਅਦ ਉਸ ਦਾ ਸਭ ਤੋਂ ਵੱਡਾ ਪੁੱਤਰ ਇਬਰਾਹੀਮ 21 ਨਵੰਬਰ 1517 ਈ: ਨੂੰ ਗੱਦੀ ਉੱਤੇ ਬੈਠਿਆ। ਇਸ ਵਿਚ ਉਸ ਨੂੰ ਸਾਰੇ ਅਫਗਾਨ ਸਰਦਾਰਾਂ ਦੀ ਬਿਨ੍ਹਾਂ ਕਿਸੇ ਵਿਰੋਧ ਮਜੂਰੀ ਮਿਲੀ ਸੀ ਅਤੇ ਉਸ ਨੇ ਇਬਰਾਹੀਮ ਸ਼ਾਹ ਦੀ ਉਪਾਧੀ ਗ੍ਰਹਿਣ ਕੀਤੀ।

## 7.1 ਬਹਲੋਲ ਲੋਦੀ (1451-1489) (Bahlol Lodi)

**ਆਰੰਭਿਕ ਜੀਵਨ** : ਬਹਲੋਲ ਲੋਦੀ, ਲੋਦੀ ਵੰਸ਼ ਦਾ ਸੰਸਥਾਪਕ ਸੀ ਜਿਹੜਾ 1451 ਤੋਂ 1526 ਈ. ਤਕ ਰਿਹਾ। ਉਹ ਲੋਦੀ ਜਾਤੀ ਦੇ ਸ਼ਾਹ ਖੈਲ ਵਰਗ ਤੋਂ ਸੀ। ਬਹਲੋਲ ਦਾ ਦਾਦਾ ਮਲਿਕ ਬਹਰਾਮ ਫਿਰੋਜ ਤੁਗਲਕ ਦੇ ਸ਼ਾਸਨ ਕਾਲ ਵਿਚ ਮੁਲਤਾਨ ਚਲਾ ਗਿਆ ਸੀ। ਉਸ ਨੇ ਉੱਥੇ ਦੇ ਪ੍ਰਾਤ ਨਿਰਖਕ ਮਲਿਕ ਮਰਦਾਨ ਦੌਲਤ ਦੇ ਇੱਥੇ ਸੇਵਾ ਸਵੀਕਾਰ ਕਰ ਲਈ ਸੀ। ਮਲਿਕ ਬਹਰਾਮ ਦੇ ਪੰਜ ਪੁੱਤਰ ਸਨ ਲੇਕਿਨ ਉਨ੍ਹਾਂ ਵਿਚੋਂ ਕੇਵਲ ਦੋ (ਮਲਿਕ ਸੁਲਤਾਨ ਸ਼ਾਹ ਅਤੇ ਮਲਿਕ ਕਾਲਾ) ਪ੍ਰਸਿੱਧ ਹੋਏ। ਬਹਲੋਲ ਮਲਿਕ ਕਾਲਾ ਦਾ ਪੁੱਤਰ ਸੀ ਜਿਸ ਨੇ ਜਸਰਥ ਨੂੰ ਹਰਾ ਕੇ ਆਪਣੀ ਸੁਤੰਤਰ ਰਿਆਸਤ ਬਣਾ ਲਈ ਸੀ। 1419 ਈ. ਵਿਚ ਉਸ ਦੇ ਚਾਚਾ ਸੁਲਤਾਨ ਸ਼ਾਹ ਨੂੰ ਖਿਜ ਖਾਨ ਨੇ ਸਰਹਿੰਦ ਦਾ ਪ੍ਰਾਂਤ ਨਿਰੀਖਕ ਨਿਯੁਕਤ ਕੀਤਾ ਸੀ ਅਤੇ ਉਸ ਨੂੰ ਇਸਲਾਮ ਖਾਨ ਦੀ ਉਪਾਧੀ ਪ੍ਰਦਾਨ ਕੀਤੀ ਸੀ। ਫਰਿਸਤਾ ਸਾਨੂੰ ਦੱਸਦਾ ਹੈ ਕਿ ਇਸਲਾਮ ਖਾਨ ਨੇ ਬਹਲੋਲ ਦੇ ਨਾਲ ਆਪਣੀ ਪੁੱਤਰੀ ਦਾ ਵਿਆਹ ਕਰ ਦਿੱਤਾ ਸੀ ਅਤੇ ਉਸ ਨੇ ਆਪਣੇ ਪੁੱਤਰਾਂ ਦੇ ਹੁੰਦੇ ਹੋਏ ਵੀ ਬਹਲੋਲ ਨੂੰ ਉਸ ਦੀ ਯੋਗਤਾ ਦੇ ਕਾਰਨ ਆਪਣਾ ਉੱਤਰਾਧਿਕਾਰੀ ਮਨੋਨੀਤ ਕਰ ਦਿੱਤਾ। ਇਸਲਾਮ ਖਾਨ ਦੀ ਮ੍ਰਿਤੂ ਦੇ ਬਾਅਦ ਬਹਲੋਲ ਸਰਹਿੰਦ ਦਾ ਪ੍ਰਾਂਤ ਨਿਰੀਖਕ ਬਣ ਗਿਆ। ਬਹਲੋਲ ਨੂੰ ਲਾਹੌਰ ਨੂੰ ਵੀ ਆਪਣੇ ਅਧੀਨ ਰੱਖਣ ਦੀ ਅਨੁਮਤੀ ਮਿਲ ਗਈ ਸੀ। ਇਸ ਲਈ ਸੈਨਾਵਾਂ ਦੀ ਸ਼ਕਤੀ ਦੇ ਕਾਰਣ ਬਹਲੋਲ ਸੱਯਦ ਸਾਮਰਾਜ ਦਾ ਇੱਕ ਬਹੁਤ ਮਹੱਤਵ ਪੂਰਣ ਪ੍ਰਾਂਤ ਨਿਰੀਖਕ ਬਣ ਗਿਆ। ਜਦੋਂ ਮਾਲਵਾ ਦੇ ਮਹਮੂਦ ਸ਼ਾਹ ਖਿਲਜੀ ਨੇ ਮੁਹੱਮਦ ਸ਼ਾਹ ਨੂੰ ਆਕ੍ਰਮਣ ਦੀ ਧਮਕੀ ਦਿੱਤੀ ਸੀ, ਉਸ ਸਮਾਂ ਉਹ ਅਪਣੇ ਸਵਾਮੀ ਦੀ ਸਹਾਇਤਾ ਲਈ ਆਇਆ। ਆਪਣੀ ਚਤਰਾਈ ਨਾਲ ਉਹ ਆਪਣੇ ਨੂੰ ਮਾਲਵਾ ਦੀ ਸੈਨਾ ਉੱਤੇ ਜੇਤੂ ਪ੍ਰਦਰਸ਼ਿਤ ਕਰਨ ਵਿਚ ਸਫਲ ਹੋਇਆ। ਮੁਹੱਮਦ ਸ਼ਾਹ ਉਸ ਨਾਲ ਏਨਾ ਖੁਸ਼ ਹੋ ਗਿਆ ਸੀ ਕਿ ਉਸ ਨੇ ਉਸ ਨੂੰ ਆਪਣਾ ਪੁੱਤਰ ਮੰਨ ਲਿਆ ਅਤੇ ਉਸ ਨੂੰ ਖਾਨਖਾਨਾ ਦੀ ਉਪਾਧੀ ਪ੍ਰਦਾਨ ਕੀਤੀ। ਬਹਲੋਲ ਨੂੰ ਮੌਕਾ ਤਦ ਮਿਲਿਆ ਜਦਕਿ ਆਲਮ ਸ਼ਾਹ ਨੇ 1448 ਈ. ਵਿਚ ਪੱਕੇ ਤੌਰ ਨਾਲ ਬਦਾਯੂ ਵਿਚ ਰਹਿਣ ਦਾ ਫੈਸਲਾ ਕਰ ਲਿਆ ਅਤੇ ਇਸ ਨਾਲ ਦਿੱਲੀ ਵਿਚ ਗੜਬੜ ਮਚ ਗਈ। ਹਾਮਿਦ ਖਾਨ ਨੇ ਬਹਲੋਲ ਨੂੰ ਅਮਤ੍ਰਿਤ ਕੀਤਾ ਸੀ ਅਤੇ ਉਸ ਨੂੰ ਨਗਰ ਦੀਆਂ ਚਾਬੀਆਂ ਹਵਾਲੇ ਕਰ ਦਿੱਤੀਆਂ ਸਨ। ਇਸ ਵਿਚ ਬਹਲੋਲ ਨੇ ਆਲਮ ਸ਼ਾਹ ਦੀ ਸਵੀਕ੍ਰਿਤੀ ਵੀ ਪ੍ਰਾਪਤ ਕਰ ਲਈ ਸੀ। ਇਸ ਪ੍ਰਕਾਰ 19 ਅਪਰੈਲ 1451 ਈ. ਨੂੰ ਬਹਲੋਲ ਦਿੱਲੀ ਦਾ ਸੁਲਤਾਨ ਹੋ ਗਿਆ ਅਤੇ 1489 ਈ. ਵਿਚ ਆਪਣੀ ਮ੍ਰਿਤੂ ਤਕ ਉਹ ਸੁਲਤਾਨ ਬਣਿਆ ਰਿਹਾ। ਇਹ ਕਿਹਾ ਜਾਂਦਾ ਹੈ ਕਿ ਇੱਕ ਦਿਨ ਬਹਲੋਲ, ਜਦੋਂ ਕਿ ਉਹ ਆਪਣੇ ਚਾਚਾ ਦੀ ਸੇਵਾ ਵਿਚ ਸੀ, ਸਮਾਨਾ ਗਿਆ ਅਤੇ ਉਥੇ ਉਹ ਸੱਯਦ ਆਏਨ, ਇੱਕ ਪ੍ਰਸਿੱਧ ਦਰਵੇਸ਼, ਦੇ ਕੋਲ ਆਪਣੇ ਮਿਤਰਾਂ ਨਾਲ ਪਹੁੰਚਿਆ। ਦਰਵੇਸ਼ ਨੇ ਕਿਹਾ, "ਕੀ ਕੋਈ ਐਸਾ ਮਨੁੱਖ ਹੈ ਜਿਹੜਾ ਉਸ ਤੋਂ ਦੋ ਹਜ਼ਾਰ ਟੱਕੇ ਵਿਚ ਦਿੱਲੀ ਦਾ ਸਾਮਰਾਜ ਲੈਣਾ ਚਾਹੁੰਦਾ ਹੈ?" ਬਹਲੋਲ ਨੇ ਉਸੀ ਸਮਾਂ ਦਰਵੇਸ਼ ਨੂੰ ਉਨਾ ਧਨ ਦੇ ਦਿੱਤਾ ਜਿਸ ਨੇ ਕਿਹਾ "ਤੈਨੂੰ ਦਿੱਲੀ ਦਾ ਸਾਮਰਾਜ ਪ੍ਰਾਪਤ ਹੋਵੇ।" ਇਹ ਕਹੀ ਹੋਈ ਭਵਿੱਖ ਬਾਣੀ ਅੱਗੇ ਜਾ ਕੇ ਸਿੱਧ ਹੋਈ।

*ਨੋਟਸ* ਲੋਦੀ ਵੰਸ਼ ਦਾ ਸ਼ਾਸਨ ਕਾਲ 1451 ਈ. ਤੋਂ 1526 ਈ. ਤੱਕ ਰਿਹਾ।

## 7.2 ਹਾਮਿਦ ਖਾਨ (Hamid Khan)

ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਦਿੱਲੀ ਦੀ ਗੱਦੀ ਉੱਤੇ ਬਹਲੋਲ ਨੂੰ ਬਿਠਾਉਣ ਵਿਚ ਹਾਮਿਦ ਖਾਨ ਦਾ ਵੀ ਹੱਥ ਸੀ। ਇਹ ਵੀ ਸੱਚ ਹੈ ਕਿ ਬਹਲੋਲ ਨੇ ਹਾਮਿਦ ਖਾਨ ਨੂੰ ਸੁਲਤਾਨ ਬਣਨ ਲਈ ਕਿਹਾ ਕਿਉਂਕਿ ਉਹ ਕੇਵਲ ਏਨੇ ਨਾਲ ਸੰਤੁਸ਼ਟ ਨਹੀਂ ਹੋਇਆ ਕਿ ਹਾਮਿਦ ਖਾਨ ਸੈਨਾਵਾਂ ਨਿਰਦੇਸ਼ਕਰਤਾ ਮਾਤਰ ਜਾਂ ਉਸ ਦੇ ਆਦੇਸ਼ਾਂ ਨੂੰ ਪਾਲਣ ਕਰਤਾ ਦੀ ਤਰ੍ਹਾਂ ਰਹੇ। ਬਹਲੋਲ ਨੇ ਉਸ ਦੇ ਪ੍ਰਤੀ ਗੂੜ੍ਹਤਾ ਨਾਲ ਸਨਮਾਨ ਪ੍ਰਦਰਸ਼ਿਤ ਕੀਤਾ। ਫਿਰ ਵੀ ਬਹਲੋਲ ਨੇ ਹਾਮਿਦ ਖਾਨ ਦੇ ਬਾਹਰ ਕੱਢਣ ਦਾ ਨਿਸਚੈ ਕਰ ਲਿਆ ਅਤੇ ਇਹ ਆਦੇਸ਼ ਪ੍ਰਾਪਤ ਕਰਨ ਲਈ ਉਸ ਨੇ ਇੱਕ ਯੋਜਨਾ ਵੀ ਬਣਾਈ। ਉਸ ਨੇ ਆਪਣੇ ਅਫਗਾਨ ਸਾਖਿਆ ਨੂੰ ਹਾਮਿਦ ਖਾਨ ਦੀ ਉਪਸਥਿਤੀ ਵਿਚ ਵਿਦਰੋਹੀ ਪ੍ਰਵਿਰਤੀ ਪ੍ਰਗਟ ਕਰਨ ਨੂੰ ਕਿਹਾ ਅਤੇ "ਐਸਾ ਵਿਵਹਾਰ ਦਿਖਾਉਣ ਲਈ ਕਿਹਾ ਜਿਸ ਵਿਚ ਪਰਮ ਬੇਵਕੂਫੀ ਅਤੇ ਸਾਧਾਰਣ ਸੂਝ-ਬੂਝ ਦੀ ਪ੍ਰਵਿਰਤੀ ਦਾ ਅਭਾਵ ਟਪਕਦਾ ਹੋਵੇ ਜਿਸ ਨਾਲ ਉਹ ਉਨ੍ਹਾਂ ਨੂੰ

**ਨੋਟ**

ਪਰਮ ਮੂਰਖ ਸਮਝ ਬੈਠੇ ਅਤੇ ਉਨ੍ਹਾਂ ਦੇ ਪ੍ਰਤੀ ਉਸ ਦੇ ਮਨ ਵਿਚ ਕੋਈ ਸ਼ੱਕ ਨਾ ਰਹਿ ਜਾਵੇ ਜਾਂ ਡਰ ਨਾ ਰਹਿ ਜਾਵੇ।" ਬਹਲੋਲ ਦੇ ਅਫਗਾਨ ਸਾਥੀਆਂ ਨੇ ਉਸੇ ਤਰ੍ਹਾਂ ਕੀਤਾ ਜਿਹੋ ਜਿਹਾ ਉਨ੍ਹਾਂ ਨੂੰ ਕਿਹਾ ਗਿਆ ਸੀ। ਹਥਿਆਰ ਵੰਦ ਮਨੁੱਖਾਂ ਨੇ ਵਾਦ ਵਿਵਾਦ ਭਵਨ ਵਿਚ ਇਸ ਗਲਤ ਤਰਕ ਦੇ ਆਧਾਰ ਉੱਤੇ ਭੀੜ ਲਗਾ ਲਈ ਕਿ ਸਾਰੇ ਸੈਨਿਕ ਅਤੇ ਜਾਤੀ ਦੇ ਹੋਰ ਸਦੱਸ ਬਰਾਬਰ ਹਨ। ਉਨ੍ਹਾਂ ਦੇ ਵਿਵਹਾਰ ਨੇ ਹਾਮਿਦ ਖਾਨ ਨੂੰ ਇਸ ਮਜਮੂਨ ਨਾਲ ਸਹਿਮਤ ਕਰ ਲਿਆ ਕਿ ਉਹ ਬੇਵਕੂਫਾਂ ਨਾਲ ਕੰਮ ਕਰ ਰਿਹਾ ਹੈ। ਨਗਰ ਵਿਚ ਉੱਠਣ ਵਾਲੇ ਕਿਸੀ ਵੀ ਉਪਦ੍ਰਵ ਨੂੰ ਕਚਲਣ ਦੇ ਲਈ ਅਫਗਾਨ ਸੈਨਾਵਾਂ ਦੀ ਸੰਖਿਆ ਕਾਫੀ ਵੱਡੀ ਸੀ। ਦਰਬਾਰ ਵਿਚ ਵੀ ਉਨ੍ਹਾਂ ਦੀ ਸੰਖਿਆ ਏਨੀ ਸੀ ਕਿ ਉਸ ਨਾਲ ਬਹਲੋਲ ਕੋਈ ਵੀ ਹਿੰਸਕ ਕੰਮ ਕਰ ਸਕਦਾ ਸੀ। ਇੱਕ ਦਿਨ ਜਦੋਂ ਬਹਲੋਲ ਹਾਮਿਦ ਖਾਨ ਦੇ ਘਰ ਦਰਸ਼ਨ ਬਾਰੇ ਪਹੁੰਚਿਆ, ਤਾਂ ਉਸ ਦੇ ਸਾਥੀਆਂ ਨੇ ਦੁਆਰ ਪਾਲ ਨਾਲ ਝਗੜਾ ਕਰ ਲਿਆ ਅਤੇ ਉਸ ਨੂੰ ਪ੍ਰਾਰਥਨਾ ਕੀਤੀ ਕਿ ਉਹ ਉਨ੍ਹਾਂ ਨੂੰ ਅੰਦਰ ਚਲਾ ਜਾਣ ਦੇਵੇ। ਹਾਮਿਦ ਖਾਨ ਨੂੰ ਇਨ੍ਹਾਂ ਲੋਕਾਂ ਦੇ ਦਰੋਹ ਦੀ ਵਿਦਰੋਹ ਦੀ ਕੋਈ ਅਸੰਕਾ ਨਹੀਂ ਸੀ, ਇਸ ਲਈ ਉਸ ਨੇ ਆਪਣੀ ਇਜਾਜਤ ਦੇ ਦਿੱਤੀ। ਲੇਕਿਨ ਜਦੋਂ ਬਹਲੋਲ ਦੇ ਚਚਾ ਕੁਤੁਬ ਖਾਨ ਨੇ ਆਪਣੀ ਜੇਬ ਵਿਚ ਛਿਪਾ ਕੇ ਰੱਖੀ ਹੋਈਆ ਬੇੜਿਆਂ ਕੱਢ ਕੇ ਉਸ ਨੂੰ ਕਿਹਾ ਕਿ ਕੁਝ ਸਮਾਂ ਤਕ ਉਸ ਦਾ ਅਗਿਆਤ ਰੂਪ ਵਿਚ ਰਹਿਣਾ ਹੀ ਰਾਜ ਦੇ ਲਈ ਫਾਇਦੇਮੰਦ ਹੈ ਤਾਂ ਉਹ ਹੈਰਾਨੀ ਵਿਚ ਆ ਗਿਆ। ਲੇਕਿਨ ਉਸ ਦੀ ਸੇਵਾਵਾਂ ਦਾ ਧਿਆਨ ਰੱਖਦੇ ਹੋਏ ਉਸ ਦੀ ਜਿੰਦਗੀ ਬਖਸ਼ ਦਿੱਤੀ ਗਈ। ਨਤੀਜਾ ਇਹ ਹੋਇਆ ਕਿ ਹਾਮਿਦ ਖਾਨ ਪੂਰੀ ਤਰ੍ਹਾਂ ਆਦ੍ਰਿਸ ਹੋ ਗਿਆ।

ਆਪਣੀ ਸ਼ਕਤੀ ਵਧਾਉਣ ਦੇ ਵਿਚਾਰ ਨਾਲ ਬਹਲੋਲ ਨੇ ਤੋਹਫੇ ਅਤੇ ਇਨਾਮ ਵੰਡ ਕੇ ਸੈਨਾ ਦਾ ਵਿਸ਼ਵਾਸ਼ ਪ੍ਰਾਪਤ ਕਰਨਾ ਚਾਹਿਆ। ਅਮੀਰਾਂ ਨੂੰ ਉਨ੍ਹਾਂ ਦੇ ਵਰਗ ਅਨੁਸਾਰ ਅਹੁਦਾ–ਉਨੱਤੀ ਦੀ ਪ੍ਰਤਿਗਿਆ ਦੁਆਰਾ ਆਪਣੀ ਵੱਲ ਕਰ ਲਿਆ।

## 7.3 ਜੌਨਪੁਰ (Jaunpur)

ਹਾਲਾਂਕਿ ਬਹਲੋਲ ਸਿੰਘਾਸਨ ਉੱਤੇ ਬੈਠ ਚੁੱਕਾ ਸੀ, ਫਿਰ ਵੀ ਜੌਨਪੁਰ ਦੇ ਸ਼ਾਸਕ ਮਹਮੂਦ ਸ਼ਾਹ ਸ਼ਰਕੀ ਨੇ ਉਸ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ। ਮਹਮੂਦ ਦਿੱਲੀ ਵਲ ਵਧਿਆ ਅਤੇ ਉਸ ਨੇ ਬਹਲੋਲ ਦੇ ਵੱਡੇ ਪੁੱਤਰ ਖਵਾਜਾ ਬਯਾਜਿਦ ਨੂੰ ਘੇਰ ਲਿਆ ਜਿਹੜਾ ਉਸ ਸਮੇਂ ਦਿੱਲੀ ਦਾ ਕਾਰਜ ਸੰਭਾਲ ਰਿਹਾ ਸੀ। ਮਹਮੂਦ ਸ਼ਾਹ ਦਿੱਲੀ ਵੱਲ ਵੱਧਦੇ ਹੋਏ ਲਗਭਗ 30 ਮੀਲ ਦੇ ਨੇੜੇ ਪਹੁੰਚਿਆ ਜਦ ਕਿ ਬਹਲੋਲ ਉਸ ਦੀ ਰੱਖਿਆ ਕਰਨ ਵਿਚ ਸਫਲ ਹੋਇਆ। ਦਰਿਆ ਖਾਨ ਲੋਦੀ, ਜਿਹੜਾ ਜੌਨਪੁਰ ਦੇ ਮਹਮੂਦ ਸ਼ਾਹ ਦੀ ਸਹਾਇਤਾ ਕਰ ਰਿਹਾ ਸੀ, ਉਸ ਦੀ ਸਹਾਇਤਾ ਛੱਡਣ ਦਾ ਪ੍ਰਲੋਭਨ ਸਫਲ ਹੋਇਆ। ਉਸ ਦੇ ਜਾਣ ਤੋਂ ਬਾਅਦ ਜੌਨਪੁਰ ਦੀ ਸਾਰੀ ਸੈਨਾ ਦਾ ਸਾਹਸ ਟੁੱਟ ਗਿਆ ਅਤੇ ਉਹ ਨੱਸ ਨਿਕਲੀ। ਇਸ ਲਈ ਬਹਲੋਲ ਲੋਦੀ ਨੂੰ ਸਿੰਘਾਸਨ ਤੋਂ ਹਟਾਉਣ ਦੇ ਲਈ ਜੌਨਪੁਰ ਦੇ ਸ਼ਾਸਕ ਮਹਮੂਦ ਸ਼ਾਹ ਦੀ ਕੋਸ਼ਿਸ਼ ਬੇਕਾਰ ਗਈ।

ਜੌਨਪੁਰ ਦੇ ਮਹਮੂਦ ਸ਼ਾਹ ਸ਼ਰਕੀ ਦੀ ਹਾਰ ਦਾ ਸਤਰੂਆਂ ਅਤੇ ਮਿੱਤਰਾਂ ਦੋਵਾਂ ਉੱਤੇ ਗਹਿਰਾ ਪ੍ਰਭਾਵ ਪਿਆ। ਇਸ ਨਾਲ ਬਹਲੌਲ ਦੀ ਸਥਿਤੀ ਦ੍ਰਿੜ੍ਹ ਹੋ ਗਈ। ਉਸ ਦੇ ਸਤਰੂਆਂ ਅਤੇ ਆਲੋਚਕਾਂ ਦੇ ਮੁੱਖ ਬੰਦ ਹੋ ਗਏ। ਬਹੁਤ ਸਾਰੇ ਸਰਦਾਰਾਂ ਅਤੇ ਜਾਗੀਰਦਾਰਾਂ ਨੇ ਉਸ ਤੋਂ ਡਰ ਕੇ ਉਸ ਦਾ ਸਵਾਮੀਪਣ ਸਵੀਕਾਰ ਕਰ ਲਿਆ। ਬਹਲੋਲ ਮੇਵਾਤ ਵੱਲ ਵਧਿਆ ਅਤੇ ਉੱਥੇ ਅਹਿਮਦ ਸ਼ਾਹ ਨੇ ਸਵਾਮੀਪਣ ਸਵੀਕਾਰ ਕਰ ਲਿਆ ਜਿਸ ਨੂੰ 7 ਪਰਗਨਿਆਂ ਤੋਂ ਵੰਚਿਤ ਕਰ ਦਿੱਤਾ ਗਿਆ। ਸੰਭਲ ਕੇ ਪ੍ਰਾਂਤ ਨਿਰੀਖਕ ਦਰਿਆ ਖਾਨ ਲੋਦੀ ਦੇ ਨਾਲ ਉਸ ਉੱਤੇ ਵਿਦ੍ਰੋਹ ਦਾ ਅਰੋਪ ਹੁੰਦੇ ਹੋਏ ਵੀ ਦਇਆ ਪੂਰਣ ਵਿਵਹਾਰ ਕੀਤਾ ਗਿਆ ਅਤੇ ਉਸ ਨੂੰ ਕੇਵਲ 7 ਪਰਗਨੇ ਛੱਡਣ ਨੂੰ ਕਿਹਾ ਗਿਆ। ਇਸ ਖਾਨ ਨੂੰ ਆਪਣਾ ਸਾਰਾ ਅਧਿਕਾਰ ਜਮਾਏ ਰੱਖਣ ਦੀ ਆਗਿਆ ਮਿਲ ਗਈ। ਸਾਕੇਤ ਦੇ ਪ੍ਰਾਂਤ ਨਿਰੀਖਕ ਮੁਬਾਰਕ ਖਾਨ ਦੇ ਨਾਲ ਵੀ ਐਸਾ ਹੀ ਵਿਵਹਾਰ ਕੀਤਾ ਗਿਆ। ਕੁਝ ਸੰਕੋਚ ਦੇ ਉਪਰੰਤ ਰੇਵਾੜੀ ਦੇ ਕੁਤੁਬ ਖਾਨ ਨੇ ਵੀ ਅਧੀਨਤਾ ਸਵੀਕਾਰ ਕਰ ਲਈ। ਇਟਾਵਾ ਚੰਦਵਾਰ ਅਤੇ ਦੋਆਬ ਦੇ ਹੋਰ ਜਿਲ੍ਹਿਆ ਦੇ ਨਿਰੀਖਕਾਂ ਨੇ ਵੀ ਬਹਲੋਲ ਦੀ ਸੱਤਾ ਸਵੀਕਾਰ ਕਰ ਲਈ। 1472 ਈ. ਵਿਚ ਬਹਲੋਲ ਹੁਸੈਨ ਸ਼ਾਹ ਸੰਗਾਹ ਨੂੰ ਆਪਣੀ ਅਧੀਨਤਾ ਵਿਚ ਲੈ ਆਉਣ ਲਈ ਮੁਲਤਾਨ ਵਲ ਵਧਿਆ, ਜਿਹੜਾ ਉਸ ਛੋਟੇ ਜਿਹੇ ਰਾਜ ਵਿਚ ਆਪਣੇ ਪਿਤਾ ਦਾ ਸਥਾਨ ਗ੍ਰਹਿਣ ਕੀਤੇ ਹੋਏ ਸੀ।

ਬਹਿਲੋਲ ਨੂੰ ਆਪਣਾ ਬਹੁਤ ਸਾਰਾ ਸਮਾਂ ਜੌਨਪੁਰ ਦੇ ਵਿਰੁੱਧ ਸੰਘਰਸ਼ ਕਰਨ ਵਿੱਚ ਬਤੀਤ ਕਰਨਾ ਪਿਆ ਅਤੇ ਅੰਤ ਵਿੱਚ ਉਹ ਉਥੇ ਦੀ ਗੁਲਾਮੀ ਕੁਚਲਣ ਅਤੇ ਉਸ ਪ੍ਰਾਂਤ ਨੂੰ ਆਪਣੇ ਰਾਜ ਵਿੱਚ ਮਿਲਾਉਣ ਵਿੱਚ ਸਫਲ ਹੋਇਆ। ਇਹ ਪਹਿਲਾਂ ਤੋਂ ਹੀ ਕਿਹਾ ਜਾ ਚੁੱਕਾ ਹੈ ਕਿ ਮਹਿਮੂਦ ਸ਼ਾਹ ਨੇ ਸ਼ੁਰੂ ਵਿੱਚ ਬਹਿਲੋਲ ਨੂੰ ਹਟਾਉਣ ਦਾ ਇਕ ਅਸਫਲ ਯਤਨ ਕੀਤਾ ਸੀ। ਆਪਣੀ ਰਾਣੀ ਦੇ ਉਕਸਾਉਣ 'ਤੇ ਜੋ ਬਦਾਂਯੂ ਦੇ ਆਲਮ ਸ਼ਾਹ ਦੀ ਪੁੱਤਰੀ ਸੀ, ਉਸ ਨੇ ਦਿੱਲੀ ਵਿੱਚ ਪ੍ਰਵੇਸ਼ ਕਰਨ ਦਾ ਦੂਸਰਾ ਯਤਨ ਕੀਤਾ ਅਤੇ ਉਸੇ ਉਦੇਸ਼ ਨਾਲ ਇਟਾਵਾ ਵਿੱਚ ਵੀ ਪ੍ਰਵੇਸ਼ ਕੀਤਾ। ਪਰ ਇਕ ਸੰਧੀ ਹੋਈ ਅਤੇ ਉਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਦੋਨੋਂ ਪੱਖ ਉਸੇ ਖੇਤਰ ਦੇ ਸਵਾਮੀ ਬਣੇ ਰਹਿਣਗੇ ਜੋ ਉਨ੍ਹਾਂ ਦੇ ਪੂਰਵ ਵਰਤੀਆਂ ਦੇ ਕੋਲ ਚੱਲਿਆ ਆ ਰਿਹਾ ਹੈ। ਬਹਿਲੋਲ ਲੋਦੀ ਨੂੰ ਉਹ ਹਾਥੀ ਵਾਪਿਸ ਕਰਨੇ ਪਏ ਜੋ ਉਸ ਨੇ ਪਿਛਲੇ ਯੁੱਧ ਵਿੱਚ ਫੜ੍ਹ ਰੱਖੇ ਸਨ। ਮਹਿਮੂਦ ਸ਼ਾਹ ਜੁਨਾ ਸ਼ਾਹ ਨੂੰ ਹਟਾਉਣ 'ਤੇ ਰਾਜ਼ੀ ਹੋ ਗਿਆ। ਸੰਧੀ ਦੀਆਂ ਸ਼ਰਤਾਂ ਦਾ ਪਾਲਣ ਕਰਦੇ ਹੋਏ ਬਹਿਲੋਲ ਨੇ ਸੰਸਾਬਾਦ 'ਤੇ ਅਧਿਕਾਰ ਕਰਨ ਦੀ ਇੱਛਾ ਕੀਤੀ ਜੋ ਕਿ ਸ਼ਾਸਕ ਨੇ ਜੂਨਾ ਖਾਂ ਨੂੰ ਦਿੱਤਾ ਸੀ। ਇਸ ਲਈ ਜੌਨਪੁਰ ਦੀਆਂ ਸੈਨਾਵਾਂ ਨੇ ਬਹਿਲੋਲ ਦਾ ਵਿਰੋਧ ਕੀਤਾ ਜਿਸ ਵਿੱਚ ਕੁਤੁਬ ਖਾਂ ਫੜ੍ਹ ਲਿਆ ਗਿਆ ਪਰ ਇਸੇ ਸਮੇਂ 1479 ਈ. ਵਿੱਚ ਮਹਿਮੂਦ ਸ਼ਾਹ ਦੀ ਮੌਤ ਹੋ ਗਈ ਅਤੇ ਉਸ ਦੇ ਪੁੱਤਰ ਭਿਕਨ ਨੂੰ ਮੁਹੰਮਦ ਸ਼ਾਹ ਦੀ ਉਪਾਧੀ ਦੇ ਕੇ ਗੱਦੀ 'ਤੇ ਬਿਠਾ ਦਿੱਤਾ ਗਿਆ। ਉਸ ਨੇ ਬਹਿਲੋਲ ਦੇ ਨਾਲ ਸੰਧੀ ਕਰ ਲਈ ਅਤੇ ਉਸ ਦੀ ਸ਼ੰਸਾਬਾਦ 'ਤੇ

ਨੋਟ

ਅਧਿਕਾਰ ਜਮਾਉਣ ਦੀ ਗੱਲ ਸਵੀਕਾਰ ਕਰ ਲਈ। ਜੌਨਪੁਰ ਵਿੱਚ ਕ੍ਰਾਂਤੀ ਹੋ ਗਈ। ਜਿਸ ਦੇ ਫਲਸਰੂਪ ਜੌਨਪੁਰ ਦੀ ਗੱਦੀ ਹੁਸੈਨ ਖਾਂ ਨੂੰ ਮਿਲ ਗਈ। ਇਹ ਨਵਾਂ ਸ਼ਾਸਕ ਇਕ ਵਿਲੱਖਣ ਜੀਵ ਸੀ ਜੋ ਆਪਣੀ ਸਾਰੀ ਉਮਰ ਭਰ ਬੜੇ ਉਤਸ਼ਾਹ ਦੇ ਨਾਲ ਬਹਿਲੋਲ ਦੇ ਵਿਰੁੱਧ ਸੰਗ੍ਰਾਮ ਕਰਦਾ ਰਿਹਾ। ਹੁਸੈਨ ਖਾਂ ਅਤੇ ਬਹਿਲੋਲ ਦੇ ਵਿੱਚ ਚਾਰ ਸਾਲ ਦੇ ਲਈ ਸੰਧੀ ਹੋ ਗਈ ਪਰ ਉਹ ਸਾਰਹੀਨ ਸਿੱਧ ਹੋਈ। 1473 ਈ. ਵਿੱਚ ਜੌਨਪੁਰ ਦਾ ਹੁਸੈਨ ਖਾਂ ਇਕ ਵੱਡੀ ਸੈਨਾ ਦੇ ਨਾਲ ਆਪਣੀ ਪਤਨੀ ਜਲੀਲਾ ਵੱਲੋਂ ਉਕਸਾਏ ਜਾਣ 'ਤੇ ਦਿੱਲੀ ਵੱਲ ਵਧਿਆ। ਬਹਿਲੋਲ ਖਤਰੇ ਤੋਂ ਇੰਨਾ ਡਰ ਗਿਆ ਕਿ ਉਸ ਨੇ ਮਾਲਵਾ ਦੇ ਮਹਿਮੂਦ ਖਿਲਜੀ ਦੂਸਰੇ ਤੋਂ ਸਹਾਇਤਾ ਮੰਗੀ। ਮਾਲਵਾ ਤੋਂ ਕੋਈ ਵੀ ਸਹਾਇਤਾ ਆਉਣ ਤੋਂ ਪਹਿਲਾਂ ਹੀ ਹੁਸੈਨ ਯਮੁਨਾ ਤੱਟ ਦੇ ਨੇੜੇ ਪਹੁੰਚ ਗਿਆ। ਬਹਿਲੋਲ ਇਨ੍ਹਾਂ ਹਮਲਾਵਰਾਂ ਤੋਂ ਬਹੁਤ ਆਕਰਸ਼ਕ ਸ਼ਰਤਾਂ 'ਤੇ ਸੰਧੀ ਕਰਨ 'ਤੇ ਤਿਆਰ ਹੋ ਗਿਆ, ਪਰ ਹੁਸੈਨ ਖਾਂ ਨੇ ਉਸ ਦੀਆਂ ਸਾਰੀਆਂ ਸ਼ਰਤਾਂ ਨੂੰ ਠੁਕਰਾ ਦਿੱਤਾ। ਇਸ ਦੇ ਫਲਸਰੂਪ ਦੁਸ਼ਮਣ ਨਾਲ ਲੜਨ ਦੇ ਲਈ ਬਹਿਲੋਲ ਰਾਜਧਾਨੀ ਤੋਂ ਬਾਹਰ ਆਇਆ। ਹੁਸੈਨ ਖਾਂ ਦਾ ਕੈਂਪ ਸੁਰੱਖਿਅਤ ਹਾਲਤ ਵਿੱਚ ਪਿਆ ਸੀ। ਨਦੀ ਨੂੰ ਪਾਰ ਕਰਕੇ ਬਹਿਲੋਲ ਆਪਣੀ ਸੈਨਾ ਦੇ ਨਾਲ ਉਸ 'ਤੇ ਟੁੱਟ ਪਿਆ। ਜਦੋਂ ਅਫਗਾਨ ਲੋਕ ਅਸਲ ਵਿੱਚ ਉਸ ਦੇ ਕੈਂਪਾਂ ਵਿੱਚ ਲੁੱਟ ਮਾਰ ਕਰਨ ਲੱਗੇ ਤਾਂ ਹੁਸੈਨ ਖਾਂ ਨੇ ਦੌੜ ਜਾਣ ਦਾ ਫੈਸਲਾ ਕੀਤਾ। ਉਸ ਦੇ ਹਰਮ ਦੀਆਂ ਇਸਤਰੀਆਂ, ਇੱਥੋਂ ਤੱਕ ਕਿ ਜਲੀਲ ਵੀ ਫੜ੍ਹ ਲਈ ਗਈ ਪਰ ਬਹਿਲੋਲ ਨੇ ਉਨ੍ਹਾਂ ਨੂੰ ਕੋਈ ਵੀ ਹਾਨੀ ਨਾ ਪਹੁੰਚਾਉਂਦੇ ਹੋਏ ਉਦਾਰਤਾ ਦੇ ਨਾਲ ਜੌਨਪੁਰ ਭਿਜਵਾ ਦਿੱਤਾ।

*ਕੀ ਤੁਸੀਂ ਜਾਣਦੇ ਹੋ* 1479 ਈ. ਵਿਚ ਮਹਮੂਦ ਸ਼ਾਹ ਦੀ ਮ੍ਰਿਤੂ ਹੋ ਗਈ।

ਤਿੰਨ ਸਾਲਾਂ ਦੇ ਲਈ ਯੁੱਧ ਵਿਸ਼ਰਾਮ ਦੀ ਵਿਵਸਥਾ ਕੀਤੀ ਗਈ। ਉਸ ਦੇ ਬਾਅਦ ਹੁਸੈਨ ਖਾਨ ਨੇ ਇਟਾਵਾ ਉੱਤੇ ਕਬਜ਼ਾ ਕਰ ਲਿਆ ਅਤੇ ਇੱਕ ਲੱਖ ਘੋੜੇ ਅਤੇ 100 ਹਾਥੀਆਂ ਦੀ ਸੈਨਾ ਦੇ ਨਾਲ ਦਿੱਲੀ ਵਲ ਚੱਲਿਆ ਬਹਲੋਲ ਨੇ ਸੰਧੀ ਕਰਨ ਲਈ ਇੱਕ ਬਾਰ ਫਿਰ ਅਤਿਯੰਤ ਨਮਰ ਸੁਝਾਓ ਪ੍ਰਸਤੁਤ ਕੀਤੇ, ਲੇਕਿਨ ਹੁਸੈਨ ਖਾਨ ਨੇ ਉਨ੍ਹਾਂ ਨੂੰ ਫਿਰ ਅਸਵੀਕਾਰ ਕਰ ਦਿੱਤਾ। ਜੌਨਪੁਰ ਦੀ ਸੈਨਾ ਹਰਾਉਣ ਵਿਚ ਬਹਲੋਲ ਇੱਕ ਬਾਰ ਫਿਰ ਸਫਲ ਹੋਇਆ। ਇਸ ਦੇ ਹੁੰਦੇ ਹੋਏ ਵੀ, ਹੁਸੈਨਖਾਨ ਫਿਰ ਬਹਲੋਲ ਲੋਦੀ ਦੇ ਵਿਰੁਧ ਵਧਿਆ। ਦੋਵੇਂ ਸੈਨਾਵਾਂ ਦਿੱਲੀ ਤੋਂ 25 ਮੀਲ ਦੂਰੀ ਉੱਤੇ ਮਿਲਿਆ। ਹੁਸੈਨ ਖਾਨ ਇਸ ਬਾਰ ਫਿਰ ਪਰਾਜਿਤ ਹੋਇਆ, ਲੇਕਿਨ ਉਸ ਨੇ ਸਮਾਨ ਸਰਤਾਂ ਉੱਤੇ ਸੰਧੀ ਕਰ ਲਈ।

ਹੁਸੈਨ ਖਾਂ ਨੇ ਇਕ ਵਾਰ ਯਤਨ ਕੀਤਾ ਅਤੇ ਮਾਰਚ 1479 ਈ. ਵਿੱਚ ਉਹ ਯਮੁਨਾ ਦੇ ਨੇੜੇ ਤੱਕ ਆ ਪਹੁੰਚਿਆ। ਉਸ ਦੇ ਅਭਿਆਨਾਂ ਵਿੱਚ ਇਹ ਸਭ ਤੋਂ ਜ਼ਿਆਦਾ ਭਿਅੰਕਰ ਸੀ, ਪਰ ਜਦੋਂ ਉਸ ਨੂੰ ਗੰਗਾ ਦੇ ਪੂਰਵ ਵਿੱਚ ਆਉਣ ਵਾਲੇ ਜ਼ਿਲ੍ਹਿਆਂ ਵਿੱਚ ਆਪਣਾ ਅਧਿਕਾਰ ਰੱਖਣ ਦੀ ਮਾਨਤਾ ਮਿਲ ਗਈ ਤਾਂ ਉਸ ਨੇ ਬਹਿਲੋਲ ਦੇ ਨਾਲ ਇਕ ਸੰਧੀ ਕਰ ਲਈ। ਅਜਿਹੇ ਸੌਜਨਯਪੂਰਨ ਵਿਵਹਾਰ ਨੂੰ ਹਮੇਸ਼ਾ ਭੁਲਾ ਕੇ ਬਹਿਲੋਲ ਨੇ ਜੌਨਪੁਰ ਦੀ ਵਾਪਿਸ ਆਉਂਦੀ ਹੋਈ ਸੈਨਾ 'ਤੇ ਹਮਲਾ ਕਰ ਦਿੱਤਾ ਅਤੇ ਹੁਸੈਨ ਖਾਂ ਦਾ ਖਜ਼ਾਨਾ, ਸਮਾਨ ਅਤੇ ਹਾਥੀ ਖੋਹ ਲਏ ਗਏ। ਹੁਣ ਕਿਸਮਤ ਬਹਿਲੋਲ ਦੇ ਪੱਖ ਵਿੱਚ ਸੀ। ਉਸ ਨੇ ਜੌਨਪੁਰ ਦੀ ਸਾਹਸਹੀਣ ਸੈਨਾ ਦਾ ਪਿੱਛਾ ਕੀਤਾ ਅਤੇ ਕਿੰਪਲ, ਪਟਿਆਲੀ, ਸ਼ੰਸਾਬਾਦ, ਸੁਕੇਤਾ, ਕੋਇਲ, ਸਰਹਰਾ ਅਤੇ ਜਲੇਸਰ ਦੇ ਪਰਗਨਾ 'ਤੇ ਅਧਿਕਾਰ ਕਰ ਲਿਆ। ਹੁਸੈਨ ਖਾਂ ਨੇ ਬਹਿਲੋਲ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ ਪਰ ਉਹ ਹਾਰ ਗਿਆ। ਉਹ ਬਹਿਲੋਲ ਵੱਲੋਂ ਵਿਜਿਤ ਪ੍ਰਦੇਸ਼ਾਂ 'ਤੇ ਅਧਿਕਾਰ ਕਰਨ ਨੂੰ ਮਾਨਤਾ ਦੇਣ 'ਤੇ ਰਾਜ਼ੀ ਹੋ ਗਿਆ। ਹੁਸੈਨ ਖਾਂ ਰਾਪਰੀ ਵਾਪਸ ਚਲਾ ਗਿਆ ਅਤੇ ਬਹਿਲੋਲ ਦਿੱਲੀ ਨੂੰ, ਪਰ ਆਪਣੇ ਗੁਆਚੇ ਹੋਏ ਪ੍ਰਦੇਸ਼ ਨੂੰ ਫਿਰ ਤੋਂ ਪਾਉਣ ਦੇ ਲਈ ਹੁਸੈਨ ਇਕ ਵਾਰ ਫਿਰ ਖੇਤਰ ਵਿੱਚ ਆਇਆ। ਪਰ ਸੇਹਨਾ 'ਤੇ ਬਹਿਲੋਲ ਨੇ ਉਸ ਨੂੰ ਫਿਰ ਹਰਾ ਦਿੱਤਾ। ਬਹਿਲੋਲ ਦੇ ਹੱਥੋਂ ਹੋਣ ਵਾਲੀ ਲੁੱਟਮਾਰ ਅਤੇ ਉਸਨੂੰ ਪ੍ਰਾਪਤ ਹੋਣ ਵਾਲੀ ਵਿਜੈ ਨੇ ਦਿੱਲੀ ਦੀ ਉਚੱਤਾ ਸਥਾਪਿਤ ਕਰ ਦਿੱਤੀ। ਬਹਲੋਲ ਨੇ ਖੁਦ ਜਾਕੇ ਰਾਪਰੀ ਉੱਤੇ ਹੁਸੈਨ ਖਾਨ ਨੂੰ ਹਰਾਇਆ। ਇਟਾਵਾ ਉੱਤੇ ਅਧਿਕਾਰ ਕਰਕੇ ਬਹਲੋਲ ਹੁਸੈਨਖਾਨ ਉੱਤੇ ਆਕ੍ਰਮਣ ਕਰਨ ਲਈ ਵਧਿਆ ਜਿਹੜਾ ਰਾਏ ਗਾਓ ਖਾਗਾ ਦੇ ਸਥਾਨ ਉੱਤੇ ਉਸ ਦਾ ਮੁਕਾਬਲਾ ਕਰਨ ਦੇ ਲਈ ਮੁੜਿਆ ਸੀ। ਲੇਕਿਨ ਹੁਸੈਨਖਾਨ ਕਨੌਜ ਦੀ ਵੱਲ ਨੱਸਣ ਲਈ ਬੇਬੱਸ ਹੋ ਗਿਆ। ਬਹਲੋਲ ਸਿੱਧੇ ਜੌਨਪੁਰ ਦੇ ਵੱਲ ਵਧਿਆ। ਬਹਲੋਲ ਨੇ ਉਸ ਦਾ ਪਿੱਛਾ ਕੀਤਾ ਅਤੇ ਰਹਾਬ ਦੇ ਕਿਨਾਰੇ ਦੇ ਨੇੜੇ ਉਸ ਨੂੰ ਪਕੜ ਲਿਆ। ਉਸ ਨੇ ਉੱਥੇ ਉਸ ਦੀ ਇੱਕ ਪਤਨੀ ਤਕ ਨੂੰ ਪਕੜ ਲਿਆ। ਫਿਰ ਬਹਲੋਲ ਜੌਨਪੁਰ ਪਹੁੰਚਿਆ ਅਤੇ ਉਸ ਉੱਤੇ ਆਪਣਾ ਅਧਿਕਾਰ ਕਰਕੇ ਉੱਥੇ ਦਾ ਪ੍ਰਬੰਧਕ ਮੁਬਾਰਕ ਖਾਨ ਲੋਹਾਨੀ ਨੂੰ (ਉੱਥੇ ਦਾ ਪ੍ਰਾਂਤ ਨਿਰੀਖਕ ਬਣਾ ਕੇ) ਹਵਾਲੇ ਕਰ ਦਿੱਤਾ।

ਬਹਲੋਲ ਬਦਾਯੂ ਵੀ ਗਿਆ ਜਿਸ ਉੱਤੇ 1478 ਈ. ਵਿਚ ਆਲਮ ਸ਼ਾਹ ਦੀ ਮ੍ਰਿਤੂ ਤੋਂ ਹੁਸੈਨਖਾਨ ਨੇ ਆਪਣਾ ਨਾਮ ਮਾਤਰ ਦਾ ਅਧਿਕਾਰ ਜਮਾ ਰੱਖਿਆ ਸੀ। ਹੁਸੈਨਖਾਨ ਬਹਲੋਲ ਦੀ ਅਨੁਪਸਥਿਤੀ ਤੋਂ ਲਾਭ ਉਠਾ ਕੇ ਦੁਬਾਰਾ ਜੌਨਪੁਰ ਪਹੁੰਚਿਆ ਤੇ ਉੱਥੇ ਮੁਬਾਰਕ ਖਾਨ ਪਿਛੇ ਹੱਟਣ ਲਈ ਮਜਬੂਰ ਹੋ ਗਿਆ?ਕੁਝ ਸਮਾਂ ਦੇ ਲਈ ਬਹਲੋਲ ਦੇ ਅਧਿਕਾਰੀ ਲੋਕ ਵਿਚਾਰ ਵਿਨੀਮਯ ਦਾ

ਨੋਟ

ਚੱਕਰ ਚਲਾਉਂਦੇ ਰਹੇ ਅਤੇ ਇਸੀ ਵਿਚ ਬਹਲੋਲ ਬਦਾਯੂੰ ਤੋਂ ਵਾਪਸ ਆ ਕੇ ਜੌਨਪੁਰ ਉੱਤੇ ਦੁਬਾਰਾ ਕਬਜਾ ਕਰ ਲਿਆ। ਹੁਸੈਨ ਖਾਨ ਬਿਹਾਰ ਨੱਸ ਗਿਆ ਅਤੇ ਬਹਲੋਲ ਦੀ ਸੈਨਾਵਾਂ ਨੇ ਉਸ ਦਾ ਪਿੱਛਾ ਕੀਤਾ। 1486 ਈ. ਵਿਚ ਬਹਲੋਲ ਨੇ ਆਪਣੇ ਸੱਭ ਤੋਂ ਵੱਡੇ ਪੁੱਤਰ ਨੂੰ ਜੌਨਪੁਰ ਦੀ ਗੱਦੀ ਉੱਤੇ ਬੈਠਾ ਦਿੱਤਾ।

**ਬਹਲੋਲ ਦਾ ਮੁੱਲਿਆਂਕਨ** (Estimate of Bahlol): ਬਹਲੋਲ ਕੇਵਲ ਲੋਦੀ ਵੰਸ਼ ਦਾ ਸੰਸਥਾਪਕ ਹੀ ਨਹੀਂ ਸੀ ਮਤਲਬ ਇਸ ਵੰਸ਼ ਦੀ ਸ਼ਕਤੀ ਅਤੇ ਖੁਸਹਾਲੀ ਦੀ ਸਾਰੀ ਜਿਮੇਦਾਰੀ ਵੀ ਉਸੀ ਉੱਤੇ ਸੀ। ਉਹ ਉਨਾਂ ਵੱਖ-ਵੱਖ ਸਰਦਾਰਾਂ ਨੂੰ ਦਬਾਉਣ ਵਿਚ ਸਫਲ ਹੋਇਟਾ ਜਿਨ੍ਹਾਂ ਨੇ ਕੇਂਦਰੀ ਸ਼ਕਤੀ ਦਾ ਉਲੰਘਣ ਕੀਤਾ ਸੀ। ਉਹ ਸਾਮਰਾਜ ਦੀ ਸ਼ਕਤੀ ਦੀ ਦ੍ਰਿੜ੍ਹ ਨੀਂਹ ਰੱਖਣ ਵਿਚ ਵੀ ਸਫਲ ਹੋਇਟਾ। ਉਸ ਦੀ ਸਭ ਤੋਂ ਵੱਡੀ ਸਫਲਤਾ ਜੌਨਪੁਰ ਨੂੰ ਅਪਣੇ ਸਾਮਰਾਜ ਵਿਚ ਮਿਲਾਉਣਾ ਹੈ, ਜਿਹੜਾ ਬਹੁਤ ਸਾਲਾਂ ਤੋਂ ਉਸ ਦੀ ਸੱਤਾ ਦਾ ਵਿਰੋਧ ਕਰ ਰਿਹਾ ਸੀ।

ਆਪਣਾ ਬਹੁਤ ਸਮਾਂ ਯੁੱਧ ਵਿਚ ਬਤੀਤ ਕਰ ਲਈ ਬਹਲੋਲ ਬੇਬੱਸ ਸੀ ਅਤੇ ਇਸ ਲਈ ਅਸੈਨਿਕ ਸ਼ਾਸਨ ਪ੍ਰਬੰਧ ਦੇ ਵੱਲ ਬਹੁਤ ਘੱਟ ਧਿਆਨ ਦੇ ਸਕਿਆ। ਬਹਲੋਲ ਵੀਰ, ਉਦਾਰ ਦਿਆਲੂ ਅਤੇ ਇਮਾਨਦਾਰ ਸੀ। ਉਹ ਆਡੰਬਰ ਵਿਚ ਵਿਸ਼ਵਾਸ ਨਹੀਂ ਰੱਖਦਾ ਸੀ। ਉਸ ਦਾ ਦ੍ਰਿਸ਼ਟੀਕੋਣ ਇਹ ਸੀ ਕਿ ਜਦ ਲੋਕ ਉਸ ਨੂੰ ਰਾਜਾ ਸਮਝਦੇ ਹਨ ਤਾਂ ਜਨਤਾ ਨੂੰ ਇਸ ਵਿਸਾ ਨਾਲ ਪ੍ਰਭਾਵਿਤ ਕਰਨ ਦੇ ਲਈ ਹੋਰ ਕਿਸੀ ਵਸਤ ਦੀ ਆਵਸਕਤਾ ਨਹੀਂ ਹੈ। ਉਹ ਗਰੀਬਾਂ ਦੇ ਪ੍ਰਤੀ ਅਤਿਯਤ ਦਇਆਵਾਨ ਸੀ ਅਤੇ ਕੋਈ ਵੀ ਭਿਖਾਰੀ ਉਸ ਦੇ ਦੁਆਰ ਤੋਂ ਨਿਰਾਸ਼ ਹੋ ਕੇ ਨਹੀਂ ਜਾ ਸਕਦਾ ਸੀ। ਉਹ ਨਿਆਂ ਪ੍ਰੇਮੀ ਸੀ ਅਤੇ ਲੋਕਾਂ ਦੀ ਸਿਕਾਇਤਾਂ ਖੁਦ ਸੁਣਦਾ ਸੀ। ਉਹ ਯੁੱਧ ਵਿਚ ਪ੍ਰਾਪਤ ਹੋਇਆਂ ਵਸਤਾਂ ਨੂੰ ਆਪਣੇ ਸੈਨਿਕਾਂ ਵਿਚ ਵੰਡ ਦਿੰਦਾ ਸੀ। ਆਪਣੇ ਅਫਗਾਨ ਸਾਥੀਆਂ ਨਾਲ ਵਿਵਹਾਰ ਕਰਦੇ ਸਮੇਂ ਉਹ ਆਪਣੀ ਕਿਸੀ ਉਚੱਤਾ ਦਾ ਪ੍ਰਦਰਸਨ ਨਹੀਂ ਕਰਦਾ ਸੀ। ਤਾਰੀਖੇ ਦਾਉਦੀ ਦੇ ਲੇਖਕ ਦੇ ਅਨੁਸਾਰ "ਸਮਾਜਿਕ ਸੰਮੇਲਨਾਂ ਦੇ ਮੌਕਿਆਂ ਉੱਤੇ ਉਹ ਕਦੀ ਸਿੰਘਾਸਨ ਤੇ ਨਹੀਂ ਬੈਠਿਆ ਅਤੇ ਨਾ ਉਸ ਨੇ ਅਪਣੇ ਸਰਦਾਰਾਂ ਨੂੰ ਖੜਾ ਰਹਿਣ ਦਿੱਤਾ। ਆਮ ਦਰਬਾਰ ਤਕ ਵਿਚ ਉਹ ਸਿੰਘਾਸਨ ਉੱਤੇ ਨਾ ਬੈਠ ਕੇ ਇਕ ਗਲੀਚੇ ਉਪਰ ਬੈਠਦਾ ਸੀ। ਜਦ ਕਦੀ ਉਹ ਆਪਣੇ ਕਿਸੀ ਅਮੀਰ ਨੂੰ "ਫੁਰਮਾਨ" ਲਿਖਦਾ ਸੀ, ਤਾਂ ਉਸ ਨੂੰ 'ਮਸਨਦੇ ਆਲੀ' ਸਬਦ ਨਾਲ ਸੰਬੋਧਿਤ ਕਰਦਾ ਸੀ, ਅਤੇ ਜੇਕਰ ਉਹ ਉਸ ਨਾਲ ਰੁੱਠ ਜਾਂਦੇ ਤਾਂ ਸ਼ਾਂਤ ਕਰਨ ਦੇ ਲਈ ਉਹ ਏਨੀ ਕੋਸ਼ਿਸ਼ ਕਰਦਾ ਸੀ ਕਿ ਖੁਦ ਉਨ੍ਹਾਂ ਦੇ ਘਰ ਜਾਂਦਾ ਸੀ ਆਪਣੀ ਕਮਰ ਉੱਤੇ ਬੰਨੀ ਤਲਵਾਰ ਕੱਢ ਕੇ ਉਸਦੇ ਸਾਹਮਣੇ ਰੱਖ ਦਿੰਦਾ ਸੀ ਇਹੋ ਨਹੀਂ, ਫਿਰ ਵੀ ਕਦੀ-ਕਦੀ ਉਹ ਸਿਰ ਤੋਂ ਪਗੜੀ ਉਤਾਰ ਕੇ ਮੁਆਫੀ ਯਾਚਨਾ ਕਰਦਾ ਅਤੇ ਕਹਿੰਦਾ ਜੇਕਰ ਤੁਸੀਂ ਮੈਨੂੰ ਇਹ ਅਹੁੱਦੇ ਦੇ ਯੋਗ ਨਹੀਂ ਸਮਝਦੇ, ਤਾਂ ਕਿਸੇ ਹੋਰ ਨੂੰ ਚੁਣ ਲਉ ਅਤੇ ਮੈਨੂੰ ਕੋਈ ਦੂਸਰਾ ਕੰਮ ਸੌਂਪ ਦਿਓ।" ਉਹ ਆਪਣੇ ਸਰਦਾਰਾਂ ਅਤੇ ਸੈਨਿਕਾਂ ਦੇ ਨਾਲ ਭਾਈਚਾਰਾ ਨਿਭਾਉਦਾ ਸੀ ਅਤੇ "ਜੇਕਰ ਕੋਈ ਬੀਮਾਰ ਹੋ ਜਾਂਦਾ ਤਾਂ ਖੁਦ ਜਾਕਰ ਉਸ ਦੀ ਪੁੱਛ ਗਿੱਛ ਕਰਦਾ ਸੀ।"

*ਟਾਸਕ* 'ਮਸਨਦੇ ਆਲੀ' ਤੋਂ ਕੀ ਭਾਵ ਹੈ?

**ਸਵ-ਮੁਲਾਂਕਣ (Self Assessment)**

1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks):
   (i) ਲੋਦੀ ਵੰਸ਼ ਦਾ ਸੰਸਥਾਪਕ............. ਸੀ।
   (ii) ਇਸਲਾਮ ਖਾਨ ਨੇ ................. ਦੇ ਨਾਲ ਆਪਣੀ ਪੁੱਤਰੀ ਦਾ ਵਿਆਹ ਕਰ ਦਿੱਤਾ ਸੀ।
   (iii) ਦਿੱਲੀ ਦੀ ਗੱਦੀ ਉੱਤੇ ਬੈਠਾਉਣ ਦਾ ਸ਼੍ਰੇ ............. ਨੂੰ ਜਾਂਦਾ ਹੈ।
   (iv) ਸਾਕੇਤ ਦਾ ਪ੍ਰਾਂਤ ਨਿਰੀਖਕ ............... ਸੀ।
   (v) ਹੁਸੈਨ ਖਾਨ ਨੇ .................. ਉੱਤੇ ਕਬਜ਼ਾ ਕਰ ਲਿਆ।

## 7.4 ਸਿਕੰਦਰ ਸ਼ਾਹ (1489-1517) (Sikandar Shah)

ਬਹਲੋਲ ਲੋਦੀ ਦੇ ਬਾਅਦ ਉਸ ਦਾ ਪੁੱਤਰ ਨਿਜਾਮਖਾਨ ਸਿਕੰਦਰ ਸ਼ਾਹ ਦੀ ਉਪਾਧੀ ਗ੍ਰਹਿਣ ਕਰਕੇ ਸਿੰਘਾਸਨ ਉੱਤੇ ਬੈਠਿਆ ਸੀ। ਸਿਕੰਦਰ ਸ਼ਾਹ ਨੂੰ ਆਪਣਾ ਸੁਲਤਾਨ ਮੰਨਣ ਵਿਚ ਅਮੀਰਾਂ ਅਤੇ ਸਰਦਾਰਾਂ ਨੂੰ ਕੁਝ ਸੰਕੋਚ ਸੀ ਕਿਉਂਕਿ ਉਸ ਦੀ ਮਾਤਾ ਕਿਸੀ ਸੁਨਿਆਰ ਦੀ ਪੁੱਤਰੀ ਸੀ ਅਤੇ ਇਸ ਲਈ ਉਸ ਦਾ ਪੁੱਤਰ ਇਕ ਰਾਜ ਕੁਮਾਰ ਦੀ ਬਜਾਏ ਇੱਕ ਸਾਧਾਰਣ ਵਿਅਕਤੀ ਸੀ। ਲੇਕਿਨ

**ਨੋਟ**

ਇਹ ਸੰਕੋਚ ਹੱਟ ਗਿਆ ਅਤੇ ਉਹ ਸਿੰਘਾਸਨ ਉੱਤੇ ਬੈਠਾ। ਸਿਕੰਦਰ ਸ਼ਾਹ ਇੱਕ ਕੱਟੜ ਮੁਸਲਮਾਨ ਸੀ ਅਤੇ ਸਿੰਘਾਸਨ ਦੇ ਲਈ ਉਸ ਦਾ ਚੋਣ ਕਦੇ ਨਹੀਂ, ਇਸ ਕਾਰਨ ਕੀਤਾ ਗਿਆ ਹੋਵੇਗਾ।

**1489 ਈ. ਵਿਚ ਦਸਾ** (Condition in 1489) : ਸਿੰਘਾਸਨ ਗੱਦੀ ਤੇ ਬੈਠਣ ਦੇ ਸਮੇਂ ਸਿਕੰਦਰ ਸ਼ਾਹ ਦੀ ਸ਼ਕਤੀ ਦ੍ਰਿੜ੍ਹ ਨਹੀਂ ਸੀ ਕਿਉਂਕਿ ਸਰਦਾਰਾਂ ਅਤੇ ਜਾਗੀਰਦਾਰਾਂ ਦੀ ਇੱਕ ਬਹੁਤ ਵੱਡੀ ਸੰਖਿਆ ਆਪਣੇ ਆਪਣੇ ਖੇਤਰਾਂ ਵਿਚ ਅਤਿਯਤ ਸ਼ਕਤੀ ਸੰਗਠਿਤ ਕੀਤੇ ਹੋਈ ਸੀ "ਵਾਕਯਾਤ ਏ ਮੁਸ਼ਤਾਕੀ" ਦਾ ਲੇਖਕ ਉਸ ਸਮੇਂ ਦੀ ਦਸ਼ਾ ਦਾ ਵਰਣਨ ਕਰਦੇ ਹੋਏ ਲਿਖਦਾ ਹੈ "ਸਮਸਤ ਦੇਸ਼ ਦਾ ਅੱਧਾ ਹਿੱਸਾ ਫਰਮੁਲਿਆਂ ਨੂੰ ਅਤੇ ਬਾਕੀ ਅੱਧਾ ਹਿੱਸਾ ਦੂਜੀ ਅਫਗਾਨ ਜਾਤਿਆਂ ਨੂੰ ਜਾਗੀਰ ਵਿਚ ਦੇ ਦਿੱਤਾ ਗਿਆ। ਇਸ ਸਮੇਂ ਲੋਹਾਨੀ ਅਤੇ ਫਰਮੁਲੀ ਪ੍ਰਮੁੱਖ ਸਨ। ਸਰਵਾਨਿਯੋ ਦਾ ਸਰਦਾਰ ਆਜਮ ਹਮਾਯੂੰ ਸੀ ਅਤੇ ਲੋਧੀਆਂ ਦੇ ਚਾਰ ਸਰਦਾਰ ਸਨ-ਮਹਮੂਦ ਖਾਨ ਜਿਸਨੂੰ ਜਾਗੀਰ ਵਿਚ ਕਾਲਪੀ ਮਿਲਿਆ ਸੀ ਮਿਯਾਂ ਆਲਮ ਜਿਸ ਨੂੰ ਇਟਾਵਾ ਅਤੇ ਚੰਦ ਵਾਰ ਦਿੱਤੇ ਗਏ ਸਨ ਮੁਬਾਰਕ ਖਾਨ ਜਿਸ ਨੂੰ ਜਾਗੀਰ ਵਿਚ ਲਖਨਊ ਸੀ ਅਤੇ ਦੌਲਤ ਖਾਨ ਜਿਸ ਦੇ ਅਧਿਕਾਰ ਵਿਚ ਲਾਹੌਰ ਸੀ। ਸਾਹ ਖੈਲੋ ਦੇ ਸਰਦਾਰ ਹੁਸੈਨ ਖਾਨ ਅਤੇ ਖਾਨਜਹਾਨ ਸਨ ਅਤੇ ਇਹੋ ਦੋਵੇ ਉਨ੍ਹਾਂ ਪੂਰਵਜਾਂ ਦੀ ਸੰਤਾਨ ਸਨ ਜਿਨ੍ਹਾਂ ਦੇ ਵੰਸ਼ ਵਿਚ ਬਹਲੋਲ ਹੋਇਆ ਫਿਰੋਜ ਖਾਨ ਦਾ ਪੁੱਤਰ ਹੁਸੈਨ ਖਾਨ ਅਤੇ ਕੁਤੁਬ ਖਾਨ ਲੋਦੀ ਸਾਹੂ ਖੈਲ ਜਿਹੜਾ ਸੁਲਤਾਨ ਬਹਲੋਲ ਦੇ ਸਮੇਂ ਵਿਚ ਹੋਇਆ।

"ਸਾਰਨ ਅਤੇ ਚੰਪਾਰਨ ਦੇ ਜਿਲ੍ਹੇ ਹੁਸੈਨ ਦੇ ਅਧਿਕਾਰ ਵਿਚ ਸਨ ਅਵਧ ਅੰਬਾਲਾ ਅਤੇ ਹੋਰਨਾਂ ਮਿਯਾਂ ਮੁਹੱਮਦ ਕਾਲਾ ਪਹਾੜ ਦੇ ਕਨੌਜ ਮਿਯਾਂ ਗਦਾਈ ਦੇ ਸਮਸਾਬਾਦ ਥਾਨੇਸਰ ਅਤੇ ਸਾਹਾਬਾਦ ਮਿਯਾਂ ਇਮਾਦ ਦੇ ਮਰਹਰਾ ਮਿਯਾਂ ਮੁਹੱਮਦ ਦੇ ਭਰਾ ਭਾਤਾਰ ਖਾਨ ਦੇ ਅਤੇ ਹਰਿਆਣਾ ਢਸੂਆ ਅਤੇ ਇਨ੍ਹਾਂ ਦੇ ਨਾਲ ਦੇ ਪਰਗਨੇ ਖਵਾਜਾ ਸ਼ੇਖ ਸੱਯਦ ਦੇ ਅਧਿਕਾਰ ਵਿਚ ਸਨ।

ਸੈਫ ਖਾਨ ਅਚਾ-ਖੈਲ-ਸੁਲਤਾਨ ਸਿਕੰਦਰ ਦੇ ਸਮੇਂ ਵੱਡੇ ਸਰਦਾਰਾਂ ਵਿਚੋਂ ਸੀ ਉਸ ਦੇ ਅਧੀਨ 6000 ਘੋੜ ਸਵਾਰ ਸਨ ਅਤੇ ਉਹ ਕੜਾ ਦੇ ਜਾਗੀਰਦਾਰ ਆਜਮ ਹਮਾਯੂੰ ਦਾ ਜੋ ਪ੍ਰਤੀ ਸਾਲ ਕੁਰਾਨ ਦੀ 2000 ਪ੍ਰਤੀਆਂ ਖਰੀਦਦਾ ਸੀ ਅਤੇ ਜਿਸ ਦੇ ਅਧੀਨ 45000 ਅਸਵਰੋਹੀ ਸਨ ਅਤੇ 7000 ਹਾਥੀ ਸਨ ਸਚਿਵ ਸੀ ਇਸ ਦੇ ਸਿਵਾਏ 4000 ਅਸਵ ਰੋਹੀ ਦਾ ਸਵਾਮੀ ਦੌਲਤ ਖਾਨ ਖਾਨੋ ਏ ਨੇ ਹੀ ਅਸਵਰੋਹੀਆਂ ਦਾ ਸੁਆਮੀ ਅਲੀ ਖਾਨ ਉਸ਼ੀ 6000 ਅਸਵਰੋਹੀਆਂ ਦਾ ਸੈਨਾ ਦਾ ਅਧਿਪਤੀ ਫਿਰੋਜ ਖਾਨ ਸਾਰਵਾਨੀ ਅਤੇ ਹੋਰ ਪ੍ਰਮੁੱਖ ਸਰਦਾਰ ਸਨ। ਹੋਰ ਸਰਦਾਰਾਂ ਵਿਚ 25000 ਘੋੜ ਸਵਾਰ ਵੰਡੇ ਗਏ ਸਨ। ਜਮਾਲਖਾਨ ਲੋਦੀ ਸਾਰੰਗ ਖਾਨੀ ਦੇ ਪੁੱਤਰ ਅਹਿਮਦ ਖਾਨ ਦੀ ਅਧੀਨਤਾ ਵਿਚ ਵੀ ਜਦੋਂ ਉਸ ਨੂੰ ਜੋਨਪੁਰ ਵਿਚ ਨਿਯੁਕਤ ਕੀਤਾ ਗਿਆ 20000 ਅਸਵਰੋ ਹੀ ਸਨ।"

*ਨੋਟਸ* ਨਿਜ਼ਾਮ ਖਾਂ ਬਹਿਲੋਲ ਲੋਦੀ ਦਾ ਪੁੱਤਰ ਸੀ ਜਿਸ ਨੂੰ ਸਿਕੰਦਰ ਦੀ ਉਪਾਧੀ ਦਿੱਤੀ ਗਈ।

**ਆਲਮ ਖਾਨ ਦੇ ਵਿਰੁਧ ਕਾਰਵਾਈ** (Action against Alam Khan): ਸਿਕੰਦਰ ਸ਼ਾਹ ਆਪਣੇ ਚਾਚਾ ਆਲਮ ਖਾਨ ਦੇ ਵਿਰੁੱਧ ਕਾਰਵਾਈ ਕਰਨ ਉੱਤੇ ਮਜਬੂਰ ਹੋ ਗਿਆ ਜਿਹੜਾ ਰਾਪਰੀ ਅਤੇ ਚੰਦਵਾਰ ਵਿਚ ਸਵਾਧੀਨ ਹੋਣ ਦੇ ਪ੍ਰਯਤਨ ਕਰ ਰਿਹਾ ਸੀ। ਜਦੋਂ ਰਾਪਰੀ ਵਿਚ ਉਸ ਨੂੰ ਘੇਰ ਲਿਆ ਗਿਆ ਤਾਂ ਉਹ ਉੱਥੇ ਤੋਂ ਨੱਸ ਨਿਕਲਿਆ ਅਤੇ ਉਸਨੇ ਪਟਿਆਲੀ ਵਿਚ ਇਸਾਖਾਨ ਦੇ ਪਾਸ ਸਰਣ ਲਈ ਜਿਸ ਨੇ ਸਿਕੰਦਰ ਸ਼ਾਹ ਦੀ ਮਾਤਾ ਦੇ ਹੱਥੋ ਅਪਮਾਨਿਤ ਹੋਣ ਉੱਤੇ ਵਿਦਰੋਹ ਕਰ ਦਿੱਤਾ ਸੀ। ਸਿਕੰਦਰ ਨੇ ਰਾਪਰੀ ਦੀ ਜਾਗੀਰ ਖਾਨਖਾਨਾ ਲੋਹਾਨੀ ਨੂੰ ਦੇ ਦਿੱਤੀ ਅਤੇ ਖੁਦ ਇਟਾਵਾ ਚਲਾ ਗਿਆ। ਉੱਥੇ ਉਸ ਨੇ ਪ੍ਰਾਂਤਾ ਦੇ ਸ਼ਾਸਨ ਪ੍ਰਬੰਧ ਨੂੰ ਦੁਬਾਰਾ ਗਠਿਤ ਕਰਨੇ ਅਤੇ ਉਨ੍ਹਾਂ ਲੋਕਾਂ ਨਾਲ ਸਮਝੌਤਾ ਕਰਨ ਵਿਚ 7 ਮਹੀਨੇ ਬਤੀਤ ਕੀਤੇ। ਜਿਹੜੇ ਉਸ ਦੇ ਸਿੰਘਾਸਨ ਗੱਦੀ ਨਸੀਨ ਇਕ ਵਾਸਤਵਿਕ ਸੱਚ ਨੂੰ ਸਵੀਕਾਰ ਕਰਨ ਲਈ ਖੜ੍ਹੇ ਸਨ। ਸਿੰਕਦਰ ਸ਼ਾਹ ਆਲਮ ਖਾਨ ਨੂੰ ਇਸਾਖਾਨ ਦਾ ਸਾਥ ਛੱਡਣ ਦਾ ਲਾਲਚ ਦੇਣ ਵਿਚ ਸਫਲ ਹੋਇਆ ਅਤੇ ਉਸ ਨੇ ਉਸ ਨੂੰ ਇਟਾਵਾ ਦੀ ਜਗੀਰ ਵੀ ਪ੍ਰਦਾਨ ਕੀਤੀ। ਸਿਕੰਦਰ ਸ਼ਾਹ ਖੁਦ ਇਸਾਖਾਨ ਦੇ ਵਿਰੁਧ ਵਧਿਆ ਅਤੇ ਉਸ ਨੂੰ ਹਰਾਇਆ। ਰਾਜਾ ਗਣੇਸ਼ ਨੇ ਵੀ ਉਸ ਦੀ ਅਧੀਨਤਾ ਮੰਨ ਲਈ ਅਤੇ ਉਸ ਨੂੰ ਪਹਿਆਲੀ ਦੀ ਜਾਗੀਰ ਦੇ ਦਿੱਤੀ ਗਈ।

**ਬਾਰਬਕ ਸ਼ਾਹ ਦੇ ਵਿਰੁਧ ਕਾਰਵਾਈ** (Action against Barbak Shah): ਸਿਕੰਦਰ ਸ਼ਾਹ ਨੇ ਬਾਰਬੱਕ ਸ਼ਾਹ ਦੇ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਬਾਰਬਕ ਸ਼ਾਹ ਉਸ ਦ ਭਰਾ ਅਤੇ ਜੌਨਪੁਰ ਦਾ ਸ਼ਾਸਕ ਸੀ। ਉਹ ਉਸ ਨੂੰ ਆਪਣੀ ਅਧੀਨਤਾ ਵਿਚ ਲਿਆਉਣਾ ਚਾਹੁੰਦਾ ਸੀ। ਹੁਸੈਨ ਖਾਨ ਸ਼ਰਕੀ ਨੇ ਬਾਰਬੱਕ ਸ਼ਾਹ ਨੂੰ ਆਪਣੇ ਭਰਾ ਉੱਤੇ ਆਕ੍ਰਮਣ ਕਰਨ ਦੀ ਪ੍ਰੇਰਨਾ ਦਿੱਤੀ ਲੇਕਿਨ ਜਦ ਸਿਕੰਦਰ ਸ਼ਾਹ ਨੂੰ ਇਸ ਦਾ ਗਿਆਨ ਹੋਇਆ ਤਾਂ ਉਹ ਬਾਰਬੱਕ ਸ਼ਾਹ ਦੇ ਵਿਰੁੱਧ ਵਧਿਆ। ਹਾਰ ਕੇ ਬਾਰਬਕ ਸ਼ਾਹ ਬਦਾਯੂ ਨੱਸ ਗਿਆ। ਉਸ ਦਾ ਉੱਥੇ ਤਕ ਪਿੱਛਾ ਕੀਤਾ ਗਿਆ ਅਤੇ ਬੇਬੱਸ ਹੋ ਕੇ ਉਸ ਨੂੰ ਆਤਮ ਸਮਰਪਣ ਕਰਨਾ ਪਿਆ। ਇਸ ਉੱਤੇ ਵੀ ਸਿਕੰਦਰ ਸ਼ਾਹ ਨੇ ਬਾਰਬਕ ਸ਼ਾਹ ਦੇ ਨਾਲ ਬਹੁਤ ਸੱਜਣਤਾ ਦਾ ਵਿਵਹਾਰ ਕੀਤਾ ਅਤੇ ਉਸ ਨੂੰ ਇੱਕ ਬਾਰ ਫਿਰ ਜੌਨਪੁਰ ਦੀ ਗੱਦੀ ਉੱਤੇ ਬਿਠਾ ਦਿੱਤਾ। ਹੁਣ ਉਸ ਦੇ ਹੱਥਾਂ ਵਿਚ ਬਹੁਤ ਘੱਟ ਸ਼ਕਤੀ ਰਹਿ ਗਈ ਸੀ ਕਿਉਂਕਿ ਸਿਕੰਦਰ ਸ਼ਾਹ ਨੇ ਉਸ ਦੀ ਜਾਗੀਰ ਆਪਣੇ ਮੁੱਖ ਸਾਥੀਆਂ ਵਿਚ ਵੰਡ ਦਿੱਤੀ ਅਤੇ ਬਾਰਬਕ ਸ਼ਾਹ ਦੇ ਮਕਾਨ ਵਿਚ ਆਪਣੇ ਗੁਪਤਚਰ ਵੀ ਰੱਖ ਦਿੱਤੇ।

**ਜੌਨਪੁਰ ਅਤੇ ਹੁਸੈਨਪੁਰ ਦੇ ਵਿਰੁਧ ਕਾਰਵਾਈ** (Action against Jaunpur and Hussain Khan): ਕੁਝ ਸਮਾਂ ਬਾਅਦ ਜੌਨਪੁਰ ਵਿਚ ਇਕ ਗੰਭੀਰ ਵਿਦਰੋਹ ਉਠ ਖੜ੍ਹਾ ਹੋਇਆ ਜਿੱਥੇ ਹਿੰਦੂ ਭੂਮੀ–ਪਤਿਆਂ ਨੂੰ ਇੱਕ ਲੱਖ ਘੋੜ ਸਵਾਰ ਅਤੇ ਪੈਦਲ ਸੈਨਾ ਇੱਕਠੀ ਕਰਕੇ ਪ੍ਰਾਂਤ ਨਿਰੀਖਕ ਦੇ ਭਰਾ ਸ਼ੇਰ ਖਾਨ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਨੇ ਕਾਰਾਂ ਦੇ ਪ੍ਰਾਂਤ ਨਿਰੀਖਕ ਨੂੰ ਵੀ ਪਕੜ ਕੇ ਬੰਦੀ ਬਣਾ ਲਿਆ। ਜੌਨਪੁਰ ਤੋਂ ਸਿਕੰਦਰ ਚੁਨਾਰ ਦੀ ਵੱਲ ਚੱਲਿਆ ਜਿੱਥੇ ਹੁਸੈਨ ਖਾਨ ਦੇ ਬਹੁਤ ਸਾਰੇ ਸਰਦਾਰ ਅਤੇ ਅਮੀਰ ਇਕੱਠੇ ਸਨ। ਉਸ ਨੇ ਉਨ੍ਹਾਂ ਨੂੰ ਹਰਾ ਤਾਂ ਦਿੱਤਾ ਲੇਕਿਨ ਚੁਨਾਰ ਦਾ ਘੇਰਾ ਪਾਉਣ ਵਿਚ ਅਸਮਰਥ ਰਿਹਾ।

ਅਪਣੀ ਸਾਰੀ ਸੈਨਾ ਦੇ ਨਾਲ, ਜਿਹੜੀ ਉਹ ਸੰਗਠਿਤ ਕਰ ਸਕਿਆ ਅਤੇ 200 ਹਾਥੀਆਂ ਦਾ ਇੱਕ ਦਸਤਾ ਲੈ ਕੇ ਹੁਸੈਲ ਖਾਨ ਬਿਹਾਰ ਤੋਂ ਰਵਾਨਾ ਹੋਇਆ। ਸਿਕੰਦਰ ਵੀ ਬਨਾਰਸ ਦੇ ਵੱਲ ਚੱਲਿਆ। ਇੱਥੇ ਤੋਂ ਉਹ ਹੁਸੈਨ ਖਾਨ ਉੱਤੇ ਆਕ੍ਰਮਣ ਕਰਨ ਲਈ ਵਧਿਆ। ਸਿਕੰਦਰ ਹੁਸੈਨ ਖਾਨ ਨੂੰ ਇੱਕ ਦਮਨਕਾਰੀ ਹਾਰ ਦੇਣ ਵਿਚ ਸਫਲ ਹੋਇਆ ਅਤੇ ਉਸ ਨੇ ਇੱਕ ਲੱਖ ਘੋੜ ਸਵਾਰ ਸੈਨਾ ਦੇ ਨਾਲ ਪਟਨਾ ਦੀ ਵੱਲ ਵਧ ਕੇ ਉਸ ਦਾ ਪਿੱਛਾ ਕੀਤਾ। ਇਹ ਜਾਣ ਕੇ ਕਿ ਹੁਸੈਨ ਖਾਨ ਪਟਨਾ ਤੋਂ ਨੱਸ ਰਿਹਾ ਹੈ ਉਹ ਅਪਣੀ ਸਾਰੀ ਸੈਨਾ ਦੇ ਨਾਲ ਬਿਹਾਰ ਵੱਲ ਚਲ ਦਿੱਤਾ। ਹੁਸੈਨ ਖਾਨ ਲਖਨੌਤੀ ਵੱਲ ਨੱਸ ਨਿਕਲਿਆ ਜਿੱਥੇ ਉਸ ਨੇ ਛਿਪ ਕੇ ਆਪਣਾ ਸਾਰਾ ਜੀਵਨ ਬਤੀਤ ਕਰ ਦਿੱਤਾ। 1495 ਈ. ਵਿਚ ਬਿਹਾਰ ਆਸਾਨੀ ਨਾਲ ਖਾਨਖਾਨਾ ਦੇ ਹੱਥਾਂ ਵਿਚ ਆ ਗਿਆ ਅਤੇ ਇਸ ਤਰ੍ਹਾਂ ਸਾਰਾ ਦੇਸ ਸੁਲਤਾਨ ਦੇ ਸਵਾਮੀ–ਪਣ ਵਿਚ ਆ ਗਿਆ।

**ਬੰਗਾਲ ਨਾਲ ਸੰਧੀ** (Treaty with Bengal): ਬਿਹਾਰ 'ਤੇ ਹਮਲੇ ਨੇ ਬੰਗਾਲ ਦੇ ਚੁਸਤ ਅਤੇ ਲੜਾਕੂ ਸ਼ਾਸਕ ਅਲਾਉਦੀਨ ਹੁਸੈਨ ਸ਼ਾਹ ਦੀ ਦੁਸ਼ਮਣੀ ਨੂੰ ਜਾਗ੍ਰਿਤ ਕਰ ਦਿੱਤਾ। ਉਸ ਨੇ ਆਪਣੇ ਸਾਥੀ ਦਾ ਪਿੱਛਾ ਕੀਤੇ ਜਾਣ ਅਤੇ ਹੱਦਾਂ ਦੇ ਉਲੰਘਣ ਦੇ ਵਿਰੁੱਧ ਰੋਸ ਪ੍ਰਗਟ ਕੀਤਾ। ਬੰਗਾਲ ਦੇ ਸ਼ਾਸਕ ਨੇ ਦਿੱਲੀ ਦੇ ਸੁਲਤਾਨ ਦੇ ਵਿਰੁੱਧ ਵਧਣ ਵਿੱਚ ਸੰਕੋਚ ਸਮਝਿਆ ਅਤੇ ਉਸ ਨੇ ਇਹ ਕੰਮ ਆਪਣੇ ਪੁੱਤਰ ਨੂੰ ਦਿੱਤਾ। ਚਰਮ ਸੀਮਾਵਾਂ ਤੱਕ ਵਧਣ ਵਿੱਚ ਕਿਸੇ ਵੀ ਪੱਖ ਨੂੰ ਕੁਝ ਨਹੀਂ ਮਿਲਦਾ ਸੀ ਅਤੇ ਇਸ ਲਈ ਇਕ ਸੰਧੀ ਹੋ ਗਈ ਜਿਸ ਵਿੱਚ ਤੈਅ ਕੀਤਾ ਗਿਆ ਕਿ ਕੋਈ ਵੀ ਪੱਖ ਦੂਸਰੇ ਦੇ ਪ੍ਰਦੇਸ਼ 'ਤੇ ਹਮਲਾ ਨਹੀਂ ਕਰੇਗਾ। ਬੰਗਾਲ ਦੇ ਸ਼ਾਸਕ ਨੇ ਇਹ ਪ੍ਰਤਿਗਿਆ ਕੀਤੀ ਕਿ ਉਹ ਸਿਕੰਦਰ ਸ਼ਾਹ ਦੇ ਦੁਸ਼ਮਣ ਦੀ ਕੋਈ ਸਹਾਇਤਾ ਨਹੀਂ ਕਰੇਗਾ।

ਕੁਝ ਸਮਾਂ ਤੱਕ ਸਿਕੰਦਰ ਸਾਹ ਬਿਹਾਰ ਵਿਚ ਰਿਹਾ ਲੇਕਿਨ ਉਸ ਦੀ ਸੈਨਾ ਨੂੰ ਅਕਾਲ ਦਾ ਸਾਹਮਣਾ ਕਰਨਾ ਪਿਆ। ਇੱਥੋਂ ਤੋਂ ਉਹ ਜੌਨਪੁਰ ਪਹੁੰਚਿਆ ਜਿੱਥੇ ਉਸ ਨੇ ਸ਼ਾਸਨ ਪ੍ਰਬੰਧ ਦਾ ਪੁਨਰਗਠਨ ਕੀਤਾ। ਜੌਨਪੁਰ ਵਿਚ ਆਪਣੇ ਆਰਾਮ ਦੇ ਸਮਾਂ ਕੁਝ ਸਰਦਾਰਾਂ ਦੇ ਵਿਵਹਾਰ ਤੋਂ ਰੁੱਸ ਗਿਆ। ਇੱਕ ਸਰਦਾਰ ਨੇ ਪੋਲੋ ਖੇਲਦੇ ਸਮਾਂ ਦੂਜੇ ਸਰਦਾਰ ਦੇ ਸਿਰ ਉੱਤੇ ਸੋਟੀ ਮਾਰ ਦਿੱਤੀ ਅਤੇ ਇਸ ਨਾਲ ਅਵਿਵਸਥਾ ਫੈਲ ਗਈ। ਹਾਲਾਂ ਕਿ ਦੋਵੇਂ ਪੱਖਾਂ ਨੂੰ ਅਲੱਗ ਕਰ ਦਿੱਤਾ ਗਿਆ, ਫਿਰ ਵੀ ਅਗਲੇ ਦਿਨ ਵੀ ਉਨ੍ਹਾਂ ਦਾ ਸੰਘਰਸ ਚਲਦਾ ਰਿਹਾ ਅਤੇ ਸੁਲਤਾਨ ਨੇ ਉਨ੍ਹਾਂ ਵਿਚੋਂ ਇੱਕ ਨੂੰ ਕੋੜੇ ਨਾਲ ਕੁੱਟਣ ਦੀ ਆਗਿਆ ਦਿੱਤੀ। ਆਪਣੇ ਵਿਅਕਤੀਗਤ ਬਚਾਓ ਦੇ ਲਈ ਸੁਲਤਾਨ ਨੂੰ ਚੌਕਸ ਰਹਿਣਾ ਪਿਆ। ਇਸ ਉੱਤੇ ਵੀ, ਉਸ ਨੂੰ ਅਹੁਦੇ ਤੋਂ ਹਟਾਉਣ ਅਤੇ ਉਸ ਦੇ ਭਰਾ ਫਤੇਹਖਾਨ ਨੂੰ ਸਿੰਘਾਸਨ ਗੱਦੀ ਨਸੀਨ ਕੀਤੇ ਜਾਣ ਦਾ ਖੜਯੰਤਰ ਰਚਿਆ ਗਿਆ। ਖੜਯੰਤਰ ਖੁੱਲ੍ਹ ਗਿਆ ਅਤੇ ਇਸ ਲਈ ਸੁਲਤਾਨ ਨੇ ਖੜਯੰਤਰਕਾਰੀਆਂ ਨੂੰ ਦਰਬਾਰ ਤੋਂ ਕੱਢ ਦਿੱਤਾ।

**ਸਰਦਾਰਾਂ ਦੇ ਵਿਰੁੱਧ ਕਾਰਵਾਈ** (Action against Nobles) : ਸਿਕੰਦਰ ਸ਼ਾਹ ਨੇ ਅਫਗਾਨ ਸਰਦਾਰਾਂ ਦੇ ਵਿਰੁਧ ਵੀ ਕਾਰਵਾਈ ਕੀਤੀ। ਉਸ ਨੇ ਆਦੇਸ਼ ਦਿੱਤਾ ਕਿ ਕੁਝ ਅਮੀਰਾਂ ਅਤੇ ਸਰਦਾਰਾਂ ਦੇ ਹਿਸਾਬ ਕਿਤਾਬ ਦਾ ਪ੍ਰੀਖਣ ਕੀਤਾ ਜਾਏ ਹਾਲਾਂ ਕਿ ਕੁਝ ਲੋਕਾਂ ਨੇ ਉਸ ਦੇ ਆਦੇਸ਼ ਦਾ ਵਿਰੋਧ ਕੀਤਾ, ਲੇਕਿਨ ਉਸ ਨੂੰ ਆਪਣੇ ਉਦੇਸ਼ ਵਿਚ ਸਫਲਤਾ ਮਿਲੀ। ਕਈ ਛੋਟੇ–ਮੋਟੇ ਵਿਦਰੋਹ ਵੀ ਹੋਏ ਲੇਕਿਨ ਉਨ੍ਹਾਂ ਦਾ ਦਮਨ ਕਰ ਦਿੱਤਾ ਗਿਆ।

**ਆਗਰਾ ਦੀ ਸਥਾਪਨਾ** (Foundation of Agra): ਆਗਰਾ ਨਗਰ ਦੀ ਨੀਂਹ ਰੱਖਣ ਦਾ ਸ੍ਰੇ ਸਿਕੰਦਰ ਸ਼ਾਹ ਨੂੰ ਹੀ ਮਿਲਦਾ ਹੈ। ਇਸ ਫੈਸਲੇ ਦਾ ਕਾਰਨ ਇਹ ਸੀ ਕਿ ਸੁਲਤਾਨ ਇਟਾਵਾ ਬਿਆਨਾ ਕੋਲ ਗਵਾਲਿਅਰ ਅਤੇ ਧੌਲਪੁਰ ਦੇ ਜਗੀਰਾਂਦਾਰਾਂ ਉੱਤੇ ਅਧਿਕ ਪ੍ਰਭਾਵਸ਼ਾਲੀ ਨਿਯੰਤਰਣ ਰੱਖਣਾ ਚਾਹੁੰਦਾ ਸੀ। 1504 ਈ: ਵਿਚ ਆਗਰਾ ਨਾਮਕ ਇੱਕ ਨਵੇਂ ਨਗਰ ਦੀ ਨੀਂਹ ਰੱਖੀ ਅਤੇ ਬਹੁਤ ਹੀ ਜਲਦੀ ਇੱਥੇ ਇੱਕ ਸੁੰਦਰ ਨਗਰ ਦਾ ਨਿਰਮਾਣ ਹੋ ਗਿਆ। ਸੁਲਤਾਨ ਨੇ ਵੀ ਆਪਣਾ ਨਿਵਾਸ ਸਥਾਨ ਦਿੱਲੀ ਤੋਂ ਆਗਰਾ ਬਦਲ ਲਿਆ। 1505 ਈ: ਵਿਚ ਇੱਕ ਭੂਚਾਲ ਆ ਗਿਆ। "ਵਾਸਤਵ ਵਿਚ ਇਹ ਏਨਾ ਭਿਆਨਕ ਸੀ ਕਿ ਪਹਾੜ ਤੱਕ ਉਲਟ ਗਏ ਅਤੇ ਬੜੀ ਬੜੀ ਇਮਾਰਤਾਂ ਜਮੀਨ ਉੱਤੇ ਗਿਰ ਗਈਆਂ, ਬਚੇ ਹੋਏ ਇਹ ਸਮਝਣ ਲੱਗੇ ਕਿ ਕਆਮਤ ਦਾ ਦਿਨ ਆ ਗਿਆ ਹੈ ਅਤੇ ਮਰੇ ਹੋਏ ਸੋਚਣ ਲੱਗੇ ਕਿ ਮੁਕਤੀ ਦਾ ਦਿਨ ਆ ਗਿਆ ਹੈ।" ਭੂਚਾਲ ਨਾਲ ਪ੍ਰਭਾਵਿਤ ਹੋਇਆ ਖੇਤਰ ਬਹੁਤ ਵਿਸ਼ਾਲ ਸੀ। ਵਾਸਤਵ ਵਿਚ, ਇਹ ਆਮ ਰੂਪ ਵਿਚ ਸਾਰ ਭਾਰਤਵਰਸ਼ ਵਿਚ ਘਟਿਤ ਹੋਇਆ। ਬਦਾਯੂਨੀ ਸਾਨੂੰ ਦੱਸਦਾ ਹੈ ਕਿ ਇਹ ਫਾਰਸ ਤਕ ਫੈਲਿਆ ਸੀ। ਇਸ ਨਾਲ ਜੀਵਨ ਅਤੇ ਸੰਪੰਤੀ ਦੀ ਬਹੁਤ ਹਾਨੀ ਹੋਈ।

**ਨਾਰਵਾੜ** (Narwar): 1508 ਈ. ਵਿਚ ਸਿਕੰਦਰ ਸ਼ਾਹ ਨਾਰਵਾੜ ਉੱਤੇ ਚੜ੍ਹਾਈ ਕਰਨ ਲਈ ਵਧਿਆ। ਜਿਹੜਾ ਸਾਧਾਰਣਤਾ ਮਾਲਵਾ ਦੇ ਰਾਜ ਵਿਚ ਮਿਲਿਆ ਹੋਇਆ ਸੀ, ਲੇਕਿਨ ਹੁਣ ਗਵਾਲਿਅਰ ਦੇ ਅਧੀਨ ਸੀ। ਕੁਝ ਦਿਨਾਂ ਤਕ ਸੰਘਰਸ਼ ਚਲਦਾ ਰਿਹਾ, ਲੇਕਿਨ ਉਸ ਦੇ ਬਾਅਦ ਕਿਲ੍ਹੇ ਉੱਤੇ ਆਕ੍ਰਮਣ ਕਰ ਦਿੱਤਾ ਗਿਆ। ਅਕਾਲ ਅਤੇ ਜਲ ਦੇ ਅਭਾਵ ਦੇ ਕਾਰਨ ਉਤਗੀਰ ਦੀ ਸੈਨਾ ਨੇ ਕੁਝ ਸ਼ਰਤਾਂ ਉੱਤੇ ਆਪਣਾ ਆਤਮ ਸਮਰਪਣ ਕਰ ਦਿੱਤਾ ਅਤੇ ਸਿਕੰਦਰ ਸ਼ਾਹ ਨੇ ਕਿਲ੍ਹੇ ਵਿਚ ਪ੍ਰਵੇਸ਼ ਕੀਤਾ। ਉਸ ਨੇ ਫਿਰ ਸਾਰੇ ਹਿੰਦੂ ਮੰਦਰਾਂ ਨੂੰ ਨਸ਼ਟ ਕਰ ਦਿੱਤਾ ਅਤੇ ਉਨ੍ਹਾਂ ਸਥਾਨਾਂ ਉੱਤੇ ਮਸਜਿਦਾਂ ਦਾ ਨਿਰਮਾਣ ਕਰਨ ਦਾ ਆਦੇਸ਼ ਦਿੱਤਾ।

*ਨੋਟ*

**ਚੰਦੇਰੀ** (Chanderi) : ਚੰਦੇਰੀ ਦਾ ਕਿਲ੍ਹਾ ਜਿੱਤਣ ਤੋਂ ਬਾਅਦ ਅਫਗਾਨ ਸਰਦਾਰਾਂ ਨੂੰ ਦੇ ਦਿੱਤਾ ਗਿਆ। 1510 ਈ: ਵਿਚ ਨਾਸੇਰ ਦੇ ਪ੍ਰਾਂਤ ਨਿਰੀਖਕ ਮੁਹੱਮਦ ਖਾਨ ਨੇ ਅਧੀਨਤਾ ਸਵੀਕਾਰ ਕੀਤੀ ਅਤੇ ਸੁਲਤਾਨ ਦੇ ਨਾਮ ਦਾ ਖ਼ੁਤਬਾ ਪੜ੍ਹਵਾਇਆ। ਚੰਦੇਰੀ ਦੇ ਰਾਜਕੁਮਾਰ ਨੇ ਸਿਕੰਦਰ ਸ਼ਾਹ ਨੂੰ ਆਪਣਾ ਸਵਾਮੀ ਸਵੀਕਾਰ ਕਰਨ ਦੀ ਇੱਛਾ ਪ੍ਰਗਟ ਕੀਤੀ। ਰਾਜ ਕੁਮਾਰ ਨੂੰ ਚੰਦੇਰੀ ਨਗਰ ਉੱਤੇ ਨਾਮ ਮਾਤਰ ਅਧਿਕਾਰ ਰੱਖਣ ਦੀ ਇਜਾਜਤ ਮਿਲ ਗਈ ਲੇਕਿਨ ਉਸ ਦਾ ਪ੍ਰਬੰਧ ਪ੍ਰਮੁੱਖ ਅਫਗਾਨ ਅਧਿਕਾਰੀਆਂ ਨੂੰ ਦੇ ਦਿੱਤਾ ਗਿਆ।

ਨਾਗੌਰ ਦੇ ਅਲੀ ਖਾਨ ਦੇ ਦਾਅਵੇ ਉੱਤੇ ਸਿਕੰਦਰ ਸ਼ਾਹ ਨੇ ਅਖੀਰੀ ਅਭਿਯਾਨ ਕੀਤਾ। ਅਲੀ ਖਾਨ ਇੱਕ ਚਾਲਾਕ ਵਿਅਕਤੀ ਸੀ ਅਤੇ ਉਸ ਨੇ ਸਿਕੰਦਰ ਦੇ ਵਿਰੁਧ ਪ੍ਰਾਂਤ ਨਿਰੀਖਕ ਨੂੰ ਸਮਰਪਣ ਨਾ ਕਰਨ ਨੂੰ ਕਿਹਾ। ਨਤੀਜਾ ਇਹ ਨਿਕਲਿਆ ਕਿ ਅਲੀਖਾਨ ਨੂੰ ਆਪਣੀ ਜਾਗੀਰ ਤੋਂ ਹੱਥ ਧੋਣ ਪਏ। ਅਖੀਰ ਵਿਚ 21 ਨਵੰਬਰ 1517 ਈ: ਨੂੰ ਸਿਕੰਦਰ ਸ਼ਾਹ ਦੀ ਮੌਤ ਹੋ ਗਈ।

**ਅੰਦੂਰਨੀ ਸ਼ਾਸਨ-ਪ੍ਰਬੰਧ** (Internal Administration): ਇਹ ਸੱਚ ਹੈ ਕਿ ਸਿਕੰਦਰ ਸ਼ਾਹ ਨੂੰ ਆਪਣਾ ਬਹੁਤ ਸਾਰਾ ਸਮਾਂ ਯੁੱਧ ਕਰਨ ਵਿੱਚ ਬਤੀਤ ਕਰਨਾ ਪਿਆ ਪਰ ਆਪਣੇ ਸ਼ਾਸਨ ਪ੍ਰਬੰਧ ਵੱਲ ਨਜ਼ਰ ਪਾਉਣ ਦਾ ਵੀ ਉਸ ਨੂੰ ਥੋੜ੍ਹਾ ਮੌਕਾ ਮਿਲ ਗਿਆ। ਉਹ ਇਸ ਯੋਗ ਹੋ ਗਿਆ ਕਿ ਕਈ ਸਰਦਾਰਾਂ ਦੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤੀ ਅਤੇ ਇਸ ਤਰ੍ਹਾਂ ਆਪਣੀ ਸ਼ਕਤੀ ਵਧਾ ਲਈ। ਉਸ ਨੇ ਅਫਗਾਨ ਅਧਿਕਾਰੀਆਂ ਦੇ ਹਿਸਾਬ-ਕਿਤਾਬ ਦਾ ਪ੍ਰੀਖਣ ਕਰਨ ਦਾ ਆਦੇਸ਼ ਦਿੱਤਾ ਹਾਲਾਂਕਿ ਉਹ ਜਾਣਦਾ ਸੀ ਕਿ ਇਸ ਨਾਲ ਉਹ ਨਾ ਖੁਸ਼ ਹੋ ਜਾਣਗੇ। ਜਦੋਂ ਬੰਗਾਲ ਦੇ ਅਭਿਆਨ ਦੇ ਬਾਅਦ ਮੁਬਾਰਕ ਖਾਂ ਲੋਦੀ ਦੇ ਬਹੀ-ਖਾਤਿਆਂ ਦਾ ਪ੍ਰੀਖਣ ਕੀਤਾ ਗਿਆ ਤਾਂ ਉਸ ਦੇ ਪ੍ਰਤੀ ਕੋਈ ਦਇਆ ਨਹੀਂ ਵਰਤੀ ਗਈ। ਬਾਕੀ ਧਨ ਉਸ ਤੋਂ ਉਸੇ ਸਮੇਂ ਵਸੂਲ ਕੀਤਾ ਗਿਆ। ਜਸੂਸਾਂ ਦੀ ਕੁਸ਼ਲ ਵਿਵਸਥਾ ਦੀ ਸਹਾਇਤਾ ਨਾਲ ਸੁਲਤਾਨ ਦੇਸ਼ ਦੇ ਹਰੇਕ ਕੋਨੇ ਤੋਂ ਸੂਚਨਾ ਪਾਉਣ ਵਿੱਚ ਸਮਰੱਥ ਰਿਹਾ। ਵੱਡੇ ਅਮੀਰਾਂ ਦੇ ਵਿਅਕਤੀਗਤ ਪ੍ਰਚਾਰਕਾਂ ਨੂੰ ਸੁਲਤਾਨ ਨੇ ਖੁਦ ਨਿਯੁਕਤ ਕੀਤਾ। ਸੁਲਤਾਨ ਨੇ ਖੇਤੀ ਨੂੰ ਉਤਸ਼ਾਹ ਦਿੱਤਾ ਅਤੇ ਅਨਾਜ ਤੋਂ ਮਹਿਸੂਲ ਹਟਾ ਦਿੱਤੇ। ਵਪਾਰੀਆਂ ਅਤੇ ਕਾਰੋਬਾਰ ਕਰਨ ਵਾਲਿਆਂ ਨੂੰ ਸ਼ਾਂਤੀ ਅਤੇ ਸੁਰੱਖਿਆ ਦੇ ਨਾਲ ਆਪਣਾ ਕੰਮ ਕਰਨ ਦੀ ਹਰੇਕ ਸੰਭਵ ਸਹਾਇਤਾ ਪ੍ਰਦਾਨ ਕੀਤੀ ਗਈ। ਸੁਲਤਾਨ ਦੇ ਆਦੇਸ਼ ਅਨੁਸਾਰ ਹਰੇਕ ਸਾਲ ਗਰੀਬ ਪੁਰਸ਼ਾਂ ਦੀਆਂ ਸੂਚੀਆਂ ਬਣਾਈਆਂ ਗਈਆਂ ਅਤੇ ਉਨ੍ਹਾਂ ਨੂੰ 6 ਮਹੀਨੇ ਦੀ ਰਸਦ ਵੀ ਦਿੱਤੀ ਗਈ। ਸਾਲ ਵਿੱਚ ਕੁਝ ਦਿਨਾਂ ਦੇ ਲਈ ਕੈਦੀ ਵੀ ਮੁਕਤ ਕੀਤੇ ਜਾਂਦੇ ਸਨ। ਸੁਲਤਾਨ ਪੀੜ੍ਹਤ ਪੁਰਸ਼ਾਂ ਦੀਆਂ ਪ੍ਰਾਥਨਾਵਾਂ ਅਤੇ ਬੇਨਤੀਆਂ ਨੂੰ ਖੁਦ ਸੁਣਦਾ ਸੀ ਅਤੇ ਹੌਂਸਲਾ ਅਨੁਸਾਰ ਆਪਣਾ ਫੈਸਲਾ ਦਿੰਦਾ ਸੀ। ਸੁਲਤਾਨ ਦੀ ਯਾਦ ਸ਼ਕਤੀ ਬਹੁਤ ਤੇਜ਼ ਸੀ ਅਤੇ ਇਸ ਲਈ ਉਹ ਬਹੁਤ ਸਾਰਾ ਲਾਭਦਾਇਕ ਗਿਆਨ ਇਕੱਠਾ ਕਰ ਸਕਿਆ ਸੀ। ਉਸ ਨੇ ਵਿਦਵਾਨ ਮਨੁੱਖਾਂ ਨੂੰ ਸਹਾਇਤਾ ਦਿੱਤੀ ਅਤੇ ਖੁਦ ਫਾਰਸੀ ਭਾਸ਼ਾ ਵਿੱਚ ਕਵਿਤਾ ਕੀਤੀ। ਉਸੇ ਦੀ ਸੁਰੱਖਿਆ ਦੇ ਕਾਰਨ ਮੀਆਂ ਭੁਆ ਨੇ ਇਕ ਸੰਸਕ੍ਰਿਤ ਦੇ ਔਸ਼ਦੀ ਸ਼ਾਸਤਰ ਦਾ ਫਾਰਸੀ ਭਾਸ਼ਾ ਵਿੱਚ ਅਨੁਵਾਦ ਕੀਤਾ ਜਿਸ ਦਾ ਨਾਮ ਤਿੱਬੀ-ਏ-ਸਿਕੰਦਰੀ ਰੱਖਿਆ ਗਿਆ। ਕਿਸੇ ਦੀ ਜਗੀਰ ਨੂੰ ਜ਼ੋਰ ਨਹੀਂ ਦਿੱਤਾ ਗਿਆ। ਸਥਾਪਿਤ ਰੀਤੀ ਦਾ ਕਦੀ ਉਨਮੂਲਨ ਨਹੀਂ ਕੀਤਾ ਗਿਆ। ਤਾਰੀਖ-ਏ-ਦਾਊਦੀ ਦਾ ਲੇਖਕ ਸਾਨੂੰ ਦੱਸਦਾ ਹੈ, "ਹਰੇਕ ਕਾਰੋਬਾਰ ਆਪਣਾ ਨਿਸ਼ਚਿਤ ਸਮਾਂ ਰੱਖਦਾ ਸੀ ਅਤੇ ਇਕ ਸਥਾਪਿਤ ਰੀਤੀ ਨੂੰ ਕਦੀ ਬਦਲਿਆ ਨਹੀਂ ਜਾਂਦਾ ਸੀ। ਜਦੋਂ ਸੁਲਤਾਨ ਇਕ ਵਾਰ ਕਿਸੇ ਵਿਸ਼ੇਸ਼ ਖਾਣ ਜਾਂ ਪਾਣ ਦੀ ਮਨਜ਼ੂਰੀ ਦੇ ਦਿੰਦਾ ਸੀ ਤਾਂ ਉਹ ਫਿਰ ਉਸ ਨੂੰ ਨਹੀਂ ਬਦਲਦਾ ਸੀ। ਗਰਮੀ ਦੀ ਰੁੱਤ ਵਿੱਚ ਇਕ ਪ੍ਰਸਿੱਧ ਮਨੁੱਖ ਜੌਨਪੁਰ ਤੋਂ ਉਸ ਦੇ ਦਰਸ਼ਨ ਲਈ ਆਇਆ ਅਤੇ ਉਸ ਦੀ ਪਿਆਸ ਅਤੇ ਗਰਮੀ ਨੂੰ ਦੇਖਦੇ ਹੋਏ ਉਸ ਨੇ 6 ਘੜੇ ਸ਼ਰਬਤ ਉਸ ਨੂੰ ਭੋਜਨ ਦੇ ਨਾਲ ਦਿੱਤੇ, ਪਰ ਜਦੋਂ ਉਹ ਸਰਦੀ ਦੀ ਰੁੱਤ ਵਿੱਚ ਫਿਰ ਆਇਆ ਤਾਂ ਉਸ ਨੂੰ ਪੀਣ ਦੇ ਲਈ 6 ਘੜੇ ਸ਼ਰਬਤ ਦੁਬਾਰਾ ਦਿੱਤਾ ਗਿਆ। ਸੁਲਤਾਨ ਨੇ ਸਰਦਾਰਾਂ ਅਤੇ ਮਹਾਨ ਅਨੁਭਵਿਆਂ ਨਾਲ ਉਸੀ ਤਰ੍ਹਾਂ ਦਾ ਵਿਵਹਾਰ ਕੀਤਾ ਜਿਸ ਤਰ੍ਹਾਂ ਦਾ ਉਸ ਨੇ ਉਨ੍ਹਾਂ ਨਾਲ ਪਹਿਲੇ ਦਿਨ ਕੀਤਾ ਸੀ।"

*ਕੀ ਤੁਸੀਂ ਜਾਣਦੇ ਹੋ* 1508 ਈ. ਵਿਚ ਸਿਕੰਦਰ ਸ਼ਾਹ ਨੇ ਨਾਰਵਾੜ ਉੱਤੇ ਚੜ੍ਹਾਈ ਕੀਤੀ।

ਉਸੀ ਲੇਖਕ ਦੇ ਅਨੁਸਾਰ "ਸੁਲਤਾਨ ਨੂੰ ਹਰ ਰੋਜ ਸਭ ਵਸਤਾਂ ਦੇ ਭਾਓ ਅਤੇ ਸਾਮਰਾਜ ਦੇ ਵੱਖ ਵੱਖ ਜਿਲ੍ਹਿਆਂ ਦੀ ਘਟਨਾਵਾਂ ਦੀ ਸੂਚਨਾ ਪ੍ਰਾਪਤ ਹੁੰਦੀ ਸੀ। ਜੇਕਰ ਉਸ ਨੂੰ ਕੋਈ ਛੋਟੀ ਜਿਹੀ ਗਲਤੀ ਦਿਖਾਈ ਦਿੰਦੀ ਤਾਂ ਉਹ ਜਲਦੀ ਉਸ ਦੀ ਜਾਂਚ ਕਰਵਾਉਂਦਾ ਸੀ। ਉਸ ਦੇ ਸ਼ਾਸਨ ਵਿਚ ਪੇਸ਼ਾ ਸ਼ਾਤੀਪੂਰਵਕ ਇਮਾਨਦਾਰੀ ਅਤੇ ਸਪੱਸ਼ਟਤਾ ਦੇ ਨਾਲ ਚਲਦੇ ਸਨ। ਸਾਹਿਤ ਦੇ ਅਧਿਐਨ ਨੂੰ ਵੀ ਨਹੀਂ ਭੁਲਾਇਆ ਗਿਆ ਸੀ। ਰਾਜ ਦੇ ਕਾਰਖਾਨਿਆਂ ਦੀ ਐਸੀ ਵਿਵਸਥਾ ਕੀਤੀ ਗਈ ਸੀ ਕਿ ਸਭ ਮਨੁੱਖ ਸਾਮੰਤ ਅਤੇ ਸੈਨਿਕ ਲਾਭਦਾਇਕ ਕੰਮਾਂ ਵਿਚ ਵਿਅਸਤ ਰਹਿੰਦੇ ਸਨ। ਸਿਕੰਦਰ ਦੇ ਸਭ ਸਾਮੰਤ ਅਤੇ ਸੈਨਿਕ ਸੰਤੁਸ਼ਟ ਸਨ। ਉਸ ਦੇ ਹਰੇਕ ਸਰਦਾਰ ਨੂੰ ਜਿਲ੍ਹੇ ਦਾ ਪ੍ਰਸ਼ਾਸ਼ਨ ਸੌਂਪਿਆ ਹੋਇਆ ਸੀ ਅਤੇ ਜਨਤਾ ਦੀਆਂ ਸ਼ੁਭ ਇੱਛਾਵਾਂ ਅਤੇ ਪ੍ਰੇਮ ਪ੍ਰਾਪਤ ਕਰਨ ਦੇ ਲਈ ਉਹ ਖਾਸ ਕਰਕੇ ਇੱਛਕ ਸੀ। ਆਪਣੇ ਪਦਾਧਿਕਾਰੀਆਂ ਅਤੇ ਸੈਨਿਕ ਦਲਾਂ ਦੇ ਲਈ ਹੀ, ਉਸ ਨੇ ਆਪਣੇ ਸਮੇਂ ਦੇ ਹੋਰ ਸਾਸਕਾਂ ਅਤੇ ਸਾਮਤਾਂ ਨਾਲ ਯੁੱਧ ਅਤੇ ਝਗੜੇ ਨਹੀਂ ਛੇੜੇ ਅਤੇ ਸਤਰੂਤਾ ਅਤੇ ਕਲੇਸ ਦੇ ਰਸਤਿਆਂ ਨੂੰ ਬੰਦ ਕਰ ਦਿੱਤਾ। ਉਹ ਆਪਦੇ ਪਿਤਾ ਤੋਂ ਪ੍ਰਾਪਤ ਰਾਜ ਸੀਮਾਂ ਵਿਚ ਹੀ ਸੰਤੁਸ਼ਟ ਰਿਹਾ ਅਤੇ ਆਪਣਾ ਸਾਰਾ ਜੀਵਨ ਉਸ ਨੇ ਅਤਿਅੰਤ ਸੁਰੱਖਿਆ ਅਤੇ ਆਨੰਦ ਵਿਚ ਗੁਜਾਰਿਆ ਅਤੇ ਬੜੇ ਛੋਟੇ ਸਭ ਦੇ ਮਨ ਜਿੱਤ ਲਏ।

**ਧਾਰਮਿਕ ਕੱਟੜਪਣ** (Religious Bigotry) : ਲੇਕਿਨ ਸਿਕੰਦਰ ਸ਼ਾਹ ਦੇ ਚਰਿਤਰ ਉੱਤੇ ਇੱਕ ਧੱਬਾ ਵੀ ਹੈ ਜਿਸ ਨੂੰ ਛਿਪਾਇਆ ਨਹੀਂ ਜਾ ਸਕਦਾ। ਸਿਕੰਦਰ ਸ਼ਾਹ ਇੱਕ ਅੰਧ ਵਿਸ਼ਵਾਸ਼ੀ ਮੁਸਲਿਮ ਸੀ ਅਤੇ ਉਸ ਨੇ ਆਪਣੀ ਹਿੰਦੂ ਜਨਤਾ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕਾਫੀ ਕੰਮ ਕੀਤਾ।

ਇੱਕ ਵਾਰ ਸਿਕੰਦਰ ਸ਼ਾਹ ਨੇ ਇਹ ਆਦੇਸ਼ ਦਿੱਤਾ ਕਿ ਮਥੁਰਾ ਦਾ ਮੰਦਰ ਤੋੜ ਦਿੱਤਾ ਜਾਵੇ ਅਤੇ ਉਸ ਦੇ ਸਥਾਨ ਉੱਤੇ ਸਰਾਂਵਾਂ ਅਤੇ ਮਸਜਿਦਾਂ ਬਣਾ ਦਿੱਤਿਆਂ ਜਾਣ। ਮੂਰਤੀਆਂ ਕਸਾਇਆਂ ਨੂੰ ਦੇ ਦਿੱਤੀ ਗਈਆਂ ਜਿਨ੍ਹਾਂ ਨੇ ਉਨ੍ਹਾਂ ਨਾਲ ਮਾਸ ਤੋਲਣ ਦਾ ਕੰਮ ਕੀਤਾ। ਉਤਗੀਰ ਵਿਚ ਹਿੰਦੂ ਮੰਦਰਾਂ ਨੂੰ ਨਸ਼ਟ ਕਰ ਦਿੱਤਾ ਗਿਆ ਅਤੇ ਉਸ ਸਥਾਨ ਉੱਤੇ ਮਸਜਿਦਾਂ ਬਣਾਇਆ ਗਈਆਂ। 1505 ਈ: ਵਿਚ ਮੰਡਰੇਲ ਦੇ ਸਮਰਪਣ ਦੇ ਬਾਅਦ ਸਿਕੰਦਰ ਸ਼ਾਹ ਨੇ ਨਗਰ ਦੇ ਹਿੰਦੂ ਮੰਦਰ ਨੂੰ ਨਸ਼ਟ ਕਰ ਦਿੱਤਾ ਅਤੇ ਉੱਥੇ ਮਸਜਿਦ ਬਣਵਾ ਦਿੱਤੀ। ਉਸ ਨੇ ਕਿਲ੍ਹੇ ਦੇ ਆਸ ਪਾਸ ਦੇ ਜਿਲ੍ਹਿਆਂ ਨੂੰ ਵੀ ਲੁਟਿਆ ਅਤੇ ਉਥੇ ਕਤਲੇਆਮ ਕੀਤਾ। ਬੰਗਾਲ ਦੇ ਇੱਕ ਬ੍ਰਾਹਮਣ ਨੇ ਸਰਵਜਨਿਕ ਰੂਪ ਨਾਲ ਇਹ ਕਿਹਾ ਕਿ ਇਸਲਾਮ ਅਤੇ ਹਿੰਦੂ ਧਰਮ ਦੋਵੇਂ ਸੱਚੇ ਹਨ ਅਤੇ ਕਿਸੇ ਨੂੰ ਵੀ ਆਪਣਾ ਕੇ ਇਸ਼ਵਰ ਦੇ ਪਾਸ ਪਹੁੰਚਿਆ ਜਾ ਸਕਦਾ ਹੈ। ਬਿਹਾਰ ਪ੍ਰਾਂਤ ਨਿਰੀਖਕ ਆਜਮ-ਏ-ਹਮਾਯੂੰ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਦਰਬਾਰ ਵਿਚ ਉਸ ਬ੍ਰਾਹਮਣ ਨੂੰ ਅਤੇ ਇਸਲਾਮ ਦੇ ਦੋ ਬੜੇ ਧਰਮਚਾਰਿਆਂ ਨੂੰ ਵਿਵਾਦ ਲਈ ਭੇਜੇ। ਰਾਜ ਦੇ ਵੱਖ ਵੱਖ ਹਿੱਸਿਆਂ ਤੋਂ ਧਰਮ ਦੇ ਵਿਦਵਾਨਾਂ ਨੂੰ ਇਸ ਵਿਸ਼ਾ ਉੱਤੇ ਵਿਚਾਰ ਕਰਨ ਦੇ ਲਈ ਬੁਲਾਇਆ ਗਿਆ ਕਿ ਸ਼ਾਂਤੀ ਉੱਤੇ ਉਪਦੇਸ਼ ਦੇਣਾ ਅਨੁਮਤੀ ਯੋਗ ਹੈ ਜਾਂ ਨਹੀਂ। ਉਸ ਦਾ ਫੈਸਲਾ ਇਹ ਹੋਇਆ ਕਿ ਜਦ ਬ੍ਰਾਹਮਣ ਨੇ ਇਸਲਾਮ ਦਾ ਸੱਚ ਸਵੀਕਾਰ ਕਰ ਲਿਆ ਤਾਂ ਉਸ ਨੂੰ ਧਰਮ ਸਵੀਕਾਰ ਕਰਨ ਦਾ ਆਦੇਸ਼ ਮਿਲਣਾ ਚਾਹੀਦਾ ਅਤੇ ਜੇਕਰ ਉਹ ਐਸਾ ਕਰਨ ਤੋਂ ਇਨਕਾਰ ਕਰ ਦੇਵੇ ਤਾਂ ਉਸ ਨੂੰ ਪ੍ਰਾਣ ਦੰਡ ਮਿਲਣਾ ਚਾਹੀਦਾ। ਸਿਕੰਦਰ ਸ਼ਾਹ ਨੇ ਇਹ ਫੈਸਲਾ ਸਵੀਕਾਰ ਕਰਦੇ ਹੋਏ ਬ੍ਰਾਹਮਣ ਨੂੰ ਉਹੋ ਹੀ ਆਦੇਸ਼ ਦਿੱਤਾ ਅਤੇ ਜਦੋਂ ਉਸ ਨੇ ਇਸਲਾਮ ਧਰਮ ਸਵੀਕਾਰ ਕਰਨ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਮ੍ਰਿਤੂ ਦੰਡ ਦਿੱਤਾ ਗਿਆ। ਸਿਕੰਦਰ ਸ਼ਾਹ ਨੇ ਨਗਰਕੋਟ ਦੇ ਜਵਾਲਾ ਮੁਖੀ ਪਰਬਤ ਦੀ ਪਵਿੱਤਰ ਮੂਰਤੀਆਂ ਨੂੰ ਤੋੜ ਦਿੱਤਾ। ਹਿੰਦੂਆਂ ਨੂੰ ਯਮਨਾ ਨਦੀ ਦੇ ਘਾਟਾਂ ਉਤੇ ਸਨਾਨ ਕਰਨ ਦੀ ਮਨਾਹੀ ਕਰ ਦਿੱਤੀ ਗਈ। ਇਸਲਾਮ ਦੇ ਪੁਰਾਣੇ ਰਿਵਾਜ ਦੇ ਅਨੁਸਾਰ ਨਾਇਆਂ ਨੂੰ ਇਹ ਆਦੇਸ਼ ਹੋਇਆ ਕਿ ਉਹ ਹਿੰਦੂਆਂ ਦੇ ਸਿਰਾਂ ਅਤੇ ਦਾੜ੍ਹੀ ਦੇ ਵਾਲਾਂ ਦਾ ਮੁੰਡਨ ਨਾ ਕਰਨ। ਇਨ੍ਹਾਂ ਸਮਸਤ ਗੱਲਾਂ ਨੇ ਹਿੰਦੂਆਂ ਦੇ ਦਿਲਾਂ ਤੋਂ ਲੋਦੀ ਵੰਸ਼ ਦੇ ਲਈ ਪ੍ਰੇਮ ਕੱਢ ਦਿੱਤਾ।

**ਮੁਲਾਂਕਣ** (Estimate): ਸਰ ਵੂਲਜਲੇ ਹੇਗ ਦੇ ਵਿਚਾਰ ਅਨੁਸਾਰ। "ਉਹ ਆਪਣੇ ਵੰਸ਼ ਦੇ ਤਿੰਨੋਂ ਸੁਲਤਾਨਾਂ ਵਿੱਚ ਸਭ ਤੋਂ ਵੱਡਾ ਸੀ ਅਤੇ ਉਸ ਨੇ ਆਪਣੇ ਪਿਤਾ ਦੇ ਛੱਡੇ ਹੋਏ ਅਧੂਰੇ ਕੰਮ ਨੂੰ ਬਹੁਤ ਸਫਲਤਾ ਦੇ ਨਾਲ ਪੂਰਾ ਕੀਤਾ। ਉਸ ਦੇ ਸ਼ਾਸਨਕਾਲ ਵਿੱਚ ਸਾਨੂੰ ਪੰਜਾਬ ਦੇ ਵਿਸ਼ੇ ਵਿੱਚ ਬਹੁਤ ਘੱਟ ਸੁਣਦੇ ਹਨ। ਆਪਣੇ ਪੂਰਬੀ ਅਭਿਆਨਾਂ ਵਿੱਚ ਉਸ ਨੇ ਪੰਜਾਬ ਤੋਂ ਕੋਈ ਸਹਾਇਤਾ ਨਾ ਲਈ ਪਰ ਅਜਿਹੇ ਸੰਕੇਤ ਮਿਲਦੇ ਹਨ ਕਿ ਪੰਜਾਬ ਉਸ ਦੇ ਪਿਤਾ ਦੇ ਸ਼ਾਸਨਕਾਲ ਦੇ ਮੁਕਾਬਲੇ 'ਚ ਉਸ ਦੇ ਸਮੇਂ ਵਿੱਚ ਜ਼ਿਆਦਾ ਸ਼ਾਂਤ ਅਤੇ ਆਗਿਆਪਾਲਕ ਬਣਿਆ ਰਿਹਾ। ਉਸ ਦੇ ਪ੍ਰਭਾਵਸ਼ਾਲੀ ਸ਼ਾਸਨ-ਪ੍ਰਬੰਧ ਨੇ ਪ੍ਰਚੂਰ ਰੂਪ ਨਾਲ ਉਸ ਘੱਟ ਸੰਖਿਆ ਦੀ ਪਸੰਦ ਨੂੰ ਠੀਕ ਸਿੱਧ ਕੀਤਾ, ਜਿਸ ਨੇ ਘੋਰ ਵਿਰੋਧ ਦੇ ਹੁੰਦੇ ਹੋਏ ਵੀ ਉਸ ਨੂੰ ਸਿੰਘਾਸਨਾਰੂੜ ਕਰਾਇਆ, ਉਸ ਦੀ ਚੋਣ ਨੇ ਉਸ ਦੇ ਰਾਜ ਨੂੰ ਅਗਿਆਨੀ, ਵਿਦਰੋਹੀ ਅਤੇ ਨਿਸ਼ਠੁਰ ਅਫਗਾਨਾਂ ਦੇ ਹੱਥਾਂ ਵਿੱਚ ਕਠਪੁਤਲੀ ਬਣਨ ਤੋਂ ਬਚਾਇਆ। ਆਪਣੇ ਅਤਿ ਅਯੋਗ ਭਰਾ ਬਰਾਬਕ ਤੋਂ ਸਹਾਇਤਾ ਲੈਣਾ ਉਸ ਦਾ ਸਭ ਤੋਂ ਕਮਜ਼ੋਰ ਕੰਮ ਸੀ ਪਰ ਇਹ ਦੋਸ਼ ਉਸ ਚਰਿੱਤਰ ਵਿੱਚ ਜਾ ਕੇ ਛਿਪ ਜਾਂਦਾ ਹੈ ਜਿਸ ਵਿੱਚ ਬਹੁਤ ਸਾਰੇ ਗੁਣ ਵੀ ਸ਼ਾਮਿਲ ਸਨ। ਅਜਿਹਾ ਲੱਗਦਾ ਹੈ ਕਿ ਉਸ ਨੂੰ ਆਪਣੇ ਭਰਾ ਨਾਲ ਬਹੁਤ ਪਿਆਰ ਸੀ ਅਤੇ ਉਸ ਨੂੰ ਇਹ ਅਹਿਸਾਸ ਸੀ ਕਿ ਉਸ ਦਾ ਵੀ ਆਪਣਾ ਜਨਮ ਸਿੱਧ ਅਧਿਕਾਰ ਹੈ, ਇਸ ਲਈ ਉਸ ਨੇ ਉਸ ਨੂੰ ਵੀ ਇਕ ਹਿੱਸਾ ਦਿੱਤਾ ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਇਹ ਕ੍ਰਿਪਾ ਉਸ ਦੇ ਲਈ ਗਲਤ ਨੀਤੀ ਸਿੱਧ ਹੋਈ, ਤਾਂ ਇਹ ਵੀ ਜਾਣ ਲਿਆ ਕਿ ਉਸ ਨੂੰ ਕੀ ਕਰਨਾ ਚਾਹੀਦਾ ਹੈ।

"ਉਸ ਦੇ ਚਰਿੱਤਰ ਉੱਤੇ ਸਭ ਤੋਂ ਵੱਡਾ ਧੱਬਾ ਉਸ ਦੀ ਨਿਰਦਈ ਪਰਮਅੰਧਤਾ ਹੈ। ਉਸ ਦੀ ਵਿਜਾਵਾਂ ਦੇ ਵਿਵਰਣ, ਨਿਸੰਦੇਹ ਜਿਸ ਦੀ ਇਤਿਹਾਸਕਾਰਾਂ ਨੇ ਵਧਾਇਆ-ਚੜ੍ਹਾਇਆ ਹੈ, ਉਨ੍ਹਾਂ ਆਕ੍ਰਮਣਾਂ ਦੇ ਬਰਾਬਰ ਹੈ ਜਿਹੜੇ ਭਾਰਤ ਉੱਤੇ ਮੁਸਲਿਮ ਧਰਮ ਪ੍ਰਚਾਰਕਾਂ ਨੇ ਕੀਤੇ ਸਨ। ਮੰਦਰਾਂ ਦੀ ਏਨੀ ਬਰਬਾਦੀ ਜਿੱਤੇ ਹੋਏ ਜਿਲ੍ਹੇ ਦੇ ਹਿੰਦੂਆਂ ਨੂੰ ਦਬਾਉਣ ਦੇ ਲਈ ਕੋਈ ਅਕਲਮੰਦੀ ਦਾ ਕੰਮ ਨਹੀਂ ਸੀ ਅਤੇ ਇੱਕ ਬ੍ਰਾਹਮਣ ਦੀ ਹੱਤਿਆ ਜਿਸ ਦਾ ਇੱਕ ਮਾਤਰ ਅਪਰਾਧ ਜਿੱਤੇ ਅਤੇ ਹਾਰੇ ਧਰਮਾਂ ਦੇ ਵਿਚ ਬਰਾਬਰੀ ਸਥਾਪਿਤ ਕਰਨਾ ਸੀ, ਕੋਈ ਕੂਟਨਿਤਿਕ ਕੰਮ ਨਹੀਂ, ਲੇਕਿਨ ਸਿਕੰਦਰ ਦੇ ਦਿਮਾਗ ਉੱਤੇ ਧਰਮਚਾਰਿਆਂ ਨਾਲ ਸਬੰਧ ਰੱਖਣ ਵਾਲੇ ਸੁਭਾਵ ਦੀ ਜਾਲ੍ਹੀ ਚੜ੍ਹੀ ਹੋਈ ਸੀ।" (Cambridge History of India, Vol - III, p.246)

### ਸਵ-ਮੁਲਾਂਕਣ (Self Assessment)

2. ਬਹੁ ਵਿਕਲਪੀ ਪ੍ਰਸ਼ਨ (Multiple Choice Questions):

   (i) ਸਿਕੰਦਰ ਸ਼ਾਹ ਦੀ ਉਪਾਧੀ ਕਿਸ ਨੂੰ ਮਿਲੀ?

   (ਅ) ਨਿਜ਼ਾਮ ਖਾਂ (ਬ) ਬਹਿਲੋਲ ਲੋਦੀ (ਸ) ਤਾਤਾਰ ਖਾਂ (ਦ) ਸੈਫ ਖਾਂ

ਨੋਟ

(ii) ਫਿਰੋਜ਼ ਖਾਂ ਦਾ ਯੁੱਗ ਕਿਹੜਾ ਸੀ?

(ਅ) ਦੌਲਤ ਖਾਂ (ਬ) ਹੁਸੈਨ ਖਾਂ (ਸ) ਮੁਬਾਰਕ ਖਾਂ (ਦ) ਮਹਿਮੂਦ ਖਾਂ

(iii) ਬਿਹਾਰ ਖਾਨਖਾਨਾ ਦੇ ਹੱਥਾਂ ਵਿੱਚ ਕਦੋਂ ਆਇਆ?

(ਅ) 1493 ਈ. (ਬ) 1494 ਈ. (ਸ) 1495 ਈ. (ਦ) 1496 ਈ.

## 7.5 ਇਬ੍ਰਾਹੀਮ ਲੋਦੀ (1517-26) (Ibrahim Lodi)

ਸਿਕੰਦਰ ਸ਼ਾਹ ਦੀ ਮੌਤ ਦੇ ਬਾਅਦ ਉਸ ਦਾ ਸਭ ਤੋਂ ਵੱਡਾ ਪੁੱਤਰ ਇਬ੍ਰਾਹੀਮ 21 ਨਵੰਬਰ 1517 ਈ ਨੂੰ ਗੱਦੀ ਉਤੇ ਬੈਠਿਆ। ਇਸ ਵਿਚ ਉਸਨੂੰ ਸਾਰੇ ਅਫਗਾਨ ਸਰਦਾਰਾਂ ਦੀ ਨਿਰਵਿਰੋਧ ਮਨਜ਼ੂਰੀ ਮਿਲੀ ਸੀ ਅਤੇ ਉਸ ਨੇ ਇਬ੍ਰਾਹੀਮ ਸ਼ਾਹ ਦੀ ਉਪਾਧੀ ਗ੍ਰਹਿਣ ਕੀਤੀ।

**ਰਾਜਕੁਮਾਰ ਜਲਾਲ ਦੇ ਵਿਰੁਧ ਕਾਰਵਾਈ** (Action against Prince Jalal): ਕੁਝ ਐਸੇ ਅਫਗਾਨ ਸਰਦਾਰ ਸਨ ਜਿਹੜੇ ਆਪਣੇ ਸਵਾਰਥੀ ਹਿੱਤਾਂ ਦੇ ਕਾਰਨ ਰਾਜ ਦੀ ਵੰਡ ਚਾਹੁੰਦੇ ਸਨ। ਉਹ ਜਲਾਲ ਖਾਨ ਨੂੰ, ਜਿਹੜਾ ਇਬ੍ਰਾਹੀਮ ਦਾ ਛੋਟਾ ਭਰਾ ਸੀ, ਜੌਨਪੁਰ ਲੈ ਗਏ ਅਤੇ ਉੱਥੇ ਉਸ ਨੂੰ ਗੱਦੀ ਉੱਤੇ ਬਿਠਾ ਦਿੱਤਾ। ਰਾਪਰੀ ਦੇ ਪ੍ਰਾਂਤ ਨਿਰੀਖਕ ਖਾਨ ਜਹਾਨ ਲੋਹਾਨੀ ਨੇ ਰਾਜ ਵਿਚ ਫੁੱਟ ਪਾਉਣ ਵਾਲੀ ਇਸ ਨੀਤੀ ਦੀ ਨਿੰਦਾ ਕੀਤੀ। ਫਲ ਇਹ ਹੋਇਆ ਕਿ ਅਫਗਾਨ ਸਰਦਾਰਾਂ ਨੇ ਆਪਣੀ ਗਲਤੀ ਮੰਨ ਲਈ ਅਤੇ ਉਨ੍ਹਾਂ ਨੇ ਹੈਬਤ ਖਾਨ "ਬਾਘ ਮਾਰਕ" ਨੂੰ ਇਸ ਲਈ ਭੇਜਿਆ ਕਿ ਉਹ ਜੌਨਪੁਰ ਵਿਚ ਜਲਾਲਖਾਨ ਨੂੰ ਗੱਦੀ ਛੱਡਣ ਲਈ ਫੁਸਲਾਏ। ਲੇਕਿਨ ਜਲਾਲਖਾਨ ਨੇ ਆਪਣਾ ਪਦ ਛੱਡਣ ਤੋਂ ਇਨਕਾਰ ਕਰ ਦਿੱਤਾ। ਤਦ ਇਬ੍ਰਾਹੀਮ ਨੇ ਇਕ ਫਰਮਾਨ ਦੁਆਰਾ ਆਦੇਸ਼ ਦਿੱਤਾ ਕਿ ਅਮੀਰ ਲੋਕ ਜਲਾਲ ਦੀ ਆਗਿਆ ਨਾ ਮੰਨਣ ਅਤੇ ਉਨ੍ਹਾਂ ਨੂੰ ਆਗਿਆ ਉਲੰਘਣ ਦੀ ਦਸ਼ਾ ਵਿਚ ਸਜ਼ਾ ਦੇਣ ਦੀ ਧਮਕੀ ਵੀ ਦਿੱਤੀ। ਜਲਾਲ ਖਾਨ ਨੇ ਸਰਦਾਰਾਂ ਨਾਲ ਮਿਲਕੇ ਆਪਣੀ ਸਥਿਤੀ ਦ੍ਰਿੜ੍ਹ ਕਰ ਲਈ। ਆਜਮ ਹਮਾਯੂੰ ਨੇ ਵੀ ਉਸ ਨੂੰ ਆਪਣਾ ਸਹਿਯੋਗ ਦਿੱਤਾ ਕਿਉਂਕਿ ਉਸ ਨੂੰ ਇਬ੍ਰਾਹੀਮ ਨਾਲ ਵਿਅਕਤੀਗਤ ਰੋਸ ਸੀ। ਆਪਣੇ ਸਭ ਭਾਇਆਂ ਨੂੰ ਹਾਂਸੀ ਦੇ ਕਿਲ੍ਹੇ ਵਿਚ ਬੰਦ ਕਰਕੇ ਇਬ੍ਰਾਹੀਮ ਜਲਾਲ ਖਾਨ ਦੇ ਵਿਰੁਧ ਵਧਿਆ। ਕਾਲਪੀ ਨੂੰ ਘੇਰ ਲਿਆ ਗਿਆ ਅਤੇ ਉਸ ਦਾ ਕਿਲ੍ਹਾ ਤੋੜ ਦਿੱਤਾ ਗਿਆ। ਜਲਾਲ ਖਾਨ ਆਗਰਾ ਦੇ ਵੱਲ ਨੱਸਿਆ ਜਿੱਥੇ ਪ੍ਰਾਂਤ ਨਿਰੀਖਕ ਨੇ ਉਸ ਨਾਲ ਗੱਲਬਾਤ ਕੀਤੀ। ਜਦ ਇਬ੍ਰਾਹੀਮ ਨੂੰ ਇਨ੍ਹਾਂ ਗੱਲਾਂ ਦਾ ਪਤਾ ਲੱਗਿਆ ਤਾਂ ਉਸ ਨੇ ਉਸ ਨੂੰ ਅਸਵੀਕਾਰ ਕਰ ਦਿੱਤਾ ਅਤੇ ਜਲਾਲਖਾਨ ਦੀ ਮ੍ਰਿਤੂ ਦਾ ਆਦੇਸ਼ ਜਾਰੀ ਕਰ ਦਿੱਤਾ। ਜਲਾਲਖਾਨ ਨੇ ਨੱਸ ਕੇ ਗਵਾਲਿਅਰ ਦੇ ਰਾਜਾ ਪਾਸ ਸਰਣ ਲਈ। ਜਦ ਗਵਾਲਿਅਰ ਦਾ ਕਿਲ੍ਹਾ ਜਿੱਤ ਲਿਆ ਗਿਆ ਤਾਂ ਉਹ ਮਾਲਵਾ ਵੱਲ ਨੱਸ ਗਿਆ, ਲੇਕਿਨ ਗੌਂਡਵਾਨਾ ਦੇ ਜਿੰਮੀਦਾਰ ਨੇ ਉਸ ਨੂੰ ਪਕੜ ਕੇ ਇਬ੍ਰਾਹੀਮ ਦੇ ਸਪੁਰਦ ਕਰ ਦਿੱਤਾ। ਜਦ ਉਹ ਹਾਂਸੀ ਲਿਆਂਦਾ ਜਾ ਰਿਹਾ ਸੀ ਤਾਂ ਉਸ ਦੀ ਸੁਲਤਾਨ ਦੇ ਆਦੇਸ ਅਨੁਸਾਰ ਰਸਤੇ ਵਿਚ ਹੀ ਹੱਤਿਆ ਕਰ ਦਿੱਤੀ ਗਈ।

*ਟਾਸਕ* ਇਬ੍ਰਾਹੀਮ ਲੋਧੀ ਕੌਣ ਸੀ? ਉਹ ਗੱਦੀ ਉੱਤੇ ਕਦੋਂ ਬੈਠਿਆ?


**ਆਜਮ ਹਮਾਯੂੰ ਦੇ ਵਿਰੁਧ ਕਾਰਵਾਈ** (Action against Azam Humayun): ਕੇਵਨ ਸੰਦੇਹ ਉੱਤੇ ਇਬ੍ਰਾਹੀਮ ਸ਼ਾਹ ਨੇ ਗਵਾਲਿਅਰ ਤੋਂ ਆਜਮ ਸ਼ਾਹ ਨੂੰ ਬੁਲਾਇਆ ਅਤੇ ਉਸ ਨੂੰ ਅਤੇ ਉਸ ਦੇ ਪੁੱਤਰ ਫਤੇਹ ਖਾਨ ਨੂੰ ਬਦੀਗ੍ਰਹਿ ਵਿਚ ਬੰਦ ਕਰ ਦਿੱਤਾ। ਆਜਮ ਹਮਾਯੂੰ ਦੇ ਇੱਕ ਹੋਰ ਪੁੱਤਰ ਇਸਲਾਮ ਖਾਨ ਨੂੰ ਕਾਰਾ-ਮਾਨਿਕਪੁਰ ਦੀ ਪ੍ਰਾਂਤ ਨਿਰੀਖਕਤਾ ਤੋਂ ਵੰਚਿਤ ਕਰ ਦਿੱਤਾ ਗਿਆ। ਆਜਮ ਹਮਾਯੂੰ ਦੇ ਵਿਰੁਧ ਹੋਣ ਵਾਲੀ ਕਾਰਵਾਈ ਦੇ ਫਲਸਰੂਪ ਅਤਿਅੰਤ ਰੋਸ ਪੈਦਾ ਹੋ ਗਿਆ। ਵਿਦਰੋਹੀਆਂ ਨੇ 40,000 ਘੋੜ ਸਵਾਰ 500 ਹਾਥੀਆਂ ਅਤੇ ਬਹੁਤ ਸਾਰੀ ਪੈਦਲ ਸੈਨਾ ਦੀ ਵਿਸ਼ਾਲ ਸਹਾਇਤਾ ਦੇ ਆਧਾਰ ਉੱਤੇ ਮੰਗ ਕੀਤੀ ਕਿ ਆਜਮ ਹਮਾਯੂੰ ਨੂੰ ਛੱਡ ਦਿੱਤਾ ਜਾਵੇ। ਇੱਕ ਪਵਿੱਤਰ ਸੰਤ ਸ਼ੇਖ ਰਾਜ ਬੁਖਾਰੀ ਨੇ ਦੋਵਾਂ ਪੱਖਾਂ ਵਿਚ ਸਮਝੌਤਾ ਕਰਾਉਣ ਦੀ ਚੇਸਟਾ ਕੀਤੀ, ਲੇਕਿਨ ਉਸ ਦੇ ਸਾਰੇ ਯਤਨ ਨਿਸਫਲ ਰਹੇ। ਇਬ੍ਰਾਹੀਮ ਨੇ ਵਿਦਰੋਹੀਆਂ ਦੀ ਮੰਗ ਅਸਵੀਕਾਰ ਕਰ ਦਿੱਤੀ। ਇਸ ਉੱਤੇ ਘੋਰ ਸੰਗਰਾਮ ਚੱਲ ਪਿਆ ਅਤੇ ਰਕਤਪਾਤ ਹੋਇਆ। ਮਖਜਨ-ਏ-ਅਫਗਾਨਾ ਦੇ ਲੇਖਕ ਦੇ ਵਰਣਨ ਅਨੁਸਾਰ "ਲਾਸਾਂ ਦੇ ਢੇਰ-ਉੱਤੇ ਢੇਰ ਨਾਲ ਰਣਭੂਮੀ ਭਰ ਗਈ। ਭੂਮੀ ਉੱਤੇ ਪਏ ਹੋਏ ਕੱਟੇ ਸਿਰਾਂ ਦਾ ਅਨੁਮਾਨ ਲਗਾਉਣਾ ਸਮਰਥਤਾ ਤੋਂ ਬਾਹਰ ਹੋ ਗਿਆ। ਮੈਦਾਨ ਵਿਚ ਖੂਨ ਦੀਆਂ ਨਦੀਆਂ ਵਹਿਣ ਲੱਗੀਆਂ ਅਤੇ ਹਿੰਦੁਸਤਾਨ ਵਿਚ ਜਦ ਕਦੀ ਕੋਈ ਯੁੱਧ ਕੁਝ ਸਮੇਂ ਤਕ ਚਲਦਾ ਰਹਿੰਦਾ, ਤਾਂ ਬੁੱਢੇ ਲੋਕ ਕਿਹਾ ਕਰਦੇ ਕਿ ਇਸ ਯੁੱਧ ਦੀ ਬਰਾਬਰੀ ਕਿਸੀ ਯੁੱਧ ਨਾਲ ਨਹੀਂ ਕੀਤੀ ਜਾ ਸਕਦੀ। ਪਾਰਸਪਰਿਕ ਲੱਜਾ ਛੱਡ ਕੇ ਅਤੇ ਸਵਭਾਵਗਤ ਵੀਰਤਾ ਨਾਲ ਉਤੇਜਤ ਹੋ ਕੇ ਭਾਈ-ਭਾਈ ਦੇ ਵਿਰੁੱਧ, ਪਿਤਾ ਪੁੱਤਰ ਦੇ ਵਿਰੁੱਧ ਲੜ ਰਿਹਾ ਸੀ ਧਣੁਸ-ਬਾਣ ਇੱਕ ਪਾਸੇ ਰੱਖ ਦਿੱਤੇ ਸਨ ਅਤੇ ਕੁਹਾੜਿਆਂ, ਤਲਵਾਰਾਂ, ਛੁਰਿਆਂ ਅਤੇ ਗਦਾਵਾਂ ਨਾਲ ਕਤਲੇਆਮ ਕੀਤਾ ਜਾ ਰਿਹਾ ਸੀ।" ਆਖਿਰ ਇਸਲਾਮ ਖਾਨ ਹਾਰ ਗਿਆ ਸੱਇਦ ਖਾਨ ਪਕੜਿਆ ਗਿਆ ਅਤੇ ਵਿਦਰੋਹੀਆਂ ਨੂੰ ਭਾਰੀ ਨੁਕਸਾਨ ਨਾਲ ਹਰਾ ਦਿੱਤਾ ਗਿਆ।

**ਨੋਟ**

**ਰਾਣਾ ਸਾਂਗਾ ਦੇ ਸੰਗ੍ਰਾਮ** (War with Rana Sanga): ਸਾਨੂੰ ਇਬ੍ਰਾਹੀਮ ਤੇ ਮੇਵਾੜ ਦੇ ਰਾਣਾ ਸਾਂਗਾ ਦੇ ਵਿਚ ਯੁੱਧ ਦਾ ਵਿਵਰਣ ਮਿਲਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਬ੍ਰਾਹੀਮ ਨੇ ਮੇਵਾੜ ਉੱਤੇ ਆਕ੍ਰਮਣ ਕਰਨ ਦੇ ਲਈ ਇੱਕ ਵਿਸ਼ਾਲ ਸੈਨਾ ਦਾ ਸੰਗਠਨ ਕੀਤਾ ਤੇ ਉਸ ਬੜੇ ਯੋਗ ਅਤੇ ਅਨੁਭਵੀ ਸੈਨਾਨੀਆਂ ਦੇ ਅਧੀਨ ਰੱਖਿਆ। ਸ਼ੁਰ ਵਿਚ ਮਿਯਾਂ ਹੁਸੈਨ ਸਾਂਗਾ ਦੇ ਵੱਲ ਜਾ ਮਿਲਿਆ, ਲੇਕਿਨ ਉਸ ਨੇ ਦੁਖਦਾਈ ਸਮੇਂ ਵਿਚ ਧੋਖੇ ਨਾਲ ਉਸ ਦਾ ਸਾਥ ਛੱਡ ਦਿੱਤਾ। ਅਫਗਾਨ ਸਿਪਾਹੀ ਰਾਜਪੂਤਾਂ ਉੱਤੇ ਟੁੱਟ ਪਏ ਅਤੇ ਉਨ੍ਹਾਂ ਦੀ ਇੱਕ ਬੜੀ ਸੰਖਿਆ ਨੂੰ ਕਤਲ ਕਰ ਦਿੱਤਾ ਗਿਆ। ਰਾਣਾ ਸਾਂਗਾ ਬਚ ਕੇ ਨੱਸ ਗਿਆ ਲੇਕਿਨ ਉਸ ਦੇ ਸਾਥੀਆਂ ਨੇ ਪਕੜ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਹ ਵਿਸ਼ਾ ਯਾਦ ਰੱਖਣ ਯੋਗ ਹੈ ਕਿ ਸਿਵਾਏ ਤਾਰੀਖ-ਏ-ਸਲਾਤੀਨ-ਏ-ਅਗਫਾਨਾਂ, ਵਾਕਯਾਤ-ਏ-ਮੁਸਤਾਕੀ ਤਾਰੀਖ-ਏ-ਦਾਉਦੀ ਦੇ ਹੋਰ ਕੋਈ ਵਿਸਵਸਨੀਆ ਸਰੋਤ ਇਸ ਯੁੱਧ ਦੀ ਚਰਚਾ ਨਹੀਂ ਕਰਦੇ। ਇਸ ਵਿਸਾ ਉੱਤੇ ਨਿਜਾਮੁਦੀਨ ਬਦਾਯੁਨੀ ਫਰਿਸਤਾ ਵੀ ਮੌਨ ਹੈ। ਰਾਜਪੂਤ ਵਿਵਰਣਾ ਵਿਚ ਵੀ ਇਸ ਦੀ ਚਰਚਾ ਨਹੀਂ ਮਿਲਦੀ। ਟਾਡ (Tod) ਦੇ ਕਥਨ ਅਨੁਸਾਰ "ਸਾਂਗਾ ਨੇ ਆਪਣੀ ਸੈਨਾਵਾਂ ਸੰਗਠਿਤ ਕੀਤਿਆਂ ਜਿਨ੍ਹਾਂ ਦੇ ਬਲ ਉੱਤੇ ਉਹ ਸਦਾ ਰਣਖੇਤਰ ਵਿਚ ਵਿਜਈ ਰਿਹਾ ਅਤੇ ਤੈਮੂਰ ਦੇ ਵੰਸਜ ਤੋਂ ਸਗ੍ਰਾਮ ਕਰਨੇ ਤਕ ਉਸ ਨੇ ਦਿੱਲੀ ਅਤੇ ਮਾਲਵਾ ਦੇ ਸ਼ਾਸਕਾਂ ਦੇ ਵਿਰੁੱਧ 18 ਸੰਗ੍ਰਾਮਾਂ ਵਿਚ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਵਿਚ ਦੋ ਤਾਂ ਐਸੇ ਹੋਏ ਜਿਨ੍ਹਾਂ ਵਿਚ ਉਸ ਦਾ ਮੁਕਾਬਲਾ ਖੁਦ ਇਬ੍ਰਾਹੀਮ ਲੋਦੀ ਬਕਰੋਲ ਅਤੇ ਘਟੋਲੀਉੱਤੇ ਹੋਇਆ, ਅੰਤਮ ਸੰਗ੍ਰਾਮ ਵਿਚ ਸਾਹੀ ਸੈਨਾਵਾਂ ਨੂੰ ਹਾਰ ਮਿਲੀ, ਜਿਸਦਾ ਹੱਤਿਆ ਕਾਂਡ ਕੀਤਾ ਗਿਆ ਅਤੇ ਸ਼ਾਹੀ ਵੰਸ਼ ਦੇ ਇੱਕ ਮਨੁੱਖ ਨੂੰ ਚਿਤੌੜ ਵਿਜੈ ਦੇ ਪ੍ਰਮਾਣ ਸਰੂਪ ਬੰਦੀ ਕਰ ਲਿਆ ਗਿਆ। ਐਸਾ ਦਿਸਦਾ ਹੈ ਕਿ ਰਾਣਾ ਸਾਂਗਾ ਉੱਤੇ ਇਬ੍ਰਾਹੀਮ ਲੋਦੀ ਦੀ ਵਿਜੈ ਦਿਖਾਉਣ ਵਾਲਾ ਅਹਿਮਤ ਯਾਦਗਾਰ ਦਾ ਵਿਵਰਣ ਠੀਕ ਨਹੀਂ ਹੈ।

**ਸਰਦਾਰ** (Nobles): ਇਬ੍ਰਾਹੀਮ ਆਪਣੇ ਸਰਦਾਰਾਂ ਨੂੰ ਕੁਚਲ ਕੇ ਆਪਣੀ ਸੱਤਾ ਦ੍ਰਿੜ੍ਹ ਕਰਨਾ ਚਾਹੁੰਦਾ ਸੀ ਅਤੇ ਉਸ ਨੇ ਉਨ੍ਹਾਂ ਨੂੰ ਵਿਨਮਰ ਰੱਖਣ ਵਿਚ ਪੂਰਾ ਸੰਭਵ ਪ੍ਰਯਤਨ ਕੀਤਾ। ਉਸ ਨੇ ਆਪਣੇ ਪਿਤਾ ਦੇ ਇੱਕ ਪ੍ਰਮੁੱਖ ਸਰਦਾਰ ਮਿਯਾਂ ਭੁਆ ਨੂੰ ਕੈਦ ਕਰ ਲਿਆ। ਉਸ ਦਾ ਅਪਰਾਧ ਕੇਵਲ ਇਹ ਸੀ ਕਿ ਉਹ ਸ਼ਾਹੀ ਸ਼ਿਸਟਚਾਰ ਦੇ ਪ੍ਰਤੀ ਉਦਾਸੀਨ ਰਹਿੰਦਾ ਸੀ ਅਤੇ ਸਦਾ ਉਹੀ ਕੰਮ ਕਰਦਾ ਸੀ ਜਿਹੜਾ ਉਸ ਦੇ ਸਵਾਮੀ ਨੂੰ ਸਭ ਤੋਂ ਜ਼ਿਆਦਾ ਹਿੱਤਕਰ ਸਿੱਧ ਹੋਵੇ ਅਤੇ ਐਸਾ ਕਰਨ ਵਿਚ ਉਹ ਉਪਚਾਰਕ ਰਿਤੀਆਂ ਦੇ ਅਨੁਸਾਰ ਉਸ ਦੀ ਇਜਾਜਤ ਵੀ ਨਹੀਂ ਲੈਂਦਾ ਸੀ। ਬੁੱਢੇ ਮਨੁੱਖ ਦੀ ਬੰਦੀ ਗ੍ਰਹਿ ਵਿਚ ਮ੍ਰਿਤੂ ਹੋ ਗਈ ਅਤੇ ਇਸ ਨੇ ਉਸ ਦੇ ਪੁੱਤਰ ਦੀ ਵਫਾਦਾਰੀ ਦਾ ਲੋਪ ਕਰ ਦਿੱਤਾ ਹਾਲਾਂ ਕਿ ਉਸ ਦੇ ਨਾਲ ਉਦਾਰ ਵਿਵਹਾਰ ਕੀਤਾ ਗਿਆ। ਆਜਮ ਹਮਾਯੂੰ ਦਾ ਧੋਖੇ ਨਾਲ ਬੰਦੀ ਗ੍ਰਹਿ ਵਿਚ ਕਤਲ ਕਰ ਦਿੱਤਾ ਗਿਆ ਸੁਲਤਾਨ ਦੇ ਆਦੇਸ਼ ਅਨੁਸਾਰ ਜਲਾਲ ਖਾਨ ਦੀ ਹੱਤਿਆ ਪਹਿਲਾਂ ਹੀ ਕੀਤੀ ਜ ਚੁੱਕੀ ਸੀ ਜਦ ਕਿ ਉਸ ਨੂੰ ਬੰਦੀ ਬਣਾਉਣ ਦੇ ਲਈ ਹੈ ਸੀਕ ਦਗਲਜਾਬਾ ਜਾ ਰਿਹਾ ਸੀ। ਬੜੇ-ਤੋਂ-ਬੜਾ ਸਰਦਾਰ ਤਕ ਆਪਣੀ ਰੱਖਿਆ ਦੇ ਲਈ ਭੈਭੀਤ ਹੋਣ ਲੱਗੇ। ਇਸ ਲਈ ਦਰਿਯਾ ਖਾਨ, ਖਾਨ-ਏ-ਜਹਾਨ ਲੋਧੀ ਅਤੇ ਹੁਸੈਨ ਖਾਨ ਫਰਮੁਲੀ ਨੇ ਸੁਲਤਾਨ ਦੇ ਵਿਰੁਧ ਵਿਦਰੋਹ ਕਰ ਦਿੱਤਾ। ਚੰਦੇਰੀ ਦੇ ਕਿਸੇ ਫਕੀਰ ਨੇ ਹੁਸੈਨ ਖਾਨ ਫਰਮੁਲੀ ਨੂੰ ਸੁੱਤੇ ਹੋਏ ਮਾਰ ਦਿੱਤਾ। ਦਰਿਯਾ ਖਾਨ ਨੇ ਮੁਹੱਮਦ ਦੇ ਪੁੱਤਰ ਬਹਾਦੁਰ ਸ਼ਾਹ ਦੀ ਉਪਾਧੀ ਧਾਰਣ ਕਰ ਲਈ ਅਤੇ ਇਬ੍ਰਾਹੀਮ ਦੀ ਸੱਤਾ ਦੀ ਅਵਹੇਲਣਾ ਕੀਤੀ। ਪੰਜਾਬ ਦੇ ਪ੍ਰਾਂਤ ਨਿਰੀਖਕ ਦੌਲਤ ਖਾਨ ਦੇ ਪੁੱਤਰ ਦਿਲਾਵਰ ਖਾਨ ਦੇ ਨਾਲ ਇਬ੍ਰਾਹੀਮ ਨੇ ਨਿਰਦਇਤਾ ਦਾ ਵਿਵਹਾਰ ਕੀਤਾ। ਜਦ ਦੌਲਤ ਖਾਨ ਲੋਧੀ ਨੂੰ ਇਬ੍ਰਾਹੀਮ ਦੀ ਰਾਜਧਾਨੀ ਵਿਚ ਬੁਲਾਇਆ ਗਿਆ ਤਾਂ ਉਸ ਨੇ ਇਸ ਆਧਾਰ ਉੱਤੇ ਮੁਆਫੀ ਮੰਗ ਲਈ ਕਿ ਬਾਅਦ ਵਿਚ ਉਹ ਇੱਕ ਖਜਾਨੇ ਨਾਲ ਆਵੇਗਾ ਅਤੇ ਉਸ ਨੇ ਆਪਣੇ ਪੁੱਤਰ ਦਿਲਾਵਰ ਖਾਨ ਨੂੰ ਤੁਰੰਤ ਭੇਜ ਦਿੱਤਾ। ਦਿੱਲੀ ਵਿਚ ਦਿਲਾਵਰ ਖਾਨ ਨੂੰ ਇਬ੍ਰਾਹੀਮ ਨੇ ਬੰਦੀ ਗ੍ਰਹਿ ਵਿਚ ਬੰਦ ਕਰ ਦਿੱਤਾ ਅਤੇ ਉੱਥੇ ਦੀਵਾਰਾਂ ਨਾਲ ਟੰਗੇ ਹੋਏ ਸ਼ਾਹੀ ਬੰਦੀ ਦਿਖਾਏ ਅਤੇ ਭੈ ਨਾਲ ਕੰਬਦੇ ਹੋਏ ਇਸ ਅਫਗਾਨ ਯੁਵਕ ਨੂੰ ਸੰਬੋਧਤ ਕਰਦੇ ਹੋਏ ਸੁਲਤਾਨ ਨੇ ਕਿਹਾ, "ਦੇਖ ਲਈ ਤੁਸੀਂ ਮੇਰੀ ਆਗਿਆ ਦੀ ਉਲੰਘਣਾ ਕਰਨ ਵਾਲਿਆਂ ਦੀ ਦਸ਼ਾ?" ਇਹ ਦੱਸਿਆ ਜਾਂਦਾ ਹੈ ਕਿ ਇਬ੍ਰਾਹੀਮ ਦੇ ਸਾਹਮਣੇ ਦਿਲਾਵਰ ਖਾਨ ਨੇ ਆਪਣਾ ਸਿਰ ਝੁਕਾ ਦਿੱਤਾ, ਲੇਕਿਨ ਕਿਸੀ ਤਰ੍ਹਾਂ ਉਹ ਨਿਕਲ ਕੇ ਨੱਸ ਗਿਆ ਅਤੇ ਉਸ ਨੇ ਪਿਤਾ ਨੂੰ ਰਾਜਧਾਨੀ ਵਿਚ ਦੇਖੇ ਹੋਏ ਅਨਭਵਾਂ ਦਾ ਵਰਤਾਂਤ ਸੁਣਾਇਆ। ਇਨ੍ਹਾਂ ਪਰਿਸਥਿਤੀਆਂ ਵਿਚ ਦੌਲਤ ਖਾਨ ਲੋਦੀ ਨੇ ਬਾਬਰ ਨੂੰ ਭਾਰਤ ਉੱਤੇ ਚੜ੍ਹਾਈ ਕਰਨ ਦਾ ਸੱਦਾ ਭੇਜਿਆ। ਇਸ ਵਿਸਾ ਉੱਤੇ ਵੱਖ ਵੱਖ ਵਿਦਵਾਨਾਂ ਵਿਚ ਮਤਭੇਦ ਹਨ। ਮਖਜਨ ਵਿਚ ਦੱਸਿਆ ਗਿਆ ਹੈ ਕਿ ਦੌਲਤ ਖਾਨ ਨੇ ਪੰਜਾਬ ਦੇ ਹੋਰ ਅਮੀਰਾਂ ਅਤੇ ਗਾਜੀਖਾਨ ਦੇ ਨਾਲ ਇੱਕ ਸੰਧੀ ਕਰ ਲਈ ਅਤੇ ਆਲਮ ਖਾਨ ਦੁਆਰਾ ਨਿਮੰਤਰਣ ਬਾਬਰ ਦੇ ਕੋਲ ਭੇਜਿਆ ਗਿਆ। ਫਰਿਸਤਾ ਦਾ ਕਹਿਣਾ ਹੈ ਕਿ ਆਪਣੇ ਪਰਿਵਾਰ ਦੇ ਲਈ ਕੋਈ ਬਚਾਉ ਨਾ ਹੋਣ ਕਰਕੇ ਦੌਲਤ ਖਾਨ ਲੋਧੀ ਨੇ ਵਿਦਰੋਹ ਕੀਤਾ ਅਤੇ ਬਾਬਰ ਨੂੰ ਭਾਰਤ ਉੱਤੇ ਆਕ੍ਰਮਣ ਕਰਨ ਦੀ ਪ੍ਰਾਰਥਨਾ ਕੀਤੀ। ਬਾਬਰ ਦੇ ਆਕ੍ਰਮਣ ਤੋਂ ਪਹਿਲਾਂ ਇਬ੍ਰਾਹੀਮ ਦਾ ਭਰਾ ਜਾਂ ਚਾਚਾ ਆਲਮ ਖਾਨ ਇਬ੍ਰਾਹੀਮ ਲੋਧੀ ਦੇ ਕੋਲ ਤੋਂ ਨੱਸ ਗਿਆ ਸੀ ਅਤੇ ਉਹ ਕਾਬਲ ਵਿਚ ਨਿਵਾਸ ਕਰ ਰਿਹਾ ਸੀ। ਅਹਮਦ ਯਾਦਗਾਰ ਦਾ ਦ੍ਰਿਸ਼ਟੀਕੋਣ ਇਹ ਹੈ ਕਿ ਭਾਰਤ ਉੱਤੇ ਆਕ੍ਰਮਣ ਕਰਨ ਦੇ ਲਈ ਬਾਬਰ ਦੇ ਕੋਲ ਦਿਲਾਵਰਖਾਨ ਨੂੰ ਭੇਜਿਆ ਗਿਆ ਸੀ। ਤਾਰੀਖ-ਏ-ਖਾਨ ਜਿੱਥੇ ਲੋਧੀ ਦਾ ਰਚਇਤਾ ਇਹ ਦੱਸਦਾ ਹੈ ਕਿ ਆਲਮ ਖਾਨ ਦੁਆਰਾ ਨਿਮੰਤ੍ਰਨ ਕਾਬੁਲ ਪਹੁੰਚਿਆ ਸੀ। ਉਹ ਦਿਲੀ ਦੇ ਵੱਲ ਵਧਿਆ ਲੇਕਿਨ ਇਬ੍ਰਾਹੀਮ ਲੋਧੀ ਨੇ ਉਸ ਨੂੰ ਹਰਾ ਦਿੱਤਾ, ਲੇਕਿਨ 1526 ਈ: ਵਿਚ ਪਾਣੀਪਤ ਦੀ ਲੜਾਈ ਵਿਚ ਖੁਦ ਹਾਰ ਗਿਆ।

ਨੋਟ




ਅਜਿਹਾ ਪਤਾ ਲੱਗਦਾ ਹੈ ਕਿ ਦੌਲਤ ਖਾਂ ਦਾ ਸੱਚਾ ਉਦੇਸ਼ ਬਾਬਰ ਨੂੰ ਇਸ ਤਰ੍ਹਾਂ ਇਸਤੇਮਾਲ ਕਰਨਾ ਸੀ ਜਿਸ ਨਾਲ ਪੰਜਾਬ ਵਿੱਚ ਉਹ ਆਪਣੀ ਸੱਤਾ ਕਾਇਮ ਰੱਖ ਸਕੇ। ਆਲਮ ਖਾਂ ਨੂੰ ਦਿੱਲੀ ਦੀ ਗੱਦੀ ਮਿਲਣੀ ਸੀ ਅਤੇ ਦੌਲਤ ਖਾਂ ਨੂੰ ਪੰਜਾਬ 'ਤੇ ਅਧਿਕਾਰ। ਇਹ ਵੀ ਕਿਹਾ ਜਾਂਦਾ ਹੈ ਕਿ 1524 ਈ. ਵਿੱਚ ਬਾਬਰ ਨੇ ਪੰਜਾਬ 'ਤੇ ਹਮਲਾ ਕੀਤਾ ਅਤੇ ਅਸਾਨੀ ਨਾਲ ਲਾਹੌਰ 'ਤੇ ਕਬਜ਼ਾ ਕਰ ਲਿਆ। ਬਾਬਰ ਨੇ ਸੁਲਤਾਨਪੁਰ ਅਤੇ ਜਲੰਧਰ ਦੀਆਂ ਜਗੀਰਾਂ ਦੌਲਤ ਖਾਂ ਨੂੰ ਦੇ ਦਿੱਤੀਆਂ, ਪਰ ਜਦੋਂ ਦੌਲਤ ਖਾਂ ਨੇ ਚੰਗਾ ਵਤੀਰਾ ਨਾ ਕੀਤਾ, ਤਾਂ ਉਹ ਉਸ ਤੋਂ ਲੈ ਲਈ ਗਈ ਅਤੇ ਉਸ ਦੇ ਪੁੱਤਰ ਦਿਲਾਵਰ ਖਾਂ ਨੂੰ ਦੇ ਦਿੱਤੀ ਗਈ। ਪੰਜਾਬ ਦੇ ਸ਼ਾਸਨ ਪ੍ਰਬੰਧ ਦੀ ਸਮੱਸਿਆ ਠੀਕ ਕਰਕੇ ਬਾਬਰ ਕਾਬੁਲ ਵਾਪਿਸ ਚਲਾ ਗਿਆ। ਜਿਉਂ ਹੀ ਬਾਬਰ ਰਵਾਨਾ ਹੋਇਆ, ਦੌਲਤ ਖਾਂ ਨੇ ਸੁਲਤਾਨਪੁਰ ਦੀ ਜਗੀਰ ਆਪਣੇ ਪੁੱਤਰ ਤੋਂ ਲੈ ਲਈ ਅਤੇ ਦੀਪਾਲਪੁਰ ਤੋਂ ਆਪਣੇ ਪੁੱਤਰ ਨੂੰ ਕੱਢ ਦਿੱਤਾ। ਆਲਮ ਖਾਂ ਕਾਬੁਲ ਪਹੁੰਚਿਆ ਅਤੇ ਉਥੇ ਉਸ ਨੇ ਬਾਬਰ ਨੂੰ ਸ਼ਿਕਾਇਤ ਕੀਤੀ। ਇਨ੍ਹਾਂ ਸਥਿਤੀਆਂ ਨੇ ਬਾਬਰ ਨੂੰ ਦੁਬਾਰਾ ਵਾਪਿਸ ਆਉਣ

ਨੋਟ

ਅਤੇ ਭਾਰਤ 'ਤੇ ਹਮਲਾ ਕਰਨ ਲਈ ਮਜਬੂਰ ਕੀਤਾ। 1526 ਈ. ਦੀ ਪਾਣੀਪਤ ਦੀ ਲੜਾਈ ਵਿੱਚ ਇਬਰਾਹਿਮ ਲੋਦੀ ਮਾਰਿਆ ਗਿਆ ਅਤੇ ਬਾਬਰ ਨੂੰ ਜਿੱਤ ਪ੍ਰਾਪਤ ਹੋਈ। ਬਾਬਰ ਦੀ ਸਫਲਤਾ ਦਾ ਕਾਰਨ "ਨੇਤਾ ਦੀ ਕੁਸ਼ਲਤਾ ਅਤੇ ਅਸ਼ਵਾਰੋਹੀ ਸੈਨਾ ਅਤੇ ਤੋਪਖਾਨਿਆਂ ਦਾ ਵਿਗਿਆਨਕ ਮਿਸ਼ਰਣ" ਸੀ। ਇਸ ਤਰ੍ਹਾਂ ਪਾਣੀਪਤ ਦੇ ਯੁੱਧ ਨੇ ਲੋਦੀ ਵੰਸ਼ ਦਾ ਅੰਤ ਕਰ ਦਿੱਤਾ ਅਤੇ ਮੁਗਲਾਂ ਦੇ ਸ਼ਾਸਨ ਦੇ ਦੁਆਰ ਖੋਲ ਦਿੱਤੇ।

**ਸਵ-ਮੁਲਾਂਕਣ (Self Assessment)**

3. ਹੇਠ ਲਿਖਿਆਂ ਕਥਨਾਂ ਵਿਚ ਸਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False):
   (i) ਸਿਕੰਦਰ ਸ਼ਾਹ ਦੀ ਮ੍ਰਿਤੂ ਦੇ ਬਾਅਦ ਉਸ ਦਾ ਸਭ ਤੋਂ ਵੱਡਾ ਪੁੱਤਰ ਇਬ੍ਰਾਹੀਮ ਦਾ ਨਵੰਬਰ 1517 ਈ: ਨੂੰ ਗੱਦੀ ਉੱਤੇ ਬੈਠਾ।
   (ii) ਇਬ੍ਰਾਹੀਮ ਦੇ ਸਾਹਮਣੇ ਦਿਲਾਵਰ ਖਾਨ ਨੇ ਆਪਣਾ ਸਿਰ ਝੁਕਾ ਦਿੱਤਾ।
   (iii) 1526 ਈ. ਵਿਚ ਪਾਣੀਪਤ ਦੀ ਲੜਾਈ ਵਿਚ ਇਬ੍ਰਾਹੀਮ ਲੋਧੀ ਜਿੱਤਾ।
   (iv) 1524 ਈ. ਵਿਚ ਬਾਬਰ ਨੇ ਪੰਜਾਬ ਉੱਤੇ ਆਕ੍ਰਮਣ ਕੀਤਾ।

## 7.6 ਸਾਰ ਅੰਸ਼ (Summary)

- ਬਹਲੋਲ ਲੋਧੀ, ਲੋਧੀ ਵੰਸ਼ ਦਾ ਸੰਸਥਾਪਕ ਸੀ ਜਿਹੜਾ 1451 ਤੋਂ 1526 ਈ. ਤਕ ਰਿਹਾ। ਉਹ ਲੋਧੀ ਜਾਤ ਦੇ ਸਾਹੂ ਖੈਲ ਵਰਗ ਤੋਂ ਸੀ। ਬਹਲੋਲ ਦਾ ਦਾਦਾ ਮਲਿਕ ਬਹਰਾਮ ਫਿਰੋਜ ਤੁਗਲਕ ਦੇ ਸ਼ਾਸਨ ਕਾਲ ਵਿਚ ਮੁਲਤਾਨ ਚਲਾ ਗਿਆ ਸੀ। ਉਸ ਨੇ ਉੱਥੇ ਦੇ ਪ੍ਰਾਂਤ ਨਿਰੀਖਕ ਮਲਿਕ ਮਰਦਾਨ ਦੌਲਤ ਦੇ ਇੱਥੇ ਸੇਵਾ ਸਵੀਕਾਰ ਕਰ ਲਈ ਸੀ। ਮਲਿਕ ਬਹਰਾਮ ਦੇ ਪੰਜ ਪੁੱਤਰ ਸਨ ਲੇਕਿਨ ਉਨ੍ਹਾਂ ਵਿਚੋਂ ਕੇਵਲ ਦੋ (ਮਲਿਕ ਸੁਲਤਾਨ ਸ਼ਾਹ ਅਤੇ ਮਲਿਕ ਕਾਲਾ) ਪ੍ਰਸਿੱਧ ਹੋਏ।
- ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਦਿੱਲੀ ਦੀ ਗੱਦੀ ਉੱਤੇ ਬਹਲੋਲ ਨੂੰ ਬਿਠਾਉਣ ਵਿਚ ਹਾਮਿਦ ਖਾਨ ਦਾ ਵੀ ਹੱਥ ਸੀ। ਇਹ ਵੀ ਸੱਚ ਹੈ ਕਿ ਬਹਲੋਲ ਨੇ ਹਾਮਿਦ ਖਾਨ ਨੂੰ ਸੁਲਤਾਨ ਬਣਨ ਲਈ ਕਿਹਾ ਕਿਉਂਕਿ ਉਹ ਕੇਵਲ ਏਨੇ ਨਾਲ ਸੰਤੁਸ਼ਟ ਨਹੀਂ ਹੋਇਆ ਕਿ ਹਾਮਿਦ ਖਾਨ ਸੈਨਾਵਾਂ ਦਾ ਨਿਰਦੇਸ਼ਕ ਮਾਤਰ ਜਾਂ ਉਸ ਦੇ ਆਦੇਸ਼ਾਂ ਦੇ ਪਾਲਣ ਕਰਤਾ ਦੀ ਤਰ੍ਹਾਂ ਰਹੇ ਬਹਲੋਲ ਉਸ ਦੇ ਪ੍ਰਤੀ ਬਹੁਤ ਜ਼ਿਆਦਾ ਇੱਜ਼ਤ ਦਾ ਪ੍ਰਦਰਸ਼ਨ ਵੀ ਕੀਤਾ।
- ਹਾਲਾਂਕਿ ਬਹਲੋਲ ਸਿੰਘਾਸਨ ਸਨ ਗੱਦੀ ਨਸੀਨ ਹੋ ਚੁੱਕਾ ਸੀ ਫਿਰ ਵੀ ਜੋਨਪੁਰ ਦੇ ਸ਼ਾਸਕ ਮਹਮੂਦ ਸ਼ਾਹ ਮਰਕੀ ਨੇ ਉਸ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ। ਮਹਮੂਦ ਸ਼ਾਹ ਦਿੱਲੀ ਵੱਲ ਵਧਿਆ ਅਤੇ ਉਸ ਨੇ ਬਹਲੋਲ ਦੇ ਵੱਡੇ ਪੁੱਤਰ ਖਵਾਜਾ ਬਮਾਜਿਦ ਨੂੰ ਘੇਰ ਲਿਆ ਜਿਹੜਾ ਉਸ ਸਮੇਂ ਦਿੱਲੀ ਦਾ ਕਾਰਜ ਸੰਭਾਲ ਰਿਹਾ ਸੀ। ਮਹਮੂਦ ਸ਼ਾਹ ਦਿੱਲੀ ਦੀ ਵੱਲ ਵਧਦੇ ਹੋਏ ਲਗਭਗ 30 ਮੀਲ ਦੇ ਨਿਕਟ ਪਹੁੰਚਿਆ ਜਦ ਕਿ ਬਹਲੋਲ ਉਸ ਦੀ ਰੱਖਿਆ ਕਰਨ ਵਿਚ ਸਫਲ ਹੋਇਆ।
- ਬਹਲੋਲ ਕੇਵਲ ਲੋਧੀ ਵੰਸ਼ ਦਾ ਸੰਸਥਾਪਕ ਹੀ ਨਹੀਂ ਸੀ ਮਤਲਬ ਇਸ ਵੰਸ਼ ਦੀ ਸ਼ਕਤੀ ਅਤੇ ਖੁਸ਼ਹਾਲੀ ਦੀ ਸਾਰੀ ਜਿਮੇਵਾਰੀ ਵੀ ਉਸੀ ਉੱਤੇ ਸੀ। ਉਹ ਉਨ੍ਹਾਂ ਵੱਖ ਵੱਖ ਸਰਦਾਰਾਂ ਨੂੰ ਦਬਾਉਣ ਵਿਚ ਸਫਲ ਹੋਇਆ ਜਿਨ੍ਹਾਂ ਨੇ ਕੇਂਦਰੀ ਸ਼ਕਤੀ ਦਾ ਉਲੰਘਣ ਕੀਤਾ ਸੀ। ਉਹ ਸਾਮਰਾਜ ਦੀ ਸ਼ਕਤੀ ਦੀ ਦ੍ਰਿੜ੍ਹ ਨੀਂਹ ਰੱਖਣ ਵਿਚ ਸਫਲ ਹੋਇਆ। ਉਸ ਦੀ ਸਭ ਤੋਂ ਵੱਡੀ ਸਫਲਤਾ ਜੋਨਪੁਰ ਨੂੰ ਆਪਣੇ ਸਾਮਰਾਜ ਵਿਚ ਫਿਰ ਤੋਂ ਮਿਲਾਉਣਾ ਹੈ, ਜਿਹੜਾ ਬਹੁਤ ਸਾਲਾਂ ਤੋਂ ਉਸ ਦੀ ਸੱਤਾ ਵਿਰੋਧ ਕਰ ਰਿਹਾ ਸੀ।
- ਬਹਲੋਲ ਲੋਧੀ ਦੇ ਬਾਅਦ ਉਸ ਦਾ ਪੁੱਤਰ ਨਿਜਾਮ ਖਾਨ ਸਿਕੰਦਰ ਸ਼ਾਹ ਦੀ ਉਪਾਧੀ ਗ੍ਰਹਿਣ ਕਰਕੇ ਸਿੰਘਾਸਨ ਗੱਦੀ ਨਸੀਨ ਹੋਇਆ। ਸਿਕੰਦਰ ਸ਼ਾਹ ਨੂੰ ਆਪਣਾ ਸੁਲਤਾਨ ਮੰਨਣ ਵਿਚ ਅਮੀਰਾਂ ਅਤੇ ਸਰਦਾਰਾਂ ਨੂੰ ਕੁਝ ਸੰਕੋਚ ਸੀ, ਕਿਉਂਕਿ ਉਸ ਦੀ ਮਾਤਾ ਕਿਸੀ ਸੁਨਿਆਰ ਦੀ ਪੁੱਤਰੀ ਸੀ ਅਤੇ ਇਸ ਲਈ ਉਸ ਦਾ ਪੁੱਤਰ ਇਕ ਰਾਜਕੁਮਾਰ ਦੀ ਬਜਾਏ ਸਾਧਾਰਣ ਵਿਅਕਤੀ ਸੀ। ਲੇਕਿਨ ਉਹ ਸੰਕੋਚ ਹੱਟ ਗਿਆ ਅਤੇ ਉਹ ਸਿੰਘਾਸਨ ਉੱਤੇ ਬੈਠਾ। ਸਿਕੰਦਰ ਸ਼ਾਹ ਇੱਕ ਕੱਟੜ ਮੁਸਲਮਾਨ ਸੀ ਅਤੇ ਸਿੰਘਾਸਨ ਦੇ ਲਈ ਉਸ ਦਾ ਚੁਣਾਓ ਕਦੀ ਇਸੀ ਕਾਰਣ ਕੀਤਾ ਗਿਆ ਹੋਵੇ।
- ਸਿਕੰਦਰ ਸ਼ਾਹ ਦੀ ਮ੍ਰਿਤੂ ਦੇ ਬਾਅਦ ਉਸ ਦਾ ਸਭ ਤੋਂ ਵੱਡਾ ਪੁੱਤਰ ਇਬ੍ਰਾਹੀਮ 21 ਨਵੰਬਰ 1517 ਈ: ਨੂੰ ਗੱਦੀ ਉੱਤੇ ਬੈਠਾ। ਇਸ ਵਿਚ ਉਸ ਨੂੰ ਸਾਰੇ ਅਫਗਾਨ ਸਰਦਾਰਾਂ ਦੀ ਨਿਰਵਿਰੋਧ ਮਨਜ਼ੂਰੀ ਮਿਲੀ ਸੀ ਅਤੇ ਉਸ ਨੇ ਇਬ੍ਰਾਹੀਮ ਸ਼ਾਹ ਦੀ ਉਪਾਧੀ ਗ੍ਰਹਿਣ ਕੀਤੀ।

*ਨੋਟ*

- ਕੁਝ ਅਜਿਹੇ ਅਫਗਾਨ ਸਰਦਾਰ ਸਨ ਜੋ ਆਪਣੇ ਸਵਾਰਥੀ ਹਿੱਤਾਂ ਦੇ ਕਾਰਨ ਰਾਜ ਦੀ ਵੰਡ ਚਾਹੁੰਦੇ ਸਨ। ਉਹ ਜਲਾਲ ਖਾਂ ਨੂੰ, ਜੋ ਇਬਰਾਹਿਮ ਦਾ ਛੋਟਾ ਭਰਾ ਸੀ, ਜੌਨਪੁਰ ਲੈ ਗਏ ਅਤੇ ਉਥੇ ਉਸ ਨੂੰ ਗੱਦੀ 'ਤੇ ਬਿਠਾ ਦਿੱਤਾ।

## 7.7 ਸ਼ਬਦਕੋਸ਼ (Keywords)

- **ਦਸ਼ਾ (Conditions):** ਸਥਿਤੀ।
- **ਕਾਰਵਾਈ (Action):** ਕੰਮਾਂ ਦਾ ਵੇਰਵਾ।

## 7.8 ਅਭਿਆਸ ਪ੍ਰਸ਼ਨ (Review Questions)

1. ਲੋਧੀ ਵੰਸ਼ ਦਾ ਸੰਸਥਾਪਕ ਕੌਣ ਸੀ? ਉਸ ਦੇ ਆਰੰਭਿਕ ਜੀਵਨ ਦਾ ਵਰਣਨ ਕਰੋ।
2. ਸਿਕੰਦਰ ਸ਼ਾਹ ਕੌਣ ਸੀ? ਉਸ ਦੀ ਕਰਵਾਇਆ ਦਾ ਵਰਣਨ ਕਰੋ।
3. ਇਬ੍ਰਾਹੀਮ ਲੋਧੀ ਕੌਣ ਸੀ? ਉਸ ਦਾ ਰਾਣਾ ਸਾਂਗਾ ਨਾਲ ਸੰਗ੍ਰਾਮ ਦਾ ਵਰਣਨ ਕਰੋ।
4. ਪਾਨੀਪਤ ਦੀ ਪਹਿਲੀ ਲੜਾਈ ਕਦੋਂ ਅਤੇ ਕਿਸ ਦੇ ਵਿਚਕਾਰ ਹੋਈ?

**ਉਤਰ : ਸਵ-ਮੂਲਾਂਕਣ (Answer: Self Assessment)**

1. (i) ਬਹਲੋਲ ਲੋਧੀ (ii) ਬਹਲੋਲ ਲੋਧੀ (iii) ਹਾਮਿਦ ਖਾਨ
   (iv) ਮੁਬਾਰਕ ਖਾਨ (v) ਇਟਾਵਾ
2. (i) (ਅ) (ii) (ਬ) (iii) (ਸ)
3. (i) ਸੱਚ (ii) ਝੂਠ (iii) ਝੂਠ
   (iv) ਸੱਚ

## 7.9 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਮੱਧਕਾਲੀਨ ਭਾਰਤ (ਦਿੱਲੀ ਸਲਤਨਤ)–ਰਹੀਸ ਸਿੰਘ, ਪਿਅਰਸਨ ਐਜੁਕੇਸ਼ਨ ਇੰਡੀਆ।
2. ਲੇਟਰ ਮਿਡਾਈਵਿਲ ਇੰਡੀਆ ਏ ਹਿਸਟਰੀ ਆਫ ਦੀ ਮੁਗਲਸ–ਅਵਧ ਬਿਹਾਰੀ ਪਾਂਡੇ ਸੈਂਟ੍ਰਲ ਬੁਕ ਡਿਪੋ।
3. ਮੱਧ ਕਾਲੀਨ ਭਾਰਤ ਦਾ ਇਤਿਹਾਸ– ਪਾਖਿਰਵ ਕੁਮਾਰ ਰੀਤੂ ਪਬਲੀਕੇਸ਼ਨਜ ।
4. ਮੱਧਕਾਲੀਨ ਭਾਰਤ ਦਾ ਇਤਿਹਾਸ ਸਲਤਨਤ ਕਾਲ – ਮੋਹਿਤ, ਰਾਜੀਵ ਕੁਮਾਰ ਰਜਤ ਪ੍ਰਕਾਸ਼ਨ।
5. ਮੱਧ ਕਾਲੀਨ ਭਾਰਤ ਦਾ ਇਤਿਹਾਸ – ਸੈਲੇਂਦਰ ਸ਼ੈਂਗਰ ਅਟਲਾਂਟਿਕ ਪਬਲੀਕੇਸ਼ਨ।

ਨੋਟ

# ਇਕਾਈ–8: **ਬਾਬਰ** (1526-1530)
# [ Babur (1526-1530)]

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

8.1 ਬਾਬਰ (1526-1530) (Babur)

8.2 ਬਾਬਰ ਦੇ ਪ੍ਰਾਰੰਭਕ ਜੀਵਨ ਦਾ ਮਹੱਤਵ (Significance of Babur's Early Career)

8.3 ਬਾਬਰ ਦੇ ਹਮਲੇ ਦੇ ਸਮੇਂ ਭਾਰਤ ਦੀ ਰਾਜਨੀਤਿਕ ਦਸ਼ਾ (The Political Condition of India on the Eve of Babur's Invasion)

8.4 ਬਾਬਰ ਦੇ ਆਕ੍ਰਮਣ ਦੇ ਕਾਰਣ (Causes of Babur's Invasion)

8.5 ਭਾਰਤ 'ਤੇ ਬਾਬਰ ਦੀਆਂ ਪਹਿਲੀਆਂ ਚੜ੍ਹਾਈਆਂ (Babur's Early Expeditions of India)

8.6 ਪਾਨੀਪਤ ਦਾ ਯੁੱਧ (Battle of Panipat)

8.7 ਬਾਬਰ ਦੀ ਭਾਰਤ ਵਿਜੈ (India Conquest of Babur)

8.8 ਬਾਬਰ ਇਕ ਸਾਮਰਾਜ ਨਿਰਮਾਤਾ (Merits of Babur as an Empire Builder)

8.9 ਚਰਿੱਤਰ ਅਤੇ ਵਿਅਕਤੀਤਵ (Character and Personality)

8.10 ਬਾਬਰ ਦੇ ਯਾਦਗੀਰ ਜਾਂ ਬਾਬਰ ਨਾਮਾ (Babur's Memories or Babur Nama)

8.11 ਸਾਰ ਅੰਸ਼ (Summary)

8.12 ਸ਼ਬਦਕੋਸ਼ (Keywords)

8.13 ਅਭਿਆਸ ਪ੍ਰਸ਼ਨ (Review Questions)

8.14 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਬਾਬਰ ਜਨਮ, ਵੰਸ਼, ਆਰੰਭਿਕ ਪ੍ਰਭਾਵ ਆਦਿ ਸੰਬਧੀ ਜਾਣਕਾਰੀ ਬਾਰੇ।
- ਬਾਬਰ ਦੇ ਆਕ੍ਰਮਣ ਦੇ ਸਮੇਂ ਭਾਰਤ ਦੀ ਰਾਜਨਿਤਿਕ ਦਸ਼ਾ ਨੂੰ ਸਮਝਣੇ ਵਿਚ।
- ਬਾਬਰ ਦੇ ਆਕ੍ਰਮਣ ਦੇ ਕਾਰਨ ਜਾਣ ਸਕਣਗੇ।
- ਪਾਨੀਪਤ ਦੀ ਲੜਾਈ ਸੰਬੰਧੀ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਨ ਬਾਰੇ।

## ਜਾਣਕਾਰੀ (Introduction)

ਕਾਬੁਲ ਦੇ ਜਹੀਰੁਦੀਨ ਮੁਹੱਮਦ ਬਾਬਰ ਨੇ ਦਿੱਲੀ ਦੇ ਅੰਤਮ ਸੁਲਤਾਨ ਇਬ੍ਰਾਹੀਮ ਲੋਧੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਹਾਰ ਦੇ ਕੇ ਹਿਦੂਸਤਾਨ ਵਿਚ ਮੁਗਲ ਹਕੂਮਤ ਦੀ ਨੀਂਹ ਰੱਖੀ। ਉਸ ਨੇ ਇੱਥੇ ਸਨ 1526 ਤੋਂ 1530 ਈ. ਤਕ ਸ਼ਾਸਨ ਕੀਤਾ। ਇਸ ਦੌਰਾਨ ਉਹ ਲੜ੍ਹਾਈਆਂ ਵਿਚ ਉਲਝਿਆ ਰਿਹਾ। ਇਸੀ ਕਾਰਣ ਮੁਲਕ ਨੂੰ ਚੰਗਾ ਸ਼ਾਸਨ ਨਹੀਂ ਦੇ ਸਕਿਆ। ਫਿਰ ਵੀ ਬਾਬਰ ਨੇ ਮੁਗਲ ਸਲਤਨਤ ਦੀ ਨੀਂਹ ਦਾ ਪਹਿਲਾ ਪੱਥਰ ਰੱਖਿਆ ਜਿਸ ਨੂੰ ਉਸ ਦੇ ਪੋਤਰੇ ਅਕਬਰ ਨੇ ਪੂਰਾ ਕੀਤਾ।

ਨੋਟ

## 8.1 ਬਾਬਰ (1526-1530) (Babur)

ਸ਼ਾਸਕ ਬਾਰ ਇਕ ਮਹਾਨ ਯੋਧਾ, ਖਿਲਾੜੀ ਸ਼ਿਲਪੀ, ਅਭਿਲਾਸ਼ੀ ਏਸ਼ੀਆ ਦੇ ਸਿੰਘਾਸਨ ਸੁਸ਼ੋਭਿਤ ਕਰਨ ਵਾਲਾ ਅਤਿਅਧਿਕ ਆਕਰਸ਼ਕ ਵਿਅਕਤੀਤਵ ਦਾ ਧੰਨੀ ਸੀ। ਐਸੇ ਵਿਅਕਤੀ ਦੇ ਬਾਰੇ ਵਿਚ ਲਿਖਦੇ ਹੋਏ ਫਲੋਂਗ ਸਟੀਲੇ ਲਿਖਦੇ ਹਨ ਕਿ ਉਸਦਾ ਕੇਵਲ ਉਸਦੀ ਭਾਰਤਵਰਸ਼ ਦੀ ਭੂਮਿਕਾ ਆਧਾਰ ਉਤੇ ਮੁਲਆਂਕਨ ਕਰਨਾ ਇਕ ਵੱਡੀ ਭੁਲ ਹੋਵੇਗੀ ਚਾਹੇ ਐਸਾ ਕਰਨ ਤੋਂ ਅਸੀਂ ਉਸਦੇ ਘੱਟ ਤੋਂ ਘੱਟ 36 ਸਾਲ ਦੇ ਸ਼੍ਰੇਸਠ ਜੀਵਨ ਕਾਲ ਦੀ ਜਾਣਕਾਰੀ ਤੋਂ ਵੰਚਿਤ ਰਹਿ ਜਾਵਾਂਗੇ। ਬਾਬਰ 1526 ਈ. ਵਿਚ ਭਾਰਤ ਵਿਚ ਆਇਆ ਅਤੇ ਕੇਵਲ ਚਾਰ ਸਾਲ ਹੀ ਇੱਥੇ ਰਿਹਾ। ਉਸਦੀ ਪੂਰੀ ਜਾਣਕਾਰੀ ਦੇ ਲਈ ਖਾਸ ਕਰਕੇ ਸਾਨੂੰ ਉਸਦੇ ਗੁਜਾਰੇ ਹੋਏ ਚਾਰ ਸਾਲਾਂ ਦੀ ਉਪਲਬਧੀਆਂ ਨੂੰ ਅਤੇ ਉਸਦੇ ਪਹਿਲੇ ਜੀਵਨ ਨੂੰ ਜਾਣਨਾ ਜਰੂਰੀ ਹੈ।

**ਜਨਮ ਅਤੇ ਵੰਸ਼** : ਬਾਬਰ ਦਾ ਅਸਲੀ ਨਾਮ ਜਹੀਰੁਦੀਨ ਮੁਹੰਮਦ ਸੀ। ਉਸ ਦਾ ਜਨਮ 24 ਫਰਵਰੀ 1483 ਈ. ਵਿਚ ਮੱਧ ਏਸ਼ੀਆ ਦੀ ਇੱਥੇ ਛੋਟੀ ਰਿਆਸਤ ਫਰਗਾਨਾ ਦੀ ਰਾਜਧਾਨੀ ਅਡੀਜਨ ਵਿਚ ਹੋਇਆ ਸੀ। ਜੀਵਨ ਦੇ ਅਰੰਭ ਕਾਲ ਤੋਂ ਹੀ ਜਹੀਰੁਦੀਨ ਅਪਣੇ ਪ੍ਰਿਯ ਨਾਮ ਬਾਬਰ ਦੇ ਨਾਮ ਤੋਂ ਪ੍ਰਸਿੱਧ ਸੀ। 'ਬਾਬਰ' ਸ਼ਬਦ ਦਾ ਤੁਰਕੀ ਭਾਸ਼ਾ ਵਿਚ ਅਰਥ ਹੈ 'ਸ਼ੇਰ'। ਉਹ ਤੈਮੂਰ ਵੰਸ਼ ਦੇ ਉਮਰ ਸ਼ੇਖ ਦਾ ਬੇਟਾ ਸੀ। ਉਸਦੀ ਮਾਤਾ ਕੁਤਲ ਨਿਗਾਹ ਖਾਤੁਨਚੰਗੇਜ ਵੰਸ਼ ਦੀ ਸੀ। ਇਸ ਪ੍ਰਕਾਰ ਬਾਰ ਦੀ ਨਸਾਂ ਵਿਚ ਮੱਧ ਏਸ਼ੀਅਨ ਦੇ ਦੋ ਮਹਾਨ ਵੰਸ਼ਾਂ ਦੇ ਖੂਨ ਦਾ ਮਿਸ਼ਰਣ ਸੀ। ਉਸਨੂੰ ਮੰਗੋਲਾਂ ਦੀ ਤਾਕਤ ਅਤੇ ਤੁਰਕੀ ਦਾ ਠੋਸ ਸਾਹਸ ਵਿਰਾਸਤ ਵਿਚ ਮਿਲਿਆ ਸੀ।

**ਆਰੰਭਕ ਪ੍ਰਭਾਵ** : ਬਾਬਰ ਦਾ ਬਚਪਨ ਸ਼ਿਵਾਜੀ ਮਰਾਠਾ ਦੀ ਤਰ੍ਹਾਂ ਉੱਚ ਭੋਗੋਲਿਕ ਅਤੇ ਵਿਅਕਤੀਗਤ ਪਰਿਸਥਿਤੀਆਂ ਵਿਚ ਗੁਜਰਿਆ ਸੀ। ਇਨ੍ਹਾਂ ਨਾਲ ਉਸ ਦਾ ਵਿਅਕਤੀਤਵ ਤਰਾਸ਼ ਕੇ ਬਣਾਇਆ ਸੀ। ਉਸਦੇ ਨਾਨਾ ਯੁਨਸਖਾਨ ਨੇ, ਜਿਹੜੇ ਇਕ ਪ੍ਰਭਾਵਸ਼ਾਲੀ ਪ੍ਰਕ੍ਰਿਤੀ ਦੇ ਉਤੇਜਤ ਵਕਤਾ ਵੀ ਸਨ, ਬਾਬਰ ਨੂੰ ਪ੍ਰਭਾਵਿਤ ਕੀਤਾ ਸੀ – ਬਾਬਰ ਨੇ ਇਸ ਪ੍ਰਭਾਵ ਦਾ ਜਿਕਰ ਅਪਣੀ ਜੀਵਨੀ ਵਿਚ ਕੀਤਾ ਹੈ।ਬਾਬਰ ਦੀ ਨਾਨੀ ਏਸ਼ਾਨ ਦੌਲਤ ਬੇਗਮ ਨੇ ਜਿਹੜੀ ਜੰਗਲੀ ਜਾਨਵਰਾਂ ਦੇਜੀਵਨ ਦੀ ਕਠਿਨਾਈਆਂ ਤੋਂ ਬਹੁਤ ਜਾਣੂ ਸੀ ਬਾਬਰ ਨੂੰ ਸਾਹਸ ਅਤੇ ਆਤਮ ਨਿਰਭਰਤਾ ਦੀ ਸਿੱਖਿਆ ਦਿੱਤੀ। ਬਾਬਰ ਦੀ ਦਾਦੀ ਸ਼ਾਹ ਸੁਲਤਾਨਾ ਬੇਗਮ ਸਮਰਕੰਤ ਦੀ ਇਕ ਸੁਸ਼ੀਲ ਉਸਨੇ ਅਪਣੇ ਪੋਤਰੇ ਬਾਬਰ ਨੂੰ ਤਹਿਜੀਬ ਅਤੇ ਨੇਕ ਚਲਣ ਦੀ ਤਾਲੀਮ ਦਿੱਤੀ। ਪਹਾੜੀ ਜਲਵਾਯੂ ਨੇ ਬਾਬਰ ਦੇ ਸਰੀਰ ਨੂੰ ਫੌਲਾਦੀ ਬਣਾਇਆ ਅਤੇ ਉਸ ਵਿਚ ਕੁਦਰਤੀ ਪ੍ਰੇਮ ਨੂੰ ਅੱਗੇ ਵਧਾਇਆ।

**ਆਰੰਭਕਿ ਜੀਵਨ** : ਸੰਨ 1497 ਈ. ਵਿਚ ਬਾਬਰ ਦੇ ਪਿਤਾ ਉਮਰ ਸ਼ੇਖ ਜੋ ਫਰਗਨਾ ਦੇ ਸ਼ਾਸਕ ਸਨ ਅਪਣੇ ਮਹਿਲ ਦੀ ਛੱਤ ਉਤੇ ਕਬੂਤਰਾਂ ਦੀ ਲੜਾਈ ਦਾ ਆਨੰਦ ਲੈਂਦੇ ਹੋਏ ਛੱਤ ਤੋਂ ਗਿਰ ਕੇ ਮਰ ਗਏ ਉਸਸਮੇਂ ਬਾਬਰ ਦੀ ਉਮਰ ਕੇਵਲ 11 ਸਾਲ ਦੀ ਸੀ। ਇਸ ਛੋਟੀ ਉਮਰ ਵਿਚ ਉਹ ਬਾਦਸ਼ਾਹ ਬਨਿਆ। ਰਾਜ ਕਾਜ ਸੰਭਾਲਣ ਦੇ ਲਈ ਬੜੇ ਸਾਹਸ ਅਤੇ ਬੁਧੀਮਤਾ ਦੀ ਜ਼ਰੂਰਤ ਸੀ। ਡਾਂ ਈਸ਼ਵਰੀ ਪ੍ਰਸਾਦਿ ਲਿਖਦੇ ਹਨ ਕਿ ਬਾਬਰ ਕਮਜੋਰ ਅਵਸਥਾ ਵਿਚ ਸ਼ਕਤੀਸ਼ਾਲੀ ਸ਼ਤਰੂਆਂ ਨਾਲ ਘਿਰ ਗਿਆ ਸੀ। ਇਨ੍ਹਾਂ ਵਿਚ ਉਸਦੇ ਅਪਣੇ ਰਿਸ਼ਤੇਦਾਰ ਅਤੇ ਉਜਬੇਕ ਦਾ ਸ਼ਾਸਕ ਪ੍ਰਮੁਖ ਸੀ। ਸਾਹਬਾਨੀ ਖਾਨ ਨਾਲ ਤਾਂ ਅਪਣੀ ਹੋਂਦ ਲਈ ਲੜਨਾ ਹੀ ਪਿਆ। ਬਾਬਰ ਨੇ ਅਪਣੇ ਸਰਦਾਰਾਂ ਅਤੇ ਵਫਾਦਾਰ ਜਨਤਾ ਦੀ ਸਹਾਇਤਾ ਨਾਲ ਅਪਣੇ ਦੁਸ਼ਮਣਾਂ ਨੂੰ ਹਰਾ ਕੇ ਅਪਣੀ ਗੱਦੀ ਮਜਬੂਤ ਕਰ ਲਈ।

**ਬਾਬਰ ਦੀ ਸਮਰਕੰਦ ਯਾਤਰਾ (1495-1497)** : ਫਰਗਨਾ ਦੇ ਤਖਤ 'ਤੇ ਆਪਣੀ ਪਕੜ ਮਜ਼ਬੂਤ ਕਰਕੇ ਆਪਣੇ ਰਾਜ ਦੀ ਹੱਦ ਨੂੰ ਵਧਾਉਣ ਦੇ ਲਈ ਉਸ ਨੇ ਅਭਿਆਨ ਸ਼ੁਰੂ ਕੀਤਾ ਅਤੇ ਸਮਰਕੰਦ ਨੂੰ ਹੀ ਆਪਣਾ ਪਹਿਲਾ ਲਕਸ਼ ਬਣਾਇਆ। ਗਾਨਾ ਦੇ ਸਿੰਘਾਸਨ 'ਤੇ ਜੰਮ ਜਾਣ ਦੇ ਬਾਅਦ ਉਸ ਨੇ ਕੁਝ ਜਿੱਤਾਂ ਪ੍ਰਾਪਤ ਕਰਨ ਦੀ ਸੋਚੀ। ਸਭ ਤੋਂ ਪਹਿਲਾਂ ਉਸ ਨੇ ਆਪਣੀ ਅੱਖ ਸਮਰਕੰਦ 'ਤੇ ਲਗਾਈ ਜੋ ਫਰਗਾਨਾਂ ਦੇ ਇਸ ਨੌਜਵਾਨ ਦੇ ਲਈ ਇਕ ਬਹੁਤ ਖਿਚ ਦਾ ਸਥਾਨ ਸੀ। ਉਹ ਇਸ ਨਗਰ ਦੀ ਸੁੰਦਰਤਾ 'ਤੇ ਮੋਹਿਤ ਸੀ, "ਜਿਸ ਵਿੱਚ ਪ੍ਰਸਿੱਧ ਕਾਲਜ, ਮਸਜਿਦਾਂ, ਗੁਸਲਖਾਨੇ, ਸੁੰਦਰ-ਸੁੰਦਰ ਬਾਗ, ਮਹਿਲ ਅਤੇ ਸੈਰਗਾਹਾਂ ਸਨ।" ਸਮਰਕੰਦ ਦਾ ਇਹ ਨਗਰ ਇੰਨਾ ਮਨਮੋਹਕ ਸੀ ਕਿ ਬਾਬਰ ਆਪਣੀ ਆਤਮ ਕਥਾ ਵਿੱਚ ਲਿਖਦਾ ਹੈ, 'ਸਮਰਕੰਦ ਦੇ ਨਾਲ-ਭਰਾਵਾਂ ਦੀਆਂ ਦੁਕਾਨਾਂ ਵੀ ਵਧੀਆਂ ਹਨ ਅਤੇ ਉਥੇ ਦੇ ਰਸੋਈਏ ਬੜੇ ਕਾਰਜ-ਕੁਸ਼ਲ ਹਨ।

*ਨੋਟਸ* ਬਾਬਰ ਦਾ ਪੂਰਾ ਨਾਮ ਜਹੀਰੁਦੀਨ ਮੁਹੰਮਦ ਬਾਬਰ ਸੀ।

1496 ਈ. ਵਿਚ ਬਾਬਰ ਨੇ ਸਮਰਕੰਦ ਉਤੇ ਚੜ੍ਹਾਈ ਕੀਤੀ ਪਰ ਇਸ ਵਿਚ ਉਹ ਅਸਫਲ ਹੋਇਆ। ਅਗਲੇ ਹੀ ਸਾਲ ਜਾਂ 1486 ਈ. ਬਾਬਰ ਨੇ ਸਮਰਕੰਦ ਜਿੱਤ ਲੈਣ ਦਾ ਦੁਬਾਰਾ ਕੋਸ਼ਿਸ਼ ਕੀਤੀ ਅਤੇ ਇਸ ਬਾਰੇ ਉਹ ਸਫਲ ਵੀ ਹੋਇਆ। ਉਸਨੇ ਸਮਰਕੰਦ ਉੱਤੇ ਅਧਿਕਾਰ ਕਰ ਲਿਆ ਅਤੇ ਉਹ ਅਪਣੀ ਇਸ ਸਫ਼ਲਤਾ ਉਤੇ ਬਹੁਤ ਖੁਸ਼ ਹੋਇਆ। ਪਰ ਉਸਦੀ ਇਹ ਸਫ਼ਲਤਾ ਚਾਹੇ ਦੇਖਣ ਵਿਚ ਮਹੱਤਵਪੂਰਨ ਸੀ ਵਾਸਤਵਿਕ ਥੋੜ੍ਹੀ ਦੇਰ ਲਈ ਸਿੱਧ ਹੋਈ। ਕੋਈ ਇੱਥ ਸੌ ਦਿਨ ਦੇ ਬਾਦ ਉਸਨੂੰ ਇਹ ਨਗਰ ਛੱਡਣਾ ਪਿਆ। ਕਾਰਣ ਇਹ ਸੀ ਕਿ ਬਾਬਰ ਸਮਰਕੰਦ ਵਿਚ ਬੀਮਾਰ ਹੋ ਗਿਆ ਅਤੇ ਉਸ ਦੀ ਬੀਮਾਰੀ ਅਤੇ ਅਨੁਉਪਸਥਿਤੀ ਦਾ ਲਾਭ ਉਠਾ ਕੇ ਕੁਝ ਸਰਦਾਰਾਂ ਨੇ ਫਰਗਾਨਾ ਵਿਚ ਵਿਦਰੋਹ ਕਰ ਦਿੱਤਾ। ਸੁਅਸਥ ਹੁੰਦੇ ਹੀ ਬਾਬਰ ਵਿਦਰੋਹ ਦਬਾਉਣ ਦੇ ਲਈ ਸਮਰਕੰਦ ਤੋਂ ਚੱਲ ਪਿਆ ਪਰ ਇਹ ਜਾਣ ਕੇ ਉਸਨੂੰ ਬਹੁਤ ਘਬਰਾਹਟ ਹੋਈ ਕਿ ਫਰਮਾਨਾ ਉਤੇ ਤਾਂ ਉਦਰੋਹੀਆਂ ਨੇ ਪੂਰੀ ਤਰ੍ਹਾਂ ਅਧਿਕਾਰ ਜਮਾ ਲਿਆ। ਹੁਣ ਵ੍ਹ ਸਮਰਕੰਦ ਨੂੰ ਵਾਪਸ ਗਿਆ। ਪਰ ਉਹ ਵੀ ਹੱਥ ਤੋਂ ਜਾ ਚੁੱਕਾ ਸੀ। ਅਪਣੀ ਆਤਮ ਕਥਾ ਵਿਚ ਬਾਬਰ ਇਸ ਤਰ੍ਹਾਂ ਲਿਖਦਾ ਹੈ "ਫਰਗਾਨਾ ਦੀ ਖਾਤਰ ਮੈਂ ਸਮਰਕੰਦ ਛੱਡਿਆ ਸੀ ਪਰ ਹੁਣ ਪਤਾ ਲੱਗਾ ਕਿ ਮੈਨੂੰ ਦੂਜੇ ਨੂੰ ਪ੍ਰਾਪਤ ਕਰਨ ਤੋਂ ਬਿਨਾਂ ਹੀ ਪਹਿਲਾਂ ਵੀ ਖੋ ਦਿੱਤਾ ਹੈ।"

**ਬਾਬਰ ਇਕ ਵਿਚਰਨ ਵਾਲਾ ਵਿਅਕਤੀ** (Babur-a Wanderer) : ਬਾਬਰ ਇੱਕ ਘੁੰਮਣ ਫਿਰਨ ਵਾਲਾ ਵਿਅਕਤੀ ਬਣ ਗਿਆ ਸੀ ਕੇਵਲ ਇੱਕ ਰਾਜ ਰਹਿਤ ਰਾਜਾ ਫਰਿਸ਼ਤਾ ਦੇ ਸ਼ਬਦਾਂ ਵਿਚ 'ਬਾਬਰ ਭਾਗ ਦੀ ਇਕ ਫੁਟ ਬਾਲ ਜਾਂ ਸ਼ਤਰੰਜ ਦਾ ਰਾਜਾ ਬਣਿਆ ਹੋਇਆ ਸਥਾਨ ਸਥਾਨ ਘੁੰਮਣ ਲੱਗਿਆ। ਉਸ ਕੰਕਰ ਦੀ ਤਰ੍ਹਾਂ ਜਿਹੜਾ ਲਹਿਰਾਂ ਦੀਆਂ ਚਪੇੜਾਂ ਖਾਂਦਾ ਹੈ।' ਉਸਨੇ ਸਮਰਕੰਦ ਦੁਬਾਰਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਫਲ ਹੋਇਆ। ਅੰਦੀਜਾ ਨੂੰ ਲੈਣ ਦੀ ਕੋਸ਼ਿਸ਼ ਵੀ ਬੇਕਾਰ ਗਈ। ਪਰ ਚਾਹੇ ਬਾਬਰ ਦੇ ਬੁਰੇ ਦਿਨ ਆਏ ਹੋਏ ਸਨ ਉਹ ਖੁਸ਼ ਹੀ ਰਿਹਾ। ਜਿੱਥੇ ਕਿਤੇ ਵੀ ਉਹ ਗਿਆ ਉਹ ਸਦਾ ਹੀ ਖੁਸ਼ ਦਿਲ ਰਿਹਾ। 1498 ਈ. ਵਿਚ ਉਸਨੇ ਫਰਗਾਨਾ ਵਾਪਸ ਲੈ ਲਿਆ ਪਰ 1500 ਈ. ਵਿਚ ਫਿਰ ਖੋ ਦਿੱਤਾ। 1501 ਈ. ਵਿਚ ਉਹ ਸ਼ੈਬਾਨੀ ਖਾਨ ਤੋਂ ਸਮਰਕੰਦ ਖੋਹ ਲੈਣ ਵਿਚ ਸਫਲ ਹੋਇਆ। ਪਰ ਸ਼ੈਬਾਨੀ ਖਾਨ ਜਲਦੀ ਬਾਦ ਹੀ ਉਸਨੂੰ ਪਰਾਜਿਤ ਕਰਕੇ ਬਾਹਰ ਕੱਢ ਦਿੱਤਾ। 1502 ਤੋਂ 1504 ਈ. ਤਕ ਦਾ ਕਾਲ ਬਾਬਰ ਦੇ ਜੀਵਨ ਵਿਚਦੁਖਦਾਈ ਅਤੇ ਕਠੋਰ ਕਾਲ ਸੀ। ਇਨ੍ਹਾਂ ਸਾਲਾਂ ਵਿਚ ਵੁਸਨੇ ਅਸਾਧਾਰਣ ਦੁਖ ਅਤੇ ਗਰੀਬੀ ਦਾ ਸਾਹਮਣਾ ਕੀਤਾ, ਇੱਥੇ ਤਕ ਕਿ ਕਦੇ-ਕਦੇ ਤਾਂ ਉਸਨੂੰ ਘਰ ਘਰ ਭੀਖ ਮੰਗਣੀ ਪੈਂਦੀ ਅਤੇ ਸੰਕਟ ਦੇ ਰਸਤਿਆਂ ਉਤੇ ਨੰਗੇ ਪੈਰ ਚਲਣਾ ਪੈਂਦਾ।

**ਬਾਬਰ ਕਾਬੁਲ ਦਾ ਰਾਜਾ ਬਣਿਆ** (Babur the king of Kabul): ਜਦੋਂ ਬਰਾਬਰ ਦੀਆਂ ਸਾਰੀਆਂ ਆਸ਼ਾਵਾਂ ਬੁਝ ਗਈਆਂ ਤਾਂ ਉਸਨੇ ਅਪਣੇ ਪਿਆਰੇ ਦੇਸ਼ ਨੂੰ ਅੰਤਮ ਵਿਦਾ ਕਹੀ ਅਤੇ ਉਹ ਹਿੰਦੂ ਕੁਸ਼ ਦੇ ਪਾਰ ਅਪਣੀ ਕਿਸਮਤ ਪਰਖਣ ਚੱਲ ਪਿਆ। ਉਸਸਮੇਂ ਅਰਘੁਨ ਵੰਸ਼ ਦਾ ਮੁਕੀਮ ਨਾਮ ਦਾ ਵਿਅਕਤੀ ਕਾਬੁਲ ਦਾ ਰਾਜਾ ਸੀ। ਬਾਬਰ ਨੇ ਉਸਦੇ ਰੁੱਸੇ ਹੋਏ ਸਰਦਾਰਾਂ ਨੂੰ ਅਪਣੇ ਵੱਲ ਕਰਕੇ ਮੁਕੀਮ ਨੂੰ ਬਾਹਰ ਕੱਢ ਦਿੱਤਾ ਅਤੇ ਖੁਦ ਰਾਜਾ ਬਣ ਗਿਆ। ਉਹ ਅਪਣੀ ਆਤਮ ਕਥਾ ਵਿਚ ਲਿਖਦਾ ਹੈ, ਬਿਨ੍ਹਾਂ ਕਿਸੀ ਲੜਾਏਂ ਅਤੇ ਬਿਨ੍ਹਾਂ ਕਿਸੀ ਪ੍ਰਯਾਸ ਦੇ, ਕੇਵਲ ਸਰਵਸ਼ਕਤੀਮਾਨ ਈਸ਼ਵਰ ਦੀ ਕਿਰਪਾ ਅਤੇ ਦਇਆ ਦੇ ਸਹਾਰੇ ਮੈਨੂੰ ਕਾਬਲ ਗਜਨੀ ਅਤੇ ਉਨ੍ਹਾਂ ਉਤੇ ਆਸ਼ਰਿਤ ਇਲਾਕਿਆਂ ਨੂੰ ਪ੍ਰਾਪਤ ਕਰਕੇ ਅਪਣੇ ਅਧੀਨ ਕਰ ਲਿਆ। ਅਪਣੇ ਨਵੇਂ ਰਾਜ ਵਿਚ ਬਾਬਰ ਨੇ ਅਪਣੀ ਸਥਿਤੀ ਦ੍ਰਿੜ੍ਹ ਬਣਾ ਲਈ ਅਤੇ ਬਾਦਸ਼ਾਹ ਦੀ ਉਪਾਧੀ ਧਾਰਨ ਕਰ ਲਈ। ਇਕ ਐਸੀ ਉਪਾਧੀ ਜਿਹੜੀ ਉਸਦੇ ਪੂਰਵਜਾਂ ਨੇ ਅੱਜ ਤਕ ਕਦੀ ਪ੍ਰਾਪਤ ਨਹੀਂ ਕੀਤੀ ਸੀ ਅਤੇ ਜੋ ਕੇਵਲ ਮਿਰਜਾ ਦੀ ਉਪਾਧੀ ਨਾਲ ਹੀ ਸੰਤੁਸ਼ਟ ਰਹੇ।

**ਬਾਬਰ ਨੇ ਆਪਣਾ ਰਾਜ ਖੇਤਰ ਵਧਾਇਆ ਪਰ ਨਤੀਜੇ ਵਜੋਂ ਅਸਫਲਤਾ ਮਿਲੀ** (Babur's extension of territories and consequent failure): ਕਾਬੁਲ ਵਿੱਚ ਆਪਣੀ ਸਥਿਤੀ ਦ੍ਰਿੜ ਬਣਾ ਕੇ ਬਾਬਰ ਨੇ ਜ਼ਿਆਦਾ ਇਲਾਕੇ ਜਿੱਤਣ ਦੀ ਸੋਚੀ। ਉਸ ਨੇ ਸਮਰਕੰਦ ਵੱਲ ਮੂੰਹ ਕੀਤਾ। ਬਾਬਰ ਦੀ ਕਿਸਮਤ ਸਮਝੋ ਜੋ ਕਿ ਸਮਰਕੰਦ ਦਾ ਸ਼ਾਸਕ ਸ਼ੈਬਾਨੀ ਖਾਂ ਈਰਾਨ ਦੇ ਸ਼ਾਸਕ ਇਸਲੈਮ ਖਾਂ ਨਾਲ ਲੜਿਆ ਹੋਇਆ ਸੀ। ਬਾਬਰ ਨੇ ਉਨ੍ਹਾਂ ਦੀ ਦੁਸ਼ਮਣੀ ਤੋਂ ਲਾਭ ਉਠਾਇਆ। ਉਸ ਨੇ ਈਰਾਨ ਦੇ ਸ਼ਾਹ ਨਾਲ ਸੰਧੀ ਕਰ ਲਈ ਅਤੇ ਉਸ ਦੀ ਸਹਾਇਤਾ ਨਾਲ ਸਮਰਕੰਦ 'ਤੇ ਅਧਿਕਾਰ ਕਰਨ ਵਿੱਚ ਸਫਲ ਹੋ ਗਿਆ। ਉਸ ਨੇ ਤਾਸ਼ਕੰਦ, ਕੁੰਦੂਜ ਅਤੇ ਫਰਗਾਨਾ 'ਤੇ ਵੀ ਅਧਿਕਾਰ ਕਰ ਲਿਆ।

ਬਾਬਰ ਦੀ ਇਹ ਸ਼ਾਨ ਦੇਖਣ ਵਿਚ ਚਾਹੇ ਮਹੱਤਵਪੂਰਨ ਸੀ ਪਰ ਵਾਸਤਵ ਵਿਚ ਬਹੁਤ ਛੋਟੀ ਸਿੱਧ ਹੋਈ ਉਸਨੇ ਇਰਾਨ ਦੇ ਸ਼ਿਆ ਸ਼ਾਸਕ ਨਾਲ ਸੰਧੀ ਕਰ ਲਈ ਸੀ ਅਤੇ ਇਸਦੇ ਨਾਲ ਹੀ ਸ਼ਿਆ ਧਰਮ ਨੂੰ ਸੰਰਖਿਅਣ ਦਿੱਤਾ ਸੀ ਇਯ ਕਾਰਨ ਉਸ ਦੇ ਸੁੰਨੀ ਸਰਦਾਰ ਅਤੇ ਉਸਦੀ ਸੁੰਨੀ ਜਨਤਾ ਨਾਰਾਜ ਹੋ ਕੇ ਉਸ ਵਿਚ ਅਵਿਸ਼ਵਾਸ ਅਤੇ ਉਸਨੂੰ ਨਾਂਪਸੰਦ ਕਰਨ ਲੱਗੇ। ਇਸ ਦੇ ਸਿਵਾਏ ਉਬੈਦ ਉਲ੍ਹਾ ਖਾਨ ਦੇ ਨੇਤਰਤਵ ਵਿਚ ਉਜਬੇਕਾਂ ਨੇ ਫਿਰ ਤੋਂ ਅਪਣੀ ਸ਼ਕਤੀ ਬਣਾ ਲਈ। ਉਹ ਬਾਬਰ ਦੇ ਵਿਰੁਧ ਲੜੇ ਅਤੇ ਉਸੇ ਪਰਾਜਿਤ ਕਰਕੇ ਅਪਣੇ ਦੇਸ਼ ਤੋਂ ਕੱਢ ਬਾਹਰ ਕੀਤਾ। ਬਾਬਰ ਨੇ ਜਲਦੀ ਹੀ ਕੀ ਦੇਖਿਆ ਕਿ ਜਿੰਨੀ ਜਲਦੀ ਤੇਜੀ ਨਾਲ ਉਸਨੇ ਇਲਾਕੇ ਜਿੱਤੇ ਸਨ ਉਨ੍ਹੀ ਹੀ ਤੇਜੀ ਨਾਲ ਖੋ ਬੈਠਾ। ਅਤਿਯੰਤ ਨਿਰਾਸ਼ ਹੋ ਕੇ ਉਹ ਕਾਬੁਲ ਲੌਟ ਆਇਆ। ਉਸਨੂੰ ਵਿਸ਼ਵਾਸ ਹੋ ਗਿਆ ਕਿ ਪੱਛਮ ਵਿਚ ਸਫਲਤਾ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ ਇਸ ਲਈ ਉਸਨੇ ਪੂਰਬ ਵਿਚ ਅਪਣਾ ਭਾਗ ਅਜਮਾਉਣ ਦਾ ਨਿਸ਼ਚੈ ਕਰ ਲਿਆ।

ਨੋਟ

## 8.2 ਬਾਬਰ ਦੇ ਪ੍ਰਾਰੰਭਕ ਜੀਵਨ ਦਾ ਮਹੱਤਵ (Significance of Babur's Early Career)

ਬਾਬਰ ਦਾ ਪ੍ਰਾਰੰਭਕ ਜੀਵਨ ਬਹੁਤ ਮਹੱਤਵ ਰੱਖਦਾ ਹੈ। ਕਹਿੰਦੇ ਹਨ ਕਿ ਵਿਪੱਤੀ ਹੀ ਸਿੱਖਿਆ ਦਾ ਅਸਲੀ ਸਕੂਲ ਹੈ (Adversity is a true school of learning.)। ਅਪਣੇ ਇਸ ਕਾਲ ਦੇ ਕਸ਼ਟਾਂ ਅਤੇ ਦੁਖਾਂ ਨਾਲ ਉਸਦੇ ਅੰਦਰ ਇਹ ਗੁਣ ਵੀ ਆ ਗਏ। ਧੀਰਜ ਆਤਮ ਵਿਸ਼ਵਾਸ, ਸਾਹਸ, ਸ਼ਾਂਤ ਸਵਭਾਵ ਅਤੇ ਮ੍ਰਿਤੂ ਦੇ ਪ੍ਰਤੀ ਫਿਟਕਾਰਨਾ ਭਾਵ।

ਉਸ ਦਾ ਪ੍ਰਾਰਭਕ ਜੀਵਨ ਇਹ ਦਰਸਾਉਂਦਾ ਹੈ ਕਿ ਬਾਬਰ ਦਾ ਦਿਲ ਇੱਛਾਵਾਂ ਨਾਲ ਭਰਿਆ ਹੈ। 13 ਸਾਲ ਦਾ ਬਾਲਕ ਹੋ ਕੇ ਵੀ ਉਸਨੇ ਵਿਜੈ ਅਭਿਯਾਨਾਂ ਦੀ ਯੋਜਨਾਵਾਂ ਬਣਾਇਆ, ਸੱਚਮੁਚ ਵਿਜਾਵਾਂ ਪ੍ਰਾਪਤ ਕੀਤੀਆਂ ਅਤੇ ਫਿਰ ਹਾਰਾ ਖਾਈ। ਪਰ ਇਕ ਜਾਂ ਦੋ ਹਾਰਾਂ ਇਸ ਮਹਾਨ ਇੱਛਾ ਵਾਲੇ ਯੁਵਕ ਨੂੰ ਨਿਰਾਸ਼ ਨਹੀਂ ਕਰ ਸਕੀ ਜਿਹੜਾ ਅਪਣੇ ਰਾਜ ਖੇਤਰ ਦਾ ਵਿਸਤਾਰ ਕਰਨ ਲਈ ਤੁਲਾ ਹੋਇਆ ਸੀ। ਅਪਣੇ ਥੋੜੇ ਜਿਹੇ ਸਾਧਨ ਅਤੇ ਥੋੜੀ ਜਿਹੀ ਸੈਨਾ ਨਾਲ ਵੀ ਉਸਨੇ ਤਿੰਨ ਵਾਰ ਸਮਰਕੰਦ ਨੂੰ ਜਿਤ ਲਿਆ ਅਤੇ ਫਿਰ ਹਾਰ ਗਿਆ। ਕਾਬੁਲ ਦੀ ਉਸ ਦੀ ਵਿਜੈ, ਉਸਦੀ ਪਾਦਸ਼ਾਹੀ ਦੀ ਉਪਾਧੀ ਧਾਰਣ ਕਰਨਾ ਪੂਰਵਜਾਂ ਦੇ ਇਲਾਕੇ ਫਿਰ ਤੋਂ ਪ੍ਰਾਪਤ ਕਰਨ ਦੇ ਪ੍ਰਯਤਨ ਸਭ ਬਾਬਰ ਦੀ ਅਭਿਲਾਸ਼ਾ ਦਾ ਸੂਚ ਹੈਨ। ਅਖੀਰਲੀ ਗੱਲ ਇਹ ਹੈ ਕਿ ਬਾਬਰ ਦੇ ਇਸ ਆਰੰਭਕ ਜੀਵਨ ਨੇ ਵੁਸਨੂੰ ਭਾਰਤ ਦੇ ਅੰਦਰ ਅਪਣੀ ਮਹੱਤਵਪੂਰਣ ਸਫਲਤਾਵਾਂ ਲਈ ਤਿਆਰ ਕਰ ਦਿੱਤਾ। ਬਾਬਰ ਨੂੰ ਕਈ ਤਰ੍ਹਾਂ ਦੇ ਸ਼ਤਰੂਆਂ ਨਾਲ ਲੜਨਾ ਪਿਆ ਜਿਸ ਤਰ੍ਹਾਂ ਤੁਰਕ ਮੰਗੋਲ ਉਜਬੇਕ ਇਰਾਨੀ ਅਤੇ ਅਫਗਾਨੀ ਲੋਕ। ਉਨ੍ਹਾਂ ਦੇ ਵਿਰੁਧ ਲੜਦੇ-ਲੜਦੇ ਉਸਨੇ ਲੜਾਈ ਦੇ ਅਦਭੁਤ ਤਰੀਕੇ ਅਤੇ ਸੈਨਿਕ ਕਾਰਜ ਨੀਤੀਆਂ ਵੀ ਸਿੱਖ ਲਈਆ। ਮੰਗੋਲਾਂ ਅਤੇ ਉਜਬੇਕਾਂ ਤੋਂ ਤਾਂ ਉਸਨੇ ਕਈ ਪ੍ਰਕਾਰ ਦੀਆਂ ਸੈਨਿਕ ਕਾਰਜ ਨੀਤੀਆਂ ਸਿੱਖੀ ਇਰਾਨੀਆਂ ਤੋਂ ਉਸਨੇ ਬਾਰੂਦ ਦਾ ਪ੍ਰਯੋਗ ਸਿੱਖਿਆ ਅਤੇ ਤੁਰਕਾਂ ਤੋਂ ਉਸਨੇ ਫੁਰਤੀਲੇ ਘੋੜ ਰਸਾਲੇ ਦਾ ਪ੍ਰਯੋਗ ਸਿੱਖਿਆ ਇਸ ਪ੍ਰਕਾਰ ਉਹ ਇਕ ਉਤਮ ਯੁੱਧ ਪ੍ਰਣਾਲੀ ਸਥਾਪਿਤ ਕਰਨ ਦੇ ਯੋਗ ਹੋਇਆ। ਇਸ ਦੇ ਸਿਵਾਏ ਅਪਣੇ ਇਸ ਕਾਲ ਵਿਚ ਬਾਬਰ ਨੇ ਉਸਤਾਦ ਅਲੀ ਅਤੇ ਮੁਸਤਫਾ ਜਿਹੇ ਦੋ ਮਾਹਿਰ ਤੋਪਚੀਆਂ ਦੀ ਸੇਵਾਵਾਂ ਵੀ ਪ੍ਰਾਪਤ ਕਰ ਲਈਆਂ ਜਿਨ੍ਹਾਂ ਨੇ ਉਸਦੇ ਲਈ ਇੱਕ ਸ਼ਕਤੀਸ਼ਾਲੀ ਤੋਪ ਖਾਨਾ ਤਿਆਰ ਕੀਤਾ ਅਤੇ ਉਸਨੇ ਭਾਰਤ ਦੀ ਅਪਣੀ ਵਿਜੈ ਵਿਚ ਬਹੁਤ ਸਹਾਇਤਾ ਦਿੱਤੀ।

## 8.3 ਬਾਬਰ ਦੇ ਹਮਲੇ ਦੇ ਸਮੇਂ ਭਾਰਤ ਦੀ ਰਾਜਨੀਤਿਕ ਦਸ਼ਾ (The Political Condition of India on the Eve of Babur's Invasion)

16 ਵੀ. ਸਦੀ ਦੇ ਸ਼ੁਰੂ ਵਿਚ ਭਾਰਤ ਰਾਜਾ ਦੀ ਭੀੜ ਸੀ। ਦਿੱਲੀ ਦੀ ਸੁਲਤਾਨ ਸ਼ਾਹੀ ਦੇ ਪਤਨ-ਬਰਬਾਦੀ ਦੇ ਕਾਰਣ ਜਿਹੜੀ ਉਸਸਮੇਂ ਤਕ ਸ਼ੁਰੂ ਹੋਚੁਕੀ ਸੀ ਬਹੁਤ ਛੋਟੇ-ਛੋਟੇ ਸੁਤੰਤਰ ਰਾਜ ਉਭੱਰ ਆਏ ਸਨ। ਅਪਣੀ ਆਤਮਕਥਾ ਵਿਚ ਬਾਬਰ ਲਿਖਦਾ ਹੈ ਕਿ ਜਦੋਂ ਉਸਨੇ ਭਾਰਤ ਉਤੇ ਆਕ੍ਰਮਣ ਕੀਤਾ ਤਾਂ ਉਥੇ ਕੋਈ ਮੱਤ ਮਹੱਤਵ ਪੂਰਣ ਰਾਜ ਸਨ ਜਿਨ੍ਹਾਂ ਵਿਚ ਪੰਜ ਸਨ ਮੁਸਲਮਾਨ ਰਾਜ ਅਤੇ ਦੋ ਸਨ ਹਿੰਦੂ ਰਾਜ। ਇਨ੍ਹਾਂ ਰਾਜਾ ਦੇ ਸਿਵਾਏ ਜਿਨ੍ਹਾਂ ਦਾ ਬਾਬਰ ਵਰਣਨ ਕਰਦਾ ਹੈ ਉੱਥੇ ਦੂਜੇ ਰਾਜ ਵੀ ਸਨ ਜਿਹੜੇ ਭਾਰਤ ਦੀ ਰਾਜਨੀਤੀ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇਸਨ। ਉਤਰੀ ਭਾਰਤ ਦੇ ਮਹੱਤਵਪੂਰਣ ਸਵਤੰਤਰ ਰਾਜਾ ਵਿਚ ਇਨ੍ਹਾ ਰਾਜਾ ਦਾ ਨਾਮ ਦਿੱਤਾ ਜਾ ਸਕਦਾ ਹੈ – ਦਿੱਲੀ ਬੰਗਾਲ ਮੇਵਾੜ ਗੁਜਰਾਤ ਮਾਲਵਾ ਖਾਨਦੇਸ਼ ਪੰਜਾਬ ਸਿੰਘ ਅਤੇ ਕਾਸ਼ਮੀਰ। ਇਹ ਰਾਜ ਆਪਸ ਵਿਚ ਲੜਦੇ ਰਹਿੰਦੇ ਸਨ ਅਤੇ ਇਸ ਪ੍ਰਕਾਰ ਬਹੁਤ ਕਮਜੋਰ ਹੋ ਚੁੱਕੇ ਸਨ। ਦੱਖਣ ਭਾਰਤ ਜਾਂ ਦੱਕਣ ਕੋਈ ਵਧੀਆ ਦਸ਼ਾ ਵਿਚ ਨਹੀਂ ਸੀ। ਉਥੇ ਇਕ ਪਾਸੇ ਬਹਰਾਨੀ ਅਤੇ ਵਿਜੈ ਨਗਰ ਵਿਚ ਟੱਕਰ ਲੱਗੀ ਹੋਈ ਸੀ ਅਤੇ ਦੂਸਰੀ ਵੱਲ ਅਹਮਦ ਨਗਰ ਬੀਜਾਪੁਰ ਗੋਲਕੁੰਡਾ ਬਿਦਾਰ ਅਤੇ ਬੈਰਾਰ ਦੇ ਸ਼ਿਆ ਰਾਜ ਆਪਸ ਵਿਚ ਲੜ ਰਹੇ ਸਨ।

### 8.3.1 ਉਤੱਰੀ ਭਾਰਤ ਦੇ ਰਾਜ (States in Northern India)

**(i) ਦਿੱਲੀ ਰਾਜ** (Delhi Kingdom) – 16 ਵੀ. ਸਦੀ ਦੇ ਸ਼ੁਰੂ ਤਕ ਦਿੱਲੀ ਦਾ ਰਾਜ ਬਹੁਤ ਕਮਜੋਰ ਹੋ ਚੁੱਕਾ ਸੀ। ਇਬ੍ਰਾਹੀਮ ਲੋਦੀ ਇਸ ਰਾਜ ਦਾ ਸ਼ਾਸਕ ਸੀ। ਉਹ ਇਕ ਕਮਜੋਰ ਨਿਕੰਮਾ ਅਤੇ ਦੁਰਾਚਾਰੀ ਵਿਅਕਤੀ ਸੀ ਬਾਬਰ ਅਪਣੀ ਆਤਮ ਕਥਾ ਵਿਚ ਲਿਖਦਾ ਹੈ ਕਿ **"ਇਬ੍ਰਾਹੀਮ ਇਕ ਅਨੁਭਵਹੀਨ ਜਵਾਨ ਵਿਅਕਤੀ ਸੀ ਜਿਹੜਾ ਅਪਣੀ ਚਾਲ ਢਾਲ ਵਿਚ ਬੜਾ ਲਾਪਰਵਾਹ ਸੀ ਜਿਹੜਾ ਬਿਨਾਂ ਨਿਯਮ ਚਲਦਾ ਬਿਨਾ ਯੋਜਨਾ ਰੁਕਦਾ ਜਾਂ ਪਿੱਛੇ ਹੱਟਿਆ ਅਤੇ ਬਿਨਾਂ ਸੋਚ ਸਮਝੇ ਯੁੱਧ ਵਿਚ ਕਰਦਾ ਸੀ।"** ਕਹਿਣ ਨੂੰ ਤਾਂ ਉਹ ਲੋਧੀ ਰਾਜ ਭੇਗ ਤੋਂ ਬਿਹਾਰ ਤਕ ਫੈਲਿਆ ਹੋਇਆ ਸੀ ਪਰ ਅਸਲ ਵਿਚ ਇਸ ਰਾਜ ਵਿਚ ਕੇਵਲ ਦਿੱਲੀ, ਆਗਰਾ, ਦੋਆਬ ਬਿਆਨਾ ਅਤੇ ਚੰਦੇਰੀ ਦੇ ਇਲਾਕੇ ਸ਼ਾਮਲ ਸਨ। ਪੰਜਾਬ ਇਸ ਤੋਂ ਅਲਗਿ ਹੋ ਚੁੱਕਿਆ ਸੀ ਅਤੇ ਉਹ ਦੌਲਤ ਖਾਨ ਲੋਦੀ ਦੇ ਅਧੀਨ ਸੁਤੰਤਰ ਬਣ ਚੁਕਿਆ ਸੀ। ਪੱਛਮ ਵਿਚ ਸਿੰਧ ਅਤੇ ਮੁਲਤਾਨ ਅਤੇ ਪੂਰਬ ਵਿਚ ਜੌਨਪੁਰ, ਬੰਗਾਲ, ਉੜੀਸਾ ਆਦਿ ਸੁਤੰਤਰ ਹੋ ਚੁੱਕੇ ਸਨ। ਇਬ੍ਰਾਹੀਮ ਦੇ ਘਮੰਡੀ ਅਤੇ ਨਿਰਦਇਤਾ ਪੂਰਣ ਵਿਵਹਾਰ ਨੇ ਕਈ ਹਿੱਸਿਆਂ ਵਿਚ ਵਿਦਰੋਹ ਖੜ੍ਹੇ ਕਰ ਦਿੱਤੇ ਸਨ। ਬਿਹਾਰ ਦੇ ਦਰਿਆ ਖਾਨ ਅਤੇ ਲਾਹੌਰੀ ਨੇ ਲੋਦੀ ਸਮਰਾਟ ਦੇ ਵਿਰੁਧ ਇੱਕ ਬੜਾ ਵਿਦਰੋਹ ਖੜ੍ਹਾ ਕਰ ਦਿੱਤਾ ਅਤੇ ਇਹ ਉਸੀ ਦੇ ਸ਼ਾਨਦਾਰ ਨੇਤਰਤਵ ਦੇ ਕਾਰਣ ਸੀ ਕਿ ਵਿਦਰੋਹੀ ਲੋਕ ਵਿਦਰੋਹ ਨੂੰ ਦਬਾਉਣ ਦੇ ਲਈ ਇਬ੍ਰਾਹੀਮ ਦੇ ਦੁਆਰਾ ਭੇਜੀ

ਨੋਟ

ਹੋਈ ਸੈਨਾ ਨੂੰ ਹਰਾਉਣ ਲਈ ਕਈ ਵਾਰ ਸਫਲ ਹੋਏ। ਉਧਰ ਮੇਵਾੜ ਦਾ ਰਾਣਾ ਸੰਗ੍ਰਾਮ ਸਿੰਘ ਵੀ ਲੋਦੀ ਸ਼ਾਸਕ ਨੂੰ ਕੱਢ ਬਾਹਰ ਕਰਨ ਅਤੇ ਦਿੱਲੀ ਵਿਚ ਅਪਣਾ ਨਿਜੀ ਸ਼ਾਸਨ ਸਥਾਪਿਤ ਕਰਨ ਦੀ ਯੋਜਨਾ ਬਣਾ ਰਿਹਾ ਸੀ। **ਸੰਖੇਪ ਵਿਚ ਦਿੱਲੀ ਰਾਜ ਬਹੁਤ ਕਮਜ਼ੋਰ ਹੋ ਚੁੱਕਿਆ ਸੀ ਅਤੇ ਉਥੇ ਬੜੀ ਗੜ-ਬੜ ਮੱਚੀ ਹੋਈ ਸੀ।**

**(ii) ਬੰਗਾਲ** (Bengal) – ਬੰਗਾਲ ਜਿਹੜਾ ਕਦੀ ਦਿੱਲੀ ਰਾਜ ਦਾ ਅੰਗ ਸੀ। 16 ਵੀ ਸਦੀ ਦੇ ਸ਼ੁਰੂ ਤਕ ਸੁਤੰਤਰ ਹੋ ਚੁੱਕਾ ਸੀ। ਇਹ ਹੁਸੈਨੀ ਵੰਸ਼ ਦੇ ਸ਼ਾਸਕਾਂ ਦੁਆਰਾ ਸ਼ਾਸਤ ਸੀ। 1493–1519 ਈ. ਤਕ ਅਲਾਉਦੀਨ ਹੁਸੈਨੀ ਸ਼ਾਹ ਇਸ ਦਾ ਸ਼ਾਸਕ ਸੀ। ਉਹ ਇੱਕ ਸ਼ਕਤੀਸ਼ਾਲੀ ਸਮਰਾਟ ਸੀ ਜਿਸਨੇ ਬਹੁਤ ਸਾਰੀ ਜਿੱਤਾਂ ਪ੍ਰਾਪਤ ਕਰਕੇ ਅਪਣਾ ਰਾਜ ਬਹੁਤ ਵਧਾ ਲਿਆ ਸੀ। 1519 ਈ. ਵਿਚ ਉਸ ਦਾ ਸਥਾਨ ਉਸੇ ਦੇ ਬੇਟੇ ਨੁਸਰਤ ਸ਼ਾਹ ਨੇ ਲਿਆ। ਉਹ ਵੀ ਇਕ ਬੜਾ ਸ਼ਾਸਕ ਸੀ। ਬਾਬਰ ਉਸ ਦਾ ਇਸ ਤਰ੍ਹਾਂ ਵਰਣਨ ਕਰਦਾ ਹੈ ਕਿ **"ਉਹ ਹਿੰਦੁਸਤਾਨ ਦੇ ਅੰਦਰ ਬੜੇ ਕੰਮ ਦਾ ਸ਼ਹਿਜਾਦਾ ਸੀ।"**

**(iii) ਮਾਲਵਾ** (Malwa) – ਉਸ ਕਾਲ ਵਿਚ ਭਾਰਤ ਦੇ ਕੇਂਦਰੀ ਹਿੱਸੇ ਵਿਚ ਇਕ ਹੋਰ ਬੜਾ ਰਾਜ ਸੀ – ਮਾਲਵਾ ! ਇਸ ਉਤੇ ਖਿਲਜੀ ਵੰਸ਼ ਦਾ ਸ਼ਾਸਨ ਸੀ ਬਾਬਰ ਦੇ ਆਕ੍ਰਮਣ ਦੇ ਸਮੇਂ ਇਹ ਸੁਲਤਾਨ ਮਹਮੂਦ ਦੂਜਾ ਦੇ ਅਧੀਨ ਸੀ। ਰਾਜ ਦਾ ਕੰਮ ਅਸਲ ਵਿਚ ਇੱਕ ਸ਼ਕਤੀਸ਼ਾਲੀ ਵਿਅਕਤੀ ਮੈਦਾਨੀ ਰਾਉ ਚਲਾਉਣਾ, ਜਿਸਨੇ ਮਹਮੂਦ ਨੂੰ ਸਿੰਘਾਸਨ ਦਬਾਉਣ ਲਈ ਸਹਾਇਤਾ ਕੀਤੀ ਸੀ। ਕਈ ਵਾਰ ਮਹਮੂਦ ਦੂਜਾ ਨੇ ਰਾਜਪੂਤ ਪ੍ਰਭੁਤਵ ਤੋਂ ਛੁਟਕਾਰਾ ਲੈਣ ਦੀ ਕੋਸ਼ਿਸ਼ ਕੀਤੀ ਅਤੇ ਉਹ ਵੀ ਗੁਜਰਾਤ ਦੇ ਸ਼ਾਸਕ ਦੀ ਮਦਦ ਨਾਲ। ਪਰ ਮੈਦਾਨੀ ਰਾਉ ਮੇਵਾੜ ਦੇ ਰਾਣਾ ਸਾਂਗਾ ਦੀ ਸਹਾਇਤਾ ਨਾਲ ਮਹਮੂਦ ਲਈ ਇਕ ਮੁਸੀਬਤ ਬਣਿਆ ਰਿਹਾ। ਮਹਮੂਦ ਦੀ ਹਾਰ ਹੋਈ ਅਤੇ ਉਹ ਇਸ ਰਾਜਪੂਤ ਸਰਦਾਰ ਦੇ ਹੱਥ ਆ ਗਿਆ ਜਿਸਨੇ ਬੜੀ ਉਦਾਰਤਾ ਦਿਖਾਈ ਅਤੇ ਉਸਨੂੰ ਮੁਕਤ ਕਰਕੇ ਉਸ ਦਾ ਰਾਜ ਉਸਨੂੰ ਵਾਪਸ ਦੇ ਦਿੱਤਾ। ਬਾਹਰੀ ਆਕ੍ਰਮਣਾਂ ਦੇ ਸਿਵਾਏ ਮਾਲਵਾ ਦੇ ਰਾਜ ਸਿਵਾਏ ਝਗੜਿਆਂ ਅਤੇ ਵਿਦਰੋਹਾਂ ਦੇ ਕਾਰਣ ਹੋਰ ਵੀ ਕਮਜ਼ੋਰ ਹੋ ਗਿਆ।

**(iv) ਗੁਜਰਾਤ** (Gujarat) – ਦੇਸ਼ ਦੇ ਪੱਛਮੀ ਹਿੱਸੇ ਵਿਚ ਗੁਜਰਾਤ ਇੱਕ ਸ਼ਕਤੀਸ਼ਾਲੀ ਰਾਜ ਸੀ। ਉਸ ਸਮੇਂ ਇਸ ਦਾ ਸ਼ਾਸਕ ਸੁਲਤਾਨ ਮੁਹੰਮਦ ਮੁਜੱਫਰ ਸ਼ਾਹ ਦੂਜਾ ਸੀ। ਉਹ ਇਕ ਬਲਵਾਨ ਸ਼ਾਸਕ ਸੀ ਅਤੇ ਉਸਨੇ ਮਾਲਵਾ ਰਾਜ ਨੂੰ ਥੋੜਾ–ਥੋੜਾ ਕਰਕੇ ਅਪਣੇ ਰਾਜ ਨੂੰ ਬਹੁਤ ਵਧਾ ਲਿਆ ਸੀ। ਪਰ ਉਸ ਦੀਆਂ ਯੋਜਨਾਵਾਂ ਮੇਵਾੜ ਦੇ ਰਾਣਾ ਸਾਂਗਾ ਨੇ ਮਿੱਟੀ ਵਿਚ ਮਿਲਾ ਦਿੱਤੀਆਂ ਜਿਸਨੇ ਉਸਨੂੰ ਬਹੁਤ ਬੁਰੀ ਹਾਰ ਦਿੱਤੀ। 1526 ਈ. ਵਿਚ ਉਸਦੇ ਮਰਨ ਤੋਂ ਬਾਅਦ ਉਸਦਾ ਸਥਾਨ ਉਸਦੇ ਪੁੱਤਰ ਬਹਾਦੁਰ ਸ਼ਾਹ ਨੇ ਲਿਆ ਜਿਹੜਾ ਤਾਂਘਵਾਨ ਵਿਅਕਤੀ ਸੀ।

**(v) ਮੇਵਾੜ** (Mewar) – 16 ਵੀਂ ਸਦੀ ਦੀ ਸ਼ੁਰੂਆਤ ਵਿਚ ਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਰਾਜ ਮੇਵਾੜ ਦਾ ਰਾਜ ਸੀ। ਇਸ ਉਤੇ ਸਿਸੋਦਿਆ ਵੰਸ਼ ਦਾ ਰਾਣਾ ਸੰਗ੍ਰਾਮ ਸਿੰਘ ਸ਼ਾਸਨ ਕਰਦਾ ਸੀ ਜਿਹੜਾ ਰਾਣਾ ਸਾਂਗਾ ਦੇ ਨਾਮ ਤੋਂ ਪ੍ਰਸਿੱਧ ਰਾਣਾ ਕੁੰਭ ਦਾ ਵੰਸ਼ਜ ਸੀ। ਉਹ ਰਾਏ ਮਲ ਦਾ ਸਭ ਤੋਂ ਛੋਟਾ ਪੁੱਤਰ ਸੀ ਅਤੇ 1509 ਈ. ਵਿਚ ਅਪਣੇ ਪਿਤਾ ਦੀ ਮ੍ਰਿਤੂ ਦੇ ਬਾਅਦ ਮੇਵਾੜ ਦਾ ਸ਼ਾਸਕ ਬਣਿਆ। ਉਸਦਾ ਸਿੰਘਾਸਨ ਉੱਤੇ ਬੈਠਣਾ ਇਸ ਦੇਸ਼ ਦੇ ਇਤਿਹਾਸ ਵਿਚ ਇੱਕ ਨਵੇਂ ਯੁਗ ਦਾ ਪ੍ਰਭਾਵ ਕਾਲ ਸੀ। ਉਹ ਬੜਾ ਵੀਰ ਅਤੇ ਤਾਂਘਵਾਨ ਸਰਦਾਰ ਸੀ ਜਿਸਨੇ ਅਨੇਕ ਜਿੱਤਾਂ ਪ੍ਰਾਪਤ ਕੀਤੀਆਂ, ਅਪਣੇ ਰਾਜ ਦਾ ਵਿਸਤਾਰ ਕੀਤਾ ਅਤੇ ਅਪਣੇ ਸੈਨਿਕ ਸਾਧਨਾਂ ਵਿਚ ਵਾਧਾ ਕੀਤਾ। ਟਾਂਡ ਲਿਖਦਾ ਹੈ "ਜਦੋਂ ਉਹ ਲੜਾਈ ਵਿਚ ਜਾਂਦਾ ਹੈ ਤਾਂ 80,000 ਘੋੜ ਸਵਾਰ 7 ਵੱਡੇ ਰਾਜਾ 9 ਰਾਓ ਅਤੇ 104 ਸਰਦਾਰ ਜਿਨ੍ਹਾਂ ਨੂੰ ਰਾਵਲ ਅਤੇ ਰਾਬਤ ਦੀ ਉਪਾਧੀ ਪ੍ਰਾਪਤ ਸੀ 500 ਜੰਗੀ ਹਾਥੀ ਲੈ ਕੇ ਉਸਦੇ ਨਾਲ ਜਾਂਦੇ" ਰਾਣਾ ਸਾਂਗਾ ਇੱਕ ਸੌ ਯੁੱਧਾਂ ਦਾ ਸੂਰਬੀਰ ਸੀ ਅਤੇ ਉਸਦੇ ਸਰੀਰ ਉਤੇ ਏਨੇ ਹੀ ਜਖਮ ਹੋ ਚੁੱਕੇ ਸਨ। ਉਸਦੀ ਇੱਕ ਅੱਖ ਵੀ ਜਾਂਦੀ ਰਹੀ। ਉਸ ਦੀ ਇਕ ਬਾਂਹ ਵੀ ਵੱਢ ਹੋ ਗਈ। ਅਪਨੀ ਵਿਅਕਤੀਗਤ ਸੂਰਬੀਰਤਾ ਦੁਆਰਾ ਉਸਨੇ ਪੜੋਸ ਦੇ ਮੁਸਲਿਮ ਸ਼ਾਸਕਾਂ ਦੇ ਦਿਲ ਕੰਬਣ ਲੱਗੇ ਖਾਸ ਕਰਕੇ ਦਿੱਲੀ ਮਾਲਵਾ ਅਤੇ ਗੁਜਰਾਤ ਦੇ ਸ਼ਾਸਕਾਂ ਦੇ। ਉਸਦੀ ਸਭ ਤੋਂ ਵੱਡੀ ਇੱਛਾ ਇਹ ਸੀ ਕਿ ਸਾਰੇ ਭਾਰਤ ਵਿਚ ਅਪਣਾ ਸ਼ਾਸਨ ਸਥਾਪਿਤ ਕਰੇ ਅਤੇ ਇਸ ਪ੍ਰਕਾਰ ਹਿੰਦੂ ਬਾਦਸ਼ਾਹੀ ਨੂੰ ਫਿਰ ਤੋਂ ਖੜ੍ਹਾ ਕਰੇ। ਅਪਨੀ ਇਸ ਪ੍ਰਭਾਵਸ਼ਾਲੀ ਇੱਛਾ ਨੂੰ ਪੂਰਾ ਕਰਨ ਦੇ ਲਈ ਤਾਂ ਉਸਨੇ ਬਾਬਰ ਨੂੰ ਭਾਰਤ ਉਤੇ ਚੜ੍ਹਾਈ ਕਰਨ ਦਾ ਸੱਦਾ ਦਿੱਤਾ ਸੀ ਅਤੇ ਕਹਿੰਦੇ ਹਨ ਕਿ ਇਬ੍ਰਾਹੀਮ ਦੇ ਵਿਰੁਧ ਹਰ ਤਰ੍ਹਾਂ ਦੀ ਸਹਾਇਤਾ ਕਰਨ ਦਾ ਵਾਅਦਾ ਕੀਤਾ।

**(vi) ਪੰਜਾਬ** (Punjab) – ਪੰਜਾਬ ਜਿਹੜਾ ਕਹਿਣ ਵਿਚ ਤਾਂ ਦਿੱਲੀ ਰਾਜ ਦਾ ਇਕ ਹਿੱਸਾ ਸੀ ਪਰ ਅਸਲ ਰੂਪ ਨਾਲ 16 ਵੀ. ਸਦੀ ਦੇ ਸ਼ੁਰੂ ਤਕ ਸੁਤੰਤਰ ਹੋ ਚੁੱਕਿਆ ਸੀ। ਇਬ੍ਰਾਹੀਮ ਲੋਦੀ ਦਾ ਇਕ ਸਗਾ ਸੰਬੰਧੀ ਦੌਲਤ ਖਾਂ ਲੋਦੀ ਇਸ ਦਾ ਸ਼ਾਸਕ ਸੀ। ਸੁਲਤਾਨ ਇਬ੍ਰਾਹੀਮ ਦੇ ਘਮੰਡੀ ਸੁਭਾਅ ਤੋਂ ਤੰਗ ਆ ਕੇ ਅਤੇ ਉਸਦੀ ਕਮਜ਼ੋਰੀ ਤੇ ਅਯੋਗਤਾ ਦਾ ਲਾਭ ਲੈ ਕੇ ਦੋਲਤ ਖਾਂ ਨੇ ਅਪਣੇ ਆਪ ਨੂੰ ਆਜਾਦ ਕਰ ਲਿਆ ਅਤੇ ਉਹ ਇਬ੍ਰਾਹੀਮ ਦੇ ਵਿਰੁਧ ਬਦਲਾ ਲੈਣ ਦੀ ਯੋਜਨਾ ਬਣਾਉਣ ਲੱਗਾ। ਜਦੋਂ ਇਬ੍ਰਾਹੀਮ ਨੂੰ ਇਹ ਸਭ ਕੁਝ ਪਤਾ ਲੱਗਾ ਤਾਂ ਉਸਦੇ ਵਿਦਰੋਹੀ ਰਾਜਪਾਲ ਦੇ ਵਿਰੁਧ ਕਾਰਵਾਈ ਕਰਨ ਦਾ ਨਿਸਚੈ ਕਰ ਲਿਆ। ਉਸਨੇ ਇੱਕ ਆਦੇਸ਼ ਜਾਰੀ ਕੀਤਾ ਕਿ ਦੌਲਤ ਖਾਂ ਮੇਰੇ ਦਰਬਾਰ ਵਿਚ ਆ ਕੇ ਅਪਣੇ ਆਚਰਣ ਦੀ ਵਿਆਖਿਆ ਕਰੇ। ਦੌਲਤ ਖਾਨ ਨੇ ਟਾਲ–ਮਟੋਲ ਦਾ ਜਵਾਬ ਭੇਜ ਦਿੱਤਾ ਪਰ ਇਸ ਉਦੇਸ਼ ਨਾਲ ਕਿ ਸੁਲਤਾਨ ਦਾ ਕ੍ਰੋਧ ਟਲ ਜਾਏ ਉਸਨੇ ਅਪਣੇ ਪੁੱਤਰ ਦਿਲਾਵਰ ਖਾਂ ਨੂੰ ਦਰਬਾਰ ਵਿਚ ਭੇਜ ਦਿੱਤਾ। ਇਬ੍ਰਾਹੀਮ ਨੇ ਉਸਨੂੰ ਉਸਦੇ ਪਿਤਾ ਦੇ ਦੁਰਾਚਰਣ ਦੇ ਕਾਰਣ ਝਿੜਕੀਆਂ ਦਿੱਤੀਆਂ ਅਤੇ ਉਸਨੂੰ ਸਭ ਪਾਸੇ ਘੁਮਾ ਕੇ ਦਿਖਾਇਆ ਕਿ ਹੁਕਮ ਨਾਂ ਮੰਨਣ ਵਾਲੇ ਸੈਨਾਪਤੀਆਂ ਦੀ ਕੀ ਦੁਰਦਸ਼ਾ ਹੁੰਦੀ ਹੈ। ਤਦ ਇਬ੍ਰਾਹੀਮ ਨੇ ਦਿਲਾਵਰ ਖਾਂ ਨੂੰ

ਨੋਟ

ਦੱਸਿਆ ਕਿ ਜੇਕਰ ਤੁਹਾਡਾ ਪਿਤਾ ਵਿਦਰੋਹੀ ਬਣਿਆ ਰਿਹਾ ਤਾਂ ਉਸਦੇ ਨਾਲ ਵੀ ਐਸੀ ਹੀ ਹੋਵੇਗੀ। ਦਿਲਾਵਰ ਖਾਂ ਨੂੰ ਬੰਦੀ ਬਣਾ ਲਿਆ ਪਰ ਉਹ ਜਿਸ ਕਿਸੀ ਤਰ੍ਹਾਂ ਬੱਚ ਕੇ ਨੱਸ ਆਇਆ ਅਤੇ ਅਪਣੇ ਪਿਤਾ ਨੂੰ ਦੱਸਿਆ ਕਿ ਸੁਲਤਾਨ ਆਪਦੇ ਵਿਰੁਧ ਕਾਰਵਾਈ ਕਰਨ ਲਈ ਗੁੱਸੇ ਵਿਚ ਹੈ। ਦੌਲਤ ਖਾਨ ਇਕ ਚਾਲਕ ਰਾਜਨੀਤੀਗ ਹੋਣ ਦੇ ਨਾਤੇ ਇਹ ਸੋਚਣ ਲੱਗਾ ਕਿ ਚੰਗਾ ਇਹੋ ਹੀ ਹੈ ਕਿ ਮੈਂ ਦਿੱਲੀ ਦੇ ਸੁਲਤਾਨ ਨਾਲ ਸੰਬੰਧ ਤੋੜ ਲਵਾਂ। ਅਪਣੀ ਸਥਿਤੀ ਨੂੰ ਸੁਰੱਖਿਅਤ ਬਣਾਉਣ ਲਈ ਉਸਨੇ ਬਾਬਰ ਨੂੰ ਸੱਦਾ ਦੇ ਦਿੱਤਾ ਅਤੇ ਇਬ੍ਰਾਹੀਮ ਦੇ ਵਿਰੁਧ ਉਸ ਦੀ ਸਹਾਇਤ ਕਰਨ ਦਾ ਵਾਅਦਾ ਵੀ ਕੀਤਾ।

**(vii) ਖਾਨਦੇਸ਼** (Khandesh) – ਖਾਨਦੇਸ਼ ਜਿਹੜਾ ਕਿ ਦਿੱਲੀ ਰਾਜ ਦਾ ਇਕ ਪ੍ਰਾਂਤ ਸੀ, 14 ਵੀਂ ਸਦੀ ਦੇ ਅਖੀਰ ਤਕ ਸਵਾਧੀਨ ਹੋ ਚੁੱਕਿਆ ਸੀ। ਆਦਲ ਖਾਂ ਫਰੂਕੀ ਨੇ, ਜਿਸਨੇ ਇਸ ਉਤੇ 1457 ਤੋਂ 1503 ਈ. ਤਕ ਸ਼ਾਸਨ ਕੀਤਾ, ਇਸ ਰਾਜ ਦੀ ਭੌਤਿਕ ਸਮ੍ਰਿਧੀ ਨੂੰ ਵਧਾਉਣ ਲਈ ਬਹੁਤ ਕੁਝ ਕੀਤਾ। ਉਸਦੇ ਸ਼ਾਸਨ ਕਾਲ ਵਿਚ ਇਸ ਰਾਜਧਾਨੀ ਬਰਹਾਨਪੁਰ ਭਾਰਤ ਦਾ ਇੱਕ ਅਤਿਯੰਤ ਹੀ ਆਕਰਸ਼ਕ ਨਗਰ ਬਣ ਗਿਆ। ਬਾਬਰ ਦੇ ਆਕ੍ਰਮਣ ਦੇ ਸਮੇਂ ਮੀਰ ਮੁਹੰਮਦ ਇਸ ਰਾਜ ਦਾ ਸ਼ਾਸਕ ਸੀ।

**(viii) ਸਿੰਧ ਅਤੇ ਕਸ਼ਮੀਰ** (Sindh and Kashmir) – ਸਿੰਧ ਅਤੇ ਕਸ਼ਮੀਰ ਵੀ ਸਵਾਧੀਨ ਰਾਜ ਬਣ ਚੁੱਕੇ ਸਨ ਪਰ ਉਹ ਹਿੰਦੁਸਤਾਨ ਦੀ ਰਾਜਨੀਤੀ ਵਿਚ ਕੋਈ ਖਾਸ ਹਿੱਸਾ ਨਹੀਂ ਲੈ ਰਹੇ ਸਨ।

**ਦੱਖਣੀ ਭਾਰਤ ਦੇ ਰਾਜ** (States in Southern India)

**(i) ਬਹਮਨੀ** (The Bahmani Kingdom) – 16ਵੀਂ ਸਦੀ ਦੇ ਸ਼ੁਰੂ ਤਕ ਬਹਮਨਂ ਰਾਜ ਖਤਮ ਹੋ ਚੁੱਕਿਆ ਸੀ। ਅਤੇ ਇਸ ਤੋਂ ਪੰਜ ਸਿਆਂ ਰਾਜ ਖੜ੍ਹੇ ਹੋ ਗਏ ਸਨ ਜਿਨ੍ਹਾਂ ਦੇ ਇਹ ਨਾਂ ਹਨ। ਅਹਮਦਨਗਰ ਦਾ ਨਿਜਾਮ ਸ਼ਾਹੀ ਰਾਜ, ਬੀਜਾਪੁਰ ਦਾ ਆਦਿਲ ਸ਼ਾਹੀ ਰਾਜ, ਬੀਦਰ ਦਾ ਇਮਾਮਸ਼ਾਹੀ ਰਾਜ, ਗੋਲਕੁੰਡਾ ਦਾ ਕੁਤੁਬ ਸ਼ਾਹੀ ਰਾਜ ਅਤੇ ਬੈਰਾਰ ਦਾ ਬਾਰਿਦਸ਼ਾਹੀ ਰਾਜ। ਇਹ ਸਾਰੇ ਰਾਜ ਇਕ ਦੂਜੇ ਨਾਲ ਆਪਸ ਵਿਚ ਲੜਦੇ ਰਹਿੰਦੇ ਸਨ।

**(ii) ਵਿਜੈ ਨਗਰ** (Vijaya Nagar) – ਭਾਰਤ ਦੇ ਅਸੀਮ ਦੱਖਣ ਵਿਚ ਵਿਜੈ ਨਗਰ ਦਾ ਹਿੰਦੂ ਰਾਜ ਸਥਿਤ ਸੀ। ਬਾਬਰ ਲਿਖਦਾ ਹੈ ਕਿ ਰਾਜ ਖੇਤਰ ਅਤੇ ਸੈਨਾ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਸ ਰਾਜ ਦਾ ਸ਼ਾਸਕ ਕ੍ਰਿਸ਼ਨ ਦੇਵ ਰਾਏ ਹਿੰਦੂ ਰਾਜਿਆਂ ਵਿਚੋਂ ਸਭ ਤੋਂ ਵੱਧ ਸ਼ਕਤੀਸ਼ਾਲੀ ਸੀ। ਉਹ ਆਮ ਬਹਮਨੀ ਰਾਜਾ ਦੇ ਵਿਰੁਧ ਯੁੱਧ ਕਰਦਾ ਰੰਹਿਦਾ ਅਤੇ ਵਿਸ਼ੇਸਕਰ ਬੀਜਾਪੁਰ ਦੇ ਆਦਿਲ ਸ਼ਾਹੀ ਰਾਜ ਦੇ ਵਿਰੁਧ। ਉਹ ਇੱਕ ਤੀਬਰ ਬੁੱਧੀ ਦਾ ਸੈਨਾਪਤੀ ਹੁੰਦੇ ਹੋਏ ਅਪਣੇ ਪੜੋਸੀਆਂ ਨੂੰ ਹਰਾ ਵੂੰਦੇ ਹਰਾਉਂਦੇ ਅਪਣੇ ਰਾਜ ਦੀ ਸੀਮਾਵਾਂ ਨੂੰ ਵਧਾ ਦਿੱਤਾ ਸੀ। ਉਹ ਕਲਾ ਅਤੇ ਸਾਹਿਤ ਦਾ ਵੀ ਵੱਡਾ ਸਰੰਖਿਅਕ ਸੀ। ਸੰਖੇਪ ਵਿਚ ਵਿਜੈ ਨਗਰ ਦਾ ਰਾਜ ਭਾਰਤ ਉੱਤੇ ਬਾਬਰ ਦੇ ਆਕ੍ਰਮਣ ਦੇ ਸਮੇਂ ਰਾਜ ਨੈਤਿਕ ਆਰਥਿਕ ਅਤੇ ਸੰਸਕ੍ਰਿਤੀਕ ਖੇਤਰ ਵਿਚ ਅਪਣੇ ਸ਼ਿਖਰ ਤਕ ਪਹੁੰਚ ਗਿਆ ਸੀ।

**ਸਵ-ਮੁਲਾਂਕਣ (Self Assessment)**

1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks):
   (i) ਬਾਬਰ ਦਾ ਅਸਲੀ ਨਾਂ............. ਸੀ।
   (ii) 16 ਵੀ. ਸਦੀ ਦੇ ਸ਼ੁਰੂ ਵਿਚ ਭਾਰਤ ਰਾਜ ਦਾ ਇਕ ................ ਮਾਤਰ ਸੀ।
   (iii) ਬਾਬਰ ਬੜੀ ............... ਵਾਲਾ ਵਿਅਕਤੀ ਸੀ।
   (iv) ਭਾਰਤ ਦੇ ਅਸੀਮ ਦੱਖਣ ਵਿਚ .............. ਦਾ ਹਿੰਦੂ ਰਾਜ ਸਥਿਤ ਸੀ।
   (v) ਬਾਬਰ ਨੇ ............ ਵਿਚ ਸਮਰਕੰਦ ਖੋਹ ਲਿਆ।

## 8.4 ਬਾਬਰ ਦੇ ਆਕ੍ਰਮਣ ਦੇ ਕਾਰਣ (Causes of Babur's Invasion)

1525 ਈ. ਦੇ ਬਾਦ ਬਾਬਰ ਨੇ ਪੂਰੀ ਗੰਭੀਰਤਾ ਨਾਲ ਅਪਣਾ ਧਿਆਨ ਭਾਰਤ ਵੱਲ ਲਗਾ ਦਿੱਤਾ ਅਤੇ ਉਹ ਭਾਰਤ ਉਤੇ ਚੜ੍ਹਾਈ ਲਈ ਚਲ ਪਿਆ। ਜਿਨ੍ਹਾਂ ਗੱਲਾਂ ਨੇ ਉਸਨੂੰ ਇਹ ਮਹੱਤਵਪੂਰਨ ਕੰਮ ਕਰਨ ਲਈ ਮਜਬੂਰ ਕੀਤਾ ਉਹ ਕਈ ਤਰ੍ਹਾਂ ਦੇ ਸਨ ਅਤੇ ਉਨ੍ਹਾਂ ਨੂੰ ਇਯ ਤਰ੍ਹਾਂ ਗਿਣਵਾਇਆ ਜਾ ਸਕਦਾ ਹੈ।

**(i) ਬਾਬਰ ਦੀ ਲਾਲਸਾ** (Ambition of Babur)— ਬਾਬਰ ਵੱਡੀ ਲਾਲਸਾ ਵਾਲਾ ਵਿਅਕਤੀ ਸੀ। ਉਹ ਖੁਦ ਅਪਣੀ ਆਤਮ ਕਥਾ ਵਿਚ ਲਿਖਦਾ ਹੈ "ਵਿਜੈ ਅਤੇ ਵਿਸ਼ਾਲ ਰਾਜ ਦੀ ਲਾਲਸਾ ਨਾਲ ਭਰਿਆ ਹੋਇਆ ਤਾਂ ਸੀ ਹੀ ਇਕ ਜਾਂ ਦੋ ਹਾਰਾਂ ਮੈਨੂੰ ਨਿਕੰਮਾ

ਨੋਟ

ਨਹੀਂ ਬਣਾ ਸਕਦੀਆਂ ਹਨ। ਕੇਂਦਰੀ ਏਸ਼ੀਆਂ ਵਿਚ ਉਸਨੇ ਪਹਿਲਾਂ ਹੀ ਅਪਣੀ ਲਾਲਸਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸਨੇ ਬਾਰ–ਬਾਰ ਸਮਰਕੰਦ ਉਤੇ ਚੜ੍ਹਾਈ ਕੀਤੀ ਸੀ ਪਰ ਉਹ ਬੇਅਰਥ ਗਈ। ਉਸਨੇ ਤਾਸ਼ਕੰਦ, ਕੁੰਦੁਜ ਬੁਖਾਰਾ ਫਰਗਾਨਾ ਅਤੇ ਗਜਨੀ ਨੂੰ ਜਿੱਤ ਲਿਆ ਪਰ ਉਹ ਲਗਭਗ ਇਨ੍ਹਾਂ ਸਾਰੀ ਜਿੱਤਾਂ ਤੋਂ ਵੰਚਿਤ ਹੋ ਗਿਆ ਸੀ। ਪੱਛਮ ਵਿਚ ਅਪਣੀ ਲਾਲਸਾ ਦੀ ਪੂਰਤੀ ਨੂੰ ਅਸੰਭਵ ਜਾਣ ਕੇ ਉਹ ਅਪਣਾ ਧਿਆਨ ਪੂਰਬ ਵੱਲ ਮੋੜਨ ਲਈ ਮਜਬੂਰ ਹੋ ਗਿਆ। ਇਸ ਲਈ ਸਭ ਤੋਂ ਪਹਿਲਾਂ ਬਾਬਰ ਦੀ ਲਾਲਸਾ ਹੀ ਸੀ ਜਿਹੜੀ ਉਸਨੂੰ ਸਾਡੇ ਦੇਸ਼ ਵਿਚ ਲੈ ਆਈ।"

**(ii) ਭਾਰਤ ਦੀ ਸੰਪੱਤੀ** (Wealth of India) – ਇੱਕ ਗੱਲ ਜਿਸ ਨੇ ਬਾਬਰ ਨੂੰ ਭਾਰਤ ਉਤੇ ਚੜ੍ਹਾਈ ਕਰਨ ਲਈ ਜ਼ਰੂਰ ਮਜਬੂਰ ਹੋਵੇਗਾ ਉਹ ਸੀ ਭਾਰਤ ਦੀ ਦੌਲਤ ! ਬਾਬਰ ਨੇ ਭਾਰਤ ਦੇ ਧੰਨ–ਧਾਨ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਜਿਸਨੇ ਜ਼ਰੂਰ ਉਸ ਨੂੰ ਬੜਾ ਲਾਲਚ ਦਿੱਤਾ ਹੋਵੇਗਾ ਕਿਉਂਕਿ ਉਸ ਸਮੇਂ ਉਹ ਆਰਥਿਕ ਰੂਪ ਵਿੱਚ ਕਾਫੀ ਤੰਗ ਸੀ। ਉਸ ਨੂੰ ਧਨ ਦੀ ਬਹੁਤ ਜ਼ਰੂਰਤ ਸੀ ਤਾਂ ਕਿ ਆਪਣੀ ਸੈਨਾ ਨੂੰ ਦ੍ਰਿੜ ਕਰ ਸਕੇ ਅਤੇ ਉਸ ਵੱਲੋਂ ਜ਼ਿਆਦਾ ਤੋਂ ਜ਼ਿਆਦਾ ਜਿੱਤਾਂ ਪ੍ਰਾਪਤ ਕਰਨ ਦੀ ਆਪਣੀ ਪਿਆਸ ਬੁਝਾ ਸਕੇ।

**(iii) ਬਾਬਰ ਦੀ ਧਾਰਮਿਕ ਕੱਟੜਤਾ** (Fanaticism of Babur) – ਇੱਕ ਕੱਟੜ ਸੁੰਨੀ ਹੋਣ ਦੇ ਨਾਤੇ ਬਾਬ ਨੇ ਇਸ ਨੂੰ ਆਪਣਾ ਧਰਮ ਕਰਤੱਵ ਸਮਝਿਆ ਕਿ ਨਾਸਤਕਾਂ ਨੂੰ ਕੁਚਲੇ, ਮੂਰਤੀ ਪੂਜਨ ਨੂੰ ਨਸ਼ਟ ਕਰੇ ਅਤੇ ਤਲਵਾਰ ਦੇ ਜੋਰ ਉਤੇ ਇਸਲਾਮ ਦਾ ਝੰਡਾ ਗੱਡੇ। ਉਹ ਜਾਣਦਾ ਸੀ ਕਿ ਕਿਵੇਂ ਗਜਨੀ ਦੇ ਮਹਮੁਦ ਨੇ ਮੰਦਰਾਂ ਨੂੰ ਢਾਇਆ ਸੀ ਅਤੇ ਇਸ ਤਰ੍ਹਾਂ ਸੁੰਨੀਆਂ ਵਿਚ ਖਿਆਤੀ ਪ੍ਰਾਪਤ ਕੀਤੀ ਸੀ।

**(iv) ਬਾਬਰ ਦੀ ਸੈਨਾ ਸ਼ਕਤੀ** (Military Strength of Babur) – ਬਾਬਰ ਦੀ ਸੈਨਿਕ ਸ਼ਕਤੀ ਅਤੇ ਖਾਸ ਕਰ ਉਸਦੇ ਤੋਪ ਖਾਨੇ ਨੇ ਵੀ ਉਸਨੂੰ ਭਾਰਤ ਉਤੇ ਵਿਜੈ ਪ੍ਰਾਪਤ ਕਰਨ ਲਈ ਪ੍ਰੋਤਸਾਹਿਤ ਕੀਤਾ। ਬਾਬਰ ਨੇ ਮੱਧ ਏਸ਼ੀਆ ਦੇ ਅੰਦਰ ਉਜਬੇਕਾਂ, ਅਫਗਾਨਾਂ, ਮੰਗੋਲਾਂ ਅਤੇ ਇਰਾਨਿਆਂ ਤੋਂ ਬਹੁਤ ਸਾਰੀ ਕਾਰਜ ਨੀਤੀਆਂ ਅਤੇ ਯੁੱਧ ਦੀਆਂ ਨਵੀਆਂ–ਨਵੀਆਂ ਵਿਧੀਆਂ ਸਿੱਖ ਲਈਆਂ ਸਨ। ਉਸਨੇ ਤੋਪ ਖਾਨੇ ਨੂੰ ਵੀ ਵਿਕਸਿਤ ਕਰ ਲਿਆ ਸੀ। ਬਹੁਤ ਸਾਰੀ ਤੋਪਾਂ ਬਣਵਾਈਆਂ ਅਤੇ ਉਸਤਾਦ ਅਲੀ ਅਤੇ ਮੁਸਤਫਾ ਜਿਹੇ ਯੋਗ ਤੋਪਚਿਆਂ ਨੂੰ ਨਾਲ ਲੈ ਗਿਆ।

**(v) ਇਕ ਬੁੱਢੀ ਮਹਿਲਾ ਤੋਂ ਪ੍ਰੇਰਣਾ** (Inspiration from an Old Lady) – ਬਾਬਰ ਨੂੰ ਭਾਰਤ ਉਤੇ ਚੜ੍ਹਾਈ ਦੀ ਪ੍ਰੇਰਣਾ ਦੇਣ ਵਾਲੀ ਇਕ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸਨੂੰ ਇਕ ਗਡਰਿਆਂ ਦੀ ਬੁੱਢੀ ਦਾਦੀ ਤੋਂ ਪ੍ਰੇਰਣਾ ਮਿਲੀ। ਆਪਣੇ ਸੈਰ ਦੇ ਸਮੇਂ ਵਿਚ ਗਡਰੀਏ ਦੇ ਇੱਥੇ ਠਹਿਰਾਇਆ ਅਤੇ ਗਡਰੀਏ ਦੀ ਦਾਦੀ ਜਿਹੜੀ 111 ਵਰ੍ਹੇ ਦੀ ਬੁੱਢੀ ਸੀ, ਬਾਬਰ ਨੂੰ ਭਾਰਤ ਉਤੇ ਚੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਉਸ ਬੁੱਢੀ ਨੇ ਬਾਬਰ ਨੂੰ ਤੈਮੂਰ ਦੀਆਂ ਪੁਰਾਣੀਆਂ ਕਹਾਣੀਆਂ ਸੁਣਾਈਆਂ, ਜਿਸਨੇ ਭਾਰਤ ਦੇ ਬਹੁਤ ਸਾਰੇ ਹਿੱਸੇ ਨੂੰ ਜਿੱਤ ਕੇ ਉਸ ਉਤੇ ਅਧਿਕਾਰ ਕਰ ਲਿਆ ਸੀ। ਇਯ ਤਰ੍ਹਾਂ ਉਸਨੇ ਬਾਬਰ ਦੀ ਕਲਪਣਾ ਸ਼ਕਤੀ ਨੂੰ ਜਗਾਇਆ ਅਤੇ ਭਾਰਤ ਉਤੇ ਚੜ੍ਹਾਈ ਕਰਨ ਦੇ ਉਸਦੇ ਨਿਸ਼ਚੈ ਨੂੰ ਉਤੇਜਿਤ ਕੀਤਾ ਅਤੇ ਸੁਦ੍ਰਿੜ੍ਹ ਬਣਾਇਆ।

**(vi) ਕਾਬੁਲ ਤੋਂ ਭਾਰਤ ਦੀ ਨੇੜਤਾ** (Proximity of Hindustan to Kabul) – ਕਾਬੁਲ ਤੋਂ ਭਾਰਤ ਦੀ ਨੇੜਤਾ ਅਤੇ ਭਾਰਤ ਦੇ ਭੁਗੋਲ ਤੋਂ ਬਾਬਣ ਦੀ ਜਾਣਕਾਰੀ ਨੇ ਵੀ ਸੁਭਾਵਿਕ ਰੂਪ ਨਾਲ ਉਸਨੂੰ ਭਾਰਤ ਉਤੇ ਚੜ੍ਹਾਈ ਕਰਨ ਨੂੰ ਭੜਕਾਇਆ। ਬਾਬਰ 1504 ਈ. ਤੋਂ ਹੀ ਕਾਬੁਲ ਦਾ ਸ਼ਾਸਕ ਰਹਿ ਚੁੱਕਿਆ ਸੀ ਅਤੇ ਕਾਬੁਲ ਭਾਰਤ ਦੇ ਪੜੋਸ ਵਿਚ ਹੀ ਸਥਿਤ ਹੈ। ਇਸ ਲਈ ਸੁਭਾਵਿਕ ਰੂਪ ਨਾਲ ਬਾਬਰ ਦਾ ਧਿਆਨ ਭਾਰਤ ਉਤੇ ਲੱਗ ਗਿਆ ਹੈ ਅਤੇ ਹੋਰ ਵੀ ਜ਼ਿਆਦਾ ਧਿਆਨ ਉਸੇ ਸਮੇਂ ਲੱਗਿਆ ਜਦੋਂ ਉਸਨੇ ਸਮਝਿਆ ਕਿ ਪੱਛਮ ਵੱਲ ਉਸਦੀ ਨਾਕਾਮੀ ਅਸੰਭਵ ਹੈ। ਇਸ ਦੇ ਸਿਵਾਏ ਉਹ ਜਿਵੇਂ–ਜਿਵੇਂ 1504, 1507 ਅਤੇ 1519 ਈ. ਵਿਚ ਪੰਜਾਬ ਵੱਲ ਵਧਦਾ ਰਿਹਾ ਉਹ ਭਾਰਤ ਦੀ ਭੁਗੋਲਿਕ ਸਥਿਤੀ ਤੋਂ ਜਾਣੂ ਹੁੰਦਾ ਗਿਆ। ਇਸ ਲਈ ਭਾਰਤ ਉਤੇ ਉਸਦੀ ਚੜ੍ਹਾਈ ਸਿਰਫ ਸਮੇਂ ਦਾ ਮਾਮਲਾ ਸੀ ਨਾਂ ਕਿ ਨਿਸ਼ਚੈ ਦਾ।

**(vii) ਭਾਰਤ ਦੀ ਰਾਜਨੀਤਕ ਦਸ਼ਾ** (Political Condition of India) – ਤਤਕਾਲਿਤ ਗੱਲ ਜਿਸਨੇ ਬਾਬਰ ਨੂੰ ਸਾਡੇ ਦੇਸ਼ ਉਤੇ ਚੜ੍ਹਾਈ ਕਰਨ ਦੀ ਪ੍ਰੇਰਣਾ ਦਿੱਤੀ ਉਹ ਸੀ ਭਾਰਤ ਦੀ ਰਾਜਨੀਤਿਕ ਦਸ਼ਾ। ਜਿਸਦੇ ਨਾਲ ਦੌਲਤ ਖਾਂ ਅਤੇ ਆਲਮ ਖਾਂ ਜਿਹੇ ਭਾਰਤੀ ਸਰਦਾਰਾਂ ਦਾ ਆਕਰਮਣ ਜੁੜ ਗਿਆ। ਉਸ ਸਮੇਂ ਭਾਰਤ ਕਿਸੀ ਕੇਂਦਰੀਅ ਸੱਤਾ ਦੇ ਅਧੀਨ ਨਹੀਂ ਸੀ। ਉਹ ਤਾਂ ਬਹੁਤ ਸਾਰੇ ਛੋਟੇ–ਛੋਟੇ ਅਤੇ ਸਵਾਧੀਨ ਰਾਜਾਂ ਵਿਚ ਵੰਡਿਆ ਹੋਇਆ ਸੀ। ਇਹੋ ਜਿਹੇ ਰਾਜਾਂ ਵਿਚ ਜਿਹੜੇ ਕਿ ਆਪਸੀ ਲੜਾਈ ਝਗੜੇ ਹੋਣ ਦੇ ਕਾਰਣ ਵਿਆਕੁਲ ਅਤੇ ਕਮਜੋਰ ਹੋ ਚੁੱਕੇ ਸਨ। ਦਿੱਲੀ ਦਾ ਸੁਲਤਾਨ ਇਬ੍ਰਾਹੀਮ ਲੋਧੀ ਇਕ ਕਮਜੋਰ ਅਤੇ ਅਯੋਗ ਸ਼ਾਸਕ ਸੀ। ਇਸ ਲਈ ਉਸਦੇ ਵਿਰੁਧ ਸਦਾ ਹੀ ਖੜਯੰਤਰ ਅਤੇ ਵਿਦਰੋਹ ਉਠੱਦੇ ਰਹਿੰਦੇ ਸਨ। ਪੰਜਾਬ ਦੇ ਦੌਲਤ ਖਾਂ ਲੋਦੀ ਨੇ ਵਿਰੋਹ ਕਰ ਦਿੱਤਾ ਅਤੇ ਅਪਣੀ ਸਵਾਧੀਨਤਾ ਸਥਾਪਿਤ ਕਰ ਲਈ। ਉਸਨੇ ਭਾਰਤ ਉਤੇ ਚੜ੍ਹਾਈ ਕਰਨ ਦੇ ਲਈ ਬਾਬਰ ਨੂੰ ਸੱਦਾ ਦੇ ਦਿੱਤਾ ਅਤੇ ਇਬ੍ਰਾਹੀਮ ਲੋਦੀ ਦੇ ਵਿਰੁਧ ਉਸਨੂੰ ਹਰ ਕਿਸਮ ਦੀ ਸਹਾਇਤਾ ਦੇਣ ਦਾ ਵਾਅਦਾ ਵੀ ਕੀਤਾ। ਇਸ ਤਰ੍ਹਾਂ ਮੇਵਾੜ ਦਾ ਰਾਣਾ ਸੰਗ੍ਰਾਮ ਸਿੰਘ ਵੀ ਇਬ੍ਰਾਹੀਮ ਦਾ ਵੱਡਾ ਸ਼ੱਤਰੂ ਸੀ। ਉਹ ਵੀ ਇਬ੍ਰਾਹੀਮ ਦੇ ਕਮਜੋਰੀ ਦਾ ਲਾਭ ਚੁੱਕਣਾ ਚਾਹੁੰਦਾ ਸੀ ਅਤੇ ਉਸਨੇ ਵੀ ਲੋਦੀ ਸੁਲਤਾਨ ਦੇ ਵਿਰੁਧ ਬਾਬਰ ਨੂੰ ਸਹਾਇਤਾ ਦੇਣਾ ਸਵੀਕਾਰ ਕਰ ਲਿਆ। ਇਸ ਤਰ੍ਹਾਂ ਬਹੁਤ ਗੱਲਾਂ ਇਕੱਠੀ ਹੋ ਗਈਆਂ, ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਬਾਬਰ ਨੇ ਭਾਰਤ ਉਤੇ ਚੜ੍ਹਾਈ ਕਰ ਦਿੱਤੀ।

ਨੋਟ

## 8.5 ਭਾਰਤ 'ਤੇ ਬਾਬਰ ਦੀਆਂ ਪਹਿਲੀਆਂ ਚੜ੍ਹਾਈਆਂ (Babur's Early Expeditions of India)

1526 ਈ. ਵਿਚ ਪਾਨੀਪਤ ਦੀ ਪ੍ਰਸਿੱਧ ਪਹਿਲੀ ਲੜਾਈ ਬਾਬਰ ਅਤੇ ਇਬ੍ਰਾਹੀਮ ਲੋਦ ਦੇ ਵਿਚ ਲੜੀ ਗਈ। ਪਰ ਇਸ ਲੜਾਈ ਤੋਂ ਪਹਿਲਾਂ ਅਨੇਕ ਸ਼ੁਰੂਆਤੀ ਛੋਟੇ-ਛੋਟੇ ਦਾਅਵੇ ਬਾਬਰ ਨੇ ਭਾਰਤੀਅ ਖੇਤਰ ਉਤੇ ਕੀਤੇ ਸਨ। ਇਹ ਪਹਿਲੀਆਂ ਚੜ੍ਹਾਈਆਂ ਸੰਖੇਪ ਵਿਚ ਇਯ ਪ੍ਰਕਾਰ ਵਰਣਨ ਕੀਤੀਆਂ ਜਾ ਸਕਦੀਆਂ ਹਨ।

**(i) ਪਹਿਲਾਂ ਅਭਿਯਾਨ** (First Expedition – 1519) : ਭਾਰਤੀਅ ਰਾਜ ਖੇਤਰ ਅਪਣੀ ਪਹਿਲੀ ਜਿੱਤ ਅਭਿਯਾਨ ਬਾਬਰ ਨੇ 1519 ਈ. ਵਿਚ ਹੀ ਕਰ ਦਿੱਤਾ ਸੀ। ਕਲਹਸ਼ੀਲ ਯੁਸਫਜਈ ਕਬੀਲੇ ਨੂੰ ਦੰਡ ਦੇਣ ਤੋਂ ਬਾਅਦ ਬਾਬਰ ਨੇ ਬਜੌਰ ਦੇ ਕਿਲ੍ਹੇ ਉਤੇ ਗੋਲਾਬਾਰੀ ਕੀਤੀ ਜਿਸ ਦੇ ਲਈ ਉਹ ਲੋਕ ਵੀਰਤਾ ਨਾਲ ਲੜੇ ਪਰ ਅਸਫਲ ਹੋਏ। ਬਾਜੌਰ ਉਤੇ ਅਧਿਕਾਰ ਕਰਨ ਤੋਂ ਬਾਦ ਬਾਬਰ ਜੇਹਲਮ ਦੇ ਕਿਨਾਰੇ ਸਥਿਤ ਭੇਰਾ ਦੇ ਵੱਲ ਵਧਿਆ ਅਤੇ ਬਿਨਾਂ ਕਿਸੀ ਮੁਸ਼ਕਿਲ ਦੇ ਉਸ ਉਤੇ ਅਧਿਕਾਰ ਕਰ ਲਿਆ। ਹੁਣ ਬਾਬਰ ਨੇ ਅਪਣੇ ਇੱਕ ਦੂਤ ਮੁੱਲਾ ਮੁਰਸ਼ਿਦ ਨੂੰ ਸੁਲਤਾਨ ਇਬ੍ਰਾਹੀਮ ਲੋਦੀ ਦੇ ਕੋਲ ਭੇਜਿਆ। ਉਸ ਤੋਂ ਇਹ ਮੰਗ ਕਰਦੇ ਹੋਏ ਉਸਦਾ ਇਲਾਕਾ ਵਾਪਸ ਕਰ ਦੇਵੇ ਜਿਹੜਾ ਪੁਰਾਣੇ ਜਮਾਨੇ ਤੋਂ ਤੁਰਕਾਂ ਦਾ ਰਹਿ ਚੁੱਕਿਆ ਸੀ। ਉਸ ਦੂਤ ਨੂੰ ਦੌਲਤ ਖਾਂ ਲੋਦੀ ਨੇ ਹੀ ਰੋਕ ਲਿਆ। ਕੋਈ ਜਵਾਬ ਪ੍ਰਾਪਤ ਨਾਂ ਕਰ ਬਾਬਰ ਕਾਬੁਲ ਵਾਪਸ ਚਲਾ ਗਿਆ।

**(ii) ਦੂਜਾ ਛਾਪੇਮਾਰ ਹਮਲਾ** (Second Expedition – 1519) : 1519 ਈ. ਦੇ ਅੰਤ ਵਿਚ ਬਾਬਰ ਫਿਰ ਭਾਰਤ ਆਇਆ। ਉਸਨੇ ਪੇਸ਼ਾਵਰ ਉਤੇ ਕਿਲ੍ਹਾ ਬੰਦੀ ਕਰਨ ਦੀ ਕੋਸ਼ਿਸ਼ ਕੀਤੀ ਤਾਂਕਿ ਇਸ ਨੂੰ ਅਪਣੀ ਅਗਲੀ ਚੜ੍ਹਾਈ ਲਈ ਅੱਡਾ ਬਣਾ ਸਕੇ। ਪਰ ਬਦਖਸ਼ਾਂ ਵਿਚ ਗੜਬੜੀ ਹੋਣ ਦੇ ਕਾਰਣ ਉਸਨੂੰ ਵਾਪਸ ਜਾਣਾ ਪਿਆ।

**(iii) ਤੀਜਾ ਛਾਪੇਮਾਰ ਹਮਲਾ** (Third Expedition – 1520-21) : 1520 ਈ. ਵਿਚ ਬਾਬਰ ਨੇ ਹਿੰਦੁਸਤਾਨ ਉਤੇ ਤੀਜਾ ਛਾਪੇਮਾਰ ਹਮਲਾ ਕੀਤਾ। ਉਸਨੇ ਪਹਿਲਾਂ ਬਜੌਰ ਅਤੇ ਭੇਰਾ ਉਤੇ ਅਧਿਕਾਰ ਕੀਤਾ ਅਤੇ ਫਿਰ ਸਿਆਲਕੋਟ ਦੇ ਵੱਲ ਵਧਿਆ ਅਤੇ ਉਸਨੂੰ ਵੀ ਬਿਨ੍ਹਾਂ ਮੁਸ਼ਕਿਲ ਜਿੱਤ ਲਿਆ। ਉਹ ਸੱਯਦਪੁਰ ਤਕ ਆ ਪਹੁੰਚਿਅ ਜਿੱਥੇ ਲੋਕਾਂ ਨੇ ਉਸਦਾ ਡਟ ਕੇ ਮੁਕਾਬਲਾ ਕੀਤਾ। ਬਾਬਰ ਇਸ ਉਤੇ ਅੱਗ ਬਬੂਲਾ ਹੋ ਗਿਆ ਅਤੇ ਉਸਨੇ ਲੋਕਾਂ ਦੇ ਸਰਵਜਨਿਕ ਕਤਲੇਆਮ ਦਾ ਆਦੇਸ਼ ਦੇ ਦਿੱਤਾ। ਹਜਾਰਾਂ ਲੋਕ ਮਾਰੇ ਗਏ ਅਤੇ ਹਜਾਰਾਂ ਫੜੇ ਗਏ। ਇਸ ਤਰ੍ਹਾਂ ਸੱਯਦਪੁਰ ਉਤੇ ਅਧਿਕਾਰ ਕਰ ਲਿਆ। ਹੁਣ ਬਾਬਰ ਨੇ ਅੱਗੇ ਵੱਧਣ ਦੀ ਯੋਜਨਾ ਬਣਾਈ ਪਰ ਕੰਧਾਰ ਵਿਚ ਗੜਬੜੀ ਹੋ ਜਾਣ ਦੇ ਕਾਰਣ ਉਸਨੂੰ ਵਾਪਸ ਜਾਣਾ ਪਿਆ।

**(iv) ਚੌਥਾ ਛਾਪੇਮਾਰ ਹਮਲਾ** (Fourth Expedition – 1524) : 1524 ਈ. ਵਿਚ ਬਾਬਰ ਨੇ ਸਾਡੇ ਦੇਸ਼ ਉਤੇ ਅਪਣਾ ਚੌਥਾ ਛਾਪੇਮਾਰ ਹਮਲਾ ਕੀਤਾ। ਇਸ ਵਾਰ ਪੰਜਾਬ ਦੇ ਦੌਲਤ ਖਾਂ ਲੋਦੀ ਨੇ ਜਿਸਦੀ ਸੁਲਤਾਨ ਇਬ੍ਰਾਹੀਮ ਨਾਲ ਨਹੀਂ ਬਣਦੀ ਸੀ ਉਸਨੂੰ ਭਾਰਤ ਉਤੇ ਚੜ੍ਹਾਈ ਕਰਨ ਦਾ ਸੱਦਾ ਦਿੱਤਾ ਸੀ ਅਤੇ ਇਬ੍ਰਾਹੀਮ ਦੇ ਵਿਰੁਧ ਪੂਰੀ ਸਹਾਇਤਾ ਦੇਣ ਦਾ ਵਾਦਾ ਵੀ ਕੀਤਾ ਸੀ। ਬਾਬਰ ਤਾਂ ਪਹਿਲਾਂ ਹੀ ਭਾਰਤ ਉਤੇ ਚੜ੍ਹਾਈ ਕਰਨ ਦੀ ਯੋਜਨਾ ਬਣਾ ਰਿਹਾ ਸੀ, ਉਸਨੇ ਸੱਦਾ ਸਵੀਕਾਰ ਕਰ ਲਿਆ ਅਤੇ ਉਹ ਝੱਟ ਵੱਡੀ ਸੈਨਾ ਲੈ ਕੇ ਚੱਲ ਪਿਆ। ਜਦੋਂ ਉਹ ਪੰਜਾਬ ਤਕ ਆਇਆ ਤਾਂ ਕੁਝ ਅਫਗਾਨ ਉਸਨੂੰ ਵੱਧਦਾ ਦੇਖ ਕੇ ਘਬਰਾ ਗਏ ਅਤੇ ਉਸ ਨਾਲ ਲੜਨ ਆਏ ਪਰ ਬਾਬਰ ਨੇ ਉਨ੍ਹਾਂ ਨੂੰ ਹਰਾ ਦਿੱਤਾ ਅਤੇ ਇਯ ਤੋਂ ਬਾਦ ਲਾਹੌਰ ਦੀ ਪਾਲਪੁਰ ਤੇ ਜਲੰਧਰ ਤੇ ਦੁਆਬ ਉਤੇ ਅਧਿਕਾਰ ਕਰ ਲਿਆ। ਬਾਬਰ ਨੇ ਦੌਲਤ ਖਾਂ ਨੂੰ ਜਲੰਧਰ ਅਤੇ ਸੁਲਤਾਨਪੁਰ ਦੇ ਇਲਾਕੇ ਹੀ ਦਿੱਤੇ ਸਾਰਾ ਪੰਜਾਬ ਨਹੀਂ ਦਿੱਤਾ। ਇਸ ਉਤੇ ਦੌਲਤ ਖਾਂ ਬਿਗੜ ਗਿਆ ਅਤੇ ਉਸਨੇ ਬਾਬਰ ਦੇ ਵਿਰੁਧ ਵਿਦਰੋਹ ਕਰ ਦਿੱਤਾ ਪਰ ਬੁਰੀ ਤਰ੍ਹਾਂ ਹਾਰ ਖਾਈ ਅਤੇ ਸ਼ਿਵਾਲਿਕ ਦੀ ਪਹਾੜੀਆਂ ਵੱਲ ਨੱਸ ਗਿਆ। ਬਾਬਰ ਨੇ ਪੰਜਾਬ ਦਾ ਇਲਾਕਾ ਵੰਡ ਕੇ ਆਲਮ ਖਾਂ, ਦਿਲਾਵਰ ਖਾਂ ਅਤੇ ਅਪਣੇ ਕੁਝ ਮੁਗਲ ਸਰਦਾਰਾਂ ਨੂੰ ਦੇ ਦਿੱਤਾ ਇਸ ਤੋਂ ਬਾਦ ਉਹ ਅਪਣੇ ਦੇਸ਼ ਵਾਪਸ ਚਲਾ ਗਿਆ।

**(v) ਪੰਜਵਾਂ ਅਤੇ ਅਖੀਰੀ ਛਾਪੇਮਾਰ ਹਮਲਾ** (Fifth and Final Expedition – 1525-26) – ਬਾਬਰ ਦੀ ਗੈਰ ਹਾਜਿਰੀ ਵਿਚ ਦੌਲਤ ਖਾਂ ਪਹਾੜੀਆਂ ਤੋਂ ਨਿਕਲ ਆਇਆ ਅਤੇ ਆ ਕੇ ਆਲਮ ਖਾਂ ਨੂੰ ਹਰਾਇਆ ਅਤੇ ਕੱਢ ਬਾਹਰ ਕੀਤਾ ਅਤੇ ਇਸ ਤਰ੍ਹਾਂ ਸਾਰੇ ਪੰਜਾਬ ਉਤੇ ਫਿਰ ਅਧਿਕਾਰ ਕਰ ਲਿਆ। ਆਲਮ ਖਾਂ ਕਾਬੁਲ ਪਹੁੰਚਿਆ ਅਤੇ ਬਾਬਰ ਨੂੰ ਸਹਾਇਤਾ ਦੀ ਪ੍ਰਾਰਥਨਾ ਕੀਤੀ। ਬਾਬਰ ਨੇ ਪੰਜਾਬ ਦੇ ਮੁਗਲ ਸਰਦਾਰਾਂ ਨੂੰ ਆਗਿਆ ਦਿੱਤੀ ਕਿ ਦੌਲਤ ਖਾਂ ਦੇ ਵਿਰੁਧ ਆਲਮ ਖਾਂ ਦੀ ਸਹਾਇਤਾ ਕਰਨ ਪਰ ਜਲਦੀ ਬਾਬਰ ਨੂੰ ਪਤਾ ਲੱਗ ਗਿਆ ਕਿ ਆਲਮ ਖਾਂ ਵੀ ਦੌਲਤ ਖਾਂ ਨਾਲ ਮਿਲ ਗਿਆ। ਉਸ ਨੇ ਪੰਜਾਬ ਉਤੇ ਚੜ੍ਹਾਈ ਕਰਨ ਦਾ ਨਿਸ਼ਚੈ ਕੀਤਾ ਅਤੇ ਇਕੱਲੇ ਹੀ ਹਿੰਦੋਸਤਾਨ ਨੂੰ ਜਿੱਤਣ ਦਾ ਫੈਸਲਾ ਕਰਕੇ ਆਪਣਾ ਪੰਜਵਾਂ ਹਮਲਾ ਬੋਲ ਦਿੱਤਾ। ਉਸ ਨੇ ਪਹਿਲਾਂ ਪੰਜਾਬ 'ਤੇ ਅਧਿਕਾਰ ਕੀਤਾ ਅਤੇ ਉਸ ਤੋਂ ਬਾਅਦ 1526 ਈ. ਵਿੱਚ ਇਬਰਾਹਿਮ ਦੇ ਵਿਰੁੱਧ ਪਾਣੀਪਤ ਦੀ ਪਹਿਲੀ ਲੜਾਈ ਸ਼ੁਰੂ ਕੀਤੀ।

*ਕੀ ਤੁਸੀਂ ਜਾਣਦੇ ਹੋ* ਪਾਨੀਪਤ ਦੀ ਪਹਿਲੀ ਲੜਾਈ 1526 ਈ. ਵਿਚ ਬਾਬਰ ਅਤੇ ਇਬ੍ਰਾਹੀਮ ਦੇ ਵਿਚ ਹੋਈ।

## 8.6 ਪਾਨੀਪਤ ਦਾ ਯੁੱਧ (Battle of Panipat)

ਨੋਟ

1519 ਤੋਂ 1524 ਈ. ਤਕ ਬਾਬਰ ਨੇ ਭਾਰਤ ਉਤੇ ਚਾਰ ਵਾਰ ਛਾਪੇਮਾਰ ਹਮਲਾ ਕੀਤਾ ਇਨ੍ਹਾਂ ਛਾਪੇਮਾਰ ਹਮਲਿਆਂ ਦਾ ਕੋਈ ਖਾਸ ਨਤੀਜਾ ਨਹੀਂ ਨਿਕਲਿਆ। 1525 ਈ. ਵਿਚ ਬਾਬਰ ਨੇ ਭਾਰਤ ਉਤੇ ਪੰਘਜਵੀ ਵਾਰ ਚੜ੍ਹਾਈ ਕੀਤੀ। ਇਸ ਵਾਰ ਇਹ ਨਿਸ਼ਚੈ ਕਰਕੇ ਆਇਆ ਕਿ ਭਾਰਤ ਉਤੇ ਅਧਿਕਾਰ ਕਰਕੇ ਹੀ ਰਹਾਂਗਾ। ਦੌਲਤ ਖਾਂ ਦੇ ਖੜਯੰਤਰ ਅਤੇ ਆਲਮ ਖਾਂ ਦੀ ਬੇਵਫਾਈ ਨੇ ਉਸਦੇ ਦਿਲ ਵਿਚ ਇਹ ਧਾਰਨਾ ਬੈਠਾ ਦਿੱਤੀ ਕਿ ਮੈਨੂੰ ਅਪਣਾ ਕੰਮ ਇਕੱਲੇ ਹੀ ਕਰਨਾ ਹੈ।

ਬਾਬਰ ਪਹਿਲਾਂ ਪੰਜਾਬ ਦੇ ਵੱਲ ਵਧਿਆ। ਦੌਲਤ ਖਾਂ ਨੇ ਉਸ ਨਾਲ ਡਟ ਕੇ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਹੋਇਆ ਸੀ ਪਰ ਉਸਨੇ ਸ਼ਤਰੂ ਦੀ ਤਾਕਤ ਦੇ ਵਿਰੁਧ ਅਪਣੇ ਆਪ ਨੂੰ ਬੇਬਸ ਪਾਇਆ ਇਸ ਲਈ ਉਸਨੇ ਹਾਰ ਮੰਨ ਲਈ ਅਤੇ ਮੁਆਫੀ ਜਾਂ ਯਾਚਨਾ ਕੀਤੀ। ਦਇਆਵਾਨ ਅਤੇ ਉਦਾਰ ਹਿਰਦੇ ਬਾਬਰ ਨੇ ਉਸਨੂੰ ਮੁਆਫ ਕਰ ਦਿੱਤਾ ਅਤੇ ਉਸਦੇ ਗੁਜਾਰੇ ਲਈ ਉਸਨੂੰ ਕੁਝ ਜਾਗੀਰਾਂ ਪ੍ਰਦਾਨ ਕੀਤੀਆਂ।

ਹੁਣ ਬਾਬਰ ਦਿੱਲੀ ਵੱਲ ਵਧਿਆ। ਸੱਪਸ਼ਟਤਾ ਹੀ ਉਸਨੇ ਵੱਡਾ ਮੁਸ਼ਕਲ ਕੰਮ ਹੱਥ ਵਿਚ ਲਿਆ ਸੀ। ਇਸ ਕੰਮ ਦੇ ਲਈ ਉਸਦੇ ਸਾਧਨ ਘੱਟ ਸਨ ਕਿਉਂਕਿ ਹੁਣ ਉਸਨੂੰ ਇਕ ਇਹੋ ਜਿਹੇ ਦੇਸ਼ ਦੀ ਇਕ ਸੰਗਠਿਤ ਸਾਮਰਾਜ ਦੀ ਪੂਰੀ ਸ਼ਕਤੀ ਨਾਲ ਸੰਘਰਸ਼ ਕਰਨਾ ਸੀ ਜਿਸ ਦੇ ਨਾਲ ਉਹ ਚੰਗੀ ਤਰ੍ਹਾਂ ਜਾਣੂ ਨਹੀਂ ਸੀ। ਪਰ ਬਾਬਰ ਵੀ ਕੋਈ ਹੌਸਲਾ ਛੱਡਣ ਵਾਲਾ ਵਿਅਕਤੀ ਨਹੀਂ ਸੀ। ਉਹ ਅਪਣੀ ਆਤਮ ਕਥਾ ਵਿਚ ਲਿਖਦਾ ਹੈ "ਦ੍ਰਿੜਤਾ ਦੀ ਰਕਾਬ ਵਿਚ ਅਪਣਾ ਪੈਰ ਪਾ ਕੇ ਅਤੇ ਰੱਬ ਉਤੇ ਭਰੋਸੇ ਦੀ ਬਾਗਡੋਰ ਅਪਣੇ ਹੱਥ ਲੈ ਕੇ ਮੈਂ ਸਿਕੰਦਰ ਲੋਦੀ ਪੁੱਤਰ ਇਬ੍ਰਾਹੀਮ ਲੋਕਦੀ ਦੇ ਵਿਰੁਧ ਲੜਨ ਲਈ ਅੱਗੇ ਵਧਿਆ, ਜਿਸ ਦੇ ਹੱਥ ਵਿਚ ਉਸ ਸਮੇਂ ਹਿੰਦੁਸਤਾਨ ਦਾ ਰਾਜ ਅਤੇ ਦਿੱਲੀ ਦਾ ਸਿੰਘਾਸਨ ਸੀ।"

ਜਦੋਂ ਬਾਬਰ ਪੰਜਾਬ ਤੋਂ ਦਿੱਲੀ ਵੱਲ ਵਧਾ ਤਾਂ ਦਿੰਲੀ ਦੇ ਕੁਝ ਬਿਗੜੇ ਸਰਦਾਰਾਂ ਨੇ ਉਸਨੂੰ ਸਹਾਇਤਾ ਦਾ ਵਚਨ ਦਿੱਤਾ। ਠੀਕ ਉਸੇ ਸਮੇਂ ਮੇਵਾੜ ਦੇ ਰਾਣਾ ਸਾਂਗਾ ਨੇ ਬਾਬਰ ਨੂੰ ਸਹਾਇਤਾ ਦੇਣ ਦੇ ਪ੍ਰਸਤਾਵ ਕੀਤਾ ਇਹ ਕਹਿ ਕੇ ਕਿ ਜਦ ਤੁਸੀਂ ਸੁਲਤਾਨ ਇਬ੍ਰਾਹੀਮ ਉਤੇ ਉਤੱਰ ਦੇ ਵੱਲੋਂ ਚੜ੍ਹਾਈ ਕਰੋਗੇ ਤਾਂ ਮੈਂ ਉਸ ਉਤੇ ਪੂਰਬ ਦੇ ਵੱਲੋਂ ਹੱਲਾ ਬੋਲ ਦੇਵਾਂਗਾ। ਜਦੋਂ ਇਬ੍ਰਾਹੀਮ ਨੂੰ ਇਹ ਪਤਾ ਲੱਗਾ ਕਿ ਬਾਬਰ ਦੀ ਸੈਨਾ ਚੜ੍ਹੀ ਆ ਰਹੀ ਹੈ ਤਾਂ ਉਹ ਵੀ ਇਕ ਭਾਰੀ ਸੈਨਾ ਲੈ ਕੇ ਪੰਜਾਬ ਵੱਲ ਵੱਧਿਆ। ਪਾਨੀਪਤ ਦੇ ਸਥਾਨ ਉਤੇ ਦੋਵਾਂ ਸੈਨਾਵਾਂ ਦਾ ਆਮਣਾ-ਸਾਹਮਣਾ ਹੋਇਆ। ਬਾਬਰ ਨੇ ਅਪਣੇ ਆਪ ਨੂੰ ਇਕ ਬਹੁਤ ਹੀ ਲਾਭਕਾਰੀ ਸਥਾਨ ਉਤੇ ਠਹਿਰਾਇਆ। ਸੈਨਾ ਦੇ ਸੱਜੇ ਪੱਖ ਨੂੰ ਨਗਰ ਦੀ ਓਟ ਮਿਲ ਗਈ ਮੱਧ ਭਾਗ ਵਿਚ ਤੋਪਾਂ ਲਗਾ ਦਿੱਤੀਆਂ ਜਦੋਂ ਕਿ ਖੱਬੇ ਪੱਖ ਨੂੰ ਇਕ ਖਾਈ ਪੁੱਟ ਕੇ ਅਤੇ ਗਿਰਾਏ ਹੋਏ ਦਰਖੱਤਾਂ ਦਾ ਸਹਾਰਾ ਲੈ ਕੇ ਸੁਦ੍ਰਿੜ ਬਣਾ ਲਿਆ। ਹੁਣ ਉਸਨੇ ਲੜਾਈ ਦੀ ਇਕ ਨਿਯਮਿਤ ਯੋਜਨਾ ਬਣਾਈ। ਸੱਤ ਸੌ ਤੋਪ ਗੱਡੀਆਂ ਕੱਚੀਆਂ ਖੱਲਾਂ ਨਾਲ ਆਪਸ ਵਿਚ ਬੰਨ੍ਹ ਦਿੱਤੀਆਂ ਗਈਆਂ। ਗਡੀਆਂ ਦੇ ਵਿਚੋਂ ਵਿਚ ਜਗ੍ਹਾ ਛੱਡ ਦਿੱਤੀ ਗਈ ਤਾਂਕਿ ਘੋੜ ਸਵਾਰ ਇਕੱਠੇ ਛਾਤੀ ਨਾਲ ਛਾਤੀ ਜੋੜ ਕੇ ਸ਼ੱਤਰੂ ਉਤੇ ਹੱਲਾ ਬੋਲ ਸਕਣ। ਹਰ ਦੋ ਗਡੀਆਂ ਪਿੱਛੇ ਇੱਟਾਂ ਦੀਆਂ ਛੋਟੀ-ਛੋਟੀ ਦੀਵਾਰਾਂ ਬਣਾ ਦਿੱਤੀਆਂ ਤਾਂਕਿ ਤੋਪਚਿਆਂ ਨੂੰ ਓਟ ਮਿਲ ਸਕੇ। ਤੋਪਖਾਨਾ ਗੱਡ ਦਿੱਤਾ ਗਿਆ। ਉਸਤਾਦ ਅਲੀ ਅਤੇ ਮੁਸਤਫਾ ਨੇ ਸੱਜਾ ਅਤੇ ਖੱਬਾ ਪੱਖ ਸੰਭਾਲ ਲਿਆ। ਸੈਨਾ ਨੂੰ ਤਿੰਨ ਪੱਖਾਂ ਵਿਚ ਵੰਡ ਲਿਆ ਗਿਆ। ਸੱਜਾ ਪੱਖ ਹਮਾਯੂੰ ਦੀ ਕਮਾਨ ਵਿਚ ਸੀ ਖੱਬਾ ਮੁਹੰਮਦ ਸੁਲਤਾਨ ਮਿਰਜਾ ਦੇ ਕਮਾਨ ਵਿਚ ਅਤੇ ਮੱਧ ਪੱਖ ਬਾਬਰ ਨੇ ਖੁਦ ਸੰਭਾਲਿਆ। ਸੈਨਾ ਦੇ ਦੋਵੇਂ ਪਾਸੇ ਬਗਲ ਦਲ ਖੜ੍ਹੇ ਕਰ ਦਿੱਤੇ ਗਏ ਤਾਂਕਿ ਸ਼ੱਤਰੂ ਨੂੰ ਘੇਰ ਸਕਣ। ਸੁਲਤਾਨ ਇਬ੍ਰਾਹੀਮ ਦੇ ਅਪਣੇ ਨਾਲ ਇਕ ਲੱਖ ਤੋਂ ਜ਼ਿਆਦਾ ਸੈਨਿਕ ਸਨ ਪਰ ਖੁਦ ਇਕ ਅਯੋਗ ਸੈਨਾਨੀ ਹੋਣ ਦੇ ਕਾਰਣ ਉਸਦੇ ਕੋਲ ਕੋਈ ਲੜਾਈ ਦੀ ਯੋਜਨਾ ਨਹੀਂ ਸੀ। ਇਯ ਦੇ ਸਿਵਾਏ ਉਸਦੇ ਸੈਨਿਕ ਜ਼ਿਆਦਾਤਰ ਭਾੜੇ ਦੇ ਟੱਟੂ ਸਨ ਅਤੇ ਉਹ ਅਪਣੇ ਪੁਰਾਣੇ ਅਤੇ ਘਿਸੇ ਪਿੱਟੇ ਢੰਗ ਨਾਲ ਲੜਦੇ ਸਨ।

ਕੋਈ ਇਕ ਹਫ਼ਤਾ ਤਕ ਦੋਵੇਂ ਸੈਨਾਵਾਂ ਇੱਕ ਦੂਜੇ ਦੇ ਸਾਹਮਣੇ ਡਟੀ ਰਹੀਆਂ ਪਰ ਪਹਿਲੇ ਕਿਸੇ ਨੇ ਨਾਂ ਕੀਤੀ। 21 ਅਪ੍ਰੈਲ ਦੀ ਸਵੇਰ ਨੂੰ ਬਾਬਰ ਨੇ ਬੇਚੈਨ ਹੋ ਕੇ ਅਪਣੇ ਸੈਨਿਕਾਂ ਨੂੰ ਸ਼ੱਤਰੂ ਉਤੇ ਹਮਲਾ ਕਰਨ ਦਾ ਆਦੇਸ਼ ਦਿੱਤਾ ਇਸ ਤਰ੍ਹਾਂ ਲੜਾਈ ਸ਼ੁਰੂ ਕੀਤੀ ਗਈ। ਅਫਗਾਨ ਸੈਨਿਕ ਸ਼ੱਤਰੂ ਨਾਲ ਬੁਰੀ ਤਰ੍ਹਾਂ ਘਿਰੇ ਹੋਏ ਸਨ ਅਤੇਖਾਈਆਂ ਅਤੇ ਉਹਲੇ ਦੇ ਕਾਰਣ ਉਨ੍ਹਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਬਾਬਰ ਦੇ ਮਾਹਿਰ ਤੋਪਚੀਆਂ ਉਸਤਾਦ ਅਲੀ ਅਤੇ ਮੁਸਤਫਾ ਨੇ ਅਫਗਾਨਾਂ ਉਤੇ ਮੌਤ ਅਤੇ ਵਿਨਾਸ਼ ਦੀ ਵਰਖਾ ਕੀਤੀ। ਦੁਪਹਿਰ ਹੁੰਦੇ ਹੁੰਦੇ ਇਬ੍ਰਾਹੀਮ ਦੀ ਸੈਨਾ ਪੂਰੀ ਤਰ੍ਹਾਂ ਮਿਟਾ ਦਿੱਤੀ ਗਈ। ਬਾਬਰ ਖੁਦ ਲਿਖਦਾ ਹੈ, "ਸਰਵ ਸ਼ਕਤੀਮਾਨ ਭਗਵਾਨ ਦੀ ਦਇਆ ਕਿਰਪਾ ਨਾਲ ਦਿੱਲੀ ਦੀ ਵਿਸ਼ਾਲ ਸੈਨਾ ਅੱਧ ਦਿਨ ਦੇ ਅੰਦਰ-ਅੰਦਰ ਧੂੜ ਵਿਚ ਮਿਲਾ ਦਿੱਤੀ ਗਈ।" ਅੰਦਾਜ਼ਾ ਲਗਾਇਆ ਗਿਆ ਕਿ 15 ਜਾਂ 16 ਹਜਾਰ ਅਫ਼ਗਾਨ ਯੁੱਧ ਭੂਮੀ ਵਿਚ ਮਾਰੇ ਗਏ ਹੋਣਗੇ ਪਰ ਬਾਦ ਵਿਚ ਬਾਬਰ ਨੂੰ ਪਤਾ ਲੱਗਾ ਕਿ ਇਸ ਲੜਾਈ ਵਿਚ ਮਾਰੇ ਗਏ ਅਫਗਾਨਾਂ ਦੀ ਸੰਖਿਆ ਚਾਲ੍ਹੀ ਤੋਂ ਪੰਜਾਹ ਹਜਾਰ ਤੋਂ ਘੱਟ ਨਹੀਂ ਹੋਵੇਗੀ। ਸੁਲਤਾਨ ਇਬ੍ਰਾਹੀਮ ਖੁਦ ਵੀ ਇਸ ਲੜਾਈ ਵਿਚ ਮਾਰਿਆ ਗਿਆ। ਇਸ ਤਰ੍ਹਾਂ ਬਾਬਰ ਨੇ ਇਕ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।

ਨੋਟ

*ਟਾਸਕ* 1519 ਤੋਂ 1924 ਈ. ਤੱਕ ਬਾਬਰ ਨੇ ਭਾਰਤ 'ਤੇ ਕਿੰਨੀ ਵਾਰ ਹਮਲਾ ਕੀਤਾ?

### 8.6.1 ਇਸ ਲੜਾਈ ਦਾ ਮਹੱਤਵ (Significance of the Battle)

ਪਾਨੀਪਤ ਦੀ ਪਹਿਲੀ ਲੜਾਈ ਭਾਰਤ ਦੇ ਇਤਿਹਾਸ ਵਿਚ ਅਤਿਯੰਤ ਹੀ ਮਹੱਤਵਪੂਰਣ ਲੜਾਈਆਂ ਵਿਚੋਂ ਇਕ ਗਿਣੀ ਜਾਂਦੀ ਹੈ। ਇਸ ਦੇ ਮਹੱਤਵਪੂਰਣ ਨਤੀਜੇ ਹੇਠ ਲਿਖੇ ਸਨ:

**(i) ਲੋਦੀ ਵੰਸ਼ ਦਾ ਅੰਤ** (End of Lodi Dynasty) – ਇਸ ਲੜਾਈ ਦਾ ਪਹਿਲਾ ਨਤੀਜਾ ਇਹ ਨਿਕਲਿਆ ਕਿ ਲੋਦੀ ਵੰਸ਼ ਸਦਾ ਲਈ ਖਤਮ ਹੋ ਗਿਆ। ਲੋਦੀ ਸੁਲਤਾਨ ਇਬ੍ਰਾਹੀਮ ਅਪਣੇ ਹਜਾਰਾਂ ਸੈਨਿਕਾਂ ਸਣੇ ਯੁੱਧ ਖੇਤਰ ਵਿਚ ਮਾਰਿਆ ਗਿਆ। ਨਿਸੰਦੇਹ ਆਲਮ ਖਾਂ ਅਤੇ ਮਹਮੂਦ ਜਿਹੇ ਲੋਦੀ ਸਰਦਾਰ ਅਜੇ ਵੀ ਉਥੇ ਸਨ ਪਰ ਉਹ ਏਨੇ ਕਮਜੋਰ ਸਨ ਕਿ ਵੰਸ਼ ਨੂੰ ਉਹ ਮੁੜ ਜੀਵਤ ਨਹੀਂ ਕਰ ਸਕਦੇ ਸਨ।

**(ii) ਦਿੱਲੀ ਸੁਲਤਾਨ ਸ਼ਾਹੀ ਦਾ ਪਤਨ** (Down fall of Delhi Sultanate) – ਪਾਨੀਪਤ ਦੀ ਲੜਾਈ ਨੇ ਦਿੱਲੀ ਸੁਲਤਾਨ ਸ਼ਾਹੀ ਨੂੰ ਇਕ ਘਾਤਕ ਧੱਕਾ ਪਹੁੰਚਾਇਆ। ਮੁਹੰਮਦ ਤੁਗਲਕ ਦੇ ਕਾਲ ਤੋਂ ਹੀ ਦਿੱਲੀ ਦੀ ਸੁਲਤਾਨ ਸ਼ਾਹੀ ਚੂਰ-ਚੂਰ ਹੋਣ ਲੱਗ ਗਈ ਸੀ। ਸੁਲਤਾਨ ਇਬ੍ਰਾਹੀਮ ਦੀ ਹਾਰ ਅਤੇ ਮ੍ਰਿਤੂ ਦੇ ਪਰਿਣਾਮ ਸਰੂਪ ਲੋਦੀ ਵੰਸ਼ ਦੀ ਸਮਾਪਤੀ ਦੇ ਕਾਰਣ ਹੀ ਦਿੱਲੀ ਸੁਲਤਾਨ ਸ਼ਾਹੀ ਦਾ ਅੰਤ ਹੋ ਗਿਆ, ਜਿਹੜੀ ਕਿ ਤਿੰਨ ਸਦੀਆਂ ਤੋਂ ਵੀ ਜ਼ਿਆਦਾ ਕਾਲ ਤਕ ਚਲਦੀ ਆਈ ਸੀ।

**(iii) ਮੁਗਲ ਸਾਮਰਾਜ ਦੀ ਸਥਾਪਨਾ** (Establishment of Mughal Empire)– ਪਾਣੀਪਤ 'ਤੇ ਬਾਬਰ ਦੀ ਜਿੱਤ ਨੇ ਭਾਰਤ ਵਿੱਚ ਮੁਗਲ ਸਾਮਰਾਜ ਦੀ ਨੀਂਹ ਰੱਖ ਦਿੱਤੀ। ਇਸ ਜਿੱਤ ਤੋਂ ਤੁਰੰਤ ਬਾਬਰ ਨੇ ਦਿੱਲੀ ਅਤੇ ਆਗਰਾ 'ਤੇ ਅਧਿਕਾਰ ਕਰ ਲਿਆ ਅਤੇ ਆਪਣੇ ਆਪ ਨੂੰ ਸਿੰਘਾਸਨ 'ਤੇ ਬਿਠਾ ਕੇ ਆਪਣੇ ਨਾਮ ਖੁਤਬਾ ਵੀ ਪੜ੍ਹਾ ਲਿਆ। ਇਸ ਤਰ੍ਹਾਂ ਉਸ ਨੇ ਭਾਰਤ ਵਿੱਚ ਮੁਗਲ ਸ਼ਾਸਨ ਦੀ ਨੀਂਹ ਰੱਖ ਦਿੱਤੀ। ਬਿਨਾਂ ਸ਼ੱਕ ਜਿਸ ਸਾਮਰਾਜ ਦੀ ਬਾਬਰ ਨੇ ਨੀਂਹ ਰੱਖੀ ਸੀ, ਉਹ ਉਸ ਦੇ ਲੜਕੇ ਹੁਮਾਯੂੰ ਨੇ ਜਲਦੀ ਹੀ ਗੁਆ ਦਿੱਤੀ ਅਤੇ ਇਹ ਅਕਬਰ ਹੀ ਸੀ, ਜਿਸ ਨੇ ਅਸਲ ਵਿੱਚ ਇਸ ਸਾਮਰਾਜ ਦੀ ਦੁਬਾਰਾ ਰਚਨਾ ਕੀਤੀ ਤਾਂ ਵੀ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੁਗਲ ਸਾਮਰਾਜ ਦੀ ਅਸਲੀ ਨੀਂਹ ਪਾਣੀਪਤ ਦੀ ਲੜਾਈ ਦੇ ਨਾਲ ਹੀ ਰੱਖੀ। ਜੇਕਰ ਬਾਬਰ ਇਸ ਲੜਾਈ ਵਿੱਚ ਨਾ ਜਿੱਤਦਾ ਤਾਂ ਸਾਡੇ ਦੇਸ਼ ਵਿੱਚ ਮੁਗਲ ਵੰਸ਼ ਦੀ ਸਥਾਪਨਾ ਕਦੇ ਨਹੀਂ ਹੋ ਸਕਦੀ ਸੀ।

**(iv) ਭਾਰਤ ਵਿੱਚ ਤੋਪਖਾਨੇ ਦਾ ਇਸਤੇਮਾਲ** (Use of artillerzy in India)– ਆਖਰੀ ਗੱਲ ਇਹ ਹੈ ਕਿ ਪਾਣੀਪਤ ਦੀ ਲੜਾਈ ਨੇ ਤੋਪਖਾਨੇ ਦੇ ਇਸਤੇਮਾਲ ਨੂੰ ਭਾਰਤੀ ਸੈਨਾ ਪ੍ਰਣਾਲੀ ਦਾ ਇਕ ਜ਼ਰੂਰੀ ਅੰਗ ਬਣਾ ਦਿੱਤਾ। ਇਸ ਤੋਂ ਪਹਿਲਾਂ ਭਾਰਤੀ ਲੋਕ ਬਾਰੂਦ ਦੇ ਇਸਤੇਮਾਲ ਤੋਂ ਜਾਣੂ ਨਹੀਂ ਸਨ। ਤੋਪਖਾਨੇ ਦੇ ਇਸਤੇਮਾਲ ਦਾ ਕਹਿਣਾ ਹੀ ਕੀ ਹੈ। ਇਹ ਮੁਗਲ ਹੀ ਸਨ, ਜਿਨ੍ਹਾਂ ਨੇ ਪਾਣੀਪਤ ਦੀ ਲੜਾਈ ਵਿੱਚ ਤੋਪਾਂ ਅਤੇ ਬਾਰੂਦ ਦਾ ਇਸਤੇਮਾਲ ਕਰਕੇ ਨਾ ਕੇਵਲ ਇਹ ਲੜਾਈ ਹੀ ਜਿੱਤੀ, ਸਗੋਂ ਉਹ ਸਾਡੇ ਦੇਸ਼ ਵਿੱਚ ਤੋਪਖਾਨੇ ਦਾ ਇਸਤੇਮਾਲ ਵੀ ਲੈ ਆਏ। ਇਸ ਤੋਂ ਬਾਅਦ ਤੋਪਖਾਨਾ ਭਾਰਤ ਦੀ ਸੈਨਿਕ ਪ੍ਰਣਾਲੀ ਵਿੱਚ ਇਕ ਜ਼ਰੂਰੀ ਅੰਗ ਬਣ ਗਿਆ।

ਪਰ ਇਸ ਲੜਾਈ ਦੇ ਮਹੱਤਵ ਨੂੰ ਵਧਾ ਕੇ ਦੱਸਣ ਦੀ ਜ਼ਰੂਰਤ ਨਹੀਂ। ਸੱਚ ਪੁੱਛੋ ਤਾਂ ਇਸ ਲੜਾਈ ਨੇ ਨਾ ਹੀ ਬਾਬਰ ਨੂੰ ਸਾਰੇ ਭਾਰਤ ਦਾ ਮਾਲਕ ਬਣਾਇਆ ਅਤੇ ਨਾ ਹੀ ਇਸ ਨੇ ਮੁਗਲ ਸਾਮਰਾਜ ਦੀ ਸਥਾਪਨਾ ਕਰਵਾਈ। ਜਦ ਕਿ ਇਸ ਜਿੱਤ ਤੋਂ ਬਾਅਦ ਬਾਬਰ ਦਿੱਲੀ ਅਤੇ ਆਗਰਾ ਦਾ ਰਾਜਾ ਬਣ ਗਿਆ ਤਾਂ ਵੀ ਉਸ ਦਾ ਕੰਮ ਤਾਂ ਅਜੇ ਅਧੂਰਾ ਸੀ। ਅਸਲ ਵਿੱਚ ਜਿਵੇਂ ਕਿ ਆਰ. ਬੀ. ਵਿਲੀਅਮ (R. B. William) ਲਿਖਦਾ ਹੈ, "ਇਬਰਾਹਿਮ ਦੀ ਸੈਨਾ ਨੂੰ ਹਰਾਉਣ ਤੋਂ ਤਾਂ ਉਸ ਦਾ ਕੰਮ ਆਰੰਭ ਹੋਇਆ।" ਬਾਬਰ ਨੂੰ ਤਾਂ ਅਜੇ ਬਹੁਤ ਸਾਰੇ ਅਫਗਾਨ ਅਤੇ ਰਾਜਪੂਤ ਦੁਸ਼ਮਣਾਂ ਨਾਲ ਲੜਨਾ ਬਾਕੀ ਸੀ ਤਾਂ ਵੀ ਪਾਣੀਪਤ ਦੀ ਉਸ ਦੀ ਜਿੱਤ ਕੁਝ ਹੱਦ ਤੱਕ ਮਹੱਤਵਪੂਰਨ ਹੈ, ਕਿਉਂਕਿ ਇਸ ਜਿੱਤ ਨੇ ਉਸ ਨੂੰ ਭਾਰਤ ਦੀ ਪ੍ਰਭੁਸੱਤਾ ਦਾ ਜਾਇਜ਼ (Valid) ਅਧਿਕਾਰ ਦਿਵਾ ਦਿੱਤਾ।

### 8.6.2 ਪਾਣੀਪਤ 'ਤੇ ਬਾਬਰ ਦੀ ਸਫਲਤਾ ਦੇ ਕਾਰਨ (Causes of the Success of Babur at Panipat)

ਕਈ ਗੱਲਾਂ ਹਨ ਜਿਨ੍ਹਾਂ ਦੇ ਕਾਰਨ ਬਾਬਰ ਨੂੰ ਅੰਤ ਵਿੱਚ ਸਫਲਤਾ ਮਿਲੀ ਅਤੇ ਉਸ ਦੇ ਵਿਰੋਧੀ ਇਬਰਾਹਿਮ ਦੀ ਹਾਰ ਹੋਈ।

**(i) ਬਾਬਰ ਦਾ ਯੋਗ ਸੈਨਾਪਤੀ ਹੋਣਾ** (Efficient Generalship of Babur)–ਬਾਬਰ ਇਕ ਉਤਮ ਸੈਨਿਕ ਅਤੇ ਇਕ ਜਨਮਜਾਤ ਸੈਨਾਨੀ ਸੀ। ਉਸ ਨੇ ਆਪਣੀ ਸੈਨਿਕ ਕੁਸ਼ਲਤਾ ਅਦਭੁਤ ਪ੍ਰਮਾਣ ਉਦੋਂ ਦੇ ਦਿੱਤਾ, ਜਦੋਂ ਉਸ ਨੇ ਲੜਾਈ ਦੀ ਇਕ ਨਿਯਮਿਤ ਯੋਜਨਾ ਬਣਾਈ ਅਤੇ ਉਸ ਨੂੰ ਪ੍ਰਵਾਨ ਚੜ੍ਹਾਇਆ। ਉਸ ਨੇ ਤੋਪਖਾਨੇ ਅਤੇ ਘੋੜ-ਰਸਾਲੇ ਦਾ ਇਕ ਵਿਗਿਆਨਿਕ ਮੇਲ ਕਰਵਾ

ਨੋਟ

ਕੇ ਦਿਖਾ ਦਿੱਤਾ। ਉਸ ਨੇ ਆਪਣੀ ਸੈਨਾ ਨੂੰ ਤਿੰਨ ਪੱਖਾਂ ਵਿੱਚ ਵੰਡਿਆ–ਖੱਬਾ ਪੱਖ, ਮੱਧ ਪੱਖ ਅਤੇ ਸੱਜਾ ਪੱਖ। ਅਸੀਮ ਸੱਜੇ ਅਤੇ ਖੱਬੇ ਤੇ ਉਸ ਨੇ ਪਿਛਲੇ ਦਲ ਵੀ ਖੜ੍ਹੇ ਕਰ ਦਿੱਤੇ। ਉਸ ਨੇ 700 ਤੋਪ ਗੱਡੀਆਂ ਇਕੱਠੀਆਂ ਕਰ ਦਿੱਤੀਆਂ ਅਤੇ ਉਨ੍ਹਾਂ ਨਾਲ ਤੋਪਾਂ ਅਤੇ ਤੋਪ ਚਲਾਉਣ ਵਾਲੇ ਅਜਿਹੇ ਢੰਗ ਨਾਲ ਲਗਾਏ ਇਕ ਦੁਸ਼ਮਣ 'ਤੇ ਇਕਦਮ ਵਿਨਾਸ਼ ਅਤੇ ਮੌਤ ਦੀ ਵਰਖਾ ਹੋ ਜਾਵੇ। ਬਾਬਰ ਨੇ ਉਜਵੇਕਾਂ, ਤੁਰਕਾਂ ਅਤੇ ਇਰਾਨੀਆਂ ਕੋਲੋਂ ਬਹੁਤ ਸਾਰੀਆਂ ਸੈਨਿਕ ਕਾਰਜ ਨੀਤੀਆਂ ਸਿੱਖ ਲਈਆਂ ਸਨ ਅਤੇ ਲੜਾਈ ਵਿੱਚ ਉਨ੍ਹਾਂ ਕਾਰਜ ਨੀਤੀਆਂ ਦਾ ਇਸਤੇਮਾਲ ਕਰਕੇ ਉਸ ਨੇ ਬਹੁਤ ਲਾਭ ਉਠਾਇਆ।

(**ii**) **ਬਾਬਰ ਦਾ ਤੋਪਖਾਨਾ** (Artillery of Babur) - ਬਾਬਰ ਦਾ ਮਜ਼ਬੂਤ ਤੋਪਖਾਨਾ ਉਸ ਦੀ ਸਫਲਤਾ ਦਾ ਇਕ ਬਹੁਤ ਪ੍ਰਬਲ ਕਾਰਨ ਬਣਿਆ। ਆਰ. ਬੀ. ਵਿਲੀਅਮ ਦੇ ਵਿਚਾਰ ਅਨੁਸਾਰ, "ਜੇਕਰ ਕਿਸੇ ਇਕ ਭੌਤਿਕ ਗੱਲ ਨੇ ਕਿਸੇ ਹੋਰ ਗੱਲ ਨਾਲੋਂ ਵੱਧ ਕੇ ਉਸ ਦੀ ਆਖਰੀ ਜਿੱਤ ਦਾ ਰਸਤਾ ਬਣਾਇਆ ਤਾਂ ਉਹ ਸੀ ਉਸ ਦਾ ਸ਼ਕਤੀਸ਼ਾਲੀ ਤੋਪਖਾਨਾ।" ਜਦ ਕਿ ਇਬਰਾਹਿਮ ਦੇ ਕੋਲ ਨਾ ਕੋਈ ਤੋਪ ਸੀ ਅਤੇ ਨਾ ਕੋਈ ਬਾਰੂਦ, ਬਾਬਰ ਦੇ ਕੋਲ ਇਕ ਸ਼ਕਤੀਸ਼ਾਲੀ ਤੋਪਖਾਨਾ ਸੀ। ਜਿਸ ਵਿੱਚ ਵੱਡੀਆਂ–ਵੱਡੀਆਂ ਤੋਪਾਂ ਅਤੇ ਛੋਟੀਆਂ–ਛੋਟੀਆਂ ਬੰਦੂਕਾਂ ਵੀ ਸਨ। ਇਸ ਤੋਂ ਇਲਾਵਾ ਉਸ ਦੇ ਕੋਲ ਦੋ ਬਹੁਤ ਹੀ ਨਿਪੁੰਨ ਤੋਪ ਚਲਾਉਣ ਵਾਲੇ ਉਸਤਾਦ ਅਲੀ ਅਤੇ ਮੁਸਤਫਾ ਸਨ, ਜਿਨ੍ਹਾਂ ਨੇ ਲੜਾਈ ਵਿੱਚ ਤਬਾਹੀ ਮਚਾ ਦਿੱਤੀ।

(**iii**) **ਭਾਰਤ ਵਾਸੀਆਂ ਦੀ ਆਪਸੀ ਫੁੱਟ** (Disunity of Indians)- ਭਾਰਤ ਵਾਸੀਆਂ ਦੀ ਆਪਸੀ ਫੁੱਟ ਅਤੇ ਭੇਦਭਾਵ ਵੀ ਇਕ ਵੱਡਾ ਕਾਰਨ ਸੀ, ਜਿਸ ਨਾਲ ਬਾਬਰ ਨੂੰ ਸਫਲਤਾ ਪ੍ਰਾਪਤ ਹੋਈ। ਬਹੁਤ ਸਾਰੇ ਹਿੰਦੋਸਤਾਨੀ ਸਰਦਾਰ ਗੁਲਾਮ ਬਣ ਬੈਠੇ ਸਨ ਅਤੇ ਉਹ ਸੁਲਤਾਨ ਇਬਰਾਹਿਮ ਦੇ ਦੁਸ਼ਮਣ ਸਨ। ਭਾਵੇਂ ਸੁਲਤਾਨ ਦੇ ਵਿਰੁੱਧ ਵਿਦਰੋਹ ਕਰਦੇ ਰਹਿੰਦੇ ਅਤੇ ਪਾਣੀਪਤ ਦੀ ਲੜਾਈ ਵਿੱਚ ਇਬਰਾਹਿਮ ਨੂੰ ਇਕੱਲੇ ਲੜਨਾ ਪਿਆ। ਦੌਲਤ ਖਾਂ ਅਤੇ ਆਲਮ ਖਾਂ ਵਰਗੇ ਉਸ ਦੇ ਸਕੇ–ਸਬੰਧੀਆਂ ਨੇ ਵੀ ਉਸ ਦੀ ਸਹਾਇਤਾ ਨਹੀਂ ਕੀਤੀ। ਕਹਿੰਦੇ ਹਨ ਕਿ ਮੇਵਾੜ ਦੇ ਰਾਣਾ ਸੰਗਰਾਮ ਸਿੰਘ ਨੇ ਇਬਰਾਹਿਮ ਦੀ ਸਹਾਇਤਾ ਕਰਨ ਦੀ ਥਾਂ ਉਸ ਦੇ ਵਿਰੁੱਧ ਬਾਬਰ ਨੂੰ ਸਹਾਇਤਾ ਦਿੱਤੀ। ਇਨ੍ਹਾਂ ਸਾਰੀਆਂ ਗੱਲਾਂ ਨੇ ਭਾਰਤੀਆਂ ਦੀ ਸ਼ਕਤੀ ਕਮਜ਼ੋਰ ਕਰ ਦਿੱਤੀ। ਜੇਕਰ ਰਾਣਾ ਸੰਗਰਾਮ ਸਿੰਘ, ਦੌਲਤ ਖਾਂ ਅਤੇ ਦੂਸਰੇ ਸਰਦਾਰਾਂ ਨੇ ਬਾਬਰ ਦੇ ਵਿਰੁੱਧ ਇਬਰਾਹਿਮ ਦਾ ਸਾਥ ਦਿੱਤਾ ਹੁੰਦਾ ਤਾਂ ਬਾਬਰ ਦੀ ਸਫਲਤਾ ਸ਼ੱਕ ਭਰਪੂਰ ਹੋ ਜਾਂਦੀ।

(**iv**) **ਇਬਰਾਹਿਮ ਇਕ ਅਯੋਗ ਸੈਨਾਪਤੀ** (Inefficiency of Ibrahim as a General)- ਬਾਬਰ ਦੀ ਕਿਸਮਤ ਸਮਝੋ ਕਿ ਜਿਸ ਦੁਸ਼ਮਣ ਨਾਲ ਉਸ ਨੂੰ ਲੜਨਾ ਪਿਆ, ਉਹ ਅਯੋਗ ਸੈਨਾਪਤੀ ਸੀ। ਉਸ ਵਿੱਚ ਸੈਨਾਨੀਪਣ ਦੇ ਗੁਣ ਦਾ ਅਹਿਸਾਸ ਸੀ। ਉਹ ਆਪਣੀ ਸੈਨਾ ਨੂੰ ਸਹੀ ਢੰਗ ਨਾਲ ਸੰਗਠਿਤ ਵੀ ਨਾ ਕਰ ਸਕਿਆ ਅਤੇ ਨਾ ਹੀ ਉਹ ਲੜਾਈ ਦੀ ਚੰਗੀ ਯੋਜਨਾ ਬਣਾ ਸਕਿਆ। ਬਾਬਰ ਖੁਦ ਇਹ ਕਹਿੰਦਾ ਹੈ "ਇਬਰਾਹਿਮ ਇਕ ਅਨੁਭਵਹੀਣ ਨੌਜਵਾਨ ਵਿਅਕਤੀ ਸੀ ਜੋ ਆਪਣਾ ਕੰਮ ਲਾਪ੍ਰਵਾਹੀ ਨਾਲ ਕਰਦਾ, ਬਿਨਾਂ ਤਰਤੀਬ ਕੰਮ ਕਰਦਾ। ਬਿਨਾਂ ਯੋਜਨਾ ਬਣਾਏ ਰੁੱਕ ਜਾਂਦਾ। ਪਿੱਛੇ ਹਟ ਜਾਂਦਾ ਅਤੇ ਬਿਨਾਂ ਸੋਚੇ–ਸਮਝੇ ਲੜਾਈ ਵਿੱਚ ਕੁੱਦ ਪੈਂਦਾ।" ਬਾਬਰ ਵਰਗੇ ਇਕ ਤੇਜ਼ ਦਿਮਾਗ ਸੈਨਾਪਤੀ ਲਈ ਅਯੋਗ ਦੁਸ਼ਮਣ ਨੂੰ ਹਰਾਉਣਾ ਔਖਾ ਨਹੀਂ ਸੀ।

(**v**) **ਇਬਰਾਹਿਮ ਦੀ ਸੈਨਾ ਦੀ ਕਮਜ਼ੋਰੀ** (Weakness of Ibrahim's Forces)- ਇਬਰਾਹਿਮ ਦੀ ਸੈਨਾ ਵਿੱਚ ਜਦ ਕਿ ਇਕ ਲੱਖ ਤੋਂ ਜ਼ਿਆਦਾ ਸੈਨਿਕ ਸਨ ਤਾਂ ਵੀ ਉਹ ਬਹੁਤ ਕਮਜ਼ੋਰ ਸਨ। ਸਭ ਤੋਂ ਪਹਿਲੀ ਗੱਲ ਉਸ ਦੇ ਸੈਨਿਕ ਅਨਪੜ੍ਹ ਸਨ ਅਤੇ ਅਕੁਸ਼ਲ ਸਨ ਤੇ ਉਹ ਕਿਸੇ ਰਾਸ਼ਟਰੀ ਅਤੇ ਧਾਰਮਿਕ ਭਾਵਨਾ ਤੋਂ ਪ੍ਰੇਰਿਤ ਨਹੀਂ ਸਨ। ਬਹੁਤ ਸਾਰੇ ਸੈਨਿਕ ਭਾੜੇ ਦੇ ਟੱਟੂ ਸਨ ਜੋ ਆਪਣੀ ਮਾਣ ਅਤੇ ਮਰਿਯਾਦਾ ਦੀ ਤੁਲਨਾ 'ਚ ਆਪਣੇ ਧਨ ਅਤੇ ਗਿਆਨ ਦੀ ਜ਼ਿਆਦਾ ਪ੍ਰਵਾਹ ਕਰਦੇ ਸਨ। ਉਨ੍ਹਾਂ ਦੇ ਲੜਨ ਦੇ ਤਰੀਕੇ ਵੀ ਪੁਰਾਣੇ ਅਤੇ ਟੁੱਟੇ–ਭੱਜੇ ਸਨ। ਉਹ ਭਾਲਿਆਂ, ਤੀਰ ਕਮਾਨਾਂ ਅਤੇ ਤਲਵਾਰਾਂ ਨਾਲ ਲੜਦੇ, ਉਨ੍ਹਾਂ ਕੋਲ ਕੋਈ ਬੰਦੂਕ ਅਤੇ ਤੋਪ ਨਹੀਂ ਸੀ। ਉਧਰ ਦੂਸਰੇ ਪਾਸੇ ਬਾਬਰ ਦੇ ਸੈਨਿਕ ਸੁਰੱਖਿਅਤ ਅਤੇ ਅਨੁਸ਼ਾਸਨਬੱਧ ਸਨ ਅਤੇ ਉਹ ਲੜਾਈ ਦੇ ਆਧੁਨਿਕ ਹਥਿਆਰਾਂ ਨਾਲ ਲੈਸ ਸਨ। ਫਿਰ ਇਬਰਾਹਿਮ ਦੇ ਜੰਗੀ ਹਾਥੀ ਸ਼ਕਤੀ ਦੀ ਜਗ੍ਹਾ 'ਤੇ ਕਮਜ਼ੋਰੀ ਦਾ ਹੀ ਕਾਰਨ ਬਣੇ। ਇਨ੍ਹਾਂ ਸਾਰੀਆਂ ਗੱਲਾਂ ਦੇ ਕਾਰਨ ਬਾਬਰ ਨੂੰ ਸਫਲਤਾ ਮਿਲੀ ਅਤੇ ਇਬਰਾਹਿਮ ਨੂੰ ਅਸਫਲਤਾ।

### 8.6.3 ਉਹ ਸਥਿਤੀਆਂ ਜਿਨ੍ਹਾਂ ਦੇ ਕਾਰਨ ਇਹ ਲੜਾਈ ਹੋਈ (Circumstances Leading to the Battel)

ਪਾਣੀਪਤ ਦੀ ਲੜਾਈ ਤੋਂ ਪਹਿਲਾਂ ਬਾਬਰ ਅਤੇ ਰਾਣਾ ਸੰਗਰਾਮ ਸਿੰਘ ਦਰਮਿਆਨ ਇਕ ਸਮਝੌਤਾ ਹੋਇਆ ਸੀ, ਜਿਸ ਨਾਲ ਇਹ ਫੈਸਲਾ ਹੋਇਆ ਸੀ ਕਿ ਰਾਣਾ ਤਾਂ ਇਬਰਾਹਿਮ ਲੋਧੀ 'ਤੇ ਆਗਰਾ ਵਾਲੇ ਪਾਸੇ ਤੋਂ ਲੜਾਈ ਕਰੇਗਾ, ਜਦ ਕਿ ਬਾਬਰ ਉੱਤਰ–ਪੱਛਮ ਵੱਲੋਂ ਹਮਲਾ ਕਰੇਗਾ। ਇਸ ਸਹਾਇਤਾ ਦੇ ਬਦਲੇ ਵਿੱਚ ਬਾਬਰ ਰਾਣਾ ਦੇ ਲਈ ਕਾਲਪੀ, ਧੌਲਪੁਰ ਅਤੇ ਵਿਆਨਾ ਦਾ ਇਲਾਕਾ ਛੱਡ ਦੇਵੇਗਾ ਪਰ ਜਦੋਂ ਸੱਚਮੁਚ ਬਾਬਰ ਇਬਰਾਹਿਮ ਨਾਲ ਲੜਨ ਆਇਆ ਤਾਂ ਰਾਣਾ ਨੇ ਵਚਨ ਅਨੁਸਾਰ ਸਹਾਇਤਾ ਨਾ ਦਿੱਤੀ ਅਤੇ ਇਸ ਲਈ ਆਪਣੀ ਜਿੱਤ ਤੋਂ ਬਾਅਦ ਬਾਬਰ ਨੇ ਰਾਣਾ ਨੂੰ ਧੋਖੇਬਾਜ਼ੀ ਦਾ ਦੋਸ਼ੀ ਠਹਿਰਾਇਆ। ਉਧਰ ਰਾਣਾ ਨੇ ਬਾਬਰ 'ਤੇ ਦੋਸ਼ ਲਗਾਇਆ ਕਿ ਉਸ ਨੇ ਕਾਲਪੀ, ਧੌਲਪੁਰ, ਵਿਆਨਾ ਪ੍ਰਦੇਸ਼ 'ਤੇ ਅਧਿਕਾਰ ਜਮ੍ਹਾ ਲਿਆ ਹੈ। ਇਸ ਤਰ੍ਹਾਂ ਹਰੇਕ ਇਕ ਦੂਜੇ ਦੇ ਵਿਰੁਧ ਅੰਦਰ ਹੀ ਅੰਦਰ ਬੜਬੜਾਉਣ ਲੱਗੇ।

ਪਾਨੀਪਤ ਦੀ ਜਿੱਤ ਤੋਂ ਬਾਅਦ ਬਾਬਰ ਨੂੰ ਵੱਡੀ ਭਾਰੀ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਸਦੇ ਸੈਨਿਕ ਨਿਰਾਸ਼ ਅਤੇ ਸਾਹਸੀ ਹੋ ਚੁੱਕੇ ਸਨ। ਉਹ ਕਾਬੁਲ ਨੂੰ ਵਾਪਸ ਜਾਣ ਦੀ ਦੁਹਾਈ ਦੇ ਰਹੇ ਸਨ। ਠੀਕ ਇਸ ਸਮੇਂ ਬਾਬਰ ਨੇ ਸੈਨਿਕਾਂ ਨੂੰ ਉਤਸਾਹਤ ਕਰਨ ਦੇ ਲਈ ਇਕ ਪ੍ਰਭਾਵਸ਼ਾਲੀ ਵਿਆਖਿਆਨ ਦਿੱਤਾ। ਉਸਨੇ ਕਿਹਾ **"ਇਕ ਸ਼ਕਤੀਸ਼ਾਲੀ ਸੈਨਾ ਹਰਾਈ ਜਾ ਚੁੱਕੀ ਹੈ ਅਤੇ ਇਕ ਧੰਨੀ ਅਤੇ ਸ਼ਕਤੀਸ਼ਾਲੀ ਰਾਜ ਸਾਡੇ ਚਰਨਾਂ ਉੱਤੇ ਹੈ। ਹੁਣ ਜਦੋਂ ਕਿ ਅਸੀਂ ਆਪਣਾ ਮਕਸਦ ਪ੍ਰਾਪਤ ਕਰ ਲਿਆ ਹੈ ਅਤੇ ਅਪਣੀ ਬਾਜੀ ਜਿੱਤ ਲਈ ਹੈ ਤਾਂ ਕੀ ਉਹ ਅਸੀਂ ਸਭ ਕੁਝ ਛੱਡ ਦਈਏ ਜਿਹੜਾ ਹੁਣ ਤਕ ਅਸੀਂ ਪ੍ਰਾਪਤ ਕੀਤਾ ਹੈ ਅਤੇ ਕੀ ਅਸੀਂ ਹਾਰ ਖਾਧੇ ਹੋਏ ਲੋਕਾਂ ਦੀ ਤਰ੍ਹਾਂ ਕਾਬੁਲ ਨੂੰ ਨੱਸ ਜਾਈਏ। ਜਿਹੜਾ ਕੋਈ ਵੀ ਅਪਣੇ ਆਪ ਨੂੰ ਮੇਰਾ ਮਿੱਤਰ ਸਮਝਦਾ ਹੈ ਉਹ ਮੁੜ ਕਦੀ ਵੀ ਇਹੋ ਜਿਹੀ ਗੱਲ ਨਾ ਕਰੇ। ਪਰ ਤੁਹਾਡੇ ਵਿਚੋਂ ਜੇਕਰ ਕੋਈ ਇੱਥੇ ਰਹਿਣ ਤੋਂ ਡਰਦਾ ਹੈ ਤਾਂ ਉਹ ਚਲਾ ਜਾਵੇ।"** ਇਸ ਅਪੀਲ ਦਾ ਇੱਛੁਕ ਪ੍ਰਭਾਵ ਹੋਇਆ ਅਤੇ ਉਸਦੇ ਸਾਰੇ ਸੈਨਿਕਾਂ ਨ ਇਹ ਸੌਂਹ ਖਾਧੀ ਕਿ ਅਸੀਂ ਹਰ ਦੁਖ-ਸੁਖ ਵਿਚ ਅਪਣੇ ਸਵਾਮੀ ਦਾ ਸਾਥ ਦਿਆਂਗੇ। ਬਾਬਰ ਦਾ ਇਹ ਫੈਸਲਾ ਕਿ ਭਾਰਤ ਵਿਚ ਰਹਿ ਕੇ ਸਾਮਰਾਜ ਦੀ ਨੀਂਹ ਰੱਖਦੇ ਹਾਂ ਰਾਜਪੂਤਾਂ ਦੀਆਂ ਅੱਖਾਂ ਖੋਲ੍ਹ ਦੇਣ ਲਈ ਕਾਫੀ ਸੀ। ਰਾਣਾ ਸੰਗ੍ਰਾਮ ਸਿੰਘ ਹੁਣ ਤਕ ਇਹ ਸਮਝਿਆ ਬੈਠਾ ਸੀ ਕਿ ਮਾਰ-ਕੱਟ ਅਤੇ ਲੁੱਟ ਕਰਨ ਤੋਂ ਬਾਅਦ ਬਾਬਰ ਅਪਣੇ ਦੇਸ਼ ਨੂੰ ਵਾਪਸ ਚਲਾ ਜਾਵੇਗਾ। ਹੁਣ ਜਦੋਂ ਉਸ ਦੀਆਂ ਅੱਖਾਂ ਖੁਲ੍ਹੀਆਂ ਤਾਂ ਉਸਨੂੰ ਬਹੁਤ ਦੁਖ ਹੋਇਆ। ਇਸ ਲਈ ਉਸਨੇ ਮੁਗਲਾਂ ਦੇ ਵਿਰੁਧ ਲੜਨ ਦੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

**ਰਾਣਾ ਸੰਗ੍ਰਾਮ ਸਿੰਘ** ਇਕ ਬੜਾ ਨਾਮੀ ਯੋਧਾ ਸੀ। ਅਪਣੀ ਵੀਰਤਾ ਦੇ ਕਾਰਨਾਮਿਆਂ ਤੋਂ ਉਸਨੇ ਭੀਲਸਾ, ਸਾਰੰਗਪੁਰ ਚੰਦੇਰੀ ਅਤੇ ਰਣਥੰਭੋਰ ਨੂੰ ਅਪਣੇ ਅਧੀਨ ਕਰ ਲਿਆ ਸੀ ਅਤੇ ਗਵਾਲਿਅਜ, ਅਜਮੇਰ, ਸੀਕਰੀ ਅਤੇ ਮਾਂਊਟ ਆਬੂ ਦੇ ਸਰਦਾਰਾਂ ਨੇ ਉਸਦੀ ਪ੍ਰਭੁਤਾ ਨੂੰ ਸਵੀਕਾਰ ਕਰ ਲਿਆ ਸੀ। ਉਸਦੇ ਕੋਲ ਵਿਸ਼ਾਲ ਸੈਨਾ ਸਾਧਨ ਸਨ। ਟਾਂਡ ਦੇ ਅਨੁਸਾਰ "40,000 ਘੋੜ ਸਵਾਰ 7 ਵੱਡੇ ਰਾਜਾ 9 ਰਾਓ ਅਤੇ 104 ਸਰਦਾਰ ਜਿਨ੍ਹਾਂ ਨੂੰ ਰਾਵਲ ਅਤੇ ਰਾਵਤ ਦੀ ਉਪਾਧੀਆਂ ਪ੍ਰਾਪਤ ਸਨ। ਉਸਦੇ ਪਿੱਛੇ-ਪਿੱਛੇ ਲੜਾਈ ਦੇ ਮੈਦਾਨ ਵਿਚ ਬਾਬਰ ਨਾਲ ਲੜਨ ਆਏ।" ਬਹੁਛ ਇੱਛਾ ਨਾਲ ਭਰੇਹੋਏ ਅਤੇ ਅਤਿਅੰਤ ਹੀ ਦੇਸ਼ ਭਗਤੀ ਦੇ ਭਾਵ ਨਾਲ ਜੁੜ ਕੇ ਰਾਣਾ ਸੰਗ੍ਰਾਮ ਸਿੰਘ ਮੁਗਲਾਂ ਨੂੰ ਕੱਢ ਬਾਹਰ ਕਰਨ ਅਤੇ ਭਾਰਤ ਵਿਚ ਹਿੰਦੂ ਬਾਦਸ਼ਾਹੀ ਦੀ ਸਥਾਪਨਾ ਕਰਨ ਲਈ ਤੁਲਿਆ ਹੋਇਆ ਸੀ।

ਉਸਨੇ ਇਕ ਭਾਰੀ ਸੈਨਾ ਬਣਾਈ ਅਤੇ ਉਹ ਬਿਆਨ ਦੇ ਵਲ ਵੱਧਿਆ। ਹਸਨ ਖਾਂ ਮੇਵਾਤੀ ਨੇ ਜਿਹੜਾ ਇਕ ਵੱਡਾ ਅਫਗਾਨ ਸਰਦਾਰ ਸੀ ਰਾਣਾ ਨਾਲ ਸੰਧੀ ਕਰਵਾਈ ਇਸ ਉਦੇਸ਼ ਨਾਲ ਕਿ ਬਾਬਰ ਨੂੰ ਭਾਰਤ ਤੋਂ ਬਾਹਰ ਕੱਢਣਾ ਹੈ।

ਹੁਣ ਇਹ ਸੁਭਾਵਿਕ ਗੱਲ ਸੀ ਕਿ ਅਫਗਾਨਾਂ ਅਤੇ ਰਾਜਪੂਤਾਂ ਦੀ ਇਸ ਸੰਧੀ ਨਾਲ ਬਾਬਰ ਨੂੰ ਖਾਜ ਪੈਦਾ ਹੋਵੇ। ਦੁਸ਼ਮਣ ਦੇ ਵਿਰੁੱਧ ਕਾਰਵਾਈ ਕਰਨ ਦੇ ਲਈ ਉਹ ਇਕਦਮ ਆਗਰਾ ਤੋਂ ਸੈਨਾ ਲੈ ਕੇ ਚੱਲ ਪਿਆ। ਉਸ ਨੇ ਸੀਕਰੀ ਦੀ ਜਗ੍ਹਾ 'ਤੇ ਡੇਰਾ ਲਗਾਇਆ ਅਤੇ ਆਪਣੇ ਆਪ ਨੂੰ ਲੜਾਈ ਲਈ ਤਿਆਰ ਕਰਨ ਲੱਗਾ। ਰਾਜਪੂਤਾਂ ਦੀ ਵੀਰਤਾ ਅਤੇ ਬਹਾਦਰੀ ਦੇ ਸਮਾਚਾਰ ਮੁਗਲ ਸੈਨਾ ਵਿੱਚ ਘਬਰਾਹਟ ਪੈਦਾ ਕਰਨ ਲੱਗੇ। ਉਨ੍ਹਾਂ ਦੀ ਘਬਰਾਹਟ ਵਿੱਚ ਹੋਰ ਵੀ ਵਾਧਾ ਹੋ ਗਿਆ, ਜਦੋਂ ਕਾਬੁਲ ਤੋਂ ਆਏ ਹੋਏ ਇਕ ਜੋਤਸ਼ੀ ਨੇ ਇਹ ਭਵਿੱਖਵਾਣੀ ਕਰ ਦਿੱਤੀ ਕਿ ਮੁਗਲਾਂ ਦੀ ਹਾਲ ਹੋਵੇਗੀ। ਇਨ੍ਹਾਂ ਸਾਰੀਆਂ ਗੱਲਾਂ ਤੋਂ ਬਾਬਰ ਬਹੁਤ ਔਖੀ ਸਥਿਤੀ ਵਿੱਚ ਫਸ ਗਿਆ ਪਰ ਪਹਿਲਾਂ ਦੀ ਤਰ੍ਹਾਂ ਸਥਿਤੀ ਨੂੰ ਸੰਭਾਲ ਲਿਆ। ਉਸ ਨੇ ਜੋਤਸ਼ੀ ਨੂੰ ਬੁਰਾ-ਭਲਾ ਕਿਹਾ ਅਤੇ ਉਸ ਨੂੰ ਦੁਸ਼ਟ ਵਿਅਕਤੀ ਦਾ ਨਾਮ ਦਿੱਤਾ। ਆਪਣੇ ਸੈਨਿਕਾਂ ਨੂੰ ਨਿਰਾਸ਼ਾ ਤੋਂ ਬਚਾਉਣ ਲਈ ਉਸ ਨੇ ਸੱਚੇ ਦਿਲ ਨਾਲ ਸ਼ਰਾਬ ਦਾ ਤਿਆਗ ਕੀਤਾ ਅਤੇ ਕੀਮਤੀ ਪਿਆਲੇ ਉਥੇ ਹੀ ਤੋੜ ਦਿੱਤੇ। ਉਦੋਂ ਉਸ ਨੇ ਆਪਣੇ ਸੈਨਿਕਾਂ ਅਤੇ ਅਧਿਕਾਰੀ ਦੀ ਇਕ ਸਭਾ ਬੁਲਾਈ ਅਤੇ ਉਥੇ ਇਕ ਪ੍ਰੇਰਣਾ ਭਰਪੂਰ ਭਾਸ਼ਣ ਦਿੱਤਾ। ਉਹ ਬੋਲ ਪਿਆ-"ਮੇਰੇ ਸਰਦਾਰੋ ਅਤੇ ਸੈਨਿਕੋ ! ਹਰ ਕੋਈ ਜੋ ਸੰਸਾਰ ਵਿੱਚ ਆਉਂਦਾ ਹੈ, ਮਰਦਾ ਵੀ ਜ਼ਰੂਰ ਹੈ। ਜਦੋਂ ਅਸੀਂ ਮਰ ਕੇ ਚਲੇ ਜਾਂਦੇ ਹਾਂ, ਉਦੋਂ ਕੇਵਲ ਭਗਵਾਨ (ਅੱਲ੍ਹਾ) ਪਿੱਛੇ ਰਹਿੰਦਾ ਹੈ ਅਤੇ ਉਹ ਨਹੀਂ ਬਦਲਦਾ। ਜੋ ਕੋਈ ਵੀ ਜੀਵ ਭੋਜ ਵਿੱਚ ਭਾਗ ਲੈਣ ਆਉਂਦਾ ਹੈ, ਭੋਜ ਸਮਾਪਤੀ ਤੋਂ ਪਹਿਲਾਂ ਮੌਤ ਦੇ ਪਿਆਲੇ ਨਾਲ ਸ਼ਰਾਬ ਜ਼ਰੂਰ ਪੀਂਦਾ ਹੈ। ਜੋ ਕੋਈ ਇਸ ਮਰਨ ਦੀ ਸਰਾਏ 'ਤੇ ਪਹੁੰਚਦਾ ਹੈ, ਜ਼ਰੂਰ ਇਕ ਦਿਨ ਇਸ ਦੁੱਖ ਗ੍ਰਹਿ ਭਾਵ ਸੰਸਾਰ ਤੋਂ ਜਾਵੇਗਾ ਤਾਂ ਕੀ ਇਹ ਚੰਗਾ ਹੋਵੇ ਕਿ ਅਪਮਾਨ ਦੇ ਇਸ ਜੀਵਨ ਦੀ ਤੁਲਨਾ 'ਚ ਉਹ ਮਾਨ ਦੀ ਮੌਤ ਨੂੰ ਪ੍ਰਾਪਤ ਹੋਣ।" "ਜੇਕਰ ਅਸੀਂ ਯੁੱਧ ਵਿੱਚ ਲੜਦੇ ਮਾਰੇ ਜਾਈਏ, ਅਸੀਂ ਸ਼ਹੀਦਾਂ ਦੀ ਮੌਤ ਮਰਾਂਗੇ। ਜੇਕਰ ਅਸੀਂ ਜਿਊਂਦੇ ਰਹੇ ਅਸੀਂ ਜੇਤੂ ਹੋ ਕੇ ਨਿਕਲਾਂਗੇ ਤਾਂ ਆਓ ਅਸੀਂ ਇਕਮਤ ਹੋ ਕੇ ਭਗਵਾਨ ਦੀ ਸਹੁੰ ਖਾਈਏ ਕਿ ਸਾਡੇ ਵਿੱਚੋਂ ਕੋਈ ਵੀ ਯੁੱਧ ਵਿੱਚ ਪਿੱਠ ਨਹੀਂ ਦਿਖਾਏਗਾ, ਜਦ ਤੱਕ ਉਸ ਦੀ ਆਤਮਾ ਸਰੀਰ ਤੋਂ ਅਲੱਗ ਨਹੀਂ ਹੋ ਜਾਂਦੀ।" ਇਸ ਅਪੀਲ ਦਾ ਉਹ ਪ੍ਰਭਾਵ ਹੋਇਆ ਜੋ ਹੋਣਾ ਚਾਹੀਦਾ ਸੀ। ਸਾਰੇ ਸੈਨਿਕਾਂ ਨੇ ਸਹੁੰ ਖਾਧੀ ਕਿ ਮਰਦੇ ਦਮ ਤੱਕ ਬਾਬਰ ਦਾ ਸਾਥ ਦੇਣਗੇ।

### 8.6.4 ਯੁੱਧ ਦੀ ਗਤੀ ਅਤੇ ਘਟਨਾਵਾਂ (Course of the Battle)

ਰਾਜਪੂਤਾਂ ਅਤੇ ਮੁਗਲਾਂ ਦੀ ਟੱਕਰ ਕਨਵਾਹ ਦੇ ਸਥਾਨ ਉਤੇ ਹੋਈ ਜਿਹੜਾ ਕਿ ਸੀਕਰੀ ਤੋਂ ਕੁਝ ਹੀ ਮੀਲ ਦੂਰ ਪਿੰਡ ਹੈ। ਰਾਣਾ ਸੰਗ੍ਰਾਮ ਸਿੰਘ ਰਾਜਪੂਤ ਸੈਨਾ ਦਾ ਨੇਤਾ ਸੀ ਅਤੇ ਬਹੁਤ ਸਾਰੇ ਰਾਜਪੂਤ ਅਤੇ ਅਫਗਾਨ ਸਰਦਾਰ ਉਸਦੀ ਸਹਾਇਤਾ ਲਈ ਸਨ। ਬਾਬਰ ਦੇ ਕਹਿਣ ਅਨੁਸਾਰ ਰਾਜਪੂਤ ਸੈਨਾ ਵਿਚ ਕੋਈ ਦੋ ਲੱਖ ਸੈਨਿਕ ਸਨ ਪਰ ਵਾਸਤਵ ਵਿਚ ਸੱਚ ਮੁਚ ਲੜਨ ਵਾਲਿਆਂ ਸੈਨਿਕਾਂ ਦੀ ਸੰਖਿਆ ਇਕ ਲੱਖ ਤੋਂ ਜ਼ਿਆਦਾ ਨਹੀਂ ਸੀ। ਬਾਬਰ ਦੀ ਸੈਨਾ ਵਿਚ ਵੀ 40,000 ਤੋਂ ਘੱਟ ਸੈਨਿਕ ਨਹੀਂ ਸਨ।

ਨੋਟ

ਬਾਬਰ ਦੀ ਯੁੱਧ ਯੋਜਨਾ ਲਗਭਗ ਉਸੇ ਤਰ੍ਹਾਂ ਸੀ ਜਿਹੋ ਜਿਹੀ ਉਸਨੇ ਪਾਨੀਪਤ ਦੀ ਲੜਾਈ ਦੇ ਸਮੇਂ ਬਣਾਈ ਸੀ। ਉਸਨੇ ਅਪਣੀ ਸੈਨਾ ਦੇ ਤਿੰਨ ਹਿੱਸੇ ਕੀਤੇ ਸਨ – ਦਾਮ ਪੱਖ, ਵਾਮ ਪੱਖ ਅਤੇ ਮੱਧ ਪੱਖ। ਮੱਧ ਪੱਖ ਤਾਂ ਉਸਨੇ ਖੁਦ ਸੰਭਾਲਿਆ ਅਤੇ ਦਾਮ ਅਤੇ ਵਾਮ ਪੱਖ ਉਸਨੇ ਹੁਮਾਯੂੰ ਅਤੇ ਮੇਂਹਦੀ ਖਵਾਜਾ ਦੇ ਹਵਾਲੇ ਕੀਤੇ। ਦੋਵਾਂ ਪਾਸੇ ਬਗਲ ਦਲ ਖੜ੍ਹੇ ਕੀਤੇ ਗਏ। ਮੱਧ ਪੱਖ ਨੂੰ ਤੋਪਾਂ ਦੁਆਰਾ ਸੁਦ੍ਰਿੜ੍ਹ ਕੀਤਾ ਗਿਆ ਅਤੇ ਤੋਪਚੀਆਂ ਦੀ ਰਖਿਆ ਦੇ ਲਈ ਗੱਡੀਆਂ ਦੀ ਪੰਗਤੀ ਅਤੇ ਛੋਟੀ-ਛੋਟੀ ਦੀਵਾਰਾਂ ਖੜ੍ਹੀਆਂ ਕੀਤੀਆਂ ਗਈਆਂ।

17 ਮਾਰਚ 1527 ਈ. ਦੇ 9 ਵਜੇ ਸਵੇਰ ਲੜਾਈ ਵਾਸਤਵ ਵਿਚ ਸ਼ੁਰੂ ਹੋਈ ਜਦ ਕਿ ਉਸਤਾਦ ਅਲੀ ਨੇ ਤੋਪ ਦਾਗੀ ਸੀ। ਸੂਰਬੀਰ ਰਾਣਾ ਦੇ ਨੇਤਰਤਵ ਵਿਚ ਰਾਜਪੂਤ ਸੈਨਿਕ ਸ਼ੱਤਰੂਆਂ ਉਤੇ ਟੁੱਟ ਪਏ। ਇਕ ਘਾਤਕ ਸੰਘਰਸ਼ ਸ਼ੁਰੂ ਹੋ ਗਿਆ। ਰਾਜਪੂਤਾਂ ਨੇ ਸ਼ੱਤਰੂ ਉਪਰ ਅਪਣੇ ਘੋੜੇ ਚੜ੍ਹਾ ਦਿੱਤੇ ਜਦੋਂ ਕਿ ਬਾਬਰ ਦੇ ਸਿਪਾਹੀਆਂ ਦੇ ਬੁਰੀ ਤਰ੍ਹਾਂ ਸਾਹ ਫੁੱਲੇ ਹੋਏ ਸਨ। ਪਰ ਬਾਬਰ ਇਹੋ ਜਿਹਾ ਵਿਅਕਤੀ ਨਹੀਂ ਸੀ ਜਿਹੜਾ ਹਤਾਸ਼-ਨਿਰਾਸ਼ ਹੋ ਸਕੇ। ਇਕ ਮਾਹਿਰ ਸੈਨਾਪਤੀ ਦੇ ਨਾਤੇ ਉਸਨੇ ਅਪਣਾ ਘਰੇਲ ਰਸਾਲਾ ਮੱਧ ਵਿਚ ਲਗਾਉਣ ਦਾ ਆਦੇਸ਼ ਦੇ ਦਿੱਤਾ ਜਿਹੜੇ ਸ਼ੱਤਰੂ ਉਤੇ ਟੁੱਟ ਪਏ ਅਤੇ ਉਸਤਾਦ ਅਲੀ ਨੂੰ ਨਿਰਦੇਸ਼ ਦਿੱਤਾ ਕਿ ਇਕ ਵਾਰ ਮੁੜ ਅੱਡੀ ਚੋਟੀ ਦਾ ਜੋਰ ਲਗਾਏ। ਕੁਝ ਦੇਰ ਤਾਂ ਜਿੱਤ ਅਨਿਸ਼ਚਿਤ ਦਿਖਾਈ ਦੇਂਦੀ ਰਹੀ ਪਰ ਸ਼ਾਮ ਤਕ ਪਾਸ਼ਾ ਬਾਬਰ ਦੇ ਹੱਕ ਵਿਚ ਉਲਟ ਗਿਆ। ਰਾਜਪੂਤ ਹੈਰਾਨੀਜਨਕ ਵੀਰਤਾ ਨਾਲ ਲੜੇ ਸਨ ਪਰ ਅਖੀਰ ਵਿਚ ਸ਼ਤਰੂ ਦੇ ਮਜਬੂਤ ਤੋਪਖਾਨੇ ਦੇ ਅੱਗੇ ਬੇਬਸ ਹੋ ਕੇ ਰਹਿ ਗਏ ਅਤੇ ਇਸ ਤਰ੍ਹਾਂ ਹਾਰ ਖਾਦੀ। ਹਸਨ ਖਾਂ ਮੇਵਾਤੀ, ਡੂੰਗਰ ਪੁਰ ਦਾ ਉਦੈ ਸਿੰਘ ਅਤੇ ਬਹੁਤ ਸਾਰੇ ਸਰਦਾਰ ਲੜਾਈ ਵਿਚ ਕੰਮ ਆਏ। ਰਾਣਾ ਸੰਗ੍ਰਾਮ ਸਿੰਘ ਬੁਰੀ ਤਰ੍ਹਾਂ ਜਖ਼ਮੀ ਹੋ ਗਿਆ ਪਰ ਵੁਹ ਬਚ ਕੇ ਨਿਕਲ ਗਿਆ। ਇਸ ਤਰ੍ਹਾਂ ਬਾਬਰ ਨੇ ਇਕ ਮਹਾਨ ਵਿਜੈ ਪ੍ਰਾਪਤ ਕੀਤੀ। ਅਪਣੀ ਜਿੱਤ ਦੇ ਜਲਦੀ ਬਾਦ ਉਸਨੇ ਆਗਿਆ ਦਿੱਤੀ ਕਿ ਰਾਜਪੂਤਾਂ ਦੀ ਖੋਪੜੀਆਂ ਦਾ ਇਕ ਮੀਨਾਰ ਬਣਾਇਆ ਜਾਏ। ਉਸਨੇ ਗਾਜੀ ਜਾਂ ਧਰਮ ਯੋਧਾ ਦੀ ਉਪਾਧੀ ਵੀ ਪ੍ਰਾਪਤ ਕੀਤੀ।

### 8.6.5 ਇਸ ਲੜਾਈ ਦਾ ਮਹੱਤਵ (Significance of the Battle)

ਕਨਵਾਹ ਲੜਾਈ ਭਾਰਤੀਅ ਇਤਿਹਾਸ ਦੀ ਅਤਿਅੰਤ ਹੀ ਮਹੱਤਵਪੂਰਣ ਲੜਾਈਆਂ ਵਿਚੋਂ ਇੱਕ ਹੈ। ਇਸ ਦਾ ਮਹੱਤਵ ਹੇਠਾਂ ਦੋ ਗੱਲਾਂ ਤੋਂ ਜਾਣਿਆ ਜਾ ਸਕਦਾ ਹੈ—

**(i) ਰਾਜਪੂਤ ਸ਼ਕਤੀ ਸੰਘ ਦੀ ਸਮਾਪਤੀ** (Blow to Rajput Confederacy) – ਸਭ ਤੋਂ ਪਹਿਲੀ ਗੱਲ ਇਹ ਹੈ ਕਿ ਕਨਵਾਹ ਦੀ ਲੜਾਈ ਨੇ ਰਾਜਪੂਤ ਸ਼ਕਤੀ ਸੰਘ ਦੀ ਮੌਤ ਦੀ ਘੰਟੀ ਵਜਾ ਦਿੱਤੀ। ਇਸ ਲੜਾਈ ਦੇ ਪਰਿਣਾਮ ਸਰੂਪ ਰਾਜਪੂਤਾਂ ਨੂੰ ਭਾਰੀ ਸੱਟ ਲੱਗੀ ਅਤੇ ਹਾਨੀ ਪਹੁੰਚੀ। ਸ਼ਾਇਦ ਹੀ ਕੋਈ ਇਹੋ ਜਿਹਾ ਰਾਜਪੂਤ ਵੰਸ਼ ਹੋਵੇਗਾ ਜਿਸਦੇ ਜਵਾਨ ਪੁਰਖ ਇਥੇ ਝੁਲਸੇ ਨਾ ਗਏ ਹੋਣ। ਰਾਣਾ ਸਾਂਗਾ ਬੁਰੀ ਤਰ੍ਹਾਂ ਘਾਇਲ ਹੋਇਆ ਅਤੇ ਉਸਦੀ ਸ਼ਕਤੀ ਛਿੰਨ-ਭਿੰਨ ਹੋ ਗਈ। ਉਸਦੀ ਸ਼ਕਤੀ ਅਤੇ ਸਨਮਾਨ ਦੇ ਪਤਨ ਨੇ ਉਸ ਇਕ ਹੀ ਪ੍ਰਥਾ ਨੂੰ ਘਾਤਕ ਰੂਪ ਨਾਲ ਕਮਜੋਰ ਕਰ ਦਿੱਤਾ ਜਿਹੜਾ ਸਾਰੀ ਮਹਾਨ ਰਾਜਪੂਤ ਸ਼ਕਤੀਆਂ ਨੂੰ ਇਕੱਠੀ ਬੰਨ੍ਹ ਕੇ ਰਖ ਸਕਦਾ ਸੀ। ਇਸ ਤਰ੍ਹਾਂ ਰਾਜਪੂਤਾਂ ਦਾ ਉਹ ਸ਼ਕਤੀ ਸੰਘ ਜਿਹੜਾ ਹੁਣ ਤਕ ਹਿੰਦੁਸਤਾਨ ਦੀ ਰਾਜਨੀਤੀ ਵਿਚ ਇਕ ਪ੍ਰਭੂਤਾਸ਼ਾਲੀ ਤੱਤ ਸੀ ਕਨਵਾਹ ਦੀ ਲੜਾਈ ਦੇ ਪਰਿਣਾਮ ਸਰੂਪ ਟੁੱਟ-ਫੁੱਟ ਕੇ ਰਹਿ ਗਿਆ।

**(ii) ਰਾਜਪੂਤ ਪ੍ਰਭੂਤਵ ਦਾ ਖਤਰਾ ਦੂਰ ਹੋਇਆ** (Danger of Rajput Supremacy Removed) – ਦੂਜੀ ਗੱਲ ਇਹ ਹੈ ਕਿ ਰਾਜਪੂਤ ਪ੍ਰਭੂਤਵ ਦਾ ਖਤਰਾ ਜਿਹੜਾ ਪਿਛਲੇ 10 ਸਾਲਾਂ ਤੋਂ ਭਾਰਤ ਦੇ ਅੰਦਰ ਮੁਸਲਮਾਨਾਂ ਦੀਆਂ ਅੱਖਾਂ ਦੇ ਸਾਹਮਣੇ ਰਹਿੰਦਾ ਸੀ ਉਹ ਹਮੇਸ਼ਾ ਲਈ ਟਲ ਗਿਆ। ਦਿੱਲੀ ਦੀ ਸੁਲਤਾਨ ਸ਼ਾਹੀ ਦੇ ਪਤਨ ਦੇ ਕਾਰਣ ਰਾਜਪੂਤ ਲੋਕ ਅਪਣੀ ਕਾਰਵਾਈਆਂ ਵਿਚ ਬਹੁਤ ਤੇਜ ਹੋ ਗਏ ਸਨ ਅਤੇ ਮੁਸਲਮਾਨ ਡਰਦੇ ਸਨ ਕਿ ਕਿਤੇ ਉਹ ਭਾਰਤ ਵਿਚ ਅਪਣਾ ਹੀ ਪ੍ਰਭੂਤਵ ਸਥਾਪਿਤ ਨਾਂ ਕਰ ਲੈਣ। ਕਨਵਾਹ ਦੀ ਲੜਾਈ ਵਿਚ ਰਾਜਪੂਤਾਂ ਦੀ ਭਿਆਨਕ ਹਾਰ ਨੇ ਉਹ ਡਰ ਸਦਾ ਲਈ ਦੂਰ ਕਰ ਦਿੱਤਾ।

**(iii) ਮੁਗਲ ਸਾਮਰਾਜ ਦੀ ਸਥਾਪਨਾ** (Establishment of Mughal Empire) – ਤੀਜੀ ਗੱਲ ਇਹ ਹੈ ਕਿ ਇਸ ਲੜਾਈ ਦੇ ਪਰਿਣਾਮ ਸਰੂਪ ਭਾਰਤ ਵਿਚ ਮੁਗਲ ਸਾਮਰਾਜ ਪੱਕੀ ਤਰ੍ਹਾਂ ਸਥਾਪਿਤ ਹੋ ਗਿਆ। ਪਾਨੀਪਤ ਦੀ ਲੜਾਈ ਨੇ ਅਫਗਾਨ ਸ਼ਕਤੀ ਦੀ ਪਿੱਠ ਤੋੜ ਦਿੱਤੀ ਸੀ। ਪਰ ਫਿਰ ਵੀ ਬਾਬਰ ਅਪਣੇ ਆਪ ਨੂੰ ਭਾਰਤ ਦਾ ਸ਼ਾਸਕ ਨਹੀਂ ਕਹਿੰਦਾ ਸੀ। ਉਸਦੀ ਸਥਿਤੀ ਹੁਣ ਵੀ ਸੋਚਨੀਅ ਸੀ। ਇਹ ਕਨਵਾਹ ਦੇ ਸਥਾਨ ਉਤੇ ਰਾਜਪੂਤਾਂ ਦੀ ਹਾਰ ਹੀ ਸੀ ਜਿਸਨੇ ਬਾਬਰ ਦੇ ਲਈ ਸਾਰੇ ਖਤਰੇ ਵਾਸਤਵ ਵਿਚ ਦੂਰ ਕਰ ਦਿੱਤੇ ਅਤੇ ਉਸ ਨੂੰ ਸਾਡੇ ਦੇਸ਼ ਦਾ ਨਿਰਵਿਵਾਦ ਸ਼ਾਸਕ ਬਣਾ ਦਿੱਤਾ। ਇਸ ਜਿੱਤ ਤੋਂ ਬਾਦ ਐਸਾ ਕੋਈ ਵੱਡਾ ਸ਼ੱਤਰੂ ਨਹੀਂ ਰਹਿ ਗਿਆ ਜਿਹੜਾ ਮੁਗਲ ਸਮਰਾਜ ਦੀ ਸੱਤਾ ਨੂੰ ਲਲਕਾਰਦਾ।

**(iv) ਬਾਬਰ ਦੇ ਜੀਵਨ ਵਿਚ ਨਵਾਂ ਮੋੜ** (New Stage in Babur's Career) – ਚੌਥੀ ਗੱਲ ਇਹ ਹੈ ਕਿ ਕਨਵਾਹ ਦੀ ਲੜਾਈ ਨੇ ਬਾਬਰ ਦੇ ਜੀਵਨ ਇੱਕ ਨਵਾਂ ਮੋੜ ਲਿਆ ਦਿੱਤਾ। ਜਿਸ ਤਰ੍ਹਾਂ ਕਿ ਆਰ.ਬ਼ੀ. ਵਿਲਿਯਮ ਕਹਿੰਦਾ ਹੈ "ਹੁਣ ਤੱਕ ਦਾ ਭਾਰਤ ਉਤੇ ਅਧਿਕਾਰ ਬਾਬਰ ਦੇ ਸਾਹਸਪੂਰਣ ਜੀਵਨ ਵਿਚ ਕੇਵਲ ਇੱਕ ਘਟਨਾ ਮਾਤਰ ਸਮਝਿਆ ਜਾਂਦਾ ਪਰ ਅੱਗੇ ਦੇ ਜੀਵਨ ਲਈ ਉਸਦੇ ਬਾਕੀ ਜੀਵਨ ਦੇ ਲਈ ਉਸਦੀ ਕਾਰਵਾਈਆਂ ਦਾ ਆਧਾਰ ਬਣ ਗਿਆ। ਸੁਭਾਗ ਦੀ ਖੋਜ ਵਿਚ ਮਾਰੇ ਮਾਰੇ ਫਿਰਨ ਦੇ ਉਸਦੇ ਦਿਨ ਹੁਣ ਸਮਾਪਤ ਹੋ ਗਏ। ਭਾਗ ਹੁਣ ਉਸਦਾ ਸੀ ਅਤੇ ਉਸਨੂੰ ਕੇਵਲ ਅਪਣੇ ਆਪ ਨੂੰ ਯੋਗ ਦਿਖਾਉਣਾ ਸੀ – ਲੜਨਾ

ਨੋਟ

ਪੈਂਦਾ ਹੀ ਹੈ ਅਤੇ ਅਜੇ ਉਸਨੂੰ ਲੜਨਾ ਬਹੁਤ ਬਾਕੀ ਸੀ ਪਰ ਇਹ ਲੜਨਾ ਅਪੀ ਸ਼ਕਤੀ ਦੇ ਵਿਸਥਾਰ ਲਈ ਸੀ ਵਿਦਰੋਹੀਆਂ ਨੂੰ ਮਿਟਾਉਣ ਲਈ ਸੀ ਅਤੇ ਅਪਣੇ ਰਾਜ ਨੂੰ ਬਚਾਉਣ ਲਈ ਸੀ। ਇਹ ਲੜਨਾ ਕਦੇ ਵੀ ਸਿੰਘਾਸਨ ਪ੍ਰਾਪਤੀ ਦੇ ਲਈ ਨਹੀਂ ਸੀ।"

**(v) ਬਾਬਰ ਦਾ ਕੇਂਦਰ ਕਾਬੁਲ ਤੋਂ ਹੱਟ ਕੇ ਹਿੰਦੁਸਤਾਨ ਬਣ ਗਿਆ** (Babur's Centre Shifted from Kabul to Hindustan)– ਅਖੀਰੀ ਗੱਲ ਇਹ ਹੈ ਅੱਗੇ ਦੇ ਲਈ ਬਾਬਰ ਦੀ ਸ਼ਕਤੀ ਦਾ ਆਧਾਰ ਕੇਂਦਰ ਕਾਬੁਲ ਤੋਂ ਹੱਟ ਕੇ ਹਿੰਦੁਸਤਾਨ ਬਣ ਗਿਆ। ਕਨਵਾਹ ਦੀ ਲੜਾਈ ਤੋਂ ਪਹਿਲਾਂ ਬਾਬਰ ਕਾਬੁਲ ਦਾ ਰਾਜਾ ਸੀ ਅਤੇ ਉਹ ਉਥੇ ਤੋਂ ਸ਼ਾਸਨ ਕਰਦਾ ਸੀ ਪਰ ਕਨਵਾਹ ਦੀ ਜਿੱਤ ਤੋਂ ਬਾਅਦ ਉਹ ਅਪਣੇ ਜੀਵਨ ਦੇ ਲਈ ਨਿਸ਼ਚਿਤ ਰੂਪ ਨਾਲ ਭਾਰਤ ਵਿਚ ਹੀ ਰਿਹਾ।

**ਸਵ-ਮੁਲਾਂਕਣ (Self Assessment)**

2. ਬਹੁ ਵਿਕਲਪ ਪ੍ਰਸ਼ਨ (Multiple Choice Questions):

(i) ਬਾਬਰ ਸੀ—

(ਅ) ਕੱਟੜ ਸੁੰਨੀ (ਬ) ਦੇਵ ਬੰਦੀ (ਸ) ਇਸਾਈ (ਦ) ਸਿੱਖ

(ii) ਗਡਰੀਏ ਦੀ ਬੁੱਢੀ ਦਾਦੀ ਕਿੰਨ੍ਹੇ ਸਾਲਾਂ ਦੀ ਸੀ ?

(ਅ) 80 ਸਾਲ (ਬ) 111 ਸਾਲ (ਸ) 120 ਸਾਲ (ਦ) 75 ਸਾਲ

(iii) ਬਾਬਰ ਨੂੰ ਭਾਰਤ ਉਤੇ ਚੜ੍ਹਾਈ ਕਰਨ ਲਈ ਕਿਸਨੇ ਪ੍ਰੇਰਿਤ ਕੀਤਾ ?

(ਅ) ਮੌਲਵੀਆਂ ਨੇ (ਬ) ਸੈਨਿਕਾਂ ਨੇ (ਸ) ਗਡਰੀਏ ਦੀ ਦਾਦੀ ਨੇ (ਦ) ਇਨ੍ਹਾਂ ਵਿਚੋਂ ਕੋਈ ਨਹੀਂ

(iv) ਬਾਜੌਰ ਉਤੇ ਅਧਿਕਾਰ ਕਰਨ ਤੋਂ ਬਾਦ ਬਾਬਰ ਜੇਹਲ੍ਹਮ ਦੇ ਕਿਨਾਰੇ ਸਥਿਤ ਕਿਸ ਦੇ ਵੱਲ ਵਧਿਆ ?

(ਅ) ਪੇਸ਼ਾਵਰ (ਬ) ਕਾਬੁਲ (ਸ) ਸਿਆਲਕੋਟ (ਦ) ਭੇਰਾ

(v) ਕਿਸ ਦੀ ਲੜਾਈ ਨੇ ਰਾਜਪੂਤ ਸ਼ਕਤੀ ਸੰਘ ਦੀ ਮੌਤ ਦੀ ਘੰਟੀ ਵਜਾ ਦਿੱਤੀ ?

(ਅ) ਕਨਵਾਹ ਦੀ (ਬ) ਪਾਨੀਪਤ ਦੀ (ਸ) ਚੰਦਵਾ ਦੀ (ਦ) ਭੀਲਸਾ ਦੀ

## 8.7 ਬਾਬਰ ਦੀ ਭਾਰਤ ਵਿਜੈ (India Conquest of Babur)

ਬਾਬਰ ਨੂੰ ਭਾਰਤ ਵਿਚ ਮੁਗਲ ਰਾਜ ਦਾ ਸੰਸਥਾਪਕ ਮੰਨ੍ਹਿਆ ਜਾਂਦਾ ਹੈ। ਉਸ ਦੇ ਆਉਣ ਤੋਂ ਪਹਿਲਾਂ ਭਾਰਤ ਕਈ ਛੋਟੇ-ਛੋਟੇ ਸੁਤੰਤਰ ਰਾਜਾਂ ਵਿਚ ਵੰਡਿਆ ਹੋਇਆ ਸੀ ਜਿਹੜੇ ਬਹੁਤ ਵਾਰ ਇਕ ਦੂਜੇ ਨਾਲ ਝਗੜਦੇ ਰਹਿੰਦੇ ਸਨ। ਬਾਬਰ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਉਸਨੇ ਇਨ੍ਹਾਂ ਰਾਜਾਂ ਦੀ ਸੁਤੰਤਰਤਾ ਨੂੰ ਕੁਚਲ ਦਿੱਤਾ ਉਨ੍ਹਾਂ ਨੂੰ ਅਪਣੇ ਅਧੀਨ ਕਰਕੇ ਇਕ ਸ਼ਾਨਦਾਰ ਰਾਜ ਦੀ ਸਥਾਪਨਾ ਕਰ ਦਿੱਤੀ। ਇਹ ਸਭ ਕੰਮ ਉਸਨੇ ਚਾਰ ਸਾਲ ਦੇ ਥੋੜ੍ਹੇ ਜਿਹੇ ਕਾਲ ਵਿਚ ਹੀ ਕਰ ਦਿਖਾਇਆ।

**(i) ਪੰਜਾਬ ਦੀ ਜਿੱਤ** (Conquest of the Punjab) : ਕਾਬੁਲ ਦੇ ਬਾਦਸ਼ਾਹ ਬਾਬਰ ਨੇ ਭਾਰਤ ਉਤੇ ਅਨੇਕ ਚੜ੍ਹਾਈਆਂ ਕੀਤੀਆਂ ਪਰ 1525 ਈ. ਦੇ ਅੰਤ ਵਿਚ ਜਾ ਕੇ ਹੀ ਸਾਡੇ ਦੇਸ਼ ਨੂੰ ਜਿੱਤ ਲੈਣ ਦੇ ਅਪਣੇ ਮਹਾਨ ਕੰਮ ਉਤੇ ਗੰਭੀਰਤਾ ਪੂਰਵਕ ਚੱਲ ਸਕਿਆ। ਉਸ ਦੇ ਕੋਲ ਜਿਹੜੀ ਵੱਧ ਤੋਂ ਵੱਧ ਸੈਨਾ ਸ਼ਕਤੀ ਸੀ ਉਸਨੂੰ ਲੈ ਕੇ ਉਹ ਪੰਜਾਬ ਦੇ ਵੱਲ ਚੱਲ ਪਿਆ। ਦੌਲਤ ਖਾਂ ਲੋਦੀ ਨੇ ਉਸਦਾ ਮੁਕਾਬਲਾ ਕੀਤਾ ਅਤੇ ਹਾਰ ਖਾਧੀ। ਇਸ ਤਰ੍ਹਾਂ ਪੰਜਾਬ ਬਾਬਰ ਦੇ ਹੱਥ ਆ ਗਿਆ। ਉਸਨੇ ਦੌਲਤ ਖਾਂ ਨੂੰ ਮੁਆਫੀ ਦੇ ਦਿੱਤੀ ਅਤੇ ਉਸਨੂੰ ਗੁਜਾਰੇ ਦੇ ਲਈ ਜਾਗੀਰਾਂ ਵੀ ਦੇ ਦਿੱਤੀਆਂ।

**(ii) ਪਾਨੀਪਤ ਦੀ ਪਹਿਲੀ ਲੜਾਈ** (First Battle of Panipat, April 1526) : ਪੰਜਾਬ ਨੂੰ ਜਿੱਤਣ ਤੋਂ ਬਾਦ ਬਾਬਰ ਦਿੱਲੀ ਵੱਲ ਵਧਿਆ ਤਾਂ ਕਿ ਸੁਲਤਾਨ ਇਬਰਾਹੀਮ ਨਾਲ ਯੁੱਧ ਕਰੇ ਜਿਸਦੀ ਕਿਸਮਤ ਵਿਚ ਲੋਦੀ ਵੰਸ਼ ਅਤੇ ਦਿਲੀ ਸੁਲਤਾਨ ਸ਼ਾਹੀ ਦਾ ਆਖਰੀ ਸੁਲਤਾਨ ਹੋਣਾ ਲਿਖਿਆ ਸੀ। ਪਾਨੀਪਤ ਦੇ ਇਤਿਹਾਸਕ ਮੈਦਾਨ ਵਿਚ ਮੁਗਲਾਂ ਅਤੇ ਅਫਗਾਨਾਂ ਦਾ ਆਹਮਣਾ–ਸਾਹਮਣਾ ਹੋਇਆ। ਇਬਰਾਹੀਮ ਦੀ ਸੈਨਾ ਵਿਚ ਕੋਈ ਇਕ ਲੱਖ ਸੈਨਿਕ ਸਨ ਜਦੋਂ ਕਿ ਬਾਬਰ ਦੀ ਸੈਨਾ ਲਗਭਗ 25,000 ਸੀ। ਕਿਉਂਕਿ ਸ਼ੱਤਰੂ ਦੀ ਸੈਨਾ ਉਸਦੀ ਅਪਣੀ ਸੈਨਾ ਤੋਂ ਹਜਾਰਾਂ ਵੱਧ ਸਨ। ਬਾਬਰ ਨੇ ਅਪਣੇ ਰਸਾਲੇ ਅਤੇ ਤੋਪਖਾਨੇ ਦਾ ਇਕ ਵਿਗਿਆਨਕ ਮੇਲ ਕਰਾਇਆ। ਉਸਨੇ ਲੜਾਈ ਦੀ ਇੱਕ ਪੱਕੀ ਯੋਜਨਾ ਬਣਾਈ। ਉਸਨੇ ਅਪਣੀ ਸੈਨਾ ਨੂੰ ਤਿੰਨ ਪੱਖਾਂ ਵਿਚ ਵੰਡਿਆ, ਅਸੀਮ ਸੱਜੇ ਅਤੇ ਖੱਬੇ ਵਲ ਲਗਾਏ ਅਤੇ ਸਾਹਮਣੇ ਪੱਪ ਉਤੇ ਤੋਪਾ ਗੱਡ ਦਿੱਤੀਆਂ। ਇੱਕ ਛੋਟੇ ਜਿਹੇ ਪਰ ਤੀਬਰ ਸੰਘਰਸ਼ ਦੇ ਬਾਅਦ ਜਿਸ ਵਿਚ ਬਾਬਰ ਦੇ ਤੋਪਚੀਆਂ ਉਸਤਾਦ ਅਲੀ ਅਤੇ ਮੁਸਤਫਾ ਨੇ ਕਮਾਲ ਦਿਖਾਏ ਅਤੇ ਯੁੱਧ ਕੁਝ ਹੀ ਘੰਟੇ ਚੱਲਿਆ, ਬਾਬਰ ਜੇਤੂ ਹੋ ਕੇ ਨਿਕਲਿਆ। ਸੁਲਤਾਨ ਇਬਰਾਹੀਮ ਲੋਦੀ ਦੇ ਸਣੇ ਹਜਾਰਾਂ ਅਫਗਾਨੀ ਯੁੱਧ ਵਿਚ ਢੇਰ ਹੋ ਗਏ। ਇਸ ਤਰ੍ਹਾਂ ਅਫਗਾਨਾਂ ਦੀ ਬੁਰੀ ਤਰ੍ਹਾਂ ਹਾਰ ਹੋਈ।

ਨੋਟ

**(iii) ਦਿੱਲੀ ਅਤੇ ਆਗਰਾ ਉਤੇ ਅਧਿਕਾਰ** (Occupation of Delhi and Agra) : ਪਾਨੀਪਤ ਦੀ ਅਪਣੀ ਜਿੱਤ ਤੋਂ ਬਾਅਦ ਬਾਬਰ ਨੇ ਆਗਰਾ ਉਤੇ ਅਧਿਕਾਰ ਕਰਨ ਦੇ ਲਈ ਹਮਾਯੂੰ ਦੇ ਅਧੀਨ ਇਕ ਸੈਨਾ ਭੇਜੀ ਅਤੇ ਖੁਦ ਦਿੱਲੀ ਉਤੇ ਅਧਿਕਾਰ ਕਰਨ ਲਈ ਅੱਗੇ ਵਧਿਆ। ਕਿਸੀ ਤਰ੍ਹਾਂ ਦੀ ਕਠਿਨਾਈ ਦਾ ਸਾਹਮਣਾ ਕੀਤੇ ਬਿਨ੍ਹਾਂ ਬਾਬਰ ਨੇ ਦਿੱਲੀ ਉਤੇ ਅਧਿਕਾਰ ਕਰ ਲਿਆ ਅਤੇ ਸਵਰਗਵਾਸੀ ਸੁਲਤਾਨ ਦੇ ਖਜਾਨੇ ਨੂੰ ਪ੍ਰਾਪਤ ਕਰ ਲਿਆ। ਤਦ ਉਹ ਆਗਰਾ ਦੇ ਵੱਲ ਗਿਆ। ਹਮਾਯੂੰ ਪਹਿਲਾਂ ਹੀ ਇਸ ਉਤੇ ਅਧਿਕਾਰ ਜਮਾ ਚੁੱਕਿਆ ਸੀ ਉਸਨੇ ਅਪਣੇ ਪਿਤਾ ਦਾ ਤਹੇ ਦਿਲ ਸਵਾਗਤ ਕੀਤਾ ਅਤੇ ਉਸਨੂੰ ਉਹ ਪ੍ਰਸਿੱਧ ਕੋਹੇਨੂਰ ਵੀ ਪੇਸ਼ ਕੀਤਾ ਗਿਆ ਜਿਹੜਾ ਉਸਨੇ ਗਵਾਲਿਅਰ ਦੇ ਰਾਜਾ ਤੋਂ ਪ੍ਰਾਪਤ ਕੀਤਾ ਸੀ। ਪਰ ਬਾਬਰ ਨੇ ਅਪਣੀ ਸਵਭਾਵਕ ਦਾਨਸ਼ੀਲਤਾ ਵਿਚ ਆ ਕੇ ਉਹੋ ਹੀਰਾ ਅਪਣੇ ਪੁੱਤਰ ਨੂੰ ਵਾਪਸ ਦੇ ਦਿੱਤਾ ਅਤੇ ਉਪਰ ਤੋਂ ਉਸਨੂੰ ਉਸਦੀ ਏਨੀ ਚੰਗੀ ਸੇਵਾ ਦੇ ਬਦਲੇ ਇਨਾਮ ਰੂਪ ਵਿਚ ਬਹੁਤ ਧੰਨ ਵੀ ਦਿੱਤਾ। ਬਾਬਰ ਨੇਅਪਣੇ ਸਾਰੇ ਸੈਨਿਕਾਂ ਸਰਦਾਰਾਂ ਅਧਿਕਾਰੀਆਂ ਮਿੱਤਰਾਂ ਅਤੇ ਸਗੇ ਸੰਬੰਧੀਆਂ ਨੂੰ ਵੀ ਜਾਗੀਰਾਂ ਯੋਗਦਾਨ ਅਤੇ ਧੰਨ-ਰਾਸ਼ੀਆਂ ਅਤੇ ਤੋਹਫੇ ਪ੍ਰਦਾਨ ਕੀਤੇ।

**(iv) ਆਸ-ਪਾਸ ਦੇ ਅਫਗਾਨ ਇਲਾਕਿਆਂ ਦੀ ਜਿੱਤ** (Conquests of the Neighbouring Afghan Territories): ਪਾਨੀਪਤ ਦੀ ਜਿੱਤ ਅਤੇ ਦਿੱਲੀ ਅਤੇ ਅਗਾਰਾ ਉਤੇ ਅਧਿਕਾਰ ਕਰਨ ਤੋਂ ਹੀ ਬਾਬਰ ਸਾਰੇ ਭਾਰਤ ਦਾ ਸਵਾਮੀ ਨਹੀਂ ਬਣ ਗਿਆ। ਜਿਸ ਤਰ੍ਹਾਂ ਕਿ ਆਰ.ਬੀ. ਵਿਲਿਯਮ ਲਿਖਦਾ ਹੈ "ਪਾਨੀਪਤ ਦੀ ਜਿੱਤ ਤਾਂ ਬਾਬਰ ਦੇ ਕੰਮ ਦੀ ਕੇਵਲ ਸ਼ੁਰੂਆਤ ਮਾਤਰ ਹੀ ਸੀ। ਸੰਭਲ ਬਿਆਨਾ ਮੇਵਾੜ ਧੋਲਪੁਰ ਗਵਾਲਿਅਰ ਰਾਪਰੀ ਇਟਾਵਾ ਕਾਲਪੀ ਕਨੌਜ ਅਤੇ ਬਿਹਾਰ ਦੇ ਇਲਾਕਿਆਂ ਵਿਚ ਬਹੁਤ ਸਾਰੇ ਐਸੇ ਅਫਗਾਨ ਸਰਦਾਰ ਸਨ ਜਿਹੜੇ ਅਪਣੇ ਅਪਣੇ ਇਲਾਕਿਆਂ ਵਿਚ ਸਵਾਧੀਨ ਬਣ ਬੈਠੇ ਸਨ ਅਤੇ ਜਿਨ੍ਹਾਂ ਨੇ ਅਪਣੇ ਅਪਣੇ ਅੱਡੇ ਪੱਕੇ ਕੀਤੇ ਹੋਏ ਸਨ। ਬਾਬਰ ਨੇ ਹੁਣ ਤਿੰਨ ਸਰਦਾਰਾਂ ਨਾਲ ਜਿੱਤਣ ਦੀ ਯੋਜਨਾ ਬਣਾਈ। ਵੁਸ ਲਈ ਕੁਝ ਕਠਿਨਾਈਆਂ ਸਾਹਮਣੇ ਆਈਆਂ। ਪਿੰਡਾਂ ਦੇ ਲੋਕਾਂ ਨੇ ਉਸਨੂੰ ਸਵੀਕਾਰ ਨਹੀਂ ਕੀਤਾ ਸੀ। ਉਹ ਡਰ ਕੇ ਸਾਰੇ ਨੱਸ ਗਏ ਸਨ। ਇਸ ਲਈ ਬਾਬਰ ਨੂੰ ਅਪਣੇ ਸੈਨਿਕਾਂ ਲਈ ਅੰਨ ਅਤੇ ਅਪਣੇ ਘੋੜਿਆਂ ਲਈ ਘਾਹ ਨਹੀਂ ਮਿਲਿਆ। ਗਰਮੀਆਂ ਦਾ ਮੌਸਮ ਤੇਜੀ ਨਾ ਆ ਰਿਹਾ ਸੀ ਅਤੇ ਬਾਬਰ ਦੇ ਸੈਨਿਕ ਪਾਰਤ ਤੋਂ ਦੁਖੀ ਹੋ ਕੇ ਕਾਬੁਲ ਨੂੰ ਵਾਪਸ ਜਾਣ ਦੀ ਦੁਹਾਈ ਦੇ ਰਹੇ ਸਨ।

ਪਰ ਬਾਬਰ ਵੀ ਹੌਸਲਾ ਹਾਰਨ ਵਾਲਾ ਵਿਅਕਤੀ ਨਹੀਂ ਸੀ ਉਸਨੇ ਇਕ ਜੋਸ਼ੀਲਾ ਭਾਸ਼ਣ ਦਿੱਤਾ ਅਤੇ ਅਪਣੇ ਸੈਨਿਕਾਂ ਅਤੇ ਸਰਦਾਰਾਂ ਨੂੰ ਅਪੀਲ ਕੀਤੀ ਕਿ ਭਾਰਤ ਵਿਚ ਹੀ ਰਹਿਣ। ਉਸਨੇ ਉਨ੍ਹਾਂ ਨੂੰ ਇਕ ਧੰਨੀ ਅਤੇ ਸ਼ਕਤੀਸ਼ਾਲੀ ਰਾਜ ਨੂੰ ਜਿੱਤ ਲੈਣ ਦੇ ਅਪਣੇ ਇਰਾਦੇ ਤੋਂ ਪ੍ਰਭਾਵਿਤ ਕੀਤਾ। ਬਾਬਰ ਦੇ ਭਾਸ਼ਣ ਦਾ ਬਹੁਤ ਚੰਗਾ ਪ੍ਰਭਾਵ ਪਿਆ। ਇੱਕ ਪਾਸੇ ਤਾਂ ਉਸਦੇ ਸੈਨਿਕਾਂ ਦਾ ਸਾਹਸ ਵਧਿਆ ਅਤੇ ਉਨ੍ਹਾਂ ਨੇ ਉਸਦੇ ਨਾਲ ਲੱਗੇ ਰਹਿਣ ਦਾ ਅਪਣਾ ਨਿਸ਼ਚੈ ਪ੍ਰਗਟ ਕੀਤਾ। ਦੂਜੇ ਪਾਸੇ ਭਾਰਤ ਵਿਚ ਠਹਿਰ ਰਹਣਿ ਦੇ ਬਾਬਰ ਦੇ ਫੈਸਲੇ ਨੇ ਬਹੁਤ ਸਾਰੇ ਅਫਗਾਨ ਸਰਦਾਰਾਂ ਨੂੰ ਉਸਨੇ ਅਧੀਨ ਕਰ ਦਿੱਤਾ ਜਿਸ ਤਰ੍ਹਾਂ ਸ਼ੇਖ ਗੁਰੇਣ, ਸ਼ੇਖ ਬਿਆਜਦ, ਫਿਰੋਜ ਖਾਨ ਅਤੇ ਮਹਮੂਦ ਖਾਂ ਲੋਹਾਰੀ।" ਬਾਬਰ ਨੇ ਅਪਣੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਵੱਖ-ਵੱਖ ਦਿਸ਼ਾਵਾਂ ਵਿਚ ਜਾ ਕੇ ਅਫਗਾਨਾਂ ਦੇ ਇਲਾਕਿਆਂ ਉਤੇ ਅਧਿਕਾਰ ਕਰ ਲੈਣ। ਨਤੀਜਾ ਇਹ ਹੋਇਆ ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਸੰਭਲ ਰਾਪਰੀ ਇਟਾਵਾ ਕਨੌਜ ਅਤੇ ਧੌਲਪੁਰ ਉਤੇ ਅਧਿਕਾਰ ਕਰ ਲਿਆ ਗਿਆ।

**(v) ਕਨਵਾਹ ਦੀ ਲੜਾਈ** (Battle of Kanwah) : ਬਾਬਰ ਦਾ ਸਭ ਤੋਂ ਮਜਬੂਤ ਰਾਣਾ ਸੰਗ੍ਰਾਮ ਸਿੰਘ ਸੀ ਜਿਹੜਾ ਕਿ ਮੇਵਾੜ ਦਾ ਰਾਜਪੂਤ ਸ਼ਾਸਕ ਸੀ। ਕੋਈ ਇੱਕ ਸੌ ਯੁੱਧਾਂ ਦਾ ਸੂਰਬੀਰ ਨਾਇਕ ਹੋਣ ਦੇ ਨਾਤੇ ਉਸਨੇ ਰਾਜਪੂਤ ਸਰਦਾਰਾਂ ਦਾ ਇਕ ਮਜਬੂਤ ਸ਼ਕਤੀ ਸੰਘ ਰਚਾ ਲਿਆ ਸੀ ਅਤੇ ਉਹ ਭਾਰਤ ਵਿਚ ਹਿੰਦੂ ਬਾਦਸ਼ਾਹੀ ਨੂੰ ਦੁਬਾਰਾ ਜੀਵਤ ਕਰਨ ਉਤੇ ਤੁਲਿਆ ਹੋਇਆ ਸੀ ਜਦੋਂ ਉਸਨੂੰ ਬਾਬਰ ਦੇ ਸਾਰੇ ਭਾਰਤ ਨੂੰ ਜਿੱਤ ਲੈਣ ਦੇ ਫੈਸਲੇ ਦਾ ਪਤਾ ਲੱਗਿਆ ਤਾਂ ਉਸਨੂੰ ਬਹੁਤ ਤੱਲੋ ਮੇਲ ਲੱਗੀ ਅਤੇ ਮੁਗਲਾਂ ਨਾਲ ਟੱਕਰ ਲੈਣ ਦੀ ਤਿਆਰੀ ਕਰਨ ਲੱਗਾ। ਉਸਦ ਸਹਾਇਤਾ ਲਈ ਬਹੁਤ ਸਾਰੇ ਰਾਜਪੂਤ ਸਰਦਾਰ ਨਿਕਲ ਪਏ ਅਤੇ ਇਹ ਕੰਮ ਜਿਸਨੂੰ ਰਾਸ਼ਟਰੀ ਕੰਮ ਸਮਝਿਆ ਜਾਣ ਲੱਗਿਆ ਹਸਨ ਖਾਂ ਮੇਵਾਤੀ ਅਤੇ ਮਹਮੂਦ ਲੋਦੀ ਜਿਹੇ ਅਫਗਾਨ ਸਰਦਾਰ ਵੀ ਲਿਕਲ ਪਏ। ਬਾਬਰ ਵੀ ਲੜਾਈ ਦੀ ਤਿਆਰ ਵਿਚ ਗਿਆ ਪਰ ਉਸਦੇ ਸੈਨਿਕ ਰਾਜਪੂਤਾਂ ਦੀ ਸ਼ਕਤੀ ਅਤੇ ਸੂਰਬੀਰਤਾ ਸਮਾਚਾਰ ਸੁਣ ਕੇ ਡਰ ਗਏ। ਤਦ ਬਾਬਰ ਨੇ ਫਿਰ ਇਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ ਜਿਸ ਵਿਚ ਅਪਣੇ ਸੈਨਿਕਾਂ ਨੂੰ ਉੱਚਾ ਕੀਤਾ ਕਿ ਅੰਤ ਤਕ ਲੜੋ ਕੋਈ ਕਸਰ ਨਾਂ ਛੱਡੋ ਜਦੋਂ ਤਕ ਕਿ ਇੱਥ ਸ਼ਾਨਦਾਰ ਜਿੱਤ ਜਾਂ ਇਕ ਸ਼ਲਾਘਾਯੋਗ ਮ੍ਰਿਤੂ ਨਹੀਂ ਹੋ ਜਾਂਦੀ। ਇਸ ਭਾਸ਼ਣ ਦਾ ਬਹੁਤ ਚੰਗਾ ਪ੍ਰਭਾਵ ਪਿਆ ਅਤੇ ਸਾਰੇ ਸੈਨਿਕਾਂ ਅਤੇ ਸਰਦਾਰਾਂ ਨੇ ਬਾਬਰ ਨੂੰ ਦੁਵਾ ਦਿੱਤਾ ਕਿ ਉਹ ਉਸਦਾ ਅੰਤ ਤਕ ਸਾਥ ਦੇਣਗੇ।

ਸੀਕਰੀ ਦੇ ਕੁਝ ਹੀ ਮੀਲ ਦੂਰ ਕਨਵਾਹ ਦੇ ਪਿੰਡ ਉਤੇ ਦੋਵੇਂ ਸੈਨਾਵਾਂ ਇਕ ਦੂਜੇ ਨਾਲ ਟਕਰਾਈਆਂ। ਯੁੱਧ 17 ਮਾਰਚ ਦੀ ਸਵੇਰ ਨੂੰ ਅੰਰਭ ਹੋਇਆ ਅਤੇ ਸ਼ਾਮ ਤਕ ਚਲਦਾ ਰਿਹਾ। ਚਾਹੇ ਰਾਜਪੂਤਾਂ ਦੀ ਸੰਖਿਆ ਮੁਗਲਾਂ ਦੀ ਸੰਖਿਆ ਤੋਂ ਹਜਾਰਾਂ ਜ਼ਿਆਦਾ ਸੀ ਤਾਂ ਵੀ ਉਹ ਸ਼ੱਤਰੂ ਦੇ ਤੋਪਖਾਨੇ ਦੇ ਸਾਹਮਣੇ ਠਹਿਰ ਨਾਂ ਸਕੇ ਅਤੇ ਅੰਤ ਵਿਚ ਬੁਰੀ ਤਰ੍ਹਾਂ ਹਾਰ ਖਾਧੀ। ਇਸ ਤਰ੍ਹਾਂ ਬਾਬਰ ਨੇ ਇੱਕ ਮਹੱਤਵਪੂਰਣ ਜਿੱਤ ਪ੍ਰਾਪਤ ਕੀਤੀ।

**ਚੰਦੇਰੀ 'ਤੇ ਅਧਿਕਾਰ** (Capture of Chanderi-January 1528): ਰਾਜਪੂਤਾਂ ਨੇ ਕੰਵਾਹ 'ਤੇ ਬੁਰੀ ਤਰ੍ਹਾਂ ਹਾਰ ਖਾਧੀ ਸੀ ਪਰ ਫਿਰ ਵੀ ਉਹ ਪੂਰੀ ਤਰ੍ਹਾਂ ਨਹੀਂ ਕੁਚਲੇ ਗਏ ਸਨ। ਚੰਦੇਰੀ ਦਾ ਮੇਦਿਨੀ ਰਾਵ ਇਕ ਮਹਾਨ ਸ਼ਕਤੀਸ਼ਾਲੀ ਰਾਜਪੂਤ ਸੀ ਜੋ ਆਪਣੀ ਸ਼ਕਤੀ ਦੇ ਜ਼ੋਰ 'ਤੇ ਮਾਲਵਾ ਵਿੱਚ ਨਪ ਨਿਰਮਾਤਾ (King-maker) ਬਣ ਬੈਠੇ ਸਨ। ਜਨਵਰੀ 1528 ਈ. ਵਿੱਚ ਬਾਬਰ ਇਕ

ਨੋਟ

ਭਾਰੀ ਸੈਨਾ ਲੈ ਕੇ ਖੁਦ ਚੰਦੇਰੀ ਵੱਲ ਵਧਿਆ। ਮੇਦਿਨੀ ਰਾਵ ਹਜ਼ਾਰ ਸੈਨਿਕ ਲੈ ਕੇ ਆਪਣੇ ਕਿਲ੍ਹੇ ਵਿੱਚ ਬੰਦ ਹੋ ਕੇ ਬੈਠ ਗਿਆ। ਠੀਕ ਉਸ ਸਮੇਂ ਬਾਬਰ ਨੂੰ ਇਹ ਪਤਾ ਲੱਗਿਆ ਕਿ ਅਫਗਾਨਾਂ ਨੇ ਮੁਗਲਾਂ ਨੂੰ ਹਰਾ ਕੇ ਉਨ੍ਹਾਂ ਨੂੰ ਲਖਨਊ 'ਚੋਂ ਬਾਹਰ ਕੱਢ ਦਿੱਤਾ। ਬਾਬਰ ਅਜਿਹੇ ਦੁਖਦਾਈ ਸਮਾਚਾਰ 'ਤੇ ਵੀ ਨਹੀਂ ਘਬਰਾਇਆ ਸਗੋਂ ਉਸ ਨੇ ਆਪਣੇ ਪਹਿਲਾਂ ਵਾਲੇ ਠੰਢੇ ਸੁਭਾਅ ਅਤੇ ਹੌਸਲੇ ਨਾਲ ਚੰਦੇਰੀ ਦੇ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਰਾਜਪੂਤਾਂ ਨੇ ਕੁਝ ਦੇਰ ਮੁਕਾਬਲਾ ਕੀਤਾ ਪਰ ਜਲਦੀ ਹੀ ਬਾਅਦ ਵਿੱਚ ਆਪਣੇ ਆਪ ਨੂੰ ਮਜਬੂਰ ਜਾਣ ਕੇ ਉਨ੍ਹਾਂ ਨੇ ਜੌਹਰ ਰਚ ਦਿੱਤਾ। ਇਸ ਤਰ੍ਹਾਂ ਬਾਬਰ ਨੇ 29 ਜਨਵਰੀ 1528 ਈ. ਨੂੰ ਕਿਲ੍ਹੇ 'ਤੇ ਅਧਿਕਾਰ ਕਰ ਲਿਆ। ਇਸ ਦੇ ਕੁਝ ਦੇਰ ਬਾਅਦ ਰਾਣਾ ਸੰਗ੍ਰਾਮ ਸਿੰਘ ਦੀ ਵੀ ਮੌਤ ਹੋ ਗਈ। ਉਸ ਦੀ ਮੌਤ ਨਾਲ ਰਾਜਪੂਤ ਸੱਤਾ ਨੂੰ ਇਕ ਘਾਤਕ ਧੱਕਾ ਲੱਗਾ। ਚੰਦੇਰੀ ਨੂੰ ਜਿੱਤ ਲੈਣ ਦੇ ਬਾਅਦ ਬਾਬਰ ਦੂਸਰੇ ਵਿਦਰੋਹੀ ਅਫਗਾਨ ਸਰਦਾਰਾਂ ਨੂੰ ਹਰਾਉਣ ਲਈ ਅੱਗੇ ਵਧਿਆ।

**ਘਾਘਰਾ ਦੀ ਲੜਾਈ** (Battle of Ghaghra) : ਬਾਬਰ ਨੇ ਅਜੇ ਇੱਕ ਹੋਰ ਲੜਾਈ ਲੜਨੀ ਸੀ ਉਹ ਸੀ ਅਫਗਾਨਾਂ ਦੇ ਵਿਰੁਧ। ਮਹਮੂਦ ਲੋਦੀ ਜੋ ਸਵਰਗੀ ਇਬਰਾਹੀਮ ਦਾ ਭਾਈ ਸੀ। ਪੂਰਬ ਦੇ ਵੱਲ ਬਿਹਾਰ ਅਤੇ ਉਸਦੇ ਨੇੜੇ-ਤੇੜੇ ਦੇ ਪ੍ਰਦੇਸ਼ ਦਾ ਸਵਾਮੀ ਬਣ ਬੈਠਾ ਸੀ। ਬਾਬਰ ਨੇ ਅਪਣੇ ਪੁੱਤਰ ਅਸਕਰੀ ਨੂੰ ਇੱਕ ਭਾਰੀ ਸੈਨਾ ਦੇ ਕੇ ਉਸਦੇ ਵਿਰੁਧ ਲੜਨ ਲਈ ਭੇਜਿਆ ਅਤੇ ਜਲਦੀ ਬਾਦ ਹੀ ਖੁਦ ਵੀ ਪਿੱਛੇ ਪਿੱਛੇ ਪਿਆ। ਰਸਤੇ ਵਿਚ ਬਾਬਰ ਨੇ ਬਹੁਤ ਸਾਰੇ ਅਫਗਾਨ ਸਰਦਾਰਾਂ ਨੂੰ ਅਪਣੇ ਅਧੀਨ ਕੀਤਾ। ਅਪਣੇ ਬਹੁਤ ਸਾਰੇ ਸਮਰਥਕਾਂ ਨੂੰ ਸਾਥ ਛੱਡਦੇ ਦੇਖ ਕੇ ਅਤੇ ਅਪਣੇ ਆਪ ਨੂੰ ਬਹੁਤ ਕਮਜੋਰ ਸਮਝ ਕੇ ਮਹਮੂਦ ਨੇ ਬੰਗਾਲ ਦੇ ਨੁਸਰਤ ਦੇ ਇੱਥੇ ਆਸਰਾ ਲਿਆ। ਹੁਣ ਬਾਬਰ ਬੰਗਾਲ ਦੇ ਵੱਲ ਵੱਧਿਆ ਅਤੇ 6 ਮਈ 1529 ਈ. ਨੂੰ ਉਸਨੇ ਘਾਘਰਾ ਦੀ ਲੜਾਈ ਵਿਚ ਅਫਗਾਨਾਂ ਨੂੰ ਪਿੱਠ ਤੋੜ ਹਾਰ ਦਿੱਤੀ। ਇਸ ਤੋਂ ਬਾਅਦ ਬਾਬਰ ਨੇ ਨੁਸਰਤ ਸ਼ਾਹ ਨਾਲ ਸੰਧੀ ਕਰ ਲਈ। ਜਿਸ ਦੇ ਦੁਆਰਾ ਹਰੇਕ ਪੱਖ ਸਹਿਮਤ ਹੋਇਆ ਕਿ ਦੂਜਿਆਂ ਦਾ ਪ੍ਰਭਸੱਤਾ ਦਾ ਆਦਰ ਕਰੇਗਾ ਅਤੇ ਨੁਸਰਤ ਸ਼ਾਹ ਨੇ ਇਹ ਵਚਨ ਦਿੱਤਾ ਕਿ ਮੈਂ ਫਿਰ ਕਦੀ ਵੀ ਬਾਬਰ ਦੇ ਸ਼ੱਤਰੂਆਂ ਨੂੰ ਸਹਾਰਾ ਨਹੀਂ ਦੇਵਾਂਗਾ।

ਇਸ ਤਰ੍ਹਾਂ ਬਾਬਰ ਨੇ ਸਿੰਧ ਤੋਂ ਬਿਹਾਰ ਤਕ ਅਤੇ ਹਿਮਾਲਅ ਤੋਂ ਗਵਾਲਿਅਰ ਅਤੇ ਚੰਦੇਰੀ ਤਕ ਫੈਲਿਆ ਹੋਇਆ ਭਾਰਤ ਦਾ ਇੱਕ ਕਾਫੀ ਵੱਡਾ ਹਿੱਸਾ ਜਿੱਤ ਲਿਆ। ਉਸਨੇ ਇਸ ਉੱਤੇ ਸ਼ਾਸਨ ਕੀਤਾ। ਇਸ ਦਾ ਸ਼ਾਸਨ ਪ੍ਰਬੰਧ ਕੀਤਾ ਅਤੇ ਇਸ ਤਰ੍ਹਾਂ ਮੁਗਲ ਸਾਮਰਾਜ ਦੀ ਨੀਂਹ ਰੱਖੀ ਪਰ ਮੰਦਭਾਗੇ ਬਾਬਰ ਨੂੰ ਏਨਾ ਸਮਾਂ ਨਾ ਮਿਲਿਆ ਕਿ ਅਪਣੇ ਸਾਮਰਾਜ ਦੀਆਂ ਜੜ੍ਹਾਂ ਸਾਡੇ ਦੇਸ਼ ਦੀ ਧਰਤੀ ਵਿਚ ਡੂੰਘਿਆਂ ਜਮਾਵੇ। ਕਿਉਂਕਿ ਭਾਗ (ਮ੍ਰਿਤੂ) ਉਸੇ 26 ਦਿਸੰਬਰ 1530 ਈ. ਨੂੰ ਇੱਥੇ ਤੋਂ ਖੋਹ ਕੇ ਲੈ ਗਿਆ।

## 8.8 ਬਾਬਰ ਇਕ ਸਾਮਰਾਜ ਨਿਰਮਾਤਾ (Merits of Babur as an Empire Builder)

**(i) ਭਾਗ ਦਾ ਧੰਨੀ ਸੈਨਿਕ ਨਹੀਂ** (Not a Soldier of Fortune) – ਬਾਬਰ ਕੋਈ ਭਾਗ ਦਾ ਧੰਨੀ ਸੈਨਿਕ ਨਹੀਂ ਸੀ। ਨਾਂ ਹੀ ਇਕ ਐਸਾ ਲੁਟੇਰਾ ਜਿਸਨੇ ਭਾਰਤ ਨੂੰ ਲੁੱਟਿਆ ਅਤੇ ਚਲਦਾ ਬਣਿਆ। ਉਹ ਚੰਗੇਜ਼ ਜਿਹਾ ਨਹੀਂ ਬਲਕਿ ਉਹ ਤਾਂ ਸਾਮਰਾਜ ਦਾ ਨਿਰਮਾਣ ਕਰਨ ਦੇ ਖਾਸ ਉਦੇਸ਼ ਨਾਲ ਹੀ ਭਾਰਤ ਆਇਆ ਸੀ। ਉਹ ਪਹਿਲਾਂ ਹੀ ਸਮਰਕੰਦ ਅਤੇ ਕਾਬੁਲ ਵਿਚ ਇੱਕ ਸਾਮਰਾਜ ਦਾ ਨਿਰਮਾਣ ਕਰਨ ਦਾ ਯਤਨ ਕਰ ਚੁੱਕਿਆ ਸੀ। ਪਰ ਉੱਥੇ ਕਿਸਮਤ ਨੇ ਉਸਦਾ ਸਾਥ ਨਹੀਂ ਦਿੱਤਾ।

**(ii) ਇਕ ਮਹਾਨ ਵਿਜੇਤਾ** (A Great Conqueror) – ਬਾਬਰ ਇੱਕ ਮਹਾਨ ਵਿਜੇਤਾ ਅਤੇ ਸਾਮਰਾਜ ਨਿਰਮਾਣ ਦੇ ਗੁਣ ਰੱਖਦਾ ਸੀ। ਉਹ ਇੱਕ ਵੀਰ ਸੈਨਿਕ ਅਤੇ ਇਕ ਮਹਾਨ ਸੈਨਾਨੀ ਸੀ। ਅਪਣੀ ਜਿੱਤ ਨੂੰ ਪੂਰਾ ਕਰਨ ਦੇ ਲਈ ਬਾਬਰ ਇਕ ਭਾਰੀ ਸੈਨਾ ਲੈ ਕੇ ਭਾਰਤ ਦੇ ਵੱਲ ਵਧਿਆ। ਸਭ ਤੋਂ ਪਹਿਲਾਂ ਉਸਨੇ ਪੰਜਾਬ ਉਤੇ ਅਧਿਕਾਰ ਕਰ ਲਿਆ ਫਿਰ ਉਹ ਦਿੱਲੀ ਦੇ ਵੱਲ ਵਧਿਆ। ਪਾਨੀਪਤ ਦੇ ਇਤਿਹਾਸਕ ਮੈਦਾਨ ਵਿਚ ਉਹ ਸੁਲਤਾਨ ਇਬਰਾਹੀਮ ਲੋਦੀ ਦੇ ਵਿਰੁਧ ਲੜਿਆ ਅਤੇ ਅਫਗਾਨਾਂ ਨੂੰ ਬੁਰੀ ਤਰ੍ਹਾਂ ਹਰਾਇਆ। ਇਸ ਤੋਂ ਬਾਦ ਬਾਬਰ ਵਾਪਸ ਨਹੀਂ ਗਿਆ ਫਿਰ ਵੀ ਹੋਰ ਅੱਗੇ ਵਧਿਆ ਤੇ ਦਿੱਲੀ ਅਤੇ ਆਗਰਾ ਉਤੇ ਅਧਿਕਾਰ ਕਰ ਲਿਆ। ਹਾਲਾਂਕਿ ਬਾਬਰ ਦੇ ਸੈਨਿਕ ਭਾਰਤ ਤੋਂ ਅਕ ਗਏ ਸਨ ਅਤੇ ਕਾਬੁਲ ਨੂੰ ਵਾਪਸ ਜਾਣ ਦੀ ਦੁਹਾਈ ਦੇ ਰਹੇ ਸਨ ਤਾਂ ਵੀ ਬਾਬਰ ਨੇ ਨਵੇਂ ਪ੍ਰਦੇਸ਼ਾਂ ਦੇ ਅਪਣੇ ਅਧਿਕਾਰ ਨੂੰ ਨਹੀਂ ਛੱਡਿਆ। ਅਤੇ ਨਾਂ ਹੀ ਇਕ ਇੰਚ ਪਿੱਛੇ ਹੱਟਿਆ। ਉਪਰ ਦੂਜੇ ਪਾਸੇ ਉਸਨੇ ਹਿਕ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। ਉਸਨੇ ਕਿਹਾ "ਇੱਕੱ ਵੱਡੀ ਭਾਰੀ ਸੈਨਾ ਸ਼ਿਕਸਤ ਕੀਤੀ ਜਾ ਚੁੱਕੀ ਹੈ ਅਤੇ ਇਕ ਧੰਨੀ ਅਤੇ ਸ਼ਕਤੀਸ਼ਾਲੀ ਰਾਜ ਸਾਡੇ ਚਰਣਾਂ ਉਤੇ ਹੈ। ਹੁਣ ਜਦੋਂ ਕਿ ਅਸੀਂ ਅਪਣੇ ਮਕਸਦ ਨੂੰ ਪ੍ਰਾਪਤ ਕਰ ਲਿਆ ਹੈ ਅਤ ਬਾਜੀ ਜਿੱਤ ਲਈ ਹੈ ਤਾਂ ਕਿ ਸਾਨੂੰ ਜੋ ਕੁਝ ਪ੍ਰਾਪਤ ਹੋਇਆ ਹੈ।" ਉਸ ਨੂੰ ਛੱਡ ਕੇ ਹਾਰੇ ਹੋਏ ਸੈਨਿਕਾਂ ਦੀ ਤਰ੍ਹਾਂ ਕਾਬੁਲ ਨੂੰ ਦੌੜ ਜਾਣ। ਜੋ ਕੋਈ ਆਪਣੇ ਆਪ ਨੂੰ ਮੇਰਾ ਮਿੱਤਰ ਸਮਝਦਾ ਹੈ ਉਹ ਫਿਰ ਕਦੀ ਅਜਿਹੀ ਗੱਲ ਦਾ ਨਾਮ ਨਾ ਲੈਣ। ਪਰ ਜੇਕਰ ਤੁਹਾਡੇ ਵਿੱਚ ਕੋਈ ਇੱਥੇ ਰਹਿਣ ਤੋਂ ਡਰਦਾ ਹੈ ਤਾਂ ਉਹ ਚਲਾ ਜਾਵੇ। ਇਸ ਤਰ੍ਹਾਂ ਬਾਬਰ ਨੇ ਭਾਰਤ ਠਹਿਰੇ ਰਹਿਣ ਦੇ ਆਪਣੇ ਫੈਸਲੇ ਦੀ ਘੋਸ਼ਣਾ ਕਰ ਦਿੱਤੀ ਅਤੇ ਇਹ ਪ੍ਰਗਟ ਕਰ ਦਿੱਤਾ ਕਿ ਮੈਂ ਤਾਂ ਇਕ ਸਾਮਰਾਜ ਬਣਾ ਕੇ ਛੱਡਾਂਗਾ।

1527 ਈ. ਵਿਚ ਬਾਬਰ ਨੇ ਰਾਣਾ ਸੰਗ੍ਰਾਮ ਸਿੰਘ ਅਤੇ ਉਸਦੇ ਸਾਥੀਆਂ ਨੂੰ ਕਨਵਾਹ ਦੀ ਲੜਾਈ ਵਿਚ ਬੁਰੀ ਤਰ੍ਹਾਂ ਹਾਰ ਦਿੱਤੀ ਅਤੇ ਇਸ ਨਾਲ ਉਹ ਰਾਜਪੂਤ ਸ਼ਾਸਨ ਸੰਘ ਟੁੱਟ-ਫੁੱਟ ਕੇ ਰਹਿ ਗਿਆ ਜੋ ਵਰਨਾ ਸਾਮਰਾਜ ਦੇ ਨਿਰਮਾਤਾ ਬਾਬਰ ਦੇ ਕੰਮ ਨੂੰ

ਖਤਰੇ ਵਿਚ ਪਾ ਦਿੰਦਾ। ਇਸ ਤੋਂ ਬਾਦ ਉਸਨੇ ਬਾਕੀ ਰਾਜਪੂਤਾਂ ਨੂੰ ਚੰਦੇਰੀ ਦੀ ਲੜਾਈ ਵਿਚ ਅਤੇ ਬਾਕੀ ਅਫਗਾਨਾਂ ਨੂੰ ਘਾਘਰਾ ਦੀ ਲੜਾਈ ਵਿਚ ਸ਼ਿਕਸਤ ਦਿੱਤੀ। ਇਸ ਤਰ੍ਹਾਂ ਅਪਣੇ ਸਾਰੇ ਸ਼ੱਤਰੂਆਂ ਨੂੰ ਸ਼ਿਕਸਤ ਕਰਕੇ ਅਤੇ ਵੁਨ੍ਹਾਂ ਨੂੰ ਅਪਣੇ ਅਧੀਨ ਬਣਾ ਕੇ ਬਾਬਰ ਨੇ ਸਿੰਧ ਤੋਂ ਬਿਹਾਰ ਤਕ ਅਤੇ ਹਿਮਾਲਅ ਤੋਂ ਗਵਾਲਿਅਰ ਅਤੇ ਚੰਦੇਰੀ ਤਕ ਫੈਲੇ ਹੋਏ ਭਾਰਤ ਦੇ ਇਕ ਬਹੁਤ ਵੱਡੇ ਹਿੱਸੇ ਉਤੇ ਅਧਿਕਾਰ ਕਰ ਲਿਆ। ਉਸਨੇ ਇਸ ਦੇਸ਼ ਉਤੇ ਸ਼ਾਸਨ ਕੀਤਾ। ਇਸ ਦਾ ਸ਼ਾਸਨ ਪ੍ਰਬੰਧ ਰਚਾਇਆ ਅਤੇ ਇਸ ਤਰ੍ਹਾਂ ਵਿਸ਼ਾਲ ਸਾਮਰਾਜ ਦੀ ਨੀਂਹ ਰੱਖ ਦਿੱਤੀ।

**(iii) ਸਮੇਂ ਦੀ ਘਾਟ ਦੇ ਕਾਰਣ ਕਮੀ** (Short Comings due to Shortage of Time) – ਨਿਸੰਦੇਹ ਬਾਬਰ ਨੇ ਅਪਣੀ ਜਿੱਤਾਂ ਨੂੰ ਪੱਕਾ ਕਰਕੇ ਅਤੇ ਇੱਕ ਚੰਗਾ ਪ੍ਰਸ਼ਾਸਨ ਰਚਾ ਕੇ ਅਪਣੇ ਸਾਮਰਾਜ ਨੂੰ ਸੁਦ੍ਰਿੜ੍ਹ ਨਹੀਂ ਕੀਤਾ ਪਰ ਇਹ ਕਮੀ ਇਸ ਲਈ ਰਹੀ ਕਿਉਂਕਿ ਉਸਨੂੰ ਸਮਾਂ ਨਹੀਂ ਮਿਲਿਆ। 1530 ਈ. ਵਿਚ ਉਸਦੀ ਮ੍ਰਿਤੂ ਹੋ ਗਈ ਅਤੇ ਇਨ੍ਹਾਂ ਚਾਰ ਸਾਲਾਂ ਤਕ ਉਹ ਲੜਨ ਵਿਚ ਹੀ ਲੱਗਾ ਰਿਹਾ। ਜੇਕਰ ਉਹ ਜ਼ਿਆਦਾ ਜਿਉਂਦਾ ਰਹਿੰਦਾਂ ਤਾਂ ਉਹ ਇੱਕ ਚੰਗਾ ਪ੍ਰਸ਼ਾਸਨ ਵੀ ਰਚ ਦਿੰਦਾ।

### 8.8.1 ਇਕ ਸਾਮਰਾਜ ਨਿਰਮਾਤਾ ਦੇ ਨਾਤੇ ਬਾਬਰ ਦੀਆਂ ਗਲਤੀਆਂ (Demerits of Babur as an Empire Builder)

**(i) ਜਿੱਤਿਆਂ ਪਰ ਜਿੱਤ ਨੂੰ ਪੱਕਾ ਨਹੀਂ ਕੀਤਾ** (Conquered but did not consolidate) – ਕੁਝ ਇਤਿਹਾਸਕਾਰਾਂ ਦੇ ਮਤ ਅਨੁਸਾਰ ਬਾਬਰ ਨੂੰ ਸਾਮਰਾਜ ਨਿਰਮਾਤਾ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਦੇ ਵਿਚਾਰ ਵਿਚ ਸਭ ਤੋਂ ਪਹਿਲੀ ਗੱਲ ਇਹ ਹੈ ਕਿ ਬਾਬਰ ਨੇ ਸਾਰੇ ਭਾਰਤ ਨੂੰ ਨਹੀਂ ਜਿੱਤਿਆ ਅਤੇ ਜਿਹੜੀਆਂ ਕੁਝ ਜਿੱਤਾਂ ਉਸਨੇ ਸੱਚਮੁਚ ਪ੍ਰਾਪਤ ਕੀਤੀਆਂ। ਉਹ ਉਨ੍ਹਾਂ ਨੂੰ ਪੱਕਾ ਨਹੀਂ ਕਰ ਸਕਿਆ। ਨਤੀਜਾ ਇਹ ਸੀ ਕਿ ਉਸਦੀ ਮ੍ਰਿਤੂ ਦੇ ਜਲਦੀ ਬਾਦ ਕਈ ਰਿਆਸਤਾਂ ਅਤੇ ਉਨ੍ਹਾਂ ਦੇ ਸਰਦਾਰਾਂ ਨੇ ਅਪਣੀ ਸਵਾਧੀਨਤਾ ਘੋਸ਼ਿਤ ਕਰ ਦਿੱਤੀ। ਰਾਜਪੂਤ ਜੋ ਡਰ ਗਏ ਪਰ ਕੁਚਲੇ ਨਹੀਂ ਗਏ ਸਨ ਉਹ ਪਹਿਲਾਂ ਦੀ ਤਰ੍ਹਾਂ ਸੁਤੰਤਰ ਅਤੇ ਸ਼ਕਤੀਸ਼ਾਲੀ ਬਣ ਗਏ। ਇਸ ਤਰ੍ਹਾਂ ਗੁਜਰਾਤ ਵਿਚ ਬਹਾਦੁਰ ਸ਼ਾਹ ਅਤੇ ਬਿਹਾਰ ਵਿਚ ਸ਼ੇਰ ਖਾਂ ਜਿਹੇ ਅਫਗਾਨ ਸ਼ਕਤੀਸ਼ਾਲੀ ਬਣ ਗਏ ਅਤੇ ਉਨ੍ਹਾਂ ਨੇ ਬਾਬਰ ਦੁਆਰਾ ਬਣਾਏ ਗਏ ਸਾਮਰਾਜ ਨੂੰ ਨਸ਼ਟ-ਭ੍ਰਸ਼ਟ ਕਰ ਦਿੱਤਾ। ਉਨ੍ਹਾਂ ਨੇ ਬਾਬਰ ਦੇ ਬੇਟੇ ਹਮਾਯੂੰ ਨੂੰ ਕੱਢ ਬਾਹਰ ਕੀਤਾ ਅਤ ਵੁਸਨੂੰ ਅਪਣੇ ਪਿਤਾ ਦੁਆਰਾ ਬਣਾਏ ਗਏ ਸਾਮਰਾਜ ਤੋਂ ਵੰਚਿਤ ਕਰ ਦਿੱਤਾ। ਇਸ ਤਰ੍ਹਾਂ ਬਾਬਰ ਨੇ ਇਕ ਸਾਮਰਾਜ ਤਾਂ ਰਚਾਇਆ ਪਰ ਆਰ.ਬੀ. ਵਿਲਿਯਮ ਦੇ ਸ਼ਬਦਾਂ ਵਿਚ ਇਹ ਇੱਥ ਐਸਾ ਸਾਮਰਾਜ ਸੀ ਜਿਸਨੂੰ ਕੇਵਲ ਯੁੱਧ ਸਥਿਤੀ ਬਣਾਏ ਰੱਖ ਕੇ ਹੀ ਸੰਭਾਲਿਆ ਜਾ ਸਕਦਾ ਸੀ ਅਤੇ ਜਿਹੜਾ ਸ਼ਾਂਤੀ ਕਾਲ ਵਿਚ ਕਮਜ਼ੋਰ, ਰਚਨਾਰਹਿਤ ਅਤੇ ਰੀੜ੍ਹ ਰਹਿਤ ਬਣ ਗਿਆ।

**(ii) ਇਕ ਚੰਗਾ ਪ੍ਰਸ਼ਾਸਕ ਨਹੀਂ** (Not a Good Administrator) – ਬਾਬਰ ਦੇ ਅੰਦਰ ਇਕ ਪ੍ਰਸ਼ਤਾਸਕ ਦੇ ਗੁਣ ਨਹੀਂ ਸਨ। ਉਸਨੇ ਕੋਈ ਰਚਨਾਤਮਕ ਪ੍ਰਸ਼ਾਸਨਕ ਕਦਮ ਨਹੀਂ ਚੁੱਕਿਆ। ਉਸਨੇ ਪੁਰਾਣੀ ਅਤੇ ਘਿਸੀ ਪਿਟੀ ਸੰਸਥਾਂਵਾਂ ਨੂੰ ਹੀ ਬਣੇ ਰਹਿਣ ਦਿੱਤਾ ਅਤੇ ਉਨ੍ਹਾਂ ਦੀ ਜਗ੍ਹਾਂ ਉਤੇ ਇੱਥ ਨਵਾਂ ਅਤੇ ਜ਼ਿਆਦਾ ਆਧੁਨਿਕ ਪ੍ਰਸ਼ਾਸਨਿਕ ਢਾਂਚਾ ਖੜ੍ਹਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੇ ਅਪਣੇ ਰਾਜ ਨੂੰ ਜਾਗੀਰਾਂ ਵਿਚ ਵੰਡ ਕੇ ਜਾਗਰੀਦਾਰਾਂ ਦੇ ਹਵਾਲੇ ਕਰ ਦਿੱਤਾ ਅਤੇ ਇਸ ਤਰ੍ਹਾਂ ਵਾਸਤਵ ਵਿਚ ਅੱਧ-ਸੁਤੰਤਰ ਰਾਜ ਸੀਮਾਵਾਂ ਖੜ੍ਹੀਆਂ ਕਰ ਦਿੱਤੀਆਂ। ਉਸਨੇ ਕੋਈ ਇੱਕੋ ਜਿਹੀ ਭੂਮੀ-ਲਗਾਨ-ਪ੍ਰਣਾਲੀ ਵੀ ਸਥਾਪਿਤ ਨਹੀਂ ਕੀਤੀ। ਉਸਦੀ ਨਿਆਂ ਪ੍ਰਣਾਲੀ ਵੀ ਬੇਤੁਕੀ ਸੀ।

**(iii) ਬਾਬਰ ਇੱਕ ਗਰੀਬ ਪ੍ਰੂੰਜੀਪਤੀ** (Babur a Poor Financier) – ਬਾਬਰ ਇੱਕ ਗਰੀਬ ਪ੍ਰੂੰਜੀਪਤੀ ਸੀ। ਉਹ ਭੁੱਲ ਗਿਆ ਕਿ ਇੱਕ ਸੁਦ੍ਰਿੜ੍ਹ ਸ਼ਾਸਨ ਰਚਾਉਣ ਦੇ ਲਈ ਇਕ ਠੋਸ ਧੰਨ-ਰਾਸ਼ੀ ਦੀ ਜ਼ਰੂਰੀ ਆਵਸ਼ਕਤਾ ਹੁੰਦੀ ਹੈ। ਦਿੱਲੀ ਅਤੇ ਆਗਰਾ ਵਿਚ ਉਸਨੂੰ ਬਹੁਤ ਸਾਰਾ ਖਜਾਨਾ ਹੱਥ ਲਗਿਆ ਸੀ ਪਰ ਉਸਦੀ ਖੁਲ੍ਹੀ ਦਇਆਲਤਾ ਨੇ ਉਸਦੇ ਧੰਨ ਵਿਚ ਬਹੁਤ ਘਾਟਾ ਪਾ ਦਿੱਤਾ। ਉਸਨੇ ਅਪਣਾ ਖ਼ਜਾਨਾ ਹੋਰ ਵੀ ਘਟਾ ਲਿਆ ਜਦੋਂ ਉਸਨੇ ਮੁਸਲਮਾਨਾਂ ਤੋਂ ਸਟਾਂਪ-ਕਰ (Stamp Duty) ਹਟਾ ਲਈ। ਜਲਦੀ ਬਾਦ ਉਸਨੂੰ ਆਰਥਕ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਸਨੂੰ ਸੈਨਿਕਾਂ ਨੂੰ ਤਨਖ਼ਾਹ ਦੇ ਲਈ ਸ਼ਾਸਨ ਪ੍ਰਬੰਧ ਨੂੰ ਚਲਾਉਣ ਲਈ ਜ਼ਿਆਦਾ ਟੈਕਸ ਲਗਾਉਣੇ ਪਏ। ਉਸਨੇ ਅਧਿਕਾਰੀਆਂ ਉਤੇ ਵੀ ਟੈਕਸ ਲਗਾਇਆ। ਇਸ ਤਰ੍ਹਾਂ ਅਧਿਕਾਰੀ ਵਿਕਣ ਲੱਗੇ ਅਤੇ ਸਰਕਾਰੀ ਕੰਮ ਕਾਜ ਵਿਚ ਗੁਣ ਦੀ ਕਸੌਟੀ ਨਾ ਰਹੀ। ਏਨਾ ਕੁਝ ਕਰਨ ਉਤੇ ਵੀ ਖਜਾਨੇ ਦੀ ਦਸ਼ਾ ਨਹੀ ਸੁਧਰੀ ਅਤੇ ਨਤੀਜਾ ਇਹ ਹੋਇਆ ਕਿ ਹਮਾਯੂੰ ਨੇ ਨਾਂ ਕੇਵਲ ਇਹ ਸਾਮਰਾਜ ਟੁੱਟਦਾ ਦੇਖਿਆ ਫਿਰ ਵੀ ਇਸ ਦੇ ਨਾਲ ਉਸਨੇ ਖਜਾਨੇ ਦਾ ਦਿਵਾਲਾਪਣ ਵੀ ਦੇਖਿਆ।

**(iv) ਅਸਲੀ ਸਾਮਰਾਜ-ਨਿਰਮਾਤਾ ਬਾਬਰ ਨਹੀਂ ਅਕਬਰ ਸੀ** (The real empire builder was Babur not Akbar) – ਬਾਬਰ ਨੂੰ ਸਾਮਰਾਜ ਨਿਰਮਾਤਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਨਾ ਹੀ ਉਸ ਨੇ ਆਪਣੀ ਜਿੱਤ ਪੱਕੀ ਕੀਤੀ ਅਤੇ ਨਾ ਹੀ ਆਪਣੇ ਉਦਾਰ ਪ੍ਰਸ਼ਾਸਨ ਅਤੇ ਸਹਿਣਸ਼ੀਲ ਧਰਮ ਨੀਤੀ ਨਾਲ ਲੋਕਾ ਦੇ ਦਿਲ ਜਿੱਤੇ। ਇਹ ਤਾਂ ਉਸ ਦਾ ਪੋਤਰਾ ਅਕਬਰ ਸੀ ਜੋ ਕਿ ਇਕ ਮਹਾਨ ਸਾਮਰਾਜ ਨਿਰਮਾਤਾ ਬਣਨ ਦੇ ਸਨਮਾਨ ਦਾ ਠੀਕ ਅਧਿਕਾਰੀ ਹੈ। ਜੋ ਸਾਮਰਾਜ ਬਾਬਰ ਨੇ ਬਣਾਇਆ ਸੀ ਉਹ ਕਮਜ਼ੋਰ ਅਤੇ ਅਦ੍ਰਿੜ੍ਹ ਸੀ ਅਤੇ ਹੁਮਾਯੂੰ ਦੇ ਹੱਕ ਤੋਂ ਛੁੱਟ ਗਿਆ। ਇਹ ਤਾਂ ਅਕਬਰ ਹੀ ਸੀ ਜਿਸ ਨੇ ਇਸ ਨੂੰ ਫਿਰ ਰਚਾਇਆ। ਉਸ ਨੇ

ਨੋਟ

ਭਾਰਤ ਦਾ ਲੱਗਭਗ ਇਕ-ਇਕ ਹਿੱਸਾ ਜਿੱਤਿਆ ਅਤੇ ਇਕ ਉਤਮ ਪ੍ਰਸ਼ਾਸਨ ਰਚਾ ਕੇ ਸਾਮਰਾਜ ਨੂੰ ਦ੍ਰਿੜ ਕੀਤਾ। ਉਸ ਨੇ ਇਕ ਸਹਿਨਸ਼ੀਲ ਧਰਮ ਨੀਤੀ ਦਾ ਵੀ ਅਨੁਸਰਣ ਕੀਤਾ ਅਤੇ ਹਿੰਦੂਆਂ ਨੂੰ ਜਿੱਤ ਕੇ ਆਪਣੇ ਵੱਲ ਕਰ ਲਿਆ।

**ਨਿਸ਼ਕਰਸ਼** (Conclusion) – ਉਪਰ ਜੋ ਕੁਝ ਚਰਚਾ ਹੋਈ ਹੈ ਉਸ ਤੋਂ ਇਹ ਨਿਸ਼ਕਰਸ਼ ਕੱਢਿਆ ਜਾ ਸਕਦਾ ਹੈ ਕਿ ਬਾਬਰ ਭਾਗ ਦਾ ਧੰਨੀ ਸੈਨਿਕ ਨਹੀਂ ਸੀ ਜਿਹੜਾ ਲੁੱਟ ਮਾਰ ਵਿਚ ਅਤੇ ਸੈਨਿਕ ਸ਼ਾਸਨ ਦੀ ਪ੍ਰਾਪਤੀ ਵਿਚ ਵਿਸ਼ਵਾਸ ਕਰਦਾ ਹੋਵੇ। ਫਿਰ ਵੀ ਉਹ ਤਾਂ ਇਕ ਸਾਮਰਾਜ ਨਿਰਮਾਤਾ ਸੀ। ਚਾਹੇ ਉਨ੍ਹਾਂ ਵੱਡਾ ਸਾਮਰਾਜ ਨਿਰਮਾਤਾ ਨਹੀਂ ਜਿਨ੍ਹਾਂ ਉਸਦਾ ਪੋਤਰਾ ਅਕਬਰ ਸੀ। ਲੇਨਪੁਲ ਠੀਕ ਹੀ ਕਹਿੰਦਾ ਹੈ ਕਿ "ਬਾਬਰ ਚਾਹੇ ਸਾਮਰਾਜ ਦਾ ਨਿਰਮਾਤਾ ਨਹੀਂ ਸੀ ਫਿਰ ਵੀ ਉਸਨੇ ਇਕ ਸ਼ਾਨਦਾਰ ਰਾਜ ਦਾ ਨੀਂਹ ਪੱਥਰ ਰੱਖਿਆ ਜਿਸਨੂੰ ਉਸਦੇ ਪੋਤਰੇ ਅਕਬਰ ਨੇ ਪੂਰਾ ਕੀਤਾ।"

## 8.9 ਚਰਿੱਤਰ ਅਤੇ ਵਿਅਕਤੀਤਵ (Character and Personality)

ਬਾਬਰ ਮੱਧ ਕਾਲੀਨ ਇਤਿਹਾਸ ਦੇ ਅਤਿਯੰਤ ਹੀ ਮਨਮੋਹਕ ਵਿਅਕਤੀਆਂ ਵਿਚੋਂ ਸੀ। ਡਾ. ਬੀ.ਏ. ਸਮਿੱਥ ਦੇ ਮਤ ਅਨੁਸਾਰ "ਉਹ ਅਪਣੇ ਯੁਗ ਦਾ ਅਤਿਯੰਤ ਹੀ ਸ਼ਾਨਦਾਰ ਏਸ਼ੀਆਈ ਸ਼ਹਿਜਾਦਾ ਹੈ ਅਤੇ ਉਹ ਕਿਸੇ ਵੀ ਯੁੱਞ ਜਾਂ ਦੇਸ਼ ਦੇ ਸਮਰਾਟਾਂ ਦ ਵਿਚ ਇਕ ਉੱਚ ਸਥਾਨ ਦਾ ਅਧਿਕਾਰੀ ਹੈ।"

**(i) ਇਕ ਮਜਬੂਤ ਅਤੇ ਸਾਹਸੀ ਵਿਅਕਤੀ** (Strong and Courageous Man) : ਬਾਬਰ ਇੱਕ ਹੱਟਾ-ਕੱਟਾ ਅਤੇ ਮਜਬੂਤ ਵਿਅਕਤੀ ਸੀ। ਉਸ ਦੀ ਸਰੀਰਕ ਸ਼ਕਤੀ ਏਨੀ ਜ਼ਿਆਦਾ ਸੀ ਕਿ ਹਰੇਕ ਕੱਛ ਵਿਚ ਇੱਕ ਇੱਕ ਆਦਮੀ ਦਬਾ ਕੇ ਬਿਨ੍ਹਾਂ ਕਿਸੀ ਮੁਸ਼ਕਿਲ ਦੇ ਨੱਸ ਸਕਦਾ ਸੀ। ਇਸ ਦੇ ਸਿਵਾਏ ਅਪਣੀ ਆਰੰਭਕ ਉਮਰ ਦੇ ਦੁੱਖਾਂ ਅਤੇ ਮੁਸੀਬਤਾਂ ਨੇ ਉਸਦੇ ਅੰਦਰ ਧੀਰਜਵਾਨ ਸਹਿਨਸ਼ੀਲਤਾ ਸਾਹਸ ਅਤੇ ਆਤਮ-ਨਿਰਭਰਤਾ ਦੇ ਕਈ ਗੁਣ ਭਰ ਦਿੱਤੇ ਸਨ। ਬਹੁਤ ਵਾਰ ਉਸਨੇ ਹਾਰਾਂ ਖਾਧੀਆਂ ਅਤੇ ਇਕ ਅਵਾਰਾ ਦੀ ਸਥਿਤੀ ਵਿਚ ਪਾ ਦਿੱਤਾ। ਪਰ ਉਸਨੇ ਕਦੀ ਵੀ ਸਾਹਸ ਅਤੇ ਵਿਸ਼ਵਾਸ ਨਹੀਂ ਹਾਰਿਆ।

**(ii) ਬਾਬਰ ਦਾ ਪਰਿਵਾਰ-ਸਨੇਹ** (Full of Family Affection) : ਬਾਬਰ ਦੇ ਦਿਲ ਵਿਚ ਪਰਿਵਾਰ-ਸਨੇਹ ਅਤੇ ਮਾਨਵੀ ਕੁੱਟ ਕੁੱਟ ਕੇ ਭਰੀ ਹੋਈ ਸੀ। ਜਦੋਂ ਉਸਦੇ ਸਰਦਾਰਾਂ ਨੇ ਉਸਨੂੰ ਅਪਣੇ ਵਿਦਰੋਹੀ ਭਰਾ ਜਹਾਂਗੀਰ ਤੋਂ ਛੁਟਕਾਰਾ ਲੈਣ ਦੀ ਗੱਲ ਕਹੀ ਤਾਂ ਉਸਨੇ ਇਹ ਉੱਤਰ ਦਿੱਤਾ "ਮੈਂ ਤੁਹਾਡੇ ਸੁਝਾਉ ਨੂੰ ਸਵੀਕਾਰ ਨਹੀਂ ਕਰ ਸਕਦਾ ਕਿਉਂਕਿ ਅਪਣੇ ਭਰਾਵਾਂ ਨੂੰ ਚਾਹੇ ਵੱਡੇ ਹੋਣ ਜਾਂ ਛੋਟੇ ਕੋਈ ਸਟ ਪਹੁੰਚਾਉਣਾ ਮੇਰੇ ਸੁਭਾਅ ਦੇ ਵਿਰੁਧ ਹੈ। ਚਾਹੇ ਉਨ੍ਹਾਂ ਨੇ ਮੇਰੇ ਨਾਲ ਕਿਨ੍ਹੀ ਵੀ ਬੁਰਾਈ ਕਿਉਂ ਨਾ ਕੀਤੀ ਹੋਵੇ।" ਬਾਬਰ ਅਪਣੇ ਸੰਬੰਧੀਆਂ ਅਤੇ ਮਿੱਤਰਾਂ ਦੇ ਪ੍ਰਤੀ ਅਪਣੀ ਵਫ਼ਾਦਾਰੀ ਅਤੇ ਦਇਆਲਤਾ ਦੇ ਲਈ ਪ੍ਰਸਿੱਧ ਹੈ। ਉਸਨੇ ਅਪਣੇ ਪਿਤਾ, ਮਾਤਾ, ਦਾਦੀ, ਭੈਣਾਂ ਅਤੇ ਮਿੱਤਰਾਂ ਦੇ ਬਾਰੇ ਸਨੇਹਪੂਰਣ ਸ਼ਬਦਾਂ ਵਿਚ ਲਿਖਿਆ ਹੈ। ਡਾ. ਪ੍ਰਸਾਦਿ ਲਿਖਦਾ ਹੈ "ਇਹੀ ਮਾਨਵੀ ਗੁਣ ਜਿਹੜੇ ਮੰਗੋਲਾਂ ਅਤੇ ਤੁਰਕਾਂ ਵਿਚ ਮੁਸ਼ਕਿਲ ਹਨ ਇਸ ਨੇ ਬਾਬਰ ਦੇ ਵਿਕਤੀਤਵ ਨੂੰ ਬਹੁਤ ਹੀ ਵੱਡੀ ਰੁਚੀ ਦਾ ਵਿਸ਼ਾ ਬਣਾ ਦਿੱਤਾ ਹੈ।"

**(iii) ਅਲ੍ਹਾਹ ਨੂੰ ਮੰਨਣ ਵਾਲਾ** (A Man of Faith) : ਬਾਬਰ ਪੱਕਾ ਅਲ੍ਹਾਹ ਨੂੰ ਮੰਨਣ ਵਾਲਾ ਵਿਅਕਤੀ ਸੀ। ਉਹ ਖੁਦ ਕਿਹਾ ਕਰਦਾ ਸੀ ਕਿ "ਅਲ੍ਹਾਹ ਦੀ ਮਰਜੀ ਦੇ ਬਿਨਾਂ ਕੁਝ ਨਹੀਂ ਹੁੰਦਾ। ਸਾਨੂੰ ਅਲ੍ਹਾਹ ਉਤੇ ਵਿਸ਼ਵਾਸ ਕਰਕੇ ਅੱਗੇ ਵਧਣਾ ਚਾਹੀਦਾ। ਉਸਨੇ ਅਪਣੀ ਸਫ਼ਲਤਾ ਦਾ ਫਲ ਅਲ੍ਹਾਹ ਦੀ ਕਿਰਪਾ ਨੂੰ ਦਿੱਤਾ। ਕਨਵਾਹ ਦੀ ਲੜਾਈ ਤੋਂ ਪਹਿਲਾਂ ਜਿਹੜਾ ਉਸਨੇ ਸ਼ਰਾਬ ਦਾ ਸ਼ਾਨਦਾਰ ਤਿਆਗ ਕੀਤਾ ਉਹ ਉਸਦੇ ਵੱਲੋਂ ਅਲ੍ਹਾਹ ਦੇ ਅੱਗੇ ਪਾਪਾਂ ਦੇ ਲਈ ਇਕ ਸੱਚੀ ਤੌਬਾ ਦਾ ਕੰਮ ਸੀ। ਜਿਹੜੇ ਢੰਗ ਨਾਲ ਉਸਨੇ ਅਪਣੇ ਪੁੱਤਰ ਦੀ ਜਾਨ ਬਚਾਉਣ ਦੇ ਲਈ ਅਪਣੀ ਜ਼ਿੰਦਗੀ ਦਾ ਬਲਿਦਾਨ ਦਿੱਤਾ, ਉਸ ਤੋਂ ਪਤਾ ਲੱਗਦਾ ਹੈ ਕਿ ਉਸਦਾ ਅਲ੍ਹਾਹ ਉਤੇ ਵਿਸ਼ਵਾਸ ਸੀ ਅਤੇ ਉਹ ਪ੍ਰਾਰਥਨਾ ਦੀ ਸ਼ਕਤੀ ਨੂੰ ਮੰਨਦਾ ਸੀ।"

**(iv) ਬਾਬਰ ਇੱਕ ਧਰਮ ਕੱਟੜ** (Babur-A Fanatic) : ਬਾਬਰ ਧਰਮ ਕੱਟੜ ਵਿਅਕਤੀ ਸੀ। ਉਹ ਹਿੰਦੂਆਂ ਨੂੰ ਨਾਸਤਕ ਸਮਝਦਾ ਸੀ। ਉਸਨੇ ਰਾਜਾ ਸੰਗ੍ਰਾਮ ਸਿੰਘ ਅਤੇ ਮੇਦਿਨੀ ਰਾਉ ਦੇ ਵਿਰੁਧ ਜੇਹਾਦ ਕੀਤੇ ਅਤੇ ਕਨਵਾਹ ਦੀ ਲੜਾਈ ਦੇ ਬਾਦ ਸੀਕਰੀ ਦੇ ਸਥਾਨ ਉਤੇ ਨਾਸਤਕਾਂ ਦੀ ਖੋਪੜੀਆਂ ਦਾ ਇਕ ਮੀਨਾਰ ਬਣਵਾਇਆ। ਉਸਨੇ ਚੰਦੇਰੀ, ਸਾਰੰਗਪੁਰ ਅਤੇ ਰਣਥੰਭੋਰ ਵਿਚ ਮਸਜਿਦਾਂ ਵੀ ਬਣਵਾਈਆਂ।

**(v) ਇਕ ਵੱਡਾ ਵਿਦਾਵਨ** (A Great Scholar) : ਬਾਬਰ ਵਿਚ ਵੱਡੇ ਵਿਦਵਾਨਾਂ ਵਾਲੇ ਗੁਣ ਬਹੁਤ ਸਨ। ਉਹਿ ਇਕ ਮਹਾਨ ਕਵੀ ਸੀ ਅਤੇ ਮਿਰਜਾ ਹੈਦਰ ਦੇ ਮਤ ਅਨੁਸਾਰ ਤੁਰਕੀ ਕਵਿਤਾ ਦੀ ਰਚਨਾ ਵਿਚ ਉਹ ਅਮੀਰ ਅਲੀ ਸ਼ੀਰ ਨੂੰ ਛੱਡ ਕੇ ਸਰਵ ਪ੍ਰਥਮ ਸੀ। ਵੱਡਾ ਖੁਸ਼ਦਿਲ ਵਿਅਕਤੀ ਤਾਂ ਉਹ ਸੀ ਹੀ, ਉਹ ਮੁਸ਼ਾਅਰੇ (ਕਵੀ ਸੰਮੇਲਨ) ਕਰਵਾਇਆ ਕਰਦਾ ਜਿੱਥੇ ਮੌਖਿਕ ਕਵੀਤਾ ਪਾਠ ਹੁੰਦਾ ਸੀ। ਬਾਬਰ ਇੱਕ ਮਹਾਨ ਕਵੀ ਹੀ ਨਹੀਂ ਫਿਰ ਵੀ ਉਹ ਇਕ ਵੱਡਾ ਗੱਦ ਲੇਖਕ ਵੀ ਸੀ। ਉਸ ਦਾ ਰੰਗ-ਢੰਗ ਸੌਖਾ, ਸ਼ੁੱਧ, ਸੁਭਾਵਤ ਅਤੇ ਅਸ਼ੁੱਧ ਸੀ। ਉਸ ਦੀ ਗੱਦ ਰਚਨਾ ਵਿਚ ਸਭ ਤੋਂ ਵੱਡੀ ਰਚਨਾ ਹੈ ਉਸਦੇ ਨਿਜੀ ਜੀਵਨ ਦੀ ਯਾਦਗਾਰੀ ਜਿਸਦੇ ਕਾਰਣ ਬਾਬਰ ਨੂੰ "ਆਤਮ ਕਥਾਕਾਰਾਂ ਦਾ ਸਰਤਾਜ" (Prince of Autobiographers) ਦੀ ਅਮਰ ਉਪਾਧੀ ਦਿੱਤੀ ਜਾਂਦੀ ਹੈ। ਬਾਬਰ ਨਾਂ ਕੇਵਲ ਵਿਦਵਾਨ ਸੀ ਪਰ ਫਿਰ ਵੀ ਵਿਦਵਾਨਾਂ ਦਾ ਮਹਾਨ ਸਰੰਖਿਅਕ ਵੀ ਸੀ। ਉਸ ਦੇ ਦਰਬਾਰ ਦੇ ਕੁਝ

ਵਿਦਵਾਨ ਇਹ ਸਨ – ਗਯਾਸੁਦੀਨ ਮੁਹੱਮੰਦ ਖੁਦਾ ਮੀਰ ਜਿਹੜਾ ਕਿ ਇਕ ਈਰਾਨੀ ਇਤਿਹਾਸਕਾਰ ਸੀ, ਸ਼ਹਾਬੁਦੀਨ ਜਿਹੜਾ ਇੱਕ ਮਹਾਨ ਕਵੀ ਸੀ ਮੀਰ ਇਬਰਾਹੀਮ ਜਿਹੜਾ ਕਿ ਧਰਮ ਸ਼ਾਸਤਰ ਦਾ ਇਕ ਮਾਹਿਰ ਪੰਡਿਤ ਸੀ।

**ਨੋਟ**

**(vi) ਇਕ ਸ਼ਾਨਕਾਰ ਸੈਨਾਨੀ** (A Brilliant Military General) : ਬਾਬਰ ਇੱਕ ਵੀਰ ਸੈਨਿਕ ਅਤੇ ਇਕ ਸ਼ਾਨਦਾਰ ਸੈਨਾਨੰ ਸੀ। ਜਨਮ ਤੋਂ ਲੈ ਕੇ ਮ੍ਰਿਤੂ ਤਕ ਉਸਨੂੰ ਲੜਦੇ ਰਹਿਣਾ ਪਿਆ ਅਤੇ ਲਗਾਤਾਰ ਲੜਦੇ ਰਹਿਣ ਦੇ ਕਾਰਣ ਉਸਦੇ ਅੰਦਰ ਇਕ ਵੀਰ ਸੈਨਿਕ ਦੇ ਗੁਣ ਆ ਗਏ। ਬਾਬਰ ਇਕ ਬੁੱਧੀਮਾਨ ਸੈਨਾਨੀ ਸੀ ਅਤੇ ਇਸ ਨਾਤੇ ਜਿਹੜਾ ਕੰਮ ਉਸਨੇ ਹੱਥ ਵਿਚ ਲਿਆ ਉਸ ਵਿਚ ਬਹੁਤ ਘੱਟ ਵਾਰ ਅਸਫਲ ਹੋਇਆ। ਉਹ 19 ਸਾਲਾਂ ਦਾ ਬਾਲਕ ਹੀ ਸੀ ਜਦੋਂ ਉਸਨੇ ਕੇਵਲ 240 ਸੈਨਿਕ ਲੈ ਕੇ ਸਮਰਕੰਦ ਉਤੇ ਛਾਪੇਮਾਰ ਹਮਲਾ ਕਰ ਦਿੱਤਾ ਸੀ ਅਤੇ ਉਥੇ ਇਕ ਉਤਕ੍ਰਿਸ਼ਠ ਜਿੱਤ ਪ੍ਰਾਪਤ ਕੀਤੀ ਸੀ। ਭਾਰਤੀਅ ਚੜ੍ਹਾਈਆਂ ਵਿਚ ਉਸਨੂੰ ਜਿਹੜੀ ਸਫਲਤਾ ਮਿਲੀ ਉਹ ਵੀ ਉਸਦੇ ਨਿਪੁੰਨ ਸੈਨਾਨੀਪਣ ਦੇ ਕਾਰਣ ਸੀ। ਉਸਨੇ ਬੜੀ ਨਿਪੁੰਨਤਾ ਮੱਧ ਏਸ਼ੀਆ ਦੀ ਅਨੇਕ ਜਾਤਾਂ ਨੂੰ ਸੈਨਾ ਨਿਤੀਆਂ ਅਤੇ ਵਿਧੀਆਂ ਦਾ ਫਾਇਦਾ ਚੁੱਕਿਆ ਉਨ੍ਹਾਂ ਦਾ ਅਪਣੇ ਪੱਖ ਵਿਚ ਪ੍ਰਯੋਗ ਕੀਤਾ ਅਤੇ ਅਪਣੀ ਭਾਰਤੀਅ ਲੜਾਈਆਂ ਵਿਚ ਇਨ੍ਹਾਂ ਸਭ ਦੀ ਵਰਤੋਂ ਕੀਤੀ। ਪਾਨੀਪਤ ਅਤੇ ਕਨਵਾਹ ਦੀਆਂ ਲੜਾਈਆਂ ਵਿਚ ਬਾਬਰ ਦੀ ਯੋਜਨਾਂਵਾਂ ਨੇ ਹੋਰ ਵੀ ਜ਼ਿਆਦਾ ਦਿਖਾ ਦਿੱਤਾ ਕਿ ਬਾਬਰ ਕਿੰਨ੍ਹਾਂ ਯੋਗ ਸੈਨਾਨੀ ਹੈ। ਬਾਬਰ ਨਿਸ਼ਚੈ ਹੀ ਇਕ ਨਿਡਰ ਸੈਨਾਨੀ ਸੀ। ਜਿਹੜਾ ਯੋਜਨਾ ਬਣਾਉਣ ਵਿਚ ਅਤੇ ਉਸਨੂੰ ਪੂਰੀ ਤਰ੍ਹਾਂ ਕੰਮਾਂ ਵਿਚ ਲਾਗੂ ਕਰਨ ਲਈ ਵੱਡਾ ਨਿਪੁੰਨ ਸੀ। ਉਹ ਤਾਂ ਇਕ ਜਨਮਜਾਤ ਤੋਂ ਹੀ ਸੈਨਾਨੀ ਸੀ ਅਤੇ ਉਸਦੀ ਆਗਿਆ ਦੇ ਅੱਗੇ ਉਸਦੇ ਸੈਨਿਕ ਸਦਾ ਹੀ ਸਿਰ ਝੁਕਾ ਦਿੰਦੇ ਸਨ। ਪਾਨੀਪਤ ਦੀ ਲੜਾਈ ਤੋਂ ਬਾਦ ਜਦੋਂ ਉਸਦੇ ਸੈਨਿਕ ਭਾਰਤ ਤੋਂ ਅੱਕ ਗਏ ਅਤੇ ਉਨ੍ਹਾਂ ਨੇ ਕਾਬੁਲ ਵਾਪਸ ਜਾਣ ਦੀ ਦੁਹਾਈ ਦੇ ਰਹੇ ਸਨ ਤਾਂ ਬਾਬਰ ਨੇ ਉਨ੍ਹਾਂ ਨੂੰ ਇਕ ਪ੍ਰਭਾਵਸ਼ਾਲੀ ਭਾਸ਼ਣ ਸੁਣਾ ਕੇ ਅਤੇ ਸਾਰੇ ਭਾਰਤ ਨੂੰ ਜਿੱਤ ਲੈਣ ਦੇ ਅਪਣੇ ਅਡਿੱਗ ਨਿਸ਼ਚੈ ਦੀ ਘੋਸਣਾ ਕਰਕੇ ਉਨ੍ਹਾਂ ਸਭ ਨੂੰ ਅਪਣੇ ਵੱਲ ਕਰ ਲਿਆ। ਇਕ ਵਾਰ ਫਿਰ ਕਨਵਾਹ ਦੀ ਲੜਾਈ ਤੋਂ ਪਹਿਲਾਂ ਜਦੋਂ ਉਸਦੇ ਸੈਨਿਕ ਮਾਯੂਸ ਹੋ ਗਏ ਤਾਂ ਉਨ੍ਹਾਂ ਦੇ ਅੰਦਰ ਵਿਸ਼ਵਾਸ ਭਰ ਦਿੱਤਾ ਅਤੇ ਉਨ੍ਹਾਂ ਨੂੰ ਏਨਾ ਪ੍ਰੇਰਿਤ ਕੀਤਾ ਕਿ ਉਨ੍ਹਾਂ ਪਵਿੱਤਰ ਕੁਰਾਨ ਦੀ ਸੌਂਹ ਖਾਧੀ ਅਤੇ ਅਪਣੀ ਪਤਨੀਆਂ ਦੇ ਤਿਆਗ ਦੀ ਵੀ ਸੌਂਹ ਲਈ ਕਿ ਅੰਤ ਤੱਕ ਉਸਦਾ ਸਾਥ ਦੇਣਗੇ।

**(vii) ਇਕ ਸ਼ਾਸਕ ਅਤੇ ਪ੍ਰਸ਼ਾਸਕ ਦੇ ਰੂਪ** (As a Ruler and Administrator) : ਬਾਬਰ ਇਕ ਸਫਲ ਸ਼ਾਸਕ ਸੀ। ਉਸਨੇ ਸ਼ਾਂਤੀ ਅਤੇ ਵਿਵਸਥਾ ਨੂੰ ਬਣਾਏ ਰੱਖਿਆ ਅਤੇ ਲੁਟੇਰਿਆਂ ਦੇ ਅਤਿਆਚਾਰ ਅਤੇ ਉਤੱਪੀੜਨ ਤੋਂ ਅਪਣੀ ਜਨਤਾ ਦੀ ਰੱਖਿਆ ਕੀਤੀ। ਉਸਨੇ ਡਾਕੂਆਂ ਅਤੇ ਹੱਤਿਆਰਿਆਂ ਤੋਂ ਸੜਕਾਂ ਨੂੰ ਸੁਰੱਖਿਅਤ ਕੀਤਾ। ਉਸਨੇ ਇਹ ਵੀ ਧਿਆਨ ਰੱਖਿਆ ਕਿ ਸਥਾਨਕ ਸਰਦਾਰ ਭੋਲੇ ਭਾਲੇ ਲੋਕਾਂ ਉਤੇ ਕਿਸੀ ਤਰ੍ਹਾਂ ਦਾ ਅਤਿਆਚਾਰ ਨਾ ਕਰ ਪਾਉਣ ਅਤੇ ਅਪਣੀ ਜਨਤਾ ਦੀ ਭਲਾਈ ਦਾ ਬਹੁਤ ਧਿਆਨ ਰਖਿਆ। ਉਹ ਇਕ ਮਹਾਨ ਭਵਨ-ਨਿਰਮਾਤਾ ਵੀ ਸੀ ਜਿਸਨੇ ਆਗਰਾ ਵਿਚ ਭਵਨ ਨਿਰਮਾਣ ਦੇ ਲਈ 680 ਕਾਰੀਗਰ ਕੰਮ ਉਤੇ ਲਗਾਏ ਅਤੇ ਆਗਰਾ ਸੀਕਰੀ ਬਿਆਨਾ ਅਤੇ ਧੌਲਪੁਰ ਵਿਚ 1491 ਪੱਥਰ ਕਾਰੀਗਰ ਰੋਜ ਕੰਮ ਕਰਦੇ ਸਨ। ਉਸਦੇ ਬਣਵਾਏ ਹੋਏ ਭਵਨਾਂ ਵਿਚ ਜਿਹੜੇ ਅੱਜ ਤਕ ਦੇਖਣ ਨੂੰ ਮਿਲਦੇ ਹਨ ਉਹ ਹਨ ਸੰਭਲ ਦੀ ਜਾਮਾ-ਏ-ਮਸਜਿਦ ਅਤੇ ਪਾਨੀਪਤ ਦੀ ਮਸਜਿਦ। ਪਰ ਬਾਬਰ ਕੋਈ ਚੰਗਾ ਪ੍ਰਸ਼ਾਸਕ ਨਹੀਂ ਸੀ। ਉਸਨੇ ਕੋਈ ਨਵੇਂ ਕਾਨੂੰਨ ਨਹੀਂ ਬਣਾਏ ਅਤੇ ਨਾਂ ਹੀ ਸੰਸਥਾਂਵਾਂ ਖੜ੍ਹੀਆਂ ਕੀਤੀਆਂ। ਉਸਨੇ ਅਪਣੇ ਸਾਮਰਾਜ ਨੂੰ ਜਾਗੀਰਾਂ ਵਿਚ ਵੰਡ ਦਿੱਤਾ ਅਤੇ ਉਹ ਜਾਗੀਰਾਂ ਜਾਗੀਰਦਾਰਾਂ ਨੂੰ ਦੇ ਦਿੱਤੀਆਂ ਜਿਹੜੇ ਅੱਧ ਸੁਤੰਤਰ ਹੋ ਗਏ। ਉਸਨੇ ਭੂਮੀ ਮਪਵਾ ਕੇ ਇਕੋ ਜਿਹਾ ਕਰ ਲਗਾਉਣ ਦੀ ਕੋਈ ਠੀਕ ਪ੍ਰਣਾਲੀ ਸਥਾਪਿਤ ਨਹੀਂ ਕੀਤੀ। ਸਰਕਾਰੀ ਖ਼ਜਾਨੇ ਦੇ ਪ੍ਰਬੰਧ ਵਿਚ ਉਸ ਤੋਂ ਗੜਬੜ ਹੋ ਗਈ। ਨਿਆਂਇਕ ਪ੍ਰਣਾਲੀ ਵੀ ਉਲਟੀ-ਪੁਲਟੀ ਦਸ਼ਾ ਵਿਚ ਰਹੀ। ਕਹਿੰਦੇ ਹਨ ਕਿ ਬਾਬਰ ਨੂੰ ਚੰਗਾ ਪ੍ਰਸ਼ਾਸਨ ਸਥਾਪਿਤ ਕਰਨ ਦਾ ਸਮਾਂ ਹੀ ਨਹੀਂ ਮਿਲਿਆ। ਪਰ ਇਹ ਵਿਚਾਰ ਠੋਸ ਨਹੀਂ ਲਗਦਾ ਕਿਉਂਕਿ ਸਾਨੂੰ ਪਤਾ ਲਗਦਾ ਹੈ ਕਿ ਸ਼ੇਰ ਸਾਹ ਨੇ ਪੰਜ ਸਾਲਾਂ ਦੇ ਥੋੜ੍ਹੇ ਜਿਹੇ ਕਾਲ ਵਿਚ ਹੀ ਇਕ ਹੈਰਾਨੀਜਨਕ ਪ੍ਰਸ਼ਾਸਨ ਪ੍ਰਣਾਲੀ ਰਚ ਕੇ ਦਿਖਾ ਦਿੱਤੀ ਸੀ।

**(viii) ਕਮਜ਼ੋਰੀ ਅਤੇ ਬੁਰਾਈਆਂ** (Weaknesses and Vices) : ਬਾਬਰ ਦੇ ਅੰਦਰ ਸ਼ਰਾਬ ਪੀਣ, ਵੇਸਵਾਪੁਣੇ ਅਤੇ ਗਾਣਾ ਸੁਣਨ ਦੀ ਲਾਲਸਾ ਸੀ। ਉਹ ਖੁਦ ਮੰਨਦਾ ਹੈ ਕਿ ਉਸ ਨੂੰ ਸ਼ਰਾਬ ਪੀਣ ਦੀ ਆਦਤ ਸੀ ਅਤੇ ਉਸ ਨੂੰ ਸ਼ਰਾਬ ਪੀਣ ਵਿੱਚ ਬੜਾ ਮਜ਼ਾ ਆਉਂਦਾ ਸੀ। ਪਰ ਜਿਵੇਂ ਕਿ ਡਾ. ਈਸ਼ਵਰੀ ਪ੍ਰਸਾਦ ਲਿਖਦਾ ਹੈ, ਉਹ ਇਕ ਵਧੀਆ ਅਤੇ ਸ਼ਾਨਦਾਰ ਸ਼ਰਾਬੀ ਸੀ। ਉਹ ਸ਼ਰਾਬ ਦੇ ਨਸ਼ੇ ਵਿੱਚ ਆ ਕੇ ਆਪਣੇ ਕਰਤਵ ਨੂੰ ਕਦੀ ਨਹੀਂ ਭੁੱਲਦਾ ਸੀ। ਕੰਵਾਹ ਦੀ ਲੜਾਈ ਨਾਲ ਉਸ ਨੇ ਇਸ ਦਾ ਤਿਆਗ ਕੀਤਾ ਅਤੇ ਕਰਤਵ ਦੀ ਮੰਗ 'ਤੇ ਆਪਣੇ ਕੀਮਤੀ ਪਿਆਲੇ ਵੀ ਤੋੜ ਦਿੱਤੇ।

## 8.10 ਬਾਬਰ ਦੇ ਯਾਦਗੀਰ ਜਾਂ ਬਾਬਰ ਨਾਮਾ (Babur's Memories or Babur Nama)

**(i) ਬਾਬਰਨਾਮਾ ਇਕ ਮਹਾਨ ਆਤਮਕਥਾ** (Babur Nama - A Great Autobiography) – ਬਾਬਰ ਨੇ ਅਪਣੀ ਆਤਮਕਥਹ ਲਿਖੀ ਜਿਹੜੀ ਕਿ ਬਾਬਰ ਦੀ ਯਾਦਗੀਰੀ ਜਾਂ ਤੁਰਕ-ਏ-ਬਾਬਰੀ ਜਾਂ ਬਾਬਰਨਾਮਾ ਦੇ ਨਾਂ ਤੋਂ ਪ੍ਰਸਿੱਧ ਹੈ। ਇਹ ਪਹਿਲਾਂ ਪਹਿਲ ਤੁਸੀਂ ਭਾਸ਼ਾ ਵਿਚ ਲਿਖੀ ਗਈ ਸੀ। ਅਕਬਰ ਦੇ ਸਮੇਂ ਵਿਚ ਇਸ ਦਾ ਫਾਰਸੀ ਵਿਚ ਅਨੁਵਾਦ ਹੋਇਆ ਅਤੇ ਬਾਦ ਵਿਚ ਅੰਗਰੇਜ਼ੀ ਵਿਚ ਅਨੁਵਾਦ ਹੋਇਆ। ਅਨੁਵਾਦਕ ਸਨ ਅਰਸਕਿਨ (Erskins), ਬੀਬ੍ਰਿਜ (Beberidge) ਆਦਿ ਲੋਕ। ਬਿਬ੍ਰਿਜ ਦੇ ਮਤ

ਨੋਟ

ਅਨੁਸਾਰ ਬਾਬਰ ਦੀ ਆਤਮਕਥਾ ਉਨ੍ਹਾਂ ਵੱਡਮੁੱਲੇ ਵੁਲੇਖਾਂ ਵਿਚੋਂ ਇੱਕ ਹੈ ਜਿਹੜੀ ਸਦਾ ਦੇ ਲਈ ਰਹੇਗੀ ਅਤੇ ਸੇਂਟ ਅਗਸਟਨ (St. Augustine) ਅਤੇ ਰੁਸੋ (Rousseau) ਦੇ ਆਤਮ ਪ੍ਰਕਾਸ਼ਨ (Confessions) ਅਤੇ ਗਿੱਬਨ (Gibbon) ਅਤੇ ਨਯੁਟਨ (Newton) ਦੀ ਯਾਦਗਾਰਾਂ ਵਿਚ ਬਰਾਬਰ ਰੱਖੇ ਜਾਣ ਦੇ ਯੋਗ ਹੈ।

**(ii) ਸੱਪਸਟ ਵਰਣਨ ਅਤੇ ਸੱਪਸ਼ਟ ਵਾਦਿਤਾ** (Vivid Description and Frankness) – ਬਾਬਰ ਦੀ ਡਾਇਰੀ ਉਨ੍ਹਾਂ ਸਭ ਸਥਾਨਾਂ ਅਤੇ ਵਿਅਕਤੀਆਂ ਦੇ ਸੱਪਸ਼ਟ ਵਰਣਨ ਨਾਲ ਭਰੀ ਹੋਈ ਹੈ ਜਿਨ੍ਹਾਂ ਕੇ ਸੰਪਰਕ ਵਿਚ ਉਹ ਆਇਆ। ਇਹ ਡਾਇਰੀ ਬਾਬਰ ਨੂੰ ਉਸਦੇ ਦੇਸ਼ਵਾਸੀਆਂ ਨੂੰ ਅਤੇ ਸਮਕਾਲੀਨਾਂ ਨੂੰ ਉਨ੍ਹਾਂ ਦੀ ਪੋਸ਼ਾਕ ਸ਼ਕਲ ਰੁਚੀਆਂ ਪ੍ਰਵਿਰਤੀਆਂ ਆਚਰਨਾਂ ਸੁਭਾਵਾਂ ਅਤੇ ਝੁਕਾਅ ਦੇ ਬਾਰੇ ਵਿਚ ਇੰਨਾ ਸੱਪਸ਼ਟ ਰੂਪ ਨਾਲ ਪ੍ਰਸਤੁਤ ਕਰਦੀ ਹੈ, ਮੰਨਿਆ ਸ਼ੀਸ਼ੇ ਵਿਚ ਦਿਖਾਏ ਗਏ ਹੋਣ। ਬਾਬਰ ਨਾਮਾ ਦਾ ਸਭ ਤੋਂ ਵੱਡਾ ਇਕ ਗੁਣ ਇਹ ਹੈ ਕਿ ਇਸ ਵਿਚ ਸੱਚਾਪਣ ਅਤੇ ਸੱਪਸ਼ਟਟਾ ਭਰੀ ਹੋਈ ਹੈ ਅਤੇ ਇਸ ਸੰਬੰਧ ਵਿਚ ਉਸ ਦੀਆਂ ਯਾਦਗਾਰਾਂ ਦੀ ਤੁਲਣਾ ਗਾਂਧੀ ਜੀ ਦੇ ਸੱਚੇ ਪਰੀਖਣਾਂ ਨਾਲ ਕੀਤੀ ਜਾ ਸਕਦੀ ਹੈ। ਉਹ ਅਪਣੀ ਮੂਰਖਤਾਵਾਂ, ਅਸਫਲਤਾਵਾਂ ਅਤੇ ਕਮਜੋਰੀਆਂ ਨੂੰ ਕਿਤੇ ਵੀ ਨਹੀਂ ਛੁਪਾਉਂਦਾ। ਉਹ ਇਕ ਬਾਬਰੀ ਨਾਮਕ ਲੜਕੇ ਦੇ ਤਰੀਕੇ ਅਪਣੀ ਕਮਜੋਰੀਆਂ ਅਤੇ ਸ਼ਰਾਬ ਪੀਣ ਦੀ ਲੱਤ ਦੇ ਬਾਰੇ ਵਿਚ ਖੁੱਲ੍ਹ ਕੇ ਗੱਲ ਕਰਦਾ ਹੈ। ਬਣਾਵਟ ਦੀ ਕਮੀ ਉਸ ਦੀ ਰਚਨਾਂ ਨੂੰ ਲਗਾਤਾਰ ਦਿਲਚਸਪੀ ਦੀ ਵਸਤ ਬਣਾ ਦਿੰਦਾ ਹੈ।

**(iii) ਪੁਸਤਕ ਦਾ ਸਰਲ ਰੰਗ-ਢੰਗ** (Simple Style of the Book) – ਜਿੱਥੇ ਤਕ ਪੁਸਤਕ ਦੇ ਰੰਗ–ਢੰਗ ਦਾ ਸੰਬੰਧ ਹੈ ਇਹ ਬਹੁਤ ਆਸਾਨ, ਸ਼ੁੱਧ ਅਤੇ ਅਸਲੀ ਹਨ। ਬਾਬਰ ਦੀ ਇਸ ਜੀਵਨ–ਕਹਾਣੀ ਰੰਗ–ਢੰਗ ਦਾ ਸੰਬੰਧ ਹੈ ਇਹ ਬਹੁਤ ਆਸਾਨ, ਸ਼ੁੱਧ ਅਤੇ ਅਸਲੀ ਹਨ। ਬਾਬਰ ਦੀ ਇਸ ਜੀਵਨ ਕਹਾਣੀ ਵਿਚ ਜਿਹੜੀ ਉਸਨੇ ਖੁਦ ਸੁਣਾਈ ਹੈ ਕੁੰਡਲਿਤ ਸ਼ਬਦਾਵਲੀ ਅਤੇ ਅਤਿਕਥਨੀਆਂ ਜਿਹੜੀ ਪੂਰਵੀ ਸਾਹਿਤ ਵਿਚ ਬਰਾਬਰ ਰੂਪ ਨਾਲ ਮਿਲਦੀ ਹਨ। ਇੱਥੇ ਉਸਦੀ ਕਮੀ ਸਾਫ਼ ਦਿਖਾਈ ਦਿੰਦੀ ਹੈ।

**(iv) ਵੱਡੇ ਇਤਿਹਾਸਕ ਮਹੱਤਵ ਦੀ ਰਚਨਾ** (Work of Great Historical Value) – ਬਾਬਰ ਦੀ ਯਾਦਗਾਰ ਇਕ ਮਹਾਨ ਇਤਿਹਾਸਕ ਰਚਨਾ ਹੈ ਲੇਨਪੂਲ ਦੇ ਸ਼ਬਦਾਂ ਵਿਚ "ਜੇਕਰ ਕੋਈ ਐਸੀ ਰਚਨਾਂ ਲੈਣੀ ਹੋਵੇ ਇਕ ਹੀ ਇਤਿਹਾਸਕ ਉਲੇਖ ਦਾ ਸਾਥੀ ਬਿਨਾਂ ਦੂਜੇ ਸਾਥੀਆਂ ਦੇ ਭਰਪੂਰ ਸਬੂਤਾਂ ਦੇ ਰੂਪ ਵਿਚ ਸਵੀਕਾਰ ਕਰਨੀ ਹੋਵੇ ਤਾਂ ਬਾਬਰ ਦੀ ਯਾਦਗਾਰ ਉਹੋ ਤਰ੍ਹਾਂ ਦੀ ਰਚਨਾ ਹੈ।" ਇਹ ਪੁਸਤਕ ਉਸ ਸਮੇਂ ਦੇ ਭਾਰਤ ਦੀ ਰਾਜਨੀਤਿਕ, ਸਮਾਜਕ ਅਤੇ ਆਰਥਕ ਦਸ਼ਾ ਦੀ ਇਕ ਵੱਡ ਮੁੱਲੀ ਵਰਣਨ ਪ੍ਰਗਟ ਕਰਦੀ ਹੈ। ਇਸ ਦੇ ਸਿਵਾਏ ਇਹ ਫਰਗਾਨਾ, ਸਮਰਕੰਦ ਆਦਿ ਮੱਧ ਏਸ਼ੀਆ ਦੇ ਪ੍ਰਦੇਸ਼ਾਂ ਉਤੇ ਬਹੁਤ ਪ੍ਰਕਾਸ਼ ਪਾਉਂਦੀ ਹੈ। ਸਭ ਤੋਂ ਵੱਧ ਕੇ ਇਹ ਬਾਬਰ ਦੇ ਜੀਵਨ ਚਰਿੱਤਰ ਅਤੇ ਉਸ ਦੀਆਂ ਸਫਲਤਾਵਾਂ ਦਾ ਵੀ ਵਰਣਨ ਕਰਦੀਆਂ ਹਨ।

ਸੰਖੇਪ ਵਿਚ ਬਾਬਰ ਨਾਮਾ ਸੰਸਾਰ ਦੀ ਮਹਾਨਤਾ ਆਤਮ–ਕਥਾਵਾਂ ਵਿਚੋਂ ਇੱਕ ਹੈ ਅਤੇ ਇਸ ਨੇ ਬਾਬਰ ਨੂੰ ਆਤਮ–ਕਥਾਕਾਰਾਂ ਦਾ ਸ਼ਹਿਜਾਦਾ (Prince of Autobiographers) ਨਾਂ ਦੀ ਪਦਵੀ ਵੀ ਦਵਾਈ ਹੈ।

**ਸਵ-ਮੁਲਾਂਕਣ (Self Assessment)**

3. ਹੇਠ ਲਿਖਿਆਂ ਕਥਨਾਂ ਵਿਚ ਸੱਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False)—

(i) ਬਾਬਰ ਨੂੰ ਭਾਰਤ ਵਿਚ ਮੁਗਲ ਰਾਜ ਦਾ ਸੰਸਥਾਪਕ ਮੰਨਿਆ ਜਾਂਦਾਹੈ।

(ii) ਪੰਜਾਬ ਨੂੰ ਜਿੱਤਣ ਤੋਂ ਬਾਦ ਬਾਬਰ ਪੇਸ਼ਾਵਰ ਦੇ ਵਲ ਵਧਿਆ।

(iii) ਮਹਮੂਦ ਲੋਦੀ ਇਬਰਾਹੀਮ ਦਾ ਭਰਾ ਸੀ।

(iv) ਬਾਬਰ ਧਰਮ ਕੱਟੜ ਵਿਅਕਤੀ ਨਹੀਂ ਸੀ।

(v) ਬਾਬਰ ਨੇ ਅਪਣੀ ਆਤਮਕਥਾ ਲਿਖੀ ਜਿਹੜੀ ਕਿ ਬਾਬਰ ਦੀ ਯਾਦਗਾਰ ਜਾਂ ਤੁਰਕ–ਏ–ਬਾਬਰੀ ਬਾਬਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ।

## 8.11 ਸਾਰ ਅੰਸ਼ (Summary)

- ਕਾਬੁਲ ਦੇ ਜਹੀਰੁਦੀਨ ਮੁਹੰਮਦ ਬਾਬਰ ਨੇ ਦਿੱਲੀ ਦੇ ਅਖੀਰੀ ਸੁਲਤਾਨ ਇਬਰਾਹੀਮ ਲੋਦੀ ਨੂੰ ਪਾਨੀਪਤ ਦੀ ਪਹਿਲੀ ਲੜਾਈ ਵਿਚ ਸ਼ਿਕਸਤ ਦੇ ਕੇ ਹਿੰਦੁਸਤਾਨ ਵਿਚ ਮੁਗਲ ਹਕੂਮਤ ਦੀ ਨੀਂਹ ਰੱਖੀ। ਉਸਨੇ ਇਥੇ ਸੰਨ 1526 ਤੋਂ 1530 ਈ. ਤਕ ਸ਼ਾਸਨ ਕੀਤਾ।
- ਸ਼ਾਸਕ ਬਾਬਰ ਇਕ ਮਹਾਨ ਯੋਧਾ, ਖਿਡਾਰੀ, ਕਲਾਕਾਰ, ਅਭਿਲਾਸ਼ੀ, ਏਸ਼ੀਆ ਦੇ ਸਿੰਘਾਸਨ ਨੂੰ ਸੁਸ਼ੋਭਿਤ ਕਰਨ ਵਾਲਾ ਅਤਿਅਧਿਕ ਆਕਰਸ਼ਕ ਵਿਅਕਤੀਤਵ ਦਾ ਧੰਨੀ ਸੀ। ਐਸੇ ਵਿਅਕਤੀ ਦੇ ਬਾਰੇ ਵਿਚ ਲਿਖਦੇ ਹੋਏ ਫਲੋਰਾਸਟੀਲੇ

ਲਿਖਦੇ ਹਨ ਕਿ ਉਸਦਾ ਕੇਵਲ ਉਸਦੀ ਭਾਰਤਵਰਸ਼ ਦੀ ਭੂਮਿਕਾ ਦੇ ਆਧਾਰ ਉਤੇ ਆਂਕਨ ਮੁੱਲ ਕਰਨਾ ਹਿਕ ਵੱਡੀ ਭੁੱਲ ਹੋਵੇਗੀ ਚਾਹੇ ਐਸਾ ਕਰਨ ਨਾਲ ਸਾਨੂੰ ਉਸਦੇ ਘੱਟ ਤੋਂ ਘੱਧਟ 36 ਸਾਲ ਦੇ ਸ਼੍ਰੇਸਠ ਜੀਵਨ ਕਾਲ ਦੀ ਜਾਣਕਾਰੀ ਤੋਂ ਵੰਚਿਤ ਰਹਿ ਜਾਵਾਂਗੇ।

**ਨੋਟ**

- ਬਾਬਰ ਦਾ ਅਸਲੀ ਨਾਂ ਜਹੀਰੁਦੀਨ ਮੁਹੰਮਦ ਸੀ। ਉਸ ਦਾ ਜਨਮ 24 ਫਰਵਰੀ 1483 ਈ. ਵਿਚ ਮੱਧ ਏਸ਼ੀਆ ਦੀ ਇੱਕ ਛੋਟੀ ਰਿਆਸਤ ਫਰਗਾਨਾ ਦੀ ਰਾਜਧਾਨੀ ਅਡੀਜਨ ਵਿਚ ਹੋਇਆ ਸੀ।
- ਬਾਬਰ ਦਾ ਬਚਪਨ ਸ਼ਿਵਾਜੀ ਮਰਾਠਾ ਦੀ ਤਰ੍ਹਾਂ ਵਿਸ਼ੇਸ਼ ਭੋਗੋਲਿਕ ਅਤੇ ਵਿਅਕਤੀਗਤ ਪਰੀ ਸਥਿਤੀਆਂ ਵਿਚ ਗੁਜਰਿਆ ਸੀ। ਇਨ੍ਹਾਂ ਨਾਲ ਉਸਦਾ ਵਿਅਕਤੀਤਵ ਦੁੱਖਾਂ ਸੁੱਖਾਂ ਨਾਲ ਤਰਾਸ਼ਿਆ ਗਿਆ ਸੀ। ਉਸਦੇ ਨਾਨਾ ਯੁਨਸ ਖਾਂ ਜਿਹੜੇ ਇਕ ਚੰਗੇ ਸੁਭਾਅ ਦੇ ਤੇਜ ਬੋਲਣ ਵਾਲੇ ਸੀ ਬਾਬਰ ਨੂੰ ਪ੍ਰਭਾਵਿਤ ਕੀਤਾ ਸੀ – ਬਾਬਰ ਨੇ ਇਸ ਪ੍ਰਭਾਵ ਦਾ ਜਿਕਰ ਅਪਣੀ ਜੀਵਨੀ ਵਿਚ ਵੀ ਕੀਤਾ ਹੈ।
- ਫਰਗਨਾ ਦੀ ਗੱਦੀ ਉਤੇ ਮਜਬੂਤ ਪਕੜ ਕਰਕੇ ਅਪਣੇ ਰਾਜ ਦੀ ਸੀਮਾ ਨੂੰ ਵਧਾਉਣ ਦੇ ਲਈ ਉਸਨੇ ਅਭਿਯਾਨ ਸ਼ੁਰੂ ਕੀਤਾ ਅਤੇ ਸਮਰਕੰਦ ਨੂੰ ਹੀ ਅਪਣਾ ਪਹਿਲਾ ਮਕਸਦ ਬਣਾਇਆ। ਗਾਨਾਂ ਦੇ ਸਿੰਘਾਸਨ ਉਤੇ ਜਮ ਜਾਣ ਤੋਂ ਬਾਦ ਉਸਨੇ ਕੁਝ ਜਿੱਤਾਂ ਪ੍ਰਾਪਤ ਕਰਨ ਦੀ ਸੋਚੀ। ਸਭ ਤੋਂ ਪਹਿਲਾਂ ਉਸਨੇ ਅਪਣੀ ਅੱਖ ਸਮਰਕੰਦ ਉਤੇ ਰੱਖੀ ਜੋ ਫਰਗਾਨਾ ਦੇ ਇਸ ਜਵਾਨ ਦੇ ਲਈ ਇਕ ਬਹੁਤ ਦਿਲ ਖਿੱਚ ਸਥਾਨ ਸੀ।
- ਕਾਬੁਲ ਵਿਚ ਅਪਣੀ ਸਥਿਤੀ ਸੁਦ੍ਰਿੜ੍ਹ ਕਰਕੇ ਬਾਬਰ ਨੇ ਜ਼ਿਆਦਾ ਤੋਂ ਜ਼ਿਆਦਾ ਇਲਾਕੇ ਜਿੱਤਣ ਦੀ ਸੋਚੀ। ਉਸਨੇ ਸਮਰਕੰਦ ਦੇ ਵੱਲ ਮੂੰਹ ਕੀਤਾ। ਬਾਬਰ ਦਾ ਸੁਭਾਗ ਸਮਝੋ ਜਿਹੜਾ ਕਿ ਸਮਰਕੰਦ ਦਾ ਸ਼ਾਸਕ ਸੈਬਾਨੀ ਖਾਂ ਇਰਾਨ ਦੇ ਸ਼ਾਸਕ ਇਸਲੈਮ ਖਾਂ ਨਾਲ ਲੜਿਆ ਹੋਇਆ ਸੀ।
- ਉਸਦਾ ਆਰੰਭਕ ਜੀਵਨ ਇਹ ਦਰਸਾਉਂਦਾ ਹੈ ਕਿ ਬਾਬਰ ਦਾ ਦਿਲ ਅਭਿਲਾਸ਼ਾਂ ਨਾਲ ਭਰਿਆ ਹੋਇਆ ਸੀ। 13 ਸਾਲ ਦਾ ਬੱਚਾ ਹੋ ਕੇ ਵੀ ਉਸਨੇ ਜਿੱਤ ਅਭਿਯਾਨ ਦੀ ਯੋਜਨਾ ਬਣਾਈ, ਸੱਚਮੁੱਚ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਫਿਰ ਹਾਰਾਂ ਖਾਧੀਆਂ।
- 16 ਵੀ. ਸਦੀ ਦੇ ਅਰੰਭ ਵਿਚ ਭਾਰਤ ਰਾਜਾਂ ਦਾ ਇਕ ਭੀੜ੍ਹ ਮਾਤਰ ਸੀ। ਦਿੱਲੀ ਦੀ ਸੁਲਤਾਨ ਸ਼ਾਹੀ ਦੇ ਪਤਨ ਬਰਬਾਦੀ ਦੇ ਕਾਰਣ ਜਿਹੜਾ ਉਸ ਸਮੇਂ ਸ਼ੁਰੂ ਹੋ ਚੁੱਕਾ ਸੀ ਬਹੁਤ ਸਾਰੇ ਛੋਟੇ–ਛੋਟੇ ਸੁਤੰਤਰ ਰਾਜ ਸਾਡੇ ਦੇਸ਼ ਵਿਚ ਹੋ ਗਏ ਸਨ।
- ਬੰਗਾਲ ਜਿਹੜਾ ਕਦੇ ਦਿੱਲੀ ਰਾਜ ਦਾ ਅੰਗ ਸੀ 16 ਵੀਂ ਸ਼ਤਾਬਦੀ ਦੀ ਸ਼ੁਰੂਆਤ ਤਕ ਸੁਤੰਤਰ ਹੋ ਚੁੱਕਿਆ ਸੀ। ਇਹ ਹੁਸੈਨੀ ਵੰਸ਼ ਦੇ ਸ਼ਾਸਕਾਂ ਦੁਆਰਾ ਸ਼ਾਸਿਤ ਸੀ। 1493–1519 ਈ. ਤਕ ਅਲਾਉਦੀਨ ਹੁਸੈਨੀ ਇਸਦਾ ਸ਼ਾਸਕ ਸੀ।
- ਬਾਬਰ ਵੱਡੀ ਅਭਿਲਾਸ਼ਾ ਵਾਲਾ ਵਿਅਕਤੀ ਸੀ। ਉਹ ਖੁਦ ਅਪਣੀ ਆਤਮ–ਕਥਾ ਵਿਚ ਲਿਖਦਾ ਹੈ "ਜਿੱਤ ਅਤੇ ਵਿਸ਼ਾਲ ਰਾਜ ਦੀਆਂ ਅਭਿਲਾਸ਼ਾ ਨਾਲ ਤਾਂ ਭਰਿਆ ਹੋਇਆ ਤਾਂ ਮੈਂ ਸੀ ਹੀ, ਇੱਕ ਜਾਂ ਦੋ ਹਾਰਾਂ ਮੈਨੂੰ ਨਿਕੰਮਾ ਕਰਕੇ ਨਹੀਂ ਬੈਠਾ ਸਕਦੀਆਂ ਸਨ।"
- ਭਾਰਤੀਅ ਰਾਜਖੇਤਰ ਉਤੇ ਅਪਣਾ ਪਹਿਲਾ ਜਿੱਤ ਅਭਿਯਾਨ ਬਾਬਰ ਨੇ 1519 ਈ. ਵਿਚ ਹੀ ਕਰ ਦਿੱਤਾ ਸੀ ਕਲਹਿ ਸ਼ੀਲ ਯੁਸਫਜਈ ਕਬੀਲੇ ਨੂੰ ਦੰਡ ਦੇਣ ਦੇ ਬਾਦ ਬਾਬਰ ਨੇ ਬਾਜੌਰ ਦੇ ਕਿਲ੍ਹੇ ਉਤੇ ਗੋਲਾਬਾਰੀ ਕੀਤੀ ਜਿਸਦੇ ਲਈ ਲੋਕ ਵੀਰਤਾ ਨਾਲ ਲੜੇ ਪਰ ਅਸਫਲ ਹੋਏ।
- 1519 ਤੋਂ 1524 ਈ. ਤਕ ਬਾਬਰ ਨੇ ਭਾਰਤ ਉਤੇ ਚਾਰ ਵਾਰ ਛਾਪੇਮਾਰ ਹਮਲੇ ਕੀਤੇ ਪਰ ਇਨ੍ਹਾਂ ਛਾਪੇਮਾਰ ਹਮਲਿਆਂ ਦਾ ਕੋਈ ਖਾਸ ਨਤੀਜਾ ਨਹੀਂ ਨਿਕਲਿਆ। 1525 ਈ. ਵਿਚ ਬਾਬਰ ਨੇ ਭਾਰਤ ਉਤੇ ਪੰਜਵੀ ਵਾਰ ਚੜ੍ਹਾਈ ਕੀਤੀ। ਇਸ ਵਾਰ ਇਹ ਨਿਸ਼ਚੈ ਕਰਕੇ ਆਇਆ ਕਿ ਭਾਰਤ ਉਤੇ ਅਧਿਕਾਰ ਕਰਕੇ ਰਹਾਂਗਾਂ।
- ਪਾਨੀਪਤ ਦੀ ਲੜਾਈ ਨੇ ਦਿੱਲੀ ਸੁਲਤਾਨ ਸ਼ਾਹੀ ਨੂੰ ਇਕ ਘਾਤਕ ਧੱਕਾ ਪਹੁੰਚਾਇਆ। ਮੁਹੰਮਦ ਤੁਗਲਕ ਦੇ ਕਾਲ ਤੋਂ ਹੀ ਦਿੱਲੀ ਦੀ ਸੁਲਤਾਨ ਸ਼ਾਹੀ ਬਰਬਾਦ ਹੋਣ ਲੱਗੀ ਸੀ।
- ਬਾਬਰ ਇੱਕ ਉੱਤੱਮ ਸੈਨਿਕ ਅਤੇ ਇਕ ਜੰਮਣਜਾਤ ਸੈਨਾਨੀ ਸੀ। ਉਸਨੇ ਅਪਣੀ ਸੈਨਾ ਦੀ ਕੁਸ਼ਲਤਾ ਦਾ ਹੈਰਾਨੀਜਨਕ ਸਬੂਤ ਤਦੇ ਦੇ ਦਿੱਤਾ ਜਦੋਂ ਉਸਨੇ ਲੜਾਈ ਦੀ ਇਕ ਨਿਯਮਿਤ ਯੋਜਨਾ ਬਣਾਈ ਅਤੇ ਉਸ ਉਤੇ ਅਮਲ ਕੀਤਾ।
- ਇਕ ਸ਼ਕਤੀਸ਼ਾਲੀ ਸੈਨਾ ਹਰਾ ਦਿੱਤੀ ਜਾ ਚੁੱਕੀ ਸੀ ਅਤੇ ਇਕ ਧੰਨੀ ਅਤੇ ਸ਼ਕਤੀਸ਼ਾਲੀ ਰਾਜ ਸਾਡੇ ਚਰਨਾਂ ਉਤੇ ਹੈ। ਹੁਣ ਜਦ ਕਿ ਅਸੀਂ ਅਪਣਾ ਮਕਸਦ ਪੂਰਾ ਕਰ ਲਿਆ ਹੈ ਅਤੇ ਅਪਣੀ ਬਾਜੀ ਜਿੱਤ ਲਈ ਹੈ ਤਾਂ ਕਿ ਉਹ ਅਸੀਂ

ਨੋਟ

ਸਭ ਕੁਝ ਛੱਡ ਦਈਏ ਜਿਹੜਾ ਅਸੀਂ ਹੁਣ ਤਕ ਪ੍ਰਾਪਤ ਕੀਤਾ ਹੈ ਅਤੇ ਕੀ ਅਸੀਂ ਹਾਰ ਖਾਏ ਹੋਏ ਲੋਕਾਂ ਦੀ ਤਰ੍ਹਾਂ ਕਾਬੁਲ ਨੂੰ ਨੱਸ ਜਾਈਏ। ਜਿਹੜਾ ਕੋਈ ਵੀ ਅਪਣੇ ਆਪ ਨੂੰ ਮੇਰਾ ਮਿੱਤਰ ਸਮਝਦਾ ਹੈ ਉਹ ਫਿਰ ਕਦੀ ਵੀ ਇਹੋ ਜਿਹੀ ਗੱਲ ਨਾਂ ਕਰੇ। ਪਰ ਤੁਹਾਡੇ ਵਿਚੋਂ ਜੇਕਰ ਕੋਈ ਇੱਥੇ ਰਹਿਣ ਤੋਂ ਡਰਦਾ ਹੈ ਤਾਂ ਉਹ ਚਲਾ ਜਾਵੇ।

- ਬਾਬਰ ਨੂੰ ਭਾਰਤ ਵਿਚ ਮੁਗਲ ਰਾਜ ਦਾ ਸੰਸਥਾਪਕ ਮੰਨਿਆ ਜਾਦਾ ਹੈ। ਉਸਦੇ ਆਉਣ ਤੋਂ ਪਹਿਲਾਂ ਭਾਰਤ ਕਈ ਛੋਟੇ-ਛੋਟੇ ਸੁਤੰਤਰ ਰਾਜਾਂ ਵਿਚ ਵੰਡ ਹੋਇਆ ਸੀ ਜਿਹੜੇ ਬਹੁਤ ਵਾਰ ਇਕ ਦੂਜੇ ਨਾਲ ਝਗੜਦੇ ਰਹਿੰਦੇ ਸਨ। ਬਾਬਰ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਉਸਨੇ ਇਨ੍ਹਾਂ ਰਾਜਾਂ ਦੀ ਸੁਤੰਤਰਤਾ ਨੂੰ ਕੁਚਲ ਦਿੱਤਾ ਉਨ੍ਹਾਂ ਨੂੰ ਅਪਣੇ ਅਧੀਨ ਕਰਕੇ ਇਕ ਸ਼ਾਨਦਾਰ ਰਾਜ ਦੀ ਸਥਾਪਨਾ ਕਰ ਦਿੱਤੀ। ਇਹ ਸਾਰੇ ਕੰਮ ਉਸਨੇ ਚਾਰ ਸਾਲਾਂ ਦੇ ਥੋੜੇ ਜਿਹੇ ਕਾਲ ਵਿਚ ਹੀ ਕਰ ਦਿਖਾਇਆ।
- ਬਾਬਰ ਕੋਈ ਭਾਗ ਦਾ ਧੰਨੀ ਸੈਨਿਕ ਨਹੀਂ ਸੀ ਨਾਂ ਹੀ ਇੱਕ ਐਸਾ ਲੁਟੇਰਾ ਜਿਸਨੇ ਭਾਰਤ ਨੂੰ ਲੁੱਟਿਆ ਅਤੇ ਚਲਦਾ ਬਣਿਆ। ਉਹ ਚੰਗੇਜ਼ ਖਾਂ ਜਿਹਾ ਨਹੀਂ ਸੀ ਪਰ ਉਹ ਤਾਂ ਇੱਕ ਸਾਮਰਾਜ ਦਾ ਨਿਰਮਾਣ ਕਰਨ ਦੇ ਖਾਸ ਉਦੇਸ਼ ਨਾਲ ਹੀ ਭਾਰਤ ਆਇਆ ਸੀ। ਉਹ ਪਹਿਲਾਂ ਹੀ ਸਮਰਕੰਦ ਅਤੇ ਕਾਬੁਲ ਵਿਚ ਇਕ ਸਾਮਰਾਜ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕਰ ਚੁੱਕਿਆ ਸੀ। ਪਰ ਉਥੇ ਭਾਗ ਨੇ ਉਸਦਾ ਸਾਥ ਨਹੀਂ ਦਿੱਤਾ।
- ਬਾਬਰ ਮੱਧ ਕਾਲੀਨ ਇਤਿਹਾਸ ਦੇ ਅਤਿਯੰਤ ਹੀ ਮਨਮੋਹਕ ਵਿਅਕਤੀਆਂ ਵਿਚੋਂ ਸੀ। ਡਾ. ਬੀ.ਏ. ਸਮਿਥ ਦੇ ਮਤ ਅਨੁਸਾਰ ਉਹ ਅਪਣੇ ਯੁੱਗ ਦਾ ਅਤਿਯੰਤ ਹੀ ਸ਼ਾਨਦਾਰ ਏਸਿਆਈ ਸ਼ਹਿਜਾਦਾ ਹੈ ਅਤੇ ਉਹ ਕਿਸੀ ਵੀ ਯੁੱਗ ਜਾਂ ਦੇਸ਼ ਦੇ ਸਮਰਾਟਾਂ ਦੇ ਵਿਚ ਇਕ ਉੱਚ ਸਥਾਨ ਦਾ ਅਧਿਕਾਰੀ ਹੈ।
- ਬਾਬਰ ਨੇ ਅਪਣੀ ਆਤਮ ਕਥਾ ਲਿਖੀ ਜਿਹੜੀ ਕਿ ਬਾਬਰ ਦੀ ਯਾਦਗਾਰ ਜਾਂ ਤੁਜਕ-ਏ-ਬਾਬਰੀ ਜਾਂ ਬਾਬਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ।

## 8.12 ਸ਼ਬਦਕੋਸ਼ (Keywords)

- **ਬਾਬਰ (Babur)** : ਸ਼ੇਰ (ਤੁਰਕੀ ਭਾਸ਼ਾ ਵਿਚ)।
- **ਵਿਚਰਣ (Wander)** : ਘੁੰਮਣਾ।

## 8.13 ਅਭਿਆਸ ਪ੍ਰਸ਼ਨ (Review Questions)

1. ਬਾਬਰ ਇਕ ਵਿਚਰਨ ਵਾਲਾ ਵਿਅਕਤੀ ਸੀ-ਸਿੱਧ ਕਰੋ।
2. ਬਾਬਰ ਕੌਣ ਸੀ ? ਉਸਦੇ ਆਕ੍ਰਮਣ ਦੇ ਸਮੇਂ ਭਾਰਤ ਦੀ ਰਾਜਨੀਤਿਕ ਦਸ਼ਾ ਦਾ ਵਰਣਨ ਕਰੋ।
3. ਬਾਬਰ ਦੇ ਆਕ੍ਰਮਣ ਦਾ ਕੀ ਕਾਰਣ ਸੀ ?
4. ਭਾਰਤ ਉਤੇ ਬਾਬਰ ਨੇ ਪਹਿਲੀ ਚੜ੍ਹਾਈ ਕਦੋਂ ਕੀਤੀ ? ਇਸ ਦੇ ਕੀ ਨਤੀਜੇ ਨਿਕਲੇ?
5. ਪਾਨੀਪਤ ਦੀ ਪਹਿਲੀ ਲੜਾਈ ਕਦੋਂ ਅਤੇ ਕਿਸਦੇ ਵਿਚ ਹੋਈ ਸੀ ? ਇਸ ਵਿਚ ਬਾਬਰ ਦੀ ਸਫਲਤਾ ਦੇ ਕੀ ਕਾਰਣ ਸਨ ?
6. ਬਾਬਰ ਦੀ ਭਾਰਤ ਵਿਜੈ ਦਾ ਵਰਣਨ ਕਰੋ।

**ਉਤਰ : ਸਵ-ਮੁਲਾਂਕਣ (Answer: Self Assessment)**

1. (i) ਜਹੀਰੁਦੀਨ ਮੁਹੰਮਦ (ii) ਭੀੜ (iii) ਅਭਿਲਾਸ਼ੀ (iv) ਵਿਜੈ ਨਗਰ (v) 1501ਈ.
2. (i) (ਅ) (ii) (ਬ) (iii) (ਸ) (iv) (ਦ) (v) (ਅ)
3. (i) ਸੱਚ (ii) ਝੂਠ (iii) ਸੱਚ (iv) ਝੂਠ (v) ਸੱਚ।

## 8.14 ਸਬੰਧਿਤ ਪੁਸਤਕਾਂ (Further Readings)

ਨੋਟ

*ਬੁਕਸ*


1. ਮੱਧ ਕਾਲੀਨ ਭਾਰਤ ਦਾ ਇਤਿਹਾਸ – ਸ਼ੈਲੇਦਰ ਸ਼ੈਗੰਰ ਅਟਲਾਂਟਿਕ ਪਬਲੀਸ਼ਰਜ਼।
2. ਮੱਧ ਕਾਲੀਨ ਭਾਰਤ ਵਿਚ ਨਗਰੀਕਰਨ – ਨਮ੍ਰਤਾ ਸਿੰਘ ਯੁਨੀਵਰਸਿਟੀ।
3. ਲੇਟਰ ਮਿਡਾਈਵਲ ਇੰਡੀਆ ਏ ਹਿਸਟ੍ਰੀ ਆਫ਼ ਦੀ ਮੁਗਲਸ – ਅਵਧ ਬਿਹਾਰ ਪਾਂਡੇ ਸੈਨਟ੍ਰਲ ਬੁਕ ਡਿਪੋ।
4. ਮੱਧਕਾਲੀਨ ਭਾਰਤ ਦਾ ਇਤਿਹਾਸ – ਪਾਖਿਰਵ ਕੁਮਾਰ, ਰੀਤੂ ਪਬਲੀਕੇਸ਼ਨਸ਼।
5. ਮੱਧਕਾਲੀਨ ਭਾਰਤ (ਦਿੱਲੀ ਸਲਤਨਤ) - ਰਹਿਸ਼ ਸਿੰਘ, ਪਿਆਰਸਨ ਐਜੁਕਸ਼ਨ ਇੰਡੀਆ।

ਨੋਟ

# ਇਕਾਈ–9: ਹੁਮਾਯੂੰ (1530-1556)
# [Humayun (1530-1556)]

**ਵਿਸ਼ਾ ਵਸਤੂ (Contents)**

ਉਦੇਸ਼ (Objectives)

ਜਾਣਕਾਰੀ (Introduction)

9.1 ਹੁਮਾਯੂੰ ਦੀਆਂ ਅਰੰਭਿਕ ਕਠਿਨਾਈਆਂ (Early Problems of Humayun)

9.2 ਹੁਮਾਯੂੰ ਦੀ ਵਾਪਸੀ (Comeback of Humayun)

9.3 ਹੁਮਾਯੂੰ ਦੀ ਅਸਫਲਤਾ ਦੇ ਕਾਰਨ (Causes of Unsuccessfulness of Humayun)

9.4 ਹੁਮਾਯੂੰ ਦੇ ਗੁਣ (Merits of Humayun)

9.5 ਹੁਮਾਯੂੰ ਦੇ ਔਗੁਣ (Demerits of Humayun)

9.6 ਸ਼ੇਰ ਖਾਂ ਦਾ ਉਦੈ ਅਤੇ ਹੁਮਾਯੂੰ ਦੀ ਚੜ੍ਹਾਈ (Rise of Sher Khan and Humayun's March)

9.7 ਸ਼ੇਰ ਸ਼ਾਹ ਦੀ ਸਫਲਤਾ ਅਤੇ ਹੁਮਾਯੂੰ ਦੀ ਸਫਲਤਾ ਦੇ ਕਾਰਨ (Cause of the Victory of Shershah or Defeat of Humayun)

9.8 ਹੁਮਾਯੂੰ ਦੀਆਂ ਗਲਤੀਆਂ (Mistakes of Humayun)

9.9 ਸਾਰ ਅੰਸ਼ (Summary)

9.10 ਸ਼ਬਦਕੋਸ਼ (Keywords)

9.11 ਅਭਿਆਸ ਪ੍ਰਸ਼ਨ (Review Questions)

9.12 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ–

- ਹੁਮਾਯੂੰ ਦੀਆਂ ਅਰੰਭਿਕ ਕਠਿਨਾਈਆਂ ਸਮਝ ਸਕਾਂਗੇ।
- ਹੁਮਾਯੂੰ ਦੀ ਵਾਪਸੀ ਨਾਲ ਸਬੰਧਿਤ ਗੱਲਾਂ ਨੂੰ ਜਾਣਾਂਗੇ।
- ਹੁਮਾਯੂੰ ਦੀ ਅਸਫਲਤਾ ਦੇ ਕਾਰਨਾਂ ਨੂੰ ਜਾਣਾਂਗੇ।
- ਹੁਮਾਯੂੰ ਦੇ ਗੁਣਾਂ–ਔਗੁਣਾਂ ਦੀ ਜਾਣਕਾਰੀ ਪ੍ਰਾਪਤ ਕਰਨ ਸਬੰਧੀ।

## ਜਾਣਕਾਰੀ (Introduction)

ਹੁਮਾਯੂੰ ਦਾ ਜਨਮ ਮਾਰਚ 1508 ਈ. ਵਿੱਚ ਕਾਬੁਲ ਵਿੱਚ ਹੋਇਆ ਸੀ। ਉਸ ਦੀ ਮਾਤਾ ਦਾ ਨਾਮ ਮਹਿੰਮ ਬੇਗਮ ਸੀ। ਬਾਬਰ ਦੇ ਚਾਰ ਪੁੱਤਰ ਹੋਏ, ਜਿਸ ਵਿੱਚ ਹੁਮਾਯੂੰ ਸਭ ਤੋਂ ਵੱਡਾ ਸੀ। ਅਰਸਕਿੰਨ (Erskine) ਦੇ ਸ਼ਬਦਾਂ ਵਿੱਚ "ਅਧਿਕਾਰਾਂ ਦਾ ਫੈਸਲਾ ਤਲਵਾਰ ਨਾਲ ਹੀ ਹੁੰਦਾ ਸੀ ਅਤੇ ਇਹ ਚਾਰੇ ਭਰਾ ਇਕ–ਦੂਸਰੇ ਦੇ ਵਿਰੁੱਧ ਕਿਸਮਤ ਦੀ ਪ੍ਰੀਖਿਆ ਕਰਨ ਲਈ ਤਿਆਰ ਸਨ।" ਹੁਮਾਯੂੰ ਦੇ ਦੂਸਰੇ ਭਰਾਵਾਂ ਦੇ ਨਾਮ ਕਾਮਰਾਨ, ਅਸਕਰੀ ਅਤੇ ਹਿੰਦਾਲ। ਆਪਣੀ ਅਸਾਵਧਾਨੀ ਦੇ ਕਾਰਨ ਹੁਮਾਯੂੰ ਵਿਦਵਾਨ

ਨਾ ਬਣ ਸਕਿਆ, ਜਦ ਕਿ ਉਸ ਨੇ ਅਰਬੀ, ਫਾਰਸੀ ਅਤੇ ਤੁਰਕੀ ਭਾਸ਼ਾਵਾਂ ਸਿੱਖੀਆਂ ਸਨ। ਉਸ ਦੀ ਰੁਚੀ ਦਰਸ਼ਨ ਸ਼ਾਸਤਰ, ਜੋਤਿਸ਼ (ਖਗੋਲ) ਵਿਦਿਆ ਅਤੇ ਗਣਿਤ ਵਿੱਚ ਜ਼ਿਆਦਾ ਸੀ। 1528 ਈ. ਵਿੱਚ ਉਸ ਨੂੰ ਬਦਖਸ਼ਾਂ ਦਾ ਰਾਜਪਾਲ (Governo) ਨਿਯੁਕਤ ਕੀਤਾ ਗਿਆ। 1526 ਈ. ਦੇ ਆਰੰਭ ਵਿੱਚ ਉਸ ਨੇ ਹਮੀਦ ਖਾਂ 'ਤੇ ਚੜ੍ਹਾਈ ਕੀਤੀ ਅਤੇ ਉਸ ਨੂੰ ਹਿਸਾਰ ਫਿਰੋਜ਼ਾ ਦੇ ਨੇੜੇ ਹਰਾ ਦਿੱਤਾ। 1526 ਈ. ਵਿੱਚ ਉਸ ਨੇ ਹਿਸਾਰ ਫਿਰੋਜ਼ਾ ਅਤੇ ਸੰਭਲ ਦੇ ਪ੍ਰਦੇਸ਼ ਜਿੱਤ ਲਏ। ਸੰਭਲ ਵਿੱਚ ਉਹ 1529 ਈ. ਵਿੱਚ ਬਿਮਾਰ ਪੈ ਗਿਆ ਅਤੇ ਆਗਰਾ ਲਿਆਂਦਾ ਗਿਆ। ਕਿੰਨਵੀਦੰਤੀ ਪ੍ਰਸਿੱਧ ਹੈ ਹੈ ਕਿ ਬਾਬਰ ਨੇ ਪ੍ਰਾਰਥਨਾ ਕਰਕੇ ਹੁਮਾਯੂੰ ਦਾ ਰੋਗ ਆਪਣੇ ਉਪਰ ਲੈ ਲਿਆ। ਬਾਬਰ ਦੀ ਮੌਤ ਹੋ ਗਈ ਅਤੇ ਹੁਮਾਯੂੰ ਬਚ ਗਿਆ। 1530 ਈ. ਵਿੱਚ ਬਾਬਰ ਦੀ ਮੌਤ ਤੋਂ ਬਾਅਦ ਉਸ ਦਾ ਲੜਕਾ ਨਸੀਰੁ ਦੀਨ ਮੁਹੰਮਦ ਹੁਮਾਯੂੰ ਅਗਲਾ ਬਾਦਸ਼ਾਹ ਬਣਿਆ ਪਰ ਉਸ ਤੋਂ ਪਹਿਲਾਂ ਮਹਿੰਦੀ ਖਵਾਜਾ ਨੂੰ ਆਗਰਾ ਦੇ ਸਿੰਘਾਸਨ 'ਤੇ ਬਿਰਾਜਮਾਨ ਕਰਨ ਦਾ ਅਸਫਲ ਯਤਨ ਕੀਤਾ ਜਾ ਚੁੱਕਾ ਸੀ। ਇਸ ਦੀ ਯੋਜਨਾ ਪ੍ਰਧਾਨ ਮੰਤਰੀ ਖਵਾਜਾ ਨਜੀਮੁ ਦੀਨ ਅਲੀ ਨੇ ਬਣਾਈ ਸੀ, ਕਿਉਂਕਿ ਉਹ ਲੋਕ ਰਾਜਕਾਲ ਜ਼ਿਆਦਾ ਅਸਫਲਤਾਪੂਰਵਕ ਸੰਭਾਲਣ ਯੋਗ ਇਕ ਜ਼ਿਆਦਾ ਸ਼ਕਤੀਸ਼ਾਲੀ ਵਿਅਕਤੀ ਨੂੰ ਬਾਦਸ਼ਾਹ ਬਣਾਉਣਾ ਚਾਹੁੰਦੇ ਸਨ। ਬਾਬਰ ਦਾ ਸਾਲਾ ਮਹਿੰਦੀ ਖੁਵਾਜਾ ਇਕ ਅਨੁਭਵੀ ਅਤੇ ਯੋਗ ਪ੍ਰਸ਼ਾਸਕ ਸੀ। ਹੁਮਾਯੂੰ ਵਿੱਚ ਮਹਾਨਤਾ ਦੇ ਚਿੰਨ੍ਹ ਦ੍ਰਿਸ਼ਟੀਗੋਚਰ ਨਹੀਂ ਹੋਏ ਸਨ। ਇਸੇ ਕਾਰਨ ਲੋਕ ਉਸ ਦੇ ਵਿਰੁੱਧ ਸੋਚਣ ਲੱਗ ਪਏ ਸਨ ਪਰ ਖਵਾਜਾ ਮਹਿੰਦੀ ਦੇ ਮੂੰਹ 'ਚੋਂ ਅਸਾਵਧਾਨੀ ਪੂਰਵਕ ਕੁਝ ਸ਼ਬਦ ਨਿਕਲ ਗਏ, ਜਿਸ ਨਾਲ ਸਾਰਾ ਭੰਡ ਭੱਜ ਗਿਆ ਅਤੇ ਹੁਮਾਯੂੰ 30 ਦਸੰਬਰ 1530 ਈ. ਨੂੰ ਰਾਜ ਗੱਦੀ 'ਤੇ ਬੈਠਣ ਵਿੱਚ ਸਫਲ ਹੋ ਗਿਆ। ਇਹ ਨਵਾਂ ਬਾਦਸ਼ਾਹ ਇਕ ਨੇਕ ਅਤੇ ਵਿਦਵਾਨ ਨੌਜਵਾਨ ਸੀ ਅਤੇ ਖੁਦ ਬਹੁਤ ਬਹਾਦਰ ਅਤੇ ਸਾਹਸੀ ਵੀ ਸੀ ਪਰ ਉਸ ਦੇ ਅੰਦਰ ਇਕ ਮਹਾਨ ਸੈਨਾਪਤੀ ਅਤੇ ਇਕ ਬੁੱਧੀਮਾਨ ਰਾਜਨੀਤਿਕ ਦੇ ਗੁਣ ਨਹੀਂ ਸਨ। ਨਤੀਜਾ ਇਹ ਹੋਇਆ ਕਿ ਉਸ ਨੇ ਕਈ ਰਾਜਨੀਤਿਕ ਭੁੱਲਾਂ ਕੀਤੀਆਂ ਅਤੇ 10 ਸਾਲ ਤੋਂ ਬਾਅਦ ਆਪਣਾ ਸਾਰਾ ਰਾਜ ਗੁਆ ਦਿੱਤਾ। ਉਸ ਸਮੇਂ ਇਕ ਸ਼ਕਤੀਸ਼ਾਲੀ ਅਫਗਾਨ ਸਰਦਾਰ ਸ਼ੇਰ ਸ਼ਾਹ ਨੇ ਆਪਣਾ ਨਿੱਜੀ ਸ਼ਾਸਨ ਸਥਾਪਿਤ ਕਰ ਲਿਆ। 5 ਸਾਲ ਦੇ ਥੋੜ੍ਹੇ ਸਮੇਂ ਵਿੱਚ ਉਸ ਨੇ ਮੁਗਲਾਂ ਨੂੰ ਬਾਹਰ ਕੱਢ ਦਿੱਤਾ, ਸਾਰੇ ਭਾਰਤ ਨੂੰ ਜਿੱਤ ਲਿਆ ਅਤੇ ਇਕ ਉਤਮ ਪ੍ਰਸ਼ਾਸਨਿਕ ਪ੍ਰਣਾਲੀ ਸਥਾਪਿਤ ਕੀਤੀ। ਸ਼ੇਰ ਸ਼ਾਹ ਦੇ ਉਤਰਾਧਿਕਾਰੀ ਕਮਜ਼ੋਰ ਅਤੇ ਨਾਲਾਇਕ ਨਿਕਲੇ। ਹੁਮਾਯੂੰ ਉਨ੍ਹਾਂ ਦੇ ਵਿਰੁੱਧ ਲੜਿਆ, ਉਨ੍ਹਾਂ ਨੂੰ ਹਰਾਇਆ ਅਤੇ 1555 ਈ. ਵਿੱਚ ਆਪਣਾ ਸ਼ਾਸਨ ਦੁਬਾਰਾ ਸਥਾਪਿਤ ਕੀਤੀ ਪਰ ਉਹ ਆਪਣਾ ਸ਼ਾਸਨ ਦ੍ਰਿੜ ਨਾ ਬਣਾ ਸਕਿਆ ਅਤੇ 1556 ਈ. ਵਿੱਚ ਹੀ ਉਸ ਦੀ ਮੌਤ ਹੋ ਗਈ। ਕੇ. ਕੇ. ਦੱਤਾ (K. K. Dutta) ਨੇ ਲਿਖਿਆ ਹੈ "ਹੁਮਾਯੂੰ ਨੇ ਸੈਨਾਵਾਂ ਨੂੰ ਹਰਾ ਕੇ ਸ਼ਾਸਕ ਕੁੱਲ ਦੀ ਸ਼ਕਤੀ ਨੂੰ ਭ੍ਰਿਸ਼ਟ ਕਰ ਦਿੱਤਾ ਸੀ ਪਰ ਭਾਰਤ ਦੀ ਜਨਤਾ 'ਤੇ ਉਸ ਦਾ ਅਤੇ ਉਸ ਦੇ ਕੁੱਲ ਦਾ ਅਧਿਕਾਰ ਕੇਵਲ ਸੈਨਿਕ ਆਤੰਕ ਸੀ।

## 9.1 ਹੁਮਾਯੂੰ ਦੀਆਂ ਅਰੰਭਿਕ ਕਠਿਨਾਈਆਂ (Early Problems of Humayun)

ਹੁਮਾਯੂੰ ਦਸੰਬਰ 1530 ਈ. ਵਿੱਚ. ਸਿੰਘਾਸਨ 'ਤੇ ਬੈਠਿਆ। ਇਸ ਨਵੇਂ ਬਾਦਸ਼ਾਹ ਨੂੰ ਜਲਦੀ ਹੀ ਪਤਾ ਲੱਗ ਗਿਆ ਕਿ ਜੋ ਸਿੰਘਾਸਨ ਉਸ ਨੂੰ ਪ੍ਰਾਪਤ ਹੋਇਆ ਸੀ, ਉਹ ਕੋਈ ਫੁੱਲਾਂ ਦੀ ਛਾਂ ਨਹੀਂ। ਜਿਨ੍ਹਾਂ ਕਠਿਨਾਈਆਂ ਦਾ ਉਸ ਨੂੰ ਸਾਹਮਣਾ ਕਰਨਾ ਪਿਆ, ਉਹ ਬਹੁਤ ਭਾਰੀ ਕਠਿਨਾਈਆਂ ਸਨ।

(i) **ਸੰਗਠਿਤ ਅਤੇ ਦ੍ਰਿੜ ਸਾਮਰਾਜ (Ill-Organised and Unconsolidated Empire)** – ਸਭ ਤੋਂ ਪਹਿਲੀ ਕਠਿਨਾਈ ਇਹ ਸੀ ਕਿ ਹੁਮਾਯੂੰ ਦੇ ਹੱਥ ਇਕ ਅਜਿਹਾ ਸਾਮਰਾਜ ਆਇਆ ਜੋ ਚੰਗੀ ਤਰ੍ਹਾਂ ਸੰਗਠਿਤ ਅਤੇ ਦ੍ਰਿੜ ਨਹੀਂ ਸੀ। ਅਸਲ ਵਿੱਚ ਬਾਬਰ ਨੇ ਨਾ ਹੀ ਸਾਰੇ ਭਾਰਤ ਨੂੰ ਜਿੱਤਿਆ ਸੀ ਅਤੇ ਨਾ ਹੀ ਆਪਣੀ ਜਿੱਤ ਨੂੰ ਪੱਕਾ ਕੀਤਾ ਸੀ। ਉਸ ਨੇ ਨਾ ਹੀ ਪੂਰਬ ਵਿੱਚ ਬੰਗਾਲ ਨੂੰ ਅਤੇ ਨਾ ਹੀ ਦੱਖਣ-ਪੱਛਮ ਵਿੱਚ ਮਾਲਵਾ ਅਤੇ ਗੁਜਰਾਤ ਨੂੰ ਆਪਣੇ ਰਾਜ ਵਿੱਚ ਮਿਲਾਇਆ ਸੀ। ਰਾਜਪੂਤ ਲੋਕ ਬਿਨਾਂ ਸ਼ੱਕ ਹਰਾ ਤਾਂ ਦਿੱਤੇ ਗਏ ਪਰ ਕੁਚਲੇ ਨਹੀਂ ਗਏ ਸਨ। ਰਾਜ ਦੇ ਬਾਹਰੀ ਹਿੱਸਿਆਂ ਵਿੱਚ ਮੁਗਲ ਸਾਮਰਾਜ ਨੂੰ ਅਸਲ ਵਿੱਚ ਮੰਨਿਆ ਹੀ ਨਹੀਂ ਗਿਆ ਸੀ। ਬਾਬਰ ਇਕ ਚੰਗਾ ਪ੍ਰਸ਼ਾਸਕ ਵੀ ਨਹੀਂ ਸੀ, ਉਸ ਨੇ ਆਪਣੇ ਸਾਮਰਾਜ ਨੂੰ ਜਗੀਰਾਂ ਵਿੱਚ ਵੰਡ ਦਿੱਤਾ ਸੀ ਅਤੇ ਉਹ ਜਗੀਰਾਂ ਜਗੀਰਦਾਰਾਂ ਨੂੰ ਦੇ ਦਿੱਤੀਆਂ ਅਤੇ ਅੱਧੇ ਆਜ਼ਾਦ ਹੋ ਗਏ।

ਬਾਬਰ ਨੇ ਉਨ੍ਹਾਂ 'ਤੇ ਕੋਈ ਸਖਤ ਕੰਟਰੋਲ ਨਹੀਂ ਰੱਖਿਆ। ਨਤੀਜਾ ਇਹ ਹੋਇਆ ਕਿ ਜਗੀਰਦਾਰਾਂ ਨੇ ਹੁਮਾਯੂੰ ਦੇ ਲਈ ਵੱਡੀਆਂ ਕਠਿਨਾਈਆਂ ਖੜ੍ਹੀਆਂ ਕਰ ਦਿੱਤੀਆਂ। ਇਕ ਗੱਲ ਹੋਰ ਉਹ ਕਿ ਬਾਬਰ ਨੇ ਕੋਈ ਨਿਯਮਿਤ ਇਕੋ ਜਿਹੀ ਲਗਾਨ ਪ੍ਰਣਾਲੀ ਵੀ ਸਥਾਪਿਤ ਨਹੀਂ ਕੀਤੀ। ਸਰਕਾਰੀ ਧਨ ਵਿੱਚ ਗੜਬੜ ਕਰ ਬੈਠਣ ਨਾਲ ਉਸ ਨੇ ਪ੍ਰਸ਼ਾਸਨ ਵੀ ਵਿਗਾੜ ਦਿੱਤਾ ਅਤੇ ਖਜ਼ਾਨੇ ਵਿੱਚ ਘਾਟਾ ਵੀ ਪਾ ਲਿਆ। ਸੰਖੇਪ ਵਿੱਚ ਜਿਵੇਂ ਕਿ ਆਰ. ਬੀ. ਵਿਲੀਅਮ ਲਿਖਦਾ ਹੈ 'ਬਾਬਰ ਆਪਣੇ ਲੜਕੇ ਲਈ ਅਜਿਹਾ ਰਾਜ ਛੱਡ ਗਿਆ, ਜਿਸ ਨੂੰ ਉਦੋਂ ਹੀ ਸੰਭਾਲਿਆ ਜਾ ਸਕਦਾ ਸੀ, ਜਦੋਂ ਯੁੱਧ ਦੀ ਸਥਿਤੀ ਬਣੀ ਰਹੇ ਅਤੇ ਜੋ ਸ਼ਾਂਤੀ ਕਾਲ ਵਿੱਚ ਦੁਰਲੱਭ, ਖੋਖਲਾ, ਰੀੜ੍ਹ-ਰਹਿਤ ਹੋ ਜਾਂਦਾ ਹੈ।'

(ii) **ਅਧਿਕਾਰੀ ਦੇ ਕਿਸੇ ਨਿਯਤ ਕਾਨੂੰਨ ਦਾ ਨਾ ਹੋਣਾ ਅਤੇ ਹੁਮਾਯੂੰ ਦੇ ਸਕੇ-ਸਬੰਧੀਆਂ ਦਾ ਵਿਰੋਧ (Absence of a Fixed Law of Succession and Opposition of Humayun's Relatives)**- ਕਿਉਂਕਿ ਉਦੋਂ ਉਤਰਾਧਿਕਾਰੀ ਦਾ ਕੋਈ ਨਿਯਤ ਕਾਨੂੰਨ ਨਹੀਂ ਸੀ, ਹੁਮਾਯੂੰ ਦੇ ਭਰਾ-ਮਿੱਤਰ ਅਤੇ ਸਕੇ-ਸਬੰਧੀ ਖੁਦ ਸ਼ਾਸਕ ਬਣਨ ਦੀ ਇੱਛਾ ਧਾਰਨ ਕਰਨ ਲੱਗੇ ਅਤੇ

**ਨੋਟ**

ਉਨ੍ਹਾਂ ਨੇ ਹੁਮਾਯੂੰ ਦੇ ਲਈ ਵੱਡੀਆਂ ਕਠਿਨਾਈਆਂ ਖੜ੍ਹੀਆਂ ਕਰ ਦਿੱਤੀਆਂ। ਹੁਮਾਯੂੰ ਦਾ ਭਰਾ ਕਾਮਰਾਨ ਸਾਰੇ ਭਰਾਵਾਂ ਤੋਂ ਜ਼ਿਆਦਾ ਖਤਰਨਾਕ ਸੀ। ਕਾਬੁਲ ਅਤੇ ਕੰਧਾਰ ਦਾ ਮਾਲਿਕ ਤਾਂ ਉਹ ਸੀ ਹੀ, ਹੁਣ ਉਸ ਨੇ ਲਾਲਚ ਭਰੀਆਂ ਅੱਖਾਂ ਦਿੱਲੀ ਦੇ ਸਿੰਘਾਸਨ 'ਤੇ ਵੀ ਪਾਈਆਂ। ਹੁਮਾਯੂੰ ਦੇ ਦੂਸਰੇ ਦੋ ਭਰਾ ਹਿੰਦਾਲ ਅਤੇ ਅਸਕਰੀ ਚਾਹੇ ਯੋਗਤਾ ਅਤੇ ਸਾਹਸ ਤੋਂ ਖਾਲੀ ਸਨ ਪਰ ਹੁਮਾਯੂੰ ਦੇ ਲਈ ਤਾਂ ਕਠਿਨਾਈਆਂ ਖੜ੍ਹੀਆਂ ਕਰ ਹੀ ਸਕਦੇ ਸਨ, ਕਿਉਂਕਿ ਉਹ ਹਵਸ ਭਰੇ ਦੁਸ਼ਮਣ ਦੇ ਹੱਥ ਦਾ ਖਿਡੌਣਾ ਬਣ ਸਕਦੇ ਸਨ।

ਆਪਣੇ ਭਰਾਵਾਂ ਤੋਂ ਇਲਾਵਾ ਹੁਮਾਯੂੰ ਦੇ ਕਈ ਰਿਸ਼ਤੇਦਾਰ ਵੀ ਉਸ ਦੇ ਦੁਸ਼ਮਣ ਬਣ ਗਏ। ਉਨ੍ਹਾਂ ਵਿੱਚੋਂ ਸਾਰਿਆਂ ਤੋਂ ਹਵਸ ਵਾਲਾ ਵਿਅਕਤੀ ਸੀ ਮੁਹੰਮਦ ਜਮਾਨ ਮਿਰਜ਼ਾ। ਉਸ ਨੇ ਹੁਮਾਯੂੰ ਦੀ ਮਤਰੇਈ ਭੈਣ ਮਾਸੂਮਾ ਬੇਗਮ ਨਾਲ ਵਿਆਹ ਕਰਵਾਇਆ ਹੋਇਆ ਸੀ ਅਤੇ ਉਹ ਹੁਮਾਯੂੰ ਦੇ ਸਿੰਘਾਸਨ 'ਤੇ ਅਧਿਕਾਰ ਦੀਆਂ ਯੋਜਨਾਵਾਂ ਬਣਾ ਰਿਹਾ ਸੀ। ਹੁਮਾਯੂੰ ਦੇ ਦੋ ਹੋਰ ਸਬੰਧੀ ਮੁਹੰਮਦ ਸੁਲਤਾਨ ਮਿਰਜ਼ਾ ਅਤੇ ਮਹਿੰਦੀ ਖਵਾਜਾ ਸਨ ਜੋ ਉਸ ਦੇ ਉਂਨੇ ਹੀ ਵੱਡੇ ਦੁਸ਼ਮਣ ਸਨ, ਜਿੰਨੇ ਕਿ ਦੂਸਰੇ ਲੋਕ। ਉਹ ਵੀ ਹੁਮਾਯੂੰ ਦੇ ਸਿੰਘਾਸਨ 'ਤੇ ਨਜ਼ਰਾਂ ਰੱਖਦੇ ਸਨ ਅਤੇ ਉਸ ਨੂੰ ਸੁੱਖ-ਸ਼ਾਂਤੀ ਨਾਲ ਸ਼ਾਸਨ ਕਰਨ ਦੇਣ ਲਈ ਤਿਆਰ ਨਹੀਂ ਸਨ।

*ਨੋਟਸ* ਹੁਮਾਯੂੰ ਦਸੰਬਰ 1530 ਈ. ਵਿੱਚ ਸਿੰਘਾਸਨ 'ਤੇ ਬੈਠਿਆ।

**(iii) ਅਫਗਾਨ ਪ੍ਰਤੀ-ਅਧਿਕਾਰੀਆਂ ਦੀ ਚਤੁਰਾਈ (Enmity of the Afghan Rivals)**- ਹੁਮਾਯੂੰ ਦੀਆਂ ਸਭ ਤੋਂ ਵੱਡੀਆਂ ਕਠਿਨਾਈਆਂ ਸਨ ਜੋ ਅਫਗਾਨਾਂ ਨੇ ਖੜ੍ਹੀਆਂ ਕੀਤੀਆਂ ਸਨ। ਬਿਨਾਂ ਸ਼ੱਕ ਬਾਬਰ ਨੇ ਅਫਗਾਨਾਂ ਨੂੰ ਪਾਨੀਪਤ ਅਤੇ ਘਾਘਰਾ ਦੀਆਂ ਲੜਾਈਆਂ ਵਿੱਚ ਹਰਾ ਦਿੱਤਾ ਸੀ। ਫਿਰ ਵੀ ਉਨ੍ਹਾਂ ਦੀ ਸ਼ਕਤੀ ਅਜੇ ਕੁਚਲੀ ਨਹੀਂ ਗਈ ਸੀ। ਨਤੀਜਾ ਇਹ ਹੋਇਆ ਕਿ ਹੁਮਾਯੂੰ ਦੇ ਸਿੰਘਾਸਨ 'ਤੇ ਬੈਠਦੇ ਹੀ ਉਹ ਆਪਣੀ ਗੜਬੜ ਕੁਰੀਤੀਆਂ ਵਿੱਚ ਸ਼ੇਰ ਹੋ ਗਏ। ਅਨੇਕਾਂ ਅਫਗਾਨ ਸਰਦਾਰਾਂ ਨੇ ਜੋ ਇਹ ਨਹੀਂ ਭੁੱਲੇ ਸਨ ਕਿ ਕੁਝ ਹੀ ਸਾਲ ਪਹਿਲਾਂ ਦਿੱਲੀ ਦੇ ਬਾਦਸ਼ਾਹ ਅਫਗਾਨ ਸਨ, ਹੁਣ ਆਜ਼ਾਦ ਹੋਣ ਦਾ ਯਤਨ ਕਰਨ ਲੱਗੇ ਅਤੇ ਨਵੇਂ ਮੁਗਲ ਬਾਦਸ਼ਾਹ ਦੀ ਕਮਜ਼ੋਰੀ ਨੇ ਉਨ੍ਹਾਂ ਨੇ ਇਰਾਦਿਆਂ ਨੂੰ ਹੋਰ ਵੀ ਬੜ੍ਹਾਵਾ ਦਿੱਤਾ। ਇਨ੍ਹਾਂ ਵੱਡੇ-ਵੱਡੇ ਅਫਗਾਨ ਵਿਰੋਧੀਆਂ ਵਿੱਚੋਂ ਕੁਝ ਦੇ ਨਾਮ ਇਹ ਹਨ-ਮਹਿਮੂਦ ਲੋਧੀ, ਆਲਮ 'ਖਾਂ', ਬਹਾਦੁਰ ਸ਼ਾਹ ਅਤੇ ਸ਼ੇਰ ਖਾਂ।

**(ਕ) ਮਹਿਮੂਦ ਲੋਧੀ (Mahmud Lodi)**- ਮਹਿਮੂਦ ਲੋਧੀ ਨੂੰ ਬਾਬਰ ਨੇ ਖਤਮ ਨਹੀਂ ਸੀ ਕੀਤਾ, ਸਗੋਂ ਬਾਹਰ ਕੱਢ ਦਿੱਤਾ ਸੀ ਹੁਣ ਹੁਮਾਯੂੰ ਦੇ ਸਮੇਂ ਉਹ ਪ੍ਰਗਟ ਹੋ ਗਿਆ। ਅਫਗਾਨ ਸਰਦਾਰਾਂ ਬਿਬਨ ਅਤੇ ਬਿਆਜਿਦ ਅਤੇ ਬੰਗਾਲ ਦੇ ਰਾਜੇ ਦੀ ਸਹਾਇਤਾ ਨਾਲ ਉਹ ਫਿਰ ਸ਼ਕਤੀ ਵਿੱਚ ਆਉਣ ਲਈ ਹੱਥ-ਪੈਰ ਮਾਰਨ ਲੱਗਾ।

**(ਖ) ਆਲਮ ਖਾਂ (Alam Khan)**- ਆਲਮ ਖਾਂ ਜਿਸ ਨੇ ਕਦੇ ਬਾਬਰ ਨੂੰ ਭਾਰਤ 'ਤੇ ਚੜ੍ਹਾਈ ਕਰਨ ਦਾ ਸੱਦਾ ਦਿੱਤਾ ਸੀ, ਹੁਣ ਖੁਦ ਸ਼ਾਸਕ ਬਣਨ ਦੇ ਸੁਪਨੇ ਦੇਖਣ ਲੱਗਾ। ਉਹ ਗੁਜਰਾਤ ਦੇ ਬਹਾਦੁਰ ਕੋਲ ਟਿਕਿਆ ਹੋਇਆ ਸੀ, ਜਿਸ ਨੇ ਉਸ ਨੂੰ ਸੈਨਿਕ ਅਤੇ ਧਨ ਦੀ ਸਹਾਇਤਾ ਦਾ ਵਚਨ ਦੇ ਰੱਖਿਆ ਸੀ।

**(ਗ) ਬਹਾਦੁਰ ਸ਼ਾਹ (Bahadur Shah)**- ਇਕ ਹੋਰ ਅਫਗਾਨ ਸਰਦਾਰ ਸੀ ਬਹਾਦੁਰ ਸ਼ਾਹ, ਜਿਸ ਨੇ ਆਪਣੇ ਆਪ ਨੂੰ ਮਾਲਵਾ ਅਤੇ ਗੁਜਰਾਤ ਦਾ ਸੁਤੰਤਰ ਸ਼ਾਸਕ ਬਣਾ ਰੱਖਿਆ ਸੀ। ਉਹ ਰਾਜਪੂਤਾਂ ਦੇ ਵਿਰੁੱਧ ਲੜ ਰਿਹਾ ਸੀ ਅਤੇ ਆਗਰਾ ਵੱਲ ਵੱਧਦਾ ਆ ਰਿਹਾ ਸੀ। ਉਸ ਨੂੰ ਆਲਮ ਖਾਂ, ਮੁਹੰਮਦ ਅਜ਼ਾਮ ਖਾਂ ਅਤੇ ਤਾਤਾਰ ਖਾਂ ਵਰਗੇ ਅਫਗਾਨ ਸਰਦਾਰਾਂ ਦਾ ਪੂਰਾ ਸਮਰਥਨ ਪ੍ਰਾਪਤ ਸੀ ਅਤੇ ਇਹ ਸਪੱਸ਼ਟ ਹੀ ਹੈ ਕਿ ਉਸ ਦੀ ਇੱਛਾ ਨਵੇਂ ਮੁਗਲ ਸਮਰਾਟ ਦੀ ਸੱਤਾ ਨੂੰ ਚੁਣੌਤੀ ਬਣਾਉਣਾ ਸੀ।

**(ਘ) ਸ਼ੇਰ ਖਾਂ (Sher Khan)**- ਸਾਰੇ ਅਫਗਾਨ ਸਰਦਾਰਾਂ ਤੋਂ ਜ਼ਿਆਦਾ ਖਤਰਨਾਕ ਸੀ ਸ਼ੇਰ ਖਾਂ ਜੋ ਸਾਰੇ ਅਫਗਾਨ ਵਿੱਚ ਸਭ ਤੋਂ ਯੋਗ ਖਤਰਨਾਕ ਸੀ, ਹਵਸ ਭਰਿਆ ਵਿਅਕਤੀ ਸੀ। (He was the "Most capable, unscrupulous and ambitious and ambitious man in the whole Afghan party.")

ਉਹ ਬਾਬਰ ਦੇ ਜਿਉਂਦੇ ਰਹਿੰਦਿਆਂ ਵੀ ਵਿਰੋਧੀਆਂ ਨਾਲ ਮਿਲ ਗਿਆ ਸੀ ਅਤੇ ਹੁਮਾਯੂੰ ਦੇ ਸਿੰਘਾਸਨ ਦੇ ਸਮੇਂ ਤੱਕ ਬਿਹਾਰ ਦੇ ਇਕ ਹਿੱਸੇ ਅਤੇ ਚੁਨਾਰ ਦਾ ਮਾਲਿਕ ਬਣ ਬੈਠਿਆ ਸੀ। ਉਹ ਮੁਗਲਾਂ ਨੂੰ ਬਹੁਤ ਨਫਰਤ ਭਰੀ ਨਜ਼ਰ ਨਾਲ ਦੇਖਿਆ ਕਰਦਾ ਸੀ ਅਤੇ ਇਹ ਕਿਹਾ ਕਰਦਾ ਸੀ, "ਜੇਕਰ ਕਿਸਮਤ ਮੇਰਾ ਸਾਥ ਦੇਵੇ ਤਾਂ ਮੈਂ ਮੁਗਲਾਂ ਨੂੰ ਭਾਰਤ ਤੋਂ ਵਾਪਸ ਧੱਕ ਕੇ ਬਾਹਰ ਕਰ ਸਕਦਾ ਹੈ। ਉਹ ਯੁੱਧ ਵਿੱਚ ਸਾਡੇ ਨਾਲੋਂ ਜ਼ਿਆਦਾ ਨਿਪੁੰਨ ਨਹੀਂ ਹਨ ਪਰ ਅਸੀਂ ਆਪਣੀ ਫੁੱਟ ਦੇ ਕਾਰਨ ਹੀ ਆਪਣੀ ਸ਼ਕਤੀ ਆਪਣੇ ਹੱਥ ਤੋਂ ਗੁਆ ਬੈਠੇ ਹਾਂ।" ਉਹ ਹੁਮਾਯੂੰ ਸਖਤ ਦੁਸ਼ਮਣ ਸਿੱਧ ਹੋਇਆ ਅਤੇ ਸਚਮੁੱਚ ਉਸ ਨੂੰ ਹਰਾਉਣ, ਬਾਹਰ 'ਚੋਂ ਬਾਹਰ ਕੱਢਣ ਅਤੇ ਇੱਥੇ ਆਪਣਾ ਨਿੱਜੀ ਰਾਜ ਸਥਾਪਿਤ ਕਰਨ ਵਿੱਚ ਸਫਲ ਹੋ ਗਿਆ।

**(ਙ) ਖਜ਼ਾਨੇ ਦਾ ਖਾਲੀ ਹੋਣਾ (Depleted Treasury)**- ਇਕ ਹੋਰ ਕਠਿਨਾਈ ਜੋ ਹੁਮਾਯੂੰ ਨੂੰ ਬਿਪੌਤੀ ਵਿੱਚ ਮਿਲੀ, ਉਹ ਸੀ ਖਜ਼ਾਨੇ ਦੀ ਦੁਰਦਸ਼ਾ। ਬਾਬਰ ਦੀ ਅਸੀਮ ਉਦਾਰਤਾ ਅਤੇ ਅੰਨ੍ਹੇਵਾਹ ਖਰਚ ਦੇ ਸੁਭਾਅ ਨੇ ਖਜ਼ਾਨਾ ਖਾਲੀ ਕਰ ਦਿੱਤਾ ਸੀ, ਜਿਸ ਦਾ

ਨਤੀਜਾ ਇਹ ਹੋਇਆ ਕਿ ਹੁਮਾਯੂੰ ਦੇ ਪ੍ਰਸ਼ਾਸਨ ਨੂੰ ਆਰੰਭ ਤੋਂ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਹੁਮਾਯੂੰ ਤਾਂ ਪਹਿਲਾਂ ਅਜਿਹੀਆਂ ਘੋਰ ਕਠਿਨਾਈਆਂ ਦਾ ਸਾਹਮਣਾ ਕਰ ਰਿਹਾ ਸੀ, ਜਿਨ੍ਹਾਂ ਨੂੰ ਦੂਰ ਕਰਨ ਦੇ ਲਈ ਬਹੁਤ ਸਾਰੇ ਧਨ ਦੀ ਜ਼ਰੂਰਤ ਸੀ ਪਰ ਧਨ ਦੇ ਅਹਿਸਾਸ ਨੇ ਉਸ ਦੀਆਂ ਕਠਿਨਾਈਆਂ ਨੂੰ ਹੋਰ ਵੀ ਵਧਾ ਕੇ ਰੱਖ ਦਿੱਤਾ।

**ਨੋਟ**

**(ਚ) ਸੈਨਾ ਵਿਸ਼ਵਾਸਯੋਗ ਨਹੀਂ ਸੀ (Unreliable Army)**- ਹੁਮਾਯੂੰ ਨੂੰ ਜੋ ਸੈਨਾ ਆਪਣੇ ਪਿਤਾ ਕੋਲੋਂ ਉਤਰਾਧਿਕਾਰ ਵਿੱਚ ਮਿਲੀ, ਉਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਇਸ ਸੈਨਾ ਵਿੱਚ ਕੋਈ ਰਾਸ਼ਟਰੀ ਭਾਵਨਾ ਅਤੇ ਜੋਸ਼ ਨਹੀਂ ਸੀ, ਸਗੋਂ ਇਸ ਵਿੱਚ ਭਾਂਤ-ਭਾਂਤ ਦੇ ਲੋਕ ਭਰੇ ਸਨ ਜੋ ਵੱਖ-ਵੱਖ ਜਾਤੀਆਂ ਨਾਲ ਸਬੰਧ ਰੱਖਦੇ ਸਨ, ਜਿਵੇਂ ਚੁਗਤਾਈ, ਤੁਰਕੀ, ਉਜਵੇਕ, ਮੁਗਲ, ਅਫਗਾਨ ਅਤੇ ਇਰਾਨੀ। ਇਹ ਲੋਕ ਰਾਸ਼ਟਰੀ ਹਿੱਤ ਦੀ ਕੋਈ ਪ੍ਰਵਾਹ ਨਹੀਂ ਕਰਦੇ ਸਨ। ਉਹ ਤਾਂ ਰਾਸ਼ਟਰੀ ਹਿੱਤਾਂ ਦਾ ਬਲਿਦਾਨ ਕਰਕੇ ਵੀ ਆਪਣੇ ਵਰਗ ਦੇ ਹਿੱਤ ਨੂੰ ਅੱਗੇ ਵਧਾਉਣ ਲਈ ਛਡਯੰਤਰ ਰਚਾਉਂਦੇ ਸਨ।

**ਕੇ. ਕੇ. ਦੱਤਾ** (K. K. Dutta) ਦਾ ਕਥਨ ਹੈ, "ਜੇਕਰ ਭਗਵਾਨ ਨੇ ਹੁਮਾਯੂੰ ਨੂੰ ਬੁੱਧੀ ਅਤੇ ਸੱਭਿਅਤਾ ਪ੍ਰਦਾਨ ਕੀਤੀ ਸੀ, ਜਦ ਕਿ ਉਸ ਵਿੱਚ ਆਪਣੇ ਪਿਤਾ ਵਰਗਾ ਬੁੱਧੀ, ਹੌਂਸਲਾ, ਦ੍ਰਿੜ ਨਿਸ਼ਚਾ ਅਤੇ ਧੁੰਨ ਦਾ ਪੱਕਾਪਣ ਨਹੀਂ ਸੀ।" ਅੱਗੇ ਡਾ. ਵੀ. ਸਮਿੱਥ (Dr. V. Smith) ਲਿਖਦੇ ਹਨ ਹੁਮਾਯੂੰ ਜਦ ਕਿ ਪੂਰਨ ਤੌਰ 'ਤੇ ਭੱਦਰ ਵਿਅਕਤੀ ਸੀ ਅਤੇ ਉਸ ਵਿੱਚ ਯੋਗਤਾ ਦੀ ਕਮੀ ਵੀ ਨਹੀਂ ਸੀ ਪਰ ਉਸ ਵਿੱਚ ਆਪਣੇ ਪਿਤਾ ਵਰਗੀ ਚੰਚਲਤਾ ਅਤੇ ਫੁਰਤੀ ਦਾ ਅਹਿਸਾਸ ਸੀ। ਕਦੇ ਵੀ ਉਸ ਦਾ ਅਫੀਮਚੀਪਣ ਹੀ ਉਸ ਦੀਆਂ ਅਸਫਲਤਾਵਾਂ ਦਾ ਕਾਫੀ ਕਾਰਨ ਸੀ ਪਰ ਹੁਮਾਯੂੰ ਜਾਂ ਬਾਬਰ ਨੂੰ 'ਭੱਦਰ ਪੁਰਸ਼' ਕਹਿੰਦੇ ਸਮੇਂ ਚਾਹੇ ਇਸ ਦੇ ਲਈ ਕਾਫੀ ਸਬੂਤ ਵੀ ਪੇਸ਼ ਹੋਣ, ਅਸੀਂ ਇਹ ਨਹੀਂ ਭੁੱਲਣਾ ਚਾਹੀਦਾ ਹੈ ਕਿ ਇਹ ਤੈਮੂਰੀ ਰਾਜ ਕੁਮਾਰ ਏਸ਼ੀਆ ਦੇ ਬਰਬਰ ਵਿਅਕਤੀ ਸਨ ਅਤੇ ਇਨ੍ਹਾਂ ਵਿੱਚ ਆਪਣੇ ਕੁੱਲ, ਜਾਤੀ ਅਤੇ ਸਮੇਂ ਦੀਆਂ ਸਾਰੀਆਂ ਪ੍ਰੰਪਰਾਵਾਂ ਮੌਜੂਦ ਸਨ। ਇਨ੍ਹਾਂ ਵਿੱਚੋਂ ਕਿਸੇ ਵੀ ਇੱਥੋਂ ਤੱਕ ਕਿ ਅਕਬਰ ਨੂੰ ਮਨੁੱਖੀ ਜੀਵਨ ਪ੍ਰਤੀ ਕੋਈ ਆਦਰ ਭਾਵ ਨਹੀਂ ਸੀ। ਉਹ ਸਾਰੇ ਦੇ ਸਾਰੇ ਭਿਆਨਕ ਖਾਤਮੇ ਦਾ ਆਦੇਸ਼ ਦੇ ਸਕਦੇ ਸਨ ਅਤੇ ਸਖਤ ਸਜ਼ਾਵਾਂ ਦੇ ਸਕਦੇ ਸਨ।"

### 9.1.1 ਹੁਮਾਯੂੰ ਦੀਆਂ ਵਿਅਕਤੀਗਤ ਕਠਿਨਾਈਆਂ

ਸਿੰਘਾਸਨ 'ਤੇ ਬੈਠਦੇ ਹੀ ਹੁਮਾਯੂੰ ਨੂੰ ਬਹੁਤ ਘੋਰ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹ ਇਕ ਅਯੋਗ ਸੈਨਾਨੀ ਅਤੇ ਬੇਸਮਝ ਰਾਜਨੀਤਿਕ ਸੀ। ਉਸ ਨੇ ਵੱਡੀਆਂ-ਵੱਡੀਆਂ ਭੁੱਲਾਂ ਕਰਕੇ ਅਤੇ ਸਥਿਤੀ ਨੂੰ ਦੁੱਖਦਾਈ ਢੰਗ ਨਾਲ ਸੁਲਝਾਉਂਦੇ ਹੋਏ ਆਪਣੀਆਂ ਕਠਿਨਾਈਆਂ ਨੂੰ ਹੋਰ ਵੀ ਵਧਾ ਲਿਆ। ਬਿਨਾਂ ਸ਼ੱਕ ਹੁਮਾਯੂੰ ਦੇ ਸਾਰੇ ਪਾਸਿਓਂ ਦੁਸ਼ਮਣ ਸੀ ਪਰ ਉਸ ਦਾ ਸਭ ਤੋਂ ਵੱਡਾ ਦੁਸ਼ਮਣ ਤਾਂ ਉਹ ਖੁਦ ਹੀ ਸਿੱਧ ਹੋਇਆ। ਉਸ ਦੀਆਂ ਭੁੱਲਾਂ ਅਤੇ ਤਰੁਟੀਆਂ ਇਸ ਤਰ੍ਹਾਂ ਵਰਨਣ ਕੀਤੀਆਂ ਜਾ ਕਦੀਆਂ ਹਨ-

**(ਕ) ਸਾਮਰਾਜ ਦਾ ਬਟਵਾਰਾ ਅਤੇ ਕਾਮਰਾਨ ਤੋਂ ਰਿਆਇਤਾਂ (Division of Empire and Concessions to Kamran)**- ਸਮਰਾਟ ਰੂਪ ਵਿੱਚ ਆਪਣਾ ਜੀਵਨ ਆਰੰਭ ਕਰਦੇ ਹੀ ਹੁਮਾਯੂੰ ਨੇ ਇਕ ਭੁੱਲ ਇਹ ਕੀਤੀ ਕਿ ਆਪਣੇ ਭਰਾਵਾਂ ਵਿੱਚ ਆਪਣਾ ਰਾਜ ਵੰਡ ਦਿੱਤਾ। ਉਸ ਨੇ ਕਾਬੁਲ ਅਤੇ ਕੰਧਾਰ ਕਾਮਰਾਨ ਨੂੰ ਦੇ ਦਿੱਤੇ। ਮੇਵਾਤ, ਹਿਮਾਚਲ ਨੂੰ ਅਤੇ ਸੰਭਲ ਅਸਕਰੀ ਨੂੰ ਦੇ ਦਿੱਤਾ। ਅਸਲ ਵਿੱਚ ਹੁਮਾਯੂੰ ਨੂੰ ਬਾਬਰ ਨੇ ਹੀ ਆਦੇਸ਼ ਦਿੱਤਾ ਸੀ ਕਿ ਆਪਣੇ ਭਰਾਵਾਂ ਨਾਲ ਨਰਮੀ ਵਾਲਾ ਵਿਵਹਾਰ ਕਰੇ ਅਤੇ ਆਗਿਆਕਾਰੀ ਲੜਕੇ ਨੇ ਉਂਝ ਹੀ ਕੀਤਾ, ਚਾਹੇ ਆਪਣਾ ਵਿਨਾਸ਼ ਕਰਵਾ ਲਿਆ। ਰਸ਼ਬਰੁਕ ਵਿਲੀਅਮਸ (Rushbrook Williams) ਦਾ ਕਥਨ ਹੈ ਕਿ "ਕਾਮਰਾਨ ਕੇਵਲ ਸਿਰਫ ਆਪਣੇ ਸਥਾਨ 'ਤੇ ਸਥਿਰ ਰਹਿ ਕੇ ਵੀ ਉਸ ਦੀ ਸੈਨਿਕ ਸ਼ਕਤੀ ਦੀਆਂ ਜੜ੍ਹਾਂ ਕੱਟ ਸਕਦਾ ਸੀ। ਇਸ ਤੋਂ ਇਲਾਵਾ ਹਿਸਾਰ, ਫਿਰੋਜ਼ਾ ਦਾ ਵਿਰੋਧ ਇਕ ਬਹੁਤ ਵੱਡੀ ਭੁੱਲ ਸੀ, ਕਿਉਂਕਿ ਇਸ ਨਾਲ ਕਾਮਰਾਨ ਨੂੰ ਉਸ ਨਵੇਂ ਸੈਨਿਕ ਰਾਜ ਮਾਰਗ ਦਾ ਅਧਿਕਾਰ ਮਿਲ ਗਿਆ ਜੋ ਕਿ ਦਿੱਲੀ ਤੋਂ ਕੰਧਾਰ ਤੱਕ ਜਾਂਦੀ ਸੀ। ਆਪਣੇ ਸਾਮਰਾਜ ਨੂੰ ਵੰਡ ਕੇ ਉਸ ਨੇ ਆਪਣੇ ਸਾਮਰਾਜ ਦੇ ਸਾਧਨ ਹੀ ਵੰਡ ਦਿੱਤੇ ਅਤੇ ਇਸ ਤਰ੍ਹਾਂ ਆਪਣੇ ਲਈ ਮੁਸੀਬਤਾਂ ਖੜ੍ਹੀਆਂ ਕਰ ਲਈਆਂ।

ਕਾਮਰਾਨ ਜੋ ਕਿ ਇਕ ਹਵਸ ਦਾ ਭਰਿਆ ਨੌਜਵਾਨ ਸੀ। ਇਕ ਭਾਰੀ ਸੈਨਾ ਲੈ ਕੇ ਭਾਰਤ ਵੱਲ ਆਇਆ। ਉਪਰੋਂ ਤਾਂ ਹੁਮਾਯੂੰ ਨੂੰ ਵਧਾਈ ਦੇਣ ਪਰ ਅਸਲ ਵਿੱਚ ਉਸ ਕੋਲੋਂ ਕੁਝ ਰਿਆਇਤਾਂ ਇਕੱਠੀਆਂ ਕਰਨ। ਉਸ ਨੇ ਪੇਸ਼ਾਵਰ 'ਤੇ ਅਧਿਕਾਰ ਕਰ ਲਿਆ ਅਤੇ ਸਾਰਾ ਪੰਜਾਬ ਵੀ ਆਪਣੇ ਸ਼ਾਸਨ ਅਧੀਨ ਕਰ ਲਿਆ। ਹੁਮਾਯੂੰ ਨੇ ਆਪਣੇ ਭਰਾ ਨੂੰ ਕਾਬੁਲ, ਕੰਧਾਰ ਅਤੇ ਪੰਜਾਬ ਦੇ ਰਾਜ ਦਾ ਉਪਭੋਗ ਕਰਨ ਦੀ ਖੁੱਲ੍ਹ ਦੇ ਦਿੱਤੀ। ਉਸ ਨੇ ਹਿਸਾਰ, ਫਿਰੋਜ਼ਾ ਵੀ ਉਸ ਲਈ ਛੱਡ ਦਿੱਤਾ। ਅਜਿਹੀਆਂ ਰਿਆਇਤਾਂ ਦੇਣਾ ਹੁਮਾਯੂੰ ਵੱਲੋਂ ਇਕ ਭਾਰੀ ਭੁੱਲ ਸੀ, ਕਿਉਂਕਿ ਜਿਵੇਂ ਕਿ ਡਾ. ਈਸ਼ਵਰੀ ਪ੍ਰਸ਼ਾਦ ਕਹਿੰਦਾ ਹੈ "ਇਨ੍ਹਾਂ ਰਿਆਇਤਾਂ ਨੇ ਉਸ ਦੇ ਆਪਣੇ ਅਤੇ ਅਫਗਾਨ ਪਹਾੜੀਆਂ ਤੋਂ ਪਰ੍ਹੇ ਦੇ ਪ੍ਰਦੇਸ਼ ਦੇ ਦਰਮਿਆਨ ਇਕ ਰੁਕਾਵਟ ਖੜ੍ਹੀ ਕਰ ਦਿੱਤੀ।" ਹਿਸਾਰ, ਫਿਰੋਜ਼ਾ ਛੱਡ ਦੇਣਾ ਇਕ ਭਾਰੀ ਭੁੱਲ ਸੀ, ਕਿਉਂਕਿ ਇਸ ਕਾਰਨ ਦਿੱਲੀ ਤੋਂ ਕੰਧਾਰ ਤੱਕ ਨੂੰ ਨਵੀਂ ਸੈਨਿਕ ਸੜਕ ਕਾਮਰਾਨ ਦੇ ਅਧਿਕਾਰ ਵਿੱਚ ਆ ਗਈ।

**(ਖ) ਭੋਜਾਂ ਅਤੇ ਰੰਗਰਲੀਆਂ ਵਿੱਚ ਧਨ ਦੀ ਬਰਬਾਦੀ (Wastage of Money in Feasts and Festivities)** – ਹੁਮਾਯੂੰ ਨੇ ਮੁਹੰਮਦ ਲੋਧੀ 'ਤੇ ਆਪਣੀ ਜਿੱਤ ਨੂੰ ਮੰਨਵਾਉਣ ਵਿੱਚ ਬਹੁਤ ਸਾਰਾ ਧਨ ਉਡਾ ਕੇ ਇਕ ਹਿਮਾਲਿਆ ਜਿੰਨੀ ਵੱਡੀ ਭੁੱਲ ਕੀਤੀ। ਮਹਿਮੂਦ ਲੋਧੀ ਨੇ ਵਿੱਬਨ ਅਤੇ ਵਿਆਜਿਦ ਦੀ ਸਹਾਇਤਾ ਨਾਲ ਵਿਰੋਧ ਦਾ ਝੰਡਾ ਖੜ੍ਹਾ ਕੀਤਾ ਅਤੇ ਜੋਨਪੁਰ ਅਤੇ ਇਸ 'ਤੇ

ਨੋਟ

ਆਸ਼ਰਿਤ ਪ੍ਰਦੇਸ਼ਾਂ 'ਤੇ ਅਧਿਕਾਰ ਕਰ ਲਿਆ। ਹੁਮਾਯੂੰ ਉਸ ਦੇ ਵਿਰੁੱਧ ਅੱਗੇ ਵਧਿਆ, 'ਉਸ ਨੂੰ' ਹਰਾਇਆ ਅਤੇ ਫਿਰ ਜਿੱਤ ਕੇ ਆਗਰਾ ਪਰਤਿਆ। ਉਥੇ ਉਸ ਨੇ ਖੂਬ ਰੰਗਰਲੀਆਂ ਮਨਾਈਆਂ। ਕਹਿੰਦੇ ਹਨ ਕਿ ਕੋਈ 12,000 ਵਿਅਕਤੀਆਂ ਨੂੰ ਸਨਮਾਨ ਦੀ ਪੁਸ਼ਾਕ ਦਿੱਤੀ ਗਈ ਅਤੇ ਕੋਈ 2,000 ਵਿਅਕਤੀਆਂ ਨੂੰ ਕੀਮਤੀ ਛਾਲ ਭੇਟ ਕੀਤੇ ਗਏ। ਧਨ ਦਾ ਇੰਨੀ ਦੁਰਵਰਤੋਂ ਉਸ ਦਾ ਇਕ ਬਹੁਤ ਵੱਡੀ ਭੁੱਲ ਸੀ। ਉਸ ਦਾ ਖਜ਼ਾਨਾ ਪਹਿਲਾਂ ਹੀ ਖਾਲੀ ਸੀ। ਉਹ ਅਜਿਹੀ ਫਜ਼ੂਲ ਖਰਚੀ ਕਰਨ ਦਾ ਸਮਰਥਨ ਨਹੀਂ ਕਰਦਾ ਸੀ। ਵਿਸ਼ੇਸ਼ ਕਰਕੇ ਸੰਕਟ ਦੇ ਅਜਿਹੇ ਸਮੇਂ ਜਦੋਂ ਉਸ ਨੂੰ ਚਾਰੇ ਪਾਸੇ ਦੁਸ਼ਮਣਾਂ ਨਾਲ ਲੜਨਾ ਪੈ ਰਿਹਾ ਸੀ। ਜਿਵੇਂ ਕਿ ਰਸ਼ਬਰੁਕ ਵਿਲੀਅਮਸ "ਹੁਮਾਯੂੰ ਦੇ ਸਮੇਂ ਵਿੱਚ ਆਰਥਿਕ ਵਿਨਾਸ਼ ਤੋਂ ਬਾਅਦ ਕ੍ਰਾਂਤੀ, ਛਡਯੰਤਰ ਅਤੇ ਵੰਸ਼ ਦੇ ਰਾਜ ਚੁਣੇ ਜਾਣ ਦੀ ਪੁਰਾਣੀ ਕਹਾਣੀ ਖੁਦ ਦੁਹਰਾਈ ਗਈ।"

**(ਗ) ਬਹਾਦੁਰ ਸ਼ਾਹ ਨਾਲ ਵਿਵਹਾਰ ਵਿੱਚ ਭੁੱਲ (Blunders in Dealing with Bahadur Shah)**- ਗੁਜਰਾਤ ਦੇ ਬਹਾਦੁਰ ਸ਼ਾਹ ਨਾਲ ਵਿਵਹਾਰ ਕਰਨ ਵਿੱਚ ਵੀ ਹੁਮਾਯੂੰ ਨੇ ਬਹੁਤ ਸਾਰੀਆਂ ਭੁੱਲਾਂ ਕੀਤੀਆਂ। ਬਹਾਦੁਰ ਸ਼ਾਹ ਨਾਲ ਟੱਕਰ ਦੇ ਆਰੰਭ ਵਿੱਚ ਉਸ ਨੇ ਇਹ ਭੁੱਲ ਕੀਤੀ ਕਿ ਜਦੋਂ ਬਹਾਦੁਰ ਸ਼ਾਹ ਰਾਜਪੂਤਾਂ ਨਾਲ ਲੜਨ ਵਿੱਚ ਲੱਗਾ ਹੋਇਆ ਸੀ, ਉਦੋਂ ਉਸ ਨੇ ਬਹਾਦੁਰ ਸ਼ਾਹ 'ਤੇ ਹਮਲਾ ਨਹੀਂ ਕੀਤਾ। ਜਦੋਂ ਮੁਗਲ ਸੈਨਾ ਗੁਜਰਾਤ ਵੱਲ ਵੱਧ ਰਹੀ ਸੀ ਅਤੇ ਜਦੋਂ ਉਹ ਸਾਰੰਗਪੁਰ ਪਹੁੰਚੀ ਤਾਂ ਹੁਮਾਯੂੰ ਨੂੰ ਪਤਾ ਲੱਗਾ ਕਿ ਬਹਾਦੁਰ ਸ਼ਾਹ ਕਾਫਿਰਾਂ ਨਾਲ ਲੜਨ ਵਿੱਚ ਲੱਗਾ ਹੋਇਆ ਹੈ, ਇਸ ਲਈ ਉਸ ਨੇ ਆਪਣੀ ਸੈਨਾ ਹਟਾ ਲਈ। ਅਜਿਹਾ ਕਰਨਾ ਹੁਮਾਯੂੰ ਵੱਲੋਂ ਇਕ ਭਾਰੀ ਭੁੱਲ ਸੀ। ਜੇਕਰ ਉਹ ਉਸ ਸਮੇਂ ਬਹਾਦੁਰ ਸ਼ਾਹ 'ਤੇ ਹਮਲਾ ਬੋਲ ਦਿੰਦਾ ਤਾਂ ਬਹਾਦੁਰ ਸ਼ਾਹ ਪਹਿਲਾਂ ਦਿੱਲੀ ਵਿੱਚ ਹੀ ਕੁਚਲ ਕੇ ਰੱਖ ਦਿੱਤਾ ਜਾਂਦਾ।

ਜਦੋਂ ਬਹਾਦੁਰ ਸ਼ਾਹ ਰਾਜਪੂਤਾਂ ਨੂੰ ਹਰਾ ਚੁੱਕਾ ਸੀ ਤਾਂ ਹੁਮਾਯੂੰ ਨੇ ਉਸ 'ਤੇ ਘੇਰਾ ਪਾ ਲਿਆ। ਖੁਰਾਕ ਦੀ ਸਪਲਾਈ ਘੱਟ ਜਾਣ ਦੇ ਕਾਰਨ ਬਹਾਦੁਰ ਸ਼ਾਹ ਮੁਗਲਾਂ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਉਸ ਨੇ ਭੱਜ ਕੇ ਮਾਣਡੂ ਵਿੱਚ ਆਸਰਾ ਲਿਆ। ਹੁਮਾਯੂੰ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਉਥੋਂ ਵੀ ਭਜਾਇਆ। ਸ਼ਾਹ ਉਥੋਂ ਦਿਊ (Diu) ਚਲਾ ਗਿਆ। ਹੁਮਾਯੂੰ ਨੇ ਹੁਣ ਇਹ ਗਲਤੀ ਕੀਤੀ ਕਿ ਉਸ ਦਾ ਪਿੱਛਾ ਨਹੀਂ ਕੀਤਾ। ਇਸ ਦੀ ਜਗ੍ਹਾ 'ਤੇ ਉਹ ਚੰਪਾਨੀਰ ਵੱਲ ਵਧਿਆ, ਇਹ ਉਸ ਦੀ ਇਕ ਵੱਡੀ ਭੁੱਲ ਸੀ। ਜੇਕਰ ਹੁਮਾਯੂੰ ਨੇ ਆਪਣੇ ਦੁਸ਼ਮਣ ਦਾ ਪਿੱਛਾ ਕੀਤਾ ਹੁੰਦਾ ਤਾਂ ਉਹ ਉਸ ਨੂੰ ਕੁਚਲ ਕੇ ਖਤਮ ਕਰ ਦਿੰਦਾ ਤਾਂ ਵੀ ਮਾਲਵਾ ਅਤੇ ਗੁਜਰਾਤ ਮੁਗਲਾਂ ਦੇ ਹੱਥ ਲੱਗੇ।

ਹੁਮਾਯੂੰ ਨੇ ਮਾਲਵਾ ਅਤੇ ਗੁਜਰਾਤ ਦੇ ਬਹੁਤ ਸਾਰੇ ਹਿੱਸਿਆਂ ਦਾ ਸ਼ਾਸਨ ਪ੍ਰਬੰਧ ਅਤਿਅੰਤ ਅਯੋਗ ਬੇਭਰੋਸੇਯੋਗ ਵਿਅਕਤੀਆਂ ਦੇ ਹਵਾਲੇ ਕਰ ਦਿੱਤਾ, ਜਿਵੇਂ ਅਸਕਰੀ, ਹਿੰਦੂ ਬੇਗ, ਯਾਦਗਾਰ, ਨਾਸਿਰ ਅਤੇ ਤਾਰਦੀ ਬੇਗ। ਇਨ੍ਹਾਂ ਨਵੇਂ ਜੇਤੂ ਪ੍ਰਾਂਤਾਂ 'ਤੇ ਪੱਕੀਆਂ ਸਰਕਾਰਾਂ ਨਿਸ਼ਚਿਤ ਕਰਨ ਦੀ ਜਗ੍ਹਾ 'ਤੇ ਹੁਮਾਯੂੰ ਨੇ ਇਹ ਭੁੱਲ ਕੀਤੀ ਕਿ ਵੱਖ-ਵੱਖ ਹਿੱਸੇ ਉਨ੍ਹਾਂ ਰਾਜਪਾਲਾਂ ਦੇ ਹਵਾਲੇ ਕਰ ਦਿੱਤੇ, ਜਿਨ੍ਹਾਂ ਦੀ ਵਫਾਦਾਰੀ ਅਜੇ ਪਰਖੀ ਨਹੀਂ ਗਈ ਸੀ। ਮਿਰਜ਼ਾ ਅਸਕਰੀ ਅਤੇ ਹਿੰਦੂ ਬੇਗ ਨੇ ਹੁਮਾਯੂੰ ਦੇ ਵਿਰੁੱਧ ਛਡਯੰਤਰ ਕੀਤਾ। ਬਹਾਦੁਰ ਸ਼ਾਹ ਨੇ ਇਸ ਸਾਰੀ ਗੱਲ ਦਾ ਲਾਭ ਉਠਾਇਆ ਅਤੇ ਮਾਲਵਾ ਤੇ ਗੁਜਰਾਤ ਦੇ ਪ੍ਰਾਂਤਾਂ ਨੂੰ ਪੂਰਨ ਤੌਰ 'ਤੇ ਪ੍ਰਾਪਤ ਕਰ ਲਿਆ।

**(ਘ) ਸ਼ੇਰ ਸ਼ਾਹ ਨਾਲ ਵਿਵਹਾਰ ਕਰਨ ਵਿੱਚ ਭੁੱਲਾਂ (Blunders in Dealing with Sher Shah)**- ਸ਼ੇਰ ਖਾਂ ਦੇ ਨਾਲ ਆਪਣੀ ਟੱਕਰ ਵਿੱਚ ਵੀ ਹੁਮਾਯੂੰ ਨੇ ਬਹੁਤ ਗਲਤੀਆਂ ਕੀਤੀਆਂ, ਜਿਨ੍ਹਾਂ ਦੇ ਨਤੀਜੇ ਵਜੋਂ ਉਸ ਦੀ ਹਾਰ ਹੋਈ ਅਤੇ ਉਸ ਨੂੰ ਭਾਰਤ 'ਚੋਂ ਨਿਕਲਣਾ ਪਿਆ। 1531 ਈ. ਤੱਕ ਸ਼ੇਰ ਖਾਂ ਸਾਰੇ ਬਿਹਾਰ ਦਾ ਮਾਲਿਕ ਬਣ ਗਿਆ ਅਤੇ ਉਸ ਨੇ ਚੁਨਾਰ ਦੇ ਦੁਰਗ 'ਤੇ ਅਧਿਕਾਰ ਕਰ ਲਿਆ ਸੀ। ਜਦੋਂ ਹੁਮਾਯੂੰ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਚੁਨਾਰ ਨੂੰ ਘੇਰਾ ਪਾਉਣ ਲਈ ਇਕ ਸੈਨਾ ਭੇਜੀ। ਸ਼ੇਰ ਖਾਂ ਬਹੁਤ ਚਲਾਕ ਸੀ, ਉਸ ਨੇ ਹੁਮਾਯੂੰ ਦੇ ਅੱਗੇ ਹਥਿਆਰ ਸੁੱਟ ਦਿੱਤੇ। ਉਹ ਸਮਰਾਟ ਦੇ ਨਾਮ ਦਾ ਖੁਤਬਾ ਪੜ੍ਹਨ ਨੂੰ ਤਿਆਰ ਹੋ ਗਿਆ ਅਤੇ ਉਸ ਦੇ ਨਾਮ ਦੇ ਸਿੱਕੇ ਜਾਰੀ ਕਰਨ ਲਈ ਰਾਜ਼ੀ ਹੋ ਗਿਆ। ਹੁਮਾਯੂੰ ਨੇ ਇਹ ਸਾਰੀਆਂ ਸ਼ਰਤਾਂ ਮੰਨ ਲਈਆਂ ਅਤੇ ਸ਼ੇਰ ਖਾਂ ਨਾਲ ਸੰਧੀ ਕਰ ਲਈ। ਡਾ. ਈਸ਼ਵਰੀ ਪ੍ਰਸ਼ਾਦ ਦਾ ਵਿਚਾਰ ਹੈ ਕਿ ਇਹ ਹੁਮਾਯੂੰ ਦੀ ਭੁੱਲ ਸੀ ਕਿ ਉਸ ਨੇ ਸ਼ੇਰ ਖਾਂ ਨੂੰ ਇਹ ਖੁੱਲ੍ਹ ਦਿੱਤੀ, ਕਿਉਂਕਿ ਇਸ ਨਾਲ ਉਸ ਨੇ ਅਤੇ ਅਫਗਾਨ ਪਹਾੜੀਆਂ ਤੋਂ ਪਰ੍ਹੇ ਦੇ ਪ੍ਰਦੇਸ਼ਾਂ ਵਿੱਚ ਇਕ ਰੁਕਾਵਟ ਪੈਦਾ ਹੋ ਗਈ। ਹੁਮਾਯੂੰ ਵੱਲੋਂ ਇਹ ਇਕ ਭਾਰੀ ਭੁੱਲ ਸੀ ਜੋ ਉਹ ਆਪਣੇ ਦੁਸ਼ਮਣ ਦੇ ਸ਼ਬਦਾਂ 'ਤੇ ਵਿਸ਼ਵਾਸ ਕਰ ਬੈਠਾ, ਉਸ ਨੂੰ ਦੁਸ਼ਮਣ ਸ਼ੇਰ ਖਾਂ ਦੇ ਵਿਰੁੱਧ ਲੜਨਾ ਚਾਹੀਦਾ ਸੀ ਅਤੇ ਇਸ ਤਰ੍ਹਾਂ ਉਹ ਦੁਸ਼ਮਣ ਨੂੰ ਕੁਚਲ ਕੇ ਰੱਖ ਦਿੰਦਾ ਪਰ ਹੁਮਾਯੂੰ ਨੇ ਉਸ ਨਾਲ ਸੰਧੀ ਕਰਕੇ ਮੂਰਖਤਾ ਕੀਤੀ। ਇਸ ਨਾਲ ਸ਼ੇਰ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲ ਗਿਆ।

ਸ਼ੇਰ ਖਾਂ ਨੇ ਇਸ ਸਥਿਤੀ ਦਾ ਫਾਇਦਾ ਉਠਾਇਆ। ਉਸ ਨੇ ਨੇੜੇ-ਤੇੜੇ ਦੇ ਮੁਗਲ ਪ੍ਰਦੇਸ਼ਾਂ ਨੂੰ ਜਿੱਤ ਲਿਆ ਅਤੇ ਉਹ ਇੰਨਾ ਸ਼ਕਤੀਸ਼ਾਲੀ ਹੋ ਗਿਆ ਕਿ ਦੂਸਰਿਆਂ ਦੇ ਲਈ ਖਤਰਾ ਬਣ ਗਿਆ। ਉਸ ਨੇ ਗੌੜ 'ਤੇ ਵੀ ਅਧਿਕਾਰ ਕਰ ਲਿਆ। ਹੁਮਾਯੂੰ ਫਿਰ ਸ਼ੇਰ ਖਾਂ ਦੇ ਵਿਰੁੱਧ ਸੈਨਾ ਲੈ ਕੇ ਚਲਾ ਗਿਆ ਅਤੇ ਪਹਿਲਾਂ ਵਾਂਗ ਫਿਰ ਇਕ ਵਾਰ ਭੁੱਲ ਕੀਤੀ। ਗੌੜ 'ਤੇ ਚੜ੍ਹਾਈ ਕਰਨ ਦੀ ਜਗ੍ਹਾ 'ਤੇ ਇੱਥੇ ਉਸ ਨੂੰ ਵੱਡਾ ਖਜ਼ਾਨਾ ਮਿਲਦਾ, ਉਸ ਨੇ ਪਹਿਲਾਂ ਚੁਨਾਰ ਦਾ ਘੇਰਾ ਪਾਇਆ ਅਤੇ ਇਸ ਤਰ੍ਹਾਂ ਉਸ ਫੰਦੇ ਵਿੱਚ ਫਸ ਗਿਆ ਜੋ ਸ਼ੇਰ ਖਾਂ ਨੇ ਉਸ ਲਈ ਲਗਾਇਆ ਹੋਇਆ ਸੀ। ਹੁਮਾਯੂੰ ਨੇ ਯੁੱਧ ਨੀਤੀ ਦੀ ਇਹ ਭੁੱਲ ਕਰਕੇ ਬਹੁਤ ਨੁਕਸਾਨ ਉਠਾਇਆ। ਭਾਰੀ ਖਜ਼ਾਨਾ ਸ਼ੇਰ ਖਾਂ ਦੇ ਹੱਥ ਚਲਾ ਗਿਆ। ਇਸ ਤਰ੍ਹਾਂ ਉਸ ਦੇ ਸਾਧਨ ਬਹੁਤ ਹੱਦ ਤੱਕ ਵੱਧ ਗਏ। ਗੌੜ ਦੀ ਜਿੱਤ ਤੋਂ ਬਾਅਦ ਹੁਮਾਯੂੰ ਨੇ ਇਹ ਭੁੱਲ ਕੀਤੀ ਕਿ ਉਹ ਉਥੇ ਗੌੜ ਵਿੱਚ ਹੀ ਰੰਗਰਲੀਆਂ ਮਨਾਉਣ ਅਤੇ ਆਰਾਮ ਕਰਨ ਬੈਠ ਗਿਆ।

**ਨੋਟ**

ਉਸ ਨੇ ਅਫੀਮੀਆਂ ਵਾਂਗ ਸੁੱਖ ਦੇ ਸੁਪਨੇ ਲੈਣ ਵਿੱਚ ਆਪਣਾ ਸਮਾਂ ਬਰਬਾਦ ਕਰਨਾ ਆਰੰਭ ਕਰ ਦਿੱਤਾ ਜੋ ਉਸ ਨੂੰ ਦੁਸ਼ਮਣ ਦੇ ਵਿਰੁੱਧ ਲੜਨ ਵਿੱਚ ਲਗਾਉਣਾ ਚਾਹੀਦਾ ਸੀ।

ਚੌਸਾ ਦੀ ਲੜਾਈ ਤੋਂ ਪਹਿਲਾਂ ਹੁਮਾਯੂੰ ਨੇ ਇਕ ਭਾਰੀ ਭੁੱਲ ਕੀਤੀ, ਉਸ ਨੇ ਸ਼ੇਰ ਖਾਂ ਦੀ ਸੈਨਾ 'ਤੇ ਹਮਲਾ ਕੀਤਾ, ਜਦੋਂ ਇਹ ਅਜੇ ਆਈ ਹੀ ਸੀ ਅਤੇ ਯਾਤਰਾ ਤੋਂ ਥੱਕੀ ਹੋਈ ਸੀ, ਜਦੋਂ ਕਿ ਹੁਮਾਯੂੰ ਦੀ ਆਪਣੀ ਸੈਨਾ ਪੂਰੀ ਤਰ੍ਹਾਂ ਤਿਆਰ ਅਤੇ ਤਾਜ਼ਾ ਸੀ। ਹੁਮਾਯੂੰ ਵੱਲੋਂ ਇਸ ਤਰ੍ਹਾਂ ਦੀ ਢਿੱਲ ਨੇ ਸ਼ੇਰ ਖਾਂ ਨੂੰ ਕਾਫੀ ਮੌਕਾ ਦੇ ਦਿੱਤਾ, ਇਸ ਵਿੱਚ ਉਹ ਆਪਣੇ ਪੱਖ ਨੂੰ ਦ੍ਰਿੜ ਕਰ ਲਵੇ ਅਤੇ ਆਪਣੀ ਸੈਨਾ ਜ਼ਿਆਦਾ ਵਧਾ ਲਵੇ। ਇਸ ਤਰ੍ਹਾਂ ਹੁਮਾਯੂੰ ਚੌਸਾ ਦੀ ਲੜਾਈ ਹਾਰ ਗਿਆ।

ਚੌਸਾ ਦੀ ਜਿੱਤ ਨੇ ਸ਼ੇਰ ਖਾਂ ਦਾ ਹੌਂਸਲਾ ਬਹੁਤ ਵਧਾ ਦਿੱਤਾ। ਸ਼ੇਰ ਖਾਂ ਨੇ ਆਪਣੇ ਆਪ ਨੂੰ ਰਾਜਾ ਐਲਾਨ ਦਿੱਤਾ ਅਤੇ ਉਹ ਹੁਮਾਯੂੰ ਨਾਲ ਲੜਨ ਲਈ ਕਨੌਜ ਦੀ ਸੈਨਾ ਲੈ ਆਇਆ। ਹੁਮਾਯੂੰ ਨੇ ਫਿਰ ਭੁੱਲ ਕੀਤੀ ਕਿ ਇਹ ਜਾਣਦੇ ਹੋਏ ਵੀ ਉਸ ਦੇ ਪੱਖ ਦੇ ਸੈਨਿਕ ਪ੍ਰਤੀ ਦਿਨ ਉਸ ਨੂੰ ਛੱਡ ਕੇ ਭੱਜ ਜਾਂਦੇ ਹਨ, ਉਸ ਨੇ ਤੁਰੰਤ ਯੁੱਧ ਦਾ ਖਤਰਾ ਨਹੀਂ ਲਿਆ। ਨਤੀਜਾ ਇਹ ਹੋਇਆ ਕਿ ਉਸ ਦਾ ਪੱਖ ਬਹੁਤ ਕਮਜ਼ੋਰ ਹੋ ਗਿਆ ਅਤੇ ਉਸ ਨੇ ਸੈਨਿਕ ਵਿਸ਼ਵਾਸ ਗੁਆ ਦਿੱਤਾ। ਜਦੋਂ ਅਫਗਾਨਾਂ ਨੇ ਉਸ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਸੈਨਿਕ ਯੁੱਧ ਭੂਮੀ ਤੋਂ ਭੱਜ ਗਏ। ਇਸ ਤਰ੍ਹਾਂ ਹੁਮਾਯੂੰ ਉਥੇ ਪ੍ਰਦੇਸ਼ੀ ਬਣ ਕੇ ਰਹਿ ਗਿਆ।

ਅਤੇ ਇਹ ਹੁਮਾਯੂੰ ਦੀਆਂ ਆਪਣੀਆਂ ਹੀ ਭੁੱਲਾਂ ਸਨ, ਜਿਨ੍ਹਾਂ ਦੇ ਕਾਰਨ ਉਹ ਅਸਲ ਵਿੱਚ ਖਤਮ ਹੋਇਆ ਅਤੇ ਇਸ ਕਥਨ ਵਿੱਚ ਕਾਫੀ ਸੱਚਾਈ ਹੈ ਕਿ "ਹੁਮਾਯੂੰ ਦਾ ਸਭ ਤੋਂ ਵੱਡਾ ਦੁਸ਼ਮਣ ਉਹ ਖੁਦ ਹੀ ਸੀ।" (The worst enemy of Humayun was he himself)। ਪਰ ਹੁਮਾਯੂੰ ਨੂੰ ਹੀ ਉਸ ਦੀ ਅਸਫਲਤਾ ਦਾ ਜ਼ਿੰਮੇਵਾਰ ਠਹਿਰਾਉਣਾ ਸਹੀ ਹੋਵੇਗਾ। ਕਈ ਹੋਰ ਗੱਲਾਂ ਵੀ ਹੋਈਆਂ, ਜਿਨ੍ਹਾਂ ਲਈ ਹੁਮਾਯੂੰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਸਭ ਤੋਂ ਪਹਿਲਾਂ ਹੁਮਾਯੂੰ ਨੂੰ ਵੱਡੀਆਂ-ਵੱਡੀਆਂ ਕਠਿਨਾਈਆਂ ਬਾਬਰ ਤੋਂ ਬਪੌਤੀ ਵਿੱਚ ਮਿਲੀਆਂ ਸਨ, ਜਿਵੇਂ ਇਕ ਢਿੱਲਾ ਰਾਜ, ਬੇਭਰੋਸੇਯੋਗ ਸੈਨਾ ਅਤੇ ਖਾਲੀ ਖਜ਼ਾਨਾ। ਦੂਸਰਾ ਹੁਮਾਯੂੰ ਦੇ ਭਰਾਵਾਂ, ਸੈਨਿਕਾਂ ਅਤੇ ਸਰਦਾਰਾਂ ਨੇ ਵੀ ਉਸ 'ਤੇ ਵਿਸ਼ਵਾਸ ਕੀਤਾ। ਸਭ ਤੋਂ ਵੱਡੀ ਗੱਲ ਇਹ ਕਿ ਹੁਮਾਯੂੰ ਨੂੰ ਬਹਾਦੁਰ ਸ਼ਾਹ ਅਤੇ ਸ਼ੇਰ ਖਾਂ ਵਰਗੇ ਦੁਸ਼ਮਣਾਂ ਨਾਲ ਲੜਨਾ ਪਿਆ ਤਾਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੁਮਾਯੂੰ ਦੀਆਂ ਆਪਣੀਆਂ ਤਰੁਟੀਆਂ ਅਤੇ ਭੁੱਲਾਂ ਵੀ ਇਸ ਗੱਲ ਦੇ ਲਈ ਬਹੁਤ ਜ਼ਿੰਮੇਵਾਰੀ ਬਣੀਆਂ ਜੋ ਕਿ ਉਸ ਨੂੰ ਅੰਤ ਵਿੱਚ ਭਾਰਤ ਛੱਡ ਕੇ ਦੌੜਨਾ ਪਿਆ।

## 9.2 ਹੁਮਾਯੂੰ ਦੀ ਵਾਪਸੀ (Comeback of Humayun)

**ਸਿੰਧ ਦੇ ਪਲਾਇਨ-** ਅੰਤ ਵਿੱਚ ਹਾਰ ਕੇ ਹੁਮਾਯੂੰ ਨੇ ਸਿੰਧ ਨੂੰ ਦੌੜ ਜਾਣ ਦਾ ਫੈਸਲਾ ਕੀਤਾ। ਪਹਿਲਾਂ ਉਹ ਆਗਰਾ ਗਿਆ ਪਰ ਉਸ ਦਾ ਮਨ ਬਦਲ ਗਿਆ ਅਤੇ ਉਹ ਵਾਪਸ ਆ ਗਿਆ । ਉਦੋਂ ਉਹ ਕਸ਼ਮੀਰ ਜਾਣਾ ਚਾਹੁੰਦਾ ਸੀ ਪਰ ਉਸ ਦੇ ਭਰਾ ਕਾਮਰਾਨ ਨੇ ਉਸ ਦਾ ਰਸਤਾ ਰੋਕ ਦਿੱਤਾ। ਇਸ ਤਰ੍ਹਾਂ ਅੰਤ ਵਿੱਚ ਹੁਮਾਯੂੰ ਸਿੰਧ ਨੂੰ ਚਲਾ ਗਿਆ।

ਸਿੰਧ ਪਹੁੰਚ ਕੇ ਹੁਮਾਯੂੰ ਨੂੰ ਮਾਰਵਾੜ ਦੇ ਰਾਵਲ ਮਾਲਦੇਵ ਦਾ ਸੱਦਾ ਮਿਲਿਆ। ਉਸ ਨੇ ਇਸ ਨੂੰ ਸਵੀਕਾਰ ਕਰ ਲਿਆ ਅਤੇ ਮਾਰਵਾੜ ਵੱਲ ਚੱਲ ਪਿਆ, ਉਹ ਰਸਤੇ ਵਿੱਚ ਹੀ ਸੀ ਕਿ ਜਦੋਂ ਉਸ ਨੂੰ ਸੂਚਨਾ ਮਿਲੀ ਕਿ ਮਾਲਦੇਵ ਉਸ ਦਾ ਸ਼ੁੱਭ ਚਿੰਤਕ ਨਹੀਂ ਹੈ। ਉਹ ਹੁਮਾਯੂੰ ਨੂੰ ਬੰਦੀ ਬਣਾ ਕੇ ਜੇਤੂ ਸ਼ੇਰ ਸ਼ਾਹ ਦੇ ਹੱਥਾਂ ਵਿੱਚ ਸੌਂਪਣਾ ਚਾਹੁੰਦਾ ਹੈ। ਮਾਲਦੇਵ ਸ਼ੇਰ ਸ਼ਾਹ ਦੀ ਕ੍ਰਿਪਾ ਪ੍ਰਾਪਤ ਕਰਨਾ ਚਾਹੁੰਦਾ ਸੀ। ਜਦੋਂ ਹੁਮਾਯੂੰ ਨੂੰ ਇਹ ਪਤਾ ਲੱਗਾ ਤਾਂ ਉਸ ਦੇ ਕੋਲ ਸਿੰਧ ਨੂੰ ਪਰਤ ਜਾਣ ਤੋਂ ਇਲਾਵਾ ਹੋਰ ਕੀ ਚਾਰਾ ਸੀ।

**ਭਾਰਤ ਤੋਂ ਬਾਹਰ ਫਾਰਸ ਵਿੱਚ-** ਹੁਮਾਯੂੰ ਨੇ ਆਪਣੇ ਭਰਾ ਕਾਮਰਾਨ ਤੋਂ ਸਹਾਇਤਾ ਪ੍ਰਾਪਤ ਕਰਨ ਦਾ ਯਤਨ ਕੀਤਾ। ਕਾਮਰਾਨ ਨੇ ਨਾ ਕੇਵਲ ਉਸ ਦੀ ਸਹਾਇਤਾ ਨਹੀਂ ਕੀਤੀ, ਸਗੋਂ ਉਹ ਉਸ ਨੂੰ ਫੜ੍ਹ ਕੇ ਸ਼ੇਰ ਸ਼ਾਹ ਦੇ ਹੱਥਾਂ ਵਿੱਚ ਸੌਂਪਣਾ ਚਾਹੁੰਦਾ ਸੀ। ਉਦੋਂ ਉਸ ਨੂੰ ਇੱਥੋਂ ਵੀ ਭੱਜਣਾ ਪਿਆ। ਹੁਮਾਯੂੰ ਨੇ ਅਮਰ ਕੋਟ ਦੇ ਰਾਜੇ ਕੋਲ ਸ਼ਰਨ ਲਈ ਪਰ ਇੱਥੇ ਵੀ ਜਦੋਂ ਉਸ ਨੂੰ ਪ੍ਰਤੀਕੂਲ ਸਥਿਤੀ ਦਾ ਅਹਿਸਾਸ ਹੋਇਆ ਤਾਂ ਉਸ ਨੇ ਭਾਰ ਛੱਡ ਕੇ ਫਾਰਸ ਜਾਣ ਦਾ ਫੈਸਲਾ ਕਰ ਲਿਆ।

**ਫਾਰਸ ਦੇ ਸ਼ਾਹ ਤਾਹਮਸਪ (Tahmasp)** ਨੇ ਉਸ ਦਾ ਮਿੱਤਰਤਾ ਭਰਪੂਰ ਸਵਾਗਤ ਕੀਤਾ ਅਤੇ ਦੋ ਸ਼ਰਤਾਂ 'ਤੇ ਉਸ ਦੀ ਸਹਾਇਤਾ ਕਰਨਾ ਸਵੀਕਾਰ ਕਰ ਲਿਆ। ਪਹਿਲੀ ਤਾਂ ਇਹ ਕਿ ਹੁਮਾਯੂੰ ਸ਼ੀਆ ਧਰਮ ਗ੍ਰਹਿਣ ਕਰ ਲਵੇ, ਦੂਸਰੀ ਇਹ ਕਿ ਸ਼ਾਹ ਹੁਮਾਯੂੰ ਨੂੰ 14,000 ਸੈਨਾ ਦੇਵੇਗਾ। ਜੇਕਰ ਉਹ ਸ਼ਾਹ ਦੇ ਲਈ ਕੰਧਾਰ ਜਿੱਤ ਲਵੇ। ਹੁਮਾਯੂੰ ਨੇ ਦੋਵੇਂ ਗੱਲਾਂ ਮੰਨ ਲਈਆਂ। ਉਦੋਂ ਹੁਮਾਯੂੰ ਅਤੇ ਸ਼ਾਹ ਲੰਗੋਟੀਆ ਦੋਸਤ (ਗਹਿਰੇ ਮਿੱਤਰ) ਬਣ ਗਏ।

ਇਰਾਨੀ ਸੈਨਿਕਾਂ ਦੀ ਸਹਾਇਤਾ ਨਾਲ ਹੁਮਾਯੂੰ ਕੰਧਾਰ ਜਿੱਤਣ ਵਿੱਚ ਸਫਲ ਹੋ ਗਿਆ। ਆਪਣੇ ਵਚਨ ਅਨੁਸਾਰ ਹੁਮਾਯੂੰ ਨੇ ਕੰਧਾਰ ਸ਼ਾਹ ਨੂੰ ਸੌਂਪ ਦਿੱਤਾ। ਜਦੋਂ ਤਾਹਮਸਪ ਦਾ ਦੇਹਾਂਤ ਹੋ ਗਿਆ ਤਾਂ ਹੁਮਾਯੂੰ ਨੇ ਕੰਧਾਰ 'ਤੇ ਆਪਣਾ ਅਧਿਕਾਰ ਜਮਾ ਲਿਆ। 1544 ਈ. ਦੇ ਅੰਤ ਵਿੱਚ ਉਸ ਨੇ ਕਾਬੁਲ ਨੂੰ ਵੀ ਆਪਣੇ ਰਾਜ ਵਿੱਚ ਮਿਲਾ ਲਿਆ। ਉਸ ਦੇ ਭਰਾ ਕਾਮਰਾਨ ਨੂੰ ਭੱਜਣਾ ਪਿਆ ਅਤੇ ਉਸ ਨੇ ਵੀ ਸਿੰਧ ਵਿੱਚ ਸ਼ਰਨ ਲਈ।

ਨੋਟ

**ਹੁਮਾਯੂੰ ਅਤੇ ਉਸ ਦੇ ਭਰਾ-** ਕਾਬੁਲ ਅਤੇ ਕੰਧਾਰ ਜਿੱਤਣ ਤੋਂ ਬਾਅਦ ਹੁਮਾਯੂੰ ਬਿਮਾਰ ਪੈ ਗਿਆ। ਉਸ ਦੀਆਂ ਕਠਿਨਾਈਆਂ ਫਿਰ ਆਰੰਭ ਹੋ ਗਈਆਂ। ਹੁਮਾਯੂੰ ਅਤੇ ਉਸ ਦੇ ਭਰਾ ਕਾਮਰਾਨ ਨੇ ਲਗਾਤਾਰ ਕਈ ਵਾਰ ਕਾਬੁਲ ਇਕ-ਦੂਸਰੇ ਕੋਲੋਂ ਜਿੱਤਿਆ, ਹਾਰਿਆ ਅਤੇ ਫਿਰ ਜਿੱਤਿਆ। ਹੁਮਾਯੂੰ ਦੀ ਬਿਮਾਰ ਸਥਿਤੀ ਦਾ ਲਾਭ ਉਠਾ ਕੇ ਕਾਮਰਾਨ ਨੇ ਜ਼ੋਰਦਾਰ ਹਮਲਾ ਕਰਕੇ 1546 ਈ. ਵਿੱਚ ਕਾਬੁਲ 'ਤੇ ਅਧਿਕਾਰ ਕਰ ਲਿਆ। ਚੋਟ 'ਤੇ ਚੋਟ ਇਹ ਪਈ ਕਿ ਹੁਮਾਯੂੰ ਦੇ ਅਨੁਯਾਈ ਵੀ ਬਿਮਾਰ ਸਥਿਤੀ ਵਿੱਚ ਉਸ ਦਾ ਸਾਥ ਛੱਡ ਗਏ। ਦੁਬਾਰਾ ਸਿਹਤਮੰਦ ਹੋਣ 'ਤੇ ਹੁਮਾਯੂੰ ਨੇ ਘੇਰਾ ਪਾ ਕੇ 1547 ਈ. ਵਿੱਚ ਕਾਬੁਲ 'ਤੇ ਫਿਰ ਤੋਂ ਅਧਿਕਾਰ ਕਰ ਲਿਆ। ਕਾਮਰਾਨ ਕਿਸੇ ਤਰ੍ਹਾਂ ਨਿਕਲ ਗਿਆ। ਇਕ ਸਾਲ ਤੋਂ ਬਾਅਦ ਆਪਣੀ ਗੁਪਤ ਸੈਨਿਕ ਚਤੁਰਾਈ ਨਾਲ ਕਾਮਰਾਨ ਨੇ ਕਾਬੁਲ ਨੂੰ ਫਿਰ ਆਪਣੇ ਕਬਜ਼ੇ ਵਿੱਚ ਲੈ ਲਿਆ। ਹੁਮਾਯੂੰ ਨੂੰ ਬਹੁਤ ਗੁੱਸਾ ਆਇਆ, ਉਸ ਨੇ ਕਾਮਰਾਨ ਨੂੰ ਹਰਾ ਕੇ ਕਾਬੁਲ ਫਿਰ ਤੋਂ ਜਿੱਤ ਲਿਆ ਤਾਂ ਵੀ ਆਪਣੇ ਭਰਾ ਕਾਮਰਾਨ ਨੂੰ ਉਸ ਨੂੰ ਮੁਆਫ ਕਰ ਦਿੱਤਾ। ਅਗਲੇ ਸਾਲ 1549 ਈ. ਵਿੱਚ ਕਾਮਰਾਨ ਨੇ ਕਿਸੇ ਤਰ੍ਹਾਂ ਫਿਰ ਕਾਬੁਲ ਨੂੰ ਆਪਣੇ ਅਧਿਕਾਰ ਵਿੱਚ ਲੈ ਲਿਆ। ਇਕ ਵਾਰ ਫਿਰ ਹੁਮਾਯੂੰ ਨੇ ਫਿਰ ਕਾਬੁਲ ਲਈ ਯੁੱਧ ਕੀਤਾ, ਉਹ ਸਫਲ ਤਾਂ ਹੋਇਆ ਪਰ ਇਸ ਵਾਰ ਯੁੱਧ ਵਿਕਟ ਸੀ। ਹੁਮਾਯੂੰ ਜ਼ਖ਼ਮੀ ਹੋ ਗਿਆ, ਇਸ ਵਾਰ ਉਸ ਨੇ ਕਾਮਰਾਨ ਨੂੰ ਮੁਆਫ ਨਹੀਂ ਕੀਤਾ, ਉਸ ਦੀਆਂ ਅੱਖਾਂ ਕਢਵਾ ਦਿੱਤੀਆਂ ਗਈਆਂ, ਉਦੋਂ ਕਾਮਰਾਨ ਅੰਨ੍ਹਾ ਹੋ ਕੇ ਮੱਕੇ ਨੂੰ ਚਲਾ ਗਿਆ। ਇੱਥੇ ਉਹ 1557 ਈ. ਵਿੱਚ ਮਰ ਗਿਆ।

ਇਸ ਦੌਰਾਨ ਹੁਮਾਯੂੰ ਦਾ ਛੋਟਾ ਭਰਾ ਹਿੰਦਾਲ ਮਾਰਿਆ ਗਿਆ। ਹੁਮਾਯੂੰ ਦਾ ਇਕ ਹੋਰ ਭਰਾ ਅਸਕਰੀ ਵੀ ਮੱਕੇ ਭੇਜਿਆ ਗਿਆ। ਇਹ ਠੀਕ ਪਤਾ ਨਹੀਂ ਹੈ ਕਿ ਮੱਕੇ ਵਿੱਚ ਉਸ 'ਤੇ ਕੀ ਬੀਤੀ। ਕੇਵਲ ਇਹੀ ਪਤਾ ਹੈ ਕਿ ਉਹ ਮੱਕੇ ਤੋਂ ਕਦੇ ਨਹੀਂ ਪਰਤਿਆ।

**ਯੋਗ ਮੌਕੇ ਦਾ ਇੰਤਜ਼ਾਰ-** ਕਾਬੁਲ ਅਤੇ ਕੰਧਾਰ 'ਤੇ ਸਥਾਈ ਅਧਿਕਾਰ ਜਮਾ ਲੈਣ ਨਾਲ ਹੁਮਾਯੂੰ ਦੀ ਸਥਿਤੀ ਵਿੱਚ ਕੁਝ ਟਿਕਾਊਪਣ ਆ ਗਿਆ ਪਰ ਅਜੇ ਵੀ ਉਸ ਦੇ ਲਈ ਉਪਯੁਕਤ ਸਮਾਂ ਨਹੀਂ ਆਇਆ ਸੀ ਕਿ ਉਹ ਭਾਰਤ 'ਤੇ ਹਮਲਾ ਕਰਕੇ ਆਪਣੇ ਗਵਾਚੀ ਹੋਈ ਕਿਸਮਤ ਫਿਰ ਤੋਂ ਪ੍ਰਾਪਤ ਕਰਦਾ। ਇਸ ਲਈ ਉਸ ਨੇ ਸ਼ਾਂਤ ਪਰ ਸੁਚੇਤ ਇੰਤਜ਼ਾਰ ਕਰਨ ਦੀ ਨੀਤੀ ਅਪਨਾਈ।

ਇਸ ਦੌਰਾਨ ਸੂਰਵੰਸ਼ ਵਿੱਚ ਕੁਝ ਘਟਨਾਵਾਂ ਵਾਪਰ ਰਹੀਆਂ ਸਨ ਜੋ ਹੁਮਾਯੂੰ ਦੇ ਹਿੱਤ ਵਿੱਚ ਲਾਭਕਾਰੀ ਸਨ। ਸ਼ੇਰ ਸ਼ਾਹ ਸੂਰੀ 1545 ਈ. ਵਿੱਚ ਮਰ ਗਿਆ। ਸ਼ੇਰ ਸ਼ਾਹ ਦਾ ਪੁੱਤਰ ਇਸਲਾਮ ਸ਼ਾਹ ਸੂਰ ਉਸ ਦਾ ਉਤਰਾਧਿਕਾਰੀ ਬਣਿਆ ਪਰ ਉਸ ਦੀ ਕਿਸਮਤ ਵਿੱਚ ਜ਼ਿਆਦਾ ਦਿਨ ਰਾਜ ਕਰਨਾ ਨਹੀਂ ਸੀ। ਇਸ ਦਾ ਰਾਜ ਕੁੱਲ 8 ਸਾਲ ਬਾਅਦ 1553 ਵਿੱਚ ਖਤਮ ਹੋ ਗਿਆ। ਇਸਲਾਮ ਸ਼ਾਹ ਤੋਂ ਬਾਅਦ ਮੁਹੰਮਦ ਅਲੀ ਸ਼ਾਹ ਨੇ ਗੱਦੀ ਸੰਭਾਲੀ। ਨਵਾਂ ਸ਼ਾਸਕ ਅਤਿਅੰਤ ਵਿਲਾਸੀ ਸੀ ਅਤੇ ਸਾਰੇ ਤਰ੍ਹਾਂ ਦੇ ਸੰਸਾਰਿਕ ਦੋਸ਼ ਉਸ ਵਿੱਚ ਮੌਜੂਦ ਸਨ। ਸਰਕਾਰ ਦਾ ਸਾਰਾ ਕਾਰਜ ਭਾਰ ਹੇਮੂ ਨਾਮਕ ਮੰਤਰੀ 'ਤੇ ਛੱਡਿਆ ਹੋਇਆ ਸੀ। ਸੂਰ ਸਾਮਰਾਜ ਦੀ ਸਥਿਤੀ ਦਿਨੋਂ-ਦਿਨ ਵਿਗੜਦੀ ਜਾ ਰਹੀ ਸੀ।

*ਕੀ ਤੁਸੀਂ ਜਾਣਦੇ ਹੋ*

ਮੁਹੰਮਦ ਅਲੀ ਸ਼ਾਹ ਦੇ ਅਧਿਕਾਰਾਂ ਨੂੰ ਸਿਕੰਦਰ ਸ਼ਾਹ ਅਤੇ ਇਬਰਾਹਿਮ ਸ਼ਾਹ ਨੇ ਚੁਣੌਤੀ ਦਿੱਤੀ। ਇਹ ਇਕ ਨੇੜਲੇ ਭਵਿੱਖ ਹੋਣ ਵਾਲੇ ਖ਼ੂਨ-ਖਰਾਬੇ ਵਾਲੇ ਯੁੱਧ ਦਾ ਇੰਗਿਤ ਮਾਤਰ ਸੀ ਜੋ ਕਿ ਜਲਦੀ ਹੀ ਆਰੰਭ ਹੋ ਗਿਆ। ਸੂਰ ਵੰਸ਼ ਦੇ ਬਾਬਰੀ ਦੇ ਦਾਅਵੇਦਾਰਾਂ ਵਿੱਚ ਗ੍ਰਹਿ ਯੁੱਧ ਹੀ ਅੰਤ ਵਿੱਚ ਸੂਰ ਸਾਮਰਾਜ ਦੇ ਖਾਤਮੇ ਦਾ ਕਾਰਨ ਬਣਿਆ। ਇਸ ਤਰ੍ਹਾਂ ਸੂਰ ਵੰਸ਼ ਜਿਸ ਦਾ ਆਰੰਭ ਬਹੁਤ ਸੁੰਦਰ ਢੰਗ ਨਾਲ ਹੋਇਆ ਸੀ, ਇੰਨੇ ਸ਼ਰਮਨਾਕ ਢੰਗ ਨਾਲ ਖਤਮ ਹੋ ਗਿਆ।

**ਕਰਤਵ ਦਾ ਸਮੇਂ-** ਹੁਣ ਹੁਮਾਯੂੰ ਦੇ ਕਰਤਵ ਦਾ ਸਮਾਂ ਆ ਗਿਆ ਸੀ। ਉਸ ਨੇ ਹਮਲੇ ਦੀ ਤਿਆਰੀ ਕੀਤੀ ਅਤੇ 1554 ਈ. ਤੱਕ ਪੇਸ਼ਾਵਰ ਪਹੁੰਚਣ ਲਈ ਚੱਲ ਪਿਆ। ਅਗਲੇ ਸਾਲ ਫਰਵਰੀ ਵਿੱਚ ਉਸ ਨੇ ਤੇਜ਼ ਹਮਲੇ ਕਰਕੇ ਲਾਹੌਰ 'ਤੇ ਅਧਿਕਾਰ ਕਰ ਲਿਆ। ਅਗਲੇ ਮਹੀਨੇ, ਮਾਰਚ 1555 ਈ. ਵਿੱਚ ਦੀਲਾਪੁਰ ਦਾ ਖਾਤਮਾ ਹੋਇਆ। 1555 ਈ. ਦੇ ਮਈ ਮਹੀਨੇ ਵਿੱਚ ਮੁਗਲਾਂ ਅਤੇ ਅਫਗਾਨਾਂ ਦਾ ਘੋਰ ਯੁੱਧ ਹੋਇਆ, ਜਿਸ ਵਿੱਚ ਮੁਗਲ ਜੇਤੂ ਰਿਹਾ। ਸਰਹਿੰਦ ਦੇ ਯੁੱਧ ਵਿੱਚ ਹੁਮਾਯੂੰ ਦੀਆਂ ਸੈਨਾਵਾਂ ਨੇ ਸਿਕੰਦਰ ਸੂਰ ਨੂੰ ਹਰਾ ਦਿੱਤਾ। ਇਹ ਜੂਨ 1555 ਈ. ਦੀ ਗੱਲ ਹੈ। ਸਿਕੰਦਰ ਸੂਰ ਭੱਜ ਗਿਆ ਅਤੇ ਪੰਜਾਬ ਦੀਆਂ ਪਹਾੜੀਆਂ ਵਿੱਚ ਜਾ ਕੇ ਲੁੱਕ ਗਿਆ।

**ਹੁਮਾਯੂੰ ਦਾ ਦਿੱਲੀ ਵਿੱਚ ਪ੍ਰਵੇਸ਼-** ਲੱਗਭਗ 15 ਸਾਲ ਤੋਂ ਬਾਅਦ ਜੁਲਾਈ 1555 ਈ. ਵਿੱਚ ਹੁਮਾਯੂੰ ਨੇ ਵਿਜੇ ਘੋਸ਼ ਦੇ ਨਾਲ ਠਾਠ-ਬਾਠ ਨਾਲ ਦਿੱਲੀ ਵਿੱਚ ਪ੍ਰਵੇਸ਼ ਕੀਤਾ। ਸਿਕੰਦਰ ਸੂਰ ਤੋਂ ਬਾਅਦ ਹੁਮਾਯੂੰ ਦੇ ਪੁੱਤਰ ਅਕਬਰ ਨੇ ਸ਼ਾਸਨ ਸੰਭਾਲਿਆ ਜੋ ਕਿ ਸ਼ਾਸਨ ਦੇ ਮਹਾਨ ਸ਼ਾਸਕਾਂ ਵਿੱਚੋਂ ਇਕ ਮੰਨਿਆ ਗਿਆ। ਬਦਕਿਸਮਤੀ ਨਾਲ ਹੁਮਾਯੂੰ ਆਪਣੀ ਸਫਲਤਾ ਦਾ ਪ੍ਰਸ਼ਾਦ ਬਹੁਤ ਸਮੇਂ ਤੱਕ ਨਾ ਲੈ ਸਕਿਆ। ਜਨਵਰੀ 1556 ਈ. ਵਿੱਚ ਸਮੇਂ ਦੇ ਕਰੂਰ ਹੱਥ ਹੁਮਾਯੂੰ 'ਤੇ ਵੀ ਪਏ ਅਤੇ ਉਸ ਨੂੰ ਆਪਣੀ ਪ੍ਰਜਾ ਕੋਲੋਂ ਖੋਹ ਕੇ ਲੈ ਗਏ। ਦੀਨ ਪਨਾਹ ਤੋਂ ਡਿੱਗ ਕੇ ਉਸ ਦਾ ਦੇਹਾਂਤ ਹੋ ਗਿਆ।

**ਸਵ-ਮੁਲਾਂਕਣ (Self Assessment)**

ਨੋਟ

1. ਖਾਲੀ ਥਾਵਾਂ ਭਰੋ (Fill in the blanks):
   (i) ਹੁਮਾਯੂੰ ...................... ਵਿੱਚ ਸਿੰਘਾਸਨ 'ਤੇ ਬੈਠਿਆ।
   (ii) ਬਾਬਰ ਨੇ ....................... ਨੂੰ ਪਾਨੀਪਤ ਅਤੇ ਘਾਗਰਾ ਦੀਆਂ ਲੜਾਈਆਂ ਵਿੱਚ ਹਰਾ ਦਿੱਤਾ ਸੀ।
   (iii) .......................... ਤੱਕ ਸ਼ੇਰ ਖਾਂ ਸਾਰੇ ਵਿਹਾਰ ਦਾ ਮਾਲਿਕ ਬਣ ਗਿਆ ਸੀ।
   (iv) ਸਿਕੰਦਰ ਸੂਰ ਤੋਂ ਬਾਅਦ ਹੁਮਾਯੂੰ ਦੇ ਪੁੱਤਰ ਨੇ ............................ ਸ਼ਾਸਨ ਸੰਭਾਲਿਆ।
   (v) ਕਾਮਰਾਨ ਦੀ ਮੌਤ ........................ ਨਾਲ ਹੋਈ।

## 9.3 ਹੁਮਾਯੂੰ ਦੀ ਅਸਫਲਤਾ ਦੇ ਕਾਰਨ (Causes of Unsuccessfulness of Humayun)

**(i) ਹੁਮਾਯੂੰ ਦਾ ਵਿਵਹਾਰ ਰਾਜਨੀਤਿਕ-ਦ੍ਰਿੜ ਨਹੀਂ ਸੀ-** ਹੁਮਾਯੂੰ ਦੇ ਵਿਵਹਾਰ ਤੋਂ ਅਜਿਹਾ ਵਾਤਾਵਰਣ ਨਹੀਂ ਬਣ ਸਕਦਾ ਸੀ, ਜਿਸ ਨਾਲ ਸਮਰਾਟ ਪ੍ਰਤੀ ਰਾਜ ਭਗਤੀ ਨੂੰ ਉਤਸ਼ਾਹ ਮਿਲਦਾ। ਮੁਹੰਮਦ ਜਮਾਨ ਮਿਰਜ਼ਾ, ਕਾਮਰਾਨ ਅਤੇ ਹੋਰ ਬਹੁਤ ਸਾਰੇ ਵਿਅਕਤੀਆਂ ਨੂੰ ਅਨੇਕਾਂ ਵਾਰ ਮੁਆਫ ਕੀਤਾ ਗਿਆ, ਜਦ ਕਿ ਉਨ੍ਹਾਂ ਨੇ ਹੁਮਾਯੂੰ ਦੇ ਵਿਰੁੱਧ ਵਾਰ-ਵਾਰ ਵਿਦਰੋਹ ਕੀਤਾ। ਸਧਾਰਣ ਤੌਰ 'ਤੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਸਮਰਾਟ ਉਸ ਵਿਅਕਤੀ ਨੂੰ ਵੀ ਮੁਆਫ ਕਰ ਦਿੰਦੇ ਹਨ, ਜਿਸ ਦਾ ਬੇਭਰੋਸਾ ਹੋਣਾ ਸਿੱਧ ਹੋ ਚੁੱਕਾ ਹੋਵੇ। ਜਿਵੇਂ ਵਿਵਹਾਰ ਤੋਂ ਕੇਵਲ ਵਿਦਰੋਹ ਨੂੰ ਹੀ ਉਤਸ਼ਾਹ ਮਿਲਦਾ ਸੀ ਨਾ ਕਿ ਰਾਜ ਭਗਤੀ ਨੂੰ। ਇਸ ਤਰ੍ਹਾਂ ਹੁਮਾਯੂੰ ਰਾਜਨੀਤਿਕ ਪ੍ਰਕਿਰਤੀ ਦਾ ਵਿਅਕਤੀ ਨਹੀਂ ਸੀ।

**(ii) ਪਹਿਲੀ ਵਾਰ ਦੇ ਸ਼ਾਸਨਕਾਲ ਵਿੱਚ ਬੁੱਧੀ ਕੌਸ਼ਲ ਦਾ ਅਹਿਸਾਸ** (1530-40)- ਜਦੋਂ ਹੁਮਾਯੂੰ ਪਹਿਲੀ ਵਾਰ 1530 ਈ. ਵਿੱਚ ਰਾਜ ਗੱਦੀ 'ਤੇ ਬੈਠਿਆ, ਉਦੋਂ ਉਸ ਨੂੰ ਆਪਣੀ ਪ੍ਰਜਾ ਦਾ ਸਮਰਥਨ ਪ੍ਰਾਪਤ ਕਰਨ ਲਈ ਕੁਝ ਕਰਨਾ ਚਾਹੀਦਾ ਸੀ। ਪਹਿਲਾਂ ਕੁਝ ਅਮੀਰ ਉਸ ਦੇ ਵਿਰੁੱਧ ਹੋ ਗਏ ਸਨ ਅਤੇ ਉਸ ਦੇ ਸਾਲੇ ਦੇ ਪੱਖ ਵਿੱਚ ਸਨ। ਇਸੇ ਸਥਿਤੀ ਵਿੱਚ ਉਸ ਨੂੰ ਆਪਣੀ ਪ੍ਰਜਾ ਦੀ ਭਲਾਈ ਦੇ ਕੰਮ ਕਰਨੇ ਦਾ ਯਤਨ ਕਰਨਾ ਚਾਹੀਦਾ ਸੀ ਪਰ 10 ਸਾਲਾਂ ਵਿੱ ਉਸ ਨੇ ਅਜਿਹਾ ਕੁਝ ਨਹੀਂ ਕੀਤਾ। ਉਹ ਸਾਰਾ ਸਮਾਂ ਯੁੱਧਾਂ ਵਿੱਚ ਹੀ ਫਸਿਆ ਰਿਹਾ। ਨਤੀਜੇ ਵਜੋਂ ਰਾਜ-ਕੋਸ਼ ਭਾਵ ਖਾਲੀ ਹੋ ਚੁੱਕਾ ਸੀ ਅਤੇ ਪ੍ਰਜਾ ਸੰਤੁਸ਼ਟ ਨਹੀਂ ਸੀ। ਇਸ ਤਰ੍ਹਾਂ ਉਹ ਉਨ੍ਹਾਂ ਵਿਅਕਤੀਆਂ ਦਾ ਵੀ ਵਿਸ਼ਵਾਸ ਗੁਆ ਬੈਠਾ ਜੋ ਉਸ ਦੇ ਸਹਾਇਕ ਹੋ ਸਕਦੇ ਸਨ।

**(iii) ਪ੍ਰਕਿਰਤਿਕ ਰੂਪ ਵਿੱਚ ਅਸਥਿਰ ਸੁਭਾਅ-** ਹੁਮਾਯੂੰ ਦਾ ਅਸਥਿਰ ਸੁਭਾਅ ਉਸ ਦੀਆਂ ਅਸਫਲਤਾਵਾਂ ਦਾ ਇਕ ਮੁੱਖ ਕਾਰਨ ਸੀ। ਉਹ ਇਕ ਫੈਸਲਾ ਅਤੇ ਕੰਮ 'ਤੇ ਕਦੇ ਟਿਕ ਨਹੀਂ ਸਕਦਾ ਸੀ। ਉਸ ਦਾ ਮਨ ਹਮੇਸ਼ਾਂ ਡੋਲਦਾ ਰਹਿੰਦਾ ਸੀ। ਇਕ ਪ੍ਰੋਗਰਾਮ ਪੂਰਾ ਹੋਣ ਤੋਂ ਪਹਿਲਾਂ ਹੀ ਉਹ ਦੂਸਰੇ 'ਤੇ ਜੁਟ ਜਾਂਦਾ ਸੀ। ਸਫਲਤਾ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਇਕ ਕੰਮ ਆਰੰਭ ਕਰਕੇ, ਉਸ ਨੂੰ ਪੂਰਾ ਕਰਨ 'ਤੇ ਹੀ ਦੂਸਰਾ ਪ੍ਰੋਗਰਾਮ ਬਣਾਉਣਾ ਚਾਹੀਦਾ ਹੈ। ਪ੍ਰੋਗਰਾਮਾਂ ਵਿੱਚ ਇੱਧਰ ਤੋਂ ਉੱਧਰ ਭਟਕਣ ਦੀ ਨੀਤੀ ਸਫਲਤਾ ਵਿੱਚ ਸਹਾਇਕ ਨਹੀਂ ਹੁੰਦੀ। ਇਹ ਸਥਿਰ ਸੁਭਾਅ ਇਸ ਤਰ੍ਹਾਂ ਹੁਮਾਯੂੰ ਦੇ ਪ੍ਰਗਤੀ ਦੇ ਰਸਤੇ ਵਿੱਚ ਇਕ ਵੱਡੀ ਰੁਕਾਵਟ ਸੀ।

**(iv) ਸ਼ੇਰ ਖਾਂ ਦੇ ਬਾਰੇ ਗਲਤ ਅੰਦਾਜ਼ਾ-** ਹੁਮਾਯੂੰ ਵਿੱਚ ਰਾਜਿਆਂ ਵਰਗਾ ਅੰਦਾਜ਼ੇ ਵਾਲਾ ਕੌਸ਼ਲ ਨਹੀਂ ਸੀ, ਉਹ ਕਿਸੇ ਵਿਅਕਤੀ ਦੇ ਗੁਣ-ਦੋਸ਼ ਅਤੇ ਸਥਿਤੀ ਦੀ ਗੰਭੀਰਤਾ ਸਮਾਂ ਰਹਿੰਦਿਆਂ ਨਹੀਂ ਜਾਣ ਸਕਦਾ ਸੀ। ਸ਼ੇਰ ਖਾਂ ਦੀ ਸ਼ਕਤੀ ਦਾ ਅੰਦਾਜ਼ਾ ਲਗਾਉਣ ਵਿੱਚ ਉਸ ਨੇ ਇਹੀ ਗਲਤੀ ਕੀਤੀ। ਆਰੰਭ ਵਿੱਚ ਸ਼ੇਰ ਖਾਂ ਦੀਆਂ ਗਤੀਵਿਧੀਆਂ ਨੂੰ ਉਸ ਨੇ ਕੋਈ ਮਹੱਤਵ ਨਹੀਂ ਦਿੱਤਾ, ਉਹ ਉਸ ਨੂੰ ਨਕਾਰਦਾ ਰਿਹਾ। ਸ਼ੇਰ ਖਾਂ ਦੀ ਵੱਧਦੀ ਹੋਈ ਸ਼ਕਤੀ ਅਤੇ ਪ੍ਰੋਗਰਾਮਾਂ ਨੂੰ ਕੁਚਲਣ ਵਿੱਚ ਦੇਰੀ ਕਰਨ ਨਾਲ ਹੁਮਾਯੂੰ ਦਾ ਆਪਣਾ ਵਿਨਾਸ਼ ਹੋਇਆ। ਉਹ ਸ਼ੇਰ ਖਾਂ ਤੋਂ ਆਉਣ ਵਾਲੇ ਖਤਰੇ ਦਾ ਅੰਦਾਜ਼ਾ ਨਾ ਲਗਾ ਸਕਿਆ ਅਤੇ ਸਹੀ ਕਾਰਵਾਈ ਨਾ ਕਰ ਸਕਿਆ।

ਸ਼ੇਰ ਖਾਂ ਦੇ ਵਿਰੁੱਧ ਕਨੌਜ ਦੇ ਯੁੱਧ ਵਿੱਚ ਹੁਮਾਯੂੰ ਨੇ ਦੋ ਮਹਾਨ ਭੁੱਲਾਂ ਕੀਤੀਆਂ। ਇਕ ਭੁੱਲ ਤਾਂ ਇਹ ਸੀ ਕਿ ਉਹ ਯੁੱਧ ਭੂਮੀ ਵਿੱਚ ਦੋ ਮਹੀਨੇ ਤੱਕ ਨਿਕੰਮਾ ਪਿਆ ਰਿਹਾ। ਦੂਸਰਾ ਉਸ ਨੇ ਆਪਣਾ ਡੇਰਾ ਹੇਠਾਂ ਵੱਲ ਜਮਾਇਆ। ਬਿਨਾਂ ਸ਼ੱਕ ਹੁਮਾਯੂੰ ਕੋਲ ਆਪਣਾ ਤੋਪ ਖਾਨਾ ਅਤੇ ਹੋਰ ਸਭ ਕੁਝ ਸੀ ਪਰ ਸ਼ੇਰ ਖਾਂ ਨੇ ਅਚਾਨਕ ਬਿਜਲੀ ਵਾਂਗ ਹਮਲਾ ਕੀਤਾ, ਜਿਸ ਨਾਲ ਹੁਮਾਯੂੰ ਦੇ ਹੱਥ-ਪੈਰ ਇਕਦਮ ਫੁੱਲ ਗਏ ਅਤੇ ਉਹ ਆਪਣੇ ਹਥਿਆਰਾਂ ਦਾ ਇਸਤੇਮਾਲ ਵੀ ਨਾ ਕਰ ਸਕਿਆ, ਨਤੀਜੇ ਵਜੋਂ ਉਹ ਹਾਰ ਗਿਆ।

**(v) ਯੁੱਧ ਅਤੇ ਵਿਵਹਾਰ ਕੌਸ਼ਲ ਦਾ ਅਹਿਸਾਸ-** (ਕ) ਹੁਮਾਯੂੰ ਨੇ 1539 ਈ. ਦੇ ਯੁੱਧ ਵਿੱਚ ਜੋ ਬਨਾਰਸ ਤੋਂ ਲੈ ਕੇ ਕਨੌਜ ਤੱਕ ਦੇ ਪ੍ਰਦੇਸ਼ ਗੁਆ ਦਿੱਤੇ ਸਨ, ਉਨ੍ਹਾਂ ਨੂੰ ਦੁਬਾਰਾ ਪ੍ਰਾਪਤ ਕਰਨ ਦਾ ਪ੍ਰਸਤਾਵ ਨਹੀਂ ਕੀਤਾ। ਇਸ ਦੀ ਨੀਤੀ ਵਿੱਚ ਵਿਵਹਾਰ-ਕੌਸ਼ਲ ਬਹੁਤ ਜ਼ਿਆਦਾ ਅਹਿਸਾਸ ਸੀ, ਜਿਸ ਨਾਲ ਉਸ ਦੀ ਸਾਖ 'ਤੇ ਬਹੁਤ ਮਾੜਾ ਪ੍ਰਭਾਵ ਪਿਆ। ਸਾਰਾ ਸਮਾਂ ਉਸ ਦੀ ਨੀਤੀ ਆਤਮ-ਰੱਖਿਆ ਦੀ ਹੀ ਰਹੀ ਅਤੇ ਆਪਣੇ ਵੱਲੋਂ ਉਸ ਨੇ ਕਦੇ ਪਹਿਲ ਨਹੀਂ ਕੀਤੀ।

ਨੋਟ

(ਖ) ਗੁਜਰਾਤ 'ਤੇ ਅਧਿਕਾਰ ਕਰ ਲੈਣ ਤੋਂ ਬਾਅਦ ਵੀ ਹੁਮਾਯੂੰ ਨੇ ਉਥੇ ਕੋਈ ਸੁਧਾਰ ਨਹੀਂ ਕੀਤੇ। ਅਸਲ ਵਿੱਚ ਗੁਜਰਾਤ ਦੀ ਪ੍ਰਜਾ ਨੇ ਆਪਣੇ ਪ੍ਰਦੇਸ਼ 'ਤੇ ਮੁਗਲਾਂ ਦੇ ਅਧਿਕਾਰ ਕਰ ਲੈਣ ਦਾ ਵਿਰੋਧ ਕੀਤਾ।

(ਗ) ਹੁਮਾਯੂੰ ਨੇ ਗੁਜਰਾਤ ਦੇ ਬਹਾਦੁਰ ਸ਼ਾਹ ਨੂੰ ਬਹੁਤ ਜ਼ਿਆਦਾ ਸਮਾਂ ਦਿੱਤਾ ਅਤੇ ਜਦੋਂ ਉਹ ਚਿਤੌੜ ਵਿੱਚ ਫਸਿਆ ਹੋਇਆ ਸੀ, ਉਸ ਸਮੇਂ ਉਸ ਦਾ ਵਿਨਾਸ਼ ਨਹੀਂ ਕੀਤਾ। ਉਸ ਨੇ ਗੁਜਰਾਤ 'ਤੇ ਅਧਿਕਾਰ ਕਰਨ ਵਿੱਚ ਬਹੁਤ ਸਮਾਂ ਲਗਾ ਦਿੱਤਾ ਅਤੇ ਫਿਰ ਵੀ ਮੁਸ਼ਕਿਲ ਦੇ ਲਈ ਥਾਂ ਛੱਡ ਦਿੱਤਾ। ਉਸ ਨੇ ਮਾਂਡੂ ਵਿੱਚ ਰੰਗਰਲੀਆਂ ਅਤੇ ਦਾਅਵਤਾਂ ਵਿੱਚ ਬਹੁਤ ਸਮਾਂ ਨਸ਼ਟ ਕਰ ਦਿੱਤਾ।

**(vi) ਸਾਮਰਾਜ ਦਾ ਬਟਵਾਰਾ-** ਹੁਮਾਯੂੰ ਨੇ ਆਪਣਾ ਸਾਮਰਾਜ ਆਪਣੇ ਭਰਾਵਾਂ ਵਿੱਚ ਵੰਡ ਦੇਣ ਦੀ ਮੂਰਖਤਾ ਭਰਪੂਰ ਭੁੱਲ ਕੀਤੀ। ਉਸ ਨੇ ਕਾਬੁਲ, ਕੰਧਾਰ ਅਤੇ ਪੰਜਾਬ ਆਪਣੇ ਭਰਾ ਕਾਮਰਾਨ ਨੂੰ ਦੇ ਦਿੱਤੇ। ਆਪਣੀ ਇਸ ਭੁੱਲ ਤੋਂ ਉਸ ਨੇ ਆਪਣੀ ਸਥਿਤੀ ਵਿਗਾੜ ਲਈ ਅਤੇ ਆਪਣੇ ਲਈ ਅਗਾਮੀ ਮੁਸ਼ਕਿਲਾਂ ਮੁੱਲ ਲੈ ਲਈਆਂ। ਹੁਮਾਯੂੰ ਦੀਆਂ ਅਸਫਲਤਾਵਾਂ ਨੇ ਇਸ ਨੇ ਬਹੁਤ ਯੋਗਦਾਨ ਦਿੱਤਾ।

## 9.4 ਹੁਮਾਯੂੰ ਦੇ ਗੁਣ (Merits of Humayun)

ਡਾ. ਪ੍ਰਸ਼ਾਦ ਵੱਲੋਂ ਦਿੱਤਾ ਗਿਆ ਵੇਰਵਾ ਹੁਮਾਯੂੰ ਸਬੰਧੀ ਵਿਚਾਰ ਬਣਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ। "ਜਦ ਕਿ ਹੁਮਾਯੂੰ ਵਿੱਚ ਵਿਅਕਤੀਗਤ ਰੂਪ 'ਚ ਕਾਫੀ ਹੌਂਸਲਾ ਸੀ ਪਰ ਉਹ ਆਪਣੇ ਪਿਤਾ ਦੇ ਬਰਾਬਰ ਕੁਸ਼ਲ ਸੈਨਿਕ ਨਹੀਂ ਸੀ ਅਤੇ ਸ਼ੇਰ ਸ਼ਾਹ ਵਾਂਗ ਯੁੱਧ ਵਿੱਦਿਆ ਵਿੱਚ ਨਿਪੁੰਨ ਵੀ ਨਹੀਂ ਸੀ। ਉਸ ਦੀਆਂ ਸੈਨਿਕ ਯੋਜਨਾਵਾਂ ਦੋਸ਼ ਭਰਪੂਰ ਹੁੰਦੀਆਂ ਸਨ ਅਤੇ ਕਦੇ ਵੀ ਭਲੀਭਾਂਤ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਸਨ। ਕਦੇ-ਕਦੇ ਉਹ ਮਹੱਤਵਪੂਰਨ ਮੋਰਚੇ ਤੋਂ ਵੀ ਕੇਵਲ ਭਾਵੁਕ ਹੋ ਕੇ ਹਟ ਜਾਂਦਾ ਸੀ, ਜਿਵੇਂ ਕਿ ਉਸ ਨੇ ਉਸ ਸਮੇਂ ਕੀਤਾ, ਜਦੋਂ ਬਹਾਦੁਰ ਸ਼ਾਹ ਨੇ ਚਿਤੌੜ ਨੂੰ ਘੇਰਾ ਪਾਇਆ ਹੋਇਆ ਸੀ। ਉਸ ਦੀ ਨਿਮਰਤਾ ਨੂੰ ਸਿਰਫ ਉਸ ਦੀ ਕਮਜ਼ੋਰੀ ਹੀ ਸਮਝਿਆ ਜਾਂਦਾ ਸੀ।"

"ਉਸ ਦੇ ਯੁੱਧ ਦਾ ਅਧਿਐਨ ਕਰਨ ਤੋਂ ਸਾਫ-ਸਾਫ ਪਤਾ ਲੱਗ ਜਾਂਦਾ ਹੈ ਕਿ ਉਹ ਮਹਾਨ ਯੁੱਧਾਂ ਵਿੱਚ ਕਿੰਨਾ ਅਯੋਗ ਸੀ ਅਤੇ ਦੁਸ਼ਮਣ ਦੀ ਸਮਰੱਥਾ ਦਾ ਠੀਕ ਅੰਦਾਜ਼ਾ ਨਹੀਂ ਲਗਾ ਸਕਦਾ ਸੀ। ਉਸ ਦੀ ਪਹਿਲੀ ਅਸਫਲਤਾ ਹਮੇਸ਼ਾਂ ਹਾਰ ਵਿੱਚ ਬਦਲ ਜਾਂਦੀ ਸੀ, ਕਿਉਂਕਿ ਉਹ ਆਪਣੇ ਲਾਭ ਨੂੰ ਕਦੇ ਇਕੱਠਾ ਨਹੀਂ ਕਰ ਸਕਦਾ ਸੀ। ਉਸ ਦੀ ਅਸਥਿਰਤਾ ਨਾਲ ਉਸ ਦੇ ਵਿਰੋਧੀਆਂ ਦਾ ਉਤਸ਼ਾਹ ਵੱਧਦਾ ਸੀ। ਮਾਲਵਾ, ਗੁਜਰਾਤ, ਬੰਗਾਲ, ਬਿਹਾਰ, ਦੁਆਬ, ਦਿੱਲੀ ਅਤੇ ਪੰਜਾਬ ਉਸ ਦੇ ਹੱਥਾਂ ਵਿੱਚੋਂ ਇਕ-ਇਕ ਕਰਕੇ ਨਿਕਲ ਗਏ ਅਤੇ ਉਹ ਨਾ ਤਾਂ ਆਪਣੇ ਵਿਦਰੋਹੀ ਅਮੀਰਾਂ ਦੇ ਵਿਸ਼ਵਾਸਘਾਤ ਨੂੰ ਕੁਚਲ ਸਕਿਆ ਅਤੇ ਨਾ ਹੀ ਆਪਣੇ ਦੁਸ਼ਮਣਾਂ ਨੂੰ ਮਜ਼ਾ ਚਖਾਉਣ ਲਈ ਸ਼ਕਤੀਸ਼ਾਲੀ ਸ਼ਾਸਨ ਦਾ ਸੰਗਠਨ ਕਰ ਸਕਿਆ। ਉਹ ਆਲਸੀ ਸੁਭਾਅ ਦਾ ਸੀ ਅਤੇ ਆਰੰਭ ਦੇ ਸਾਲਾਂ ਵਿੱਚ ਉਸ ਦੀ ਸੁੱਖ ਪ੍ਰਿਯਤਾ ਨੇ, ਸਾਮਰਾਜ ਸੰਭਾਲ ਕੇ ਰੱਖਣ ਦੇ ਉਸ ਦੇ ਸਾਮਰਾਜਾਂ ਵਿੱਚ ਵੱਡੀ ਰੁਕਾਵਟ ਪਾਈ।"

ਉਸ ਨੇ ਵਿਰੋਧੀਆਂ ਅਤੇ ਵਿਸ਼ਵਾਸਘਾਤ ਕਰਨ ਵਾਲਿਆਂ ਨੂੰ ਵਾਰ-ਵਾਰ ਮੁਆਫ ਕੀਤਾ ਅਤੇ ਅਬੁਲ ਮਾਲੀ ਵਰਗੇ ਭ੍ਰਿਸ਼ਟ ਅਤੇ ਜ਼ਿੱਦੀ, ਦਰਬਾਰੀ, ਨੌਕਰ ਨੂੰ ਵੀ ਸਖਤ ਸਜ਼ਾਵਾਂ ਦੇਣ ਵਿੱਚ ਝਿਜਕਦਾ ਰਿਹਾ। ਕਦੇ-ਕਦੇ ਅਜਿਹਾ ਲੱਗਦਾ ਸੀ ਕਿ ਉਹ ਖੁਦ ਆਪਣੇ ਲਈ ਮੁਸ਼ਕਿਲਾਂ ਦਾ ਪ੍ਰਬੰਧ ਕਰ ਰਿਹਾ ਸੀ।

"ਫਾਰਸ ਤੋਂ ਪਰਤਣ 'ਤੇ ਉਹ ਜ਼ਿਆਦਾ ਕਰਤਵਸ਼ੀਲ ਹੋ ਗਿਆ ਅਤੇ ਜ਼ਿਆਦਾ ਪ੍ਰਭਾਵਸ਼ਾਲੀ ਤੇ ਨਿਸ਼ਚਾਤਮਕ ਢੰਗ ਨਾਲ ਕੰਮ ਕਰਨ ਲੱਗਾ। ਉਸ ਨੂੰ ਲੰਮੇ ਸਮੇਂ ਤੱਕ ਅਫਗਾਨ ਪ੍ਰਦੇਸ਼ ਵਿੱਚ ਯੁੱਧ ਕਰਨੇ ਪਏ ਪਰ ਉਹ ਕਦੇ ਨਹੀਂ ਘਬਰਾਇਆ ਅਤੇ ਹੌਂਸਲਾ ਨਹੀਂ ਛੱਡਿਆ। ਜਦ ਕਿ ਉਸ ਨੂੰ ਘਰ ਵਿੱਚ ਵਿਸ਼ਵਾਸਘਾਤੀ ਮੌਕਿਆਂ ਤੋਂ ਕੰਮ ਲੈਣਾ ਪਿਆ ਅਤੇ ਬਾਹਰ ਸ਼ਕਤੀਸ਼ਾਲੀ ਦੁਸ਼ਮਣ ਨਾਲ ਮੋਰਚਾ ਲਾਉਣਾ ਪੈਂਦਾ ਸੀ। ਇਸ ਦੇ ਚਰਿੱਤਰ ਦੀ ਸਭ ਤੋਂ ਉਜਵਲ ਵਿਸ਼ੇਸ਼ਤਾ ਸੀ, ਉਸ ਦਾ ਧੀਰਜ ਅਤੇ ਸਾਰੇ ਜੀਵਨ ਵਿੱਚ ਇਸੇ ਨੇ ਉਸ ਦਾ ਵਰਦਾਨ ਭਰਪੂਰ ਸਾਥ ਦਿੱਤਾ। ਧੀਰਜ ਤੋਂ ਬਿਨਾਂ ਉਸ ਲਈ ਹਿੰਦੋਸਤਾਨ ਦਾ ਰਾਜ ਦੁਬਾਰਾ ਪ੍ਰਾਪਤ ਕਰਨਾ ਅਸੰਭਵ ਹੁੰਦਾ।"

### ਉਸ ਦੇ ਗੁਣ

ਇਸ ਗੱਲ 'ਤੇ ਵਿਸ਼ਵਾਸ ਚਾਹੇ ਘੱਟ ਹੀ ਆਉਂਦਾ ਹੋਵੇ ਪਰ ਹੁਮਾਯੂੰ ਵਿੱਚ ਕਈ ਚੰਗੇ ਗੁਣ ਵੀ ਸਨ। ਅਸੀਂ ਉਨ੍ਹਾਂ ਗੁਣਾਂ ਦੀ ਇਕ-ਇਕ ਕਰਕੇ ਵਿਆਖਿਆ ਕਰਦੇ ਹਾਂ-

**(i) ਸੱਭਿਆ ਵਿਅਕਤੀ-** ਹੁਮਾਯੂੰ ਪੂਰਨ ਰੂਪ ਵਿੱਚ ਭੱਦਰ ਵਿਅਕਤੀ ਸੀ। ਇਹ ਸਾਰਿਆਂ ਦੇ ਮੰਨਣਯੋਗ ਸੱਚ ਹੈ ਕਿ ਉਹ ਅਸੱਭਿਆ ਵੀ ਸੀ। ਕਦੇ-ਕਦੇ ਉਸ ਦੇ ਸੱਭਿਆ ਵਿਵਹਾਰ ਨੂੰ ਉਸ ਦੀ ਦੁਰਲੱਭਤਾ ਸਮਝ ਲਿਆ ਜਾਂਦਾ ਹੈ। ਇਸ ਦਾ ਸੁਭਾਅ ਸੁਸ਼ੀਲ ਅਤੇ ਬਾਣੀ ਮਧੁਰ ਸੀ, ਉਹ ਦੂਸਰਿਆਂ ਨਾਲ ਬਹੁਤ ਨਰਮ ਅਤੇ ਸੁੰਦਰ ਢੰਗ ਨਾਲ ਵਿਵਹਾਰ ਕਰਦਾ ਸੀ।

"ਫਰਿਸ਼ਤਾ" ਨੇ ਟਿੱਪਣੀ ਕੀਤੀ ਹੈ ਕਿ ਹੁਮਾਯੂੰ ਦਾ ਤਾਮਰ ਵਰਣ ਵਰਗਾ ਸਰੀਰ ਸੀ। ਹੁਮਾਯੂੰ ਦੇ ਚਰਿੱਤਰ ਵਿੱਚ ਬਹੁਤ ਜ਼ਿਆਦਾ ਕੋਮਲਤਾ ਅਤੇ ਉਦਾਰਤਾ ਸੀ, ਸਗੋਂ ਜੇਕਰ ਇਨ੍ਹਾਂ ਉਤਮ ਗੁਣਾਂ ਦੀ ਕੋਈ ਹੱਦ ਹੈ ਤਾਂ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ

**ਨੋਟ**

ਕਿ ਹੁਮਾਯੂੰ ਜ਼ਰੂਰਤ ਤੋਂ ਜ਼ਿਆਦਾ ਨਰਮ ਅਤੇ ਉਦਾਰ ਸੀ। ਉਸ ਵਿੱਚ ਦਾਨ ਅਤੇ ਦਇਆ ਦੀਆਂ ਪ੍ਰਵਿਰਤੀਆਂ ਬਹੁਤ ਉਚ ਕੋਟੀ ਦੀਆਂ ਸਨ।

(ii) **ਚੰਗਾ ਸੈਨਿਕ-** ਹੁਮਾਯੂੰ ਇਕ ਚੰਗਾ ਸੈਨਿਕ ਸੀ। ਉਹ ਯੁੱਧ ਭੂਮੀ ਤੋਂ ਕਦੇ ਨਹੀਂ ਡਰਦਾ ਸੀ ਅਤੇ ਉਸ ਨੇ ਕਈ ਯੁੱਧ ਲਏ, ਜਦ ਕਿ ਉਹ ਕਈ ਯੁੱਧਾਂ ਵਿੱਚ ਹਾਰਿਆ ਵੀ ਪਰ ਇਹ ਮੰਨਣਾ ਪੈਂਦਾ ਹੈ ਕਿ ਹਰ ਯੁੱਧ ਵਿੱਚ ਉਸ ਨੇ ਚੰਗਾ ਸੈਨਿਕ ਹੋਣ ਦਾ ਸਬੂਤ ਦਿੱਤਾ। ਇਹ ਵੀ ਸੱਚ ਹੈ ਕਿ ਉਹ ਏਕਾਗਰ ਚਿੱਤ ਨਹੀਂ ਸੀ ਪਰ ਹੋਰ ਦ੍ਰਿਸ਼ਟੀਕੋਣਾਂ ਤੋਂ ਉਹ ਚੰਗਾ ਸੈਨਿਕ ਸੀ।

(iii) **ਆਦਰਸ਼ ਵਿਅਕਤੀ-** ਵਿਅਕਤੀਗਤ ਜੀਵਨ ਵਿੱਚ ਸਾਰੇ ਸਬੰਧੀਆਂ ਦੇ ਲਈ ਉਹ ਇਕ ਆਦਰਸ਼ ਵਿਅਕਤੀ ਸੀ। ਉਹ ਆਦਰਸ਼ ਦੁਸ਼ਮਣ ਸੀ, ਉਸ ਦੇ ਪਿਤਾ ਨੂੰ ਹੁਮਾਯੂੰ ਨਾਲ ਇੰਨਾ ਪਿਆਰ ਸੀ ਕਿ ਉਸ ਨੇ ਹੁਮਾਯੂੰ ਦੇ ਲਈ ਆਪਣਾ ਜੀਵਨ ਹੀ ਵਾਰ ਦਿੱਤਾ। ਉਹ ਆਦਰਸ਼ ਭਰਾ ਸੀ। ਕਾਮਰਾਨ ਨੇ ਇੰਨਾ ਕਮੀਨਾ ਵਿਵਹਾਰ ਕੀਤਾ ਪਰ ਹਰ ਵਾਰ ਹੁਮਾਯੂੰ ਨੇ ਉਸ ਨੂੰ ਮੁਆਫ ਕਰ ਦਿੱਤਾ। ਅੰਤ ਵਿੱਚ ਵੀ ਉਸ ਨੇ ਕਾਮਰਾਨ ਦਾ ਕਤਲ ਨਹੀਂ ਕਰਵਾਇਆ। ਇਸ ਤੋਂ ਇਲਾਵਾ ਉਹ ਇਕ ਆਦਰਸ਼ ਪਿਤਾ ਸੀ, ਜਿਸ ਤੋਂ ਅਕਬਰ ਦਾ ਜਨਮ ਹੋਇਆ ਜੋ ਕਿ ਭਾਰਤ ਦਾ ਹੀ ਨਹੀਂ, ਸਗੋਂ ਸਾਰੇ ਸੰਸਾਰ ਦਾ ਮਹਾਨ ਸ਼ਾਸਕਾਂ ਵਿੱਚੋਂ ਮੰਨਿਆ ਜਾਂਦਾ ਹੈ। ਪਤੀ ਦੇ ਰੂਪ ਵਿੱਚ ਵੀ ਉਹ ਆਦਰਸ਼ ਸੀ ਅਤੇ ਹਰ ਤਰ੍ਹਾਂ ਤੋਂ ਉਤਮ ਵਿਅਕਤੀ ਸੀ।

(iv) **ਹੌਂਸਲਾ ਅਤੇ ਦ੍ਰਿੜ ਨਿਸ਼ਚਾ-** ਜੇਕਰ ਹੁਮਾਯੂੰ ਨੂੰ ਦੇਸ਼ ਵਿੱਚੋਂ ਨਿਕਲਣਾ ਪਿਆ ਅਤੇ ਮਾੜਾ ਸਮਾਂ ਦੇਖਣਾ ਪਿਆ ਤਾਂ ਵੀ ਉਸ ਨੇ ਕਦੇ ਹੌਂਸਲਾ ਨਹੀਂ ਛੱਡਿਆ ਅਤੇ ਨਿਰਾਸ਼ ਨਹੀਂ ਹੋਇਆ। ਭਾਰਤ ਨੂੰ ਦੁਬਾਰਾ ਜਿੱਤਣ ਦਾ ਵਿਚਾਰ ਹਮੇਸ਼ਾ ਉਸ ਦੇ ਦਿਮਾਗ ਵਿੱਚ ਰਿਹਾ। ਇਸ ਲਈ ਜਦੋਂ ਗੁਆਚੇ ਹੋਏ ਪ੍ਰਦੇਸ਼ਾਂ ਨੂੰ ਫਿਰ ਤੋਂ ਜਿੱਤਣਾ ਸੰਭਵ ਹੋਇਆ ਤਾਂ ਉਸ ਨੇ ਪੂਰੀ ਸ਼ਕਤੀ ਨਾਲ ਯਤਨ ਕੀਤਾ। ਇਸ ਦੇ ਦ੍ਰਿੜ ਨਿਸ਼ਚਾ ਅਤੇ ਯਤਨਾਂ ਨੇ ਹੀ ਉਸ ਦੇ ਲਈ ਭਾਰਤ ਦਾ ਸਾਮਰਾਜ ਦੁਬਾਰਾ ਪ੍ਰਾਪਤ ਕਰਨ ਦੀ ਜਨਮ ਭੂਮੀ ਤਿਆਰ ਕੀਤੀ।

(v) **ਸੱਚਾ ਮੁਸਲਮਾਨ-** ਹੁਮਾਯੂੰ ਧਾਰਮਿਕ ਰੂਪ ਵਿੱਚ ਕੱਟੜ ਨਹੀਂ ਸੀ। ਉਹ ਸੱਚਾ ਮੁਸਲਮਾਨ ਸੀ। ਉਹ ਵੱਖ-ਵੱਖ ਧਰਮਾਂ ਅਤੇ ਵਿਚਾਰਾਂ ਦੇ ਵਿਅਕਤੀਆਂ ਨਾਲ ਸਹੀ ਵਿਵਹਾਰ ਕਰਨਾ ਚਾਹੁੰਦਾ ਸੀ। ਬੈਰਮ ਖਾਂ ਜੋ ਕਿ ਵਿਸ਼ਵਾਸ ਪਾਤਰ ਸਮਰਥ ਸੀ, ਸ਼ੀਆ ਸੀ। ਉਸ ਦੀ ਪਿਆਰੀ ਬੇਗਮ ਹਮੀਦਾ ਬਾਨੋ ਵੀ ਉਸੇ ਧਰਮ ਦੀ ਅਨੁਯਾਈ ਸੀ। ਇਸ ਦ੍ਰਿਸ਼ਟੀਕੋਣ ਤੋਂ ਹੁਮਾਯੂੰ ਦੀ ਕਿਸਮਤ ਚੰਗੀ ਸੀ।

(vi) **ਉਹ ਕਿਸਮਤ ਵਾਲਾ ਸੀ-** ਹੁਮਾਯੂੰ ਹਮੇਸ਼ਾ ਕਿਸਮਤ ਵਾਲਾ ਰਿਹਾ। ਪਹਿਲੀ ਵਾਰ ਰਾਜ ਗੱਦੀ ਪ੍ਰਾਪਤ ਕਰਨ ਵਿੱਚ ਉਹ ਸਫਲ ਰਿਹਾ। ਰਾਜ ਗੱਦੀ ਗੁਆ ਕੇ ਉਹ ਉਸ ਨੂੰ ਦੁਬਾਰਾ ਪ੍ਰਾਪਤ ਕਰ ਸਕਿਆ, ਇਹ ਵੀ ਉਸ ਦਾ ਸੁਭਾਗ ਸੀ। ਕਿਸਮਤ ਨਾਲ ਹੀ ਉਸ ਨੂੰ ਬੈਰਮ ਖਾਂ ਦੀ ਸਹਾਇਤਾ ਪ੍ਰਾਪਤ ਹੋਈ। ਬੈਰਮ ਖਾਂ ਨੇ ਹੁਮਾਯੂੰ ਦੇ ਪੁਨਰ ਸਥਾਪਨਾ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ, ਉਹ 'ਸ਼ੀਆ' ਸਰਦਾਰ ਵਿਦੇਸ਼ ਵਿੱਚ ਵੀ ਆਪਣੇ ਮਾਲਿਕ ਦੇ ਨਾਲ ਰਿਹਾ ਅਤੇ ਭਾਰਤ ਨੂੰ ਦੁਬਾਰਾ ਜਿੱਤਣ ਵਿੱਚ ਉਸ ਨੇ ਪ੍ਰਸ਼ੰਸਾਯੋਗ ਕੰਮ ਕੀਤਾ। ਅਸਲ ਵਿੱਚ ਉਸ ਨੇ ਹੀ ਜਲੰਧਰ ਜਿੱਤਿਆ ਅਤੇ ਮਾਛੀਵਾੜਾ ਅਤੇ ਸਰਹਿੰਦ ਵਿੱਚ ਅਫਗਾਨਾਂ ਨੂੰ ਹਰਾਉਣ ਵਿੱਚ ਉਸ ਨੇ ਵਰਨਣਯੋਗ ਕੰਮ ਕੀਤਾ। ਅਸਲ ਵਿੱਚ ਉਸ ਤੋਂ ਬਿਨਾਂ ਹੁਮਾਯੂੰ ਦਾ ਦੁਬਾਰਾ ਉਦਾਰ ਨਾ ਹੁੰਦਾ।

*ਟਾਸਕ* ਹੁਮਾਯੂੰ ਦੇ ਮਹੱਤਵਪੂਰਨ ਗੁਣਾਂ ਨੂੰ ਲਿਖੋ।

## 9.5 ਹੁਮਾਯੂੰ ਦੇ ਔਗੁਣ (Demerits of Humayun)

ਹੁਮਾਯੂੰ ਸਲੀਖਾਂ ਭਰਪੂਰ ਸੱਭਿਆ ਵਿਅਕਤੀ ਵਿੱਚ ਵੀ ਕੁਝ ਦੋਸ਼ ਸੁਭਾਵਿਕ ਰੂਪ ਵਿੱਚ ਹੀ ਸਨ, ਉਹ ਇਸ ਤਰ੍ਹਾਂ ਹਨ-

(ਕ) **ਭਰਾਵਾਂ ਪ੍ਰਤੀ ਜ਼ਰੂਰਤ ਤੋਂ ਜ਼ਿਆਦਾ ਉਦਾਰ ਸੀ-** ਬਾਦਸ਼ਾਹ ਦੇ ਰੂਪ ਵਿੱਚ ਆਪਣਾ ਜੀਵਨ ਕ੍ਰਮ ਆਰੰਭ ਕਰਦੇ ਹੀ ਹੁਮਾਯੂੰ ਨੇ ਰਾਜ ਨੂੰ ਆਪਣੇ ਭਰਾਵਾਂ ਵਿੱਚ ਵੰਡ ਦੇਣ ਦੀ ਮੂਰਖਤਾ ਕੀਤੀ। ਇਹ ਬਟਵਾਰਾ ਕਰਦੇ ਸਮੇਂ ਉਸ ਨੇ ਦੂਰਦਰਸ਼ਤਾ ਭਰਪੂਰ ਸੋਚਿਆ ਤੱਕ ਨਹੀਂ। ਇਸ ਤਰ੍ਹਾਂ ਉਹ ਸਾਮਰਾਜ ਨੂੰ ਵੰਡਣ ਦੇ ਆਦਰਸ਼ ਨਾਲ ਡਿੱਗ ਗਿਆ। ਉਸ ਨੇ ਕਾਬੁਲ ਅਤੇ ਕੰਧਾਰ ਕਾਮਰਾਨ ਨੂੰ ਦੇ ਦਿੱਤਾ ਮੇਵਾਤ, ਹਿੰਦਾਲ ਨੂੰ ਅਤੇ ਸੰਭਲ ਅਸਕਰੀ ਨੂੰ ਦੇ ਦਿੱਤਾ। ਕੇਵਲ ਇਹੀ ਨਹੀਂ, ਉਸ ਨੇ ਕਾਮਰਾਨ ਨੂੰ ਇਕ ਸੌਦੇ ਵਿੱਚ ਪੰਜਾਬ ਅਤੇ ਹਿਸਾਰ-ਫਿਰੋਜ਼ਾ 'ਤੇ ਅਧਿਕਾਰ ਕਰਨ ਦੀ ਵੀ ਆਗਿਆ ਦੇ ਦਿੱਤੀ। ਇਹ ਹੁਮਾਯੂੰ ਦੀ ਇਕ ਹੋਰ ਮਹਾਨ ਭੁੱਲ ਸੀ। ਸਾਮਰਾਜ ਦਾ ਬਟਵਾਰਾ ਕਰਨ ਨਾਲ ਉਸ ਦਾ ਸਾਮਰਾਜ ਦੇ ਸਾਧਨਾਂ ਦਾ ਬਟਵਾਰਾ ਹੋ ਗਿਆ, ਉਸ ਨਾਲ ਉਸ ਨੂੰ ਅਣਗਿਣਤ ਮੁਸ਼ਕਿਲਾਂ ਸਹਿਣੀਆਂ ਪਈਆਂ। ਕਾਮਰਾਨ ਨੂੰ ਇਕਦਮ ਬਹੁਤ ਜ਼ਿਆਦਾ ਰਿਆਇਤਾਂ ਦਿੱਤੀਆਂ ਗਈਆਂ, ਕਿਉਂਕਿ ਉਹ ਉਸ ਦੀ ਪ੍ਰਗਤੀ ਨੂੰ ਰੋਕ ਕੇ ਵੀ ਉਸ ਦੇ ਸਾਮਰਾਜ ਦੀਆਂ ਜੜ੍ਹਾਂ ਕੱਟ ਸਕਦਾ ਸੀ।

ਹੁਮਾਯੂੰ ਦੇ ਅਜਿਹਾ ਕਰਨ ਨਾਲ ਉਤਰ-ਪੱਛਮ ਤੋਂ ਮਿਲਣ ਵਾਲੇ ਉਸ ਦੇ ਸਾਰੇ ਸਾਧਨ ਖੋਹੇ ਗਏ, ਜਿਨ੍ਹਾਂ ਤੋਂ ਬਿਨਾਂ ਉਸ ਲਈ ਸਾਮਰਾਜ ਨੂੰ ਸੰਭਾਲ ਕੇ ਬਹੁਤ ਜ਼ਿਆਦਾ ਔਖਾ ਹੋ ਗਿਆ। ਇਸੇ ਤਰ੍ਹਾਂ ਅਸਕਰੀ ਅਤੇ ਹਿੰਦਾਲ ਨੂੰ ਕ੍ਰਮਵਾਰ ਸੰਭਲ ਅਤੇ ਮੇਵਾਤ ਪ੍ਰਦਾਨ ਕਰਨ ਨਾਲ ਵੀ ਉਸ ਨੂੰ ਬਹੁਤ ਮੁਸ਼ਕਿਲਾਂ ਝੱਲਣੀਆਂ ਪਈਆਂ।

ਨੋਟ

ਆਪਣੇ ਭਰਾਵਾਂ ਪ੍ਰਤੀ ਬਿਨਾਂ ਸੋਚੇ-ਸਮਝੇ ਨਰਮ ਵਿਵਹਾਰ ਨੇ ਉਸ ਦੇ ਦੇਸ਼ ਵਿੱਚੋਂ ਨਿਕਲਣ 'ਚ ਬਹੁਤ ਯੋਗਦਾਨ ਦਿੱਤਾ। ਆਪਣੇ ਆਪ ਨੁਕਸਾਨ ਚੁੱਕ ਕੇ ਉਸ ਨੇ ਝੂਠੇ ਅਤੇ ਧੋਖੇਬਾਜ਼ ਭਰਾਵਾਂ ਦੇ ਨਾਲ ਉਦਾਰਤਾ ਭਰਪੂਰ ਵਿਵਹਾਰ ਕੀਤਾ। ਪਹਿਲਾਂ ਹੁਮਾਯੂੰ ਨੇ ਹਰ ਭਰਾ ਨੂੰ ਕੁਝ ਪ੍ਰਾਂਤ ਦੇ ਕੇ ਉਨ੍ਹਾਂ ਦੇ ਨਾਲ ਭਲਾਈ ਕੀਤੀ ਪਰ ਉਨ੍ਹਾਂ ਨੇ ਉਸ ਦੇ ਵਿਰੁੱਧ ਛਡਯੰਤਰ ਰਚਣਾ ਅਤੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਦਿਆਲੂ ਹੁਮਾਯੂੰ ਨੇ ਫਿਰ ਵੀ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਦਿੱਤੀ। ਇਸ ਨਾਲ ਉਸ ਲਈ ਮੁਸੀਬਤਾਂ ਪੈਦਾ ਹੋ ਗਈਆਂ ਅਤੇ ਉਸ ਨੂੰ ਦੇਸ਼ ਵਿੱਚੋਂ ਨਿਕਲਣਾ ਪਿਆ।

(ਖ) **ਦੂਰਲੱਭਤਾ ਅਤੇ ਭਿਆਨਕ ਭੁੱਲਾਂ-** ਹੁਮਾਯੂੰ ਚੰਗਾ ਸੈਨਿਕ ਨੇਤਾ ਨਹੀਂ ਸੀ। ਯੂਸਫ ਖੈਲ ਵੱਲੋਂ ਸੁਚੇਤ ਕੀਤੇ ਜਾਣ 'ਤੇ ਵੀ ਉਹ ਮੂਰਖਤਾ ਭਰਪੂਰ ਸ਼ੇਰ ਖਾਂ ਵੱਲੋਂ ਸੁਚੇਤ ਨਹੀਂ ਰਿਹਾ। ਇਸ ਨਾਲ ਪ੍ਰਤੀਸਪ੍ਰਦੀ ਨੂੰ ਆਪਣੀ ਸ਼ਕਤੀ ਵਧਾਉਣ ਦਾ ਮੌਕਾ ਮਿਲ ਗਿਆ। ਜਦੋਂ ਸਮਰਾਟ ਨੇ ਉਸ ਅਫਗਾਨ ਸਰਦਾਰ (ਸ਼ੇਰ ਖਾਂ) ਦੇ ਵਿਰੁੱਧ ਅਭਿਆਨ ਚਲਾਇਆ ਵੀ ਤਾਂ ਗੌਰ 'ਤੇ ਹਮਲਾ ਨਾ ਕਰਕੇ ਚੁਨਾਰ 'ਤੇ ਕੀਤਾ-ਇਹ ਇਕ ਮਹਾਨ ਭੁੱਲ ਸੀ। ਫਿਰ ਗੌਰ 'ਤੇ ਜਿੱਤ ਪ੍ਰਾਪਤ ਕਰਕੇ ਵੀ ਹੁਮਾਯੂੰ ਨਾਲ 7-8 ਸਮੇਂ ਦਾ ਮਹੀਨਾ ਅਫੀਮਚੀਆਂ ਵਾਂਗ ਮਸਤ ਰਹਿ ਕੇ ਬਿਤਾ ਦਿੱਤਾ। ਇਸ ਦੌਰਾਨ ਸ਼ੇਰ ਸ਼ਾਹ ਨੇ ਆਪਣੇ ਸਥਿਤੀ ਨੂੰ ਬਹੁਤ ਦ੍ਰਿੜ ਬਣਾ ਲਿਆ। ਚੌਸਾ ਅਤੇ ਕਨੌਜ ਦੇ ਯੁੱਧਾਂ ਵਿੱਚ ਹੁਮਾਯੂੰ ਨੇ ਸੈਨਾ ਸੰਚਾਲਨ ਅਤਿਅੰਤ ਨਿਰਾਸ਼ਾਜਨਕ ਢੰਗ ਨਾਲ ਕੀਤਾ। ਉਹ ਆਪਣੀਆਂ ਸੈਨਾਵਾਂ ਦਾ ਠੀਕ ਢੰਗ ਨਾਲ ਸੰਗਠਨ ਨਹੀਂ ਕਰ ਸਕਿਆ। ਉਹ ਉਨ੍ਹਾਂ ਵਿੱਚ ਅਨੁਸ਼ਾਸਨ ਨਹੀਂ ਰੱਖ ਸਕਿਆ ਅਤੇ ਨਾ ਹੀ ਉਨ੍ਹਾਂ ਵਿੱਚ ਆਤਮ ਵਿਸ਼ਵਾਸ ਜਾਗ੍ਰਿਤ ਕਰ ਸਕਿਆ। ਨਤੀਜਾ ਇਹ ਹੋਇਆ ਕਿ ਦੋਵੇਂ ਹੀ ਯੁੱਧਾਂ ਵਿੱਚ ਉਸ ਦੇ ਸੈਨਿਕਾਂ ਨੇ ਉਸ ਦੇ ਨਾਲ ਵਿਸ਼ਵਾਸ ਘਾਤ ਕੀਤਾ। ਸਾਰ ਅੰਸ਼ ਇਹ ਹੈ ਕਿ ਹੁਮਾਯੂੰ ਦਾ ਫੂਹੜਪਣ ਅਤੇ ਯੁੱਧ ਨੀਤੀ ਦੀਆਂ ਘਾਤਕ ਭੁੱਲਾਂ ਉਸ ਦੀ ਅਸਫਲਤਾ ਦਾ ਇਕ ਮੁੱਖ ਅਤੇ ਠੋਸ ਕਾਰਨ ਬਣੀਆਂ।

(ਗ) **ਅਸਥਿਰ ਸੁਭਾਅ-** ਕਦੇ ਵੀ ਅਫੀਮ ਖਾਣ ਕਾਰਨ ਹੁਮਾਯੂੰ ਦਾ ਸੁਭਾਅ ਸਥਿਰ ਸੀ। ਉਸ ਨੇ ਆਪਣਾ ਬਹੁਤ ਸਾਰਾ ਕੀਮਤੀ ਸਮਾਂ ਵਿਅਰਥ ਭੋਗ ਵਿਲਾਸ ਵਿੱਚ ਗੁਆ ਦਿੱਤਾ, ਜਦ ਕਿ ਉਸ ਨੂੰ ਇਹ ਸਮਾਂ ਦੋ ਭਿਆਨਕ ਦੁਸ਼ਮਣਾਂ ਸ਼ੇਰ ਖਾਂ ਅਤੇ ਬਹਾਦੁਰ ਸ਼ਾਹ ਨੂੰ ਕੁਚਲਣ ਵਿੱਚ ਲਗਾਉਣਾ ਚਾਹੀਦਾ ਸੀ। ਉਹ ਇਕ ਕੰਮ 'ਤੇ ਟਿਕ ਨਹੀਂ ਸਕਦਾ ਸੀ। ਉਸ ਦਾ ਮੰਨ ਹਮੇਸ਼ਾਂ ਡੋਲਦਾ ਰਹਿੰਦਾ ਸੀ, ਉਹ ਆਪਣੇ ਪ੍ਰੋਗਰਾਮ ਅਤੇ ਯੋਜਨਾਵਾਂ ਬਦਲਦਾ ਰਹਿੰਦਾ ਸੀ। ਇਹ ਪ੍ਰਵਿਰਤੀ ਭਾਰੀ ਅਸਫਲਤਾ ਵੱਲ ਸੰਕੇਤ ਕਰਦੀ ਸੀ ਜੋ ਕਿ ਆ ਕੇ ਹੀ ਰਹੀ।

(ਘ) **ਅਨਿਸ਼ਚਾ-ਪੂਰਨ ਸ਼ਾਸਕ-** ਹੁਮਾਯੂੰ ਨੇ ਵਿਰੋਧੀਆਂ ਅਤੇ ਵਿਸ਼ਵਾਸ ਘਾਤੀਆਂ ਨੂੰ ਵਾਰ-ਵਾਰ ਮੁਆਫ ਕੀਤਾ- ਇੱਥੋਂ ਤੱਕ ਕਿ ਉਹ ਅਬੁਲ ਮਾਲੀ ਵਰਗੇ ਭ੍ਰਿਸ਼ਟ ਅਤੇ ਹੱਠ ਧਰਮੀ ਦਰਬਾਰੀ ਚਾਕਰ ਨੂੰ ਵੀ ਸਖਤ ਸਜ਼ਾ ਦੇਣ ਤੋਂ ਝਿਜਕਦਾ ਰਿਹਾ। ਕਦੇ-ਕਦੇ ਤਾਂ ਅਜਿਹਾ ਲੱਗਦਾ ਸੀ ਕਿ ਉਹ ਖੁਦ ਆਪਣੇ ਲਈ ਮੁਸ਼ਕਿਲਾਂ ਦਾ ਪ੍ਰਬੰਧ ਕਰਦਾ ਰਿਹਾ।

(ਙ) **ਸੈਨਾਪਤੀ ਦਾ ਅਹਿਸਾਸ-** ਹੁਮਾਯੂੰ ਆਪਣੇ ਪਿਤਾ ਦੇ ਬਰਾਬਰ ਸੈਨਾਪਤੀ ਨਹੀਂ ਸੀ ਅਤੇ ਸ਼ੇਰ ਸ਼ਾਹ ਦੇ ਬਰਾਬਰ ਯੁੱਧ ਨੀਤੀ ਵਿੱਚ ਨਿਪੁੰਨ ਵੀ ਨਹੀਂ ਸੀ। ਉਸ ਦੀਆਂ ਯੁੱਧ ਯੋਜਨਾਵਾਂ ਦੋਸ਼ ਭਰਪੂਰ ਹੁੰਦੀਆਂ ਸਨ ਅਤੇ ਕਦੇ ਸੁਚਾਰੂ ਰੂਪ ਵਿੱਚ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਸਨ। ਕਦੇ-ਕਦੇ ਉਹ ਮਹੱਤਵਪੂਰਨ ਮੋਰਚਿਆਂ ਤੋਂ ਵੀ ਭਾਵੁਕ ਹੋ ਕੇ ਪਿੱਛੇ ਹੋ ਜਾਂਦਾ ਸੀ। ਅਜਿਹਾ ਉਸ ਨੇ ਉਸ ਸਮੇਂ ਕੀਤਾ, ਜਦੋਂ ਬਹਾਦੁਰ ਸ਼ਾਹ ਨੇ ਚਿਤੌੜ 'ਤੇ ਘੇਰਾ ਪਾਇਆ ਹੋਇਆ ਸੀ, ਉਸ ਦੇ ਯੁੱਧਾਂ ਦਾ ਅਧਿਐਨ ਕਰਨ ਤੋਂ ਸਾਫ-ਸਾਫ ਪਤਾ ਲੱਗ ਜਾਂਦਾ ਹੈ ਕਿ ਉਹ ਮਹਾਨ ਯੁੱਧਾਂ ਦੇ ਕਿੰਨਾ ਅਯੋਗ ਸੀ ਅਤੇ ਦੁਸ਼ਮਣ ਦੀ ਸਮਰੱਥਾ ਦਾ ਸਹੀ ਅੰਦਾਜ਼ਾ ਨਹੀਂ ਲਗਾ ਸਕਦਾ ਸੀ। ਇਸ ਦੀਆਂ ਸਫਲਤਾਵਾਂ ਵੀ ਹਮੇਸ਼ਾ ਹੀ ਹਾਰ ਵਿੱਚ ਬਦਲ ਜਾਂਦੀਆਂ ਸਨ।

(ਚ) **ਅਡੰਬਰ ਅਤੇ ਦਿਖਾਵੇ ਦਾ ਚਾਅ-** ਮਹਿਮੂਦ ਲੋਧੀ 'ਤੇ ਜਿੱਤ ਪ੍ਰਾਪਤੀ ਦਾ ਉਤਸਵ ਮੰਨਣਾ ਹੁਮਾਯੂੰ ਦੀ ਇਕ ਬਹੁਤ ਵੱਡੀ ਭੁੱਲ ਸੀ। ਬਿਬਨ ਅਤੇ ਬਿਆਜਿਦ ਦੀ ਸਹਾਇਤਾ ਨਾਲ ਮਹਿਮੂਦ ਲੋਧੀ ਨੇ ਹੁਮਾਯੂੰ ਦੇ ਵਿਰੋਧ ਵਿੱਚ ਝੰਡਾ ਚੁੱਕਿਆ ਅਤੇ ਜੋਨਪੁਰ ਅਤੇ ਉਸ ਦੇ ਨਿਕਟਵਰਤੀ ਪ੍ਰਦੇਸ਼ਾਂ 'ਤੇ ਅਧਿਕਾਰ ਕਰ ਲਿਆ। ਹੁਮਾਯੂੰ ਨੇ ਉਸ ਦੇ ਵਿਰੁੱਧ ਯੁੱਧ ਕੀਤਾ, ਉਸ ਨੂੰ ਹਰਾਇਆ ਅਤੇ ਆਗਰਾ ਪਰਤ ਆਇਆ, ਉਥੇ ਪ੍ਰੀਤੀ ਭੋਜਾਂ, ਉਤਸਵਾਂ ਅਤੇ ਰੰਗਰਲੀਆਂ ਵਿੱਚ ਲੱਗ ਗਿਆ। ਕਿਹਾ ਜਾਂਦਾ ਹੈ ਕਿ 12,000 ਵਿਅਕਤੀਆਂ ਨੂੰ ਕੱਪੜਿਆਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਲੱਗਭਗ 2000 ਵਿਅਕਤੀਆਂ ਨੂੰ ਕੀਮਤੀ ਤੋਹਫੇ ਭੇਂਟ ਕੀਤੇ ਗਏ। ਧਨ ਦਾ ਇੰਨਾ ਦੁਰਉਪਯੋਗ ਕਰਨਾ ਬਹੁਤ ਹੀ ਵੱਡੀ ਭੁੱਲ ਸੀ। ਹੁਮਾਯੂੰ ਦੇ ਖਾਲੀ ਖਜ਼ਾਨੇ ਵਿੱਚ ਇਸ ਖਰਚ ਨੂੰ ਚੁੱਕਣ ਦੀ ਸਮਰੱਥਾ ਨਹੀਂ ਸੀ, ਵਿਸ਼ੇਸ਼ ਰੂਪ ਵਿੱਚ ਸੰਕਟ ਦੇ ਸਮੇਂ ਵਿੱਚ, ਜਦੋਂ ਕਿ ਸਾਰੇ ਪਾਸਿਓਂ ਉਸ ਨੂੰ ਦੁਸ਼ਮਣਾਂ ਦਾ ਸਾਹਮਣਾ ਕਰਨਾ ਪਿਆ ਸੀ।

(ਛ) **ਹੁਮਾਯੂੰ ਚੰਗਾ ਪ੍ਰਸ਼ਾਸਕ ਨਹੀਂ ਸੀ-** ਹੁਮਾਯੂੰ ਕੋਈ ਬਹੁਤ ਚੰਗਾ ਪ੍ਰਸ਼ਾਸਕ ਵੀ ਨਹੀਂ ਸੀ। ਉਸ ਨੇ ਪ੍ਰਚੱਲਿਤ ਪ੍ਰਸ਼ਾਸਨ ਵਿੱਚ ਸੁਧਾਰ ਕਰਨ ਦੇ ਲਈ ਕੁਝ ਵੀ ਨਹੀਂ ਕੀਤਾ, ਜਿਸ ਨਾਲ ਉਸ ਦਾ ਨਾਮ ਲਿਆ ਜਾ ਸਕੇ। ਆਪਣੇ ਸਬੰਧੀਆਂ ਪ੍ਰਤੀ ਮੁਸ਼ਕਿਲ ਭਰਪੂਰ ਉਦਾਰਤਾ ਨਾਲ ਹੁਮਾਯੂੰ ਦਾ ਪ੍ਰਸ਼ਾਸਨ ਪਤਿਤ ਅਤੇ ਨਿਕੰਮਾ ਹੋ ਗਿਆ ਸੀ। ਪ੍ਰਸ਼ਾਸਨ ਦੇ ਮਾਮਲੇ ਵਿੱਚ ਹੁਮਾਯੂੰ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜਦਾ ਦੇਖਿਆ ਗਿਆ ਸੀ। ਅਸਲ ਵਿੱਚ ਉਸ 'ਚ ਪ੍ਰਸ਼ਾਸਨ ਦੀ ਯੋਗਤਾ ਦਾ ਬਹੁਤ ਅਹਿਸਾਸ ਸੀ, ਉਸ ਵਿੱਚ ਕੋਈ ਅਤਿਕਥਨੀ ਨਹੀਂ ਹੈ।

**ਸਵ-ਮੁਲਾਂਕਣ (Self Assessment)** ਨੋਟ

2. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) ਹੁਮਾਯੂੰ ਗੱਦੀ 'ਤੇ ਕਦੋਂ ਬੈਠਿਆ?

(ਅ) 1530 ਈ. (ਬ) 1539 ਈ. (ਸ) 1630 ਈ. (ਦ) 1520 ਈ.

(ii) ਹੁਮਾਯੂੰ ਪੂਰਨ ਰੂਪ ਵਿੱਚ ਕਿਹੋ ਜਿਹਾ ਵਿਅਕਤੀ ਸੀ?

(ਅ) ਅਭੱਦਰ (ਬ) ਭੱਦਰ (ਸ) ਬੇਈਮਾਨ (ਦ) ਸਾਰੇ

(iii) ਹੁਮਾਯੂੰ ਦਾ ਸੁਭਾਅ ਅਸਥਿਰ ਕਿਉਂ ਸੀ?

(ਅ) ਗਾਂਜਾ ਪੀਣ ਨਾਲ (ਬ) ਸ਼ਰਾਬ ਪੀਣ ਨਾਲ (ਸ) ਅਫੀਮ ਖਾਣ ਨਾਲ (ਦ) ਉਪਰੋਕਤ ਸਾਰੇ

## 9.6 ਸ਼ੇਰ ਖਾਂ ਦਾ ਉਦੈ ਅਤੇ ਹੁਮਾਯੂੰ ਦੀ ਚੜ੍ਹਾਈ (Rise of Sher Khan and Humayun's March)

ਸ਼ੇਰ ਖਾਂ ਸਭ ਤੋਂ ਸ਼ਕਤੀਸ਼ਾਲੀ ਅਫਗਾਨ ਸਰਦਾਰ ਸੀ। ਜਿਸ ਦੇ ਨਾਲ ਹੁਮਾਯੂੰ ਨੂੰ ਭਿੜਨਾ ਪਿਆ। 1531 ਈ. ਦੇ ਅਖੀਰ ਤੱਕ ਉਸ ਨੇ ਅਸਲ ਵਿੱਚ ਆਪਣੇ ਆਪ ਨੂੰ ਦੱਖਣ ਭਾਰਤ ਦੇ ਸਾਰੇ ਪ੍ਰਾਂਤ ਦਾ ਮਾਲਿਕ ਬਣਾ ਲਿਆ ਸੀ ਅਤੇ ਚੁਨਾਰ ਦੇ ਦੁਰਗ 'ਤੇ ਵੀ ਅਧਿਕਾਰ ਕਰ ਲਿਆ ਸੀ। ਸੁਲਤਾਨ ਮਹਿਮੂਦ ਨੂੰ ਹਰਾਉਣ ਤੋਂ ਬਾਅਦ ਹੁਮਾਯੂੰ ਨੇ ਆਪਣਾ ਧਿਆਨ ਸ਼ੇਰ ਖਾਂ ਵੱਲ ਮੋੜ ਲਿਆ, ਉਸ ਨੇ ਹਿੰਦੂ ਬੇਗ ਨੂੰ ਚੁਨਾਰ ਵੱਲ ਭੇਜ ਦਿੱਤਾ ਅਤੇ ਖੁਦ ਇਕ ਵੱਡੀ ਸੈਨਾ ਲੈ ਕੇ ਕਿਲ੍ਹੇ ਦਾ ਘੇਰਾ ਪਾਉਣ ਪਿੱਛੋਂ ਗਿਆ। ਉਸ ਸਮੇਂ ਸ਼ੇਰ ਖਾਂ ਨੇ ਆਪਣੇ ਆਪ ਨੂੰ ਲੜਾਈ ਜਾਰੀ ਰੱਖਣ ਦੇ ਯੋਗ ਨਹੀਂ ਸਮਝਿਆ। ਉਹ ਇਹ ਵੀ ਜਾਣਦਾ ਸੀ ਕਿ ਗੁਜਰਾਤ ਦਾ ਬਹਾਦੁਰ ਸ਼ਾਹ ਮੁਗਲਾਂ ਨਾਲ ਲੜਨ ਆਗਰਾ ਵੱਲ ਵੱਧ ਰਿਹਾ ਸੀ ਅਤੇ ਉਹ ਮੁਗਲ ਸਮਰਾਟ ਨਾਲ ਮਿਲਿਆ ਅਤੇ ਆਪਣੀਆਂ ਸ਼ਰਤਾਂ ਰੱਖੀਆਂ ਕਿ ਕਿਲ੍ਹਾ ਮੇਰੇ ਕੋਲ ਰਹਿਣ ਦਿੱਤਾ ਜਾਵੇ, ਆਪਣੇ ਸਮਰਾਟ ਦੇ ਦਾਸ ਦਾ ਕੰਮ ਕਰਾਂਗਾ ਅਤੇ ਮੈਂ ਬਹਾਦੁਰ ਸ਼ਾਹ ਦੇ ਵਿਰੁੱਧ ਚੜ੍ਹਾਈ ਵਿੱਚ ਆਪਣਾ ਬੇਟਾ ਕੁਤਬ ਖਾਂ ਸਮਰਾਟ ਦੇ ਨਾਲ ਭੇਜਾਂਗਾ। ਹੁਮਾਯੂੰ ਇਨ੍ਹਾਂ ਸ਼ਰਤਾਂ ਨੂੰ ਮੰਨ ਗਿਆ।

### 9.6.1 ਹੁਮਾਯੂੰ ਵੱਲੋਂ ਸ਼ੇਰ ਖਾਂ ਦੀ ਤੁਲਨਾ (Humayun's Neglect of Sher Khan)

ਜਦੋਂ ਹੁਮਾਯੂੰ ਗੁਜਰਾਤ ਦੇ ਬਹਾਦੁਰ ਸ਼ਾਹ ਦੇ ਵਿਰੁੱਧ ਲੜਨ ਵਿੱਚ ਲੱਗਾ ਹੋਇਆ ਸੀ, ਉਦੋਂ ਸ਼ੇਰ ਖਾਂ ਨੇ ਬਿਹਾਰ ਵਿੱਚ ਆਪਣੀ ਸਥਿਤੀ ਨੂੰ ਦ੍ਰਿੜ ਬਣਾ ਲਿਆ। ਡਾ. ਬੀ. ਸਮਿੱਥ ਦੇ ਅਨੁਸਾਰ "ਜਦ ਕਿ ਹੁਮਾਯੂੰ ਪੂਰੀ ਤਰ੍ਹਾਂ ਭੱਦਰ ਵਿਅਕਤੀ ਸੀ ਅਤੇ ਉਸ ਵਿੱਚ ਯੋਗਤਾ ਦੀ ਕਮੀ ਨਹੀਂ ਸੀ ਪਰ ਉਸ ਵਿੱਚ ਆਪਣੇ ਪਿਤਾ ਵਰਗੀ ਚੰਚਲਤਾ ਅਤੇ ਫੁਰਤੀ ਦਾ ਅਹਿਸਾਸ ਨਹੀਂ ਸੀ। ਜ਼ਿਆਦਾਤਰ ਉਸ ਦਾ ਅਫੀਮਚੀਪਣ ਹੀ ਉਸ ਦੀਆਂ ਅਸਫਲਤਾਵਾਂ ਦਾ ਕਾਫੀ ਕਾਰਨ ਸੀ ਪਰ ਹੁਮਾਯੂੰ ਅਤੇ ਬਾਬਰ ਨੂੰ 'ਭੱਦਰ ਵਿਅਕਤੀ' ਕਹਿੰਦੇ ਸਮੇਂ ਚਾਹੇ ਇਸ ਲਈ ਕਾਫੀ ਸਬੂਤ ਵੀ ਪੇਸ਼ ਹੋਣ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਤੈਮੂਰ ਰਾਜ ਕੁਮਾਰ ਮੱਧ ਏਸ਼ੀਆ ਦੇ ਬੱਬਰ ਵਿਅਕਤੀ ਸਨ ਅਤੇ ਇਨ੍ਹਾਂ ਵਿੱਚ ਆਪਣੇ ਕੁੱਲ, ਜਾਤੀ ਅਤੇ ਸਮੇਂ ਦੀਆਂ ਸਾਰੀਆਂ ਪ੍ਰੰਪਰਾਵਾਂ ਮੌਜੂਦ ਸਨ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਇੱਥੋਂ ਤੱਕ ਕਿ ਅਕਬਰ ਨੂੰ ਮਨੁੱਖੀ ਜੀਵਨ ਪ੍ਰਤੀ ਕੋਈ ਆਦਰ ਭਾਵ ਨਹੀਂ ਸੀ। ਉਹ ਸਾਰੇ ਦੇ ਸਾਰੇ ਭਿਆਨਕ ਕਤਲਕਾਂਡ ਦਾ ਆਦੇਸ਼ ਦੇ ਸਕਦੇ ਸਨ ਅਤੇ ਹੋਰ ਸਖਤ ਸਜ਼ਾਵਾਂ ਵੀ ਦੇ ਸਕਦੇ ਸਨ।"

1536 ਈ. ਵਿੱਚ ਜਦੋਂ ਹੁਮਾਯੂੰ ਗੁਜਰਾਤ ਤੋਂ ਪਰਤਿਆ ਤਾਂ ਉਸ ਦੇ ਇਕ ਪੁਰਾਣੇ ਬੁੱਧੀਮਾਨ ਸਲਾਹਕਾਰ ਯੂਸਫ ਖੈਲ ਨੇ ਉਸ ਨੂੰ ਸ਼ੇਰ ਖਾਂ ਦੇ ਖਤਰੇ ਦੇ ਵਿਰੁੱਧ ਚੇਤਾਵਨੀ ਦਿੱਤੀ ਅਤੇ ਉਸ 'ਤੇ ਜ਼ੋਰ ਦਿੱਤਾ ਕਿ ਸ਼ੇਰ ਖਾਂ ਦੇ ਵਿਰੁੱਧ ਇਕਦਮ ਕਾਰਵਾਈ ਕੀਤੀ ਜਾਵੇ ਪਰ ਹੁਮਾਯੂੰ ਨੇ ਕੋਈ ਪ੍ਰਵਾਹ ਨਹੀਂ ਕੀਤੀ। ਉਸ ਨੇ ਹਿੰਦੂ ਬੇਗ ਨੂੰ ਜੋਨਪੁਰ ਭੇਜਿਆ ਕਿ ਉਹ ਸਥਿਤੀ ਦੀ ਜਾਂਚ ਕਰੇ ਅਤੇ ਰਿਪੋਰਟ ਕਰੇ। ਸ਼ੇਰ ਖਾਂ ਨੇ ਹਿੰਦੂ ਬੇਗ ਨੂੰ ਰਿਸ਼ਵਤ ਦੇ ਕੇ ਜਿਸ ਨੇ ਝੂਠੀ ਰਿਪੋਰਟ ਕਰ ਦਿੱਤੀ ਕਿ ਸ਼ੇਰ ਖਾਂ ਤਾਂ ਸਮਰਾਟ ਦਾ ਭਗਤ ਹੈ, ਉਸ ਤੋਂ ਕੋਈ ਖਤਰਾ ਨਹੀਂ ਹੈ।

### 9.6.2 ਚੁਨਾਰ ਦਾ ਘੇਰਾ ਅਤੇ ਹੁਮਾਯੂੰ ਅਤੇ ਸ਼ੇਰ ਖਾਂ ਦੇ ਦਰਮਿਆਨ ਸਮਝੌਤਾ (Siege of Chunar and Compromise between Humayun and Sher Shah—1537-38)

ਜੁਲਾਈ 1537 ਈ. ਵਿੱਚ ਹੁਮਾਯੂੰ ਨੂੰ ਪਤਾ ਲੱਗਾ ਕਿ ਸ਼ੇਰ ਸ਼ਾਹ ਨੇ ਬੰਗਾਲ ਦਾ ਇਲਾਕਾ ਜਿੱਤ ਲਿਆ ਹੈ ਅਤੇ ਉਹ ਗੌਰ ਨੂੰ ਘੇਰ ਰਿਹਾ ਹੈ। ਇਸ ਲਈ ਉਹ ਸ਼ੇਰ ਖਾਂ ਦੇ ਵਿਰੁੱਧ ਸੈਨਾ ਲੈ ਕੇ ਚੱਲ ਪਿਆ ਤਾਂ ਕਿ ਉਸ ਨੂੰ ਵਧਣ ਤੋਂ ਰੋਕੇ। ਚੁਨਾਰ ਦੇ ਨੇੜੇ ਪਹੁੰਚ ਕੇ ਉਸ ਨੇ ਆਪਣੇ ਲੋਕਾਂ ਨਾਲ ਸਲਾਹ ਕੀਤੀ ਕਿ ਮੈਨੂੰ ਪਹਿਲਾਂ ਚੁਨਾਰ ਲੈਣਾ ਚਾਹੀਦਾ ਹੈ ਜਾਂ ਗੌਰ। ਯੂਸਫ ਖੈਲ ਨੇ ਸਮਝਦਾਰੀ ਨਾਲ ਸਲਾਹ ਦਿੱਤੀ ਕਿ ਪਹਿਲਾਂ ਗੌਰ ਲਿਆ ਜਾਵੇ ਪਰ ਹੁਮਾਯੂੰ ਨੇ ਇਸ ਦੀ ਪ੍ਰਵਾਹ ਨਾ ਕਰਕੇ ਚੁਨਾਰ ਨੂੰ ਘੇਰਾ ਪਾਉਣ ਦਾ ਕਾਰਜ ਭਾਰ ਪਹਿਲਾਂ ਲਿਆ। ਇਸੇ ਦੌਰਾਨ ਸ਼ੇਰ ਖਾਂ ਨੇ ਗੌਰ ਤੋਂ ਸਾਰੀ ਦੌਲਤ ਕੱਢ ਲਈ ਅਤੇ ਰੋਹਤਾਸ ਦਾ ਕਿਲ੍ਹਾ ਵੀ ਖੋਹ ਲਿਆ।

ਨੋਟ

ਹੁਮਾਯੂੰ ਨੇ ਹੁਣ ਸ਼ੇਰ ਸ਼ਾਹ ਨਾਲ ਗੱਲਬਾਤ ਆਰੰਭ ਕੀਤੀ। ਅੰਤ ਵਿੱਚ ਸਿੱਧ ਹੋ ਗਿਆ, ਜਿਸ ਦੇ ਅਨੁਸਾਰ ਇਹ ਫੈਸਲਾ ਹੋਇਆ ਕਿ ਬੰਗਾਲ ਤਾਂ ਸ਼ੇਰ ਸ਼ਾਹ ਦੇ ਕੋਲ ਰਹੇ ਪਰ ਉਹ ਬਿਹਾਰ ਮੁਗਲਾਂ ਨੂੰ ਦੇ ਦੇਵੇ।

### 9.6.3 ਸਿੰਧੀ ਭੰਗ, ਹੁਮਾਯੂੰ ਦਾ ਗੌਰ ਦੀ ਜਗ੍ਹਾ 'ਤੇ ਆਲਸ ਅਤੇ ਉਨਮਾਦ ਵਿੱਚ ਨਿਮੱਜ ਹੋਣਾ (Breach of Compromise and Humayun's Indulgence in Sloth and Slumber in Gaur)

ਸਿੰਧੀ ਤੋਂ ਤੁਰੰਤ ਬਾਅਦ ਬੰਗਾਲ ਦੇ ਰਾਜਪਾਲ ਦੇ ਭੜਕਾਉਣ 'ਤੇ ਹੁਮਾਯੂੰ ਨੇ ਅਫਗਾਨਾਂ ਦੇ ਵਿਰੁੱਧ ਚੜ੍ਹਾਈ ਕਰ ਦਿੱਤੀ, ਕਿਉਂਕਿ ਉਸ ਨੂੰ ਪਤਾ ਲੱਗ ਗਿਆ ਕਿ ਸ਼ੇਰ ਖਾਂ ਨੇ ਗੌੜ 'ਤੇ ਅਧਿਕਾਰ ਕਰ ਲਿਆ ਹੈ। ਸਮਰਾਟ ਦੀ ਸੈਨਾ ਨੇ ਕਿਸੇ ਤਰ੍ਹਾਂ ਗੌਰ 'ਤੇ ਅਧਿਕਾਰ ਕਰ ਲਿਆ ਪਰ ਇਸ ਜਿੱਤ ਤੋਂ ਬਾਅਦ ਹੁਮਾਯੂੰ ਰੰਗਰਲੀਆਂ ਵਿੱਚ ਫਸ ਗਿਆ। ਉਹ ਸ਼ਰਾਬ ਪੀਣ, ਭੋਗ ਵਿਲਾਸ ਕਰਨ, ਅਫੀਮ ਦਾ ਅਨੰਦ ਲੁੱਟਣ ਵਿੱਚ ਆਪਣੇ ਆਪ ਨੂੰ ਇੰਨਾ ਗੁਆਚ ਗਿਆ ਕਿ ਕਈ ਦਿਨ ਤੱਕ ਉਸ ਨੇ ਸੂਰਜ ਦਾ ਮੂੰਹ ਵੀ ਨਹੀਂ ਦੇਖਿਆ। ਹੁਮਾਯੂੰ ਨੇ ਇੱਥੇ ਕੋਈ 8 ਮਹੀਨੇ ਬਿਤਾ ਦਿੱਤੇ। ਸ਼ੇਰ ਖਾਂ ਨੇ ਮੌਕੇ ਦਾ ਫਾਇਦਾ ਲੈ ਕੇ ਕੋਸੀ ਅਤੇ ਗੰਗਾ ਦੇ ਦਰਮਿਆਨ ਸਾਰੇ ਦੇਸ਼ 'ਤੇ ਅਧਿਕਾਰ ਕਰ ਲਿਆ। ਉਸ ਨੇ ਹੁਮਾਯੂੰ ਦਾ ਰਾਜਧਾਨੀ ਤੋਂ ਸਮਾਨ ਪ੍ਰਾਪਤੀ ਆਦਿ ਸਾਧਨ ਸਬੰਧ ਕੱਟ ਦਿੱਤੇ ਅਤੇ ਜੇਤੂ ਪ੍ਰਦੇਸ਼ ਸਾਰੇ ਵਿਦਰੋਹੀਆਂ ਦਾ ਖਾਤਮਾ ਕਰਕੇ ਉਨ੍ਹਾਂ ਨੂੰ ਆਪਣੇ ਵਸ ਵਿੱਚ ਕਰ ਲਿਆ। ਜਦੋਂ ਹੁਮਾਯੂੰ ਨੂੰ ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਲੱਗਾ ਤਾਂ ਉਹ ਬਹੁਤ ਬੁਖਲਾਇਆ ਅਤੇ ਉਸ ਨੇ ਸ਼ੇਰ ਖਾਂ ਦੇ ਵਿਰੁੱਧ ਕਾਰਵਾਈ ਕਰਨ ਦਾ ਫੈਸਲਾ ਕਰ ਲਿਆ ਪਰ ਬਦਕਿਸਮਤੀ ਨਾਲ ਠੀਕ ਉਸੇ ਸਮੇਂ ਉਸ ਨੂੰ ਇਹ ਖ਼ਬਰ ਮਿਲੀ ਕਿ ਉਸ ਦੇ ਭਰਾ ਹਿੰਦਾਲ ਨੇ ਆਗਰਾ ਵਿੱਚ ਵਿਦਰੋਹ ਕਰ ਦਿੱਤਾ ਹੈ, ਸਥਿਤੀ ਨੂੰ ਅਤਿ ਸੰਕਟ ਭਰਪੂਰ ਜਾਣ ਕੇ ਉਸ ਨੇ ਸ਼ੇਰ ਖਾਂ ਨਾਲ ਸੰਧੀ ਕਰਨ ਦੀ ਗੱਲ ਸੋਚੀ ਅਤੇ ਸ਼ੇਖ ਖਲੀਲ ਨੂੰ ਉਸ ਉਦੇਸ਼ ਨਾਲ ਉੱਥੇ ਭੇਜਿਆ। ਸ਼ੇਰ ਖਾਂ ਨੇ ਇਸ ਮੁਗਲ ਦੂਤ ਨੂੰ ਰਿਸ਼ਵਤ ਦੇ ਕੇ ਇਹ ਪਤਾ ਕਰਵਾ ਲਿਆ ਕਿ ਉਸ ਦੇ ਮਾਲਿਕ ਦੀਆਂ ਕੀ-ਕੀ ਕਮਜ਼ੋਰੀਆਂ ਹਨ ਅਤੇ ਸ਼ੇਰ ਖਾਂ ਨੇ ਹੁਮਾਯੂੰ ਦੇ ਵਿਰੁੱਧ ਇਕ ਖੁੱਲ੍ਹੇ ਯੁੱਧ ਦੀ ਤਿਆਰੀ ਆਰੰਭ ਕਰ ਦਿੱਤੀ।

### 9.6.4 ਚੌਸਾ ਦੀ ਲੜਾਈ (Battle of Chausa) ਜੂਨ 1539

ਅਪ੍ਰੈਲ 1539 ਈ. ਵਿੱਚ ਮੁਗਲਾਂ ਅਤੇ ਅਫਗਾਨਾਂ ਦੀ ਸਿੱਧੀ ਟੱਕਰ ਚੌਸਾ ਦੀ ਜਗ੍ਹਾ 'ਤੇ ਹੋਈ। ਉਸ ਸਮੇਂ ਹੁਮਾਯੂੰ ਇਕ ਔਖੀ ਸਥਿਤੀ ਵਿੱਚ ਸੀ। ਇਸ ਕੋਲ ਸਾਧਨਾਂ ਦੀ ਕਮੀ ਸੀ, ਜਦੋਂ ਕਿ ਆਗਰਾ ਨੂੰ ਜਾਣ ਵਾਲਾ ਰਸਤਾ ਰੁਕਿਆ ਹੋਇਆ ਸੀ। ਹਿੰਦਾਲ ਨੇ ਆਗਰਾ ਵਿੱਚ ਵਿਦਰੋਹ ਕੀਤਾ ਹੋਇਆ ਸੀ ਅਤੇ ਅਸਕਰੀ ਵੀ ਵਿਸ਼ਵਾਸਘਾਤ ਕਰਨ 'ਤੇ ਉਤਾਰੂ ਸੀ। ਹੁਮਾਯੂੰ ਦੇ ਸੈਨਿਕ ਅਤੇ ਸਰਦਾਰ ਵੀ ਉਸ ਦਾ ਸਾਥ ਛੱਡਣ ਲੱਗੇ। ਦੋ ਮਹੀਨਿਆਂ ਤੋਂ ਜ਼ਿਆਦਾ ਤੱਕ ਹੁਮਾਯੂੰ ਨੇ ਦੁਸ਼ਮਣ ਨਾਲ ਲੜਨ ਦਾ ਹੌਂਸਲਾ ਕੀਤਾ। ਉਧਰ ਸ਼ੇਰ ਸ਼ਾਹ ਨੇ ਵੀ ਕੁਝ ਦੇਰ ਪਹਿਲਕਦਮੀ ਨਾ ਕੀਤੀ, ਕਿਉਂਕਿ ਉਹ ਦੁਸ਼ਮਣ ਨੂੰ ਪ੍ਰੇਸ਼ਾਨ ਕਰਨ ਲਈ ਵਰਖਾ ਰੁੱਤ ਦਾ ਇੰਤਜ਼ਾਰ ਕਰ ਰਿਹਾ ਸੀ। ਅੰਤ ਵਿੱਚ 26 ਜੂਨ 1539 ਈ. ਨੂੰ ਸ਼ੇਰ ਸ਼ਾਹ ਨੇ ਯੁੱਧ ਦਾ ਐਲਾਨ ਕਰ ਦਿੱਤਾ। ਸ਼ੇਰ ਸ਼ਾਹ ਦੀ ਸ਼ਾਨਦਾਰ ਅਗਵਾਈ ਵਿੱਚ ਅਫਗਾਨ ਬਹੁਤ ਬਹਾਦਰੀ ਨਾਲ ਲੜੇ। ਹੁਮਾਯੂੰ ਖ਼ੁਦ ਇਕ ਅਸਧਾਰਣ ਸੂਰਬੀਰਤਾ ਨਾਲ ਲੜਿਆ ਪਰ ਉਸ ਦੇ ਉਦਾਹਰਣ ਨੇ ਉਸ ਦੇ ਅਨੁਯਾਈਆਂ 'ਤੇ ਕੋਈ ਪ੍ਰਭਾਵ ਨਹੀਂ ਪਾਇਆ, ਉਹ ਜ਼ਖ਼ਮੀ ਹੋ ਗਿਆ ਅਤੇ ਦੁਸ਼ਮਣਾਂ ਨਾ ਘਿਰਣ ਲੱਗਾ। ਉਹ ਭੱਜ ਗਿਆ ਅਤੇ ਉਸ ਨੇ ਨਦੀ ਵਿੱਚ ਆਪਣਾ ਘੋੜਾ ਸੁੱਟ ਦਿੱਤਾ, ਉਹ ਡੁੱਬਣ ਲੱਗਾ ਸੀ, ਜਦੋਂ ਉਸ ਨੂੰ ਇਕ ਸੱਕੇ (ਪਾਣੀ ਢੋਣ ਵਾਲੇ ਮਾਸ਼ਕੀ) ਨਿਜ਼ਾਮ ਨੇ ਬਚਾਅ ਲਿਆ, ਜਿਸ ਨੂੰ ਹੁਮਾਯੂੰ ਨੇ ਬਾਅਦ ਵਿੱਚ ਇਨਾਮ ਦੇ ਤੌਰ 'ਤੇ ਦੋ ਦਿਨ ਸ਼ਾਸਨ ਕਰਨ ਦੀ ਖੁੱਲ੍ਹ ਦੇ ਦਿੱਤੀ।

ਚੌਸਾ ਦੀ ਜਿੱਤ ਨੇ ਸ਼ੇਰ ਖਾਂ ਦਾ ਹੌਂਸਲਾ ਵਧਾ ਦਿੱਤਾ ਅਤੇ ਉਸ ਦੀ ਪ੍ਰਤਿਸ਼ਠਾ ਨੂੰ ਚਾਰ-ਚੰਨ ਲਗਾ ਦਿੱਤੇ। ਹੁਣ ਉਸ ਨੇ 'ਸ਼ਾਹ' ਦੀ ਉਪਾਧੀ ਅਤੇ ਚਿੰਨ੍ਹ ਵੀ ਧਾਰਨ ਕਰ ਲਿਆ, ਉਸ ਨੇ ਸਿੰਘਾਸਨ 'ਤੇ ਬੈਠ ਕੇ ਆਪਣੇ ਸਿਰ 'ਤੇ ਛਤਰ ਤਾਨ ਲਿਆ ਅਤੇ ਆਪਣਾ ਨਾਮ ਸ਼ੇਰ ਸ਼ਾਹ ਰੱਖ ਲਿਆ। ਉਸ ਨੇ ਆਪਣੇ ਨਾਮ ਦੇ ਸਿੱਕੇ ਚਲਾ ਕੇ ਅਤੇ ਖੁਤਬਾ ਪੜ੍ਹਾਇਆ, ਉਸ ਨੇ 'ਸ਼ਾਹ ਆਲਮ' ਦੀ ਹੋਰ ਉਪਾਧੀ ਵੀ ਧਾਰਨ ਕਰ ਲਈ।

### ਬਿੱਲ ਗ੍ਰਾਮ ਅਤੇ ਕਨੌਜ ਦੀ ਲੜਾਈ (Battle of Bilgram or Kannauj)

ਚੌਸਾ ਦੀ ਜਗ੍ਹਾ 'ਤੇ ਆਪਣੀ ਹਾਰ ਤੋਂ ਬਾਅਦ ਹੁਮਾਯੂੰ ਆਗਰਾ ਆ ਗਿਆ। ਇੱਥੇ ਆ ਕੇ ਉਸ ਨੇ ਆਪਣੇ ਭਰਾਵਾਂ ਨਾਲ ਗੱਲਬਾਤ ਕੀਤੀ ਅਤੇ ਅਫਗਾਨਾਂ ਦੇ ਵਿਰੁੱਧ ਉਨ੍ਹਾਂ ਦੀ ਸਹਾਇਤਾ ਮੰਗੀ ਪਰ ਬਦਕਿਸਮਤੀ ਨਾਲ ਉਸ ਨੂੰ ਚੰਗਾ ਜਵਾਬ ਨਹੀਂ ਮਿਲਿਆ ਤਾਂ ਵੀ ਹੁਮਾਯੂੰ ਨੇ ਇਕ ਵੱਡੀ ਭਾਰੀ ਸੈਨਾ ਇਕੱਠੀ ਕੀਤੀ, ਜਿਸ ਵਿੱਚ ਨੱਬੀ ਹਜ਼ਾਰ (90,000) ਸੈਨਿਕ ਸਨ ਅਤੇ ਅਫਗਾਨ 'ਤੇ ਹਮਲਾ ਕਰਨ ਚੱਲ ਪਿਆ। ਉਸ ਨੇ ਭੋਜਪੁਰ ਵਿੱਚ ਡੇਰਾ ਲਗਾਇਆ ਜੋ ਕਨੌਜ ਦੇ ਨੇੜੇ ਹੀ ਇਕ ਸਥਾਨ ਹੈ। ਸ਼ੇਰ ਸ਼ਾਹ ਕਨੌਜ ਦੇ ਠੀਕ ਸਾਹਮਣੇ ਗੰਗਾ ਦੇ ਦੂਸਰੇ ਪਾਸੇ ਪਹਿਲਾਂ ਹੀ ਆ ਗਿਆ ਸੀ। ਦੋਵੇਂ ਸੈਨਾਵਾਂ ਇਸੇ ਸਥਿਤੀ ਵਿੱਚ ਕੋਈ ਇਕ ਮਹੀਨਾ ਰਹੀਆਂ ਅਤੇ ਕਿਸੇ ਪਾਸਿਓਂ ਵੀ ਪਹਿਲ ਨਹੀਂ ਹੋਈ। ਮਈ 1540 ਈ. ਦੇ ਦਰਮਿਆਨ ਮੁਸਲਾਧਾਰ ਵਰਖਾ ਹੋਈ, ਇਸ ਦਾ ਲਾਭ ਉਠਾ ਕੇ ਸ਼ੇਰ ਸ਼ਾਹ ਨੇ ਆਪਣੇ ਸੈਨਿਕਾਂ ਨੂੰ ਆਦੇਸ਼ ਦੇ ਦਿੱਤਾ ਕਿ ਦੁਸ਼ਮਣ 'ਤੇ ਹਮਲਾ ਕਰ ਦੇਵੇ। ਨਤੀਜਾ ਇਹ ਹੋਇਆ 17 ਮਈ 1540 ਈ. ਨੂੰ ਕਨੌਜ ਦੀ ਲੜਾਈ ਹੋਈ। ਮੁਗਲ ਪੱਖ ਵਿੱਚ ਘਬਰਾਹਟ ਮਚ ਗਈ, ਅਨੁਸ਼ਾਸਨ ਟੁੱਟ ਗਿਆ ਅਤੇ ਸੈਨਿਕ ਭੱਜਣ

ਨੋਟ

ਲੱਗੇ। ਮੁਗਲ ਤੋਪਾਂ ਕੰਮ ਨਾ ਕਰ ਸਕੀਆਂ ਅਤੇ ਉਹ ਦੁਸ਼ਮਣ ਦੇ ਸਾਹਮਣੇ ਮਜਬੂਰ ਹੋ ਕੇ ਰਹਿ ਗਏ। ਮਿਰਜ਼ਾ ਹੈਦਰ ਜੋ ਮੁਗਲਾਂ ਵੱਲੋਂ ਲੜ ਰਿਹਾ ਸੀ, ਇਸ ਲੜਾਈ ਦਾ ਇੰਝ ਵਰਨਣ ਕਰਦਾ ਹੈ- "ਸ਼ੇਰ ਸ਼ਾਹ ਦੀ ਜਿੱਤ ਹੋਈ, ਜਦੋਂ ਕਿ ਜੁਗਤਈ (ਮੁਗਲ) ਯੁੱਧ ਖੇਤਰ ਵਿੱਚ ਹਾਰ ਗਏ। ਇੱਥੇ ਨਾ ਕੋਈ ਮਿੱਤਰ ਅਤੇ ਅਮਿੱਤਰ ਜ਼ਖ਼ਮੀ ਹੋਏ ਅਤੇ ਨਾ ਹੀ ਕੋਈ ਤੋਪ ਚੱਲੀ। ਗੱਡੀਆਂ ਵਿਅਰਥ ਹੋ ਕੇ ਰਹਿ ਗਈਆਂ।" ਅਸਲ ਵਿੱਚ ਇਹ ਇਕ ਅਤਿਕਥਨੀ ਹੈ ਤਾਂ ਵੀ ਉਸ ਵਿੱਚ ਕੋਈ ਸੰਦੇਹ ਨਹੀਂ, ਜਿਵੇਂ ਕਿ ਡਾ. ਈਸ਼ਵਰੀ ਪ੍ਰਸ਼ਾਦ ਲਿਖਦਾ ਹੈ ਕਿ ਕਨੌਜ ਦੀ ਲੜਾਈ ਵਿੱਚ ਉਸ ਤੋਂ ਅੱਧਾ ਕਤਲਕਾਂਡ ਵੀ ਨਹੀਂ ਹੋਇਆ, ਜਿੰਨਾ ਕਿ ਪਾਨੀਪਤ ਅਤੇ ਕੰਵਾਹ ਦੀ ਲੜਾਈ ਵਿੱਚ ਹੋਇਆ ਸੀ।

ਆਪਣੀ ਹਾਰ ਤੋਂ ਬਾਅਦ ਸਮਰਾਟ ਆਗਰਾ ਵੱਲ ਭੱਜਿਆ ਪਰ ਜਦੋਂ ਦੁਸ਼ਮਣ ਉਸ ਜਗ੍ਹਾ 'ਤੇ ਪਹੁੰਚਿਆ ਤਾਂ ਉਥੋਂ ਲਾਹੌਰ ਭੱਜ ਗਿਆ। ਸ਼ੇਰ ਸ਼ਾਹ ਉਸ ਦਾ ਪਿੱਛਾ ਕਰਦਾ ਰਿਹਾ, ਜਦੋਂ ਕਿ ਉਸ ਨੂੰ ਭਾਰਤ ਤੋਂ ਹੀ ਬਾਹਰ ਕੱਢ ਦਿੱਤਾ।

## 9.7 ਸ਼ੇਰ ਸ਼ਾਹ ਦੀ ਸਫਲਤਾ ਅਤੇ ਹੁਮਾਯੂੰ ਦੀ ਸਫਲਤਾ ਦੇ ਕਾਰਨ (Cause of the Victory of Sher Shah or Defeat of Humayun)

ਹੁਮਾਯੂੰ ਅਤੇ ਸ਼ੇਰ ਸ਼ਾਹ ਵਿਚਕਾਰ ਜੋ ਲੰਮਾ ਸੰਘਰਸ਼ ਹੋਇਆ, ਉਸ ਵਿੱਚ ਸ਼ੇਰ ਸ਼ਾਹ ਹੁਮਾਯੂੰ ਨੂੰ ਦੋ ਬਹੁਤ ਮਹੱਤਵਪੂਰਨ ਲੜਾਈਆਂ ਵਿੱਚ ਹਰਾ ਕੇ ਜੇਤੂ ਰਿਹਾ- ਇਕ ਸੀ ਚੌਸਾ ਦੀ ਲੜਾਈ ਅਤੇ ਦੂਸਰੀ ਕਨੌਜ ਦੀ ਲੜਾਈ। ਕੁਝ ਅਜਿਹੇ ਨਿਸ਼ਚਿਤ ਕਾਰਨ ਸਨ, ਜਿਨ੍ਹਾਂ ਤੋਂ ਅਫਗਾਨ ਸਰਦਾਰ ਸ਼ੇਰ ਖਾਂ ਦੀ ਜਿੱਤ ਅਤੇ ਮੁਗਲ ਸਮਰਾਟ ਦੀ ਹਾਰ।

**(i) ਸ਼ੇਰ ਸ਼ਾਹ ਦਾ ਸੈਨਾਨੀਪਣ ਅਤੇ ਉਸ ਦਾ ਕੂਟਨੀਤਿਕ ਕੌਸ਼ਲ (Sher Shah's Generalship and Diplomatic skill)**- ਕਿਸੇ ਹੋਰ ਗੱਲ ਵਿੱਚ ਸ਼ੇਰ ਸ਼ਾਹ ਦੀ ਅੰਤਿਮ ਸਫਲਤਾ ਵਿੱਚ ਇੰਨਾ ਕੰਮ ਨਹੀਂ ਕੀਤਾ, ਜਿੰਨਾ ਕਿ ਉਸ ਦੀ ਆਪਣੀ ਕੂਟਨੀਤੀ ਅਤੇ ਸੈਨਿਕ ਕੌਸ਼ਲ ਨੇ ਸ਼ੇਰ ਸ਼ਾਹ ਜਾਣਦਾ ਸੀ ਕਿ ਕੋਈ ਲੜਾਈ ਕਿਵੇਂ ਆਰੰਭ ਕਰਨੀ ਹੈ। ਉਹ ਅਜਿਹਾ ਚਲਾਕ ਕੂਟਨੀਤਿਕ ਸੀ ਕਿ ਉਹ ਦੇਖਦਾ ਸੀ ਕਿ ਮੈਂ ਸੈਨਿਕ ਰੂਪ ਵਿੱਚ ਤਿਆਰ ਨਹੀਂ ਹਾਂ, ਤੁਰੰਤ ਨਿਮਰਤਾ ਨਾਲ ਝੁਕ ਜਾਂਦਾ ਸੀ। ਅਸੀਂ ਦੇਖਦੇ ਹਾਂ ਕਿ ਆਰੰਭ ਵਿੱਚ ਜਦੋਂ ਹੁਮਾਯੂੰ ਚੜ੍ਹ ਕੇ ਆਇਆ ਉਦੋਂ ਉਹ ਕਾਫੀ ਮਜ਼ਬੂਤ ਨਹੀਂ ਸੀ ਅਤੇ ਉਸ ਨੇ ਸਮਰਾਟ ਨੂੰ ਲਿਖ ਦਿੱਤਾ ਕਿ ਮੈਂ ਤਾਂ ਤੁਹਾਡਾ ਦਾਸ ਹਾਂ ਅਤੇ ਤੁਹਾਡੇ ਨਾਮ ਦੇ ਸਿੱਕੇ ਬਣਾਵਾਂ ਅਤੇ ਖੁਤਬਾ ਪੜ੍ਹਾਵਾਂਗਾ। ਇੰਨਾ ਹੀ ਨਹੀਂ ਸ਼ੇਰ ਸ਼ਾਹ ਨੇ ਮੁਗਲ ਦੂਤਾਂ ਤੱਕ ਕੋਲੋਂ ਉਨ੍ਹਾਂ ਨੂੰ ਰਿਸ਼ਵਤ ਦੇ ਕੇ ਸਾਰੇ ਰਾਜ ਦੇ ਭੇਦ ਜਾਣ ਲਏ। ਇਕ ਮਹਾਨ ਸੈਨਾਪਤੀ ਦੇ ਨਾਤੇ ਸ਼ੇਰ ਸ਼ਾਹ ਨੇ ਆਪਣੀ ਸੈਨਾ ਨੂੰ ਬਹੁਤ ਹੀ ਚੰਗੇ ਢੰਗ ਨਾਲ ਸੰਗਠਿਤ ਕੀਤਾ, ਜਿਸ ਨੇ ਆਪਣੇ ਸੈਨਿਕਾਂ ਦੇ ਦਿਲ ਵਿੱਚ ਕੁੱਟ-ਕੁੱਟ ਕੇ ਵਿਸ਼ਵਾਸ ਭਰ ਦਿੱਤਾ। ਉਨ੍ਹਾਂ ਨੂੰ ਇਹ ਕਹਿ ਕੇ ਕਿ "ਮੁਗਲ ਲੋਕ ਅਫਗਾਨਾਂ ਤੋਂ ਕਦੇ ਵੀ ਵਧੀਆ ਨਹੀਂ ਨਾ ਸਮੂਹਿਕ ਲੜਾਈ ਵਿੱਚ ਅਤੇ ਨਾ ਹੀ ਇਕੱਲੇ-ਇਕੱਲੇ। ਪਰ ਅਫਗਾਨ ਲੋਕ ਹਿੰਦ ਦਾ ਰਾਜ ਆਪਣੇ ਹੱਥਾਂ ਤੋਂ ਇਸ ਲਈ ਗੁਆ ਬੈਠੇ ਹਨ ਕਿ ਉਹ ਆਪਸ ਵਿੱਚ ਲੜਦੇ ਰਹਿੰਦੇ ਸਨ।" ਸ਼ੇਰ ਸ਼ਾਹ ਨੇ ਚੌਸਾ ਅਤੇ ਕਨੌਜ ਦੀ ਲੜਾਈ ਵਿੱਚ ਕੀ ਕੁਝ ਕਰਕੇ ਦਿਖਾਇਆ, ਇਸ ਨਾਲ ਉਸ ਦੀ ਸੈਨਿਕ ਪ੍ਰਤਿਭਾ ਦਾ ਪਤਾ ਲੱਗਦਾ ਹੈ।

**(ii) ਹੁਮਾਯੂੰ ਦੇ ਅਧਿਕਾਰੀਆਂ ਦਾ ਵਿਸ਼ਵਾਸ (Treachery of Humayun's Officials)**- ਬਦਕਿਸਮਤੀ ਨਾਲ ਹੁਮਾਯੂੰ ਦੇ ਸਰਦਾਰ ਗੱਦਾਰ ਨਿਕਲੇ। ਜਦੋਂ ਸ਼ੇਰ ਖਾਂ ਆਪਣੀ ਸ਼ਕਤੀ ਵਧਾ ਕੇ ਖਤਰਨਾਕ ਬਣਦਾ ਜਾ ਰਿਹਾ ਸੀ ਤਾਂ ਹੁਮਾਯੂੰ ਨੇ ਹਿੰਦੂ ਬੇਗ ਨੂੰ ਸਾਰੀ ਸਥਿਤੀ ਦੀ ਜਾਂਚ ਕਰਨ ਭੇਜਿਆ ਸੀ ਪਰ ਹਿੰਦੂ ਬੇਗ ਖੁਦ ਧੋਖੇਬਾਜ਼ ਨਿਕਲਿਆ। ਉਸ ਨੇ ਸ਼ੇਰ ਸ਼ਾਹ ਕੋਲੋਂ ਰਿਸ਼ਵਤ ਲੈ ਕੇ ਉਸ ਦੇ ਇਰਾਦੇ ਅਤੇ ਵਿਵਹਾਰ ਸਬੰਧੀ ਸਮਰਾਟ ਨੂੰ ਝੂਠੀ ਰਿਪੋਰਟ ਦੇ ਦਿੱਤੀ। ਫਿਰ ਜਦੋਂ ਹੁਮਾਯੂੰ ਨੇ ਸ਼ੇਖ ਖਰੀਦ ਨੂੰ ਦੂਤ ਬਣਾ ਕੇ ਭੇਜਿਆ ਤਾਂ ਉਸ ਨੇ ਵੀ ਅਫਗਾਨ ਸਰਦਾਰ ਤੋਂ ਧਨ ਲੈ ਲਿਆ ਅਤੇ ਉਸ ਨੂੰ ਰਾਜ ਦੇ ਸਾਰੇ ਰਹੱਸ ਦੱਸ ਦਿੱਤੇ। ਉਸੇ ਨੇ ਤਾਂ ਸ਼ੇਰ ਸ਼ਾਹ ਨੂੰ ਦੱਸਿਆ ਸੀ ਕਿ ਸਮਰਾਟ ਦੀ ਸੱਤਾ ਦੇ ਵਿਰੁੱਧ ਯੁੱਧ ਘੋਸ਼ਣਾ ਕਰਨ ਦਾ ਇਹ ਸੁਨਹਿਰੀ ਮੌਕਾ ਹੈ, ਕਿਉਂਕਿ ਹੁਮਾਯੂੰ ਦੀ ਸੈਨਾ ਸਹੀ ਰੂਪ ਵਿੱਚ ਸੰਗਠਿਤ ਨਹੀਂ ਹੈ ਅਤੇ ਉਹ ਆਗਰਾ ਵਿੱਚ ਆਪਣੇ ਭਰਾ ਦੇ ਵਿਦਰੋਹ ਕਾਰਨ ਸੰਕਟ ਵਿੱਚ ਹੈ।

**(iii) ਹੁਮਾਯੂੰ ਦੇ ਭਰਾਵਾਂ ਦੀ ਧੋਖੇਬਾਜ਼ੀ (Faithlessness of Humayun's Brothers)**- ਹੁਮਾਯੂੰ ਦੇ ਭਰਾ ਧੋਖੇਬਾਜ਼ ਨਿਕਲੇ। ਉਨ੍ਹਾਂ ਨੇ ਅਫ਼ਗਾਨਾਂ ਦੇ ਵਿਰੁੱਧ ਉਸ ਦੀ ਲੜਾਈ ਵਿੱਚ ਸਹਾਇਤਾ ਨਹੀਂ ਕੀਤੀ। ਉਸ ਨੂੰ ਸਹਾਇਤਾ ਦੇਣ ਦੀ ਜਗ੍ਹਾ ਉਲਟਾ ਉਸ ਨੂੰ ਦੁੱਖ ਦਿੱਤਾ। ਮਿਰਜ਼ਾ ਕਾਮਰਾਨ ਨੇ ਹੁਮਾਯੂੰ ਨੂੰ ਸ਼ੇਰ ਸ਼ਾਹ ਦੇ ਵਿਰੁੱਧ ਸੈਨਿਕ ਸਹਾਇਕਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਉਹ ਤਾਂ ਹੁਮਾਯੂੰ ਦੀਆਂ ਕਠਿਨਾਈਆਂ ਤੋਂ ਲਾਭ ਉਠਾਉਣਾ ਚਾਹੁੰਦਾ ਸੀ ਅਤੇ ਜੇਕਰ ਹੋ ਸਕੇ ਤਾਂ ਆਪਣਾ ਹੀ ਰਾਜ ਸਥਾਪਿਤ ਕਰਨਾ ਚਾਹੁੰਦਾ ਸੀ। ਹਿੰਦਾਲ ਅਤੇ ਅਸਕਰੀ ਨੇ ਵੀ ਆਪਣੇ ਭਰਾ ਅਤੇ ਸਮਰਾਟ ਦੇ ਵਿਰੁੱਧ ਚਾਲਾਂ ਚੱਲੀਆਂ ਅਤੇ ਛਡਯੰਤਰ ਰਚਿਆ। ਚੌਸਾ ਦੀ ਲੜਾਈ ਤੋਂ ਠੀਕ ਪਹਿਲਾਂ ਜਦੋਂ ਹੁਮਾਯੂੰ ਬੰਗਾਲ ਵਿੱਚ ਸੀ, ਹਿੰਦਾਲ ਨੇ ਆਗਰਾ ਵਿੱਚ ਵਿਦੋਰਹ ਕਰ ਦਿੱਤਾ। ਇਸੇ ਵਿਦਰੋਹ ਵਿੱਚ ਹੀ ਤਾਂ ਸ਼ੇਰ ਸ਼ਾਹ ਨੂੰ ਹੁਮਾਯੂੰ ਦੇ ਵਿਰੁੱਧ ਯੁੱਧ ਘੋਸ਼ਣਾ ਲਈ ਪ੍ਰੇਰਿਤ ਕੀਤਾ ਅਤੇ ਹੁਮਾਯੂੰ ਦੇ ਭਰਾਵਾਂ ਦੇ ਅਸਹਿਯੋਗ ਅਤੇ ਉਨ੍ਹਾਂ ਦੀ ਧੋਖੇਬਾਜ਼ੀ ਨੇ ਸ਼ੇਰ ਸ਼ਾਹ ਦੀ ਸਫਲਤਾ ਵਿੱਚ ਬਹੁਤ ਸਹਾਇਤਾ ਕੀਤੀ।

**(iv) ਮੁਗਲ ਸੈਨਾ ਦੀ ਭਗਤੀਹੀਣਤਾ (Disloyalty of the Mughal Forces)**- ਹੁਮਾਯੂੰ ਦੇ ਸੈਨਿਕਾਂ ਦੀ ਭਗਤੀਹੀਣਤਾ ਨੇ ਅੰਤ ਵਿੱਚ ਉਸ ਦੀ ਹਾਰ ਕਰਵਾਉਣ ਵਿੱਚ ਕੋਈ ਘੱਟ ਕੰਮ ਨਹੀਂ ਕੀਤਾ। ਚੌਸਾ ਦੀ ਲੜਾਈ ਵਿੱਚ ਹੁਮਾਯੂੰ ਦੇ ਬਹੁਤ ਸਾਰੇ

ਨੋਟ

ਸੈਨਿਕ ਅਤੇ ਸਰਦਾਰਾਂ ਨੇ ਮੈਦਾਨ ਤੋਂ ਭੱਜ ਕੇ ਉਸ ਨਾਲ ਧੋਖਾ ਕੀਤਾ। ਇਹ ਸੱਚ ਹੈ ਕਿ ਸਮਰਾਟ ਖੁਦ ਜੀਅ-ਜਾਨ ਨਾਲ ਲੜ ਰਿਹਾ ਸੀ ਪਰ ਉਸ ਨੇ ਆਪਣੇ ਆਪ ਨੂੰ ਮਜਬੂਰ ਪਾਇਆ, ਕਿਉਂਕਿ ਉਸ ਦੇ ਨਾਲ ਕੇਵਲ ਇਕ ਮੁੱਠੀ ਭਰ ਸੈਨਿਕ ਰਹਿ ਗਏ ਸਨ, ਫਿਰ ਕਨੌਜ ਦੀ ਲੜਾਈ ਵਿੱਚ ਵੀ ਬਹੁਤ ਸਾਰੇ ਸੈਨਿਕ ਯੁੱਧ ਭੂਮੀ 'ਚੋਂ ਭੱਜ ਗਏ। ਡਾ. ਵੀ. ਸਮਿੱਥ ਦੇ ਅਨੁਸਾਰ, "ਹੁਮਾਯੂੰ ਬੇਘਰ-ਬਾਰ ਹੋ ਕੇ ਵਿਚਰਣ ਲੱਗਾ। (1540 ਈ. ਤੋਂ ਬਾਅਦ)। ਪਹਿਲਾਂ ਉਹ ਭੱਜ ਕੇ ਸਿੰਧ ਗਿਆ ਅਤੇ ਫਿਰ ਰਾਜਪੂਤਾਨਾ ਵਿੱਚ ਮਾਰਵਾੜ (ਜੋਧਪੁਰ) ਨੂੰ। ਉਹ ਕਿਸੇ ਵੀ ਸਰਦਾਰ ਕੋਲੋਂ ਸਹਾਇਤਾ ਨਹੀਂ ਪ੍ਰਾਪਤ ਕਰ ਸਕਿਆ ਅਤੇ ਸਾਰੀ ਤਰ੍ਹਾਂ ਦਾ ਨਕਾਰਿਆ ਅਤੇ ਕਠਿਨਾਈਆਂ ਉਠਾਉਣੀਆਂ ਪੈ ਰਹੀਆਂ ਸਨ। ਮਜਬੂਰ ਹੋ ਕੇ ਉਹ ਸਿੰਧ ਨੂੰ ਚਲਾ ਗਿਆ। ਉਸ ਸਮੇਂ ਉਸ ਦੇ ਨਾਲ ਨਿਸਤੇਜ ਅਤੇ ਗੈਰ ਹੌਂਸਲਾ ਭਰਪੂਰ ਅਨੁਯਾਈਆਂ ਦਾ ਇਕ ਛੋਟਾ ਜਿਹਾ ਟੋਲਾ ਸੀ। ਇਸ ਸਥਿਤੀ ਸਮੇਂ 23 ਨਵੰਬਰ ਸੰਨ 1542 ਈ. ਨੂੰ ਉਸ ਦੇ ਲੜਕੇ ਅਕਬਰ ਨੇ ਅਮਰ ਕੋਟ ਵਿੱਚ ਜਨਮ ਲਿਆ।

**(v) ਹੁਮਾਯੂੰ ਦੀਆਂ ਤਰੁਟੀਆਂ ਅਤੇ ਉਸ ਦੀਆਂ ਭੁੱਲਾਂ (Humayun's weaknesses & blunders)**-ਹੁਮਾਯੂੰ ਕੋਈ ਚੰਗਾ ਸੈਨਾਨੀ ਨਹੀਂ ਸੀ। ਉਸ ਨੇ ਮੂਰਖਤਾ ਭਰਪੂਰ ਸ਼ੇਰ ਸ਼ਾਹ ਦੀ ਬਹੁਤ ਦੇਰ ਉਮੀਦ ਕੀਤੀ ਰੱਖੀ। ਚਾਹੇ ਯੂਸਫ ਖੈਲ ਨੇ ਉਸ ਨੂੰ ਸ਼ੇਰ ਸ਼ਾਹ ਦੇ ਖਤਰੇ ਦੀ ਚੇਤਾਵਨੀ ਵੀ ਦੇ ਦਿੱਤੀ ਸੀ। ਇਸ ਨੇ ਉਸ ਦੇ ਦੁਸ਼ਮਣ ਨੂੰ ਆਪਣੀ ਸ਼ਕਤੀ ਵਧਾ ਲੈਣ ਦੇ ਯੋਗ ਬਣਾ ਦਿੱਤਾ ਅਤੇ ਜਦੋਂ ਸਮਰਾਟ ਨੇ ਸਚਮੁੱਚ ਅਫਗਾਨ 'ਤੇ ਚੜ੍ਹਾਈ ਕੀਤੀ ਤਾਂ ਉਸ ਨੇ ਗੌਰ 'ਤੇ ਹਮਲਾ ਕਰਨ ਦੀ ਜਗ੍ਹਾ 'ਤੇ ਚੁਨਾਰ 'ਤੇ ਹਮਲਾ ਕਰਨ ਦੀ ਭੁੱਲ ਕੀਤੀ। ਫਿਰ ਗੌਰ ਜਿੱਤ ਲੈਣ ਤੋਂ ਬਾਅਦ ਹੁਮਾਯੂੰ ਨੇ 7-8 ਮਹੀਨੇ ਅਫੀਮੀ ਦੇ ਸਵਰਗ ਵਿੱਚ ਬਿਤਾ ਦਿੱਤੇ ਅਤੇ ਇਸੇ ਸਮੇਂ ਦੌਰਾਨ ਸ਼ੇਰ ਸ਼ਾਹ ਨੇ ਆਪਣੀ ਸਥਿਤੀ ਨੂੰ ਹੋਰ ਜ਼ਿਆਦਾ ਪੱਕਾ ਕਰ ਲਿਆ ਅਤੇ ਕਨੌਜ ਦੀਆਂ ਲੜਾਈਆਂ ਵਿੱਚ ਹੁਮਾਯੂੰ ਨੇ ਆਪਣੇ ਸੈਨਾਨੀਪਣ ਦੀ ਕਮੀ ਦਾ ਬਹੁਤ ਹੀ ਮਾੜਾ ਪ੍ਰਭਾਵ ਦਿੱਤਾ। ਉਹ ਆਪਣੀ ਸੈਨਾ ਨੂੰ ਸਹੀ ਰੂਪ ਵਿੱਚ ਸੰਗਠਿਤ ਨਾ ਕਰ ਸਕਿਆ। ਉਹ ਆਪਣੇ ਸੈਨਿਕਾਂ ਵਿੱਚ ਅਨੁਸ਼ਾਸਨ ਨਾ ਲਿਆ ਸਕਿਆ ਅਤੇ ਨਾ ਹੀ ਉਨ੍ਹਾਂ ਵਿੱਚ ਪੈਦਾ ਕਰ ਸਕਿਆ। ਨਤੀਜੇ ਇਹ ਹੋਇਆ ਕਿ ਉਸ ਦੇ ਸੈਨਿਕ ਦੋਨਾਂ ਯੁੱਧਾਂ ਵਿੱਚ ਉਸ ਨੂੰ ਧੋਖਾ ਦੇ ਗਏ। ਸੰਖੇਪ ਵਿੱਚ ਹੁਮਾਯੂੰ ਦੀਆਂ ਸੈਨਿਕ ਗਤੀਆਂ ਅਤੇ ਹੋਰ ਭੁੱਲਾਂ ਉਸ ਦੀ ਸਫਲਤਾ ਦਾ ਇਕ ਬਹੁਤ ਹੀ ਵੱਡਾ ਕਾਰਨ ਸਿੱਧ ਹੋਇਆ।

### 9.7.1 ਹੁਮਾਯੂੰ ਦੇ ਭਾਰਤ ਛੱਡਣ ਦੇ ਕਾਰਨ

**ਭਾਰਤ ਤੋਂ ਕੱਢੇ ਜਾਣ ਦੇ ਕਾਰਨ (Causes of expulsion)**-ਡਾ. ਵੀ. ਸਮਿੱਥ ਦੇ ਅਨੁਸਾਰ, "ਹੁਮਾਯੂੰ ਬੇਘਰ -ਬਾਰ ਹੋ ਕੇ ਵਿਚਲਣ ਲੱਗਾ। ਪਹਿਲਾਂ ਉਹ ਦੌੜ ਕੇ ਸਿੰਧ ਨੂੰ ਗਿਆ ਅਤੇ ਫਿਰ ਮਾਰਵਾੜ (ਜੋਧਪੁਰ) ਨੂੰ। ਇਸ ਨਿਰਵਾਸਿਤ ਪਦਚਯੁਤ ਰਾਜੇ ਨੂੰ ਕਿਸੇ ਵੀ ਸਰਦਾਰ ਤੋਂ ਸਹਾਇਤਾ ਉਪਲੱਬਧ ਨਹੀਂ ਹੋ ਸਕੀ। ਉਸ ਨੂੰ ਸਾਰੀ ਤਰ੍ਹਾਂ ਦਾ ਮੁਕਾਬਲਾ ਅਤੇ ਕਠਿਨਾਈਆਂ ਉਠਾਉਣੀਆਂ ਪਈਆਂ। ਮਜਬੂਰ ਹੋ ਕੇ ਉਹ ਸਿੰਧ ਨੂੰ ਚਲਾ ਗਿਆ। ਉਸ ਸਮੇਂ ਉਸ ਦੇ ਨਾਲ ਨਿਸਤੇਜ ਅਤੇ ਹੌਂਸਲਾਹੀਣ ਅਨੁਯਾਈਆਂ ਦੀ ਇਕ ਛੋਟੀ ਜਿਹੀ ਟੋਲੀ ਸੀ। ਇਸ ਦੁਰਦਸ਼ਾ ਦੇ ਸਮੇਂ 23 ਨਵੰਬਰ 1542 ਈ. ਨੂੰ ਉਸ ਦੇ ਪੁੱਤਰ ਅਕਬਰ ਨੇ ਅਮਰਕੋਟ ਵਿੱਚ ਜਨਮ ਲਿਆ। ਇਤਿਹਾਸਕਾਰਾਂ ਨੇ ਹੁਮਾਯੂੰ ਨਾਲ ਬਹੁਤ ਅੰਨਿਆ ਕੀਤਾ ਹੈ ਜੋ ਕਿ ਉਨ੍ਹਾਂ ਨੇ ਉਸ ਦੇ ਭਾਰਤ ਤੋਂ ਕੱਢੇ ਜਾਣ ਦਾ ਕੇਵਲ ਉਸ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਹੈ। ਮੰਨਿਆ ਕਿ ਉਸ ਦੇ ਸੈਨਾਨੀਪਣ ਦੀ ਕਮੀ ਅਤੇ ਉਸ ਦੀਆਂ ਭੁੱਲਾਂ ਉਸ ਦੀ ਹਾਰ ਦਾ ਇਕ ਬਹੁਤ ਵੱਡਾ ਕਾਰਨ ਹਨ ਤਾਂ ਵੀ ਕੋਈ ਹੋਰ ਅਜਿਹੇ ਕਾਰਨ ਖੜੇ ਹੋ ਗਏ ਜਿਨ੍ਹਾਂ ਦੇ ਲਈ ਹੁਮਾਯੂੰ ਜ਼ਿੰਮੇਵਾਰ ਨਹੀਂ ਸੀ। ਕੁਝ ਅਜਿਹੇ ਕਾਰਨ ਸਨ ਜਿਨ੍ਹਾਂ ਦੇ ਲਈ ਹੁਮਾਯੂੰ ਖੁਦ ਜ਼ਿੰਮੇਵਾਰ ਸੀ ਅਤੇ ਕੁਝ ਅਜਿਹੇ ਕਾਰਨ ਵੀ ਸਨ ਜਿਨ੍ਹਾਂ ਦੇ ਲਈ ਉਹ ਖੁਦ ਜ਼ਿੰਮੇਵਾਰ ਨਹੀਂ ਸੀ ਅਤੇ ਹੁਮਾਯੂੰ ਨੂੰ ਭਾਰਤ ਤੋਂ ਕੱਢੇ ਜਾਣ ਦੇ ਕਾਰਨਾਂ ਨੂੰ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

**(ੳ) ਉਹ ਕਾਰਨ ਜਿਨ੍ਹਾਂ ਦੇ ਲਈ ਹੁਮਾਯੂੰ ਖੁਦ ਜ਼ਿੰਮੇਵਾਰ ਸੀ (Causes for which Humayun was Responsible)**

**(i) ਸਾਮਰਾਜ ਦਾ ਬਟਵਾਰਾ (Division of empire)**-ਹੁਮਾਯੂੰ ਦਾ ਭਾਰਤ ਤੋਂ ਕੱਢੇ ਜਾਣਾ ਜ਼ਿਆਦਾਤਰ ਉਸ ਦੇ ਚਰਿੱਤਰ ਅਤੇ ਉਸ ਦੀਆਂ ਆਪਣੀਆਂ ਮੂਰਖਤਾਵਾਂ ਦੇ ਕਾਰਨ ਹੋਇਆ। ਸਿੰਘਾਸਨ 'ਤੇ ਬੈਠਦੇ ਹੀ ਉਸ ਨੇ ਪਹਿਲੀ ਗਲਤੀ ਇਹ ਕੀਤੀ ਕਿ ਆਪਣਾ ਰਾਜ ਆਪਣੇ ਭਰਾਵਾਂ ਵਿੱਚ ਵੰਡ ਦਿੱਤਾ ਅਤੇ ਇਹ ਗੱਲ ਅੰਤ ਵਿੱਚ ਕੱਢੇ ਜਾਣ ਦਾ ਇਕ ਵੱਡਾ ਕਾਰਨ ਬਣੀ। ਉਸ ਨੇ ਕਾਬੁਲ, ਕੰਧਾਰ ਅਤੇ ਬਾਅਦ ਵਿੱਚ ਪੰਜਾਬ ਅਤੇ ਹਿਸਾਰ-ਫਿਰੋਜ਼ਾ ਵੀ ਕਾਮਰਾਨ ਨੂੰ ਦੇ ਦਿੱਤਾ। ਉਸ ਨੇ ਉਸ ਨੂੰ ਉਤਰ-ਪੱਛਮ ਦੇ ਸਾਰੇ ਸਾਧਨਾਂ ਤੋਂ ਵਾਂਝਾ ਕਰ ਦਿੱਤਾ। ਹੁਣ ਇਨ੍ਹਾਂ ਸਾਧਨਾਂ ਦੇ ਬਿਨਾਂ ਹੁਮਾਯੂੰ ਦੇ ਲਈ ਆਪਣਾ ਸਾਮਰਾਜ ਸੰਭਾਲੀ ਰੱਖਣਾ ਬਹੁਤ ਔਖਾ ਹੋ ਗਿਆ। ਇਸੇ ਤਰ੍ਹਾਂ ਸੰਭਲ ਅਤੇ ਮੇਵਾਤ ਅਸਕਰੀ ਅਤੇ ਹਿੰਦਾਲ ਨੂੰ ਦੇ ਦਿੱਤੇ ਗਏ। ਉਨ੍ਹਾਂ ਨੇ ਵੀ ਹੁਮਾਯੂੰ ਦੇ ਲਈ ਬੜੀਆਂ ਕਠਿਨਾਈਆਂ ਖੜ੍ਹੀਆਂ ਕਰ ਦਿੱਤੀਆਂ।

**(ii) ਰੰਗਰਲੀਆਂ ਵਿੱਚ ਧਨ ਨੂੰ ਉਡਾਉਣਾ (Wastage of Money in Feasts and Festivities)**- ਹੁਮਾਯੂੰ ਨੇ ਬਹੁਤ ਸਾਰਾ ਧਨ ਰੰਗਲੀਆਂ ਵਿੱਚ ਉਡਾ ਦਿੱਤਾ ਅਤੇ ਇਹ ਗੱਲ ਉਸ ਨੂੰ ਕੱਢੇ ਜਾਣ ਦਾ ਕੋਈ ਛੋਟਾ ਕਾਰਨ ਨਹੀਂ ਸੀ। ਸੁਲਤਾਨ ਮਹਿਮੂਦ ਨੂੰ ਹਰਾਉਣ ਦੇ ਬਾਅਦ ਹੁਮਾਯੂੰ ਆਪਣੀ ਇਸ ਛੋਟੀ ਜਿਹੀ ਜਿੱਤ ਨੂੰ ਮਨਾਉਣ ਲਈ ਰੰਗਰਲੀਆਂ ਵਿੱਚ ਫਸ ਗਿਆ ਜਿਸ ਨਾਲ ਖਜ਼ਾਨਾ ਖਾਲੀ ਹੋ ਗਿਆ। ਬਾਅਦ ਵਿੱਚ ਉਸ ਨੂੰ ਆਰਥਿਕ ਬਰਬਾਦੀ ਅਤੇ ਉਸ ਦੇ ਨਾਲ ਆਏ ਵਿਦਰੋਹਾਂ, ਛੜਯੰਤਰ ਅਤੇ ਸਿੰਘਾਸਨ ਅਗਵਾਹ ਕੀਤੇ ਜਾਣ ਦਾ ਮਜ਼ਾ ਚਖਣਾ ਪਿਆ।

**(iii) ਹੁਮਾਯੂੰ ਵਿੱਚ ਸੈਨਾਨੀਪਨ ਦੀ ਕਮੀ ਅਤੇ ਦੁਸ਼ਮਣਾਂ ਨਾਲ ਸੁਲਝਣ ਵਿੱਚ ਭੁੱਲ 'ਤੇ ਭੁੱਲ ਕਰਨਾ (Humayun's lack of Generalship and blunders in dealing with rivals)**- ਹੁਮਾਯੂੰ ਵਿੱਚ ਇਕ ਮਹਾਨ ਸੈਨਾਨੀ ਦੇ ਗੁਣ ਨਹੀਂ ਸਨ। ਬਹਾਦੁਰ ਸ਼ਾਹ ਅਤੇ ਸ਼ੇਰ ਸ਼ਾਹ ਨਾਲ ਉਲਝਦੇ ਹੋਏ ਉਸ ਨੇ ਕਈ ਭੁੱਲਾਂ ਕੀਤੀਆਂ। ਇਨ੍ਹਾਂ ਭੁੱਲਾਂ ਦੇ ਕਾਰਨ ਉਸ ਦੀ ਹਾਰ ਹੋਈ ਅਤੇ ਅੰਤ ਵਿੱਚ ਉਸ ਨੂੰ ਦੇਸ਼ ਹੀ ਛੱਡਣਾ ਪਿਆ। ਜਦੋਂ ਹਮਲੇ ਦਾ ਠੀਕ ਸਮਾਂ ਆਉਂਦਾ ਤਾਂ ਉਹ ਦੁਸ਼ਮਣਾਂ ਦਾ ਮੁਕਾਬਲਾ ਕਰ ਬੈਠਦਾ ਅਤੇ ਜਦੋਂ ਦੁਸ਼ਮਣਾਂ 'ਤੇ ਸਚਮੁੱਚ ਚੜ੍ਹਾਈ ਕਰ ਦਿੰਦਾ ਤਾਂ ਥੋੜ੍ਹੀ ਜਿਹੀ ਜਿੱਤ 'ਤੇ ਹੀ ਰੰਗਰਲੀਆਂ ਵਿੱਚ ਆਪਣਾ ਸਮਾਂ ਨਸ਼ਟ ਕਰ ਦਿੰਦਾ। ਲੇਨਪੂਲ (Lanepoole) ਦੇ ਸ਼ਬਦਾਂ ਵਿੱਚ, "ਉਹ ਲਗਾਤਾਰ ਯਤਨਾਂ ਦੇ ਯੋਗ ਨਹੀਂ ਸੀ ਅਤੇ ਜਿੱਤਰ ਪ੍ਰਾਪਤੀ ਦੇ ਬਾਅਦ ਉਹ ਅੰਤ:ਪੁਰ ਵਿੱਚ ਚਲਾ ਜਾਂਦਾ ਜਿੱਥੇ ਉਹ ਇਕ ਅਫੀਮੀ ਦੇ ਸਵਰਗ ਵਿੱਚ ਪਹੁੰਚ ਕੇ ਸੁਪਨਿਆਂ ਵਿੱਚ ਹੀ ਆਪਣਾ ਕੀਮਤੀ ਸਮਾਂ ਖਰਾਬ ਕਰ ਦਿੰਦਾ ਅਤੇ ਉਹ ਵੀ ਅਜਿਹੇ ਸਮੇਂ ਜਦੋਂ ਦੁਸ਼ਮਣ ਉਸ ਦੇ ਦੁਆਰ 'ਤੇ ਮੰਡਰਾ ਰਿਹਾ ਹੁੰਦਾ।" ਉਹ ਯੁੱਧ ਭੂਮੀ ਵਿੱਚ ਕਮੀ ਵੀ ਨਾ ਝੱਲ ਸਕਿਆ ਅਤੇ ਇਹੀ ਕਾਰਨ ਸੀ ਕਿ ਚੌਸਾ ਅਤੇ ਕਨੌਜ ਦੀ ਲੜਾਈ ਵਿੱਚ ਸ਼ੇਰ ਸ਼ਾਹ ਦੇ ਹੱਥੋਂ ਉਸ ਦੀ ਦੁਰਦਸ਼ਾ ਹੋਈ।

**(iv) ਭਰਾਵਾਂ ਨਾਲ ਨਰਮ ਵਿਵਹਾਰ (Leniency to towards)**- ਹੁਮਾਯੂੰ ਦਾ ਆਪਣੇ ਭਰਾਵਾਂ ਦੇ ਪ੍ਰਤੀ ਨਰਮ ਵਿਵਹਾਰ ਵੀ ਉਸ ਦੇ ਦੇਸ਼ 'ਚੋਂ ਨਿਕਲ ਜਾਣ ਦਾ ਕਾਰਣ ਬਣਿਆ। ਉਸ ਨੇ ਆਪਣੇ ਧੋਖੇਬਾਜ਼ ਅਤੇ ਗੱਦਾਰ ਭਰਾਵਾਂ ਨਾਲ ਚੰਗਾ ਵਿਵਹਾਰ ਕਰਕੇ ਆਪਣਾ ਸਰਵਨਾਸ਼ ਕਰਾਇਆ। ਪਹਿਲਾਂ ਉਸ ਨੇ ਆਪਣੇ ਹਰ ਭਰਾ ਨੂੰ ਕੁਝ ਪ੍ਰਾਂਤ ਸੌਂਪ ਕੇ ਉਨ੍ਹਾਂ ਦਾ ਭਲਾ ਕੀਤਾ। ਉਹ ਉਸ ਦੇ ਵਿਰੁੱਧ ਛਡਯੰਤਰ ਰਚਾਉਣ ਅਤੇ ਵਿਦਰੋਹ ਕਰਨ ਲੱਗੇ, ਪਰ ਦਿਆਲੂ ਹੁਮਾਯੂੰ ਨੇ ਉਨ੍ਹਾਂ ਨੂੰ ਕੋਈ ਸਜ਼ਾ ਨਾ ਦਿੱਤੀ। ਇਸ ਨਾਲ ਬਹੁਤ ਦੁੱਖ ਝੱਲਣੇ ਪਏ ਉਸ ਦੀਆਂ ਕਠਿਨਾਈਆਂ ਵੱਧ ਗਈਆਂ ਅਤੇ ਉਸ ਨੂੰ ਦੇਸ਼ ਹੀ ਛੱਡਣਾ ਪਿਆ।

ਲੇਨਪੂਲ (Lanepoole) ਦਾ ਕਹਿਣਾ ਹੈ, "ਉਹ ਆਪਣੇ ਯਤਨਾਂ ਨੂੰ ਲਗਾਤਾਰ ਚਾਲੂ ਨਹੀਂ ਰੱਖ ਸਕਦਾ ਸੀ ਅਤੇ ਜਿੱਤ ਦੇ ਸਮੇਂ ਵਿੱਚ ਸਭ ਕੁਝ ਭੁੱਲ ਕੇ ਰਨਿਵਾਸ ਵਿੱਚ ਰਮ ਜਾਂਦਾ ਸੀ। ਇਹ ਹਾਲ ਸੀ ਕਿ ਦੁਸਮਣ ਉਸ ਦੇ ਸਿੰਘਾਸਨ 'ਤੇ ਗਰਜਨਾ ਕਰ ਰਹੇ ਹਨ ਅਤੇ ਉਹ ਅਫੀਮ ਦੀ ਪੀਣ ਵਿੱਚ ਬਹੁ ਕੀਮਤੀ ਸਮਾਂ ਨਸ਼ਟ ਕਰ ਰਿਹਾ ਹੈ। ਆਪਣੇ ਦਿਆਲੂ ਸੁਭਾਅ ਦੇ ਕਾਰਨ ਸਜ਼ਾ ਦੇਣ ਦੀ ਜਗ੍ਹਾ 'ਤੇ ਵੀ ਉਹ ਮਾਫ ਕਰ ਦਿੰਦਾ ਸੀ। ਉਹ ਪ੍ਰਫੁੱਲ ਦਿਲ ਸਿੱਧਾ-ਸਾਦਾ ਵਿਅਕਤੀ ਤੁਣਰੀ ਕੱਸਣ ਦੇ ਸਮੇਂ ਵੀ ਸ਼ਰਾਬ ਪੀਣ ਵਿੱਚ ਮਸਤ ਹੁੰਦਾ ਸੀ। ਉਸ ਦਾ ਚਰਿੱਤਰ ਆਕਰਸ਼ਕ ਤਾਂ ਹੈ ਪਰ ਪ੍ਰਭਾਵਸ਼ਾਲੀ ਨਹੀਂ। ਵਿਅਕਤੀਗਤ ਜੀਵਨ ਵਿੱਚ ਉਹ ਸੁੱਖਦਾਇਕ ਜੀਵਨ ਸੰਗੀ ਅਤੇ ਪੱਕਾ ਮਿੱਤਰ ਰਿਹਾ ਹੋਵੇਗਾ ਪਰ ਸ਼ਾਸਕ ਦੇ ਰੂਪ ਵਿੱਚ ਉਹ ਅਸਫਲ ਰਿਹਾ। ਉਸ ਦੇ ਨਾਮ ਦਾ ਸ਼ਬਦ ਅਰਥ "ਕਿਸਮਤ ਵਾਲਾ" ਹੈ ਪਰ ਕਿਸੇ ਵੀ ਭਾਗਹੀਣ ਰਾਜਾ ਦਾ ਇੰਨਾ ਉਲਟਾ ਨਾਮ ਕਦੀ ਨਹੀਂ ਹੋਇਆ।

**(ਖ) ਉਹ ਕਾਰਨ ਜਿਨ੍ਹਾਂ ਦੇ ਲਈ ਹੁਮਾਯੂੰ ਜ਼ਿੰਮੇਵਾਰ ਨਹੀਂ ਸੀ (Causes for which Humayun was not Responsible)**

**(i) ਘਟੀਆ ਬਪੌਤੀ (Poor Inheritance)**-ਹੁਮਾਯੂੰ ਨੂੰ ਆਪਣੇ ਪਿਤਾ ਤੋਂ ਇਕ ਡਾਂਵਾਡੋਲ ਸਿੰਘਾਸਨ ਪ੍ਰਾਪਤ ਹੋਇਆ ਸੀ। ਬਾਬਰ ਨੇ ਆਪਣੀਆਂ ਜਿੱਤਾਂ ਨੂੰ ਪੱਕਾ ਨਹੀਂ ਕੀਤਾ ਅਤੇ ਨਾ ਹੀ ਇਕ ਚੰਗਾ ਪ੍ਰਸ਼ਾਸਨ ਸਥਾਪਿਤ ਕੀਤਾ ਸੀ। ਨਤੀਜਾ ਇਹ ਹੋਇਆ ਕਿ ਜੋ ਰਾਜ ਉਹ ਆਪਣੇ ਬੇਟੇ ਦੇ ਲਈ ਛੱਡ ਗਿਆ ਉਹ ਕਮਜ਼ੋਰ ਅਤੇ ਰੀੜ ਰਹਿਤ ਸੀ। ਜਦੋਂ ਹੁਮਾਯੂੰ ਸ਼ਾਸਕ ਬਣਿਆ ਤਾਂ ਉਸ ਨੂੰ ਸਭ ਪਾਸੇ ਦੁਸ਼ਮਣ ਹੀ ਦੁਸ਼ਮਣ ਦਿਖਾਈ ਦਿੱਤੇ। ਉਸ ਦਾ ਖਜ਼ਾਨਾ ਖਾਲੀ ਸੀ ਅਤੇ ਉਸ ਦੀ ਸੈਨਾ ਭਰੋਸੇਯੋਗ ਨਹੀਂ ਸੀ, ਅਜਿਹੀ ਸਥਿਤੀਆਂ ਵਿੱਚ ਹੁਮਾਯੂੰ ਵਰਗੇ ਵਿਅਕਤੀ ਦਾ ਦੇਸ਼ 'ਚੋਂ ਕੱਢਿਆ ਜਾਣਾ ਕੇਵਲ ਕੁਝ ਸਮੇਂ ਦੀ ਗੱਲ ਹੀ ਸੀ।

**(ii) ਹੁਮਾਯੂੰ ਦੇ ਅਧਿਕਾਰੀਆਂ ਦੀ ਗੱਦਾਰੀ (Treachery of Humayun's officials)**- ਹੁਮਾਯੂੰ ਦੇ ਸਰਦਾਰਾਂ ਅਤੇ ਅਧਿਕਾਰੀਆਂ ਨੇ ਧੋਖਾ ਕੀਤਾ। ਸ਼ੇਰ ਸ਼ਾਹ ਤੋਂ ਰਿਸ਼ਵਤ ਲੈ ਕੇ ਹਿੰਦੂ ਬੇਗ ਅਤੇ ਸ਼ੇਖ ਖਲੀਲ ਨੇ ਸਮਰਾਟ ਨੂੰ ਝੂਠੀ ਰਿਪੋਰਟ ਦੇ ਦਿੱਤੀ ਕਿ ਸ਼ੇਰ ਸ਼ਾਹ ਦਾ ਆਚਰਣ ਬਹੁਤ ਚੰਗਾ ਹੈ ਅਤੇ ਰਾਜ ਦੇ ਸਾਰੇ ਰਹੱਸ ਦੁਸ਼ਮਣ ਨੂੰ ਦੇ ਦਿੱਤੇ। ਇਸ ਤਰ੍ਹਾਂ ਸਮਰਾਟ ਨੂੰ ਤਬਾਹ ਕਰਾਉਣ ਵਿੱਚ ਉਨ੍ਹਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

**(iii) ਹੁਮਾਯੂੰ ਦੇ ਸੈਨਿਕਾਂ ਦੀ ਬੇਵਫਾਈ (Disloyalty of Humayun's soldiers)**- ਹੁਮਾਯੂੰ ਦੀ ਸੈਨਾ ਵੀ ਵਫਾਦਾਰ ਨਾ ਨਿਕਲੀ। ਚੌਸਾ ਅਤੇ ਕਨੌਜ ਦੀਆਂ ਲੜਾਈਆਂ ਵਿੱਚ ਉਸ ਦੇ ਸੈਨਿਕ ਉਸ ਨੂੰ ਛੱਡ ਕੇ ਦੌੜ ਗਏ। ਹੁਮਾਯੂੰ ਦੀ ਹਾਰ ਹੋਈ ਅਤੇ ਉਹ ਬਰਬਾਦ ਹੋਇਆ।

**(iv) ਹੁਮਾਯੂੰ ਦੇ ਭਰਾਵਾਂ ਦਾ ਧੋਖਾ (Faithlessness of Humayun's brothers)**- ਹੁਮਾਯੂੰ ਦੇ ਭਰਾ ਦੁਸ਼ਮਣਾਂ ਦੇ ਵਿਰੁੱਧ ਛਡਯੰਤਰ ਰਚਾਉਂਦੇ ਅਤੇ ਵਿਦਰੋਹ ਕਰਦੇ ਰਹਿੰਦੇ। ਇਸ ਤਰ੍ਹਾਂ ਉਨ੍ਹਾਂ ਨੇ ਅਫਗਾਨਾਂ ਦੇ ਵਿਰੁੱਧ ਉਸ ਦੀ ਸਫਲਤਾ ਨਾਲ ਸਾਰੇ ਮੌਕੇ ਵਿਗਾੜ ਦਿੱਤੇ। ਬਿਨਾਂ ਸ਼ੱਕ ਹੁਮਾਯੂੰ ਨੂੰ ਡੇਗਣ ਵਿੱਚ ਉਸ ਦੇ ਭਰਾਵਾਂ ਨੇ ਜੋ ਕੁਝ ਕੀਤਾ ਉਹ ਕਿਸੇ ਤੋਂ ਘੱਟ ਨਹੀਂ।

**(v) ਹੁਮਾਯੂੰ ਦੇ ਸ਼ਕਤੀਸ਼ਾਲੀ ਪ੍ਰਤੀਦੰਦੀ (Powerful Rivals of Humayun)**- ਹੁਮਾਯੂੰ ਦੀ ਬਦਕਿਸਮਤੀ ਇਸ ਲਈ ਕਿ ਉਸ ਦਾ ਬਹਾਦੁਰ ਸ਼ਾਹ ਅਤੇ ਸ਼ੇਰ ਸ਼ਾਹ ਵਰਗੇ ਸ਼ਕਤੀਸ਼ਾਲੀ ਦੁਸ਼ਮਣਾਂ ਨਾਲ ਪਾਲਾ ਪਿਆ। ਬਹਾਦੁਰ ਸ਼ਾਹ ਇਕ ਚਲਾਕ ਸੈਨਾਨੀ ਸੀ ਜਿਸ ਨਾਲ ਹੁਮਾਯੂੰ ਵਰਗਾ ਅਯੋਗ ਸੈਨਾਪਤੀ ਨਹੀਂ ਕੁਚਲ ਸਕਦਾ ਸੀ ਪਰ ਬਹਾਦੁਰ ਸ਼ਾਹ ਤੋਂ ਵੀ ਜ਼ਿਆਦਾ ਸ਼ਕਤੀਸ਼ਾਲੀ

ਨੋਟ

ਅਤੇ ਖਤਰਨਾਕ ਸੀ ਸ਼ੇਰ ਸ਼ਾਹ। ਸ਼ੇਰ ਸ਼ਾਹ ਇਕ ਅਜਿਹਾ ਮਹਾਨ ਸੈਨਾਨੀ ਸੀ ਜੋ ਯੁੱਧ ਦੇ ਹਰੇਕ ਕਲਾ ਕੌਸ਼ਲ ਤੋਂ ਚੰਗੀ ਤਰ੍ਹਾਂ ਜਾਣੂ ਸੀ ਅਤੇ ਉਹ ਹੁਮਾਯੂੰ ਦੇ ਲਈ ਇਕ ਬਹੁਤ ਹੀ ਭਿਆਨਕ ਪ੍ਰਤੀਦੰਦੀ ਸਿੱਧ ਹੋਇਆ। ਸ਼ਕਤੀ ਅਤੇ ਚਲਾਕੀ ਦੋਨਾਂ ਨਾਲ ਉਸ ਨੇ ਹੁਮਾਯੂੰ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਅਤੇ ਉਸ ਨੂੰ ਭਾਰਤ 'ਚੋਂ ਬਾਹਰ ਕੱਢ ਦਿੱਤਾ।

### 9.7.2 ਹੁਮਾਯੂੰ ਨੂੰ ਫਿਰ ਸ਼ਕਤੀ ਕਿਉਂ ਮਿਲੀ (Causes of Humayun's Restoration)

ਹੁਮਾਯੂੰ ਨੂੰ 1540 ਈ. ਵਿੱਚ ਭਾਰਤ 'ਚੋਂ ਕੱਢ ਦਿੱਤਾ ਗਿਆ ਸੀ। 15 ਸਾਲ ਦੇ ਬਾਅਦ 1555 ਈ. ਵਿੱਚ ਉਹ ਫਿਰ ਭਾਰਤ ਦਾ ਸ਼ਾਸਕ ਬਣ ਗਿਆ। ਉਸ ਦੇ ਫਿਰ ਸਿੰਘਾਸਨ 'ਤੇ ਆ ਬੈਠਣ ਦੇ ਕਾਰਨ ਹੇਠਾਂ ਦਿੱਤੇ ਜਾਂਦੇ ਹਨ :

**(i) ਹੁਮਾਯੂੰ ਦਾ ਹੌਸਲਾ ਅਤੇ ਨਿਸ਼ਚੈ (Courage and determination of Humayun)**– ਜਦ ਹੁਮਾਯੂੰ ਦੇਸ਼ 'ਚੋਂ ਕੱਢਿਆ ਗਿਆ ਅਤੇ ਉਸ ਦੇ ਮਾੜੇ ਦਿਨ ਆ ਗਏ ਤਾਂ ਵੀ ਉਸ ਨੇ ਹੌਸਲਾ ਨਹੀਂ ਛੱਡਿਆ। ਉਸ ਨੇ ਆਪਣਾ ਹੌਸਲਾ ਅਤੇ ਸੰਕਲਪ ਬਣਾਏ ਰੱਖਿਆ ਅਤੇ ਭਾਰਤ ਨੂੰ ਦੁਬਾਰਾ ਜਿੱਤ ਲੈਣ ਦਾ ਵਿਚਾਰ ਹਮੇਸ਼ਾ ਮਨ ਵਿੱਚ ਧਾਰਨ ਕਰੀ ਰੱਖਿਆ ਅਤੇ ਉਸ ਨੇ ਆਪਣੇ ਗੁਆਚੇ ਹੋਏ ਰਾਜ ਨੂੰ ਪ੍ਰਾਪਤ ਕਰਨ ਦੇ ਲਈ ਜਦੋਂ-ਜਦੋਂ ਸੰਭਵ ਹੋਇਆ ਪੂਰਾ ਯਤਨ ਕੀਤਾ। ਉਸ ਦਾ ਦ੍ਰਿੜ ਸੰਕਲਪ ਅਤੇ ਸੱਚਾ ਯਤਨ ਹੀ ਉਸ ਦੇ ਫਿਰ ਸਮਰਾਟ ਬਣਨ ਦਾ ਮੌਲਿਕ ਕਾਰਨ ਬਣਿਆ।

**(ii) ਹੁਮਾਯੂੰ ਦੇ ਭਰਾਵਾਂ ਦਾ ਨਾ ਹੋਣਾ (Non existence of Humayun's brothers)-** ਹੁਮਾਯੂੰ ਹੁਣ ਆਪਣੇ ਧੋਖੇਬਾਜ਼ ਭਰਾਵਾਂ ਦੀ ਦੁਖਦਾਈ ਮੌਜੂਦਗੀ ਤੋਂ ਛੁੱਟ ਗਿਆ ਸੀ। ਕਾਮਰਾਨ ਅੰਨ੍ਹਾ ਹੋ ਗਿਆ ਸੀ। ਅਸਕਰੀ ਮੱਕਾ ਭੇਜ ਦਿੱਤਾ ਗਿਆ ਸੀ ਅਤੇ ਹਿੰਦਾਲ ਅਫਗਾਨਾਂ ਨਾਲ ਮਾਰਿਆ ਜਾ ਚੁੱਕਿਆ ਸੀ ਅਤੇ ਹੁਣ ਉਸ ਦਾ ਕੋਈ ਵੀ ਭਰਾ ਉਸ ਦੇ ਰਸਤੇ ਦਾ ਕੰਢਾ ਨਹੀਂ ਬਣ ਸਕਦਾ ਸੀ ਅਤੇ ਇਸ ਗੱਲ ਨੇ ਉਸ ਦੇ ਸੁਰੱਖਿਅਤ ਰਾਜ ਸਿੰਘਾਸਨ 'ਤੇ ਵਾਪਿਸ ਆਉਣ ਦਾ ਰਸਤਾ ਪੱਕਾ ਕਰ ਲਿਆ।

**(iii) ਬੈਰਮ ਖਾਂ ਦੀਆਂ ਅਨੁਪਮ ਸੇਵਾਵਾਂ (Unique Services of Bairam Khan)-** ਪਰ ਇਹ ਬੈਰਮ ਖਾਂ ਸੀ ਜਿਸ ਨੇ ਹੁਮਾਯੂੰ ਨੂੰ ਫਿਰ ਸਮਰਾਟ ਬਣਾ ਦੇਣ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸ਼ੀਆ ਅਧਿਕਾਰੀ ਨੇ ਆਪਣੇ ਮਾਲਕ ਨੂੰ ਦੇਸ਼ ਨਿਕਾਲੇ ਵਿੱਚ ਵੀ ਸਾਥ ਦਿੱਤਾ ਅਤੇ ਉਸ ਦੀ ਭਾਰਤ 'ਤੇ ਦੁਬਾਰਾ ਜਿੱਤ ਵਿੱਚ ਬਹੁਤ ਵੱਡੀ ਸੇਵਾ ਕੀਤੀ। ਉਸ ਨੇ ਜਲੰਧਰ ਜਿੱਤਿਆ ਅਤੇ ਮਾਛੀਵਾੜਾ ਤੇ ਸਰਹਿੰਦ ਦੇ ਸਥਾਨਾਂ 'ਤੇ ਅਫਗਾਨਾਂ ਨੂੰ ਹਰਾਉਣ ਵਿੱਚ ਬਹੁਤ ਕੁਝ ਕਰਕੇ ਦਿਖਾਇਆ। ਬਿਨਾਂ ਸ਼ੱਕ ਜੇਕਰ ਬੈਰਮ ਖਾਂ ਨਾ ਹੁੰਦਾ ਤਾਂ ਹੁਮਾਯੂੰ ਫਿਰ ਤੋਂ ਰਾਜ ਸਿੰਘਾਸਨ ਸ਼ਾਇਦ ਨਾ ਪ੍ਰਾਪਤ ਕਰ ਸਕਦਾ।

**(iv) ਸ਼ੇਰ ਸ਼ਾਹ ਦੇ ਉਤਰਾਧਿਕਾਰੀਆਂ ਦੀ ਕਮਜ਼ੋਰੀ (Weakness of Sher Shah's Successors)-** ਜਿਸ ਗੱਲ ਨੇ ਰਾਜ ਸਿੰਘਾਸਨ ਪ੍ਰਾਪਤ ਕਰਨ ਵਿੱਚ ਹੁਮਾਯੂੰ ਦੀ ਸਭ ਤੋਂ ਜ਼ਿਆਦਾ ਸਹਾਇਤਾ ਕੀਤੀ ਉਹ ਗੱਲ ਉਸ ਸਮੇਂ ਸ਼ਾਸਨ ਕਰਨ ਵਾਲੇ ਅਫਗਾਨ ਸਰਦਾਰਾਂ ਦੀ ਕਮਜ਼ੋਰੀ। ਸ਼ੇਰ ਸ਼ਾਹ ਅਤੇ ਉਸ ਦਾ ਬੇਟਾ ਇਸਲਾਮ ਸ਼ਾਹ ਮਰ ਚੁੱਕੇ ਸਨ। ਇਸਲਾਮ ਸ਼ਾਹ ਦੀ ਮੌਤ ਦੇ ਬਾਅਦ ਉਸ ਦਾ 12 ਸਾਲਾ ਬੇਟੇ ਨੂੰ ਮੁਵਾਰਿਜ ਖਾਂ ਨੇ ਮਾਰ ਦਿੱਤਾ ਅਤੇ ਮੁਹੰਮਦ ਆਦਿਲ ਸ਼ਾਹ ਦੇ ਨਾਮ ਨਾਲ ਰਾਜਾ ਬਣ ਬੈਠਾ। ਉਹ ਇਕ ਕਮਜ਼ੋਰ ਵਿਅਕਤੀ ਸੀ ਜੋ ਸੁੱਖ ਅਤੇ ਭੋਗ ਵਿਲਾਸ ਦਾ ਸ਼ੌਕੀਨ ਸੀ। ਨਤੀਜਾ ਇਹ ਹੋਇਆ ਕਿ ਅਫਗਾਨ ਸਾਮਰਾਜ ਵਿੱਚ ਗੜਬੜ ਫੈਲ ਗਈ ਅਤੇ ਕਈ ਅਫਗਾਨ ਸਰਦਾਰਾਂ ਨੇ ਆਪਣੀ ਆਜ਼ਾਦੀ ਦੇ ਲਈ ਵਿਦਰੋਹ ਕਰ ਲਿਆ। ਇਸ ਤਰ੍ਹਾਂ ਸਾਮਰਾਜ ਅੰਦਰ ਦੇ ਝਗੜਿਆਂ ਨਾਲ ਤਾਰ-ਤਾਰ ਹੋ ਗਿਆ ਅਤੇ ਲੜਖੜਾਉਣ ਲੱਗਾ। ਇਨ੍ਹਾਂ ਸਥਿਤੀਆਂ ਵਿੱਚ ਹੁਮਾਯੂੰ ਨੂੰ ਆਪਣਾ ਸ਼ਾਸਨ ਦੁਬਾਰਾ ਸਥਾਪਿਤ ਕਰਨਾ ਔਖਾ ਨਹੀਂ ਲੱਗਿਆ।

## 9.8 ਹੁਮਾਯੂੰ ਦੀਆਂ ਗਲਤੀਆਂ (Mistakes of Humayun)

"ਹੁਮਾਯੂੰ ਦੇ ਰਾਜਨੀਤਿਕ ਜੀਵਨ ਦੇ ਗਹਿਰੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜਦੋਂ ਕਦੀ ਡਿੱਗਣ ਦੀ ਸੰਭਾਵਨਾ ਉਠੀ, ਹੁਮਾਯੂੰ ਅਜਿਹਾ ਵਿਅਕਤੀ ਨਹੀਂ ਸੀ ਜੋ ਇਸ ਤੋਂ ਖੁੰਝ ਜਾਵੇ। ਜੇਕਰ ਫਿਸਲਣ ਦਾ ਮੌਕਾ ਸਾਹਮਣੇ ਆਇਆ ਤਾਂ ਉਹ ਜ਼ਰੂਰ ਫਿਸਲਿਆ ਅਤੇ ਇਸੇ ਤਰ੍ਹਾਂ ਜੇਕਰ ਠੋਕਰ ਖਾਣ ਦੀ ਸਥਿਤੀ ਪੈਦਾ ਹੋਈ ਤਾਂ ਉਸ ਨੇ ਜ਼ਰੂਰ ਠੋਕਰ ਖਾਧੀ। ਬਿਨਾਂ ਸ਼ੱਕ ਹੁਮਾਯੂੰ ਦਾ ਰਾਜਨੀਤਿਕ ਜੀਵਨ ਮੂੜਤਾਵਾਂ ਅਤੇ ਅਸਫਲਤਾਵਾਂ ਦੇ ਵਰਨਣ ਤੋਂ ਜ਼ਿਆਦਾ ਕੁਝ ਵੀ ਨਹੀਂ। ਉਸ ਦੀ ਮੌਤ ਵੀ ਆਪਣੀ ਲਾਇਬ੍ਰੇਰੀ ਦੇ ਜੀਨੇ ਤੋਂ ਡਿੱਗ ਕੇ ਹੋਈ ਅਤੇ ਲੇਨਪੂਲ ਠੀਕ ਹੀ ਕਹਿੰਦਾ ਹੈ ਕਿ "ਹੁਮਾਯੂੰ ਜੀਵਨ ਭਰ ਠੋਕਰਾਂ ਖਾਂਦਾ ਰਿਹਾ ਅਤੇ ਠੋਕਰ ਖਾ ਕੇ ਹੀ ਮਰਿਆ।"

**(i) ਸਾਮਰਾਜ ਦੀ ਵੰਡ (Division of Empire)-** ਸਾਮਰਾਟ ਦਾ ਜੀਵਨ ਸ਼ੁਰੂ ਕਰਦੇ ਹੋਏ ਹੁਮਾਯੂੰ ਨੇ ਇਹ ਇਕ ਮੂਰਖਤਾ ਦੀ ਗੱਲ ਕੀਤੀ ਕਿ ਉਸ ਨੇ ਆਪਣਾ ਰਾਜ ਆਪਣੇ ਭਰਾਵਾਂ ਵਿੱਚ ਵੰਡ ਦਿੱਤਾ ਅਤੇ ਇਸ ਤਰ੍ਹਾਂ ਉਹ ਆਪਣੇ ਰਾਜ ਨੂੰ ਸਮਗ੍ਰਿਹ ਬਣਾਈ ਰੱਖਣ ਦੇ ਆਦਰਸ਼ ਨਾਲ ਠੋਕਰ ਖਾ ਕੇ ਡਿੱਗ ਪਿਆ। ਉਸ ਨੇ ਕਾਬੁਲ ਅਤੇ ਕੰਧਾਰ ਕਾਮਰਾਨ ਨੂੰ, ਮੈਵਾਤ ਨੂੰ ਅਤੇ ਸੰਭਲ ਅਸਕਰੀ ਨੂੰ ਦੇ ਦਿੱਤਾ। ਇੰਨਾ ਹੀ ਨਹੀਂ ਉਸ ਨੇ ਕਾਮਰਾਨ ਨੂੰ ਪੰਜਾਬ ਅਤੇ ਹਿਸਾਰ-ਫਿਰੋਜ਼ਾ 'ਤੇ ਵੀ ਅਧਿਕਾਰ ਕਰਨ ਦੀ ਖੁੱਲ੍ਹ ਦੇ ਦਿੱਤੀ। ਹੁਮਾਯੂੰ ਵੱਲੋਂ ਇਹ ਇਕ ਭਾਰੀ ਗਲਤੀ ਸੀ। ਸਾਮਰਾਜ ਨੂੰ ਵੰਡ ਕੇ ਉਸ ਨੇ ਸਾਮਰਾਜ ਦੇ ਸਾਧਨ ਹੀ ਵੰਡ ਦਿੱਤੇ ਅਤੇ ਇਸ

ਤਰ੍ਹਾਂ ਆਪਣੇ ਲਈ ਕਈ ਕਠਿਨਾਈਆਂ ਖੜ੍ਹੀਆਂ ਕਰ ਲਈਆਂ। ਕਾਮਰਾਨ ਨੂੰ ਰਿਆਇਤ ਦੇਣੀ ਬੇਸਮਝੀ ਦੀ ਗੱਲ ਸੀ ਕਿਉਂਕਿ ਅੱਗੇ ਦੇ ਲਈ ਉਹ ਉਸ ਨੂੰ ਉਥੇ ਰੋਕ ਕੇ ਉਸ ਦੇ ਸਾਮਰਾਜ ਦੀ ਜੜ੍ਹ ਹੀ ਕੱਟ ਸਕਦਾ ਸੀ।

**ਨੋਟ**

**ਪ੍ਰੋ. ਰਸ਼ਬਰੁਕ ਵਿਲਿਅਮਸ (Prof. Rushbrook Williams)** ਨੇ ਟਿੱਪਣੀ ਕੀਤੀ ਹੈ, "ਕਾਮਰਾਨ ਕੇਵਲ ਆਪਣੀ ਜਗ੍ਹਾ 'ਤੇ ਠਹਿਰ ਕੇ ਵੀ ਉਸ ਸਾਮਰਾਜ ਦੀਆਂ ਜੜ੍ਹਾਂ 'ਤੇ ਹਮਲਾ ਕਰ ਸਕਦਾ ਹੈ। ਇਸ ਦੇ ਇਲਾਵਾ ਹਿਸਾਰ-ਫਿਰੋਜ਼ਾ ਦਾ ਬਦਲਾ ਇਕ ਗਲਤੀ ਸੀ ਕਿਉਂਕਿ ਇਸ ਨਾਲ ਕਾਮਰਾਨ ਨੂੰ ਉਸ ਨਵੇਂ ਰਾਜ ਮਾਰਗ ਦਾ ਕੰਟਰੋਲ ਪ੍ਰਾਪਤ ਹੋ ਗਿਆ ਜੋ ਦਿੱਲੀ ਤੋਂ ਕੰਧਾਰ ਤੱਕ ਜਾਂਦਾ ਸੀ।"

ਡਾ. ਈਸ਼ਵਰੀ ਪ੍ਰਸ਼ਾਦ ਦੇ ਅਨੁਸਾਰ,"ਇੱਥੇ ਹੁਮਾਯੂੰ ਦੀ ਭੁੱਲ ਸੀ ਕਿ ਉਸ ਨੇ ਇਹ ਰਿਆਇਤਾਂ ਪ੍ਰਦਾਨ ਕੀਤੀਆਂ, ਕਿਉਂਕਿ ਇਸ ਨਾਲ ਉਸ ਵਿੱਚ ਅਤੇ ਅਫਗਾਨ ਪਹਾੜੀਆਂ ਦੇ ਵਿੱਚੋਂ ਇਕ ਅਵਰੋਧ ਪੇਸ਼ ਹੋ ਗਿਆ।"

**(ii) ਰੰਗਲੀਆਂ ਵਿੱਚ ਧਨ ਦੀ ਬਰਬਾਦੀ (Wastage of Money in Feasts and Festivities)**-ਹੁਮਾਯੂੰ ਦੀ ਇਕ ਹੋਰ ਭੁੱਲ ਇਹ ਸੀ ਕਿ ਉਸ ਨੇ ਮਹਿਮੂਦ ਲੋਦੀ 'ਤੇ ਆਪਣੀ ਜਿੱਤ ਦੀ ਖੁਸ਼ੀ ਵਿੱਚ ਆਪਣਾ ਘਨ ਉਡਾ ਦਿੱਤਾ ਸੀ। ਸਾਮਰਾਟ ਨੇ ਆਗਰਾ ਵਿੱਚ ਇਕ ਸ਼ਾਨਦਾਰ ਭੋਜ ਦਿੱਤਾ ਅਤੇ ਉਥੇ 12,000 ਲੋਕਾਂ ਨੂੰ ਕੀਮਤੀ ਕੱਪੜੇ ਦਿੱਤੇ ਅਤੇ 2,000 ਲੋਕਾਂ ਨੂੰ ਸੁਨਹਿਰੀ ਜਰੀ ਦੀਆਂ ਸ਼ਾਲਾਂ ਦਿੱਤੀਆਂ। ਇਹ ਸਾਫ ਹੀ ਉਸ ਦਾ ਠੋਕਰ ਖਾਣਾ ਸੀ ਕਿਉਂਕਿ ਉਸ ਦਾ ਖਜਾਨਾ ਪਹਿਲਾਂ ਹੀ ਖਾਲੀ ਸੀ ਅਤੇ ਉਸ ਨੂੰ ਅਜਿਹੇ ਸਮੇਂ ਧਨ ਦੀ ਬਰਬਾਦੀ ਨਹੀਂ ਕਰਨੀ ਚਾਹੀਦੀ ਸੀ ਜਦੋਂ ਕਿ ਉਸ ਨੂੰ ਸਾਰੇ ਪਾਸਿਆਂ ਤੋਂ ਦੁਸ਼ਮਣਾਂ ਨੇ ਘੇਰ ਲਿਆ ਸੀ।

**(iii) ਬਹਾਦੁਰ ਸ਼ਾਹ ਦੇ ਨਾਲ ਸੰਘਰਸ਼ ਵਚਿ ਠੋਕੇ ਖਾਈ (Tumbles in conflict with Bahadur Shah)** – ਬਹਾਦੁਰ ਸ਼ਾਹ ਨਾਲ ਲੜਦੇ ਹੋਏ ਹੁਮਾਯੂੰ ਨੇ ਕਈ ਸਥਾਨਾਂ 'ਤੇ ਠੋਕਰ ਖਾਧੀ। ਸਭ ਤੋਂ ਪਹਿਲਾਂ ਉਸ ਨੇ ਆਪਣੀ ਸੈਨਾ ਹਟਾ ਲਈ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਬਹਾਦੁਰ ਸ਼ਾਹ ਰਾਣੀ ਕਰਣਵਤੀ ਦੇ ਅਧੀਨ ਕਾਫਿਰਾਂ ਨਾਲ ਲੜਣ ਨਾਲ ਲੱਗਾ ਹੋਇਆ ਹੈ। ਹੁਮਾਯੂੰ ਵੱਲੋਂ ਇਹ ਇਕ ਵੱਡੀ ਭੁੱਲ ਸੀ। ਸ਼੍ਰੀ ਰਾਮ ਸ਼ਰਮਾ ਦੇ ਅਨੁਸਾਰ "ਇਹ ਇਕ ਦੋਹਰੀ ਅਸਫਲਤਾ ਸੀ, ਸਮੇਂ 'ਤੇ ਸਹਾਇਤਾ ਕਰਕੇ ਉਹ ਰਾਣੀ ਨੂੰ ਹਮੇਸ਼ਾ ਦੇ ਲਈ ਆਪਣਾ ਮਿੱਤਰ ਬਣਾ ਲੈਂਦਾ ਜੋ ਗੁਜਰਾਤ ਦੇ ਵਿਰੁੱਧ ਇਕ ਰੁਕਾਵਟ ਦਾ ਕੰਮ ਕਰਦਾ। ਜੇਕਰ ਹੁਮਾਯੂੰ ਇਕਦਮ ਚੜ੍ਹਾਈ ਕਰ ਦਿੰਦਾ ਤਾਂ ਬਹਾਦੁਰ ਸ਼ਾਹ ਪਹਿਲੇ ਹੱਲੇ ਵਿੱਚ ਹੀ ਕੁਚਲ ਕੇ ਰੱਖ ਦਿੱਤਾ ਜਾਂਦਾ।

ਚਿਤੌੜ ਦੀ ਜਿੱਤ ਦੇ ਬਾਅਦ ਬਹਾਦੁਰ ਸ਼ਾਹ ਦਾ ਹੌਸਲਾ ਬਹੁਤ ਵੱਧ ਗਿਆ। ਹੁਮਾਯੂੰ ਨੇ ਹੁਣ ਉਸ ਦੇ ਡੇਰੇ ਦਾ ਘੇਰਾ ਪਾ ਲਿਆ। ਗੁਜਰਾਤ ਦਾ ਸ਼ਾਸਕ ਆਪਣੀ ਰਸੀਦ ਨੂੰ ਘਟਦਾ ਦੇਖ ਕੇ ਦਿਉ ਵੱਲ ਦੌੜ ਗਿਆ। ਹੁਮਾਯੂੰ ਨੇ ਇਹ ਭੁੱਲ ਕੀਤੀ ਕਿ ਉਸ ਨੂੰ ਫੜ੍ਹ ਕੇ ਸਜ਼ਾ ਨਾ ਦਿੱਤਾ। ਮਾਲਵਾ ਅਤੇ ਗੁਜਰਾਤ ਮੁਗਲਾਂ ਦੇ ਹੱਥ ਆ ਤਾਂ ਗਿਆ ਪਰ ਹੁਮਾਯੂੰ ਦੇ ਵਾਰ-ਵਾਰ ਠੋਕਰ ਖਾਣ ਨਾਲ ਉਹ ਫਿਰ ਹੱਥ 'ਚੋਂ ਨਿਕਲ ਗਿਆ। ਉਸ ਨੇ ਨਵੇਂ ਜਿੱਤੇ ਪ੍ਰਦੇਸ਼ਾਂ ਨੂੰ ਕਈ ਹਿੱਸਿਆਂ ਵਿੱਚ ਵੰਡ ਕੇ ਅਜਿਹੇ ਰਾਜਪਾਲਾਂ ਨੂੰ ਸੌਂਪ ਦਿੱਤਾ ਜਿਨ੍ਹਾਂ ਦੀ ਸਵਾਮੀ-ਭਗਤੀ ਅਜ਼ਮਾਈ ਨਹੀਂ ਗਈ। ਉਨ੍ਹਾਂ ਰਾਜਪਾਲਾਂ ਨੇ ਛਡਯੰਤਰ ਰਚਣ ਸ਼ੁਰੂ ਕਰ ਦਿੱਤੇ। ਬਹਾਦੁਰ ਸ਼ਾਹ ਨੇ ਇਸ ਸਥਿਤੀ ਦਾ ਲਾਭ ਉਠਾਇਆ ਅਤੇ ਮਾਲਵਾ ਅਤੇ ਗੁਜਰਾਤ 'ਤੇ ਫਿਰ ਅਧਿਕਾਰ ਕਰ ਲਿਆ। ਇਸ ਤਰ੍ਹਾਂ ਦੋਨੋਂ ਪ੍ਰਾਂਤ ਜਿਵੇਂ ਅਸਾਨੀ ਨਾਲ ਹੱਥ ਆਏ ਸੀ ਉਂਝ ਹੀ ਲਾਪ੍ਰਵਾਹੀ ਦੇ ਨਾਲ ਹੱਥੋਂ ਨਿਕਲ ਗਏ।

**ਸ਼ੇਰ ਖਾਂ ਦੇ ਵਿਰੁੱਧ ਲੜਨ ਵਿੱਚ ਕੀਤੀਆਂ ਗਈਆਂ ਭੁੱਲਾਂ (Blunders in dealing with Sher Khan)**-ਹੁਮਾਯੂੰ ਨੇ ਹਾਲੇ ਹੋਰ ਵੀ ਠੋਕਰਾਂ ਖਾਣੀਆਂ ਸਨ ਅਤੇ ਉਨ੍ਹਾਂ ਦੇ ਕਾਰਨ ਹਾਲੇ ਆਪਣਾ ਸਿੰਘਾਸਨ ਗਵਾਉਣਾ ਸੀ। ਬਿਹਾਰ ਦੇ ਸ਼ੇਰ ਖਾਂ ਨੇ ਆਪਣੀ ਸ਼ਕਤੀ ਬਹੁਤ ਵਧਾ ਲਈ ਸੀ ਅਤੇ ਚੁਨਾਰ 'ਤੇ ਵੀ ਅਧਿਕਾਰ ਕਰ ਲਿਆ ਸੀ। ਹੁਮਾਯੂੰ ਉਸ ਦੇ ਵਿਰੁੱਧ ਸੈਨਾ ਲੈ ਕੇ ਚੱਲ ਪਿਆ ਪਰ ਸ਼ੇਰ ਖਾਂ ਨੇ ਇਸ ਸ਼ਰਤ 'ਤੇ ਸਮਝੌਤਾ ਕਰ ਲਿਆ-(i) ਮੈਂ ਮੁਗਲ ਸਮਰਾਟ ਦੇ ਅਧੀਨ ਰਹਾਂਗਾ, (ii) ਬਹਾਦੁਰ ਸ਼ਾਹ ਦੇ ਵਿਰੁੱਧ ਸਮਰਾਟ ਦੀ ਸਹਾਇਤਾ ਕਰਾਂਗਾ। ਇਸ ਤਰ੍ਹਾਂ ਉਹ ਭੂਮੀ ਤਿਆਰ ਹੋ ਗਈ ਜਿਸ ਦੇ ਉਪਰ ਹੁਮਾਯੂੰ ਨੇ ਠੋਕਰਾਂ ਖਾਣੀਆਂ ਸਨ। ਉਸ ਨੇ ਅਫਗਾਨ ਸਰਦਾਰ ਦੀਆਂ ਸ਼ਰਤਾਂ ਮੰਨ ਲਈਆਂ। ਸ਼ੇਰ ਖਾਂ ਨੇ ਮੁਗਲਾਂ ਦੇ ਕਈ ਪ੍ਰਦੇਸ਼ ਖੋਹ ਲਏ। ਉਸ ਨੇ ਗੌਰ 'ਤੇ ਵੀ ਅਧਿਕਾਰ ਕਰ ਲਿਆ। ਹੁਮਾਯੂੰ ਨੇ ਉਸ 'ਤੇ ਚੜ੍ਹਾਈ ਕੀਤੀ ਅਤੇ ਫਿਰ ਇਕ ਭੁੱਲ ਕਰ ਦਿੱਤੀ ਕਿ ਪਹਿਲਾਂ ਗੌਰ 'ਤੇ ਹਮਲਾ ਨਹੀਂ ਕੀਤਾ ਜੋ ਕਿ ਦੌਲਤ ਨਾਲ ਭਰਿਆ ਸਥਾਨ ਸੀ, ਉਸ ਨੇ ਚੁਨਾਰ ਲੈ ਗਿਆ। ਇਸੇ ਵਿੱਚ ਸ਼ੇਰ ਖਾਂ ਨੇ ਗੌਰ ਵਿੱਖ ਖਜ਼ਾਨਾ ਕੱਢ ਲਿਆ। ਗੌਰ ਨੂੰ ਜਿੱਤ ਲੈਣ 'ਤੇ ਹੁਮਾਯੂੰ ਨੇ ਇਕ ਹੋਰ ਠੋਕਰ ਖਾਧੀ ਜਿਸ ਨੇ ਉਸ ਨੂੰ ਅਫੀਮੀਆਂ ਦੇ ਸਵਰਗ ਵਿੱਚ ਧਕੇਲ ਦਿੱਤਾ।

ਸ਼ੇਰ ਖਾਂ ਨੇ ਹੁਮਾਯੂੰ ਦੀਆਂ ਠੋਕਰਾਂ ਦਾ ਲਾਭ ਉਠਾਇਆ ਅਤੇ ਉਸ ਨੇ ਅਫਗਾਨ ਸਰਦਾਰਾਂ ਨੂੰ ਮੁਗਲ ਪ੍ਰਦੇਸ਼ਾਂ 'ਤੇ ਅਧਿਕਾਰ ਕਰਨ ਦੇ ਲਈ ਵੱਖ-ਵੱਖ ਦਿਸ਼ਾਵਾਂ ਵਿੱਚ ਭੇਜ ਦਿੱਤਾ। ਹੁਮਾਯੂੰ ਨੇ ਉਸ 'ਤੇ ਚੜ੍ਹਾਈ ਕਰ ਦਿੱਤੀ। ਚੌਸਾ ਦੇ ਸਥਾਨ 'ਤੇ ਦੋਨੋਂ ਸੈਨਾਵਾਂ ਟਕਰਾਈਆਂ। ਹੁਮਾਯੂੰ ਨੇ ਮੂਰਖਤਾ ਨਾਲ ਦੋ ਮਹੀਨੇ ਤੋਂ ਵੀ ਜ਼ਿਆਦਾ ਸਮਾਂ ਵਿਆਰਥ ਗਵਾ ਦਿੱਤਾ ਅਤੇ ਜਦੋਂ ਲੜਾਈ ਹੋਈ ਤਾਂ ਉਹ ਕੀ ਦੇਖਦਾ ਹੈ ਕਿ ਉਸ ਨੇ ਬਹੁਤ ਸਾਰੇ ਸੈਨਿਕ ਪਹਿਲਾਂ ਤੋਂ ਧੋਖਾ ਕਰ ਚੁੱਕੇ ਹਨ। ਹੁਮਾਯੂੰ ਨੂੰ ਯੁੱਧ ਖੇਤਰ ਤੋਂ ਦੌੜਨਾ ਪਿਆ ਅਤੇ ਉਹ ਨਦੀ ਵਿੱਚ ਡੁੱਬਣ ਹੀ ਲੱਗਾ ਸੀ ਜਦੋਂ ਉਸ ਨੂੰ ਇਕ ਭਿਸ਼ਤੀ ਨੇ ਬਚਾਅ ਲਿਆ। ਇਸ ਤਰ੍ਹਾਂ ਹੁਮਾਯੂੰ ਨੇ ਅਜਿਹੀਆਂ ਠੋਕਰਾਂ ਖਾਧੀਆਂ ਕਿ ਉਹ ਤਾਂ ਜੀਵਨ ਤੋਂ ਹੀ ਹੱਥ ਧੋਣ ਵਾਲਾ ਸੀ।

ਕਨੌਜ ਦੀ ਲੜਾਈ ਵਿੱਚ ਹੁਮਾਯੂੰ ਨੇ ਠੋਕਰਾਂ ਖਾਧੀਆਂ। ਸ਼ੇਰ ਸ਼ਾਹ ਨੇ ਉਸ ਦੇ ਲਈ ਜੋ ਵੀ ਫਿਸਲਣ ਤਿਆਰ ਕੀਤੀ ਉਹ ਉਥੇ ਫਿਸਲਿਆ। ਇਸ ਸਾਰੀ ਗੱਲ ਦਾ ਇਹ ਨਤੀਜਾ ਹੋਇਆ ਕਿ ਹੁਮਾਯੂੰ ਦੀ ਬੁਰੀ ਤਰ੍ਹਾਂ ਹਾਰ ਹੋਈ ਅਤੇ ਉਸ ਨੂੰ ਭਾਰਤ ਤੋਂ ਕੱਢ ਦਿੱਤਾ ਗਿਆ।

ਨੋਟ

**ਦੇਸ਼ ਨਿਕਾਲੇ ਵਿੱਚ ਠੋਕਰ ਖਾਧੀ (Tumbling in Exile)**– ਆਪਣੇ ਦੇਸ਼ ਨਿਕਾਲੇ ਵਿੱਚ ਵੀ ਇਹ ਮੂਰਖ ਅਤੇ ਬਦਕਿਸਮਤ ਸਮਰਾਟ ਜਦੋਂ ਜਗ੍ਹਾ–ਜਗ੍ਹਾ ਭਟਕ ਰਿਹਾ ਸੀ। ਸਮੇਂ–ਸਮੇਂ 'ਤੇ ਠੋਕਰਾਂ ਹੀ ਖਾਂਦਾ ਰਿਹਾ। ਉਸ ਨੇ ਉਦੋਂ ਵੀ ਠੋਕਰ ਖਾਧੀ ਜਦੋਂ ਉਸ ਨੇ ਸੇਹਵਾਨ ਦੇ ਦੁਰਗ 'ਤੇ ਅਧਿਕਾਰ ਕਰਨ ਦਾ ਇਕ ਵਿਅਰਥ ਯਤਨ ਕੀਤਾ ਅਤੇ ਦੌੜ ਕੇ ਹਟਿਆ। ਉਸ ਨੇ ਮਿਰਜ਼ਾ ਯਾਦਗਾਰ ਨਾਸਿਰ ਨੂੰ ਵੀ ਮਾਫੀ ਦੇ ਦਿੱਤੀ ਜਦੋਂ ਕਿ ਇਸ ਮਿਰਜਾ ਨੇ ਧੋਖਾ ਕੀਤਾ ਸੀ ਅਤੇ ਉਸ ਨੂੰ ਪ੍ਰੇਸ਼ਾਨ ਕਰਨ ਦੇ ਲਈ ਦੁਸ਼ਮਣ ਦੀ ਸਹਾਇਤਾ ਕੀਤੀ ਸੀ। ਮਿਰਜ਼ਾ ਨੇ ਹੁਮਾਯੂੰ ਦੇ ਲਈ ਬਹੁਤ ਸਾਰੀਆਂ ਕਠਿਨਾਈਆਂ ਖੜ੍ਹੀਆਂ ਕਰ ਦਿੱਤੀਆਂ। ਫਿਰ ਹੁਮਾਯੂੰ ਨੇ ਆਪਣੇ ਭਰਾ ਕਾਮਰਾਨ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਦੋਂ ਉਹ ਕਾਬੁਲ ਤੋਂ ਹਾਰ ਕੇ ਗਜਨੀ ਵੱਲ ਦੌੜ ਗਿਆ ਸੀ। ਨਤੀਜਾ ਇਹ ਹੋਇਆ ਕਿ ਕਾਮਰਾਨ ਨੇ ਫਿਰ ਕਾਬੁਲ 'ਤੇ ਅਧਿਕਾਰ ਕਰ ਲਿਆ। ਹੁਮਾਯੂੰ ਨੇ ਉਸ ਨੂੰ ਹਰਾ ਦਿੱਤਾ ਅਤੇ ਇਕ ਵਾਰ ਫਿਰ ਉਸ ਨੂੰ ਮਾਫੀ ਦੇ ਦਿੱਤੀ। ਅੰਤ ਵਿੱਚ ਉਸ ਨੂੰ ਅੰਨ੍ਹਾ ਕਰ ਦਿੱਤਾ ਗਿਆ।

**ਹੁਮਾਯੂੰ ਦੀ ਮੌਤ-ਉਸ ਦੀ ਅੰਤਿਮ ਠੋਕਰ (Humayun's death-his last Tumble)**- ਹੁਮਾਯੂੰ ਜੋ ਜੀਵਨ ਭਰ ਠੋਕਰਾਂ ਹੀ ਖਾਂਦਾ ਰਿਹਾ ਆਖਿਰ ਮਰਿਆ ਵੀ ਠੋਕਰ ਖਾ ਕੇ। 24 ਜਨਵਰੀ 1556 ਈ. ਦੀ ਸ਼ਾਮ ਨੂੰ ਉਹ ਆਪਣੀ ਲਾਇਬ੍ਰੇਰੀ ਦੀ ਉਪਰ ਦੀ ਮੰਜ਼ਿਲ 'ਤੇ ਬੈਠਾ ਹੋਇਆ ਸੀ, ਉਦੋਂ ਉਸ ਨੇ ਨਮਾਜ਼ ਦੇ ਲਈ ਮੁੱਲਾਂ ਦੀ ਬਾਂਗ ਸੁਣੀ। ਜਦੋਂ ਹੁਮਾਯੂੰ ਹੇਠਾਂ ਉਤਰਨ ਲੱਗਾ ਤਾਂ ਉਸ ਦਾ ਪੈਰ ਫਿਸਲ ਗਿਆ। ਉਹ ਪੌੜੀਆਂ ਤੋਂ ਡਿੱਗ ਕੇ ਮਰ ਗਿਆ ਅਤੇ ਲੇਨਪੂਲ ਨੇ ਠੀਕ ਹੀ ਕਿਹਾ ਸੀ ਕਿ "ਹੁਮਾਯੂੰ ਜੀਵਨ ਭਰ ਠੋਕਰਾਂ ਖਾਂਦਾ ਰਿਹਾ ਅਤੇ ਠੋਕਰ ਖਾ ਕੇ ਹੀ ਮਰਿਆ।

**ਸਵ-ਮੁਲਾਂਕਣ (Self Assessment)**

3. ਹੇਠ ਲਿਖਿਆਂ ਕਥਨਾਂ ਵਿਚ ਸੱਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False):
   - (i) ਸ਼ੇਰ ਖਾਂ ਸ਼ਕਤੀਸ਼ਾਲੀ ਅਫਗਾਨ ਸੀ।
   - (ii) ਚੌਸਾ ਦੀ ਹਾਰ ਦੇ ਬਾਅਦ ਹੁਮਾਯੂੰ ਦਿੱਲੀ ਆ ਗਿਆ।
   - (iii) ਹੁਮਾਯੂੰ ਨੂੰ 1540 ਈ. ਵਿੱਚ ਭਾਰਤ 'ਚੋਂ ਕੱਢ ਦਿੱਤਾ ਗਿਆ ਸੀ।
   - (iv) ਹੁਮਾਯੂੰ ਦੀ ਮੌਤ 24 ਜਨਵਰੀ 1556 ਈ. ਨੂੰ ਹੋਈ।

## 9.9 ਸਾਰ ਅੰਸ਼ (Summary)

- ਹੁਮਾਯੂੰ ਦਾ ਜਨਮ ਮਾਰਚ 1508 ਵਿੱਚ ਕਾਬੁਲ ਵਿੱਚ ਹੋਇਆ ਸੀ। ਉਸ ਦੀ ਮਾਤਾ ਦਾ ਨਾਮ ਮਹਿਮ ਬੇਗਮ ਸੀ। ਬਾਬਰ ਦੇ ਚਾਰ ਪੁੱਤਰ ਹੋਏ, ਜਿਨ੍ਹਾਂ ਵਿੱਚੋਂ ਹੁਮਾਯੂੰ ਸਭ ਤੋਂ ਵੱਡਾ ਸੀ।
- ਹੁਮਾਯੂੰ ਦਸੰਬਰ 1530 ਈ. ਵਿੱਚ ਸਿੰਘਾਸਨ 'ਤੇ ਬੈਠਿਆ। ਇਸ ਨਵੇਂ ਬਾਦਸ਼ਾਹ ਨੂੰ ਜਲਦੀ ਹੀ ਪਤਾ ਚੱਲ ਗਿਆ ਕਿ ਜੋ ਸਿੰਘਾਸਨ ਉਸ ਨੂੰ ਪ੍ਰਾਪਤ ਹੋਇਆ ਸੀ ਉਹ ਕੋਈ ਫੁੱਲਾਂ ਦੀ ਛਾਂ ਨਹੀਂ। ਜਿਨ੍ਹਾਂ ਕਠਿਨਾਈਆਂ ਦਾ ਉਸ ਨੂੰ ਸਾਹਮਣਾ ਕਰਨਾ ਪਿਆ ਉਹ ਬੜੀਆਂ ਭਾਰੀਆਂ ਕਠਿਨਾਈਆਂ ਸਨ।
- ਆਪਣੇ ਭਰਾਵਾਂ ਦੇ ਇਲਾਵਾ ਹੁਮਾਯੂੰ ਦੇ ਕਈ ਰਿਸ਼ਤੇਦਾਰ ਵੀ ਉਸ ਦੇ ਦੁਸ਼ਮਣ ਬਣ ਗਏ। ਇਨ੍ਹਾਂ ਵਿੱਚ ਸਭ ਤੋਂ ਜ਼ਿਆਦਾ ਹਵਸ ਵਾਲਾ ਵਿਅਕਤੀ ਸੀ ਮੁਹੰਮਦ ਜਮਾਨ ਮਿਰਜ਼ਾ। ਉਸ ਨੇ ਹੁਮਾਯੂੰ ਦੀ ਮਤਰੇਈ ਭੈਣ ਮਾਸੂਮਾ ਬੇਗਮ ਨਾਲ ਵਿਆਹ ਕਰ ਰੱਖਿਆ ਸੀ ਅਤੇ ਉਹ ਹੁਮਾਯੂੰ ਦੇ ਸਿੰਘਾਸਨ 'ਤੇ ਅਧਿਕਾਰ ਕਰਨ ਦੀ ਯੋਜਨਾ ਬਣਾ ਰਿਹਾ ਸੀ।
- ਸਿੰਘਾਸਨ 'ਤੇ ਬੈਠਦੇ ਹੀ ਹੁਮਾਯੂੰ ਨੂੰ ਬੜੀਆਂ ਘੋਰ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਹ ਇਕ ਅਯੋਗ ਸੈਨਾਨੀ ਅਤੇ ਇਕ ਬੇਸਮਝ ਰਾਜਨੀਤਿਕ ਸੀ। ਉਸ ਨੇ ਵੱਡੀਆਂ–ਵੱਡੀਆਂ ਭੁੱਲਾਂ ਕਰਕੇ ਹੋਰ ਸਥਿਤੀ ਨੂੰ ਦੁਖਦਾਈ ਢੰਗ ਨਾਲ ਸੁਲਝਾਉਂਦੇ ਹੋਏ ਆਪਣੀਆਂ ਕਠਿਨਾਈਆਂ ਨੂੰ ਹੋਰ ਵੀ ਵਧਾ ਲਿਆ।
- ਜਦੋਂ ਬਹਾਦੁਰ ਸ਼ਾਹ ਰਾਜਪੂਤਾਂ ਨੂੰ ਹਰਾ ਚੁੱਕਾ ਸੀ ਤਾਂ ਹੁਮਾਯੂੰ ਨੇ ਉਸ 'ਤੇ ਘੇਰਾ ਪਾ ਲਿਆ। ਖੁਰਾਕ ਦੀ ਸਪਲਾਈ ਘੱਟ ਜਾਣ ਦੇ ਕਾਰਨ ਬਹਾਦੁਰ ਸ਼ਾਹ ਮੁਗਲਾਂ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਉਸ ਨੇ ਦੌੜ ਕੇ ਮਾਣਡੂ ਵਿੱਚ ਸ਼ਰਣ ਲਈ। ਹੁਮਾਯੂੰ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਨੇ ਉਥੋਂ ਵੀ ਦੌੜਿਆ। ਸ਼ਾਹ ਉਥੋਂ ਦਿਯੂ (Diu) ਚਲਾ ਗਿਆ।
- ਚੌਸਾ ਦੀ ਜਿੱਤ ਨੇ ਸ਼ੇਰ ਖਾਂ ਦਾ ਹੌਸਲਾ ਬਹੁਤ ਵਧਾ ਦਿੱਤਾ। ਸ਼ੇਰ ਖਾਂ ਨੇ ਆਪਣੇ ਆਪ ਨੂੰ ਰਾਜਾ ਘੋਸ਼ਿਤ ਕਰ ਦਿੱਤਾ ਅਤੇ ਉਹ ਹੁਮਾਯੂੰ ਨਾਲ ਲੜਨ ਕਨੌਜ ਦੀ ਸੈਨਾ ਲੈ ਆਇਆ। ਹੁਮਾਯੂੰ ਨੇ ਫਿਰ ਭੁੱਲ ਕੀਤੀ ਇਹ ਜਾਣਦੇ ਹੋਏ ਵੀ ਕਿ ਉਸ ਦੇ ਪੱਖ ਦੇ ਸੈਨਿਕ ਪ੍ਰਤੀ ਦਿਨ ਉਸ ਨੂੰ ਛੱਡ ਕੇ ਦੌੜ ਜਾਂਦੇ ਉਸ ਨੇ ਤੁਰੰਤ ਯੁੱਧ ਦਾ ਖਤਰਾ ਨਹੀਂ ਲਿਆ। ਨਤੀਜਾ ਇਹ ਹੋਇਆ ਕਿ ਉਸ ਦਾ ਪੱਖ ਬਹੁਤ ਕਮਜ਼ੋਰ ਹੋ ਗਿਆ ਅਤੇ ਉਸ ਨੇ ਸੈਨਿਕ ਵਿਸ਼ਵਾਸ ਗਵਾ ਬੈਠਾ।

- ਅੰਤ ਵਿੱਚ ਹਾਰ ਕੇ ਹੁਮਾਯੂੰ ਨੇ ਸਿੰਧ ਨੂੰ ਦੌੜ ਜਾਣ ਦਾ ਫੈਸਲਾ ਕੀਤਾ। ਪਹਿਲਾਂ ਉਹ ਆਗਰਾ ਗਿਆ ਪਰ ਉਸ ਦਾ ਮੰਨ ਬਦਲ ਗਿਆ ਅਤੇ ਉਹ ਵਾਪਸ ਆ ਗਿਆ। ਉਦੋਂ ਉਹ ਕਸ਼ਮੀਰ ਜਾਣਾ ਚਾਹੁੰਦਾ ਸੀ ਪਰ ਉਸ ਦੇ ਭਰਾ ਕਾਮਰਾਨ ਨੇ ਉਸ ਦਾ ਰਸਤਾ ਰੋਕ ਦਿੱਤਾ। ਇਸ ਤਰ੍ਹਾਂ ਅੰਤ ਵਿੱਚ ਹੁਮਾਯੂੰ ਸਿੰਧ ਨੂੰ ਚਲਾ ਗਿਆ।
- ਸ਼ੇਰ ਖਾਂ ਦੇ ਵਿਰੁੱਧ ਕਨੌਜ ਦੇ ਯੁੱਧ ਵਿੱਚ ਹੁਮਾਯੂੰ ਨੇ ਦੋ ਮਹਾਨ ਗਲਤੀਆਂ ਕੀਤੀਆਂ। ਇਕ ਭੁੱਲ ਤਾਂ ਇਹ ਸੀ ਕਿ ਉਹ ਯੁੱਧ ਭੂਮੀ ਵਿੱਚ ਦੋ ਮਹੀਨੇ ਤੱਕ ਨਿਕੰਮਾ ਪਿਆ ਰਿਹਾ, ਦੂਸਰਾ ਉਸ ਨੇ ਆਪਣਾ ਡੇਰਾ ਹੇਠਾਂ ਵੱਲ ਜਮਾਇਆ ਸੀ। ਬਿਨਾਂ ਸ਼ੱਕ ਹੁਮਾਯੂੰ ਦੇ ਕੋਲ ਆਪਣਾ ਤੋਪਖਾਨਾ ਆਦਿ ਸਭ ਕੁਝ ਸੀ ਪਰ ਸ਼ੇਰ ਖਾਂ ਨੇ ਅਚਾਨਕ ਬਿਜਲੀ ਦੇ ਬਰਾਬਰ ਹਮਲਾ ਕੀਤਾ ਜਿਸ ਨਾਲ ਹੁਮਾਯੂੰ ਦੇ ਹੱਥ ਪੈਰ ਇਕਦਮ ਫੁੱਲ ਗਏ ਅਤੇ ਉਹ ਆਪਣੇ ਸ਼ਸਤਰਾਂ ਦਾ ਇਸਤੇਮਾਲ ਵੀ ਨਾ ਕਰ ਸਕਿਆ। ਅਸਲ ਵਿੱਚ ਉਹ ਹਾਰ ਗਿਆ।
- ਡਾ. ਪ੍ਰਸਾਦ ਵੱਲੋਂ ਦਿੱਤਾ ਗਿਆ ਵੇਰਵਾ ਹੁਮਾਯੂੰ ਦੇ ਬਾਰੇ ਵਿਚਾਰ ਬਣਾਉਣ ਵਿੱਚ ਸਾਡੀ ਸਹਾਇਤਾ ਕਰਦਾ ਹੈ। "ਜਦ ਕਿ ਹੁਮਾਯੂੰ ਵਿੱਚ ਵਿਅਕਤੀਗਤ ਰੂਪ ਨਾਲ ਕਾਫੀ ਹੌਸਲਾ ਸੀ ਪਰ ਉਹ ਆਪਣੇ ਪਿਤਾ ਦੇ ਤਰ੍ਹਾਂ ਕੌਸ਼ਲ ਸੈਨਿਕ ਨਹੀਂ ਸੀ ਅਤੇ ਸ਼ੇਰ ਸ਼ਾਹ ਦੀ ਤਰ੍ਹਾਂ ਯੁੱਧ ਵਿੱਦਿਆ ਵਿੱਚ ਨਿਪੁੰਨ ਵੀ ਨਹੀਂ ਸੀ। ਉਸ ਦੀ ਸੈਨਿਕ ਯੋਜਨਾਵਾਂ ਦੋਸ਼ ਪੂਰਨ ਹੁੰਦੀਆਂ ਸਨ ਅਤੇ ਕਦੀ ਵੀ ਭਲੀਭਾਂਤ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਸਨ। ਕਦੀ-ਕਦੀ ਉਹ ਮਹੱਤਵਪੂਰਨ ਮੋਰਚੇ 'ਤੇ ਵੀ ਕੇਵਲ ਭਾਵਾਵੇਸ਼ ਵਿੱਚ ਆ ਕੇ ਹੱਟ ਜਾਂਦਾ ਸੀ। ਜਿਵੇਂ ਕਿ ਉਸ ਨੇ ਉਸ ਸਮੇਂ ਕੀਤਾ ਜਦੋਂ ਬਹਾਦੁਰ ਸ਼ਾਹ ਨੇ ਚਿਤੌੜ ਦਾ ਘੇਰਾ ਪਾਇਆ ਹੋਇਆ ਸੀ। ਉਸ ਦੀ ਨਿਮਰਤਾ ਨੂੰ ਸਿਰਫ ਉਸ ਦੀ ਕਮਜ਼ੋਰੀ ਹੀ ਸਮਝਿਆ ਜਾਂਦਾ ਸੀ।"
- ਹੁਮਾਯੂੰ ਦੇ ਅਜਿਹਾ ਕਰਨ ਨਾਲ ਉਤਰ ਪੱਛਮ ਤੋਂ ਮਿਲਣ ਵਾਲੇ ਉਸ ਦੇ ਸਾਰੇ ਸਾਧਨ ਖੋਹ ਹੋ ਗਏ, ਜਿਨ੍ਹਾਂ ਦੇ ਬਿਨਾਂ ਉਸ ਦੇ ਲਈ ਸਾਮਰਾਜ ਨੂੰ ਸੰਭਾਲੀ ਰੱਖਣਾ ਬਹੁਤ ਔਖਾ ਹੋ ਗਿਆ। ਇਸੇ ਤਰ੍ਹਾਂ ਅਸਕਰੀ ਅਤੇ ਹਿੰਦਾਲ ਨੂੰ ਕ੍ਰਮ ਅਨੁਸਾਰ ਸੰਭਲ ਅਤੇ ਮੇਵਾਤ ਪ੍ਰਦਾਨ ਕਰਨ ਨਾਲ ਵੀ ਉਸ ਨੂੰ ਬਹੁਤ ਮੁਸੀਬਤਾਂ ਉਠਾਉਣੀਆਂ ਪਈਆਂ।
- ਅਪ੍ਰੈਲ 1539 ਈ. ਵਿੱਚ ਮੁਗਲਾਂ ਅਤੇ ਅਫਗਾਨਾਂ ਦੀ ਸਿੱਧੀ ਟੱਕਰ ਚੌਸਾ ਦੀ ਜਗ੍ਹਾ 'ਤੇ ਹੋਈ। ਉਸ ਸਮੇਂ ਹੁਮਾਯੂੰ ਇਕ ਔਖੀ ਸਥਿਤੀ ਵਿੱਚ ਸੀ। ਉਸ ਦੇ ਕੋਲ ਸਾਧਨਾਂ ਦੀ ਕਮੀ ਸੀ ਜਦੋਂ ਕਿ ਆਗਰਾ ਨੂੰ ਜਾਣ ਵਾਲਾ ਰਸਤਾ ਰੁਕਿਆ ਹੋਇਆ ਸੀ। ਹਿੰਦਾਲ ਨੇ ਆਗਰਾ ਵਿੱਚ ਵਿਦਰੋਹ ਕਰ ਰੱਖਿਆ ਸੀ ਅਤੇ ਅਸਕਰੀ ਵੀ ਧੋਖਾ ਕਰਨ 'ਤੇ ਉਤਾਰੂ ਸੀ।
- ਚੌਸਾ ਦੀ ਜਿੱਤ ਨੇ ਸ਼ੇਰ ਖਾਂ ਦਾ ਹੌਸਲਾ ਵਧਾ ਦਿੱਤਾ ਅਤੇ ਉਸ ਦੀ ਪ੍ਰਤਿਸ਼ਠਾ ਨੂੰ ਚਾਰ ਚੰਦ ਲਗਾ ਦਿੱਤੇ। ਹੁਣ ਉਸ ਨੇ 'ਸ਼ਾਹ' ਦੀ ਉਪਾਧੀ ਅਤੇ ਚਿੰਨ੍ਹ ਵੀ ਧਾਰਨ ਕਰ ਲਿਆ।
- ਹੁਮਾਯੂੰ ਅਤੇ ਸ਼ੇਰ ਸ਼ਾਹ ਦੇ ਵਿੱਚ ਜੋ ਲੰਮਾ ਸੰਘਰਸ਼ ਹੋਇਆ ਉਸ ਵਿੱਚ ਸ਼ੇਰ ਸ਼ਾਹ ਹੁਮਾਯੂੰ ਨੂੰ ਦੋ ਬੜੀਆਂ ਮਹੱਤਵਪੂਰਨ ਲੜਾਈਆਂ ਵਿੱਚ ਹਰਾ ਕੇ ਜਿੱਤ ਪ੍ਰਾਪਤ ਹੋਈ-ਇਕ ਸੀ ਚੌਸਾ ਦੀ ਲੜਾਈ ਅਤੇ ਦੂਸਰੀ ਸੀ ਕਨੌਜ ਦੀ ਲੜਾਈ। ਕੁਝ ਅਜਿਹੇ ਫੈਸਲੇ ਕਾਰਨ ਜਿਨ੍ਹਾਂ ਨਾਲ ਅਫਗਾਨ ਸਰਦਾਰ ਸ਼ੇਰ ਖਾਂ ਦੀ ਜਿੱਤ ਹੋਈ ਅਤੇ ਮੁਗਲ ਸਮਰਾਟ ਦੀ ਹਾਰ।
- ਹੁਮਾਯੂੰ ਦਾ ਭਾਰਤ ਤੋਂ ਕੱਢਿਆ ਜਾਣਾ ਜ਼ਿਆਦਾਤਰ ਉਸ ਦੇ ਆਪਣੇ ਚਰਿੱਤਰ ਅਤੇ ਉਸ ਦੀਆਂ ਆਪਣੀਆਂ ਮੂੜਤਾਵਾਂ ਦੇ ਕਾਰਨ ਹੋਇਆ। ਸਿੰਘਾਸਨ 'ਤੇ ਬੈਠਦੇ ਹੀ ਉਸ ਨੇ ਪਹਿਲੀ ਭੁੱਲ ਇਹ ਕੀਤੀ ਕਿ ਆਪਣਾ ਰਾਜ ਆਪਣੇ ਭਰਾਵਾਂ ਵਿੱਚ ਵੰਡ ਦਿੱਤਾ ਅਤੇ ਇਹ ਗੱਲ ਅੰਤ ਵਿੱਚ ਉਸ ਨੂੰ ਭਾਰਤ ਤੋਂ ਕੱਢੇ ਜਾਣ ਦਾ ਇਕ ਵੱਡਾ ਕਾਰਨ ਬਣੀ।
- ਹੁਮਾਯੂੰ ਨੂੰ 1540 ਈ. ਵਿੱਚ ਭਾਰਤ ਤੋਂ ਕੱਢ ਦਿੱਤਾ ਗਿਆ ਸੀ। 15 ਸਾਲ ਦੇ ਬਾਅਦ 1555 ਈ. ਵਿੱਚ ਉਹ ਫਿਰ ਭਾਰਤ ਦਾ ਸ਼ਾਸਕ ਬਣ ਗਿਆ।

## 9.10 ਸ਼ਬਦਕੋਸ਼ (Keywords)

- **ਅਦ੍ਰਿੜ (Unconsolidated)**: ਕਮਜ਼ੋਰ।
- **ਨਿਯਤ (Fined)**: ਨਿਸ਼ਚਿਤ।

## 9.11 ਅਭਿਆਸ ਪ੍ਰਸ਼ਨ (Review Questions)

1. ਹੁਮਾਯੂੰ ਦੀਆਂ ਅਰੰਭਿਕ ਕਠਿਨਾਈਆਂ ਦਾ ਸੰਖੇਪ ਵਿੱਚ ਵਰਨਣ ਕਰੋ।
2. ਹੁਮਾਯੂੰ ਦੀਆਂ ਵਿਅਕਤੀਗਤ ਕਠਿਨਾਈਆਂ ਕੀ ਸਨ?
3. ਹੁਮਾਯੂੰ ਦੀਆਂ ਅਸਫਲਤਾਵਾਂ ਦੇ ਕੀ ਕਾਰਨ ਸਨ?

ਨੋਟ

4. ਸ਼ੇਰ ਸ਼ਾਹ ਦੀ ਸਫਲਤਾ ਦੇ ਕੀ ਕਾਰਨ ਸਨ।
5. ਹੁਮਾਯੂੰ ਦੀਆਂ ਗਲਤੀਆਂ 'ਤੇ ਚਾਨਣਾ ਪਾਓ।

**ਉਤਰ : ਸਵ-ਮੁਲਾਂਕਣ (Answer : Self Assessment)**

1. (i) 1530 (ii) ਅਫਗਾਨਾਂ (iii) 1531 ਈ.
   (iii) ਅਕਬਰ (v) 1557 ਈ.
2. (i) (ਅ) (ii) (ਬ) (iii) (ਸ)
3. (i) ਸੱਚ (ii) ਝੂਠ (iii) ਸੱਚ
   (iv) ਸੱਚ।

## 9.12 ਸੰਬੰਧਿਤ ਪੁਸਤਕਾਂ (Further Readings)

*ਬੁਕਸ*


1. ਅਰਲੀ ਮਿਡਾਈਵਲ ਇੰਡੀਆ–ਅਵਧ ਬਿਹਾਰੀ ਪਾਂਡੇ, ਸੈਂਟਰਲ ਬੁੱਕ ਡੀਪੂ।
2. ਮੱਧ ਕਾਲੀਨ ਭਾਰਤ ਦਾ ਇਤਿਹਾਸ (1206 ਤੋਂ 1740) –ਐਸ. ਐਲ. ਨਾਗੇਰੀ, ਪ੍ਰਣਵ ਦੇਵ, ਆਰ. ਬੀ. ਐਸ. ਏ. ਪਬਲੀਸ਼ਰਜ਼।
3. ਮੱਧ ਕਾਲੀਨ ਭਾਰਤ ਵਿੱਚ ਨਗਰੀਕਰਨ–ਨਮਰਤਾ ਸਿੰਘ, ਯੂਨੀਵਰਸਿਟੀ ਪਬਲੀਕੇਸ਼ਨ।
4. ਮੱਧ ਕਾਲੀਨ ਭਾਰਤ (ਦਿੱਲੀ ਸਲਤਨਤ) – ਰਹੀਸ ਸਿੰਘ, ਪਿਆਰਸਨ ਐਜੂਕੇਸ਼ਨ ਇੰਡੀਆ।
5. ਮੱਧ ਕਾਲੀਨ ਭਾਰਤ (ਦਿੱਲੀ ਸਲਤਨਤ) – ਸ਼੍ਰੀ ਨੇਤਰ ਪਾਂਡੇ, ਰਾਜ ਕਮਲ ਪ੍ਰਕਾਸ਼ਨ ਪ੍ਰਾਈਵੇਟ ਲਿਮਟਿਡ।

# ਇਕਾਈ–10: ਸੇਰਸ਼ਾਹ ਸੂਰੀ
# (Shershah Suri)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

10.1 ਸ਼ੇਰ ਸ਼ਾਹ ਸੂਰੀ ਦਾ ਪ੍ਰਾਰੰਭਿਕ ਜੀਵਨ (Early Career of Shershah Suri)

10.2 ਸ਼ੇਰ ਸ਼ਾਹ ਦੀ ਜਿੱਤ (Conquests of Shershah)

10.3 ਸੇਰਸ਼ਾਹ ਦੀ ਸਫਲਤਾਵਾਂ (Successfulness of Shershah)

10.4 ਸ਼ੇਰ ਸ਼ਾਹ ਸੂਰੀ ਦੇ ਨਾਗਰਿਕ, ਸੈਨਿਕ, ਰਾਜਸਵ ਸੰਬੰਧੀ ਅਤੇ ਸਰਵਜਨਿਕ ਸੁਧਾਰ (The Civil, Revenue and Public Reforms of Shershah Suri)

10.5 ਸਾਰ ਅੰਸ਼ (Summary)

10.6 ਸ਼ਬਦਕੋਸ਼ (Keywords)

10.7 ਅਭਿਆਸ ਪ੍ਰਸ਼ਨ (Review Questions)

10.8 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਸ਼ੇਰਸ਼ਾਹ ਸੂਰੀ ਦੇ ਪ੍ਰਾਰੰਭਿਕ ਜੀਵਨ ਸੰਬੰਧੀ ਗੱਲਾਂ ਦੀ ਜਾਣਕਾਰੀ ਪ੍ਰਾਪਤ ਹੋਵੇਗੀ।
- ਸ਼ੇਰ ਸ਼ਾਹ ਸੂਰੀ ਦੀ ਵਿਜੈ-ਗਾਥਾ ਨੂੰ ਜਾਣ ਪਾਉਣਗੇ।
- ਸ਼ੇਰ ਸ਼ਾਹ ਸੂਰੀ ਦੇ ਨਾਗਰਿਕ ਸੈਨਿਕ ਰਾਜਸਵ ਸੰਬੰਧੀ ਸਰਵਜਨਿਕ ਸੁਧਾਰਾਂ ਨੂੰ ਜਾਨਣਗੇ।

## ਜਾਣਕਾਰੀ (Introduction)

ਸ਼ੇਰ ਸ਼ਾਹ ਦਾ ਵਾਸਤਵਿਕ ਨਾਮ 'ਫਰੀਦ' ਸੀ। ਉਸਦਾ ਜਨਮ 1472 ਈ. ਵਿਚ ਹੁਸ਼ੀਆਰਪੁਰ ਜਿਲ੍ਹੇ ਵਿਚ ਬਜਵਾੜਾ ਨਾਮਕ ਸਥਾਨ ਉੱਤੇ ਹੋਇਆ। ਉਸ ਦੇ ਪਿਤਾ ਦਾ ਨਾਂ ਹਸਨ ਸੀ ਜੋ ਹੁਸ਼ੀਆਰਪੁਰ ਦੇ ਇਕ ਬੜੇ ਜਾਗੀਰਦਾਰ ਕੋਲ ਨੌਕਰ ਸੀ। ਹਸਨ ਦੀਆਂ ਚਾਰ ਪਤਨੀਆਂ ਸਨ ਅਤੇ ਫਰੀਦ ਪਹਿਲੀ ਪਤਨੀ ਤੋਂ ਸੀ।

**ਫਰੀਦ ਸਹਿਸ੍ਰਾਮ ਦੇ ਸਥਾਨ 'ਤੇ** (Farid at Shahsram): ਫਰੀਦ ਦੇ ਜਨਮ ਦੇ ਕੁਝ ਦੇਰ ਬਾਅਦ ਹਸਨ ਨੇ ਹਿਸਾਰ ਦੇ ਜਮਾਲ ਖਾਂ ਦੇ ਕੋਲ ਨੌਕਰੀ ਕਰ ਲਈ ਅਤੇ ਇਸ ਲਈ ਉਹ ਪਰਿਵਾਰ ਸਮੇਤ ਹੁਸ਼ਿਆਰਪੁਰ ਚਲਾ ਗਿਆ ਅਤੇ ਹਿਸਾਰ ਵਿੱਚ ਜਾ ਵਸਿਆ। ਜਦੋਂ ਜਮਾਲ ਖਾਂ ਬਦਲ ਕੇ ਜੌਨਪੁਰ ਚਲਾ ਗਿਆ ਤਾਂ ਹਸਨ ਵੀ ਆਪਣੇ ਸਵਾਮੀ ਦੇ ਨਾਲ ਹੋ ਗਿਆ ਅਤੇ ਉਸ ਨੇ ਉਸ ਦੇ ਸਵਾਮੀ ਨੇ ਸਹਿਸ੍ਰਾਮ, ਖਿਆਸਪੁਰ ਅਤੇ ਟਾਂਡਾ ਦੀਆਂ ਜਗੀਰਾਂ ਦੇ ਦਿੱਤੀਆਂ। ਉਹ ਸਹਿਸ੍ਰਾਮ (ਬਿਹਾਰ) ਵਿੱਚ ਵਸ ਗਿਆ ਅਤੇ ਇੱਥੇ ਫਰੀਦ ਦਾ ਬਚਪਨ ਦਾ ਸਮਾਂ ਬਿਤਾਇਆ।

ਨੋਟ

## 10.1 ਸ਼ੇਰ ਸ਼ਾਹ ਸੂਰੀ ਦਾ ਪ੍ਰਾਰੰਭਿਕ ਜੀਵਨ (Early Career of Shershah Suri)

**ਫਰੀਦ ਨੇ ਜੌਨਪੁਰ ਵਿਚ ਸਿੱਖਿਆ ਪਾਈ** (Farid's education at Jaunpur) :ਹਸਨ ਆਪਣੀ ਸਭ ਤੋਂ ਛੋਟੀ ਪਤਨੀ ਦਾ ਭਗਤ ਸੀ ਅਤੇ ਉਸੀ ਦੇ ਬੱਚਿਆਂ ਨੂੰ ਪਿਆਰ ਕਰਦਾ ਸੀ। ਇਸ ਲਈ ਉਹ ਫਰੀਦ ਨਾਲ ਚੰਗਾ ਵਿਵਹਾਰ ਨਹੀਂ ਕਰਦਾ ਸੀ। ਆਪਣੇ ਪਿਤਾ ਅਤੇ ਮਤਰੇਈ ਮਾਤਾ ਦੇ ਹੱਥੋ ਦੁਰਵਿਵਹਾਰ ਤੋਂ ਤੰਗ ਆ ਕੇ ਫਰੀਦ ਸਹਿਸ ਰਾਮ ਛੱਡ ਕੇ ਜੌਨਪੁਰ ਚਲਾ ਗਿਆ। ਉਹ ਸਥਾਨ ਗਿਆਨ ਦਾ ਕੇਂਦਰ ਸੀ। ਇੱਥੇ ਉਸ ਨੇ ਅਰਬੀ ਅਤੇ ਫਾਰਸੀ ਭਾਸਾਵਾਂ ਦਾ ਜੀਅ-ਭਰਕੇ ਅਧਿਐਨ ਕੀਤਾ। ਉਸ ਨੇ ਗੁਲਿਸਤਾਨ, ਬੋਸਤਾਨ ਅਤੇ ਸਿਕੰਦਰ ਨਾਮਾ ਜਿਹੀ ਰਚਨਾਵਾਂ ਉੱਤੇ ਅਧਿਕਾਰ ਜਮਾ ਲਿਆ। ਆਪਣੀ ਮਹਾਨ ਯੋਗਤਾ ਅਤੇ ਮਿਹਨਤ ਦੇ ਸਹਾਰੇ ਉਸ ਨੇ ਜੌਨਪੁਰ ਵਿਚ ਨਾਂ ਕਮਾਇਆ। ਇੱਥੇ ਤਕ ਕਿ ਜੌਨਪੁਰ ਦੇ ਰਾਜ ਪਾਲ ਅਤੇ ਫਰੀਦ ਦੇ ਪਿਤਾ ਦੇ ਸੁਰਖਿਅਕ ਜਮਾਲ ਖਾਂ ਨੇ ਵੀ ਉਸ ਦੀ ਯੋਗਤਾ ਦੀ ਸਰਾਹਣਾ ਕੀਤੀ। ਜਮਾਲ ਖਾਂ ਨੇ ਹਸਨ ਨੂੰ ਸਮਝਾਇਆ ਕਿ ਤੁਹਾਡਾ ਪੁੱਤਰ ਵੱਡਾ ਹੀ ਹੋਣਹਾਰ ਅਤੇ ਯੋਗ ਹੈ ਅਤੇ ਇਸ ਤਰ੍ਹਾਂ ਉਸ ਨੇ ਬਾਪ ਅਤੇ ਬੇਟੇ ਵਿਚ ਸਮਝੌਤਾ ਕਰਾ ਦਿੱਤਾ।

**ਫਰੀਦ ਜਾਗੀਰ ਦੇ ਪ੍ਰਬੰਧਕ ਦੇ ਰੂਪ ਵਿਚ** (Farid the Manager of Jagirs) :ਹਸਨ ਨੇ ਆਪਣੇ ਪੁੱਤਰ ਦੀ ਯੋਗਤਾ ਨਾਲ ਪ੍ਰਭਾਵਿਤ ਹੋ ਕੇ ਉਸਨੂੰ ਸਹਿਸਰਾਮ, ਖਵਾਸਪੁਰ ਅਤੇ ਟਾਂਡਾ ਦੀ ਆਪਣੀ ਜਾਗੀਰਾਂ ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ। ਜਿਆਦਾ ਤੋਂ ਜਿਆਦਾ ਰੁਚੀ ਅਤੇ ਮਿਹਨਤ ਨਾਲ ਉਸ ਨੇ ਜਾਗੀਰਾਂ ਨੂੰ ਸੰਭਾਲਣ ਵਿਚ ਕਮਾਲ ਕਰ ਦਿਖਾਇਆ ਅਤੇ ਉਸ ਨੂੰ ਪਹਿਲਾਂ ਤੋਂ ਜ਼ਿਆਦਾ ਸਮ੍ਰਿਧੀਸ਼ਾਲੀ ਬਣਾ ਦਿੱਤਾ। ਪ੍ਰਬੰਧ ਕਰਤਾ ਦੇ ਨਾਤੇ ਫਰੀਦ ਨੂੰ ਜਿਹੜੀ ਸਫਲਤਾ ਅਤੇ ਪ੍ਰਸਿੱਧੀ ਮਿਲੀ ਉਸ ਦੇ ਕਾਰਣ ਉਸ ਦੀ ਮਤਰੇਈ ਮਾਤਾ ਇਰਖਾ ਕਰਨ ਲੱਗ ਗਈ। ਉਸ ਨੇ ਫਰੀਦ ਦੇ ਵਿਰੁਧ ਆਪਣੇ ਪਤੀ ਦੇ ਕੰਨ ਭਰ ਦਿੱਤੇ ਉਸ ਨੂੰ ਉੱਥੋ ਤੋਂ ਕਢਵਾ ਦਿੱਤਾ। ਫਰੀਦ ਆਗਰਾ ਚਲਾ ਗਿਆ ਤਾਂ ਕਿ ਆਪਣੀ ਜਾਗੀਰਾਂ ਨੂੰ ਮੁੜ ਤੋਂ ਪ੍ਰਾਪਤ ਕਰਨ ਵਿਚ ਸੁਲਤਾਨ ਇਬਰਾਹੀਮ ਦੀ ਸਹਾਇਤਾ ਲਵੇ। ਲੇਕਿਨ ਉਸ ਦਾ ਕੰਮ ਨਹੀਂ ਬਣਿਆ। 1522 ਈ. ਵਿਚ ਹਸਨ ਦੀ ਮ੍ਰਿਤੂ ਦੇ ਬਾਅਦ ਉਸ ਨੇ ਇਕ ਵਾਰ ਆਪਣੀ ਜਾਗੀਰਾਂ ਲੈਣ ਦੀ ਕੋਸ਼ਿਸ਼ ਕੀਤੀ ਲੇਕਿਨ ਬੇਕਾਰ।

**ਫਰੀਦ ਬਹਾਰ ਖਾਂ ਲੋਹਾਨੀ ਦੇ ਅਧੀਨ** (Farid under Bahar Khan Lohani) :1522 ਈ. ਵਿਚ ਫਰੀਦ ਬਹਾਰ ਖਾਂ ਲੋਹਾਨੀ ਦੇ ਪਾਸ ਜਾ ਕੇ ਨੌਕਰ ਹੋਇਆ। ਬਹਾਰ ਖਾਂ ਬਿਹਾਰ ਦਾ ਇੱਕ ਸੁਤੰਤਰ ਸ਼ਾਸਕ ਬਣ ਬੈਠਿਆ ਸੀ। ਆਪਣੀ ਯੋਗਤਾ ਅਤੇ ਵਫਾਦਾਰੀ ਦੇ ਸਹਾਰੇ ਉਸ ਨੇ ਆਪਣੇ ਸਵਾਮੀ ਉੱਤੇ ਵਡਾ ਅਸਰ ਪਾਇਆ। ਇੱਕ ਦਿਨ ਜਦ ਉਹ ਆਪਣੇ ਸਵਾਮੀ ਦੇ ਨਾਲ ਸ਼ਿਕਾਰ ਖੇਡਣ ਗਿਆ ਹੋਇਆ ਸੀ ਤਾਂ ਉਸ ਨੇ ਫਰੀਦ ਨੂੰ ਸ਼ੇਰ ਖਾ ਦੀ ਉਪਾਧੀ ਦੇ ਦਿੱਤੀ। ਉਸ ਨੇ ਸ਼ੇਰ ਖਾਂ ਨੂੰ ਆਪਣੇ ਬੇਟੇ ਜਮਾਲ ਖਾਂ ਦਾ ਸਿੱਖਿਅਕ ਬਣਾ ਦਿੱਤਾ।

*ਨੋਟਸ* ਸ਼ੇਰ ਖਾਂ ਨੇ ਇੰਨੀ ਤੇਜ਼ੀ ਨਾਲ ਜਿਹੜੀ ਉਨਤੀ ਕੀਤੀ ਤਾਂ ਦੂਜੇ ਅਫਗਾਨ ਸਰਦਾਰ ਉਸ ਨਾਲ ਈਰਖਾ ਕਰਨ ਲੱਗ ਪਏ। ਉਨ੍ਹਾਂ ਨੇ ਸ਼ੇਰ ਖਾਂ ਦੇ ਵਿਰੁੱਧ ਬਹਾਰ ਖਾਂ ਦੇ ਕੰਨ ਭਰ ਦਿੱਤੇ ਉਸ ਨੂੰ ਉੱਥੋ ਕਢਵਾ ਦਿੱਤਾ।

**ਸ਼ੇਰ ਖਾਂ ਬਾਬਰ ਦੇ ਪਾਸ ਜਾ ਨੌਕਰ ਹੋਇਆ** (Sher Khan in the Service of Babur) :ਕਨਵਾਹ ਦੀ ਲੜਾਈ ਵਿਚ ਰਾਜਪੂਤਾਂ ਉੱਤੇ ਜਦੋਂ ਬਾਬਰ ਨੂੰ ਜਿੱਤ ਪ੍ਰਾਪਤ ਹੋਈ ਸੀ ਤਾਂ ਸ਼ੇਰ ਖਾਂ ਉਸ ਨਾਲ ਬਹੁਤ ਪ੍ਰਭਾਵਿਤ ਹੋਇਆ ਸੀ। ਇਸ ਲਈ ਉਸ ਨੇ ਮੁਗਲਾਂ ਦੀ ਨੌਕਰੀ ਕਰ ਲਈ। ਇੱਕ ਵਾਰ ਬਾਬਰ ਨੇ ਜਦੋਂ ਦੱਖਣ ਬਿਹਾਰ ਦੇ ਅਫਗਾਨਾਂ ਉੱਤੇ ਚੜ੍ਹਾਈ ਕੀਤੀ ਸੀ ਤਾਂ ਸ਼ੇਰ ਖਾਂ ਮੁਗਲਾਂ ਦੀ ਵੱਲੋਂ ਲੜਿਆ ਸੀ। ਲੇਕਿਨ ਕੁਝ ਦੇਰ ਤੋਂ ਬਾਅਦ ਉਹ ਬਾਬਰ ਦੀ ਨੌਕਰੀ ਛੱਡ ਕੇ ਚਲਾ ਗਿਆ।

**ਸ਼ੇਰ ਖਾਂ ਬਿਹਾਰ ਦਾ ਉਪ-ਰਾਜਪਾਲ ਬਣਿਆ** (Sher Khan the Deputy Governor of Bihar) : ਸ਼ੇਰ ਖਾਂ ਫਿਰ ਆਪਣੇ ਪਹਿਲਾਂ ਵਾਲੇ ਸਵਾਮੀ ਬਹਾਰ ਖਾਂ ਨਾਲ ਮਿਲਿਆ ਅਤੇ ਉਥੇ ਉਹ ਜਲਾਲ ਖਾਂ ਦਾ ਵਿਦਿਆਰਥੀ ਨਿਯੁਕਤ ਹੋਇਆ। ਬਹਾਰ ਖਾਂ ਦੀ ਮੌਤ ਦੇ ਬਾਅਦ ਉਸ ਦੀ ਵਿਧਵਾ ਪਤਨੀ ਦਾਦੂ ਬੀਬੀ ਨੇ ਉਸ ਨੂੰ ਬਿਹਾਰ ਦਾ ਉਪ-ਰਾਜਪਾਲ ਨਿਯੁਕਤ ਕਰ ਦਿੱਤਾ। ਉਪ-ਰਾਜਪਾਲ ਬਣ ਕੇ ਸ਼ੇਰ ਖਾਂ ਨੇ ਪ੍ਰਸ਼ਾਸਨ ਵਿੱਚ ਬੜਾ ਸੁਧਾਰ ਕੀਤਾ ਅਤੇ ਨਾਲ ਹੀ ਆਪਣੀ ਸਥਿਤੀ ਨੂੰ ਵੀ ਬਹੁਤ ਮਜ਼ਬੂਤ ਕਰ ਲਿਆ। ਦਾਦੂ ਬੀਬੀ ਦੀ ਮੌਤ ਦੇ ਨਤੀਜੇ ਵਜੋਂ 1529 ਈ. ਵਿੱਚ ਸ਼ੇਰ ਖਾਂ ਬਿਹਾਰ ਦਾ ਵਿਵਹਾਰਿਕ ਸ਼ਾਸਕ ਬਣ ਗਿਆ।

## 10.2 ਸ਼ੇਰ ਸ਼ਾਹ ਦੀ ਜਿੱਤ (Conquests of Shershah)

1529 ਈ. ਵਿਚ ਸ਼ੇਰ ਖਾਂ ਬਿਹਾਰ ਦਾ ਵਾਸਤਵਿਕ ਸਵਾਮੀ ਬਣ ਗਿਆ। ਇੱਕ ਬੜਾ ਅਭਿਲਾਸੀ ਨੌਜਵਾਨ ਹੋਣ ਦੇ ਨਾਤੇ ਉਹ ਜਿੱਤ ਅਭਿਆਨ ਉੱਤੇ ਚੱਲ ਪਿਆ। ਅੰਤ ਵਿਚ ਉਸ ਨੇ ਲਗਭਗ ਸਾਰੇ ਭਾਰਤ ਨੂੰ ਜਿੱਤ ਲਿਆ। ਉਸ ਦੀਆਂ ਜਿੱਤਾਂ ਦੀ ਸੰਖੇਪ ਵਿਚ ਹੇਠਾਂ ਚਰਚਾ ਕੀਤੀ - ਜਾਂਦੀ ਹੈ।

**ਨੋਟ**

(**i**) **1530 ਈ: ਵਿਚ ਚੁਨਾਰ ਉੱਤੇ ਅਧਿਕਾਰ** (Acquisition of Chunar) : 1530 ਈ. ਵਿਚ ਸ਼ੇਰ ਖਾਂ ਨੇ ਚੁਨਾਰ ਦੇ ਮਹੱਤਵਪੂਰਨ ਕਿਲ੍ਹੇ ਉੱਤੇ ਅਧਿਕਾਰ ਕਰ ਲਿਆ। ਚੁਨਾਰ ਦਾ ਸ਼ਾਸਕ ਤਾਜ ਮਾਰ ਖਾਂ ਮਰ ਚੁੱਕਿਆ ਸੀ। ਸ਼ੇਰ ਖਾਂ ਨੇ ਉਸ ਦੀ ਵਿਧਵਾ ਪਤਨੀ ਲਾਰਡ ਮਲਿਕਾ ਨਾਲ ਤਿਆਰੀ ਕਰਕੇ ਉਸ ਨਾਲ ਵਿਆਹ ਕਰ ਲਿਆ ਅਤੇ ਕਿਲ੍ਹੇ ਉੱਤੇ ਅਧਿਕਾਰ ਕਰ ਲਿਆ।

(**ii**) **ਬੰਗਾਲ ਦੇ ਮਹਮੂਦ ਸ਼ਾਹ ਨਾਲ ਟੱਕਰ-ਸੂਰਜਗੜ੍ਹ ਦੀ ਲੜਾਈ 1534** (Contest with Mahmud Shah of Bengal-Battle of Suraj Garh) : ਸ਼ੇਰ ਖਾਂ ਨੇ ਬਿਹਾਰ ਦੇ ਸ਼ਾਸਕ ਜਲਾਲ ਖਾਂ ਨੂੰ ਕੱਢ ਬਾਹਰ ਕੀਤਾ ਸੀ। ਜਲਾਲ ਖਾਂ ਨੱਸ ਕੇ ਮਹਮੂਦ ਸ਼ਾਹ ਦੇ ਦਰਬਾਰ ਵਿਚ ਜਾ ਪਹੁੰਚਿਆ। ਦੋਵਾਂ ਨੇ ਆਪਣੀ ਸੈਨਾਵਾਂ ਇਕੱਠੀ ਕੀਤੀਆਂ ਤਾਂ ਕਿ ਸ਼ੇਰ ਖਾਂ ਨਾਲ ਲੜਿਆ ਜਾ ਸਕੇ। ਜਦੋਂ ਸ਼ੇਰ ਖਾਂ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਵੀ ਆਪਣੀ ਸੈਨਾ ਤਿਆਰ ਕਰ ਲਈ ਅਤੇ ਸੱਤਰੂ ਵੱਲ ਰਵਾਨਗੀ ਕੀਤੀ। ਸੂਰਜਗੜ੍ਹ ਦੇ ਸਥਾਨ ਉੱਤੇ ਦੋਵਾਂ ਸੈਨਾਵਾਂ ਦਾ ਆਹਮਣਾ–ਸਾਹਮਣਾ ਹੋਇਆ ਅਤੇ 1534 ਈ: ਵਿਚ ਉੱਥੇ ਇੱਕ ਘਮਾਸਾਨ ਯੁੱਧ ਹੋਇਆ। ਸ਼ੇਰ ਖਾਂ ਨੇ ਐਸੀ ਚਾਲ ਚੱਲੀ ਕਿ ਦੋਵੇਂ ਮਿੱਤਰ ਸੈਨਾਵਾਂ ਬੁਰੀ ਤਰ੍ਹਾਂ ਹਾਰੀਆਂ।

ਸੂਰਜਗੜ੍ਹ ਦੀ ਵਿਜੈ ਨਾਲ ਸ਼ੇਰ ਖਾਂ ਦਾ ਸਾਹਸ ਬਹੁਤ ਵਧ ਗਿਆ ਅਤੇ ਉਸ ਦੀ ਮਾਨ ਵਡਿਆਈ ਵੀ ਬਹੁਤ ਵਧ ਗਈ। ਕਾਨੂੰਨਗੋ ਦੇ ਮਤ ਅਨੁਸਾਰ, "ਜੇਕਰ ਸੂਰਜਗੜ੍ਹ ਉੱਤੇ ਉਸ ਨੂੰ ਜਿੱਤ ਪ੍ਰਾਪਤ ਨਾ ਹੁੰਦੀ ਤਾਂ ਸਹਿਸਰਾਮ ਦਾ ਇਹ ਜਾਗੀਰਦਾਰ ਗੁਮਨਾਮੀ ਤੋਂ ਨਿਕਲ ਕੇ ਹਿੰਦੁਸਤਾਨ ਦੀ ਰਾਜਨੀਤੀ ਦੇ ਅਖਾੜੇ ਵਿਚ ਕਦੀ ਨਾ ਆ ਪਾਉਂਦਾ ਅਤੇ ਇਸ ਤਰ੍ਹਾਂ ਨਾ ਚਾਹੁੰਦੇ ਹੋਏ ਵੀ ਬਹਾਦੁਰ ਸ਼ਾਹ ਅਤੇ ਹਮਾਯੂੰ ਬਾਦਸ਼ਾਹ ਜਿਹੇ ਵੰਸਗਤ ਤਾਜ ਧਾਰਿਆਂ ਨਾਲ ਸਾਮਰਾਜ ਦੀ ਖਾਤਰ ਕਦੇ ਲੋਹਾ ਨਾ ਲੈਂਦਾ।"

(**iii**) **ਹਮਾਯੂੰ ਦੀ ਹਾਰ-ਚੌਸਾ ਦੀ ਲੜਾਈ** (Defeat of Humayun-Battle of Chausa) : ਸ਼ੇਰ ਖਾਂ ਹੁਣ ਹਮਾਯੂੰ ਨਾਲ ਆ ਟਕਰਾਇਆ। ਡਾ. ਵੀ ਸਮਿਥ ਦਾ ਕਥਨ ਹੈ, "ਸ਼ੇਰ ਖਾਂ ਨੇ ਹੁਣ ਰਾਜਾ (ਸ਼ਾਹ ਜਾਂ ਸੁਲਤਾਨ) ਦੀ ਉਪਾਧੀ ਗ੍ਰਹਿਣ ਕਰ ਲਈ ਸੀ ਅਤੇ ਸ਼ੇਰ ਸਾਹ ਕਹਵਾਉਣ ਲੱਗਾ ਸੀ। ਉਸ ਨੇ ਹਮਾਯੂੰ ਦਾ ਰਸਤਾ ਗੰਗਾ ਦੇ ਕਿਨਾਰੇ ਚੌਸਾ (ਸ਼ਾਹ ਬਾਦ ਜਿਲ੍ਹੇ ਵਿਚ) ਰੋਕ ਕੇ ਉਸ ਨੂੰ ਪੂਰੀ ਤਰ੍ਹਾਂ ਹਰਾ ਦਿੱਤਾ ਅਤੇ ਜੂਨ 1539 ਈ. ਵਿਚ ਉਸ ਨੂੰ ਆਪਣੇ ਪ੍ਰਾਣ ਲੈ ਕੇ ਨੱਸਣ ਲਈ ਬੇਬਸ ਕਰ ਦਿੱਤਾ। ਲਗਭਗ ਇਕ ਸਾਲ ਬਾਅਦ ਸ਼ੇਰ ਸ਼ਾਹ ਨੇ ਹਮਾਯੂੰ ਨੂੰ ਮਈ 1540 ਈ. ਵਿਚ ਕਨੌਜ ਦੀ ਲੜਾਈ ਵਿਚ (ਉੱਤਰ ਪ੍ਰਦੇਸ਼ ਦੇ ਫਰੁਖਾਬਾਦ ਜਿਲ੍ਹੇ ਵਿਚ) ਹੋਰ ਵੀ ਜ਼ਿਆਦਾ ਨਿਰਣਾਇਕ ਰੂਪ ਨਾਲ ਹਰਾਇਆ। ਸ਼ੇਰ ਸ਼ਾਹ ਦੀ ਸ਼ਕਤੀ ਦਾ ਲੋਹਾ ਸਭ ਨੇ ਮੰਨ ਲਿਆ, ਇੱਥੇ ਤੱਕ ਕਿ ਕਾਮਰਾਨ ਨੇ ਪੰਜਾਬ ਉਸ ਦੇ ਹਵਾਲੇ ਕਰ ਦਿੱਤਾ। ਬੰਗਾਲ ਦੇ ਮਹਮੂਦ ਸ਼ਾਹ ਨੇ ਭੜਕਾਇਆ ਜਾ ਕੇ ਮੁਗਲ ਸਮਰਾਟ ਨੇ ਸ਼ੇਰ ਖਾਂ ਨੂੰ ਸਿੱਧਾ ਕਰਨ ਦਾ ਫੈਸਲਾ ਲਿਆ। ਮੁਗਲ ਸੈਨਾ ਨੇ ਸਭ ਤੋਂ ਪਹਿਲਾਂ ਚੁਨਾਰ ਘੇਰਾ ਪਾਇਆ। ਇਸੀ ਵਿਚ ਸ਼ੇਰ ਖਾਨ ਨੇ ਗੌਰ ਉੱਤੇ ਅਧਿਕਾਰ ਕਰ ਲਿਆ ਸੀ। ਉਸ ਨੇ ਉੱਥੇ ਤੋਂ ਸਾਰਾ ਧਨ ਕੱਢ ਲਿਆ। ਹੁਣ ਹਮਾਯੂੰ ਇੱਕ ਬੜੀ ਸੈਨਾ ਲੈ ਕੇ ਗੌਰ ਦੀ ਵੱਲ ਵਧਿਆ ਇਸ ਉਤੇ ਅਧਿਕਾਰ ਕਰਕੇ ਉਹ ਰੰਗ ਰਲੀਆ ਵਿਚ ਪੈ ਗਿਆ। ਸ਼ਰਾਬ, ਜਨਾਨਾਖਾਨਾ ਅਤੇ ਅਫੀਮ ਦੀ ਵਰਤੋਂ ਆਦਿ ਕੰਮਾਂ ਵਿਚ ਲਗ ਗਿਆ। ਸ਼ੇਰ ਖਾਂ ਨੇ ਉਸ ਦੀ ਮੂਰਖਤਾ ਦਾ ਲਾਭ ਉਠਾਇਆ ਅਤੇ ਕੋਸੀ ਅਤੇ ਗੰਗਾ ਦੇ ਵਿਚਕਾਰ ਦੇ ਸਾਰੇ ਖੇਤਰ ਉੱਤੇ ਅਧਿਕਾਰ ਕਰ ਲਿਆ। ਉਸ ਨੇ ਹਮਾਯੂੰ ਦੇ ਆਗਰਾ ਦੇ ਨਾਲ ਮਾਰਗ ਸਬੰਧ ਕੱਟ ਦਿੱਤੇ ਅਤੇ ਜਿੱਤੇ ਹੋਏ ਪ੍ਰਦੇਸ਼ਾਂ ਵਿਚ ਸਭ ਵਿਦਰੋਹੀਆਂ ਦਾ ਦਮਨ ਕਰ ਦਿੱਤਾ। ਹੁਣ ਹਮਾਯੂੰ ਨੂੰ ਇਸ ਦਾ ਪਤਾ ਲੱਗਿਆ ਤਾਂ ਉਹ ਬਹੁਤ ਕ੍ਰੋਧਿਤ ਹੋਇਆ। ਉਸ ਨੇ ਸ਼ੇਰ ਖਾਂ ਨਾਲ ਲੜਨ ਲਈ ਸੈਨਾ ਇਕੱਠੀ ਕੀਤੀ। ਸ਼ੇਰ ਖਾਂ ਵੀ ਯੁੱਧ ਲਈ ਤਿਆਰ ਹੋ ਗਿਆ। ਅਪਰੈਲ 1539 ਈ. ਵਿਚ ਦੋਵੇ ਸੈਨਾਵਾਂ ਇੱਕ ਦੂਜੇ ਦੇ ਸਾਹਮਣੇ ਆ ਡਟਿਆਂ ਲੇਕਿਨ ਦੋ ਮਹੀਨੇ ਕਿਸੇ ਨੇ ਵੀ ਪਹਿਲ ਨਹੀਂ ਕੀਤੀ। ਅੰਤ ਵਿਚ 26 ਜੂਨ 1539 ਈ. ਨੂੰ ਸ਼ੇਰ ਖਾਂ ਨੇ ਯੁੱਧ ਦੀ ਘੋਸ਼ਣਾ ਕਰ ਦਿੱਤੀ। ਹਮਾਯੂੰ ਦੀ ਹਾਰ ਹੋਈ ਅਤੇ ਉਸ ਨੇ ਬੇਬਸ ਹੋ ਕੇ ਗੰਗਾ ਵਿਚ ਘੋੜਾ ਲੈ ਗਿਆ। ਉਹ ਡੁੱਬਣ ਹੀ ਲੱਗਾ ਸੀ ਜਦ ਕਿ ਨਿਜਾਮ ਨਾਮਕ ਇੱਕ ਪਾਣੀ ਢੋਣ ਵਾਲੇ ਨੇ ਬਚਾ ਲਿਆ।

ਡਾ. ਈਸ਼ਵਰੀ ਪ੍ਰਸ਼ਾਦ ਦਾ ਕਥਨ ਹੈ, "ਚੌਸਾ ਦੇ ਯੁੱਧ ਵਿੱਚ ਹੁਮਾਯੂੰ ਦੀ ਹਾਰ ਦੇ ਕਾਰਨਾਂ ਦਾ ਠੀਕ–ਠੀਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਉਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਯੁੱਧ ਜਨਮ ਭੂਮੀ ਤਿਆਰ ਕਰਨ ਵਿੱਚ ਵਿਸ਼ਵਾਸ ਨੇ ਬਹੁਤ ਯੋਗਦਾਨ ਦਿੱਤਾ। ਅਫਗਾਨ ਇਤਿਹਾਸ ਵੇਤਾ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਸ਼ੇਰ ਖਾਂ ਨੇ ਆਪਣੀ ਪ੍ਰਤਿਗਿਆ ਦੇ ਵਿਰੁੱਧ ਕੰਮ ਕੀਤਾ ਅਤੇ ਮੁਗਲਾਂ 'ਤੇ ਉਸ ਸਮੇਂ ਹਮਲਾ ਕੀਤਾ ਜਦੋਂ ਉਹ ਬਿਲਕੁਲ ਤਿਆਰ ਨਹੀਂ ਸੀ। ਖਵਾਸ ਖਾਂ ਦੇ ਅਚਾਨਕ ਆ ਜਾਣ ਨਾਲ ਸੈਨਾ ਵਿੱਚ ਇੰਨੀ ਗੜਬੜੀ ਮਚ ਗਈ ਕਿ ਸਮਰਾਟ ਨੂੰ ਜੋ ਕਿ ਉਸ ਸਮੇਂ ਵਜ਼ੂ (ਇਸ਼ਨਾਨ ਆਦਿ) ਕਰ ਰਹੇ ਸਨ, ਰਨਿਵਾਸ ਦੀਆਂ ਇਸਤਰੀਆਂ ਨੂੰ ਸੁੱਰਖਿਅਤ ਸਥਾਨ ਤੱਕ ਪਹੁੰਚਾਉਣ ਦਾ ਸਮਾਂ ਵੀ ਨਹੀਂ ਮਿਲਿਆ। ਉਸ ਬਦਕਿਸਮਤੀ ਰਾਤ ਵਿੱਚ ਜੋ ਅਧਿਕਾਰੀ ਦੋਸ਼ੀ ਅਤੇ ਸਜ਼ਾ ਦਾ ਭਾਗੀ ਸੀ, ਉਸ ਦਾ ਨਾਮ ਸੀ ਮੁਹੰਮਦ ਜਮਾਨ। ਉਸ ਨੇ ਆਦੇਸ਼ ਅਨੁਸਾਰ ਪਹਿਰਾ ਨਹੀਂ ਦਿੱਤਾ ਅਤੇ ਪੜਾਅ (Camp) ਨੂੰ ਅਸੁੱਰਖਿਅਤ ਛੱਕ ਕੇ ਸੋ ਗਿਆ। ਰਾਜਕੀ ਸੈਨਾ ਠੀਕ ਤਰ੍ਹਾਂ ਸੰਗਠਿਤ ਵੀ ਨਹੀਂ ਸੀ।"

"ਬੰਗਾਲ ਦੇ ਮਲੇਰਿਆ ਵਾਲੀ ਪੌਣ ਪਾਣੀ ਨੇ ਉਨ੍ਹਾਂ ਦੀ ਸ਼ਕਤੀ ਨੂੰ ਚੁਸ ਸੁੱਟਿਆ ਸੀ। ਸੈਨਿਕ ਆਪਣੇ ਸੱਤਰੂ ਦੇ ਸਾਹਮਣੇ ਲੜਨ ਲਈ ਜੋਸ਼ੀਲੇ ਨਹੀਂ ਸਨ। ਉਨ੍ਹਾਂ ਦੀ ਹੇਕੜਬਾਜ਼ੀ ਨੇ ਵੀ ਉਨ੍ਹਾਂ ਨੂੰ ਗੰਭੀਰ ਹਾਨੀ ਪਹੁੰਚਾਈ ਉਹ ਅਫਗਾਨਾਂ ਦੀ ਅਪੇਖਿਆ ਕਰਦੇ ਰਹੇ ਅਤੇ ਉਨ੍ਹਾਂ ਦੀ ਸ਼ਕਤੀ ਦਾ ਠੀਕ ਅੰਦਾਜ਼ਾ ਨਹੀਂ ਲਗਾ ਸਕੇ। ਸਮਰਾਟ ਹਾਲਾਂ ਕਿ ਵੀਰ ਸਿਪਾਹੀ ਸੀ ਲੇਕਿਨ ਸੱਤਰੂ ਜ਼ਿਆਦਾ ਤਾਕਤਵਰ ਸੀ। ਸ਼ੇਰ ਸ਼ਾਹ ਦੀ ਉੱਤਮ ਯੁੱਧ ਕਲਾ, ਸੈਨਾ ਸੰਗਠਨ ਮੁਗਲ ਸ਼ਕਤੀ ਦਾ ਠੀਕ ਅੰਦਾਜ਼ਾ ਦੇਸ਼ ਵਿਚ ਉਪਲੱਬਧ ਸਾਧਨਾਂ ਦਾ ਪੂਰਾ ਗਿਆਨ ਅਤੇ ਸਭ ਤੋਂ ਜ਼ਿਆਦਾ ਉਸ ਦਾ ਆਤਮ ਵਿਸ਼ਵਾਸ ਉਸਨੂੰ ਆਸਾਨੀ ਨਾਲ ਜਿੱਤ ਪ੍ਰਾਪਤ ਕਰਾ ਸਕੇ।

ਨੋਟ

ਅਫਗਾਨ ਇਤਿਹਾਸਕਾਰਾਂ ਦਾ ਕਥਨ ਹੈ ਕਿ ਯੁੱਧ ਨੀਤੀ ਅਤੇ ਦਾਅਪੇਚ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਆਪਣੇ ਨੂੰ ਬੁਰੇ ਸਮੇਂ ਦੇ ਅਨੁਸਾਰ ਆਸਾਨੀ ਨਾਲ ਢਾਲ ਸਕਦਾ ਸੀ, ਨਿਰ-ਆਧਾਰ ਨਹੀਂ ਹੈ ਲੇਕਿਨ ਜਿੱਤ ਦੇ ਇਨ੍ਹਾਂ ਕਾਰਣਾਂ ਦੇ ਨਾਲ ਸਾਨੂੰ ਉਸ ਦੀ ਸਿਧਾਂਤ ਰਹਿਤ ਪ੍ਰਕ੍ਰਿਤੀ ਵੀ ਜੋੜ ਦੇਣੀ ਪਵੇਗੀ। ਉਸ ਨੂੰ ਆਪਣੇ ਅੰਤਹਕਰਨ ਦੀ ਆਵਾਜ਼ ਸੁਣਦੀ ਨਹੀਂ ਸੀ ਅਤੇ ਉਹ ਆਪਣੇ ਪੂਰਣ ਘੋਸ਼ਿਤ ਮਕਸਦਾਂ ਦੇ ਵਿਰੁਧ ਝਟ ਕਾਰਵਾਈ ਕਰ ਦਿੰਦਾ ਸੀ। ਉਹ ਆਕ੍ਰਮਣ ਕਰ ਦਿੰਦਾ ਸੀ। ਇਸ ਤਰ੍ਹਾਂ ਦੇ ਸੱਤਰੂ ਨਾਲ ਸਾਹਮਣਾ ਹੋਣ ਉੱਤੇ ਹਮਾਯੂੰ ਜਿਹੜਾ ਕਿ ਔਖੇ ਸਮੇਂ ਵਿਚ ਵੀ ਉਦਾਰਤਾ ਅਤੇ ਨਿਆਂਪੂਰਕ ਵਿਵਹਾਰ ਕਰਨ ਵਿਚ ਗਿੱਝਿਆ ਸੀ ਆਸਾਨੀ ਨਾਲ ਅਸੁਰਖਿਅਤ ਹੋ ਗਿਆ ਅਤੇ ਧਾਰਾ ਪ੍ਰਵਾਹ ਹੋ ਗਿਆ। ਚੌਸਾ ਦੀ ਜਿੱਤ ਨੇ ਸ਼ੇਰ ਖਾਂ ਦਾ ਸਾਹਸ ਵਧਾ ਦਿੱਤਾ ਕਿਉਂਕਿ ਹੁਣ ਦੀ ਵਾਰੀ ਉਸਨੇ ਮੁਗਲ ਸਮਰਾਟ ਨੂੰ ਹਰਾਇਆ ਸੀ। ਹੁਣ ਉਸ ਨੇ ਸ਼ਾਹ ਦੀ ਉਪਾਧੀ ਅਤੇ ਚਿੰਨ੍ਹ ਧਾਰਣ ਕਰ ਲਿਆ। ਉਸਨੇ ਆਪਣੇ ਨਾਂ ਦੇ ਸਿੱਕੇ ਤਿਆਰ ਕਰਵਾਏ ਅਤੇ ਆਪਣੇ ਨਾਂ ਦੀ ਖੁਤਬਾ ਵੀ ਪੜ੍ਹਵਾਇਆ। ਹੁਣ ਉਸ ਨੇ ਆਪਣਾ ਨਾਂ ਸ਼ੇਰ ਸ਼ਾਹ ਰੱਖ ਲਿਆ।

(**iv**) **ਕਨੌਜ ਦੀ ਲੜਾਈ ਅਤੇ ਹਮਾਯੂੰ ਦਾ ਦੇਸ਼ ਨਿਕਾਲਾ** (Battle of Kannauj and Expulsion of Humayun) : ਹਮਾਯੂੰ ਪਹਿਲੇ ਤਾਂ ਆਪਣੀ ਹਾਰ ਉੱਤੇ ਅੰਦਰ ਹੀ ਅੰਦਰ ਘੁਲਦਾ ਰਿਹਾ ਫਿਰ ਉਸ ਨੇ ਸ਼ੇਰ ਖਾਂ ਦੇ ਵਿਰੁਧ ਇੱਕ ਬਾਰ ਹੋਰ ਲੜਨ ਦੇ ਲਈ 90,000 ਸੈਨਿਕ ਉਪਲੱਬਧ ਕੀਤੇ। ਸ਼ੇਰ ਖਾਂ ਨੇ ਵੀ ਆਪਣੀ ਸੈਨਾ ਤਿਆਰ ਕੀਤੀ। 17 ਮਈ 1540 ਈ: ਨੂੰ ਅਫਗਾਨਾਂ ਅਤੇ ਮੁਗਲਾਂ ਦੇ ਵਿਚਕਾਰ ਕਨੌਜ ਦੇ ਸਥਾਨ ਉੱਤੇ ਇੱਕ ਹੋਰ ਲੜਾਈ ਹੋਈ। ਚਾਹੇ ਹਮਾਯੂੰ ਖੁਦ ਵੱਡੀ ਵੀਰਤਾ ਨਾਲ ਲੜਿਆ ਅੰਤ ਵਿਚ ਉਸ ਨੇ ਹਾਰ ਖਾਈ। ਉਹ ਨੱਸ ਗਿਆ। ਸ਼ੇਰ ਖਾਂ ਨੇ ਉਸ ਦਾ ਪਿੱਛਾ ਕੀਤਾ ਅਤੇ ਉਸ ਨੂੰ ਭਾਰਤ ਤੋਂ ਕੱਢ ਬਾਹਰ ਕੀਤਾ।

ਕਨੌਜ ਜਿੱਤ ਦੇ ਬਾਰੇ ਵਿਚ ਡਾ. ਇਸਵਰੀ ਪ੍ਰਸਾਦਿ ਲਿਖਦੇ ਹਨ, "ਗੰਗਾ ਦਾ ਯੁੱਧ ਚੌਸਾ ਦੇ ਯੁੱਧ ਤੋਂ ਜ਼ਿਆਦਾ ਵਿਨਾਸ਼ਕਾਰੀ ਸੀ ਅਤੇ ਕੁਝ ਵੀ ਹੋਵੇ, ਉਸ ਸਮੇਂ ਦੇ ਲਈ ਤਾਂ ਮੁਗਲ ਪ੍ਰਤਿਯੋਗੀ ਦੀ ਆਸ ਖਤਮ ਹੋ ਗਈ ਸੀ। ਯੁੱਧ ਦੇ ਲਈ ਰਵਾਨਗੀ ਕਰਨ ਤੋਂ ਪਹਿਲਾਂ ਭਰਾਵਾਂ ਦਾ ਜਿਹੜਾ ਸੰਮੇਲਨ ਹੋਇਆ ਉਸ ਦਾ ਲੇਖਾ ਮਿਰਜ਼ਾ ਹੈਦਰ ਨੇ ਦਿੱਤਾ ਹੈ। ਇਸ ਨਾਲ ਐਸਾ ਲਗਦਾ ਹੈ ਕਿ ਵਿਵੇਕੀ ਵਿਅਕਤੀ ਇਸ ਯੁੱਧ ਦੇ ਨਤੀਜੇ ਨੂੰ ਪਹਿਲਾਂ ਹੀ ਜਾਣਦੇ ਸਨ ਅਬੁਲ ਫਜਲ ਨੇ ਵੀ ਟਿੱਪਣੀ ਕੀਤੀ ਹੈ ਕਿ ਇਸ ਯੁੱਧ ਵਿਚ ਜਿੱਤ ਦੀ ਪੂਰੀ ਆਸ ਹਮਾਯੂੰ ਨੂੰ ਵੀ ਨਹੀਂ ਸੀ। ਭਰਾਵਾਂ ਦੀ ਆਪਸੀ ਫੁੱਟ ਨੇ ਸਾਹਸ ਤਾਂ ਪਹਿਲਾਂ ਹੀ ਤੋੜ ਦਿੱਤਾ ਸੀ ਅਤੇ ਕਾਮਰਾਨ ਦੇ ਅੜਿਯਲਪਣ ਨੇ ਤਾਂ ਸ਼ੇਰ ਸ਼ਾਹ ਦੀ ਆਸਾਵਾਂ ਬਹੁਤ ਵਧਾ ਦਿੱਤੀਆਂ ਹੋਣਗੀਆਂ। ਹਮਾਯੂੰ ਦਾ ਨਦੀ ਦੇ ਕਿਨਾਰੇ ਠਹਿਰਨਾ ਵੀ ਇੱਕ ਵੱਡੀ ਭੁੱਲ ਸੀ। ਉਸ ਨੂੰ ਨਦੀ ਦੇ ਪੱਛਮ ਵੱਲ ਰਹਿਣਾ ਚਾਹੀਦਾ ਸੀ। ਉਸ ਨੂੰ ਪਾਰ ਨਹੀਂ ਕਰਨਾ ਚਾਹੀਦਾ ਸੀ। ਅਜਿਹਾ ਕਰਨ ਨਾਲ ਉਸ ਨੇ ਨਾ ਕੇਵਲ ਆਪਣੀ ਸੈਨਾਵਾਂ ਨੂੰ ਖਤਰੇ ਵਿਚ ਪਾ ਦਿੱਤਾ ਇਸ ਦੇ ਇਲਾਵਾ ਆਪਣੇ ਆਪ ਨੂੰ ਜਾਣ ਬੁੱਝ ਕੇ ਅਜਿਹੀ ਪਰਿਸਥਿਤੀ ਵਿਚ ਪਾ ਦਿੱਤਾ ਕਿ ਹਾਰ ਉਸ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਵਿਨਾਸ਼ਕਾਰੀ ਹੋਵੇ। ਨਦੀ ਪਾਰ ਕਰਨ ਦੀ ਭੁੱਲ ਕਰ ਚੁੱਕਣ ਤੋਂ ਬਾਅਦ ਠਹਿਰਨ ਵਾਸਤੇ ਸਥਾਨ ਵੀ ਸੋਚ ਸਮਝ ਕੇ ਨਹੀਂ ਚੁਣਿਆ ਗਿਆ, ਭਾਰੀ ਬਰਬਾਤ ਵਿਚ ਜਦੋਂ ਇੱਕ ਉੱਚੇ ਸਥਾਨ ਵੱਲ ਜਾਣ ਲੱਗਾ ਤਾਂ ਸਾਰਾ ਸਮਾਨ ਬਿਲਕੁਲ ਭਿੱਜ ਗਿਆ ਜਿਸ ਨੂੰ ਲੈ ਕੇ ਚੱਲਣਾ ਵੀ ਔਖਾ ਹੋ ਗਿਆ ਅਤੇ ਸੈਨਾ ਵਿੱਚ ਗੜਬੜ ਪੈ ਗਈ।

ਦੋਨੋਂ ਸੈਨਾਵਾਂ ਦੇ ਅਨੁਸ਼ਾਸਨ ਅਤੇ ਕੁਸ਼ਲਤਾ ਦੀ ਪ੍ਰਸਪਰ ਤੁਲਨਾ ਨਾਲ ਹੀ ਮੁਗਲਾਂ ਦੀ ਹਾਰ ਦੇ ਕਾਰਨ ਪੂਰਨ ਰੂਪੇਣ ਪਤਾ ਹੋ ਜਾਂਦੀ ਹੈ। ਅਫਗਾਨ ਇਕ ਰਾਸ਼ਟਰੀ ਧਵਜ ਦੇ ਵਿੱਚ ਇਕੱਠੇ ਹੋਏ ਸਨ ਅਤੇ ਆਪਣੇ ਨੇਤਾ ਦੇ ਸਾਹਸ ਅਤੇ ਵੀਰਤਾ ਨੇ ਉਨ੍ਹਾਂ ਵਿੱਚ ਉਮੀਦ ਅਤੇ ਦ੍ਰਿੜਤਾ ਕੁੱਟ-ਕੁੱਟ ਕੇ ਭਰ ਦਿੱਤੀ ਸੀ। ਹੁਮਾਯੂੰ ਜਦੋਂ ਕਿ ਪਾਣੀਪਤ ਅਤੇ ਕਨੌਜ ਦੇ ਯੁੱਧਾਂ ਵਿੱਚ ਆਪਣੀ ਵੀਰਤਾ ਦਾ ਸਿੱਕਾ ਜਮਾ ਚੁੱਕਿਆ ਸੀ ਪਰ ਹੁਣ ਉਸ ਦੀ ਗੱਲ ਵਿਗੜ ਚੁੱਕੀ ਸੀ। ਬਾਬਰ ਦੇ ਜ਼ਿਆਦਾਤਰ ਮਹਾਰਥੀ ਸਵਰ ਸਿਧਾਰ ਕਰ ਚੁੱਕੇ ਸਨ ਜਾਂ ਆਪਣੇ ਘਰਾਂ ਨੂੰ ਚਲੇ ਗਏ ਸਨ। ਭਾਰਤ ਦੇ ਜਲਵਾਯੂ ਨੇ ਸੈਨਾਨੀਆਂ ਦੇ ਸਵਾਰਥ 'ਤੇ ਮਾੜਾ ਪ੍ਰਭਾਵ ਜ਼ਰੂਰ ਪਾਇਆ ਹੋਵੇਗਾ ਅਤੇ ਬੰਗਾਲ ਦੇ ਸੁਗਮ ਜੀਵਨ ਨੇ ਵੀ ਉਸ ਦੀ ਉਤੇਜਨਾ ਬਹੁਤ ਘੱਟ ਕਰ ਦਿੱਤੀ ਹੋਵੇਗੀ। ਪੂਰਬੀ ਪ੍ਰਦੇਸ਼ ਤੋਂ ਜੋ ਸੈਨਾ ਜਲਦੀ-ਜਲਦੀ ਅਤੇ ਬਲਾਤ ਜੁਟਾਈ ਗਈ ਸੀ। ਉਹ ਹੱਟੇ-ਕੱਟੇ ਅਫਗਾਨਾਂ ਦੀ ਤੁਲਨਾ ਵਿੱਚ ਕੁਝ ਵੀ ਨਹੀਂ ਸਨ। ਅਫਗਾਨ ਚੰਗੀ ਤਰ੍ਹਾਂ ਸਿੱਖਿਅਤ ਸਨ ਅਤੇ ਯੁੱਧ ਭੂਮੀ ਦੇ ਲਈ ਇਕਦਮ ਉਪਯੁਕਤ ਸਨ।

*ਕੀ ਤੁਸੀਂ ਜਾਣਦੇ ਹੋ* 17 ਮਈ 1540 ਨੂੰ ਅਫਗਾਨਾਂ ਅਤੇ ਮੁਗਲਾਂ ਦੇ ਵਿਚਕਾਰ ਕਨੌਜ ਵਿਚ ਇੱਕ ਹੋਰ ਲੜਾਈ ਹੋਈ।

(**v**) **ਦਿੱਲੀ ਅਤੇ ਆਗਰਾ ਉੱਤੇ ਅਧਿਕਾਰ** (Occupation of Delhi and Agra) : 1540 ਈ: ਹਮਾਯੂੰ ਨੂੰ ਕਨੌਜ ਉੱਤੇ ਹਰਾ ਕੇ ਸ਼ੇਰ ਸ਼ਾਹ ਆਗਰਾ ਅਤੇ ਦਿੱਲੀ ਦੇ ਵੱਲ ਵਧਿਆ ਜਿੱਥੇ ਤੋਂ ਹਮਾਯੂੰ ਨੱਸ ਕੇ ਚਲਾ ਗਿਆ ਸੀ। ਉਸ ਨੇ ਆਗਰਾ ਅਤੇ ਦਿੱਲੀ ਉੱਤੇ ਆਸਾਨੀ ਨਾਲ ਅਧਿਕਾਰ ਕਰ ਲਿਆ। ਹਮਾਯੂੰ ਨੱਸ ਕੇ ਲਾਹੌਰ ਚਲਾ ਗਿਆ।

**(vi) ਪੰਜਾਬ ਅਤੇ ਗੱਖੜ ਦੀ ਜਿੱਤ** (Conquest of the Punjab and Gakhar Territory) : ਹਮਾਯੂੰ ਨੂੰ ਬਾਹਰ ਕੱਢ ਕੇ ਸ਼ੇਰ ਖਾਂ ਨੇ ਪੰਜਾਬ ਉੱਤੇ ਅਧਿਕਾਰ ਕਰ ਲਿਆ। ਹੁਣ ਉਹੀ ਗੱਖੜਾਂ ਦੇ ਕਲਹਸੀਲ ਅਤੇ ਵਿਦਰੋਹੀ ਕਬੀਲੇ ਨੂੰ ਆਪਣੇ ਅਧੀਨ ਲਿਆਉਣ ਦੇ ਲਈ ਚੱਲ ਪਿਆ। ਇਹ ਕਬੀਲਾ ਰਾਵਲਪਿੰਡੀ ਅਤੇ ਜੇਹਲਮ ਦੇ ਇਲਾਕਿਆਂ ਵਿਚ ਵਸਿਆ ਹੋਇਆ ਸੀ। ਉਸ ਨੇ ਇਸ ਕਬੀਲੇ ਦੇ ਪ੍ਰਦੇਸ਼ ਉੱਤੇ ਅਧਿਕਾਰ ਕਰਕੇ ਇਸ ਨੂੰ ਬੁਰੀ ਤਰ੍ਹਾਂ ਉਜਾੜ ਦਿੱਤਾ ਤਾਂ ਕਿ ਇਸ ਉੱਤੇ ਉੱਤਰ ਪੱਛਮ ਵੱਲ ਕੋਈ ਖਤਰਾ ਨਾ ਰਹੇ। ਉਸ ਨੇ ਜੇਹਲਮ ਵਿਚ ਰੋਹਤਾਸ ਦਾ ਇੱਕ ਮਜਬੂਤ ਕਿਲ੍ਹਾ ਬਣਵਾਇਆ। ਇਸ ਕਿਲ੍ਹੇ ਵਿਚ ਉਸ ਨੇ ਹੈਬਤ ਖਾਂ ਅਤੇ ਖਵਾਸ ਖਾਂ ਜਿਹੇ ਆਪਣੇ ਵਿਸ਼ਵਾਸ਼ ਯੋਗ ਸੈਨਾਪਤੀਆਂ ਦੀ ਕਮਾਨ ਵਿਚ 40,000 ਅਨੁਭਵੀ ਯੋਧਾ ਰੱਖੇ।

(**vii**) **ਮਾਲਵਾ ਦੀ ਜਿੱਤ** (Conquest of Malwa) : 1542 ਈ. ਵਿਚ ਸ਼ੇਰ ਸ਼ਾਹ ਨੇ ਮੱਲ ਖਾਂ ਦੇ ਵਿਰੁਧ ਚੜ੍ਹਾਈ ਕੀਤੀ ਜਿਸ ਨੇ ਆਪਣੇ ਆਪ ਨੂੰ ਕਾਦਿਰ ਸ਼ਾਹ ਦੇ ਨਾਂ ਤੇ ਸੁਤੰਤਰ ਘੋਸ਼ਿਤ ਕਰ ਦਿੱਤਾ। ਕਾਦਿਰ ਸ਼ਾਹ ਨੇ ਕੋਈ ਮੁਕਾਬਲਾ ਨਹੀਂ ਕੀਤਾ ਅਤੇ ਹਾਰ ਮੰਨ ਲਈ। ਸ਼ੇਰ ਸ਼ਾਹ ਨੇ ਉਸ ਦੇ ਨਾਲ ਦਿਆਲੂਤਾ ਦਾ ਵਿਵਹਾਰ ਕੀਤਾ ਅਤੇ ਉਸਨੂੰ ਲਖਨੌਤੀ ਦਾ ਰਾਜਪਾਲ ਨਿਯੁਕਤ ਕਰ ਦਿੱਤਾ। ਜਦੋਂ ਕਿ ਮਾਲਵਾ ਨੂੰ ਰਾਜ ਵਿਚ ਮਿਲਾ ਲਿਆ ਗਿਆ।

**(viii) ਰਾਇਸੀਨ ਦੀ ਜਿੱਤ** (Conquest of Raisin) : 1543 ਈ. ਵਿਚ ਸ਼ੇਰ ਸ਼ਾਹ ਨੇ ਰਾਇ ਸੀਨ ਦੇ ਪੂਰਣ ਮਲ ਦੇ ਵਿਰੁਧ ਚੜ੍ਹਾਈ ਕੀਤੀ, ਜਿਸ ਨੇ ਮੁਸਲਮਾਨਾਂ ਉੱਤੇ ਅਤਿਆਚਾਰ ਢਾ ਕੇ ਉਸ ਨੂੰ ਨਾਰਾਜ ਕਰ ਲਿਆ ਸੀ। ਅਫਗਾਨ ਸੈਨਾ ਨੇ ਕਿਲ੍ਹੇ ਦਾ ਘੇਰਾ ਪਾ ਲਿਆ ਲੇਕਿਨ ਰਾਜਪੂਤਾਂ ਨੇ ਡੱਟ ਕੇ ਮੁਕਾਬਲਾ ਕੀਤਾ। ਸ਼ੇਰ ਸ਼ਾਹ ਨੇ ਪੂਰਣਮਲ ਨਾਲ ਗੱਲਬਾਤ ਸ਼ੁਰੂ ਕੀਤੀ। ਉਸ ਨੇ ਕੁਰਾਨ ਦੀ ਸੌਂਹ ਖਾ ਕੇ ਇਹ ਪੱਕਾ ਵਚਨ ਦਿੱਤਾ ਕਿ ਰਾਜਪੂਤ ਸਰਦਾਰਾਂ ਅਤੇ ਉਨ੍ਹਾਂ ਦੇ ਸੈਨਿਕਾਂ ਦੀ ਜਾਨ ਅਤੇ ਮਾਲ ਦੀ ਰੱਖਿਆ ਕੀਤੀ ਜਾਏਗੀ ਜੇ ਕਰ ਉਹ ਹਾਰ ਮੰਨ ਲੈਣ। ਲੇਕਿਨ ਜਿਵੇਂ ਹੀ ਰਾਜਪੂਤ ਕਿਲ੍ਹਾ ਛੱਡ ਕੇ ਬਾਹਰ ਆਏ ਤਾਂ ਧਰਮ ਕੱਟੜ ਅਫਗਾਨ ਉਨ੍ਹਾਂ ਉੱਤੇ ਟੁੱਟ ਪਏ। ਰਾਜਪੂਤ ਵੱਡੀ ਬਹਾਦਰੀ ਨਾਲ ਲੜੇ ਅਤੇ ਆਪਣੇ ਪਤਨੀ-ਬੱਚਿਆਂ ਨੂੰ ਖੁਦ ਮਾਰ ਕੇ ਇੱਕ ਇੱਕ ਕਰਕੇ ਜਾਨ ਦੇ ਦਿੱਤੀ। ਸ਼ੇਰ ਸ਼ਾਹ ਦੀ ਵਿਸ਼ਵਾਸ਼ਘਾਤ ਅਤੇ ਅਤਿਆਚਾਰ ਦੇ ਇਸ ਕਾਰਜ ਦੇ ਕਾਰਨ ਨਿੰਦਾ ਕੀਤੀ ਜਾਂਦੀ ਹੈ। ਖੈਰ ਉਸ ਨੇ ਰਾਇਸੀਨ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਿਆ।

(**ix**) **ਮੁਲਤਾਨ ਅਤੇ ਸਿੰਧ ਦੀ ਜਿੱਤ** (Conquest of Multan and Sindh) : ਸ਼ੇਰ ਸ਼ਾਹ ਨੇ ਹੈਬਤ ਖਾਂ ਨੂੰ ਇਸ ਪ੍ਰਾਂਤ ਦਾ ਰਾਜਪਾਲ ਬਣਾਇਆ ਸੀ। ਇਹ ਆਦੇਸ਼ ਦੇ ਕੇ ਕਿ ਤੁਸੀਂ ਵਿਦਰੋਹੀ ਸਰਦਾਰਾਂ ਦਾ ਦਮਨ ਕਰਨਾ ਹੈ। ਇਸ ਨਵੇਂ ਰਾਜਪਾਲ ਨੂੰ ਇੱਕ ਲੜਾਕੂ ਫਤਿਹ ਖਾਂ ਜਾਟ ਨਾਲ ਲੜਨਾ ਪਿਆ, ਜਿਸ ਨੇ ਦਿੱਲੀ ਅਤੇ ਲਾਹੌਰ ਦੇ ਵਿਚ ਦੀ ਸੜਕ ਨੂੰ ਖਤਰੇ ਵਿਚ ਪਾ ਦਿੱਤਾ ਸੀ। ਹੈਬਤ ਖਾਂ ਸੈਨਾ ਲੈ ਕੇ ਅੱਗੇ ਵਧਿਆ, ਉਸ ਨੇ ਡਾਕੂ ਨੂੰ ਹਰਾ ਦਿੱਤਾ ਅਤੇ ਉਸ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ। ਫਿਰ ਹੈਬਤ ਖਾਂ ਮੁਲਤਾਨ ਵੱਲ ਵਧਿਆ ਅਤੇ ਇਸ ਉੱਤੇ ਅਧਿਕਾਰ ਕਰ ਲਿਆ। ਸਿੰਧ ਨੂੰ ਵੀ ਜਿੱਤ ਕੇ ਸਾਮਰਾਜ ਵਿਚ ਮਿਲਾ ਲਿਆ।

(**x**) **ਮਾਰਵਾੜ ਦੀ ਜਿੱਤ** (Conquest of Marwar) : ਹੁਣ ਸ਼ੇਰ ਸ਼ਾਹ ਨੇ ਮਾਰਵਾੜ ਨੂੰ ਜਿੱਤ ਲੈਣ ਦੀ ਸੋਚੀ ਜਿਹੜਾ ਰਾਜਧਾਨੀ ਦੇ ਕਾਫੀ ਨੇੜੇ ਸੀ। ਡਾ. ਕਾਨੂੰਨਗੋ ਦਾ ਕਥਨ ਹੈ : 'ਰਾਜਸਥਾਨ ਦੇ ਸਥਾਨਕ ਸਰਦਾਰਾਂ ਨੂੰ ਉਖਾੜ ਸੁੱਟਣ ਜਾਂ ਪੂਰਣ ਰੂਪ ਨਾਲ ਅਧੀਨ ਬਣਾਉਣ ਦੀ ਸ਼ੇਰ ਸ਼ਾਹ ਨੇ ਕੋਸ਼ਿਸ਼ ਨਹੀਂ ਕੀਤੀ ਸੀ। ਹਾਲਾਂਕਿ ਭਾਰਤ ਦੇ ਹੋਰ ਭਾਗਾਂ ਵਿਚ ਉਸ ਨੇ ਇਸ ਤਰ੍ਹਾਂ ਕੀਤਾ ਸੀ। ਉਸ ਨੂੰ ਇਹ ਕੰਮ ਬੇਕਾਰ ਅਤੇ ਖਤਰਨਾਕ ਲੱਗਿਆ। ਉਸ ਨੇ ਉਨ੍ਹਾਂ ਦੀ ਸਵਾਧੀਨਤਾ ਨੂੰ ਪੂਰੀ ਤਰ੍ਹਾਂ ਖੋਹਣ ਦਾ ਮਕਸਦ ਨਾ ਬਣਾ ਕੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਰਾਜਨੀਤਿਕ ਅਤੇ ਭੂਗੋਲਿਕ ਦ੍ਰਿਸ਼ਟੀ ਕੋਣ ਤੋਂ ਅਲੱਗ ਅਲੱਗ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਸਾਮਰਾਜ ਦੇ ਵਿਰੁਧ ਸੰਗਠਨ ਵਧਾਉਣ ਦੀ ਸੰਭਾਵਨਾ ਹੀ ਨਾ ਰਹੇ। ਸਾਰ, ਇਹ ਨੀਤੀ ਕੁਝ ਇਸ ਤਰ੍ਹਾਂ ਦੀ ਸੀ। ਜਿਵੇਂ ਅੰਗਰੇਜ਼ਾਂ ਨੇ ਉੱਤਰ ਪੱਛਮੀ ਕਬਾਇਲੀ ਪ੍ਰਦੇਸ਼ਾਂ ਉੱਤੇ ਅਧਿਕਾਰ, ਲਾਭ ਦੇ ਲਈ ਨਹੀਂ ਇਸ ਦੇ ਇਲਾਵਾ ਭਾਰਤੀਆਂ ਸਾਮਰਾਜ ਦੀ ਸੁਰੱਖਿਆ ਦੇ ਲਈ ਕੀਤਾ। ਇਸ ਦਾ ਸ਼ਾਸਕ ਸੀ ਮਾਲਦੇਵ ਰਾਠੌਰ ਜਿਸ ਨੇ ਸ਼ੇਰ ਸ਼ਾਹ ਦੇ ਰੋਕਣੇ ਤੋਂ ਵੀ ਹਮਾਯੂੰ ਨੂੰ ਆਸਰਾ ਦਿੱਤਾ ਸੀ। 1543 ਈ: ਦੇ ਅੰਤ ਵਿਚ ਸ਼ੇਰ ਸ਼ਾਹ ਨੇ ਆਪਣਾ ਧਿਆਨ ਮਾਰਵਾੜ ਦੀ ਜਿੱਤ ਉੱਤੇ ਲਗਾਇਆ। ਉਸ ਨੇ 80,000 ਦੀ ਇੱਕ ਬੜੀ ਸੈਨਾ ਤਿਆਰ ਕੀਤੀ ਅਤੇ ਮਾਲਦੇਵ ਦੇ ਵਿਰੁਧ ਚੜ੍ਹਾਈ ਕਰ ਦਿੱਤੀ। ਮਾਲਦੇਵ ਨੇ ਡਟ ਕੇ ਮੁਕਾਬਲਾ ਕੀਤਾ ਇੱਥੇ ਤਕ ਕਿ ਸ਼ੇਰ ਸ਼ਾਹ ਨੂੰ ਧੋਖਾ ਧੜੀ ਦਾ ਆਸਰਾ ਲੈਣਾ ਪਿਆ। ਨਕਲੀ ਪੁੱਤਰਾਂ ਦੇ ਸਾਧਨ ਨਾਲ ਉਸ ਨੇ ਮਾਲਦੇਵ ਅਤੇ ਉਸ ਦੇ ਸਰਦਾਰਾਂ ਵਿਚ ਫੁੱਟ ਦੇ ਬੀਜ ਬੀਜ ਦਿੱਤੇ। ਮਾਲਦੇਵ ਨੇ ਆਪਣੇ ਸਰਦਾਰਾਂ ਉੱਤੇ ਅਵਿਸ਼ਵਾਸ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਲੜਾਈ ਦੇ ਮੈਦਾਨ ਵਿਚ ਚਲਾ ਗਿਆ। ਰਾਜਪੂਤ ਸਰਦਾਰ ਬੜੀ ਜਾਨ ਤੋੜ ਕੇ ਲੜੇ ਲੇਕਿਨ ਅੰਤ ਬੜੀ ਕਠਿਨਾਈਆਂ ਸਹਿ ਕੇ ਸ਼ੇਰ ਸ਼ਾਹ ਨੇ ਜਿੱਤ ਪ੍ਰਾਪਤ ਕਰ ਹੀ ਲਈ।

ਸ਼ੇਰ ਸ਼ਾਹ ਦੀ ਰਾਜਪੂਤਾਂ ਦੇ ਪ੍ਰਤੀ ਨੀਤੀ ਦਾ ਵਰਣਨ ਡਾ. ਕਾਨੂੰਨਗੋ ਨੇ ਇਸ ਪ੍ਰਕਾਰ ਕੀਤਾ ਹੈ—

"ਰਾਜਸਥਾਨ ਦੇ ਸਥਾਨਕ ਸਰਦਾਰਾਂ ਨੂੰ ਉਖਾੜ ਸੁੱਟਣ ਜਾਂ ਉਨ੍ਹਾਂ ਨੂੰ ਪੂਰਨ ਰੂਪ ਤੋਂ ਅਧੀਨ ਬਣਾਉਣ ਦੀ ਕੋਸ਼ਿਸ਼ ਸ਼ੇਰ ਸ਼ਾਹ ਨੇ ਨਹੀਂ ਕੀਤੀ ਹਾਲਾਂ ਕਿ ਭਾਰਤ ਹੋਰ ਹਿੱਸਿਆਂ ਵਿਚ ਉਸ ਨੇ ਐਸਾ ਕੀਤਾ ਸੀ। ਉਸ ਨੂੰ ਇਹ ਕਾਰਜ ਖਤਰਨਾਕ ਅਤੇ ਬੇਅਰਥ ਲਗਦਾ

ਨੋਟ

ਸੀ। ਉਸ ਨੇ ਉਨ੍ਹਾਂ ਦੀ ਸਵਾਧੀਨਤਾ ਨੂੰ ਪੂਰੀ ਤਰ੍ਹਾਂ, ਖੋਹਣ ਦਾ ਮਕਸਦ ਨਾ ਬਣਾ ਕੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਰਾਜਨੀਤਿਗ ਅਤੇ ਭੂਗੌਲਿਕ ਦ੍ਰਿਸ਼ਟੀ ਨਾਲ ਵੱਖ ਵੱਖ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਸਾਮਰਾਜ ਦੇ ਵਿਰੁੱਧ ਸੰਗਠਿਤ ਵਧਣ ਦੀ ਸੰਭਾਵਨ ਹੀ ਨਾ ਰਹੇ। ਸਾਰ, ਇਹ ਨੀਤੀ ਕੁਝ ਇਸ ਤਰ੍ਹਾਂ ਦੀ ਸੀ ਜਿਵੇਂ ਅੰਗਰੇਜ਼ਾਂ ਨੇ ਉੱਤਰ ਪੱਛਮੀ ਕਬਾਇਲੀ ਪ੍ਰੇਦਸ਼ਾਂ ਉੱਤੇ ਅਧਿਕਾਰ ਲਾਭ ਦੇ ਲਈ ਨਹੀਂ ਇਸ ਦੇ ਇਲਾਵਾ ਭਾਰਤੀਆਂ ਸਾਮਰਾਜ ਦੀ ਸੁਰੱਖਿਆ ਲਈ ਕੀਤਾ।

(**xi**) **ਕਾਲਿਜਰ ਦੀ ਚੜ੍ਹਾਈ ਅਤੇ ਸ਼ੇਰ ਸ਼ਾਹ ਦੀ ਮ੍ਰਿਤੂ** (Siege of Kalinjar and Death of Shershah) : 1545 ਈ. ਸ਼ੇਰ ਸ਼ਾਹ ਨੇ ਅਖੀਰੀ ਚੜ੍ਹਾਈ ਜਿਹੜੀ ਕਿ ਉਹ ਕਾਲਿੰਜਰ ਦੇ ਰਾਜਾ ਕੀਰਤ ਸਿੰਘ ਦੇ ਵਿਰੁਧ ਸੀ। ਅਫਗਾਨ ਸੈਨਾਵਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ ਅਤੇ ਜਿੱਤ ਪ੍ਰਾਪਤ ਕਰਨ ਵਾਲੇ ਹੀ ਸਨ, ਜਦੋਂ ਸ਼ੇਰ ਸ਼ਾਹ ਬਾਰੂਦ ਦੇ ਫਟ ਜਾਣ ਨਾਲ ਇੱਕ ਦਮ ਜਲ ਗਿਆ ਅਤੇ 22 ਮਈ 1545 ਈਃ ਨੂੰ ਉਸ ਦੀ ਮ੍ਰਿਤੂ ਹੋ ਗਈ।

**ਸਵ-ਮੁਲਾਂਕਣ (Self Assessment)**

1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks) :
   (i) ਸ਼ੇਰ ਸ਼ਾਹ ਦਾ ਵਾਸਤਵਿਕ ਨਾਂ ........... ਸੀ।
   (ii) ਫਰੀਦ ਦੇ ਪਿਤਾ ਦਾ ਨਾਂ ........... ਸੀ।
   (iii) ............ ਨੇ ਫਰੀਦ ਨੂੰ ਸ਼ੇਰ ਖਾਂ ਦੀ ਉਪਾਧੀ ਦਿੱਤੀ।
   (iv) ........... ਵਿਚ ਸ਼ੇਰ ਖਾਂ ਬਿਹਾਰ ਦਾ ਵਾਸਤਵਿਕ ਸਵਾਮੀ ਬਣ ਗਿਆ।
   (v) ਹਮਾਯੂੰ ਨੂੰ ਬਾਹਰ ਕੱਢ ਕੇ ਸ਼ੇਰ ਖਾਂ ਨੇ .......... ਉੱਤੇ ਅਧਿਕਾਰ ਕਰ ਲਿਆ।

## 10.3 ਸੇਰਸ਼ਾਹ ਦੀ ਸਫਲਤਾਵਾਂ (Successfulness of Shershah)

**ਸੁਖਦਾਈ ਸਰਕਾਰ ਦੀ ਸਥਾਪਨਾ ਦੇ ਵਿਚਾਰ** : ਜਲਦੀ ਹੀ, ਬਾਅਦ ਦੇ ਅਤੇ ਵਰਤਮਾਨ, ਸਾਰੇ ਇਤਿਹਾਸ ਜਾਣਕਾਰ ਇਸ ਸੱਚ ਨਾਲ ਸਹਿਮਤ ਹਨ ਕਿ ਸ਼ੇਰ ਸ਼ਾਹ ਮੱਧ ਯੁਗ ਦਾ ਸਭ ਤੋਂ ਯੋਗ ਪ੍ਰਗਤੀਸ਼ੀਲ, ਸਾਹਸਪੂਰਨ ਅਤੇ ਖੁਲ੍ਹੇ ਦਿਮਾਗ ਦਾ ਪ੍ਰਸ਼ਾਸ਼ਕ ਸੀ। ਮੁਸਲਿਮ ਸ਼ਾਸਕਾਂ ਵਿਚ ਉਸੀ ਨੇ ਪਹਿਲੀ ਵਾਰ ਸਪੱਸ਼ਟ ਨੀਤੀ ਬਣਾਈ ਕਿ ਸ਼ਾਸਕ ਦਾ ਉਦੇਸ਼ ਸਭੀ ਤਰ੍ਹਾਂ ਤੋਂ ਆਪਣੀ ਜਨਤਾ ਦੀ ਭਲਾਈ ਅਤੇ ਖੁਸ਼ੀ ਦੇ ਲਈ ਕੰਮ ਹੋਣਾ ਚਾਹੀਦਾ। ਇਸ ਨੂੰ ਉਹ ਰਾਜ ਦਾ ਸਭ ਤੋਂ ਵੱਡਾ ਆਦਰਸ਼ ਮੰਨਦਾ ਸੀ ਅਤੇ ਇਸ ਉਦੇਸ਼ ਦੀ ਪੂਰਤੀ ਦੇ ਲਈ ਉਸ ਨੇ ਵਾਸਤਵ ਵਿਚ ਮਹਾਨ ਸਰਾਹਨੀਆ ਕੰਮ ਕੀਤਾ।

**ਸਾਮਰਾਜ ਜਨਤਾ ਦੀ ਇੱਛਾ ਉੱਛੇ ਆਧਾਰਿਤ ਹੁੰਦਾ ਸੀ** : ਸ਼ੇਰ ਸ਼ਾਹ ਦੀ ਰਾਜ ਪ੍ਰਾਪਤੀ ਦੇ ਨਾਲ ਉਸ ਉਦਾਰ ਮੁਸਲਿਮ ਪ੍ਰਵਿਰਤੀ ਦਾ ਉਦੈ ਹੋਇਆ ਜਿਹੜਾ ਕਿ ਔਰੰਗਜੇਬ ਦੀ ਰਾਜ ਨੀਤੀ ਦੀ ਪ੍ਰਤਿਕਿਰਿਆ ਸਰੂਪ ਸਮਾਪਤ ਹੋਈ। ਉਹ ਜਿਹੜੇ ਯੁੱਗ ਵਿਚ ਪੈਦਾ ਹੋਇਆ ਸੀ, ਉਸ ਦੇ ਸੰਸਕਾਰ ਉਤੋ ਵੱਖਰੇ ਸਨ। ਆਪਣੀ ਕਾਲ ਅਵਸਥਾ ਤੋਂ ਨੌਜਵਾਨ ਅਵਸਥਾ ਤਕ ਉਸ ਨੇ ਅਸਹਿਣਸੀਲਤਾ ਅਤੇ ਮੰਦਰਾਂ ਦੀ ਵਿਨਾਸ਼ਲੀਲਾ ਦੇਖੀ ਸੀ। ਹਾਲਾਂਕਿ ਮੁਸਲਮਾਨ ਤਿੰਨ ਸਤਾਬਦੀਆਂ ਤਕ ਭਾਰਤ ਵਿਚ ਰਹਿ ਕੇ ਇੱਥੇ ਕੁਦਰਤੀ ਰੂਪ ਨਾਲ ਰਚ ਵੱਸ ਗਏ ਸਨ ਤਾਂ ਵੀ ਉਨ੍ਹਾ ਦੇ ਦ੍ਰਵਿਤ ਕੋਣ ਵਿਚ ਸੁਧਾਰ ਜ਼ਰੂਰੀ ਸਨ। ਸ਼ੇਰ ਸ਼ਾਹ ਦੀ ਇਕਸਾਰਤਾ, ਧਰਮ ਅਤੇ ਰਾਜਨੀਤੀ ਦੇ ਕ੍ਰਮ ਵਧ ਕੰਮ ਕਰਨ ਦੀ ਕਿਰਿਆ ਦੇ ਲਈ ਅਤੇ ਇਹੋ ਜਿਹਾ ਵਾਤਾਵਰਨ ਪ੍ਰਸਤੂਤ ਕਰਨ ਲਈ ਹੋਇਆ ਸੀ ਜਿਸ ਵਿਚ ਭਾਰਤੀਆਂ ਰਾਸ਼ਟਰੀਆ ਸੁਭਾਵਿਕ ਰੂਪ ਨਾਲ ਵੱਧ ਸਕੇ। ਮਿਸਟਰ ਕੂਕ ਨੇ ਕਿਹਾ ਹੈ "ਉਹ (ਸ਼ੇਰ ਸ਼ਾਹ) ਪਹਿਲਾਂ ਵਿਅਕਤੀ ਸੀ ਜਿਸਨੇ ਪਰਜਾ ਦੀ ਇੱਛਾ ਦੇ ਅਨੁਸਾਰ ਉੱਤੇ ਸਾਮਰਾਜ ਦੀ ਨੀਂਹ ਪੱਥਰ ਬਣਾਉਣ ਦੀ ਕੋਸ਼ਿਸ਼ ਕੀਤੀ।"

**ਧਰਮ ਸੰਬੰਧੀ ਨੀਤੀ** : ਆਪਣੀ ਧਾਰਮਿਕ ਨੀਤੀ ਦੇ ਪਹਿਲੇ ਹਿੱਸੇ ਵਿਚ ਸ਼ੇਰ ਸ਼ਾਹ ਨੇ ਹਿੰਦੂ ਧਰਮ ਉੱਤੇ ਲਗਾਏ ਹੋਏ ਪਰੰਪਰਾਗਤ ਰੁਕਾਵਟਾਂ ਨੂੰ ਹਟਾਉਣ ਅਤੇ ਫਟਕਾਰ ਭਰੀ "ਹੈਲਟ" ਕਹਵਾਉਣ ਜਾਣਦੀ ਪਰੰਪਰਾ ਨੂੰ ਬੰਦ ਕਰਨ ਦਾ ਕੰਮ ਕੀਤਾ। ਪੁਰਾਣੇ ਜਖ਼ਮਾਂ ਨੂੰ ਉਸ ਨੇ ਆਪਣੀ ਉਦਾਰ ਨੀਤੀ ਨਾਲ ਭਰ ਦਿੱਤਾ। ਸ਼ੇਰ ਸ਼ਾਹ ਦੀ ਧਾਰਮਿਕ ਨੀਤੀ ਨੂੰ "ਸਹਿਣਤਾ ਦੀ ਨੀਤੀ" ਕਹਿ ਦੇਣਾ ਕਾਫੀ ਨਹੀਂ ਹੋਵੇਗਾ। ਇਸ ਨੂੰ ਨਿਰਪੱਖ ਨੀਤੀ ਕਿਹਾ ਜਾ ਸਕਦਾ ਹੈ। ਕਿਉਂਕਿ ਮੁਸਲਮਾਨ ਧਰਮ ਦੇ ਵਿਸਥਾਰ ਲਈ ਰਾਜ ਵਲੋਂ ਜਿਹੜਾ ਦਬਾਓ ਪਾਇਆ ਜਾਂਦਾ ਸੀ ਉਸ ਨੂੰ ਹਟਾ ਲਿਆ ਗਿਆ ਸੀ। ਹਿੰਦੂ ਵਿਅਕਤੀਤਵ ਦੇ ਪ੍ਰਤੀ ਸ਼ੇਰ ਸ਼ਾਹ ਦੀ ਪ੍ਰਵਿਰਤੀ ਫਟਕਾਰ ਪੂਰਨ ਸਹਿਨਸ਼ੀਲ ਦੀ ਨਾ ਹੋ ਕੇ ਸਨਮਾਨ ਪੂਰਨ ਸਥਾਨ ਦੇਣ ਦਾ ਸੀ। ਰਾਜ ਦੁਆਰਾ ਇਸ ਨੂੰ ਉਚਿਤ ਮਾਨਤਾ ਦਿੱਤੀ ਗਈ ਸੀ। ਸ਼ੇਰ ਸ਼ਾਹ ਦਾ ਉਦੇਸ਼ ਰਾਜ ਵਿਚ ਇੱਕ ਧਰਮ ਨਿਰਪੱਖਤਾ ਭਾਵਨਾ ਦਾ ਸੰਚਾਰ ਕਰਨ ਦਾ ਸੀ ਅਤੇ ਅਤੇ ਧਰਮ ਦੀ ਉਹ ਪਿੱਠ ਭੂਮੀ ਵਿਚ ਰੱਖਣਾ ਚਾਹੁੰਦਾ ਸੀ ਕਿਉਂਕਿ ਇਹ ਹਰ ਇੱਕ ਦਾ ਵਿਅਕਤੀਗਤ ਮਾਮਲਾ ਸੀ। ਉਸ ਨੇ ਕੁਝ ਨਿਯਮ ਬਣਾਏ ਸਨ ਜਿਨ੍ਹਾਂ ਨੂੰ ਉਹ ਖੁਦ ਪੂਰਨ ਰੂਪ ਨਾਲ ਨਿਭਾਉਂਦਾ ਸੀ ਅਤੇ ਦੂਸਰਿਆਂ ਤੋਂ ਵੀ ਬਿਨ੍ਹਾਂ ਕਿਸੀ ਵਿਵਾਦ ਰੂਪ ਨਾਲ ਉਨ੍ਹਾਂ ਦਾ ਪਾਲਣ ਕਰਾਉਂਦਾ ਸੀ। ਜਿਹੜੇ ਈਮਾਨ ਜਾਂ ਉਲੇਮਾ ਰਾਜ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦੇ ਸਨ ਉਨ੍ਹਾਂ ਨਾਲ ਉਹ ਕਠੋਰ ਵਿਵਹਾਰ ਵੀ ਕਰਨ ਵਿਚ ਨਹੀਂ ਭੁੱਲਦਾ ਸੀ। ਸਾਰ, ਇਹ ਹੈ ਕਿ ਉਸ ਨੇ ਧਾਰਮਿਕ ਕੱਟੜਪਣ ਨੂੰ ਰਾਜ ਦੀ ਭਲਾਈ ਤੋਂ ਵੀ ਜ਼ਿਆਦਾ ਮਹੱਤਵ

ਦੇਣ ਅਤੇ ਧਾਰਮਿਕ ਤੰਗ ਦਿਲੀ ਦੇ ਪਿੱਛੇ ਪਰਜਾ ਦੇ ਹਿੱਤਾਂ ਦੀ ਬਲੀ ਚੜ੍ਹਾਉਣ ਦੀ ਨੀਤਿਆਂ ਦੀ ਸਮਾਪਤੀ ਕਰ ਦਿੱਤੀ। ਉਸ ਦੀ ਇਹ ਨੀਤੀ ਅੱਗੇ ਚੱਲ ਕੇ ਅਕਬਰ ਦੇ ਰਾਜ ਵਿਚ ਵੀ ਚਾਲੂ ਰਹੀ ਅਤੇ ਜ਼ਿਆਦਾ ਤੋਂ ਜ਼ਿਆਦਾ ਫੁੱਲੀ–ਫਲੀ, ਜਿਸ ਦੇ ਲਈ ਉਸ ਦੀ ਇੰਨੀ ਪ੍ਰਸ਼ੰਸਾ ਹੁੰਦੀ ਹੈ।

**ਆਰਥਿਕ ਸਥਿਰਤਾ ਦੇ ਮਹੱਤਵ ਦਾ ਗਿਆਨ** : ਸ਼ੇਰ ਸ਼ਾਹ ਬੁੱਧੀ ਵਿਵੇਕ, ਸੂਝ ਬੂਝ ਵਾਲਾ ਰਾਜਨੀਤਿਕ ਉੱਚ ਦਰਜੇ ਦਾ ਵਿਅਕਤੀ ਸੀ ਇਸ ਲਈ ਉਹ ਦੇਸ਼ ਵਿਚ ਸਥਾਈ ਸ਼ਾਂਤੀ ਅਤੇ ਸਥਿਰਤਾ ਦੀ ਮੁੜ ਸਥਾਪਨਾ ਕੀਤੀ ਜਿਸ ਤੋਂ ਬਿਨ੍ਹਾਂ ਪ੍ਰਗਤੀ ਨਹੀਂ ਹੋ ਸਕਦੀ ਸੀ। ਇਸ ਹਾਲਤ ਵਿਚ ਕਠੋਰ ਇਸ ਤੋਂ ਇਲਾਵਾ ਨਿਰਦਈ ਕਾਰਵਾਈ ਦੀ ਜ਼ਰੂਰਤ ਸੀ ਅਤੇ ਇਹ ਕਹਿਣਾ ਗੈਰ ਜ਼ਰੂਰੀ ਲਗਦਾ ਹੈ ਕਿ ਸ਼ੇਰ ਸ਼ਾਹ ਇਸ ਉਦੇਸ਼ ਵਿਚ ਕਾਫੀ ਹੱਦ ਤਕ ਸਫਲ ਹੋਇਆ। ਉਸ ਨੇ ਨਿਆਂ ਪ੍ਰਿਯ ਅਤੇ ਪ੍ਰਗਤੀਸ਼ੀਲ ਪ੍ਰਸ਼ਾਸ਼ਨ ਦੁਆਰਾ ਜਿਸ ਦਾ ਪ੍ਰਯੋਜਨ ਹੀ ਜਨਤਾ ਦੀ ਭਲਾਈ ਅਤੇ ਉੱਨਤੀ ਸੀ, ਆਪਣੀ ਪ੍ਰਜਾ ਦੇ ਦਿਲਾਂ ਵਿਚ ਸ਼ਾਸਕ ਦੇ ਲਈ ਸ਼ਰਧਾ ਅਤੇ ਵਿਸ਼ਵਾਸ਼ ਦੀ ਬੀਜ ਬੀਜਿਆ। ਉਹ ਪੂਰੀ ਤਰ੍ਹਾਂ ਜਾਣਦਾ ਸੀ ਕਿ ਰਾਜ ਦੀ ਸਥਿਰਤਾ ਦਾ ਆਧਾਰ ਧਨ ਹੈ ਇਸ ਲਈ ਉਹ ਕਿਸਾਨਾਂ ਦੀ ਸੁਰੱਖਿਆ ਅਤੇ ਭਲਾਈ ਦਾ ਪੂਰਾ ਧਿਆਨ ਰੱਖਦਾ ਸੀ ਕਿਉਂਕਿ ਰਾਜ ਦੀ ਆਮਦਨ ਦਾ ਮੁੱਖ ਸਾਧਨ ਲਗਾਨ ਸੀ। ਕਿਸਾਨਾਂ ਨਾਲ ਉਸ ਨੇ ਸਿੱਧੇ ਸੰਬੰਧ ਸਥਾਪਿਤ ਕਰਕੇ ਨਿਰਦਇਤਾ ਸੰਭਾਵਨਾ ਬਿਲਕੁਲ ਘੱਟ ਕਰ ਦਿੱਤੀ। ਉਸ ਨੇ ਸਭ ਦੇ ਲਈ ਦ੍ਰਿੜ ਨਿਆਂ ਦਾ ਢਾਂਚਾ ਤਿਆਰ ਕੀਤਾ, ਜਿਸ ਵਿਚ ਡਰ ਅਤੇ ਅਨੁਗ੍ਰਹਿ ਨੂੰ ਸਥਾਨ ਨਹੀਂ ਸੀ। ਅਸ਼ੋਕ, ਹਰਸ਼ ਅਤੇ ਅਕਬਰ ਜਿਹੇ ਮਹਾਨ ਸ਼ਾਸ਼ਕਾਂ ਦੀ ਤਰ੍ਹਾਂ ਉਹ ਵੀ ਇਸ ਗੱਲ ਵਿਚ ਵਿਸ਼ਵਾਸ਼ ਰੱਖਦਾ ਸੀ ਕਿ ਮਹਾਨ ਵਿਅਕਤੀਆਂ ਨੂੰ ਸਦਾ ਕਾਰਜਸ਼ੀਲ ਹੀ ਰਹਿਣਾ ਸੋਭਾ ਦਿੰਦਾ ਹੈ। ਉਹ ਪ੍ਰਸ਼ਾਸ਼ਨ ਦੀ ਹਰ ਸਾਖ ਉੱਤੇ ਖੁਦ ਧਿਆਨ ਦਿੰਦਾ ਸੀ।

**ਸ਼ੇਰਸ਼ਾਹ ਅਤੇ ਅਕਬਰ** : ਇਸ ਨਾਲ ਇਹ ਤੱਥ ਨਿਕਲਦਾ ਹੈ ਕਿ ਅਕਬਰ ਦੀ ਜਗ੍ਹਾ 'ਤੇ ਸ਼ੇਰ ਸ਼ਾਹ ਨੂੰ ਅਲੱਗ–ਅਲੱਗ ਵਿਚਾਰਾਂ ਦੇ ਸਮਨਵਯ ਦੀ ਨੀਤੀ ਅਪਣਾ ਕੇ ਭਾਰਤ ਨੂੰ ਇਕ ਰਾਸ਼ਟਰ ਦਾ ਰੂਪ ਦੇਣ ਦਾ ਯਤਨ ਕਰਨ ਵਾਲਾ ਪਹਿਲਾ ਵਿਅਕਤੀ ਕਿਹਾ ਜਾਵੇ ਤਾਂ ਠੀਕ ਨਹੀਂ ਹੋਵੇਗਾ। ਗਹਿਰਾਈ ਨਾਲ ਨਾ ਸੋਚਣ ਵਾਲਿਆਂ ਨੂੰ ਕਦੇ ਵੀ ਇਹ ਅਤਿਕਥਨੀ ਪ੍ਰਤੀਤ ਹੋਵੇਗੀ ਕਿਉਂਕਿ ਜਜ਼ੀਆ ਨਹੀਂ ਹਟਾਇਆ ਗਿਆ ਸੀ, ਗਊ ਹੱਤਿਆ ਬੰਦ ਨਹੀਂ ਕੀਤੀ ਗਈ ਸੀ ਅਤੇ ਦੋਨਾਂ ਜਾਤੀਆਂ ਵਿੱਚ ਸੰਸਕ੍ਰਿਤਿਕ ਮੇਲ–ਮਿਲਾਪ ਵਧਾਉਣ ਅਤੇ ਸਹਿਜ ਸਦਭਾਵਨਾ ਉਪਜਾਉਣ ਦੇ ਲਈ ਸੰਸਕ੍ਰਿਤ ਭਾਸ਼ਾ 'ਤੇ ਵੀ ਕੋਈ ਅਨੁਗ੍ਰਹਿ ਨਹੀਂ ਕੀਤਾ ਗਿਆ ਸੀ। ਇਤਿਹਾਸ ਵਿੰਚ ਕੋਈ ਵੀ ਪ੍ਰਗਤੀ ਤੁਰੰਤ ਨਹੀਂ ਹੋਇਆ ਕਰਦੀ। ਇਕ ਜਾਤੀ ਦੇ ਸ਼ੈਸ਼ਵ ਕਾਲ ਵਿੱਚ ਜੋ ਵਾਤਾਵਰਨ ਚਾਹੀਦਾ ਸੀ, ਉਹ ਸ਼ੇਰ ਸ਼ਾਹ ਨੇ ਤਿਆਰ ਕਰ ਦਿੱਤਾ ਸੀ। ਉਸ ਨੇ ਅਕਬਰ ਰਾਜ ਦੇ ਤੇਜਸਵੀ ਯੁੱਗ ਦੇ ਲਈ ਜਨਮ–ਭੂਮੀ ਤਿਆਰ ਕਰ ਦਿੱਤੀ ਸੀ ਜਿਵੇਂ ਕਿ ਅਸੀਂ ਉਪਰ ਕਹਿ ਆਏ ਹਾਂ। ਸੁਲਤਾਨ ਸਿਕੰਦਰ ਦਾ ਸਮਾਂ ਬੀਤੇ ਬਹੁਤ ਦਿਨ ਨਹੀਂ ਹੋਏ ਸਨ ਅਤੇ ਉਸ ਵਾਤਾਵਰਨ ਦਾ ਪ੍ਰਭਾਵ ਹਾਲੇ ਬਾਕੀ ਸੀ। ਅਜਿਹੇ ਗੈਰ–ਪ੍ਰਪੱਕ ਮੌਕੇ 'ਤੇ ਜਜ਼ੀਆ ਹਟਾਉਣ ਅਤੇ ਗਊ ਹੱਤਿਆ ਬੰਦ ਕਰਨਾ ਅਕਲਮੰਦੀ ਨਾ ਹੋ ਕੇ ਉਸ ਦੇ ਸਿੰਘਾਸਨ ਦੀਆਂ ਜੜ੍ਹਾਂ ਹੀ ਹਿਲਾ ਦਿੰਦਾ।

**ਇਤਿਹਾਸ ਵਿਚ ਸ਼ੇਰ ਸ਼ਾਹ ਦਾ ਸਥਾਨ** : ਸਾਰੇ ਕੰਮਾਂ ਅਤੇ ਸਫਲਤਾਵਾਂ ਦਾ ਲੇਖਾ–ਜੋਖਾ ਕਰਨ ਵਿਚ ਇਤਿਹਾਸ ਵਿਚ ਅਕਬਰ ਨੂੰ ਸ਼ੇਰ ਸ਼ਾਹ ਦੀ ਉਪੇਖਿਆ ਉੱਚਾ ਸਥਾਨ ਦੇਣਾ ਪੈਂਦਾ ਹੈ। ਲੇਕਿਨ ਉਸ ਦਾ ਅਕਬਰ ਨਾਲ ਉਹੀ ਰਾਜਨੀਤਿਕ ਸੰਬੰਧ ਹੈ ਜਿਹੜਾ ਚੰਦਰ ਗੁਪਤ ਦਾ ਅਸ਼ੋਕ ਨਾਲ ਹੈ ਅਤੇ ਇਹ ਭੁਲਾਇਆ ਨਹੀਂ ਜਾ ਸਕਦਾ ਕਿ ਉਸ ਨੇ ਉਹ ਸਾਰੇ ਗੁਣ ਗ੍ਰਹਿਣ ਕਰ ਲਏ ਸਨ ਜਿਹੜੇ ਕਿ ਭਾਰਤ ਵਿਚ ਰੀਸ਼ਟਰੀਆ ਸਰਕਾਰ ਸਥਾਪਤ ਕਰਨ ਦੇ ਲਈ ਜ਼ਰੂਰੀ ਸਨ ਅਤੇ ਇਹ ਹੀ ਉਸ ਦੀ ਰਾਜ ਪ੍ਰਣਾਲੀ ਦੀ ਵਾਸਤਵਿਕ ਵਿਸ਼ੇਸ਼ਤਾ ਸੀ।

### ਸਵ-ਮੁਲਾਂਕਣ (Self Assessment)

2. ਬਹੁ ਵਿਕਲਪ ਪ੍ਰਸ਼ਨ (Multiple Choice Questions) :

   (i) ਸ਼ੇਰ ਸ਼ਾਹ ਕਿਸ ਯੁੱਗ ਦਾ ਸਭ ਤੋਂ ਯੋਗ ਸ਼ਾਸਕ ਸੀ?

   (ਅ) ਮੱਧ ਯੁੱਗ (ਬ) ਪੂਰਵ ਪ੍ਰਾਚੀਨ (ਸ) ਆਧੁਨਿਕ ਯੁੱਗ (ਦ) ਸਾਰੇ

   (ii) ਸ਼ੇਰ ਸ਼ਾਹ ਦੀ ਰਾਜ ਪ੍ਰਾਪਤੀ ਦੇ ਨਾਲ ਕਿਸ ਪ੍ਰਵਿਰਤੀ ਦਾ ਉਦੈ ਹੋਇਆ?

   (ਅ) ਕਠੋਰ ਮੁਸਲਿਮ ਪ੍ਰਵਿਰਤੀ (ਬ) ਉਦਾਰ ਮੁਸਲਿਮ ਪ੍ਰਵਿਰਤੀ
   (ਸ) ਕੱਟੜ ਮੁਸਲਿਮ ਪ੍ਰਵਿਰਤੀ (ਦ) ਇਨ੍ਹਾਂ ਵਿਚੋਂ ਕੋਈ ਨਹੀਂ

   (iii) ਸ਼ੇਰਸ਼ਾਹ ਕਿਸ ਪ੍ਰਕਾਰ ਦਾ ਵਿਅਕਤੀ ਸੀ?

   (ਅ) ਕੁਸ਼ੰਗ ਬੁਧੀ (ਬ) ਸੂਝ–ਬੂਝ ਵਾਲਾ
   (ਸ) ਕੁਸ਼ਲ ਰਾਜਨੀਤਿਕ (ਦ) ਉਪਰੋਕਤ ਸਾਰੇ

ਨੋਟ

## 10.4 ਸ਼ੇਰ ਸ਼ਾਹ ਸੂਰੀ ਦੇ ਨਾਗਰਿਕ, ਸੈਨਿਕ, ਰਾਜਸਵ ਸੰਬੰਧੀ ਅਤੇ ਸਰਵਜਨਿਕ ਸੁਧਾਰ (The Civil, Revenue and Public Reforms of Shershah Suri)

ਸ਼ੇਰ ਸ਼ਾਹ ਨਾ ਕੇਵਲ ਇੱਕ ਮਹਾਨ ਵਿਜੇਤਾ ਸੀ ਫਿਰ ਵੀ ਇੱਕ ਉੱਤਮ ਪ੍ਰਸਾਸਕੀਆਂ ਪ੍ਰਤਿਭਾ ਵਾਲਾ ਸਮਰਾਟ ਵੀ ਸੀ। ਪੰਜ ਸਾਲਾਂ ਦੇ ਥੋੜੇ ਜਿਹੇ ਸਮੇਂ ਵਿਚ ਉਸ ਨੇ ਪ੍ਰਸ਼ਾਸ਼ਨ ਵਿਚ ਅਨੇਕ ਲੰਬੇ ਚੌੜੇ ਸੁਧਾਰ ਕੀਤੇ। ਹਾਲਾਂਕਿ ਇਹ ਕੋਈ ਨਵੀਂ ਨੀਤੀ ਸੰਚਾਲਕ ਨਹੀਂ ਸੀ ਤਾਂ ਵੀ ਉਹ ਇੱਕ ਅਸਾਧਾਰਣ ਸੁਧਾਰਕ ਜ਼ਰੂਰ ਸੀ।

### 10.4.1 ਕੇਂਦਰੀ ਪ੍ਰਸ਼ਾਸ਼ਨ (Central Administration)

(i) **ਰਾਜਾ—ਇੱਕ ਪਰੋਉਪਕਾਰੀ ਨਿਰੰਕੁਸ਼** (The King a benevolent despot) : ਪ੍ਰਸ਼ਾਸ਼ਨ ਦਾ ਮੁੱਖ ਰਾਜਾ ਸੀ। ਆਪਣੇ ਯੁੱਗ ਦੇ ਹੋਰ ਸ਼ਾਸਕਾਂ ਦੀ ਤਰ੍ਹਾਂ ਉਹ ਇੱਕ ਨਿਰਕੁੰਸ ਸ਼ਾਸਕ ਸੀ। ਜਿਸ ਦੇ ਹੱਥ ਵਿਚ ਲਗਭਗ ਅਸੀਮਤ ਤਾਕਤਾਂ ਸਨ। ਅਸਲ ਵਿਚ ਉਹ ਖੁਦ ਹੀ ਰਾਜਾ ਸੀ ਅਤੇ ਸੱਤਾ ਦਾ ਸੋਮਾ ਵੀ। ਜਿਹੜਾ ਕੁਝ ਉਹ ਕਹਿੰਦਾ ਉਹ ਹੀ ਕਾਨੂੰਨ ਸੀ। ਉਹ ਕਾਨੂੰਨ ਨੂੰ ਲਾਗੂ ਕਰਦਾ ਅਤੇ ਜਿਹੜਾ ਉਸ ਨੂੰ ਨਹੀਂ ਮੰਨਦਾ ਉਸ ਨੂੰ ਸਜ਼ਾ ਦਿੰਦਾ। ਨਿਸੰਦੇਹ ਸ਼ਾਹ ਦੇ ਕੋਲ ਕਈ ਮੰਤਰੀ ਸਨ ਜਿਹੜੇ ਉਸ ਦੇ ਰਾਜਕੀਆਂ ਕਰਤੱਵਾਂ ਨੂੰ ਪੂਰਾ ਕਰਨ ਵਿਚ ਉਸ ਦੀ ਮਦਦ ਕਰਦੇ ਸਨ ਫਿਰ ਵੀ ਉਹ ਕੇਵਲ ਐਸੇ ਸਚਿਵ ਮਾਤਰ ਸਨ ਜਿਹੜੇ ਕੇਵਲ ਦਿਨ ਪ੍ਰਤੀ ਦਿਨ ਦਾ ਕੰਮ-ਕਾਰ ਚੁਕਾਉਂਦੇ। ਸ਼ਾਹ ਨੀਤੀ ਦੀਆਂ ਸਾਰੀਆਂ ਤਾਰਾਂ ਆਪਣੇ ਹੱਥ ਵਿੱਚ ਰੱਖਦਾ ਅਤੇ ਖੁਦ ਹੀ ਬਹੁਤ ਸਾਰਾ ਕੰਮਕਾਜ ਕਰਦਾ।

ਜਦਕਿ ਉਹ ਇਕ ਨਿਰੰਕੁਸ਼ ਸੀ ਤਾਂ ਵੀ ਸ਼ੇਰ ਸ਼ਾਹ ਇਕ ਪਰਉਪਕਾਰੀ ਅਧਿਕਾਰੀ ਸੀ। ਉਹ ਆਪਣੀ ਪ੍ਰਜਾ ਦੀ ਭਲਾਈ ਦਾ ਵਿਸ਼ੇਸ਼ ਧਿਆਨ ਰੱਖਦਾ ਸੀ। ਉਹ ਖੁਦ ਕਿਹਾ ਕਰਦਾ ਸੀ, " ਮਹਾਪੁਰਸ਼ਾਂ ਨੂੰ ਹਮੇਸ਼ਾ ਸਰਗਰਮ ਰਹਿਣਾ ਹੀ ਸ਼ੋਭਾ ਦਿੰਦਾ ਹੈ, "ਉਹ ਉਸ ਉਕਿਤ 'ਤੇ ਦ੍ਰਿੜਤਾ ਨਾਲ ਚੱਲਿਆ। ਡਾ. ਈਸ਼ਵਰੀ ਪ੍ਰਸ਼ਾਦ ਠੀਕ ਹੀ ਲਿਖਦਾ ਹੈ, "ਸ਼ੇਰਸ਼ਾਹ ਦੀ ਸਰਕਾਰ ਜਦੋਂ ਕਿ ਇਕਤੰਤਰੀ ਸੀ ਤਾਂ ਵੀ ਉਹ ਪ੍ਰਬੁੱਦ ਅਤੇ ਓਜਸਵੀ ਸਰਕਾਰ ਸੀ।"

(ii) **ਮੰਤਰੀ ਲੋਕ ਅਤੇ ਉਨ੍ਹਾਂ ਦੇ ਵਿਭਾਗ** (Ministers and Their Departments) : ਆਪਣੇ ਕਰਤੱਵਾਂ ਨੂੰ ਪੂਰਾ ਕਰਨ ਵਿਚ ਸਮਰਾਟ ਦੀ ਸਹਾਇਤਾ ਦੇ ਲਈ ਕਈ ਮੰਤਰੀ ਸਨ ਜਿਹੜੇ ਆਪਣੇ ਆਪਣੇ ਵਿਭਾਗ ਦੇ ਅਧਿਕਾਰੀ ਸਨ ਉਨ੍ਹਾਂ ਵਿਚ ਕੁਝ ਮਹਤੱਵਪੂਰਨ ਮੰਤਰੀਆਂ ਦੇ ਨਾਂ ਹੇਠਾਂ ਦਿੱਤੇ ਜਾਂਦੇ ਹਨ :

(ਕ) **ਦੀਵਾਨ-ਏ-ਵਜਾਰਤ** (Diwan-i-Wazarat) : ਇਹ ਰਾਜਸਵ ਅਤੇ ਵਿੱਤ ਸੰਬੰਧੀ ਵਿਭਾਗ ਸੀ ਜਿਸ ਦਾ ਮੁੱਖੀ ਵਜੀਰ ਕਹਾਉਂਦਾ ਸੀ। ਵਜੀਰ ਦਾ ਮੁੱਖ ਕਰਤੱਵ ਸੀ ਆਮਦਨ ਅਤੇ ਖਰਚ ਦਾ ਸਾਰਾ ਹਿਸਾਬ-ਕਿਤਾਬ ਰੱਖਣਾ। ਉਹ ਦੂਜੇ ਮੰਤਰੀਆਂ ਦੇ ਉੱਪਰ ਬਰਾਬਰ ਨਿਰੀਖਣ ਵੀ ਕਰਦਾ।

(ਖ) **ਦੀਵਾਨ-ਏ-ਅਰਜ** (Diwan-i-Ariz) : ਉਹ ਮਹਿਕਮਾ ਉਸ ਮੰਤਰੀ ਦੇ ਅਧੀਨ ਸੀ ਜਿਸ ਨੂੰ ਅਰਜ-ਏ-ਮੁਮਾਲਿਕ ਕਹਿੰਦੇ ਸਨ। ਇਹ ਮੰਤਰੀ ਸੈਨਿਕ ਭਰਤੀ, ਸੈਨਿਕ ਸੰਗਠਨ ਅਤੇ ਅਨੁਸ਼ਾਸਨ ਸੰਬੰਧੀ ਕੰਮ ਕਾਰਜ ਚਲਾਉਂਦਾ।

(ਗ) **ਦੀਵਾਨ-ਏ-ਰਸਾਲਤ** (Diwan-i-Rasalat) : ਇਹ ਵਿਦੇਸ਼ੀ ਮਾਮਲਿਆਂ ਦਾ ਵਿਭਾਗ ਸੀ ਜਿਹੜਾ ਐਸੇ ਮੰਤਰੀ ਦੇ ਅਧਿਕਾਰ ਵਿਚ ਸੀ ਜਿਸ ਦਾ ਮੁੱਖ ਕੰਮ ਦੂਜੇ ਰਾਜਾਂ ਦੇ ਨਾਲ ਕੂਟਨੀਤਿਕ ਸਬੰਧ ਬਣਾਈ ਰੱਖਣਾ ਅਤੇ ਰਾਜਾ ਦੇ ਨਿਰਦੇਸ਼ਨ ਵਿਚ ਦੂਤ ਭੇਜਣਾ ਅਤੇ ਵਿਦੇਸ਼ੀ ਦੂਤਾਂ ਦਾ ਸਵਾਗਤ ਕਰਨਾ ਸੀ।

(ਘ) **ਦੀਵਾਨ-ਏ-ਇਨਸਾ** (Diwan-i-Insha) : ਇਸ ਵਿਭਾਗ ਦਾ ਅਧਿਕਾਰੀ ਅਤੇ ਮੰਤਰੀ ਸ਼ਾਹੀ ਘੋਸ਼ਣਾ ਦੀ ਰੂਪ ਰੇਖਾ ਤਿਆਰ ਕਰਦਾ, ਸ਼ਾਹ ਦੀ ਵਲੋਂ ਪੱਤਰ ਲਿਖਦਾਅਤੇ ਸਰਕਾਰੀ ਉਲੇਖਾਂ ਨੂੰ ਸੰਭਾਲਦਾ।

*ਟਾਸਕ* ਪ੍ਰਸ਼ਾਸਨ ਦਾ ਮੁਖੀਆ ਕੌਣ ਸੀ?

(ਙ) **ਦੀਵਾਨ-ਏ-ਕਜ਼ਾ** (Diwan-i-Qaza) : ਇਹ ਨਿਆਂਇਕ ਮਾਮਲਿਆਂ ਦਾ ਮਹਿਕਮਾ ਸੀ ਜਿਹੜਾ ਮੁੱਖ ਕਾਜੀ ਦੇ ਅਧਿਕਾਰ ਵਿਚ ਸੀ। ਉਹ ਕਾਜੀ ਛੋਟੀ ਅਦਾਲਤਾਂ ਤੋਂ ਆਈਆਂ ਅਪੀਲਾਂ ਸੁਣਦਾ ਅਤੇ ਨਿਆਂ ਪ੍ਰਸ਼ਾਸਨ ਦੀ ਦੇਖ ਰੇਖ ਕਰਦਾ।

(iii) **ਸਰਕਾਰ ਅਤੇ ਉਸ ਦਾ ਪ੍ਰਸ਼ਾਸਨ** (Sarkar and its Administration) : ਡਾ. ਕਾਨੂੰਨਗੋ ਦੇ ਮਤ ਅਨੁਸਾਰ ਸ਼ੇਰ ਸ਼ਾਹ ਦੇ ਸਮੇਂ ਵਿਚ ਕਾਫੀ ਨਹੀਂ ਸਨ ਲੇਕਿਨ ਬਹੁਤ ਵਾਰ ਇਹ ਮੰਨਿਆ ਜਾਂਦਾ ਹੈ ਕਿ ਸ਼ੇਰ ਸ਼ਾਹ ਦੇ ਪ੍ਰਸ਼ਾਸਨ ਦੀ ਸਭ ਤੋਂ ਵੱਡੀ ਇਕਾਈ

ਇਕਤਾ ਕਹਾਉਂਦੀ ਸੀ ਜਿਹੜੀ ਵੀ ਇੱਕ ਐਸੇ ਅਧਿਕਾਰੀ ਦੇ ਅਧੀਨ ਸੀ ਜਿਹੜਾ ਨਾਗਰਿਕ ਅਤੇ ਸੈਨਿਕ ਆਦਿ ਦੋਵਾਂ ਦਾ ਕੰਮ ਚਲਾਉਂਦਾ ਅਤੇ ਸਰਕਾਰਾਂ ਦੇ ਉਪਰ ਦੇਖ ਰੇਖ ਰੱਖਦਾ।

ਸਰਕਾਰ ਪ੍ਰਸ਼ਾਸ਼ਨ ਦਾ ਇੱਕ ਮੁੱਖ ਅੰਗ ਸੀ। ਐਸਾ ਮੰਨਿਆ ਜਾਂਦਾ ਹੈ ਕਿ ਸ਼ੇਰ ਸ਼ਾਹ ਦੇ ਸਮੇਂ ਵਿਚ 47 ਸਰਕਾਰ ਸਨ। ਕਿਸੇ ਇਕ ਸਰਕਾਰ ਦਾ ਪ੍ਰਸ਼ਾਸਨ ਦੋ ਅਧਿਕਾਰੀ ਚਲਾਉਂਦੇ ਜਿਨ੍ਹਾਂ ਵਿਚ ਇੱਕ ਸੀ ਸਿਕਦਾਰ–ਏ–ਸ਼ਿਕਦਾਰਾਨ ਜਾਂ ਮੁੱਖ ਸਿਕਦਾਰ ਦੂਜਾ ਮੁਨਸਿਫ–ਏ–ਮੁਨਸਿਫਾਨ ਜਾਂ ਮੁੱਖ ਮੁਨਸਿਫ।

(ਕ) **ਸ਼ਿਕਦਾਰ-ਏ-ਸ਼ਿਕਦਾਰਾਂ** (Shiqdar-i-Shiqdaran) : ਇਹ ਮੁੱਖ ਸਿਕਦਾਰ ਆਮ ਇੱਕ ਐਸਾ ਪ੍ਰਭਾਵਸ਼ਾਲੀ ਸਰਦਾਰ ਸੀ ਜਿਸ ਦੇ ਅਧੀਨ ਦੋ ਹਜਾਰ ਤੋਂ ਪੰਜ ਹਜਾਰ ਤਕ ਦੀ ਸੈਨਾ ਰਹਿੰਦੀ ਸੀ ਉਸ ਦਾ ਮੁਖ ਕੰਮ ਇਹ ਸੀ ਕਿ ਲੋਕਾਂ ਤੋਂ ਰਾਜਨੀਆ ਸੱਤਾ ਮਨਵਾਉਣਾ, ਸੜਕਾਂ ਅਤੇ ਮੁੱਖ ਮਾਰਗਾਂ ਉੱਤੇ ਪਹਿਰਾ ਲਗਵਾਉਣਾ, ਸਿਕਦਾਰਾਂ ਦੇ ਉਪਰ ਨਿਯੰਤਰਨ ਰੱਖਣਾ ਆਦਿ।

(ਖ) **ਮੁਨਸਿਫ ਏ ਮੁਨਸਿਫਾਨ** (Munsif-i-Munsifan) : ਇਹ ਉਹ ਨਾਗਰਿਕ ਅਧਿਕਾਰੀ ਸੀ ਜਿਸ ਦਾ ਮੁੱਖ ਕੰਮ ਸੀ – ਪਰਗਨਾ ਅਧਿਕਾਰੀਆਂ ਦੇ ਆਚਰਨ ਦੀ ਦੇਖ ਰੇਖ ਕਰਨਾ, ਪਰਗਨਿਆਂ ਦੀ ਮੰਡੀਆਂ ਦੇ ਝਗੜੇ ਸੁਲਝਾਉਣਾ ਅਤੇ ਦੀਵਾਨੀ ਮੁਕੱਦਮੇ ਸੁਣਨ ਦੇ ਲਈ ਜਗ੍ਹਾ ਜਗ੍ਹਾ ਜਾ ਕੇ ਨਿਆਂਦੀਸ਼ ਦਾ ਕੰਮ ਕਰਨਾ।

ਮੁੱਖ ਸ਼ਿਕਦਾਰ ਅਤੇ ਮੁੱਖ ਮੁਨਸਫ ਦੀ ਸਹਾਇਤਾ 'ਤੇ ਕਈ ਕਲਰਕ ਅਤੇ ਮੁਨਸ਼ੀ ਹੁੰਦੇ ਸਨ ਜੋ ਸਾਰਾ ਕੰਮਕਾਜ ਚਲਾਉਂਦੇ ਸਨ।

**(iv) ਪਰਗਨਾ ਅਤੇ ਉਸ ਦਾ ਪ੍ਰਸ਼ਾਸ਼ਨ** (Pargana and its Administration) : ਹਰੇਕ ਸਰਕਾਰ ਅਨੇਕ ਪਰਗਨਿਆਂ ਵਿਚ ਵੰਡੀ ਹੋਈ ਸੀ। ਅੱਬਾਸ ਖਾਂ ਦੇ ਮਤ ਅਨੁਸਾਰ ਸ਼ੇਰ ਸ਼ਾਹ ਦੇ ਸਾਮਰਾਜ ਵਿਚ 1, 13,000 ਪਰਗਨੇ ਸਨ, ਅਸਲ ਵਿਚ ਇਹ ਆਂਕੜੇ ਪਰਗਨਿਆਂ ਦੇ ਨਹੀਂ ਲੇਕਿਨ ਫਿਰ ਵੀ ਪਿੰਡਾਂ ਦੀ ਸੰਖਿਆ ਦੀ ਪ੍ਰਤਿਭਾ ਹੈ। ਪਰਗਨੇ ਦਾ ਪ੍ਰਸ਼ਾਸ਼ਕ ਸਿਕਦਾਰ ਅਤੇ ਮੁਨਸਿਫ ਚਲਾਉਂਦੇ ਸਨ।

(ਕ) **ਸਿਕਦਾਰ** : ਸਿਕਦਾਰ ਦਾ ਮੁੱਖ ਕੰਮ ਸੀ ਸ਼ਾਹੀ ਫਰਮਾਨ ਨੂੰ ਲਾਗੂ ਕਰਨਾ, ਆਪਣੇ ਇਲਾਕੇ ਵਿਚ ਸੁਖ ਸ਼ਾਂਤੀ ਬਣਾਏ ਰੱਖਣਾ ਅਤੇ ਜਿੱਥੇ ਜ਼ਰੂਰੀ ਹੋਵੇ ਆਮੀਨ ਜਾਂ ਮੁਨਸਿਫ ਦੀ ਸਹਾਇਤਾ ਕਰਨਾ।

(ਖ) **ਮੁਨਸਿਫ**: ਮੁਨਸਿਫ ਜਾਂ ਆਮੀਨ ਪਰਗਨੇ ਦੇ ਨਾਗਰਿਕ ਪ੍ਰਸ਼ਾਸ਼ਨ ਦਾ ਮੁਖੀਆ ਸੀ। ਉਸ ਦਾ ਮੁੱਖ ਕੰਮ ਸੀ ਆਪਣੀ ਦੇਖ–ਰੇਖ ਵਿਚ ਰਾਜਸਵ ਨੀਯਤ ਕਰਨਾ ਅਤੇ ਉਸ ਨੂੰ ਇਕੱਠਾ ਕਰਨਾ।

ਸਿਕਦਾਰ ਅਤੇ ਮੁਨਸਿਫ ਦੇ ਸਿਵਾਏ ਹਰੇਕ ਪਰਗਨੇ ਵਿਚ ਇੱਕ–ਇੱਕ ਖਜਾਨਚੀ ਹੁੰਦਾ ਸੀ ਜਿਹੜਾ ਖਜਾਨੇ ਦਾ ਪ੍ਰਧਾਨ ਹੁੰਦਾ ਸੀ। ਉੱਥੇ ਦੋ ਦੋ ਕਾਰਕੁਨ ਜਾਂ ਲੇਖਾ ਲੇਖਕ ਵੀ ਸਨ ਜਿਨ੍ਹਾਂ ਵਿਚ ਇੱਕ ਹਿੰਦੀ ਵਿਚ ਲਿਖਦਾ ਅਤੇ ਦੂਜਾ ਫਾਰਸੀ ਵਿਚ। ਉਹ ਭੂਮੀ ਅਤੇ ਭੂਮੀ ਕਰ ਕੇ ਸੰਬੰਧ ਵਿਚ ਸਾਰਾ ਲੇਖਾ ਜੋਖਾ ਰੱਖਦੇ।

**(v) ਪਿੰਡ ਦਾ ਪ੍ਰਸ਼ਾਸਨ** (Village Administration) : ਸ਼ੇਰ ਸ਼ਾਹ ਨੇ ਪਿੰਡ ਮੰਡਲ ਨੂੰ ਖੁਦ ਸ਼ਾਸਨ ਪੂਰਨ ਹੋ ਕੇ ਚਲਾਉਣ ਲਈ ਛੋਟ ਦੇ ਦਿੱਤੀ ਸੀ। ਹਰੇਕ ਪਿੰਡ ਵਿਚ ਇੱਕ ਪੰਚਾਇਤ ਹੁੰਦੀ ਸੀ। ਇੱਕ ਐਸੀ ਸਮਿਤੀ ਜਿਸ ਵਿਚ ਪਿੰਡ ਦੇ ਪ੍ਰਭਾਵਸ਼ਾਲੀ ਲੋਕ ਬੈਠਦੇ ਨਿਆਂਇਕ ਅਤੇ ਪ੍ਰਸ਼ਾਸਨਿਕ ਕੰਮ ਕਾਜ ਚਲਾਉਂਦੇ। ਸ਼ੇਰ ਸ਼ਾਹ ਪਿੰਡਾਂ ਦੇ ਨਾਲ ਪਟਵਾਰੀ ਅਤੇ ਚੌਕੀਦਾਰ ਨਾਮਕ ਪਿੰਡ ਅਧਿਕਾਰੀਆਂ ਦੁਆਰਾ ਤਾਲਮੇਲ ਰੱਖਦਾ।

**(vi) ਸੈਨਿਕ ਪ੍ਰਸ਼ਾਸਨ** (Military Administration) : ਸ਼ੇਰ ਸ਼ਾਹ ਨਾ ਕੇਵਲ ਇੱਕ ਚੰਗਾ ਨਾਗਰਿਕ ਪ੍ਰਸ਼ਾਸਨ ਸੀ ਲੇਕਿਨ ਫਿਰ ਵੀ ਇੱਕ ਮਹਾਨ ਸੈਨਾ ਸੰਗਠਨ ਪ੍ਰਬੰਧਕ (Military organiser) ਵੀ ਸੀ। ਉਸ ਨੇ ਇੱਕ ਉੱਤਮ ਸ਼ਾਸਨ ਪ੍ਰਣਾਲੀ ਸਥਾਪਿਤ ਕੀਤੀ। ਸਭ ਤੋਂ ਪਹਿਲਾਂ ਕੰਮ ਉਸਨੇ ਇਹ ਕੀਤਾ ਕਿ ਉਸ ਨੇ ਸਾਰੇ ਸੈਨਿਕਾਂ ਦਾ ਸਮਰਾਟ ਨਾਲ ਸਿੱਧਾ ਸੰਪਰਕ ਕਰਵਾਇਆ ਅਤੇ ਉਨ੍ਹਾਂ ਤੋਂ ਸਮਰਾਟ ਦੇ ਪ੍ਰਤੀ ਵਫਾਦਾਰੀ ਦੀ ਸੌਂਹ ਲਈ। ਜਿੱਥੇ ਤਕ ਹੋ ਸਕੇ ਉਹ ਸੈਨਿਕਾਂ ਦੀ ਖੁਦ ਭਰਤੀ ਕਰਦਾ ਅਤੇ ਉਨ੍ਹਾਂ ਨੂੰ ਇੱਕ ਇੱਕ ਕਰਕੇ ਬੁਲਾ ਕੇ ਤਨਖਾਹ ਦੇਦਾ। ਸ਼ੇਰ ਸ਼ਾਹ ਨੇ ਦਾਗ ਅਤੇ ਚੇਹਰਾ ਦਾ ਰਿਵਾਜ ਮੁੜ ਜੀਵਤ ਕਰਕੇ ਸੈਨਾ ਦਾ ਵੱਡਾ ਸੁਧਾਰ ਕੀਤਾ। ਸਾਰੇ ਘੋੜ੍ਹੇ ਦਾਗਾ ਦਿੱਤੈ ਗਏ ਅਤੇ ਸੈਨਿਕਾਂ ਦਾ ਹੁਲਿਆ ਲਿਖ ਲਿਆ ਗਿਆ। ਇਹ ਸਭ ਕੁਝ ਇਸ ਲਈ ਕੀਤਾ ਗਿਆ ਤਾਂ ਕਿ ਭ੍ਰਿਸ਼ਟਾਚਾਰ ਰੋਕਿਆ ਜਾ ਸਕੇ।

ਸ਼ੇਰ ਸ਼ਾਹ ਦੇ ਕੋਲ ਆਪਣੀ ਰਾਜਧਾਨੀ ਵਿਚ ਇੱਕ ਸਥਾਈ ਸੈਨਾ ਸੀ ਜਿਸ ਵਿਚ (1,50,000) ਇੱਕ ਲੱਖ ਪੰਜਾਹ ਹਜ਼ਾਰ ਘੋੜ ਸਵਾਰ, ਪੱਚੀ ਹਾਜ਼ਰ (25,000) ਪੈਦਲ ਸਵਾਰ ਅਤੇ ਪੰਜ ਸੌ (500) ਹਾਥੀ ਸਨ। ਇਸ ਦੇ ਇਲਾਵਾ ਇੱਕ ਭਾਰੀ ਸੰਖਿਆ ਸੈਨਿਕਾਂ ਦੀ ਸੀ ਜਿਨ੍ਹਾਂ ਦਾ ਪ੍ਰਬੰਧ ਜਾਗੀਰਦਾਰ ਕਰਦੇ। ਸ਼ੇਰ ਸ਼ਾਹ ਦਾ ਸੈਨਾ ਬਲ ਕਿਨ੍ਹਾਂ ਸੀ ਇਹ ਦੱਸਣਾ ਕਠਿਨ ਹੈ ਲੇਕਿਨ ਅੰਦਾਜੇ ਨਾਲ ਕਿਹਾ ਜਾ ਸਕਦਾ ਹੈ ਕਿ ਇਹ ਕੋਈ ਤਿੰਨ ਲੱਖ ਹੋਵੇਗੀ। ਸ਼ੇਰ ਸ਼ਾਹ ਦੇ ਸੈਨਿਕਾਂ ਵਿਚ ਇੱਕ ਵੱਡਾ ਅਨੁਸ਼ਾਸਨ ਸੀ। ਕਾਨੂੰਨਗੋ ਦੇ ਸ਼ਬਦਾਂ ਵਿਚ 'ਕਿਸੇ ਇੱਕ ਚੜ੍ਹਾਈ ਵਿਚ ਸ਼ੇਰ ਸ਼ਾਹ ਦੀ ਸੈਨਾ ਵਿਚ ਇੰਨਾ ਸਖਤ ਅਨੁਸ਼ਾਸਨ ਸੀ ਕਿ ਇਹ ਇੱਕ ਕੱਚਾ ਰੰਗਰੂਟ ਦਾ ਪੱਕਾ ਅਨੁਭਵੀ ਸੈਨਿਕ ਬਣਾਉਣ ਲਈ ਕਾਫੀ ਸੀ।'

ਨੋਟ

**(vii) ਭੂਮੀ ਲਗਾਨ ਪ੍ਰਣਾਲੀ** (Land Revenue System) : ਸ਼ੇਰ ਸ਼ਾਹ ਨੇ ਇੱਕ ਉਤਮ ਲਗਾਨ ਪ੍ਰਣਾਲੀ ਦੀ ਸਥਾਪਨਾ ਕੀਤੀ। ਉਸ ਨੇ ਪਹਿਲਾਂ ਹੀ ਸਹਿਮਸਾਮ, ਖਵਾਸਪੁਰ ਅਤੇ ਟਾਂਡਾ ਦੀ ਜਾਗੀਰ ਦਾ ਵੱਡਾ ਸਫਲ ਪ੍ਰਬੰਧ ਰਚ ਕੇ ਦਿਖਾਇਆ ਸੀ ਅਤੇ ਇਸ ਨਾਤੇ ਉਸ ਨੇ ਲਗਾਨ ਪ੍ਰਣਾਲੀ ਚਲਾਉਣ ਦਾ ਚੰਗਾ ਗਿਆਨ ਪ੍ਰਾਪਤ ਕਰ ਲਿਆ ਸੀ। ਜਿਵੇਂ ਕਿ ਉਹ ਸਮਰਾਟ ਬਣਿਆ ਉਸ ਨੇ ਉਹੋ ਪ੍ਰਣਾਲੀ ਵਿਸ਼ਾਲ ਢੰਗ ਨਾਲ ਲਾਗੂ ਕਰ ਦਿੱਤੀ। ਸਭ ਤੋਂ ਪਹਿਲਾਂ ਉਸ ਨੇ ਇਹ ਆਦੇਸ਼ ਕਿ ਇੱਕ ਬਰਾਬਰ ਸਬੂਤ ਦੇ ਅਧਾਰ ਉੱਤੇ ਭੂਮੀ ਦੀ ਪੈਮਾਇਸ ਕੀਤੀ ਜਾਵੇ। ਖੇਤੀ ਯੋਗ ਭੂਮੀ ਤਿੰਨ ਹਿੱਸਿਆਂ ਵਿਚ ਵੰਡੀ ਗਈ - ਪਹਿਲੀ ਸ਼੍ਰੇਣੀ, ਮੱਧਮ ਸ਼੍ਰੇਣੀ ਅਤੇ ਘਟੀਆ ਸ਼੍ਰੇਣੀ। ਇਨ੍ਹਾਂ ਤਿਨਾਂ ਦੇ ਔਸਤ ਕੱਢ ਲਈ ਜਾਂਦੀ ਅਤੇ ਉਸ ਦੇ ਮੁਤਾਬਿਕ ਭੂਮੀ ਦੀ ਉਪਜ ਹਰ ਬੀਘਾ ਨਿਸਚਿਤ ਕਰ ਲਈ ਜਾਂਦੀ। ਲਗਾਨ ਦਾ ਭਾਗ ਸਾਰੀ ਉਪਜ ਦਾ ਤਿਹਾਈ ਹਿੱਸਾ ਨਿਸਚਿਤ ਕੀਤਾ ਜਾਂਦਾ। ਇਹ ਨਕਦ ਜਾਂ ਫਸਲ ਦੇ ਰੂਪ ਵਿਚ ਦਿੰਦੇ ਲੇਕਿਨ ਨਕਦ ਨੂੰ ਚੰਗਾ ਮੰਨਿਆ ਜਾਂਦਾ। ਇਸ ਦੇ ਸਿਵਾਏ ਹਰੇਕ ਕਿਸਾਨ ਲਗਾਨ ਦਾ ਢਾਈ ਪ੍ਰਤਿ ਸੌ ਸਰਕਾਰ ਨੂੰ ਫਸਲ ਦੇ ਰੂਪ ਵਿਚ ਚੁਕਾਉਂਦਾ ਅਤੇ ਇਸ ਦੇ ਬਦਲੇ ਸਰਕਾਰ ਉਨ੍ਹਾਂ ਨੂੰ ਘਾਟ ਦੇ ਜਾਂ ਸੰਕਟ ਵਿਚ ਸਸਤੀ ਕੀਮਤਾਂ ਉੱਤੇ ਅਨਾਜ ਦਾ ਪ੍ਰਬੰਧ ਕਰਦੀ। ਲਗਾਨ ਇਕੱਠਾ ਕਰਨ ਦਾ ਕੰਮ ਮੁਕੱਦਮ ਲੋਕਾਂ ਦੇ ਹੱਥ ਲੇਕਿਨ ਕੈਇਤ (ਕਿਸਾਨ) ਜੇਕਰ ਚਾਹੁੰਣ ਤਾਂ ਲਗਾਨ ਸਿੱਧੇ ਪਰਗਨੇ ਖਜਾਨੇ ਵਿਚ ਭੇਜ ਸਕਦੇ ਸੀ।

ਸ਼ੇਰਸ਼ਾਹ ਕਿਸਾਨਾਂ ਦੀ ਭਲਾਈ ਦਾ ਬੜਾ ਧਿਆਨ ਰੱਖਦਾ ਸੀ। ਉਹ ਅਪਦ੍ਰਵਾਂ ਦੇ ਸਮੇਂ ਲਗਾਨ ਘਟਾ ਦਿੰਦਾ ਜਾਂ ਹਟਾ ਦਿੰਦਾ। ਉਸ ਨੇ ਲਗਾਨ ਅਧਿਕਾਰੀਆਂ ਨੂੰ ਵਿਸ਼ੇਸ਼ ਆਦੇਸ਼ ਦੇ ਰੱਖੇ ਸਨ ਕਿ ਲਗਾਨ ਦੀ ਜਾਂਚ ਦੇ ਸਮੇਂ ਨਰਮੀ ਦਾ ਵਿਵਹਾਰ ਕਰਨ। ਉਹ ਆਪਣੇ ਅਧਿਕਾਰੀਆਂ ’ਤੇ ਕੜੀ ਨਿਗਾਹ ਰੱਖਦਾ ਕਿ ਕਿਤੇ ਉਹ ਕਿਸੇ ਤਰ੍ਹਾਂ ਕਿਸਾਨਾਂ ਦਾ ਸ਼ੋਸ਼ਣ ਨਾ ਕਰਨ ਜਾਂ ਉਨ੍ਹਾਂ ’ਤੇ ਅੱਤਿਆਚਾਰ ਨਾ ਢਾਉਣ। ਜੇਕਰ ਉਸ ਦੇ ਸੈਨਿਕ ਕਿਸਾਨਾਂ ਦੀਆਂ ਫਸਲਾਂ ਨੂੰ ਨਸ਼ਟ ਕਰਦੇ ਤਾਂ ਉਹ ਉਨ੍ਹਾਂ ਨੂੰ ਕਠੋਰ ਸਜ਼ਾ ਦਿੰਦਾ।

**(viii) ਆਮਦਨ ਦੇ ਹੋਰ ਸਾਧਨ** (Other Sources of Income) : ਸ਼ੇਰ ਸ਼ਾਹ ਦੀ ਆਮਦਨ ਦਾ ਮੁੱਖ ਸਾਧਨ ਨਿਸੰਦੇਹ ਭੂਮੀ ਲਗਾਨ ਹੀ ਸੀ। ਲੇਕਿਨ ਉੱਥੇ ਕਈ ਹੋਰ ਸਾਧਨ ਵੀ ਸਨ ਜਿਨਾਂ ਨਾਲ ਸਰਕਾਰੀ ਖਜਾਨੇ ਨੂੰ ਕਾਫੀ ਸਾਰਾ ਧਨ ਪ੍ਰਾਪਤ ਹੋ ਜਾਂਦਾ। ਉਹ ਇਹ ਸਨ :

(ਕ) **ਖਮਸ** (Khams) — ਇਹ ਯੁੱਧ ਕਾਲ ਵਿਚ ਇੱਕਠੀ ਕੀਤੀ ਜਾਂਦੀ ਲੁੱਟ ਦਾ ਪੰਜਵਾਂ ਹਿੱਸਾ ਸੀ।

(ਖ) **ਜਜੀਆ** (Jaziya) — ਇਹ ਉਹ ਟੈਕਸ ਸੀ ਜਿਹੜਾ ਹਿੰਦੂਆਂ ਉੱਤੇ ਲਗਾਇਆ ਜਾਂਦਾ ਸੀ।

(ਗ) **ਨਮਕ ਅਤੇ ਚੁੰਗੀ ਟੈਕਸ** (Salt and Customs Duty)—ਸ਼ੇਰ ਸ਼ਾਹ ਨੇ ਅਨੇਕ ਵਸਤੂਆਂ ਅਤੇ ਮਾਲ ਉੱਤੇ ਚੁੰਗੀ ਲਗਾ ਕੇ ਰੱਖੀ ਸੀ ਅਤੇ ਉੱਥੇ ਤੋਂ ਚੰਗੀ ਆਮਦਨ ਸੀ। ਨਮਕ ਨਾਲ ਵੀ ਕਾਫੀ ਆਮਦਨ ਹੋ ਜਾਂਦੀ ਸੀ।

(ਘ) **ਟਕਸਾਲ** (Mint) — ਸ਼ਾਹੀ ਟਕਸਾਲ ਤੋਂ ਵੀ ਸਰਕਾਰ ਨੂੰ ਵੱਡੀ ਆਮਦਨ ਮਿਲ ਜਾਂਦੀ।

(ਙ) **ਉਪਹਾਰ** (Presents) — ਦਾਸ, ਸਰਦਾਰਾਂ, ਨਵਾਬਾਂ ਅਤੇ ਅਧਿਕਾਰਆਂ ਦੇ ਉਪਹਾਰਾਂ ਨਾਲ ਵੀ ਸ਼ਾਹੀ ਆਮਦਨ ਵਿਚ ਵਾਧਾ ਹੁੰਦਾ।

**(ix) ਨਿਆਂਇਕ ਪ੍ਰਣਾਲੀ** (Judicial System) : ਸ਼ੇਰ ਸ਼ਾਹ ਨਿਆਂ ਦੇ ਬਾਰੇ ਵਿਚ ਵੱਡੇ ਉੱਚੇ ਆਦਰਸ਼ ਰੱਖਦਾ ਸੀ। ਉਹ ਕਿਹਾ ਕਰਦਾ "ਨਿਆਂ ਸਭ ਤੋਂ ਉੱਚੀ ਧਰਮ ਰੀਤੀ ਹੈ ਅਤੇ ਇਸ ਨੂੰ ਧਰਮ ਨਿੰਦਕ ਅਤੇ ਕੱਟੜਪੰਥੀ ਦੇ ਰਾਜਾ ਇੱਕ ਬਰਾਬਰ ਦਰਜਾ ਦਿੰਦੇ ਹਨ।" (Justice is the most excellent of religious rites and it is approved alike by the kings of infidels and of the faithfull") ਸ਼ੇਰ ਸ਼ਾਹ ਖੁਦ ਵੱਡੀ ਅਦਾਲਤ ਸੀ ਅਤੇ ਉੱਚੇ ਨਵਾਬਾਂ ਅਤੇ ਅਧਿਕਾਰੀਆਂ ਦੇ ਮੁਕੱਦਮਿਆਂ ਦਾ ਫੈਸਲਾ ਸਦਾ ਉਹ ਖੁਦ ਕਰਦਾ। ਉਹ ਸਭ ਨਾਲ ਇੱਕ ਬਰਾਬਰ ਨਿਆਂ ਕਰਦਾ ਅਤੇ ਜੇਕਰ ਉਸ ਦੇ ਸਗੇ ਸਬੰਧੀ ਜਾਂ ਉੱਚ ਨਵਾਬ ਵੀ ਕੋਈ ਅਪਰਾਧ ਕਰ ਦਿੰਦੇ ਤਾਂ ਉਨ੍ਹਾਂ ਨੂੰ ਵੀ ਨਹੀਂ ਛੱਡਦਾ।

ਸਮਰਾਟ ਤੋਂ ਬਾਅਦ ਨਿਆਂ ਦਾ ਸਭ ਤੋਂ ਵੱਡਾ ਅਧਿਕਾਰੀ ਰਾਜ ਦਾ ਮੁੱਖ ਕਾਜ਼ੀ ਸੀ ਜਿਹੜਾ ਨਿਆਂ ਵਿਭਾਗ ਦਾ ਮੁਖੀਆਂ ਹੁੰਦਾ ਸੀ। ਮੁੱਖ ਕਾਜ਼ੀ ਦੀ ਅਦਾਲਤ ਜ਼ਿਆਦਾ ਤਰ ਅਪੀਲਾਂ ਸੁਣਦੀ। ਮੁੱਖ ਮੁਨਸਿਫ ਅਤੇ ਅਮੀਨ ਸਰਕਾਰ ਅਤੇ ਪਰਗਨੇ ਵਿਚ ਆਪਣੇ ਆਪਣੇ ਸਥਾਨ ਦੇ ਦੀਵਾਨੀ ਮੁਕੱਦਮੇ ਸੁਣਦੇ। ਮੁੱਖ ਸਿਕਦਾਰ ਅਤੇ ਸਿਕਦਾਰ ਫੌਜਦਾਰੀ ਮੁਕੱਦਮਿਆਂ ਦਾ ਫੈਸਲਾ ਸੁਣਦੇ। ਲੇਕਿਨ ਜੇਕਰ ਕੋਈ ਵੱਡਾ ਗੰਭੀਰ ਮੁਕੱਦਮਾ ਆ ਜਾਂਦਾ ਤਾਂ ਵੀ ਇਸ ਨੂੰ ਸਮਰਾਟ ਦੇ ਕੋਲ ਭੇਜ ਦਿੰਦੇ। ਸ਼ੇਰ ਸ਼ਾਹ ਦੇ ਸਮੇਂ ਵਿਚ ਕਠੋਰ ਸਜ਼ਾ ਦਿੱਤੀ ਜਾਂਦੀ। ਸਜ਼ਾ ਦਾ ਉਦੇਸ਼ ਅਪਰਾਧੀ ਨੂੰ ਸੁਧਾਰਨਾ ਨਹੀਂ ਲੇਕਿਨ ਫਿਰ ਵੀ ਜਨਤਾ ਦੇ ਅੱਗੇ ਇੱਕ ਉਦਾਹਰਣ ਰੱਖਣਾ ਸੀ। ਸ਼ੇਰ ਸ਼ਾਹ ਨੂੰ ਨਿਆਂ ਬਹੁਤ ਪਿਆਰਾ ਸੀ ਅਤੇ ਲੋਕ ਉਸ ਤੋਂ ਇੰਨਾ ਡਰਦੇ ਸਨ ਕਿ ਚੋਰ ਅਤੇ ਡਾਕੂ ਵੀ ਵਪਾਰੀ ਦੇ ਮਾਲ ਦੀ ਰੱਖਿਆ ਕਰਦੇ। ਨਿਜਾਮੁਦੀਨ ਦੇ ਮਤ ਅਨੁਸਾਰ, "ਕੋਈ ਵੀ ਵਪਾਰੀ ਆਪਣੇ ਮਾਲ ਦੇ ਲੁੱਟੇ ਜਾਣ ਦੇ ਡਰ ਦੇ ਬਿਨਾਂ ਰੇਗਿਸਤਾਨ ਦੇ ਵਿਚ ਵੀ ਯਾਤਰਾ ਕਰ ਸਕਦਾ ਜਾਂ ਮਿੱਠੀ ਨੀਂਦ ਸੌ ਸਕਦਾ ਸੀ।"

**(x) ਪੁਲੀਸ (ਰੱਖਿਆ) ਪ੍ਰਣਾਲੀ** (Police system) : ਉਥੇ ਕੋਈ ਵੱਖਰਾ ਪੁਲੀਸ ਵਿਭਾਗ ਨਹੀਂ ਸੀ ਉੱਧਰ ਫਿਰ ਵੀ ਸੈਨਿਕ ਅਧਿਕਾਰੀ ਹੀ ਪੁਲਿਸ ਦਾ ਕਰਤੱਵ ਨਿਭਾਉਂਦੇ। ਸਰਕਾਰ ਵਿਚ ਸਾਂਤੀ ਅਤੇ ਵਿਵਸਥਾ ਬਣਾਏ ਰੱਖਣ ਦਾ ਕੰਮ ਮੁੱਖ ਸਿਕਦਾਰ

ਦਾ ਸੀ। ਪਰਗਨੇ ਵਿਚ ਉਹੀ ਕੰਮ ਸਿਕਦਾਰ ਕਰਦਾ। ਇਹ ਅਧਿਕਾਰੀ ਆਪਣੇ ਆਪਣੇ ਇਲਾਕੇ ਵਿਚ ਚੋਰਾਂ ਅਤੇ ਡਾਕੂਆਂ ਉਤੇ ਤੇਜ ਨਜ਼ਰ ਰੱਖਦੇ, ਉਨ੍ਹਾਂ ਨੂੰ ਸਜ਼ਾ ਦਿੰਦੇ ਹਾਂ ਉਨ੍ਹਾਂ ਨੂੰ ਉਨ੍ਹਾਂ ਦੇ ਬੁਰੇ ਕਰਮਾਂ ਦੇ ਲਈ ਸਮਰਾਟ ਦੇ ਅੱਗੇ ਹਾਜ਼ਰ ਕਰਦੇ। ਪਿੰਡਾਂ ਵਿਚ ਸ਼ੇਰ ਸ਼ਾਹ ਨੇ ਸਥਾਨਿਅ ਜਿੰਮੇਦਾਰੀ ਦਾ ਨਿਯਮ ਲਾਗੂ ਕਰ ਰੱਖਿਆ ਸੀ। ਪਿੰਡ ਵਿਚ ਜਿਹੜਾ ਵੀ ਅਪਰਾਧ ਹੁੰਦਾ ਉਸ ਦੇ ਲਈ ਉੱਥੇ ਦੇ ਮੁਖੀਆਂ ਨੂੰ ਜਿੰਮੇਦਾਰ ਠਹਿਰਾਇਆ ਜਾਂਦਾ। ਜੇਕਰ ਕਿਸੇ ਪਿੰਡ ਵਿਚ ਚੋਰੀ ਜਾਂ ਡਾਕਾ ਪੈ ਜਾਂਦਾ ਅਤੇ ਅਪਰਾਧ ਦਾ ਪਤਾ ਨਾ ਲਗਦਾ ਤਾਂ ਮੁਖੀਆਂ (headman) ਅਤੇ ਉਸ ਸੰਬੰਧ ਦੇ ਸਾਰੇ ਲੋਕ ਬੁਲਾ ਲਏ ਜਾਂਦੇ ਅਤੇ ਮੁਖੀਆਂ ਨੂੰ ਸਾਰੀ ਹਾਨੀ ਭਰਨੀ ਪੈਂਦੀ। ਇਸ ਤਰ੍ਹਾਂ ਜੇਕਰ ਕੋਈ ਹੱਤਿਆਂ ਹੋ ਜਾਂਦੀ ਅਤੇ ਹੱਤਿਆਰੇ ਦਾ ਪਤਾ ਨਾ ਲਗਦਾ ਤਾਂ ਮੁਕੱਦਮ ਨੂੰ ਹੀ ਫਾਂਸੀ ਦਿੱਤੀ ਜਾਂਦੀ। ਮੰਨਿਆ ਕਿ ਇਹ ਪ੍ਰਣਾਲੀ ਵੱਡੀ ਸਖਤ ਅਤੇ ਕਠੋਰ ਸੀ ਲੇਕਿਨ ਇਹ ਸੀ ਵੱਡੀ ਯੋਗਤਾ ਪੂਰਨ। ਇਸ ਦੇ ਸਿੱਟੇ ਵਜੋਂ ਜਾਨ ਅਤੇ ਮਾਲ ਦੀ ਪੂਰੀ ਸੁਰਖਿਆ ਸੀ।

ਅੱਬਾਸ ਸਰਵਾਨੀ ਨੇ ਲਿਖਿਆ ਹੈ "ਸ਼ੇਰਸ਼ਾਹ ਦੇ ਸਮੇਂ ਵਿੱਚ ਯਾਤਰੀ ਅਤੇ ਬਟੋਹੀ ਸਜਗ ਰਹਿਣ ਦੀ ਚਿੰਤਾ ਤੋਂ ਮੁਕਤ ਹੋ ਗਏ ਸਨ। ਉਨ੍ਹਾਂ ਨੂੰ ਘੋਰ ਜੰਗਲ ਵਿੱਚ ਵੀ ਲੁੱਟਣ ਦਾ ਡਰ ਨਹੀਂ ਰਹਿ ਗਿਆ ਸੀ। ਰਾਤ ਨੂੰ ਉਹ ਬਸਤੀ ਹੋਵੇ ਜਾਂ ਜੰਗਲ, ਕਿਸੇ ਜਗ੍ਹਾ ਵੀ ਪੜਾਅ ਲਾ ਲੈਂਦੇ ਸਨ ਅਤੇ ਉਨ੍ਹਾਂ ਨੂੰ ਕੋਈ ਡਰ ਨਹੀਂ ਹੁੰਦਾ ਸੀ। ਆਪਣਾ ਧਨ ਅਤੇ ਸੰਪਤੀ ਖੁੱਲ੍ਹੇ ਵਿੱਚ ਰੱਖ ਕੇ ਅਤੇ ਪਸ਼ੂਆਂ ਨੂੰ ਮੈਦਾਨ ਵਿੱਚ ਚਰਨ ਨੂੰ ਛੱਡ ਕੇ ਉਹ ਨਿਸ਼ਚਿਤ ਹੋ ਕੇ ਸੋ ਜਾਂਦੇ ਸਨ ਜਿਵੇਂ ਆਪਣੇ ਘਰ ਵਿੱਚ ਹੀ ਸੁੱਤੇ ਹੋਣ। ਸਥਾਨਕ ਜ਼ਿਮੀਦਾਰਾਂ ਨੂੰ ਡਰ ਹੁੰਦਾ ਸੀ ਕਿ ਕਿਤੇ ਅਜਿਹਾ ਨਾ ਹੋਵੇ ਕਿ ਇਹ ਕੋਈ ਸ਼ਰਾਰਤ ਕਰ ਬੈਠੇ ਅਤੇ ਅਸੀਂ ਫੜੇ ਜਾਈਏ ਅਤੇ ਉਹ ਉਨ੍ਹਾਂ ਦੀ ਰੱਖਿਆ ਦੀ ਚਿੰਤਾ ਕਰਦੇ ਸਨ। "ਸ਼ੇਰਸ਼ਾਹ ਦੇ ਸ਼ਾਸਨ ਕਾਲ ਵਿੱਚ ਕੋਈ ਬੁਢਾਪੇ ਦੀ ਮਾਰੀ ਬੁੱਢੀ ਸਿਰ 'ਤੇ ਸੋਨੇ ਦੇ ਗਹਿਣਿਆਂ ਦਾ ਟੋਕਰਾ ਲਈ ਵੀ ਸੁੱਖ ਪੂਰਵਕ ਯਾਤਰਾ ਕਰ ਸਕਦੀ ਸੀ ਅਤੇ ਸ਼ੇਰਸ਼ਾਹ ਦੇ ਸਜ਼ਾ ਦੇ ਡਰ ਦੇ ਮਾਰੇ ਕਿਸੇ ਚੋਰ ਜਾਂ ਡਾਕੂ ਦੀ ਕੀ ਮਜ਼ਾਲ ਸੀ ਕਿ ਨੇੜੇ ਆਵੇ।"

**(xi) ਮੁਦਰਾ ਸੁਧਾਰ** (Currency Reforms) : ਸ਼ੇਰ ਸ਼ਾਹ ਤੋਂ ਪਹਿਲਾਂ ਮੁਦਰਾ ਦੀ ਹਾਲਤ ਬੜੀ ਬੁਰੀ ਸੀ। ਧਾਤੂ ਵਿਚ ਬਾਰ ਬਾਰ ਖੋਟ ਪਾਈ ਜਾਂਦੀ ਅਤੇ ਅਸਲ ਵਿਚ ਸੋਨੇ ਅਤੇ ਘਟੀਆ ਧਾਤੂਆਂ ਵਿਚ ਕੋਈ ਸੰਬੰਧ ਹੀ ਨਹੀਂ ਰਹਿ ਗਿਆ ਸੀ। ਸ਼ੇਰ ਸ਼ਾਹ ਨੇ ਅਤਿਅੰਤ ਹੀ ਵੱਡੇ ਆਧਾਰ ਉੱਤੇ ਜਲਦੀ ਹੀ ਮੁਦਰਾ ਦੀ ਮੁੜ ਤੋਂ ਰਚਨਾ ਕਰ ਦਿੱਤੀ। ਸਭ ਤੋਂ ਪਹਿਲਾਂ ਉਸ ਨੇ ਬਹੁਤ ਸਾਰੇ ਨਵੇਂ ਤਾਂਬੇ ਦੇ ਸਿੱਕੇ ਚਲਾਏ। ਫਿਰ ਉਸ ਨੇ ਚਾਂਦੀ ਅਤੇ ਤਾਂਬੇ ਦੀ ਅੱਠਆਨੀਆਂ, ਚਵਾਨੀਆਂ, ਦੁਵਅੰਨਿਆਂ ਅਤੇ ਆਨੇ ਚਲਾਏ। ਉਸ ਨੇ 178 ਗ੍ਰੇਨ ਦਾ ਇੱਕ ਸਥਿਰ ਚਾਂਦੀ ਦਾ ਟਕਾ ਚਲਾਇਆ। ਸ਼ੇਰ ਸ਼ਾਹ ਦੇ ਸਿੱਕੇ ਆਕਾਰ ਵਿਚ ਚੌਰਸ ਅਤੇ ਗੋਲ ਸਨ ਅਤੇ ਉਨ੍ਹਾਂ ਉੱਤੇ ਸਮਰਾਟ ਦਾ ਨਾਂ ਅਤੇ ਟਕਸਾਲ ਦਾ ਸਥਾਨ ਅੰਕਤ ਸੀ। ਕੁਝ ਸਿੱਕੇ ਦੇਵਨਾਗਰੀ ਭਾਸ਼ਾਂ ਵਿਚ ਵੀ ਸਨ ਅਤੇ ਉਨ੍ਹਾਂ ਉੱਤੇ ਚਾਰ ਖਲੀਫਾਵਾਂ ਦੇ ਨਾਂ ਸਨ।

ਭਾਰਤੀਆਂ ਮੁਦਰਾ ਦਾ ਇੱਕ ਮਹਾਨ ਨਿਪੁੰਨ ਮਨੁੱਖ ਵੀ.ਏ. ਸਮਿਥ (V.A.Smith) ਲਿਖਦਾ ਹੈ "ਸ਼ੇਰ ਸ਼ਾਹ ਇੱਕ ਸੁਧਰੀ ਮੁਦਰਾ ਪ੍ਰਣਾਲੀ ਸਥਾਪਿਤ ਕਰਨ ਦੀ ਵਡਿਆਈ ਦਾ ਅਧਿਕਾਰੀ ਹੈ। ਇੱਕ ਐਸੀ ਪ੍ਰਣਾਲੀ ਜਿਹੜੀ ਸਾਰੇ ਮੁਗਲ ਸਮੇਂ ਵਿਚ ਚਲਦੀ ਰਹੀ ਅਤੇ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ ਵੀ 1835 ਈ: ਤਕ ਬਣਾਈ ਰੱਖਿਆ ਅਤੇ ਉਹੀ ਪ੍ਰਣਾਲੀ ਅੱਜ ਤੱਕ ਪ੍ਰਚਲਿਤ ਅੰਗਰੇਜ਼ੀ ਮੁਦਰਾ ਦਾ ਆਧਾਰ ਹੈ।"

**(xii) ਸਰਵਜਨਿਕ ਸੁਧਾਰ** – ਸੜਕਾਂ ਅਤੇ ਸਰਾਵਾਂ (Public Reforms, Roads and Sarais) –

(ਕ) **ਸੜਕਾਂ** (Roads) — ਸ਼ੇਰ ਸ਼ਾਹ ਦੀ ਸ਼ਾਨ ਅਤੇ ਸ਼ੋਭਾ ਦੀ ਸਭ ਤੋਂ ਪੱਕੀ ਯਾਦਗਾਰ ਉਸ ਦੀਆਂ ਸੜਕਾਂ ਹਨ। ਇਸ ਅਫਗਾਨ ਸਮਰਾਟ ਨੇ ਸਮਝ ਲਿਆ ਕਿ ਸਾਮਰਾਜ ਦੀ ਏਕਤਾ ਪ੍ਰਾਪਤ ਕਰਨ ਲਈ ਸੜਕਾਂ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹਨ। ਜਿਹੜੀਆਂ ਵੱਡੀਆਂ-ਵੱਡੀਆਂ ਸੜਕਾਂ ਉਸਨੇ ਬਣਵਾਈਆਂ ਉਹ ਅੱਗੇ ਦਿੱਤੀਆਂ ਜਾਂਦੀਆਂ ਹਨ:

1. ਉਹ ਸੜਕ ਜਿਹੜੀ ਸੁਨਾਰ ਪਿੰਡ ਵਿਚ ਜੇਹਲਮ ਦੇ ਕਿਨਾਰੇ ਰੋਹਤਾਸ ਤਕ ਜਾਂਦੀ ਸੀ। ਇਹ ਸੜਕ 1500 ਕੋਹ ਲੰਬੀ ਸੀ ਅਤੇ ਸ਼ੇਰ ਸ਼ਾਹ ਦੀ ਸਭ ਤੋਂ ਲੰਬੀ ਸੜਕ ਸੀ।
2. ਉਹ ਸੜਕ ਜਿਹੜੀ ਆਗਰਾ ਤੋਂ ਬੁਰਹਾਨਪੁਰ ਤਕ ਜਾਂਦੀ ਸੀ।
3. ਉਹ ਸੜਕ ਜਿਹੜੀ ਆਗਰਾ ਤੋਂ ਜੋਧਪੁਰ ਤਕ ਜਾਂਦੀ ਸੀ।
4. ਉਹ ਸੜਕ ਜਿਹੜੀ ਲਾਹੌਰ ਤੋਂ ਮੁਲਤਾਨ ਤਕ ਜਾਂਦੀ ਸੀ।

ਇਹ ਸਾਰੀਆਂ ਸੜਕਾਂ ਬਹੁਤ ਫਾਇਦੇਮੰਦ ਸਿੱਧ ਹੋਈਆਂ। ਉਨ੍ਹਾਂ ਨੇ ਸਾਮਰਾਜ ਵਿਚ ਏਕਤਾ ਸਥਾਪਿਤ ਕੀਤੀ। ਇਸ ਨੂੰ ਸੁਰੱਖਿਅਤ ਬਣਾਇਆ ਅਤੇ ਵਪਾਰ ਅਤੇ ਵਣਿਜ ਵਿਚ ਵਾਧਾ ਕੀਤਾ।

**ਭਵਨ ਨਿਰਮਾਣ** – (ਸ਼ੇਰ ਸ਼ਾਹ ਮਹਾਨ ਭਵਨ ਨਿਰਮਾਤਾ ਸੀ। ਮੁੱਖ ਦੋ ਭਵਨਾਂ ਦੇ ਨਿਰਮਾਣ ਦਾ ਸ੍ਰੇ ਉਸ ਨੂੰ ਹੈ : (1) ਦਿੱਲੀ ਦਾ ਪੁਰਾਣਾ ਕਿਲ੍ਹਾ, (2) ਜੇਹਲਮ ਨਦੀ ਉੱਤੇ ਰੋਹਤਾਸਗੜ੍ਹ ਦਾ ਨਿਰਮਾਣ।

ਨੋਟ

(i) **ਫਰਗੁਸਨ** — ਦੇ ਅਨੁਸਾਰ ਸ਼ੇਰ ਸ਼ਾਹ ਦੁਆਰਾ ਨਿਰਮਿਤ ਭਵਨਾਂ ਵਿਚ ਕਿਲ੍ਹਾ ਸਭ ਤੋਂ ਉੱਤਮ ਹੈ।

(ii) **ਕਨੀਘਮ** — ਸ਼ੇਰ ਸ਼ਾਹ ਦੇ ਮਕਬਰੇ ਨੂੰ ਤਾਜ ਮਹਿਲ ਤੋਂ ਵੀ ਵਧਿਆ ਮੰਨਣ ਦਾ ਉੱਦਮ ਸੀ।

(iii) **ਵੀ.ਸੀ.ਏ. ਸਮੀਥ** - ਦੇ ਅਨੁਸਾਰ, "ਅਲਪਾਯੂ ਅਤੇ ਅਸਥਿਰ ਸੂਰ ਵੰਸ਼ ਨੂੰ ਜਿਸਦਾ ਸੱਭ ਤੋਂ ਸਰੇਠ ਵਿਅਕਤੀ ਸ਼ੇਰਸ਼ਾਹ ਸੂਰੀ ਸੀ, ਆਪਣੇ ਭਵਿੱਖ ਲਈ ਏਨਾਂ ਸੰਘਰਸ਼ ਕਰਨਾ ਪਿਆ ਕਿ ਉਸ ਨੂੰ ਭਵਨ ਨਿਰਮਾਣ ਦੇ ਲਈ ਵਿਸ਼ੇਸ਼ ਧਿਆਨ ਦੇਣ ਦੀ ਆਸ਼ਾ ਨਹੀਂ ਕੀਤੀ ਜਾ ਸਕਦੀ। ਤਾਂ ਵੀ ਕਈ ਪ੍ਰਸੰਸਕ ਭਵਨ ਸੂਰ ਵੰਸ਼ ਨੇ ਬਣਵਾਏ ਅਤੇ ਸਹਸਾਮ ਵਿਚ ਇੱਕ ਸਰੋਵਰ ਦੇ ਵਿੱਚ ਉੱਚੇ ਸਥਾਨ ਤੇ ਬਣਿਆ ਸ਼ੇਰਸ਼ਾਹ ਦਾ ਮਕਬਰਾ ਉੱਤਰ ਭਾਰਤ ਦੀ ਸਭ ਤੋਂ ਵੱਡੀ ਭਵਿੱਖ ਪ੍ਰਾਚੀਨ ਇਮਾਰਤਾਂ ਵਿਚ ਗਿਣੀਆਂ ਜਾਂਦਾ ਸੀ। ਕੰਨਿਘਮ ਦੇ ਇਸ ਤਾਜਮਹਲ ਵਿਚ ਵਧਿਆ ਮੰਨੇ ਨੂੰ ਉਦਾਰ ਸੀ। ਇਸ ਦੀ ਬਨਾਵਟ ਤੁਗਲਕ ਕਾਲ ਦੀ ਸਰਲ ਅਤੇ ਸਾਹਜਹਾਂ ਦੀ ਸਿਧਹਸਤ ਭੜਕੀਲੀ ਸਜਾਵਟ ਦੀ ਮਧਵਰਤੀ ਕਹੀ ਜਾ ਸਕਦੀ ਹੈ।

(ਖ) **ਸਰਾਵਾਂ** (Sarais) — ਸ਼ੇਰ ਸ਼ਾਹ ਨੇ ਸੜਕਾਂ ਦੇ ਕਿਨਾਰੇ ਕਿਨਾਰੇ ਕੋਈ 1700 ਸਰਾਵਾਂ ਬਣਵਾਈਆਂ। ਹਰ ਸਰਾਂ ਵਿਚ ਦੋ ਹਿੱਸੇ ਸਨ ਇੱਕ ਹਿੰਦੂਆਂ ਦੇ ਲਈ ਦੂਜਾ ਮੁਸਲਮਾਨਾਂ ਦੇ ਲਈ। ਉੱਥੇ ਹਿੰਦੂਆਂ ਦੇ ਸੇਵਾ ਲਈ ਇੱਕ ਬ੍ਰਾਹਮਣ ਰੱਖਿਆ ਅਤੇ ਮੁਸਲਮਾਨਾਂ ਲਈ ਇਕ ਈਮਾਮ। ਹਰ ਸਰਾਂ ਵਿਚ ਇੱਕ ਮਸਜਿਦ ਅਤੇ ਇੱਕ ਖੂਹ ਬਣਵਾਇਆ। ਉੱਥੇ ਠੰਡੇ ਅਤੇ ਗਰਮ ਪਾਣੀ, ਬਿਛਾਉਣੇ, ਖੁਰਾਕ ਅਤੇ ਚਾਰੇ ਦਾ ਪ੍ਰਬੰਧ ਕਰਵਾਇਆ। ਸਰਾਵਾਂ ਦੇ ਨਾਲ ਡਾਕ ਚੌਕੀਆਂ ਵੀ ਜੋੜ ਦਿੱਤੀਆਂ ਗਈਆਂ ਅਤੇ ਡਾਕੀਏ ਜਿਹੜੇ ਉੱਥੇ ਨੀਯਤ ਕੀਤੇ ਗਏ ਸ਼ਾਹੀ ਡਾਕ ਨੂੰ ਵੱਡੀ ਚੰਗੀ ਤਰ੍ਹਾਂ ਅੱਗੇ ਪਹੁੰਚਾਉਂਦੇ।

ਇਹ ਸਰਾਵਾਂ ਵੱਡੀ ਲਾਭਦਾਇਕ ਸਿੱਧ ਹੋਈਆਂ। ਇੱਥੇ ਰਾਜ ਦੇ ਅਧਿਕਾਰੀ ਯਾਤਰਾ ਰੋਕਦੇ ਅਤੇ ਆਰਾਮ ਕਰਦੇ। ਇਸ ਤਰ੍ਹਾਂ ਆਮ ਯਾਤਰੀਆਂ ਨੂੰ ਵੀ ਬਹੁਤ ਫਾਇਦਾ ਪਹੁੰਚਦਾ। ਇਨ੍ਹਾਂ ਸਰਾਵਾਂ ਨਾਲ ਪੇਂਡੂ ਲੋਕਾਂ ਨੂੰ ਵੀ ਬਹੁਤ ਸੁਖ ਹੋਇਆ, ਜਿਨ੍ਹਾਂ ਨੂੰ ਹੁਣ ਯਾਤਰੀਆਂ ਨੂੰ ਖੁਰਾਕ ਦੇਣ ਦਾ ਬੋਝ ਨਹੀਂ ਸਹਿਣਾ ਪੈਂਦਾ ਸੀ। ਆਖਰੀ ਗੱਲ ਇਹ ਹੈ ਕਿ ਇਨ੍ਹਾਂ ਦੇ ਕਾਰਨ ਸਮਰਾਟ ਬਹੁਤ ਲੋਕ ਪ੍ਰਿਯ ਹੋ ਗਿਆ ਕਿਉਂਕਿ ਇਹ ਸਰਾਵਾਂ ਅਤੇ ਸੜਕਾਂ ਉਸ ਦੇ ਪ੍ਰੋਉਪਕਾਰੀ ਸੁਭਾਅ ਦੇ ਦ੍ਰਿਸ਼ ਦਾ ਪ੍ਰਤੀਕ ਬਣ ਗਿਆ।

**ਡਾ. ਕਾਨੂੰਨਗੋ ਦੇ ਕਹਿਣ ਅਨੁਸਾਰ,** "ਸਰਾਵਾਂ ਨੇ ਸਾਮਰਾਜ ਦੀ ਨਸਾਂ ਦਾ ਰੂਪ ਲੈ ਲਿਆ ਅਤੇ ਹੁਣ ਤਕ ਦੇ ਅੱਧੇ ਜੀਵਤ ਅੰਗਾਂ ਵਿਚ ਨਵੇਂ ਜੀਵਨ ਦਾ ਸੰਚਾਰ ਕਰਨ ਲੱਗੀਆਂ।"

**ਸਵ-ਮੁਲਾਂਕਣ (Self Assessment)**

3. ਹੇਠ ਲਿਖਿਆਂ ਕਥਨਾਂ ਵਿਚ ਸੱਚ ਅਤੇ ਝੂਠ ਦੀ ਪਹਿਚਾਨ ਕਰੋ (State whether the following Statements are True or False):

(i) ਪ੍ਰਸ਼ਾਸਨ ਦਾ ਮੁਖੀਆ ਰਾਜਾ ਸੀ।

(ii) ਸ਼ੇਰ ਸ਼ਾਹ ਜਨਤਾ ਦੀ ਭਲਾਈ ਦਾ ਖਾਸ ਧਿਆਨ ਨਹੀਂ ਰੱਖਦਾ ਸੀ।

(iii) ਦੀਵਾਨ-ਏ-ਵਜਾਰਤ ਵਿੱਤ ਸੰਬੰਧੀ ਵਿਭਾਗ ਸੀ ਜਿਸ ਦਾ ਮੁਖੀਆ ਵਜੀਰ ਕਹਾਉਂਦਾ ਸੀ।

(iv) ਦੀਵਾਨ-ਏ-ਰਸਾਲਤ ਦੇਸ਼ੀ ਮਾਮਲਿਆਂ ਦਾ ਵਿਭਾਗ ਸੀ।

(v) ਜਜੀਆ ਉਹ ਟੈਕਸ ਸੀ ਜਿਹੜਾ ਹਿੰਦੂਆਂ ਉੱਤੇ ਲਗਾਇਆ ਜਾਂਦਾ ਸੀ।

## 10.5 ਸਾਰ ਅੰਸ਼ (Summary)

- ਸ਼ੇਰ ਸ਼ਾਹ ਦੀ ਅਸਲ ਨਾਂ 'ਫਰੀਦ' ਸੀ। ਉਸ ਦਾ ਜਨਮ 1472 ਈ: ਵਿਚ ਹੁਸ਼ਿਆਰਪੁਰ ਜਿਲ੍ਹੇ ਵਿਚ ਬਜਵਾੜਾ ਨਾਮਕ ਸਥਾਨ ਉੱਤੇ ਹੋਇਆ। ਉਸ ਦੇ ਪਿਤਾ ਦਾ ਨਾਂ ਹਸਨ ਸੀ ਜਿਹੜਾ ਹੁਸ਼ਿਆਰਪੁਰ ਦੇ ਇੱਕ ਵੱਡੇ ਜਾਗੀਰਦਾਰ ਕੋਲ ਨੌਕਰ ਸੀ। ਹਸਨ ਦੀ ਚਾਰ ਪਤਨੀਆਂ ਸਨ ਅਤੇ ਫਰੀਦ ਪਹਿਲੀ ਪਤਨੀ ਤੋਂ ਸੀ।
- ਹਸਨ ਅਲੀ ਸਭ ਤੋਂ ਛੋਟੀ ਪਤਨੀ ਦਾ ਭਗਤ ਸੀ ਅਤੇ ਉਸੀ ਦੇ ਬੱਚਿਆਂ ਨੂੰ ਪਿਆਰ ਕਰਦਾ ਸੀ। ਇਸ ਲਈ ਉਹ ਫਰੀਦ ਨਾਲ ਚੰਗਾ ਵਿਵਹਾਰ ਨਹੀਂ ਕਰਦਾ ਸੀ। ਆਪਣੇ ਪਿਤਾ ਅਤੇ ਮਤਰੇਈ ਮਾਤਾ ਦੇ ਹੱਥੀ ਬੁਰੇ ਵਿਵਹਾਰ ਤੋਂ ਤੰਗ ਆ ਕੇ ਸਹਿਸਸਾਮ ਛੱਡ ਕੇ ਜੌਨਪੁਰ ਚਲਾ ਗਿਆ। ਉਹ ਸਥਾਨ ਗਿਆਨ ਦਾ ਕੇਂਦਰ ਸੀ।

- ਸੂਰਜਗੜ੍ਹ ਦੀ ਜਿੱਤ ਨਾਲ ਸ਼ੇਰ ਖਾਂ ਦਾ ਸਾਹਸ ਬਹੁਤ ਵੱਧ ਗਿਆ ਸੀ ਅਤੇ ਉਸ ਦੀ ਪ੍ਰਤਿਸਟਾ ਵੀ ਵੱਧ ਗਈ। ਕਾਨੂੰਨਗੋ ਦੇ ਮਤ ਅਨੁਸਾਰ, "ਜੇਕਰ ਸੂਰਜਗੜ੍ਹ ਉੱਤੇ ਜਿੱਤ ਪ੍ਰਾਪਤ ਨਾ ਹੁੰਦੀ ਤਾਂ ਸਹਿਸਰਾਮ ਦਾ ਇਹ ਜਾਗੀਰਦਾਰ ਗੁਮਨਾਮੀ ਤੋਂ ਨਿਕਲ ਕੇ ਹਿੰਦੁਸਤਾਨ ਦੀ ਰਾਜਨੀਤੀ ਦੇ ਅਖਾੜੇ ਵਿਚ ਕਦੇ ਵੀ ਨਾ ਆ ਪਾਉਂਦਾ ਅਤੇ ਇਸ ਤਰ੍ਹਾਂ ਨਾ ਚਾਹੁੰਦੇ ਹੋਏ ਵੀ ਬਹਾਦੁਰ ਸ਼ਾਹ ਅਤੇ ਹਮਾਯੂੰ ਬਾਦਸ਼ਾਹ ਜਿਹੜੇ ਵੰਸ਼ਗਤ ਤਾਜਧਾਰੀਆਂ ਨਾਲ ਸਾਮਰਾਜ ਦੇ ਲਈ ਕਦੇ ਲੋਹਾ ਨਾ ਲੈਂਦਾ।"
- ਹਮਾਯੂੰ ਪਹਿਲਾਂ ਤਾਂ ਆਪਣੀ ਹਾਰ ਉੱਤੇ ਅੰਦਰ ਹੀ ਅੰਦਰ ਘੁਲਦਾ ਰਿਹਾ ਫਿਰ ਉਸ ਨੇ ਸ਼ੇਰ ਖਾਂ ਦੇ ਵਿਰੁਧ ਇੱਕ ਵਾਰ ਹੋਰ ਲੜਨ ਦੇ ਲਈ 90,000 ਸੈਨਿਕ ਪ੍ਰਬੰਧ ਕੀਤੇ। ਸ਼ੇਰ ਖਾਂ ਨੇ ਵੀ ਆਪਣੀ ਸੈਨਾ ਤਿਆਰ ਕੀਤੀ। 17 ਮਈ 1540 ਈ: ਨੂੰ ਅਰਗਾਨਾਂ ਅਤੇ ਮੁਗਲਾਂ ਵਿਚਕਾਰ ਕਨੌਜ ਦੇ ਸਥਾਨ ਉੱਤੇ ਇੱਕ ਹੋਰ ਲੜਾਈ ਹੋਈ।
- 1540 ਈ: ਹਮਾਯੂੰ ਨੂੰ ਕਨੌਜ ਉੱਤੇ ਹਰਾ ਕੇ ਸ਼ੇਰ ਸ਼ਾਹ ਆਗਰਾ ਅਤੇ ਦਿੱਲੀ  ਵੱਲ ਵਧਿਆ ਜਿੱਥੇ ਤੋਂ ਹਮਾਯੂੰ ਨੱਸ ਕੇ ਚਲਾ ਗਿਆ ਸੀ। ਉਸ ਨੇ ਆਗਰਾ ਅਤੇ ਦਿੱਲੀ ਉੱਤੇ ਆਸਾਨੀ ਨਾਲ ਅਧਿਕਾਰ ਕਰ ਲਿਆ। ਹਮਾਯੂੰ ਨੱਸ ਕੇ ਲਾਹੌਰ ਚਲਾ ਗਿਆ। ਸ਼ੇਰ ਸ਼ਾਹ ਨੇ ਉਸ ਦਾ ਪਿੱਛਾ ਕੀਤਾ। ਆਖੀਰ ਵਿਚ ਹਮਾਯੂੰ ਨੇ ਭਾਰਤ ਛੱਡ ਦਿਤਾ।
- ਰਾਜਸਥਾਨ ਦੇ ਸਥਾਨੀਅ ਸਰਦਾਰਾਂ ਨੂੰ ਉਖਾੜ ਸੁੱਟਣ ਜਾਂ ਉਨ੍ਹਾਂ ਨੂੰ ਪੂਰਨ ਰੂਪ ਤੋਂ ਅਧੀਨ ਬਣਾਉਣ ਦੀ ਕੋਸ਼ਿਸ਼ ਸ਼ੇਰ ਸ਼ਾਹ ਨੇ ਨਹੀਂ ਕੀਤੀ ਹਾਲਾਂ ਕਿ ਭਾਰਤ ਦੇ ਹੋਰ ਹਿੱਸਿਆਂ ਵਿਚ ਉਸ ਨੇ ਇਸ ਤਰ੍ਹਾਂ ਕੀਤਾ ਸੀ। ਉਸ ਨੂੰ ਇਹ ਕੰਮ ਭਿਆਨਕ ਅਤੇ ਬੇਅਰਥ ਲੱਗਦਾ ਸੀ। ਉਸ ਨੇ ਉਨ੍ਹਾਂ ਦੀ ਸਵਾਧੀਨਤਾ ਨੂੰ ਪੂਰੀ ਤਰ੍ਹਾਂ ਖੋਹਣ ਦਾ ਮਕਸਦ ਨਾ ਬਣਾ ਕੇ ਉਨ੍ਹਾਂ ਨੂੰ ਇੱਕ ਦੂਜੇ ਤੋਂ ਰਾਜਨਿਤਿਗ ਅਤੇ ਭੂਗੋਲਿਕ ਦ੍ਰਿਸ਼ਟੀ ਤੋਂ ਅਲੱਗ-ਅਲੱਗ ਕਰਨ ਦਾ ਯਤਨ ਕੀਤਾ, ਜਿਸ ਨਾਲ ਸਾਮਰਾਜ ਦੇ ਵਿਰੁੱਧ ਸੰਗਠਿਤ ਉਥਾਨ ਦੀ ਸੰਭਾਵਨਾ ਹੀ ਨਾ ਰਹੇ। ਇਹ ਨੀਤੀ ਕੁਝ ਇਸ ਤਰ੍ਹਾਂ ਕੀਤੀ ਸੀ ਜਿਵੇਂ ਅੰਗਰੇਜ਼ਾਂ ਨੇ ਉਤਰ-ਪੱਛਮੀ ਕਬਾਇਲੀ ਪ੍ਰਦੇਸ਼ਾਂ 'ਤੇ ਅਧਿਕਾਰ ਲਾਭ ਦੇ ਲਈ ਨਹੀਂ ਬਲਕਿ ਭਾਰਤੀ ਸਾਮਰਾਜ ਦੀ ਸੁਰੱਖਿਆ ਦੇ ਲਈ ਕੀਤਾ।
- ਸ਼ੇਰ ਸ਼ਾਹ ਤੇਜ ਬੁੱਧੀ, ਸੂਝ-ਬੂਝ ਵਾਲਾ ਰਾਜਨੀਤਿਗ ਵਿਅਕਤੀ ਸੀ, ਇਸ ਲਈ ਉਸ ਨੂੰ ਦੇਸ ਵਿਚ ਸਥਾਈ ਸ਼ਾਂਤੀ ਅਤੇ ਸਥਿਰਤਾ ਨੂੰ ਮੁੜ ਸਥਾਪਨਾ ਦੀ ਸਰਵ ਉੱਚ ਜ਼ਰੂਰਤ ਦਾ ਆਭਾਸ ਹੋਇਆ, ਜਿਸ ਦੇ ਬਿਨ੍ਹਾਂ ਪ੍ਰਗਤਿ ਨਹੀਂ ਹੋ ਸਕਦੀ ਸੀ। ਇਸ ਹਾਲਤ ਵਿਚ ਕਠੋਰ ਲੇਕਿਨ ਇਸ ਤੋਂ ਇਲਾਵਾ ਨਿਰਦਈ ਕਾਰਵਾਈ ਦੀ ਜ਼ਰੂਰਤ ਸੀ ਅਤੇ ਇਹ ਕਹਿਣਾ ਗੈਰ-ਜ਼ਰੂਰੀ ਲਗਦਾ ਹੈ ਕਿ ਸ਼ੇਰ ਸ਼ਾਹ ਇਸ ਉਦੇਸ਼ ਵਿਚ ਕਾਫੀ ਹੱਦ ਤਕ ਸਫਲ ਹੋਇਆ। ਉਸ ਨੇ ਨਿਆਂਪ੍ਰਿਯ ਅਤੇ ਪ੍ਰਗਤਿਸ਼ਿਲ ਪ੍ਰਸ਼ਾਸ਼ਨ ਦੁਆਰਾ ਜਿਸ ਦਾ ਪ੍ਰਯੋਜਨ ਹੀ ਜਨਤਾ ਦੀ ਭਲਾਈ ਅਤੇ ਉੱਨਤੀ ਸੀ, ਆਪਣੀ ਜਨਤਾ ਦੇ ਦਿਲਾਂ ਵਿਚ ਸ਼ਾਸਕ ਦੇ ਪ੍ਰਤਿ ਸ਼ਰਧਾ ਅਤੇ ਵਿਸ਼ਵਾਸ਼ ਦਾ ਬੀਜ ਬੀਜਿਆ।
- ਸ਼ੇਰ ਸ਼ਾਹ ਨਾ ਕੇਵਲ ਇੱਕ ਮਹਾਨ ਜੇਤੂ ਸੀ ਲੇਕਿਨ ਫਿਰ ਵੀ ਇੱਕ ਉੱਤਮ ਪ੍ਰਸ਼ਾਸ਼ਕੀਅ ਪ੍ਰਤਿਭਾ ਵਾਲਾ ਸਮਰਾਟ ਵੀ ਸੀ। ਪੰਜ ਸਾਲਾਂ ਦੇ ਥੋੜੇ ਜਿਹੇ ਸਮੇਂ ਵਿਚ ਉਸ ਨੇ ਪ੍ਰਸ਼ਾਸ਼ਨ ਵਿਚ ਅਨੇਕ ਲੰਬੇ ਚੌੜੇ ਸੁਧਾਰ ਕੀਤੇ। ਹਾਲਾਂ ਕਿ ਇਹ ਕੋਈ ਨਵਾਂ ਰੀਤੀ ਸੰਚਾਲਕ ਨਹੀਂ ਸੀ ਤਾ ਵੀ ਉਹ ਇੱਕ ਅਸਾਧਾਰਨ ਸੁਧਾਰਕ ਜ਼ਰੂਰ ਸੀ।
- ਸ਼ੇਰ ਸ਼ਾਹ ਕਿਸਾਨਾਂ ਦੀ ਭਲਾਈ ਦਾ ਬਹੁਤ ਧਿਆਨ ਰੱਖਦਾ। ਉਹ ਗੜਬੜੀ ਦੇ ਸਮਾਂ ਲਗਾਨ ਘਟਾ ਦਿੰਦਾ ਜਾਂ ਹਟਾ ਦਿੰਦਾ। ਉਸ ਨੇ ਲਗਾਨ ਅਧਿਕਾਰੀਆਂ ਨੂੰ ਖਾਸ ਆਦੇਸ਼ ਦੇ ਰੱਖੇ ਸਨ ਕਿ ਲਗਾਨ ਦੀ ਜਾਂਚ ਦੇ ਸਮੇਂ ਨਰਮੀ ਦਾ ਵਿਵਹਾਰ ਕਰਨ। ਉਹ ਆਪਣੇ ਅਧਿਕਾਰੀਆਂ ਉੱਤੇ ਤੇਜ ਨਿਗ੍ਹਾ ਰੱਖਦਾ ਕਿ ਕਿਤੇ ਉਹ ਕਿਸੀ ਤਰ੍ਹਾਂ ਕਿਸਾਨਾਂ ਨੂੰ ਦੁਖੀ ਨਾ ਕਰਨ ਜਾਂ ਉਨ੍ਹਾ ਉੱਤੇ ਅੱਤਿਆਚਾਰ ਨਾ ਕਰਨ। ਜੇਕਰ ਉਸ ਦੇ ਸੈਨਿਕ ਕਿਸਾਨਾਂ ਦੀ ਫਸਲਾਂ ਨੂੰ ਨਸ਼ਟ ਕਰਦੇ ਤਾਂ ਉਹ ਉਨ੍ਹਾਂ ਨੂੰ ਕਠੋਰ ਸਜ਼ਾ ਦਿੰਦਾ।
- ਸ਼ੇਰ ਸ਼ਾਹ ਨੇ ਸੜਕਾਂ ਦੇ ਕਿਨਾਰੇ-ਕਿਨਾਰੇ ਕੋਈ 1700 ਸਰਾਵਾਂ ਬਣਵਾਈਆਂ। ਹਰ ਸਰਾਂ ਵਿਚ ਦੋ ਹਿੱਸੇ ਸਨ। ਇੱਕ ਹਿੰਦੂਆਂ ਦੇ ਲਈ ਅਤੇ ਦੂਜਾ ਮੁਸਲਮਾਨਾਂ ਦੇ ਲਈ। ਉੱਥੇ ਹਿੰਦੂਆਂ ਦੀ ਸੇਵਾ ਲਈ ਇੱਕ ਬ੍ਰਾਹਮਣ ਰੱਖਿਆ ਅਤੇ ਮੁਸਲਮਾਨਾਂ ਦੇ ਲਈ ਇੱਕ ਈਮਾਮ।

## 10.6 ਸ਼ਬਦਕੋਸ਼ (Keywords)

- **ਲਗਾਨ (Revenue)**: ਰਾਜ ਦੀ ਆਮਦਨ।
- **ਚੜ੍ਹਾਈ (Siege)**: ਆਕ੍ਰਮਣ।

ਨੋਟ

## 10.7 ਅਭਿਆਸ ਪ੍ਰਸ਼ਨ (Review Questions)

1. ਸ਼ੇਰ ਸ਼ਾਹ ਸੂਰੀ ਦੇ ਪ੍ਰਾਰੰਭਿਕ ਜੀਵਨ ਦਾ ਵਰਣਨ ਕਰੋ।
2. ਸ਼ੇਰ ਸ਼ਾਹ ਦੀ ਭਾਰਤ ਜਿੱਤ ਦਾ ਸੰਖੇਪ ਵਿਚ ਵਰਣਨ ਕਰੋ।
3. ਸ਼ੇਰ ਸ਼ਾਹ ਨੇ ਜਨਤਾ ਦੀ ਭਲਾਈ ਲਈ ਕੀ ਕੀ ਕੀਤਾ?
4. ਸ਼ੇਰ ਸ਼ਾਹ ਸੂਰੀ ਦੇ ਕੇਂਦਰੀ ਪ੍ਰਸ਼ਾਸਨ ਦਾ ਵਰਣਨ ਕਰੋ।
5. ਸ਼ੇਰ ਸ਼ਾਹ ਸੂਰੀ ਦੇ ਲਗਾਨ ਪ੍ਰਣਾਲੀ ਦਾ ਵਰਣਨ ਕਰੋ।

**ਉੱਤਰ : ਸਵ-ਮੂਲਾਂਕਣ (Answer: Self Assessment)**

| | | | | | |
|---|---|---|---|---|---|
| 1. | (i) ਫਰੀਦ | (ii) ਹਸਨ | (iii) ਬਹਾਰ ਖਾਂ | (iv) 1529 ਈ: | (v) ਪੰਜਾਬ |
| 2. | (i) (ਅ) | (ii) (ਬ) | (iii) (ਸ) | | |
| 3. | (i) ਸੱਚ | (ii) ਝੂਠ | (iii) ਸੱਚ | (iv) ਝੂਠ | (v) ਸੱਚ |

## 10.8 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਪੂਰਵ ਮੱਧ ਕਾਲੀਨ ਭਾਰਤ ਦਾ ਸਾਮੰਤ ਸਮਾਜ ਅਤੇ ਸੰਸਕ੍ਰਿਤੀ — ਰਾਮਸ਼ਰਣ ਸ਼ਰਮਾ, ਰਾਜਕਮਲ ਪ੍ਰਕਾਸ਼ਨ।
2. ਅਰਲੀ ਮਿਡਾਈਵਲ ਇੰਡੀਆ—ਅਵਧ ਬਿਹਾਰੀ ਪਾਡੇ, ਸੈਨਟ੍ਰਲ ਬੁਕ ਡਿਪੋ।
3. ਮੱਧ ਕਾਲੀਨ ਭਾਰਤ ਦਾ ਇਤਿਹਾਸ– ਪ੍ਰਦੀਪ ਕੁਮਾਰ, ਆਰਯਾ ਪਬਲੀਕੇਸ਼ਨਜ਼।
4. ਮੱਧ ਕਾਲੀਨ ਭਾਰਤ ਵਿਚ ਨਗਰੀਕਰਣ – ਨਮਰਤਾ ਸਿੰਘ ਯੂਨੀਵਰਸਿਟੀ ਪਬਲੀਕੇਸ਼ਨਜ਼।
5. ਮੱਧ ਕਾਲੀਨ ਭਾਰਤ (ਦਿੱਲੀ ਸਲਤਨਤ) – ਰਹੀਸ ਸਿੰਘ, ਪਿਆਰਸਨ ਐਜੂਕੇਸ਼ਨ ਇੰਡੀਆ।

ਨੋਟ

# ਇਕਾਈ-11: ਅਕਬਰ (1556-1605) ਅਤੇ ਉਸਦੇ ਪਰਵਰਤੀ ਸ਼ਾਸਕ

# [Akbar (1556-1605) and His Successor Rulers]

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

11.1 ਅਕਬਰ ਦੀਆਂ ਜਿੱਤਾਂ (The Conquests of Akbar)

11.2 ਅਕਬਰ ਦਾ ਪ੍ਰਸ਼ਾਸ਼ਕਿਯ ਸੁਧਾਰ ਅਤੇ ਧਾਰਮਿਕ ਨੀਤੀ (Administrative Reforms and Religious Policy of Akbar)

11.3 ਡੈਕਣ ਅਤੇ ਜਹਾਂਗੀਰ ਦੀ ਧਰਮ ਸੰਬੰਧੀ ਨੀਤੀ (Deccan and Religious Policy of Jahangir)

11.4 ਸ਼ਾਹਜਹਾਂ (1627-1656 ਈ.) ਦੀ ਦੱਖਣ ਨੀਤੀ ਅਤੇ ਧਾਰਮਿਕ ਨੀਤੀ (Deccan Policy and Religious Policy of Shahjahan)

11.5 ਔਰੰਗਜੇਬ (1657-1707 ਈ.) ਦੀ ਦੱਖਣ ਨੀਤੀ ਅਤੇ ਧਾਰਮਿਕ ਨੀਤੀ (Deccan Policy and Religious Policy of Aurangzeb)

11.6 ਯਾਦ ਰੱਖਣਯੋਗ ਤੱਥ (Point to Remember)

11.7 ਸਾਰ ਅੰਸ਼ (Summary)

11.8 ਸ਼ਬਦਕੋਸ਼ (Keywords)

11.9 ਅਭਿਆਸ ਪ੍ਰਸ਼ਨ (Review Questions)

11.10 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਦੀ ਭਾਰਤ ਜਿੱਤ ਸੰਬੰਧੀ ਜਾਣਕਾਰੀ ਮਿਲੇਗੀ।
- ਅਕਬਰ ਦਾ ਪ੍ਰਸ਼ਾਸਨਿਕ ਸੁਧਾਰ ਅਤੇ ਧਾਰਮਿਕ ਨੀਤੀ ਨੂੰ ਜਾਨਣ ਵਿਚ।
- ਦੱਕਨ ਅਤੇ ਜਹਾਂਗੀਰ ਦਾ ਧਰਮ ਸੰਬੰਧੀ ਨੀਤੀ ਨੂੰ ਜਾਣ ਸਕਣਗੇ।
- ਨੂਰਜਹਾਂ ਦੀ ਰਾਜਨੀਤਿਕ ਭੂਮਿਕਾ ਨੂੰ ਸਮਝ ਸਕਣਗੇ।
- ਸ਼ਾਹਜਹਾਂ ਦੀ ਦੱਖਣ ਨੀਤੀ ਅਤੇ ਧਾਰਮਿਕ ਨੀਤੀ ਨੂੰ ਸਮਝ ਪਾਉਣਗੇ।
- ਔਰਗਜੇਬ ਦੀ ਦੱਖਣੀ ਨੀਤੀ ਅਤੇ ਧਾਰਮਿਕ ਨੀਤੀ ਨਾਲ ਸਬੰਧਿਤ ਜਾਣਕਾਰੀ ਪ੍ਰਾਪਤ ਹੋਵੇਗੀ।
- ਯਾਦ ਰੱਖਣ ਯੋਗ ਸੱਚਾਂ ਦੀ ਜਾਣਕਾਰੀ ਪ੍ਰਾਪਤ ਕਰਨ ਬਾਰੇ।

ਨੋਟ

## ਜਾਣਕਾਰੀ (Introduction)

ਜਲਾਲੁਦੀਨ ਮੁਹੰਮਦ ਅਕਬਰ ਨਿਸਚੈ ਹੀ ਸਾਰੇ ਮੁਗਲ ਸਮਰਾਟਾਂ ਵਿਚੋਂ ਸਭ ਤੋਂ ਮਹਾਨ ਅਤੇ ਸੰਸਾਰ ਦੇ ਅਤਿਅੰਤ ਪ੍ਰਸਿੱਧ ਸਮਰਾਟਾਂ ਵਿਚੋਂ ਇੱਕ ਹੈ। ਹਮਾਯੂੰ ਦੇ ਇਸ ਪ੍ਰਿਯ ਪੁੱਤਰ ਦਾ ਜਨਮ 1542 ਈ. ਵਿਚ ਹੋਇਆ ਅਤੇ ਅਜੇ ਉਹ ਚੌਦਾਂ ਸਾਲ ਦਾ ਹੀ ਸੀ ਜਦੋਂ 1556 ਈ. ਵਿਚ ਉਹ ਸਿੰਘਾਸਨ ਉੱਤੇ ਬੈਠਿਆ। ਚਾਹੇ ਇਸ ਛੋਟੇ ਜਿਹੇ ਬਾਲਕ ਨੂੰ ਸਿੰਘਾਸਨ ਉੱਤੇ ਬੈਠਦੇ ਹੀ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਲੇਕਿਨ ਫਿਰ ਵੀ ਇਸ ਨੇ ਆਪਣੇ ਉੱਪਰ ਆਪਣੇ ਪ੍ਰਤਿਯੋਗੀਆਂ ਨੂੰ ਕੁਚਲਣ ਅਤੇ ਸਾਰੇ ਭਾਰਤ ਉੱਤੇ ਅਧਿਕਾਰ ਕਰਨ ਦਾ ਕਾਰਜ ਭਾਰ ਲੈ ਲਿਆ। ਉਹ ਆਪਣੇ ਸਰਦਾਰਾਂ ਅਤੇ ਸੈਨਾਪਤੀਆਂ ਦੀ ਸਹਾਇਤਾ ਨਾਲ ਲਗਭਗ ਸਾਰੇ ਉੱਤਰੀ ਭਾਰਤ ਅਤੇ ਦੱਖਣ ਦੇ ਕੁਝ ਪ੍ਰਦੇਸ਼ਾਂ ਉੱਤੇ ਅਧਿਕਾਰ ਕਰਨ ਵਿਚ ਸਫਲ ਹੋ ਗਿਆ। ਇਸ ਤਰ੍ਹਾਂ ਉਸ ਨੇ ਇੱਕ ਵਿਸ਼ਾਲ ਸਾਮਰਾਜ ਰਚ ਦਿੱਤਾ ਅਤੇ ਫਿਰ ਇੱਕ ਉੱਤਮ ਪ੍ਰਸ਼ਾਸਨ ਪ੍ਰਣਾਲੀ ਪ੍ਰਦਾਨ ਕਰਕੇ ਉਸ ਨੂੰ ਸੁਦ੍ਰਿੜ੍ਹ ਵੀ ਬਣਾ ਦਿੱਤਾ। ਇੱਕ ਚਾਲਾਕ ਰਾਜਨੀਤਿਗ ਹੋਣ ਦੇ ਨਾਤੇ ਉਸ ਨੇ ਰਾਜਪੂਤਾਂ ਨੂੰ ਆਪਣੇ ਨਾਲ ਮਿਲਾ ਲਿਆ, ਜਿਨ੍ਹਾਂ ਨੇ ਮੁਗਲ ਸਾਮਰਾਜ ਦੀ ਸੇਵਾ ਵਿਚ ਆਪਣੀਆਂ ਜਾਨਾਂ ਤਕ ਕੁਰਬਾਨ ਕਰ ਦਿੱਤੀਆਂ। ਉਸਨੇ ਧਰਮ ਨਿਰਪੇਖ (Secular) ਨੀਤੀ ਆਪਣਾ ਕੇ ਹਿੰਦੂਆਂ ਨੂੰ ਆਪਣੇ ਸ਼ਾਸਨ ਦਾ ਸਮਰਥਕ ਬਣਾ ਲਿਆ। ਉਸ ਨੇ ਕਲਾ ਅਤੇ ਸਾਹਿਤ ਦੇ ਵਾਧੇ ਲਈ ਬਹੁਤ ਕੁਝ ਕੀਤਾ। ਸਭ ਤੋਂ ਵੱਡੀ ਗੱਲ ਕਿ ਉਸਨੇ ਬਹੁਤ ਸਾਰੇ ਸਮਾਜਿਕ ਸੁਧਾਰ ਕੀਤੇ ਅਤੇ ਰਾਤ ਦਿਨ ਆਪਣੇ ਨੂੰ ਆਪਣੀ ਜਨਤਾ ਦੀ ਭਲਾਈ ਵਿਚ ਲਗਾ ਦਿੱਤਾ। ਇਨ੍ਹਾਂ ਸਭ ਗੱਲਾਂ ਦੇ ਫਲਸਰੂਪ ਉਹ ਸੰਸਾਰ ਦੇ ਮਹਾਨ ਸਮਰਾਟਾਂ ਵਿਚ ਸਥਾਨ ਰੱਖਦਾ ਹੈ ਅਤੇ ਅਕਬਰ ਮਹਾਨ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

*ਨੋਟਸ* ਅਕਬਰ ਦਾ ਅਸਲ ਨਾਂ ਜਲਾਲੁਦੀਨ ਮੁਹੰਮਦ ਅਕਬਰ ਸੀ।

## 11.1 ਅਕਬਰ ਦੀਆਂ ਜਿੱਤਾਂ (The Conquests of Akbar)

ਜਨਵਰੀ 1556 ਈ. ਵਿਚ ਹਮਾਯੂੰ ਦੀ ਮ੍ਰਿਤੂ ਦੇ ਬਾਅਦ ਉਸ ਦਾ ਪੁੱਤਰ ਅਕਬਰ ਸਿੰਘਾਸਨ ਉੱਤੇ ਬੈਠਿਆ। ਐਸਾ ਕਹਿ ਸਕਦੇ ਹਾ ਕਿ ਉਹ ਸਮਾਂ, ਜਿਹਾ ਕਿ ਡਾ. ਵੀ.ਐ. ਸਮਿੱਥ ਲਿਖਦਾ ਹੈ ਉਸ ਦੇ ਪਾਸ ਕੋਈ ਰਾਜ ਨਹੀਂ ਸੀ। ਉਸ ਦੇ ਕੋਲ ਜੇਕਰ ਕੁਝ ਸੀ ਤਾ ਪੰਜਾਬ ਦਾ ਕੁਝ ਇਲਾਕਾ ਉਹ ਵੀ ਸਭ ਪਾਸਿਆਂ ਤੋਂ ਸਤਰੂਆਂ ਨਾਲ ਘਿਰਿਆ ਹੋਇਆ ਸੀ। ਅਫਗਾਨ ਸਰਦਾਰ ਸ਼ਾਹ ਆਦਿਲ ਅਜੇ ਜੀਵਤ ਸੀ ਅਤੇ ਉਸ ਦਾ ਸੈਨਾਪਤੀ ਹੇਮੂ ਟੱਕਰ ਦੇ ਲਈ ਇੱਕ ਚੰਗੀ ਸ਼ਕਤੀ ਬਣ ਚੁੱਕਿਆ ਸੀ। ਰਾਜਪੂਤ ਲੋਕ ਆਪਣੇ ਸਥਾਨ ਉੱਤੇ ਬੈਠੇ ਸਨ ਅਤੇ ਮੇਵਾੜ, ਜੋਧਪੁਰ, ਰਣਥੰਭੌਰ, ਕਾਲਿੰਜਰ ਅਤੇ ਜੈਸਲਮੇਰ ਜਿਹੇ ਸੁਤੰਤਰ ਰਾਜਾਂ ਵਿਚ ਪਹਿਲਾਂ ਦੀ ਤਰ੍ਹਾਂ ਸ਼ਕਤੀਸ਼ਾਲੀ ਬਣੇ ਹੋਏ ਸਨ। ਮਾਲਵਾ ਗੋਂਦਵਾੜਾ ਅਤੇ ਗੁਜਰਾਤ ਵੀ ਸਵਾਧੀਨ ਬਣ ਬੈਠੇ ਸਨ। ਉੱਧਰ ਪੱਛਮ ਦੀ ਵੱਲ ਮੁਲਤਾਨ ਅਤੇ ਸਿੰਧ ਸੁਤੰਤਰ ਰਾਜ ਬਣ ਚੁੱਕੇ ਸਨ। ਅਹਿਮਦ ਨਗਰ, ਬੀਜਾਪੁਰ, ਗੋਲਕੁੰਡਾ, ਬੀਦਾਰ ਅਤੇ ਬਰਾਰ ਦੇ ਦੱਖਣੀ ਰਾਜ ਇੰਨੇ ਹੀ ਸਵਾਧੀਨ ਹੋ ਗਏ ਸਨ ਜਿੰਨੇ ਕਿ ਬਾਬਰ ਦੇ ਭਾਰਤ ਆਕ੍ਰਮਣ ਦੇ ਸਮੇਂ ਸਨ। ਇਸ ਲਈ ਇਹ ਗੱਲ ਸਪੱਸ਼ਟ ਕਿ ਅਕਬਰ ਦੇ ਸਾਹਮਣੇ ਇੱਕ ਪਹਾੜ ਜਿਹਾ ਕੰਮ ਸੀ ਅਤੇ ਕਠਿਨ ਵੀ ਇਸ ਲਈ ਕਿ ਉਸ ਸਮੇਂ ਅਕਬਰ ਅਜੇ ਚੌਦਾ ਸਾਲ ਦਾ ਬਾਲਕ ਸੀ।

ਅਕਬਰ ਇੱਕ ਬਹੁਤ ਹੀ ਅਭਿਲਾਸ਼ਾ ਨਾਲ ਭਰਿਆ ਨੌਜਵਾਨ ਸੀ। ਆਪਣੇ ਸਰਦਾਰਾਂ ਅਤੇ ਸੈਨਾਪਤੀਆਂ ਦੀ ਸਹਾਇਤਾ ਨਾਲ ਉਸ ਨੇ ਆਪਣੇ ਉਪਰ ਆਪਣੇ ਪ੍ਰਤਿਯੋਗੀਆਂ ਨੂੰ ਕੁਚਲਣ ਦਾ ਕਾਰਜ ਭਾਰ ਲੈ ਲਿਆ ਅਤੇ ਉਹ ਵਿਜੈ ਯਾਤਰਾ ਉੱਤੇ ਚਲ ਪਿਆ। ਜਦੋਂ ਤਕ ਉਹ ਭਾਰਤ ਦੇ ਵੱਡੇ ਭੂ ਭਾਗ ਦਾ ਸਵਾਮੀ ਨਹੀਂ ਬਣ ਗਿਆ ਉਸਨੇ ਵਿਸ਼ਰਾਮ ਨਹੀਂ ਕੀਤਾ। ਉਸ ਦੀ ਵੱਡੀ ਵੱਡੀ ਜਿੱਤਾਂ ਦਾ ਸੰਖੇਪ ਨਾਲ ਵਰਣਨ ਹੇਠਾਂ ਦਿੱਤਾ ਜਾਂਦਾ ਹੈ।

(1) **ਪਾਨੀਪਤ ਦੀ ਦੂਜੀ ਲੜਾਈ** (Second Battle of Panipat 1556)— ਮੁਹੰਮਦ ਸ਼ਾਹ ਆਇਲ ਦਾ ਪ੍ਰਧਾਨ ਮੰਤਰੀ ਹੇਮੂ ਅਕਬਰ ਦਾ ਸਭ ਤੋਂ ਖਤਰਨਾਕ ਪ੍ਰਤਿਯੋਗੀ ਸੀ। ਉਹ ਇੱਕ ਅਭਿਲਾਸ਼ਾ ਵਾਲਾ ਹਿੰਦੂ ਸ਼ਾਸਕ ਸੀ ਜਿਹੜਾ ਸਾਰੇ ਭਾਰਤ ਦਾ ਸ਼ਾਸਕ ਬਣ ਜਾਣ ਦਾ ਸੁਪਨਾ ਦੇਖ ਰਿਹਾ ਸੀ। ਉਸ ਨੇ ਇੱਕ ਵੱਡੀ ਭਾਰੀ ਸੈਨਾ ਦਾ ਪ੍ਰਬੰਧ ਕੀਤਾ ਆਗਰਾ ਉੱਤੇ ਅਧਿਕਾਰ ਕਰ ਲਿਆ ਤਦ ਉਹ ਦਿੱਲੀ ਦੇ ਵੱਲ ਵਧਿਆ। ਦਿੱਲੀ ਦਾ ਮੁਗਲ ਰਾਜਪਾਲ ਤਾਰਦੀ ਬੇਗ ਉਸ ਦੇ ਵਿਰੁਧ ਲੜਨ ਦਾ ਸਾਹਸ ਨਾ ਕਰ ਸਕਿਆ। ਨਤੀਜਾ ਇਹ ਹੋਇਆ ਕਿ ਦਿੱਲੀ ਵੀ ਹੇਮੂ ਦੇ ਹੱਥ ਆ ਗਿਆ। ਐਸੀ ਭਿਆਨਕ ਸਥਿਤੀ ਨੂੰ ਦੇਖ ਕੇ ਅਕਬਰ ਵੀ ਘਬਰਾ ਗਿਆ। ਲੇਕਿਨ ਸੁਭਾਗ ਨਾਲ ਬੈਰਮ ਖਾਂ ਉਸ ਦੀ ਸਹਾਇਤਾ ਲਈ ਆ ਪਹੁੰਚਿਆ। ਅਕਬਰ ਦੇ ਇਸ ਵਫਾਦਾਰ ਸੰਰੱਖਿਅਕ ਨੇ ਝੱਟ ਤਾਰਦੀ ਖਾਂ ਨੂੰ ਮਰਵਾ ਦਿੱਤਾ, ਸੈਨਾ ਇੱਕਠੀ ਕੀਤੀ ਅਤੇ ਹੇਮੂ ਉੱਤੇ ਹਮਲਾ ਕਰ ਦਿੱਤਾ। ਹੇਮੂ ਰਾਜਧਾਨੀ ਤੋਂ ਨਿਕਲ ਪਿਆ। ਉਸ ਦੇ ਨਾਲ ਇਸ ਤਰ੍ਹਾਂ ਸੈਨਾ ਬਾਹਰ ਬਾਹਰ ਆਈ ਜਿਵੇਂ ਰੇਗਿਸਤਾਨ ਤੋਂ ਟਿੱਡੀਦਲ ਅਤੇ ਕੀੜਿਆਂ ਬਾਹਰ ਆ ਰਹੀਆਂ ਹੋਣ। ਪਾਨੀਪਤ ਦੇ

ਇਤਿਹਾਸਿਕ ਮੈਦਾਨ ਵਿਚ ਨਵੰਬਰ 1556 ਈ. ਨੂੰ ਮੁਗਲਾਂ ਅਤੇ ਅਫਗਾਨਾਂ ਦੇ ਵਿਚਕਾਰ ਇੱਕ ਘਮਾਸਾਨ ਲੜਾਈ ਹੋਈ, ਜਿਸ ਵਿਚ ਮੁਗਲ ਜੇਤੂ ਹੋਏ। ਹੇਮੂ ਫੜਿਆ ਗਿਆ ਅਤੇ ਬਾਅਦ ਵਿਚ ਉਸ ਨੂੰ ਫਾਂਸੀ ਉੱਤੇ ਲਟਕਾ ਦਿੱਤਾ ਗਿਆ।

ਪਾਨੀਪਤ ਦੀ ਦੂਜੀ ਲੜਾਈ ਇੱਕ ਦੂਰ ਸਥਿਤੀ ਮਹੱਤਵ ਦੀ ਘਟਨਾ ਸਿੱਧ ਹੋਈ। ਇਸ ਦੇ ਪਰਿਣਾਮ ਸਰੂਪ ਭਾਰਤ ਦੇ ਸਾਮਰਾਜ ਉੱਤੇ ਅਫਗਾਨਾਂ ਦਾ ਦਾਅਵਾ ਸਦਾ ਦੇ ਲਈ ਖਤਮ ਹੋ ਗਿਆ ਅਤੇ ਇਸ ਤਰ੍ਹਾਂ ਭਾਰਤ ਵਿਚ ਮੁਗਲ ਸਾਮਰਾਜ ਦੀ ਮੁੜ ਸਥਾਪਨਾ ਦੇ ਲਈ ਜਮੀਨ ਤਿਆਰ ਹੋ ਗਈ।

(2) **ਦਿੱਲੀ ਅਤੇ ਆਗਰਾ ਉੱਤੇ ਅਧਿਕਾਰ** (Occupation of Delhi and Agra) – ਪਾਨੀਪਤ ਦੀ ਜਿੱਤ ਦੇ ਬਾਅਦ ਅਕਬਰ ਸਿੱਧਾ ਦਿੱਲੀ ਦੇ ਵੱਲ ਵਧਿਆ। "ਨਗਰ ਦੇ ਹਰ ਵਰਗ ਦੇ ਨਿਵਾਸੀ ਸਮਰਾਟ ਦਾ ਉਚਿੱਤ ਸੁਵਾਗਤ ਕਰਨ ਅਤੇ ਉਸਨੂੰ ਮਾਣ ਵਡਿਆਈ ਨਾਲ ਨਗਰ ਵਿਚ ਲੈ ਜਾਣ ਲਈ ਬਹੁਤ ਸੰਖਿਆ ਵਿਚ ਬਾਹਰ ਨਿਕਲ ਆਏ।" ਬਿਨਾਂ ਕਿਸੀ ਕਠਿਨਾਈ ਦੇ ਉਹ ਆਗਰਾ ਉੱਤੇ ਅਧਿਕਾਰ ਕਰਨ ਵਿਚ ਵੀ ਉਹ ਸਫਲ ਹੋਇਆ।

(3) **ਸਿਕੰਦਰ ਸੁਰ ਦੀ ਹਾਰ** (Submission of Sikandar Sur) (1557) – 1557 ਈ. ਦੀ ਸ਼ੁਰੂਆਤ ਵਿਚ ਬੈਗਮ ਖਾਂ ਨੇ ਸਿਕੰਦਰ ਸੁਰ ਦੇ ਵਿਰੁਧ ਸੈਨਾ ਭੇਜੀ ਸਿਵਾਲੀਕ ਪਹਾੜੀਆਂ ਦੇ ਵੱਲ ਨੱਸ ਗਿਆ ਸੀ। ਉਸ ਨੇ ਆਪਣੇ ਆਪ ਨੂੰ ਮਾਨਕੋਟ ਦੇ ਕਿਲ੍ਹੇ ਵਿਚ ਬੰਦ ਕਰ ਰੱਖਿਆ ਸੀ। ਮੁਗਲਾਂ ਨੇ 6 ਮਹੀਨੇ ਦੇ ਲਈ ਇਸ ਕਿਲ੍ਹੇ ਦਾ ਘੇਰਾ ਪਾ ਕੇ ਰੱਖਿਆ। ਅੰਤ ਵਿਚ ਸਿਕੰਦਰ ਸੁਰ ਨੇ ਹਾਰ ਮੰਨ ਲਈ। ਉਸ ਨੇ ਮੁਗਲ ਪ੍ਰਭੂਸੱਤਾ ਨੂੰ ਸਵੀਕਾਰ ਕਰ ਲਿਆ। ਹਾਰ ਮੰਨਣ ਦੇ ਬਦਲੇ ਵਿਚ ਉਸ ਨੂੰ ਇੱਕ ਜਾਗੀਰ ਮਿਲ ਗਈ।

(4) **ਗਵਾਲਿਅਰ ਅਤੇ ਜੌਨਪੁਰ ਦੀ ਜਿੱਤ** (Conquest of Gwalior and Jaunpur) (1558–60)—ਗਵਾਲਿਅਰ ਦਾ ਪ੍ਰਸਿੱਧ ਕਿਲ੍ਹਾਂ ਸੁਲਤਾਨ ਮੁਹੰਮਦ ਸ਼ਾਹ ਆਦਿਲ ਦੇ ਇੱਕ ਦਾਸ ਸੁਹੇਲ ਦੇ ਹੱਥ ਵਿਚ ਸੀ। 1558 ਈ: ਦੇ ਅੰਤ ਵਿਚ ਅਕਬਰ ਨੇ ਹਬੀਬ ਅਲੀ ਸੁਲਤਾਨ ਅਤੇ ਕਿਆ ਖਾਂ ਨੂੰ ਇਸ ਕਿਲ੍ਹੇ ਉੱਤੇ ਅਧਿਕਾਰ ਕਰਨ ਭੇਜਿਆ। ਸੁਹੇਲ ਨੇ ਕੁਝ ਦੇਰ ਮੁਕਾਬਲਾ ਕੀਤਾ ਲੇਕਿਨ ਬਾਅਦ ਵਿਚ ਆਪਣੇ ਆਪ ਨੂੰ ਬੇਸਹਾਰਾ ਪਾ ਕੇ ਉਸ ਨੇ ਹਥਿਆਰ ਸੁੱਟ ਦਿੱਤੇ। ਇਸ ਉੱਤੇ ਗਵਾਲਿਅਰ ਲੈ ਲਿਆ ਗਿਆ। ਮਾਰਚ 1559 ਈ: ਵਿਚ ਖਾਂ ਜਮਾਨ ਨੂੰ ਇੱਕ ਬੜੀ ਸੈਨਾ ਲੈ ਕੇ ਜੌਨਪੁਰ ਭੇਜਿਆ ਗਿਆ ਅਤੇ ਉਹ ਇਸ ਪ੍ਰਦੇਸ਼ ਨੂੰ ਜਿੱਤਣ ਅਤੇ ਇਸ ਨੂੰ ਸਾਮਰਾਜ ਇਲਾਕੇ ਵਿਚ ਸ਼ਾਮਲ ਕਰਨ ਵਿਚ ਸਫਲ ਹੋ ਗਿਆ।

(5) **ਮਾਲਵਾ ਦੀ ਜਿੱਤ** (Conquest of Malwa) (1561–62) – 1561 ਈ. ਵਿਚ ਅਕਬਰ ਨੇ ਮਾਲਵਾ ਉੱਤੇ ਚੜ੍ਹਾਈ ਕਰਨ ਦੇ ਲਈ ਆਧਮ ਖਾਂ ਨੇ ਅਧੀਨ ਇੱਕ ਸੈਨਾ ਭੇਜੀ। ਜਦੋਂ ਮਾਲਵਾ ਦੇ ਸ਼ਾਸਕ ਬਾਜ ਬਹਾਦੁਰ ਨੂੰ ਮੁਗਲਾਂ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਉਸ ਨੇ ਆਪਣੀ ਸੈਨਾ ਇਕੱਠੀ ਕੀਤੀ ਅਤੇ ਸੱਤਰੂ ਨਾਲ ਲੜਨ ਲਈ ਤਿਆਰ ਹੋ ਗਿਆ। ਲੇਕਿਨ ਬਦਕਿਸਮਤੀ ਉਸ ਦੀ ਸੈਨਾ ਦੇ ਅਫਗਾਨ ਸਰਦਾਰਾਂ ਨੇ ਉਸ ਨੂੰ ਧੋਖਾ ਦਿੱਤਾ ਅਤੇ ਇਸ ਲਈ ਉਹ ਖਾਨਦੇਸ ਦੇ ਵੱਲ ਨੱਸਣ ਨੂੰ ਮਜ਼ਬੂਰ ਹੋ ਗਿਆ। ਇਸ ਤਰ੍ਹਾਂ ਆਧਮ ਖਾਂ ਜੇਤੂ ਹੋਇਆ ਲੇਕਿਨ ਉਸ ਦਾ ਕੰਮ ਅਜੇ ਅਧੂਰਾ ਸੀ ਜਦੋਂ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਕਿਉਂਕਿ ਉਸ ਨੇ ਉਸ ਦੇਸ਼ ਵਿਚ ਬਹੁਤ ਅਤਿਆਚਾਰ ਕੀਤੇ ਸਨ। ਉਸ ਦੇ ਸਥਾਨ ਉੱਤੇ

ਪੀਰ ਮੁਹੰਮਦ ਨੂੰ ਲਿਆ ਗਿਆ। ਪੀਰ ਮੁਹੰਮਦ ਇਸ ਕੰਮ ਦੇ ਅਯੋਗ ਨਿਕਲਿਆ। ਬਾਜ ਬਹਾਦੁਰ ਨੇ ਉਸ ਦੀ ਕਮਜ਼ੋਰੀ ਦਾ ਫਾਇਦਾ ਚੁੱਕ ਕੇ ਮਾਲਵਾ ਨੂੰ ਇਕ ਵਾਰ ਫਿਰ ਆਪਣੇ ਅਧੀਨ ਕਰ ਲਿਆ। ਅਕਬਰ ਨੇ ਹੁਣ ਮਾਲਵਾ ਉੱਤੇ ਚੜ੍ਹਾਈ ਕਰਨ ਲਈ ਅਬਦੁੱਲਾ ਖਾਂ ਨੂੰ ਭੇਜਿਆ। ਬਾਜ ਬਹਾਦੁਰ ਮੁਕਾਬਲੇ ਵਿਚ ਨਾ ਠਹਿਰ ਸਕਿਆ ਇਸ ਲਈ ਉਹ ਨੱਸ ਗਿਆ। ਉਸ ਨੇ ਮੇਵਾੜ ਦੇ ਰਾਣਾ ਦੀ ਸ਼ਰਣ ਲਈ ਲੇਕਿਨ ਅੰਤ ਵਿਚ ਆਪਣੇ ਆਪ ਨੂੰ ਮੁਗਲਾਂ ਦੀ ਦਇਆ ਉੱਤੇ ਸੁੱਟ ਦਿੱਤਾ। ਇਸ ਤਰ੍ਹਾਂ ਮਾਲਵਾ ਉੱਤੇ ਅਧਿਕਾਰ ਕਰਕੇ ਉਸਨੂੰ ਮੁਗਲ ਰਾਜ ਵਿਚ ਮਿਲਾ ਲਿਆ।

(6) **ਗੌਂਦਵਾਨਾ ਦੀ ਜਿੱਤ** (Conquest of Gondwana) – ਗੌਂਦਵਾਨਾ ਉੱਤੇ ਵਾਸਤਵ ਵਿਚ ਇੱਕ ਸਮਝਦਾਰ ਅਤੇ ਸ਼ਕਤੀਸ਼ਾਲੀ ਮਹਿਲਾ ਰਾਣੀ ਦੁਰਗਾਵਤੀ ਸ਼ਾਸਨ ਕਰਦੀ ਸੀ ਜਿਹੜੀ ਆਪਣੇ ਨਾਬਾਲਿਗ ਬੇਟੇ ਵੀਰਨਾਰਾਇਣ ਦੇ ਸੰਰਖਿਅਕ (Regent) ਦਾ ਕੰਮ ਕਰਦੀ ਸੀ। 1564 ਈ. ਵਿਚ ਕਿਸੀ ਕਾਰਣ ਅਤੇ ਯੁਕਤੀ ਬਿਨਾਂ ਹੀ ਕਾਗ ਦੇ ਰਾਜਪਾਲ ਆਸਫ ਖਾਂ ਨੇ ਸਮਰਾਟ ਦੇ ਆਦੇਸ਼ ਅਨੁਸਾਰ ਰਾਣੀ ਦੇ ਵਿਰੁੱਧ ਚੜ੍ਹਾਈ ਕਰ ਦਿੱਤੀ। ਰਾਣੀ 20,000 ਘੋੜ ਸਵਾਰ ਅਤੇ 500 ਹਾਥੀ ਸਵਾਰਾਂ ਦੀ ਇੱਕ ਸੈਨਾ ਲੈ ਕੇ ਵੱਡੀ ਬਹਾਦਰੀ ਨਾਲ ਸੱਤਰੂ ਦਾ ਸਾਹਮਣਾ ਕੀਤਾ ਲੇਕਿਨ ਅੰਤ ਵਿਚ ਆਪਣੇ ਆਪਨੂੰ ਬੇਸਹਾਰਾ ਹੋ ਕੇ ਉਸ ਨੇ ਆਤਮ ਹੱਤਿਆ ਕਰ ਲਈ। ਉਸ ਨੇ ਅਪਮਾਨ ਤੋਂ ਮੌਤ ਨੂੰ ਚੰਗਾ ਸਮਝਿਆ। ਉਸ ਦਾ ਨਾਬਾਲਿਕ ਪੁੱਤਰ ਮਾਰਿਆ ਗਿਆ। ਗੌਂਦਵਾਨਾਂ ਨੂੰ ਮੁਗਲ ਸਾਮਰਾਜ ਵਿਚ ਮਿਲਾ ਲਿਆ ਗਿਆ।

(7) **ਚਿਤੌੜ ਦੀ ਜਿੱਤ** (Conquest of Chittor) (1567–68) — ਅਕਬਰ ਨੇ ਹੁਣ ਚਿਤੌੜ ਦੇ ਮਜਬੂਤ ਕਿਲ੍ਹੇ ਨੂੰ ਜਿੱਤਣ ਦਾ ਵਿਚਾਰ ਬਣਾਇਆ। ਉਸ ਨੇ ਮਿੱਤਰਤਾ ਅਤੇ ਵਿਵਾਹਿਕ ਸੰਬੰਧਾਂ ਦੁਆਰਾ ਕਈ ਰਾਜਪੂਤ ਸਰਦਾਰਾਂ ਨੂੰ ਪਹਿਲਾਂ ਹੀ ਆਪਣੇ ਪੱਖ ਵਿਚ ਕਰ ਰੱਖਿਆ ਸੀ ਲੇਕਿਨ ਮਾਰਵਾੜ ਦੇ ਉਦਅ ਸਿੰਘ ਨੇ ਉਸ ਦੀ ਪ੍ਰਭੂਸੱਤਾ ਸਵੀਕਾਰ ਨਹੀਂ ਕੀਤੀ ਸੀ। ਇਸ ਲਈ 1567 ਈ: ਵਿਚ ਅਕਬਰ ਨੇ ਖੁਦ ਉਸ ਉੱਤੇ ਚੜ੍ਹਾਈ ਕੀਤੀ। ਰਾਣਾ ਨੇ ਸੱਤ ਅੱਠ ਹਜ਼ਾਰ ਸੈਨਿਕ ਜੈਯਮਲ ਦੀ ਕਮਾਨ ਵਿਚ ਦੇ ਕੇ ਚਿਤੌੜ ਦੀ ਰੱਖਿਆ ਲਈ ਪਿੱਛੇ ਛੱਡੇ ਅਤੇ ਖੁਦ ਪਹਾੜਾਂ ਦੇ ਵੱਲ ਚਲਾ ਗਿਆ। ਕਹਿੰਦੇ ਹਨ ਕਿ ਸਮਰਾਟ ਅਕਬਰ ਨੇ

ਨੋਟ

ਇਹ ਪ੍ਰਤਿਗਿਆ ਕੀਤੀ ਕਿ ਜੇਕਰ ਮੈਂ ਸਫਲ ਹੋ ਜਾਵਾਂ ਤਾਂ ਮੈਂ ਅਜਮੇਰ ਵਿਚ ਖਵਾਜਾ ਸਲੀਮ ਦੇ ਮਕਬਰੇ ਦੀ ਯਾਤਰਾ ਕਰਾਂਗਾ। ਰਾਜਪੂਤ ਵੱਡੀ ਵੀਰਤਾ ਨਾਲ ਲੜੇ ਲੇਕਿਨ ਆਪਣੇ ਆਪ ਨੂੰ ਬੇਸਹਾਰਾ ਪਾ ਕੇ ਉਨ੍ਹਾਂ ਨੇ ਜੌਹਰ ਰਚ ਦਿੱਤਾ। ਜੈਯਮਲ ਯੁੱਧ ਭੂਮੀ ਵਿਚ ਵੀਰਤਾ ਨਾਲ ਲੜਦਾ ਹੋਇਆ ਮਾਰਿਆ ਗਿਆ। ਇਸ ਤਰ੍ਹਾਂ ਚਿਤੌੜ ਉੱਤੇ ਅਧਿਕਾਰ ਕਰ ਲਿਆ ਗਿਆ। ਸਮਰਾਟ ਨੇ ਪ੍ਰਤਿਗਿਆ ਅਨੁਸਾਰ ਅਜਮੇਰ ਦੀ ਯਾਤਰਾ ਕੀਤੀ ਅਤੇ ਮਾਰਚ 1568 ਈ: ਵਿਚ ਆਗਰਾ ਵਾਪਸ ਆ ਗਿਆ।

(8) **ਰਣਥਭੌਰ ਅਤੇ ਕਾਲਿੰਜਰ ਦੀ ਜਿੱਤ** (Conquest of Ranthambhor and Kalinjar) (1569 ਈ.) — ਦਿਸੰਬਰ 1568 ਈ. ਵਿਚ ਸਮਰਾਟ ਇੱਕ ਬੜੀ ਸੈਨਾ ਲੈ ਕੇ ਰਣਥਭੌਰ ਦੇ ਵੱਲ ਚੱਲ ਪਿਆ ਜਿਹੜਾ ਉਸ ਸਮੇਂ ਹਿੰਦੂਸਤਾਨ ਦਾ ਇੱਕ ਸੁਦ੍ਰਿੜ੍ਹ ਅਤੇ ਸਰਵਉੱਚ ਕਿਲ੍ਹਾ ਸੀ। ਅਗਲੇ ਸਾਲ ਦੀ ਫਰਵਰੀ ਤਕ ਉਹ ਮੋਰਚੇ ਤਕ ਪਹੁੰਚ ਗਏ। ਕਿਲ੍ਹੇ ਦੇ ਸੈਨਾਪਤੀ ਰਾਏ ਸੁਰਜਨ ਹਾਰਾ ਨੇ ਸੱਤਰੂ ਦੀ ਸ਼ਕਤੀ ਦੇ ਸਾਹਮਣੇ ਆਪਣੇ ਆਪ ਨੂੰ ਬੇਬਸ ਸਮਝ ਕੇ ਸੰਧੀ ਦੀ ਪ੍ਰਾਰਥਨਾ ਕੀਤੀ। ਉਸ ਨੇ ਪੁੱਤਰ ਢੱਡ ਅਤੇ ਭੋਜ ਨੂੰ ਸਮਰਾਟ ਦੇ ਕੋਲ ਭੇਜਿਆ। ਸਮਰਾਟ ਨੇ ਬਹੁਤ ਚੰਗੀ ਤਰ੍ਹਾਂ ਉਨ੍ਹਾਂ ਦਾ ਸੁਆਗਤ ਕੀਤਾ। ਤਦ ਰਾਏ ਵੀ ਸਮਰਾਟ ਨੂੰ ਮਿਲਣ ਗਿਆ। ਉਸ ਨੇ ਅੱਗੇ ਜਾ ਕੇ ਸਿਰ ਝੁਕਾਇਆ ਅਤੇ ਇਸ ਤਰ੍ਹਾਂ ਸਾਹੀ ਨੌਕਰੀ ਵਿਚ ਦਾਖਲ ਹੋਇਆ। ਉਸੀ ਸਾਲ ਮਜਨੂੰ ਖਾਂ ਨੂੰ ਕਾਲਿੰਜਰ ਦੇ ਕਿਲ੍ਹੇ ਉੱਤੇ ਅਧਿਕਾਰ ਕਰਨ ਲਈ ਭੇਜਿਆ। ਕਾਲਿੰਜਰ ਦੇ ਰਾਜਾ ਰਾਮ ਚੰਦਰ ਨੇ, ਜਿਸ ਨੇ ਚਿਤੌੜ ਅਤੇ ਰਣਥਭੌਰ ਦੇ ਕਿਲ੍ਹਿਆਂ ਉੱਤੇ ਮੁਗਲਾਂ ਦੇ ਅਧਿਕਾਰ ਦੀ ਖਬਰ ਸੁਣ ਲਈ ਸੀ, ਖੁਦ ਹੀ ਹਥਿਆਰ ਸੁੱਟ ਦਿੱਤੇ। ਇਸ ਤਰ੍ਹਾਂ ਅਗਸਤ 1569 ਈ. ਵਿਚ ਕਾਲਿੰਜਰ ਵੀ ਅਕਬਰ ਦੇ ਹੱਥ ਆ ਗਿਆ।

(9) **ਜੋਧਪੁਰ ਅਤੇ ਬੀਕਾਨੇਰ ਦੀ ਹਾਰ** (Submission of Jodhpur and Bikaner) — ਜੋਧਪੁਰ ਦੇ ਰਾਜਾ ਰਾਏ ਮੂਲ ਦੇਵ ਅਤੇ ਬੀਕਾਨੇਰ ਦੇ ਰਾਜਾ ਕਲਯਾਣ ਮਲ ਨੇ ਵੀ ਮੁਗਲ ਸਮਰਾਟ ਦੀ ਪ੍ਰਭੁੱਸਤਾ ਨੂੰ ਸਵੀਕਾਰ ਕਰ ਲਿਆ। ਜੋਧਪੁਰ ਦੇ ਰਾਜਾ ਨੇ ਆਪਣੇ ਬੇਟੇ ਚੰਦਰ ਸੈਨ ਨੂੰ ਸਲਾਮ ਪੇਸ਼ ਕਰਨ ਲਈ ਭੇਜਿਆ ਅਤੇ ਬੀਕਾਨੇਰ ਦੇ ਰਾਜਾ ਨੇ ਤਾਂ ਸਮਰਾਟ ਨੂੰ ਆਪਣੀ ਪੁੱਤਰੀ ਹੀ ਵਿਆਹ ਵਿਚ ਦੇ ਦਿੱਤੀ।

(10) **ਮੇਵਾੜ ਦੇ ਰਾਣਾ ਪ੍ਰਤਾਪ ਵਿਰੁਧ ਯੁੱਧ** (War against Rana Pratap of Mewar) (1572–97) — 1572 ਈ. ਵਿਚ ਉਦੈਅ ਸਿੰਘ ਦੀ ਮ੍ਰਿਤ ਦੇ ਬਾਅਦ ਮਹਾਰਾਣਾ ਪ੍ਰਤਾਪ ਮੇਵਾੜ ਦੇ ਸਿੰਘਾਸਨ ਉੱਤੇ ਬੈਠਿਆ। ਪ੍ਰਤਾਪ ਇੱਕ ਬਹੁਤ ਹੀ ਵੀਰ ਅਤੇ ਅਭਿਲਾਸ਼ਾ ਵਾਲਾ ਨੌਜਵਾਨ ਸੀ। ਉਹ ਪੱਕਾ ਦੇਸ਼ ਭਗਤ ਸੀ। ਉਹ ਚਿਤੌੜ ਨੂੰ ਮੁੜ ਜਿੱਤ ਲੈਣਾ ਅਤੇ ਮੇਵਾੜ ਰਾਜ ਦੀ ਸ਼ਾਨ ਨੂੰ ਮੁੜ ਸਥਾਪਿਤ ਕਰਨਾ ਚਾਹੁੰਦਾ ਸੀ। ਕਈ ਵਾਰ ਉਹ ਕਿਹਾ ਕਰਦਾ ਕਿ ਜੇਕਰ ਰਾਣਾ ਸਾਂਗਾ ਅਤੇ ਮੇਰੇ ਵਿਚਕਾਰ ਉਦੈਅ ਸਿੰਘ ਸ਼ਾਸਕ ਨਾ ਬਣਦਾ ਤਾਂ ਤੁਰਕ ਕਦੇ ਰਾਜਪੂਤਾਨਾ ਵਿਚ ਆ ਨਾ ਪਾਉਂਦੇ। ਪ੍ਰਤਾਪ ਸਮਰਾਟ ਅਕਬਰ ਦੇ ਸਾਹਮਣੇ ਝੁਕ ਜਾਣਾ ਅਤਿਅੰਤ ਨਿੰਦਾ ਅਤੇ ਅਪਮਾਨ ਦੀ ਗੱਲ ਸਮਝਦਾ ਸੀ। ਉਹ ਤਾਂ ਸਾਹਸਪੂਰਨ ਉਨ੍ਹਾਂ ਰਾਜਪੂਤਾਂ ਸਰਦਾਰਾਂ ਨੂੰ ਵੀ ਕਮਜੋਰ ਅਤੇ ਡਰਪੋਕ ਕਹਿ ਕੇ ਉਨ੍ਹਾਂ ਦੀ ਨਿੰਦਾ ਕਰਦਾ ਜਿਹੜੇ ਸਮਰਾਟ ਅਕਬਰ ਦੇ ਸਾਹਮਣੇ ਝੁਕ ਗਏ ਸਨ ਅਤੇ ਜਿਨ੍ਹਾਂ ਨੇ ਆਪਣੀਆਂ ਭੈਣਾਂ ਅਤੇ ਪੁੱਤਰੀਆਂ ਉਸਨੂੰ ਭੇਂਟ ਕਰ ਦਿੱਤੀਆਂ ਸਨ। ਹੁਣ ਭਲਾ ਅਕਬਰ ਇਸਨੂੰ ਕਿਵੇਂ ਸਹਿਨ ਕਰਦਾ ਇਸ ਲਈ ਉਸ ਨੇ ਰਾਣਾ ਪ੍ਰਤਾਪ ਦੇ ਵਿਰੁੱਧ ਯੁੱਧ ਦੀ ਘੋਸ਼ਣਾ ਕਰ ਦਿੱਤੀ।

ਮਾਨ ਸਿੰਘ ਦੀ ਅਗਵਾਈ ਵਿੱਚ ਮੁਗਲ ਸੈਨਾ ਨੇ ਰਾਣਾ 'ਤੇ ਚੜ੍ਹਾਈ ਕਰ ਦਿੱਤੀ। ਰਾਣਾ 3,000 ਘੋੜ ਸਵਾਰ ਲੈ ਕੇ ਉਨ੍ਹਾਂ ਨਾਲ ਲੜਨ ਆਇਆ। 1576 ਈ. ਵਿੱਚ ਹਲਦੀ ਘਾਟ ਦੀ ਜਗ੍ਹਾ 'ਤੇ ਲੜਾਈ ਹੋਈ। ਮਹਾਰਾਣਾ ਨੇ ਆਪਣੀ ਵੀਰਤਾ ਦਾ ਇਕ ਵਾਰ ਤਾਂ ਸਿੱਕਾ ਬਿਠਾ ਦਿੱਤਾ। ਪਰ ਉਸ ਨੂੰ ਇਕ ਗਹਿਰਾ ਜਖਮ ਲੱਗਾ ਅਤੇ ਇਸ ਲਈ ਉਹ ਪਹਾੜਾਂ ਵੱਲੋਂ ਹਟ ਗਿਆ। ਮੁਗਲ ਜੇਤੂ ਹੋਏ ਪਰ ਉਹ ਇੰਨਾ ਥੱਕ ਕੇ ਚੂਰ ਹੋ ਗਏ ਕਿ ਉਨ੍ਹਾਂ ਨੇ ਰਾਣਾ ਦਾ ਪਿੱਛਾ ਨਹੀਂ ਕੀਤਾ।

ਹਾਲਾਂ ਕਿ ਹਲਦੀ ਘਾਟੀ ਦੀ ਲੜਾਈ ਵਿਚ ਰਾਣਾ ਦੀ ਹਾਰ ਹੋਈ ਸੀ ਲੇਕਿਨ ਉਸ ਨੇ ਸਾਹਸ ਨਹੀਂ ਛੱਡਿਆ। ਉਹ ਆਪਣੀ ਮ੍ਰਿਤੂ ਦੇ ਦਿਨ ਤਕ ਮੁਗਲਾਂ ਦੇ ਵਿਰੁਧ ਲੜਦਾ ਰਿਹਾ ਅਤੇ ਉਸ ਦੇ ਬਾਅਦ ਉਸ ਦੇ ਪੁੱਤਰ ਅਮਰ ਸਿੰਘ ਨੇ ਯੁੱਧ ਜਾਰੀ ਰੱਖਿਆ।

(11) **ਗੁਜਰਾਤ ਦੀ ਜਿੱਤ** (Conquest of Gujarat) (1572–73) – ਅਕਬਰ ਗੁਜਰਾਤ ਉੱਤੇ ਅਧਿਕਾਰ ਕਰਨ ਲਈ ਵੱਡਾ ਤਾਂਘਵਾਨ ਸੀ। ਗੁਜਰਾਤ ਵਪਾਰਿਕ ਦ੍ਰਿਸਟੀਕੋਣ ਤੋਂ ਇੱਕ ਬਹੁਤ ਹੀ ਮਹੱਤਵ ਦਾ ਸਥਾਨ ਸੀ। ਇਹ ਉਸ ਦਾ ਸੁਭਾਗ ਸਮਝੋ ਕਿ ਗੁਜਰਾਤ ਵਿਚ ਉਸ ਸਮੇਂ ਕੋਈ ਸਰਕਾਰ ਪੱਕੇ ਰੂਪ ਵਿਚ ਨਹੀਂ ਸੀ। ਪ੍ਰਦੇਸ਼ ਸੱਤ ਹਿੱਸਿਆਂ ਵਿਚ ਵੰਡਿਆ ਹੋਇਆ ਸੀ ਜਿਹੜੇ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਅਤੇ ਜਿਨ੍ਹਾਂ ਦੇ ਉੱਪਰ ਨਾਮ ਮਾਤਰ ਨੂੰ ਇਕ ਰਾਜਾ ਮੁਜੱਫਰ ਸ਼ਾਹ ਰਾਜ ਕਰਦਾ ਸੀ ਜਿਸ ਦਾ ਵੰਸ਼ ਸੰਦੇਹ ਜਨਿਕ ਸੀ ਅਤੇ ਜਿਸ ਨੂੰ ਕੋਈ ਜ਼ਿਆਦਾ ਮਾਨਤਾ ਵੀ ਨਹੀਂ ਸੀ। ਸਥਿਤੀ ਇੰਨੀ ਚੰਗੀ ਸੀ ਕਿ ਉਥੋਂ ਦੇ ਇੱਕ ਸਰਦਾਰ ਇਤਿਮਾਦ ਖਾਂ ਨੇ ਅਕਬਰ ਨੂੰ ਨਿਮਤ੍ਰਨ ਹੀ ਭੇਜ ਦਿੱਤਾ। ਇਸ ਲਈ ਜੁਲਾਈ ਦੇ 1572 ਈ: ਵਿਚ ਅਕਬਰ ਆਪਣੀ ਰਾਜਧਾਨੀ ਤੋਂ ਨਿਕਲ ਪਿਆ। ਉਹ ਪਟਨਾ ਪਹੁੰਚਿਆ ਜਿੱਥੇ ਉਹ ਕੁਝ ਦਿਨ ਠਹਿਰਿਆ। ਉੱਥੇ ਮਾਨ ਸਿੰਘ ਵੀ ਆ ਮਿਲਿਆ ਉੱਥੇ ਤੋਂ ਉਹ ਅਹਿਮਦਾਬਾਦ ਲਈ ਚੱਲ ਦਿੱਤਾ ਜਿਹੜੀ ਗੁਜਰਾਤ ਦੀ ਰਾਜਧਾਨੀ ਸੀ ਅਤੇ ਸੰਸਾਰ ਦੇ ਸੁੰਦਰ ਤੋਂ ਸੁੰਦਰ ਨਗਰਾਂ ਵਿਚ ਇੱਕ ਮੰਨਿਆ ਜਾਂਦਾ ਸੀ। ਸੁਲਤਾਨ ਮੁਜੱਫਰ ਨੇ ਸਮਰਾਟ ਦਾ ਸੁਆਗਤ ਕੀਤਾ ਅਤੇ ਵੱਡੀ ਵਿਨਮਰਤਾ ਨਾਲ ਉਸ ਦੀ ਅਧੀਨਤਾ ਸਵੀਕਾਰ ਕਰ ਲਈ। ਇਤਿਮਾਦ ਖਾਂ ਨੇ ਅਹਿਮਦਾਬਾਦ ਦੇ ਖਜ਼ਾਨੇ ਦੀਆਂ ਕੁੰਜੀਆਂ ਵੀ ਸੌਂਪ ਦਿੱਤੀਆਂ ਅਤੇ ਹਰ ਤਰ੍ਹਾਂ ਦੀ ਅਧੀਨਤਾ ਦਾ ਚਿੰਨ੍ਹ ਪ੍ਰਗਟ ਕਰ ਦਿੱਤਾ।

ਨੋਟ

ਅਕਬਰ ਨੇ ਹੁਣ ਇੱਕ ਸੈਨਾ ਭਗਵਾਨ ਦਾਸ ਅਤੇ ਮਾਨ ਸਿੰਘ ਦੇ ਅਧੀਨ ਸੂਰਤ ਉੱਤੇ ਚੜ੍ਹਾਈ ਕਰਨ ਲਈ ਭੇਜੀ ਜਿਹੜਾ ਮਿਰਜ਼ਾ ਦਾ ਘਰ ਅਤੇ ਗੜ੍ਹ ਸੀ। ਇੱਕ ਛੋਟੀ ਜਿਹੀ ਲੜਾਈ ਦੇ ਬਾਅਦ ਸੂਰਤ ਦੇ ਇਬਰਾਹੀਮ ਹੁਸੈਨ ਮਿਰਜਾ ਨੇ ਬੇਬਸ ਹੋ ਕੇ ਸਾਹਸ ਛੱਡ ਦਿੱਤਾ ਅਤੇ ਨੱਸ ਖੜਾ ਹੋਇਆ। ਇਸ ਤਰ੍ਹਾਂ ਮੁਗਲਾਂ ਦੀ ਪੂਰਨ ਜਿੱਤ ਹੋਈ। ਅਕਬਰ ਰਾਜਧਾਨੀ ਨੂੰ ਵਾਪਸ ਆ ਗਿਆ।

ਅਜੇ 6 ਮਹੀਨੇ ਹੀ ਗੁਜਰੇ ਸਨ ਜਦੋਂ ਗੁਜਰਾਤ ਵਿਚ ਫਿਰ ਗੜਬੜ ਹੋ ਗਈ। ਸਮਰਾਟ ਫਤੇਹਪੁਰ ਤੋਂ ਅਹਿਮਦਾਬਾਦ ਦੇ ਵੱਲ ਚੱਲ ਪਿਆ। ਉਸ ਨੇ 9 ਦਿਨਾਂ ਵਿਚ ਕੋਈ 600 ਮੀਲ ਦਾ ਫਾਸਲਾ ਤੈਅ ਕਰ ਲਿਆ। ਇਸ ਤੋਂ ਤੇਜ ਚੜ੍ਹਾਈ ਸਾਇਦ ਹੀ ਕਿਸੀ ਨੇ ਕੀਤੀ ਹੋਵੇ। ਉਸ ਨੇ ਸਭ ਵਿਦਰੋਹੀਆਂ ਨੂੰ ਜਾ ਦਬਾਇਆ ਅਤੇ ਖਾਨ-ਏ-ਆਜਮ ਮਿਰਜ਼ਾ ਕੋਕਾ ਨੂੰ ਗੁਜਰਾਤ ਦਾ ਰਾਜਪਾਲ ਨਿਯੁਕਤ ਕੀਤਾ। ਇਸ ਤੋਂ ਬਾਅਦ ਅਕਤੂਬਰ 1573 ਨੂੰ ਰਾਜਧਾਨੀ ਵਾਪਾਸ ਆ ਗਿਆ।

(12) **ਬੰਗਾਲ ਦੀ ਜਿੱਤ** (Conquest of Bengal) (1576-80) — ਅਕਬਰ ਨੇ ਬੰਗਾਲ ਦੀ ਜਿੱਤ ਦੇ ਲਈ ਖਾਨ-ਏ-ਖਾਨਾ ਮੁਨੀਮ ਖਾਂ ਅਤੇ ਰਾਜਾ ਟੋਡਰ ਮੱਲ ਨੂੰ ਕਾਰਜਭਾਰ ਸੌਂਪਿਆ। ਕੋਈ ਚਾਰ ਸਾਲ ਦੀ ਲਗਾਤਾਰ ਕੋਸ਼ਿਸ਼ ਦੇ ਬਾਅਦ ਉਹ ਬੰਗਾਲ ਦੀ ਜਿੱਤ ਨੂੰ ਪੂਰਾ ਕਰ ਪਾਏ। ਉੱਥੇ ਦੇ ਸ਼ਾਸਕ ਦਾਊਦ ਖਾਂ ਨੂੰ ਕੱਢ ਬਾਹਰ ਕੀਤਾ ਗਿਆ। ਇਸ ਤਰ੍ਹਾਂ ਜਿਹਾ ਕਿ ਡਾ. ਸਮਿਥ ਕਹਿੰਦਾ ਹੈ "ਦਾਊਦ ਦੇ ਨਾਲ ਹੀ ਬੰਗਾਲ ਦੀ ਸੁਤੰਤਰਤਾ ਖਤਮ ਹੋਈ। ਇਹ ਦਾਊਦ ਇੱਕ ਐਸਾ ਦੁਰਾਚਾਰੀ ਦੁਸ਼ਟ ਸੀ ਜਿਸ ਨੂੰ ਸ਼ਾਸਕ ਦੇ ਕੰਮ ਅਤੇ ਕਰਤੱਵ ਦਾ ਕੋਈ ਗਿਆਨ ਨਹੀਂ ਸੀ।"

(13) **ਕਾਬੁਲ ਦਾ ਰਾਜ ਵਿਚ ਮਿਲਾਇਆ ਜਾਣਾ** (Annexation of Kabul) (1585) — ਕਾਬੁਲ ਅਕਬਰ ਦੇ ਭਰਾ ਹਕੀਮ ਮਿਰਜਾ ਦੇ ਹੱਥ ਵਿਚ ਸੀ। 1579-80 ਈ. ਵਿਚ ਉਹ ਵਿਦਰੋਹੀ ਹੋ ਗਿਆ ਅਤੇ ਉਸ ਨੇ ਪੰਜਾਬ ਉੱਤੇ ਅਧਿਕਾਰ ਕਰਨ ਦੀ ਕੋਸ਼ਿਸ਼ ਕੀਤੀ। ਅਕਬਰ ਨੇ ਉਸ ਦੇ ਵਿਰੁਧ ਸੈਨਾ ਭੇਜੀ ਅਤੇ ਉਸ ਦੇ ਦੁਸ਼ਟ ਇਰਾਦਿਆਂ ਨੂੰ ਦਬਾ ਦਿੱਤਾ। ਲੇਕਿਨ ਉਸ ਦੇ ਪਾਸ ਕਾਬੁਲ ਦਾ ਪ੍ਰਦੇਸ਼ ਰਹਿਣ ਦਿੱਤਾ। ਇਸ ਤਰ੍ਹਾਂ ਉਸ ਉੱਪਰ ਵੱਡੀ ਦਇਆ ਅਤੇ ਪਿਆਰ ਦਿਖਾਇਆ। ਜੁਲਾਈ 1585 ਈ: ਵਿਚ ਉਸ ਦੀ ਮ੍ਰਿਤੂ ਉੱਤੇ ਕਾਬੁਲ ਨੂੰ ਸਾਮਰਾਜ ਵਿਚ ਮਿਲਾ ਲਿਆ।

(14) **ਕਸ਼ਮੀਰ ਦੀ ਜਿੱਤ** (Conquest of Kashmir) (1586-87) - 1586 ਈ. ਵਿਚ ਅਕਬਰ ਨੇ ਰਾਜਾ ਭਗਵਾਨ ਦਾਸ ਦੇ ਅਧੀਨ ਸੈਨਾ ਭੇਜੀ। ਕਸ਼ਮੀਰ ਦੇ ਸ਼ਾਸਕ ਯੁਸਫ ਖਾਂ ਨੇ ਕੁਝ ਦੇਰ ਤਾਂ ਮੁਕਾਬਲਾ ਕੀਤਾ ਲੇਕਿਨ ਬਾਅਦ ਵਿਚ ਹਥਿਆਰ ਸੁੱਟ ਦਿੱਤੇ। ਯੁਸਫ ਦੇ ਪੁੱਤਰ ਮਾਕੂਬ ਨੇ ਕਸ਼ਮੀਰ ਵਿਚ ਆਪਣੀ ਸੱਤਾ ਦੱਸੀ ਅਤੇ ਉਹ ਵਿਦਰੋਹੀ ਬਣਿਆ ਰਿਹਾ। ਅਕਬਰ ਨੇ ਉਸ ਦੇ ਵਿਰੁਧ ਕਾਸਮ ਖਾਂ ਨੂੰ ਭੇਜਿਆ। ਕਸ਼ਮੀਰ ਦੇ ਸਰਦਾਰਾਂ ਨੇ ਜਿਹੜੇ ਯਾਕੂਬ ਦੇ ਸ਼ਾਸਨ ਤੋਂ ਤੰਗ ਸਨ ਉਸ ਦਾ ਸਾਥ ਛੱਡ ਦਿੱਤਾ ਅਤੇ ਉਹ ਕਾਸਮ ਖਾਂ ਨਾਲ ਜਾ ਮਿਲੇ। ਅੰਤ ਵਿਚ ਯਾਕੂਬ ਦੀ ਹਾਰ ਹੋਈ। ਕਸ਼ਮੀਰ ਨੂੰ ਜਿੱਤ ਕੇ 1587 ਈ: ਵਿਚ ਸਾਮਰਾਜ ਵਿਚ ਮਿਲਾ ਲਿਆ।

(15) **ਸਿੰਧ ਦੀ ਜਿੱਤ** (Conquest of Sindh) 1591 ਈ. — ਸਿੰਧ ਦੇ ਦੱਖਣੀ ਭਾਗ ਥੱਟਾ ਦੇ ਨੇੜੇ ਤੇੜੇ ਦਾ ਪ੍ਰਦੇਸ਼ ਵਿਵਹਾਰਿਕ ਰੂਪ ਨਾਲ ਸੁਤੰਤਰ ਸੀ। ਇਸ ਦੇ ਸ਼ਾਸਕ ਜਾਨੀ ਬੇਗ ਨੇ ਕਹਿਣ ਨੂੰ ਤਾਂ ਮੁਗਲ ਪ੍ਰਭੂਸੱਤਾ ਸਵੀਕਾਰ ਕਰ ਲਈ ਸੀ ਲੇਕਿਨ ਅਸਲ ਵਿਚ ਉਹ ਸਵਾਧੀਨ ਸੀ। ਅਕਬਰ ਨੇ ਖਾਨ-ਏ-ਖਾਨਾ ਅਬਦੁਲ ਰਹੀਮ ਦੇ ਅਧੀਨ ਇੱਕ ਸੈਨਾ ਭੇਜੀ। ਜਾਨੀ ਬੇਗ ਦੀ ਸੈਨਾ ਨੇ ਕੁਝ ਦੇਰ ਡਟ ਕੇ ਮੁਕਾਬਲਾ ਕੀਤਾ ਅਤੇ ਮੁਗਲਾਂ ਨੂੰ ਬੜੀ ਹਾਨੀ ਪਹੁੰਚਾਈ। ਇਸ ਲੜਾਈ ਵਿਚ ਟੋਡਰ ਮਲ ਦਾ ਪੁੱਤਰ ਧਰਨ ਵੀ ਕੰਮ ਆਇਆ। ਲੇਕਿਨ ਅੰਤ ਵਿਚ ਬੇਗ ਨੇ ਹਾਰ ਖਾਈ ਅਤੇ ਆਪਣੀ ਬੇਟੀ ਖਾਨ-ਏ-ਖਾਨਾਂ ਦੇ ਪੁੱਤਰ ਨੂੰ ਵਿਆਹ ਦਿੱਤੀ।

(16) **ਕੰਧਾਰ ਦੀ ਜਿੱਤ** (Conquest of Kandhar) — 1595 ਈ. ਵਿਚ ਕੰਧਾਰ ਅਤੇ ਉੱਤਰ ਪੱਛਮ ਦੇ ਹੋਰ ਪ੍ਰਦੇਸ਼ਾਂ ਦੀ ਜਿੱਤਾਂ ਅਤੇ ਉਨ੍ਹਾਂ ਨੂੰ ਸਾਮਰਾਜ ਵਿਚ ਮਿਲਾਉਣ ਦਾ ਕੰਮ ਪੂਰਾ ਹੋ ਗਿਆ। ਫਰਵਰੀ ਵਿਚ ਮੀਰ ਮਾਸੂਮ ਨੇ ਸਿਰੀ ਦਾ ਕਿਲ੍ਹਾ ਅਫਗਾਨਾ ਤੋਂ ਖੋਹ ਲਿਆ, ਜਿਸ ਦੇ ਪਰਿਣਾਮ ਸਰੂਪ ਕੰਧਾਰ ਤਕ ਮੈਕਰਾਨ ਸਮੇਤ ਸਾਰਾ ਬਲੋਚਿਸਤਾਨ ਮੁਗਲਾਂ ਦੇ ਹੱਥ ਆ ਗਿਆ। ਅਪਰੈਲ ਵਿਚ ਕੰਧਾਰ ਵੀ ਜਿੱਤ ਲਿਆ ਗਿਆ। ਈਰਾਨੀ ਰਾਜਪਾਲ ਨੇ ਖੁਦ ਨਗਰ ਹਵਾਲੇ ਕਰ ਦਿੱਤਾ। ਉਸ ਸਮੇਂ ਈਰਾਨ ਦਾ ਸਾਹ ਉਜਬੇਕਾਂ ਦੇ ਵਿਰੁਧ ਲੜਨ ਵਿਚ ਲੱਗਾ ਹੋਇਆ ਸੀ ਅਤੇ ਉਹ ਇਸ ਸਥਿਤੀ ਵਿਚ ਨਹੀਂ ਸੀ ਕਿ ਮੁਗਲਾਂ ਦੇ ਵਿਰੁਧ ਲੜ ਸਕੇ। ਸਾਹ ਬੇਗ ਨੇ ਕੰਧਾਰ ਸੰਭਾਲ ਲਿਆ। ਯੁਸਫ ਜੁਆਸ ਅਤੇ ਰੋਸਨਿਆਸ ਜਾਤਾਂ ਦੇ ਲੋਕ ਵੀ ਹਰਾ ਦਿੱਤੇ ਗਏ ਅਤੇ ਸਮਰਾਟ ਨੇ ਉਨ੍ਹਾਂ ਨੂੰ ਕੁਚਲ ਕੇ ਰੱਖ ਦਿੱਤਾ।

**ਦੱਖਣ ਦੀ ਜਿੱਤ** (Conquest of Deccan) (1595-1602) — ਉੱਤਰੀ ਭਾਰਤ ਦਾ ਬਹੁਤ ਸਾਰਾ ਭਾਗ ਜਿੱਤਣ ਤੋਂ ਬਾਅਦ ਅਕਬਰ ਨੇ ਦੱਖਣ ਦੇ ਵੱਲ ਮੂੰਹ ਕੀਤਾ। ਉਸ ਨੇ ਅਹਿਮਦ ਨਗਰ, ਬੀਜਾਪੁਰ ਗੋਲਕੁੰਡਾ, ਬਿਦਾਰ ਅਤੇ ਖਾਨਦੇਸ ਦੇ ਸ਼ਾਸਕਾਂ ਦੇ ਪਾਸ ਦੂਤ ਭੇਜੇ ਉਨ੍ਹਾਂ ਨੂੰ ਇਹ ਕਹਿਣ ਲਈ ਕਿ ਅਕਬਰ ਦੀ ਪ੍ਰਭੂਸੱਤਾ ਸਵੀਕਾਰ ਕਰ ਲਓ। ਲੇਕਿਨ ਉਨ੍ਹਾਂ ਵਿਚੋਂ ਸਭ ਨੇ ਐਸਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਲਈ ਅਕਬਰ ਨੇ ਉਨ੍ਹਾਂ ਦੇ ਵਿਰੁਧ ਯੁੱਧ ਦੀ ਘੋਸ਼ਣਾ ਕਰਨ ਦਾ ਫੈਸਲਾ ਲਿਆ।

(ਕ) **ਅਹਿਮਦ ਨਗਰ ਦੀ ਜਿੱਤ** (Conquest of Ahmed Nagar) — ਸਭ ਤੋਂ ਪਹਿਲਾਂ ਅਕਬਰ ਨੇ ਅਹਿਮਦ ਨਗਰ ਉੱਤੇ ਚੜ੍ਹਾਈ ਕਰਨ ਦਾ ਵਿਚਾਰ ਕੀਤਾ। 1595 ਈ. ਵਿਚ ਉਸ ਨੇ ਰਾਜਕੁਮਾਰ ਮੁਰਾਦ ਅਤੇ ਖਾਨ-ਏ-ਖਾਨਾਂ ਦੇ ਅਧੀਨ ਨਿਜਾਮ ਸ਼ਾਹੀ ਰਾਜ ਦੇ ਵੱਲ ਇੱਕ ਸੈਨਾ ਭੇਜੀ। ਚਾਂਦ ਬੀਬੀ ਨੇ ਪੁਰਸ਼ਾ ਵਾਲੇ ਸਾਹਸ ਅਤੇ ਸੰਕਲਪ ਨਾਲ ਡਟ ਕੇ ਮੁਕਾਬਲਾ ਕੀਤਾ। ਅੰਤ

ਨੋਟ

ਵਿਚ ਸੰਧੀ ਹੋ ਗਈ ਜਿਸ ਦੇ ਅਨੁਸਾਰ ਮੁਗਲਾਂ ਨੂੰ ਬਰਾਰ ਸੌਂਪ ਦਿੱਤਾ। ਜਦੋਂ ਕਿ ਅਹਿਮਦ ਨਗਰ ਅਤੇ ਉਸਦਾ ਮੌਲਿਕ ਪ੍ਰਦੇਸ਼ ਅਹਿਮਦ ਨਗਰ ਦੇ ਸ਼ਾਸਕ ਦੇ ਕੋਲ ਹੀ ਰਹਿਣ ਦਿੱਤਾ ਗਿਆ। ਇਸ ਦੇ ਜਲਦੀ ਬਾਅਦ ਨਿਜਾਮ ਸ਼ਾਹ ਦੇ ਸਰਦਾਰਾਂ ਨੇ ਮੁਗਲਾਂ ਨੂੰ ਬਰਾਰ ਤੋਂ ਕੱਢਣ ਦੀ ਕੋਸ਼ਿਸ਼ ਕੀਤੀ। ਮੁਗਲ ਸੈਨਾਪਤੀ ਇਸ ਨੂੰ ਸਹਿਨ ਨਾ ਕਰ ਸਕੇ। ਇਸ ਲਈ ਉਨ੍ਹਾਂ ਨੇ ਸੱਤਰੂ ਉੱਤੇ ਚੜ੍ਹਾਈ ਕਰ ਦਿੱਤੀ। ਸਮਰਾਟ ਖੁਦ ਲੜਾਈ ਦਾ ਸੰਚਾਲਨ ਕਰਨ ਲਈ ਆਇਆ। ਬੀਜਾਪੁਰ, ਗੋਲਕੁੰਡਾ ਅਤੇ ਖਾਨਦੇਸ ਦੇ ਸ਼ਾਸਕਾਂ ਨੇ ਨਿਜਾਮ ਸ਼ਾਹੀ ਸੈਨਾਂ ਨੂੰ ਸਹਾਇਤਾ ਭੇਜੀ। ਸੂਪਾ ਦੇ ਸਥਾਨ ਉੱਤੇ ਲੜਾਈ ਹੋਈ, ਜਿਸ ਵਿਚ ਮੁਗਲ ਜੇਤੂ ਹੋਏ। ਇਸ ਤਰ੍ਹਾਂ ਅਗਸਤ 1600 ਈ: ਵਿਚ ਅਹਿਮਦ ਨਗਰ ਜਿੱਤ ਲਿਆ ਗਿਆ।

**(ਖ) ਅਸੀਰਗੜ੍ਹ ਦੀ ਜਿੱਤ** (Capture of Asirgarh) - ਖਾਨਦੇਸ਼ ਦੇ ਮੀਰਾਨ ਬਹੁਦੁਰ ਨੇ ਸਮਰਾਟ ਦੀ ਪ੍ਰਭੂਤਾ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਸਮਰਾਟ ਦਾ ਪ੍ਰਸਤਾਵ ਨਹੀਂ ਮੰਨਿਆ, ਇਸ ਲਈ ਅਕਬਰ ਨੇ ਉਸ 'ਤੇ ਚੜ੍ਹਾਈ ਕਰ ਦਿੱਤੀ। ਰਾਜਧਾਨੀ ਬਹਰਾਨਪੁਰ ਅਸਾਨੀ ਨਾਲ ਜਿੱਤ ਲਈ ਗਈ। ਉਸ ਦੇ ਬਾਅਦ ਅਸੀਰਗੜ ਦੇ ਲੋਹ ਦੁਰਗ 'ਤੇ ਹਮਲਾ ਕੀਤਾ ਗਿਆ। ਦੁਸ਼ਮਣ ਨੇ ਡਟ ਕੇ ਮੁਕਾਬਲਾ ਕੀਤਾ। ਕਹਿੰਦੇ ਹਨ ਕਿ ਅਕਬਰ ਨੇ ਘੋਖਾ ਧੜੀ ਦਾ ਸਹਾਰਾ ਲਿਆ ਅਤੇ ਸੁਨਹਿਰੀ ਚਾਬੀਆ ਨਾਲ ਦਰਗ ਦੇ ਦੁਆਰ ਖੁਲ੍ਹਵਾ ਲਏ। ਇਸ ਤਰ੍ਹਾ ਕਿਲੇ 'ਤੇ ਅਧਿਕਾਰ ਕਰ ਲਿਆ ਗਿਆ। ਅਕਬਰ ਦੱਖਣ ਦੀਆਂ ਦੂਸਰੀਆਂ ਰਿਆਸਤਾਂ ਨੂੰ ਵੀ ਜਿੱਤ ਲੈਣਾ ਚਾਹੁੰਦਾ ਸੀ ਪਰ ਰਾਜ ਕੁਮਾਰ ਸਲੀਮ ਦੇ ਵਿਦਰੋਹ ਦੇ ਕਾਰਨ ਉਸ ਨੂੰ ਉਤਰ ਨੂੰ ਵਾਪਿਸ ਆਉਣਾ ਪਿਆ। ਇਸ ਦੇ ਜਲਦੀ ਬਾਅਦ ਉਸ ਦੀ ਮੌਤ ਹੋ ਗਈ।

**ਸਾਰ** – ਇਸ ਪ੍ਰਕਾਰ 1602 ਈ. ਤਕ ਅਕਬਰ ਲਗਭਗ ਸਾਰੇ ਉੱਤਰੀ ਭਾਗ ਅਤੇ ਦੱਖਣ ਦੇ ਕੁਝ ਹਿੱਸਿਆਂ ਦਾ ਸਵਾਮੀ ਬਣ ਗਿਆ। ਉਸ ਦਾ ਸਾਮਰਾਜ ਉੱਤਰ ਵਿਚ ਹਿਮਾਲਿਆ ਤੱਕ, ਦੱਖਣ ਵਿਚ ਗੋਦਾਵਰੀ ਤਕ, ਪੂਰਬ ਵਿਚ ਬੰਗਾਲ ਤਕ ਅਤੇ ਪੱਛਮ ਵਿਚ ਕੰਧਾਰ ਤਕ ਫੈਲ ਗਿਆ। ਇਸ ਵਿਚ ਕੋਈ ਅਠਾਰਾਂ ਪ੍ਰਾਂਤ ਸ਼ਾਮਲ ਸਨ। ਨਿਸੰਦੇਹ ਅਕਬਰ ਦੀ ਇਹ ਇੱਕ ਵੱਡੀ ਭਾਰੀ ਸਫਲਤਾ ਸਮਝੋ, ਜਿਹੜਾ ਉਸ ਨੇ ਇੰਨਾ ਵੱਡਾ ਸਾਮਰਾਜ ਬਣਾ ਲਿਆ ਅਤੇ ਆਪਣੇ ਅਧੀਨ ਭਾਰਤ ਨੂੰ ਰਾਜਨੀਤਿਕ ਏਕਤਾ ਦਾ ਸੁਭਾਗ ਦੁਵਾ ਦਿੱਤਾ।

## 11.2 ਅਕਬਰ ਦਾ ਪ੍ਰਸ਼ਾਸ਼ਕਿਯ ਸੁਧਾਰ ਅਤੇ ਧਾਰਮਿਕ ਨੀਤੀ (Administrative Reforms and Religious Policy of Akbar)

**ਰਾਜਗਣ ਸਿਧਾਂਤ** – ਜਿੱਥੇ ਤਕ ਅਕਬਰ ਨੇ ਸਾਮਰਾਜ ਦਾ ਵਿਸਥਾਰ ਕੀਤਾ, ਵੱਖ ਵੱਖ ਨੀਤੀਆਂ ਨੂੰ ਸਥਾਪਿਤ ਕੀਤਾ ਉਸੇ ਤਰ੍ਹਾਂ ਉਸ ਨੇ ਮੁਗਲ ਪ੍ਰਸ਼ਾਸਨ ਦਾ ਗਠਨ ਵੀ ਕੀਤਾ। ਉਸ ਨੇ ਧਰਮ ਦੇ ਪ੍ਰਭਾਵ ਤੋਂ ਮੁਕਤ ਅਤੇ ਭਲਾਈ ਦੇ ਆਦਰਸ਼ਾਂ ਤੋਂ ਪ੍ਰੇਰਿਤ ਰਾਜਗਣ ਦਾ ਨਵਾਂ ਰੂਪ ਪੇਸ਼ ਕੀਤਾ ਜਿਸ ਦੀ ਵਿਸਥਾਰ ਵਿਆਖਿਆ ਅਬੁਲ ਫਜ਼ਲ ਨੇ ਕੀਤੀ ਹੈ। ਉਸ ਦੇ ਅਨੁਸਾਰ ਰਾਜਾ ਦੀ ਹੋਂਦ ਜ਼ਰੂਰੀ ਹੈ ਤਾਂ ਕਿ ਮਨੁੱਖ ਆਪਣੇ ਲੋਭ ਅਤੇ ਬੁਰੇ ਕੰਮਾਂ ਨਾਲ ਸੰਸਾਰ ਵਿਚ ਅਸਾਂਤੀ ਨਾ ਫੈਲਾਉਣ। ਰਾਜਾ ਮਨੁੱਖੀ ਸਮੁਦਾਇ ਵਿਚ ਸੰਤੁਲਨ ਬਣਾਏ ਰੱਖਣ ਅਤੇ ਸਾਂਤੀ ਅਤੇ ਸਵਿਵਸਥਾ ਦੀ ਸਥਾਪਨਾ ਕਰਨ ਵਿਚ ਸਹਾਇਤਾ ਕਰਦਾ ਹੈ। ਰਾਜਾ ਈਸਵਰ ਦਾ ਦੂਜਾ ਰੂਪ ਹੈ। ਰਾਜਗਣ ਇੱਕ ਦੈਵੀ ਪ੍ਰਕਾਸ਼ (**ਫਰਰੇ ਈਜਦੀ**) ਹੈ ਜਿਹੜਾ ਈਸ਼ਵਰ ਤੋਂ ਨਿਕਲ ਕੇ ਰਾਜਾ ਦੇ ਦਿਲ ਨੂੰ ਰੌਸ਼ਨ ਕਰਦਾ ਹੈ। ਜਿਸ ਤਰ੍ਹਾਂ ਈਸ਼ਵਰ ਸੰਸਾਰ ਵਿਚ ਸੰਤੁਲਨ ਅਤੇ ਵਿਵਸਥਾ ਬਣਾਏ ਰੱਖਦਾ ਹੈ ਉਸੇ ਤਰ੍ਹਾਂ ਰਾਜਾ ਜਨਤਾ ਦੇ ਵਿਚਕਾਰ ਇਸ ਕਰਤੱਵ ਨੂੰ ਪੂਰਾ ਕਰਦਾ ਹੈ। ਅਬੁਲ ਫਜਲ ਦੇ ਸਿਧਾਂਤ ਦੀ ਸਭ ਤੋਂ ਧਿਆਨ ਯੋਗ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਸ਼ਾਸਕ ਨੂੰ ਧਾਰਮਿਕ ਪ੍ਰਭਾਵ ਤੋਂ ਮੁਕਤ ਅਤੇ ਧਰਮ ਨਿਰਪੱਖਤਾ ਢੰਗ ਨਾਲ ਕੰਮ ਕਰਨ ਦੀ ਪ੍ਰੇਰਣਾ ਦਿੱਤੀ ਹੈ। ਇਹ ਯਾਦ ਰੱਖਣ ਯੋਗ ਹੈ ਕਿ ਅਬੁਲ ਫਜਲ ਨੇ ਇਸਲਾਮੀ ਸਿਧਾਂਤਾ ਤੋਂ ਵੱਖ ਹੋਣ ਦੀ ਕੋਸ਼ਿਸ਼ ਨਹੀਂ ਕੀਤੀ ਲੇਕਿਨ ਫਿਰ ਵੀ ਉਨ੍ਹਾਂ ਦੀ ਵਿਵਸਥਾ ਉਦਾਰ ਢੰਗ ਨਾਲ ਕੀਤੀ।

ਅਕਬਰ ਦੀ ਪ੍ਰਸ਼ਾਸਨਿਕ ਵਿਵਸਥਾ ਦੋ ਸਿਧਾਂਤਾ ਉੱਤੇ ਆਧਾਰਿਤ ਸੀ। ਪ੍ਰਸ਼ਾਸਨਿਕ ਬਰਾਬਰੀ ਅਤੇ "ਰੋਕ ਅਤੇ ਸੰਤੁਲਨ" ਉਸ ਨੇ ਪ੍ਰਸ਼ਾਸਨਿਕ ਵਿਵਸਥਾ ਨੂੰ ਬਰਾਬਰ ਰੂਪ ਪ੍ਰਦਾਨ ਕੀਤਾ ਅਤੇ ਵੱਖ ਵੱਖ ਮੰਤਰੀਆਂ ਅਤੇ ਅਧਿਕਾਰੀਆਂ ਦੇ ਵਿਚ ਸ਼ਕਤੀ ਦੀ ਵੰਡ ਇਸ ਤਰ੍ਹਾਂ ਕੀਤੀ ਕਿ ਕੋਈ ਵੀ ਆਪਣੀ ਇੱਛਾ ਦੇ ਅਨੁਸਾਰ ਕੰਮ ਕਰਨ ਦੀ ਸਥਿਤੀ ਵਿਚ ਨਾ ਰਹੇ ਲੇਕਿਨ ਫਿਰ ਵੀ ਸਭ ਇੱਕ ਦੂਜੇ ਦੀ ਅਭਿਲਾਸ਼ਾ ਉੱਤੇ ਰੋਕ ਲਗਾਈ ਰੱਖਣ ਅਤੇ ਪ੍ਰਸ਼ਾਸਨ ਵਿਚ ਸੰਤੁਲਨ ਬਣਿਆ ਰਹੇ। ਇਸ ਤਰੀਕੇ ਦੇ ਜ਼ਰੂਰਤ ਅਕਬਰ ਨੇ ਬੈਰਮ ਖਾਂ ਦੇ ਰੱਖਿਆਤਮਕ ਕਾਲ ਵਿਚ ਉਸ ਦੀਆਂ ਪੂਰਨ ਸ਼ਕਤੀਆਂ ਨੂੰ ਦੇਖਦੇ ਹੋਏ ਮਹਿਸੂਸ ਕੀਤਾ। ਉਹ ਨਹੀ ਚਾਹੁੰਦਾ ਸੀ ਕਿ ਭਵਿੱਖ ਵਿਚ ਕੋਈ ਦੂਜਾ ਮੰਤਰੀ ਵੀ ਇਸ ਤਰ੍ਹਾਂ ਸਰਵਸ਼ਕਤੀਮਾਨ ਬਣ ਜਾਏ, ਕਿਉਂਕਿ ਉਹੋ ਜਿਹੀ ਸਥਿਤੀ ਵਿਚ ਸਮਰਾਟ ਦੀ ਸ਼ਕਤੀ ਪ੍ਰਭਾਵਿਤ ਹੁੰਦੀ ਸੀ। 1575–76 ਈ. ਦੇ ਵਿਚ ਅਕਬਰ ਨੇ ਇਸ ਨਵੀਂ ਪ੍ਰਸ਼ਾਸਨਿਕ ਵਿਵਸਥਾ ਦਾ ਗਠਨ ਪੂਰਾ ਕੀਤਾ।

**ਕੇਂਦਰੀ ਪ੍ਰਸ਼ਾਸਨ** – ਕੇਂਦਰੀ ਪ੍ਰਸ਼ਾਸਨ ਨੂੰ ਤਸੱਲੀਬਖਸ਼ ਢੰਗ ਨਾਲ ਚਲਾਉਣ ਦੇ ਲਈ ਅਨੇਕ ਅਧਿਕਾਰੀ ਸਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ **ਵਕੀਲ** ਸੀ। ਉਸ ਦੀ ਸਥਿਤੀ ਪ੍ਰਧਾਨ ਮੰਤਰੀ ਦੀ ਸੀ। ਸਮਰਾਟ ਤੋਂ ਬਾਅਦ ਉਹ ਹੀ ਪ੍ਰਸ਼ਾਸਨ ਦਾ ਸਭ ਤੋਂ ਉੱਚਾ

ਅਧਿਕਾਰੀ ਸੀ ਲੇਕਿਨ ਉਸ ਦੀਆਂ ਵਿਵਹਾਰਿਕ ਸ਼ਕਤੀਆਂ ਬਹੁਤ ਸੀਮਤ ਸਨ, ਉਸਨੂੰ ਕਿਸੀ ਪ੍ਰਸ਼ਾਸਨਿਕ ਵਿਭਾਗ ਉੱਤੇ ਸਪੱਸ਼ਟ ਨਿਯੰਤ੍ਰਨ ਪ੍ਰਾਪਤ ਨਹੀਂ ਸੀ। ਅਸਲ ਵਿਚ ਇਹ ਅਹੁਦਾ ਇੱਕ ਵਡਿਆਈ ਦਾ ਅਹੁਦਾ ਸੀ, ਜਿਹੜਾ ਉੱਚੇ ਸਾਮੰਤਾਂ ਜਾਂ ਸਮਰਾਟ ਦੇ ਵਿਸ਼ਵਾਸ਼ ਪਾਤਰਾਂ ਨੂੰ ਪ੍ਰਦਾਨ ਕੀਤਾ ਜਾਂਦਾ ਸੀ। ਦੂਜਾ ਮਹੱਤਵਪੂਰਨ ਅਧਿਕਾਰੀ **ਦੀਵਾਨ-ਏ-ਆਲਾ** ਕਹਾਉਂਦਾ ਸੀ। ਉਹ ਵਿੱਤ ਵਿਭਾਗ ਦਾ ਪ੍ਰਧਾਨ ਸੀ। ਉਸ ਦੇ ਅਧੀਨ ਇੱਕ **ਨਾਇਬ ਦੀਵਾਨ**, **ਮੁਸਰਿਫ**, **ਮੁਸਤੌਫੀ** ਅਤੇ ਵੱਖ ਵੱਖ ਦੀਵਾਨ ਹੁੰਦੇ ਸਨ। ਸਾਰੇ ਵਿੱਤ ਮਾਮਲੇ ਉਸ ਦੇ ਨਿਯੰਤ੍ਰਨ ਵਿਚ ਸਨ ਅਤੇ ਸਭੀ ਅਧਿਕਾਰੀਆਂ ਦੀ ਤਨਖਾਹ ਉਸ ਦੇ ਦੁਆਰਾ ਹੀ ਪ੍ਰਦਾਨ ਕੀਤੀ ਜਾਂਦੀ ਸੀ। ਤੀਜਾ ਪ੍ਰਮੁੱਖ ਅਧਿਕਾਰੀ ਮੀਰ ਬਖਸ਼ੀ ਸੀ। ਤਨਖਾਹ ਦਾ ਹਿਸਾਬ ਉਹ ਹੀ ਰੱਖਦਾ ਸੀ ਅਤੇ ਉਸ ਦੀ ਮਰਜ਼ੀ ਉੱਤੇ ਦੀਵਾਨ ਦੁਆਰਾ ਤਨਖਾਹ ਦਾ ਭੁਗਤਾਨ ਹੁੰਦਾ ਸੀ। ਉਸ ਦੀ ਸਹਾਇਤਾ ਲਈ ਸਹਾਇਕ ਬਖਸ਼ੀ ਹੁੰਦੇ ਸਨ। ਮਹੱਤਵਪੂਰਨ ਅਧਿਕਾਰੀ **ਮੀਰ ਸਮਾਨ** ਜਾਂ ਖਾਨ–ਏ–ਸਮਾ ਹੁੰਦਾ ਸੀ। ਸਮੇਂ ਅੰਤਰ ਵਿਚ ਉਸ ਦਾ ਅਹੁਦਾ **ਬਖਸ਼ੀ** ਤੋਂ ਵੀ ਮਹੱਤਵਪੂਰਨ ਸਮਝਿਆ ਜਾਣ ਲੱਗਿਆ। ਰਾਜ ਦਰਬਾਰ ਅਤੇ ਮਹੱਲ ਵਿਚ ਕੰਮ ਆਉਣ ਵਾਲੀਆਂ ਸਾਰੀ ਜ਼ਰੂਰੀ ਵਸਤਾਂ ਦੀ ਅਪੂਰਤੀ ਉਸਦੇ ਅਧੀਨ ਸੀ। ਕਾਰਖਾਨਿਆਂ ਉੱਤੇ ਉਸ ਦਾ ਨਿਯੰਤ੍ਰਨ ਸੀ ਅਤੇ ਉਹ ਹਰੇਕ ਕਾਰਖਾਨੇ ਦਾ **ਦਰੋਗਾ** (ਨਿਰੀਖਕ) ਅਤੇ ਹੋਰ ਅਧਿਕਾਰੀਆਂ ਦੀ ਨਿਯੁਕਤੀ ਕਰਦਾ ਸੀ। ਸਾਰੇ ਭੰਡਾਰ ਅਤੇ ਖਜਾਨੇ ਉਸ ਦੀ ਨਿਗਰਾਨੀ ਵਿਚ ਰਹਿੰਦੇ ਸਨ। ਧਾਰਮਿਕ ਅਤੇ ਦਾਨ ਸੰਬੰਧੀ ਕੰਮਾਂ ਦੀ ਦੇਖਭਾਗ ਦੇ ਲਈ ਇੱਕ ਹੋਰ ਅਧਿਕਾਰੀ ਸੀ ਜਿਹੜਾ ਸਦਰ–ਉਸ–ਸੁਦੂਰ ਜਾਂ ਸਦਰੇ ਜਹਾਂ ਕਹਾਉਂਦਾ ਸੀ। ਉਹ ਧਾਰਮਿਕ ਮਾਮਲਿਆਂ ਵਿਚ ਰਾਜਾ ਨੂੰ ਸਲਾਹ ਦਿੰਦਾ ਸੀ ਅਤੇ ਰਾਜ ਦੁਆਰਾ, ਜ਼ਰੂਰਤ ਮੰਦਾਂ, ਯਤੀਮਾਂ, ਵਿਧਵਾਵਾਂ, ਉਲੇਮਾਵਾਂ, ਸੰਤਾਂ ਅਤੇ ਸਿੱਖਿਆ ਸੰਬੰਧੀ ਅਤੇ ਧਾਰਮਿਕ ਸੰਸਥਾਵਾਂ ਨੂੰ ਦਿੱਤੀ ਜਾਣ ਵਾਲੀ ਜ਼ਮੀਨ ਅਤੇ ਆਰਥਿਕ ਯੋਗਦਾਨ ਦੀ ਦੇਖ–ਭਾਲ ਕਰਦਾ ਸੀ। ਸਰਵਜਨਿਕ ਸਦਾਚਰਨ ਦੀ ਦੇਖ–ਭਾਗ ਕਾਜੀ–ਉਲ–ਕੁਜਾਤ ਦੁਆਰਾ ਕੀਤੀ ਜਾਂਦੀ ਸੀ। ਆਮਤੌਰ ਉੱਤੇ ਇਸ ਅਹੁਦੇ ਉੱਤੇ ਸਦਰ ਨੂੰ ਹੀ ਨਿਯੁਕਤ ਕੀਤਾ ਜਾਂਦਾ ਸੀ ਕਿਉਂਕਿ ਸਰੀਅਤ ਉੱਤੇ ਆਧਾਰਿਤ ਕਾਨੂੰਨਾਂ ਦੀ ਵਿਵਸਥਾ ਕੋਈ ਧਾਰਮਿਕ ਅਧਿਕਾਰੀ ਹੀ ਕਰ ਸਕਦਾ ਸੀ। ਐਸੇ ਵੀ ਉਦਾਹਰਨ ਹਨ ਜਦੋਂ ਦੋਵੇ ਅਹੁਦੇ ਵੱਖ ਵੱਖ ਰਹੇ ਹਨ ਲੇਕਿਨ ਐਸੀ ਹਾਲਤ ਵਿਚ ਵੀ ਸਦਰ ਦਾ ਪ੍ਰਭਾਵ ਇਸ ਅਹੁਦੇ ਉੱਤੇ ਅਦ੍ਰਿਸ ਰੂਪ ਵਿਚ ਬਣਿਆ ਰਹਿੰਦਾ ਸੀ।

ਇਨ੍ਹਾਂ ਮੁੱਖ ਅਧਿਕਾਰੀਆਂ ਦੇ ਇਲਾਵਾ ਹੋਰ ਕੇਂਦਰੀ ਅਧਿਕਾਰੀ ਵੀ ਸਨ। ਇਨ੍ਹਾਂ ਵਿੱਚ **ਮੀਰ ਆਤਿਸ਼** ਦਾ ਸਥਾਨ ਮਹੱਤਵਪੂਰਨ ਸੀ। ਉਹ ਸ਼ਾਹੀ ਤੋਪਖਾਨੇ ਦਾ ਪ੍ਰਧਾਨ ਸੀ ਅਤੇ ਤੋਪਚੀਆਂ ਅਤੇ ਬੰਦੂਕਚੀਆਂ ਦੀ ਦੇਖ–ਰੇਖ ਕਰਦਾ ਸੀ। ਦੂਸਰਾ ਵਿਅਕਤੀ ਮੀਰ ਮੁਨਸ਼ੀ ਸੀ ਜੋ ਸਮਰਾਟ ਦੇ ਪੱਤਰ ਆਦੇਸ਼ ਅਤੇ ਫਰਮਾਨ ਲਿਖਿਆ ਕਰਦਾ ਸੀ। ਇਸ ਦੇ ਬਾਅਦ **ਦਰੋਗਾ-ਏ-ਡਾਕ ਚੌਕੀ** ਸੀ ਜੋ ਸੰਦੇਸ਼ ਅਤੇ ਸੂਚਨਾ ਪਹੁੰਚਾਉਣ ਦਾ ਕੰਮ ਦੇਖਦਾ ਸੀ। ਸਧਾਰਣ ਸੂਚਨਾਵਾਂ ਦੇ ਇਲਾਵਾ ਜਾਸੂਸਾਂ ਵੱਲੋਂ ਭੇਜੇ ਗਏ ਵਿਸ਼ੇਸ਼ ਸੰਦੇਸ਼ ਵੀ ਉਸੇ ਦੇ ਮਾਧਿਅਮ ਨਾਲ ਸਮਰਾਟ ਤੱਕ ਪਹੁੰਚਦੇ ਸਨ। ਇਸ ਦੇ ਇਲਾਵਾ **ਦਰੋਗਾ-ਏ-ਟਕਸਾਲ** ਸੀ ਜੋ ਵੱਖ–ਵੱਖ ਟਕਸਾਲਾਂ ਵਿੱਚ ਪਾਏ ਜਾਣ ਵਾਲੇ ਸਿੱਕਿਆਂ ਦੇ ਵਿੱਚ ਏਕਰੂਪਤਾ ਅਤੇ ਉਨ੍ਹਾਂ ਦੀ ਸ਼ੁੱਧਤਾ ਬਣਾਈ ਰੱਖਣ ਦੇ ਲਈ ਜ਼ਿੰਮੇਵਾਰ ਸੀ। ਇਨ੍ਹਾਂ ਸਾਰਿਆਂ ਤੋਂ ਇਲਾਵਾ ਵੀ ਸਹਾਇਕ ਅਧਿਕਾਰੀ ਹੁੰਦੇ ਸਨ। ਮੁਗਲ ਪ੍ਰਸ਼ਾਸਨ ਦੇ ਅਧੀਨ ਇਕ ਵਿਸਤ੍ਰਿਤ ਨੌਕਰਸ਼ਾਹੀ ਸਨ ਅਤੇ ਅਲੱਗ–ਅਲੱਗ ਵਿਭਾਗਾਂ ਦਾ ਕਾਰਜ ਖੇਤਰ ਸਪੱਸ਼ਟ ਢੰਗ ਨਾਲ ਨਿਰਧਾਰਿਤ ਸੀ। ਇਨ੍ਹਾਂ ਵਿਭਾਗਾਂ ਵਿੱਚ ਆਪਸੀ ਸੰਪਰਕ ਬਣਿਆ ਰਹਿੰਦਾ ਸੀ ਅਤੇ ਸਾਰੇ ਪ੍ਰਸ਼ਾਸਨਿਕ ਵਿਪੱਤਰ ਅਤੇ ਦਸਤਾਵੇਜ਼ ਸੁਰੱਖਿਅਤ ਰੱਖੇ ਜਾਂਦੇ ਸਨ।

### 11.2.1 ਅਕਬਰ ਦਾ ਧਾਰਮਿਕ ਦ੍ਰਿਸ਼ਟੀਕੋਣ


ਮੱਧਕਾਲੀਨ ਸ਼ਾਸਕਾਂ ਵਿਚ ਅਨੇਕ ਕਾਰਣਾਂ ਤੋਂ ਅਕਬਰ ਦਾ ਖਾਸ ਮਹੱਤਵ ਹੈ। ਉਹ ਇੱਕ ਮਹਾਨ ਸਾਮਰਾਜਵਾਦੀ ਸ਼ਾਸਕ ਸੀ। ਉਸ ਵਿਚ ਉੱਤਮ ਪ੍ਰਸ਼ਾਸਕ ਦੇ ਗੁਣ ਸਨ ਅਤੇ ਉਹ ਧਾਰਮਿਕ ਉਦਾਰਤਾ ਅਤੇ ਸੰਸਕ੍ਰਿਤਿਕ ਪ੍ਰਗਤੀ ਦੀ ਨੀਤੀਆਂ ਨੂੰ ਪ੍ਰੋਤਸਾਹਿਤ ਕਰਨ ਵਿਚ ਬਹੁਤ ਜ਼ਿਆਦਾ ਸਫਲ ਰਿਹਾ। ਇੰਨਾ ਹੀ ਨਹੀਂ, ਉਸ ਨੇ ਭਾਰਤ ਵਿਚ ਏਕਤਾ ਦਾ ਮਾਰਗ ਵੀ ਵਡਿਆਈ ਯੋਗ ਕੀਤਾ। ਇਸ ਦਸ਼ਾ ਵਿਚ ਅਕਬਰ ਦੀ ਸਭ ਧਿਆਨ ਰੱਖਣ ਯੋਗ ਉਸ ਦੀ ਉਪਲੱਬਧੀ ਉਸ ਦੀ ਧਾਰਮਿਕ ਨੀਤੀ ਸੀ।

ਧਾਰਮਿਕ ਨੀਤੀ ਦੇ ਖੇਤਰ ਵਿਚ ਅਕਬਰ ਨੇ ਇੱਕ ਨਵੀਂ ਦਿਸ਼ਾ ਵਿਚ ਪ੍ਰਗਤੀ ਕੀਤੀ। ਅਕਬਰ ਦੇ ਪੂਰਵ ਸਲਤਨਤ ਦੇ ਸਮੇਂ ਵਿਚ ਸ਼ਾਸਕਾਂ ਦੁਆਰਾ ਉਦਾਰ ਧਾਰਮਿਕ ਪ੍ਰਵਿਰਤੀ ਦਾ ਪ੍ਰਦਰਸ਼ਨ ਆਮ ਨਹੀਂ ਹੋਇਆ ਸੀ। ਸ਼ੇਰ ਸ਼ਾਹ ਨੇ ਇਸ ਦਿਸ਼ਾ ਵਿਚ ਕੁਝ ਕੋਸ਼ਿਸ਼ਾਂ ਜ਼ਰੂਰ ਕੀਤੀਆਂ ਸਨ, ਲੇਕਿਨ ਇੱਕ ਪੂਰੀ ਤਰ੍ਹਾਂ ਉਦਾਰ ਧਾਰਮਿਕ ਨੀਤੀ ਦੀ ਸ਼ੁਰੂਆਤ ਅਕਬਰ ਦੇ ਸ਼ਾਸਨ ਸਮੇਂ ਵਿਚ ਹੀ ਸੰਭਵ ਹੋਈ।

ਅਕਬਰ ਦੀ ਧਾਰਮਿਕ ਨੀਤੀ ਦਾ ਵੱਖ ਵੱਖ ਤੱਤਾਂ ਦੁਆਰਾ ਤੈਅ ਹੋਇਆ। ਅਕਬਰ ਵਿਅਕਤੀਗਤ ਰੂਪ ਨਾਲ ਉਦਾਰ ਸੁਭਾਅ ਦਾ ਵਿਅਕਤੀ ਸੀ। ਧਾਰਮਿਕ ਖੇਤਰ ਵਿਚ ਉਹ ਕਿਸੀ ਖਾਸ ਧਰਮ ਦਾ ਸਮਰਥਕ ਨਾ ਹੋਕੇ, ਸੱਚ ਦਾ ਜਿਗਯਾਸੂ ਸੀ। ਉਸ ਦੇ ਦਰਬਾਰੀ ਇਤਿਹਾਸਕਾਰ ਅਬੁਲ ਫਜਲ ਦੇ ਸਬਦਾਂ ਵਿਚ ਸਮਰਾਟ ਬਰਾਬਰ ਗੰਭੀਰ ਚਿੰਤਾ ਅਤੇ ਸੋਚ ਵਿਚਾਰ ਵਿਚ ਡੁੱਬਿਆ ਰਹਿੰਦਾ ਸੀ ਅਤੇ ਉਸ ਦਾ ਮੁੱਖ ਉਦੇਸ਼ ਈਸ਼ਵਰ ਅਤੇ ਸੱਚ ਦੇ ਸੰਬੰਧ ਬਾਰੇ ਜਾਨਣ ਦੀ ਇੱਛਾ ਸੀ। ਇਸ ਲਈ ਅਕਬਰ ਧਾਰਮਿਕ ਕੱਟੜਤਾ ਤੋਂ ਦੂਰ ਸੀ। ਉਸ ਦੇ ਪੂਰਵਜ ਵੀ ਧਾਰਮਿਕ ਕੱਟੜਤਾ ਤੋਂ ਆਮ ਮੁਕਤ ਸਨ। ਤੈਮੂਰ ਨੇ ਆਪਣੇ ਸ਼ਾਸਨ ਕਾਲ ਵਿਚ ਧਾਰਮਿਕ ਕੱਟੜਤਾ ਦਾ ਪਰਿਚੈ ਨਹੀਂ ਦਿੱਤਾ। ਬਾਬਰ ਨੇ ਹਮਾਯੂੰ ਨੂੰ ਸ਼ਾਸਨ ਸੰਬੰਧੀ ਜਿਹੜੇ ਸੁਝਾਅ ਦਿੱਤੇ ਸਨ। ਉਨ੍ਹਾਂ ਵਿਚ ਹਿੰਦੂ ਜਨਤਾ

ਨੋਟ

ਦੇ ਲਈ ਉਦਾਰਤਾ ਪ੍ਰਦਰਸ਼ਨ ਕਰਨ ਦਾ ਸੁਝਾਅ ਵੀ ਸੀ। ਹਮਾਯੂੰ ਸ਼ਾਸਨ ਸਮੇਂ ਦੇ ਅਸਥਿਰ ਵਾਤਾਵਰਨ ਵਿਚ ਇਹ ਨੀਤੀ ਦੀ ਪਾਲਣਾ ਨਹੀਂ ਹੋ ਸਕੀ। ਲੇਕਿਨ ਅਕਬਰ ਨੇ ਇਸ ਨੂੰ ਵੱਡੀ ਸਫਲਤਾ ਨਾਲ ਲਾਗੂ ਕੀਤਾ।




ਅਕਬਰ ਦੀ ਧਾਰਮਿਕ ਨੀਤੀ ਨੂੰ ਪ੍ਰਭਾਵਿਤ ਕਰਨ ਲਈ ਉਸ ਦੇ ਸਿੱਖਿਅਕ ਅਬਦੁਲ ਲਤੀਫ ਦਾ ਵੀ ਯੋਗਦਾਨ ਰਿਹਾ। ਅਕਬਰ ਇੱਕ ਖੁਦ ਸੁੰਨੀ ਪਿਤਾ ਅਤੇ ਸਿਆ ਮਾਤਾ ਦੀ ਸੰਤਾਨ ਸੀ ਅਤੇ ਅਬਦੁਲ ਲਤੀਫ ਸੂਫੀ ਮਤ ਵਿਚ ਵਿਸ਼ਵਾਸ਼ ਰੱਖਦਾ ਸੀ। ਇਸ ਲਈ ਅਕਬਰ ਉੱਤੇ ਸ਼ੁਰੂ ਤੋਂ ਹੀ ਇਸਲਾਮ ਧਰਮ ਦੇ ਵੱਖ ਵੱਖ ਵਿਚਾਰਾਂ ਦਾ ਪ੍ਰਭਾਵ ਹੋਇਆ। ਅੱਗੇ ਚਲ ਕੇ ਅਕਬਰ ਦਾ ਸੰਪਰਕ ਹਿੰਦੂ ਧਰਮ ਦੇ ਨਾਲ ਵੀ ਗਹਿਰੇ ਰੂਪ ਵਿਚ ਹੋਇਆ, ਜਦੋਂ ਉਸ ਨੇ ਰਾਜਪੂਤ ਰਾਜਵੰਸ਼ ਦੇ ਨਾਲ ਵਿਆਹ ਸੰਬੰਧ ਸਥਾਪਿਤ ਕੀਤਾ। ਸਮੇਂ ਦੇ ਅੰਤਰ ਵਿਚ ਉਸ ਦਾ ਸੰਪਰਕ ਈਸਾਈਆਂ ਅਤੇ ਪਾਰਸੀਆਂ ਦੇ ਨਾਲ ਵੀ ਹੋਇਆ ਜਿਹੜੇ ਉਸ ਦੇ ਦੁਆਰਾ ਦਰਬਾਰ ਵਿਚ ਨਿਮਤ੍ਰਤ ਕੀਤੇ ਗਏ। ਇੰਨ੍ਹਾਂ ਵੱਖ ਵੱਖ ਵਿਚਾਰ ਧਾਰਾਵਾਂ ਨੇ ਅਕਬਰ ਨੂੰ ਸਾਰੇ ਧਰਮਾਂ ਦੇ ਲਈ ਸਦਭਾਵ ਸਹਿਣ ਸ਼ੀਲਤਾ ਦੀ ਨੀਤੀ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਉਸ ਦੇ ਉਲੇਖਯੋਗ ਨਤੀਜੇ ਨਿਕਲੇ।

ਨੋਟ

ਅਕਬਰ ਨੂੰ ਇਸ ਉਦਾਰ ਧਾਰਮਿਕ ਨੀਤੀ ਦੇ ਲਾਗੂ ਕਰਨ ਲਈ ਸਹੀ ਵਾਤਾਵਰਣ ਵੀ ਪ੍ਰਾਪਤ ਹੋਇਆ। ਸਲਤਨਤ ਸਮੇਂ ਵਿਚ ਖਾਸ ਕਰਕੇ 15 ਵੀਂ ਅਤੇ 16 ਵੀਂ ਦੇ ਪਹਿਲੇ ਅੱਧ ਵਿਚ, ਭਾਰਤ ਵਿਚ ਭਗਤੀ ਅੰਦੋਲਨ ਦੇ ਸੰਤਾਂ ਅਤੇ ਸੂਫੀਆਂ ਨੇ ਧਾਰਮਿਕ ਕੱਟਰਤਾ ਦੀ ਭਾਵਨਾ ਨੂੰ ਘੱਟ ਕਰਨ ਅਤੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਕਾਰ ਵੱਖ ਵਾਦ ਵਿਚ ਕਮੀ ਲੈ ਆਉਣ ਦੇ ਵਿਚ ਸਰਾਂਹੁਣਯੋਗ ਯੋਗਦਾਨ ਦਿੱਤਾ ਸੀ। ਇਸ ਲਈ ਧਾਰਮਿਕ ਉਦਾਰਤਾ ਦੀ ਇਹ ਨੀਤੀ ਜਨ ਸਾਧਾਰਨ ਦੇ ਵਿਚ ਮਾਨਤਾ ਪ੍ਰਾਪਤ ਕਰ ਸਕੀ ਅਤੇ ਅਕਬਰ ਨੂੰ ਇਸ ਪਾਸੇ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਸਫਲਤਾ ਪ੍ਰਾਪਤ ਹੋ ਸਕੀ।

ਵਰਨਣ ਯੋਗ ਹੈ ਕਿ ਅਕਬਰ ਦੀ ਧਾਰਮਿਕ ਨੀਤੀ ਦਾ ਵਿਕਾਸ ਕ੍ਰਮਿਕ ਰੂਪ ਵਿੱਚ ਹੋਇਆ। 1560 ਈ. ਤੱਕ ਅਕਬਰ ਦੇ ਦਰਬਾਰ ਵਿੱਚ ਕੱਟੜਪੰਥੀ ਵਰਗ ਦਾ ਪ੍ਰਭਾਵ ਬਰਾਬਰ ਬਣਿਆ ਰਿਹਾ, ਪਰ 1560 ਈ. ਦੇ ਬਾਅਦ ਅਕਬਰ ਨੇ ਹਿੰਦੂਆਂ ਦੇ ਪ੍ਰਤੀ ਆਪਣੇ ਸੁਹਿਰਦਤਾ ਦਾ ਪ੍ਰਦਰਸ਼ਨ ਕੀਤਾ। 1562 ਈ. ਵਿੱਚ ਹੀ ਅਕਬਰ ਦਾ ਸੰਪਰਕ ਰਾਜਪੂਤਾਂ ਦੇ ਨਾਲ ਸਥਾਪਿਤ ਹੋ ਚੁੱਕਾ ਸੀ ਅਤੇ ਉਸ ਨੇ ਆਮੇਰ ਦੇ ਰਾਜ ਘਰਾਣੇ ਦੇ ਨਾਲ ਵਿਆਹ ਸਬੰਧ ਵੀ ਸਥਾਪਿਤ ਕਰ ਲਏ ਸਨ। ਉਸ ਦੇ ਕੁਝ ਹੀ ਸਮੇਂ ਬਾਅਦ ਅਕਬਰ ਨੇ 1563 ਈ. ਵਿੱਚ ਹਿੰਦੂਆਂ 'ਤੇ ਲੱਗਣ ਵਾਲਾ ਤੀਰਥ ਯਾਤਰਾ ਕਰ ਖਤਮ ਕਰ ਦਿੱਤਾ। ਅਗਲੇ ਹੀ ਸਾਲ 1564 ਈ. ਵਿੱਚ ਅਕਬਰ ਨੇ ਹਿੰਦੂਆਂ 'ਤੇ ਲੱਗਣ ਵਾਲਾ ਜਜ਼ੀਆ ਕਰ ਵੀ ਖਤਮ ਕਰ ਦਿੱਤਾ। 1565 ਈ. ਵਿੱਚ ਅਕਬਰ ਨੇ ਯੁੱਧ ਬੰਦੀਆਂ ਦੇ ਜ਼ੋਰ ਪੂਰਵਕ ਧਰਮ ਪਰਿਵਰਤਨ ਦੀ ਪ੍ਰੰਪਰਾ ਨੂੰ ਖਤਮ ਕਰ ਦਿੱਤਾ। ਇਕ ਉਦਾਰ ਧਾਰਮਿਕ ਨੀਤੀ ਦੀ ਦਿਸ਼ਾ ਵਿੱਚ ਇਹ ਅਰੰਭਿਕ ਕਦਮ ਮਹੱਤਵਪੂਰਨ ਸੀ।

ਇਸ ਕਾਲ ਵਿੱਚ ਅਕਬਰ ਦੇ ਧਾਰਮਿਕ ਵਿਚਾਰਾਂ ਵਿੱਚ ਕਈ ਪਰਿਵਰਤਨ ਆਏ। ਇਹ ਪਰਿਵਰਤਨ ਮੁੱਖ ਰੂਪ ਨਾਲ ਅਬੁਲ ਫਜ਼ਲ, ਉਸ ਦੇ ਭਰਾ ਫੈਜੀ ਅਤੇ ਉਨ੍ਹਾਂ ਦੋਵਾਂ ਦੇ ਪਿਤਾ ਸ਼ੇਖ ਮੁਬਾਰਕ ਦੇ ਪ੍ਰਭਾਵਾਂ ਦੇ ਨਤੀਜੇ ਸਨ। ਅਬੁਲ ਫਜ਼ਲ ਨੇ ਅਕਬਰ ਦੇ ਸਾਹਮਣੇ ਕੁਝ ਨਵੇਂ ਵਿਚਾਰ ਰੱਖੇ। ਉਸ ਨੇ ਰਾਜਤਵ ਨੂੰ ਇਕ ਦੈਵੀ ਪ੍ਰਕਾਸ਼ ਦੇ ਰੂਪ ਵਿੱਚ ਪੇਸ਼ ਕੀਤਾ ਅਤੇ ਇਹ ਵਿਚਾਰ ਦਿੱਤਾ ਕਿ ਸਮਰਾਟ ਨੂੰ ਈਸ਼ਵਰ ਦੇ ਗੁਣਾਂ ਦਾ ਪ੍ਰਤੀਬਿੰਬ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਈਸ਼ਵਰ ਆਪਣੇ ਵੱਲੋਂ ਰਚਿਤ ਮਨੁੱਖਾਂ ਦੇ ਵਿੱਚ ਕੋਈ ਅੰਤਰ ਨਹੀਂ ਕਰਦਾ ਅਤੇ ਸਾਰੇ ਮਨੁੱਖ ਈਸ਼ਵਰ ਦੇ ਅੱਗੇ ਬਰਾਬਰ ਹਨ, ਉਸੇ ਤਰ੍ਹਾਂ ਸਮਰਾਟ ਨੂੰ ਵੀ ਸਾਰੀ ਪ੍ਰਜਾ ਦੇ ਪ੍ਰਤੀ ਇਕ ਸਮਤਾਪੂਰਨ ਅਤੇ ਸਹਿਣਸ਼ੀਲ ਨੀਤੀ ਅਪਣਾਉਣੀ ਚਾਹੀਦੀ ਹੈ। ਇਹ ਨੀਤੀ ਸੁਲਹ ਕੁਲ ਨਾਮ 'ਤੇ ਵਿਖਿਆਤ ਹੈ। ਇਸ ਦਾ ਉਦੇਸ਼ ਸਭ ਧਰਮਾਂ ਦੇ ਪ੍ਰਤੀ ਬਰਾਬਰ ਵਿਵਹਾਰ ਕਰਨਾ ਸੀ। ਅਬੁਲ ਫਜ਼ਲ ਦੇ ਅਨੁਸਾਰ ਇਸ ਨੀਤੀ ਦਾ ਅਨੁਸਰਣ ਕਰਨ ਵਾਲਾ ਸ਼ਾਸਕ ਹੀ ਅਸਲ ਵਿੱਚ ਨਿਆ ਪਸੰਦ ਸ਼ਾਸਕ ਅਤੇ ਆਪਣੀ ਪ੍ਰਜਾ ਦਾ ਸੱਚਾ ਨੇਤਾ ਜਾਂ **ਇਮਾਮ-ਏ-ਆਦਿਲ** ਹੈ।

ਇਨ੍ਹਾਂ ਵਿਚਾਰਾਂ ਨੇ ਅਕਬਰ ਨੂੰ ਵੱਖ ਵੱਖ ਧਰਮਾਂ ਦੇ ਸਬੰਧ ਵਿਚ ਜਾਣਕਾਰੀ ਪ੍ਰਾਪਤ ਕਰਨ ਦੀ ਪ੍ਰੇਰਣਾ ਦਿੱਤੀ ਅਤੇ ਉਸ ਨੇ ਆਪਣੀ ਰਾਜਧਾਨੀ ਫਤੇਹਪੁਰ ਸੀਕਰੀ ਵਿਚ 1575 ਈ: ਵਿਚ ਇਬਾਦਤ ਖਾਨਾਂ (ਪ੍ਰਾਰਥਨਾ ਭਵਨ) ਦਾ ਨਿਰਮਾਣ ਕਰਾਇਆ। ਹਰੇਕ ਵੀਰਵਾਰ ਨੂੰ ਵੱਖ ਵੱਖ ਧਰਮਾਂ ਦੇ ਗੁਰੂਆਂ ਨੂੰ ਵਾਦ-ਵਿਵਾਦ ਲਈ ਸੱਦਿਆ ਗਿਆ। 1578 ਈ: ਤਕ ਵਾਦ ਵਿਵਾਦ ਦਾ ਕੰਮ ਕਾਰਜ ਚਲਦਾ ਰਿਹਾ। ਲੇਕਿਨ ਇਸ ਨਾਲ ਅਕਬਰ ਨੂੰ ਸੰਤੁਸ਼ਟੀ ਨਹੀਂ ਹੋਈ। ਉਸ ਨੇ ਅਨੁਭਵ ਕੀਤਾ ਕਿ ਵੱਖ ਵੱਖ ਧਰਮਾਂ ਦੇ ਮੰਨਣ ਵਾਲੇ ਇੱਕ ਦੂਜੇ ਦੇ ਧਾਰਮਿਕ ਵਿਚਾਰਾਂ ਨੂੰ ਸਮਝਣ ਜਾਂ ਸਹਾਹੁਣ ਦੀ ਬਜਾਏ ਕੇਵਲ ਨੁਕਤਾ ਚੀਨੀ ਵਿਚ ਰੁਚੀ ਰੱਖਦੇ ਹਨ। ਕਦੀ ਕਦੀ ਇਹ ਨੁਕਤਾਚੀਨੀ ਅਸ਼ਲੀਲਤਾ ਦੇ ਦਰਜੇ ਤਕ ਚਲੀ ਜਾਂਦੀ ਹੈ। ਇਸ ਲਈ ਅਕਬਰ ਨੇ ਇਹ ਸਿਲਸਿਲਾ ਹੀ ਖਤਮ ਕਰ ਦਿੱਤਾ। ਫਿਰ ਵੀ ਵਿਅਕਤੀਗਤ ਰੂਪ ਨਾਲ ਉਸ ਨੇ ਵੱਖ ਵੱਖ ਧਰਮਾਂ ਦੇ ਗੁਰੂਆਂ ਨਾਲ ਸਲਾਹ ਮਸ਼ਵਰਾ ਜਾਰੀ ਰੱਖਿਆ ।

ਧਾਰਮਿਕ ਵਾਦ-ਵਿਵਾਦ ਦੇ ਕਾਰਜ ਕ੍ਰਮ ਤੋਂ ਪ੍ਰਾਪਤ ਗਿਆਨ ਦੇ ਅਧਾਰ ਉੱਤੇ ਇੱਕ ਘੋਸ਼ਣਾ ਪੱਤਰ ਜਾਂ ਮਹਜਰ (1579 ਈ:) ਜਾਰੀ ਕੀਤਾ ਜਿਸ ਦੇ ਅਨੁਸਾਰ ਅਕਬਰ ਨੂੰ ਧਾਰਮਿਕ ਪ੍ਰਸ਼ਨਾਂ ਉੱਤੇ ਵੀ ਆਪਣਾ ਵਿਚਾਰ ਵਿਅਕਤ ਕਰਨ ਦਾ ਅਧਿਕਾਰ ਪ੍ਰਾਪਤ ਹੋਇਆ: ਮਹਜਰ ਦੁਆਰਾ ਅਕਬਰ ਨੇ ਅਸਾਧਾਰਨ ਅਧਿਕਾਰ ਪ੍ਰਾਪਤ ਨਹੀਂ ਕੀਤਾ ਲੇਕਿਨ ਫਿਰ ਵੀ ਉਸ ਨੇ ਕੇਵਲ ਉਲੇਮਾਂ ਵਰਗ ਦੇ ਰਾਜਨੀਤੀ ਵਿਚ ਦਲਖ ਅੰਦਾਜ਼ੀ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ, ਕਿਉਂਕਿ ਉਹ ਜਾਣਦਾ ਸੀ ਕਿ ਉਦਾਰ ਧਾਰਮਿਕ ਨੀਤੀ ਦਾ ਸਭ ਤੋਂ ਤਾਕਤ ਵਰ ਵਿਰੋਧ ਉਲੇਮਾ ਵਰਗ ਦੁਆਰਾ ਹੀ ਹੋ ਸਕਦਾ ਹੈ।

ਸੁਭਾਵਿਕ ਰੂਪ ਨਾਲ ਅਕਬਰ ਦੇ ਇਸ ਫੈਸਲੇ ਦਾ ਉਲੇਮਾ ਵਰਗ ਦੁਆਰਾ ਵਿਰੋਧ ਹੋਇਆ ਅਤੇ 1579 ਈ: ਤੋਂ 1581 ਈ: ਦੇ ਵਿਚਕਾਰ ਅਕਬਰ ਦੇ ਸਾਮਰਾਜ ਵਿਚ ਇੱਕ ਗੰਭੀਰ ਵਿਦਰੋਹ ਦੀ ਸਥਿਤੀ ਬਣੀ ਰਹੀ, ਜਿਸ ਨੂੰ ਉਲੇਮਾ ਵਰਗ ਨੇ ਭੜ੍ਹਕਾਇਆ। ਲੇਕਿਨ ਅਕਬਰ ਨੇ ਵੱਡੇ ਧੀਰਜ ਨਾਲ ਇਸ ਸਮੱਸਿਆ ਦਾ ਹੱਲ ਕੀਤਾ। ਉਲੇਮਾ ਵਰਗ ਦੀ ਸ਼ਕਤੀ ਹੁਣ ਪੂਰੀ ਤਰ੍ਹਾਂ ਨਿਯੰਤ੍ਰਿਤ ਕਰ ਦਿੱਤੀ ਗਈ ਅਤੇ ਅਕਬਰ ਦੇ ਲਈ ਧਾਰਮਿਕ ਨੀਤੀ ਦੇ ਖੇਤਰ ਵਿਚ ਇੱਕ ਅਖੀਰੀ ਤਰੀਕੇ ਦਾ ਮਾਰਗ ਸੱਪਸ਼ਟ ਹੋਇਆ।

ਇਹ ਅਖੀਰੀ ਤਰੀਕ **ਦੀਨ-ਏ-ਇਲਾਹੀ** ਦੇ ਨਾਂ ਨਾਲ ਪ੍ਰਸਿੱਧ ਹੈ ਜਿਹੜੇ 1581 ਈ: ਦੇ ਆਸ-ਪਾਸ ਸ਼ੁਰੂ ਹੋਇਆ ਜਿਹੜੀ ਅਸਲ ਵਿਚ ਗਲਤ ਹੈ। ਮੌਲਿਕ ਰੂਪ ਤੋਂ ਨਵੀਂ ਵਿਚਾਰ ਧਾਰਾ ਦੇ ਨਾਲ ਦੀਨ (ਧਰਮ) ਦਾ ਵੀ ਉਲੇਖ ਨਹੀਂ ਸੀ। ਅਕਬਰ ਨੇ ਇਸ ਨੂੰ ਧਰਮ ਦੇ ਰੂਪ ਵਿਚ ਕਦੀ ਨਹੀਂ ਦੇਖਿਆ। ਜਹਾਂਗੀਰ ਦੇ ਸਮਕਾਲੀਨ ਮੋਹਸਿਨ ਫਾਨੀ ਨੇ ਆਪਣੀ ਰਚਨਾ ਦਬੀਸਤਾਨੇ-ਮਜਾਹਿਬ ਵਿਚ ਪਹਿਲੀ ਵਾਰ ਇਸ ਨੂੰ ਇੱਕ ਸੁਤੰਤਰ ਧਰਮ ਦੇ ਰੂਪ ਵਿਚ ਵਰਣਨ ਕੀਤਾ ਹੈ।

ਨੋਟ

ਅਸਲ ਵਿਚ **ਦੀਨ-ਏ-ਇਲਾਹੀ** ਐਸੀ ਵਿਵਹਾਰ ਇਕਤਰੀ ਕਰਨ ਸੀ, ਜਿਸ ਵਿਚ ਵੱਖ ਵੱਖ ਧਰਮਾਂ ਦੇ ਆਦੇਸ਼ਾਂ ਅਤੇ ਉਪਦੇਸ਼ਾਂ ਦਾ ਸੰਗ੍ਰਹਿ ਸੀ। ਅਕਬਰ ਦੁਆਰਾ ਇਸ ਨੂੰ ਫੈਲਾਉਣ ਦਾ ਉਦੇਸ਼ ਕੇਵਲ ਇੰਨਾ ਸੀ ਕਿ ਵੱਖ ਵੱਖ ਧਰਮਾਂ ਦੇ ਸ਼ਰਧਾਲੂਆਂ ਵਿਚ ਏਕਤਾ ਅਤੇ ਤਾਲਮੇਲ ਦੀ ਸਥਾਪਨਾ ਕੀਤੀ ਜਾ ਸਕੇ ਕਿਉਂਕਿ ਰਾਸ਼ਟਰੀ ਏਕੀਕਰਨ ਦੀ ਦਿਸ਼ਾ ਵਿਚ ਪ੍ਰਗਤੀ ਤਦੇ ਹੋ ਸਕਦੀ ਸੀ। ਦੀਨ-ਏ-ਇਲਾਹੀ ਦੇ ਅੰਦਰ ਹੇਠ ਲਿਖੇ ਸਿਧਾਂਤ ਪੇਸ਼ ਕੀਤੇ ਗਏ:

1. ਸਮਰਾਟ ਨੂੰ ਅਧਿਆਤਮਿਕ ਗੁਰੂ ਮੰਨਣਾ।
2. ਉਸ ਦੇ ਆਦੇਸ਼ ਅਨੁਸਾਰ ਵਿਵਹਾਰ ਕਰਨਾ।
3. ਆਪਣੇ ਜਨਮ ਦਿਨ ਉੱਤੇ ਖਾਣਾ ਅਤੇ ਦਾਨ ਦਾ ਪ੍ਰਬੰਧ ਕਰਨਾ ਅਤੇ ਮਰਨ ਤੋਂ ਬਾਅਦ ਜੀਵਨ ਵਿਚ ਭਲੇ ਦੇ ਲਈ ਦਾਨ ਆਦਿ ਕਰਨਾ।
4. ਸ਼ਾਕਾ ਹਾਰੀ ਭੋਜਨ ਲੈਣਾ।
5. ਸੰਸਾਰਿਕ ਸੁੱਖਾਂ ਅਤੇ ਕਾਮਨਾਵਾਂ ਦਾ ਤਿਆਗ।
6. ਵਿਸ਼ੁੱਧ ਨੈਤਿਕ ਜੀਵਨ ਬਤੀਤ ਕਰਨਾ।

ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਦੀਨ-ਏ-ਇਲਾਹੀ ਕੋਈ ਨਵਾਂ ਧਰਮ ਨਹੀਂ ਸੀ। ਇਸ ਵਿੱਚ ਇਕ ਨਵੇਂ ਧਰਮ ਦੀ ਕੋਈ ਵੀ ਵਿਸ਼ੇਸ਼ਤਾ ਅਕਬਰ ਦੇ ਸ਼ਾਸਨਕਾਲ ਵਿੱਚ ਵਿਆਪਕ ਰੂਪ ਵਿੱਚ ਭਵਨਾਂ ਦਾ ਨਿਰਮਾਣ ਹੋਇਆ ਅਤੇ ਨਵੇਂ ਨਗਰਾਂ ਦੀ ਸਥਾਪਨਾ ਵੀ ਹੋਈ। ਰਾਜਧਾਨੀ ਆਗਰਾ ਅਤੇ ਫਤਿਹਪੁਰ ਸੀਕਰੀ ਦੇ ਇਲਾਵਾ ਲਾਹੌਰ , ਇਲਾਹਾਬਾਦ, ਅਟਕ, ਹੈਦਰਾਬਾਦ, ਮੁੰਗੇਰ ਅਤੇ ਆਮੇਰ ਵਿੱਚ ਵੀ ਵੱਡੇ ਪੈਮਾਨੇ 'ਤੇ ਭਵਨਾਂ ਦਾ ਨਿਰਮਾਣ ਹੋਇਆ। ਇਸ ਕਾਲ ਦੀ ਅੰਤਿਮ ਵਰਨਣ ਯੋਗ ਉਪਲੱਬਧੀ ਆਗਰਾ ਦੇ ਨੇੜੇ ਸਿਕੰਦਰਾਬਾਦ ਵਿੱਚ ਸਥਿਤ ਅਕਬਰ ਦਾ ਮਕਬਰਾ ਹੈ ਜਿਸ ਦਾ ਨਿਰਮਾਣ ਭਾਰਤੀ ਸ਼ੈਲੀ ਨਾਲ ਸਪੱਸ਼ਟ ਤੌਰ 'ਤੇ ਪ੍ਰਭਾਵਿਤ ਹੈ।

ਇਸ ਲਈ ਇਹ ਲੋਕਪ੍ਰਿਯ ਨਹੀਂ ਹੋ ਸਕਿਆ ਲੇਕਿਨ ਇਸ ਵਿਚਾਰ ਨਾਲ ਅਕਬਰ ਦੀ ਮਹਾਨਤਾ ਦਾ ਸਪੱਸ਼ਟ ਸਬੂਤ ਮਿਲਦਾ ਹੈ। ਉਸ ਨੇ ਵੱਖ ਵੱਖ ਧਰਮਾਂ ਦੇ ਵਿਚਕਾਰ ਮਿੱਤਰਤਾ ਲੈ ਆਉਣ ਦੀ ਅਤਿਅਧਿਕ ਸਰਾਹੁਣ ਯੋਗ ਕੋਸ਼ਿਸ਼ ਕੀਤੀ ਅਤੇ ਉਸ ਦੀ ਧਾਰਮਿਕ ਨੀਤੀ ਦੇ ਰਚਨਾਤਮਕ ਸਭ ਤੋਂ ਪਹਿਲਾਂ ਇਸ ਨਾਲ ਅਕਬਰ ਨੂੰ ਸੰਪ੍ਰਦਾਇਕ ਚਰਿਤਰ ਸਥਾਪਿਤ ਕਰਨ ਵਿਚ ਸਫਲਤਾ ਮਿਲੀ। ਹੁਣ ਸਾਮਰਾਜ ਦੇ ਪ੍ਰਤਿ ਬੋਧ, ਜੈਨ, ਈਸਾਈ, ਸਿੱਖ ਅਤੇ ਹਿੰਦੂ ਵਰਗ ਦੀ ਪੂਰਨ ਨਿਸ਼ਠਾ ਅਤੇ ਸਵਾਮੀ ਭਗਤੀ ਦਾ ਪ੍ਰਦਰਸ਼ਨ ਕਰਨ ਲੱਗਾ ਕਿਉਂਕਿ ਸਮਰਾਟ ਦੀਆਂ ਨੀਤੀਆਂ ਨੇ ਉਨ੍ਹਾਂ ਨੂੰ ਵੀ ਸਾਮਰਾਜ ਵਿਚ ਇੱਕ ਆਦਰ ਯੋਗ ਅਤੇ ਸਨਮਾਨ ਪੂਰਨ ਸਥਾਨ ਉਪਲੱਬਧ ਕਰਾਇਆ। ਇਸ ਨਾਲ ਅਕਬਰ ਨੂੰ ਰਾਜਨਿਤਿਕ ਫਾਇਦਾ ਵੀ ਪ੍ਰਾਪਤ ਹੋਇਆ ਅਤੇ ਰਾਜਪੂਤ ਸ਼ਾਸਕ ਉਸ ਦੇ ਤਾਕਤਵਰ ਸਮਰਥਕ ਬਣੇ। ਰਾਜਪੂਤਾਂ ਦੇ ਸਹਿਯੋਗ ਨੇ ਮੁਗਲ ਸਾਮਰਾਜ ਦੀ ਸੁਦ੍ਰਿੜ੍ਹਤਾ ਅਤੇ ਵਿਸਥਾਰ ਵਿਚ ਯੋਗਦਾਨ ਦਿੱਤਾ। ਇਸ ਦੇ ਸਿਵਾਏ ਹਿੰਦੂ ਅਤੇ ਮੁਸਲਮਾਨ ਇੱਕ ਦੂਜੇ ਦੇ ਨੇੜੇ ਆਏ ਅਤੇ ਇਸ ਨਾਲ ਭਾਰਤੀਆਂ ਇਤਿਹਾਸ ਵਿਚ ਸੰਸਕ੍ਰਿਤਿਕ ਅਤੇ ਰਾਜਨੀਤਿਕ ਏਕੀਕਰਨ ਦਾ ਨਵਾਂ ਅਨੁਭਾਰ ਸ਼ੁਰੂ ਹੋਇਆ।

### 11.2.2 ਸੰਸਕ੍ਰਿਤਿਕ ਤਾਲਮੇਲ

ਅਕਬਰ ਨੇ ਭਾਰਤ ਵਿਚ ਹਿੰਦੂ ਅਤੇ ਮੁਸਲਮਾਨ ਸੰਸਕ੍ਰਿਤਿਆਂ ਦੇ ਵਿਚਕਾਰ ਤਾਲਮੇਲ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇੱਕ ਪਾਸੇ ਭਾਰਤ ਦੀ ਆਪਣੀ ਸੰਸਕ੍ਰਿਤਿਕ ਪਰੰਪਰਾ ਅਤੇ ਉਸ ਦੀਆਂ ਵਿਸ਼ੇਸ਼ਤਾਵਾਂ ਸਨ ਤਾਂ ਦੂਜੇ ਪਾਸੇ ਇੱਕ ਨਵੀਂ ਸੰਸਕ੍ਰਿਤਿਕ ਪਰੰਪਰਾ ਸੀ ਜਿਸ ਵਿਚ ਇਸਲਾਮੀ ਅਤੇ ਈਰਾਨੀ ਵਿਸ਼ੇਸ਼ਤਾਵਾਂ ਮਿਲੀਆਂ ਹੋਈਆਂ ਸਨ। ਇਨ੍ਹਾਂ ਦੋਵਾਂ ਦਾ ਪ੍ਰਵੇਸ਼ ਭਾਰਤ ਵਿਚ ਅਕਬਰ ਦੇ ਸ਼ਾਸਨ ਕਾਲ ਵਿਚ ਹੋਇਆ। ਇਸ ਦਾ ਪ੍ਰਭਾਵ ਸੰਸਕ੍ਰਿਤਿਕ ਜੀਵਨ ਦੇ ਵੱਖ ਵੱਖ ਖੇਤਰਾਂ ਉੱਤੇ ਖਾਸ ਰੂਪ ਨਾਲ ਭਵਨ ਨਿਰਮਾਣ ਕਲਾ, ਸੰਗੀਤ ਅਤੇ ਚਿੱਤਰਕਲਾ ਉੱਤੇ ਪਿਆ। ਸਾਹਿਤ ਦੇ ਖੇਤਰ ਵਿਚ ਅਕਬਰ ਨੇ ਭਾਰਤੀ ਰਚਨਾਵਾਂ ਦਾ ਫਾਰਸੀ ਵਿਚ ਅਨੁਵਾਦ ਕਰਵਾਇਆ। ਜਿਸ ਨਾਲ ਭਾਰਤ ਮਹਾਨ ਸਾਹਿਤਕ ਪਰੰਪਰਾ ਤੋਂ ਵਿਦੇਸ਼ੀ ਮੁਸਲਮਾਨ ਜਾਣੂ ਹੋ ਸਕਣ।

ਭਾਰਤੀਆਂ ਭਵਨ ਨਿਰਮਾਣ ਸ਼ੈਲੀ ਅਤੇ ਇਸਲਾਮੀ ਸ਼ੈਲੀ ਦਾ ਤਾਲਮੇਲ ਦਿੱਲੀ ਸਲਤਨਤ ਦੇ ਯੁੱਗ ਵਿਚ ਹੀ ਸ਼ੁਰੂ ਹੋ ਚੁੱਕਿਆ ਸੀ। ਵੱਖ ਵੱਖ ਖੇਤਰ ਰਾਜ ਦੀ ਰੱਖਿਆ ਵਿਚ ਇਸ ਸ਼ੈਲੀ ਦੇ ਖੇਤਰੀ ਰੂਪ ਦਾ ਵਿਕਾਸ ਹੋਇਆ। ਮੁਗਲਾਂ ਨੇ ਇਸ ਵਿਚ ਫਿਰ ਤੋਂ ਨਵੇਂ ਈਰਾਨੀ ਤੱਤਾਂ ਦਾ ਪ੍ਰਵੇਸ਼ ਹੋਇਆ।

ਮੁਗਲ ਨਵੇਂ ਆਕਾਰ ਦੇ ਗੁੰਬਦ, ਮੀਨਾਰ ਅਤੇ ਮੇਹਰਾਬ ਦੀ ਸ਼ੈਲੀ ਈਰਾਨ ਤੋਂ ਭਾਰਤ ਵਿਚ ਲਿਆਏ। ਅਕਬਰ ਨੇ ਇਨ੍ਹਾਂ ਨਵੇਂ ਆਕਾਰਾਂ ਦੇ ਨਾਲ ਭਾਰਤ ਦੀ ਸ਼ੈਲੀ ਦੀ ਸਾਰੀ ਵਿਸ਼ੇਸ਼ਤਾਵਾਂ ਨੂੰ ਜਿਸ ਤਰ੍ਹਾਂ ਸਤੰਭਾਂ ਦੀ ਵਰਤੋਂ ਦੀਵਾਰਾਂ ਉੱਤੇ ਨਕਾਸ਼ੀ ਅਤੇ ਪੱਧਰੀ ਛੱਤਾਂ ਦੇ ਨਿਰਮਾਣ ਨੂੰ ਮਿਲਾਇਆ। ਇਸ ਦੇ ਸਿਵਾਏ ਜਾਲੀਆਂ ਅਤੇ ਛਤਰੀਆਂ ਦੀ ਵਰਤੋਂ ਵੀ ਭਾਰਤੀਆਂ ਸ਼ੈਲੀਆਂ ਤੋਂ ਲਿਆ ਗਿਆ। ਇਸ ਜੋੜੀ ਹੋਈ ਸ਼ੈਲੀ ਦਾ ਸਭ ਤੋਂ ਸੁੰਦਰ ਉਦਾਹਰਣ ਫਤੇਹਪੁਰ ਸੀਕਰੀ ਸਥਿਤ ਭਵਨਾਂ ਵਿਚ ਪਾਇਆ ਜਾਂਦਾ ਹੈ। ਜਿੱਥੇ ਅਕਬਰ ਨੇ ਭਾਰਤ ਦੀ ਵੱਖ ਵੱਖ ਖੇਤਰੀ ਸ਼ੈਲੀਆਂ ਦੀ ਮੁੱਖ ਵਿਸ਼ੇਸ਼ਤਾਵਾਂ ਨੂੰ ਮੁਗਲ ਸ਼ੈਲੀ ਨਾਲ ਜੋੜਿਆ।

ਰਾਜਪੂਤਾਨਾਂ, ਮਾਲਵਾ, ਗੁਜਰਾਤ ਜੌਨਪੁਰ ਅਤੇ ਬੰਗਾਲ ਦੀ ਸ਼ੈਲੀਆਂ ਦੀ ਸਪੱਸ਼ਟ ਮੁਹਰ ਫਤੇਹਪੁਰ ਸੀਕਰੀ ਦੇ ਭਵਨਾਂ ਉੱਪਰ ਹੈ। ਇਨ੍ਹਾਂ ਵਿਚ ਈਰਾਨੀ ਤੱਤਾਂ ਦਾ ਵੀ ਪ੍ਰਵੇਸ਼ ਹੈ। ਇਸ ਸ਼ੈਲੀ ਦੇ ਮੁੱਖ ਉਦਾਹਰਣ ਹੇਠ ਲਿਖੇ ਹਨ–ਬੁਲੰਦ ਦਰਵਾਜ਼ਾ, ਜਾਮਾ ਮਸਜਿਦ, ਜੋਧਾ ਬਾਈ ਦਾ ਮਹੱਲ, ਰਾਜਾ ਬੀਰਬਲ ਦਾ ਮਹੱਲ ਆਦਿ, ਦੂਜੇ ਪਾਸੇ ਇਸ ਸ਼ੈਲੀ ਨਾਲ ਆਗਰਾ ਦੇ ਕਿਲ੍ਹੇ ਵਿਚ ਜਹਾਂਗੀਰੀ ਮਹੱਲ ਦੀ ਦੀਵਾਰ ਵੀ ਸਜਾਈ ਹੋਈ ਹੈ ਅਤੇ ਇਸ ਸ਼ੈਲੀ ਨਾਲ ਆਗਰਾ ਦੇ ਕਿਲ੍ਹੇ ਵਿਚ ਜਹਾਂਗੀਰੀ ਮਹੱਲ ਦੀ ਦੀਵਾਰ ਵੀ ਸਜਾਈ ਹੋਈ ਹੈ ਅਤੇ ਇਸ ਉੱਤੇ ਭਾਰਤੀਆਂ ਸ਼ੈਲੀ ਦੇ ਸਪੱਸ਼ਟ ਪ੍ਰਭਾਵ ਵੀ ਹਨ।

ਅਕਬਰ ਦੇ ਸਮੇਂ ਵਿਚ ਚਿੱਤਰ ਕਲਾ ਦੇ ਖੇਤਰ ਵਿਚ ਵੀ ਮਹੱਤਵਪੂਰਨ ਉਪਲੱਬਧੀਆਂ ਵੀ ਦੇਖੀਆਂ ਜਾ ਸਕਦੀਆਂ ਹਨ। ਅਕਬਰ ਨੇ ਇਸ ਖੇਤਰ ਵਿਚ ਵੀ ਈਰਾਨੀ ਅਤੇ ਭਾਰਤੀਆਂ ਸ਼ੈਲੀ ਦਾਖਲ ਕੀਤੀ। ਈਰਾਨੀ ਚਿੱਤਰ ਕਲਾ ਅਤੇ ਭਾਰਤੀਆਂ ਚਿੱਤਰ ਕਲਾ ਇੱਕ ਦੂਜੇ ਤੋਂ ਬਹੁਤ ਵੱਖ ਸਨ। ਭਾਰਤ ਵਿਚ ਜ਼ਿਆਦਾਤਰ ਧਾਰਮਿਕ ਵਿਸ਼ਾਵਾਂ ਦਾ ਚਿਤੱਰਣ ਹੁੰਦਾ ਸੀ। ਜਦੋਂ ਕਿ ਈਰਾਨ ਵਿਚ ਬੇਦੀਨ ਅਤੇ ਮੁੱਖਤਾ ਸ਼ਾਸਕ ਵਰਗ ਦੇ ਜੀਵਨ ਦਾ ਚਿੱਤਰਣ ਹੁੰਦਾ ਸੀ। ਅਕਬਰ ਨੇ ਈਰਾਨੀ ਪਰੰਪਰਾ ਦੇ ਵਿਸ਼ਾਵਾਂ ਨੂੰ ਹੀ ਚੁਣਿਆ, ਅਕਬਰ ਦੇ ਸਮੇਂ ਚਿੱਤਰ ਸ਼ੈਲੀ ਵਿਚ ਸ਼ਾਸਕ ਵਰਗ ਦੇ ਜੀਵਨ ਦਾ ਚਿੱਤਰਣ ਕੀਤਾ ਗਿਆ, ਲੇਕਿਨ ਪੇਸ਼ ਕਰਨ ਦੀ ਸ਼ੈਲੀ ਪੂਰੀ ਤਰ੍ਹਾਂ ਭਾਰਤੀਆਂ ਹੈ। ਇਸ ਤਰ੍ਹਾਂ ਅਕਬਰ ਦੇ ਸ਼ਾਸਨ ਕਾਲ ਵਿਚ ਇੱਕ ਐਸੀ ਚਿੱਤਰਕਲਾ ਦਾ ਵਿਕਾਸ ਹੋਇਆ, ਜਿਸ ਦੀ ਆਤਮਾ ਈਰਾਨੀ ਸੀ ਅਤੇ ਸਰੀਰ ਭਾਰਤੀਆ ਸੀ। ਇਹ ਵੀ ਯਾਦ ਰੱਖਣਯੋਗ ਹੈ ਕਿ ਅਕਬਰ ਨੇ ਆਪਣੇ ਦਰਬਾਰ ਵਿਚ ਵੱਡੀ ਸੰਖਿਆ ਵਿਚ ਚਿੱਤਰਕਾਰਾਂ ਨੂੰ ਇਕੱਠਾ ਕੀਤਾ ਅਤੇ ਚਿੱਤਰ ਬਣਾਉਣ ਦੇ ਲਈ ਵੱਖ ਚਿੱਤਰਕਾਰੀ ਦੀ ਕਾਰਜਸ਼ਾਲਾ ਸਥਾਪਿਤ ਕੀਤੀ। **ਬਸਾਵਨ** ਅਤੇ **ਯਸ਼ਵੰਤ** ਨਾਂ ਦੇ ਪ੍ਰਸਿੱਧ ਚਿੱਤਰਕਾਰ ਅਕਬਰ ਦੇ ਸ਼ਾਸਨ ਕਾਲ ਦੀ ਅਨੇਕ ਬਹੁਤ ਵਧਿਆ ਕਲਾਕ੍ਰਿਤੀਆਂ ਦੇ ਨਿਰਮਾਤਾ ਸਨ।

**ਸੰਗੀਤ** ਦੇ ਖੇਤਰ ਵਿਚ ਵੀ ਅਕਬਰ ਦੇ ਦਰਬਾਰ ਵਿਚ ਈਰਾਨੀ ਅਤੇ ਭਾਰਤੀਆਂ ਪਰੰਪਰਾ ਦਾ ਦਾਖਲਾ ਹੋਇਆ। ਇਸ ਤਰ੍ਹਾਂ ਤਾਂ ਸਲਤਨਤ ਤੋਂ ਹੀ ਭਾਰਤੀਆਂ ਅਤੇ ਈਰਾਨੀ ਸੰਗੀਤ ਦਾ ਆਪਸੀ ਸੰਪਰਕ ਅਤੇ ਇੱਕ ਦੂਜੇ ਉੱਤੇ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਲੇਕਿਨ ਇਸ ਦਾ ਪ੍ਰਭਾਵ ਸੂਫੀ ਸੰਤਾਂ ਤਕ ਹੀ ਸੀਮਤ ਸੀ। ਸ਼ਾਸਕ ਵਰਗ ਦੇ ਦਰਜੇ ਉੱਤੇ ਦਿੱਲੀ ਦੇ ਸੁਲਤਾਨਾਂ ਨੇ ਸੰਗੀਤ ਨੂੰ ਜ਼ਿਆਦਾ ਸਮਰਥਨ ਅਤੇ ਪ੍ਰੇਰਿਤ ਨਹੀਂ ਕੀਤਾ। ਅਕਬਰ ਨੇ ਸੰਗੀਤ ਨੂੰ ਦਰਬਾਰੀ ਰਵਈਏ ਦਾ ਲਾਜਮੀ ਤੱਤ ਬਣਾਇਆ ਅਤੇ ਦਰਬਾਰੀ ਸੰਗੀਤਕਾਰਾਂ ਦੀ ਨਿਯੁਕਤੀ ਕੀਤੀ। ਉਸਦੇ ਦਰਬਾਰ ਵਿਚ ਅਨੇਕ ਪ੍ਰਸਿੱਧ ਸੰਗੀਤਕਾਰ ਸਨ ਜਿਨ੍ਹਾਂ ਦੀ ਸੂਚੀ ਆਈਨੇ–ਅਕਬਰੀ ਵਿਚ ਉਪਲੱਬਧ ਹੈ ਅਤੇ ਜਿਨ੍ਹਾਂ ਵਿਚ ਸਭ ਤੋਂ ਪ੍ਰਸਿੱਧ ਨਾਂ ਤਾਨਸੇਨ ਦੀ ਹੈ। ਇਹ ਮੰਨਿਆਂ ਜਾਂਦਾ ਹੈ ਕਿ ਅਮੀਰ ਖੁਸਰੋ ਦੁਆਰਾ ਈਰਾਨੀ ਅਤੇ ਭਾਰਤੀਯ ਸੰਗੀਤ ਦੇ ਤਾਲਮੇਲ ਦੀ ਜਿਹੜੀ ਕੋਸ਼ਿਸ਼ ਸ਼ੁਰੂ ਹੋਈ ਸੀ, ਉਹ ਤਾਨਸੇਨ ਦੇ ਨਾਲ ਪੂਰੀ ਹੋਈ ਅਤੇ ਨਵੀਂ ਰਾਗ ਰਾਗਨੀਆਂ ਪ੍ਰਚਲਿਤ ਹੋਈਆਂ ਜਿਹੜੀਆਂ ਨਾ ਤਾਂ ਪੂਰਨ ਤਰ੍ਹਾਂ ਈਰਾਨੀ ਸੀ ਅਤੇ ਨਾ ਹੀ ਪੂਰਨ ਤਰ੍ਹਾਂ ਭਾਰਤੀਆ।

**ਸਾਹਿਤ** ਦੇ ਖੇਤਰ ਵਿਚ ਵੀ ਅਕਬਰ ਦੇ ਸ਼ਾਸਨ ਕਾਲ ਦਾ ਵਿਸ਼ੇਸ਼ ਮਹੱਤਵ ਹੈ। ਇਸ ਕਾਲ ਵਿਚ ਭਾਰਤ ਵਿਚ ਫਾਰਸੀ ਭਾਸ਼ਾ ਅਤੇ ਸਾਹਿਤ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ। ਇੱਥੇ ਤਕ ਕਿ ਭਾਰਤ ਦੀ ਫਾਰਸੀ ਰਚਨਾਵਾਂ ਈਰਾਨੀ ਦੀ ਫਾਰਸੀ ਰਚਨਾਵਾਂ ਤੋਂ ਵੀ ਉੱਚ ਦਰਜੇ ਉੱਤੇ ਪਹੁੰਚ ਗਈਆਂ। ਅਕਬਰ ਨੇ ਹੀ ਭਾਰਤ ਵਿਚ ਦਰਬਾਰੀ ਇਤਿਹਾਸ ਲਿਖਣ ਦੀ ਪਰੰਪਰਾ ਨੂੰ ਸਥਾਪਿਤ ਕੀਤਾ। ਅਬੁਲ ਫਜ਼ਲ ਉਸ ਦੇ ਦਰਬਾਰ ਦਾ ਪ੍ਰਸਿੱਧ ਇਤਿਹਾਸਕਾਰ ਸੀ ਜਿਸ ਦੀਆਂ ਰਚਨਾਵਾਂ **ਅਕਬਰਨਾਮਾ ਅਤੇ ਆਈਨੇ ਅਕਬਰੀ** ਅਕਬਰ ਦੇ ਇਤਿਹਾਸ ਦਾ ਮੰਨਿਆ ਗ੍ਰੰਥ ਹੈ। ਨਿਜਾਮੁਦੀਨ ਦੀ **ਤਬਕਾਤੇ ਅਕਬਰੀ** ਅਤੇ ਬਦਾਯੂੰਨੀ ਦੀ **ਮੁਨਤਖਵੁਤਤਵਾਰੀਖ** ਇਸ ਕਾਲ ਦੀਆਂ ਦੋ ਹੋਰ ਮਹੱਤਵਪੂਰਨ ਇਤਿਹਾਸਿਕ ਰਚਨਾਵਾਂ ਹਨ। ਕਵਿਤਾ ਦੇ ਖੇਤਰ ਵਿਚ ਫੈਜੀ ਦਾ ਨਾਂ ਉਲੇਖਯੋਗ ਹੈ। ਇਸ ਤਰ੍ਹਾ ਇਸ ਕਾਲ ਵਿਚ ਗੱਦ ਅਤੇ ਪੱਦ ਦੋਵੇਂ ਹੀ ਖੇਤਰਾਂ ਵਿਚ ਉਲੇਖਯੋਗ ਰਚਨਾਵਾਂ ਮਿਲਦੀਆਂ ਹਨ। ਦੂਜੇ ਪਾਸੇ ਅਕਬਰ ਨੇ ਸੰਸਕ੍ਰਿਤੀ ਅਤੇ ਹੋਰ ਭਾਸ਼ਾਵਾਂ ਤੋਂ ਫਾਰਸੀ ਵਿਚ ਅਨੁਵਾਦੀਤ ਗ੍ਰੰਥ ਵੀ ਤਿਆਰ ਕਰਵਾਏ, ਜਿਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਰਚਨਾ ਫੈਜੀ ਦੁਆਰਾ **"ਭਗਵਦ ਗੀਤਾ"** ਦਾ ਅਨੁਵਾਦ ਅਤੇ ਬਦਾਯੂੰਨੀ ਦੁਆਰਾ ਰਾਮਾਇਣ ਦਾ ਅਨੁਵਾਦ ਹੈ। ਵਿਗਿਆਨ ਅਤੇ ਹੋਰ ਵਿਸਾਵਾਂ ਦੀ ਸੰਸਕ੍ਰਿਤ ਵਿਚ ਲਿਖਤ ਰਚਨਾਵਾਂ ਫਾਰਸੀ ਵਿਚ ਅਨੁਵਾਦ ਕੀਤੀਆਂ ਗਈਆਂ। ਦੂਜੇ ਪਾਸੇ ਤੁਰਕੀ ਭਾਸ਼ਾ ਵਿਚ ਲਿਖੀ ਬਾਬਰ ਦੀ ਆਤਮ ਕਥਾ ਤੁਜੁਕੇ ਬਾਬਰੀ ਦਾ ਫਾਰਸੀ ਵਿਚ ਅਨੁਵਾਦ ਬਾਬਰਨਾਮਾ ਸਿਰਲੇਖ ਤੋਂ ਅਬਦੁਲ ਰਹੀਮ ਖਾਨ ਖਾਨਾਂ ਨੇ ਕੀਤਾ।

### ਸਵ-ਮੁਲਾਂਕਣ (Self Assessment)

1. ਖਾਲੀ ਸਥਾਨ ਭਰੋ (Fill in the blanks) :
   - (i) ਅਕਬਰ.......... ਵਿਚ ਸਿੰਘਾਸਨ ਉੱਤੇ ਬੈਠਿਆ।
   - (ii) ਜਨਵਰੀ............ ਵਿਚ ਹਮਾਯੂੰ ਦੀ ਮ੍ਰਿਤੂ ਹੋਈ।
   - (iii) ਪਾਨੀਪਤ ਦੀ ਦੂਜੀ ਲੜਾਈ ............... ਵਿਚ ਹੋਈ।
   - (iv) ਅਕਬਰ ਦੀ ਧਾਰਮਿਕ ਨੀਤੀ ਨੂੰ ਪ੍ਰਭਾਵਿਤ ਕਰਨ ਵਿਚ ਉਸ ਦੇ ਸਿੱਖਿਅਕ ............. ਦਾ ਯੋਗਦਾਨ ਸੀ।
   - (v) .......... ਦੇ ਖੇਤਰ ਵਿਚ ਵੀ ਅਕਬਰ ਦੇ ਦਰਬਾਰ ਵਿਚ ਈਰਾਨੀ ਅਤੇ ਭਾਰਤੀਅ ਪਰੰਪਰਾ ਦਾ ਦਾਖਲਾ ਹੋਇਆ।

ਨੋਟ

## 11.3 ਡੈਕਣ ਅਤੇ ਜਹਾਂਗੀਰ ਦੀ ਧਰਮ ਸੰਬੰਧੀ ਨੀਤੀ (Deccan and Religious Policy of Jahangir)

ਸੰਨ 1605 ਈ: ਵਿਚ ਅਕਬਰ ਦੀ ਮ੍ਰਿਤੂ ਦੇ ਬਾਅਦ ਉਸ ਦਾ ਵੱਡਾ ਪੁੱਤਰ ਸਲੀਮ ਸ਼ਾਸਕ ਬਣਿਆ ਅਤੇ ਉਸ ਨੇ ਜਹਾਂਗੀਰ ਦੀ ਪਦਵੀ ਧਾਰਨ ਕੀਤੀ। ਉਸ ਦੀ ਰਾਜਗੱਦੀ ਅਪਵਾਦੀ ਢੰਗ ਨਾਲ ਹੋਈ ਸੀ। ਅਕਬਰੀ ਦਰਬਾਰ ਦੇ ਕੁਝ ਪ੍ਰਮੁੱਖ ਸਾਮੰਤ ਜਹਾਂਗੀਰ ਦੇ ਸਥਾਨ ਉੱਤੇ ਉਸ ਦੇ ਵੱਡੇ ਪੁੱਤਰ ਰਾਜਕੁਮਾਰ ਖੁਸਰੋ ਨੂੰ ਸਮਰਾਟ ਬਣਾਉਣ ਦੇ ਪੱਖ ਵਿਚ ਸਨ। ਉਨ੍ਹਾਂ ਵਿਚ ਰਾਜਾ ਮਾਨ ਸਿੰਘ ਅਤੇ ਮਿਰਜ਼ਾ ਅਜ਼ੀਜ਼ ਕੋਕਾ ਜਿਹੇ ਪ੍ਰਭਾਵਸ਼ਾਲੀ ਵਿਅਕਤੀ ਸ਼ਾਮਲ ਸਨ। ਉਨ੍ਹਾਂ ਦੇ ਸਮਰਥਨ ਨਾਲ ਰਾਜਕੁਮਾਰ ਖੁਸਰੋ ਦੀ ਅਭਿਲਾਸ਼ਾ ਵੀ ਵੱਧ ਗਈ ਸੀ ਅਤੇ ਉਸ ਨੇ ਆਪਣੇ ਪਿਤਾ ਦੇ ਖਿਲਾਫ 1605 ਈ: ਵਿਚ ਹੀ ਵਿਦਰੋਹ ਕਰ ਦਿੱਤਾ ਸੀ, ਜਿਹੜਾ ਲਗਭਗ ਦੋ ਸਾਲਾਂ ਤਕ ਚਲਦਾ ਰਿਹਾ। ਅਖੀਰੀ ਖੁਸਰੋ ਹਾਰ ਗਿਆ ਅਤੇ ਕੁਝ ਸਮੇਂ ਦੇ ਲਈ ਉਸ ਨੂੰ ਬੰਦੀ ਦੇ ਰੂਪ ਵਿਚ ਰਹਿਣਾ ਪਿਆ। ਉਸ ਤੋਂ ਬਾਅਦ ਸ਼ਾਹਜਹਾਂ ਨੇ ਜਦੋਂ ਦੱਖਣ ਵਿਚ ਸੈਨਿਕ ਅਭਿਯਾਨ ਕੀਤੇ ਤਾਂ ਖੁਸਰੋ ਉਸ ਦੇ ਨਾਲ ਭੇਜਿਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

### ਦੱਖਣ ਨੀਤੀ

ਜਹਾਂਗੀਰ ਦੇ ਸਮੇਂ ਦੱਖਣ ਭਾਰਤ ਵਿਚ ਵੀ ਸਾਮਰਾਜ ਵਿਸਥਾਰ ਲਈ ਯੁੱਧ ਹੋਇਆ। ਜਹਾਂਗੀਰ ਦੀ ਰਾਜਗੱਦੀ ਦੇ ਸਮੇਂ ਦੱਖਣੀ ਰਾਜਾਂ ਦੀ ਸੰਖਿਆ ਤਿੰਨ ਰਹਿ ਗਈ ਸੀ, ਜਿਸ ਵਿਚ ਅਹਿਮਦ ਨਗਰ ਦੀ ਸਥਿਤੀ ਸਭ ਤੋਂ ਖਰਾਬ ਸੀ। ਲੇਕਿਨ ਇਸੀ ਸਮਾਂ ਮਲਿਕ ਅੰਬਰ ਨਾਮਕ ਵਿਅਕਤੀ ਅਹਮਦ ਨਗਰ ਦਾ ਪ੍ਰਧਾਨ ਮੰਤਰੀ ਨਿਯੁਕਤ ਹੋਇਆ। ਉਸ ਨੇ ਅਹਿਮਦ ਨਗਰ ਦੇ ਰਾਜ ਨੂੰ ਸੰਗਠਿਤ ਕੀਤਾ ਅਤੇ ਦੱਖਣ ਵਿਚ ਮੁਗਲ ਸੈਨਾਪਤੀਆਂ ਦੇ ਆਪਸੀ ਵਿਰੋਧ ਦਾ ਫਾਇਦਾ ਚੁੱਕੇ ਕੇ ਅਹਿਮਦ ਨਗਰ ਦੇ ਹਾਰੇ ਹੋਏ ਖੇਤਰਾਂ ਉੱਪਰ ਦੁਬਾਰਾ ਅਧਿਕਾਰ ਕਰ ਲਿਆ। ਉਸ ਨੇ ਬੀਜਾਪੁਰ ਦੇ ਸੁਲਤਾਨ ਅਤੇ ਮਰਾਠਾ ਸਰਦਾਰਾਂ ਦੀ ਸਹਾਇਤਾ ਪ੍ਰਾਪਤ ਕਰਕੇ ਮੁਗਲਾਂ ਦੇ ਵਿਰੁਧ ਛਾਪਾਮਾਰ ਯੁੱਧ ਜਾਰੀ ਰੱਖਿਆ। ਮਲਿਕ ਅੰਬਰ ਦੇ ਵਿਰੁਧ ਕਈ ਅਭਿਯਾਨ ਕੀਤੀ ਗਏ, ਜਿਸ ਨਾਲ 1617 ਈ: ਵਿਚ ਮਲਿਕ ਅੰਬਰ ਨੂੰ ਸੰਧੀ ਦੇ ਲਈ ਮਜ਼ਬੂਰ ਹੋਣਾ ਪਿਆ। ਮੁਗਲਾਂ ਦੇ ਖੋਹੇ ਹੋਏ ਖੇਤਰ ਨੂੰ ਜਿਸ ਵਿਚ ਬਾਲ ਘਾਟ ਦਾ ਇਲਾਕਾ ਅਤੇ ਅਨੇਕ ਕਿਲ੍ਹੇ ਸ਼ਾਮਲ ਸਨ, ਮਲਿਕ ਅੰਬਰ ਨੇ ਵਾਪਸ ਦਿੱਤੇ ਅਤੇ 15 ਲੱਖ ਰੁਪਏ ਨਜਰਾਨੇ ਦੇ ਰੂਪ ਵਿਚ ਦਿੱਤੇ। ਫਿਰ ਵੀ ਮਲਿਕ ਅੰਬਰ ਦਾ ਵਿਰੋਧ ਜਾਰੀ ਰਿਹਾ। 1620 ਈ: ਵਿਚ ਉਸ ਨੇ ਆਕ੍ਰਮਣ ਕੀਤਾ ਅਤੇ ਮੁਗਲਾਂ ਦੇ ਖੇਤਰ ਵਿਚ ਲੁੱਟ ਮਾਰ ਮਚਾਈ। ਕੁਝ ਸਮਾਂ ਦੇ ਲਈ ਉਸ ਨੂੰ ਸਫਲਤਾ ਵੀ ਮਿਲੀ ਲੇਕਿਨ 1622 ਈ: ਵਿਚ ਉਸ ਨੂੰ ਸੰਧੀ ਸਵੀਕਾਰ ਕਰਨੀ ਪਈ। ਇਸੇ ਵਿਚ ਸ਼ਾਹਜਹਾਂ ਦੇ ਵਿਦਰੋਹ ਨੇ ਦੱਖਣ ਦੀ ਸਥਿਤੀ ਨੂੰ ਫਿਰ ਤੋਂ ਚਿੰਤਾਜਨਕ ਬਣਾ ਦਿੱਤਾ। ਮਲਿਕ ਅੰਬਰ ਨੇ ਬੀਜਾਪੁਰ ਉੱਤੇ ਆਕ੍ਰਮਣ ਕੀਤਾ ਅਤੇ ਸ਼ਾਹਜਹਾਂ ਨੂੰ ਆਪਣੇ ਪੱਖ ਵਿਚ ਮਿਲਾ ਲਿਆ। ਕੁਝ ਸਮੇਂ ਦੇ ਲਈ ਫਿਰ ਤੋਂ ਬਾਲਾਘਾਟ ਦੇ ਖੇਤਰ ਨੂੰ ਜਿੱਤ ਲਿਆ। ਸ਼ਾਹਜਹਾਂ ਦੇ ਵਿਦਰੋਹ ਦਾ ਦਮਨ ਕਰਨ ਦੇ ਲਈ ਜਹਾਂਗੀਰ ਨੇ ਮਹਾਵਤ ਖਾਂ ਨੂੰ ਭੇਜਿਆ ਜਿਸਨੇ ਮਲਿਕ ਅੰਬਰ ਉੱਤੇ ਦਬਾਅ ਪਾ ਕੇ ਸ਼ਾਹਜਹਾਂ ਨੂੰ ਅਹਿਮਦ ਨਗਰ ਤੋਂ ਬਾਹਰ ਕੀਤਾ ਅਤੇ ਬਾਲਾਘਾਟ ਦੀ ਮੁੜ ਜਿੱਤਣ ਵਿਚ ਕੁਝ ਹੱਦ ਤਕ ਸਫਲਤਾ ਮਿਲੀ। 1626 ਈ: ਵਿਚ ਮਲਿਕ ਅੰਬਰ ਦੀ ਮ੍ਰਿਤੂ ਦੇ ਬਾਅਦ ਹੀ ਅਹਿਮਦ ਨਗਰ ਦਾ ਵਿਰੋਧ ਕਮਜ਼ੋਰ ਹੋਇਆ।

ਕੁਝ ਇਤਿਹਾਸਕਾਰ ਜਹਾਂਗੀਰ ਦੀ ਦੱਖਣ ਨੀਤੀ ਨੂੰ ਅਸਫਲ ਮੰਨਦੇ ਹਨ। ਉਨ੍ਹਾਂ ਦੇ ਅਨੁਸਾਰ ਜਹਾਂਗੀਰ ਦੇਕੋਲ ਰਾਜ ਦੇ ਮਾਮਲਿਆਂ ਲਈ ਸਮੇਂ ਦੇਣ ਦਾ ਮੌਕਾ ਨਹੀਂ ਸੀ। ਉਹ ਵਿਲਾਸੀ ਸੁਭਾਅ ਦਾ ਵਿਅਕਤੀ ਸੀ। ਇਸ ਲਈ ਉਸ ਦੇ ਸ਼ਾਸਨ ਕਾਲ ਵਿਚ ਦੱਖਣ ਦੀ ਦਿਸ਼ਾ ਵਿਚ ਕੋਈ ਪ੍ਰਗਤੀ ਨਹੀਂ ਹੋ ਸਕੀ। ਹਾਲਾਂਕਿ ਸਤੀਸ਼ਚੰਦਰ ਨੇ ਆਪਣੇ ਇੱਕ ਲੇਖ ਵਿਚ ਇਨ੍ਹਾਂ ਵਿਚਾਰਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਦੇ ਅਨੁਸਾਰ ਅਕਬਰ ਅਤੇ ਜਹਾਂਗੀਰ ਦੇ ਸਮੇਂ ਵਿਚ ਦੱਖਣ ਨੀਤੀ ਦਾ ਉਦੇਸ਼ **'ਸੀਮਤ ਵਿਸਥਾਰ'** ਸੀ। ਦੋਵਾਂ ਨੇ ਅਹਿਮਦ ਨਗਰ ਦੇ ਰਾਜ ਨੂੰ ਦੱਖਣ ਵਿਚ ਇੱਕ ਮੱਧਵਰਤੀ ਰਾਜ ਦੇ ਤੌਰ ਉੱਤੇ ਬਣਾਏ ਰੱਖਣ ਨੂੰ ਹੀ ਫਾਇਦੇ ਮੰਦ ਸਮਝਿਆ। ਸੰਚਾਰ ਦੇ ਸਾਧਨਾਂ ਅਤੇ ਆਵਾਜਾਈ ਦੀ ਸੁਵਿਧਾਵਾਂ ਦੀ ਘਾਟ ਵਿਚ ਦੂਰ-ਦੁਰੇਡੇ ਦੱਖਣ ਦੇ ਰਾਜਾਂ ਦੀ ਤਬਾਹੀ ਸੰਭਵ ਨਹੀਂ ਸੀ। ਇਸ ਲਈ ਅਕਬਰ ਨੇ ਵੀ ਅਹਿਮਦ ਨਗਰ ਦੇ ਪੂਰੇ ਰਾਜ ਨੂੰ ਜਿੱਤਣ ਦੀ ਕੋਸ਼ਿਸ਼ ਨਹੀਂ ਕੀਤੀ। ਜਹਾਂਗੀਰ ਨੇ ਵੀ ਇਸੀ ਨੀਤੀ ਨੂੰ ਆਪਣਾਇਆ। ਇਨਾਂ ਹੀ ਨਹੀਂ ਉਸ ਨੇ ਬੀਜਾਪੁਰ ਦੇ ਨਾਲ ਵੀ ਮਿੱਤਰਤਾ ਪੂਰਨ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਜਹਾਂਗੀਰ ਦੇ ਰਾਜਕਾਲ ਵਿਚ ਮੁਗਲ ਸੀਮਾਂ ਦਾ ਦੱਖਣ ਵਿਚ ਵਿਸਥਾਰ ਇਸ ਲਈ ਨਹੀਂ ਹੋਇਆ ਕਿਉਂਕਿ ਜਹਾਂਗੀਰ ਇਸ ਵਿਸਥਾਰ ਦੇ ਲਈ ਚਾਹਵਾਨ ਨਹੀਂ ਸੀ। ਦੂਜੇ ਪਾਸੇ ਮੁਗਲ ਸੀਮਾਵਾਂ ਨੂੰ ਸੁਰੱਖਿਅਤ ਰੱਖਣ ਵਿਚ ਉਹ ਬਹੁਤ ਹੱਦ ਤਕ ਸਫਲ ਰਿਹਾ।

### ਧਾਰਮਿਕ ਨੀਤੀ

ਜਹਾਂਗੀਰ ਨੇ ਧਾਰਮਿਕ ਖੇਤਰ ਵਿਚ ਵੀ ਆਪਣੇ ਪਿਤਾ ਅਕਬਰ ਦੀ ਹੀ ਨਕਲ ਕੀਤੀ। ਹਾਲਾਂ ਕਿ ਵਿਅਕਤੀਗਤ ਰੂਪ ਨਾਲ ਉਹ ਆਪਣੇ ਪਿਤਾ ਜਿਹਾ ਉਦਾਰ ਨਹੀਂ ਸੀ, ਫਿਰ ਵੀ ਉਹ ਆਪਣੇ ਪਿਤਾ ਦੀ ਨੀਤੀ ਨੂੰ ਫਾਇਦੇ ਮੰਦ ਸਮਝਦਾ ਸੀ ਅਤੇ ਉਸ ਨੇ ਉਸ ਨੂੰ ਆਪਣਾਇਆ ਵੀ। ਉਸ ਦਾ ਜੀਵਨ ਉਦਾਰਤਾ ਦੇ ਵਾਤਾਵਰਣ ਵਿਚ ਸ਼ੁਰੂ ਹੋਇਆ ਸੀ। ਹਿੰਦੂ ਸੰਤਾਂ ਨਾਲ ਉਸ ਦਾ

ਨੋਟ

ਸੰਪਰਕ ਸੀ। ਜਜੀਆ ਅਤੇ ਤੀਰਥ ਯਾਤਰਾ ਕਰ ਉਸ ਦੇ ਸਮੇਂ ਵਿਚ ਬੰਦ ਰਹੇ ਅਤੇ ਮੰਦਰ ਬਣਵਾਉਣ ਦੀ ਸੁਵਿਧਾ ਹਿੰਦੂਆਂ ਨੂੰ ਪ੍ਰਾਪਤ ਰਹੀ। ਜਹਾਂਗੀਰ ਦੇ ਸ਼ਾਸਨ ਕਾਲ ਵਿਚ ਕੁਝ ਅਪ੍ਰਿਯ ਘਟਨਾਵਾਂ ਵੀ ਹੋਈਆਂ। ਉਸ ਨੇ ਕੁਝ ਸਥਾਨਾਂ ਉੱਤੇ ਮੰਦਰਾਂ ਨੂੰ ਤੁੜਵਾਇਆ ਅਤੇ ਸਿੱਖਾਂ ਦੇ ਗੁਰੂ ਅਰਜਨ ਦੇਵ ਨੂੰ ਮ੍ਰਿਤੂ ਦੰਡ ਦਿੱਤਾ। ਇਹ ਫੈਸਲੇ ਕੁਝ ਇਤਿਹਾਸਕਾਰਾਂ ਦੁਆਰਾ ਜਹਾਂਗੀਰ ਦੀ ਧਾਰਮਿਕ ਕੱਟੜਤਾ ਦੇ ਸਬੂਤ ਸਰੂਪ ਪੇਸ਼ ਕੀਤੇ ਜਾਂਦੇ ਹਨ ਲੇਕਿਨ ਵਾਸਤਵਿਕਤਾ ਇਹ ਹੈ ਕਿ ਜਹਾਂਗੀਰ ਨੇ ਕੇਵਲ ਉਨ੍ਹਾਂ ਮੰਦਰਾਂ ਨੂੰ ਤੁੜਵਾਇਆ ਜਿਹੜੇ ਉਸ ਦੇ ਵਿਚਾਰ ਦੇ ਮੁਤਾਬਿਕ ਅੰਧ ਵਿਸ਼ਵਾਸ਼ ਦੇ ਕੇਂਦਰ ਸਨ। ਗੁਰੂ ਅਰਜਨ ਦੇਵ ਨੂੰ ਮ੍ਰਿਤੂ ਦੰਡ ਰਾਜਨੀਤਿਕ ਕਾਰਣਾਂ ਨਾਲ ਦਿੱਤਾ ਗਿਆ ਸੀ ਕਿਉਂਕਿ ਉਨ੍ਹਾਂ ਨੇ ਵਿਦਰੋਹੀ ਰਾਜਕੁਮਾਰ ਖੁਸਰੋ ਦਾ ਸਮਰਥਨ ਕੀਤਾ ਸੀ। ਇਹ ਵੀ ਯਾਦ ਰੱਖਣ ਯੋਗ ਹੈ ਕਿ ਸ਼ੇਖ ਅਹਮਦ ਸਰਹਿੰਦੀ ਦਾ ਪ੍ਰਭਾਵ ਕਾਫੀ ਵੱਧ ਗਿਆ ਸੀ। ਹਾਲਾਂ ਕਿ ਜਹਾਂਗੀਰ ਨੇ ਸ਼ੇਖ ਅਹਿਮਦ ਸਰਹਿੰਦੀ ਨੂੰ ਬੰਦੀ ਬਣਾਇਆ ਲੇਕਿਨ ਉਨ੍ਹਾਂ ਦੇ ਪ੍ਰਭਾਵ ਵਿਚ ਕੋਈ ਕਮੀ ਨਹੀਂ ਆਈ ਅਤੇ ਜਹਾਂਗੀਰ ਨੂੰ ਅਕਬਰ ਦੀ ਤੁਲਣਾ ਵਿਚ ਆਪਣੀ ਸਹਿਣਸ਼ੀਲਤਾ ਦੀ ਨੀਤੀ ਨੂੰ ਨਿਸਚਿਤ ਕੀਤੀ ਸੀਮਾਂ ਦੇ ਅੰਦਰ ਹੀ ਰੱਖਣਾ ਪਿਆ। ਇਸ ਲਈ ਉਸ ਨੇ ਦੀਨ-ਏ-ਇਲਾਹੀ ਵਿਚ ਪਤਿੱਤਰ ਕਰਨਾ ਬੰਦ ਕਰ ਦਿੱਤਾ।

### 11.3.1 ਨੂਰਜਹਾਂ ਦੀ ਰਾਜਨੀਤਿਕ ਭੂਮਿਕਾ

ਜਹਾਂਗੀਰ ਦੇ ਸ਼ਾਸਨ ਕਾਲ ਵਿਚ ਨੂਰਜਹਾਂ ਦੀ ਰਾਜਨੀਤਿਕ ਭੂਮਿਕਾ ਵੱਖ ਵੱਖ ਇਤਿਹਾਸਕਾਰਾਂ ਦੇ ਵਿਚਕਾਰ ਵਿਵਾਦ ਦਾ ਕਾਰਨ ਰਹੀ ਹੈ। ਕੁਝ ਇਤਿਹਾਸਕਾਰਾਂ ਦੇ ਅਨੁਸਾਰ ਨੂਰਜਹਾਂ ਨੇ ਜਹਾਂਗੀਰ ਦੇ ਨਾਲ ਵਿਆਹ ਦੇ ਬਾਅਦ ਆਪਣੀ ਸਥਿਤੀ ਦਾ ਫਾਇਦਾ ਚੁੱਕਦੇ ਹੋਏ ਮੁਗਲ ਦਰਬਾਰ ਦੀ ਰਾਜਨੀਤੀ ਵਿਚ ਸੰਚਾਲਨ ਲਈ ਦਖਲ ਅੰਦਾਜੀ ਕੀਤੀ ਜਿਸ ਨਾਲ ਮੁਗਲ ਦਰਬਾਰ ਵਿੱਚ ਗੁਟਬੰਦੀ ਦੀ ਸਮੱਸਿਆ ਉਭਰੀ ਅਤੇ ਸਾਮਰਾਜ ਦਾ ਨੁਕਸਾਨ ਹੋਇਆ ਜਦੋਂ ਕਿ ਕੁਝ ਹੋਰਾਂ ਦੇ ਵਿਚਾਰ ਵਿਚ ਇਹ ਕਥਨ ਦੀ ਪੁਸ਼ਟੀ ਵਿਚ ਨਿਸ਼ਚਿਤ ਸਬੂਤ ਉਪਲੱਬਧ ਨਹੀਂ ਹੈ। ਬੇਨੀ ਪ੍ਰਸ਼ਾਦ ਨੇ ਇਹ ਵਿਚਾਰ ਪੇਸ਼ ਕੀਤਾ ਹੈ ਕਿ 1611 ਈ: ਵਿਚ ਨੂਰਜਹਾਂ ਅਤੇ ਜਹਾਂਗੀਰ ਦੇ ਵਿਆਹ ਦੇ ਬਾਅਦ ਨੂਰਜਹਾਂ ਗੁਟ ਦੀ ਮੁਗਲ ਦਰਬਾਰ ਵਿਚ ਸਰਗਰਮੀ ਤੇਜ ਹੋ ਗਈ ਅਤੇ ਲਗਭਗ ਇਕ ਦਸਕ ਤਕ ਇਸ ਦਾ ਪ੍ਰਭਾਵ ਦਰਬਾਰੀ ਰਾਜਨੀਤੀ ਵਿਚ ਬਣਿਆ ਰਿਹਾ। ਨੂਰਜਹਾਂ ਦੇ ਸਿਵਾਏ ਇਸ ਗੁਟ ਵਿਚ ਉਸ ਦੇ ਪਿਤਾ ਮਿਰਜਾ ਗਿਆਸ ਬੇਗ (ਏਤਮਾਦੁ ਦੌਲਾ) ਭਰਾ ਆਸਫ ਖਾਂ ਅਤੇ ਸਹਿਜਾਦਾ ਖੁੱਰਮ ਸ਼ਾਮਲ ਸਨ। ਇਸ ਕਾਲ ਵਿਚ ਨੂਰਜਹਾਂ ਦੇ ਸਮਰਥਕ ਸਾਮਤਾਂ ਨੂੰ ਵੱਡੇ ਅਹੁਦੇ ਅਤੇ ਜਾਗੀਰ ਪ੍ਰਾਪਤ ਹੋਈਆਂ ਜਦੋਂ ਕਿ ਉਸ ਦੇ ਵਿਰੋਧੀਆਂ ਨੂੰ ਨਿਯਮਿਤ ਪਦ ਉੱਨਤੀ ਅਤੇ ਜਾਗੀਰਾਂ ਪ੍ਰਾਪਤ ਕਰਨ ਵਿਚ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਇਹ ਵੀ ਕਿਹਾ ਜਾਂਦਾ ਹੈ ਕਿ ਨੂਰ ਜਹਾਂ ਦੁਆਰਾ ਖੁੱਰਮ ਨੂੰ ਸਮਰਥਨ ਇਸ ਲਈ ਦਿੱਤਾ ਗਿਆ ਸੀ ਕਿਉਂਕਿ ਉਹ ਜਹਾਂਗੀਰ ਦੇ ਬਾਅਦ ਖੁੱਰਮ ਨੂੰ ਉੱਤਰਾਧਿਕਾਰੀ ਦੇ ਰੂਪ ਵਿਚ ਦੇਖਣਾ ਚਾਹੁੰਦੀ ਸੀ। ਉਸ ਨੂੰ ਆਸ ਸੀ ਕਿ ਉਸ ਨੂੰ ਸਮਰਥਨ ਦੇਣ ਦੇ ਕਾਰਨ ਉਹ ਜਾਂ ਨੂਰਜਹਾਂ ਖੁੱਰਮ ਸ਼ਾਸਨ ਕਾਲ ਵਿਚ ਆਪਣੀ ਰਾਜਨੀਤਿਕ ਭੂਮਿਕਾ ਨੂੰ ਮਹੱਤਵਪੂਰਨ ਬਣਾਏ ਰੱਖਣ ਵਿਚ ਸਫਲ ਰਹੇਗੀ। ਲੇਕਿਨ ਨੂਰਜਹਾਂ ਨੂੰ ਜਲਦੀ ਹੀ ਇਹ ਵਿਸ਼ਵਾਸ਼ ਹੋ ਗਿਆ ਕਿ ਖੁੱਰਮ ਖੁਦ ਅਭਿਲਾਸ਼ੀ ਹੋਣ ਦੇ ਕਾਰਨ ਉਸ ਦੇ ਪ੍ਰਭੂਤਵ ਵਿਚ ਰਹਿਣਾ ਪਸੰਦ ਨਹੀਂ ਕਰੇਗਾ। ਇਸ ਲਈ ਉਸ ਨੇ ਖੁੱਰਮ ਨੂੰ ਸਮਰਥਨ ਦੇਣਾ ਬੰਦ ਕਰ ਦਿੱਤਾ ਅਤੇ ਜਹਾਂਗੀਰ ਦੇ ਇੱਕ ਹੋਰ ਪੁੱਤਰ ਸਹਰਿਆਰ ਨੂੰ ਸਮਰਥਨ ਦੇਣਾ ਸ਼ੁਰੂ ਕੀਤਾ। ਉਸਨੇ ਆਪਣੀ ਬੇਟੀ ਲਾਡਲੀ ਬੇਗਮ ਦਾ ਵਿਆਹ ਵੀ ਸਹਰਿਆਰ ਨਾਲ ਕਰ ਦਿੱਤਾ ਅਤੇ ਉਸ ਨੂੰ ਉੱਤਰਾਧਿਕਾਰੀ ਬਣਾਉਣ ਦੇ ਲਈ ਖੜਯੰਤਰ ਰਚਨ ਲੱਗੀ। ਸਹਿਜਾਦਾ ਖੁੱਰਮ ਇਨ੍ਹਾਂ ਖੜਯੰਤਰਾਂ ਤੋਂ ਨਾਖੁਸ਼ ਸੀ ਅਤੇ ਜਦੋਂ ਉਸ ਨੂੰ ਕੰਧਾਰ ਉੱਤੇ ਈਰਾਨੀ ਆਕ੍ਰਮਣ ਦਾ ਵਿਰੋਧ ਕਰਨ ਲਈ ਉੱਥੇ ਜਾਣ ਦਾ ਆਦੇਸ਼ ਦਿੱਤਾ ਗਿਆ, ਤਾਂ ਉਸ ਨੇ 1621-22 ਈ: ਵਿਚ ਵਿਰੋਧ ਕਰ ਦਿੱਤਾ। ਇਸ ਵਿਰੋਧ ਦੇ ਕਾਰਣ ਕੰਧਾਰ ਦਾ ਰੱਖਿਆ ਵੀ ਠੀਕ ਢੰਗ ਨਾਲ ਨਹੀਂ ਹੋ ਸਕੀ। ਸਹਿਜ਼ਾਦਾ ਪਰਵੇਜ਼ ਦੇ ਨੇਤਰਤਵ ਭੇਜੀ ਗਈ ਸੈਨਾ ਈਰਾਨੀਆਂ ਦੁਆਰਾ ਹਰਾ ਦਿੱਤੀ ਗਈ ਅਤੇ ਕੰਧਾਰ ਉੱਤੇ ਈਰਾਨ ਦਾ ਅਧਿਕਾਰ ਹੋ ਗਿਆ। ਦੂਜੇ ਪਾਸੇ ਵਿਦਰੋਹ ਦੇ ਕਾਰਨ ਸਾਮਰਾਜ ਦੇ ਅੰਦਰ ਵੀ ਅਸਾਂਤੀ ਅਤੇ ਸੰਕਟ ਪੈਦਾ ਹੋਇਆ ਅਤੇ ਜਦੋਂ ਖੁੱਰਮ ਨੇ ਅਹਿਮਦ ਨਗਰ ਦੇ ਅੰਬਰ ਦੇ ਕੋਲ ਸ਼ਰਣ ਲਈ ਤਾਂ ਦੱਖਣ ਵਿਚ ਮੁਗਲਾਂ ਦੀਆਂ ਸਮੱਸਿਆਵਾਂ ਵਧ ਗਈਆਂ। ਇਸ ਵਿਦਰੋਹ ਦੇ ਦਮਨ ਵਿਚ ਮਹਾਵਤ ਖਾਂ ਨੇ ਉਤੇਜਿਤ ਭੂਮਿਕਾ ਨਿਭਾਈ। ਕਿਹਾ ਜਾਂਦਾ ਹੈ ਕਿ ਹਾਲਾਂਕਿ ਨੂਰਜਹਾਂ ਮਹਾਵਤ ਖਾਂ ਦੀ ਵਿਰੋਧੀ ਸੀ ਫਿਰ ਵੀ ਉਸ ਨੇ ਖੁੱਰਮ ਦੇ ਵਿਰੁਧ ਸਹਿਯੋਗ ਲਿਆ। ਉਸ ਦੇ ਬਾਅਦ ਉਸ ਨੇ ਮਹਾਵਤ ਖਾਂ ਦੇ ਪ੍ਰਭਾਵ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਨਾਖੁਸ਼ ਹੋ ਕੇ ਮਹਾਵਤ ਖਾਂ ਨੇ 1624 ਈ: ਵਿਚ ਵਿਦਰੋਹ ਕਰ ਦਿੱਤਾ। ਇਸ ਲਈ ਨੂਰਜਹਾਂ ਦੁਆਰਾ ਰਾਜਨੀਤੀ ਵਿਚ ਦਲਖ ਅੰਦਾਜੀ ਕਰਨ ਨਾਲ ਰਾਜ ਵਿਚ ਅਸਥਿਰਤਾ ਦੀ ਸਮੱਸਿਆ ਪੈਦਾ ਹੋਈ ਅਤੇ ਕੰਧਾਰ ਵੀ ਮੁਗਲਾਂ ਦੇ ਹੱਥਾਂ ਵਿਚੋਂ ਨਿਕਲ ਗਿਆ।

ਦੂਸਰੇ ਪਾਸੇ, ਸਾਨੂੰ ਇਹ ਵਿਚਾਰ ਵੀ ਮਿਲਦਾ ਹੈ ਕਿ ਨੂਰਜਹਾਂ ਵੱਲੋਂ ਮੁਗਲ ਰਾਜਨੀਤੀ ਵਿੱਚ ਦਖਲਅੰਦਾਜ਼ੀ ਕਰਨ ਅਤੇ ਰਾਜ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ ਨਿਰਾਧਾਰ ਹੈ। **ਪ੍ਰੋ. ਨੂਰੁਲ ਹਸਨ** ਨੇ 'ਨੂਰਜਹਾਂ ਗੁੱਟ' ਦੀ ਕਲਪਨਾ ਦਾ ਖੰਡਨ ਕਰਦੇ ਹੋਏ ਇਹ ਸਪੱਸ਼ਟ ਕੀਤਾ ਹੈ ਕਿ ਇਤਿਹਾਸਕ ਤੱਥਾਂ ਨਾਲ ਇਸ ਦੀ ਪੁਸ਼ਟੀ ਨਹੀਂ ਹੁੰਦੀ। **ਆਰ. ਪੀ. ਤ੍ਰਿਪਾਠੀ** ਨੇ ਵੀ ਨੂਰਜਹਾਂ 'ਤੇ ਲਗਾਏ ਗਏ ਦੋਸ਼ਾਂ ਨੂੰ ਅਸਵੀਕਾਰ ਕਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਜਹਾਂਗੀਰ ਅਤੇ ਸ਼ਾਹਜਹਾਂ ਦੇ ਵਿੱਚ ਜੋ ਮਤਭੇਦ ਸਨ, ਉਨ੍ਹਾਂ ਦੇ ਲਈ ਨੂਰਜਹਾਂ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਯਤਨ ਜਾਣਬੁੱਝ ਕੇ ਕੀਤਾ ਗਿਆ ਤਾਂ ਕਿ ਜਹਾਂਗੀਰ ਅਤੇ ਸ਼ਾਹਜਹਾਂ ਦੋਵਾਂ ਹੀ

ਨੋਟ

ਨੂੰ ਦੋਸ਼ ਮੁਕਤ ਸਿੱਧ ਕੀਤਾ ਜਾ ਸਕੇ ਅਤੇ ਇਤਿਹਾਸਕ ਤੱਥਾਂ ਦੇ ਸੂਖਮ ਪ੍ਰੀਖਣ ਨਾਲ ਨੂਰਜਹਾਂ ਵੱਲੋਂ ਰਾਜਨੀਤੀ ਵਿੱਚ ਸਰਗਰਮ ਦਖਲਅੰਦਾਜ਼ੀ ਦੀ ਗੱਲ ਸਿੱਧ ਨਹੀਂ ਹੁੰਦੀ ਹੈ।

ਜਹਾਂਗੀਰ ਨੇ ਆਪਣੇ ਸ਼ਾਸਨ ਕਾਲ ਵਿਚ ਪ੍ਰਸ਼ਾਸਨ ਦੇ ਵੱਲ ਵੀ ਧਿਆਨ ਦਿੱਤਾ ਅਤੇ ਨਿਆਂ ਵਿਵਸਥਾ ਨੂੰ ਸੁਸੰਗਠਿਤ ਰੂਪ ਪ੍ਰਦਾਨ ਕੀਤਾ। ਉਸ ਨੇ ਵਿਦਿਆ ਅਤੇ ਕਲਾ ਦੇ ਲਈ ਆਪਣੀ ਰੁਚੀ ਦਾ ਪ੍ਰਦਰਸ਼ਨ ਕੀਤਾ। ਉਹ ਇੱਕ ਚੰਗਾ ਲੇਖਕ ਅਤੇ ਕਵੀ ਸੀ, ਜਿਸ ਨੇ ਆਪਣੀ ਆਤਮਕਥਾ **ਤੁਜ਼ਕ ਜਹਾਂਗੀਰੀ** ਫਾਰਸੀ ਭਾਸ਼ਾ ਵਿਚ ਲਿਖੀ। ਉਸ ਨੇ ਚਿੱਤਰ ਕਲਾਂ ਨੂੰ ਵਿਸ਼ੇਸ਼ ਪ੍ਰੋਤਸਾਹਨ ਦਿੱਤਾ ਅਤੇ ਮੁਗਲ ਚਿੱਤਰ ਕਲਾ ਉਸ ਦੇ ਸ਼ਾਸਨ ਕਾਲ ਵਿਚ ਸਰਵ ਉੱਚ ਸੀਮਾ ਉੱਤੇ ਪਹੁੰਚ ਗਈ ਸੀ। ਉਸ ਨੇ ਮੁਗਲ ਵਾਸਤੂ ਕਲਾ, ਭਵਨ ਨਿਰਮਾਣ ਕਲਾ ਅਤੇ ਸਿਲਪ ਕਲਾ ਨੂੰ ਸੁਸਜਿੱਤ ਅਤੇ ਸਜਾਵਟੀ ਰੂਪ ਪ੍ਰਦਾਨ ਕੀਤਾ ਅਤੇ ਸ਼ਾਹਜਹਾ ਕਾਲ ਵਿਚ ਉੱਚ ਵਸਤੂ ਕਲਾ, ਭਵਨ ਨਿਰਮਾਣ ਕਲਾ ਅਤੇ ਸਿਲਪ-ਕਲਾ ਦੀ ਪਿੱਠ ਭੂਮੀ ਤਿਆਰ ਕੀਤੀ।

*ਕੀ ਤੁਸੀਂ ਜਾਣਦੇ ਹੋ* — ਜਹਾਂਗੀਰ ਨੇ ਧਾਰਮਿਕ ਨੀਤੀ ਦੇ ਖੇਤਰ ਵਿਚ ਆਪਣੇ ਪਿਤਾ ਅਕਬਰ ਦੀ ਹੀ ਨਕਲ ਕੀਤੀ।

**ਅੰਗਰੇਜ਼ਾਂ ਨਾਲ ਸਬੰਧ**

ਮੁਗਲ ਸਾਮਰਾਜ ਦੇ ਨਾਲ ਇਗਲੈਂਡ ਦੀ ਈਸਟ ਕੰਪਨੀ ਦੇ ਵਪਾਰ ਦੀ ਨਿਯਮ ਅਨੁਸਾਰ ਸ਼ੁਰੂਆਤ ਵੀ ਜਹਾਂਗੀਰ ਦੇ ਸਮੇਂ ਵਿਚ ਹੀ ਹੋਈ। 1608 ਈ. ਵਿਚ **ਕੈਪਟਨ ਹਾਕਿਨਸ** ਜਹਾਂਗੀਰ ਦੇ ਦਰਬਾਰ ਵਿਚ ਆਇਆ ਤਾਂ ਕਿ ਵਪਾਰ ਸੰਬੰਧੀ ਸਹੂਲਤਾਂ ਪ੍ਰਾਪਤ ਕਰ ਸਕੇ, ਲੇਕਿਨ ਉਹ ਅਸਫਲ ਰਿਹਾ। ਉਸ ਦੇ ਬਾਅਦ ਜਹਾਂਗੀਰ ਨੇ 1615 ਈ. ਵਿਚ ਇਗਲੈਂਡ ਦੇ ਸਮਰਾਟ ਜੇਮਸ ਪਹਿਲਾ ਦੇ ਰਾਜਦੂਤ ਸਰ ਟਾਮਸ ਰੋ ਨੂੰ ਵਪਾਰ ਸਬੰਧੀ ਸਹੂਲਤਾਂ ਪ੍ਰਦਾਨ ਕੀਤੀਆਂ। ਅੰਗਰੇਜ਼ਾਂ ਦਾ ਮੁਗਲ ਸਾਮਰਾਜ ਵਿਚ ਇਸ ਤੋਂ ਬਾਅਦ ਵੱਡੇ ਪੈਮਾਨੇ ਉੱਤੇ ਵਪਾਰ ਸ਼ੁਰੂ ਹੋਇਆ।

ਸਭ ਮਿਲਾ ਕੇ ਜਹਾਂਗੀਰ ਦਾ ਸ਼ਾਸਨ ਕਾਲ ਸ਼ਾਂਤੀ ਪੂਰਨ ਰਿਹਾ। ਉਸਨੇ ਅਕਬਰ ਦੀਆਂ ਨੀਤੀਆਂ ਨੂੰ ਅਪਣਾਏ ਰੱਖਿਆ ਅਤੇ ਸਾਮਰਾਜ ਵਿਚ ਕੋਈ ਵੱਡਾ ਸੰਕਟ ਪੈਦਾ ਨਹੀਂ ਹੋਇਆ। ਹਾਲਾਂਕਿ ਜਹਾਂਗੀਰ ਦੀਆਂ ਵਿਅਕਤੀਗਤ ਉਪਲੱਬਧੀਆਂ ਬਹੁਤ ਆਕਰਸ਼ਕ ਦਿਸਦੀਆਂ ਨਹੀਂ, ਫਿਰ ਵੀ ਇਕ ਸ਼ਾਸਕ ਦੇ ਰੂਪ ਵਿਚ ਉਸ ਨੂੰ ਸਫਲ ਕਿਹਾ ਜਾਵੇਗਾ। 1627 ਈ. ਵਿਚ ਉਸ ਦੀ ਮ੍ਰਿਤੂ ਹੋ ਗਈ ਅਤੇ ਉੱਤੱਰਾਧਿਕਾਰ ਦੇ ਸੰਖੇਪ ਸੰਘਰਸ਼ ਦੇ ਬਾਅਦ ਸ਼ਾਹਜਹਾਂ ਨੇ ਸੱਤਾ ਉੱਤੇ ਅਧਿਕਾਰ ਕਰ ਲਿਆ।

## 11.4 ਸ਼ਾਹਜਹਾਂ (1627-1656 ਈ.) ਦੀ ਦੱਖਣ ਨੀਤੀ ਅਤੇ ਧਾਰਮਿਕ ਨੀਤੀ (Deccan Policy and Religious Policy of Shahjahan)

### 11.4.1 ਦੱਖਣ ਨੀਤੀ

ਕੁਝ ਇਤਿਹਾਸ ਕਾਰਾਂ ਦੇ ਅਨੁਸਾਰ ਸ਼ਾਹਜਹਾਂ ਨੇ ਆਪਣੀ ਧਾਰਮਿਕ ਕੱਟੜਤਾ ਦੇ ਕਾਰਨ ਦੱਖਣ ਦੇ ਸਿਆ ਰਾਜਾਂ ਦੇ ਵਿਰੁਧ ਆਕ੍ਰਮਣ ਨੀਤੀ ਆਪਣਾਈ ਸੀ, ਜਦੋਂ ਕਿ ਕੁਝ ਹੋਰ ਦੇ ਅਨੁਸਾਰ ਸ਼ਾਹਜਹਾਂ ਦੀ ਨੀਤੀ 'ਵਿਅਕਤੀਗਤ ਅਭਿਲਾਸ਼ੀ, ਪਰੰਪਰਾਗਤ ਜਿੱਤ ਇੱਛਾ ਅਤੇ ਵਿਰਾਸਤ ਵਿਚ ਮਿਲੀ ਨੀਤੀ' ਦਾ ਨਤੀਜਾ ਸੀ। ਦੋਵੇਂ ਹੀ ਵਿਚਾਰ ਵਿਸ਼ਵਾਸ਼ ਯੋਗ ਨਹੀਂ ਹਨ। ਸ਼ਾਹਜਹਾਂ ਦੀ ਨੀਤੀ ਦਾ ਵਿਕਾਸ ਦੱਖਣ ਦੀ ਬਦਲਦੀ ਹੋਈ ਪਰਿਸਥਿਤੀਆਂ ਵਿਚ ਹੋਇਆ। 1629 ਈ. ਖਾਨੇਜਹਾਂ ਲੋਧੀ ਨੇ ਸ਼ਾਹਜਹਾਂ ਦੇ ਵਿਰੁਧ ਵਿਦਰੋਹ ਕੀਤਾ ਅਤੇ ਅਹਿਮਦ ਨਗਰ ਦੇ ਸ਼ਾਸਕ ਨੇ ਉਸ ਦੀ ਸਹਾਇਤਾ ਕੀਤੀ, ਜਿਹੜਾ ਸ਼ਾਹਜਹਾਂ ਦੇ ਲਈ ਅਪ੍ਰਿਯ ਸੀ। ਉਸ ਨੇ ਇਹ ਵੀ ਅਨੁਭਵ ਕੀਤਾ ਕਿ ਅਹਿਮਦ ਨਗਰ ਦੇ ਸ਼ਾਸਕਾਂ ਦੁਆਰਾ ਮੁਗਲਾਂ ਦੇ ਵਿਰੁਧ ਖੜਯੰਤਰ ਅਤੇ ਸੱਤਰੂਤਾ ਪੂਰਨ ਵਿਵਹਾਰ ਦਾ ਅੰਤ ਕੇਵਲ ਅਹਿਮਦ ਨਗਰ ਨੂੰ ਮੁਗਲ ਸਾਮਰਾਜ ਵਿਚ ਮਿਲਾ ਕੇ ਹੀ ਸੰਭਵ ਸੀ। ਇਸ ਲਈ ਉਸ ਨੇ 1632 ਈ. ਵਿਚ ਅਹਿਮਦ ਨਗਰ ਨੂੰ ਪੂਰੀ ਤਰ੍ਹਾਂ ਮੁਗਲ ਸਾਮਰਾਜ ਵਿਚ ਮਿਲਾ ਲਿਆ। ਉਸ ਦੇ ਬਾਅਦ ਰੂਪ ਨਾਲ ਉਹ ਹੋਰ ਦੱਖਣੀ ਰਾਜਾਂ ਦੀ ਜਿੱਤ ਦੇ ਪੱਖ ਵਿਚ ਨਹੀਂ ਸੀ। ਉੱਥੇ ਤਕ ਮੁਗਲਾਂ ਦਾ ਕੇਵਲ ਅਦ੍ਰਿਸ਼ ਪ੍ਰਭੂਤਵ ਬਣਾਏ ਰੱਖਣ ਵਿਚ ਹੀ ਰੁਚੀ ਰੱਖਦਾ ਸੀ। ਉਸ ਨੇ 1636 ਈ. ਤਕ ਬੀਜਾਪੁਰ ਅਤੇ ਗੋਲਕੁੰਡਾ ਦੇ ਸ਼ਾਸਕਾਂ ਨੂੰ ਵੀ ਸੰਧੀ ਕਰਨ ਲਈ ਮਜ਼ਬੂਰ ਕਰ ਦਿੱਤਾ। ਉਸਨੇ ਇਹ ਤੈਅ ਕੀਤਾ ਕਿ ਦੱਖਣ ਦੇ ਸ਼ਾਸਕ ਮੁਗਲ ਸਮਰਾਟ ਦੀ ਸੰਪ੍ਰਭੂਤਾ ਸਵੀਕਾਰ ਕਰਨਗੇ। ਉਸਨੂੰ ਨਿਰਧਾਰਤ ਨਜਰਾਨਾ ਜਾਂ ਕਰ ਦੇਵਾਂਗੇ ਅਤੇ ਮੁਗਲਾਂ ਦੁਆਰਾ ਇਨ੍ਹਾਂ ਰਾਜਾਂ ਉੱਤੇ ਆਕ੍ਰਮਣ ਨਹੀਂ ਕੀਤਾ ਜਾਵੇਗਾ। ਬੀਜਾਪੁਰ ਦੇ ਕਿਸੀ ਭਾਵੀ ਆਕ੍ਰਮਣ ਨਾਲ ਗੋਲਕੁੰਡਾ ਦੀ ਰੱਖਿਆ ਦਾ ਭਰੋਸਾ ਵੀ ਮੁਗਲ ਸਮਰਾਟ ਨੇ ਦਿੱਤਾ।

ਨੋਟ

ਇਨ੍ਹਾਂ ਸੰਧੀਆਂ ਨਾਲ ਮੁਗਲਾਂ ਦਾ ਪ੍ਰਭਾਵ ਦੱਖਣ ਵਿੱਚ ਆਪਣੀ ਉਚਾਈ 'ਤੇ ਪਹੁੰਚ ਗਿਆ। ਇਸ ਸਾਲ ਸ਼ਾਹਜਹਾਂ ਨੇ ਔਰੰਗਜ਼ੇਬ ਨੂੰ ਦੱਖਣ ਦਾ ਸੂਬੇਦਾਰ ਨਿਯੁਕਤ ਕੀਤਾ। ਉਹ 1644 ਈ. ਤੱਕ ਇਸ ਪਦ 'ਤੇ ਰਿਹਾ ਅਤੇ ਪੁਨਰ 1653 ਈ. ਤੋਂ 1657 ਈ. ਤੱਕ ਵੀ। ਔਰੰਗਜ਼ੇਬ ਨੇ ਦੱਖਣ ਵਿੱਚ ਮਹੱਤਵਪੂਰਨ ਸੁਧਾਰ ਲਾਗੂ ਕੀਤੇ ਅਤੇ ਉਥੇ ਖੇਤੀ ਦੇ ਪੁਨਰ ਦੁਆਰ ਦੇ ਤਰੀਕੇ ਕੀਤੇ। ਦੱਖਣੀ ਰਾਜਾਂ ਦੇ ਨਾਲ ਔਰੰਗਜ਼ੇਬ ਦੇ ਮਤਭੇਦ ਵੀ ਪ੍ਰਗਟ ਹੋਏ। ਨਜ਼ਰਾਨੇ ਦੀ ਧਨ ਰਾਸ਼ੀ ਦੇ ਨਿਰਧਾਰਣ ਅਤੇ ਦੱਖਣੀ ਰਾਜਾਂ ਦੇ ਸਾਮੰਤਾਂ ਨੂੰ ਸੁਰੱਖਿਆ ਦੇਣ ਦੇ ਪ੍ਰਸ਼ਨ 'ਤੇ ਬੀਜਾਪੁਰ ਅਤੇ ਗੋਲਕੁੰਡਾ ਦੇ ਨਾਲ ਔਰੰਗਜ਼ੇਬ ਦੇ ਯੁੱਧ ਦੀ ਸੰਭਾਵਨਾ ਵੀ ਪੈਦਾ ਹੋਈ, ਮਗਰ ਦਾਰਾ ਦੀ ਦਖਲਅੰਦਾਜ਼ੀ ਦੇ ਕਾਰਨ ਯੁੱਧ ਨਹੀਂ ਹੋਇਆ। 1657 ਈ. ਵਿੱਚ ਉਤਰਾਧਿਕਾਰ ਦੇ ਯੁੱਧ ਦੇ ਕਾਰਨ ਔਰੰਗਜ਼ੇਬ ਉਤਰੀ ਭਾਰਤ ਵਾਪਿਸ ਚਲਾ ਆਇਆ। ਸ਼ਾਹਜਹਾਂ ਦੇ ਸ਼ਾਸਨ ਕਾਲ ਦੇ ਅੰਤਿਮ ਦਿਨਾਂ ਵਿੱਚ ਬੀਜਾਪੁਰ ਅਤੇ ਗੋਲਕੁੰਡਾ ਦੇ ਰਾਜਾਂ ਦੇ ਨਾਲ ਸਬੰਧੀਆਂ ਵਿੱਚ ਤਣਾਅ ਦੀ ਸਥਿਤੀ ਪੈਦਾ ਹੋਈ। ਇਸ ਦਾ ਕਾਰਨ ਇਹ ਸੀ ਕਿ ਮੁਗਲ ਹਮਲੇ ਤੋਂ ਸੁਰੱਖਿਆ ਦਾ ਹੌਸਲਾ ਮਿਲ ਜਾਣ 'ਤੇ ਬੀਜਾਪੁਰ ਅਤੇ ਗੋਲਕੁੰਡਾ ਨੇ ਦੂਰ ਦੱਖਣ ਵੱਲ ਸਾਮਰਾਜ ਵਿਸਥਾਰ ਕਰਨਾ ਅਰੰਭ ਕਰ ਦਿੱਤਾ ਸੀ ਅਤੇ ਆਪਣੀ ਸ਼ਕਤੀ ਕਾਫੀ ਵਧਾ ਲਈ ਸੀ। ਦੱਖਣ ਵਿੱਚ ਇਨ੍ਹਾਂ ਦੋ ਸ਼ਕਤੀਸ਼ਾਲੀ ਰਾਜਾਂ ਦਾ ਉਦੈ ਚਿੰਤਾਜਨਕ ਸੀ, ਵਿਸ਼ੇਸ਼ ਕਰਕੇ ਇਸ ਲਈ ਵੀ ਕਿ ਇੱਥੇ ਦੇ ਸ਼ਾਸਕ ਆਪਣੇ ਅਧਿਕ੍ਰਿਤ ਖੇਤਰਾ 'ਤੇ ਪੂਰਾ ਕੰਟਰੋਲ ਰੱਖਣ ਵਿੱਚ ਅਸਮਰਥ ਸਨ। ਬੀਜਾਪੁਰ ਵਿੱਚ ਸ਼ਾਹਜੀ ਅਤੇ ਗੋਲਕੁੰਡਾ ਵਿੱਚ ਮੀਰ ਜੁਮਲਾ ਵਰਗੇ ਸਾਮੰਤਾਂ ਦਾ ਪ੍ਰਭਾਵ ਵੱਧਦਾ ਜਾ ਰਿਹਾ ਸੀ। ਦੂਸਰੇ ਪਾਸੇ ਸ਼ਾਹਜਹਾਂ ਨੂੰ ਮੱਧ ਏਸ਼ੀਆ ਵਿੱਚ ਜੋ ਨੁਕਸਾਨ ਉਠਾਉਣਾ ਪਿਆ ਸੀ, ਉਸ ਨਾਲ ਸਾਮਰਾਜ ਦੀ ਪ੍ਰਤੀਸ਼ਠਾ ਪ੍ਰਭਾਵਿਤ ਹੋਈ ਸੀ, ਜਿਸ ਨਾਲ ਪੁਨਰ ਸਥਾਪਿਤ ਕਰਨ ਦੇ ਲਈ ਦੱਖਣੀ ਰਾਜਾਂ ਦੇ ਪ੍ਰਤੀ ਕੜਾਈ ਦਾ ਪ੍ਰਦਰਸ਼ਨ ਕਰਨਾ ਜ਼ਰੂਰੀ ਸੀ। ਆਰਥਿਕ ਕਾਰਨਾਂ ਨਾਲ ਵੀ ਕੋਰੋਮੰਡਲ ਦਾ ਖੇਤਰ ਮਹੱਤਵਪੂਰਨ ਸੀ ਅਤੇ ਮੁਗਲਾਂ ਨਾਲ ਬੀਜਾਪੁਰ ਅਤੇ ਗੋਲਕੁੰਡਾ ਦੇ ਨਾਲ ਸੀਮਾ ਦੇ ਪੁਨਰ ਨਿਰਧਾਰਣ ਦੀ ਮੰਗ ਕੀਤੀ ਜਾਣ ਲੱਗੀ, ਜਿਸ ਦਾ ਵਿਰੋਧ ਉਨ੍ਹਾਂ ਦੋ ਰਾਜਾਂ ਨੇ ਕੀਤਾ। ਇਸ ਤਰ੍ਹਾਂ ਦੱਖਣ ਵਿੱਚ ਅਸਥਿਰਤਾ ਬਣੀ ਰਹੀ ਅਤੇ ਮੁਗਲ ਸ਼ਾਸਕਾਂ ਦਾ ਬੀਜਾਪੁਰ ਅਤੇ ਗੋਲਕੁੰਡਾ 'ਤੇ ਪੂਰਾ ਪ੍ਰਭੂਤਵ ਨਹੀਂ ਹੋ ਸਕਿਆ।

### 11.4.2 ਧਾਰਮਿਕ ਨੀਤੀ

ਸ਼ਾਹਜਹਾਂ ਨੇ ਆਪਣੇ ਸ਼ਾਸਨ ਕਾਲ ਦੇ ਸ਼ੁਰੂ ਵਿਚ ਇੱਕ ਉਦਾਰ ਧਾਰਮਿਕ ਨੀਤੀ ਅਪਣਾਈ। ਇਸ ਦੇ ਕਾਰਣਾਂ ਦੀ ਵਿਆਖਿਆ ਕਈ ਪ੍ਰਕਾਰ ਤੋਂ ਕੀਤੀ ਗਈ ਹੈ। ਸ਼ਾਹਜਹਾਂ ਵਿਅਕਤੀਗਤ ਰੂਪ ਨਾਲ ਜ਼ਿਆਦਾ ਰੂੜ੍ਹੀਵਾਦੀ ਸੀ ਅਤੇ ਵਿਅਕਤੀਗਤ ਜੀਵਨ ਵਿਚ ਸਦਾ ਇਸਲਾਮ ਦੇ ਆਦੇਸ਼ ਅਨੁਸਾਰ ਆਚਰਨ ਦੀ ਕੋਸ਼ਿਸ਼ ਕਰਦਾ ਸੀ। ਦਰਬਾਰੀ ਰਾਜਨੀਤੀ ਵਿਚ ਵੀ ਧਾਰਮਿਕ ਕੱਟੜ ਪੰਥਿਆਂ ਦਾ ਪ੍ਰਭਾਵ ਵਧਦਾ ਜਾ ਰਿਹਾ ਸੀ। ਸ਼ਾਹਜਹਾਂ ਨੇ ਰਾਜਗੱਦੀ ਦੇ ਬਾਅਦ ਆਪਣੀ ਸਥਿਤੀ ਨੂੰ ਸੁਦ੍ਰਿੜ ਕਰਨ ਦੇ ਲਈ ਕਈ ਸੰਬੰਧੀਆਂ ਦੀਆਂ ਹੱਤਿਆਵਾ ਕਰਵਾਈਆਂ ਸਨ। ਇਸ ਲਈ ਉਸ ਨੂੰ ਆਪਣੀ ਸ਼ਾਨ ਆਕਰਸ਼ਕ ਬਣਾਉਣ ਲਈ ਆਪਣੇ ਨੂੰ ਇਕ ਧਰਮ ਨਿਰਪੱਖ ਸ਼ਾਸਕ ਸਿੱਧ ਕਰਨਾ ਸੀ। ਉਸ ਨੇ ਦਰਬਾਰ ਵਿਚ ਇਸਲਾਮ ਵਿਰੋਧੀ ਆਚਰਨ ਰੋਕਣ ਦੇ ਤਰੀਕੇ ਅਪਣਾਏ। ਉਸ ਨੇ ਸਮਰਾਟ ਨੂੰ ਸਿਰ ਝੁਕਾਉਣ ਦੀ (ਆਦਰ ਨਾਲ) ਰਸਮ ਬੰਦ ਕਰ ਦਿੱਤੀ। ਸਮਰਾਟ ਦੇ ਚਿੱਤਰ ਨੂੰ ਪਗੜੀ ਜਾਂ ਟੋਪੀ ਲਗਾਉਣ ਦੀ ਮਨਾਹੀ ਕਰ ਦਿੱਤੀ। ਇਲਾਹੀ ਸੰਮਤ ਨੂੰ ਖਤਮ ਕਰਕੇ ਹਿਜਰੀ ਸੰਮਤ ਮੁੜ ਲਾਗੂ ਕਰ ਦਿੱਤਾ। ਉਸ ਨੇ ਹਿੰਦੂਆਂ ਦੁਆਰਾ ਮੁਸਲਿਮ ਦਾਸ-ਦਾਸੀਆਂ ਦਾ ਖਰੀਦਿਆ ਜਾਣਾ, ਮੁਸਲਿਮ ਵੇਸ਼ ਵਿਚ ਰਹਿਣਾ ਮਨ੍ਹਾ ਕਰ ਦਿੱਤਾ ਗਿਆ ਅਤੇ ਇਹ ਆਦੇਸ਼ ਦਿੱਤਾ ਕਿ ਜਿਹੜੀਆਂ ਮੁਸਲਿਮ ਇਸਤਰੀਆਂ ਨਾਲ ਹਿੰਦੂਆਂ ਨੇ ਵਿਆਹ ਕਰ ਲਿਆ ਹੈ ਉਹ ਉਨ੍ਹਾਂ ਨੂੰ ਤਲਾਕ ਦੇ ਦੇਣ ਜਾਂ ਖੁਦ ਧਰਮ ਬਦਲ ਕੇ ਮੁਸਲਿਮ ਹੋ ਜਾਣਾ। ਉਸ ਨੇ ਇਸਲਾਮ ਦੇ ਪ੍ਰਚਾਰ ਲਈ ਵਿਆਪਕ ਤਰੀਕੇ ਅਪਣਾਏ। ਇਸਲਾਮ ਧਰਮ ਸਵੀਕਾਰ ਕਰਨ ਵਾਲੀਆਂ ਨੂੰ ਧਨ ਅਤੇ ਅਹੁਦੇ ਦੇ ਨਾਲ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ। ਇਸਲਾਮ ਦੇ ਵਿਰੁੱਧ ਪ੍ਰਚਾਰ ਦੰਡ ਯੋਗ ਹੋ ਜਾਂਦਾ। ਕਿਤੇ ਕਿਤੇ ਧੱਕੇ ਨਾਲ ਧਰਮ ਬਦਲੇ ਵੀ ਗਏ ਅਤੇ ਇਹ ਆਦੇਸ਼ ਦਿੱਤਾ ਗਿਆ ਕਿ ਧਰਮ ਬਦਲੀ ਕਰਨ ਵਾਲੇ ਹਿੰਦੂਆਂ ਦੀ ਪੈਤ੍ਰਿਕ ਸੰਪੱਤੀ ਅਧਿਕਾਰ ਸੁਰੱਖਿਅਤ ਰਹੇਗਾ। ਉਸਨੇ 1633 ਈ. ਵਿਚ ਨਵੇਂ ਨਿਰਮਾਣ ਮੰਦਰਾਂ ਨੂੰ ਬੰਦ ਕਰਨ ਦੇ ਆਦੇਸ਼ ਦਿੱਤੇ ਅਤੇ ਮੰਦਰਾਂ ਦੇ ਨਿਰਮਾਣ ਦੀ ਮਨਾਹੀ ਕਰ ਦਿੱਤੀ ਗਈ। ਫਿਰ ਵੀ ਉਸ ਨੇ ਜਜੀਆ ਕਰ ਮੁੜ ਸ਼ੁਰੂ ਨਹੀਂ ਕੀਤਾ, ਨਾ ਹੀ ਹਿੰਦੂ ਅਧਿਕਾਰੀਆਂ ਨੂੰ ਉੱਚੇ ਅਹੁਦੀਆਂ ਤੋਂ ਹਟਾਇਆ। ਪੁਰਾਣੇ ਮੰਦਰਾਂ ਦੀ ਪੁਨਰ-ਉਦਾਰ ਦੀ ਇਜਾਜਤ ਦਿੱਤੀ ਜਾਂਦੀ ਰਹੀ ਅਤੇ ਹਿੰਦੂ ਵਿਦਵਾਨਾਂ ਕਵੀਆਂ ਅਤੇ ਕਲਾਕਾਰਾਂ ਨੂੰ ਪਹਿਲੇ ਵਰਗੀ ਰੱਖਿਆ ਅਤੇ ਸਮਰਥਨ ਵੀ ਮਿਲਦਾ ਰਿਹਾ। ਸ਼ਾਹਜਹਾਂ ਦੇ ਸ਼ਾਸਨਕਾਲ ਦੇ ਅਖੀਰੀ 10 ਸਾਲਾਂ ਵਿਚ ਇਨ੍ਹਾਂ ਕੱਟੜਪੰਥੀ ਤਰੀਕਿਆਂ ਦੀ ਪਾਲਣਾ ਬੰਦ ਹੋ ਗਈ। ਮੰਦਰਾਂ ਨੂੰ ਬੰਦ ਕਰਾਉਦ ਸੰਬੰਧੀ ਆਦੇਸ਼ ਵੀ ਸਖਤਾਈ ਨਾਲ ਲਾਗੂ ਨਹੀਂ ਕੀਤੇ ਗਏ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਾਹਜਹਾਂ ਦੀ ਧਾਰਮਿਕ ਨੀਤੀ ਨਾਲ ਅਰੰਭ ਵਿੱਚ ਕੱਟੜਪੰਥੀਆਂ ਦੀ ਜੋ ਉਮੀਦ ਬੱਝੀ ਸੀ ਉਹ ਅੱਗੇ ਚੱਲ ਕੇ ਨਿਰਾਸ਼ਾ ਵਿੱਚ ਬਦਲ ਗਈ। ਔਰੰਗਜ਼ੇਬ ਨੇ ਇਸ ਦਾ ਲਾਭ ਉਠਾਇਆ ਅਤੇ ਉਤਰਾਧਿਕਾਰ ਦੇ ਸੰਘਰਸ਼ ਵਿੱਚ ਦੁਆਰ ਨੂੰ ਧਰਮ ਨੂੰ ਨਾ ਮੰਨਣ ਵਾਲੇ ਅਤੇ ਖੁਦ ਨੂੰ ਇਕ ਧਰਮ ਨੂੰ ਮੰਨਣ ਵਾਲੇ ਮੁਸਲਮਾਨ ਸਿੱਧ ਕਰਕੇ ਉਸ ਨੇ ਇਸੇ ਵਰਗ ਦਾ ਸਹਿਯੋਗ ਪ੍ਰਾਪਤ ਕਰਨਾ ਚਾਹਿਆ।

ਨੋਟ

*ਨੋਟਸ* ਸ਼ਾਹਜਹਾਂ ਦੀ ਧਾਰਮਿਕ ਨੀਤੀ ਕੀ ਸੀ?

### 11.4.3 ਸੁਨਹਿਰੀ ਯੁਗ ਦੀ ਧਾਰਨਾ

ਰਾਜਨੀਤਿਕ ਖੇਤਰ ਵਿਚ ਸ਼ਾਹਜਹਾਂ ਦਾ ਸ਼ਾਸਨ ਕਾਲ ਉਸ ਦੇ ਪ੍ਰਸ਼ੰਸਕਾਂ ਦੇ ਅਨੁਸਾਰ ਸੁਖ ਅਤੇ ਸਾਂਤੀ ਦਾ ਕਾਲ ਸੀ। ਇਸ ਅਵਧੀ ਵਿਚ ਹੋਏ ਕੇਵਲ ਦੋ ਵਿਦਰੋਹ ਜਿਨ੍ਹਾ ਦੇ ਨੇਤਾ ਲੜੀਵਾਰ **ਖਾਨੇਜਹਾਂ ਲੋਧੀ** ਅਤੇ **ਝੁਝਾਰ ਸਿੰਘ ਬੁਨਦੇਲਾ** ਸਨ। ਦੋਵੇਂ ਵਿਦਰੋਹ ਦਬਾਅ ਦਿੱਤੇ ਗਏ ਅਤੇ ਜਨਤਾ ਵਿਚ ਸ਼ਾਸਨ ਦੇ ਲਈ ਕਿਸੀ ਤਰ੍ਹਾਂ ਦਾ ਅਸੰਤੋਸ਼ ਨਹੀਂ ਰਿਹਾ। ਸਾਮਰਾਜ ਦਾ ਵਿਸਥਾਰ ਵੀ ਸੰਭਵ ਹੋਇਆ। ਦੱਖਣ ਵਿਚ ਅਹਿਮਦ ਨਗਰ ਮੁਗਲ ਸਾਮਰਾਜ ਵਿਚ ਮਿਲਾ ਲਿਆ ਗਿਆ ਅਤੇ ਬੀਜਾਪੁਰ ਅਤੇ ਗੋਲਕੁੰਡਾ ਨੇ ਵੀ ਮੁਗਲਾਂ ਦੀ ਅਧੀਨਤਾ ਸਵੀਕਾਰ ਕਰ ਲਈ। ਉੱਤਰ ਪੱਛਮ ਸੀਮਾਂਤ ਵਿਚ ਕੰਧਾਰ ਦਾ ਹਾਰਿਆ ਹੋਈਆ ਪ੍ਰਾਂਤ ਮੁੜ ਜਿੱਤ ਲਿਆ ਗਿਆ ਅਤੇ ਪਹਿਲੀ ਵਾਰ ਮੱਧ ਏਸ਼ੀਆ ਤਕ ਮੁਗਲਾਂ ਨੇ ਸੈਨਿਕ ਅਭਿਯਾਨ ਕੀਤੇ। ਇਸ ਨਾਲ ਸਾਮਰਾਜ ਦੀ ਸ਼ਕਤੀ ਅਤੇ ਸੁਦ੍ਰਿੜਤਾ ਦਾ ਗਿਆਨ ਹੁੰਦਾ ਹੈ।

ਆਰਥਿਕ ਖੇਤਰ ਵਿਚ ਇਹ ਕਾਲ ਬਹੁਤ ਜ਼ਿਆਦਾ ਪੂਰਨ ਅਤੇ ਖੁਸ਼ਹਾਲੀ ਦਾ ਕਾਲ ਸੀ। ਖੇਤੀ ਵਿਚ ਉੱਨਤੀ ਅਤੇ ਲਗਾਨ ਵਿਚ ਵਾਧੇ ਨਾਲ ਰਾਜ ਦੀ ਆਮਦਨ ਵਿਚ ਵਾਧਾ ਹੋਇਆ। ਵਿਕਸਿਤ ਵਿਦੇਸ਼ ਵਪਾਰ ਨਾਲ ਸਾਮਰਾਜ ਵਿਚ ਸੋਨੇ ਅਤੇ ਚਾਂਦੀ ਦੀ ਭਰਮਾਰ ਹੋਈ ਅਤੇ ਇਸ ਦਾ ਖਰਚ ਸਾਮਰਾਜ ਦੀ ਸ਼ਾਨ ਵਿਚ ਵਾਧੇ ਲਈ ਕੀਤਾ ਗਿਆ। ਅਨੇਕ ਵਿਸ਼ਾਲ ਅਤੇ ਸੁੰਦਰ ਭਵਨਾਂ ਦਾ ਨਿਰਮਾਣ ਹੋਇਆ, ਜਿਨ੍ਹਾਂ ਨਾਲ ਵਿਦੇਸ਼ੀ ਯਾਤਰੀ ਜਿਸ ਤਰ੍ਹਾਂ ਬਰਨਿਅਰ, ਪੀਟਰ ਮੁੰਡੀ ਆਦਿ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ। ਮੁਗਲ ਸਾਮਰਾਜ ਦੀ ਸ਼ਕਤੀ ਦੀ ਇਨ੍ਹਾਂ ਯਾਤਰੀਆਂ ਨੇ ਬਹੁਤ ਜ਼ਿਆਦਾ ਪ੍ਰਸ਼ੰਸਾ ਕੀਤੀ ਹੈ। ਕੁਝ ਅੰਸ਼ਾਂ ਵਿਚ ਉਨ੍ਹਾਂ ਦੇ ਹੀ ਵੇਰਵੇ ਸ਼ਾਹਜਹਾਂ ਦੇ ਸ਼ਾਸਨ ਕਾਲ ਨੂੰ ਸੁਨਹਿਰੀ ਯੁਗ ਦੇ ਰੂਪ ਵਿਚ ਪੇਸ਼ ਕਰਨ ਵਿਚ ਸਹਾਇਕ ਰਹੇ ਹਨ।

ਸਮਾਜਕਿ ਜੀਵਨ ਦੇ ਖੇਤਰ ਵਿਚ ਇਹ ਕਾਲ ਕਿਸੀ ਖਾਸ ਤਣਾ-ਤਣੀ ਜਾਂ ਸੰਕਟ ਤੋਂ ਮੁਕਤ ਸੀ। ਔਰੰਗਜ਼ੇਬ ਦੇ ਸ਼ਾਸਨ ਕਾਲ ਵਿਚ ਸਮਾਜ ਦੇ ਵੱਖ ਵੱਖ ਵਰਗਾਂ ਵਿਚ ਜਿਹੜੀ ਤਣਾ-ਤਣੀ ਪੈਦਾ ਹੋਈ ਅਤੇ ਜਿਹੜੀਆਂ ਸਮੱਸਿਆਵਾਂ ਪ੍ਰਗਟ ਹੋਈਆਂ, ਉਨ੍ਹਾਂ ਤੋਂ ਇਹ ਕਾਲ ਹਮੇਸ਼ਾ ਮੁਕਤ ਰਿਹਾ। ਸ਼ਾਹਜਹਾਂ ਨੇ ਜਨਤਾ ਭਲਾਈ ਜੀਵਨ ਦੇ ਤਰੀਕੇ ਵੀ ਕੀਤੇ। ਜਨਤਾ ਨਾਲ ਉਸ ਦਾ ਵਿਵਹਾਰ ਪੈਤ੍ਰਿਕ ਪਿਆਰ ਦਾ ਚਿੰਨ੍ਹ ਹੈ। ਸੰਸਕ੍ਰਿਤਿਕ ਜੀਵਨ ਦੇ ਦ੍ਰਿਸ਼ਟੀਕੋਣ ਤੋਂ ਵੀ ਇਹ ਕਾਲ ਉਲੇਖਯੋਗ ਹੈ। ਸ਼ਾਹਜਹਾਂ ਦਾ ਦਰਬਾਰ ਸਾਹਿਤ-ਕਾਰਾਂ ਅਤੇ ਕਲਾ-ਕਾਰਾਂ ਦਾ ਮਹੱਤਵਪੂਰਨ ਕੇਂਦਰ ਸੀ। ਅਬਦੁਲ ਹਮੀਦ ਲਾਹੌਰੀ ਅਤੇ ਸੁਜਾਨਰਾਇ ਇਸ ਕਾਲ ਦੇ ਪ੍ਰਸਿੱਧ ਇਤਿਹਾਸਕਾਰ ਸਨ। ਇਸ ਵਿਚਕਾਰ ਭਾਰਤੀਆਂ ਭਾਸ਼ਾਵਾਂ ਦਾ ਵਿਕਾਸ ਵੀ ਹੋਇਆ। ਹਿੰਦੀ ਦੇ ਕਈ ਕਵੀ ਸ਼ਾਹਜਹਾਂ ਦੇ ਦਰਬਾਰ ਨਾਲ ਜੁੜੇ ਹੋਏ ਸਨ। ਸੰਗੀਤ ਕਾਰਾਂ ਵਿਚ ਸੁਖਸੇਨ ਅਤੇ ਲਾਲਸੇਨ ਉਸ ਦੇ ਦਰਬਾਰ ਵਿਚ ਬਹੁਤ ਹੀ ਮਹੱਤਵਪੂਰਨ ਸਨ। ਚਿੱਤਰਕਲਾ ਅਤੇ ਹੋਰ ਸੁੰਦਰ ਕਲਾਵਾਂ ਦਾ ਵੀ ਇਸ ਕਾਲ ਵਿਚ ਭਰਪੂਰ ਵਿਕਾਸ ਹੋਇਆ। ਇਨਾਂ ਸਭ ਤੋਂ ਵੱਧ ਕੇ ਵਸਤੂ ਕਲਾ, ਭਵਨ ਨਿਰਮਾਣ ਕਲਾ ਅਤੇ ਸ਼ਿਲਪ ਕਲਾ ਅਪਣੇ ਵਿਕਾਸ ਦੀ ਸਭ ਤੋਂ ਉੱਚੀ ਸੀਮਾ ਉੱਤੇ ਪਹੁੰਚੀ। ਸ਼ਾਹਜਹਾਂ ਦੇ ਸਮੇਂ ਵਿਚ ਜਿੰਨੇ ਅਧਿਕ ਅਤੇ ਜਿੰਨੇ ਸੁੰਦਰ ਭਵਨਾਂ ਦਾ ਨਿਰਮਾਣ ਕੀਤਾ ਗਿਆ ਉਹ ਪਹਿਲੇ ਜਾਂ ਬਾਅਦ ਵਿਚ ਕਦੀ ਸੰਭਵ ਨਹੀਂ ਹੋਇਆ। ਆਗਰਾ ਸਥਿਤ ਤਾਜ ਮਹੱਲ ਅਤੇ ਲਾਲ ਕਿਲ੍ਹਾ ਦੇ ਕੁਝ ਅੰਸ਼, ਦਿੱਲੀ ਸਥਿਤ ਲਾਲ ਕਿਲ੍ਹਾ, ਜਾਮਾ ਮਸਜਿਦ, ਆਗਰਾ ਸਥਿਤ ਮੋਤੀ ਮਸਜਿਦ, ਮੁਸੰਮਨ ਬੁਰਜ ਅਤੇ ਕਸ਼ਮੀਰ ਸਥਿਤ ਨਿਸ਼ਾਂਤ ਬਾਗ ਅਤੇ ਚਸ਼ਮਾ-ਏ-ਸ਼ਾਹੀ ਆਦਿ ਇਸ ਕਾਲ ਦੇ ਵਸਤੂ ਕਲਾ, ਭਵਨ ਨਿਰਮਾਣ ਕਲਾ ਅਤੇ ਸ਼ਿਲਪ ਕਲਾ ਦੇ ਵਧਿਆ ਉਦਾਹਰਣ ਹਨ। ਸੰਗਮਰਮਰ ਦੀ ਵਰਤੋਂ ਸੁੰਦਰ ਬੇਲ ਬੂਟੇ ਅਤੇ ਰਤਨ ਜੜੀ ਸਜਾਵਟ ਆਦਿ ਇਸ ਕਾਲ ਦੇ ਵਾਸਤੂ ਕਲਾ, ਭਵਨ ਨਿਰਮਾਣ ਕਲਾ ਅਤੇ ਸ਼ਿਲਪ ਕਲਾ ਦੀ ਸ਼ਾਨ ਅਤੇ ਸਜਾਵਟਾਂ ਦੀ ਵਿਸ਼ੇਸ਼ਤਾਵਾਂ ਹਨ। ਇਸ ਲਈ ਉੱਪਰ ਦਿੱਤੇ ਅਸਲੀਅਤ ਦੇ ਅਧਾਰਾਂ ਉੱਤੇ ਸ਼ਾਹਜਹਾਂ ਦਾ ਸ਼ਾਸਨ ਸੁਨਹਿਰੀ ਯੁੱਗ ਦਿਸਦਾ ਹੈ।

ਸ਼ਾਹਜਹਾਂ ਦੇ ਆਲੋਚਕ ਇਨ੍ਹਾਂ ਤੱਥਾਂ ਨੂੰ ਸਵੀਕਾਰ ਨਹੀਂ ਕਰਦੇ। ਉਨ੍ਹਾਂ ਦੇ ਅਨੁਸਾਰ ਜਿਸ ਸ਼ਾਸਨਕਾਲ ਦਾ ਅਰੰਭ ਅਤੇ ਅੰਤ ਦੋਨੋਂ ਹੀ ਉਤਰਾਧਿਕਾਰ ਦੇ ਸੰਘਰਸ਼ ਨਾਲ ਹੋਇਆ ਹੋਵੇ ਉਸੇ ਸੁੱਖ ਅਤੇ ਸ਼ਾਂਤੀ ਦਾ ਕਾਲ ਮੰਨਣਾ ਨਿਰਅਰਥ ਹੈ। ਇੰਨਾ ਹੀ ਨਹੀਂ ਸ਼ਾਹਜਹਾਂ ਪਹਿਲਾ ਮੁਗਲ ਸ਼ਾਸਕ ਹੈ ਜੋ ਆਪਣੇ ਜੀਵਨ ਕਾਲ ਵਿੱਚ ਹੀ ਗੱਦੀ ਤੋਂ ਵਾਂਝਾ ਹੋ ਕੇ ਕੈਦੀ ਬਣਾ ਲਿਆ ਗਿਆ ਅਤੇ ਕਾਲ ਰਾਜਨੀਤਿਕ ਉਪਦ੍ਰਵਾਂ ਦਾ ਕਾਲ ਹੈ ਜੋ ਅੱਗੇ ਚੱਲ ਕੇ ਮੁਗਲ ਸਾਮਰਾਜ ਦੇ ਲਈ ਘਾਤਕ ਸਿੱਧ ਹੋਇਆ। ਵਿਸ਼ੇਸ਼ ਕਰਕੇ 1657 ਈ. ਵਿੱਚ ਉਤਰਾਧਿਕਾਰ ਦੇ ਸੰਘਰਸ਼ ਨੇ ਮੁਗਲ ਸਾਮਰਾਜ ਦੇ ਰਾਜਨੀਤਿਕ, ਸੈਨਿਕ ਅਤੇ ਆਰਥਿਕ ਹਿੱਤਾਂ 'ਤੇ ਵੱਡਾ ਹਮਲਾ ਕੀਤਾ।

ਵਿਦੇਸ਼ ਨੀਤੀ ਵਿਚ ਸ਼ਾਹਜਹਾਂ ਦੀ ਸਫਲਤਾ ਸੰਦੇਹਸ਼ੀਲ ਹੈ। ਦੱਖਣ ਭਾਰਤ ਵਿਚ ਅਹਿਮਦ ਨਗਰ ਦੀ ਜਿੱਤ ਅਤੇ ਬੀਜਾਪੁਰ ਅਤੇ ਗੋਲਕੁੰਡਾ ਨਾਲ ਸੰਧੀ, ਅਕਬਰ ਅਤੇ ਜਹਾਂਗੀਰ ਦੀ ਸੀਮਤ ਵਿਸਥਾਰ ਦੀ ਨੀਤੀ ਦੇ ਉਲਟ ਸੀ। ਇਸ ਨਾਲ ਦੱਖਣੀ ਭਾਰਤ ਤੋਂ

ਨਵੀਂ ਸਮੱਸਿਆਵਾਂ ਨੇ ਜਨਮ ਲਿਆ, ਜਿਨ੍ਹਾਂ ਦਾ ਖਤਰਨਾਕ ਰੂਪ ਔਰੰਗਜੇਬ ਦੇ ਸਮੇਂ ਪ੍ਰਗਟ ਹੋਇਆ। ਉੱਤਰ ਪੱਛਮ ਵਿਚ ਕੰਧਾਰ ਦੀ ਜਿੱਤ ਬਹੁਤ ਘੱਟ ਸਮੇਂ ਲਈ ਸਿੱਧ ਹੋਈ ਅਤੇ ਮੱਧ ਏਸ਼ਿਆ ਵਿਚ ਮੁਗਲਾਂ ਦੁਆਰਾ ਸੈਨਿਕ ਅਭਿਯਾਨ ਵਿਚ ਜਿਹੜੀ ਸੈਨਿਕ ਅਤੇ ਆਰਥਿਕ ਹਾਨੀ ਹੋਈ, ਉਸ ਦੇ ਅਨੁਪਾਤ ਵਿਚ ਮੁਗਲਾਂ ਨੂੰ ਕੋਈ ਲਾਭ ਪ੍ਰਾਪਤ ਨਹੀਂ ਹੋਇਆ।

ਆਰਥਿਕ ਜੀਵਨ ਦੇ ਖੇਤਰ ਵਿਚ ਇਸ ਕਾਲ ਵਿਚ ਕਈ ਵਾਰ ਅਕਾਲ ਪਏ ਅਤੇ ਫਸਲਾਂ ਬਰਬਾਦ ਹੋਈਆਂ। ਰਾਜ ਰਾਜ ਦੀ ਆਮਦਨੀ ਵਿਚ ਵਾਧਾ ਵੀ ਕਿਸਾਨਾਂ ਉੱਤੇ ਕਰ ਦਾ ਬੋਝ ਵਧਾਉਣ ਨਾਲ ਹੀ ਸੰਭਵ ਹੋਇਆ। ਵਿਦੇਸ਼ ਵਪਾਰ ਤੋਂ ਪ੍ਰਾਪਤ ਧਨ ਦਾ ਖਰਚ ਬੇਅਰਥ ਸੈਨਿਕ ਅਭਿਯਾਨਾਂ ਅਤੇ ਭਵਨ ਨਿਰਮਾਣ ਉੱਤੇ ਹੋਇਆ। ਸ਼ਾਹਜਹਾਂ ਦੀ ਆਰਥਿਕ ਨੀਤੀ ਇੰਨੀ ਦੋਸ਼ਪੂਰਨ ਸੀ ਕਿ ਉਸ ਦੇ ਵਿਸ਼ਾਲ ਰਾਜ ਦੇ ਉਤਰਾਧਿਕਾਰੀ ਔਰੰਗਜੇਬ ਨੂੰ ਆਰਥਿਕ ਸੰਕਟਾਂ ਦਾ ਸਾਹਮਣਾ ਕਰਨਾ ਪਿਆ।

ਸਮਾਜਿਕ ਜੀਵਨ ਦੇ ਖੇਤਰ ਵਿਚ ਵੀ ਸ਼ਾਹਜਹਾਂ ਦੇ ਸ਼ਾਸਨ ਕਾਲ ਵਿਚ ਅਕਬਰ ਦੀ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਦਾ ਕਿਨਾਰਾ ਕਸ਼ੀ ਸ਼ੁਰੂ ਹੋ ਚੁੱਕੀ ਸੀ। ਮੰਦਰਾਂ ਦੇ ਵਿਨਾਸ਼ ਦੀਆਂ ਘਟਨਾਵਾਂ ਇਸ ਕਾਲ ਵਿਚ ਮਿਲਦੀਆਂ ਹਨ। ਦੂਜੇ ਪਾਸੇ ਰਾਜਪੂਤ ਸਾਮੰਤਾਂ ਦਾ ਮਹੱਤਵ ਵੀ ਦਰਬਾਰ ਵਿਚ ਘੱਟ ਗਿਆ। ਧਾਰਮਿਕ ਤੰਗ ਦਿਲੀ ਦੀ ਇਹ ਨੀਤੀ ਔਰੰਗਜੇਬ ਦੇ ਸਮੇਂ ਵਿਚ ਪੂਰਨ ਰੂਪ ਨਾਲ ਸਾਹਮਣੇ ਆਈ, ਜਿਹੜੀ ਸਾਮਰਾਜ ਨੂੰ ਕਮਜ਼ੋਰ ਬਣਾਉਣ ਵਿਚ ਸਹਾਇਕ ਹੋਈ।

ਸੰਸਕ੍ਰਿਤਿਕ ਖੇਤਰ ਵਿਚ ਵੀ ਸ਼ਾਹਜਹਾਂ ਦੇ ਸਮੇਂ ਦੀ ਸਾਹਿਤਮਕ ਰਚਨਾਵਾਂ ਅਕਬਰ ਦੇ ਸਮੇਂ ਦੀ ਰਚਨਾਵਾਂ ਤੋਂ ਸੰਖਿਆ ਅਤੇ ਗੁਣਾਂ ਦੋਵਾਂ ਵਿਚ ਹੀ ਘੱਟ ਪੈਂਦੀਆਂ ਹਨ। ਇਸੀ ਤਰ੍ਹਾਂ ਸੰਗੀਤ ਦੇ ਖੇਤਰ ਵਿਚ ਸ਼ਾਹਜਹਾਂ ਦੇ ਦਰਬਾਰ ਵਿਚ ਤਾਨਸੈਨ ਜਿਹੀ ਪ੍ਰਤਿਭਾ ਵਾਲਾ ਕੋਈ ਵਿਅਕਤੀ ਨਹੀਂ ਮਿਲਦਾ। ਹਿੰਦੀ ਭਾਸ਼ਾ ਵਿਚ ਵੀ ਅਕਬਰ ਦੇ ਸਮਕਾਲੀਨ 'ਸੰਤ ਤੁਲਸੀਦਾਸ' ਜਿਹਾ ਕੋਈ ਵਿਅਕਤੀਤਵ ਸ਼ਾਹਜਹਾਂ ਦੇ ਸ਼ਾਸਨਕਾਲ ਵਿਚ ਨਹੀਂ ਮਿਲਦਾ। ਇਸੀ ਤਰ੍ਹਾਂ ਚਿੱਤਰਕਲਾ ਦੇ ਖੇਤਰ ਵਿਚ ਜਹਾਂਗੀਰ ਦਾ ਸ਼ਾਸਨ ਕਾਲ ਸ਼ਾਹਜਹਾਂ ਦੇ ਸ਼ਾਸਨ ਕਾਲ ਦੀ ਤੁਲਣਾ ਵਿਚ ਕਿਤੇ ਜ਼ਿਆਦਾ ਮਹੱਤਵਪੂਰਨ ਹੈ।

ਸ਼ਾਹਜਹਾਂ ਦੇ ਸ਼ਾਸਨ ਕਾਲ ਦਾ ਵਾਸਤਵਿਕ ਮਹੱਤਵ ਵਾਸਤੂ ਕਲਾ ਅਤੇ ਭਵਨ ਨਿਰਮਾਣ ਕਲਾ ਅਤੇ ਸ਼ਿਲਪ ਕਲਾ ਦੇ ਖੇਤਰ ਵਿਚ ਹੈ ਅਤੇ ਤਾਜ ਮਹੱਲ ਸਭੀ ਮੁਗਲ ਭਵਨਾਂ ਦੀ ਤੁਲਨਾ ਵਿਚ ਪ੍ਰਗਤੀਸ਼ੀਲ ਹੈ। ਇਸੀ ਤਰ੍ਹਾਂ ਸੌਂਦਰੀਆ ਕਲਾ ਦੇ ਖੇਤਰ ਵਿਚ ਸ਼ਾਹਜਹਾਂ ਦੇ ਸ਼ਾਸਨ ਕਾਲ ਦੀ ਸ੍ਰੇਸਠਤਾ ਦਾ ਸਬੂਤ ਰਤਨ–ਜੜ 'ਮਯੂਰ ਸਿੰਘਾਸਨ' ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਉਪਰ ਦਿੱਤੀ ਅਸਲੀਅਤ ਦੇ ਅਧਾਰ ਉੱਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸ਼ਾਸਕ ਦੇ ਰੂਪ ਵਿਚ ਸ਼ਾਹਜਹਾਂ ਕੋਈ ਖਾਸ ਆਮ ਪ੍ਰਤਿਭਾ ਰੱਖਣ ਵਾਲਾ ਵਿਅਕਤੀ ਨਹੀਂ ਸੀ ਅਤੇ ਉਸ ਦਾ ਸ਼ਾਸਨ ਕਾਲ ਵੀ ਸਭੀ ਅਰਥਾਂ ਵਿਚ ਵਿਕਾਸ ਅਤੇ ਉਨੱਤੀ ਦਾ ਕਾਲ ਨਹੀਂ ਸੀ। ਇਸ ਲਈ ਸ਼ਾਹਜਹਾਂ ਦਾ ਸ਼ਾਸਨ ਕਾਲ ਕੇਵਲ ਮੁਗਲ ਵਾਸਤੂ ਕਲਾ ਭਵਨ ਨਿਰਮਾਣ ਕਲਾ ਅਤੇ ਸ਼ਿਲਪ ਕਲਾ ਦਾ ਸੁਨਹਿਰੀ ਯੁੱਗ ਮੰਨਿਆ ਜਾ ਸਕਦਾ ਹੈ। ਮੁਗਲ ਇਤਿਹਾਸ ਦਾ ਸੁਨਹਿਰੀ ਯੁੱਗ ਨਹੀਂ।

ਇਸ ਵਿਚ ਔਰੰਗਜ਼ੇਬ ਅਤੇ ਮੁਰਾਦ ਨੇ ਆਪਸ ਵਿਚ ਸਮਝੌਤਾ ਕਰ ਲਿਆ ਅਤੇ ਦੋਵਾਂ ਦੀ ਮਿਲੀ–ਜੁਲੀ ਸੈਨਾ ਨੇ ਅਪਰੈਲ 1658 ਈ: ਵਿਚ ਧਰਮਟ ਦੀ ਲੜਾਈ ਵਿਚ ਸ਼ਾਹੀ ਸੈਨਾ ਨੂੰ ਹਰਾ ਦਿੱਤਾ। ਔਰੰਗਜ਼ੇਬ ਨੇ ਹੁਣ ਮੁਰਾਦ ਨੂੰ ਕੈਦ ਕਰ ਲਿਆ ਅਤੇ ਦਿੱਲੀ ਉੱਤੇ ਅਧਿਕਾਰ ਕਰ ਲਿਆ। ਸ਼ਾਹਜਹਾਂ ਨੂੰ ਸੱਤਾ ਤੋਂ ਹਟਾ ਕੇ ਆਗਰੇ ਦੇ ਕਿਲ੍ਹੇ ਵਿਚ ਨਜ਼ਰ ਬੰਦ ਕਰ ਦਿੱਤਾ। ਇਸ ਦੇ ਕੁਝ ਹੀ ਸਮੇਂ ਬਾਅਦ ਦਾਰਾ ਨੂੰ ਹਰਾ ਕੇ ਬੰਦੀ ਬਣਾ ਲਿਆ ਗਿਆ। ਮੁਰਾਦ ਅਤੇ ਦਾਰਾ ਨੂੰ ਮ੍ਰਿਤੂ ਦੰਡ ਦਿੱਤਾ ਗਿਆ, ਜਦੋਂ ਕਿ ਸੂਜਾ ਦੀ ਮੌਤ ਅਗਿਆਤ ਪਰਿਸਥਿਤੀਆਂ ਵਿਚ ਹੋਈ। ਔਰੰਗਜ਼ੇਬ ਨੇ ਇਸ ਤਰ੍ਹਾਂ ਸੱਤਾ ਦੇ ਸੰਘਰਸ਼ ਵਿਚ ਜੇਤੂ ਹੋ ਕੇ ਸਾਮਰਾਜ ਦਾ ਸ਼ਾਸਨ ਗ੍ਰਹਿਣ ਕੀਤਾ।

**ਸਵ-ਮੁਲਾਂਕਣ (Self Assessment)**

2. ਹੇਠ ਲਿਖੀਆਂ ਕਥਨਾਂ ਵਿਚ ਸੱਚ ਜਾਂ ਝੂਠ ਦੀ ਪਹਿਚਾਨ ਕਰੋ (State whether the following Statements are True or False):

   (i) ਸਨ 1605 ਈ. ਵਿਚ ਅਕਬਰ ਦੀ ਮ੍ਰਿਤੂ ਦੇ ਬਾਅਦ ਉਸ ਦਾ ਵੱਡਾ ਪੁੱਤਰ ਸਲੀਮ ਸ਼ਾਸਕ ਬਣਿਆ।

   (ii) ਜਹਾਂਗੀਰ ਦਾ ਵਾਸਤਵਿਕ ਨਾਂ ਸਲੀਮ ਸੀ।

   (iii) 1611ਈ. ਵਿਚ ਨੂਰਜਹਾਂ ਅਤੇ ਅਕਬਰ ਦਾ ਵਿਆਹ ਹੋਇਆ।

   (iv) ਸ਼ਾਹਜਹਾਂ ਨੇ ਆਪਣੇ ਸ਼ਾਸਨ ਕਲਾ ਵਿਚ ਉਦਾਰ ਧਾਰਮਿਕ ਨੀਤੀ ਅਪਣਾਈ।

   (v) ਸ਼ਾਹਜਹਾਂ ਦੇ ਸ਼ਾਸਨ ਕਾਲ ਨੂੰ ਸੁਨਹਿਰੀ ਯੁਗ ਕਿਹਾ ਜਾਂਦਾ ਹੈ।

ਨੋਟ

## 11.5 ਔਰੰਗਜੇਬ (1657-1707 ਈ.) ਦੀ ਦੱਖਣ ਨੀਤੀ ਅਤੇ ਧਾਰਮਿਕ ਨੀਤੀ (Deccan Policy and Religious Policy of Aurangzeb)

### 11.5.1 ਦੱਖਣ ਵਿਚ ਵਿਸਥਾਰ

ਦੱਖਣ ਭਾਰਤ ਦਾ ਖੇਤਰ ਔਰੰਗਜੇਬ ਦੇ ਸ਼ਾਸਨਕਾਲ ਵਿਚ ਬਹੁਤ ਜ਼ਿਆਦਾ ਮਹੱਤਵਪੂਰਨ ਬਣਿਆ ਰਿਹਾ। ਔਰੰਗਜੇਬ ਨੇ ਆਪਣੇ ਸ਼ਾਸਨ ਕਾਲ ਦਾ ਅੱਧੇ ਉੱਤਰ-ਦੱਖਣ ਵਿਚ ਹੀ ਗੁਜਾਰਿਆ, ਜਦੋਂ ਕਿ ਅੱਧੇ ਪੂਰਬ ਵਿਚ ਵੀ ਦੱਖਣ ਦੀ ਸਮੱਸਿਆ ਉੱਤੇ ਹੀ ਉਸ ਦਾ ਧਿਆਨ ਵਿਸ਼ੇਸ਼ ਰੂਪ ਨਾਲ ਲੱਗਿਆ ਰਿਹਾ। ਮਰਾਠਿਆਂ ਅਤੇ ਦੱਖਣੀ ਰਿਆਸਤਾਂ ਦੇ ਨਾਲ ਉਸਦਾ ਸੰਘਰਸ਼ ਲੰਬੀ ਅਵਧੀ ਤੱਕ ਚਲਦਾ ਰਿਹਾ। ਔਰੰਗਜੇਬ ਨੂੰ ਦੱਖਣ ਦੀ ਸਥਿਤੀ ਦਾ ਪੂਰਾ ਗਿਆਨ ਸੀ। ਸ਼ਾਸਕ ਬਣਨ ਤੋਂ ਪੂਰਵ ਉਸ ਨੇ ਦੱਖਣ ਦੇ ਸੂਬੇਦਾਰ ਦੇ ਰੂਪ ਵਿਚ ਕੰਮ ਕੀਤਾ ਸੀ ਅਤੇ ਦੱਖਣੀ ਰਾਜਾਂ ਦੇ ਨਾਲ ਉਸ ਸਮੇਂ ਦੇ ਤਣਾ-ਤਣੀ ਪੂਰਨ ਸੰਬੰਧਾਂ ਦੀ ਉਸ ਨੂੰ ਪੂਰੀ ਜਾਣਕਾਰੀ ਸੀ। ਉਹ ਭੁੱਲਿਆ ਨਹੀਂ ਸੀ ਕਿ ਆਦਿਲ ਸ਼ਾਹ ਨੇ ਕਿਸ ਤਰ੍ਹਾਂ ਸਨ 1657 ਈ. ਦੀ ਸੰਧੀ ਦੀਆਂ ਸ਼ਰਤਾਂ ਦੀ ਅਣਗਹਿਲੀ ਕੀਤੀ ਸੀ ਅਤੇ ਉੱਤਰਾਧਿਕਾਰ ਯੁੱਧ ਦੇ ਸਮੇਂ ਉਸ ਦੇ ਵਿਅਕਤੀਗਤ ਪ੍ਰਸਤਾਵਾਂ ਨੂੰ ਠੋਕਰਮਾਰ ਦਿੱਤੀ ਸੀ, ਫਿਰ ਵੀ ਉਹ ਆਦਿਲ ਸ਼ਾਹ ਨੂੰ ਮੁਆਫ ਕਰਕੇ ਸੰਯੁਕਤ ਅਭਿਯਾਨ ਦੁਆਰਾ ਮਰਾਠਿਆਂ ਦਾ ਦਮਨ ਕਰਨ ਲਈ ਚਾਹਵਾਨ ਸੀ। ਜਦੋਂ 1660 ਈ. ਵਿਚ ਸਾਇਸਤਾ ਖਾਂ ਨੇ ਆਦਿਲ ਸ਼ਾਹ ਨਾਲ ਸੰਯੁਕਤ ਯੋਜਨਾ ਦੇ ਆਧਾਰ ਉੱਤੇ ਮਰਾਠਿਆਂ ਨੂੰ ਉੱਤਰ ਅਤੇ ਦੱਖਣ ਤੋਂ ਹਮਲਾ ਕਰਕੇ ਕੁਚਲਣ ਦਾ ਪ੍ਰਸਤਾਵ ਕੀਤਾ ਤਦ ਉਸ ਨੇ ਸਵੀਕਾਰ ਕਰ ਲਿਆ ਅਤੇ ਆਪਣੇ ਹਾਰੇ ਹੋਏ ਕਿਲ੍ਹਿਆ ਉੱਤੇ ਅਧਿਕਾਰ ਕਰ ਲਿਆ ਲੇਕਿਨ ਜਿਵੇਂ ਹੀ ਉਸ ਦਾ ਉਦੇਸ਼ ਪੂਰਾ ਹੋ ਗਿਆ, ਉਹ ਚੁੱਪ ਕੇ ਚੁੱਪ ਕੇ ਸ਼ਿਵਾ ਜੀ ਦੇ ਨਾਲ ਮਿਲ ਗਿਆ ਅਤੇ ਉਸ ਨੂੰ ਗੁਪਤ ਸਹਾਇਤਾ ਦੇਣ ਲੱਗਿਆ, ਹਾਲਾਂਕਿ ਉੱਪਰੀ ਤੌਰ ਨਾਲ ਉਹ ਸਮਰਾਟ ਦੇ ਪੱਖ ਵਿਚ ਸੀ। ਆਦਿਲ ਸ਼ਾਹ ਦੀ ਇਸ ਦੋ ਰੰਗੀ ਨੀਤੀ ਦਾ ਕਾਰਨ ਇਹ ਸੀ ਕਿ ਉਹ ਔਰੰਗਜੇਬ ਦੀ ਮਿੱਤਰਤਾ ਉੱਤੇ ਵਿਸ਼ਵਾਸ਼ ਨਹੀਂ ਕਰਦਾ ਸੀ ਅਤੇ ਸਮਝਦਾ ਸੀ ਕਿ ਮਰਾਠਿਆਂ ਦਾ ਵਿਨਾਸ਼ ਹੁੰਦੇ ਹੀ ਮੁਗਲ ਸੈਨਾ ਦਾ ਧਿਆਨ ਬੀਜਾਪੁਰ ਵੱਲ ਚਲਾ ਜਾਵੇਗਾ। ਸ਼ਿਵਾਜੀ ਦੀ ਸੈਨਾ ਵਾਸਤਵ ਵਿਚ ਬੀਜਾਪੁਰ ਦੀ ਪਹਿਲੀ ਰੱਖਿਆ ਪੰਗਤੀ ਸੀ। ਦੂਜੇ ਜੇਕਰ ਸ਼ਿਵਾ ਜੀ ਸਾਮਰਾਟ ਨਾਲ ਲੜਨ ਵਿਚ ਲੱਗਿਆ ਰਿਹਾ ਤਾਂ ਉਹ ਬੀਜਾਪੁਰ ਰਾਜ ਉੱਤੇ ਆਕ੍ਰਮਣ ਨਹੀਂ ਕਰ ਸਕੇਗਾ। ਅਸਲ ਵਿਚ ਉਸ ਦੀ ਦਿਲੋਂ ਹਮਦਰਦੀ ਨਾ ਤਾਂ ਮਰਾਠਿਆਂ ਨਾਲ ਸੀ ਅਤੇ ਨਾ ਤੈਮੂਰੀਆਂ ਨਾਲ। ਉਸ ਦਾ ਆਪਣਾ ਸਵਾਰਥ ਇਸ ਵਿਚ ਸੀ ਕਿ ਉਹ ਦਿਖਾਵੇ ਵਿਚ ਦੋਵਾਂ ਦਾ ਮਿੱਤਰ ਬਣਿਆ ਰਹੇ ਅਤੇ ਦੋਵੇਂ ਯੁੱਧ ਵਿਚ ਲੀਨ ਰਹਿਣ।

ਇਸ ਅਵਧੀ ਵਿਚ ਔਰੰਗਜ਼ੇਬ ਨੇ ਬੀਜਾਪੁਰ ਦੇ ਸ਼ਾਸਕ ਨੂੰ ਉਸ ਦੀ ਇਸ ਅਵਸਰਵਾਦੀ ਨੀਤੀ ਦੇ ਲਈ ਚੇਤਾਵਨੀ ਵੀ ਦਿੱਤੀ, ਲੇਕਿਨ ਬੀਜਾਪੁਰ ਉੱਤੇ ਅਧਿਕਾਰ ਕਰਨ ਦਾ ਅਜੇ ਔਰੰਗਜੇਬ ਦਾ ਕੋਈ ਵਿਚਾਰ ਨਹੀਂ ਸੀ ਲੇਕਿਨ ਫਿਰ ਵੀ ਉਸ ਦਾ ਧਿਆਨ ਪੂਰੀ ਤਰ੍ਹਾਂ ਮਰਾਠਿਆਂ ਦੀ ਸਮੱਸਿਆ ਉੱਤੇ ਹੀ ਕੇਂਦਰਿਤ ਸੀ। 1665 ਈ. ਵਿਚ ਰਾਜਾ ਜੈਯ ਸਿੰਘ ਨੇ ਸ਼ਿਵਾ ਜੀ ਨੂੰ ਪੁਰੰਦਰ ਦੀ ਸੰਧੀ ਦੇ ਲਈ ਮਜਬੂਰ ਕੀਤਾ ਅਤੇ ਮਰਾਠਿਆਂ ਦੀ ਸਹਾਇਤਾ ਨਾਲ ਬੀਜਾਪੁਰ ਉੱਤੇ ਚੜ੍ਹਾਈ ਦਾ ਪ੍ਰਸਤਾਵ ਰੱਖਿਆ। ਇਸ ਅਭਿਯਾਨ ਦਾ ਉਦੇਸ਼ ਵੀ ਬੀਜਾਪੁਰ ਉੱਤੇ ਪੂਰਨ ਅਧਿਕਾਰ ਕਰਨ ਦਾ ਨਹੀਂ ਸੀ, ਲੇਕਿਨ ਫਿਰ ਵੀ ਕੁਝ ਵਿਵਾਦ ਭਰੇ ਖੇਤਰਾਂ ਨੂੰ ਮੁੜ ਪ੍ਰਾਪਤੀ ਦਾ ਸੀ। ਮਰਾਠਿਆਂ ਦੀ ਸਹਾਇਤਾ ਠੀਕ ਢੰਗ ਨਾਲ ਨਾ ਮਿਲਣ ਦੇ ਕਾਰਨ ਇਹ ਅਭਿਯਾਨ ਅਸਫਲ ਰਿਹਾ (1665 ਈ.)। ਇਸ ਤੋਂ ਬਾਅਦ ਕੁਝ ਸਾਲਾਂ ਤਕ ਔਰੰਗਜੇਬ ਨੇ ਮਰਾਠਿਆਂ ਦੇ ਵਿਰੁਧ ਸੈਨਿਕ ਕਾਰਵਾਈ ਨੂੰ ਹੀ ਪਹਿਲ ਦਿੱਤੀ, ਕਿਉਂਕਿ 1670 ਈ. ਦੇ ਬਾਅਦ ਸ਼ਿਵਾਜੀ ਨੇ ਮੁੜ ਦੱਖਣ ਵਿਚ ਮੁਗਲਾਂ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਇਸੇ ਸਮਾਂ ਔਰੰਗਜ਼ੇਬ ਰਾਜਪੂਤਾਂ ਦੇ ਵਿਰੁਧ ਯੁੱਧ ਵਿਚ ਅਤੇ ਰਾਜਕੁਮਾਰ ਅਕਬਰ ਦੇ ਵਿਦਰੋਹ ਦੀ ਸਮੱਸਿਆਵਾਂ ਵਿਚ ਉਲਝਿਆ ਰਿਹਾ। 1671 ਈ. ਤਕ ਉਸ ਨੇ ਇਨ੍ਹਾਂ ਸਮੱਸਿਆਵਾਂ ਉੱਤੇ ਕਾਬੂ ਪਾ ਲਿਆ ਸੀ। ਲੇਕਿਨ ਮਰਾਠਿਆਂ ਨੂੰ ਕੁਚਲਣ ਵਿਚ ਉਹ ਅਸਫਲ ਰਿਹਾ ਅਤੇ 1680 ਈ. ਵਿੱਚ ਸ਼ਿਵਾਜੀ ਦੀ ਮੌਤ ਦੇ ਬਾਅਦ ਹੀ ਉਸ ਨੂੰ ਮਰਾਠਿਆਂ ਦੀਆਂ ਸਮੱਸਿਆਵਾਂ ਤੋਂ ਕੁਝ ਸਮੇਂ ਲਈ ਰਾਹਤ ਮਿਲੀ।

ਸੰਨ 1680 ਈ. ਦੇ ਦਹਾਕੇ ਵਿੱਚ ਬੀਜਾਪੁਰ ਦੀ ਸ਼ਕਤੀ ਦਾ ਵੀ ਪਤਨ ਹੋ ਰਿਹਾ ਸੀ। ਉਥੇ ਦਾ ਸ਼ਾਸਕ ਆਯੋਗ ਸੀ ਅਤੇ ਵੱਖ-ਵੱਖ ਸਾਮੰਤ ਇਸ ਸਥਿਤੀ ਤੋਂ ਲਾਭ ਉਠਾ ਕੇ ਆਪਣੀ ਸ਼ਕਤੀ ਅਤੇ ਪ੍ਰਭਾਵ ਵਿੱਚ ਵਾਧਾ ਕਰਨ ਵਿੱਚ ਲੱਗੇ ਸਨ। ਔਰੰਗਜ਼ੇਬ ਨੇ ਇਨ੍ਹਾਂ ਘਟਨਾਵਾਂ ਦੇ ਬਾਵਜੂਦ ਬੀਜਾਪੁਰ ਦੇ ਪ੍ਰਤੀ ਉਦਾਰ ਵਿਵਹਾਰ ਹੀ ਕੀਤਾ ਕਿਉਂਕਿ ਉਸ ਦਾ ਧਿਆਨ ਮੁੱਖ ਤੌਰ 'ਤੇ ਮਰਾਠਿਆਂ ਵੱਲ ਕੇਂਦਰਿਤ ਸੀ। ਉਹ ਮਰਾਠਿਆਂ ਦੇ ਵਿਰੁੱਧ ਬੀਜਾਪੁਰ ਰਾਜ ਦੀ ਸਹਾਇਤਾ ਪ੍ਰਾਪਤ ਕਰਨ ਦਾ ਯਤਨ ਵੀ ਕਰਦਾ ਰਿਹਾ, ਜਦੋਂ ਕਿ ਉਸ ਨੂੰ ਇਸ ਵਿੱਚ ਵਿਸ਼ੇਸ਼ ਸਫਲਤਾ ਨਹੀਂ ਮਿਲੀ। 1681 ਈ. ਵਿੱਚ ਸਥਿਤੀ ਹੋਰ ਵੀ ਵਿਗੜ ਗਈ ਕਿਉਂਕਿ ਵਿਦਰੋਹ ਰਾਜ ਕੁਮਾਰ ਅਕਬਰ ਨੇ ਮਰਾਠਾ ਸ਼ਾਸਕ ਸ਼ੰਭਾਜੀ ਦੀ ਸ਼ਰਣ ਲੈ ਲਈ ਸੀ। ਔਰੰਗਜ਼ੇਬ ਨੇ ਇਸ ਸਥਿਤੀ ਨਾਲ ਖੁਦ ਨਿਪਟਣ ਦਾ ਫੈਸਲਾ ਕੀਤਾ ਅਤੇ 1682 ਈ. ਵਿੱਚ ਉਹ ਦੱਖਣ ਆਇਆ। ਉਸ ਨੇ 1684 ਈ. ਵਿੱਚ ਬੀਜਾਪੁਰ ਦੀ ਮੰਗ ਅਸਲ ਵਿੱਚ ਠੁਕਰਾ ਦਿੱਤੀ ਅਤੇ ਮਰਾਠਿਆਂ ਨਾਲ ਸਹਿਯੋਗ ਕਰਨਾ ਚਾਹਿਆ ਅਤੇ ਬੀਜਾਪੁਰ ਦੇ ਖੇਤਰ ਨਾਲ ਮੁਗਲ ਸੈਨਾ ਗੁਜਰਣ ਦੇ ਪ੍ਰਸ਼ਨ 'ਤੇ ਯੁੱਧ ਅਰੰਭ ਹੋ ਗਿਆ, ਜਿਸ ਵਿੱਚ ਬੀਜਾਪੁਰ ਦੀ ਹਾਰ ਹੋਈ ਅਤੇ 1686 ਈ. ਵਿੱਚ ਬੀਜਾਪੁਰ 'ਤੇ ਮੁਗਲਾਂ ਦਾ ਅਧਿਕਾਰ ਹੋ ਗਿਆ।

ਹੁਣ ਦੱਖਣ ਦੀ ਅਖੀਰੀ ਰਿਆਸਤ ਗੋਲਕੁੰਡਾ ਰਹਿ ਗਿਆ ਸੀ। ਇੱਥੇ ਦੇ ਸ਼ਾਸਕ ਨੇ ਵੀ ਔਰੰਗਜੇਬ ਨੂੰ ਕਈ ਕਾਰਣਾਂ ਤੋਂ ਨਾਖੁਸ਼ ਕਰ ਦਿੱਤਾ ਸੀ। ਔਰੰਗਜ਼ੇਬ ਦੇ ਸਮਰਾਟ ਬਣਨ ਦੇ ਪੂਰਵ ਹੀ ਮੀਰ ਜੁਗਲਾ ਦੀ ਸਮੱਸਿਆ ਦੇ ਕਾਰਨ ਗੋਲਕੁੰਡਾ ਦੇ ਸ਼ਾਸਕ ਦੇ ਔਰੰਗਜੇਬ

ਦੇ ਨਾਲ ਸੰਬੰਧ ਵਿਗੜ ਗਏ ਸਨ। ਇਸ ਦੇ ਸਿਵਾਏ ਗੋਲਕੁੰਡਾ ਦਾ ਸ਼ਾਸਕ ਨੇ ਕਿਤੇ ਕਦੀ ਮਰਾਠਿਆਂ ਨਾਲ ਵੀ ਸਹਿਯੋਗ ਕੀਤਾ ਸੀ। 1673 ਈ. ਦੇ ਬਾਅਦ ਤੋਂ ਗੋਲਕੁੰਡਾ ਰਾਜ ਵਿਚ ਦੋ ਬ੍ਰਾਹਮਣ ਭਰਾਵਾਂ ਮਦੰਨਾ ਅਤੇ ਅਕੰਨਾ ਦਾ ਪ੍ਰਭਾਵ ਬਹੁਤ ਵੱਧ ਗਿਆ ਸੀ। ਇਨ੍ਹਾਂ ਨੇ ਮਰਾਠਿਆਂ ਨਾਲ ਸਹਿਯੋਗ ਦੀ ਨੀਤੀ ਅਪਣਾਈ, ਕਿਉਂਕਿ ਦੱਖਣ ਦੀ ਉਸ ਸਮੇਂ ਦੀ ਰਾਜਨੀਤਿਕ ਪਰਿਸਥਿਤੀ ਵਿਚ ਮੁਗਲਾਂ ਦੇ ਆਕ੍ਰਮਣ ਤੋਂ ਦੱਖਣੀ ਰਿਆਸਤਾਂ ਨੂੰ ਸੁੱਰਖਿਅਤ ਰੱਖਣ ਦੇ ਲਈ ਮਰਾਠਿਆਂ ਦੀ ਭੂਮਿਕਾ ਮਹੱਤਵਪੂਰਨ ਸੀ। ਜਦ ਤਕ ਮਰਾਠੇ ਸਕ੍ਰਿਆ ਸਨ, ਉਹ ਮੁਗਲਾਂ ਦੁਆਰਾ ਬੀਜਾਪੁਰ ਅਤੇ ਗੋਲਕੁੰਡਾ ਉੱਤੇ ਆਕ੍ਰਮਣ ਕਰਨ ਵਿਚ ਅੜਚਣ ਹੋ ਸਕਦੇ ਸਨ। ਇਹ ਹੀ ਕਾਰਣ ਸੀ ਕਿ ਦੱਖਣੀ ਰਿਆਸਤਾਂ ਮਰਾਠਿਆਂ ਦੇ ਵਿਰੁਧ ਮੁਗਲਾਂ ਦੀ ਸਹਾਇਤਾ ਕਰਨ ਵਿਚ ਸੰਕੋਚ ਕਰ ਰਹੀਆਂ ਸਨ। ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਔਰੰਗਜੇਬ ਨੇ ਬੀਜਾਪੁਰ ਜਿੱਤ ਦੇ ਬਾਅਦ ਹੀ ਗੋਲਕੁੰਡਾ ਉੱਪਰ ਚੜ੍ਹਾਈ ਕਰਨੇ ਦਾ ਫੈਸਲਾ ਲਿਆ। ਗੋਲਕੁੰਡਾ ਦੇ ਸ਼ਾਸਕ ਨੇ ਮੁਗਲ ਆਕ੍ਰਮਣ ਦੇ ਸਮੇਂ ਬੀਜਾਪੁਰ ਨੂੰ ਸਹਾਇਤਾ ਪਹੁੰਚਾਉਣ ਦੀ ਕੋਸ਼ਿਸ਼ਾਂ ਵੀ ਕੀਤੀਆਂ ਸਨ। ਇਸ ਲਈ 1687 ਈ. ਵਿਚ ਔਰੰਗਜੇਬ ਨੇ ਗੋਲਕੁੰਡਾ ਉੱਤੇ ਵੀ ਅਧਿਕਾਰ ਕਰ ਲਿਆ। ਇਨ੍ਹਾਂ ਜਿੱਤਾਂ ਦੇ ਬਾਅਦ ਦੱਖਣ ਦੇ ਸੁਤੰਤਰ ਰਾਜਾਂ ਦੀ ਹੋਂਦ ਸਮਾਪਤ ਹੋ ਗਈ। 1689 ਈ. ਵਿਚ ਔਰੰਗਜੇਬ ਨੇ ਮਰਾਠਾ ਸ਼ਾਸਕ ਸੰਭਾ ਜੀ ਨੂੰ ਹਰਾ ਦਿੱਤਾ ਅਤੇ ਉਸ ਨੂੰ ਬੰਦੀ ਬਣਾ ਲਿਆ ਗਿਆ। ਕੁਝ ਸਮਾਂ ਬਾਅਦ ਉਸ ਨੂੰ ਮ੍ਰਿਤੂ ਦੰਡ ਦੇ ਦਿੱਤਾ ਗਿਆ।

ਐਸਾ ਲਗਦਾ ਸੀ ਕਿ ਹੁਣ ਮੁਗਲਾਂ ਨੇ ਦੱਖਣ ਵਿਚ ਆਪਣੇ ਉਦੇਸ਼ ਪ੍ਰਾਪਤ ਕਰ ਲਏ, ਲੇਕਿਨ ਜਿੱਥੇ ਮੁਗਲ ਸਾਮਰਾਜ ਇਸ ਵਿਸਥਾਰ ਨਾਲ ਆਪਣੀ ਸਭ ਤੋਂ ਉੱਚੀ ਸੀਮਾ ਤਕ ਪਹੁੰਚ ਗਿਆ, ਉੱਥੇ ਉਸ ਦੇ ਪਤਨ ਦਾ ਮਾਰਗ ਵੀ ਸਪੱਸ਼ਟ ਹੋ ਗਿਆ। ਮੁਗਲਾਂ ਨੇ ਦੱਖਣ ਜਿੱਤ ਦੇ ਲਈ ਇੱਕ ਵਿਸ਼ਾਲ ਸੈਨਾ ਦਾ ਨਿਰਮਾਣ ਕੀਤਾ, ਜਿਸ ਨੂੰ ਕਾਇਮ ਰੱਖਣ ਲਈ ਕਰਾਂ ਵਿਚ ਵਾਧਾ ਕਰਨਾ ਪਿਆ। ਲਗਭਗ ਇੱਕ ਸਦੀ ਤਕ ਦੱਖਣ ਵਿਚ ਸੰਘਰਸ਼ ਹੁੰਦਾ ਰਿਹਾ ਅਤੇ ਇਸ ਕ੍ਰਮ ਵਿਚ ਮੁਗਲਾਂ ਨੂੰ ਧਨ ਅਤੇ ਜਨ ਦੀ ਹਾਨੀ ਚੁੱਕਣੀ ਪਈ। ਆਰਥਿਕ ਸਾਧਨ ਪ੍ਰਬੰਧ ਦੇ ਲਈ ਕਰਾਂ ਦਾ ਬੋਝ ਵਧਾਇਆ ਗਿਆ, ਜਿਸ ਨਾਲ ਜਨਤਾ ਵਿਚ ਅਸੰਤੋਸ਼ ਫੈਲਿਆ ਅਤੇ ਵੱਖ ਵੱਖ ਖੇਤਰਾਂ ਵਿਚ ਵਿਦਰੋਹ ਭੜਕ ਉਠੇ।

ਇਤਿਹਾਸਕਾਰਾਂ ਦੁਆਰਾ ਔਰੰਗਜੇਬ ਦੀ ਮਰਾਠਾ ਨੀਤੀ ਦੀ ਆਲੋਚਨਾ ਕੀਤੀ ਹੈ। ਕਿਹਾ ਜਾਂਦਾ ਹੈ ਕਿ ਉਸ ਨੇ ਮਰਾਠਿਆਂ ਦੀ ਸਮੱਸਿਆ ਦੇ ਹੱਲ ਵਿਚ ਦੂਰ ਦਰਸ਼ਿਤਾ ਤੋਂ ਕੰਮ ਨਹੀਂ ਲਿਆ। ਉਸ ਨੇ ਮਰਾਠਾ ਸ਼ਕਤੀ ਦਾ ਸਹੀ ਅਨੁਮਾਨ ਨਹੀਂ ਲਗਾਇਆ ਅਤੇ ਨਾ ਹੀ ਉਹ ਮਰਾਠਾ ਵਿਦਰੋਹ ਦਾ ਸਹੀ ਸਰੂਪ ਸਮਝ ਸਕਿਆ। ਮਰਾਠਿਆਂ ਦੇ ਨਾਲ ਉਸ ਨੇ ਲੰਬੇ ਸਮੇਂ ਤਕ ਸਮਝੌਤਾ ਨਹੀਂ ਕੀਤਾ ਜਿਸ ਦੇ ਕਾਰਨ ਪਰਿਸਥਿਤੀ ਹੋਰ ਵੀ ਵਿਗੜ ਗਈ। ਲੇਕਿਨ ਰਾਮ ਪ੍ਰਸਾਦਿ ਤ੍ਰਿਪਾਠੀ ਦੇ ਅਨੁਸਾਰ ਮਰਾਠਿਆਂ ਦੀ ਵਿਸ਼ਵਾਸ਼ਨੀਅ ਸੰਦੇਹਸ਼ੀਲ ਸੀ ਅਤੇ ਦੱਖਣ ਦੀ ਤੇਜ਼ੀ ਨਾਲ ਬਦਲਦੀ ਹੋਈ ਰਾਜਨਿਤਿਕ ਪਰਿਸਥਿਤੀ ਵਿਚ ਕੋਈ ਸਥਾਈ ਜਾਂ ਲੰਬੇ ਸਮਾਂ ਦੀ ਸੰਧੀ ਟਿਕ ਨਹੀਂ ਸਕਦੀ। ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਔਰੰਗਜੇਬ ਨੇ ਦੱਖਣੀ ਰਾਜਾਂ ਨੂੰ ਜਿੱਤ ਕੇ ਮਰਾਠਿਆਂ ਦੇ ਵਿਸਥਾਰ ਦਾ ਮਾਰਗ ਸਪੱਸ਼ਟ ਕਰ ਦਿੱਤਾ, ਕਿਉਂਕਿ ਜਿਹੜੇ ਖੇਤਰੀ ਰਾਜ ਮਰਾਠਿਆਂ ਉੱਤੇ ਰੋਕ ਲਗਾ ਸਕਦੇ ਸਨ ਉਹ ਸਮਾਪਤ ਹੋ ਗਏ। ਹਾਲਾਂ ਕਿ ਇਹ ਸੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਬੀਜਾਪੁਰ ਅਤੇ ਗੋਲਕੁੰਡਾ ਸ਼ਕਤੀ ਦੇ ਵਿਸਥਾਰ ਨੂੰ ਰੋਕਣ ਵਿਚ ਕਾਬਲ ਨਹੀਂ ਸਨ, ਲੇਕਿਨ ਫਿਰ ਵੀ ਉਹ ਮੁਗਲਾਂ ਦੇ ਵਿਰੁਧ ਮਰਾਠਿਆਂ ਤੋਂ ਕਦੇ ਕਦਾਈ ਹੀ ਸਹਿਯੋਗ ਦੇ ਰਹੇ ਸਨ।

ਔਰੰਗਜ਼ੇਬ ਵੱਲੋਂ ਬੀਜਾਪੁਰ ਅਤੇ ਗੋਲਕੁੰਡਾ ਦੀ ਜਿੱਤ ਮੁਗਲ ਸਾਮਰਾਜ ਦੇ ਲਈ ਘਾਤਕ ਸਿੱਧ ਹੋਈ, ਪਰ ਇਸ ਦਾ ਪੂਰਾ ਦੋਸ਼ ਔਰੰਗਜ਼ੇਬ ਨੂੰ ਨਹੀਂ ਦਿੱਤਾ ਜਾ ਸਕਦਾ। ਦੱਖਣ ਵੱਲ ਵਿਸਥਾਰ ਦੇ ਪਹਿਲੇ ਕਦਮ ਨੇ ਹੀ ਇਸ ਅਪ੍ਰਿਯ ਅੰਤ ਨੂੰ ਪ੍ਰਭਾਵਸ਼ਾਲੀ ਬਣਾ ਦਿੱਤਾ ਸੀ। ਵਿਸਥਾਰ ਦਾ ਕ੍ਰਮ ਅਨਵਕਤ ਚੱਲਦਾ ਹੈ, ਉਸ ਨੂੰ ਵਿੱਚੋਂ ਹੀ ਅਧੂਰਾ ਨਹੀਂ ਛੱਡਿਆ ਜਾ ਸਕਦਾ। ਅਕਬਰ ਦੀ ਸੀਮਿਤ ਵਿਸਥਾਰ ਦੀ ਨੀਤੀ ਦਾ ਤਿਆਗ ਹੀ ਮੁਗਲ ਸਾਮਰਾਜ ਦੇ ਪਤਨ ਦਾ ਪਹਿਲਾ ਕਦਮ ਸੀ। ਅਹਿਮਦ ਨਗਰ ਦੀ ਜਿੱਤ ਦੇ ਬਾਅਦ ਬੀਜਾਪੁਰ ਜਾਂ ਗੋਲਕੁੰਡਾ ਦੀ ਜਿੱਤ ਜ਼ਰੂਰੀ ਸੀ। ਪਰ ਇਸ ਕ੍ਰਮ ਵਿੱਚ ਅੱਧੀ ਸਦੀ ਤੋਂ ਜ਼ਿਆਦਾ ਸਮਾਂ ਲੱਗਿਆ ਅਤੇ ਇਸ ਅਭਿਆਨ ਵਿੱਚ ਲਗਾਤਾਰ ਯੁੱਧ ਦੇ ਕਾਰਨ ਮੁਗਲ ਸਾਮਰਾਜ ਆਰਥਿਕ ਰੂਪ ਨਾਲ ਘੱਟ ਹੁੰਦਾ ਗਿਆ। ਦੱਖਣ ਤੋਂ ਵੱਡੀ ਸੰਖਿਆ ਵਿੱਚ ਮਨਸਬਦਾਰਾਂ ਨੇ ਮੁਗਲ ਪ੍ਰਸ਼ਾਸਨ ਵਿੱਚ ਪ੍ਰਵੇਸ਼ ਕੀਤਾ, ਜਿਸ ਦੇ ਕਾਰਨ ਜਗੀਰਦਾਰੀ ਵਿਵਸਥਾ ਦਾ ਸੰਕਟ ਹੋਰ ਗੰਭੀਰ ਹੋ ਗਿਆ ਅਤੇ ਸਾਮਰਾਜ ਦਾ ਪਤਨ ਤੇਜ਼ ਗਤੀ ਨਾਲ ਹੋਇਆ। ਦੱਖਣ ਭਾਰਤ ਵਿੱਚ ਮੁਗਲਾਂ ਦਾ ਕੰਟਰੋਲ ਵੀ ਦੀਰਘਕਾਲੀਨ ਨਹੀਂ ਸਿੱਧ ਹੋਇਆ। ਮਰਾਠਿਆਂ ਦੇ ਇਲਾਵਾ ਹੋਰ ਵਿਰੋਧੀ ਸ਼ਕਤੀਆਂ ਵੀ ਦੱਖਣ ਭਾਰਤ ਵਿੱਚ ਮੁਗਲ ਸੱਤਾ ਨੂੰ ਤੋੜਨ ਵਿੱਚ ਸਰਗਰਮ ਹੋ ਗਈ। ਔਰੰਗਜ਼ੇਬ ਦੀ ਮੌਤ ਦੇ ਦੋ ਦਹਾਕੇ ਦੇ ਅੰਦਰ ਹੀ ਨਿਜਾਮੁਲ ਮੁਲਕ ਨੇ ਦੱਖਣ ਵਿੱਚ ਸੁਤੰਤਰ ਸੱਤਾ ਗ੍ਰਹਿਣ ਕਰ ਲਈ ਦੂਸਰੇ ਪਾਸੇ ਦੱਖਣ ਦੀ ਸਮੱਸਿਆ ਵਿੱਚ ਸਮਰਾਟ ਦੀ ਵਿਵਸਥਾ ਨੇ ਉਤਰ ਭਾਰਤ ਵਿੱਚ ਵੀ ਸਾਮਰਾਜ ਦੇ ਵਿਘਟਨ ਨੂੰ ਪ੍ਰਭਾਵਿਤ ਕੀਤਾ। ਸਿੱਟੇ ਦੇ ਤੌਰ 'ਤੇ ਮੁਗਲਾਂ ਦਾ ਵਿਸਥਾਰ ਵਿਨਾਸ਼ਕਾਰੀ ਸਿੱਧ ਹੋਇਆ।

### 11.5.2 ਧਾਰਮਿਕ ਨੀਤੀ

ਜਿਨ੍ਹਾਂ ਪਰਿਸਥਿਤੀਆਂ ਵਿਚ ਔਰੰਗਜੇਬ ਨੇ ਗੱਦੀ ਪ੍ਰਾਪਤ ਕੀਤੀ ਸੀ, ਉਸ ਨੇ ਧਾਰਮਿਕ ਨੀਤੀ ਵਿਚ ਬਦਲਾਓ ਜ਼ਰੂਰੀ ਲੱਗ ਰਿਹਾ ਸੀ। ਔਰੰਗਜੇਬ ਨੇ ਸ਼ਾਹਜਹਾਂ ਦੇ ਜੀਵਨ ਵਿਚ ਹੀ ਉਸ ਨੂੰ ਸੱਤਾ ਤੋਂ ਵੰਚਿਤ ਕਰਕੇ ਇੱਕ ਅਸਾਧਾਰਨ ਕੰਮ ਕੀਤਾ ਸੀ ਅਤੇ ਇਸ ਦੀ ਉਚਿੱਤਤਾ ਪੇਸ਼ ਕਰਨੀ ਜ਼ਰੂਰੀ ਸੀ। ਕਿਸੇ ਸ਼ਾਸਕ ਨੂੰ ਉਸ ਦੇ ਜੀਵਨ ਵਿਚ ਦੋ ਹੀ ਪਰਿਸਥਿਤੀਆਂ ਵਿਚ ਸੱਤਾ ਤੋਂ ਹਟਾਇਆ

ਨੋਟ

ਜਾ ਸਕਦਾ ਸੀ, ਜੇਕਰ ਉਹ ਧਰਮ ਤੋਂ ਵਿਰੁਧ ਆਚਰਨ ਕਰੇ ਜਾਂ ਬੀਮਾਰ ਹੋਵੇ ਅਤੇ ਕਿਸੀ ਕਾਰਨ ਜਨਤਾ ਦੇ ਹਿੱਤ ਵਿਚ ਕੰਮ ਕਰਨ ਲਈ ਅਸਮਰਥ ਰਹੇ। ਔਰੰਗਜੇਬ ਨੇ ਵੀ ਇਸੀ ਆਧਾਰ ਉੱਤੇ ਸ਼ਾਹਜਹਾਂ ਨੂੰ ਸੱਤਾ ਤੋਂ ਵੰਚਿਤ ਕਰਨ ਦੀ ਉਚਿੱਤਤਾ ਪ੍ਰਸਤੁਤ ਕਰਨੀ ਚਾਹੀ। ਕਿਉਂਕਿ ਉਤਰਾਧਿਕਾਰ ਦੇ ਯੁੱਧ ਵਿਚ ਉਸ ਨੂੰ ਰਾਜਪੂਤਾਂ ਨੇ ਸਮਰਥਨ ਦਿੱਤਾ ਸੀ ਅਤੇ ਉਹ ਹਿੰਦੂ ਪਰਜਾ ਨੂੰ ਵੀ ਅਸੰਤੁਸ਼ਟ ਕਰਨਾ ਨਹੀਂ ਚਾਹੁੰਦਾ ਸੀ, ਇਸ ਲਈ ਉਸ ਨੇ ਸ਼ਾਹਜਹਾਂ ਨੂੰ ਵਿਸਥਾਪਿਤ ਕਰਨ ਲਈ ਉਸ ਉੱਤੇ ਸੁਆਸਥ ਅਤੇ ਬੁੱਢੇ ਹੋਣ ਦੇ ਕਾਰਨ ਪ੍ਰਸਾਸਨਿਕ ਆਲਸਪਣ ਦਾ ਆਰੋਪ ਲਗਾਇਆ ਸੀ ਅਤੇ ਆਪਣੇ ਸ਼ਾਸਨ ਦੇ ਸ਼ੁਰੂ ਵਿਚ ਇੱਕ ਸਕ੍ਰਿਅ ਨੀਤੀ ਅਪਣਾਈ ਸੀ। ਉਸ ਨੇ ਮਰਾਠਿਆਂ ਦੇ ਵਿਰੁਧ ਸੈਨਿਕ ਅਭਿਆਨ ਚਲਾਇਆ ਅਤੇ ਅਫਗਾਨਾਂ ਦੇ ਵਿਦਰੋਹ ਦੇ ਦਮਨ ਦੇ ਉਪਾਓ ਕੀਤੇ। ਇਸ ਸਮੇਂ ਤਕ ਸ਼ਾਹਜਹਾਂ ਜਿਉਂਦਾ ਸੀ ਅਤੇ ਔਰੰਗਜੇਬ ਐਸੇ ਫੈਸਲੇ ਨਹੀਂ ਲੈਣਾ ਚਾਹੁੰਦਾ ਸੀ ਜਿਹੜੇ ਸਾਮਰਾਜ ਵਿਚ ਅਵਿਵਸਥਾ ਫੈਲਾਉਣ, ਲੇਕਿਨ ਮੰਦ ਭਾਗ ਉਸ ਦੀ ਸ਼ੁਰੂਆਤ ਆਕ੍ਰਮਣਕਾਰੀ ਨੀਤੀ ਸੈਨਿਕ ਸਫਲਤਾਵਾਂ ਦੁਆਰਾ ਸੰਤੁਸ਼ਟ ਨਹੀਂ ਹੋ ਸਕੀ। ਉਸੇ ਸਮੇਂ ਸਾਮਰਾਜ ਦੇ ਵੱਖ ਵੱਖ ਖੇਤਰਾਂ ਵਿਚ ਵਿਦਰੋਹ ਅਤੇ ਉਪਦ੍ਰਵ ਭੜਕ ਉੱਠੇ, ਜਿਹੜੇ ਆਰਥਿਕ ਅਸੰਤੋਸ਼ ਤੋਂ ਪ੍ਰੇਰਿਤ ਸਨ। ਇਨ੍ਹਾਂ ਵਿਚ ਜਾਟ ਅਤੇ ਬੁੰਦੇਲਾ ਆਦਿ ਦੇ ਵਿਦਰੋਹ ਪ੍ਰਮੁੱਖ ਸਨ। ਕਿਉਂਕਿ ਵਿਦਰੋਹੀਆਂ ਵਿਚ ਜ਼ਿਆਦਾਤਰ ਹਿੰਦੂ ਪਰਜਾ ਸਕ੍ਰਿਆ ਸੀ, ਇਸ ਲਈ ਔਰੰਗਜੇਬ ਹੌਲੀ ਹੌਲੀ ਹਿੰਦੂ ਪਰਜਾ ਦਾ ਦਮਨ ਕਰਨ ਅਤੇ ਕੱਟੜਪੰਥੀ ਮੁਸਲਮਾਨਾਂ ਦਾ ਸਮਰਥਨ ਪ੍ਰਾਪਤ ਕਰਨ ਦੇ ਲਈ ਪ੍ਰੇਰਿਤ ਹੋਇਆ।

ਉਲੇਖਯੋਗ ਹੈ ਕਿ ਔਰੰਗਜੇਬ ਦੀ ਧਾਰਮਿਕ ਨੀਤੀ ਦਾ ਵਿਕਾਸ ਲੜੀ ਬੱਧ ਰੂਪ ਵਿਚ ਹੋਇਆ। ਸੱਤਾ ਵਿਚ ਆਉਣ ਨਾਲ ਉਸ ਨੇ ਕਿਸੀ ਸੰਪਰਦਾਇ ਜਾਂ ਧਰਮ ਦਾ ਵਿਰੋਧ ਕੀਤੇ ਬਿਨਾਂ ਇਸਲਾਮ ਦੇ ਲਈ ਆਪਣੀ ਸ਼ਰਧਾ ਵਿਅਕਤ ਕਰਨ ਦਾ ਉਪਾਉ ਕੀਤਾ। ਉਸ ਨੇ ਝਰੋਖਾ ਦਰਸ਼ਨ ਦੀ ਪੱਧਤੀ ਖਤਮ ਕਰ ਦਿੱਤੀ ਕਿਉਂਕਿ ਇਸ ਨਾਲ ਸਮਰਾਟ ਪੂਜਾ ਦੀ ਪਰੰਪਰਾ ਵਿਕਸਿਤ ਹੋਣ ਲੱਗ ਗਈ ਸੀ, ਜਿਹੜੀ ਜਰੂਰਤਮੰਦ ਨਹੀਂ ਸੀ। ਉਸ ਨੇ ਕਨੌਜ ਦਾ ਉਤਸਵ ਵੀ ਸਮਾਪਤ ਕਰ ਦਿੱਤਾ ਜਿਹੜਾ ਪਾਰਸੀਆਂ ਦੇ ਤਿਉਹਾਰ ਉੱਤੇ ਆਧਾਰਿਤ ਸੀ। ਉਸ ਨੇ ਸਿੱਕਿਆ ਉੱਤੇ ਕਲਮਾਂ ਅੰਕਿਤ ਕਰਵਾਉਣਾ ਬੰਦ ਕਰ ਦਿੱਤਾ। ਉਸਨੇ **ਮੁਹਤਸੀਬ** ਨਾਮਕ ਅਧਿਕਾਰੀ ਬਹਾਲ ਕੀਤੇ, ਜਿਹੜੇ ਮੁਸਲਮਾਨਾਂ ਦੇ ਨੈਤਿਕ ਆਚਰਨ ਉੱਤੇ ਨਿਗਰਾਨੀ ਰੱਖਦੇ ਸਨ ਅਤੇ ਜੁਆ-ਬਾਜੀ, ਨਸ਼ਾ ਖੋਰੀ, ਕੰਜਰਪੁਣਾ ਆਦਿ ਨੂੰ ਰੋਕਦੇ ਸਨ। ਆਪਣੇ ਪਿਤਾ ਦੀ ਤਰ੍ਹਾਂ ਪੁਰਾਣੇ ਮੰਦਰਾਂ ਦੀ ਰੱਖਿਆ ਅਤੇ ਨਵੇਂ ਮੰਦਰਾਂ ਉੱਤੇ ਪ੍ਰਤਿਬੰਧਨ ਦੀ ਨੀਤੀ ਅਪਣਾਈ। ਨਵੇਂ ਮੰਦਰਾਂ ਨੂੰ ਤੁੜਵਾਉਣ ਦੇ ਆਦੇਸ਼ ਪਹਿਲੇ ਵਾਲੇ ਬਣੇ ਰਹੇ, ਲੇਕਿਨ ਸਤੀਸ਼ ਚੰਦਰ ਦੇ ਅਨੁਸਾਰ ਵੱਡੇ ਪੈਮਾਨੇ ਉੱਪਰ ਮੰਦਰਾਂ ਨੂੰ ਨਸ਼ਟ ਕਰਨ ਦੇ ਉਪਾਓ ਨਹੀਂ ਕੀਤੇ ਗਏ। ਇਸ ਲਈ ਔਰੰਗਜੇਬ ਦੀ ਧਾਰਮਿਕ ਨੀਤੀ ਦਾ ਸ਼ੁਰੂਆਤੀ ਚਰਨ ਸ਼ਾਹਜਹਾਂ ਦੀ ਨੀਤੀ ਦੇ ਹੀ ਅਨੁਕੂਲ ਸੀ ਕੇਵਲ ਸਰੀਅਤ ਨੂੰ ਹੀ ਜ਼ਿਆਦਾ ਮਹੱਤਵ ਦਿੱਤਾ ਗਿਆ ਸੀ।

ਦੂਸਰੇ ਚਰਣ ਵਿੱਚ ਆਪਣੇ ਸ਼ਾਸਨ ਦੇ 11ਵੇਂ ਸਾਲ (1668 ਈ.) ਵਿੱਚ ਔਰੰਗਜ਼ੇਬ ਨੇ ਅਜਿਹੇ ਫੈਸਲੇ ਲਏ , ਜੋ ਮਿਤਵਯਿਤਾ ਦੇ ਉਦੇਸ਼ ਨਾਲ ਜ਼ਰੂਰੀ ਸਨ ਕਿਉਂਕਿ ਸਾਮਰਾਜ ਵਿੱਚ ਆਰਥਿਕ ਸੰਕਟ ਗੰਭੀਰ ਰੂਪ ਧਾਰਣ ਕਰ ਚੁੱਕਿਆ ਸੀ। ਪਰ ਇਨ੍ਹਾਂ ਫੈਸਲਿਆਂ ਦਾ ਠੀਕ ਧਰਮ ਦੇ ਅਧਾਰ ’ਤੇ ਪੇਸ਼ ਕੀਤਾ ਗਿਆ। ਔਰੰਗਜ਼ੇਬ ਨੇ ਦਰਬਾਰੀ ਸੰਗੀਤਕਾਰਾਂ ਅਤੇ ਇਤਿਹਾਸਕਾਰਾਂ ਨੂੰ ਹਟਾ ਦਿੱਤਾ, ਤੁਲਾ ਦਾਨ ਦੀ ਪ੍ਰਥਾ ਬੰਦ ਕਰ ਦਿੱਤੀ, ਰਾਜ ਦਰਬਾਰ ਵਿੱਚ ਸੋਨੇ, ਚਾਂਦੀ ਦੀਆਂ ਵਸਤੂਆਂ ਦਾ ਇਸਤੇਮਾਲ ਬੰਦ ਕਰ ਦਿੱਤਾ। ਵਿਚਾਰ ਇਹ ਦਿੱਤਾ ਗਿਆ ਕਿ ਸ਼ਰੀਅਤ ਵਿੱਚ ਖਰਚ ਅਤੇ ਧਨ ਪ੍ਰਦਰਸ਼ਨ ਨੂੰ ਵਰਜਿਤ ਮੰਨਿਆ ਗਿਆ ਹੈ। ਇਸੇ ਸਮੇਂ ਦੇ ਆਸ-ਪਾਸ ਔਰੰਗਜ਼ੇਬ ਨੇ ਮੁਸਲਮਾਨ ਵਪਾਰੀਆਂ ਨੂੰ ਚੁੰਗੀ ਦੇਣ ਤੋਂ ਮੁਕਤ ਕਰ ਦਿੱਤਾ, ਜਦੋਂ ਕਿ ਹਿੰਦੂ ਵਪਾਰੀ ਚੁੰਗੀ ਦਿੰਦੇ ਸਨ। ਉਸ ਨੇ ਰਾਜਸਵ ਵਿਭਾਗ ਦੇ ਨੀਵੇਂ ਪਦਾਂ ਤੋਂ ਵੀ ਹਿੰਦੂਆਂ ਨੂੰ ਹਟਾ ਕੇ ਉਨ੍ਹਾਂ ਦੇ ਸਥਾਨ ’ਤੇ ਮੁਸਲਮਾਨਾਂ ਨੂੰ ਭਰਤੀ ਕਰਨ ਦਾ ਫੈਸਲਾ ਕੀਤਾ। ਦੋਵੇਂ ਤਰੀਕਿਆਂ ਦਾ ਉਦੇਸ਼ ਮੁਸਲਮਾਨਾਂ ਨੂੰ ਰੋਜ਼ਗਾਰ ਅਤੇ ਵਪਾਰ ਵੱਲ ਆਕਰਸ਼ਿਤ ਕਰਨਾ ਸੀ ਤਾਂ ਕਿ ਰਾਜ ਵੱਲੋਂ ਬੇਰੋਜ਼ਗਾਰ ਮੁਸਲਮਾਨਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨਾ ਜ਼ਰੂਰੀ ਨਾ ਰਹੇ। ਆਰਥਿਕ ਸੰਕਟ ਦੀ ਸਥਿਤੀ ਵਿੱਚ ਇਸ ਤਰ੍ਹਾਂ ਦੀ ਆਰਥਿਕ ਸਹਾਇਤਾ ਰਾਜ ਬਹੁਤ ਸਮੇਂ ਤੱਕ ਦੇਣ ਦੀ ਸਥਿਤੀ ਵਿੱਚ ਨਹੀਂ ਸੀ। ਪਰ ਦੋਵੇਂ ਹੀ ਤਰੀਕੇ ਕਿਰਿਆਸ਼ੀਲ ਨਹੀਂ ਹੋ ਸਕੇ। ਮੁਸਲਮਾਨ ਵਪਾਰੀ ਹਿੰਦੂ ਵਪਾਰੀਆਂ ਦਾ ਸਮਾਨ ਆਪਣੇ ਸਮਾਨ ਦੇ ਨਾਲ ਮਿਲਾ ਕੇ ਉਸ ਨੂੰ ਵੀ ਚੁੰਗੀ ਤੋਂ ਮੁਕਤ ਕਰਾ ਦਿੰਦੇ ਸਨ ਅਤੇ ਔਰੰਗਜ਼ੇਬ ਨੂੰ ਆਪਣੇ ਆਦੇਸ਼ ਵਿੱਚ ਸੋਧ ਕਰਨੀ ਪਈ। ਮੁਸਲਮਾਨਾਂ ਨੂੰ ਨੌਕਰੀ ਦੇਣ ਦਾ ਯਤਨ ਵੀ ਬਹੁਤ ਸਫਲ ਨਹੀਂ ਹੋ ਸਕਿਆ।

ਪਹਿਲੇ ਜਿਸ ਆਰਥਿਕ ਸੰਕਟ ਦਾ ਉਲੇਖ ਹੋਇਆ, ਉਸ ਦੇ ਕਾਰਣ ਅਸੰਤੋਸ਼ ਵੀ ਭੜ੍ਹਕੇ ਅਤੇ ਸਾਮਰਾਜ ਵਿਚ ਵਿਦਰੋਹ ਹੋਣ ਲੱਗੇ। ਵਿਦਰੋਹੀ ਦੇ ਰੂਪ ਵਿਚ ਜ਼ਿਆਦਾਤਰ ਹਿੰਦੂ ਪਰਜਾ ਸੀ ਕਿਉਂਕਿ ਆਰਥਿਕ ਸੰਕਟ ਦਾ ਬੁਰਾ ਪਰਿਣਾਮ ਕਿਸਾਨ ਵਰਗ ਉੱਤੇ ਪੈ ਰਿਹਾ ਸੀ, ਜਿਸ ਵਿਚ ਜ਼ਿਆਦਾਤਰ ਹਿੰਦੂ ਸਨ। ਕੱਟਰ ਪੰਥੀ ਮੁਸਲਮਾਨਾਂ ਨੇ ਇਨ੍ਹਾਂ ਵਿਦਰੋਹਾਂ ਨੂੰ ਮੁਸਲਿਮ ਸ਼ਾਸਨ ਦੇ ਵਿਰੁਧ ਸੰਘਰਸ਼ ਦੇ ਰੂਪ ਵਿਚ ਦੇਖਿਆ। ਔਰੰਗਜੇਬ ਨੇ ਵੀ ਹੁਣ ਕੱਟਰਪੰਥੀ ਮੁਸਲਿਮ ਸਾਮੰਤਾਂ ਦਾ ਸਹਿਯੋਗ ਪ੍ਰਾਪਤ ਕਰਨ ਲਈ ਹਿੰਦੂ ਵਿਰੋਧੀ ਉਪਾਓ ਕੀਤੇ। 1679 ਈ: ਵਿਚ ਜਜੀਆ ਮੁੜ ਲਾਗੂ ਕਰ ਦਿੱਤਾ ਗਿਆ। ਹਿੰਦੂ ਪਾਠ-ਸ਼ਾਲਾਵਾਂ ਅਤੇ ਤਿਉਹਾਰਾਂ ਉੱਤੇ ਪ੍ਰਤਿਬੰਧ ਲਗਾਏ ਗਏ। ਵਿਦਰੋਹੀਆਂ ਨੂੰ ਦੰਡ ਦੇਣ ਦੇ ਕ੍ਰਮ ਵਿਚ ਮੰਦਰਾਂ ਦਾ ਵੀ ਵਿਨਾਸ਼ ਹੋਇਆ ਕਿਉਂਕਿ ਔਰੰਗਜੇਬ ਦਾ ਵਿਸ਼ਵਾਸ਼ ਸੀ ਕਿ ਮੰਦਰ ਛੜਯੰਤਰ ਅਤੇ ਰਾਜਦਰੋਹ ਕਾਰਵਾਈਆਂ ਦੇ ਕੇਂਦਰ ਬਣ ਚੁੱਕੇ ਹਨ।

ਨੋਟ

ਅਨੇਕ ਇਤਿਹਾਸਕਾਰ ਔਰੰਗਜੇਬ ਦੀ ਧਾਰਮਿਕ ਨੀਤੀ ਦੀ ਨਿੰਦਾ ਕਰਦੇ ਹਨ ਅਤੇ ਉਸ ਨੂੰ ਇਕ ਕੱਟਰਪੰਥੀ ਸ਼ਾਸਕ ਮੰਨਦੇ ਹਨ। ਇੰਨਾ ਹੀ ਨਹੀਂ, ਉਹ ਔਰੰਗਜੇਬ ਦੀ ਧਾਰਮਿਕ ਨੀਤੀ ਨੂੰ ਮੁਗਲ ਸਾਮਰਾਜ ਦੇ ਪਤਨ ਦੇ ਲਈ ਜਿੰਮੇਵਾਰ ਵੀ ਮੰਨਦੇ ਹਨ। ਇਨ੍ਹਾਂ ਦੇ ਅਨੁਸਾਰ ਔਰੰਗਜੇਬ ਨੇ ਅਕਬਰ ਦੀ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਦਾ ਪੂਰਨ ਤਿਆਗ ਕਰ ਦਿੱਤਾ, ਜਿਸ ਨਾਲ ਹਿੰਦੂ ਪਰਜਾ ਅਸੰਤੁਸ਼ਟ ਹੋ ਗਈ। ਇਸ ਨਾਲ ਸਾਮਰਾਜ ਵਿਚ ਵਿਦਰੋਹ ਦੀ ਸਮੱਸਿਆ ਪੈਦਾ ਹੋ ਗਈ ਅਤੇ ਉਸ ਦਾ ਪਤਨ ਅਵੱਸ ਘਟਿਤ ਹੋ ਗਿਆ। ਦੂਜੇ ਪਾਸੇ ਕੁਝ ਇਤਿਹਾਸਕਾਰ ਮੁਗਲ ਸਾਮਰਾਜ ਦੀ ਬਰਬਾਦੀ ਵਿਚ ਔਰੰਗਜੇਬ ਦੀ ਧਾਰਮਿਕ ਨੀਤੀ ਦਾ ਯੋਗਦਾਨ ਅਸਵੀਕਾਰ ਕਰਦੇ ਹਨ। ਉਨ੍ਹਾਂ ਦੇ ਅਨੁਸਾਰ ਔਰੰਗਜੇਬ ਦੇ ਵਿਅਕਤੀਗਤ ਵਿਚਾਰ ਧਾਰਮਿਕ ਤੰਗ ਦਿੱਲੀ ਤੋਂ ਪ੍ਰਭਾਵਿਤ ਹੋ ਸਕਦੇ ਹਨ ਲੇਕਿਨ ਇਨ੍ਹਾਂ ਦਾ ਜਰੂਰੀ ਪ੍ਰਭਾਵ ਉਸ ਦੀ ਰਾਜਨੀਤਿਕ ਨੀਤੀਆਂ ਉੱਤੇ ਪੈਣਾ ਜ਼ਰੂਰੀ ਨਹੀਂ ਸੀ। ਇੱਕ ਸ਼ਾਸਕ ਦੇ ਰੂਪ ਵਿਚ ਔਰੰਗਜੇਬ ਆਪਣੇ ਰਾਜਨੀਤਿਕ ਜਿੰਮੇਵਾਰੀ ਦੇ ਲਈ ਸੁਚੇਤ ਸੀ। ਉਸ ਦੀ ਸਮੱਸਿਆ ਇਹ ਸੀ ਕਿ ਸਾਮਰਾਜ ਬਰਬਾਦੀ ਵੱਲ ਵਧ ਰਿਹਾ ਸੀ ਅਤੇ ਪ੍ਰਸਾਸਨਿਕ ਅਤੇ ਧਾਰਮਿਕ ਸੰਕਟ ਦਾ ਕੋਈ ਨਿਸਚਿਤ ਹੱਲ ਪ੍ਰਸਤੂਤ ਨਹੀਂ ਹੋ ਰਿਹਾ ਸੀ। ਐਸੀ ਸਥਿਤੀ ਵਿਚ ਧਾਰਮਿਕ ਸਹਿਣਸ਼ੀਲਤਾ ਜਾਂ ਕੱਟਰਤਾ ਤੋਂ ਰਾਜ ਦੀ ਸਮੱਸਿਆਵਾਂ ਦਾ ਹੱਲ ਸੰਭਵ ਨਹੀਂ ਸੀ। ਇਸ ਮੁਸਕਿਲ ਵਿਚ ਔਰੰਗਜੇਬ ਦੀ ਧਾਰਮਿਕ ਨੀਤੀ ਦੀ ਸਫਲਤਾ ਸੰਦੇਹਸ਼ੀਲ ਸੀ।

## 11.6 ਯਾਦ ਰੱਖਣਯੋਗ ਤੱਥ (Point to Remember)

**ਹਮਾਯੂੰ ਦਾ ਮੁੜ ਆਗਮਨ**

- ਸ਼ੇਰ ਸ਼ਾਹ ਦੁਆਰਾ ਪਿੱਛਾ ਕੀਤੇ ਜਾਣ ਉੱਤੇ ਹਮਾਯੂੰ ਲਾਹੌਰ ਹੁੰਦਾ ਹੋਇਆ ਸਿੰਧ ਨਦੀ ਵੱਲ ਚਲਾ ਗਿਆ।
- ਹਮਾਯੂੰ ਅਨੇਕ ਕਠਿਨਾਈਆਂ ਨੂੰ ਝੱਲਦਾ ਹੋਇਆ ਅਮਰਕੋਟ ਪਹੁੰਚਿਆ, ਜਿੱਥੇ ਉਸ ਦੀ ਪਤਨੀ ਹਮੀਦਾ ਬਾਨੋ ਨੇ 1542 ਈ: ਵਿਚ ਅਕਬਰ ਨੂੰ ਜਨਮ ਦਿੱਤਾ।
- ਬੈਰਮ ਖਾਂ ਦੇ ਮਸ਼ਵਰੇ ਨਾਲ ਉਹ ਈਰਾਨ ਦੀ ਵੱਲ ਚੱਲ ਪਿਆ।
- ਸੂਰਵੰਸ਼ ਦੇ ਅੰਦਰੂਨੀ ਕਲੇਸ਼ ਅਤੇ ਕਮਜ਼ੋਰੀਆਂ ਦਾ ਫਾਇਦਾ ਚੁੱਕ ਕੇ 1555 ਈ. ਵਿਚ ਉਸ ਨੇ ਭਾਰਤ ਉੱਤੇ ਆਕ੍ਰਮਣ ਕਰ ਦਿੱਤਾ ਅਤੇ ਸਿਕੰਦਰ ਸੂਰੀ ਨੂੰ ਹਰਾ ਕੇ ਆਗਰੇ ਉਤੇ ਮੁੜ ਅਧਿਕਾਰ ਕਰ ਲਿਆ, ਲੇਕਿਨ ਜ਼ਿਆਦਾ ਦਿਨਾਂ ਤਕ ਉਹ ਇਸ ਜਿੱਤ ਦਾ ਆਨੰਦ ਨਹੀਂ ਲੈ ਸਕਿਆ।
- ਦਿੱਲੀ ਵਿਚ ਆਪਣੇ ਕਿਲ੍ਹੇ ਦੀ ਪੁਸਤਕਸ਼ਾਲਾ ਦੀ ਇਮਾਰਤ ਦੀ ਪਹਿਲੀ ਮੰਜਿਲ ਤੋਂ ਗਿਰ ਜਾਣ ਦੇ ਕਾਰਨ 1556 ਈ: ਵਿਚ ਉਸ ਦੀ ਮ੍ਰਿਤੂ ਹੋ ਗਈ।

**ਅਕਬਰ (1556–1605 ਈ.)**

- ਹਮਾਯੂੰ ਦੀ ਮ੍ਰਿਤੂ ਦੇ ਸਮੇਂ ਅਕਬਰ ਪੰਜਾਬ ਵਿਚ ਅਫਗਾਨ ਵਿਦਰੋਹੀਆਂ ਨਾਲ ਨਜਿੱਠਣ ਵਿਚ ਲੱਗਿਆ ਹੋਇਆ ਸੀ।
- ਹਮਾਯੂੰ ਮ੍ਰਿਤੂ ਦੀ ਖਬਰ ਮਿਲਦੇ ਹੀ ਅਕਬਰ ਦੇ ਸੰਰੱਖਿਅਕ ਅਤੇ ਹਮਾਯੂੰ ਦੇ ਪੁਰਾਣੇ ਸਾਥੀ ਬੈਰਮ ਖਾਂ ਨੇ ਪੰਜਾਬ ਵਿਚ ਕਾਲਾਨੌਰ ਨਾਮਕ ਸਥਾਨ ਉੱਤੇ 14 ਫਰਵਰੀ 1556 ਈ. ਨੂੰ ਵਿਧੀ ਅਨੁਸਾਰ ਅਕਬਰ ਨੂੰ ਰਾਜ ਉਦਘਾਟਨ ਸਮਾਰੋਹ ਕੀਤਾ।
- ਉਸ ਸਮੇਂ ਅਕਬਰ ਦੀ ਉਮਰ ਕੇਵਲ 13 ਸਾਲ ਅਤੇ 4 ਮਹੀਨੇ ਦੀ ਸੀ।
- ਜਦੋਂ ਅਕਬਰ ਸਿੰਘਾਸਨ ਤਾਜਪੋਸ਼ ਹੋਇਆ, ਉਸ ਸਮੇਂ ਕੇਵਲ ਪੰਜਾਬ ਦੇ ਹੀ ਕੁਝ ਹਿੱਸਿਆ ਉੱਤੇ ਉਸਦਾ ਵਾਸਤਵਿਕ ਨਿਯੰਤ੍ਰਨ ਸੀ।
- ਇਸਲਾਮ ਸ਼ਾਹ ਦੀ ਮ੍ਰਿਤੂ ਦੇ ਬਾਅਦ ਹੇਮੂ (ਉਸ ਦਾ ਅਸਲੀ ਨਾਂ ਹੇਮ ਰਾਜ ਸੀ) ਨੇ ਸੁਲਤਾਨ ਆਦਿਲਸ਼ਾਹ ਨੂੰ ਬਹੁਤ ਪ੍ਰਭਾਵਿਤ ਕੀਤਾ ਅਤੇ ਉਸ ਦਾ ਪ੍ਰਧਾਨ ਮੰਤਰੀ ਅਤੇ ਪ੍ਰਧਾਨ ਸੈਨਾਪਤੀ ਬਣ ਗਿਆ।
- ਦਿੱਲੀ ਅਤੇ ਆਗਰਾ ਤੋਂ ਅਕਬਰ ਦੀ ਅਨੁਪਸਥਿਤੀ ਦਾ ਫਾਇਦਾ ਚੁੱਕਦੇ ਹੋਏ ਹੇਮੂ ਨੇ ਆਗਰਾ ਉੱਤੇ ਅਧਿਕਾਰ ਕਰ ਲਿਆ ਅਤੇ ਦਿੱਲੀ ਦੇ ਮੁਗਲ ਗਵਰਨਰ ਤਰਦੀ ਬੇਗ ਖਾਂ ਨੂੰ ਹਰਾ ਕੇ ਉਸ ਨੂੰ ਸਰਹਿੰਦ ਨੱਸਣ ਲਈ ਮਜਬੂਰ ਕਰ ਦਿੱਤਾ। ਜਿੱਥੇ ਬੈਰਮ ਖਾਂ ਨੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ।
- 5 ਨਵੰਬਰ 1556 ਈ. ਨੂੰ ਇੱਕ ਪਾਸੇ ਹੇਮੂ ਦੇ ਨੇਤਰਤਵ ਵਿਚ ਅਫਗਾਨ ਅਤੇ ਰਾਜਪੂਤ ਸੈਨਿਕ ਅਤੇ ਦੂਜੇ ਪਾਸੇ ਮੁਗਲ ਸੈਨਿਕ ਪਾਨੀਪਤ ਦੇ ਪ੍ਰਸਿੱਧ ਮੈਦਾਨ (ਪਾਨੀਪਤ ਦਾ ਦੂਜਾ ਯੁੱਧ) ਵਿਚ ਯੁੱਧ ਲਈ ਆ ਡਟੇ।

ਨੋਟ

- ਯੁੱਧ ਵਿਚ ਹੇਮੂ ਦਾ ਪਲੜਾ ਭਾਰੀ ਸੀ ਅਤੇ ਉਹ ਜਿੱਤ ਦੇ ਕਰੀਬ ਪਹੁੰਚ ਹੀ ਰਿਹਾ ਸੀ ਕਿ ਇੱਕ ਤੀਰ ਆ ਕੇ ਹੇਮੂ ਦੀ ਅੱਖ ਵਿਚ ਲੱਗਾ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਿਆ।
- ਨੇਤਰਤਵ ਵਿਹੀਨ ਅਫਗਾਨ ਸੈਨਾ ਤੀਤਰ ਬੀਤਰ ਹੋ ਗਈ ਅਤੇ ਮੁਗਲਾਂ ਦੀ ਜਿੱਤ ਹੋਈ।
- ਹੇਮੂ ਨੂੰ ਬੰਦੀ ਬਣਾ ਕੇ ਮਾਰ ਦਿੱਤਾ ਗਿਆ।
- ਬੈਰਮ ਖਾਂ ਦੇ ਵਿਰੋਧੀ ਅਤੇ ਇੱਥੇ ਤਕ ਕਿ ਅਕਬਰ ਵੀ ਉਸ ਦੇ ਵਧਦੇ ਪ੍ਰਭਾਵ ਨਾਲ ਸੰਕਾ ਪ੍ਰਭਾਵਿਤ ਸੀ।
- ਅਕਬਰ ਨੇ ਦਿੱਲੀ ਤੋਂ ਜਾਰੀ ਆਪਣੇ ਫਰਮਾਨ ਵਿਚ ਬੈਰਮ ਖਾਂ ਨੂੰ ਬਰਖਾਸਤ ਕਰ ਦਿੱਤਾ ਅਤੇ ਉਸ ਨੂੰ ਹੱਜ ਉੱਤੇ ਜਾਣ ਦਾ ਆਦੇਸ਼ ਦਿੱਤਾ।
- ਹਾਲਾਂਕਿ ਬੈਰਮ ਖਾਂ ਸ਼ੁਰੂ ਵਿਚ ਇਸ ਆਦੇਸ਼ ਤੋਂ ਸਹਿਮਤ ਹੋ ਗਿਆ, ਲੇਕਿਨ ਜਦੋਂ ਉਸ ਨੂੰ ਲੱਗਾ ਕਿ ਉਸ ਦੇ ਨਾਲ ਉਚਿੱਤ ਵਿਵਹਾਰ ਨਹੀਂ ਕੀਤਾ ਜਾ ਰਿਹਾ ਤਾਂ ਉਹ ਵਿਦਰੋਹ ਉੱਤੇ ਉਤਾਰੂ ਹੋ ਗਿਆ।
- ਉਹ ਜਲੰਧਰ ਦੇ ਨੇੜੇ ਹਾਰ ਗਿਆ ਅਤੇ ਅਕਬਰ ਨੇ ਉਦਾਰਤਾ ਵਰਤਦੇ ਹੋਏ ਉਸ ਨੂੰ ਮੁੜ ਮੱਕਾ ਚਲੇ ਜਾਣ ਦਾ ਅਵਸਰ ਪ੍ਰਦਾਨ ਕੀਤਾ।
- ਮੱਕਾ ਦੀ ਰਾਹ ਵਿਚ 1561 ਈ. ਵਿਚ ਇੱਕ ਲੋਹਾਨੀ ਅਫਗਾਨ ਨੇ ਵਿਅਕਤੀਗਤ ਦੁਸ਼ਮਨੀ ਦੇ ਕਾਰਨ ਉਸ ਦੀ ਹੱਤਿਆ ਕਰ ਦਿੱਤੀ।
- ਬੈਰਮ ਖਾਂ ਦੇ ਬਾਅਦ ਅਕਬਰ ਨੇ ਆਪਣੀ ਧਾਇ ਮਹਾਮ ਅਨਗਾ ਅਤੇ ਉਸ ਦੇ ਪੁੱਤਰ ਅਧਮ ਖਾਂ ਨੂੰ ਖਤਮ ਕਰਨ ਵਿਚ ਸਫਲਤਾ ਮਿਲੀ।
- ਸਾਮਰਾਜ ਫੈਲਾਉਣ ਦਾ ਕੰਮ ਬੈਰਮ ਖਾਂ ਦੁਆਰਾ ਹੀ ਸ਼ੁਰੂ ਕੀਤਾ ਗਿਆ ਸੀ। ਉਸ ਨੇ ਗਵਾਲੀਅਰ, ਅਜਮੇਰ ਅਤੇ ਜੌਨਪੁਰ ਉੱਤੇ ਮੁਗਲ ਸਵਾਮੀਪਣ ਸਥਾਪਿਤ ਕਰ ਦਿੱਤਾ ਸੀ।
- 1561 ਈ. ਵਿਚ ਅਧਮ ਖਾਂ ਦੇ ਨੇਤਰਤਵ ਵਿਚ ਮੁਗਲ ਸੈਨਾ ਨੇ ਮਾਲਵਾ ਉੱਤੇ ਕਬਜ਼ਾ ਕਰ ਲਿਆ ਸੀ।
- ਉੱਥੇ ਦਾ ਰਾਜਾ ਬਾਜ ਬਹਾਦੁਰ ਆਪਣੇ ਸੰਗੀਤ ਪ੍ਰੇਮ ਦੇ ਲਈ ਅਤੇ ਉਸ ਦੀ ਰਾਣੀ ਰੂਪਮਤੀ ਅਪਣੀ ਸੁੰਦਰਤਾ ਲਈ ਪ੍ਰਸਿੱਧ ਸੀ।
- ਅਧਮ ਖਾਂ ਦੇ ਅਵਿਵੇਕ ਪੂਰਨ ਅਤੇ ਅਤਿਆਚਾਰੀ ਵਿਵਹਾਰ ਦੇ ਕਾਰਨ ਵਿਦਰੋਹ ਹੋਇਆ ਅਤੇ ਮਾਲਵਾ ਉੱਤੇ ਫਿਰ ਬਾਜ ਬਹਾਦੁਰ ਦਾ ਕਬਜ਼ਾ ਹੋ ਗਿਆ।
- 1562 ਈ. ਯੁੱਧ ਬੰਦੀਆਂ ਨੂੰ ਦਾਸ ਬਣਾਉਣਾ ਖਤਮ ਕੀਤਾ।
- 1563 ਈ. ਤੀਰਥ ਯਾਤਰਾ ਕਰ ਸਮਾਪਤ।
- 1564 ਈ. ਜਜੀਆ ਕਰ ਸਮਾਪਤ।
- ਅਕਬਰ ਦੇ ਅਭਆਿਨ ਵਲੋਂ ਤਰਸਤ ਹੋਕੇ ਬਾਜ ਬਹਾਦੁਰ ਉਸਦੇ ਦਰਬਾਰ ਵਚਿ ਅਤੇ ਉਸਨੂੰ ਮੁਗ਼ਲ ਮਨਸਬਦਾਰ ਬਣਾ ਦਤਿਾ ਗਆਿ
- 1565 ਈ. ਵਿਚ ਅਕਬਰ ਨੇ ਖਾਨ ਆਲਮ ਅਤੇ ਇਬਰਾਹੀਮ ਖਾਂ ਆਦਿ ਉਜਬੇਕਾਂ ਦੇ ਵਿਦਰੋਹ ਨੂੰ ਕੁਚਲ ਦਿੱਤਾ।
- ਅਕਬਰ ਦੇ ਮਤਰੇਏ ਭਰਾ ਮਿਰਜਾ ਹਾਕਿਮ ਨੇ ਪੰਜਾਬ ਉੱਤੇ ਆਕ੍ਰਮਣ ਕਰ ਦਿੱਤਾ (1566–67 ਈ.), ਲੇਕਿਨ ਅਕਬਰ ਦੇ ਪਹੁੰਚਦੇ ਹੀ ਨੱਸ ਗਿਆ।
- 1564 ਈ. ਵਿਚ ਆਸਫ ਦੇ ਨੇਤਰਤਵ ਵਿਚ ਮੁਗਲ ਸੈਨਾ ਨੇ ਗੜ੍ਹ ਕਟੰਗਾ ਉੱਤੇ ਜਿੱਤ ਪ੍ਰਾਪਤ ਕੀਤੀ।
- ਇਹ ਗੋਂਡੋਂ ਦੁਆਰਾ ਸਥਾਪਿਤ ਸ਼ਕਤੀਸ਼ਾਲੀ ਰਾਜ ਸੀ, ਜਿਸ ਵਿਚ ਨਰਮਦਾ ਘਾਟੀ ਅਤੇ ਆਧੁਨਿਕ ਮੱਧ ਪ੍ਰਦੇਸ਼ ਦੇ ਉੱਤਰੀ ਇਲਾਕੇ ਸ਼ਾਮਲ ਸਨ।
- ਉੱਥੇ ਦਾ ਉਸ ਸਮੇਂ ਦਾ ਸ਼ਾਸਕ ਵੀਰ ਨਾਰਾਇਣ ਨਾਬਾਲਿਗ ਸੀ ਅਤੇ ਉਸ ਦੀ ਮਾਤਾ ਦੁਰਗਾਵਤੀ ਉਸ ਦੇ ਨਾਂ ਉੱਤੇ ਰਾਜ ਕਰ ਰਹੀ ਸੀ।
- ਦੁਰਗਾ ਵਤੀ ਨੇ ਮੁਗਲ ਸੈਨਾਵਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਜਦੋਂ ਉਸ ਨੂੰ ਲੱਗਾ ਕਿ ਹਾਰ ਅਵੱਸ ਘਟਿਤ ਹੈ, ਤਾਂ ਉਸ ਨੇ ਆਤਮ ਹੱਤਿਆ ਕਰ ਲਈ ਅਤੇ ਆਪਣੇ ਬੇਟੇ ਨੂੰ ਵੀ ਮਾਰ ਦਿੱਤਾ।

- ਬਾਅਦ ਵਿਚ ਅਕਬਰ ਨੇ ਗੜ੍ਹ ਕਟੰਗਾ ਚੰਦਰ ਸ਼ਾਹ ਨੂੰ ਵਾਪਸ ਦੇ ਦਿੱਤਾ ਲੇਕਿਨ ਮਾਲਵਾ ਦੀ ਸਰਹੱਦ ਉੱਤੇ ਸਥਿਤ ਦਸ ਕਿਲ੍ਹਿਆਂ ਨੂੰ ਆਪਣੇ ਸਾਮਰਾਜ ਵਿਚ ਮਿਲਾ ਲਿਆ।
- 1562 ਈ. ਵਿਚ ਅਜਮੇਰ ਦੀ ਧਰਮ ਯਾਤਰਾ ਦੇ ਦੌਰਾਨ ਅਕਬਰ ਰਾਜਪੂਤਾਂ ਦੇ ਵਿਅਕਤੀਗਤ ਸੰਪਰਕ ਵਿਚ ਆਇਆ।
- ਅਜਮੇਰ (ਜੈਯਪੁਰ) ਦੇ ਰਾਜਾ ਭਾਰਮਲ ਨੇ ਅਕਬਰ ਦੀ ਅਧੀਨਤਾ ਸਵੀਕਾਰ ਕਰ ਲਈ ਅਤੇ ਆਪਣੀ ਵੱਡੀ ਲੜਕੀ ਦੀ ਸ਼ਾਦੀ ਅਕਬਰ ਨਾਲ ਕਰ ਦਿੱਤੀ। ਉਸ ਦੇ ਪੁੱਤਰ ਭਗਵਾਨ ਦਾਸ ਅਤੇ ਪੋਤਰੇ ਮਾਨ ਸਿੰਘ ਨੂੰ ਸੈਨਾ ਵਿਚ ਉੱਚੇ ਅਹੁਦੇ ਮਿਲੇ।
- 1567 ਈ. ਵਿਚ ਅਕਬਰ ਨੇ ਚਿਤੌੜ ਦੇ ਵਿਰੁਧ ਆਪਣਾ ਅਭਿਯਾਨ ਸ਼ੁਰੂ ਕੀਤਾ।
- ਰਾਜਪੂਤ ਸੈਨਿਕਾਂ ਨੇ ਜੈਯਮਲ ਦੇ ਕੁਸ਼ਲ ਸੈਨਾਪਤੀਤਵ ਵਿਚ ਉਲੇਖ ਯੋਗ ਵੀਰਤਾ ਦਾ ਪ੍ਰਦਰਸ਼ਨ ਕੀਤਾ। ਜੈਯਮਲ ਦੇ ਮਾਰੇ ਜਾਣ ਦੇ ਬਾਅਦ ਕਿਲ੍ਹੇ ਉੱਤੇ ਮੁਗਲਾਂ ਦਾ ਕਬਜ਼ਾ ਹੋ ਗਿਆ।
- ਉੱਥੇ ਦਾ ਰਾਜਾ ਉਦੈ ਸਿੰਘ ਕਿਲ੍ਹੇ ਦਾ ਭਾਰ ਜੈਯਮਲ ਉੱਤੇ ਸੁੱਟ ਕੇ ਜੰਗਲ ਵਿਚ ਚਲਾ ਗਿਆ ਸੀ। ਇਸੀ ਦੇ ਬਾਅਦ ਉਸ ਨੇ ਉਦਯਪੁਰ ਦੀ ਸਥਾਪਨਾ ਕੀਤੀ।
- 1572 ਈ. ਵਿਚ ਰਾਣਾ ਪ੍ਰਤਾਪ ਉਦੈ ਸਿੰਘ ਦਾ ਉੱਤਰਾਧਿਕਾਰੀ ਬਣਿਆ। ਉਸ ਨੇ ਵਿਅਕਤੀਗਤ ਰੂਪ ਨਾਲ ਦਰਬਾਰ ਵਿਚ ਹਾਜ਼ਰ ਹੋਣ ਦੀ ਸ਼ਰਤ ਨਹੀਂ ਮੰਨੀ।
- ਰਾਣਾ ਪ੍ਰਤਾਪ ਨੂੰ ਹਰਾਉਣ ਦੇ ਉਦੇਸ਼ ਨਾਲ ਮੁੜ 1576 ਈ. ਵਿਚ ਅਕਬਰ ਅਜਮੇਰ ਲਈ ਰਵਾਨਾ ਹੋਇਆ।
- ਹਲਦੀ ਘਾਟੀ ਦੇ ਮੈਦਾਨ ਵਿਚ ਭਿਆਨਕ ਯੁੱਧ ਹੋਇਆ। ਹਾਲਾਂ ਕਿ ਮੁਗਲ ਸੈਨਾ ਜੇਤੂ ਰਹੀ, ਲੇਕਿਨ ਰਾਣਾ ਪ੍ਰਤਾਪ ਨੇ ਉਸ ਦੀ ਅਧੀਨਤਾ ਸਵੀਕਾਰ ਨਹੀਂ ਕੀਤੀ।
- 1597–98 ਈ. ਦੇ ਵਿਚਕਾਰ ਅਕਬਰ ਪੱਛਮ–ਉੱਤਰ ਸੀਮਾਵਾਂ ਦੇ ਵੱਲ ਵਿਅਸਤ ਰਿਹਾ ਅਤੇ ਮੇਵਾੜ ਉੱਤੇ ਮੁਗਲ ਦਬਾਅ ਢਿੱਲਾ ਪੈ ਗਿਆ। ਇਸ ਦਾ ਲਾਭ ਉਠਾਉਂਦੇ ਹੋਏ ਰਾਣਾ ਪ੍ਰਤਾਪ ਨੇ ਮੁੜ ਆਪਣੇ ਰਾਜ ਨੂੰ ਵਿਵਸਥਿਤ ਕਰਨ ਦੀ ਕੋਸ਼ਿਸ਼ ਕੀਤੀ।
- 19 ਜਨਵਰੀ 1597 ਈ. ਨੂੰ ਰਾਣਾ ਪ੍ਰਤਾਪ ਦੀ ਮ੍ਰਿਤੂ ਹੋ ਗਈ।
- 1570 ਈ. ਵਿਚ ਬੀਕਾਨੇਰ ਦੇ ਰਾਜਾ ਕਲਯਾਣ ਮਲ ਅਤੇ ਜਸਲਮੇਰ ਦੇ ਰਾਜਾ ਹਰਰਾਏ ਨੇ ਮੁਗਲ ਅਧੀਨਤਾ ਸਵੀਕਾਰ ਕਰ ਲਈ।
- ਅਕਬਰ ਨੇ 1572 ਈ. ਵਿਚ ਗੁਜਰਾਤ ਦੇ ਵਿਰੁਧ ਅਭਿਯਾਨ ਸ਼ੁਰੂ ਕੀਤਾ ਅਤੇ ਅਹਿਮਦਾਬਾਦ ਉੱਤੇ ਕਬਜ਼ਾ ਕਰ ਲਿਆ।
- 1573 ਈ. ਵਿਚ ਸੂਰਤ ਉੱਤੇ ਮੁਗਲਾਂ ਦਾ ਕਬਜ਼ਾ ਹੋ ਗਿਆ।
- ਬੰਗਾਲ ਅਤੇ ਬਿਹਾਰ ਦੀ ਸਥਿਤੀ ਨੂੰ ਦੇਖਦੇ ਹੋਏ ਅਕਬਰ 1574 ਈ. ਵਿਚ ਉਥੋਂ ਦੇ ਅਭਿਯਾਨ ਉੱਤੇ ਨਿਕਲਿਆ। ਦਾਉਦ ਖਾਂ ਨੱਸ ਖੜਾ ਹੋਇਆ ਅਤੇ ਹਾਜੀਪੁਰ ਅਤੇ ਪਟਨਾ ਮੁਗਲਾਂ ਦੇ ਅਧੀਨ ਹੋ ਗਿਆ।
- 1576 ਈ. ਵਿਚ ਦਾਉਦ ਦੀ ਹੱਤਿਆ ਕਰ ਦਿੱਤੀ ਗਈ ਅਤੇ ਬੰਗਾਲ ਨੂੰ ਪੂਰੀ ਤਰ੍ਹਾਂ ਮੁਗਲ ਸਾਮਰਾਜ ਵਿਚ ਮਿਲਾ ਲਿਆ ਗਿਆ।
- 1575 ਈ. ਵਿਚ ਇਬਾਦਤ ਖਾਨਾ ਖੋਲ੍ਹਿਆ ਗਿਆ।
- 1592 ਈ. ਵਿਚ ਉੜੀਸਾ ਉੱਤੇ ਮੁਗਲਾਂ ਦਾ ਅਧਿਕਾਰ ਹੋ ਗਿਆ।
- 1581 ਈ. ਵਿਚ ਮੁਗਲਾਂ ਨੇ ਮਿਰਜ਼ਾ ਹਾਕਿਮ ਤੋਂ ਕਾਬੁਲ ਜਿੱਤਿਆ।
- 1582 ਈ. ਵਿਚ ਤੌਹੀਦ–ਏ–ਇਲਾਹੀ ਦੀ ਸਥਾਪਨਾ ਹੋਈ।
- 1586 ਈ. ਵਿਚ ਮੁਗਲ ਸੈਨਾ ਦਾ ਸ੍ਰੀ ਨਗਰ ਦੇ ਉੱਤੇ ਅਧਿਕਾਰ ਹੋ ਗਿਆ।
- 1591 ਈ. ਵਿਚ ਤਿੱਬਤ ਦੇ ਰਾਜਾ ਅਲੀ ਨੇ ਅਕਬਰ ਦੇ ਦਰਬਾਰ ਵਿਚ ਉਪਹਾਰ ਭੇਜਿਆ ਅਤੇ ਆਪਣੀ ਪੁੱਤਰੀ ਦੀ ਸਾਦੀ ਸਲੀਮ ਨਾਲ ਕਰ ਦਿੱਤੀ।

ਨੋਟ

- 1593 ਈ. ਵਿਚ ਅਬਦੁਰ ਰਹੀਮ ਖਾਨ-ਏ-ਖਾਨਾਂ ਦੇ ਨੇਤਰਤਵ ਵਿਚ ਮੁਗਲ ਸੈਨਾ ਨੇ ਮਿਰਜਾ ਜਾਨੀ ਬੇਗ ਤੋਂ ਸਿੰਧ ਜਿੱਤ ਲਿਆ।
- 1595 ਈ. ਵਿਚ ਅਕਬਰ ਨੇ ਕੰਧਾਰ ਉੱਤੇ ਅਧਿਕਾਰ ਕਰ ਲਿਆ।
- ਅਕਬਰ ਦੀ ਦੱਖਣ ਨੀਤੀ ਇਹ ਹੀ ਸੀ ਕਿ ਉੱਥੇ ਦੇ ਜ਼ਿਆਦਾ ਤੋਂ ਜ਼ਿਆਦਾ ਹਿੱਸਿਆਂ ਨੂੰ ਮੁਗਲ ਸਾਮਰਾਜ ਵਿਚ ਲਿਆਇਆ ਜਾਵੇ।
- ਇਸ ਦੇ ਲਈ ਉਸ ਨੇ 1591 ਈ. ਵਿਚ ਕੂਟਨੀਤਿਕ ਦਰਜੇ ਉੱਤੇ ਕੋਸ਼ਿਸ਼ ਸ਼ੁਰੂ ਕੀਤੀ ਅਤੇ ਹਰੇਕ ਦੱਖਣੀ ਰਾਜ ਵਿਚ ਦੂਤ ਭੇਜੇ ਅਤੇ ਉਨਠਾਂ ਤੋਂ ਮੁਗਲ ਪ੍ਰਭੂਸੱਤਾ ਸਵੀਕਾਰ ਕਰਨ ਨੂੰ ਕਿਹਾ।
- ਖਾਨਦੇਸ਼ ਨੂੰ ਛੱਡ ਕੇ ਕਿਸੀ ਨੇ ਵੀ ਇਸ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ।
- ਖਾਨਦੇਸ਼ ਨੂੰ ਰਾਜਾ ਅਲੀ ਖਾਂ ਨੇ ਅਕਬਰ ਦਾ ਸੰਦੇਸ਼ ਮਿਲਣ ਉੱਤੇ 1593 ਈ. ਵਿਚ ਸਮਰਪਣ ਕਰ ਦਿੱਤਾ, ਕਿਉਂਕਿ ਖਾਨਦੇਸ਼ ਮੁਗਲ ਸਾਮਰਾਜ ਦੇ ਇੱਕ ਦਮ ਨੇੜੇ ਸਥਿਤ ਸੀ ਅਤੇ ਉਹ ਮੁਗਲਾਂ ਦਾ ਸਾਹਮਣਾ ਕਰਨ ਦੀ ਸਥਿਤੀ ਵਿਚ ਨਹੀਂ ਸੀ।
- 1595 ਈ. ਵਿਚ ਅਹਿਮਦ ਨਗਰ ਦੇ ਸੁਲਤਾਨ ਬੁਰਹਾਨ ਦੀ ਮ੍ਰਿਤੂ ਦੇ ਬਾਅਦ ਛਿੜੇ ਨਿਜਾਮ ਸ਼ਾਹੀ ਸਰਦਾਰਾਂ ਦੇ ਆਪਸੀ ਸੰਘਰਸ ਨੇ ਅਕਬਰ ਨੂੰ ਉੱਥੇ ਆਕ੍ਰਮਣ ਕਰਨ ਦਾ ਚੰਗਾ ਅਵਸਰ ਪ੍ਰਦਾਨ ਕੀਤਾ।
- ਉਨ੍ਹਾਂ ਦਿਨਾਂ ਉੱਥੇ ਦੀ ਬਾਗਡੋਰ ਬੁਰਹਾਨ ਦੀ ਭੈਣ ਚਾਂਦ ਬੀਬੀ ਦੇ ਹੱਥਾਂ ਵਿਚ ਸੀ ਜਿਹੜੀ ਆਪਣੇ ਨਾਬਾਲਿਗ ਭਤੀਜੇ ਦੀ ਸੰਰੱਖਿਅਕਾ ਬਣੀ ਸੀ।
- 1595 ਈ. ਵਿਚ ਮੁਗਲ ਸੈਨਿਕਾਂ ਨੇ ਅਹਿਮਦ ਨਗਰ ਦੇ ਕਿਲ੍ਹੇ ਨੂੰ ਘੇਰ ਲਿਆ।
- ਚਾਂਦ ਬੀਬੀ ਨੇ ਬਹਾਦੁਰੀ ਦੇ ਨਾਲ ਮੁਗਲ ਆਕ੍ਰਮਣਾਂ ਦਾ ਸਾਹਮਣਾ ਕੀਤਾ।
- ਕੋਈ ਵੀ ਪੱਖ ਜੇਤੂ ਨਹੀਂ ਹੋਇਆ ਅਤੇ ਦੋਵਾਂ ਪੱਖਾਂ ਵਿਚ ਸੰਧੀ ਹੋਈ ਜਿਸ ਦੇ ਅਨੁਸਾਰ ਮੁਗਲਾਂ ਨੂੰ ਬਰਾਰ ਦਾ ਪ੍ਰਦੇਸ ਮਿਲਿਆ।
- ਕੁਝ ਸਮੇਂ ਬਾਅਦ ਚਾਂਦ ਬੀਬੀ ਦੀ ਹੱਤਿਆ ਉਸ ਦੇ ਆਪਣੇ ਸੈਨਿਕਾਂ ਦੁਆਰਾ ਕਰ ਦਿੱਤੀ ਗਈ।
- 1600 ਈ. ਵਿਚ ਮੁਗਲਾਂ ਨੇ ਅਹਿਮਦ ਨਗਰ ਉੱਤੇ ਅਧਿਕਾਰ ਕਰ ਲਿਆ, ਲੇਕਿਨ ਇਹ ਅਧਿਕਾਰ ਨਾਮ ਮਾਤਰ ਦਾ ਹੀ ਸੀ ਕਿਉਂਕਿ ਸਲੀਮ ਦੇ ਵਿਦਰੋਹ ਦੇ ਕਾਰਨ ਅਕਬਰ ਆਪਣੇ ਦੱਖਣ ਜਿੱਤ ਦੇ ਕੰਮ ਨੂੰ ਪੂਰਾ ਨਹੀਂ ਕਰ ਸਕਿਆ।
- ਅਹਿਮਦ ਨਗਰ ਉੱਤੇ ਮੁਗਲਾਂ ਦਾ ਅਧਿਕਾਰ ਵਾਸਤਵ ਵਿਚ ਸ਼ਾਹਜਹਾਂ ਦੇ ਰਾਜਕਾਲ ਵਿਚ ਹੀ ਹੋ ਸਕਿਆ।
- ਖਾਨਦੇਸ਼ ਦੇ ਨਵੇਂ ਸੁਲਤਾਨ ਨੇ ਆਪਣੀ ਸੀਮਾ ਤੋਂ ਹੋ ਕੇ ਅਹਿਮਦ ਨਗਰ ਜਾਂਦੇ ਹੋਏ ਸਹਿਜਾਦੇ ਦੀਨ ਦਿਆਲ ਦਾ ਉਚਿੱਤ ਆਦਰ ਨਹੀਂ ਕੀਤਾ ਸੀ।
- ਅਕਬਰ ਖਾਨਦੇਸ਼ ਵਿਚ ਸਥਿਤ ਅਸੀਰਗੜਠ ਦੇ ਕਿਲਠੇ ਉੱਤੇ ਵੀ ਆਪਣਾ ਅਧਿਕਾਰ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਦੱਖਣ ਦਾ ਸੁਦਿੜਠ ਕਿਲ੍ਹਾ ਮੰਨਿਆ ਜਾਂਦਾ ਸੀ।
- 1601 ਈ. ਵਿਚ ਕਿਲ੍ਹੇ ਉੱਤੇ ਮਜਬੂਤ ਘੇਰਾ ਪਾਇਆ ਗਿਆ ਅਤੇ ਰੋਗ ਫੈਲ ਜਾਣ ਉੱਤੇ ਜਦ ਸੁਲਤਾਨ ਬਾਹਰ ਆਇਆ ਤਾਂ ਉਸ ਨੇ ਆਤਮ-ਸਮਰਪਣ ਕਰ ਦਿੱਤਾ।
- ਅਕਬਰ ਨੇ ਖਾਨਦੇਸ਼ ਦਾ ਨਾਂ ਬਦਲ ਕੇ ਧਨ ਦੇਸ਼ ਰੱਖਿਆ।
- ਅਸੀਰਗੜਠ ਦੀ ਜਿੱਤ ਅਕਬਰ ਦੀ ਅਖੀਰੀ ਜਿੱਤ ਸੀ।

### ਅਕਬਰ ਕੀ ਰਾਜਪੂਤ ਨੀਤੀ

- ਅਕਬਰ ਨੇ ਰਾਜਪੂਤਾਂ ਦੇ ਨਾਲ ਆਪਣੇ ਸੰਬੰਧ ਸੁਦ੍ਰਿੜਠ ਕਰਨ ਦੇ ਲਈ ਹਿੰਦੂ ਰਾਜਕੁਮਾਰੀਆਂ ਨਾਲ ਵਿਆਹ ਕੀਤੇ।
- ਸਭ ਤੋਂ ਪਹਿਲੇ ਉਸ ਨੇ ਆਮੇਰ ਦੇ ਰਾਜਾ ਭਾਰਮਲ ਦੀ ਲੜਕੀ ਜੋਧਾਬਾਈ ਨਾਲ ਸ਼ਾਦੀ ਕੀਤੀ।
- ਸਲੀਮ, ਜਿਹੜਾ ਬਾਅਦ ਵਿਚ ਜਹਾਂਗੀਰ ਦੇ ਨਾਂ ਤੋਂ ਰਾਜਾ ਬਣਿਆ, ਇਸੀ ਰਾਜਕੁਮਾਰੀ ਤੋਂ ਪੈਦਾ ਹੋਇਆ ਸੀ।

ਨੋਟ

- ਅਕਬਰ ਨੇ ਬੀਕਾਨੇਰ ਅਤੇ ਜੈਸਲਮੇਰ ਦੀ ਰਾਜਪੂਤ ਰਾਜ ਕੁਮਾਰੀਆਂ ਨਾਲ ਵੀ ਵਿਆਹ ਕੀਤੇ।
- ਸਲੀਮ ਦਾ ਵਿਆਹ ਭਗਵਾਨ ਦਾਸ ਦੀ ਲੜਕੀ ਮਾਨ ਬਾਈ ਦੇ ਨਾਲ ਹੋਇਆ।
- ਬਿਹਾਰੀ ਮਲ ਦੇ ਲੜਕੇ ਭਗਵਾਨ ਦਾਸ, ਰਾਜਾ ਮਾਨ ਸਿੰਘ, ਰਾਜਾ ਟੋਡਰ ਮੱਲ, ਰਾਜਾ ਬੀਰਬਲ ਆਦਿ ਹਿੰਦੂਆਂ ਨੂੰ ਉੱਚੇ ਅਹੁਦੇ ਦਿੱਤੇ ਗਏ।
- ਜਿਨ੍ਹਾਂ ਰਾਜਾਂ ਦੇ ਸਾਸਕਾਂ ਨੇ ਅਕਬਰ ਦੀ ਅਧੀਨਤਾ ਸਵੀਕਾਰ ਨਹੀਂ ਕੀਤੀ ਉਨ੍ਹਾਂ ਦੇ ਨਾਲ ਯੁੱਧ ਵੀ ਕੀਤੇ, ਜਿਸ ਤਰ੍ਹਾਂ ਗੋਂਡਵਾਨਾ, ਮੇਵਾੜ, ਰਣਥੰਭੋਰ ਕਾਲਿੰਜਰ ਆਦਿ।
- ਰਾਜਸਥਾਨ ਵਿਚ ਕੇਵਲ ਮੇਵਾੜ ਦੀ ਇੱਕ ਐਸੀ ਰਿਆਸਤ ਸੀ ਜਿਸ ਨੇ ਉਸ ਦੀ ਅਧੀਨਤਾ ਸਵੀਕਾਰ ਨਹੀਂ ਕੀਤੀ।
- ਕੁਝ ਵਿਸ਼ੇਸ਼ ਦਿਨਾਂ ਉੱਤੇ ਗੌਵਧ ਨੂੰ ਨਿਸ਼ੇਧ ਕਰ ਦਿੱਤਾ ਗਿਆ।
- ਦਿੱਲੀ ਸਲਤਨਤ ਦੇ ਸਮੇਂ ਤੋਂ ਲਏ ਜਾਣ ਵਾਲੇ ਜਜੀਆ (ਕਰ) ਨੂੰ ਸਮਾਪਤ ਕਰ ਦਿੱਤਾ ਗਿਆ।
- ਯਾਤਰਾ ਕਰ ਵੀ ਬੰਦ ਕਰ ਦਿੱਤਾ ਗਿਆ।

**ਜਹਾਂਗੀਰ**

- 1605 ਈ. ਵਿਚ ਅਕਬਰ ਦੀ ਮ੍ਰਿਤੂ ਦੇ ਬਾਅਦ ਉਸ ਦਾ ਪੁੱਤਰ ਸਲੀਮ ਆਗਰਾ ਦੀ ਗੱਦੀ ਉੱਤੇ ਬੈਠਿਆ ਅਤੇ ਉਸ ਨੇ "ਨੂਰੁਦੀਨ ਮੁਹੱਮਦ ਜਹਾਂਗੀਰ ਬਾਹਸ਼ਾਹ ਗਾਜੀ" ਦੀ ਉਪਾਧੀ ਧਾਰਣ ਕੀਤੀ।
- ਸ਼ੁਰੂਆਤ ਵਿਚ ਜਹਾਂਗੀਰ ਨੂੰ ਆਪਣੇ ਜਠੇਰੇ ਪੁੱਤਰ ਖੁਸਰੋ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ।
- ਖੁਸਰੋ ਦੇ ਪ੍ਰਮੁੱਖ ਸਮਰਥਕ ਸਨ, ਉਸ ਦੇ ਮਾਮਾ ਮਾਨ ਸਿੰਘ ਅਤੇ ਉਸ ਦੇ ਸੌਹਰੇ ਖਾਨ-ਏ-ਆਜਮ।
- ਲੇਕਿਨ ਜਲੰਧਰ ਦੇ ਨੇੜੇ ਖੁਸਰੋ ਦੀ ਸੈਨਾ ਸਾਹੀ ਸੈਨਾ ਦੁਆਰਾ ਆਸਾਨੀ ਨਾਲ ਹਰਾ ਦਿੱਤੀ ਗਈ। ਖੁਸਰੋ ਨੂੰ ਬੰਦੀ ਬਣਾ ਲਿਆ ਗਿਆ ਅਤੇ ਕੈਦ ਵਿਚ ਪਾ ਦਿੱਤਾ ਗਿਆ, ਜਿੱਥੇ ਉਸ ਦੀ 1622 ਈ. ਵਿਚ ਮ੍ਰਿਤੂ ਹੋ ਗਈ।
- ਖੁਸਰੋ ਨੂੰ ਸ਼ਰਣ ਦੇਣ ਦੇ ਅਪਰਾਧ ਵਿਚ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਨੂੰ ਮ੍ਰਿਤੂ ਦੰਡ ਦਿੱਤਾ ਗਿਆ ਅਤੇ ਬਾਦਸ਼ਾਹ ਨੇ ਉਨ੍ਹਾਂ ਦੀ ਸਾਰੀ ਸੰਪੱਤੀ ਜ਼ਬਤ ਕਰ ਲਈ।
- ਸੈਨਿਕ ਅਤੇ ਵਪਾਰੀਕ ਦ੍ਰਿਸ਼ਟੀ ਨਾਲ ਮਹੱਤਵਪੂਰਨ ਕੰਧਾਰ ਨੂੰ ਉਸ ਦੇ 1607 ਈ. ਵਿਚ ਈਰਾਨ ਤੋਂ ਖੋਹ ਲਿਆ।
- ਮਈ 1611 ਈ. ਵਿਚ ਜਹਾਂਗੀਰ ਨੇ 'ਮੇਹਰੂ ਨਿੱਸਾ' ਨਾਮਕ ਵਿਧਵਾ ਨਾਲ ਵਿਆਹ ਕਰਕੇ ਉਸ 'ਨੂਰ ਮਹੱਲ (ਰਾਜ ਮਹੱਲ ਦੀ ਰੌਸ਼ਨੀ) ਦੀ ਉਪਾਧੀ ਦਿੱਤੀ, ਜਿਸ ਨੂੰ ਜਲਦੀ ਬਦਲ ਕੇ ਨੂਰਜਹਾਂ (ਸੰਸਾਰ ਦੀ ਰੌਸ਼ਨੀ) ਕਰ ਦਿੱਤਾ।
- ਨੂਰ ਪ੍ਰਮੁੱਖ ਬੇਗਮ ਬਣ ਗਈ। ਉਸ ਨੇ ਜਹਾਂਗੀਰ ਦੇ ਜੀਵਨ ਅਤੇ ਰਾਜ ਕਾਲ ਨੂੰ ਬਹੁਤ ਪ੍ਰਭਾਵਿਤ ਕੀਤਾ।
- ਉਹ ਇੱਕ ਪਾਰਸੀ ਮਿਰਜਾ 'ਗਯਾਸ ਬੇਗ' ਦੀ ਪੁੱਤਰੀ ਸੀ।
- ਬੰਗਾਲ ਦੇ ਸੂਬੇਦਾਰ ਇਸਲਾਮ ਖਾਂ ਦੇ ਸਮੇਂ ਉੱਥੇ ਦੇ ਸਥਾਨਕ ਅਫਗਾਨ ਸਰਦਾਰਾਂ ਨੇ ਉਸਮਾਨ ਖਾਂ ਦੇ ਨੇਤਰਤਵ ਵਿਚ ਵਿਦਰੋਹ ਕਰ ਦਿੱਤਾ। ਮੁਗਲ ਫੌਜ ਨੇ 1612 ਈ. ਵਿਚ ਅਫਗਾਨਾਂ ਨੂੰ ਹਰਾ ਦਿੱਤਾ। ਘਾਇਅਲ ਹੋਣ ਨਾਲ ਉਸਮਾਨ ਦੀ ਮ੍ਰਿਤੂ ਹੋ ਗਈ।
- ਜਹਾਂਗੀਰ ਦੇ ਸ਼ਾਸਨ ਕਾਲ ਦੀ ਸਭ ਤੋਂ ਵੱਡੀ ਸਾਮਰਾਜਵਾਦੀ ਸਫਲਤਾ ਮੇਵਾੜ ਦੇ ਰਾਜਪੂਤਾਂ ਉੱਤੇ ਉਸ ਦੀ ਜਿੱਤ ਸੀ।
- 1615 ਈ. ਵਿਚ ਜਹਾਂਗੀਰ ਨੇ ਮੇਵਾੜ ਦੇ ਰਾਣਾ ਅਮਰ ਸਿੰਘ ਨਾਲ ਸੰਧੀ ਦੁਆਰਾ ਮੁਗਲ ਸਵਾਮੀਪਣ ਸਵੀਕਾਰ ਕਰਵਾ ਲਿਆ।
- ਖੁਦ ਅਮਰ ਸਿੰਘ ਨੂੰ ਦਰਬਾਰ ਵਿਚ ਵਿਅਕਤੀਗਤ ਉਪਸਥਿਤੀ ਤੋਂ ਮੁਕਤ ਕਰ ਦਿੱਤਾ ਗਿਆ ਅਤੇ ਉਸ ਦੇ ਪਰਿਵਾਰ ਦੀ ਕੋਈ ਵੀ ਰਾਜ ਕੁਮਾਰੀ ਕਦੀ ਸਾਹੀ ਅੰਤਮਪੁਰ ਵਿਚ ਨਹੀਂ ਲੈ ਜਾਈ ਗਈ।
- ਔਰੰਗਜ਼ੇਬ ਦੀ ਨੀਤੀ ਦੇ ਕਾਰਣ ਰਾਣਾ ਰਾਜ ਸਿੰਘ ਦੇ ਨਰਾਜ਼ ਹੋਣ ਤੋਂ ਪਹਿਲਾਂ ਤਕ ਮੇਵਾੜ ਮੁਗਲ ਸਾਮਰਾਜ ਦੇ ਪ੍ਰਤਿ ਨਿਸ਼ਠਾਵਾਨ ਬਣਿਆ ਰਿਹਾ।

ਨੋਟ

- ਜਹਾਂਗੀਰ ਦੇ ਸ਼ਾਸਨ ਕਾਲ ਵਿਚ ਮੁਗਲਾਂ ਅਤੇ ਅਹਿਮਦ ਨਗਰ ਦੇ ਵਿਚ ਅਨਿਯਮਿਤ ਯੁੱਧ ਚਲਦਾ ਰਿਹਾ।
- ਉਸ ਸਮੇਂ ਅਹਿਮਦ ਨਗਰ ਰਾਜ ਉੱਤੇ ਅਬੀਸਿਨਿਅਨ ਮੰਤਰੀ ਮਲਿਕ ਅੰਬਰ ਦਾ ਨਿਯੰਤ੍ਰਨ ਸੀ।
- 1616 ਈ. ਵਿਚ ਮੁਗਲਾਂ ਨੂੰ ਕੇਵਲ ਅੰਸ਼ਿਕ ਸਫਲਤਾ ਮਿਲੀ, ਜਦੋਂ ਸਹਿਜ਼ਾਦਾ ਖ਼ੁੱਰਮ ਨੇ ਅਹਿਮਦ ਨਗਰ ਅਤੇ ਕੁਝ ਹੋਰ ਗੜ੍ਹਠਾਂ ਨੂੰ ਅਧਿਕਾਰ ਵਿਚ ਕਰ ਲਿਆ। ਇਸ ਜਿੱਤ ਦੇ ਲਈ ਖ਼ੁੱਰਮ ਨੂੰ ਉਸ ਦੇ ਪਿਤਾ ਜਹਾਂਗੀਰ ਨੇ 'ਸ਼ਾਹਜਹਾਂ' (ਸੰਸਾਰ ਦਾ ਰਾਜਾ) ਦੀ ਉਪਾਧੀ ਦੇ ਕੇ ਪੁਰਸਕਾਰ ਦਿੱਤਾ।
- 1623 ਈ. ਵਿਚ ਹੋਈ ਸੰਧੀ ਦੇ ਕਾਰਣ ਮੁਗਲ ਅਤੇ ਬੀਜਾਪੁਰ ਦੇ ਸ਼ਾਸਕ ਇੱਕ ਦੂਜੇ ਦੇ ਨੇੜੇ ਆਏ।
- ਮਲਿਕ ਅੰਬਰ ਨੇ ਗੋਲਕੁੰਡਾ ਦੇ ਨਾਲ ਮਿਲਕੇ ਬੀਜਾਪੁਰ ਉੱਤੇ ਆਕ੍ਰਮਣ ਕੀਤਾ।
- ਮੁਗਲਾਂ ਦੀ ਸੈਨਾ ਨੇ ਬੀਜਾਪੁਰ ਦਾ ਸਾਥ ਦਿੱਤਾ ਲੇਕਿਨ ਸ਼ਾਹਜਹਾਂ, ਜਿਸ ਨੇ ਜਹਾਂਗੀਰ ਦੇ ਵਿਰੁਧ ਵਿਦਰੋਹ ਕਰ ਦਿੱਤਾ ਸੀ, ਮਲਿਕ ਅੰਬਰ ਨਾਲ ਮਿਲ ਗਿਆ।
- ਮਲਿਕ ਅੰਬਰ ਦੀ ਮ੍ਰਿਤੂ 1626 ਈ. ਵਿਚ ਹੋ ਗਈ, ਲੇਕਿਨ ਜਹਾਂਗੀਰ ਨਿਜਾਮ ਸ਼ਾਹੀ ਖੇਤਰ ਨੂੰ ਜਿੱਤਣ ਵਿਚ ਅਸਫਲ ਰਿਹਾ।
- ਸਾਮਰਾਜ ਦੀ ਅੰਦਰੂਨੀ ਅਵਿਵਸਥਾ ਦਾ ਲਾਭ ਉਠਾਉਂਦੇ ਹੋਏ ਸ਼ਾਹ ਅੱਬਾਸ ਨੇ 1621 ਈ. ਵਿਚ ਕੰਧਾਰ ਉੱਤੇ ਘੇਰਾ ਪਾ ਦਿੱਤਾ ਅਤੇ ਅੰਤ ਵਿਚ 1622 ਈ. ਵਿਚ ਉਸ ਉੱਤੇ ਅਧਿਕਾਰ ਕਰ ਲਿਆ।
- 1627 ਈ. ਵਿਚ ਜਹਾਂਗੀਰ ਦੀ ਮ੍ਰਿਤੂ ਹੋ ਗਈ।
- ਰਾਵੀ ਦੇ ਕਿਨਾਰੇ ਉੱਤੇ ਸਾਹਦਰਾ ਵਿਚ ਉਸ ਦਾ ਸਰੀਰ ਇੱਕ ਸੁੰਦਰ ਕਬਰ ਵਿਚ ਗੱਢ ਦਿੱਤਾ ਗਿਆ।

## ਸ਼ਾਹਜਹਾਂ

- 1627 ਈ. ਵਿਚ ਜਹਾਂਗੀਰ ਦੀ ਮਿਤੂ ਦੇ ਬਾਅਦ ਸਹਰਯਾਰ ਨੂੰ ਰਾਜਗੱਦੀ ਉੱਤੇ ਬੈਠਾਉਣ ਦੇ ਨੂਰਜਹਾਂ ਦੀ ਕੋਸ਼ਿਸ਼ ਨੂੰ ਸ਼ਾਹਜਹਾਂ ਦੀ ਪਤਨੀ ਮੁਮਤਾਜ ਮਹੱਲ ਦੇ ਪਿਤਾ ਆਸਫ ਖਾਨ ਨੇ ਨਾਂ ਕਾਮਯਾਬ ਕਰ ਦਿੱਤਾ।
- ਸ਼ਾਹਜਹਾਂ ਆਗਰਾ ਪਹੁੰਚਿਆ, ਜਿੱਥੇ 1628 ਈ. ਵਿਚ ਉਸ ਦੀ ਰਾਜ ਤਾਜ-ਪੋਸ਼ੀ ਹੋਈ।
- ਨੂਰਜਹਾਂ ਨੂੰ ਲਾਹੌਰ ਭੇਜ ਦਿੱਤਾ ਗਿਆ, ਜਿੱਥੇ 1645 ਈ. ਵਿਚ ਉਸ ਦੀ ਮ੍ਰਿਤੂ ਹੋ ਗਈ।
- 1630 ਈ. ਵਿਚ ਮੁਗਲਾਂ ਨੂੰ ਅਹਿਮਦ ਨਗਰ ਦੇ ਪਰੇਂਦਾ ਨਾਮਕ ਮਜਬੂਤ ਕਿਲ੍ਹੇ ਨੂੰ ਜਿੱਤਣ ਵਿਚ ਸਫਲਤਾ ਨਹੀਂ ਮਿਲੀ।
- 1631 ਈ. ਵਿਚ ਮੁਗਲਾਂ ਨੇ ਫਤੇਹ ਖਾਂ ਨੂੰ ਧਨ ਦਾ ਲਾਲਚ ਦੇ ਕੇ ਦੌਲਤਾਬਾਦ ਦੇ ਕਿਲ੍ਹੇ ਨੂੰ ਹੱਥਿਆ ਲਿਆ।
- 1633 ਈ. ਵਿਚ ਅਹਿਮਦ ਨਗਰ ਨੂੰ ਮੁਗਲ ਸਾਮਰਾਜ ਵਿਚ ਮਿਲਾ ਲਿਆ ਗਿਆ ਅਤੇ ਨਾਮਮਾਤਰ ਦੇ ਸ਼ਾਸਕ ਹੁਸੈਨ ਸ਼ਾਹ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਜਿੰਦਗੀ ਭਰ ਲਈ ਕੈਦ ਵਿਚ ਸੁੱਟ ਦਿੱਤਾ ਗਿਆ।
- ਇਸ ਤਰ੍ਹਾਂ ਨਿਜ਼ਾਮ ਸ਼ਾਹੀ ਦਾ ਅੰਤ ਹੋਇਆ।
- 1635 ਈ. ਵਿਚ ਸ਼ਿਵਾਜੀ ਦੇ ਪਿਤਾ ਸ਼ਾਹ ਜੀ ਦੇ ਇਸ ਨੂੰ ਮੁੜ ਜੀਵਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ।
- ਦੱਖਣ ਦੇ ਰਾਜਾ ਉੱਤੇ ਆਕ੍ਰਮਣ ਕਰਨ ਦੇ ਲਈ ਸ਼ਾਹਜਹਾਂ ਆਪਣੀ ਸੈਨਾ ਦੇ ਨਾਲ 1636 ਈ. ਵਿਚ ਦੌਲਤਾਬਾਦ ਪਹੁੰਚਿਆ।
- ਇਸ ਤੋਂ ਡਰ ਕੇ ਗੋਲਕੁੰਡਾ ਦੇ ਸੁਲਤਾਨ ਅਬਦੁੱਲਾ ਸ਼ਾਹ ਨੇ ਸ਼ਾਹਜਹਾਂ ਦੀ ਸਾਰੀ ਮੰਗਾਂ ਮੰਨ ਲਈਆਂ ਅਤੇ ਉਸ ਨੂੰ ਕਰ ਦੇਣਾ ਕਬੂਲ ਕਰ ਲਿਆ।
- ਸ਼ਾਹਜਹਾਂ ਨੇ ਤੀਜੇ ਪੁੱਤਰ ਔਰੰਗਜੇਬ ਨੂੰ ਦੱਖਣ ਦਾ ਮੁਗਲ ਰਾਜ ਪ੍ਰਤੀਨਿਧੀ ਨਿਯੁਕਤ ਕੀਤਾ। ਲੇਕਿਨ 1644 ਈ. ਵਿਚ ਔਰੰਗਜੇਬ ਨੇ ਤਿਆਗ ਪੱਤਰ ਦੇ ਦਿੱਤਾ।
- ਮੁੜ 1653 ਈ. ਵਿਚ ਦੂਜੀ ਵਾਰ ਉਸ ਦਾ ਰਾਜਾ ਦਾ ਪ੍ਰਤੀਨਿਧੀ ਬਣਾ ਕੇ ਦੱਖਣ ਭੇਜਿਆ ਗਿਆ।
- ਈਰਾਨ ਦੇ ਸ਼ਾਹ ਅਤੇ ਕੰਧਾਰ ਦੇ ਈਰਾਨੀ ਗਵਰਨਰ ਅਲੀ ਮਰਦਾਨ ਖਾਂ ਵਿਚ ਅਣਬਣ ਹੋ ਗਈ। ਸ਼ਾਹਜਹਾਂ ਨੇ ਗਵਰਨਰ ਦੇ ਨਾਲ ਗੰਢ-ਤੁੱਪ ਕਰਕੇ 1638 ਈ. ਵਿਚ ਕੰਧਾਰ ਉੱਤੇ ਅਧਿਕਾਰ ਕਰ ਲਿਆ।

- ਈਰਾਨੀਆਂ ਨੇ 1649 ਈ. ਵਿਚ ਕੰਧਾਰ ਉੱਤੇ ਹਮਲਾ ਕਰਕੇ ਉਸ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ।
- ਸ਼ਾਹਜਹਾਂ ਨੇ ਇਸ ਨੂੰ ਮੁੜ ਵਾਪਸ ਲੈਣ ਦੇ ਲਈ ਤਿੰਨ ਅਭਿਯਾਨ ਭੇਜੇ, ਲੇਕਿਨ ਇਨ੍ਹਾਂ ਸਭ ਵਿਚ ਉਹ ਬੁਰੀ ਤਰ੍ਹਾਂ ਅਸਫਲ ਰਿਹਾ।
- ਰਾਜ ਕੁਮਾਰ ਮੁਰਾਦ ਅਤੇ ਅਲੀ ਮਰਦਾਨ ਖਾਂ ਦੇ ਨੇਤਰਤਵ ਵਿਚ ਬਲਖ ਅਤੇ ਬਦਖਸ਼ਾਂ ਨੂੰ ਜਿੱਤਣ ਦੇ ਲਈ ਇੱਕ ਵਿਸ਼ਾਲ ਮੁਗਲ ਸੈਨਾ ਭੇਜੀ ਗਈ। ਮੁਗਲ ਸੈਨਾਵਾਂ ਦੇ ਪਹੁੰਚਣ ਉੱਤੇ ਬਲਖ ਦਾ ਸ਼ਾਸਕ ਨਜਰ ਮੁਹੰਮਦ ਈਰਾਨ ਦੇ ਵੱਲ ਨੱਸ ਗਿਆ ਅਤੇ ਇਸ ਤਰ੍ਹਾਂ 1646 ਈ. ਵਿਚ ਇਹ ਪ੍ਰਦੇਸ਼ ਆਸਾਨੀ ਨਾਲ ਮੁਗਲਾਂ ਦੇ ਅਧਿਕਾਰ ਵਿਚ ਆ ਗਿਆ।
- 1647 ਈ. ਵਿਚ ਔਰੰਗਜੇਬ ਦੇ ਨੇਤਰਤਵ ਵਿਚ ਇਕ ਹੋਰ ਸੈਨਾ ਬਲਖ ਭੇਜਣੀ ਪਈ।
- ਇੱਕ ਸੰਧੀ ਦੇ ਨਾਲ 1647 ਈ. ਵਿਚ ਬਲਖ ਅਤੇ ਬਦਖਸ਼ਾਂ ਦੇ ਪ੍ਰਦੇਸ਼ ਨਜਰ ਮੁਹੰਮਦ ਦੇ ਪੋਤਰਿਆਂ ਨੂੰ ਸੌਂਪ ਕੇ ਮੁਗਲ ਸੈਨਾ ਵਾਪਸ ਆ ਗਈ।

**ਔਰੰਗਜੇਬ**

- 1657 ਈ. ਵਿਚ ਸ਼ਾਹਜਹਾਂ ਬੀਮਾਰ ਹੋ ਗਿਆ।
- ਸਭ ਤੋਂ ਪਹਿਲਾਂ ਸ਼ੁਜਾ ਨੇ ਵਿਦਰੋਹ ਦਾ ਬਿਗਲ ਬਜਾਇਆ।
- ਮੁਗਲ ਸੈਨਾ ਦੇ ਨਾਲ ਸ਼ੁਜਾ ਦੀ ਸੈਨਾ ਦੀ ਟੱਕਰ ਬਹਾਦੁਰ ਗੜਠ ਨਾਮਕ ਸਥਾਨ ਉੱਤੇ ਹੋਈ। ਇਸ ਵਿਚ ਸ਼ੁਜਾ ਦੀ ਹਾਰ ਹੋਈ ਅਤੇ ਉਹ ਵਾਪਸ ਬੰਗਾਲ ਦੇ ਵੱਲ ਨੱਸ ਗਿਆ।
- ਔਰੰਗਜੇਬ ਨੇ ਉਸ ਦੇ ਨਾਲ ਗੱਠਜੋੜ ਕਰ ਲਿਆ। ਦੀਪਾਲਪੁਰ ਵਿਚ ਮੁਰਾਦ ਵੀ ਉਸ ਦੇ ਨਾਲ ਆ ਮਿਲਿਆ।
- ਧਰਮਟ ਨਾਮਕ ਸਥਾਨ ਉੱਤੇ ਤਿੰਨਾ ਦੀ ਸੰਯੁਕਤ ਸੈਨਾ ਦਾ ਮੁਕਾਬਲਾ ਸ਼ਾਹੀ ਸੈਨਾ ਨਾਲ ਹੋਇਆ, ਜਿਸ ਵਿਚ ਸ਼ਾਹੀ ਸੈਨਾ ਦੀ ਹਾਰ ਹੋਈ।
- ਦਾਰਾ ਖੁਦ ਔਰੰਗਜੇਬ ਦਾ ਮੁਕਾਬਲਾ ਕਰਨ ਦੇ ਲਈ ਸੈਨਿਕਾਂ ਦੇ ਨਾਲ ਅੱਗੇ ਵਧਿਆ। "ਸਾਮੂਗੜਠ" ਵਿਚ ਦੋਵੇਂ ਸੈਨਾਵਾਂ ਦੇ ਵਿਚਕਾਰ ਮਈ 1658 ਈ. ਵਿਚ ਮੁਠਭੇੜ ਹੋਈ। ਦਾਰਾ ਦੀ ਹਾਰ ਹੋਈ, ਲੇਕਿਨ ਉਹ ਨੱਸਣ ਵਿਚ ਸਫਲ ਹੋਇਆ।
- ਇਸ ਤੋਂ ਬਾਅਦ ਔਰੰਗਜੇਬ ਨੇ ਬਿਨ੍ਹਾਂ ਰੋਕਟੋਕ ਆਗਰਾ ਉੱਤੇ ਅਧਿਕਾਰ ਕਰ ਲਿਆ ਅਤੇ ਸ਼ਾਹਜਹਾਂ ਨੂੰ ਬੰਦੀ ਬਣਾ ਲਿਆ।
- 1666 ਈ: ਵਿਚ ਆਗਰੇ ਦੇ ਕਿਲ੍ਹੇ ਵਿਚ ਸ਼ਾਹਜਹਾਂ ਦੀ ਮ੍ਰਿਤੂ ਹੋ ਗਈ।
- ਔਰੰਗਜੇਬ ਨੇ ਮੁਰਾਦ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। 1661 ਈ. ਵਿਚ ਉਸ ਦਾ ਕਤਲ ਕਰ ਦਿੱਤਾ ਗਿਆ।
- ਇਸ ਤੋਂ ਬਾਅਦ ਔਰੰਗਜੇਬ ਅਤੇ ਸ਼ੁਜਾ ਦੀ ਸੈਨਾਵਾਂ ਦੇ ਵਿਚਕਾਰ 'ਖਜਵਾ' ਨਾਮਕ ਸਥਾਨ ਉੱਤੇ ਭਿਆਨਕ ਯੁੱਧ ਹੋਇਆ। ਸ਼ੁਜਾ ਦੀ ਹਾਰ ਹੋਈ ਅਤੇ ਉਹ ਅਰਾਕਾਨ ਦੀ ਵੱਲ ਨੱਸ ਗਿਆ। ਉੱਥੇ ਉਹ 1660 ਈ. ਵਿਚ ਮਾਰ ਦਿੱਤਾ ਗਿਆ।
- 'ਦੇਵਰਾਈ' ਨਾਮਕ ਸਥਾਨ ਉੱਤੇ ਦਾਰਾ ਅਤੇ ਔਰੰਗਜੇਬ ਦੀ ਸੈਨਾਵਾਂ ਵਿਚ ਟੱਕਰ ਹੋਈ। ਦਾਰਾ ਦੀ ਹਾਰ ਹੋਈ। ਉੱਥੇ ਤੋਂ ਉਹ ਨੱਸ ਕੇ ਉਸ ਨੇ ਜੀਵਨ ਖਾਂ ਨਾਮਕ ਅਫਗਾਨ ਸਰਦਾਰ ਦੇ ਇੱਥੇ ਸਰਣ ਲਈ, ਜਿਸ ਨੇ ਉਸ ਨੂੰ ਔਰੰਗਜੇਬ ਦੇ ਹਵਾਲੇ ਕਰ ਦਿੱਤਾ।
- 1662 ਈ. ਵਿਚ ਦਾਰਾ ਦੀ ਹੱਤਿਆ ਕਰ ਦਿੱਤੀ ਗਈ।
- ਦੱਖਣੀ ਭਾਰਤ ਪ੍ਰਵਾਸ ਦੇ ਦੌਰਾਨ ਫਰਵਰੀ 1707 ਈ. ਵਿਚ ਅਹਿਮਦ ਨਗਰ ਵਿਚ ਔਰੰਗਜੇਬ ਦੀ ਮ੍ਰਿਤੂ ਹੋ ਗਈ।
- ਮਾਰਵਾੜ ਦੇ ਰਾਜਾ ਜਸਵੰਤ ਸਿੰਘ ਦੀ ਮ੍ਰਿਤੂ ਦੇ ਬਾਅਦ ਉਸ ਦੇ ਰਾਜ ਨੂੰ ਹੜੱਪਣ ਅਤੇ ਉਸ ਦੇ ਪੁੱਤਰ ਨੂੰ ਫੜਨ ਦੀ ਕੋਸ਼ਿਸ਼ ਕਰਕੇ ਔਰੰਗਜੇਬ ਸਵਾਮੀਭਗਤ ਅਤੇ ਸੂਰਬੀਰ ਰਾਜਪੂਤਾਂ ਨੂੰ ਆਪਣਾ ਵਿਰੋਧੀ ਬਣਾ ਲਿਆ।
- 1675 ਈ. ਵਿਚ ਔਰੰਗਜੇਬ ਨੇ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦੁਰ ਦੀ ਹੱਤਿਆ ਕਰਵਾ ਦਿੱਤੀ, ਜਿਸ ਨਾਲ ਸਿੱਖ ਉਸ ਦੇ ਵਿਰੁਧ ਹੋ ਗਏ। ਜਦ ਸ਼ਿਵਾ ਜੀ (1666 ਈ.) ਔਰੰਗਜੇਬ ਦੇ ਦਰਬਾਰ ਵਿਚ ਆਏ ਸਨ, ਤਦ ਇਸ ਮੌਕੇ ਦਾ ਫਾਇਦਾ ਚੁੱਕ ਕੇ ਮਰਾਠਿਆਂ ਨੂੰ ਆਪਣਾ ਮਿੱਤਰ ਬਣਾਉਣ ਦੀ ਬਜਾਏ ਉਸ ਨੇ ਸ਼ਿਵਾ ਜੀ ਨੂੰ ਕੈਦ ਕਰ ਲਿਆ।

ਨੋਟ


- ਔਰੰਗਜੇਬ 1686 ਈ. ਵਿਚ ਬੀਜਾਪੁਰ ਅਤੇ 1687 ਈ. ਵਿਚ ਗੋਲਕੁੰਡਾ ਨੂੰ ਜਿੱਤ ਲੈਣ ਵਿਚ ਸਫਲ ਹੋਇਆ।
- 1680 ਈ. ਵਿਚ ਸ਼ਿਵਾ ਜੀ ਦੀ ਮ੍ਰਿਤੂ ਦੇ ਬਾਅਦ ਉਸ ਦਾ ਪੁੱਤਰ ਸੰਭਾ ਜੀ ਵੀ 1689 ਈ: ਵਿਚ ਮੁਗਲ ਸੈਨਾਵਾਂ ਦੁਆਰਾ ਫੜ ਲਿਆ ਗਿਆ ਅਤੇ ਬਾਅਦ ਵਿਚ ਉਸ ਦੀ ਹੱਤਿਆ ਕਰ ਦਿੱਤੀ ਗਈ।

**ਮੁਗਲਾਂ ਦੀ ਧਾਰਮਿਕ ਨੀਤੀ**

- **ਬਾਬਰ**: ਬਾਬਰ ਪੱਕਾ ਸੁੰਨੀ ਮੁਸਲਮਾਨ ਸੀ, ਲੇਕਿਨ ਉਹ ਕੱਟੜਪੰਥੀ ਨਹੀਂ ਸੀ।
- ਉਸਨੇ ਰਾਣਾ ਸਾਂਗਾ ਦੇ ਵਿਰੁਧ ਜਿਹਾਦ ਦੀ ਘੋਸ਼ਣਾ ਕੀਤੀ, ਲੇਕਿਨ ਉਸ ਦਾ ਮਕਸਦ ਰਾਜਨੀਤਿਕ ਸੀ ਨਾ ਕਿ ਧਾਰਮਿਕ।
- **ਹਮਾਯੂੰ** : ਹਮਾਯੂੰ ਵੀ ਸੁੰਨੀ ਮੁਸਲਮਾਨ ਸੀ ਅਤੇ ਆਪਣੇ ਵਿਅਕਤੀਗਤ ਜੀਵਨ ਵਿਚ ਧਾਰਮਿਕ ਨਿਯਮਾਂ ਦਾ ਪਾਲਣ ਕਰਦਾ ਸੀ। ਉਸ ਨੇ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਅਪਣਾਈ।
- ਉਹ ਸਿਆ ਮੁਸਲਮਾਨਾਂ ਦੇ ਲਈ ਵੀ ਸਹਿਣਸ਼ੀਲ ਸੀ।
- ਉਸ ਦੀ ਪਤਨੀ ਹਮੀਦਾ ਬਾਨੋ ਬੇਗਮ ਅਤੇ ਉਸ ਦਾ ਸਵਾਮੀ ਭਗਤ ਅਤੇ ਯੋਗ ਅਧਿਕਾਰੀ ਬੈਰਮ ਖਾਂ ਸਿਆ ਮੁਸਲਮਾਨ ਸਨ।
- ਉਹ ਸੂਫੀ ਅੰਦੋਲਣ ਤੋਂ ਵੀ ਬਹੁਤ ਪ੍ਰਭਾਵਿਤ ਸੀ।
- **ਅਕਬਰ**: ਅਕਬਰ ਦੀ ਸਭ ਤੋਂ ਮਹਾਨ ਸਫਲਤਾ ਇਸ ਗੱਲ ਵਿਚ ਲੁਪਤ ਹੈ ਕਿ ਉਸ ਨੇ ਵੱਖ ਵੱਖ ਜਾਤਾਂ, ਵੱਖ ਵੱਖ ਧਰਮਾਂ, ਅਤੇ ਵੱਖ ਵੱਖ ਰਾਜਾਂ ਨੂੰ ਮਿਲਾ ਕੇ ਸੰਸਕ੍ਰਿਤਿਕ ਏਕੀਕਰਣ ਦੇ ਵਾਧੇ ਵਿਚ ਵਿਸ਼ੇਸ ਯੋਗਦਾਨ ਦਿੱਤਾ।
- ਉਹ ਇਸਲਾਮ ਧਰਮ ਦੇ ਸਿਧਾਂਤਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਇਸੇ ਕਾਰਣ ਉਸ ਨੇ 1575 ਈ. ਵਿਚ ਫਤੇਹਪੁਰ ਸੀਕਰੀ ਵਿਚ ਇੱਕ ਧਾਰਮਿਕ ਭਵਨ ਬਣਵਾਇਆ ਸੀ। ਉਸ ਦੇ ਸਮੇਂ ਵਿੱਚ ਜੇਕਰ ਉਲੇਮਾ ਕਿਸੀ ਧਾਰਮਿਕ ਪ੍ਰਸ਼ਨ ਦੀ ਵਿਆਖਿਆ ਤੋਂ ਸਹਿਮਤ ਨਹੀਂ ਹੁੰਦੇ ਸਨ ਤਾਂ ਰਾਜਾ ਦਾ ਫੈਸਲਾ ਗਿਣਨ ਤੋਂ ਪਰੇ ਸਮਝਿਆ ਜਾਂਦਾ ਸੀ।
- 1582 ਈ. ਵਿਚ ਉਸ ਨੇ ਇੱਕ ਨਵੇਂ ਮਤ ਦੀ ਨੀਂਹ ਰੱਖੀ, ਜਿਸ ਨੂੰ ਦੀਨ-ਏ-ਇਲਾਹੀ ਕਿਹਾ ਜਾਂਦਾ ਹੈ।
- **ਜਹਾਂਗੀਰ**: ਜਹਾਂਗੀਰ ਆਪਣੇ ਪਿਤਾ ਦੀ ਤਰ੍ਹਾਂ ਧਾਰਮਿਕ ਦ੍ਰਿਸ਼ਟੀ ਨਾਲ ਸਹਿਣਸ਼ੀਲ ਸੀ।
- ਜਹਾਂਗੀਰ ਨੇ ਇੱਕ ਸੁਚੱਜੇ ਰਾਜਨੀਤਿਗ ਦੀ ਤਰ੍ਹਾਂ ਆਪਣੇ ਪਿਤਾ ਦੀ ਰਾਜਪੂਤ ਨੀਤੀ ਦੀ ਨਕਲ ਕੀਤੀ, ਉਨ੍ਹਾਂ ਨੂੰ ਉੱਚੇ ਅਹੁਦਿਆਂ ਉੱਤੇ ਨਿਯੁਕਤ ਕੀਤਾ ਉਨ੍ਹਾਂ ਦੇ ਨਾਲ ਸੰਬੰਧ ਸਥਾਪਿਤ ਕੀਤਾ।
- ਰਾਜਾ ਮਾਨ ਸਿੰਘ ਨੇ ਰਾਜਾ ਤਾਜ ਪੋਸ਼ੀ ਪ੍ਰਾਪਤ ਕਰਦੇ ਸਮੇਂ ਜਹਾਂਗੀਰ ਦਾ ਵਿਰੋਧ ਕੀਤਾ ਸੀ, ਲੇਕਿਨ ਉਨ੍ਹਾਂ ਨੂੰ ਮੁਆਫ ਕਰਕੇ ਜਹਾਂਗੀਰ ਨੇ ਉਨ੍ਹਾਂ ਨੂੰ ਹਮੇਸ਼ਾ ਲਈ ਆਪਣਾ ਮਿੱਤਰ ਬਣਾ ਲਿਆ।
- ਇਸੇ ਤਰ੍ਹਾਂ ਮੇਵਾੜ ਦੇ ਰਾਣਾ ਅਮਰ ਸਿੰਘ ਦਾ ਉੱਚਿਤ ਆਦਰ ਕਰਕੇ ਅਤੇ ਉਸ ਨੂੰ ਵਿਆਹ ਸੰਬੰਧੀ ਲਈ ਨਾ ਮਜਬੂਰ ਕਰਕੇ ਜਹਾਂਗੀਰ ਨੇ ਮੇਵਾੜ ਦੇ ਰਾਣਾ ਨੂੰ ਵੀ ਆਪਣਾ ਵਫਾਦਾਰ ਬਣਾ ਲਿਆ।
- **ਸ਼ਾਹਜਹਾਂ**: ਅਕਬਰ ਅਤੇ ਜਹਾਂਗੀਰ ਦੇ ਉਲਟ ਸ਼ਾਹਜਹਾਂ ਪੱਕਾ ਸੁੰਨੀ ਮੁਸਲਮਾਨ ਸੀ, ਜਿਹੜਾ ਦਿਨ ਵਿਚ ਪੰਜ ਵਾਰ ਨਮਾਜ ਪੜ੍ਹਨੇ ਅਤੇ ਰਮਜਾਨ ਦਾ ਸਾਰਾ ਮਹੀਨਾ ਰੋਜਾ ਰੱਖਣ ਵਿਚ ਖਾਸ ਰੁਚੀ ਰੱਖਦਾ ਸੀ।
- ਉਸ ਨੇ ਨਵੇਂ ਬਣਨ ਵਾਲੇ ਮੰਦਰਾਂ ਨੂੰ ਗਿਰਾਉਣ ਦਾ ਸ਼ਾਹੀ ਫਰਮਾਨ ਜਾਰੀ ਕੀਤਾ ਅਤੇ ਇਸ ਤਰ੍ਹਾਂ ਹਿੰਦੂਆਂ ਦੇ ਮਨ ਨੂੰ ਠੇਸ ਪਹੁੰਚਾਈ।
- ਸਿਆ ਰਿਆਸਤਾਂ ਦੇ ਵਿਰੁਧ ਯੁੱਧ ਕਰਨ ਵਿਚ ਵੀ ਉਹ ਧਾਰਮਿਕ ਵਿਚਾਰਾਂ ਤੋਂ ਵੀ ਪ੍ਰਭਾਵਿਤ ਹੋਇਆ।
- ਬੁਰਹਾਨਪੁਰ ਵਿਚ ਜਿੱਥੇ ਹਿੰਦੂ ਮੁਸਲਮਾਨ ਇੱਕ ਦੂਜੇ ਨਾਲ ਵਿਆਹ ਕਰ ਲਿਆ ਕਰਦੇ ਸਨ, ਉੱਥੇ ਵੀ ਸ਼ਾਹਜਹਾਂ ਨੇ ਦਖਲ ਅੰਦਾਜ਼ੀ ਕੀਤੀ ਅਤੇ ਮੁਸਲਮਾਨਾਂ ਨੂੰ ਹਿੰਦੂ ਬਣਨ ਤੋਂ ਰੋਕ ਦਿੱਤਾ।
- ਲੇਕਿਨ ਸ਼ਾਹਜਹਾਂ ਨੇ ਦਰਬਾਰ ਵਿਚ ਹੋਲੀ ਅਤੇ ਦੀਵਾਲੀ ਜਿਹੇ ਹਿੰਦੂ ਤਿਉਹਾਰਾਂ ਨੂੰ ਮਨਾਇਆ ਜਾਣਾ ਜਾਰੀ ਰੱਖਿਆ, ਹਿੰਦੂਆਂ ਨੂੰ ਉੱਚੇ ਅਹੁਦਿਆਂ ਉੱਤੇ ਬਣਾਏ ਰੱਖਿਆ ਅਤੇ ਮੁਸਲਮਾਨ ਪੀਰ ਫਕੀਰਾਂ ਦੇ ਨਾਲ ਨਾਲ ਹਿੰਦੂ ਸਾਧੂ ਸੰਤਾਂ ਨੂੰ ਵੀ ਦਾਨ ਦੇਣ ਦੀ ਨੀਤੀ ਜਾਰੀ ਰੱਖੀ ਅਤੇ ਜਜੀਆ ਅਤੇ ਯਾਤਰਾ ਕਰ ਆਦਿ ਦੁਬਾਰਾ ਲਗਾਉਣ ਦੀ ਕੋਸ਼ਿਸ਼ ਨਹੀਂ ਕੀਤੀ।
- **ਔਰੰਗਜੇਬ**: ਔਰੰਗਜੇਬ ਸ਼ੁਰੂ ਤੋਂ ਹੀ ਪੱਕਾ ਸੁੰਨੀ ਮੁਸਲਮਾਨ ਸੀ। ਰਾਜ ਸਿੰਘਾਸਨ ਉੱਤੇ ਬੈਠਦੇ ਹੀ ਉਸ ਨੇ ਸਾਰੀ ਤਾਕਤ ਇਸਲਾਮ ਧਰਮ ਦੇ ਪ੍ਰਚਾਰ ਵਿਚ ਲਗਾ ਦਿੱਤੀ।

ਨੋਟ

- ਉਸ ਨੇ ਕੁਰਾਨ ਦੇ ਨਿਯਮਾਂ ਨੂੰ ਸਾਹਮਣੇ ਰੱਖਦੇ ਹੋਏ ਉਨ੍ਹਾਂ ਸਾਰੀਆਂ ਪ੍ਰਥਾਵਾਂ ਨੂੰ ਬੰਦ ਕਰ ਦਿੱਤਾ, ਜਿਹੜੀਆਂ ਉਸ ਦੇ ਅਨੁਕੂਲ ਨਹੀਂ ਸਨ।




- ਪੂਰੇ ਦੇਸ਼ ਵਿਚ ਨਾਚ ਗਾਨਿਆਂ ਆਦਿ ਉੱਤੇ ਪ੍ਰਤੀਬੰਧ ਲਗਾ ਦਿੱਤਾ।
- ਦਰਬਾਰ ਵਿਚ ਵੀ ਸੰਗੀਤ ਦੀ ਮਨਾਹੀ ਕਰ ਦਿੱਤੀ ਗਈ ਅਤੇ ਦਰਬਾਰੀ ਗਾਇਕਾਂ ਨੂੰ ਵੀ ਚਲੇ ਜਾਣ ਦਾ ਹੁਕਮ ਦਿੱਤਾ ਗਿਆ।
- ਇਸੀ ਤਰ੍ਹਾਂ ਚਿੱਤਰ ਕਲਾ ਉੱਤੇ ਵੀ ਰੋਕ ਲਗਾ ਦਿੱਤੀ ਗਈ, ਕਿਉਂਕਿ ਇਸਲਾਮ ਧਰਮ ਇਸ ਦੀ ਇਜਾਜਤ ਨਹੀਂ ਦਿੰਦਾ।

ਨੋਟ

- ਸਿੱਕਿਆਂ ਉਤੋਂ ਵੀ ਕਲਮਾਂ ਹਟਾਉਣ ਦੀ ਆਗਿਆ ਦੇ ਦਿੱਤੀ ਗਈ ਤਾਂਕਿ ਸਿੱਕਿਆਂ ਦੇ ਕਦੀ ਪੈਰਾਂ ਹੇਠ ਆਉਣ ਤੋਂ ਉਸ ਦਾ ਨਿਰਾਦਰ ਨਾ ਹੋਵੇ।
- ਉਸ ਨੇ ਖੁਦ ਝਰੋਖਾ ਦਰਸ਼ਨ ਦੇਣ ਦੀ ਰਸਮ ਨੂੰ ਬੰਦ ਕਰ ਦਿੱਤਾ, ਕਿਉਂਕਿ ਕੁਰਾਨ ਇਸ ਦੀ ਇਜ਼ਾਜਤ ਨਹੀਂ ਦਿੰਦਾ। ਕੁਝ ਇਤਿਹਾਸਕਾਰਾਂ ਦੇ ਅਨੁਸਾਰ ਕੱਟੜ ਸੁੰਨੀ ਮੁਸਲਮਾਨ ਹੋਣ ਉੱਤੇ ਵੀ ਔਰੰਗਜੇਬ ਨੇ ਅਨੇਕ ਧਰਮ–ਨਿਰਪੱਖ ਕਾਨੂੰਨ ਜਾਰੀ ਕੀਤੇ। ਇਨ੍ਹਾਂ ਕਾਨੂੰਨਾਂ ਨੂੰ 'ਜਵਾਬਿਤ' ਕਹਿੰਦੇ ਹਨ ਅਤੇ ਜਿਸ ਪੁਸਤਕ ਵਿਚ ਐਸੇ ਕਾਨੂੰਨਾਂ ਨੂੰ ਵਿਵਸਥਿਤ ਕੀਤਾ ਗਿਆ ਹੈ ਉਸ ਨੂੰ 'ਜਵਾਬਿਤ–ਏ–ਆਲਮਗੀਰੀ' ਕਿਹਾ ਜਾਂਦਾ ਹੈ।
- ਕਿਹਾ ਜਾਂਦਾ ਹੈ ਕਿ ਔਰੰਗਜੇਬ ਖੁਦ ਵੀਣਾ ਬਜਾਉਣ ਵਿਚ ਨਿਪੁੰਨ ਸੀ।
- ਭਾਰਤੀਆਂ ਸੰਗੀਤ ਉੱਤੇ ਫਾਰਸੀ ਵਿਚ ਸਭ ਤੋਂ ਜ਼ਿਆਦਾ ਪੁਸਤਕਾਂ ਔਰੰਗਜੇਬ ਦੇ ਸਮੇਂ ਵਿਚ ਹੀ ਲਿਖੀਆਂ ਗਈਆਂ।
- ਉਸ ਨੇ ਮੁਸਲਮਾਨ ਵਪਾਰੀਆਂ ਦੇ ਲਾਭ ਦੇ ਲਈ ਉਨ੍ਹਾਂ ਨੂੰ ਕਰ ਮੁਕਤ ਵਪਾਰ ਕਰਨ ਦੀ ਆਗਿਆ ਦੇ ਦਿੱਤੀ, ਲੇਕਿਨ ਜਦੋਂ ਉਨ੍ਹਾਂ ਨੇ ਇਸ ਦਾ ਨਜਾਇਜ ਫਾਇਦਾ ਉਠਾਉਣਾ ਸ਼ੁਰੂ ਕਰ ਦਿੱਤਾ ਤਾਂ ਇਹ ਕਰ ਉਨ੍ਹਾਂ ਉੱਤੇ ਫਿਰ ਲਗਾ ਦਿੱਤਾ ਗਿਆ।
- ਔਰੰਗਜੇਬ ਨੇ 1676 ਈ: ਵਿਚ ਜਜੀਆ ਕਰ ਦੋਬਾਰਾ ਲਗਾਇਆ।
- ਜਿੱਥੇ ਕੱਟੜ ਮੁਸਲਮਾਨ ਹੋਣ ਦੇ ਨਾਤੇ ਉਹ ਇਸਲਾਮ ਦੇ ਨਿਯਮਾਂ ਉੱਤੇ ਚੱਲਣਾ ਚਾਹੁੰਦਾ ਸੀ, ਉੱਥੇ ਹੀ ਇੱਕ ਸ਼ਾਸਕ ਹੋਣ ਦੇ ਨਾਤੇ ਉਹ ਆਪਣੇ ਸਾਮਰਾਜ ਨੂੰ ਸੁਦ੍ਰਿੜਠ ਵੀ ਕਰਨਾ ਚਾਹੁੰਦਾ ਸੀ, ਜਿਹੜਾ ਹਿੰਦੂਆਂ ਦੀ ਸਹਾਇਤਾ ਬਿਨਾਂ ਸੰਭਵ ਨਹੀਂ ਸੀ। ਫਿਰ ਵੀ, ਜਜੀਆ ਅਤੇ ਯਾਤਰਾ ਕਰ ਦੋਬਾਰਾ ਲਗਾਉਣਾ, ਚਾਹੇ ਉਹ ਕਿਸੀ ਵੀ ਕਾਰਣ ਤੋਂ ਹੋਵੇ, ਮੁਗਲ ਸਾਮਰਾਜ ਦੇ ਲਈ ਵੱਡਾ ਹਾਨੀਕਾਰਕ ਸਿੱਧ ਹੋਇਆ ਅਤੇ ਸਮੇਂ–ਸਮੇਂ ਉੱਤੇ ਰਾਜਪੂਤਾਂ, ਸੱਤਨਾਮੀਆਂ, ਜਾਟਾਂ, ਸਿੱਖਾਂ ਅਤੇ ਮਰਾਠਿਆਂ ਦੇ ਵਿਦਰੋਹ ਦਾ ਕਾਰਨ ਬਣਿਆ।

**ਸਵ-ਮੁਲਾਂਕਣ (Self Assessment)**

3 ਬਹੁ ਵਿਕਲਪ ਪ੍ਰਸ਼ਨ (Multiple Choice Questions):

(i) ਸਭ ਤੋਂ ਪਹਿਲਾਂ ਕਿਸੇ ਨੇ ਵਿਦਰੋਹ ਦਾ ਬਿਗਲ ਬਜਾਇਆ?

(ਅ) ਸ਼ੁਜਾ (ਬ) ਦਾਰਾ (ਸ) ਮੁਰਾਦ (ਦ) ਔਰੰਗਜੇਬ

(ii) ਸ਼ਾਹਜਹਾਂ ਦੀ ਮ੍ਰਿਤੂ ਕਦੋਂ ਹੋਈ?

(ਅ) 1688 ਈ. (ਬ) 1699 ਈ. (ਸ) 1666ਈ. (ਦ) 1656 ਈ.

(iii) ਔਰੰਗਜੇਬ ਨੇ ਸਿੱਖਾਂ ਦੇ ਨੌਂਵੇ ਗੁਰੂ ਦੀ ਹੱਤਿਆ ਕਦੋਂ ਕਰਵਾਈ?

(ਅ) 1675 ਈ. (ਬ) 1660 ਈ. (ਸ) 1650 ਈ. (ਦ) 1640 ਈ.

(iv) ਔਰੰਗਜੇਬ ਨੇ ਜਜੀਆ ਕਰ ਕਦੋਂ ਲਗਾਇਆ?

(ਅ) 1576 ਈ. (ਬ) 1675 ਈ. (ਸ) 1476 ਈ. (ਦ) 1776 ਈ.

(v) ਔਰੰਗਜੇਬ ਕੀ ਬਜਾਉਣ ਵਿਚ ਨਿਪੁੰਨ ਸੀ?

(ਅ) ਵੀਣਾ (ਬ) ਹਾਰਮੋਨਿਅਮ (ਸ) ਤਬਲਾ (ਦ) ਬਾਸੁਰੀ

## 11.7 ਸਾਰ ਅੰਸ਼ (Summary)

- ਜਲਾਲੁਦੀਨ ਮੁਹੰਮਦ ਅਕਬਰ ਨਿਸਚੈ ਹੀ ਸਭੀ ਮੁਗਲ ਸਮਰਾਟਾਂ ਵਿਚ ਸਭ ਤੋਂ ਮਹਾਨ ਅਤੇ ਸੰਸਾਰ ਦੇ ਅਤਿਅੰਤ ਪ੍ਰਸਿੱਧ ਸਮਰਾਟਾਂ ਵਿਚੋਂ ਇੱਕ ਹੈ। ਹਮਾਯੂੰ ਦੇ ਇਸ ਪ੍ਰਿਯ ਪੁੱਤਰ ਦਾ ਜਨਮ 1542 ਈ. ਵਿਚ ਹੋਇਆ ਅਤੇ ਅਜੇ ਉਹ ਚੌਦਾ ਸਾਲ ਦਾ ਹੀ ਸੀ ਜਦੋਂ 1556 ਈ. ਵਿਚ ਉਹ ਸਿੰਘਾਸਨ ਉੱਤੇ ਬੈਠ ਗਿਆ।
- ਜਨਵਰੀ 1556 ਈ. ਵਿਚ ਹਮਾਯੂੰ ਦੀ ਮ੍ਰਿਤੂ ਦੇ ਬਾਅਦ ਉਸ ਦਾ ਬੇਟਾ ਅਕਬਰ ਸਿੰਘਾਸਨ ਉੱਤੇ ਬੈਠਿਆ। ਐਸਾ ਕਹਿ ਸਕਦੇ ਹਾਂ ਕਿ ਉਸ ਸਮੇਂ, ਜਿਹਾ ਕਿ ਡਾ ਵੀ ਸਮਿੱਥ ਲਿਖਦਾ ਹੈ ਉਸ ਦੇ ਕੋਲ ਕੋਈ ਰਾਜ ਨਹੀਂ ਸੀ।

- ਮੁਹੰਮਦ ਸ਼ਾਹ ਆਦਿਲ ਦਾ ਪ੍ਰਧਾਨ ਮੰਤਰੀ ਹੇਮੂ ਅਕਬਰ ਦਾ ਸਭ ਤੋਂ ਖਤਰਨਾਕ ਪ੍ਰਤਿਯੋਗੀ ਸੀ। ਉਹ ਇੱਕ ਅਭਿਲਾਸ਼ੀ ਹਿੰਦੂ ਸ਼ਾਸਕ ਸੀ ਜਿਹੜਾ ਸਾਰੇ ਭਾਰਤ ਦਾ ਸ਼ਾਸਕ ਬਣ ਜਾਣ ਦੇ ਸੁਪਨੇ ਦੇਖ ਰਿਹਾ ਸੀ। ਉਸ ਨੇ ਇੱਕ ਵੱਡੀ ਭਾਰੀ ਸੈਨਾ ਦਾ ਪ੍ਰਬੰਧ ਕੀਤਾ, ਆਗਰਾ ਉੱਤੇ ਅਧਿਕਾਰ ਕਰ ਲਿਆ ਅਤੇ ਤਦ ਉਹ ਦਿੱਲੀ ਦੇ ਵੱਲ ਵਧਿਆ।
- ਪਾਨੀਪਤ ਦੀ ਦੂਜੀ ਲੜਾਈ ਇੱਕ ਦੂਰਵਰਤੀ ਮਹੱਤਵ ਦੀ ਘਟਨਾ ਸਿੱਧ ਹੋਈ। ਇਸ ਦੇ ਸਿੱਟੇ ਵਜੋਂ ਭਾਰਤ ਦੇ ਸਾਮਰਾਜ ਉੱਤੇ ਅਫਗਾਨਾਂ ਦਾ ਦਾਅਵਾ ਸਦਾ ਦੇ ਲਈ ਖਤਮ ਹੋ ਗਿਆ ਅਤੇ ਇਸ ਤਰ੍ਹਾਂ ਭਾਰਤ ਵਿਚ ਮੁਗਲ ਸਾਮਰਾਜ ਦੀ ਮੁੜ ਸਥਾਪਨਾ ਦੇ ਲਈ ਜਮੀਨ ਤਿਆਰ ਹੋ ਗਈ।
- ਕੁਝ ਇਤਿਹਾਸਕਾਰਾਂ ਦੇ ਅਨੁਸਾਰ ਸ਼ਾਹਜਹਾਂ ਨੇ ਆਪਣੀ ਧਾਰਮਿਕ ਕੱਟਰਤਾ ਦੇ ਕਾਰਣ ਦੱਖਣ ਦੇ ਸ਼ਿਆ ਰਾਜਾਂ ਦੇ ਵਿਰੁਧ ਆਕ੍ਰਮਨ ਨੀਤੀ ਅਪਣਾਈ ਸੀ, ਜਦੋਂ ਕਿ ਕੁਝ ਹੋਰ ਦੇ ਅਨੁਸਾਰ ਸ਼ਾਹਜਹਾਂ ਦੀ ਨੀਤੀ "ਵਿਅਕਤੀਗਤ ਅਭਿਲਾਸ਼ੀ, ਪਰੰਪਰਾਗਤ ਜਿੱਤ ਕਾਮਨਾ ਅਤੇ ਵਿਰਾਸਤ ਵਿਚ ਮਿਲੀ" ਦਾ ਨਤੀਜਾ ਸੀ।
- ਸ਼ਾਹਜਹਾਂ ਨੇ ਆਪਣੇ ਸ਼ਾਸਨਕਾਲ ਦੇ ਸ਼ੁਰੂਆਤ ਵਿਚ ਅਨੁਦਾਰ ਧਾਰਮਿਕ ਨੀਤੀ ਅਪਣਾਈ। ਇਸ ਦੇ ਕਾਰਣਾਂ ਦੀ ਕੀਤੀ ਵਿਆਖਿਆ ਕਈ ਤਰ੍ਹਾਂ ਤੋਂ ਕੀਤੀ ਗਈ ਹੈ। ਸ਼ਾਹਜਹਾਂ ਵਿਅਕਤੀਗਤ ਰੂਪ ਨਾਲ ਜ਼ਿਆਦਾ ਰੂੜੀਵਾਦੀ ਸੀ ਅਤੇ ਵਿਅਕਤੀਗਤ ਜੀਵਨ ਵਿਚ ਸਦਾ ਇਸਲਾਮ ਦੇ ਆਦੇਸ਼ ਅਨੁਸਾਰ ਆਚਰਨ ਦੀ ਕੋਸ਼ਿਸ਼ ਕਰਦਾ ਸੀ।
- ਰਾਜਨੀਤਿਕ ਖੇਤਰ ਵਿਚ ਸ਼ਾਹਜਹਾਂ ਦਾ ਸ਼ਾਸਨ ਕਾਲ ਉਸ ਦੇ ਪ੍ਰਸ਼ੰਸਕਾਂ ਦੇ ਅਨੁਸਾਰ ਸੁਖ ਅਤੇ ਸ਼ਾਂਤੀ ਦਾ ਕਾਲ ਸੀ। ਇਸ ਅਵਧੀ ਵਿਚ ਹੋਏ ਕੇਵਲ ਦੋ ਵਿਦਰੋਹ ਜਿਨ੍ਹਾਂ ਦੇ ਨੇਤਾ ਲੜੀਦਾਰ ਖਾਨੇਜਹਾਂ ਲੋਧੀ ਅਤੇ ਜੁਝਾਰ ਸਿੰਘ ਬੁੰਦੇਲਾਂ ਸਨ। ਦੋਵੇਂ ਵਿਦਰੋਹ ਦਬਾਅ ਦਿੱਤੇ ਗਏ ਅਤੇ ਪਰਜਾ ਵਿਚ ਸ਼ਾਸਨ ਦੇ ਲਈ ਕਿਸੇ ਪ੍ਰਕਾਰ ਦਾ ਅਸੰਤੋਸ਼ ਨਹੀਂ ਰਿਹਾ।
- ਦੱਖਣੀ ਭਾਰਤ ਦਾ ਖੇਤਰ ਔਰੰਗਜੇਬ ਦੇ ਸ਼ਾਸਨਕਾਲ ਵਿਚ ਬਹੁਤ ਜ਼ਿਆਦਾ ਮਹੱਤਵਪੂਰਨ ਬਣਿਆ ਰਿਹਾ। ਔਰੰਗਜੇਬ ਨੇ ਆਪਣੇ ਸ਼ਾਸਨਕਾਲ ਦਾ ਅੱਧਾ ਉੱਤਰ ਦੱਖਣ ਵਿਚ ਹੀ ਗੁਜਾਰਿਆਂ, ਜਦੋਂ ਕਿ ਅੱਧੇ ਪੂਰਬ ਵਿਚ ਵੀ ਦੱਖਣ ਦੀ ਸਮੱਸਿਆ ਉੱਤੇ ਵੀ ਉਸ ਦਾ ਧਿਆਨ ਖਾਸ ਰੂਪ ਨਾਲ ਲੱਗਾ ਰਿਹਾ। ਮਰਾਠਿਆਂ ਅਤੇ ਦੱਕਨੀ ਰਿਆਸਤਾਂ ਦੇ ਨਾਲ ਉਸ ਦਾ ਸੰਘਰਸ਼ ਲੰਬੀ ਅਵਧੀ ਤੱਕ ਚਲਦਾ ਰਿਹਾ। ਔਰੰਗਜੇਬ ਨੂੰ ਦੱਖਣ ਦੀ ਸਥਿਤੀ ਦਾ ਵਿਆਪਕ ਗਿਆਨ ਸੀ। ਸ਼ਾਸਕ ਬਣਨ ਦੇ ਪੂਰਵ ਉਸ ਨੇ ਦੱਖਣ ਦੇ ਸੂਬੇਦਾਰ ਦੇ ਰੂਪ ਵਿਚ ਕੰਮ ਕੀਤਾ ਸੀ ਅਤੇ ਦੱਖਣੀ ਰਾਜਾਂ ਦੇ ਨਾਲ ਉਸ ਸਮਾਂ ਦੇ ਤਣਾ-ਤਣੀ ਸੰਬੰਧਾਂ ਦੇ ਉਸ ਨੂੰ ਪੂਰੀ ਜਾਣਕਾਰੀ ਸੀ।

## 11.8 ਸ਼ਬਦਕੋਸ਼ (Keywords)

- **ਸੰਰੱਖਿਅਕ (Regent)** : ਅਭਿਭਾਵਕ।
- **ਧਰਮ ਨਿਰਪੱਖ (Secular)** : ਜਿੱਥੇ ਧਰਮ ਦੇ ਲਈ ਪੱਖਪਾਤ ਨਾ ਹੋਵੇ।

## 11.9 ਅਭਿਆਸ ਪ੍ਰਸ਼ਨ (Review Questions)

1. ਪਾਨੀਪਤ ਦੀ ਦੂਜੀ ਲੜਾਈ ਦਾ ਸੰਖੇਪ ਵਿਚ ਵਰਨਣ ਕਰੋ।
2. ਅਕਬਰ ਦਾ ਵਾਸਤਵਿਕ ਨਾਂ ਕੀ ਸੀ? ਇਸ ਦੀ ਭਾਰਤ ਜਿੱਤ ਦਾ ਵਰਣਨ ਸੰਖੇਪ ਵਿਚ ਕਰੋ।
3. ਅਕਬਰ ਦੇ ਪ੍ਰਸ਼ਾਸ਼ਨਿਕ ਸੁਧਾਰ ਦਾ ਵਰਨਣ ਕਰੋ।
4. ਸ਼ਾਹਜਹਾਂ ਦੇ ਸ਼ਾਸਨ ਕਾਲ ਨੂੰ "ਸੁਨਹਿਰੀ ਯੁੱਗ" ਕਿਉਂ ਕਿਹਾ ਜਾਂਦਾ ਹੈ।
5. ਔਰੰਗਜੇਬ ਦੀ ਧਾਰਮਿਕ ਨੀਤੀ ਦਾ ਵਰਨਣ ਕਰੋ।

### ਉਤਰ : ਸਵ-ਮੁਲਾਂਕਣ (Answer: Self Assessment)

| | | | | | |
|---|---|---|---|---|---|
| 1. | (i) 1556 ਈ. | (ii) 1556 ਈ. | (iii) 1556 ਈ. | (iv) ਅਬਦੁਲ ਲਤੀਫ | (v) ਸੰਗੀਤ |
| 2. | (i) ਸੱਤ | (ii) ਸੱਤ | (iii) ਅਸੱਤ | (iv) ਅਸੱਤ | (v) ਸੱਤ |
| 3. | (i) (ਅ) | (ii) (ਸ) | (iii) (ਅ) | (iv) (ਬ) | (v) (ਅ) |

ਨੋਟ

## 11.10 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਪੂਰਵ ਮੱਧ ਕਾਲੀਨ ਭਾਰਤ ਦਾ ਸਾਮੰਤੀ ਸਮਾਜ ਅਤੇ ਸੰਸਕ੍ਰਿਤੀ – ਰਾਮ ਸ਼ਰਣ ਸ਼ਰਮਾ, ਰਾਜ ਕਮਲ ਪ੍ਰਸ਼ਾਸ਼ਨ।
2. ਮੱਧ ਕਾਲੀਨ ਭਾਰਤ ਦਾ ਇਤਿਹਾਸ – ਪਾਖਿਰਵ ਕੁਮਾਰ, ਰੀਤੂ ਪਬਲੀਕੇਸ਼ਨਜ਼।
3. ਅਰਲੀ ਮਿਡਾਈਵਲ ਇੰਡੀਆ – ਅਵਧ ਬਿਹਾਰੀ ਪਾਂਡੇ, ਸੈਨਟ੍ਰਲ ਬੁਕ ਡਿਪੋ।
4. ਮੱਧ ਕਾਲੀਨ ਭਾਰਤ ਵਿਚ ਨਗਰੀ ਕਰਣ – ਨਮਰਤਾ ਸਿੰਘ, ਯੂਨੀਵਰਸਿਟੀ ਪਬਲੀਕੇਸ਼ਨਸ।
5. ਮੱਧ ਕਾਲੀਨ ਭਾਰਤ (ਦਿੱਲੀ ਸਲਤਨਤ) – ਰਹੀਸ ਸਿੰਘ, ਪਿਅਰਸਨ ਐਜੂਕੇਸ਼ਨ ਇੰਡੀਆ।

# ਇਕਾਈ-12: ਮੁਗਲ ਫਾਰਸੀ ਸਾਹਿਤ, ਸਥਾਪਿਤ ਕਲਾ ਅਤੇ ਵਪਾਰ
# (Mughal Persian Literature, Architecture Skill and Trade)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

12.1 ਫਾਰਸੀ ਸਾਹਿਤ ਵਿੱਚ ਇਤਿਹਾਸਿਕ ਪੁਸਤਕਾਂ ਦੀ ਭੂਮਿਕਾ (Role of Historical Books in Persian Literature)

12.2 ਮੁਗਲਕਾਲੀਨ ਸਥਾਪਿਤ ਕਲਾ (Architecture Skill of Mughal Period)

12.3 ਮੁਗਲ ਸਮਰਾਟਾਂ ਦੇ ਸਮੇਂ ਵਿੱਚ ਸਥਾਪਿਤ ਕਲਾਵਾਂ ਦਾ ਵਿਕਾਸ (Development of Architecture Skill in the Mughal Emperors Period)

12.4 ਖੇਤਰੀ ਚਿੱਤਰਕਲਾ ਦਾ ਵਿਕਾਸ (Development of Regional Graphic Art)

12.5 ਕਿਸਾਨਾਂ ਅਤੇ ਸ਼ਿਲਪਕਾਰਾਂ ਦੀ ਸਥਿਤੀ (Conditions of Farmers and Craftsmen)

12.6 ਵਪਾਰ ਵਿੱਚ ਵਾਧਾ (Development in Trade)

12.7 ਸਮਾਜਿਕ ਪੱਧਰੀਕਰਣ ਅਤੇ ਇਸਤਰੀਆਂ ਦੀ ਸਥਿਤੀ (Social Gradation and Conditions of Women)

12.8 ਕੇਂਦਰੀ ਸ਼ਾਸਨ (Central Administration)

12.9 ਸੁਲਤਾਨਾਂ ਨਾਲ ਸਬੰਧਿਤ ਮੁੱਖ ਤੱਥ (Main Points Related to Emperors)

12.10 ਅਕਬਰ ਦੇ ਦਰਬਾਰ ਦੇ ਨੌਂ ਰਤਨ (Nine Ratanas of Akbar Durbar)

12.11 ਮੁਗਲ ਕਾਲੀਨ ਸਾਹਿਤ (Literature of Mughal Period)

12.12 ਸਾਰ ਅੰਸ਼ (Summary)

12.13 ਸ਼ਬਦਕੋਸ਼ (Keywords)

12.14 ਅਭਿਆਸ ਪ੍ਰਸ਼ਨ (Review Questions)

12.15 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ-

- ਫਾਰਸੀ ਸਾਹਿਤ ਵਿੱਚ ਇਤਿਹਾਸਿਕ ਪੁਸਤਕਾਂ ਦੀ ਭੂਮਿਕਾ ਦੀ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਹੋਵੇਗੀ।
- ਮੁਗਲ ਕਾਲੀਨ ਸਥਾਪਿਤ ਕਲਾ ਸਬੰਧੀ ਗੱਲਾਂ ਨੂੰ ਜਾਣ ਸਕੋਗੇ।

ਨੋਟ

- ਮੁਗਲ ਸਮਰਾਟਾਂ ਦੇ ਸਮੇਂ ਵਿੱਚ ਸਥਾਪਿਤ ਕਲਾਵਾਂ ਦੇ ਵਿਕਾਸ ਦੀ ਜਾਣਕਾਰੀ ਸਬੰਧੀ।
- ਖੇਤਰੀ ਚਿੱਤਰ ਕਲਾ ਦੇ ਵਿਕਾਸ ਨੂੰ ਜਾਣ ਸਕੋਗੇ।
- ਵਪਾਰ ਵਿੱਚ ਵਾਧੇ ਸਬੰਧੀ ਗੱਲਾਂ ਨੂੰ ਜਾਣ ਸਕੋਗੇ।

## ਜਾਣਕਾਰੀ (Introduction)

ਮੁਗਲ ਕਾਲ ਵਿੱਚ ਫਾਰਸੀ ਸਾਹਿਤ ਦੀ ਵਿਸ਼ੇਸ਼ ਪ੍ਰਗਤੀ ਹੋਈ। ਅਕਬਰ ਤੋਂ ਇਲਾਵਾ ਹੋਰ ਸਾਰੇ ਮੁਗਲ ਬਾਦਸ਼ਾਹ ਸਿੱਖਿਅਤ ਸਨ ਅਤੇ ਸਾਰਿਆਂ ਨੇ ਸਾਹਿਤਕ ਪ੍ਰਗਤੀ ਵਿੱਚ ਸਹਿਯੋਗ ਪ੍ਰਦਾਨ ਕੀਤਾ। ਮੁਗਲ ਰਾਜ ਦਾ ਸੰਸਥਾਪਕ ਬਾਬਰ ਇਕ ਵਿਦਵਾਨ ਸ਼ਾਸਕ ਸੀ ਅਤੇ ਉਸ ਦੇ ਦਰਬਾਰ ਵਿੱਚ ਵਿਦਵਾਨਾਂ ਦਾ ਆਦਰ ਕੀਤਾ ਜਾਂਦਾ ਸੀ। ਉਸ ਨੇ ਆਪਣੀ ਆਤਮ ਕਥਾ '**ਤੁਜ਼ੁਕ-ਏ-ਬਾਬਰੀ**' ਅਤੇ '**ਬਾਬਰਨਾਮਾ**' ਤੁਰਕੀ ਵਿੱਚ ਲਿਖਿਆ ਸੀ ਅਤੇ ਉਹ ਇੰਨੀ ਸ੍ਰੇਸ਼ਟ ਮੰਨੀ ਗਈ ਕਿ ਉਸ ਦਾ ਤਿੰਨ ਵਾਰ ਫਾਰਸੀ ਵਿੱਚ ਅਨੁਵਾਦ ਕੀਤਾ ਗਿਆ ਅਤੇ ਵੱਖ-ਵੱਖ ਯੂਰਪੀ ਭਾਸ਼ਾਵਾਂ ਵਿੱਚ ਵੀ ਇਸ ਦਾ ਅਨੁਵਾਦ ਹੋਇਆ। ਬਾਬਰ ਤੁਰਕੀ ਅਤੇ ਫਾਰਸੀ ਵਿੱਚ ਕਵਿਤਾ ਲਿਖਦਾ ਸੀ। ਇਸ ਦਾ ਕਵਿਤਾ ਸੰਗ੍ਰਹਿ '**ਦੀਵਾਨ**' (**ਤੁਰਕੀ**) ਬਹੁਤ ਪ੍ਰਸਿੱਧ ਹੋਇਆ। ਹੁਮਾਯੂੰ ਤੁਰਕੀ ਅਤੇ ਫਾਰਸੀ ਸਾਹਿਤ ਦਾ ਚੰਗਾ ਜਾਣਕਾਰ ਸੀ ਅਤੇ ਉਸ ਨੂੰ ਦਰਸ਼ਨ, ਗਣਿਤ ਅਤੇ ਨਕਸ਼ਤਰ ਵਿਗਿਆਨ ਦਾ ਵੀ ਗਿਆਨ ਸੀ। ਉਸ ਨੇ ਵੱਖ-ਵੱਖ ਵਿਦਵਾਨਾਂ ਨੂੰ ਆਪਣੇ ਦਰਬਾਰ ਵਿੱਚ ਸੁਰੱਖਿਆ ਪ੍ਰਦਾਨ ਕੀਤੀ। ਅਕਬਰ ਖੁਦ ਸਿੱਖਿਅਤ ਨਹੀਂ ਸੀ ਪਰ ਉਸ ਨੇ ਆਪਣੀ ਉਦਾਰਤਾ ਨਾਲ ਅਜਿਹਾ ਵਾਤਾਵਰਣ ਬਣਾਇਆ, ਜਿਸ ਨਾਲ ਉਸ ਦੇ ਸਮੇਂ ਵਿੱਚ ਇਤਿਹਾਸਿਕ ਪ੍ਰਗਤੀ ਸਭ ਤੋਂ ਜ਼ਿਆਦਾ ਹੋਈ। ਉਸ ਨੇ ਫਾਰਸੀ ਭਾਸ਼ਾ ਨੂੰ ਰਾਜ ਭਾਸ਼ਾ ਬਣਾਇਆ ਅਤੇ ਸੰਸਕ੍ਰਿਤੀ, ਅਰਬੀ, ਤੁਰਕੀ, ਯੂਨਾਨੀ ਆਦਿ ਭਾਸ਼ਾਵਾਂ ਦੀਆਂ ਸ੍ਰੇਸ਼ਠ ਪੁਸਤਕਾਂ ਦਾ ਅਨੁਵਾਦ ਕਰਨ ਲਈ ਇਕ 'ਅਨੁਵਾਦ ਵਿਭਾਗ' ਸਥਾਪਿਤ ਕੀਤਾ। ਇਸ ਦੇ ਸਮੇਂ ਵਿੱਚ ਅਨੇਕਾਂ ਵਿਦਵਾਨਾਂ ਨੂੰ ਰਾਜ ਦੀ ਸੁਰੱਖਿਆ ਪ੍ਰਾਪਤ ਹੋਈ। ਜਹਾਂਗੀਰ ਖੁਦ ਸਿੱਖਿਅਤ ਵਿਦਵਾਨ ਅਤੇ ਆਲੋਚਕ ਸੀ। ਉਸ ਨੇ ਆਪਣੇ ਸ਼ਾਸਨਕਾਲ ਦੇ 17ਵਾਂ ਸਾਲ ਤੱਕ ਆਪਣੀ ਆਤਮ ਕਥਾ '**ਤੁਜ਼ੁਕ-ਏ-ਜਹਾਂਗੀਰੀ**' ਲਿਖੀ। ਜਦ ਕਿ ਉਸ ਤੋਂ ਬਾਅਦ ਉਸ ਨੇ ਇਹ ਕੰਮ ਮੁਤਮਿਦ ਖਾਨ ਨੂੰ ਦੇ ਦਿੱਤਾ। ਜਹਾਂਗੀਰ ਦੇ ਦਰਬਾਰ ਵਿੱਚ ਵਿਦਵਾਨਾਂ ਦਾ ਸਨਮਾਨ ਸੀ, ਜਿਨ੍ਹਾਂ ਨੇ ਮੂਲ ਪੁਸਤਕਾਂ ਦੀ ਰਚਨਾ ਕੀਤੀ। ਜਹਾਂਗੀਰ ਦੇ ਸਮੇਂ ਵਿੱਚ ਅਨੁਵਾਦ ਦਾ ਕੋਈ ਵਿਸ਼ੇਸ਼ ਕੰਮ ਨਹੀਂ ਹੋਇਆ। ਸ਼ਾਹਜਹਾਂ ਦੇ ਸਮੇਂ ਵਿੱਚ ਵੀ ਅਨੇਕਾਂ ਵਿਦਵਾਨ ਹੋਏ ਅਤੇ ਉਸ ਦੇ ਪੁੱਤਰ ਦਾਰਾਸ਼ਿਕੋਹ ਦੇ ਯਤਨਾਂ ਕਾਰਨ ਸੰਸਕ੍ਰਿਤ ਦੇ ਅਨੇਕਾਂ ਮਹੱਤਵਪੂਰਨ ਗ੍ਰੰਥਾਂ ਦਾ ਫਾਰਸੀ ਵਿੱਚ ਅਨੁਵਾਦ ਕੀਤਾ ਗਿਆ। ਔਰੰਗਜ਼ੇਬ ਖੁਦ ਇਕ ਸ੍ਰੇਸ਼ਠ ਵਿਦਵਾਨ ਸੀ ਅਤੇ ਉਸ ਨੂੰ ਕਵਿਤਾ ਅਤੇ ਇਤਿਹਾਸ ਦੀਆਂ ਪੁਸਤਕਾਂ ਨਾਲ ਨਫਰਤ ਸੀ, ਉਸ ਦੇ ਸਮੇਂ ਵਿੱਚ ਵੀ ਅਨੇਕਾਂ ਗ੍ਰੰਥਾਂ ਦੀ ਰਚਨਾ ਕੀਤੀ ਗਈ। ਉਤਰ ਕਾਲੀਨ ਮੁਗਲ ਬਾਦਸ਼ਾਹਾਂ ਦੇ ਸਮੇਂ ਵਿੱਚ ਮੁਹੰਮਦ ਸ਼ਾਹ ਦੇ ਸਮੇਂ ਤੱਕ ਤਾਂ ਫਾਰਸੀ ਰਾਜ ਭਾਸ਼ਾ ਬਣੀ ਰਹੀ ਪਰ ਉਸ ਤੋਂ ਬਾਅਦ ਉਸ ਦੀ ਜਗ੍ਹਾ ਉਰਦੂ ਨੇ ਲੈ ਲਈ। ਫਿਰ ਵੀ ਬਾਅਦ ਦੇ ਸਮੇਂ ਵਿੱਚ ਅਨੇਕਾਂ ਪੁਸਤਕਾਂ ਫਾਰਸੀ ਵਿੱਚ ਲਿਖੀਆਂ ਜਾਂਦੀਆਂ ਰਹੀਆਂ। ਇਸ ਤਰ੍ਹਾਂ ਸਾਰੇ ਮੁਗਲ ਕਾਲ ਵਿੱਚ ਫਾਰਸੀ ਸਾਹਿਤ ਨੂੰ ਰਾਜ ਦੀ ਸੁਰੱਖਿਆ ਪ੍ਰਾਪਤ ਹੁੰਦੀ ਰਹੀ ਅਤੇ ਉਸ ਦੀ ਪ੍ਰਗਤੀ ਹੁੰਦੀ ਰਹੀ।

## 12.1 ਫਾਰਸੀ ਸਾਹਿਤ ਵਿੱਚ ਇਤਿਹਾਸਿਕ ਪੁਸਤਕਾਂ ਦੀ ਭੂਮਿਕਾ (Role of Historical Books in Persian Literature)

ਫਾਰਸੀ ਸਾਹਿਤ ਵਿੱਚ ਮੁੱਖ ਸਥਾਨ ਆਤਮ ਕਥਾਵਾਂ ਅਤੇ ਇਤਿਹਾਸਿਕ ਪੁਸਤਕਾਂ ਦਾ ਹੈ। ਬਾਬਰ ਦੀ ਆਤਮ ਕਥਾ '**ਤੁਜ਼ੁਕ-ਏ-ਬਾਬਰੀ**' ਅਬੁਲ ਫਜਲ ਦਾ '**ਅਕਬਰਨਾਮਾ**' ਅਤੇ '**ਆਈਨ-ਏ-ਅਕਬਰੀ**', ਨਿਜਾਮੁਦੀਨ ਅਹਿਮਦ ਦਾ '**ਤਬਕਾਤ-ਏ-ਅਕਬਰੀ**', ਗੁਲਬਦਨ ਬੇਗਮ ਦਾ '**ਹੁਮਾਯੂੰਨਾਮਾ**', ਜੌਹਰ ਦਾ '**ਤਜਕਿਰਾਤੁਲ ਵਕਾਇਤ**', ਅੱਬਾਸ ਸਰਵਾਨੀ ਦਾ '**ਤੌਫਾਏ-ਏ-ਅਕਬਰਸ਼ਾਹੀ**' ਉਰਫ '**ਤਾਰੀਖ-ਏ-ਸ਼ੇਰਸ਼ਾਹ**', 1,000 ਸਾਲ ਦਾ ਇਸਲਾਮ ਦਾ ਇਤਿਹਾਸ ਬਨਾਮ '**ਤਾਰੀਖ-ਏ-ਅਲਫੀ**' ਜਿਸ ਨੂੰ ਵੱਖ-ਵੱਖ ਵਿਦਵਾਨਾਂ ਦੇ ਸ਼ਾਮਿਲ ਯਤਨਾਂ ਨਾਲ ਲਿਖਿਆ ਗਿਆ, ਬਦਾਯੂੰਨੀ ਦਾ '**ਮੁੰਨਤਖਬ-ਉਤ-ਤਵਾਰੀਖ**', ਅਹਿਮਦ ਯਾਦਗਾਰ ਦਾ '**ਤਾਰੀਖ-ਏ-ਸਲਾਤੀਨੇ ਅਫਗਾਨਾ**', ਬਿਆਜਿਦ ਸੁਲਤਾਨ ਦਾ '**ਤਾਰੀਖ-ਏ-ਹੁਮਾਯੂੰ**' ਅਤੇ ਫੈਜੀ ਸਰਹਿੰਦੀ ਦਾ '**ਅਕਬਰਨਾਮਾ**', ਆਦਿ ਇਤਿਹਾਸ ਦੀਆਂ ਉਹ ਰਚਨਾਵਾਂ ਹਨ ਜੋ (ਤੁਜ਼ੁਕ-ਏ-ਬਾਬਰੀ ਨੂੰ ਛੱਡ ਕੇ) ਅਕਬਰ ਦੇ ਸਮੇਂ ਵਿੱਚ ਲਿਖੀਆਂ ਗਈਆਂ। ਜਹਾਂਗੀਰ ਨੇ ਆਪਣੀ ਆਤਮ ਕਥਾ '**ਤੁਜ਼ੁਕ-ਏ-ਜਹਾਂਗੀਰੀ**' ਲਿਖੀ ਅਤੇ ਉਸੇ ਦੇ ਸਮੇਂ ਵਿੱਚ ਮੁਤਮਿਦ ਖਾਂ ਨਾ ਉਸ ਦੀ ਅਧੂਰੀ ਆਤਮ ਕਥਾ ਪੂਰੀ ਕਰਨ ਤੋਂ ਇਲਾਵਾ '**ਇਕਬਾਲਨਾਮਾ-ਏ-ਜਹਾਂਗੀਰੀ**', ਖਵਾਜਾ ਕਾਮਗਰ ਨੇ '**ਮਏਸਰੇ ਜਹਾਂਗੀਰੀ**' ਅਤੇ ਨਿਆਮਤ ਉਲਾ ਨੇ '**ਮਕਜਮ-ਏ-ਅਫਗਾਨੀ**' ਮੁਹੰਮਦ ਕਾਸਿਮ ਫਰਿਸ਼ਤਾ ਨੇ '**ਤਾਰੀਖ-ਏ-ਫਰਿਸ਼ਤਾ**' ਅਤੇ ਮੁੱਲਾ ਨਹਿਬੰਦੀ ਨੇ '**ਮਏਸਰ-ਏ-ਰਹੀਨੀ**' ਲਿਖੀ। ਸ਼ਾਹਜਹਾਂ ਦੇ ਸਮੇਂ ਦੀਆਂ ਪੁਸਤਕਾਂ ਵਿੱਚ ਅਬਦੁਲ ਹਮੀਦ ਲਾਹੌਰ ਦਾ '**ਪਾਦਸ਼ਾਹਨਾਮਾ**' ਅਮੀਨਾਈ ਕਾਜਵਿਨੀ ਦਾ '**ਪਾਦਸ਼ਾਹਨਾਮਾ**', ਇਨਾਇਤ ਖਾਂ ਦਾ '**ਸ਼ਾਹਜਹਾਂਨਾਮਾ**' ਅਤੇ ਮੁਹੰਮਦ ਸਾਲੇਹ ਦਾ '**ਆਲਮੇ ਸਾਲੇਹ**' ਪ੍ਰਮੁੱਖ ਹਨ। ਔਰੰਗਜ਼ੇਬ ਇਤਿਹਾਸ ਦੀਆਂ ਪੁਸਤਕਾਂ ਦੀ ਰਚਨਾ ਵਿੱਚ ਵਿਸ਼ਵਾਸ ਨਹੀਂ ਕਰਦਾ ਸੀ, ਫਿਰ ਵੀ ਉਸ ਦੇ ਸਮੇਂ ਵਿੱਚ ਵਿਦਵਾਨਾਂ ਨੇ ਖੁਦ ਹੀ ਕੁਝ ਸ੍ਰੇਸ਼ਠ ਪੁਸਤਕਾਂ ਦੀ ਰਚਨਾ

ਕੀਤੀ। ਉਨ੍ਹਾਂ ਵਿੱਚ ਕਾਫੀ ਖਾਂ ਦੀ '**ਮੁੰਤਖਬ-ਉਲ-ਲੁਆਬ**', ਮਿਰਜ਼ਾ ਮੁਹੰਮਦ ਕਾਸਿਮ ਦਾ '**ਆਲਮਗਿਰੀਨਾਮਾ**', ਮੁਹੰਮਦ ਸਕੀ ਦਾ '**ਨਸ਼ਕਾਂ-ਏ-ਦਿਲਕੁਸ਼ਾ**', ਈਸ਼ਵਰ ਦਾਸ ਦਾ '**ਫੁਤੂਹਾਤ-ਏ-ਆਲਮਗੀਰੀ**' ਅਤੇ ਸੁਜਾਨ ਰਾਏ ਦੀ '**ਖੁਲਾਸਤ-ਉਤ-ਤਾਰੀਖ**' ਪ੍ਰਮੁੱਖ ਹਨ। ਉਤਰ ਕਾਲੀਨ ਮੁਗਲ ਬਾਦਸ਼ਾਹਾਂ ਦੇ ਸਮੇਂ ਵਿੱਚ ਵੀ ਅਨੇਕਾਂ ਇਤਿਹਾਸਿਕ ਪੁਸਤਕਾਂ ਲਿਖੀਆਂ ਗਈਆਂ। ਇਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਰਚਨਾ ਮੁਗਲ ਦਰਬਾਰ ਦੇ ਵਿਦਵਾਨਾਂ ਨੇ ਕੀਤੀ ਅਤੇ ਹੋਰਾਂ ਦੀ ਰਚਨਾ ਵੱਖ-ਵੱਖ ਸੁਤੰਤਰ ਪ੍ਰਾਂਤੀ ਸਰਦਾਰਾਂ ਦੀ ਸੁਰੱਖਿਆ ਵਿੱਚ ਰਹਿਣ ਵਾਲੇ ਵਿਦਵਾਨਾਂ ਨੇ ਕੀਤੀ। ਇਨ੍ਹਾਂ ਵਿੱਚੋਂ ਪ੍ਰਮੁੱਖ ਗੁਲਾਮ ਹੁਸੈਨ ਦੀ '**ਸਿਦਰੁਲ-ਮੁਤਖਾਰੀਨ**', ਮੁਹੰਮਦ ਅਲੀ ਦੀ '**ਤਵਾਰੀਖ-ਏ-ਮੁਜੱਫਰੀ**', ਹਰੀ ਚਰਨ ਦਾਸ ਦੀ '**ਤਵਾਰੀਖ ਚਹਾਰ ਗੁਲਜ਼ਾਰੇ ਸ਼ੁਜਾਈ**' ਆਦਿ ਪ੍ਰਮੁੱਖ ਹਨ।

ਫਾਰਸੀ ਵਿੱਚ ਦੂਸਰਾ ਮਹੱਤਵਪੂਰਨ ਕੰਮ ਸੀ-ਅਨੇਕਾਂ ਦੂਸਰੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਫਾਰਸੀ ਵਿੱਚ ਅਨੁਵਾਦ। ਸੰਸਕ੍ਰਿਤ ਦੀਆਂ ਪੁਸਤਕਾਂ ਵਿੱਚ '**ਮਹਾਭਾਰਤ**' ਦਾ ਅਨੁਵਾਦ ਨਕੀਬ ਖਾਂ, ਬਦਾਯੂੰਨੀ, ਅਬੁਲ ਫਜ਼ਲ, ਫੈਜ਼ੀ ਆਦਿ ਵੱਖ-ਵੱਖ ਵਿਦਵਾਨਾਂ ਦੇ ਯਤਨਾਂ ਨਾਲ ਕੀਤਾ ਗਿਆ। ਬਦਾਯੂੰਨੀ ਨੇ **ਰਾਮਾਇਣ** ਦਾ ਅਨੁਵਾਦ ਕੀਤਾ। ਉਸ ਨੇ '**ਅਥਰਵਵੇਦ**' ਦਾ ਅਨੁਵਾਦ ਆਰੰਭ ਕੀਤਾ ਅਤੇ ਹਾਜੀ ਇਬਰਾਹਿਮ ਸਰਹਿੰਦੀ ਨੇ ਉਸ ਨੂੰ ਪੂਰਾ ਕੀਤਾ। '**ਲੀਲਾਵਤੀ**' ਦਾ ਅਨੁਵਾਦ ਫੈਜ਼ੀ ਨੇ ਕੀਤਾ, '**ਰਾਜਤਰੰਗਿਣੀ**' ਦਾ ਅਨੁਵਾਦ **ਸ਼ਾਹ ਮੁਹੰਮਦ ਸ਼ਾਹਾਬਾਦੀ** ਨੇ '**ਕਾਲੀਆ ਦਮਨ**' ਦਾ ਅਬੁਲ ਫਜ਼ਲ ਨੇ, '**ਨਲ ਦਮਿਯੰਤੀ**', ਦਾ ਫੈਜ਼ੀ ਨੇ ਅਤੇ '**ਹਰੀਵੰਸ਼**' ਦਾ ਅਨੁਵਾਦ ਮੌਲਾਨਾ ਸ਼ੇਰੀ ਨੇ ਕੀਤਾ। ਇਹ ਵੀ ਕੰਮ ਅਕਬਰ ਦੇ ਸਮੇਂ ਵਿੱਚ ਹੋਇਆ। ਸ਼ਾਹਜਹਾਂ ਦੇ ਸਮੇਂ ਵਿੱਚ ਉਸ ਦੇ ਪੁੱਤਰ ਦਾਰਾਸ਼ਿਕੋਹ ਦੇ ਉਤਸ਼ਾਹ ਨਾਲ ਇਸ ਦਿਸ਼ਾ ਵਿੱਚ ਮਹੱਤਵਪੂਰਨ ਕੰਮ ਕੀਤਾ ਗਿਆ। ਉਸ ਨੇ **ਉਪ-ਨਿਸ਼ੇਦਾਂ**, **ਭਗਵਦ ਗੀਤਾ** ਅਤੇ **ਯੋਗ ਵਸ਼ਿਸ਼ਠ** ਦਾ ਅਨੁਵਾਦ ਫਾਰਸੀ ਵਿੱਚ ਕਰਵਾਇਆ। ਖੁਦ ਦਾਰਾਸ਼ਿਕੋਹ ਨੇ ਇਕ ਮੌਲਿਕ ਪੁਸਤਕ '**ਮਜਮਾ-ਉਲ-ਬਹਿਰੀਨ**' (ਦੋ ਸਮੂਹਾਂ ਦਾ ਮਿਲਣ) ਲਿਖੀ, ਇਸ ਵਿੱਚ ਉਸ ਨੇ ਹਿੰਦੂ ਅਤੇ ਇਸਲਾਮ ਧਰਮ ਨੂੰ ਇਕ ਈਸ਼ਵਰ ਦੀ ਪ੍ਰਾਪਤੀ ਦੇ ਦੋ ਰਸਤੇ ਦੱਸੇ। ਇਸ ਤੋਂ ਇਲਾਵਾ ਅਰਬੀ, ਤੁਰਕੀ ਅਤੇ ਗਰੀਕ ਭਾਸ਼ਾਵਾਂ ਦੇ ਬਹੁਤ ਸਾਰੇ ਗ੍ਰੰਥਾਂ ਦਾ ਫਾਰਸੀ ਵਿੱਚ ਅਨੁਵਾਦ ਕੀਤਾ ਗਿਆ। **ਬਾਈਬਲ** ਦਾ ਅਨੁਵਾਦ ਕੀਤਾ ਗਿਆ ਅਤੇ **ਕੁਰਾਨ** ਦੀਆਂ ਬਹੁਤ ਸਾਰੀਆਂ ਟਿਕਾਵਾਂ ਦਾ ਫਾਰਸੀ ਵਿੱਚ ਅਨੁਵਾਦ ਹੋਇਆ। ਔਰੰਗਜ਼ੇਬ ਨੇ ਬਹੁਤ ਸਾਰੇ ਅਰਬੀ ਗ੍ਰੰਥਾਂ ਦੀ ਸਹਾਇਤਾ ਲੈ ਕੇ ਫਾਰਸੀ ਵਿੱਚ ਨਿਆ ਅਤੇ ਕਾਨੂੰਨ ਦੀ ਇਕ ਪੁਸਤਕ '**ਫਤਵਾ-ਏ-ਆਲਮਗੀਰੀ**' ਦੀ ਰਚਨਾ ਕਰਵਾਈ।

ਫਾਰਸੀ-ਕਵਿਤਾ ਦੇ ਖੇਤਰ ਵਿੱਚ ਵੀ ਕੰਮ ਕੀਤਾ ਗਿਆ, ਜਦ ਕਿ ਉਹ ਬਹੁਤ ਸ੍ਰੇਸ਼ਠ ਪੱਧਰ ਦਾ ਨਹੀਂ ਬਣ ਸਕਿਆ। ਹੁਮਾਯੂੰ ਨੇ ਖੁਦ ਕੁਝ ਪਦਾਂ ਦੀ ਰਚਨਾ ਕੀਤੀ ਸੀ। ਅਕਬਰ ਦੇ ਸਮੇਂ ਵਿੱਚ **ਫੈਜ਼ੀ**, **ਗਿਜਾਲੀ** ਅਤੇ **ਉਰਫੀ** ਫਾਰਸੀ ਦੇ ਮਹੱਤਵਪੂਰਨ ਕਵੀ ਹੋਏ। ਅਬੁਲ ਫਜ਼ਲ ਨੇ ਅਕਬਰ ਦੇ ਦਰਬਾਰ ਦੇ 59 ਕਵੀਆਂ ਦੇ ਬਾਰੇ ਦੱਸਿਆ ਹੈ। ਜਹਾਂਗੀਰ ਅਤੇ ਨੂਰ ਜਹਾਂ ਨੂੰ ਵੀ ਕਵਿਤਾ ਕਰਨ ਦਾ ਸ਼ੌਂਕ ਸੀ। ਸ਼ਾਹਜਹਾਂ ਦੀ ਪੁੱਤਰੀ **ਜਹਾਂਆਰਾ** ਅਤੇ ਔਰੰਗਜ਼ੇਬ ਦੀ ਪੁੱਤਰੀ **ਜੇਬੁਨਿੰਸਾ** ਵੀ ਕਵਿਤਰੀਆਂ ਸਨ। ਜ਼ਿਆਦਾਤਰ ਕਵਿਤਾਵਾਂ ਦਾ ਵਿਸ਼ਾ 'ਪ੍ਰੇਮ' ਸੀ ਅਤੇ ਉਹ ਗਜ਼ਲ, ਰੁਬਾਈਆਂ ਆਦਿ ਦੇ ਰੂਪ ਵਿੱਚ ਤਿਆਰ ਕੀਤੀਆਂ ਗਈਆਂ ਸਨ।

*ਨੋਟਸ* ਵੱਖ-ਵੱਖ ਬਾਦਸ਼ਾਹਾਂ ਅਤੇ ਸਰਦਾਰਾਂ ਵੱਲੋਂ ਲਿਖੇ ਗਏ ਪੱਤਰ ਵੀ ਫਾਰਸੀ ਸਾਹਿਤ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਸਨ। ਅਬੁਲ ਫਜ਼ਲ ਅਤੇ ਔਰੰਗਜ਼ੇਬ ਵੱਲੋਂ ਲਿਖੇ ਗਏ ਅਨੇਕਾਂ ਪੱਤਰਾਂ ਨੂੰ ਬਹੁਤ ਸ੍ਰੇਸ਼ਠ ਮੰਨਿਆ ਗਿਆ ਹੈ। ਮਨੀਰ ਰਾਜਾ ਜੈ ਸਿੰਘ ਅਤੇ ਫਜ਼ਲ ਖਾਂ ਵੱਲੋਂ ਲਿਖੇ ਗਏ ਪੱਤਰ ਵੀ ਪ੍ਰਸ਼ੰਸਾਯੋਗ ਹਨ।

### 12.1.1 ਅਰਬੀ ਅਤੇ ਫਾਰਸੀ

ਦੱਖਣ ਵਿੱਖ ਬੀਜਾਪੁਰ ਦੇ ਆਦਿਲਸ਼ਾਹੀ ਸ਼ਾਸਕਾਂ ਨੇ ਫਾਰਸੀ ਸਾਹਿਤ ਨੂੰ ਭਰਪੂਰ ਸੁਰੱਖਿਆ ਪ੍ਰਦਾਨ ਕੀਤੀ। ਇਬਰਾਹਿਮ ਆਦਿਲ ਸ਼ਾਹ ਦੂਸਰਾ (1580-1626 ਈ.) ਦੇ ਦਰਬਾਰ ਵਿੱਚ ਉਤਰ ਭਾਰਤ ਅਤੇ ਮੱਧ ਏਸ਼ੀਆ ਤੋਂ ਕਈ ਲੇਖਕ ਅਤੇ ਕਵੀ ਇਕੱਠੇ ਹੋਣ ਲੱਗੇ। ਆਦਿਲਸ਼ਾਹੀ ਰਾਜਵੰਸ਼ ਦੀ ਸੁਰੱਖਿਆ ਪਾਉਣ ਵਾਲੇ ਕਵੀਆਂ ਵਿੱਚ **ਮਲਿਕ ਕੁੰਮੀ** (ਮੌਤ 1640 ਈ.) ਦਾ ਨਾਮ ਮਹੱਤਵਪੂਰਨ ਹੈ। ਇਸ ਦਾ ਸਮਕਾਲੀਨ **ਕਵੀ ਮੁੱਲਾ ਜ਼ੁਹੂਰੀ** ਨਿਸ਼ਚਿਤ ਰੂਪ ਨਾਲ ਦੱਕਨ ਦਾ ਮਹਾਨ ਫਾਰਸੀ ਕਵੀ ਸੀ। ਉਸ ਨੇ ਕਵਿਤਾ ਅਤੇ ਗੱਧ ਲਿਖਣ ਦੋਨੋਂ ਖੇਤਰਾਂ ਵਿੱਚ ਇਕ ਨਵੀਂ ਸ਼ੈਲੀ ਵਿਕਸਿਤ ਕੀਤੀ ਅਤੇ ਸਾਦੀ ਦੇ **ਗੁਲਿਸਤਾਂ** ਦੇ ਨਮੂਨੇ 'ਤੇ ਸਾਕੀਨਾਮਾ ਨਾਮ ਦੀ ਪੁਸਤਕ ਲਿਖੀ। ਗੋਲਕੁੰਡਾ ਦੇ ਕੁਤੁਬਸ਼ਾਹੀਆਂ ਨੇ ਵੀ ਫਾਰਸੀ ਵਿਦਵਾਨਾਂ ਅਤੇ ਸਾਹਿਤ ਨੂੰ ਸੁਰੱਖਿਆ ਪ੍ਰਦਾਨ ਕੀਤੀ ਇਨ੍ਹਾਂ ਦੇ ਸੁਰੱਖਿਆ ਵਿੱਚ ਫਾਰਸੀ ਭਾਸ਼ਾ ਦੀਆਂ ਕਈ ਪੁਸਤਕਾਂ ਲਿਖੀਆਂ ਗਈਆਂ। ਅਬਦੁੱਲਾ ਕੁਤੁਬਸ਼ਾਹ ਦੀ ਸੁਰੱਖਿਆ ਵਿੱਚ 1651 ਈ. ਵਿੱਚ **ਮੁਹੰਮਦ ਹੁਸੈਨ ਤਬਰੇਜੀ** ਨੇ ਆਪਣਾ ਫਾਰਸੀ ਸ਼ਬਦਕੋਸ਼ ਬਣਾਇਆ। 1681 ਈ. ਵਿੱਚ ਬੁਸਤਮੀ ਨੇ **ਹਦੀਕਲ ਸਲਾਤੀਨ** ਸਿਰਲੇਖ ਨਾਲ ਪ੍ਰਮੁੱਖ ਫਾਰਸੀ ਕਵੀਆਂ ਦੀ ਜੀਵਨੀ ਪੇਸ਼ ਕੀਤੀ।

**ਨੋਟ**

ਮੁਹੰਮਦ ਕੁਲੀ ਕੁਤੁਬਸ਼ਾਹ ਦੇ ਸ਼ਾਸਨ ਕਾਲ ਵਿੱਚ ਕੁਤੁਬਸ਼ਾਹੀ ਰਾਜਵੰਸ਼ ਦੇ ਚਾਰ ਇਤਿਹਾਸਿਕ ਅਭਿਲੇਖਾਂ ਨੂੰ ਛੰਦ ਵਿੱਚ ਪਾਇਆ ਗਿਆ। ਅਬੂ ਇਮਾਦ ਨੇ **ਖਿਰ ਕਤੁਲ ਆਲਮ** ਨਾਮ ਦੇ ਖੰਡਾਂ ਵਿੱਚ ਇਕ ਵ੍ਰਹਦ ਸਬੰਧਿਤ ਗ੍ਰੰਥ ਬਣਾਇਆ। ਇਸ ਤੋਂ ਪਤਾ ਲੱਗਦਾ ਹੈ ਕਿ ਕੁਤੁਬਸ਼ਾਹੀ ਸ਼ਾਸਕਾਂ ਨੂੰ ਇਰਾਨੀ ਸੰਸਕ੍ਰਿਤੀ ਨਾਲ ਲਗਾਅ ਬਣਿਆ ਹੋਇਆ ਸੀ ਅਤੇ ਉਹ ਇਸ ਵਿੱਚ ਰੁਚੀ ਵੀ ਲੈਂਦੇ ਸਨ। ਨਾਲ ਹੀ ਇਹ ਵੀ ਲੱਗਦਾ ਹੈ ਕਿ ਕੁਤੁਬਸ਼ਾਹੀ ਸ਼ਾਸਕ ਆਪਣੇ ਰਾਜ ਵਿੱਚ ਆਉਣ ਵਾਲੇ ਫਾਰਸੀ ਵਿਦਵਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਅਤੇ ਸਨਮਾਨ ਕਰਦੇ ਸਨ। ਇਸ ਦੇ ਨਤੀਜੇ ਵਜੋਂ ਫਾਰਸੀ ਨੇ ਦੱਖਣ ਵਿੱਚ ਬੀਜਾਪੁਰ ਅਤੇ ਗੋਲਕੁੰਡਾ ਦੀ ਖੇਤਰੀ ਦਰਬਾਰੀ ਭਾਸ਼ਾ ਦੇ ਰੂਪ ਵਿੱਚ ਪੈਰ ਜਮਾ ਲਿਆ।

ਫਾਰਸੀ ਭਾਸ਼ਾ ਵਿੱਚ ਰਹੱਸਵਾਦੀ ਜਾਂ ਸੂਫੀ ਸਾਹਿਤ ਵੀ ਲਿਖਿਆ ਗਿਆ। ਇਸ ਦੇ ਅਧੀਨ ਸੂਫੀਆਂ ਵੱਲੋਂ ਰਹੱਸਵਾਦ 'ਤੇ ਲਿਖੇ ਸੋਧ ਗ੍ਰੰਥ, ਸੂਫੀਆਂ ਵੱਲੋਂ ਲਿਖੇ ਗਏ ਪੱਤਰ **ਮਲਫੂਜਾਤ** (ਸੂਫੀ ਸੰਤਾਂ ਦੀ ਬਹਿਸ), ਸੂਫੀਆਂ ਦੀਆਂ ਜੀਵਨੀਆਂ ਅਤੇ ਸੂਫੀ ਕਵਿਤਾ ਦੇ ਸੰਗ੍ਰਹਿ ਸ਼ਾਮਿਲ ਹਨ।

ਸ਼ਾਹਜਾਦਾ ਦਾਰਾਸ਼ਿਕੋਹ ਨੇ **ਸਕੀਨਤੁਲ ਔਲੀਆ** ਸਿਰਲੇਖਾਂ ਤੋਂ ਸੂਫੀ ਮੀਆਂ ਮੀਰ ਅਤੇ ਉਨ੍ਹਾਂ ਦੇ ਚੇਲਿਆਂ ਦੀ ਜੀਵਨੀ ਲਿਖੀ ਹੈ। **ਮਜਮ-ਉਲ-ਬਹਰੀਨ** (ਦੋ ਸਾਗਰਾਂ ਦਾ ਮਿਲਨ) ਸੂਫੀਵਾਦ ਨਾਲ ਸਬੰਧਿਤ ਇਕ ਗ੍ਰੰਥ ਹੈ। ਇਸ ਕ੍ਰਿਤੀ ਵਿੱਚ ਉਸ ਨੇ ਇਸਲਾਮੀ ਸੂਫੀ ਧਾਰਨਾਵਾਂ ਦੀ ਤੁਲਨਾ ਹਿੰਦੂ ਦਾਰਸ਼ਨਿਕ ਦ੍ਰਿਸ਼ਟੀਕੋਣ ਦੇ ਨਾਲ ਕੀਤੀ ਹੈ।

ਇਸ ਕਾਲ ਵਿੱਚ ਮੁਗਲ ਸਮਰਾਟਾਂ ਨੇ ਮਹਾਨ ਭਾਰਤੀ ਗ੍ਰੰਥਾਂ ਦਾ ਫਾਰਸੀ ਵਿੱਚ ਅਨੁਵਾਦ ਕਰਵਾ ਕੇ ਫਾਰਸੀ ਸਾਹਿਤ ਨੂੰ ਸਮਰਿੱਧ ਬਣਾਇਆ ਅਕਬਰ ਦੇ ਸਮੇਂ ਵਿੱਚ **ਸਿੰਘਾਸਨ ਬੱਤੀਸੀ**, **ਰਾਮਾਇਣ** ਅਤੇ ਕਲਹਣ ਦੀ **ਰਾਜਤਰੰਗਣੀ** ਦਾ ਅਨੁਵਾਦ ਹੋ ਚੁੱਕਾ ਸੀ। ਇਹ ਸਾਰੇ ਅਨੁਵਾਦ ਬਦਾਯੂੰਨੀ ਨੇ ਕੀਤੇ ਸਨ।

*ਕੀ ਤੁਸੀਂ ਜਾਣਦੇ ਹੋ*

ਮੁਗਲ ਦਰਬਾਰ ਵਿੱਚ ਵਿਕਸਿਤ ਹੋ ਰਹੇ ਫਾਰਸੀ ਸਾਹਿਤ ਦਾ ਖਤੇਰੀ ਸਾਹਿਤ ਦੇ ਵਿਕਾਸ 'ਤੇ ਚੰਗਾ-ਖਾਸਾ ਪ੍ਰਭਾਵ ਪਿਆ। ਸਾਹਿਤਕ ਉਰਦੂ ਭਾਸ਼ਾ ਦਾ ਵਿਕਾਸ ਇਸੇ ਦਾ ਨਤੀਜਾ ਸੀ। ਪੰਜਾਬੀ ਪਸ਼ਤੋ, ਸਿੰਧੀ, ਬਲੂਚੀ ਅਤੇ ਕਸ਼ਮੀਰੀ ਵਰਗੀਆਂ ਭਾਸ਼ਾਵਾਂ ਦੇ ਵਿਕਾਸ ਵਿੱਚ ਵੀ ਫਾਰਸੀ ਪ੍ਰੰਪਰਾ ਦਾ ਮਹੱਤਵਪੂਰਨ ਯੋਗਦਾਨ ਹੈ।

### 12.1.2 ਸੰਸਕ੍ਰਿਤ

ਮੱਧ ਕਾਲ ਵਿੱਚ ਸੰਸਕ੍ਰਿਤ ਦਰਬਾਰ ਦੀ ਮੁੱਖ ਭਾਸ਼ਾ ਨਹੀਂ ਰਹਿ ਗਈ। ਹਾਲਾਂਕਿ ਮੁਗਲ ਸਮਰਾਟਾਂ ਅਤੇ ਦਾਰਾ ਵਰਗੇ ਰਾਜ ਕੁਮਾਰਾਂ ਨੇ ਸੰਸਕ੍ਰਿਤੀ ਵਿਦਵਾਨਾਂ ਨੂੰ ਸੁਰੱਖਿਆ ਦਿੱਤੀ ਪਰ ਉਤਰ ਭਾਰਤ ਵਿੱਚ ਇਸ ਦਾ ਪਹਿਲਾਂ ਵਰਗਾ ਮਹੱਤਵ ਨਹੀਂ ਰਿਹਾ। ਦੂਸਰੇ ਪਾਸੇ ਦੱਖਣ ਵਿੱਚ ਮਾਧਵਾਚਾਰਿਆ ਅਤੇ ਸ਼ੰਕਰਾਚਾਰਿਆ ਦੇ ਪ੍ਰਭਾਵ ਦੇ ਕਾਰਨ ਸੰਸਕ੍ਰਿਤ ਸਾਹਿਤ ਵੱਧਦਾ-ਫੁੱਲਦਾ ਰਿਹਾ ਅਤੇ ਵਿਜੈ ਨਗਰ ਦੇ ਰਾਜਿਆਂ ਨੇ ਉਸ ਨੂੰ ਸੁਰੱਖਿਆ ਵੀ ਪ੍ਰਦਾਨ ਕੀਤੀ। 1565 ਈ. ਦੇ ਬਾਅਦ ਤੁਲੁਵ ਅਤੇ ਅਰਵਿਡੁ ਰਾਜਵੰਸ਼ ਦੇ ਸ਼ਾਸਕਾਂ, ਤੰਜੌਰ ਦੇ ਨਾਇਕਾਂ ਅਤੇ ਕੋਚੀਨ ਅਤੇ ਤ੍ਰਾਵਣਕੋਰ ਦੇ ਸਰਦਾਰਾਂ ਨੇ ਸੰਸਕ੍ਰਿਤ ਨੂੰ ਸੁਰੱਖਿਆ ਦੀ ਪ੍ਰੰਪਰਾ ਜਾਰੀ ਰੱਖੀ। ਮਹਾਕਾਵਿ, ਸ਼ਲੇਸ਼ ਕਾਵਿ, ਚੰਪੂ ਕਾਵਿ, ਨਾਟਕ ਅਤੇ ਖਾਸ ਕਰਕੇ ਇਤਿਹਾਸਿਕ ਕਾਵਿ ਸਮੇਤ ਸੰਸਕ੍ਰਿਤੀ ਸਾਹਿਤ ਦੀਆਂ ਕਈ ਵਿਧਾਵਾਂ ਵਿਕਸਿਤ ਹੁੰਦੀਆਂ ਰਹੀਆਂ। ਮਹਾਕਾਵਿ ਦੇ ਖੇਤਰ ਵਿੱਚ ਤੰਜੌਰ ਦੇ ਸ਼ਾਸਕ ਰਘੁਨਾਥ ਨਾਇਕ ਅਤੇ ਉਸ ਦੇ ਦਰਬਾਰੀ ਕਵੀਆਂ ਦਾ ਵਰਨਣ ਕੀਤਾ ਜਾ ਸਕਦਾ ਹੈ, ਉਸ ਦੀਆਂ ਕਈ ਕ੍ਰਿਤੀਆਂ ਵਿੱਚ ਉਸ ਦੇ ਪਿਤਾ ਅਚਯੁਤ ਦੀ ਜੀਵਨੀ ਦਾ ਵਿਸ਼ੇਸ਼ ਮਹੱਤਵ ਹੈ। ਜਿਨਜੀ ਦੇ ਨਾਇਕਾਂ ਦੇ ਇਕ ਮੰਤਰੀ **ਸ਼੍ਰੀ ਨਿਵਾਸ ਦੀਕਸ਼ਿਤ** ਨੇ ਕਈ ਰਚਨਾਵਾਂ ਲਿਖੀਆਂ ਸਨ। ਉਸ ਦੀਆਂ ਰਚਨਾਵਾਂ ਵਿੱਚ 18 ਨਾਟਕ ਅਤੇ 60 ਕਾਵਿ ਗ੍ਰੰਥ ਸ਼ਾਮਿਲ ਹਨ। **ਗੋਵਿੰਦ ਦੀਕਸ਼ਿਤ** ਤੰਜੋਰ ਦੇ ਨਾਇਕ ਦੇ ਦਰਬਾਰ ਦਾ ਇਕ ਹੋਰ ਮਹਾਨ ਸਾਹਿਤਕਾਰ ਸੀ, **ਸਾਹਿਤ ਸੁਧਾ** ਅਤੇ **ਸੰਗੀਤ ਸੁਧਾਨਿਧੀ** ਉਸ ਦੀਆਂ ਮਹਾਨ ਰਚਨਾਵਾਂ ਹਨ।

ਵੇਲਲੋਰ ਦੇ ਨਾਇਕ ਸਰਦਾਰਾਂ ਨੇ ਇਕ ਹੋਰ ਸੰਸਕ੍ਰਿਤ ਵਿਦਵਾਨ **ਅੱਪਯ ਦੀਕਸ਼ਿਤ** (1520-92 ਈ.) ਨੂੰ ਪ੍ਰਸ਼੍ਰਯ ਦਿੱਤਾ ਸੀ। ਉਸ ਨੇ ਸੰਸਕ੍ਰਿਤੀ ਦੀ ਗਿਆਨ ਪ੍ਰੰਪਰਾ ਦੀਆਂ ਕਈ ਸ਼ਾਖਾਵਾਂ 'ਤੇ ਸੌ ਤੋਂ ਜ਼ਿਆਦਾ ਗ੍ਰੰਥ ਲਿਖੇ। **ਨੀਲਾਂਤ ਦੀਕਸ਼ਿਤ** (17ਵੀਂ ਸਦੀ) ਮਦੁਰਾ ਦੇ ਤਿਮੱਲਨਾਇਕ ਦਾ ਇਕ ਮੰਤਰੀ ਸੀ, ਉਸ ਨੇ ਕਈ ਮਹਾਕਾਵਿ ਲਿਖੇ। ਸ਼ਿਵ ਲੀਲਾ ਅਤੇ ਭਾਗੀਰਥ ਦੀ ਤਪੱਸਿਆ ਨਾਲ ਸਬੰਧਿਤ ਉਸ ਦੇ ਕਾਵਿ ਨੂੰ ਵਿਦਵਾਨ ਉਚ ਕੋਟੀ ਦਾ ਮੰਨਦੇ ਹਨ।

ਇਸ ਕਾਲ ਇਕ ਮਹੱਤਵਪੂਰਨ ਸੰਸਕ੍ਰਿਤੀ ਕਾਵਿ **ਚੱਕਰ ਕਾਵਿ**, ਕੋਜ਼ੀਕੋਡ ਦੇ ਰਾਜਾ **ਮਾਨਦੇਵ ਜਮੋਰੀ** (1637-1648 ਈ.) ਦਾ ਮਿੱਤਰ ਸੀ। ਉਸ ਨੇ **ਜਾਨਕੀ ਪਰਿਣਯ** ਅਤੇ **ਨਾਰਾਇਣ** ਜਾਂ **ਨਾਰਾਇਣ ਭੱਟਤੀਰੇ** ਨਾਮ ਦੇ ਮਹੱਤਵਪੂਰਨ ਗ੍ਰੰਥ ਲਿਖੇ। ਮਾਨਦੇਵ ਜਮੋਰੀ ਨੇ ਸੰਸਕ੍ਰਿਤ ਸਾਹਿਤ ਨੂੰ ਕਾਵਿ, ਮੀਮਾਂਸਾ, ਵਿਆਕਰਣ ਆਦਿ ਦੇ ਖੇਤਰ ਵਿੱਚ ਮਹੱਤਵਪੂਰਨ ਗ੍ਰੰਥ ਦਿੱਤੇ। ਮਹਾਕਾਵਿ ਦੇ ਖੇਤਰ ਵਿੱਚ ਉਹ ਬਹੁਤ ਪ੍ਰਤਿਭਾਵਾਨ ਸੀ। ਉਸ ਨੂੰ ਕੇਰਲ ਦਾ ਮਹਾਨ ਕਾਵਿ ਮੰਨਿਆ ਗਿਆ।

ਇਸ ਕਾਲ ਵਿੱਚ ਲਿਖੇ ਗਏ ਇਤਿਹਾਸਿਕ 'ਕਾਵਾਂ ਅਤੇ 'ਨਾਟਕਾਂ' ਵਿੱਚ ਉਨ੍ਹਾਂ ਸੰਸਕ੍ਰਿਤ ਲੇਖਕਾਂ ਦੇ ਸਮਾਜਿਕ ਦ੍ਰਿਸ਼ਟੀਕੋਣ ਦੀ ਝਲਕ ਮਿਲਦੀ ਹੈ ਜੋ ਹਾਲੇ ਤੱਕ ਸ਼ਾਸਤਰੀ ਨਿਸਮਾਂ ਦੀ ਵਕਾਲਤ ਕਰਦੇ ਆ ਰਹੇ ਸਨ। ਇਕ ਰੋਚਕ ਤੱਥ ਇਹ ਹੈ ਕਿ ਉਨ੍ਹਾਂ ਅਰੰਭਿਕ ਇਤਿਹਾਸਿਕ ਕਾਵਾਂ ਵਿੱਚੋਂ ਇਕ ਕਾਵਿ ਇਕ ਮਹਿਲਾ ਵੱਲੋਂ ਵੀ ਰਚਿਤ ਹੈ। ਇਸ ਦਾ **ਤਿਰੁਮੱਲਲਾਂਬਾ** ਹੈ, ਜਿਸ ਨੂੰ ਅਭਿਲੇਖ ਵਿੱਚ **'ਪਾਠਕ'** ਦੱਸਿਆ ਗਿਆ ਹੈ। ਉਸ ਦੀ ਕ੍ਰਿਤੀ **'ਵਰਦਗੁੰਬਿਕਾ ਪਰਿਣਯ'** ਵਿੱਚ ਅਚਯੁਤਦੇਵਰਾਏ ਦੇ ਵਿਆਹ ਦੀ ਕਥਾ ਹੈ। ਇਸ ਕ੍ਰਿਤੀ ਦਾ ਇਤਿਹਾਸਿਕ ਮਹੱਤਵ ਹੋਣ ਦੇ ਨਾਲ-ਨਾਲ ਇਹ ਉਸ ਕਾਲ ਵਿੱਚ 'ਚੰਪੂ' ਕਾਵਿ ਦਾ ਬੇਹਤਰੀਨ ਨਮੂਨਾ ਵੀ ਹੈ।

ਤੰਜੌਰ ਦੇ ਰਘੂਮੱਲ ਨਾਇਕ ਦੀ ਵੀਰਤਾ ਲੈ ਕੇ ਕਈ ਵੀਰ ਕਾਵਿ ਲਿਖੇ ਗਏ ਪਰ ਇਨ੍ਹਾਂ ਵਿੱਚ ਗੋਬਿੰਦ ਦੀਕਸ਼ਿਤ ਰਚਿਤ **ਰਘੁਨਾਥਭਯੁਦੇ** ਵਰਨਣ ਯੋਗ ਹੈ। ਇਸ ਵਿੱਚ ਕਈ ਇਤਿਹਾਸਿਕ ਘਟਨਾਵਾਂ ਦਾ ਵਰਨਣ ਹੈ।

ਸ਼ਿਵਾਜੀ ਅਤੇ ਉਨ੍ਹਾਂ ਦੇ ਪੁੱਤਰ ਦੇ ਜੀਵਨ ਨੂੰ ਅਧਾਰ ਬਣਾ ਕੇ ਲਿਖੇ ਗਏ ਕਈ ਮਹਾਕਾਵਿ ਮਰਾਠਾ ਇਤਿਹਾਸ ਦੇ ਮਹੱਤਵਪੂਰਨ ਸਰੋਤ ਹਨ। ਇਸ ਸਬੰਧ ਵਿੱਚ **'ਅਨੁਭਰਤ'** ਜਾਂ **'ਸ਼ਿਵ ਭਰਤ'** ਨਾਮ ਦੇ ਕਾਵਿ ਸਭ ਤੋਂ ਜ਼ਿਆਦਾ ਮਹੱਤਵਪੂਰਨ ਹਨ। ਸ਼ਿਵਾਜੀ ਦੇ ਸਮਕਾਲੀਨ ਕਵਿੰਦਰ ਪ੍ਰਮਾਨੰਦ ਨੇ ਇਹ ਕੰਮ ਸ਼ੁਰੂ ਕੀਤਾ। ਉਸ ਦੇ ਪੁੱਤਰ ਦੇਵਦੱਤ ਨੇ ਇਸ ਨੂੰ ਜਾਰੀ ਰੱਖਿਆ ਅਤੇ ਉਸ ਦੇ ਪੋਤੇ ਗੋਬਿੰਦ ਨੇ ਸੰਭਾਜੀ ਦੇ ਜੀਵਨ ਦਾ ਵਰਨਣ ਕੀਤਾ।

ਇਕ ਰੋਚਕ ਤੱਤ ਇਹ ਹੈ ਕਿ ਇਤਿਹਾਸਿਕ ਕਾਵਾਂ ਵਿੱਚ ਦਰਬਾਰੀ ਕਵੀਆਂ ਨੇ ਮੁਸਲਮਾਨ ਸ਼ਾਸਕਾਂ ਨੂੰ ਵੀ ਨਾਇਕ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਭਾਵ, ਪੰਡਿਤ ਨੇ ਦਾਰਾਸ਼ਿਕੋਹ ਦੀ ਪ੍ਰਸ਼ੰਸਾ ਵਿੱਚ **ਜਗਦਭ** ਅਤੇ ਆਸਫ ਖਾਂ ਦੇ ਲਈ **ਆਸਫ ਵਿਲਾਸ** ਨਾਮ ਦਾ ਗ੍ਰੰਥ ਲਿਖਿਆ। ਦਾਰਾਸ਼ਿਕੋਹ ਨੇ ਖੁਦ ਬਨਾਰਸ ਦੇ ਨਰਸਿੰਘ ਸਰਸਵਤੀ ਦੇ ਸਨਮਾਨ ਵਿੱਚ ਇਕ ਪ੍ਰਸ਼ਸਤੀ ਦੀ ਰਚਨਾ ਕੀਤੀ।

ਦੱਖਣ ਭਾਰਤ ਵਿੱਚ ਲਿਖੇ ਗਏ ਤਰਕਸ਼ਾਸਤਰ ਗ੍ਰੰਥਾਂ ਵਿੱਚ ਸਭ ਤੋਂ ਜ਼ਿਆਦਾ ਲੋਕਪ੍ਰਿਯ **ਤਰਕ ਸੰਗ੍ਰਹਿ** (ਲੱਗਭਗ 1625 ਈ.) ਹੈ। ਇਸ ਦਾ ਲੇਖਕ ਅਨਾਮਭੱਟ ਚਿਤੂੱਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਉਸ ਨੇ ਕਈ ਦਾਰਸ਼ਨਿਕ ਗ੍ਰੰਥਾਂ 'ਤੇ ਟੀਕਾਵਾ ਵੀ ਲਿਖੀਆ ਸਨ। ਦੈਤ ਦਰਸ਼ਨ ਦੇ ਖੇਤਰ ਵਿੱਚ ਵਿਯਸਰਾਯ (ਮ੍ਰਿ. 1537 ਈ) ਅਤੇ ਇਸ ਦੇ ਚੇਲੇ ਵਿਜੈਂਦਰ (1576 ਈ.) ਦਾ ਵਿਸ਼ੇਸ਼ ਯੋਗਦਾਨ ਹੈ। ਵਿਜੈਰਾਏ ਨੇ **ਭਦੋਜਜੀਵਨ, ਤਾਤਪਰਿਆ ਚੰਦ੍ਰਿਕਾ** ਅਤੇ **ਨਿਆ ਮਿੱਤਰ** ਨਾਮ ਦਾ ਗ੍ਰੰਥ ਲਿਖਿਆ। ਵਿਜੈਂਦਰ ਨੇ **ਉਪਸੰਹਾਰਵਿਜੈ** ਅਤੇ **ਮਾਧਵ ਤੰਤਰਮੁੱਖ ਭੂਸ਼ਣ** ਨਾਮ ਦੀਆਂ ਰਚਨਾਵਾਂ ਲਿਖੀਆਂ। ਅਹਿਮਦਨਗਰ ਦੇ ਨਿਜਾਮਸ਼ਾਹੀ ਦਰਬਾਰ ਦੇ ਉਚ ਪਦਾਧਿਕਾਰੀ ਦਲਪਤੀ (1490-1533 ਈ.) ਨੇ **ਨਰਸਿੰਹਪ੍ਰਦ** ਨਾਮ ਦਾ ਵ੍ਰਹਦ ਗ੍ਰੰਥ ਲਿਖਿਆ, ਜੋ ਧਰਮ ਅਤੇ ਨਾਗਰਿਕ ਕਾਨੂੰਨਾਂ ਨਾਲ ਸਬੰਧਿਤ ਸੀ।

ਉਪਰ ਦਿੱਤੀਆਂ ਗਈਆਂ ਸਾਰੀਆਂ ਉਦਾਹਰਣਾਂ ਦੇ ਬਾਵਜੂਦ ਸੰਸਕ੍ਰਿਤ ਸਾਹਿਤ ਪਤਨੋਮੁੱਖ ਸੀ। ਲੇਖਕ ਮੂਲ ਰਚਨਾਵਾਂ ਨੂੰ ਲਿਖਣ ਦੀ ਬਜਾਏ ਟੀਕਾਵਾਂ 'ਤੇ ਜ਼ਿਆਦਾ ਧਿਆਨ ਕੇਂਦ੍ਰਿਤ ਕਰ ਰਹੇ ਸਨ। ਹਾਲਾਂਕਿ ਵਿਗਿਆਨਿਕ ਗ੍ਰੰਥ ਲਿਖੇ ਜਾ ਰਹੇ ਸਨ ਅਤੇ ਸੰਗੀਤ ਦਰਸ਼ਨ 'ਤੇ ਅਧਿਐਨ ਜਾਰੀ ਸੀ ਪਰ ਇਨ੍ਹਾਂ ਦੀ ਸੰਖਿਆ ਕਾਫੀ ਘੱਟ ਸੀ। ਮੁੱਖ ਰੂਪ ਵਿੱਚ ਇਸ ਸਮੇਂ ਸ਼ਿਲਪ ਦੀ ਤਕਨੀਕ ਅਤੇ ਵਿਆਕਰਣ ਗ੍ਰੰਥਾਂ ਦੀਆਂ ਟੀਕਾਵਾਂ ਨਾਲ ਸਬੰਧਿਤ ਗ੍ਰੰਥ ਲਿਖੇ ਗਏ। ਸੰਸਕ੍ਰਿਤ ਸਾਹਿਤ ਦੇ ਖਾਤਮੇ ਦਾ ਇਕ ਮਹੱਤਵਪੂਰਨ ਕਰਨ ਇਸ ਦੌਰਾਨ ਦੇਸੀ ਸਾਹਿਤ ਦਾ ਉਦੈ ਮੰਨਿਆ ਜਾਂਦਾ ਹੇ। ਭਗਤੀ ਅੰਦੋਲਨ ਨੇ ਪੂਰੇ ਦੇਸ਼ ਨੂੰ ਪ੍ਰਭਾਵਿਤ ਕੀਤਾ। ਇਸ ਨਾਲ ਖੇਤਰੀ ਕਾਵਿ ਆਪਣੀ ਬੋਲਚਾਲ ਦੀ ਭਾਸ਼ਾ ਵਿੱਚ ਛੰਦਬੱਧ ਕਾਵਿ ਲਿਖਣ ਨੂੰ ਪ੍ਰੇਰਿਤ ਹੋਏ। ਇਨ੍ਹਾਂ ਸਾਹਿਤਕ ਕਿਰਤੀਆਂ ਦੀ ਲੋਕਪ੍ਰਿਯਤਾ ਦਾ ਅੰਦਾਜ਼ਾ ਇਸੇ ਨਾਲ ਲਗਾਇਆ ਜਾ ਸਕਦਾ ਹੈ ਕਿ ਸਧਾਰਣ ਜਨ ਦੇ ਨਾਲ-ਨਾਲ ਕੁਲੀਨ ਵਰਗ ਵੀ ਇਸੇ ਵੱਲ ਤੇਜ਼ੀ ਨਾਲ ਆਕਰਸ਼ਿਤ ਹੋਇਆ।

### 12.1.3 ਉਤਰ ਭਾਰਤ

ਉਤਰ ਭਾਰਤ ਵਿੱਚ ਮੁੱਖ ਰੂਪ ਨਾਲ ਹਿੰਦੀ, ਉਰਦੂ ਅਤੇ ਪੰਜਾਬੀ ਭਾਸ਼ਾ ਵਿੱਚ ਸਾਹਿਤ ਦੀ ਰਚਨਾ ਹੋਈ।

#### (ਕ) ਹਿੰਦੀ

ਹਿੰਦੀ ਭਾਸ਼ਾ ਦੇ ਵਿਕਾਸ ਦੀ ਕਹਾਣੀ ਲੰਬੀ ਹੈ। ਜੇਕਰ ਕਈ ਕਾਲਾਂ ਅਤੇ ਦੌਰਾਂ ਤੋਂ ਗੁਜ਼ਰ ਕੇ ਆਪਣੇ ਆਧੁਨਿਕ ਸਵਰੂਪ ਵਿੱਚ ਸਾਹਮਣੇ ਆਈ ਹੈ। ਉਤਰੀ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਦਾ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ। ਇਨ੍ਹਾਂ ਬੋਲੀਆਂ ਵਿੱਚ ਬ੍ਰਜਭਾਸ਼ਾ, ਸਮਾਂ, ਰਾਜਸਥਾਨੀ, ਮੈਥਿਲੀ, ਭੋਜਪੁਰੀ, ਮਾਲਵੀ ਆਦਿ ਮੁੱਖ ਹਨ। ਹਿੰਦਾਂ ਦੇ ਇਕ ਮਿਸ਼ਰਿਤ ਰੂਪ ਖੜੀ ਬੋਲੀ ਦਾ ਉਦੈ ਵੀ 15ਵੀਂ-16ਵੀਂ ਸਦੀ ਦੇ ਦੌਰਾਨ ਹੋਇਆ।

ਹਿੰਦੀ ਦਾ ਉਦਗਮ ਸੱਤਵੀਂ ਤੋਂ ਦਸਵੀਂ ਸਦੀ ਦੇ ਵਿੱਚ ਹੋਇਆ। ਇਸ ਸਮੇਂ ਹਿੰਦੀ ਅਪਭ੍ਰੰਸ਼ ਨਾਲ ਵਿਕਸਿਤ ਹੋ ਰਹੀ ਸੀ। ਹਿੰਦੀ ਸਾਹਿਤ ਦੇ ਅਰੰਭਿਕ ਕਾਲ ਨੂੰ **ਵੀਰਗਾਥਾ ਕਾਲ** ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਕਾਲ ਵਿੱਚ ਕਵੀਆਂ ਨੇ ਰਾਜਪੂਤ ਰਾਜਿਆਂ ਅਤੇ ਸਰਦਾਰਾਂ ਦੀਆਂ ਕਿਰਤੀਆਂ ਵਿੱਚ ਕਾਵਿ ਰਚਨਾਵਾਂ ਕੀਤੀਆਂ। ਅਜਿਹੀਆਂ ਕਵਿਤਾਵਾਂ ਵਿੱਚ 'ਪ੍ਰਿਥਵੀਰਾਜ ਰਾਸੋ', 'ਹਮੀਰ ਰਾਸੋ' ਆਦਿ ਮੁੱਖ ਹਨ।

ਨੋਟ

ਇਸ ਤੋਂ ਬਾਅਦ **ਭਗਤੀ ਕਾਲ** ਦਾ ਦੌਰ ਸ਼ੁਰੂ ਹੋਇਆ। ਕਬੀਰ ਇਸ ਯੁੱਗ ਦੇ ਸਭ ਤੋਂ ਮਹੱਤਵਪੂਰਨ ਕਵੀ ਸਨ। ਇਹ ਪ੍ਰੰਪਰਾ 16ਵੀਂ-17ਵੀਂ ਸਦੀਆਂ ਵਿੱਚ ਵੀ ਜਾਰੀ ਰਹੀ। ਸੰਸਕ੍ਰਿਤ ਦੇ ਭ੍ਰਿਸ਼ਟ ਰੂਪ ਮਾਗਧੀ-ਪ੍ਰਾਕ੍ਰਿਤ ਨਾਲ ਹਿੰਦੀ ਭਾਸ਼ਾ ਦਾ ਵਿਕਾਸ ਹੋਇਆ ਅਤੇ ਭਗਤੀ ਕਾਲ ਵਿੱਚ ਇਸ ਭਾਸ਼ਾ ਵਿੱਚ ਮਹੱਤਵਪੂਰਨ ਰਚਨਾਵਾਂ ਸਾਹਮਣੇ ਆਈਆਂ। ਗੋਸਵਾਮੀ ਤੁਲਸੀਦਾਸ ਨੇ ਆਪਣੇ ਲਿਖਣ ਦੇ ਮਾਧਿਅਮ ਨਾਲ ਇਸ ਭਾਸ਼ਾ ਨੂੰ ਸੁਰਜਨਾਤਮਕ ਸ਼ਕਤੀ ਪ੍ਰਦਾਨ ਕੀਤੀ। ਉਨ੍ਹਾਂ ਦਾ ਜਨਮ 1523 ਈ. ਦੇ ਆਸ-ਪਾਸ ਪੂਰਬੀ ਉਤਰ ਪ੍ਰਦੇਸ਼ ਵਿੱਚ ਹੋਇਆ ਸੀ। ਉਨ੍ਹਾਂ ਨੇ ਸੰਨਿਆਸ ਧਾਰਨ ਕਰ ਲਿਆ ਅਤੇ 1574 ਈ. ਵਿੱਚ ਆਪਣੀ ਵਿਖਿਆਤ ਪੁਸਤਕ **ਰਾਮਚਰਿਤ ਮਾਨਸ** ਦੀ ਰਚਨਾ ਸ਼ੁਰੂ ਕੀਤੀ। ਤੁਲਸੀਦਾਸ ਨੇ ਇਸ ਦੀ ਰਚਨਾ ਲੋਕ ਭਾਸ਼ਾ 'ਅਵਧੀ' ਵਿੱਚ ਕੀਤੀ। ਲੋਕ ਭਾਸ਼ਾ ਵਿੱਚ ਲਿਖੇ ਹੋਣ ਦੇ ਕਾਰਨ ਇਹ ਗ੍ਰੰਥ ਬਹੁਤ ਜ਼ਿਆਦਾ ਲੋਕਪ੍ਰਿਯ ਹੋਇਆ। ਤੁਲਸੀਦਾਸ ਨੇ ਆਪਣੇ ਇਸ ਗ੍ਰੰਥ ਵਿੱਚ ਰਾਮ ਨੂੰ ਆਦਰਸ਼ ਪੁਰਸ਼ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਵਿੱਚ ਉਨ੍ਹਾਂ ਨੇ ਭਗਤੀ ਦਾ ਆਦਰਸ਼ ਸਥਾਪਿਤ ਕੀਤਾ।

ਤੁਲਸੀਦਾਸ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ ਪਰ **ਵਿਨਯ ਪੱਤ੍ਰਿਕਾ** ਵਿੱਚ ਉਨ੍ਹਾਂ ਦਾ ਦਰਸ਼ਨ ਮੁਖਰ ਹੋਇਆ ਹੈ। ਹਾਲਾਂਕਿ ਉਨ੍ਹਾਂ ਨੇ ਈਸ਼ਵਰ ਮਾਤਰ ਦੇ ਪ੍ਰਤੀ ਪੂਰਨ ਸੰਪੂਰਨ ਦੀ ਭਾਵਨਾ ਦੀ ਸਿੱਖਿਆ ਦਿੱਤੀ ਸੀ ਪਰ ਆਪਣੇ ਵਿਅਕਤੀਗਤ ਜੀਵਨ ਵਿੱਚ ਉਹ ਇਕ ਈਸ਼ਵਰ ਦੀ ਪੂਜਾ ਕਰਦੇ ਸਨ ਅਤੇ ਉਸੇ ਦੇ ਪ੍ਰਤੀ ਸਮਰਪਿਤ ਸਨ। ਤੁਲਸੀਦਾਸ ਨੇ ਨਾਭਾਦਾਸ ਵਰਗੇ ਹੋਰ ਭਗਤ ਕਵੀਆਂ ਨੂੰ ਵੀ ਪ੍ਰੇਰਿਤ ਕੀਤਾ, ਜਿਨ੍ਹਾਂ ਨੇ 'ਭਗਤਮਾਲ' ਦੀ ਰਚਨਾ ਕੀਤੀ ਸੀ, ਜਿਸ ਵਿੱਚ ਪ੍ਰਾਚੀਨ ਕਾਲ ਦੇ ਵੈਸ਼ਨੋ ਸੰਤਾਂ ਦਾ ਵਰਨਣ ਕੀਤਾ ਗਿਆ ਸੀ।

ਰਾਮ ਤੋਂ ਇਲਾਵਾ ਕ੍ਰਿਸ਼ਨ ਦੀ ਵੀ ਈਸ਼ਵਰ ਦੇ ਅਵਤਾਰ ਦੇ ਰੂਪ ਵਿੱਚ ਪੂਜਾ ਕੀਤੀ ਗਈ ਅਤੇ ਉਨ੍ਹਾਂ ਦੇ ਪ੍ਰਤੀ ਭਗਤੀ-ਭਾਵ ਪ੍ਰਗਟ ਕੀਤਾ ਗਿਆ। ਕ੍ਰਿਸ਼ਨ ਦੇ ਪ੍ਰਤੀ ਭਗਤੀ ਕਰਨ ਵਾਲੇ ਕਵੀਆਂ ਨੂੰ **'ਅਸ਼ਟਛਾਪ'** ਦੇ ਨਾਮ ਨਾਲ ਜਾਣਿਆ ਗਿਆ। 'ਅਸ਼ਟਛਾਪ' ਦੇ ਸਾਰੇ ਅੱਠ ਕਵੀ ਵੱਲਭਾਚਾਰਿਆ ਦੇ ਚੇਲੇ ਸਨ, ਇਨ੍ਹਾਂ ਵਿੱਚ ਸੂਰਦਾਰ ਸਰਵੋਤਮ ਮੰਨੇ ਗਏ। ਉਨ੍ਹਾਂ ਦਾ ਰਚਨਾ ਕਾਲ 1503-1563 ਈ. ਦੇ ਦਰਮਿਆਨ ਦਾ ਹੈ। ਮੀਰਾ ਬਾਈ ਨੇ ਕ੍ਰਿਸ਼ਨ ਭਗਤੀ ਨੂੰ ਇਕ ਆਯਾਮ ਦਿੱਤਾ। ਰਾਜਪੂਤ ਘਰਾਣੇ ਦੀ ਇਸ ਰਾਣੀ ਨੇ ਸੰਨਿਆਸਣੀ ਦਾ ਰੂਪ ਧਾਰਨ ਕੀਤਾ। ਮੀਰਾ ਖੁਦ ਕਈ ਰੋਮਾਂਟਿਕ ਦੰਤ ਕਥਾਵਾਂ ਦੀ ਨਾਇਕਾ ਬਣ ਗਈ। ਆਪਣੇ ਗੀਤਾਂ ਵਿੱਚ ਉਨ੍ਹਾਂ ਨੇ ਕ੍ਰਿਸ਼ਨ ਨੂੰ ਪ੍ਰੇਮੀ ਦੇ ਰੂਪ ਵਿੱਚ ਚਿੱਤਰਿਤ ਕੀਤਾ ਅਤੇ ਮੰਨਣ ਵਾਲੇ ਭਗਵਾਨ ਪ੍ਰਤੀ ਇਕ "ਭਗਤ" ਦੇ ਬਰਾਬਰ ਖੁਦ ਨੂੰ ਪੂਰਨ ਰੂਪ ਵਿੱਚ ਸਮਰਪਿਤ ਕਰ ਦਿੱਤਾ। ਇਹ ਗੀਤ ਮੂਲ ਰੂਪ ਵਿੱਚ ਰਾਜਸਥਾਨ ਦੀ ਮਾਰਵਾੜੀ ਬੋਲੀ ਵਿੱਚ ਰਚੇ ਗਏ ਸਨ ਪਰ ਬਾਅਦ ਵਿੱਚ ਬੋਲਚਾਲ ਦੇ ਕ੍ਰਮ ਵਿੱਚ ਉਸ 'ਤੇ ਬ੍ਰਜ ਭਾਸ਼ਾ ਦਾ ਪ੍ਰਭਾਵ ਪੈ ਗਿਆ। ਇਹ ਭਾਸ਼ਾ ਮੁੱਖ ਰੂਪ ਵਿੱਚ ਮਥੁਰਾ ਅਤੇ ਉਸ ਦੇ ਨੇੜੇ-ਤੇੜੇ ਦੇ ਹਿੱਸਿਆਂ ਵਿੱਚ ਲੋਕਪ੍ਰਿਯ ਸੀ।

ਸੂਫੀ ਕਵੀਆਂ ਨੇ ਅਵਧੀ ਭਾਸ਼ਾ ਵਿੱਚ ਆਪਣੀਆਂ ਰਚਨਾਵਾਂ ਲਿਖੀਆਂ ਅਤੇ ਆਪਣੇ ਰਹੱਸਵਾਦੀ ਦਰਸ਼ਨ ਨੂੰ ਪ੍ਰਗਟ ਕਰਨ ਲਈ ਲੋਕ ਕਥਾਵਾਂ ਦਾ ਸਹਾਰਾ ਲਿਆ। ਜ਼ਿਆਦਾਤਰ ਪ੍ਰੇਮ ਕਥਾਵਾਂ ਹੀ ਪ੍ਰਗਟਾਵੇ ਦਾ ਮਾਧਿਅਮ ਬਣੀਆਂ। ਇਸ ਤਰ੍ਹਾਂ ਦੇ ਲੇਖਕਾਂ ਵਿੱਚ **ਚੰਦਾਇਤ** ਦੇ ਲੇਖਕ ਮੁੱਲਾ ਦਾਊਦ ਅਤੇ **ਮ੍ਰਗਾਵਤੀ** ਦੇ ਲੇਖਕ ਕੁਤੁਬਨ ਦਾ ਨਾਮ ਲਿਆ ਜਾ ਸਕਦਾ ਹੈ ਪਰ ਇਸ ਪ੍ਰੰਪਰਾ ਦੇ ਮਹਾਨ ਕਵੀ 'ਮਲਿਕ ਮੁਹੰਮਦ ਜਾਇਸੀ' ਸਨ, ਜਿਨ੍ਹਾਂ ਨੇ 1520-40 ਈ. ਦੇ ਵਿਚਕਾਰ ਆਪਣੇ ਪ੍ਰਸਿੱਧ ਗ੍ਰੰਥ **ਪਦਮਾਵਤ** ਦੀ ਰਚਨਾ ਕੀਤੀ। ਇਸ ਵਿੱਚ ਅਲਾਊਦੀਨ ਖਿਲਜੀ ਅਤੇ ਚਿਤੌੜ ਦੀ ਰਾਣੀ ਪਦਮਿਨੀ ਨੂੰ ਲੋਕਪ੍ਰਿਯ ਕਥਾ ਦਾ ਵਿਸਥਾਰ ਨਾਲ ਰਹੱਸਵਾਦੀ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਇਹ ਕ੍ਰਿਤੀ ਵਿਸ਼ੇ ਦੀ ਦ੍ਰਿਸ਼ਟੀ ਨਾਲ ਤਾਂ ਵਰਨਣਯੋਗ ਹੈ ਇਸ ਵਿੱਚ ਅਵਧੀ ਭਾਸ਼ਾ ਨੂੰ ਇਕ ਨਵਾਂ ਰੂਪ ਵੀ ਪ੍ਰਦਾਨ ਕੀਤਾ ਗਿਆ ਹੈ। ਇਸ ਵਿੱਚ ਅਵਧੀ ਭਾਸ਼ਾ 'ਚ ਸਰਜਨਾਤਮਕ ਸਮਰੱਥਾ ਵਿੱਚ ਵਾਧਾ ਹੋਇਆ। 17ਵੀਂ ਅਤੇ 18ਵੀਂ ਸ਼ਤਾਬਦੀ ਦੇ ਮੁਸਲਮਾਨ ਕਵੀਆਂ ਵਿੱਚ ਉਸਮਾਨ ਸ਼ੇਖ ਨਬੀ, ਕਾਸਿਮ ਅਤੇ ਮੀਰ ਮੁਹੰਮਦ ਵਰਨਣਯੋਗ ਹਨ। ਅਕਬਰ ਦੀ ਸੁਰੱਖਿਆ ਵਿੱਚ ਬ੍ਰਜਭਾਸ਼ਾ ਸਾਹਿਤ ਸਮ੍ਰਿਧ ਹੋਇਆ ਅਤੇ ਤਾਨਸੈਨ ਵਰਗੇ ਸੰਗੀਤਕਾਰਾਂ ਅਤੇ ਅਬਦੁਰ ਰਹੀਮ ਖਾਨਖਾਨਾ ਵਰਗੇ ਕਵੀਆਂ ਨੇ ਕ੍ਰਿਸ਼ਨ ਦੀ ਲੀਲਾ ਸਬੰਧੀ ਪਦ ਰਚੇ।

*ਟਾਸਕ* 'ਵਿਨੈ ਪੱਤ੍ਰਿਕਾ' ਕਿਸ ਦੀ ਰਚਨਾ ਹੈ?

### (ਖ) ਪੰਜਾਬੀ

ਪੰਜਾਬੀ ਭਾਸ਼ਾ ਸੰਸਕ੍ਰਿਤ ਦੇ ਇਕ ਅਪਭ੍ਰਸ਼ਟ ਰੂਪ ਸ਼ੌਰਸੇਨੀ ਪ੍ਰਾਕ੍ਰਤ ਜਾਂ ਹੋਰ ਸਪੱਸ਼ਟ ਰੂਪ ਵਿੱਚ ਕਹੀਏ ਤਾਂ ਸ਼ੈਰਸੇਨੀ ਅਪਭ੍ਰੰਸ਼ ਨਿਕਲੀ ਹੈ। ਬ੍ਰਜ ਭਾਸ਼ਾ ਅਤੇ ਰਾਜਸਥਾਨੀ ਦੇ ਨਾਲ-ਨਾਲ ਪੰਜਾਬੀ ਦਾ ਵਿਆਕਰਣਿਕ ਅਧਾਰ ਇਕ ਹੈ। ਹਾਲਾਂਕਿ ਗੁਰੂ ਨਾਨਕ (1469-1538 ਈ.) ਤੋਂ ਪਹਿਲਾਂ ਦਾ ਲਿਖਿਆ ਪੰਜਾਬੀ ਸਾਹਿਤ ਪ੍ਰਾਪਤ ਨਹੀਂ ਹੋਇਆ। **'ਆਦਿ ਗ੍ਰੰਥ'** ਇਸ ਭਾਸ਼ਾ ਦੀ ਅਰੰਭਿਕ ਕ੍ਰਿਤੀ ਹੈ, ਜਿਸ ਨੂੰ 1804 ਈ. ਵਿੱਚ ਗੁਰੂ ਅਰਜਨ ਦੇਵ ਨੇ ਸੰਗ੍ਰਹਿਤ ਕੀਤਾ ਸੀ, ਕਿਉਂਕਿ ਇਸ ਗ੍ਰੰਥ ਵਿੱਚੋਂ ਇਕ ਵੀ ਸ਼ਬਦ

ਕੱਢਣਾ ਜਾਂ ਇਸ ਵਿੱਚ ਜੋੜਨਾ ਪਾਪ ਮੰਨਿਆ ਗਿਆ ਹੈ ਅਤੇ ਇਹ ਆਪਣੇ ਮੂਲ ਰੂਪ ਵਿੱਚ ਸੁਰੱਖਿਅਤ ਹੈ। ਇਸ ਤਰ੍ਹਾਂ ਇਹ ਮੱਧ ਕਾਲੀਨ ਸਾਹਿਤ ਦਾ ਸਰਵੋਤਮ ਰੂਪ ਹੈ। **ਨੋਟ**

ਇਸ ਗ੍ਰੰਥ ਵਿੱਚ ਗੁਰੂਆਂ ਨੇ ਈਸ਼ਵਰ ਦੇ ਸਵਰੂਪ ਅਤੇ ਮਹਿਮਾ ਦਾ ਗੁਣਗਾਨ ਕੀਤਾ ਹੈ ਅਤੇ ਇਸ ਗ੍ਰੰਥ ਨੂੰ ਵੱਖ-ਵੱਖ ਰਾਗਾਂ ਵਾਲੇ ਪਦਾਂ ਨਾਲ ਸੰਵਾਰਿਆ ਗਿਆ ਹੈ। ਗੁਰੂ ਨਾਨਕ ਦੀ ਬਾਣੀ ਵਿੱਚ ਉਪਦੇਸ਼ ਦਾ ਸਵਰ ਮੁੱਖ ਹੈ। ਉਨ੍ਹਾਂ ਦੇ ਇਹ ਉਪਦੇਸ਼ ਗਹਿਰੀ ਤਪੱਸਿਆ ਅਤੇ ਪ੍ਰਗਿਆਨਾਤਮਕ ਅਤੇ ਸਹਿਜ ਬੋਧ ਨੂੰ ਹੀ ਪ੍ਰਗਟ ਕਰਦੇ ਹਨ। ਗੁਰੂਆਂ ਤੋਂ ਇਲਾਵਾ ਸਿੱਖ ਧਰਮ ਦੇ ਪ੍ਰਚਾਰ ਲਈ ਭਾਈ ਗੁਰਦਾਸ (1559-1637 ਈ.) ਨੇ ਵੀ ਕਵਿਤਾਵਾਂ ਦੀ ਰਚਨਾ ਕੀਤੀ, ਸ਼ੰਦ 'ਤੇ ਉਨ੍ਹਾਂ ਦੀ ਅਸਧਾਰਣ ਪਕੜ ਸੀ। ਉਸ ਤੋਂ ਬਾਅਦ ਭਗਤੀ ਸਾਹਿਤ ਨਾਲ ਸਬੰਧ ਅਨੇਕਾਂ ਰਚਨਾਵਾਂ ਪ੍ਰਕਾਸ਼ਿਤ ਹੋਈਆਂ। ਇਸ ਨਾਲ ਪੰਜਾਬੀ ਜਾਂ ਗੁਰਮੁਖੀ ਭਾਸ਼ਾ ਸਮ੍ਰਿਧ ਹੋਈ।

ਕਾਵਿ ਤੋਂ ਇਲਾਵਾ ਗਦ ਰਚਨਾਵਾਂ ਵੀ ਸਾਹਮਣੇ ਆਈਆਂ। ਇਨ੍ਹਾਂ ਵਿੱਚ ਮੁੱਖ ਰੂਪ 'ਚ **ਜਨਮ ਸਾਖੀਆਂ** ਨਾਮ ਨਾਲ ਜੀਵਨੀਆਂ ਲਿਖੀਆਂ ਗਈਆਂ। ਸਿੱਖ ਧਰਮ ਦੇ ਸਿਧਾਂਤਾਂ ਅਤੇ ਵਚਨਾਂ ਨੂੰ ਵੀ ਗਦ ਦੇ ਮਾਧਿਅਮ ਨਾਲ ਪੇਸ਼ ਕੀਤਾ ਗਿਆ। ਗੈਰ-ਧਾਰਮਿਕ ਵਿੱਚ ਜ਼ਿਆਦਾਤਰ ਪ੍ਰੇਮ ਕਥਾਵਾਂ ਦੀ ਰਚਨਾ ਕੀਤੀ ਗਈ। ਇਨ੍ਹਾਂ ਨੂੰ **ਕਿੱਸੇ** ਦੇ ਨਾਮ ਨਾਲ ਜਾਣਿਆ ਗਿਆ। ਇਨ੍ਹਾਂ ਦੀ ਰਚਨਾ ਮੁੱਖ ਤੌਰ 'ਤੇ ਮੁਸਲਮਾਨ ਲੇਖਕਾਂ ਨੇ ਕੀਤੀ ਹੈ। ਇਨ੍ਹਾਂ ਪ੍ਰੇਮ ਕਥਾਵਾਂ ਵਿੱਚ **ਹੀਰ, ਰਾਂਝਾ ਅਤੇ ਮਿਰਜ਼ਾ ਤੇ ਸਾਹਿਬਾ** ਦੀਆਂ ਕਥਾਵਾਂ ਪ੍ਰਮੁੱਖ ਹਨ। ਹੀਰ ਰਾਂਝਾ ਕਥਾ ਦੇ ਸਰਵੋਤਮ ਗਾਇਕ ਵਾਰਿਸ ਸ਼ਾਹ ਹਨ। **ਵਾਰਿਸ ਸ਼ਾਹ** ਇਕ ਕੁਸ਼ਲ ਕਵੀ ਸਨ, ਜਿਨ੍ਹਾਂ ਦੀ ਸੰਵਾਦ 'ਤੇ ਅਸਧਾਰਣ ਪਕੜ ਸੀ। ਕਥਾ ਵਿੱਚ ਮਾਰਮਿਕ ਅੰਸ਼ਾਂ ਅਤੇ ਤ੍ਰਾਸਦੀ ਤੱਤਾਂ ਦੇ ਸਮਾਵੇਸ਼ ਵਿੱਚ ਉਹ ਸਿੱਧਹਸਤ ਸਨ। ਨਾਇਕ ਅਤੇ ਨਾਇਕਾ ਦੀ ਮੌਤ ਦਾ ਵਰਨਣ ਕਰਦੇ ਹੋਏ ਉਨ੍ਹਾਂ ਦੀ ਇਹ ਕਲਾ ਆਪਣੇ ਉਤਕ੍ਰਸ਼ 'ਤੇ ਪਹੁੰਚੀ ਦਿਖਾਈ ਦਿੰਦੀ ਹੈ।

ਮਿਰਜ਼ਾ ਸਾਹਿਬਾ ਦੀ ਕਥਾ ਦਾ ਸਰਵੋਤਮ ਰੂਪ **ਕਵੀ ਪੀਲੂ** ਦੀ ਰਚਨਾ ਵਿੱਚ ਦੇਖਣ ਨੂੰ ਮਿਲਦਾ ਹੈ। ਉਸ ਵਿੱਚ ਗਹਿਰਾਈ ਨਾਲ ਝਾਤ ਮਾਰ ਕੇ ਨਾਇਕਾ ਸਾਹਿਬਾ ਦੇ ਮਨੋਵਿਗਿਆਨ ਦਵੰਦ ਦਾ ਚਿਰਣ ਕੀਤਾ, ਜਿਸ ਵਿੱਚ ਨਾਇਕਾ ਆਪਣੇ ਪਰਿਵਾਰ ਦੇ ਪ੍ਰਤੀ ਨਿਸ਼ਠਾ ਅਤੇ ਮਿਰਜ਼ਾ ਦੇ ਪ੍ਰਤੀ ਪ੍ਰੇਮ ਦੇ ਦੋਹਰੇ ਪਾਠ ਵਿੱਚ ਪਿਸਦੀ ਦਿਖਾਈ ਗਈ ਹੈ।

ਇਕ ਹਿੰਦੂ **ਕਵੀ ਅਗ੍ਰ** ਨੇ **ਹਕੀਕਤ ਰਾਏ** ਨਾਮਕ ਇਕ ਸਿੱਖ ਨੌਜਵਾਨ ਦੇ ਦਹਿਸ਼ਤ ਦੀ ਗਾਥਾ ਗਾਈ ਹੈ। ਇਹ ਨੌਜਵਾਨ ਸ਼ਾਹਜਹਾਂ ਦੇ ਸ਼ਾਸਨਕਾਲ ਵਿੱਚ ਲਾਹੌਰ 'ਚ ਆਪਣੇ ਧਰਮ ਲਈ ਸ਼ਹੀਦ ਹੋ ਗਿਆ ਸੀ। ਸੂਫੀ ਕਵੀਆਂ ਨੇ ਵੀ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਵਿੱਚ ਸੁਲਤਾਨ ਬਾਹੂ (1631-91 ਈ.) ਪ੍ਰਮੁੱਖ ਹਨ। ਉਹ ਝੰਗ ਖੇਤਰ ਦਾ ਰਹਿਣ ਵਾਲਾ ਇਕ ਸੂਫੀ ਸੀ, ਉਸ ਨੇ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਨਾਲ ਈਸ਼ਵਰ ਨਾਲ ਮਿਲਣ ਅਤੇ ਭਗਤੀ ਦਾ ਪ੍ਰਤੀਪਾਦਨ ਕੀਤਾ।

**ਸ਼ਾਹ ਹੁਸੈਨ** ਇਕ ਧੁਮਕੜ ਸੰਤ ਫਕੀਰ ਸਨ ਜੋ ਪਿੰਡ-ਪਿੰਡ ਘੁੰਮਿਆ ਕਰਦੇ ਸਨ। ਲੋਕ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੇ ਲੈਯ ਬਦ 'ਤੇ ਲਿਖੇ। ਇਸ ਪਦ ਨੂੰ 'ਕਾਫੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਜ਼ਿਆਦਾਤਰ ਸੂਫੀ ਕਵੀਆਂ ਨੇ ਇਸ ਨੂੰ ਅਪਣਾਇਆ। **ਬੁੱਲੇ ਸ਼ਾਹ** (1680-1758 ਈ.) ਸਭ ਤੋਂ ਜ਼ਿਆਦਾ ਨਾਮਵਰ ਸੂਫੀ ਕਵੀ ਸਨ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਪਰਮਾਨੰਦ, ਪ੍ਰੇਮ ਅਤੇ ਈਸ਼ਵਰ ਨਾਲ ਜੀਵ ਦੇ ਮਿਲਣ ਸਬੰਧੀ ਲਿਖਿਆ ਹੈ। ਉਨ੍ਹਾਂ ਨੇ ਆਪਣੀਆਂ ਕ੍ਰਿਤੀਆਂ ਵਿੱਚ ਮੁੱਖ ਰੂਪ 'ਚ ਜੀਵਨ ਦੇ ਅਧਿਆਤਮਿਕ ਪੱਖ 'ਤੇ ਜ਼ੋਰ ਦਿੱਤਾ ਹੈ ਪਰ ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ ਹੈ। ਬੁੱਲੇ ਸ਼ਾਹ ਦੀਆਂ ਕਵਿਤਾਵਾਂ ਲੋਕ ਗੀਤਾਂ ਵਿੱਚ ਢਲ ਗਈਆਂ। ਅੱਜ ਉਹ ਪੰਜਾਬੀ ਸਾਹਿਤਕ ਪ੍ਰੰਪਰਾ ਦਾ ਇਕ ਸਮ੍ਰਧ ਅੰਗ ਹੈ।

### 12.1.4 ਪੱਛਮੀ ਭਾਰਤ

#### (ਕ) ਗੁਜਰਾਤੀ

16ਵੀਂ ਸ਼ਤਾਬਦੀ ਦੇ ਸ਼ੁਰੂ ਵਿੱਚ ਗੁਜਰਾਤੀ ਸਾਹਿਤ ਦੇ ਇਤਿਹਾਸ ਵਿੱਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੁੰਦੀ ਹੈ, ਇਸ ਨੂੰ ਦੂਸਰਾ ਚਰਨ ਕਿਹਾ ਜਾ ਸਕਦਾ ਹੈ। ਆਧੁਨਿਕ ਗੁਜਰਾਤੀ ਸਾਹਿਤ ਦੇ ਆਗਮਨ ਤੋਂ ਪਹਿਲਾਂ ਲੱਗਭਗ ਦੋ ਸੌ ਸਾਲਾਂ ਤੱਕ ਇਹੀ ਚਰਨ ਰਿਹਾ। ਕਈ ਹੋਰ ਭਾਸ਼ਾਵਾਂ ਦੇ ਬਰਾਬਰ ਧਰਮ ਅਤੇ ਰਹੱਸਵਾਦ ਗੁਜਰਾਤੀ ਸਾਹਿਤ ਦੀ ਵੀ ਵਿਸ਼ੇ-ਵਸਤੂ ਰਹੀ। 16ਵੀਂ ਸ਼ਤਾਬਦੀ ਦੇ ਆਰੰਭ ਵਿੱਚ ਗੁਜਰਾਤ 'ਚ ਵੈਸ਼ਨੋ ਭਗਤੀ ਅੰਦੋਲਨ ਇਕ ਮੁੱਖ ਸਮਾਜਿਕ ਵਿਸ਼ਾ ਸੀ ਅਤੇ ਇਸ ਸਮੇਂ ਦਾ ਜ਼ਿਆਦਾਤਰ ਸਾਹਿਤ ਭਗਤੀ ਪ੍ਰੰਪਰਾ ਨਾਲ ਜੁੜਿਆ ਹੋਇਆ ਹੈ।

ਇਸ ਸਮੇਂ ਦੇ ਪ੍ਰਮੁੱਖ ਗੁਜਰਾਤੀ ਕਵੀ ਹੇਠ ਲਿਖੇ ਹਨ :

ਭਲਨ (ਲੱਗਭਗ 1426-1500 ਈ.), ਅਤੇ

ਨਰ ਸਿੰਘ ਮਹਿਤਾ (ਲੱਗਭਗ 1500-1580 ਈ.), ਅਤੇ

ਅੱਖੋ (ਲੱਗਭਗ 1615-1674 ਈ.)।

ਨੋਟ

ਇਸ ਵਿੱਚ ਨਰ ਸਿੰਘ ਮਹਿਤਾ ਨੇ ਪਰਬਤੀ ਕਵੀਆਂ ਨੂੰ ਵਿਸ਼ੇਸ਼ ਰੂਪ ਵਿੱਚ ਪ੍ਰਭਾਵਿਤ ਕੀਤਾ। ਉਨ੍ਹਾਂ ਦੀ ਸਿਰਜਣਾਤਮਕ ਪ੍ਰਤਿਭਾ ਅਤੇ ਬਹੁਰੰਗੀ ਲੇਖਣ ਕਾਰਨ ਉਨ੍ਹਾਂ ਨੂੰ ਗੁਜਰਾਤੀ ਕਵਿਤਾ ਦਾ ਮਹਾਨ ਕਵੀ ਮੰਨਿਆ ਜਾਂਦਾ ਹੈ। 'ਭਲਨ' ਇਕ ਪ੍ਰੰਪਰਾਗਤ ਕਵੀ ਸਨ, ਉਨ੍ਹਾਂ ਦੀ ਕਵਿਤਾ ਵਿਸ਼ਾ-ਵਸਤੂ ਦੀ ਦ੍ਰਿਸ਼ਟੀ ਨਾਲ ਸ੍ਰੇਸ਼ਠ ਅਤੇ ਅਭਿਵਿਅਕਤੀ ਵਿੱਚ ਗਰਿਮਾ ਹੁੰਦੀ ਸੀ। ਉਨ੍ਹਾਂ ਨੂੰ ਗੁਜਰਾਤੀ ਛੰਦ ਦਾ ਉਤਮ ਕਲਾਕਾਰ ਮੰਨਿਆ ਜਾਂਦਾ ਹੈ। 'ਅਨੋਕੀ' ਇਕ ਕੁਸ਼ਾਗ੍ਰਹਿ ਅਤੇ ਤੇਜੱਸਵੀ ਕਵੀ ਸਨ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਅਧਿਆਤਮਿਕਤਾ ਦੇ ਨਾਲ-ਨਾਲ ਸਮਾਜਿਕ ਦ੍ਰਿਸ਼ਟੀਕੋਣ ਵੀ ਪ੍ਰਗਟ ਹੋਇਆ ਹੈ। ਉਹ ਕੋਈ ਵਿਦਵਾਨ ਨਹੀਂ ਸਨ ਪਰ ਉਨ੍ਹਾਂ ਨੇ ਅਧਿਆਤਮਿਕ ਅਤੇ ਸਮਾਜਿਕ ਸੁਧਾਰ ਸਬੰਧੀ ਗੀਤ ਬਿਲਕੁਲ ਭਗਤੀ ਵਿੱਚ ਡੁੱਬ ਗਾਏ ਹਨ। 17ਵੀਂ ਸ਼ਤਾਬਦੀ ਤੋਂ ਬਾਅਦ ਗੁਜਰਾਤੀ ਸਾਹਿਤ ਵਿੱਚ ਗਿਰਾਵਟ ਦਾ ਰੁਖ ਸ਼ੁਰੂ ਹੋ ਜਾਂਦਾ ਹੈ। ਇਸ ਦੇ ਬਾਵਜੂਦ ਇਸ ਸਮੇਂ ਵਿੱਚ ਤਰ੍ਹਾਂ-ਤਰ੍ਹਾਂ ਦੇ ਸਾਹਿਤ ਰਚੇ ਗਏ। ਇਸ ਸਮੇਂ ਭਗਤੀ, ਨੀਤੀ, ਅਰਧਤਾਤਵਿਕ ਅਤੇ ਧਰਮ ਨਿਰਪੱਖ ਸਾਹਿਤ ਦੀ ਵੀ ਰਚਨਾ ਕੀਤੀ ਗਈ।

### (ਖ) ਮਰਾਠੀ

16ਵੀਂ-17ਵੀਂ ਸ਼ਤਾਬਦੀ ਦੇ ਮਰਾਠੀ ਸਾਹਿਤ ਵਿੱਚ ਦੋ ਪ੍ਰਵਿਰਤੀਆਂ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ-ਧਾਰਮਿਕ ਅਤੇ ਗੈਰ ਧਾਰਮਿਕ। ਇਸ ਸਮੇਂ ਦੀਆਂ ਧਾਰਮਿਕ ਕਵਿਤਾਵਾਂ ਵਿੱਚ ਹੇਠ ਲਿਖੀਆਂ ਰਚਨਾਵਾਂ ਪ੍ਰਮੁੱਖ ਹਨ:

- ਗਿਆਨੇਸ਼ਵਰ ਦੀ ਸ਼ੈਲੀ ਵਿੱਚ ਫਾਦਰ ਥਾਮਸ ਸਟੀਫਨ (1549-1619) ਦਾ **ਖਾਵਿਸਤ ਪੁਰਾਣ** ਲਿਖਿਆ ਗਿਆ।
- ਮੁਕਤੇਸ਼ਵਰ ਨੇ ਰਾਮਾਇਣ ਅਤੇ ਮਹਾਭਾਰਤ ਦੇ ਅੰਸ਼ਾਂ 'ਤੇ ਅਧਾਰਿਤ ਆਪਣੀਆਂ ਕਵਿਤਾਵਾਂ ਵਿੱਚ ਆਪਣੇ ਸਮਾਜ ਨੂੰ ਪ੍ਰਤੀਧਵਨਿਤ ਕੀਤਾ ਹੈ।
- ਤੁਕਾਰਾਮ ਦੇ **ਅਭੰਗ** ਵਿੱਚ ਲੋਕਾਂ ਨਾਲ ਪ੍ਰਤੱਖ ਰੂਪ ਵਿੱਚ ਸੰਵਾਦ ਸਥਾਪਿਤ ਕੀਤਾ ਗਿਆ ਹੈ। ਇਸ ਸਮੇਂ ਦੇ ਗੈਰ-ਧਾਰਮਿਕ ਸਾਹਿਤ ਵਿੱਚ ਸ਼ਿਵਾ ਜੀ ਦੇ ਗੁਰੂ ਅਤੇ ਮਹਾਨ ਸੰਤ ਰਾਮਦਾਸ ਦੀਆਂ ਕਵਿਤਾਵਾਂ ਅਤੇ ਵਾਮਨ ਪੰਡਿਤ (1615-1678 ਈ.) ਦੀਆਂ ਰਚਨਾਵਾਂ ਸ਼ਾਮਿਲ ਹਨ। ਰਾਮਦਾਸ ਦੀਆਂ ਰਚਨਾਵਾਂ ਵਿੱਚ ਭਗਤੀ ਸੰਵੇਦਨਾ ਦੇ ਨਾਲ ਮੁਕਤੀ ਅਤੇ ਰਾਸ਼ਟਰੀ ਪੁਨਰ ਰਚਨਾ ਦਾ ਭਾਵ ਮਿਲਿਆ ਹੁੰਦਾ ਹੈ। ਵਾਮਨ ਦਾ ਦ੍ਰਿਸ਼ਟੀਕੋਣ ਵਿਦਵਤਾਪੂਰਨ ਅਤੇ ਸਿੱਖਿਅਕ ਸੀ। ਇਸ ਕਾਰਨ ਉਨ੍ਹਾਂ ਦੀ ਭਾਸ਼ਾ ਕਿਲਸ਼ਟ ਅਤੇ ਸੰਸਕ੍ਰਿਤ ਨਿਸ਼ਠ ਸੀ। ਉਨ੍ਹਾਂ ਦੀ ਪ੍ਰਮੁੱਖ ਰਚਨਾ ਗੀਤਾ ਦੀ ਟੀਕਾ ਹੈ, ਜਿਸ ਵਿੱਚ ਉਨ੍ਹਾਂ ਨੇ ਭਗਤੀ ਦੀ ਜਗ੍ਹਾ 'ਤੇ ਗਿਆਨ ਦੀ ਮਹੱਤਤਾ ਸਥਾਪਿਤ ਕੀਤੀ ਹੈ।

ਇਸ ਸਮੇਂ ਦੀਆਂ ਗੈਰ-ਧਾਰਮਿਕ ਕਵਿਤਾਵਾਂ ਵਿੱਚ **ਪੋਵਡਾਂ** ਅਤੇ **ਲਵਨੀਆਂ** ਨੂੰ ਵੀ ਗਿਣਿਆ ਜਾ ਸਕਦਾ ਹੈ। ਪੋਵਡਾ ਜੀਵੰਤ ਨ੍ਰਿਥ ਨਾਟ ਕਵਿਤਾ ਹੁੰਦੀ ਸੀ ਅਤੇ ਇਸ ਦੀ ਕਾਵਿ ਭਾਸ਼ਾ ਵਿੱਚ ਚਟਕੀਲਾਪਣ ਹੁੰਦਾ ਸੀ। ਲਵਨੀਆਂ ਦੀ ਪ੍ਰਕਿਰਤੀ ਰੋਮਾਂਟਿਕ ਹੁੰਦੀ ਸੀ ਅਤੇ ਇਨ੍ਹਾਂ ਵਿੱਚ ਗਹਿਰੀਆਂ ਸੰਵੇਦਨਾਵਾਂ ਦਾ ਸੁੰਦਰ ਇਸਤੇਮਾਲ ਕੀਤਾ ਜਾਂਦਾ ਸੀ।

## 12.1.5 ਪੂਰਬੀ ਭਾਰਤ

ਪੂਰਬੀ ਭਾਰਤ ਵਿੱਚ ਮੁੱਖ ਰੂਪ 'ਚ ਬੰਗਲਾ, ਅਸਮੀਆ ਅਤੇ ਉੜੀਸਾ ਭਾਸ਼ਾ ਵਿੱਚ ਸਾਹਿਤ ਦਾ ਸੂਜਨ ਹੋਇਆ :

### (ਕ) ਬੰਗਲਾ

ਪੂਰਬ ਵਿੱਚ **ਚੈਤਨਿਆ ਮਹਾਪ੍ਰਭੂ** ਦੇ ਆਗਮਨ ਤੋਂ ਬਾਅਦ ਬੰਗਲਾ ਭਾਸਾ ਅਤੇ ਸਾਹਿਤ ਦੀ ਸਮ੍ਰਿਧੀ ਸ਼ੁਰੂ ਹੋਈ। ਸ਼੍ਰੀ ਚੈਤਨਿਆ ਵੈਸ਼ਨੋ ਕਵਿ ਸਨ। ਸੰਤਾਂ ਦਾ ਬਾਣੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਰਹੱਸਵਾਦ ਦਾ ਉਪਦੇਸ਼ ਦੇਣਾ ਆਰੰਭ ਕੀਤਾ ਅਤੇ ਮੈਥਿਲੀ ਦਾ ਸੰਸਕ੍ਰਿਤ ਦੀ ਮਿਲੀ-ਜੁਲੀ ਨਵੀਂ ਭਾਸ਼ਾ ਵਿੱਚ ਆਪਣੇ ਗੀਤ ਰਚਣ ਲੱਗੇ। ਇਨ੍ਹਾਂ ਗੀਤਾਂ ਨੂੰ ਪਦਾਵਲੀ ਦੇ ਰੂਪ ਵਿੱਚ ਜਾਣਿਆ ਗਿਆ। ਵੈਸ਼ਨੋ ਸੰਤਾਂ ਦੀਆਂ ਕਈ ਜੀਵਨੀਆਂ ਵੀ ਪ੍ਰਕਾਸ਼ਿਤ ਹੋਈਆਂ। ਹਾਲਾਂਕਿ ਸ਼੍ਰੀ ਚੈਤਨਿਆ ਦੀ ਜੀਵਨੀ ਸਭ ਤੋਂ ਪਹਿਲਾਂ ਮੁਰਾਰੀ ਗੁਪਤ ਨੇ ਸੰਸਕ੍ਰਿਤ ਵਿੱਚ ਲਿਖੀ ਸੀ ਪਰ ਇਸ ਤੋਂ ਤੁਰੰਤ ਬਾਅਦ ਬੰਗਲਾ ਵਿੱਚ ਵਰਿੰਦਾਵਨ ਦਾਸ ਵੱਲੋਂ ਰਚਿਤ ਇਕ ਜੀਵਨੀ ਸਾਹਮਣੇ ਆਈ। ਅੰਦਾਜ਼ਨ ਤੌਰ 'ਤੇ ਵਰਿੰਦਾਵਨ ਦਾਸ ਨੇ ਸ਼੍ਰੀ ਚੈਤਨਿਆ ਦੀ ਮੌਤ ਤੋਂ ਇਕ ਦਹਾਕੇ ਦੇ ਅੰਦਰ ਹੀ 'ਚੈਤਨਿਆ ਭਾਗਵਤ' ਜਾਂ 'ਚੈਤਨਿਆ ਮੰਗਲ' ਦੀ ਰਚਨਾ ਕਰ ਦਿੱਤੀ ਸੀ। ਇਹ ਤੱਤਕਾਲੀਨ ਸਮਾਜਿਕ ਸਥਿਤੀ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਦਸਤਾਵੇਜ਼ ਮੰਨਿਆ ਜਾਂਦਾ ਹੈ।

ਕ੍ਰਿਸ਼ਨ ਦਾਸ ਕਵੀ ਰਾਜ ਦਾ **ਚੈਤਨਿਆ ਚਰਿਤਾਮ੍ਰਿਤ** ਇਸ ਕੜੀ ਦੀ ਇਕ ਮਹੱਤਵਪੂਰਨ ਕ੍ਰਿਤੀ ਹੈ। ਹਾਲਾਂਕਿ ਇਸ ਦੇ ਲੇਖਣ ਕਾਲ ਦੇ ਸਬੰਧ ਵਿੱਚ ਵਿਵਾਦ ਹੈ ਪਰ ਇਹ ਗ੍ਰੰਥ 'ਗੌੜੀਆ ਵੈਸ਼ਨੋ ਧਰਮ, ਦਾ ਦਾਰਸ਼ਨਿਕ ਅਧਾਰ ਪੇਸ਼ ਕਰਦਾ ਹੈ। ਇਸ ਵਿੱਚ ਪਹਿਲੀ ਵਾਰ ਦਾਰਸ਼ਨਿਕ ਸਿਧਾਂਤ ਦਾ ਪ੍ਰਤੀਪਾਦਨ ਕਰਕੇ ਸ਼੍ਰੀ ਚੈਤਨਿਆ ਨੂੰ ਸ਼੍ਰੀ ਕ੍ਰਿਸ਼ਨ ਦਾ ਅਵਤਾਰ ਦੱਸਿਆ ਗਿਆ ਹੈ।

ਸ਼੍ਰੀ ਚੈਤਨਿਆ ਦੀ ਜੀਵਨੀ ਵਿੱਚ **ਚੂੜਾਮਨੀਦਾਸ** ਦਾ ਗੌਰੰਗ ਵਿਜੇ ਪ੍ਰਮੁੱਖ ਹੈ। **ਜੈਨੰਦ** ਅਤੇ **ਲੋਚਨਦਾਸ** ਨਾਮਕ ਦੋ ਕਵੀਆਂ ਦੀ **ਚੈਤਨਿਆ ਮੰਗਲ** ਨਾਮ ਨਾਲ ਦੋ ਅਲੱਗ-ਅਲੱਗ ਰਚਨਾਵਾਂ ਵਰਨਣਯੋਗ ਹਨ। ਲੋਚਨਦਾਸ ਲੋਕ ਸੰਗੀਤ **ਧਮਾਲੀ** ਨਾਮਕ ਸ਼ੈਲੀ

ਵਿਕਸਿਤ ਕਰਨ ਲਈ ਜ਼ਿਆਦਾ ਜਾਣੇ ਜਾਂਦੇ ਹਨ। ਇਸ ਸ਼ੈਲੀ ਵਿੱਚ ਮੁੱਖ ਰੂਪ ਵਿੱਚ ਕ੍ਰਿਸ਼ਨ ਦੀਆਂ ਪ੍ਰੇਮ ਕਥਾਵਾਂ ਦਾ ਵਰਨਣ ਹੁੰਦਾ ਸੀ।

ਪਦਾਵਲੀ ਦੇ ਨਾਮ ਨਾਲ ਪ੍ਰਸਿੱਧ ਗੀਤ ਕਾਵਿ ਵੈਸ਼ਨੋ ਸਾਹਿਤ ਦੀ ਇਕ ਹੋਰ ਮਹੱਤਵਪੂਰਨ ਪ੍ਰਵਿਰਤੀ ਹੈ। ਇਨ੍ਹਾਂ 'ਪਦਾਂ' ਦੇ ਨਿਰਮਾਣ ਲਈ ਸੰਸਕ੍ਰਿਤ ਸਾਹਿਤ ਵਿੱਚ ਵਰਨਿਤ ਰਸਾਂ ਨੂੰ ਅਧਾਰ ਬਣਾਇਆ ਗਿਆ। ਰਾਧਾ-ਕ੍ਰਿਸ਼ਨ ਦਾ ਪ੍ਰੇਮ ਇਸ ਦਾ ਪ੍ਰਮੁੱਖ ਵਿਸ਼ਾ ਬਣਿਆ। ਇਨ੍ਹਾਂ ਗ੍ਰੰਥਾਂ ਦੇ ਆਰੰਭ ਵਿੱਚ ਸ਼੍ਰੀ ਚੈਤਨਿਆ ਦੀ ਅਰਾਧਨਾ ਕੀਤੀ ਜਾਂਦੀ ਸੀ ਅਤੇ ਰਾਧਾ ਤੇ ਕ੍ਰਿਸ਼ਨ ਦਾ ਮਿਲਿਆ-ਜੁਲਿਆ ਰੂਪ ਮੰਨ ਕੇ ਉਨ੍ਹਾਂ ਦੀ ਬੰਦਨਾ ਕੀਤੀ ਜਾਂਦੀ ਸੀ। ਕ੍ਰਿਸ਼ਨ ਲੀਲਾ ਨੂੰ ਅਧਾਰ ਬਣਾ ਕੇ ਕਈ ਆਖਿਆਨ-ਕਾਵਿ ਲਿਖੇ। ਇਨ੍ਹਾਂ ਵਿੱਚ ਮੁੱਖ ਰੂਪ 'ਚ ਭਾਗਵਤ ਦੇ ਦਸਮ ਸਕੰਦ ਵਿੱਚ ਵਰਨਿਤ ਵਰਿੰਦਾਵਨ ਲੀਲਾ ਨੂੰ ਅਧਾਰ ਬਣਾਇਆ ਗਿਆ ਹੈ। ਇਕ ਪਾਸੇ ਜਿੱਥੇ ਹਿੰਦੂ ਜ਼ਿਮੀਂਦਾਰਾਂ ਅਤੇ ਮੁਸਲਮਾਨ ਸੂਬੇਦਾਰਾਂ ਨੇ ਵੈਸ਼ਨੋ ਸਾਹਿਤ ਨੂੰ ਸਨਮਾਨ ਦੇਣਾ ਸ਼ੁਰੂ ਕੀਤਾ, ਉਥੇ **'ਮੰਗਲ ਕਾਵਿਆ'** ਦੇ ਨਾਮ ਨਾਲ ਆਖਿਆਨ ਕਾਵਿਆਂ ਦੀ ਇਕ ਹੋਰ ਧਾਰਾ ਦਾ ਵੀ ਵਿਕਾਸ ਹੋਇਆ। ਇਸ ਵਿੱਚ ਝੰਡੀ, ਮਾਨਸਾ, ਧਰਮ ਆਦਿ ਸਥਾਨਕ ਦੇਵੀ-ਦੇਵਤਿਆਂ ਦਾ ਮਹੱਤਵ ਨਿਰੂਪਿਤ ਕੀਤਾ ਗਿਆ ਅਤੇ ਸ਼ਿਵ ਤੇ ਵਿਸ਼ਨੂੰ ਵਰਗੇ ਪੁਰਾਣੇ ਦੇਵਤਿਆਂ ਨੂੰ ਬੰਗਾਲੀ ਕਿਸਾਨ ਜਾਂ ਕਲਾਕਾਰ ਦੇ ਰੂਪ ਵਿੱਚ ਪੇਸ਼ ਕਰਕੇ ਪਰਿਵਾਰਿਕ ਦੇਵੀ-ਦੇਵਤੇ ਬਣਾ ਦਿੱਤਾ ਗਿਆ। 'ਮੰਗਲ ਕਾਵਿਆ' ਦੀ ਵਰਣਾਤਮਕ ਸ਼ੈਲੀ ਪੁਰਾਣਾਂ ਤੋਂ ਪ੍ਰੇਰਿਤ ਹੈ। ਇਨ੍ਹਾਂ ਕਾਵਿਆਂ 'ਤੇ ਪੁਰਾਣੇ ਲੇਖਕਾਂ ਦੇ ਅਹਿਸਾਸ ਦਾ ਵਿਸ਼ਲੇਸ਼ਣ ਕਰਨ 'ਤੇ ਪਤਾ ਲੱਗਦਾ ਹੈ ਕਿ ਇਨ੍ਹਾਂ ਬੰਗਾਲੀ ਕਾਵਿਆਂ ਨੇ ਪੁਰਾਣ ਤੋਂ ਸ਼ੈਲੀ ਲਈ ਹੈ ਪਰ ਉਸ ਨੂੰ ਆਪਣੇ ਅਨੁਭਵਾਂ ਦੇ ਅਧਾਰ 'ਤੇ ਤਬਦੀਲ ਕੀਤਾ ਹੈ। ਇਸੇ ਕਾਰਨ ਪੁਰਾਣਾਂ ਵਿੱਚ ਵਰਨਿਤ ਰਾਖਸ਼ਾਂ ਦਾ ਨਾਸ਼ ਕਰਨ ਵਾਲੇ ਭਿਅੰਕ ਭੈਰੋ ਸ਼ਿਵ ਦਾ ਤ੍ਰਿਸ਼ੂਲ ਖੇਤੀ ਦੇ ਔਜ਼ਾਰਾਂ ਵਿੱਚ ਬਦਲ ਗਿਆ। 'ਉਨ੍ਹਾਂ ਨੂੰ ਇਕ ਆਦਰਸ਼-ਵਿਕਸਿਤ ਗ੍ਰਾਮੀਣ ਜੋਗੀ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਧਰਮ ਮੰਗਲ ਕਾਵਿਆਂ ਵਿੱਚ ਸਮਨਵਯਾਤਮਕ ਪ੍ਰਵਿਰਤੀ ਦੇਖਣ ਨੂੰ ਮਿਲਦੀ ਹੈ। ਇਸ ਵਿੱਚ ਪੌਰਾਣਿਕ ਨਾਰਾਇਣ ਵਿੱਚ ਬੁੱਧ ਧਰਮ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਮੁਸਲਮਾਨ ਪੀਰ ਨੂੰ ਸੱਚਾ ਪੀਰ ਜਾਂ ਨਾਰਾਇਣ ਕਿਹਾ ਗਿਆ ਹੈ।

ਕਈ ਮੁਸਲਮਾਨ ਲੇਖਕਾਂ ਨੇ ਵੀ ਬੰਗਲਾ ਭਾਸ਼ਾ ਵਿੱਚ ਰਚਨਾਵਾਂ ਪੇਸ਼ ਕੀਤੀਆਂ। ਇਨ੍ਹਾਂ ਵਿੱਚ ਪਹਿਲਾ ਵਰਨਣਯੋਗ ਲੇਖ **ਦੌਲਤ ਕਾਜੀ** ਸੀ ਜੋ ਅਰਾਕਾਨ ਤੋਂ ਆਇਆ ਸੀ। ਅਰਾਕਾਨ ਦੇ ਬਰਮਾ ਤੋਂ ਸੁਤੰਤਰ ਹੋਣ ਤੋਂ ਬਾਅਦ ਹੀ ਬੰਗਾਲ ਅਤੇ ਅਰਾਕਾਨ ਦਰਮਿਆਨ ਗਹਿਰਾ ਸਬੰਧ ਸਥਾਪਿਤ ਹੋ ਗਿਆ ਸੀ। ਅਰਾਕਾਨ ਤੋਂ ਭੱਜ ਕੇ ਉਥੋਂ ਦਾ ਸ਼ਾਸਕ ਬੰਗਾਲ ਵਿੱਚ ਸ਼ਰਣ ਲੈਣ ਲਈ ਮਜਬੂਰ ਹੋਇਆ ਸੀ ਅਤੇ ਉਥੇ ਉਸ ਨੂੰ 26 ਸਾਲਾਂ ਤੱਕ ਰਹਿਣਾ ਪਿਆ। ਇਸੇ ਕਾਰਨ ਬੰਗਲਾ ਭਾਸ਼ਾ ਅਸਲ ਵਿੱਚ ਅਰਾਕਾਨ ਦੀ ਅਰਾਜਕੀ ਭਾਸ਼ਾ ਬਣ ਗਈ ਸੀ।

ਦੌਲਤ ਕਾਜੀ ਨੇ ਗੁਜਰਾਤ ਦੇ ਖੇਤਰਾਂ ਵਿੱਚ ਪ੍ਰਚੱਲਿਤ **ਲੋਰ ਚੜ੍ਹਾਨੀ** ਜਾਂ **ਮੈਨਾ ਸਤੀ** ਦੀਆਂ ਪ੍ਰੇਮ ਕਥਾਵਾਂ ਨੂੰ ਬੰਗਲਾ ਭਾਸ਼ਾ ਵਿੱਚ ਪੇਸ਼ ਕੀਤਾ। ਕਿਹਾ ਜਾਂਦਾ ਹੈ ਕਿ ਲੋਰ ਚੜ੍ਹਾਨੀ ਉਸ ਦੇ ਮਰਨ ਤੋਂ ਬਾਅਦ ਪੂਰੀ ਕੀਤੀ ਗਈ। ਇਸ ਨੂੰ ਪੂਰਾ ਕਰਨ ਵਾਲਾ ਕਵੀ **ਅਲੌਲ** ਹੋਰ ਵੀ ਪ੍ਰਤਿਭਾਸ਼ਾਲੀ ਸੀ। ਅਲੌਲ ਹੇਠਲੇ ਬੰਗਾਲ ਦੇ ਇਕ ਮੁਸਲਮਾਨ ਅਮੀਰ ਦਾ ਲੜਕਾ ਸੀ। ਉਸ ਨੂੰ ਪੁਰਤਗਾਲੀ ਡਾਕੂਆਂ ਨੇ ਫੜ੍ਹ ਕੇ ਅਰਾਕਾਨ ਸੈਨਾ ਵਿੱਚ ਸੈਨਿਕ ਦੇ ਰੂਪ ਵਿੱਚ ਵੇਚ ਦਿੱਤਾ। ਉਸ ਦੀ ਸੰਗੀਤ ਪ੍ਰਤਿਭਾ ਅਤੇ ਕਵੀ ਰੂਪ ਤੋਂ ਅਰਾਕਾਨ ਦਰਬਾਰ ਦੇ ਇਕ ਮੰਤਰੀ ਸੁਲੇਮਾਨ ਅਤੇ ਰਾਜੇ ਦੇ ਪੌਸ਼ ਭਤੀਜੇ ਮਗਨ ਠਾਕੁਰ ਪ੍ਰਭਾਵਿਤ ਹੋਏ। ਇਨ੍ਹਾਂ ਪ੍ਰਭਾਵਸ਼ਾਲੀ ਮਿੱਤਰਾਂ ਨੇ ਅਲੌਲ ਨੇ ਉਸ ਨੂੰ ਗੁਲਾਮੀ ਤੋਂ ਮੁਕਤ ਕਰ ਦਿੱਤਾ। ਉਸ ਨੇ ਮਲਿਕ ਮੁਹੰਮਦ ਜਾਇਸੀ ਦੀ ਪਦਮਾਵਤ, ਫਾਰਸੀ ਪ੍ਰੇਮ ਕਥਾ **ਸੈਫੂਲ ਮੁਲਕ ਬਦਉੱਜਮਾਲ** ਅਤੇ ਨਿਜਾਮੀ ਦੀਆਂ ਦੋ ਕ੍ਰਿਤੀਆਂ ਨੂੰ ਬੰਗਲਾ ਵਿੱਚ ਪੇਸ਼ ਕੀਤਾ। ਫਾਰਸੀ ਕਵਿਤਾ ਅਤੇ ਪ੍ਰੇਮ ਕਥਾਵਾਂ ਦਾ ਬੰਗਲਾ ਭਾਸ਼ਾ ਵਿੱਚ ਅਨੁਵਾਦ ਕਰਕੇ ਅਲੌਲ ਨੇ ਬੰਗਲਾ ਸਾਹਿਤ ਨੂੰ ਗੈਰ-ਧਾਰਮਿਕ ਵਿਸ਼ਾ ਪ੍ਰਦਾਨ ਕੀਤਾ। 16ਵੀਂ ਸ਼ਤਾਬਦੀ ਅਤੇ ਉਸ ਤੋਂ ਬਾਅਦ ਬੰਗਾਲ ਵਿੱਚ ਅਨੇਕਾਂ ਮੁਸਲਮਾਨ ਲੇਖਕ ਰਚਨਾ ਕਰ ਰਹੇ ਸਨ। ਹਾਲਾਂਕਿ ਉਨ੍ਹਾਂ ਨੇ ਜ਼ਿਆਦਾਤਰ ਗੈਰ-ਧਾਰਮਿਕ ਵਿਸ਼ੇ ਹੀ ਚੁੱਕੇ ਸਨ, ਉਨ੍ਹਾਂ ਨੇ ਕਰਬਲਾ ਦੀ ਤ੍ਰਾਸਦ ਅਤੇ ਪੈਗੰਬਰਾਂ ਅਤੇ ਗਾਜ਼ੀਆਂ ਦੇ ਵਿਸ਼ੇ ਵਿੱਚ ਵੀ ਲਿਖਿਆ। ਸੱਈਯਦ ਸੁਲਤਾਨ ਦੀ ਕ੍ਰਿਤੀ **ਰਸੂਲ ਅਰਜ** ਦੋਵਾਂ ਧਰਮਾਂ ਦੀ ਮਿਲੀ-ਜੁਲੀ ਵਿਸ਼ਾ-ਵਸਤੂ 'ਤੇ ਅਧਾਰਿਤ ਹੈ। ਇਸ ਵਿੱਚ ਕੁਝ ਹਿੰਦੂ ਦੇਵਤਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਦੇ ਚੇਲਿਆਂ ਵੱਲੋਂ ਲਿਖਿਆ **ਯੁੱਗ ਸੰਵਾਦ** ਜਾਂ **ਸੱਚ ਕਲੀ ਵਿਵਾਦ-ਸੰਵਾਦ** ਵਿੱਚ ਵੀ ਇਹ ਪ੍ਰਵਿਰਤੀ ਪਾਈ ਜਾਂਦੀ ਹੈ।

### (ਖ) ਅਸਮੀਆ

ਬੰਗਲੇ ਦਾ ਬਰਾਬਰ ਅਸਮੀਆ ਸਾਹਿਤ ਦਾ ਵਿਕਾਸ ਵੀ ਭਗਤੀ ਅੰਦੋਲਨ ਦੀ ਛਤਰ-ਛਾਇਆ ਵਿੱਚ ਹੋਇਆ। ਸ਼ੰਕਰ ਦੇਵ ਨੇ ਵੈਸ਼ਨੋ ਧਰਮ ਧਾਰਨ ਕੀਤਾ ਅਤੇ ਚੰਗਾ ਕਵੀ ਹੋਣ ਦੇ ਨਾਤੇ ਉਨ੍ਹਾਂ ਨੇ ਅਸਮੀਆ ਸਾਹਿਤ ਨੂੰ ਸ੍ਰੇਸ਼ਠ ਕਵਿਤਾਵਾਂ ਪ੍ਰਦਾਨ ਕੀਤੀਆਂ। ਸ਼ੰਕਰ ਦੇਵ ਦੀ ਪ੍ਰੰਪਰਾ ਨੂੰ ਉਨ੍ਹਾਂ ਦੇ ਚੇਲੇ ਮਾਧਵ ਦਾਸ ਨੇ ਅੱਗੇ ਵਧਾਇਆ। **ਭਗਤੀ ਰਤਨਾਵਲੀ** ਵਿੱਚ ਕਈ ਸ਼ਲੋਕ ਹਨ ਅਤੇ ਇਨ੍ਹਾਂ ਵਿੱਚ ਭਗਤੀ ਦੇ ਵੱਖ-ਵੱਖ ਆਯਾਮਾਂ ਦੀ ਚਰਚਾ ਕੀਤੀ ਗਈ ਹੈ। **ਬਾਰਾਗੀਤਾ** ਵਿੱਚ ਵਰਿੰਦਾਵੰਦ ਬਿਹਾਰੀ ਕ੍ਰਿਸ਼ਨ ਦਾ ਵਰਨਣ ਹੈ ਅਤੇ ਇਕ ਹੋਰ ਕ੍ਰਿਤੀ ਵਿੱਚ ਕ੍ਰਿਸ਼ਨ ਦੇ ਬਚਪਨ ਨੂੰ ਚਿੱਤਰਿਤ ਕੀਤਾ ਗਿਆ ਹੈ। ਬੰਗਲਾ ਅਤੇ ਗੁਜਰਾਤੀ ਵਿੱਚ ਵਰਨਿਤ ਰਾਧਾ-ਕ੍ਰਿਸ਼ਨ ਦੀ ਪ੍ਰੇਮ ਕਥਾ ਵਿੱਚ ਜ਼ਿਆਦਾ ਪਾਈ ਜਾਣ ਵਾਲੀ ਕਾਮੁਕਤਾ ਦਾ ਅਸਮੀਆ ਵੈਸ਼ਨੋ ਕਵਿਤਾ ਵਿੱਚ ਨਾਮੋ-ਨਿਸ਼ਾਨ ਨਹੀਂ ਹੈ। ਇਸ ਦ੍ਰਿਸ਼ਟੀ ਵਿੱਚ ਅਸਮੀਆ ਵੈਸ਼ਨੋ ਕਵਿਤਾਵਾਂ ਵਿੱਚ ਕ੍ਰਿਸ਼ਨ ਦੀ ਪ੍ਰੇਮ ਕਥਾ ਦੀ ਅਤਿ ਸ਼ਿੰਗਾਰਿਕਤਾ ਨੂੰ ਤਿਆਗਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਉਨ੍ਹਾਂ ਦੇ ਬਚਪਨ ਦੇ ਰੂਪ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ।

ਨੋਟ

ਅਸਮੀਆ ਲੇਖਕਾਂ ਨੇ ਮਹਾ ਕਾਵਿਆਂ ਅਤੇ ਪੌਰਾਣਾਂ ਦਾ ਵੀ ਅਨੁਵਾਦ ਕੀਤਾ। ਰਾਮ ਸਰਸਵਤੀ ਨੇ ਆਪਣੇ ਸ਼ਣ ਦੇਣ ਵਾਲੇ ਨੂੰ ਕੂਚ ਵਿਹਾਰ ਦੇ ਰਾਜੇ ਦੇ ਲਈ ਮਹਾਭਾਰਤ ਦੇ ਉਚ ਅੰਸ਼ਾਂ ਦਾ ਅਨੁਵਾਦ ਕੀਤਾ। ਇਸੇ ਤਰ੍ਹਾਂ **ਚੰਦਰ ਦੂਸਰੇ** ਨੇ ਭਾਗਵਤ ਅਤੇ ਵਿਸ਼ਨੂੰ ਪੁਰਾਣ ਦੇ ਅਧਾਰ 'ਤੇ ਕ੍ਰਿਸ਼ਨ ਕਥਾ ਲਿਖੀ।

ਅਸਮੀਆ ਗਧ ਸਾਹਿਤ ਦਾ ਵਿਕਾਸ ਮੁੱਖ ਰੂਪ ਵਿੱਚ ਇਤਿਹਾਸਿਕ ਅਭਿਲੇਖਾਂ **ਬੁਰੇਂਜੀ** ਦੇ ਸੰਗ੍ਰਹਿ ਦੇ ਕ੍ਰਮ ਵਿੱਚ ਹੋਇਆ। ਇਹ ਅਹੋਮ ਰਚਾਵਾਂ ਦੇ ਨਿਰਦੇਸ਼ 'ਤੇ ਲਿਖੇ ਗਏ ਸਨ। ਜਿਨ੍ਹਾਂ ਨੇ ਅਸਮ 'ਤੇ ਕਬਜ਼ਾ ਜਮਾ ਕੇ ਉਥੇ ਰਾਜ ਕੀਤਾ ਸੀ ਅਤੇ ਜ਼ਰੂਰਤ ਪੈਣ 'ਤੇ ਮੁਗਲਾਂ ਨਾਲ ਟੱਕਰ ਵੀ ਲਈ। ਅਹੋਮਾਂ ਦੀ ਚੀਨੀ-ਤਿੱਬਤੀ ਸੰਸਕ੍ਰਿਤੀ ਦਾ ਪ੍ਰਭਾਵ ਅਸਮ 'ਤੇ ਪਿਆ ਅਤੇ ਅਸਮੀਆ ਗਧ ਵੀ ਇਸ ਤੋਂ ਪ੍ਰਭਾਵਿਤ ਹੋਇਆ।

### (ਗ) ਉੜੀਆ

ਇਸ ਸਮੇਂ ਵਿੱਚ ਉੜੀਆ ਸਾਹਿਤ 'ਤੇ ਵੀ ਸੰਸਕ੍ਰਿਤੀ ਦਾ ਪ੍ਰਭਾਵ ਮੌਜੂਦ ਸੀ। ਮਧੂ ਸੂਦਨ, ਭੀਮ, ਦਿਵਰ, ਸਦਾਸ਼ਿਵ ਅਤੇ ਸ਼ਿਵ ਈਸ਼ਵਰ ਦਾਸ ਨੇ ਪੋਰਾਨਿਕ ਵਿਸ਼ਿਆਂ 'ਤੇ ਅਧਾਰਿਤ ਕਈ ਕਾਵਿਆਂ ਦੀ ਸਿਰਜਣਾ ਕੀਤੀ। **ਧਨੰਜੈ ਭਾਰਿਆ** ਵਿੱਚ ਗੈਰ-ਪੋਰਾਨਿਕ ਕਾਵਿ ਪ੍ਰਯੋਗ ਕੀਤਾ ਗਿਆ ਹੈ, ਜਿਸ ਵਿੱਚ ਹਰੇਕ ਪੰਗਤੀ 'ਏ' ਵਰਗ ਤੋਂ ਸ਼ੁਰੂ ਹੁੰਦੀ ਹੈ। ਇਸ ਵਿੱਚ ਰਾਧਾ ਅਤੇ ਕ੍ਰਿਸ਼ਨ ਦੀ ਪ੍ਰੇਮ ਕਥਾ ਕਹੀ ਗਈ ਹੈ। ਸ਼ਿਸ਼ੂ ਸ਼ੰਕਰ ਦਾਸ ਦਾ **ਊਸ਼ਾ ਵਿਲਾਸ** ਦੇਵ ਦੁਰਲਭ ਦਾਸ ਦੀ **ਰਹੱਸਮੰਜਰੀ** ਅਤੇ ਕਾਰਤਿਕ ਦਾਸ ਦੀ **ਰੁਕਮਣੀ ਵਿਭਾ** ਇਸ ਤਰ੍ਹਾਂ।

17ਵੀਂ ਸ਼ਥਾਬਦੀ ਵਿੱਚ ਰਾਮ ਚੰਦਰ ਪਟਨਾਇਕ ਦੀ ਕ੍ਰਿਤੀ **ਹਾਰਾਵਲੀ** ਦੀ ਰਚਨਾ ਤੋਂ ਉੜੀਆ ਸਾਹਿਤ ਨੂੰ ਇਕ ਲੋਕ ਅਧਾਰ ਪ੍ਰਾਪਤ ਹੋਇਆ। ਇਸ ਵਿੱਚ ਇਕ ਆਮ ਆਦਮੀ ਨਾਇਕ ਅਤੇ ਇਕ ਕਿਸਾਨ ਦੀ ਲੜਕੀ ਨਾਇਕਾ ਹੈ। ਹਾਲਾਂਕਿ ਇਹ ਆਪਣੇ ਆਪ ਵਿੱਚ ਇਕ ਨਿਊਨਤਮ ਪ੍ਰਯੋਗ ਸੀ ਪਰ ਆਮ ਤੌਰ 'ਤੇ ਉੜੀਆ ਸਾਹਿਤ ਸੰਸਕ੍ਰਿਤ ਸਾਹਿਤ ਦਾ ਹੀ ਅਨੁਗਮਨ ਕਰਦਾ ਹੈ। ਭੂਪਤੀ ਪੰਡਿਤ ਦੀ ਰਚਨਾ **ਪ੍ਰੇਮ ਪੰਚ ਮਿੱਤਰ** ਵਿੱਚ ਧਰਮ ਸਿਧਾਂਤ ਨੂੰ ਭਗਤੀ ਦੇ ਸੂਤਰ ਵਿੱਚ ਪਰੋ ਕੇ ਕਾਵਿ ਰੂਪ ਪ੍ਰਦਾਨ ਕੀਤਾ ਗਿਆ। ਇਸ ਰਚਨਾ ਦੀ ਭਾਸ਼ਾ ਦੀ ਤੁਲਨਾ ਅਕਸਰ ਜੈ ਦੇਵ ਦੇ ਨਾਲ ਕੀਤੀ ਜਾਂਦੀ ਹੈ।

ਸਧਾਰਣ ਤੌਰ 'ਤੇ ਉੜੀਆ ਭਾਸ਼ਾ 'ਤੇ ਸੰਸਕ੍ਰਿਤ ਦਾ ਪ੍ਰਭਾਵ ਸਪੱਸ਼ਟ ਸੀ ਪਰ 18ਵੀਂ ਸ਼ਤਾਬਦੀ ਵਿੱਚ ਇਕ ਕ੍ਰਿਤ੍ਰਿਮ ਸ਼ੈਲੀ ਦਾ ਵਿਕਾਸ ਹੋਇਆ, ਜਿਸ ਵਿੱਚ ਅਤਿ ਸ਼ਿੰਗਾਰਕਤਾ ਹੁੰਦੀ ਸੀ ਅਤੇ ਭਾਸ਼ਾ ਦਾ ਚਮਤਕਾਰ ਹੁੰਦਾ ਸੀ। **ਉਪੇਂਦਰ ਭੰਜ** (1670-1720 ਈ.) ਇਸ ਧਾਰਾ ਦਾ ਪ੍ਰਤੀਨਿਧੀ ਕਵੀ ਸੀ। ਉਸ ਨੇ ਉੜੀਆ ਸਾਹਿਤ ਵਿੱਚ ਇਕ ਅਜਿਹੇ ਨਵੇਂ ਯੁੱਗ ਦਾ ਪਰਿਵਰਤਨ ਕੀਤਾ ਜੋ 19ਵੀਂ ਸ਼ਤਾਬਦੀ ਤੱਕ ਕਾਇਮ ਰਿਹਾ।

## 12.1.6 ਦੱਖਣ ਭਾਰਤੀ ਭਾਸ਼ਾਵਾਂ

ਤਾਮਿਲ, ਤੇਲਗੂ, ਕੰਨੜ ਅਤੇ ਮਲਿਆਲਮ ਆਦਿ ਪ੍ਰਮੁੱਖ ਦੱਖਣ ਭਾਰਤੀ ਭਾਸ਼ਾਵਾਂ ਸਨ, ਜਿਨ੍ਹਾਂ ਵਿੱਚ ਇਸ ਸਮੇਂ ਵਿੱਚ ਸਾਹਿਤ ਰਚਨਾ ਹੋਈ। ਇਸ ਦਾ ਵੇਰਵਾ ਹੇਠ ਲਿਖਿਆ ਹੈ:

### (ਕ) ਤਾਮਿਲ

ਇਸ ਸਮੇਂ ਦੇ ਤਾਮਿਲ ਸਾਹਿਤ ਵਿੱਚ ਕਈ ਤਰ੍ਹਾਂ ਦੇ ਦਾਰਸ਼ਨਿਕ ਗ੍ਰੰਥ, ਟਿਕਾਵਾਂ, ਸਾਹਿਤਕ, ਕ੍ਰਿਤੀਆਂ ਅਤੇ ਪੁਰਾਣ ਲਿਖੇ ਗਏ। ਬਹੁਤ ਸਾਰੀਆਂ ਕ੍ਰਿਤੀਆਂ ਵੈਸ਼ਨੋ ਅਤੇ ਸ਼ੈਵ ਧਰਮ ਨਾਲ ਸਬੰਧਿਤ ਹਨ। ਹਰੀ ਦਾਸ ਨਾਮਕ ਇਕ ਵੈਸ਼ਨੋ ਕਵੀ ਨੇ **ਇਰੂਸਮਿਆ ਵਿਲੱਕਮ** (ਸ਼ੈਵ ਵੈਸ਼ਨੋ ਧਰਮ ਦੀ ਵਿਆਖਿਆ) ਦੀ ਰਚਨਾ ਕੀਤੀ। ਮੁਰੈਨਾ ਨਰਬੰਦਰ ਨੇ **ਸਿਵਦਾਰੂ ਮੋਤਰਮ** (1533 ਈ.) ਨਾਮਕ ਇਕ ਹੋਰ ਤਾਮਿਲ ਕ੍ਰਿਤੀ ਦੀ ਰਚਨਾ ਕੀਤੀ। ਇਸ ਪੁਸਤਕ ਵਿੱਚ 1200 ਸ਼ਲੋਕ ਹਨ, ਇਨ੍ਹਾਂ ਵਿੱਚ ਕਾਲਾਨੁਕ੍ਰਮ ਮੰਦਿਰ ਅਤੇ ਉਸ ਦੀ ਰਚਨਾ ਅਤੇ ਧਰਮ ਸਿਧਾਂਤ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਇਸ ਦੇ ਇਕ ਲੇਖਕ ਨੇ **ਸ਼ੈਵਾ-ਸਮਿਆਨੇਰੀ** (ਸ਼ੈਵ ਪੰਥ ਦਾ ਪਥ) ਨਾਮਕ ਕ੍ਰਿਤੀ ਦੀ ਵੀ ਰਚਨਾ ਕੀਤੀ, ਜਿਸ ਵਿੱਚ ਸ਼ੈਵਾਂ ਦੀ ਪ੍ਰਤੀ ਦਿਨ ਦੀ ਉਪਾਸਨਾ ਦਾ ਵਰਨਣ ਹੈ। ਕਮਲਈ ਨਾਨਪ੍ਰਕਾਰਾ ਨੇ **ਤਿਰੂਮਲੁਵੜੀ** ਵਿੱਚ ਪੁਰਾਣ ਅਤੇ ਸ਼ੈਵ ਪੂਜਾ 'ਤੇ ਅਨੇਕਾਂ ਨਿਰਦੇਸ਼ਕਾਵਾਂ ਪ੍ਰਕਾਸ਼ਿਤ ਕੀਤੀਆਂ। ਨਿਰੰਬਾ ਆਲੀਗਯਾ ਅਤੇ ਉਨ੍ਹਾਂ ਦੇ ਚੇਲਿਆਂ ਨੇ ਵੀ ਪੁਰਾਣ ਸਾਹਿਤ ਨੂੰ ਸਮ੍ਰਿਧ ਕੀਤਾ। ਦੇਸੀਕਰ ਨੇ ਸੇਤੂ **ਪੁਰਾਣਮ** ਅਤੇ **ਤਿਰੂਪਰੰਗਿਰੀ** ਅਤੇ **ਤਿਰੂਵੈਯੂਰ** 'ਤੇ ਪੁਰਾਣ ਲਿਖੇ। ਉਨ੍ਹਾਂ ਦੇ ਇਕ ਚੇਲੇ ਨੇ ਤਿਰੂਵਲਤਰਪੁਰਾਣਮ (1592 ਈ.) ਦੀ ਰਚਨਾ ਕੀਤੀ। ਮਦੁਰਾ ਦੇ ਨਾਇਕ ਦਾ ਇਕ ਅਧਿਕਾਰੀ ਮਦਈ **ਤਿਰੂਵੇਂਗਦਨਤਥਰ** 17ਵੀਂ ਸ਼ਤਾਬਦੀ ਦਾ ਇਕ ਮਹੱਤਵਪੂਰਨ ਸਾਹਿਤਕਾਰ ਸੀ ਉਸ ਨੇ ਅਦਵੈਤ ਵੇਦਾਂਤ ਦੀ ਵਿਆਖਿਆ ਕਰਦੇ ਹੋਏ ਤਾਮਿਲ ਵਿੱਚ ਇਕ ਲੰਬੀ ਕਵਿਤਾ ਲਿਖੀ ਸੀ।

ਪੁਰਾਣ ਤਿਰੂਮਲੈਨਾਥਨ ਕ੍ਰਿਤ **ਚਿਦੰਬਰਾ ਪੁਰਾਣਮ** (1508 ਈ.), ਨਲੂਰ ਵੀਰਕਵੀਰਾਇਰ ਰਚਿਤ **ਅਰੀਚੰਦਰ ਪੁਰਾਣਮ** (1524 ਈ.), ਅੰਦਾਰੀ ਦਾ **ਸੁੰਦਰ ਪਾਡਿਅਨ** (1580 ਈ.), ਕਾਚੀਯੱਪਾ ਸ਼ੈਵਾਚਾਰਿਆ ਦਾ **ਕੰਦਪੁਰਾਣਮ** (1625 ਈ.) ਅਤੇ ਬਾਲਾ ਸੁਬਰਾਮਨਿਅਮ ਕਵਿਰਾਇਰ ਰਚਿਤ **ਪਾਰਨੀ ਤਲ ਪੁਰਾਣਮ** (1628 ਈ.) ਇਸ ਸਮੇਂ ਦੇ ਹੋਰ ਮਹੱਤਵਪੂਰਨ ਧਾਰਮਿਕ ਅਤੇ ਦਾਰਸ਼ਨਿਕ ਗ੍ਰੰਥ ਹਨ। ਇਸੇ ਸਮੇਂ ਦੇ ਨੇੜੇ-ਤੇੜੇ ਤੰਜੌਰ ਦੇ ਇਕ ਵੇਲਾਲ ਕਵੀ ਏਲਨ ਨਵਲਾਰ (ਲੱਗਭਗ 1542-80 ਈ.) ਨੇ ਤਿਰੂਵਰੂਰ 'ਤੇ ਇਕ ਉਤਕ੍ਰਸ਼ਟ **ਕੋਵਈ** ਲਿਖੀ। ਤੇਨਕਰਾਈ ਦੇ ਇਕ ਪਾਂਡੇ ਰਾਜਾ ਅਤਿਵੀਰਰਮਾ ਨੇ **ਨੈਡਤਮ** ਨਾਮਕ ਇਕ ਸੁੰਦਰ ਗ੍ਰੰਥ ਲਿਖਿਆ। ਉਨ੍ਹਾਂ ਨੇ ਸੰਸਕ੍ਰਿਤ ਦੇ ਕਈ ਮਹੱਤਵਪੂਰਨ ਗ੍ਰੰਥਾਂ ਦਾ ਤਾਮਿਲ ਵਿੱਚ ਅਨੁਵਾਦ ਵੀ ਪੇਸ਼ ਕੀਤਾ।

**ਨੋਟ**

*ਨੋਟਸ* ਪਰਨਜੋਤੀ ਰਚਿਤ **ਚਿਤੰਬਰਾ ਪਾਹੀਅਲ**, ਕੁਰੂਗਈ ਪੇਰੂਮਲ ਕਵੀਅਰ ਕ੍ਰਿਤ **ਮਾਰਨ ਅਲੰਕਰਾਮ** ਅਤੇ ਵੈਦਿਆਨਾਥ ਦਸੀਕਰ ਕ੍ਰਿਤ **ਇਲਕਨਾਵਿਲਵਕਮ** ਪ੍ਰਮੁੱਖ ਵਪਾਰਿਕ ਗ੍ਰੰਥ ਹਨ। ਜੈਨ ਕਵੀ ਮੰਡਲ ਪੁਰਸ਼ ਦੀ ਕ੍ਰਿਤੀ **ਨਿਗੰਟੂ ਚੂੜਾਮਣੀ**, ਕਇਦਰਾਰ ਕ੍ਰਿਤ **ਕੋਇਦਰਾਮ** ਇਸ ਸਮੇਂ ਦੇ ਪ੍ਰਮੁੱਖ ਸ਼ਬਦ ਕੋਸ਼ ਹਨ।

### (ਖ) ਤੇਲਗੂ

ਭਾਸ਼ਾ ਦੇ ਪੱਧਰ ’ਤੇ ਤੇਲਗੂ, ਤਾਮਿਲ ਅਤੇ ਕੰਨੜ੍ਹ ਨਾਲ ਜੁੜੀ ਹੋਈ ਹੈ ਪਰ ਇਸ ਦੇ ਸਾਹਿਤਕ ਮਾਨਦੰਡ ਸੰਸਕ੍ਰਿਤ ’ਤੇ ਅਧਾਰਿਤ ਹਨ।

ਇਸ ਕਾਲ ਵਿੱਚ ਵਿਜੇ ਨਗਰ ਦੇ ਰਾਜਾ ਕ੍ਰਿਸ਼ਨ ਦੇਵ ਰਾਏ (1509–1529 ਈ.) ਦੇ ਸ਼ਾਸਨਕਾਲ ਵਿੱਚ ਤੇਲਗੂ ਸਾਹਿਤਕ ਦਾ ਮਹੱਤਵਪੂਰਨ ਵਿਕਾਸ ਹੋਇਆ, ਉਹ ਖੁਦ ਇਕ ਪ੍ਰਤਿਸ਼ਠਤ ਵਿਦਵਾਨ ਸੀ। ਉਸ ਦੀ ਰਚਨਾ **ਅਮੁਕਤਮਾਲਿਅਦ** ਨੂੰ ਤੇਲਗੂ ਸਾਹਿਤ ਦਾ ਮਹਾਨ ਕਾਵਿ ਮੰਨਿਆ ਜਾਂਦਾ ਹੈ। ‘ਅੱਲਾਰਾਣੀ ਪੇਧਨਾ’ ਉਸ ਦੇ ਦਰਬਾਰ ਦਾ ਸਰਵੋਤਮ ਕਵੀ ਸੀ। ਉਨ੍ਹਾਂ ਨੂੰ ‘ਆਂਧਰ ਕਵਿ ਪਿਤਾਮਾ’ (ਤੇਲਗੂ ਕਵਿਤਾ ਦਾ ਪਿਤਾਮਾ) ਦੀ ਉਪਾਧੀ ਪ੍ਰਦਾਨ ਕੀਤੀ ਗਈ। **ਸਵਰੋਚਿਸ਼ ਮਨੁਸੰਭਵਮ** ਜਾਂ **ਮਨੁਚਰਿਤ** ਉਨ੍ਹਾਂ ਦੇ ਪ੍ਰਮੁੱਖ ਗ੍ਰੰਥ ਹਨ। ਕ੍ਰਿਸ਼ਨ ਦੇਵ ਰਾਏ ਦੇ ਦਰਬਾਰ ਦੇ ਇਕ ਹੋਰ ਕਵੀ ‘ਨੰਦੀ ਤਿੰਮਨ’ ਨੇ **ਪਾਰਿਜਾਤਪਹ ਹਰਣਮ** ਦੀ ਰਚਨਾ ਕੀਤੀ, ਜਿਸ ਵਿੱਚ ਸ਼੍ਰੀ ਕ੍ਰਿਸ਼ਨ ਦੇ ਜੀਵਨ ਦੇ ਇਕ ਅੰਸ਼ ਨੂੰ ਕਾਵਿ ਰੂਪ ਵਿੱਚ ਪੇਸ਼ ਕੀਤਾ ਗਿਆ ਸੀ।

ਭੱਟ ਮੂਰਤੀ ਨੇ ਜੋ ਰਾਮ ਰਾਜਾ ਭੂਸ਼ਣ ਦੇ ਨਾਲ ਜਾਣੇ ਜਾਂਦੇ ਸਨ, **ਵਸੁ ਚਰਿਤ** (ਮਹਾਭਾਰਤ ਦੇ ਇਕ ਅੰਸ਼ ’ਤੇ ਅਧਾਰਿਤ ਕਾਵਿ) ਦੀ ਰਚਨਾ ਕਰਕੇ ਖਿਆਤੀ ਅਰਜਿਤ ਕੀਤੀ। ਉਨ੍ਹਾਂ ਨੇ **ਹਰੀ ਚੰਦਰ ਨਲੋਪਾਖਿਆਨਮ** ਨਾਮਕ ਕਾਵਿ ਦੀ ਵੀ ਰਚਨਾ ਕੀਤੀ, ਜਿਸ ਦੇ ਹਰੇਕ ਸ਼ਲੋਕ ਦੇ ਦੋ ਅਰਥ ਹਨ : ਇਸ ਵਿੱਚ ਨਲ ਦੇ ਨਾਲ–ਨਾਲ ਰਾਜਾ ਹਰੀਸ਼ ਚੰਦਰ ਦੀ ਕਥਾ ਕਹੀ ਗਈ ਹੈ। ਰਾਮਾਇਣ ਅਤੇ ਮਹਾਭਾਰਤ ਦੀਆਂ ਕਥਾਵਾਂ ਨੂੰ ਅਧਾਰ ਬਣਾ ਕੇ ਪਿਗਲੀ ਸੁਰਨੰ **ਰਾਘਵ-ਪਾਂਡੀਵੀਅਮ** ਦੀ ਰਚਨਾ ਕੀਤੀ। ਕੁਮਾਰ ਧੁਰਜੇਟੀ ਨੇ 16ਵੀਂ ਸ਼ਤਾਬਦੀ ਦੇ ਨੇੜੇ–ਤੇੜੇ ਆਪਣੀ ਮਹਾਨ ਕ੍ਰਿਤੀ **ਕ੍ਰਿਸ਼ਨ ਦੇਵ ਰਾਏ ਵਿਜਿਅਮ** ਦੀ ਰਚਨਾ ਕੀਤੀ, ਇਸ ਵਿੱਚ ਉਨ੍ਹਾਂ ਨੇ ਮਹਾਨ ਰਾਜੇ ਦੀਆਂ ਜਿੱਤਾਂ ਦਾ ਵਰਨਣ ਕੀਤਾ ਹੈ। ਤੇਨਾਲੀ ਰਾਮ ਕ੍ਰਿਸ਼ਨ ਤੇਲਗੂ ਸਾਹਿਤ ਦੇ ਸਭ ਤੋਂ ਜ਼ਿਆਦਾ ਲੋਕਪ੍ਰਿਯ ਲੇਖਕ ਹਨ। ਉਨ੍ਹਾਂ ਨੂੰ ਵਾਕਪਟੂ ਅਤੇ ਹੰਸੋੜ ਵਿਅਕਤੀ ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦਾ **ਪਾਡੁਰੰਗ ਮਹਾਤਮ** ਤੇਲਗੂ ਕਵਿਤਾ ਦੀ ਇਕ ਮਹਾਨ ਕ੍ਰਿਤੀ ਮੰਨੀ ਜਾਂਦੀ ਹੈ। ਹੇਠਲੀ ਜਾਤੀ ਦੀ ਕਹੀ ਜਾਣ ਵਾਲੀ **ਮੌਲਾ** ਇਕ ਕਵਿਤਰੀ ਸੀ, ਜਿਨ੍ਹਾਂ ਨੇ ਰਾਮਾਇਣ ਦਾ ਲੋਕਪ੍ਰਿਯ ਤੇਲਗੂ ਰੂਪਾਂਤਰ ਪੇਸ਼ ਕੀਤਾ। ਕੁਲੀਕੁਤੁਬ ਸ਼ਾਹ (1550–83 ਈ.) ਵੀ ਤੇਲਗੂ ਸਾਹਿਤ ਦੇ ਸੁਰੱਖਿਅਕ ਸਨ। ਅਦਾਨਕੀ ਗੰਗਾ ਧਰ ਅਤੇ ਪੋਨੰਨਾਗੰਤੀ ਤੇਲੰਗਾਨਾ ਨੇ ਆਪਣੀਆਂ ਪੁਸਤਕਾਂ **ਤਪਤੀ ਸੰਹਰਣੋਪਾਕਖਿਆਨਮ** ਅਤੇ ਯਯਾਜੀਚਰਿਤ ਕੁਤੁਬ ਸ਼ਾਹ ਨੂੰ ਸਮਰਪਿਤ ਕੀਤੀ ਸੀ।

ਮਨੁਮਚੀ ਭੱਟ ਨੇ 16ਵੀਂ ਸ਼ਤਾਬਦੀ ਵਿੱਚ **ਹਥਲਛਣ** ਨਾਮਕ ਕ੍ਰਿਤੀ ਲਿਖੀ। ਇਸ ਵਿੱਚ ਘੋੜਿਆਂ ਅਤੇ ਉਨ੍ਹਾਂ ਦੇ ਪ੍ਰੀਖਣ ਦਾ ਵਰਨਣ ਹੈ। 17ਵੀਂ ਸ਼ਤਾਬਦੀ ਵਿੱਚ ਵਿਜੇ ਨਗਰ ਦੇ ਖਾਤਮੇ ਤੋਂ ਬਾਅਦ ਤੇਲਗੂ ਸਾਹਿਤਕਾਰਾਂ ਗਾਡੀਕੇਟਾ, ਨੇਲੂ, ਸਿੱਧਵਟਮ, ਜਿੰਜੀ, ਤੰਜੌਰ ਅਤੇ ਮਦੁਰਾ ਵਰਗੇ ਛੋਟੇ ਰਾਜਾਂ ਨੇ ਸ਼ਰਨ ਦਿੱਤੀ। ਸਿੱਧਵਟਮ ਦੇ ਮਾਲਤੀ ਅਨੰਤ **ਕਾਕੁਸਤਵਿਜਿਅਮ** (1590–1660 ਈ.) ਲਿਖਿਆ। ਨੇਲੋਰ ਦੇ ਦੇ ਪੁਸ਼ਪਗਿਰੀ ਨੇ ਭ੍ਰਤਹਰੀ ਕ੍ਰਿਤ **ਨੀਤੀਸ਼ਤਕ** ਦਾ ਅਨੁਵਾਦ ਕੀਤਾ। ਤੰਜੌਰ ਦੇ ਰਾਜਾ ਰਘੁਨਾਥ ਰਾਜੇ ਨੇ **ਵਾਲਮੀਕਿ ਚਰਿਤ** ਨਾਮ ਨਾਲ ਇਕ ਅਰੰਭਿਕ ਗਧ ਕ੍ਰਿਤੀ ਲਿਖੀ ਸੀ।

### (ਗ) ਕੰਨੜ੍ਹ

ਜ਼ਿਆਦਾਤਰ ਕੰਨ੍ਹੜ ਗ੍ਰੰਥ ਜੈਨ ਮੁਨੀਆਂ ਵਿੱਚੋਂ ਰਚੇ ਗਏ ਹਨ। 16ਵੀਂ–17ਵੀਂ ਸ਼ਤਾਬਦੀਆਂ ਦੇ ਦੌਰਾਨ ਵੀ ਉਹ ਕੰਨੜ੍ਹ ਸਾਹਿਤ ਨੂੰ ਸਮ੍ਰਿਧ ਕਰਦੇ ਰਹੇ।

ਗੋਰੋਪਾ ਦੇ ਵਾਦੀ ਵਿਦਿਆ ਨੰਦ ਨੇ 1533 ਈ. ਵਿੱਚ **ਕਾਵਿ ਰਸ** ਦਾ ਸੰਕਲਨ ਕੀਤਾ ਸੀ, ਜਿਨ੍ਹਾਂ ਵਿੱਚ ਪ੍ਰਮੁੱਖ ਕੰਨੜ੍ਹ ਕਵੀਆਂ ਦੇ ਜੀਵਨ ਸਬੰਧੀ ਜਾਣਕਾਰੀ ਦਿੱਤੀ ਗਈ ਸੀ। ਦੂਸਰੇ ਜੈਨ ਵਿਦਵਾਨ ਸਾਲਵ (ਲੱਗਭਗ 1550 ਈ.) ਨੇ **ਭਾਰਤ ਰਤਨਾਗਰ ਵਰਨਣੀ** ਦਾ ਰੂਪਾਂਤਰ ਪੇਸ਼ ਕੀਤਾ। ਇਸ ਤੋਂ ਇਲਾਵਾ 16ਵੀਂ ਸ਼ਤਾਬਦੀ ਦੇ ਦੌਰਾਨ ਉਨ੍ਹਾਂ ਨੇ (ਜੈਨ ਬ੍ਰਹਿਮੰਡ ਮੀਮਾਂਸਾ ’ਤੇ), **ਤਿਰਲੋਕ ਕਾਰ** (ਦਰਸ਼ਨ ਰੂਪ), **ਅਪਰਾਜਿਤ ਸ਼ਤਕ** ਅਤੇ ਪ੍ਰਮੁੱਖ ਰਾਜੇ ਭਾਰਤ ਦੀ ਕਥਾ ’ਤੇ **ਭਰਤੇਸ਼ਵਰ ਚਰਿਤ** ਦੀ ਰਚਨਾ ਕੀਤੀ। ਉਨ੍ਹਾਂ ਵੱਲੋਂ ਰਚਿਤ ਕਈ ਗਈ ਅਜੇ ਵੀ ਜੈਨੀਆਂ ਵੱਲੋਂ ਗਾਏ ਜਾਂਦੇ ਹਨ। ਇਸ ਨੂੰ **ਅੰਨਗਲਾਪਦ** ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**ਚੇਨਬਾਸਵ ਪੁਰਾਣ ਲਿੰਗਾਇਤ** ਸਾਹਿਤ ਦੀ ਇਕ ਮਹੱਤਵਪੂਰਨ ਕ੍ਰਿਤੀ ਹੈ। ਇਸ ਦੇ ਨਾਇਕ ਚੇਨਬਾਸਵ ਨੂੰ ਸ਼ਿਵ ਦਾ ਅਵਤਾਰ ਮੰਨਿਆ ਗਿਆ ਹੈ। ਇਸ ਵਿੱਚ ਸੰਤਾਂ ਦੀਆਂ ਕਈ ਕਥਾਵਾਂ ਵੀ ਸ਼ਾਮਿਲ ਹਨ। ਅਦ੍ਰਿਸ਼ (ਲੱਗਭਗ 1595 ਈ.) ਰਚਿਤ **ਪ੍ਰਾਧੰਰਾਇਚਰਿਤ** ਲਿੰਗਾਇਤ ਸਾਹਿਤ ਦਾ ਇਕ ਹੋਰ ਪ੍ਰਮੁੱਖ ਗ੍ਰੰਥ ਹੈ।

ਨੋਟ

ਵਿਰਕਤ ਪੰਤਾਦਰਵ ਕ੍ਰਿਤ **ਸਿੱਧੇਵਸ਼ਵਰ ਪੁਰਾਣ** ਅਤੇ ਨਿਜਗੁੰਨ ਸ਼ਿਵ ਜੋਗੀ ਕ੍ਰਿਤ **ਵਿਵੇਕ ਚਿੰਤਾਮਣੀ** (ਲੱਗਭਗ 1560) ਅਤੇ **ਸ਼ਿਵ** ਯੋਗ **ਪ੍ਰਦੀਪਿਕਾ**, ਭਾਵਚਿੰਤਰਣ ਅਤੇ ਵੀਰ ਸੈਵਾਮ੍ਰਿਤ ਅਤੇ ਮਰਲਰਨਾਰਿਆ ਗੁੱਬੀ ਅਤੇ ਸਰਵਗੰਨਿਆ ਮੂਰਤੀ ਕ੍ਰਿਤ **ਸਰਵਗੰਨਿਯਾਪਦਗਲੂ** ਇਸ ਸਮੇਂ ਦੇ ਕੁਝ ਮਹੱਤਵਪੂਰਨ ਸ਼ੈਵ ਗ੍ਰੰਥ ਹਨ।

ਇਸ ਕਾਲ ਵਿੱਚ ਵੈਸ਼ਨੋ ਸਾਹਿਤ ਵੀ ਲਿਖੇ ਗਏ। ਇਸ ਖੇਤਰ ਵਿੱਚ ਸੰਸਕ੍ਰਿਤ ਕਵੀਆਂ ਦਾ ਕੰਨੜ੍ਹ ਵਿੱਚ ਅਨੁਵਾਦ ਕੀਤਾ ਗਿਆ। **ਕੁਮਾਰ ਵਿਆਸ** ਨੇ ਭਾਰਤ ਦੇ ਇਕ ਅੰਸ਼ ਦਾ ਅਨੁਵਾਦ ਕੀਤਾ ਅਤੇ ਬਾਕੀ ਅੰਸ਼ ਦਾ ਅਨੁਵਾਦ 1510 ਈ. ਦੇ ਨੇੜੇ-ਤੇੜੇ **ਤਿਮੰਨਾ** ਨੇ ਕੀਤਾ। ਲਕਸ਼ਮੀਰਾ ਨੇ **ਜੈਮਿਨੀ ਭਾਰਤ** ਦੀ ਰਚਨਾ ਕੀਤੀ। ਭਿਕਸ਼ੂ ਗਾਇਕਾਂ ਵੱਲੋਂ ਗਾਇਆ ਜਾਣ ਵਾਲਾ ਲੋਕਪ੍ਰਿਯ ਗੀਤ ਵੈਸ਼ਨੋ ਸਾਹਿਤ ਦਾ ਇਕ ਹੋਰ ਰੂਪ ਹੈ। ਨੀਲਕੰਠ ਸ਼ਾਸਤਰੀ ਦੇ ਅਨੁਸਾਰ ਇਹ ਮਧਵਾਚਾਰਿਆ ਅਤੇ ਵਿਆਸਾਚਾਰਿਆ ਨਾਲ ਪ੍ਰੇਰਿਤ ਹਨ। 1510 ਈ. ਵਿੱਚ ਚੈਤੰਨਿਆ ਦੀ ਦੱਖਣ ਯਾਤਰਾ ਨਾਲ ਇਸ ਲੋਕਪ੍ਰਿਯ ਗੀਤ ਨੂੰ ਕਾਫੀ ਬੜ੍ਹਾਵਾ ਮਿਲਿਆ। ਇਸੇ ਸ਼੍ਰੇਣੀ ਦੇ ਗਾਇਕਾਂ ਵਿੱਚ ਪੂਰਨ ਦਾਸ (ਮ੍ਰਿ. 1664 ਈ.) ਮੁੱਖ ਹਨ।

*ਕੀ ਤੁਸੀਂ ਜਾਣਦੇ ਹੋ* ਕੰਨੜ੍ਹ ਵਿਆਕਰਣ ਦੇ ਖੇਤਰ ਵਿੱਚ ਭੱਟ ਕਲੰਕ ਦੇਵ ਦੀ ਕ੍ਰਿਤੀ **ਕਰਨਾਟਕ ਸ਼ਬਦ ਨਿਸ਼ਾਨ** (1604 ਈ.) ਸਰਵੋਤਮ ਮੰਨੀ ਜਾਂਦੀ ਹੈ।

### (ਘ) ਮਲਿਆਲਮ

ਮਲਿਆਲਮ ਔਡਯਾਰ ਖੇਤਰ ਵਿੱਚ ਤਾਮਿਲ ਦੀ ਇਕ ਬੋਲੀ ਦੇ ਰੂਪ ਵਿੱਚ ਵਿਕਸਿਤ ਹੋਈ। 14ਵੀਂ ਸ਼ਤਾਬਦੀ ਵਿੱਚ ਆਉਂਦੇ-ਆਉਂਦੇ ਇਸ ਦੀ ਸੁਤੰਤਰ ਹੋਂਦ ਕਾਇਮ ਹੋ ਗਈ। 15ਵੀਂ ਸ਼ਤਾਬਦੀ ਅਤੇ ਇਸ ਤੋਂ ਬਾਅਦ (ਤ੍ਰਾਵਣਕੋਰ ਦੇ ਨਿਰਮਾਣ ਤੋਂ ਆਏ ਹੋਏ) ਇਕ ਖਾਸ ਪ੍ਰੰਪਰਾ ਦੇ ਕਵੀਆਂ ਨੇ ਕਵਿਤਾ ਦੀ ਮਲਿਆਲਮ ਸ਼ੈਲੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ। **ਰਾਮ ਪਨਿੱਕਰ** ਇਸ ਪ੍ਰੰਪਰਾ ਦੇ ਇਕ ਪ੍ਰਮੁੱਖ ਕਵੀ ਹਨ। ਉਨ੍ਹਾਂ ਨੇ **ਭਾਰਤ ਗਾਥਾ**, **ਸਾਵਿਤਰੀ ਮਹਾਤਮਾ**, **ਬ੍ਰਹਿਮੰਡ ਪੁਰਾਣਮ** ਅਤੇ **ਭਾਗਵਤ** ਵਰਗੀਆਂ ਕ੍ਰਿਤੀਆਂ ਦੀ ਰਚਨਾ ਕੀਤੀ।

ਆਧੁਨਿਕ ਮਲਿਆਲਮ ਸਾਹਿਤ ਦੇ ਵਿਕਾਸ ਵਿੱਚ 16ਵੀਂ ਸ਼ਤਾਬਦੀ ਵਿੱਚ ਮਹਾਨ ਕਵੀ **ਚੇਰਸੇਰੀ ਨੰਬੂਦਰੀ** ਦਾ ਮਹੱਤਵਪੂਰਨ ਯੋਗਦਾਨ ਹੈ। ਉਨ੍ਹਾਂ ਦੀ ਮਹਾਨ ਕ੍ਰਿਤੀ **ਕ੍ਰਿਸ਼ਨ ਗਾਥਾ** ਵਿੱਚ ਕ੍ਰਿਸ਼ਨ ਦੇ ਜੀਵਨ ਨੂੰ ਸੁੰਦਰਤਾ ਦੇ ਨਾਲ ਕਾਵਿ ਵਿੱਚ ਢਾਲਿਆ ਗਿਆ ਹੈ। 16ਵੀਂ ਸ਼ਤਾਬਦੀ ਵਿੱਚ ਮਲਿਆਲਮ ਵਿੱਚ ਅਨੇਕਾਂ ਲੋਕਪ੍ਰਿਯ ਗੀਤ ਅਤੇ ਗਾਥਾ ਗੀਤ ਰਚੇ ਗਏ। ਅੰਜੂ ਕ੍ਰਿਤ **ਤੰਬੂਰਨਪਾਟੂ** ਅਤੇ **ਇਰਾਵਕੁਟੀ ਪਿੱਲ ਪਾਟੂ** ਇਸ ਤਰ੍ਹਾਂ ਦੀਆਂ ਰਚਨਾਵਾਂ ਹਨ।

ਤੁਕਾਂਤ ਰਾਮਾਨੁਜ ਏਲੂਤਚੰਨ ਨੇ ਮੁੱਖ ਰੂਪ ਵਿੱਚ ਹਿੰਦੂ ਮਿਥਕ, ਧਰਮ ਅਤੇ ਦਰਸ਼ਨ ਨੂੰ ਅਧਾਰ ਬਣਾ ਕੇ ਰਚਨਾਵਾਂ ਕੀਤੀਆਂ। **ਅਧਿਆਤਮਕ**, **ਰਾਮਾਇਣ**, **ਕਿਲੀਪਾਟੂ**, **ਭਾਰਤ ਕਿਲੀਪਾਟੂ** ਅਤੇ **ਹਰੀ ਨਾਮ ਕੀਰਤਨ** ਉਸ ਦੀਆਂ ਪ੍ਰਮੁੱਖ ਕ੍ਰਿਤੀਆਂ ਹਨ।

**ਅੱਤ ਕਥਾ** ਜਾਂ **ਕਥਾਕਲੀ** ਨਾਮਕ ਨ੍ਰਿਤ ਸਾਹਿਤ ਦੀ ਲੋਕਪ੍ਰਿਯ ਵਿਧਾ ਦਾ ਵਿਕਾਸ ਵੀ 16ਵੀਂ ਸ਼ਤਾਬਦੀ ਦੇ ਦੌਰਾਨ ਹੋਇਆ। ਰਾਮਨ ਅਤ੍ਰਮ ਇਕ ਅਰੰਭਿਕ ਅੱਤ ਕਥਾ ਹੈ। ਅਨੇਕਾਂ ਨਵੀਆਂ ਕਥਾਵਾਂ ਨੇ ਵੀ ਮਲਿਆਲਮ ਸਾਹਿਤ ਨੂੰ ਸਮ੍ਰਿਧ ਕੀਤਾ।

### ਅਬੁਲ ਫਜ਼ਲ ਦਾ ਯੋਗਦਾਨ

ਮੁਗਲਕਾਲੀਨ ਇਤਿਹਾਸਕਾਰਾਂ ਅਤੇ ਬਿਰਤਾਂਤਕਾਰਾਂ ਵਿੱਚ ਅਬੁਲ ਫਜ਼ਲ ਦਾ ਵਿਸ਼ੇਸ਼ ਸਥਾਨ ਹੈ। ਅਬੁਲ ਫਜ਼ਲ ਨੇ ਮੱਧਕਾਲੀਨ ਇਤਿਹਾਸ ਲੇਖਨ ਪ੍ਰੰਪਰਾ ਵਿੱਚ ਆਪਣੀ ਅਮਿੱਟ ਛਾਪ ਛੱਡੀ ਹੈ। ਅਬੁਲ ਫਜ਼ਲ ਦਾ ਜਨਮ 1551 ਈ. ਵਿੱਚ ਆਗਰਾ ਵਿੱਚ ਹੋਇਆ ਸੀ। ਉਹ ਸ਼ੇਖ ਮੁਬਾਰਕ ਦੇ ਅੱਠ ਪੁੱਤਰਾਂ ਵਿੱਚੋਂ ਦੂਸਰਾ ਸੀ। ਸ਼ੇਖ ਮੁਬਾਰਕ ਸੂਫੀ ਵਿਚਾਰਧਾਰਾ ਵਾਲਾ ਇਕ ਉਦਾਰ ਪ੍ਰਵਿਰਤੀ ਦਾ ਬ੍ਰਹਮ ਵਿਗਿਆਨੀ ਸੀ। ਸ਼ੇਖ ਮੁਬਾਰਕ ਦੇ ਪਰਿਵਾਰ ਨੂੰ 'ਮਹਿਦਵੀ' ਅਤੇ 'ਸ਼ੀਆ' ਦਾ ਨਾਮ ਦਿੱਤਾ ਗਿਆ ਸੀ। ਸ਼ੇਖ ਮੁਬਾਰਕ ਅਤੇ ਉਸ ਦੇ ਪਰਿਵਾਰ ਨੂੰ ਦੋ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੱਕ ਕੱਟੜ ਉਲੇਮਾ ਦੇ ਹੱਥੋਂ ਤਸੀਹਿਆਂ ਅਤੇ ਅਪਮਾਨ ਦਾ ਸਾਹਮਣਾ ਕਰਨਾ ਪਿਆ ਸੀ। ਸੰਨ 1574 ਈ. ਵਿੱਚ ਅਕਬਰ ਨਾਲ ਉਸ ਦੀ ਜਾਣ-ਪਹਿਚਾਣ ਕਰਵਾਈ ਗਈ ਅਤੇ ਉਸ ਨੂੰ ਬਾਦਸ਼ਾਹ ਦੀ ਸੁਰੱਖਿਆ ਪ੍ਰਾਪਤ ਹੋਈ। ਅਬੁਲ ਫਜ਼ਲ ਬਚਪਨ ਕਾਫੀ ਪ੍ਰੇਸ਼ਾਨੀਆਂ ਨਾਲ ਭਰਿਆ ਹੋਇਆ ਸੀ। ਉਹ ਛੋਟਾ ਹੀ ਸੀ, ਹੁਣ ਉਸ ਨੇ ਆਪਣੇ ਪਿਤਾ ਨੂੰ ਆਪਣੇ ਅਸਧਾਰਣ ਰੂਪ ਨਾਲ ਵੱਡੇ ਪਰਿਵਾਰ ਦੇ ਨਾਲ ਆਪਣੀ ਹੋਂਦ ਦੀ ਰੱਖਿਆ ਲਈ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ 'ਤੇ ਭਟਕਦੇ ਹੋਏ ਦੇਖਿਆ। ਇਸ ਨਾਲ ਉਸ ਵਿੱਚ ਸਹਿਣਸ਼ੀਲਤਾ, ਨਿਮਰਤਾ, ਹੌਂਸਲਾ ਅਤੇ ਸਹਿਣ ਸ਼ਕਤੀ ਦੇ ਗੁਣਾਂ ਦਾ ਵਿਕਾਸ ਹੋਇਆ। ਅਬੁਲ ਫਜ਼ਲ ਦੀ ਗੁਣੀ ਚਰਿਤ ਪ੍ਰਤਿਭਾਸ਼ਾਲੀ ਬੁੱਧੀ ਦੇ ਨਾਲ ਦੁੱਗਣਾ ਹੋ ਗਿਆ। ਇਸ ਗੱਲ ਨੇ ਅਕਬਰ ਨੂੰ ਉਸ ਵੱਲ ਖਿੱਚਿਆ ਜੋ ਕਲਾਂਤਰ ਵਿੱਚ ਉਸ ਦਾ ਮਾਰਗ ਦਰਸ਼ਕ ਅਤੇ ਨਿੱਜੀ ਮਿੱਤਰ ਬਣਿਆ। ਅਬੁਲ ਫਜ਼ਲ

ਨੋਟ

ਇਸਲਾਮ ਧਰਮ ਅਤੇ ਬ੍ਰਹਮ ਵਿਗਿਆਨ ਦਾ ਇਕ ਸੰਜਮੀ ਅਤੇ ਗੰਭੀਰ ਵਿਦਿਆਰਥੀ ਬਣ ਗਿਆ। ਅਧਿਐਨ ਦੇ ਖੇਤਰਾਂ ਵਿੱਚ ਕੀਤੇ ਗਏ ਉਸ ਦੀ ਅਸਧਾਰਣ ਮਿਹਨਤ ਨੇ ਕਲਾਂਤਰ ਵਿੱਚ ਉਸ ਨੂੰ ਅਕਬਰ ਦੇ ਦਰਬਾਰ ਵਿੱਚ ਆਪਣੇ ਧਾਰਮਿਕ ਪ੍ਰਵਚਨਾਂ ਨਾਲ ਕੱਟੜ ਮੁਸਲਮਾਨਾਂ 'ਤੇ ਇੱਕੀ ਸਿੱਧ ਕੀਤਾ। ਜਿਵੇਂ-ਜਿਵੇਂ ਉਹ ਵੱਡਾ ਹੋਇਆ, ਭਗਵਾਨ ਤੋਂ ਡਰਨ ਵਾਲਾ ਅਤੇ ਖੁੱਲ੍ਹੇ ਦਿਮਾਗ ਵਾਲਾ ਇਕ ਆਦਰਸ਼ ਚਰਿੱਤਰ ਨੌਜਵਾਨ ਬਣਿਆ ਜੋ ਸਾਰਿਆਂ ਪ੍ਰਤੀ ਸਹਿਣਸ਼ੀਲ ਸੀ। ਉਸ ਨੇ **'ਸੁਲਹ ਕੁੱਲ'** ਯਾਨੀ ਸਰਵਭੌਮਿਕ ਭਾਈਚਾਰੇ ਦਾ ਆਦਰਸ਼ ਪਾਠ ਆਪਣੇ ਪਿਤਾ ਕੋਲੋਂ ਪੜ੍ਹਿਆ ਸੀ ਜੋ ਉਸ ਦੇ ਸ਼ੈਸ਼ਵ ਕਾਲ ਵਿੱਚ ਉਸ ਦਾ ਅਧਿਆਪਕ ਅਤੇ ਮਾਰਗ ਦਰਸ਼ਕ ਸੀ। ਆਪਣੇ ਪਿਤਾ ਵਾਂਗ ਵੀ ਅਬੁਲ ਫਜ਼ਲ ਨੇ ਵੀ ਆਪਣਾ ਜੀਵਨ ਅਧਿਆਪਕ ਦੇ ਰੂਪ ਵਿੱਚ ਉਦੋਂ ਸ਼ੁਰੂ ਕੀਤਾ, ਜਦੋਂ ਉਹ ਮੁਸ਼ਕਿਲ ਨਾਲ 20 ਸਾਲ ਦਾ ਸੀ। ਉਸ ਦਾ ਝੁਕਾਅ ਅਧਿਆਤਮਿਕਤਾ ਵੱਲ ਸੀ, ਉਹ ਸੰਸਾਰਿਕ ਲੋਭ ਤੋਂ ਉਦਾਸੀਨ ਸੀ ਪਰ ਸ਼ਾਹੀ ਦਰਬਾਰ ਵਿੱਚ ਯਥਾ ਸਮੇਂ ਬਣੇ ਉਸ ਦੇ ਸਬੰਧ ਨੇ ਉਸ ਨੂੰ ਅਸਲ ਵਿੱਚ ਏਕਾਂਤ ਵਾਸੀ ਬਣਾ ਦਿੱਤਾ। ਸ਼ੇਖ ਮੁਬਾਰਕ ਅਤੇ ਫੈਜ਼ੀ ਨੇ 1574 ਈ. ਦੇ ਅੰਤ ਵਿੱਚ ਅਕਬਰ ਨਾਲ ਉਸ ਦੀ ਜਾਣ-ਪਹਿਚਾਣ ਕਰਵਾਈ। ਬਾਦਸ਼ਾਹ ਬਹੁਤ ਆਦਰ ਦੇ ਨਾਲ ਉਸ ਨੂੰ ਮਿਲਿਆ, ਇਹ ਭੇਂਟ ਉਸ ਦੇ ਜੀਵਨ ਅਤੇ ਦ੍ਰਿਸ਼ਟੀਕੋਣ ਦੇ ਲਈ ਮਹੱਤਵਪੂਰਨ ਘਟਨਾ ਸਿੱਧ ਹੋਈ। ਇਸ ਦਾ ਜ਼ਿਕਰ ਉਸ ਨੇ **'ਅਕਬਰਨਾਮਾ'** ਵਿੱਚ ਇਸ ਤਰ੍ਹਾਂ ਕੀਤਾ ਹੈ :

ਜਿਵੇਂ ਕਿ ਕਿਸਮਤ ਨੇ ਪਹਿਲਾਂ ਤਾਂ ਮੇਰਾ ਸਾਥ ਹੀ ਨਹੀਂ ਦਿੱਤਾ, ਮੈਂ ਤਾਂ ਲੱਗਭਗ ਸਵਾਰਥੀ ਅਤੇ ਦੰਭੀ ਬਣਨ ਲੱਗਾ ਸੀ ਅਤੇ ਗਰਵਿਤ ਨਿਵ੍ਰਤੀ ਦੇ ਰਸਤੇ 'ਤੇ ਚੱਲਣ ਦਾ ਫੈਸਲਾ ਕਰ ਲਿਆ ਸੀ। ਜਿਸ ਸੰਖਿਆ ਵਿੱਚ ਚੇਲਿਆਂ ਨੂੰ ਮੈਂ ਆਪਣੇ ਚਾਰੇ ਪਾਸੇ ਇਕੱਠਾ ਕਰ ਰੱਖਿਆ ਸੀ, ਉਸ ਨੇ ਮੇਰੇ ਵਿਦਿਆਡੰਬਰ ਨੂੰ ਹੀ ਵਧਾਇਆ। ਅਸਲ ਵਿੱਚ ਗਿਆਨ ਦੇ ਅਭਿਮਾਨ ਨਾਲ ਏਕਾਂਤ ਪ੍ਰਿਯਤਾ ਦੇ ਵਿਚਾਰ ਨੇ ਮੇਰਾ ਦਿਮਾਗ ਮਤਵਾਲਾ ਬਣਾ ਦਿੱਤਾ ਸੀ। ਮੈਂ ਸੱਚ ਦੀ ਖੋਜ ਕਰਨ ਵਾਲਿਆਂ ਦੇ ਨਾਲ ਨਿਰਜਨ ਸਥਾਨਾਂ 'ਤੇ ਆਪਣੀਆਂ ਰਾਤਾਂ ਬਿਤਾਉਂਦਾ ਸੀ ਅਤੇ ਉਸ ਸਮਾਜ ਵਿੱਚ ਅਨੰਦ ਆਉਂਦਾ ਸੀ, ਜਿਸ ਦੇ ਹੱਥ ਖਾਲੀ ਪਰ ਮਨ ਅਤੇ ਦਿਲ ਸਮ੍ਰਿਧ ਸਨ, ਮੇਰੇ ਪਿਤਾ ਦੀ ਸਲਾਹ ਨੇ ਬਹੁਤ ਕਠਿਨਾਈ ਨਾਲ ਮੰਗੋਲੀਆ ਦੀ ਮੂਰਖਤਾ ਦੇ ਪ੍ਰਕੋਪਾਂ ਤੋਂ ਬਚਾਇਆ। ਮੇਰੇ ਮਨ ਨੂੰ ਆਰਾਮ ਨਹੀਂ, ਮੇਰਾ ਦਿਲ ਮੰਗੋਲੀਆ ਦੇ ਸੰਤਾਂ ਜਾਂ ਲਿਬਨਾਨ ਦੇ ਏਕਾਂਤ ਵਾਸੀਆਂ ਵੱਲ ਖਿੱਚਿਆ ਜਾ ਰਿਹਾ ਸੀ। ਮੇਰੀ ਇੱਛਾ ਤਿੱਬਤ ਦੇ ਲਾਮਾਵਾਂ ਜਾਂ ਪੁਰਤਗਾਲ ਦੇ ਪਾਦਰੀਆਂ ਦੇ ਨਾਲ ਸਾਖਰਤਾ ਕਰਨ ਦੀ ਸੀ। ਮੈਂ ਖੁਸ਼ੀ-ਖੁਸ਼ੀ ਪਾਰਸੀਆਂ ਦੇ ਪਾਦਰੀਆਂ ਅਤੇ ਜੇਂਦ-ਅਵਸੇਤਾ ਦੇ ਵਿਦਵਾਨਾਂ ਦੇ ਨਾਲ ਬੈਠਣਾ ਚਾਹੁੰਦਾ ਸੀ। ਮੈਂ ਆਪਣੀ ਹੀ ਭੂਮੀ ਦੇ ਵਿਦਵਾਨਾਂ ਤੋਂ ਪ੍ਰੇਸ਼ਾਨ ਸੀ। ਅਸਲ ਵਿੱਚ ਹੁਣ ਪ੍ਰਸੰਨ ਹਾਂ, ਕਿਉਂਕਿ ਮੈਂ ਆਪਣੀ ਪ੍ਰਭੁੱਸਤਾ ਰਾਜ ਨੂੰ ਸੌਂਪ ਦਿੱਤੀ ਅਤੇ ਮੈਨੂੰ ਸੰਸਾਰ ਦੇ ਕਿਰਿਆ ਕਲਾਪਾਂ ਦਾ ਮਾਰਗ ਦਰਸ਼ਕ ਅਤੇ ਏਕਾਕੀਪਣ ਵਿੱਚ ਸੰਤੋਸ਼ ਮਿਲ ਗਿਆ। ਸੰਸਾਰ ਵਿੱਚ ਜੋ ਕੰਮ ਮੇਰੇ ਲਈ ਨਿਯਤ ਕੀਤਾ ਗਿਆ, ਉਸ ਨੂੰ ਨਿਸ਼ਠਾ ਅਤੇ ਇੱਛਾ ਦੇ ਨਾਲ ਕਰਨ ਦੀ ਇੱਛਾ ਉਸ ਵਿੱਚ ਪੂਰੀ ਹੋਈ। ਉਹ ਪ੍ਰਾਚੀ ਹੈ, ਜਿੱਥੇ ਆਦਰਸ਼ ਦੇ ਚਾਨਣ ਦੀ ਸਵੇਰ ਆਉਂਦੀ ਹੈ। ਇਸੇ ਨੇ ਮੈਨੂੰ ਸਿਖਾਇਆ ਕਿ ਸੰਸਾਰ ਦਾ ਕੰਮ, ਜੋ ਬਹੁਵਿਧ ਹੈ, ਸੱਚ ਦੀ ਅਧਿਆਤਮਿਕ ਏਕਤਾ ਦੇ ਨਾਲ ਸਮਨਵਯ ਕਰਨਾ ਹੈ। ਅਬੁਲ ਫਜ਼ਲ ਨੇ ਮੰਸਵਦਾਰ ਦੇ ਰੂਪ ਵਿੱਚ **'ਦਰਬਾਰ ਦੀ ਦਾਸਤਾ'** ਨੂੰ ਸਵੀਕਾਰ ਕਰ ਲਿਆ, ਉਂਝ ਸ਼ਾਹੀ ਪਦ 'ਤੇ ਉਸ ਦੀ ਉਨਤੀ ਕੁਝ ਹੌਲੀ ਸੀ, ਉਹ 1585 ਈ. ਵਿੱਚ 1000 ਦਾ ਮੰਸਵਦਾਰ ਬਣਿਆ। ਰਾਜ ਕੁਮਾਰ ਸਲੀਮ ਜੋ ਬਾਅਦ ਵਿੱਚ ਸਮਰਾਟ ਜਹਾਂਗੀਰ ਬਣਿਆ, ਉਸ ਦੇ ਏਜੰਟ **ਵੀਰ ਸਿੰਘ ਬੁੰਦੇਲਾ** ਦੇ ਹੱਥੋਂ ਕਤਲ ਹੋਣ ਤੋਂ ਕੁਝ ਸਮਾਂ ਪਹਿਲਾਂ 1602 ਈ. ਵਿੱਚ ਅਬੁਲ ਫਜ਼ਲ ਨੂੰ 5,000 ਮੰਸਵਦਾਰ ਬਣਾ ਦਿੱਤਾ ਗਿਆ ਸੀ। ਅਬੁਲ ਫਜ਼ਲ ਨੇ ਅਕਬਰ 'ਤੇ ਬਹੁਤ ਜ਼ਿਆਦਾ ਪ੍ਰਭਾਵ ਪਾਇਆ। ਅਕਬਰ ਉਸ ਨੂੰ ਆਪਣਾ ਦੋਸਤ, ਦਾਰਸ਼ਨਿਕ ਅਤੇ ਆਪਣੇ ਵਿਅਕਤੀਗਤ ਅਤੇ ਰਾਜ ਦੇ ਮਾਮਲਿਆਂ ਦੀ ਵਿਵਸਥਾ ਵਿੱਚ ਮਾਰਗ ਦਰਸ਼ਕ ਮੰਨਦਾ ਸੀ। 1589 ਈ. ਵਿੱਚ ਅਬੁਲ ਫਜ਼ਲ ਨੂੰ ਆਪਣੇ ਸ਼ਾਹੀ ਸੁਰੱਖਿਆ ਨਾਲ 'ਰਾਜਾਂ ਦੀ ਵੱਧਦੀ ਹੋਈ ਹਮਰੀ ਜਿੱਤ ਦੀਆਂ ਗੌਰਵਸ਼ਾਲੀ ਘਟਨਾਵਾਂ ਦਾ ਵੇਰਵਾ ਨਿਸ਼ਠਾ ਦੇ ਨਾਲ ਲਿਖਣ' ਦਾ ਆਦੇਸ਼ ਹੋਇਆ। ਉਸ ਨੇ ਦਰਬਾਰੀ ਇਤਿਹਾਸਕਾਰ ਦੇ ਰੂਪ ਵਿੱਚ ਆਪਣੇ ਇਸ ਸਰਕਾਰੀ ਕੰਮ ਦੇ ਲਈ ਸਖਤ ਮਿਹਨਤ ਕੀਤੀ ਅਤੇ 7 ਸਾਲਾਂ ਵਿੱਚ ਉਸ ਨੇ ਅਕਬਰ ਦੇ ਸ਼ਾਸਨਕਾਲ ਦੇ '41ਵੇਂ ਸਾਲ ਤੱਕ' ਦਾ ਵੇਰਵਾ ਪੂਰਾ ਕੀਤਾ। ਬਾਅਦ ਦੀਆਂ ਪੰਜ ਸੋਧਾਂ ਉਸ ਵਿੱਚ ਹੋਰ ਜੋੜਨ ਤੋਂ ਬਾਅਦ ਇਤਿਹਾਸ 1602 ਈ. ਦੇ ਆਰੰਭ ਤੱਕ ਲਿਆਂਦਾ ਗਿਆ। **'ਅਕਬਰਨਾਮਾ'** ਅਕਬਰ ਅਤੇ ਉਸ ਦੇ ਇਤਿਹਾਸ ਦੇ ਸਬੰਧ ਵਿੱਚ ਸਾਡੇ ਗਿਆਨ ਦਾ ਮੁੱਖ ਸਰੋਤ ਬਣ ਕੇ ਆਉਂਦਾ ਹੈ। ਇਸ ਦੀ ਵਿਸ਼ਾ-ਵਸਤੂ ਨੂੰ ਉਸ ਦੇ ਲੇਖਨ ਨੇ ਸਮੱਗਰੀ ਦੇ ਵਿਸ਼ਾਲ ਢੇਰ ਵਿੱਚ ਚੁਣਿਆ ਸੀ, ਉਹ ਸਮੱਗਰੀ ਸਰਕਾਰੀ ਵੀ ਸੀ ਅਤੇ ਗੈਰ-ਸਰਕਾਰੀ ਵੀ। ਇਹ ਕਿਸੇ ਵੀ ਦੂਸਰੇ ਏਕਾਕੀ ਸਰੋਤ ਵਿੱਚ ਨਹੀਂ ਮਿਲਦੀ ਹੈ। ਲੇਖਕ ਦਾ ਕਹਿਣਾ ਹੈ ਕਿ :

'ਮੈਂ ਮਹਾਮਹਿਮ (ਅਕਬਰ) ਦੇ ਕਿਰਿਆ ਕਲਾਪਾਂ ਦੇ ਅਭਿਲੇਖਾਂ ਅਤੇ ਵੇਰਵਿਆਂ ਨੂੰ ਇਕੱਠਾ ਕਰਨ ਵਿੱਚ ਕਾਫੀ ਮਿਹਨਤ ਅਤੇ ਅਨੁਸੰਧਾਨ ਕੀਤਾ। ਮੈਂ ਕਾਫੀ ਲੰਮੇ ਸਮੇਂ ਤੱਕ ਰਾਜਿਆਂ ਦੇ ਨੌਕਰਾਂ ਅਤੇ ਪ੍ਰਖਿਆਤ ਪਰਿਵਾਰ ਦੇ ਬਜ਼ੁਰਗ ਮੈਂਬਰਾਂ ਕੋਲੋਂ ਪੁੱਛਗਿਛ ਕੀਤੀ। ਪ੍ਰਾਂਤਾਂ ਵਿੱਚ ਸ਼ਾਹੀ ਫਰਮਾਨ ਜਾਰੀ ਕੀਤੇ ਗਏ ਕਿ ਜੋ ਪ੍ਰਾਣੀ ਸੇਵਾ ਵਿੱਚ ਸਨ, ਉਨ੍ਹਾਂ ਨੂੰ ਪਿਛਲੀਆਂ ਘਟਨਾਵਾਂ ਦੇ ਸਬੰਧ ਵਿੱਚ ਪੂਰੇ ਵਿਸ਼ਵਾਸ ਦੇ ਨਾਲ ਯਾਦ ਹੋਵੇ ਜਾਂ ਉਸ ਨੂੰ ਕੁਝ ਸ਼ੱਕ ਹੋਵੇ, ਉਦੋਂ ਵੀ ਉਹ ਆਪਣੀਆਂ ਟਿੱਪਣੀਆਂ ਅਤੇ ਗਿਆਪਾਨ ਲਿਖ ਕੇ ਉਸ ਨੂੰ ਦਰਬਾਰ ਵਿੱਚ ਭਿਜਵਾ ਦੇਣ। ਫਿਰ ਵੀ ਇਸ ਮੰਗਲ ਸੱਦੇ ਦਾ ਉਂਨਾ ਪ੍ਰਭਾਵ ਨਹੀਂ ਪਿਆ, ਜਿਸ ਨਾਲ ਮੇਰੀ ਇੱਛਾ ਪੂਰੀ ਹੁੰਦੀ। ਇਕ ਦੂਸਰੀ ਰਾਜ ਆਗਿਆ ਜਾਰੀ ਕੀਤੀ ਗਈ, ਮੈਨੂੰ ਉਸ ਦੂਸਰੇ ਸਮੇਂ (1574 ਈ.) ਦੇ 19ਵੇਂ ਸਾਲ ਦੇ ਆਰੰਭ ਦੀਆਂ ਘਟਨਾਵਾਂ ਦਾ ਇਤਬ੍ਰਿਤ ਪ੍ਰਾਪਤ ਹੋਇਆ, ਜਦੋਂ ਪ੍ਰਬੁੱਧ ਮਹਾਮਹਿਮ ਦੀ ਵਿਚਾਰ ਸ਼ਕਤੀ ਦੇ ਕਾਰਨ ਅਭਿਲੇਖ ਦਫਤਰ ਸਥਾਪਿਤ

ਨੋਟ

ਕੀਤਾ ਗਿਆ ਸੀ। ਉਨ੍ਹਾਂ ਕੀਮਤੀ ਪੰਨਿਆਂ ਤੋਂ ਮੈਂ ਅਨੇਕਾਂ ਘਟਨਾਵਾਂ ਦੇ ਵੇਰਵੇ ਇਕੱਠੇ ਕੀਤੇ। ਮੈਂ ਸਮਰਾਟ ਵੱਲੋਂ ਪ੍ਰਾਂਤਾਂ ਨੂੰ ਜਾਰੀ ਅੱਜ ਤੱਕ ਦੇ (ਅਕਬਰ ਦੇ ਸ਼ਾਸਨ ਦੇ 40ਵੇਂ ਜਾਂ 41ਵੇਂ ਸਾਲ ਦੇ) ਜ਼ਿਆਦਾਤਰ ਆਦੇਸ਼ਾਂ ਦੀਆਂ ਮੂਲ ਪਰਤੀਆਂ ਜਾਂ ਉਨ੍ਹਾਂ ਦੀ ਨਕਲ ਪ੍ਰਾਪਤ ਕਰਨ ਵਿੱਚ ਕਾਫੀ ਮਿਹਨਤ ਕੀਤੀ। ਅੱਜ ਕਿਸਮਤ ਦੀ ਸਵੇਰ ਹੈ (ਅਰਥਾਤ ਪੁਸਤਕ ਪੂਰੀ ਹੋਈ)... ਮੰਤਰੀਆਂ ਅਤੇ ਉਚ ਅਧਿਕਾਰੀਆਂ ਵੱਲੋਂ ਸਾਮਰਾਜ ਦੇ ਮਾਮਲਿਆਂ ਅਤੇ ਵਿਦੇਸ਼ ਦੀਆਂ ਘਟਨਾਵਾਂ ਨਾਲ ਸਬੰਧਿਤ ਅਨੇਕਾਂ ਰਿਪੋਰਟਾਂ ਨੂੰ ਪੁਸਤਕਾਂ ਵਿੱਚ ਸ਼ਾਮਿਲ ਕਰਨ ਵਿੱਚ ਵੀ ਕਾਫੀ ਪ੍ਰੇਸ਼ਾਨੀ ਹੋਈ। ਮੇਰੀ ਮਿਹਨਤੀ ਪ੍ਰੇਮੀ ਆਤਮਾ ਪੁੱਛਗਿਛ ਅਤੇ ਸੋਧ ਨਾਲ ਤ੍ਰਿਪਤ ਹੋਈ। ਦੂਰ-ਦਰਸ਼ੀ ਅਤੇ ਚੰਗੀ ਜਾਣਕਾਰੀ ਰੱਖਣ ਵਾਲੇ ਵਿਅਕਤੀਆਂ ਕੋਲੋਂ ਅੱਧੀ-ਅਧੂਰੀ ਟਿੱਪਣੀਆਂ ਇਕੱਠੀਆਂ ਕਰਨ ਵਿੱਚ ਮੈਂ ਕਾਫੀ ਸ਼ਕਤੀ ਲਗਾਈ। ਇਨ੍ਹਾਂ ਸਾਰੇ ਸਾਧਨਾਂ ਨਾਲ ਮੈਂ ਕਿਸਮਤ ਦੇ ਬਾਗ ਦੀ ਸਿੰਚਾਈ ਕਰਨ ਅਤੇ ਨਾਮੀ ਪ੍ਰਦਾਨ ਕਰਨ ਲਈ ਇਕ ਤਲਾਬ ਦਾ ਨਿਰਮਾਣ ਕੀਤਾ।"

ਅਬੁਲ ਫਜ਼ਲ ਦੀ ਸਖਤ ਮਿਹਨਤ ਦੇ ਫਲਸਰੂਪ ਤਿੰਨ ਖੰਡਾਂ ਵਿੱਚ ਇਕ ਵਿਸ਼ਾਲ ਪੁਸਤਕ **'ਅਕਬਰਨਾਮਾ'** ਹੋਂਦ ਵਿੱਚ ਆਈ। ਪਹਿਲੇ ਖੰਡ ਵਿੱਚ ਬਾਬਰ ਅਤੇ ਹੁਮਾਯੂੰ ਸਮੇਤ ਅਕਬਰ ਦੇ ਪੂਰਵਜਾਂ ਦਾ ਵਰਨਣ ਕੀਤਾ। ਦੂਸਰਾ ਖੰਡ ਪੂਰੀ ਤਰ੍ਹਾਂ ਕਾਲ ਕ੍ਰਮਿਕ ਸਥਿਤੀ ਵਿੱਚ ਅਕਬਰ ਦਾ ਸ਼ਾਸਨ ਦਾ ਸਰਵਗਣੀ ਵਿਵੇਚਨਾ ਦੇ ਪ੍ਰਤੀ ਸਮਰਪਿਤ ਹੈ। **ਅਕਬਰਨਾਮਾ** ਦੇ ਤੀਸਰੇ ਖੰਡ ਨੂੰ **'ਆਇਨ-ਏ-ਅਕਬਰੀ'** ਦਾ ਉਪ-ਸਿਰਲੇਖ ਦਿੱਤਾ ਹੈ। ਇਸ ਨੂੰ ਵੀ ਪਹਿਲੇ ਦੋ ਖੰਡਾਂ ਦੇ ਨਾਲ-ਨਾਲ ਤਿਆਰ ਕੀਤਾ ਗਿਆ ਸੀ ਅਤੇ ਅਸਲ ਵਿੱਚ ਇਹ ਖੁਦ ਪੂਰਨ, ਇਕ ਭਿੰਨ ਪੁਸਤਕ ਹੈ। ਅਬੁਲ ਫਜ਼ਲ ਨੇ ਇਸ ਸਮਾਰਕੀ ਪੁਸਤਕ ਨੂੰ ਇਤਿਹਾਸ ਦੀ ਸੀਮਾ ਰੇਖਾ ਵਿੱਚ ਲਿਆ ਕੇ ਦੂਸਰੇ ਮੱਧ ਕਾਲੀਨ ਇਤਿਹਾਸਕਾਰਾਂ ਦੀ ਧਾਰਨਾ ਤੋਂ ਹਟ ਕੇ ਵਿਧਾ ਦੀ ਪ੍ਰਿਧੀ ਅਤੇ ਵਿਸਤ੍ਰਿਤ ਕਰ ਦਿੱਤਾ। ਉਸ ਨੇ ਇਤਿਹਾਸ ਨੂੰ ਰਾਸ਼ਟਰੀ ਉਨਤੀ ਦੇ ਸਬੰਧ ਵਿੱਚ ਪ੍ਰਤੀਪਾਦਿਤ ਕੀਤਾ ਹੈ। ਇਸ ਵਿੱਚ ਉਕਤ ਕਾਲ ਦੀ ਰਾਜਨੀਤਿਕ, ਪ੍ਰਸ਼ਾਸਨਿਕ, ਆਰਥਿਕ ਅਤੇ ਸੰਸਕ੍ਰਿਤਿਕ ਅਸਲੀਅਤਾਂ 'ਤੇ ਵੀ ਧਿਆਨ ਦਿੱਤਾ ਗਿਆ ਹੈ। **ਆਇਨ-ਏ-ਅਕਬਰੀ** ਮੁਗਲ ਸਾਮਰਾਜ ਦਾ ਸਿਰਫ ਵਰਨਣ ਅਤੇ ਸੰਖਿਅਕ ਸਰਵੇਖਣ ਨਹੀਂ ਹੈ, ਇਹ ਸਾਮਰਾਜੀ ਮੁਗਲਾਂ ਦੀ ਪ੍ਰਸ਼ਾਸਨਿਕ ਪੱਦਤੀ ਅਤੇ ਰਾਜਨੀਤੀ 'ਤੇ ਕਾਫੀ ਚਾਨਣਾ ਪਾਉਂਦੀ ਹੈ। ਇਸ ਦੇ ਪੰਨੇ ਸਾਮਰਾਜ ਦੇ ਲੋਹ-ਕਵਚ, ਅਧਿਕਾਰੀ ਤੰਤਰ ਦੇ ਅੰਦਰੂਨੀ ਕਾਰਜ ਪੱਦਤੀ ਦਾ ਉਦਘਾਟਨ ਕਰਦੇ ਹਨ, ਜਿਸ ਨੇ ਪ੍ਰਾਂਤੀ ਅਧਿਕਾਰ ਨੂੰ ਮੱਧ ਕਾਲੀਨ ਭਾਰਤ ਦੇ ਸ਼ਕਤੀਸ਼ਾਲੀ ਰਾਸ਼ਟਰ-ਰਾਜ ਵਿੱਚ ਤਬਦੀਲ ਕਰਨ ਵਿੱਚ ਅਕਬਰ ਦੀ ਸਹਾਇਤਾ ਕੀਤੀ ਸੀ। ਕੌਟਲਿਆ ਦੇ **ਅਰਥ ਸ਼ਾਸਤਰ** ਤੋਂ ਬਾਅਦ ਕਿਸੇ ਭਾਰਤੀ ਵੱਲੋਂ ਲਿਖੀ ਗਈ ਇਤਿਹਾਸਿਕ ਮਹੱਤਵ ਦੀ ਇਕ ਦੂਸਰੀ ਸਭ ਤੋਂ ਵੱਡੀ ਪੁਸਤਕ ਹੈ। ਇਸ ਤਰ੍ਹਾਂ ਦੀ ਪੁਸਤਕ ਦਾ ਯੂਰਪੀ ਇਤਿਹਾਸਿਕ ਸਾਹਿਤ ਦੇ ਇਤਿਹਾਸ ਵਿੱਚ ਪਾਇਆ ਜਾਣਾ ਔਖਾ ਹੈ।

ਅਬੁਲ ਫਜ਼ਲ ਨੇ ਇਤਿਹਾਸ ਲੇਖਨ ਵਿੱਚ ਬੌਧਿਕ ਤੱਤਾਂ ਦਾ ਸਮਾਵੇਸ਼ ਕੀਤਾ। ਉਸ ਨੇ ਵਿਸ਼ੇ ਪ੍ਰਤੀ ਹੌਂਸਲਾ ਭਰਪੂਰ ਅਤੇ ਧਰਮ ਨਿਰਪੱਖ ਦ੍ਰਿਸ਼ਟੀਕੋਣ ਅਪਣਾਇਆ ਅਤੇ ਅਕਬਰ ਦੇ ਸਮੇਂ ਦਾ ਸਮਕਾਲੀਨ ਇਤਿਹਾਸ ਲਿਖਦੇ ਸਮੇਂ ਧਰਮਾਂਧਤਾ, ਸੰਸਕ੍ਰਿਤਿਕ, ਪ੍ਰੰਪਰਾਵਾਦ ਅਤੇ ਰੂੜੀਆਂ ਤੇ ਭ੍ਰਾਂਤ-ਧਾਰਾਵਾਂ ਦਾ ਵਿਰੋਧ ਕੀਤਾ ਅਤੇ ਹੌਂਸਲਾ ਭਰਪੂਰ ਰਸਤਾ ਅਪਣਾਇਆ। ਇਸ ਲਈ ਭਾਰਤ ਦਾ ਇਤਿਹਾਸ ਹਿੰਦੂ ਧਰਮ ਅਤੇ ਮੁਸਲਿਮ ਵਿਚਕਾਰ ਸੰਘਰਸ਼ ਨਾਲ ਨਹੀਂ, ਸਗੋਂ ਰਾਸ਼ਟਰਵਾਦ ਧਰਮ ਅਤੇ ਖੇਤਰਵਾਦ, ਧਰਮ ਨਿਰਪੱਖਤਾ ਤੇ ਧਾਰਮਿਕ ਕੱਟੜਤਾ, ਸਥਿਰਤਾ ਅਤੇ ਵਿਖੰਡਨ ਦਰਮਿਆਨ ਸੰਘਰਸ਼ ਨਾਲ ਬਣਿਆ ਹੈ। ਜੇਕਰ ਅਸੀਂ ਇਸ ਦ੍ਰਿਸ਼ਟੀਕੋਣ ਨਾਲ ਦੇਖੀਏ ਤਾਂ ਅਬੁਲ ਫਜ਼ਲ ਆਪਣੇ ਯੁੱਗ ਦੇ ਸਾਰੇ ਇਤਿਹਾਸਕਾਰਾਂ ਵਿੱਚ ਮੁੱਖ ਮੰਨਿਆ ਜਾਣਾ ਚਾਹੀਦਾ ਹੈ। ਇਕ ਆਧੁਨਿਕ ਇਤਿਹਾਸਕਾਰ ਦੇ ਸ਼ਬਦਾਂ ਵਿੱਚ-

'ਕੋਈ ਵੀ ਹੋਰ ਮੱਧ ਕਾਲੀਨ ਇਤਿਹਾਸਕਾਰ ਹੌਂਸਲਾ ਭਰਪੂਰ ਅਤੇ ਧਰਮ ਨਿਰਪੱਖ ਇਤਿਹਾਸ ਦਾ ਦਾਅਵਾ ਨਹੀਂ ਕਰ ਸਕਦਾ ਅਤੇ ਨਾ ਹੀ ਸਮੀਖਿਆ ਖੋਜ ਦੇ ਅਧਾਰ 'ਤੇ ਤੱਥਾਂ ਨੂੰ ਇਕੱਠਾ ਕਰਨ ਪ੍ਰਤੀ ਨਵੀਂ ਪੱਦਤੀ ਇਸਤੇਮਾਲ ਵਿੱਚ ਲਿਆ ਸਕਦਾ ਹੈ। ਇਹ ਸਾਰੀਆਂ ਵਿਸ਼ੇਸ਼ਤਾਵਾਂ ਸਾਨੂੰ ਅਬੁਲ ਫਜ਼ਲ ਦੇ ਇਤਿਹਾਸ ਲੇਖਨ ਵਿੱਚ ਹੀ ਪ੍ਰਾਪਤ ਹੁੰਦੀਆਂ ਹਨ।'

ਅਬੁਲ ਫਜ਼ਲ ਦੀ ਉਪਰੋਕਤ ਸ੍ਰੇਸ਼ਠ ਰਚਨਾਵਾਂ ਤੋਂ ਇਲਾਵਾ ਉਸ ਦੇ ਪੱਤਰਾਂ ਦਾ ਸੰਗ੍ਰਹਿ **ਰਕਤ-ਏ-ਅਬੁਲ ਫਜ਼ਲ** ਵੀ ਅਕਬਰ ਦੇ ਸਮੇਂ ਦੇ ਇਤਿਹਾਸ ਨਾਲ ਸਬੰਧਿਤ ਬਹੁਤ ਜ਼ਿਆਦਾ ਉਪਯੋਗੀ ਅਤੇ ਪ੍ਰਮਾਨਿਕ ਸੂਚਨਾ ਸਰੋਤਾਂ ਵਿੱਚ ਸ਼ਾਮਿਲ ਹੁੰਦੀ ਹੈ। ਇਹ ਪੱਤਰ ਅਬੁਲ ਫਜ਼ਲ ਨੇ ਅਕਬਰ, ਰਾਜ ਕੁਮਾਰਾਂ ਅਤੇ ਰਾਣੀਆਂ ਤੋਂ ਇਲਾਵਾ ਸ਼ਾਹੀ ਖਾਨਦਾਨ ਦੇ ਮੈਂਬਰਾਂ ਅਤੇ ਹਰਮ (ਅੰਤ: ਪੁਰ) ਦੇ ਹੋਰ ਵਿਸ਼ੇਸ਼ ਲੋਕਾਂ ਅਤੇ ਅਧਿਕਾਰੀਆਂ ਨੂੰ ਲਿਖੇ ਸਨ। ਇਸੇ ਤਰ੍ਹਾਂ **ਇਨਸਾ-ਏ-ਅਬੁਲ ਫਜ਼ਲ** ਅਤੇ **ਮਕਤੂਬਾਤ-ਏ-ਆਲਮੀ** ਵਿੱਚ ਸਰਕਾਰੀ ਡਾਕ ਦਾ ਵੇਰਵਾ ਦਿੱਤਾ ਗਿਆ ਹੈ, ਜਿਸ ਨੂੰ ਸਰਕਾਰੀ ਹੈਸੀਅਤ ਨਾਲ ਵਿਦਵਾਨ ਪ੍ਰਧਾਨ ਮੰਤਰੀ ਨੇ ਤਿਆਰ ਕੀਤਾ ਸੀ। ਉਕਤ ਸੰਕਲਿਤ ਪੁਸਤਕ ਤਿੰਨ ਹਿੱਸਿਆਂ ਵਿੱਚ ਵੰਡੀ ਹੋਈ ਹੈ। ਪਹਿਲੇ ਭਾਗ ਵਿੱਚ ਉਹ ਪੱਤਰ ਅਤੇ ਫਰਮਾਨ ਦਿੱਤੇ ਗਏ ਹਨ ਜੋ ਅਬੁਲ ਫਜ਼ਲ ਨੇ ਤਿਆਰ ਕੀਤੇ ਅਤੇ ਬਾਦਸ਼ਾਹ ਵੱਲੋਂ ਵਿਦੇਸ਼ੀ ਮਾਣਯੋਗ ਵਿਅਕਤੀਆਂ ਅਤੇ ਸਾਮੰਤਾਂ ਨੂੰ ਭੇਜੇ ਗਏ ਸਨ, ਜਿਸ ਵਿੱਚ ਫਾਰਸ ਦੇ ਸ਼ਾਹ ਅੱਬਾਸ, ਤੂਰਾਨ ਦੇ ਅਬਦੁੱਲਾ ਖਾਨ, ਉਜਬੇਕ ਕਾਸਗਰ ਦੇ ਸ਼ਾਸਕ ਅਤੇ ਮੱਕਾ ਦੇ ਸ਼ੇਖ ਆਦਿ ਸ਼ਾਮਿਲ ਹਨ। ਦੂਸਰੇ ਭਾਗ ਵਿੱਚ ਅਬੁਲ ਫਜ਼ਲ ਦੀਆਂ ਉਨ੍ਹਾਂ ਪਟੀਸ਼ਨਾਂ ਅਤੇ ਪ੍ਰਤੀਵੇਦਨਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਨੂੰ ਅਬੁਲ ਫਜ਼ਲ ਨੇ ਬਾਦਸ਼ਾਹ ਦੇ ਲਈ ਰਾਜਨੀਤੀ ਦੇ ਮਾਮਲਿਆਂ ਅਤੇ ਰਾਸ਼ਟਰੀ ਹਿੱਤ ਦੇ ਮੁੱਦਿਆਂ 'ਤੇ ਤਿਆਰ ਕੀਤਾ ਸੀ। ਨਾਲ ਹੀ ਆਪਣੇ ਸਹਿ ਕਰਮੀਆਂ ਨੂੰ ਲਿਖੇ ਗਏ ਉਸ ਦੇ ਪੱਤਰ ਵੀ ਇਸ ਭਾਗ ਵਿੱਚ ਸ਼ਾਮਿਲ ਹਨ। **ਅਕਤੂਬਾਤ-ਏ-ਆਲਮੀ** ਦੇ

ਤੀਸਰੇ ਭਾਗ ਵਿੱਚ ਅਬੁਲ ਫਜ਼ਲ ਵੱਲੋਂ ਲਿਖਤੀ ਸਧਾਰਣ ਅਤੇ ਵੱਖ-ਵੱਖ ਵਿਸ਼ੇ ਅਤੇ ਉਨ੍ਹਾਂ ਦੀਆਂ ਹੋਰ ਰਚਨਾਵਾਂ ਵਿੱਚ ਫਾਰਸੀ ਗਧ ਸ਼ੈਲੀ ਦੇ ਪ੍ਰਤਿਮਾਨ ਹਾਜ਼ਰ ਹੋਏ ਹਨ।

## 12.2 ਮੁਗਲਕਾਲੀਨ ਸਥਾਪਿਤ ਕਲਾ (Architecture Skill of Mughal Period)

ਮੁਗਲ ਬਾਦਸ਼ਾਹਾਂ ਨੂੰ ਇਮਾਰਤਾਂ ਬਣਵਾਉਣ ਦਾ ਸ਼ੌਂਕ ਸੀ। ਸ਼ਾਹਜਹਾਂ ਦੇ ਸਮੇਂ ਤੱਕ ਅਨੇਕਾਂ ਅਜਿਹੀਆਂ ਇਮਾਰਤਾਂ ਦਾ ਨਿਰਮਾਣ ਹੋਇਆ ਜੋ ਅਜੇ ਤੱਕ ਸਥਾਪਿਤ ਕਲਾ ਅਦਭੁੱਤ ਨਮੂਨੇ ਮੰਨੇ ਜਾਂਦੇ ਹਨ। ਜਿਸ ਕਾਲ ਨੂੰ ਮੁਗਲ ਸਥਾਪਿਤ ਕਲਾ ਸੱਦਿਆ ਗਿਆ ਹੈ, ਉਹ ਮੱਧ ਏਸ਼ੀਆ ਦੀ ਇਸਲਾਮੀ ਕਲਾ ਅਤੇ ਭਾਰਤੀ ਹਿੰਦੂ ਕਲਾ ਦਾ ਮਿਸ਼ਰਿਤ ਰੂਪ ਹੈ। ਅਕਬਰ ਨੇ ਇਸ ਕਲਾ ਦੇ ਨਿਰਮਾਣ ਵਿੱਚ ਸਹਿਯੋਗ ਦਿੱਤਾ। ਜਿਸ ਤਰ੍ਹਾਂ ਰਾਜਨੀਤਿਕ ਖੇਤਰ ਵਿੱਚ ਅਕਬਰ ਦਾ ਦ੍ਰਿਸ਼ਟੀਕੋਣ ਰਾਸ਼ਟਰੀ ਸੀ, ਉਸੇ ਤਰ੍ਹਾਂ ਲਲਿਤ ਕਲਾਵਾਂ ਦੇ ਖੇਤਰ ਵਿੱਚ ਵੀ ਉਸ ਦਾ ਦ੍ਰਿਸ਼ਟੀਕੋਣ ਰਾਸ਼ਟਰੀ ਰਿਹਾ ਅਤੇ ਇੱਛਾ ਤੇ ਸੁਵਿਧਾ ਦੇ ਅਨੁਸਾਰ ਹਿੰਦੂ ਕਲਾ ਅਤੇ ਕਲਾਕਾਰਾਂ ਦਾ ਇਸਤੇਮਾਲ ਆਪਣੀਆਂ ਇਮਾਰਤਾਂ ਬਣਵਾਉਣ ਲਈ ਕੀਤਾ। ਉਸ ਤੋਂ ਪਹਿਲਾਂ ਵੀ ਦਿੱਲੀ ਸੁਲਤਾਨਾਂ ਦੇ ਸਮੇਂ ਵਿੱਚ ਇਸਲਾਮੀ ਕਲਾ ਨੂੰ ਹਿੰਦੂ ਕਲਾ ਪ੍ਰਭਾਵਿਤ ਕਰ ਚੁੱਕੀ ਸੀ। ਅਕਬਰ ਦੀ ਉਦਾਰਤਾ ਨੇ ਉਸ ਨੂੰ ਹੋਰ ਅੱਗੇ ਵਧਾ ਦਿੱਤਾ। ਹਿੰਦੂ ਕਲਾਵਾਂ ਦਾ ਬਹੁ-ਸੰਖਿਅਕ ਮਾਤਰਾ ਵਿੱਚ ਹੋਣ ਅਤੇ ਭਾਰਤੀ ਜਲਵਾਯੂ ਦੇ ਅਨੁਕੂਲ ਇਮਾਰਤਾਂ ਦਾ ਨਿਰਮਾਣ ਕਰਨਾ ਵੀ ਇਸਲਾਮੀ ਅਤੇ ਹਿੰਦੂ ਕਲਾ ਦੇ ਨਿਰਮਾਣ ਦੇ ਲਈ ਜ਼ਿੰਮੇਵਾਰ ਬਣੇ। ਇਸ ਤਰ੍ਹਾਂ ਅਕਬਰ ਦੇ ਸਮੇਂ ਤੋਂ ਇਸਲਾਮੀ ਅਤੇ ਹਿੰਦੂ ਕਲਾ ਦੇ ਮਿਸ਼ਰਣ ਨਾਲ ਜਿਸ ਸਥਾਪਿਤ ਕਲਾ ਦਾ ਵਿਕਾਸ ਹੋਇਆ, ਉਸ ਨੂੰ ਰਾਸ਼ਟਰੀ ਸਥਾਪਿਤ ਕਲਾ ਸਵੀਕਾਰ ਕੀਤਾ ਜਾ ਸਕਦਾ ਹੈ। ਇਸ ਸਥਾਪਿਤ ਵਿੱਚ ਗੋਲ ਗੁੰਬਦ, ਉਚੀਆਂ-ਉਚੀਆਂ ਮਿਨਾਰਾਂ ਅਤੇ ਮਹਿਰਾਵ, ਛੱਤਾਂ, ਖੰਭੇ ਅਤੇ ਤਿੱਖੀਆਂ ਮਹਿਰਾਵਾਂ ਇਸਲਾਮੀ ਕਲਾ ਤੋਂ ਲਈਆਂ ਗਈਆਂ ਸਨ। ਆਰੰਭ ਵਿੱਚ ਲਾਲ ਪੱਥਰ ਦਾ ਇਸਤੇਮਾਲ ਕੀਤਾ ਗਿਆ ਅਤੇ ਇਮਾਰਤਾਂ ਨੂੰ ਵਿਸ਼ਾਲ ਅਤੇ ਮਜ਼ਬੂਤ ਬਣਾਉਣ ’ਤੇ ਜ਼ੋਰ ਦਿੱਤਾ ਗਿਆ ਪਰ ਬਾਅਦ ਵਿੱਚ ਇਮਾਰਤਾਂ ’ਚ ਸਫੈਦ ਸੰਗਮਰਮਰ ਦਾ ਇਸਤੇਮਾਲ ਸ਼ਾਮਿਲ ਕੀਤਾ ਗਿਆ ਅਤੇ ਉਨ੍ਹਾਂ ਨੂੰ ਨੱਕਾਸ਼ੀ, ਸੋਨੇ-ਚਾਂਦੀ ਦੇ ਪਾਣੀ ਦੇ ਇਸਤੇਮਾਲ ਅਤੇ ਰੰਗੀ ਵੇਲ-ਬੂਟਿਆਂ ਆਦਿ ਨਾਲ ਬਹੁਤ ਸੁੰਦਰ ਬਣਾਉਣ ਦਾ ਯਤਨ ਕੀਤਾ ਗਿਆ। ਇਹ ਸਾਰਾ ਕੁਝ ਮਿਲਾ ਕੇ ਮੁਗਲ ਸਥਾਪਿਤ-ਕਲਾ ਸ੍ਰੇਸ਼ਠ ਬਣੀ ਅਤੇ ਇਸ ਸਮੇਂ ਅਨੇਕਾਂ ਸੁੰਦਰ ਇਮਾਰਤਾਂ ਦਾ ਨਿਰਮਾਣ ਹੋਇਆ।

ਪਹਿਲੇ ਮੁਗਲ ਬਾਦਸ਼ਾਹ **ਬਾਬਰ** ਇਮਾਰਤਾਂ ਬਣਵਾਉਣ ਦਾ ਸ਼ੌਕੀਨ ਸੀ ਅਤੇ ਉਸ ਨੇ ਦੇਖਿਆ ਕਿ ਭਾਰਤ ਵਿੱਚ ਮਜ਼ਦੂਰੀ ਬਹੁਤ ਸਸਤੀ ਹੈ, ਉਸ ਦੇ ਸਮੇਂ ਵਿੱਚ ਹਜ਼ਾਰਾਂ ਮਜ਼ਦੂਰਾਂ ਨੇ ਆਗਰਾ, ਵਿਆਨਾ, ਧੌਲਪੁਰ ਆਦਿ ਸਥਾਨਾਂ ’ਤੇ ਇਮਾਰਤਾਂ ਬਣਾਉਣ ਦਾ ਕੰਮ ਕੀਤਾ। ਬਾਬਰ ਰਾਜਾ ਮਾਨ ਸਿੰਘ ਅਤੇ ਰਾਜਾ ਬਿਕਰਮਾਜੀਤ ਵੱਲੋਂ ਬਣਵਾਈਆਂ ਗਈਆਂ ਗਵਾਲੀਅਰ ਦੀਆਂ ਇਮਾਰਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਜਦ ਕਿ ਕਲਾ ਦਾ ਪਾਰਖੂ ਹੋਣ ਕਾਰਨ ਉਹ ਉਨ੍ਹਾਂ ਦੀਆਂ ਕਮੀਆਂ ਨੂੰ ਸਮਝ ਸਕਿਆ ਸੀ। ਆਪਣੇ ਘੱਟ ਸ਼ਾਸਨ ਕਾਲ ਵਿੱਚ ਬਾਬਰ ਨੇ ਵੱਡੀਆਂ ਇਮਾਰਤਾਂ ਨੂੰ ਬਣਵਾਉਣ ਦਾ ਕੰਮ ਨਹੀਂ ਕੀਤਾ, ਉਸ ਨੇ ਖੂਹ, ਤਲਾਬ, ਫੁਹਾਰੇ, ਇਸ਼ਨਾਨ ਘਰ ਆਦਿ ਹੀ ਬਣਵਾਏ ਜੋ ਸਮੇਂ ਦੇ ਪ੍ਰਭਾਵ ਦੇ ਕਾਰਨ ਨਸ਼ਟ ਹੋ ਗਏ ਅਤੇ ਸ਼ੂਰ-ਵੰਸ਼ ਦੇ ਸ਼ਾਸਕਾਂ ਵੱਲੋਂ ਨਸ਼ਟ ਕਰ ਦਿੱਤੇ ਗਏ। ਇਸ ਦੇ ਸਮੇਂ ਦੀਆਂ ਕੇਵਲ ਤਿੰਨ ਮਸਜ਼ਿਦਾਂ ਪ੍ਰਾਪਤ ਹੁੰਦੀਆਂ ਹਨ। ਇਸ ਵੱਲੋਂ ਬਣਵਾਈ ਗਈ ਇਕ ਮਸਜ਼ਿਦ **ਪਾਨੀਪਤ** ਵਿੱਚ ਕਾਬੁਲੀਬਾਗ ਵਿੱਚ ਹੈ ਅਤੇ ਦੂਸਰੀ ਰੁਹੇਲਖੰਡ **ਸੰਭਲ** ਵਿੱਚ ਹੈ। ਇਹ ਦੋਵੇਂ ਮਸਜ਼ਿਦਾਂ 1529 ਈ. ਵਿੱਚ ਤਿਆਰ ਕੀਤੀਆਂ ਗਈਆਂ ਸਨ। ਉਸ ਦੇ ਸਮੇਂ ਦੀ ਤੀਸਰੀ ਮਸਜ਼ਿਦ **ਅਯੁੱਧਿਆ** ਵਿੱਚ ਹੈ ਪਰ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਨੂੰ ਵੀ ਕਲਾ ਦਾ ਸ੍ਰੇਸ਼ਠ ਨਮੂਨਾ ਨਹੀਂ ਮੰਨਿਆ ਜਾ ਸਕਦਾ। **ਹੁਮਾਯੂੰ** ਵੀ ਕਲਾ ਦੇ ਵਿਕਾਸ ਦੀ ਦ੍ਰਿਸ਼ਟੀ ਨਾਲ ਸ਼ਲਾਘਾਯੋਗ ਕੰਮ ਨਹੀਂ ਕਰ ਸਕਿਆ। **‘ਦੀਨਪਨਾਹ’** ਨਾਮਕ ਉਸ ਦਾ ਮਹਿਲ ਸ਼ੇਰ ਸ਼ਾਹ ਵੱਲੋਂ ਨਸ਼ਟ ਕਰ ਦਿੱਤਾ ਗਿਆ ਅਤੇ **ਆਗਰਾ** ਅਤੇ **ਫਤਿਹਾਬਾਦ** ਵਿੱਚ ਬਣਵਾਈ ਗਈ ਉਸ ਦੀਆਂ ਦੋ ਮਸਜ਼ਿਦਾਂ ਵਾਸਤੂ ਕਲਾ ਦਾ ਚੰਗਾ ਨਮੂਨਾ ਨਹੀਂ ਮੰਨੀਆਂ ਜਾ ਸਕਦੀਆਂ।

**ਸ਼ੇਰ ਸ਼ਾਹ** ਵੱਲੋਂ ਸਾਸਾਰਾਮ (ਬਿਹਾਰ) ਵਿੱਚ ਬਣਵਾਇਆ ਗਿਆ ਆਪਣਾ **ਮਕਬਰਾ** ਮੁਗਲ ਇਮਾਰਤਾਂ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ ਪਰ ਉਹ ਇਸ ਯੁੱਗ ਦੀ ਕਲਾ ਦਾ ਇਕ ਸ੍ਰੇਸ਼ਠ ਨਮੂਨਾ ਹੈ। ਇਕ ਵਿਸ਼ਾਲ ਝੀਲ ਦੇ ਵਿਚਕਾਰ ਬਣਿਆ ਹੋਇਆ ਸ਼ੇਰ ਸ਼ਾਹ ਦਾ ਇਹ ਮਕਬਰਾ ਉਸ ਦੇ ‘ਵਿਅਕਤੀਤਵ’ ਦਾ ‘ਪ੍ਰਤੀਕ’ ਤੁਗਲਕ ਬਾਦਸ਼ਾਹਾਂ ਦੀਆਂ ਇਮਾਰਤਾਂ ਦੀ ਸਾਦਗੀ ਅਤੇ ਸ਼ਾਹਜਹਾਂ ਦੀਆਂ ਇਮਾਰਤਾਂ ਦੀ ਸੁੰਦਰਤਾ ਦੇ ਵਿਚਕਾਰਲੀ ਕੜੀ ਹੈ, ਜਿਸ ਨੂੰ ‘ਉਤਰ ਭਾਰਤ ਦੀਆਂ ਇਮਾਰਤਾਂ ਵਿੱਚ ਇਕ ਸ੍ਰੇਸ਼ਠ ਇਮਾਰਤ’ ਕਿਹਾ ਗਿਆ ਹੈ। ਇਸ ਵਿੱਚ ਹਿੰਦੂ ਅਤੇ ਇਸਲਾਮੀ ਕਲਾ ਦਾ ਪ੍ਰਭਾਵ ਸਪੱਸ਼ਟ ਹੈ। ਦਿੱਲੀ ਵਿੱਚ **‘ਪੁਰਾਣਾ ਕਿਲ੍ਹਾ’** ਅਤੇ ਉਸ ਵਿੱਚ ਬਣੀ ਹੋਈ ਮਸਜਿਦ (**ਕਲਾ-ਏ-ਕੁਹਨਾ**) ਵੀ ਸ਼ੇਰ ਸ਼ਾਹ ਨੇ ਬਣਵਾਈ ਸੀ ਪਰ ‘ਪੁਰਾਣਾ ਕਿਲ੍ਹਾ’ ਦੇ ਹੁਣ ਸਿਰਫ ਅਵਸ਼ੇਸ਼ ਹੀ ਹਨ।

**ਅਕਬਰ** ਦੇ ਸਮੇਂ ਵਿੱਚ ਬਣੀ ਹੋਈ ਸਭ ਤੋਂ ਪਹਿਲੀ ਇਮਾਰਤ ਦਿੱਲੀ ਵਿੱਚ ਬਣਿਆ ਹੋਇਆ **ਹੁਮਾਯੂੰ ਦਾ ਮਕਬਰਾ** ਹੈ। ਇਸ ਨੂੰ ਅਕਬਰ ਦੀ ਮਤਰੇਈ ਮਾਂ ਹਾਜੀ ਬੇਗਮ ਨੇ ਫਾਰਸੀ ਕਲਾਕਾਰ **ਮੀਰਨ ਮਿਰਜ਼ਾ ਗਿਆਸ** ਦੀਆਂ ਸੇਵਾਵਾਂ ਉਪਲੱਬਧ ਕਰਕੇ ਬਣਵਾਇਆ ਸੀ। ਇਸ ’ਤੇ ਫਾਰਸੀ ਕਲਾ ਦਾ ਪ੍ਰਭਾਵ ਹੈ। ਲੰਬੀ ਗਰਦਨ ਵਾਲੇ ਗੁੰਬਦ ਦੀ ਇਸ ਇਮਾਰਤ ਦੀ ਕਲਾ ਦੀ ਤੁਲਨਾ ਸਮਰਕੰਦ ਵਿੱਚ ਬਣੇ ਹੋਏ ਤਿਮੂਰ ਜਾਂ **ਬੀਬੀ ਖਾਨਮ ਦੇ ਮਕਬਰੇ** ਨਾਲ ਕੀਤੀ ਜਾ ਸਕਦੀ ਹੈ। ਮਕਬਰੇ ਦੇ ਚਾਰੋਂ ਪਾਸੇ ਚਾਰਬਾਗ ਦੀ ਰਚਨਾ ਕੀਤੀ ਗਈ ਹੈ। ਆਪਣੀਆਂ ਇਮਾਰਤਾਂ ਨੂੰ ਬਗੀਚਿਆਂ ਦਾ ਨਿਰਮਾਣ ਕਰਕੇ ਸੁੰਦਰ ਬਣਾਇਆ ਮੁਗਲ ਸਥਾਪਿਤ-ਕਲਾ ਦੀ ਇਕ ਮੁੱਖ

ਨੋਟ

ਵਿਸ਼ੇਸ਼ਤਾ ਰਹੀ। ਉਸ ਵਿਸ਼ੇਸ਼ਤਾ ਦਾ ਇਸਤੇਮਾਲ ਇਸ ਮਕਬਰੇ ਵਿੱਚ ਵੀ ਕੀਤਾ ਗਿਆ ਹੈ। ਇਮਾਰਤ ਦੇ ਮੁੱਖ ਕਮਰੇ ਵਿੱਚ ਪਾਣੀ ਦੇ ਵਹਿਣ ਲਈ ਨਾਲੀਆਂ ਕੱਢੀਆਂ ਗਈਆਂ ਹਨ, ਜਿਨ੍ਹਾਂ ਦੇ ਵਿੱਚੋਂ ਬਰਾਬਰ ਦੂਰੀ 'ਤੇ ਇਮਾਰਤਾਂ ਵਿੱਚ ਹੁਮਾਯੂੰ ਦਾ ਮਕਬਰਾ ਸਭ ਤੋਂ ਸੁੰਦਰ ਹੈ। ਉਹ ਕਾਫੀ ਮਜ਼ਬੂਤ ਵੀ ਹਨ, ਜਿਸ ਦੇ ਕਾਰਨ ਹਾਲੇ ਤੱਕ ਪੂਰੀ ਤਰ੍ਹਾਂ ਸੁਰੱਖਿਅਤ ਹਨ।

ਹੁਮਾਯੂੰ ਦਾ ਮਕਬਰਾ ਬਣਾਉਣ ਵਿੱਚ ਅਕਬਰ ਦੀ ਭੂਮਿਕਾ ਨਹੀਂ ਸੀ। ਇਸ ਦੇ ਬਾਅਦ ਬਣੀਆਂ ਇਮਾਰਤਾਂ 'ਤੇ ਅਕਬਰ ਦੇ ਵਿਅਕਤੀਤਵ ਅਤੇ ਵਿਚਾਰਾਂ ਦੀ ਛਾਪ ਹੈ। ਅਕਬਰ ਦੇ ਸਮੇਂ ਵਿੱਚ **ਆਗਰਾ**, **ਲਾਹੌਰ** ਅਤੇ **ਇਲਾਹਾਬਾਦ** ਦੇ ਕਿਲ੍ਹੇ ਬਣਵਾਏ ਗਏ, ਉਨ੍ਹਾਂ ਵਿੱਚ ਬਹੁਤ ਸਾਰੀਆਂ ਇਮਾਰਤਾਂ ਬਣਾਈਆਂ ਗਈਆਂ ਅਤੇ **ਫਤਿਹਪੁਰ ਸੀਕਰੀ** ਦੇ ਨਗਰ ਅਤੇ ਇਸ ਵਿੱਚ ਕਈ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ। ਬਹੁਤ ਸਾਰੀਆਂ ਇਮਾਰਤਾਂ ਨਸ਼ਟ ਹੋ ਗਈਆਂ ਹਨ। ਇਨ੍ਹਾਂ ਸਾਰੀਆਂ ਇਮਾਰਤਾ ਨੂੰ ਬਣਵਾਉਣ ਵਿੱਚ **ਲਾਲ ਪੱਥਰ** ਦਾ ਇਸਤੇਮਾਲ ਕੀਤਾ ਗਿਆ ਹੈ। ਇਨ੍ਹਾਂ ਵਿੱਚ ਹਿੰਦੂ ਅਤੇ ਇਸਲਾਮੀ ਕਲਾਵਾਂ ਦਾ ਖੁੱਲ੍ਹ ਕੇ ਇਸਤੇਮਾਲ ਹੋਇਆ ਹੈ। ਆਗਰਾ ਦਾ ਕਿਲ੍ਹਾ ਕਰੀਬ 15 ਸਾਲਾਂ ਵਿੱਚ ਬਣਿਆ ਅਤੇ ਇਸ ਦੇ ਨਾਲ-ਨਾਲ ਲਾਹੌਰ ਦੇ ਕਿਲ੍ਹੇ ਦਾ ਵੀ ਨਿਰਮਾਣ ਹੋਇਆ। ਇਲਾਹਾਬਾਦ ਦਾ ਕਿਲ੍ਹਾ ਕੁਝ ਸਮੇਂ ਬਾਅਦ ਦਾ ਹੈ। ਆਗਰਾ ਦੇ ਕਿਲ੍ਹੇ ਵਿੱਚ ਪਹਿਲਾਂ ਚਾਰ ਪ੍ਰਵੇਸ਼ ਦੁਆਰ ਸੀ, ਪਰ ਬਾਅਦ ਵਿੱਚ ਦੋ ਦਾ ਘੇਰਾ ਕਰੀਬ ਡੇਢ ਮੀਲ ਹੈ ਜਿਸ ਵਿੱਚ ਅਕਬਰ ਨੇ ਲਗਭਗ 500 ਇਮਾਰਤਾਂ ਬਣਵਾਈਆਂ ਸਨ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਇਮਾਰਤਾਂ ਨੂੰ ਸ਼ਾਹਜਹਾਂ ਨੇ ਤੁੜਵਾ ਕੇ ਦੁਬਾਰਾ ਬਣਵਾਇਆ ਸੀ ਜਾਂ ਉਨ੍ਹਾਂ ਦੇ ਰੂਪ ਨੂੰ ਬਦਲ ਦਿੱਤਾ ਸੀ। ਇਨ੍ਹਾਂ ਵਿੱਚੋਂ ਮੁੱਖ **ਜਹਾਂਗੀਰ ਮਹਿਲ** ਅਤੇ **ਅਕਬਰੀ ਮਹਿਲ** ਹੈ। ਆਗਰਾ ਦੇ ਕਿਲ੍ਹੇ ਦੀ ਸਧਾਰਣ ਰੂਪਰੇਖਾ ਰਾਜਾ ਮਾਨ ਸਿੰਘ ਵੱਲੋਂ ਬਣਵਾਏ ਗਏ ਗਵਾਲੀਅਰ ਦੇ ਕਿਲ੍ਹੇ ਨਾਲ ਮਿਲਦੀ-ਜੁਲਦੀ ਹੈ ਅਤੇ ਇਸ ਵਿੱਚ ਬਣੀਆਂ ਇਮਾਰਤਾਂ ਵੀ ਹਿੰਦੂ ਕਲਾ ਨਾਲ ਪ੍ਰਭਾਵਿਤ ਹਨ। ਲਾਹੌਰ ਦੇ ਕਿਲ੍ਹੇ ਦੀ ਰੂਪਰੇਖਾ ਵੀ ਆਗਰਾ ਦੇ ਕਿਲ੍ਹੇ ਦੇ ਬਰਾਬਰ ਹੈ। ਜਦ ਕਿ ਉਸ ਦੀਆਂ ਇਮਾਰਤਾਂ ਵਿੱਚ ਸਜਾਵਟ ਜ਼ਿਆਦਾ ਕੀਤੀ ਗਈ ਹੈ ਪਰ ਅਕਬਰ ਦੀ ਸੁੰਦਰ ਇਮਾਰਤਾਂ (ਇਮਾਰਤਾਂ) ਫਤਿਹਪੁਰ ਸੀਕਰੀ ਵਿੱਚ ਬਣਵਾਈਆਂ ਗਈਆਂ। ਜਦ ਕਿ ਆਧੁਨਿਕ ਸਮੇਂ ਵਿੱਚ ਫਤਿਹਪੁਰ ਸੀਕਰੀ ਇਕ ਉਜੜਿਆ ਹੋਇਆ ਸਥਾਨ ਹੈ, ਫਿਰ ਵੀ ਅਕਬਰ ਦੀ ਕਲਾ ਨੂੰ ਦੇਖਣ ਦੇ ਲਈ ਦੂਰ-ਦੂਰ ਤੋਂ ਲੋਕ ਉਥੇ ਆਉਂਦੇ ਹਨ। ਉਥੇ ਦੀਆਂ ਇਮਾਰਤਾਂ ਵਿੱਚ **ਦੀਵਾਨੇ ਆਮ**, **ਦੀਵਾਨੇ ਖਾਸ**, **ਬੀਰਬਲ ਮਹਿਲ**, **ਹਿਰਨ**, **ਜਾਮਾ ਮਸਜ਼ਿਦ**, **ਹਾਥੀ ਪੋਲ**, **ਬੁਲੰਦ ਦਰਵਾਜ਼ਾ** ਅਤੇ **ਸ਼ੇਖ ਸਲੀਮ ਚਿਸਤੀ ਦਾ ਮਕਬਰਾ** ਮੁੱਖ ਹਨ। ਇਨ੍ਹਾਂ ਤੋਂ ਇਲਾਵਾ ਉਥੇ ਸੈਂਕੜੇ ਇਮਾਰਤਾਂ ਹਨ। ਉਹ ਸਾਰੀਆਂ ਸੁੰਦਰ ਹਨ ਅਤੇ ਸੰਭਵ ਤੌਰ 'ਤੇ ਇਕ ਹੀ ਜਗ੍ਹਾ 'ਤੇ ਇੰਨੀ ਮਾਤਰਾ ਵਿੱਚ ਸੁੰਦਰ ਇਮਾਰਤਾਂ ਦਾ ਪਾਇਆ ਜਾਣਾ ਦੂਜਾ ਹੈ। ਪੰਜ ਮੰਜ਼ਿਲ ਦੇ **ਪੰਚ ਮਹਿਲ** ਵਿੱਚ ਜਿੰਨੇ ਵੀ ਸਤੰਭ ਹਨ, ਉਹ ਸਾਰੇ ਵੱਖ-ਵੱਖ ਤਰ੍ਹਾਂ ਦੇ ਹਨ। ਹਰੇਕ ਸਤੰਭ ਦੀ ਸਜਾਵਟ ਇਕ-ਦੂਸਰੇ ਤੋਂ ਵੱਖ ਹੈ ਅਤੇ ਸਿਰਫ ਕਲਸ਼, ਘੰਟੀਆਂ, ਫੁੱਲ ਅਤੇ ਪੱਤੀਆਂ ਨਾਲ ਬਣਾਈਆਂ ਗਈਆਂ ਹਨ। ਤੁਰਕੀ ਸੁਲਤਾਨਾਂ ਦਾ ਮਹਿਲ ਇੰਨਾ ਸੁੰਦਰ ਹੈ ਕਿ ਫਰਸੀ ਬ੍ਰਾਊਨ ਨੇ ਉਸ ਨੂੰ '**ਸਥਾਪਿਤ ਕਲਾ ਦਾ ਮੋਤੀ**' ਕਿਹਾ ਹੈ। ਜੋਧਾ ਬਾਈ ਦਾ ਮਹਿਲ ਇਹ ਸੰਕੇਤ ਦਿੰਦਾ ਹੈ ਕਿ ਮੁਗਲ ਪਰਿਵਾਰ ਦੇ ਮੈਂਬਰ ਆਪਣੇ ਰਹਿਣ ਦੇ ਲਈ ਕਿਸ ਤਰ੍ਹਾ ਦੀ ਵਿਵਸਥਾ ਪਸੰਦ ਕਰਦੇ ਸਨ। ਅਕਬਰ ਦੀ ਪਤਨੀ ਮਰੀਅਮ ਦੇ ਮਹਿਲ 'ਤੇ ਫਾਰਸੀ ਕਲਾ ਦਾ ਪ੍ਰਭਾਵ ਹੈ। ਉਸ ਦੇ ਸਤੰਭ ਅਤੇ ਦੀਵਾਰਾਂ ਬਾਂਦਰ, ਹਾਥੀ, ਚੀਤਾ ਵਰਗੇ ਜਾਨਵਰਾਂ ਅਤੇ ਵੱਖ-ਵੱਖ ਰੰਗਾਂ ਦੇ ਪੱਥਰਾਂ ਵਿੱਚ ਮਨੁੱਖੀ ਅਕ੍ਰਿਤੀਆਂ ਨਾਲ ਸਜਾਏ ਗਏ ਸਨ। **ਜਾਮਾ ਮਸਜ਼ਿਦ** ਭਾਰਤ ਵਿੱਚ ਬਣੀਆਂ ਹੋਈਆਂ ਮਸਜ਼ਿਦਾਂ ਵਿੱਚ ਸ੍ਰੇਸ਼ਠ ਸਥਾਨ ਰੱਖਦੀ ਹੈ। ਭੂਮੀ ਨਾਲ 176 ਫੁੱਟ ਉਚੀ ਅਤੇ ਪਹਿਲਾ ਚਬੂਤਰੇ ਤੋਂ 134 ਫੁੱਟ ਉਚਾਈ ਦਾ **ਬੁਲੰਦ ਦਰਵਾਜ਼ਾ** ਆਪਣੇ ਆਪ ਵਿੱਚ ਇਕ ਵਿਸ਼ਾਲ ਇਮਾਰਤ ਮੰਨੀ ਜਾਂਦੀ ਹੈ। ਸ਼ੇਖ ਸਲੀਮ ਚਿਸ਼ਤੀ ਦੀ ਕਬਰ 'ਤੇ ਸਿੱਪੀਆਂ ਨਾਲ ਬਣੇ ਹੋਏ ਸਤੰਭ ਸੁੰਦਰਤਾ ਦੀ ਦ੍ਰਿਸ਼ਟੀ ਨਾਲ ਸ੍ਰੇਸ਼ਠ ਸਥਾਨ ਰੱਖਦੇ ਹਨ। ਬਿਨਾਂ ਸ਼ੱਕ ਫਤਿਹਪੁਰ ਸੀਕਰੀ ਵਿੱਚ ਬਣੀਆਂ ਇਮਾਰਤਾਂ ਮੁਗਲ ਕਾਲ ਦੀਆਂ ਇਮਾਰਤਾਂ ਵਿੱਚ ਬਹੁਤ ਸ੍ਰੇਸ਼ਠ ਮੰਨੀਆਂ ਗਈਆਂ ਹਨ। ਇਤਿਹਾਸਕਾਰ **ਸਮਿੱਥ** ਨੇ ਲਿਖਿਆ ਹੈ: ਫਤਿਹਪੁਰ ਸੀਕਰੀ ਦੇ ਬਰਾਬਰ ਨਾ ਤਾਂ ਉਸ ਤੋਂ ਪਹਿਲਾਂ ਹੀ ਕੁਝ ਬਣ ਸਕਿਆ ਅਤੇ ਨਾ ਉਸ ਦੇ ਬਾਅਦ ਕੁਝ ਬਣਨਾ ਸੰਭਵ ਹੈ। ਇਹ ਪੱਥਰਾਂ ਵਿੱਚ ਢਾਲਿਆ ਗਿਆ ਇਕ ਰੋਮਾਂਸ ਹੈ।' ਅਕਬਰ ਨੇ ਅਟਕ, ਮੇੜਤਾ, ਅਜਮੇਰ ਆਦਿ ਹੋਰ ਸਥਾਨਾਂ 'ਤੇ ਵੀ ਕੁਝ ਕਿਲ੍ਹੇ, ਮਸਜ਼ਿਦਾਂ, ਫੁਵਾਰੇ ਆਦਿ ਬਣਵਾਏ।

**ਜਹਾਂਗੀਰ** ਨੂੰ ਸਥਾਪਿਤ ਕਲਾ ਦੀ ਜਗ੍ਹਾ 'ਤੇ ਚਿੱਤਰ ਕਲਾ ਅਤੇ ਬਗੀਚੇ ਦਾ ਸ਼ੌਕ ਸੀ। ਫਿਰ ਵੀ ਉਸ ਦੇ ਸਮੇਂ ਵਿੱਚ ਕੁਝ ਇਮਾਰਤਾਂ ਦਾ ਨਿਰਮਾਣ ਹੋਇਆ। ਇਸ ਤੋਂ ਇਲਾਵਾ ਸਥਾਪਿਤ ਕਲਾ ਇਸੇ ਸਮੇਂ ਨਾਲ ਇਕ ਨਵਾਂ ਮੋੜ ਲੈਂਦੀ ਹੈ। **ਸਫੇਦ ਸੰਗਮਰਮਰ** ਦਾ ਇਸਤੇਮਾਲ ਅਤੇ ਉਸ 'ਤੇ ਜ਼ਿਆਦਾਤਰ **ਪੱਚੀਕਾਰੀ** ਜੋ ਸ਼ਾਹਜਹਾਂ ਦੇ ਸਮੇਂ ਵਿੱਚ ਸ੍ਰੇਸ਼ਠਤਾ 'ਤੇ ਪਹੁੰਚ ਗਈ, ਜਹਾਂਗੀਰ ਦੇ ਸਮੇਂ ਅਰੰਭ ਹੋਈ ਸੀ। ਜਹਾਂਗੀਰ ਦੇ ਸਮੇਂ ਵਿੱਚ ਬਣੀ ਹੋਈ ਸਭ ਤੋਂ ਪਹਿਲੀ ਇਮਾਰਤ ਦੇ ਨੇੜੇ ਸਿਕੰਦਰਾ ਵਿੱਚ **ਅਕਬਰ ਦਾ ਮਕਬਰਾ** ਹੈ। ਇਸ ਦੀ ਯੋਜਨਾ ਅਕਬਰ ਨੇ ਬਣਾਈ ਸੀ ਪਰ ਜਹਾਂਗੀਰ ਨੇ ਇਸ ਵਿੱਚ ਥੋੜ੍ਹਾ ਪਰਿਵਰਤਨ ਕੀਤਾ ਅਤੇ ਉਸ ਨੂੰ ਪੂਰਾ ਕੀਤਾ। ਚਾਰੋਂ ਪਾਸਿਓ ਇਕ ਮੀਲ ਦੇ ਘੇਰੇ ਵਿੱਚ ਫੈਲੇ ਹੋਏ ਵਿਸਤ੍ਰਿਤ ਬਗੀਚੇ ਦੇ ਮੱਧ ਵਿੱਚ ਬਣਿਆ ਇਹ ਪੰਜ ਮੰਜ਼ਿਲ ਦਾ ਮਕਬਰਾ ਅਕਬਰ ਦੇ ਵਿਸ਼ਾਲ ਅਤੇ ਉਦਾਰ ਦਿਲ ਦਾ ਪ੍ਰਤੀਕ ਹੈ। ਦੱਖਣ ਵੱਲੋਂ ਇਸ ਦਾ ਪ੍ਰਵੇਸ਼ ਦਰਬਾਰ ਹੈ ਅਤੇ ਇਸ ਦੇ ਚਾਰੋਂ ਕੋਨਿਆਂ 'ਤੇ ਸੰਗਮਰਮਰ ਦੇ ਬਣੇ ਹੋਏ ਚਾਰ ਮੁਬੰਦ ਹਨ। ਚਾਰ ਮੰਜ਼ਿਲਾ ਪੰਜ ਚਬੂਤਰਿਆਂ 'ਤੇ ਬਣੀ ਹੋਈ ਹੈ ਜਿਨ੍ਹਾਂ ਵਿੱਚ ਉਪਰ ਦੀ ਹਰੇਕ ਮੰਜ਼ਿਲ ਹੇਠਾਂ ਦੀ ਮੰਜ਼ਿਲ ਤੋਂ ਛੋਟੀ ਹੁੰਦੀ ਹੈ। ਸਭ ਤੋਂ ਉਪਰ ਦੀ ਮੰਜ਼ਿਲ ਵਿੱਚ ਸੰਗਮਰਮਰ ਨਾਲ ਬਣੀਆਂ ਹੋਈਆਂ ਦੀਵਾਰਾਂ ਨਾਲ ਘਿਰਿਆ ਇਕ ਵਿਹੜਾ ਹੈ, ਜਿਸ ਵਿੱਚ ਫਾਰਸੀ ਵਿੱਚ ਅਕਬਰ ਦੇ ਸ਼ਾਸਨ ਦੀ ਪ੍ਰਸ਼ੰਸਾ ਵਿੱਚ ਲਿਖੇ ਗਏ 36 ਦੋਹੇ (ਦੋ ਲਾਈਨਾਂ ਦੀਆਂ ਕਥਾਵਾਂ) ਹਨ। ਇਸ ਇਮਾਰਤ ਦੇ ਉਪਰ ਕੋਈ ਗੁਬੰਦ ਨਹੀਂ ਹੈ। ਅਕਬਰ ਦੇ ਮਕਬਰੇ ਦੀ ਯੋਜਨਾ ਸਰਲ ਅਤੇ ਸਾਦਾ ਹੁੰਦੇ

ਨੋਟ

ਹੋਏ ਵੀ ਬਹੁਤ ਪ੍ਰਭਾਵਸ਼ਾਲੀ ਹਨ। **ਹਾਵੇਲ** ਨੇ ਲਿਖਿਆ ਹੈ: 'ਅਕਬਰ ਦਾ ਮਕਬਰਾ ਭਾਰਤ ਦੇ ਇਕ ਮਹਾਨ ਸ਼ਾਸਕ ਦੇ ਲਈ ਉਪਯੁਕਤ ਮਕਬਰਾ ਹੈ।' ਇਸ ਨੂੰ ਇਸਲਾਮੀ, ਹਿੰਦੂ, ਇਸਾਈ ਅਤੇ ਇਨ੍ਹਾਂ ਤੋਂ ਵੀ ਜ਼ਿਆਦਾ ਬੁੱਧ ਕਲਾ ਦਾ ਇਕ ਮਿਸ਼ਰਿਤ ਸਵਰੂਪ ਮੰਨਿਆ ਜਾ ਸਕਦਾ ਹੈ। ਜਹਾਂਗੀਰ ਦੇ ਸਮੇਂ ਦੀ ਦੂਸਰੀ ਇਮਾਰਤ **ਲਾਹੌਰ** ਵਿੱਚ ਬਣਿਆ **ਇਸ ਦਾ ਆਪਣਾ ਮਕਬਰਾ** ਹੈ। ਇਸ ਦੇ ਜ਼ਿਆਦਾਤਰ ਹਿੱਸੇ ਨੂੰ ਉਸ ਦੀ ਮੌਤ ਦੇ ਬਾਅਦ ਉਸ ਦੀ ਬੇਗਮ ਨੂਰਜਹਾਂ ਨੇ ਆਪਣੇ ਪਿਤਾ ਏਤਮਾਤੁਧੌਲਾ ਦੀ ਕਬਰ 'ਤੇ ਬਣਵਾਇਆ ਸੀ। ਮਕਬਰੇ ਦਾ ਮੁੱਖ ਹਿੱਸਾ ਪੂਰੀ ਤਰ੍ਹਾਂ ਸਫੈਦ ਸੰਗਮਰਮਰ ਦਾ ਬਣਿਆ ਹੋਇਆ ਹੈ ਅਤੇ ਸੰਗਮਰਮਰ ਦੇ ਇਲਾਵਾ ਹੋਰ ਕੀਮਤਾਂ ਪੱਥਰਾਂ ਦਾ ਵੀ ਇਸਤੇਮਾਲ ਕੀਤਾ ਗਿਆ ਹੈ। ਦੋ ਮੰਜ਼ਿਲ ਦੀ ਇਹ ਇਮਾਰਤ ਇਕ ਵਿਸਤ੍ਰਿਤ ਬਗੀਚੇ ਦੇ ਮੱਧ ਵਿੱਚ ਬਣੀ ਹੋਈ ਹੈ। ਇਹ ਮਕਬਰਾ ਅਕਬਰ ਅਤੇ ਸ਼ਾਹਜਹਾਂ ਦੇ ਸਮੇਂ ਦੇ ਵਿੱਚ ਦੀ ਕੜੀ ਹੈ। ਇਹ ਇੰਨੀ ਸੁੰਦਰ ਹੈ ਕਿ ਬਹੁਤ ਸਾਰੇ ਲੋਕ ਇਸ ਨੂੰ ਮੁਗਲ ਇਮਾਰਤਾਂ ਦੇ ਬਾਅਦ ਦੂਸਰਾ ਸਥਾਨ ਪ੍ਰਦਾਨ ਕਰਦੇ ਹਨ। **ਪਰਸੀ ਬਰਾਊਨ** ਨੇ ਇਸ ਨੂੰ 'ਆਪਣੀ ਤਰ੍ਹਾਂ ਦੀਆਂ ਇਮਾਰਤਾਂ ਵਿੱਚ ਸਭ ਤੋਂ ਜ਼ਿਆਦਾ ਪੂਰਨ' ਮੰਨਿਆ ਹੈ।

**ਸਾਹਜਹਾਂ** ਦੇ ਸਮੇਂ ਵਿੱਚ ਮੁਗਲ ਸਥਾਪਨ-ਕਲਾ ਆਪਣੀ ਖੁਸ਼ਹਾਲੀ ਤੱਕ ਪਹੁੰਚ ਗਈ। **ਸਫੈਦ ਸੰਗਮਰਮਰ** ਅਤੇ **ਹੋਰ ਕੀਮਤੀ ਪੱਥਰਾਂ ਦਾ ਇਸਤੇਮਾਲ**, **ਜ਼ਿਆਦਾਤਰ ਪੱਚੀਕਾਰੀ**, **ਕੀਮਤੀ ਰੰਗਾਂ ਦਾ ਇਸਤੇਮਾਲ** ਆਦਿ ਉਸ ਦੇ ਸਮੇਂ ਦੀ ਵਿਸ਼ੇਸ਼ਤਾ ਬਣ ਗਏ। ਉਸ ਦੀਆਂ ਇਮਾਰਤਾਂ ਵਿੱਚ ਅਜਿਹਾ ਲੱਗਾ ਹੈ ਕਿ ਮੰਨੋ ਜੌਹਰੀ ਅਤੇ ਚਿੱਤਰਕਾਰੀ ਦੇ ਕੰਮਾਂ ਨੂੰ ਪੱਥਰਾਂ ਵਿੱਚ ਜੜ੍ਹ ਦਿੱਤਾ ਗਿਆ ਹੋਵੇ। ਸ਼ਾਹਜਹਾਂ ਨੂੰ ਸਥਾਪਨ ਕਲਾ ਦਾ ਸ਼ੌਕ ਸੀ। ਉਸ ਨੇ ਨਾ ਕੇਵਲ ਨਵੀਆਂ ਇਮਾਰਤਾਂ ਦਾ ਨਿਰਮਾਣ ਕਰਵਾਇਆ, ਬਲਕਿ ਆਗਰਾ ਅਤੇ ਲਾਹੌਰ ਦੇ ਕਿਲ੍ਹਿਆਂ ਵਿੱਚ ਉਸ ਨੇ ਅਕਬਰ ਵੱਲੋਂ ਬਣਵਾਈਆਂ ਗਈਆਂ ਇਮਾਰਤਾਂ ਨੂੰ ਤੁੜਵਾ ਕੇ ਨਵੀਆਂ ਇਮਾਰਤਾਂ ਵੀ ਬਣਵਾਈਆਂ। ਆਗਰਾ ਦੇ ਕਿਲ੍ਹੇ ਵਿੱਚ ਦੀਵਾਨੇ ਆਮ, ਦੀਵਾਨੇ ਖਾਸ, ਮੱਛੀ ਭਵਨ, ਸ਼ੀਸ਼ ਮਹਿਲ, ਖਾਸ ਮਹਿਲ, ਅੰਗੂਰੀ ਬਾਗ, ਝਰੋਖਾ, ਦਰਸ਼ਨ ਦਾ ਸਥਾਨ, ਸ਼ਾਹਬੁਰਜ, ਮੋਤੀ ਮਸਜ਼ਿਦ, ਨਗੀਨਾ ਮਸਜ਼ਿਦ ਆਦਿ, ਆਗਰਾ ਵਿੱਚ ਹੀ ਜਾਮਾ ਮਸਜ਼ਿਦ, ਦਿੱਲੀ ਦੀ ਜਾਮਾ ਮਸਜ਼ਿਦ ਅਤੇ ਲਾਲ ਕਿਲ੍ਹਾ ਅਤੇ ਉਸ ਵਿੱਚ ਬਣੀਆਂ ਹੋਈਆਂ ਇਮਾਰਤਾਂ ਜਿਵੇਂ ਦੀਵਾਨੇ ਆਮ, ਦੀਵਾਨੇ ਖਾਸ, ਮੋਤੀ ਮਹਿਲ, ਹੀਰਾ ਮਹਿਲ, ਰੰਗ ਮਹਿਲ, ਨਹਿਰਾਂ-ਬਹਿਸ਼ਤ ਆਦਿ ਅਤੇ ਲਾਹੌਰ ਦੇ ਕਿਲ੍ਹੇ ਵਿੱਚ ਦੀਵਾਨੇ ਆਮ, ਸ਼ਾਹ ਬੁਰਜ ਸ਼ੀਸ਼ ਮਹਿਲ, ਨੌਲਖਾ ਮਹਿਲ ਅਤੇ ਖਵਾਬਗਾਹ ਆਦਿ ਸ਼ਾਹਜਹਾਂ ਦੇ ਸਮੇਂ ਦੀਆਂ ਮੁੱਖ ਇਮਾਰਤਾਂ ਹਨ। ਇਨ੍ਹਾਂ ਦੇ ਇਲਾਵਾ ਕਾਬੁਲ, ਕਸ਼ਮੀਰ, ਅਜਮੇਰ, ਕੰਧਾਰ, ਅਹਿਮਦਾਬਾਦ ਆਦਿ ਵੱਖ-ਵੱਖ ਸਥਾਨਾਂ ਵਿੱਚ ਸ਼ਾਹਜਹਾਂ ਨੇ ਕਈ ਮਸਜ਼ਿਦ ਅਤੇ ਮਕਬਰੇ ਆਦਿ ਬਣਵਾਏ ਸਨ ਪਰ ਸ਼ਾਹਜਹਾਂ ਦੀ ਸ੍ਰੇਸ਼ਠ ਇਮਾਰਤ ਆਗਰਾ ਵਿੱਚ ਆਪਣੀ ਪਤਨੀ ਮੁਮਤਾਜ ਮਹਿਲ ਦੀ ਯਾਦ ਵਿੱਚ ਬਣਵਾਇਆ ਗਿਆ ਵਿਸ਼ਵ ਪ੍ਰਸਿੱਧ ਤਾਜਮਹਿਲ ਹੈ ਜਿਸ ਨੂੰ 22 ਸਾਲਾਂ ਵਿੱਚ ਲੱਗਭਗ 9 ਕਰੋੜ ਰੁਪਏ ਦੀ ਲਾਗਤ ਨਾਲ ਬਣਵਾਇਆ ਗਿਆ ਸੀ। ਸ਼ਾਹਜਹਾਂ ਵੱਲੋਂ ਬਣਵਾਈਆਂ ਗਈਆਂ ਆਗਰਾ ਦੇ ਕਿਲ੍ਹੇ ਦੀਆਂ ਸਾਰੀਆਂ ਇਮਾਰਤਾਂ ਬਹੁਤ ਸੁੰਦਰ ਹਨ ਪਰ ਇਨ੍ਹਾਂ ਵਿੱਚ ਸ੍ਰੇਸ਼ਠ ਸਥਾਨ ਮੋਤੀ ਮਸਜ਼ਿਦ ਦਾ ਹੈ। ਦੁੱਧ ਦੀ ਤਰ੍ਹਾਂ ਸਫੈਦ ਸੰਗਮਰਮਰ ਨਾਲ ਬਣੀ ਹੋਈ ਇਹ ਮਸਜ਼ਿਦ ਆਪਣੇ ਨਾਮ 'ਮੋਤੀ' ਦੀ ਤਰ੍ਹਾ ਹੀ ਹੈ। ਆਗਰਾ ਦੀ ਜਾਮਾ ਮਸਜ਼ਿਦ ਸ਼ਾਹਜਹਾਂ ਦੀ ਵੱਡੀ ਪੁੱਤਰੀ ਜਹਾਂਆਰਾ ਵੱਲੋਂ ਬਣਵਾਈ ਗਈ ਸੀ। ਦਿੱਲੀ ਦੇ ਲਾਲ ਕਿਲ੍ਹੇ ਦੀਆਂ ਇਮਾਰਤਾਂ ਉਨ੍ਹਾਂ ਵਿੱਚ ਪਾਣੀ ਅਤੇ ਫੁਹਾਰਿਆਂ ਦਾ ਪ੍ਰਬੰਧ ਆਦਿ ਇੰਨਾ ਸੁੰਦਰ ਸੀ ਕਿ ਉਥੇ ਇਕ ਸਥਾਨ 'ਤੇ ਲਿਖੀ ਹੋਈ ਇਹ ਗੱਲ ਮੰਨਣੀ ਪੈਂਦੀ ਹੈ ਕਿ 'ਜੇਕਰ ਭੂਮੀ 'ਤੇ ਕਿਤੇ ਸਵਰਗ ਹੈ ਤਾਂ ਉਹ ਇੱਥੇ ਹੈ। ਪਰ ਤਾਜ ਮਹਿਲ ਦਾ ਸਥਾਨ ਇਨ੍ਹਾਂ ਸਾਰੀਆਂ ਇਮਾਰਤਾਂ ਵਿੱਚ ਸ੍ਰੇਸ਼ਠ ਹੈ। ਇਕ ਵਿਸਤ੍ਰਿਤ ਬਗੀਚੇ ਦੇ ਉਤਰੀ ਹਿੱਸੇ ਵਿੱਚ ਸਫੈਦ ਸੰਗਮਰਮਰ ਦੀ ਬਣੀ ਹੋਈ ਇਹ ਇਮਾਰਤ ਸੰਸਾਰ ਦੀਆਂ ਸ੍ਰੇਸ਼ਠ ਇਮਾਰਤਾਂ ਵਿੱਚ ਸਥਾਨ ਰੱਖਦੀ ਹੈ। ਭੂਮੀ ਤੋਂ 22 ਫੁੱਟ ਉਚੇ ਸੰਗਮਰਮਰ ਦੇ ਚਬੂਤਰੇ 'ਤੇ ਬਣੀ ਇਹ ਇਮਾਰਤ ਲੱਗਭਗ 108 ਫੁੱਟ ਉਚੀ ਹੈ ਜਦਕਿ ਇਸ ਦਾ ਮੱਧ ਗੁੰਬਦ 187 ਫੁੱਟ ਉਚਾ ਹੈ। ਚਬੂਤਰੇ ਦੇ ਚਾਰੋਂ ਕੋਨਿਆਂ 'ਤੇ ਚਾਰ ਸਫੈਦ ਮੀਨਾਰਾਂ ਹਨ ਅਤੇ ਇਸ ਦੇ ਪਿੱਛੇ ਯਮੁਨਾ ਨਦੀ ਵਹਿੰਦੀ ਹੈ। ਵਿੱਚੋਂ ਉਪਰੀ ਤਲ 'ਤੇ ਮੁਮਤਾਜ ਮਹਿਲ ਅਤੇ ਸ਼ਾਹਜਹਾਂ ਦੀ ਨਕਲੀ ਕਬਰ ਹੈ ਅਤੇ ਹੇਠਲੇ ਤਲ ਵਿੱਚ ਉਨ੍ਹਾਂ ਦੋਨਾਂ ਦੀ ਅਸਲੀ ਕਬਰ ਹੈ। ਸੁੰਦਰ ਪੱਚੀਕਾਰੀ ਨਾਲ ਅਲੰਕ੍ਰਿਤ ਜਾਲੀਆਂ, ਵੇਲ-ਬੂਟੀਆਂ ਨਾਲ ਸਜੀਆਂ ਹੋਈਆਂ ਦੀਵਾਰਾਂ ਅਤੇ ਲੰਬਾਈ, ਚੌੜਾਈ ਦੀ ਦ੍ਰਿਸ਼ਟੀ ਨਾਲ ਇਮਾਰਤ ਨੂੰ ਇਕ ਇਕਾਈ ਦਾ ਰੂਪ ਪ੍ਰਦਾਨ ਕਰਨ ਵਾਲੀ ਕਲਾ ਨਾ ਕੇਵਲ ਤਾਜ ਮਹਿਲ ਦੀ ਸੁੰਦਰਤਾ ਨੂੰ ਵਧਾਉਣ ਵਾਲੀ ਹੈ ਸਗੋਂ ਤਾਜ ਮਹਿਲ ਇਕ ਸੰਪੂਰਨ ਇਕਾਈ ਦੇ ਰੂਪ ਵਿੱਚ ਸੰਗਮਰਮਰ ਵਿੱਚ ਢਾਲਿਆ ਗਿਆ ਇਕ ਸੁਪਨਾ ਹੈ ਜੋ ਕਿ ਮਹਾਨ ਸੁੰਦਰਤਾ ਦਾ ਪ੍ਰਤੀਕ ਮੰਨਿਆ ਜਾ ਸਕਦਾ ਹੈ। ਸ਼ਾਹਜਹਾਂ ਮੁਮਤਾਜ ਮਹਿਲ ਦੀ ਸੁੰਦਰਤਾ ਨੂੰ ਇਕ ਮੂਰਤੀ ਵਿੱਚ ਤਾਂ ਨਹੀਂ ਢਾਲ ਸਕਦਾ ਸੀ, ਕਿਉਂਕਿ ਇਹ ਇਸਲਾਮ ਧਰਮ ਦੇ ਵਿਰੁੱਧ ਸੀ ਪਰ ਉਸ ਦੀ ਸੁੰਦਰਤਾ ਨੂੰ ਤਾਜ ਮਹਿਲ ਦਾ ਨਿਰਮਾਣ ਕਰਕੇ ਪ੍ਰਗਟ ਕਰ ਦਿੱਤਾ। ਇਸੇ ਕਾਰਨ **ਹਾਵੇਲ** ਨੇ ਉਸ ਨੂੰ **'ਭਾਰਤੀ ਨਾਰੀਤਵ ਦੀ ਸਾਕਾਰ ਪ੍ਰਤਿਮਾ'** ਕਿਹਾ ਹੈ। ਉਸ ਨੇ ਲਿਖਿਆ ਹੈ: ਇਹ ਇਕ ਅਜਿਹਾ ਮਹਾਨ ਆਦਰਸ਼ ਵਿਚਾਰ ਹੈ ਜੋ ਸਥਾਪਿਤ-ਕਲਾ ਨਾਲ ਨਹੀਂ, ਬਲਕਿ ਮੂਤਰੀ ਕਲਾ ਨਾਲ ਸਬੰਧਿਤ ਹੈ।' ਇਹ ਪ੍ਰਮਾਣਿਤ ਕੀਤਾ ਜਾ ਚੁੱਕਾ ਹੈ ਕਿ ਮੁੱਖ ਕਲਾਕਾਰ **ਉਸਤਾਦ ਅਹਿਮਤ ਲਾਹੌਰੀ** ਸੀ, ਜਿਸ ਨੇ ਸ਼ਾਹਜਹਾਂ ਨੇ **'ਨਾਦਿਰ-ਉਲ-ਅਸਰ'** ਦੀ ਉਪਾਧੀ ਪ੍ਰਦਾਨ ਕੀਤੀ ਸੀ।

**ਔਰੰਗਜ਼ੇਬ** ਦੀਆਂ ਲਲਿਤ ਕਲਾਵਾਂ ਵਿੱਚ ਕੋਈ ਰੁਚੀ ਨਹੀਂ ਸੀ। ਉਸ ਦੇ ਸਮੇਂ ਵਿੱਚ ਕਿਸੇ ਵੀ ਸ੍ਰੇਸ਼ਠ ਇਮਾਰਤ ਦਾ ਨਿਰਮਾਣ ਨਹੀਂ ਹੋਇਆ। ਉਸ ਦੇ ਸਮੇਂ ਵਿੱਚ ਬਣੀ ਹੋਈ ਇਕ ਇਮਾਰਤ ਲਾਹੌਰ ਦੀ **ਬਾਦਸ਼ਾਹੀ ਮਸਜ਼ਿਦ** ਹੈ, ਔਰੰਗਜ਼ੇਬ ਨੇ ਸੰਭਵ ਤੌਰ 'ਤੇ ਆਪਣੇ ਨਿੱਜੀ ਇਸਤੇਮਾਲ ਦੇ ਲਈ ਬਣਵਾਇਆ ਹੋਵੇਗਾ, ਕਿਉਂਕਿ ਇਸ ਦਾ ਆਕਾਰ ਬਹੁਤ ਛੋਟਾ ਹੈ। ਇਕ ਹੋਰ ਇਮਾਰਤ ਔਰੰਗਜ਼ੇਬ ਦੇ ਕਾਲ ਵਿੱਚ ਬਣਿਆ ਹੋਇਆ ਔਰੰਗਜ਼ੇਬ ਦੀ **ਬੇਗਮ ਦੁਰਾਨੀ ਦਾ ਮਕਬਰਾ** ਹੈ। ਉਸ ਵਿੱਚ ਤਾਜ ਮਹਿਲ ਦੀ ਨਕਲ

ਨੋਟ

ਕਰਨ ਦਾ ਯਤਨ ਕੀਤਾ ਗਿਆ ਹੈ ਪਰ ਇਹ ਯਤਨ ਸਫਲ ਨਹੀਂ ਹੋ ਸਕਿਆ। ਉਸ ਦੇ ਬਾਅਦ ਮੁਗਲ ਸਥਾਪਿਤ ਕਲਾ ਨੂੰ ਵਿਕਾਸ ਦਾ ਮੌਕਾ ਨਹੀਂ ਹੋਇਆ ਅਤੇ ਉਸ ਦੀ ਦਸ਼ਾ ਲਗਾਤਾਰ ਡਿੱਗਦੀ ਚਲੀ ਗਈ। ਵੱਖ-ਵੱਖ ਯਤਨਾਂ ਅਤੇ ਬਾਅਦ ਵਿੱਚ ਸੁਤੰਤਰ ਹੋਏ ਰਾਜਾਂ ਵਿੱਚ ਕਈ ਇਮਾਰਤਾਂ ਬਣੀਆਂ ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਖਰਾਬ ਹੋ ਗਈਆਂ। ਉਨ੍ਹਾਂ ਵਿੱਚੋਂ ਬਚੀਆਂ ਇਮਾਰਤਾਂ ਵਿੱਚ ਸ੍ਰੇਸ਼ਠ ਸਥਾਨ ਗਵਾਲੀਅਰ ਦੇ **ਮਾਨ ਮੰਦਿਰ**, ਵਿਰੰਦਾਵਨ ਦੇ **ਗੋਬਿੰਦਦੇਵ ਦੇ ਮੰਦਿਰ** , ਜੈਪੁਰ ਦੇ **ਹਵਾ ਮਹਿਲ**, ਬੀਜਾਪੁਰ ਦੇ **ਗੋਲ ਗੁੰਬਦ** ਅਤੇ ਅੰਮ੍ਰਿਤਸਰ ਦੇ **ਸਵਰਨ ਮੰਦਿਰ** ਦਾ ਹੈ।

ਮੁਗਲ ਕਾਲ ਵਿੱਚ ਦੱਖਣ ਭਾਰਤ ਦੇ ਮੁਸਲਮਾਨ ਸ਼ਾਸਕਾਂ ਵੱਲੋਂ ਵੀ ਬਹੁਤ ਸੰਖਿਆ ਵਿੱਚ ਚੰਗੀਆਂ ਇਮਾਰਤਾ ਦਾ ਨਿਰਮਾਣ ਕਰਵਾਇਆ ਗਿਆ। ਇਨ੍ਹਾਂ ਵਿੱਚੋਂ ਅਹਿਮਦਨਗਰ ਦੇ ਸ਼ਾਸਕ **ਅਹਿਮਦ ਨਿਜਾਮਸ਼ਾਹ ਦਾ ਮਕਬਰਾ**, **ਬਾਗ-ਏ-ਰੌਜਾ**, ਉਸ ਵੱਲੋਂ ਬਣਵਾਇਆ ਗਿਆ ਇਕ ਬਾਗ ਅਤੇ ਮਹਿਲ, **ਹਸ਼ਤ-ਬਹਿਸ਼ਤ** (ਅੱਠਵਾਂ ਸਵਰਗ) , ਬੀਜਾਪੁਰ ਦੇ ਸ਼ਾਸਕ ਅਲੀ ਪਹਿਲੇ ਵੱਲੋਂ ਬਣਵਾਈ ਗਈ **ਜਾਮਾ-ਮਸਜ਼ਿਦ**, ਸੁਲਤਾਨ ਇਬਰਾਹਿਮ ਵੱਲੋਂ ਬਣਵਾਇਆ ਗਿਆ **ਮਕਬਰਾ**, **ਆਨੰਦ-ਮਹਿਲ**, **ਮਿਹਤਰੂ-ਮਹਿਲ** ਅਤੇ **ਜਹਾਂ-ਮਸਜਿਦ** ਅਤੇ ਗੋਲਕੁੰਡਾ ਦੇ ਸੁਲਤਾਨ ਮੁਹੰਮਦ ਕੁਲੀ ਕੁਤੁਬਸ਼ਾਹ ਵੱਲੋਂ ਬਣਵਾਏ ਗਏ ਮਹਿਲ ਜਿਵੇਂ-**ਚੰਦਨ ਮਹਿਲ**, **ਹੀਰਾ ਮਹਿਲ** ਆਦਿ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹਨ।

ਮੁਗਲ ਕਾਲ ਵਿੱਚ ਸਥਾਪਿਤ ਕਲਾ ਦੀ ਸ੍ਰੇਸ਼ਠ ਉਨਤੀ ਹੋਈ ਅਤੇ ਸੁੰਦਰ ਮਹਿਲ, ਮਕਬਰੇ, ਮਸਜ਼ਿਦਾਂ ਆਦਿ ਬਣਾਈਆਂ। ਮੁਗਲ ਸਥਾਪਿਤ-ਕਲਾ ਆਪਣੇ ਆਪ ਵਿੱਚ ਸ੍ਰੇਸ਼ਠ ਰਹੀ ਅਤੇ ਉਸ ਨੇ ਵੱਖ-ਵੱਖ ਪ੍ਰਾਂਤਾ ਦੀਆਂ ਸਥਾਪਿਤ-ਕਲਾਵਾਂ ਨੂੰ ਵੀ ਪ੍ਰਭਾਵਿਤ ਕੀਤਾ। ਇਹ ਕਹਿਣਾ ਗਲਤ ਹੋਵੇਗਾ ਕਿ ਮੁਗਲਾਂ ਦੀ ਸਥਾਪਿਤ ਕਲਾ ਅਸਲ ਵਿੱਚ ਵਿਦੇਸ਼ੀ ਸੀ। ਇਹ ਕਹਿਣਾ ਜ਼ਿਆਦਾ ਸੱਚ ਹੈ ਕਿ ਮੁਗਲ ਸਥਾਪਿਤ ਕਲਾ ਦੀ ਆਪਣੀ ਅਲੱਗ ਵਿਸ਼ੇਸ਼ਤਾ ਸੀ ਅਤੇ ਵਿਦੇਸ਼ੀ ਪ੍ਰਭਾਵਾਂ ਨੂੰ ਆਪਣੇ ਵਿੱਚ ਸ਼ਾਮਿਲ ਕਰਦੇ ਹੋਏ ਵੀ ਉਸ ਦਾ ਮੂਲ ਰੂਪ ਭਾਰਤੀ ਸੀ। ਮੁਗਲਾਂ ਵੱਲੋਂ ਬਣਵਾਈਆਂ ਹੋਈਆਂ ਇਮਾਰਤਾਂ ਤੁਰਕੀ, ਫਾਰਸ ਅਤੇ ਮੱਧ ਏਸ਼ੀਆ ਦੀਆਂ ਇਮਾਰਤਾਂ ਤੋਂ ਵੱਖ ਹਨ। **ਤਾਜ ਮਹਿਲ** ਦਾ ਨਿਰਮਾਣ ਕੇਵਲ ਭਾਰਤ ਵਿੱਚ ਹੀ ਹੋ ਸਕਦਾ ਹੈ ਅਤੇ ਉਸ ਦੀ ਨਕਲ ਕਰਨ ਦਾ ਯਤਨ ਕਿਸੇ ਹੋਰ ਸਥਾਨ 'ਤੇ ਸੰਭਵ ਨਹੀਂ ਹੋਇਆ। ਤਾਜ ਮਹਿਲ ਭਾਰਤੀ ਮੁਗਲ ਸਥਾਪਿਤ ਕਲਾ ਦਾ ਨਮੂਨਾ ਹੈ ਅਤੇ ਇਸ ਕਾਰਨ ਉਸ ਦੀ ਆਪਣੀ ਇਕ ਅਲੱਗ ਵਿਸ਼ੇਸ਼ਤਾ ਹੈ ਅਤੇ ਇਸੇ ਕਾਰਨ ਇਹ ਸੰਸਾਰ ਵਿੱਚ ਪ੍ਰਸਿੱਧ ਹੈ।

## 12.3 ਮੁਗਲ ਸਮਰਾਟਾਂ ਦੇ ਸਮੇਂ ਵਿੱਚ ਸਥਾਪਿਤ ਕਲਾਵਾਂ ਦਾ ਵਿਕਾਸ (Development of Architecture Skill in the Mughal Emperors Period)

### ਬਾਬਰ

ਬਾਬਰ ਨੇ ਆਪਣੇ ਘੱਟ ਸ਼ਾਸਨ ਕਾਲ ਵਿੱਚ ਸਥਾਪਿਤ ਕਲਾ ਵਿੱਚ ਵਿਸ਼ੇਸ਼ ਰੁਚੀ ਦਿਖਾਈ। ਬਾਬਰ ਨੇ ਬਹੁਤ ਸਾਰੀਆਂ ਇਮਾਰਤਾਂ ਬਣਵਾਈਆਂ ਪਰ ਉਸ ਵਿੱਚੋਂ ਕੇਵਲ 'ਪਾਣੀਪਤ ਦਾ ਕਾਬੁਲੀ ਬਾਗ' ਅਤੇ ਸੰਭਲ ਦੀ 'ਜਾਮਾ ਮਸਜ਼ਿਦ' ਹੀ ਅੱਜ ਤੱਕ ਮੌਜੂਦ ਹੈ।

### ਹੁਮਾਯੂੰ

ਹੁਮਾਯੂੰ ਜੀਵਨ ਭਰ ਭਟਕਦਾ ਰਿਹਾ, ਉਦੋਂ ਉਸ ਨੇ ਹਿਸਾਰ ਅਤੇ ਫਤਿਹਬਾਦ ਜ਼ਿਲ੍ਹਿਆਂ ਵਿੱਚ ਮਸਜ਼ਿਦਾਂ ਬਣਵਾਈਆਂ ਜੋ ਈਰਾਨੀ ਸ਼ੈਲੀ ਦੀਆਂ ਰੰਗੀਨ ਟਾਇਲਾਂ ਨਾਲ ਜੜੀਆਂ ਹਨ। ਦਿੱਲੀ ਵਿੱਚ ਸਥਿਰ ਹੁਮਾਯੂੰ ਦਾ ਮਹਿਲ 'ਦੀਨ ਪਨਾਹ' ਜਲਦੀ ਵਿੱਚ ਬਣਵਾਇਆ ਗਿਆ ਸੀ ਅਤੇ ਕਾਰੀਗਰਾਂ ਨੇ ਇਸ ਦੀ ਦ੍ਰਿੜਤਾ ਅਤੇ ਸੁੰਦਰਤਾ 'ਤੇ ਕੋਈ ਧਿਆਨ ਨਹੀਂ ਦਿੱਤਾ।

### ਸ਼ੇਰਸ਼ਾਹ ਸੂਰੀ

ਸ਼ੇਰਸ਼ਾਹ ਸੂਰੀ ਨੇ ਸਾਸਾਰਾਮ ਵਿੱਚ ਇਕ ਮਸਜ਼ਿਦ ਬਣਵਾਈ। ਇਹ ਹਿੰਦੂ ਅਤੇ ਮੁਸਲਿਮ ਦੇ ਨਾਲ ਚੰਗਾ ਯੋਗਦਾਨ ਹੈ। ਉਸ ਨੇ ਦਿੱਲੀ ਵਿੱਚ ਪੁਰਾਣਾ ਕਿਲ੍ਹਾ ਬਣਵਾਇਆ, ਹਾਲਾਂਕਿ ਬਹੁਤੇ ਲੋਕ ਅਜਿਹਾ ਨਹੀਂ ਮੰਨਦੇ। ਇਸ ਕਿਲ੍ਹੇ ਦੇ ਅੰਦਰ 'ਕਿਲ੍ਹਾ-ਏ-ਕੁਹਨਾ ਮਸਜ਼ਿਦ' ਇੰਨੀ ਸ੍ਰੇਸ਼ਠ ਨਿਰਮਾਣ ਕਲਾ ਦਾ ਨਮੂਨਾ ਹੈ ਕਿ ਇਸ ਨੂੰ ਉੱਤਰ ਭਾਰਤ ਦੀਆਂ ਗਿਣੀਆਂ-ਚੁਣੀਆਂ ਇਮਾਰਤਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ।

### ਅਕਬਰ

ਅਬੁਲ ਫਜ਼ਲ ਦੇ ਅਨੁਸਾਰ, 'ਸਮਰਾਟ (ਅਕਬਰ) ਸੁੰਦਰ ਇਮਾਰਤਾਂ ਦੀ ਯੋਜਨਾ ਬਣਾਉਂਦਾ ਹੈ ਅਤੇ ਆਪਣੇ ਦਿਮਾਗ ਅਤੇ ਦਿਲ ਦੇ ਵਿਚਾਰ ਨਾਲ ਪੱਥਰ ਅਤੇ ਗਾਰੇ ਦਾ ਰੂਪ ਦੇ ਦਿੱਤਾ ਹੈ।' ਅਕਬਰ ਨੇ ਨਿਰਮਾਣ ਕੰਮ ਵਿੱਚ ਜ਼ਿਆਦਾ ਧਨ ਖਰਚ ਨਾ ਕਰਕੇ ਅਜਿਹੀਆਂ ਇਮਾਰਤਾਂ ਦਾ ਨਿਰਮਾਣ ਕਰਵਾਇਆ, ਜੋ ਆਪਣੀ ਸਾਦਗੀ ਨਾਲ ਹੀ ਸੁੰਦਰ ਲੱਗਦੀਆਂ ਸਨ। ਉਸ ਨੇ ਮੇਹਰਾਬ

ਅਤੇ ਸ਼ਹਤੀਰ ਸ਼ੈਲੀ ਦਾ ਬਰਾਬਰ ਅਨੁਪਾਤ ਵਿੱਚ ਇਸਤੇਮਾਲ ਕੀਤਾ। ਨਿਰਮਾਣ ਕੰਮ ਵਿੱਚ ਉਸ ਨੇ ਲਾਲ ਪੱਥਰ ਦਾ ਜ਼ਿਆਦਾ ਇਸਤੇਮਾਲ ਕੀਤਾ।

**ਹੁਮਾਯੂੰ ਦਾ ਮਕਬਰਾ** : ਇਸ ਮਕਬਰੇ ਦਾ ਖਾਕਾ ਈਰਾਨ ਦੇ ਮੁੱਖ ਵਾਸਤੂਕਾਰ ਮੀਰਕ ਮਿਰਜ਼ਾ ਗਿਆਸ ਨੇ ਬਣਾਇਆ ਅਤੇ ਇਸ ਦਾ ਨਿਰਮਾਣ ਅਕਬਰ ਦੀ ਮਤਰੇਈ ਮਾਂ ਹਾਜੀ ਬੇਗਮ ਦੀ ਦੇਖ-ਰੇਖ ਵਿੱਚ 1564 ਈ. ਵਿੱਚ ਪੂਰਾ ਹੋਇਆ।

**ਆਗਰੇ ਦਾ ਕਿਲ੍ਹਾ** : ਆਗਰੇ ਵਿੱਚ ਯਮੁਨਾ ਦੇ ਤਟ 'ਤੇ 1.5 ਮੀਲ ਵਿੱਚ ਫੈਲੇ ਕਿਲ੍ਹੇ ਦਾ ਨਿਰਮਾਣ ਕੰਮ 1566 ਈ. ਵਿੱਚ ਅਕਬਰ ਦੇ ਇਕ ਪ੍ਰਸਿੱਧ ਵਾਸਤੂਕਾਰ ਕਾਸਿਮ ਖਾਂ ਦੀ ਅਗਵਾਈ ਵਿੱਚ ਸ਼ੁਰੂ ਹੋਇਆ। ਇਹ 15 ਸਾਲਾਂ ਵਿੱਚ ਪੂਰਾ ਹੋਇਆ ਅਤੇ ਇਸ ਦੇ ਨਿਰਮਾਣ 'ਤੇ ਲੱਗਭਗ 36 ਲੱਖ ਰੁਪਏ ਖਰਚ ਹੋਏ। ਇਸ ਦੇ ਅੰਦਰ ਅਕਬਰ ਨੇ ਲੱਗਭਗ 500 ਨਿਰਮਾਣ ਕੰਮ ਕਰਵਾਏ, ਜਿਨ੍ਹਾਂ ਵਿੱਚ ਲਾਲ ਪੱਥਰ ਦਾ ਇਸਤੇਮਾਲ ਅਤੇ ਬੰਗਾਲ ਅਤੇ ਗੁਜਰਾਤ ਦੀ ਨਿਰਮਾਣ ਸ਼ੈਲੀ ਦਾ ਇਸਤੇਮਾਲ ਹੋਇਆ ਹੈ।

**ਜਹਾਂਗੀਰੀ ਮਹਿਲ** : ਆਗਰੇ ਦੇ ਕਿਲ੍ਹੇ ਵਿੱਚ ਹਿੰਦੂ ਸ਼ੈਲੀ ਵਿੱਚ ਬਣਿਆ ਜਹਾਂਗੀਰੀ ਮਹਿਲ ਗਵਾਲੀਅਰ ਦੇ ਰਾਜਾ ਮਾਨ ਸਿੰਘ ਦੇ ਮਹਿਲ ਦੀ ਨਕਲ ਹੈ। ਇਸ ਮਹਿਲ ਦੇ ਸਾਹਮਣੇ ਲਾਨ ਵਿੱਚ ਪਿਆਲੇ ਦੇ ਆਕਾਰ ਦਾ ਇਕ ਹੌਜ ਬਣਾਇਆ ਹੈ, ਜਿਸ 'ਤੇ ਫਾਰਸੀ ਆਇਤਾਂ ਖੁਦੀਆਂ ਹੋਈਆਂ ਹਨ। ਇਸ ਦੇ ਖੱਬੇ ਪਾਸੇ ਅਕਬਰੀ ਮਹਿਲ ਹੈ ਜਿਸ ਵਿੱਚ ਜਹਾਂਗੀਰੀ ਮਹਿਲ ਦੀ ਸੁੰਦਰਤਾ ਦਾ ਅਹਿਸਾਸ ਹੈ।

**ਫਤਿਹਪੁਰ ਸੀਕਰੀ** : 1570 ਈ. ਵਿੱਚ ਅਕਬਰ ਨੇ ਗੁਜਰਾਤ ਜਿੱਦ ਦੇ ਬਾਅਦ ਫਤਿਹਪੁਰ ਸੀਕਰੀ ਦੀ ਸਥਾਪਨਾ ਕੀਤੀ ਅਤੇ 1571 ਈ. ਵਿੱਚ ਇਸ ਨੇ ਆਪਣੀ ਰਾਜਧਾਨੀ ਬਣਾਇਆ। 7 ਮੀਲ ਲੰਬੇ ਪਹਾੜੀ ਖੇਤਰ ਵਿੱਚ ਫੈਲੇ ਨਗਰ ਦੇ 9 ਪ੍ਰਵੇਸ਼ ਦੁਆਰਾਂ ਵਿੱਚ ਆਗਰਾ, ਦਿੱਲੀ, ਅਜਮੇਰ, ਗਵਾਲੀਅਰ ਅਤੇ ਧੌਲਪੁਰ ਮੁੱਖ ਹਨ।

**ਦੀਵਾਨ-ਏ-ਆਮ**: ਦੀਵਾਨੇ ਆਮ ਵਿੱਚ ਅਕਬਰ ਦੇ ਲਈ ਇਕ ਸਿੰਘਾਸਨ ਬਣਿਆ ਹੈ ਅਤੇ ਇਸ ਦੇ ਬਰਾਂਡੇ ਵਿੱਚ ਲਾਲ ਪੱਥਰ ਨਾਲ ਬਣਿਆ ਅਕਬਰ ਦਾ ਦਫਤਰ ਖਾਨਾ ਹੈ। ਦੀਵਾਨੇ ਆਮ ਵਿੱਚ ਅਕਬਰ ਆਪਣੇ ਮੰਤਰੀਆਂ ਅਤੇ ਸਭਾ ਦੇ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰਦਾ ਸੀ।

**ਦੀਵਾਨੇ-ਏ-ਖਾਸ**: 47 ਫੁੱਟ ਦੇ ਇਸ ਵਰਗਕਾਰ ਭਵਨ ਦੇ ਨਿਰਮਾਣ ਵਿੱਚ ਬੁੱਧ ਅਤੇ ਹਿੰਦੂ ਸ਼ੈਲੀ ਦਾ ਪ੍ਰਭਾਵ ਝਲਕਦਾ ਹੈ। ਅਕਬਰ ਇੱਥੇ ਬੈਠ ਕੇ ਕਰਮਚਾਰੀਆਂ ਦੀ ਬਹਿਸ ਸੁਣਦਾ ਸੀ। ਇਸ ਦੇ ਉਤਰ ਵਿੱਚ ਕੋਸ਼ਾਗਾਰ ਅਤੇ ਪੱਛਮ ਵਿੱਚ ਇਕ ਵਰਗਕਾਰ ਚੰਦੋਬਾ ਜਾਂ 'ਜੋਤਿਸ਼ੀ ਦੀ ਬੈਠਕ' ਦਾ ਨਿਰਮਾਣ ਕੀਤਾ ਗਿਆ। ਪਰਸੀ ਬਰਾਊਨ ਦੇ ਅਨੁਸਾਰ ਅਕਬਰ ਨੇ 'ਜੋਤਿਸ਼ੀ ਦੀ ਬੈਠਕ' ਵਿੱਚ ਆਪਣੇ ਪਾਗਲਪਣ ਜਾਂ ਸਨਕੀਪਣ ਦਾ ਪ੍ਰਦਰਸ਼ਨ ਕੀਤਾ ਹੈ।

**ਪੰਚਮਹਿਲ**: ਨਾਲੰਦਾ ਵਿੱਚ ਬਣਿਆ ਬੁੱਧ ਵਿਹਾਰਾਂ ਨਾਲ ਪ੍ਰੇਰਿਤ ਪਿਰਾਮਿਡ ਆਕਾਰ ਵਿੱਚ ਬਣੀ ਇਸ ਪੰਜ ਮੰਜ਼ਲੀ ਇਮਾਰਤ ਨੂੰ ਹਵਾ ਮਹਿਲ ਵੀ ਕਿਹਾ ਜਾਂਦਾ ਹੈ। ਹੇਠਾਂ ਤੋਂ ਉਪਰ ਵੱਲ ਜਾਣ 'ਤੇ ਕ੍ਰਮ ਅਨੁਸਾਰ ਮੰਜ਼ਿਲਾਂ ਛੋਟੀਆਂ ਹੁੰਦੀਆਂ ਹਨ। ਪਹਿਲੀ ਮੰਜ਼ਿਲ ਦੇ ਵੱਡੇ ਹਾਲ ਵਿੱਚ 48 ਖੰਭੇ ਬਣਾਏ ਹਨ।

**ਤੁਰਕੀ ਸੁਲਤਾਨ ਦੀ ਕੋਠੀ**: ਇਸ ਇਕ ਮੰਜ਼ਿਲੇ ਛੋਟੇ ਅਤੇ ਬਹੁਤ ਸੁੰਦਰ ਭਵਨ ਦਾ ਨਿਰਮਾਣ ਸੰਭਵ ਤੌਰ 'ਤੇ ਰੁਕੀਆ ਬੇਗਮ ਜਾਂ ਸਲੀਮਾ ਬੇਗਮ ਦੇ ਲਈ ਕੀਤਾ ਗਿਆ ਸੀ। ਇਸ ਵਿੱਚ ਸੁੰਦਰ ਚਿੱਤਰਕਾਰੀ ਕੀਤੀ ਗਈ ਹੈ। ਪਰਸੀ ਬਰਾਊਨ ਨੇ ਇਸ ਨੂੰ **ਕਲਾਤਮਕ ਰਤਨ** ਕਿਹਾ ਹੈ।

**ਜੋਧਾਬਾਈ ਦਾ ਮਹਿਲ**: ਸੀਕਰੀ ਵਿੱਚ ਬਣਿਆ 320 ਫੁੱਟ ਲੰਬਾ, 215 ਫੁੱਟ ਚੌੜਾ ਅਤੇ 32 ਫੁੱਟ ਉਚਾ ਇਹ ਮਹਿਲ ਦੱਖਣ ਭਾਰਤ ਦੇ ਮੰਦਿਰਾਂ ਦੀ ਸਜਾਵਟ ਤੋਂ ਪ੍ਰਭਾਵਿਤ ਹੈ। ਇਸ ਮਹਿਲ ਦੇ ਉਤਰ ਵਿੱਚ ਗ੍ਰੀਸ਼ਮ ਵਿਲਾਸ ਅਤੇ ਦੱਖਣ ਵਿੱਚ ਸ਼ਰਦ ਵਿਲਾਸ ਦਾ ਨਿਰਮਾਣ ਹੋਇਆ ਹੈ। ਇਮਾਰਤ ਦੇ ਖੰਭੇ 'ਤੇ ਹਾਥੀ, ਚੀਤੇ ਅਤੇ ਬੰਦਰ ਦੀਆਂ ਅਕ੍ਰਿਤੀਆਂ ਖੁਦਵਾਈਆਂ ਹੋਈਆਂ ਹਨ।

**ਜਾਮਾ ਮਸਜ਼ਿਦ**: ਇਹ 542 ਫੁੱਟ ਲੰਬੇ ਅਤੇ 438 ਫੁੱਟ ਚੌੜੇ ਖੇਤਰਫਲ ਵਿੱਚ ਬਣਿਆ ਹੈ। ਇਸ ਮਸਜ਼ਿਦ ਦੇ ਦੱਖਣ ਵਿੱਚ ਬੁਲੰਦ ਦਰਵਾਜ਼ਾ, ਮੱਧ ਵਿੱਚ ਸ਼ੇਖ ਸਲੀਮ ਚਿਸ਼ਤੀ ਦਾ ਮਕਬਰਾ ਅਤੇ ਉਤਾ ਵਿੱਚ ਇਸਲਾਮ ਖਾਂ ਦਾ ਮਕਬਰਾ ਸਥਿਤ ਹੈ। ਪਰਸੀ ਬਰਾਊਨ ਦੇ ਅਨੁਸਾਰ 'ਫਤਿਹਪੁਰ ਸੀਕਰੀ ਦੀ ਪ੍ਰਭਾਵਸ਼ਾਲੀ ਕ੍ਰਿਤੀਆਂ ਵਿੱਚ ਬਿਨਾਂ ਸ਼ੱਕ ਜਾਮਾ ਮਸਜ਼ਿਦ ਸਭ ਤੋਂ ਸ੍ਰੇਸ਼ਠ ਉਪਲੱਬਧੀ ਹੈ।' ਫਗਯੂਰਸਨ ਨੇ ਇਸ ਨੂੰ **'ਪੱਥਰ ਵਿੱਚ ਸਮਾਈ ਕਥਾ'** ਕਿਹਾ ਹੈ।

**ਬੀਰਬਲ ਦਾ ਮਹਿਲ**: ਇਹ ਦੋ ਮੰਜ਼ਿਲਾ ਭਵਨ ਹੈ ਅਤੇ ਉਪਰ ਦੀ ਮੰਜ਼ਿਲ 'ਤੇ ਸੁੰਦਰ ਆਕਾਰ ਦੇ ਗੁੰਬਦ ਅਤੇ ਬਰਸਾਤੀਆਂ 'ਤੇ ਪਿਰਾਮਿਡ ਦੇ ਆਕਾਰ ਦੀਆਂ ਛੱਤਾਂ ਹਨ।

**ਬੁਲੰਦ ਦਰਵਾਜ਼ਾ**: ਇਹ ਫਤਿਹਪੁਰ ਸੀਕਰੀ ਦੀ ਇਕ ਹੋਰ ਸੁੰਦਰ ਇਮਾਰਤ ਹੈ। ਇਸ ਅਕਬਰ ਨੇ ਗੁਜਰਾਤ ਜਿੱਤ ਦੇ ਸਮਾਰਕ ਦੇ ਰੂਪ ਵਿੱਚ ਬਣਵਾਇਆ ਸੀ। ਇਹ ਦਰਵਾਜ਼ਾ 134 ਫੁੱਟ ਉਚਾ ਹੈ। ਇਹ ਅੱਧੇ ਗੁੰਬਦ ਦੀ ਸ਼ੈਲੀ ਬਣਿਆ ਹੋਇਆ ਹੈ। ਗੁੰਬਦ ਦਾ ਅੱਧਾ ਹਿੱਸਾ ਦਰਵਾਜ਼ੇ ਦੇ ਬਾਹਰ ਵਾਲੇ ਹਿੱਸੇ ਦੇ ਉਪਰ ਹੈ। ਇਸ ਦੇ ਪਿੱਛੇ ਛੋਟੇ-ਛੋਟੇ ਦਰਵਾਜ਼ੇ ਹਨ। ਇਸ ਦੇ ਇਸਤੇਮਾਲ ਵਿੱਚ ਇਰਾਨੀ ਸ਼ੈਲੀ ਅਤੇ ਪ੍ਰਾਚੀਨ ਭਾਰਤੀ ਬੁੱਧ ਵਸਤੂਕਲਾ ਦੀ ਸ਼ੈਲੀ ਅਪਣਾਈ ਗਈ ਹੈ।

ਨੋਟ

**ਸ਼ੇਖ ਸਲੀਮ ਚਿਸ਼ਤੀ ਦਾ ਮਕਬਰਾ:** ਜਾਮਾ ਮਸਜ਼ਿਦ ਦੇ ਪ੍ਰਾਂਗਣ ਵਿੱਚ ਇਸ ਮਕਬਰੇ ਦਾ ਨਿਰਮਾਣ ਅਕਬਰ ਨੇ 1571 ਈ. ਵਿੱਚ ਕਰਵਾਇਆ ਸੀ। ਇਹ 24 ਫੁੱਟ ਲੰਬਾ-ਚੌੜਾ ਅਤੇ 16 ਫੁੱਟ ਉਚਾ ਹੈ। ਇਸ ਦਾ ਫਰਸ਼ ਰੰਗ-ਬਿਰੰਗਾ ਅਤੇ ਜਾਲੀਆਂ ਦੂਜੀਆਂ ਹਨ। ਸਮਿੱਥ ਦੇ ਅਨੁਸਾਰ ਇਸ ਸਮਾਰਕ ਵਿੱਚ ਹਿੰਦੂ ਸ਼ੈਲੀ ਦਾ ਸਪੱਸ਼ਟ ਪ੍ਰਭਾਵ ਦ੍ਰਿਸ਼ਟੀਗੋਚਰ ਹੁੰਦਾ ਹੈ।

**ਹੋਰ ਇਮਾਰਤਾਂ** : ਅਕਬਰ ਨੇ ਫਤਿਹਪੁਰ ਸੀਕਰੀ ਵਿੱਚ ਉਪਰੋਕਤ ਵਰਣਿਤ ਇਮਾਰਤਾਂ ਦੇ ਇਲਾਵਾ ਕਈ ਹੋਰ ਇਮਾਰਤਾਂ ਬਣਵਾਈਆਂ ਅਤੇ ਨੌਮਹਿਲ, ਇਸਮਾਇਲ ਖਾਂ ਦਾ ਮਕਬਰਾ, ਸ਼ਾਹੀ ਅਸਤਬਲ, ਸਰਾਏ, ਹਿਰਣ ਮੀਨਾਰ, ਹਵਾ ਮਹਿਲ, ਖਾਸ ਮਹਿਲ, ਤਰਕੀ ਸੁਲਤਾਨ ਦੀ ਕੋਠੀ, ਕੋਸ਼ਾਗਾਰ, ਇਬਾਦਖਾਨਾ, ਜੌਹਰੀ ਬਾਜ਼ਾਰ, ਰਾਜਾ ਟੋਡਰਮਲ ਦਾ ਮਹਿਲ, ਕਬੂਤਰ ਖਾਨਾ ਆਦਿ। ਉਸ ਨੇ ਆਪਣੇ-ਆਪਣੇ ਜੀਵਨ ਕਾਲ ਵਿੱਚ ਹੀ ਆਗਰਾ ਵਿੱਚ 8 ਕਿਲੋਮੀਟਰ ਦੂਰ ਸਿਕੰਦਰਾ ਵਿੱਚ ਆਪਣਾ ਮਕਬਰਾ ਬਣਵਾਇਆ। ਇਸ ਮਕਬਰੇ ਨੂੰ ਉਸ ਦੇ ਪੁੱਤਰ ਜਹਾਂਗੀਰ ਨੇ ਉਸ ਦੀ ਮੌਤ ਦੇ ਅੱਠ ਸਾਲ ਬਾਅਦ ਪੂਰਾ ਕਰਵਾਇਆ ਅਤੇ ਇਸ ਨੂੰ ਜਹਾਂਗੀਰ ਕਾਲੀਨ ਇਮਾਰਤ ਮੰਨਿਆ ਜਾਂਦਾ ਹੈ।

### ਜਹਾਂਗੀਰ

ਜਹਾਂਗੀਰ ਦੇ ਸਮੇਂ ਵਿੱਚ ਅਜਿਹੇ ਭਵਨਾਂ ਦਾ ਨਿਰਮਾਣ ਹੋਣ ਲੱਗਾ ਸੀ ਜੋ ਪੂਰਨ ਰੂਪ ਨਾਲ ਸੰਗਮਰਮਰ ਦੇ ਬਣੇ ਸਨ। ਉਸ ਨੇ ਬਾਗਬਾਨੀ ਅਤੇ ਚਿੱਤਰਕਲਾ ਵਿੱਚ ਜ਼ਿਆਦਾ ਰੁਚੀ ਸੀ। ਉਸ ਦੇ ਸਮੇਂ ਵਿੱਚ ਬਣਾਏ ਮੁੱਖ ਭਵਨ ਹਨ:

**ਸਿਕੰਦਰਾ ਵਿੱਚ ਅਕਬਰ ਦਾ ਮਕਬਰਾ:** ਤੁਜ਼ੁਕੇ ਜਹਾਂਗੀਰੀ ਤੋਂ ਸਪੱਸ਼ਟ ਹੁੰਦਾ ਹੈ ਕਿ ਜਹਾਂਗੀਰ ਨੇ ਅਕਬਰ ਦੇ ਮਕਬਰੇ ਉਸ ਹਿੱਸੇ ਨੂੰ ਧਵਸਤ ਕਰਾ ਦਿੱਤਾ ਸੀ ਜੋ ਅਕਬਰ ਵੱਲੋਂ ਬਣਵਾਇਆ ਗਿਆ ਸੀ। ਇਹ ਭਵਨ 1613 ਈ. ਵਿੱਚ ਬਣ ਕੇ ਪੂਰਾ ਹੋਇਆ। ਇਸ ਦੇ ਚਾਰੋਂ ਪਾਸੇ ਸੁੰਦਰ ਬਾਗ ਹਨ ਅਤੇ ਇਹ ਚਾਰ-ਦੀਵਾਰੀ ਨਾਲ ਘਿਰਿਆ ਹੈ, ਜਿਸ ਵਿੱਚ ਚਾਰ ਦਰਵਾਜ਼ੇ ਹਨ। ਬਾਗ ਦੇ ਚਾਰੋਂ ਕੋਨਿਆਂ 'ਤੇ ਸੰਗਮਰਮਰ ਦੀਆਂ ਚਾਰ ਮੀਨਾਰਾਂ ਹਨ। ਪੰਜ ਮੰਜ਼ਿਲ ਦਾ ਇਹ ਮਕਬਰਾ 100 ਫੁੱਟ ਉਚਾ ਹੈ। ਇਹ ਸਫੈਦ ਸੰਗਮਰਮਰ ਦੀ ਸੁੰਦਰ ਜਾਲੀਆਂ ਨਾਲ ਪਰਿਪੂਰਣ ਇਮਾਰਤ ਹੈ।

**ਸ਼ਾਹਦਰਾ (ਲਾਹੌਰ) ਵਿੱਚ ਜਹਾਂਗੀਰ ਦਾ ਮਕਬਰਾ** : ਰਾਵੀ ਨਦੀ ਦੇ ਕਿਨਾਰੇ ਸਥਿਤ ਇਹ ਮਕਬਰਾ ਵਰਗਕਾਰ ਇਮਾਰਤ ਦੇ ਰੂਪ ਵਿੱਚ 325 ਫੁੱਟ ਲੰਬਾ-ਚੌੜਾ ਹੈ। ਇਹ ਇਕ ਮੰਜ਼ਲੀ ਇਮਾਰਤ ਹੈ ਅਤੇ ਚਾਰੋਂ ਕੋਨਿਆਂ 'ਤੇ ਚਾਰ ਮੀਨਾਰਾਂ ਹਨ।

**ਇਤਮਾਦੁਧੌਲਾ ਦਾ ਮਕਬਰਾ** : ਆਗਰਾ ਵਿੱਚ ਯਮੁਨਾ ਨਦੀ ਦੇ ਤੱਟ 'ਤੇ ਇਹ ਮਕਬਰਾ 1626 ਈ. ਵਿੱਚ ਨੂਰਜਹਾਂ ਵੱਲੋਂ ਆਪਣਾ ਪਿਤਾ ਦੀ ਯਾਦ ਵਿੱਚ ਬਣਵਾਇਆ ਗਿਆ ਸੀ। ਇਹ ਮਕਬਰਾ ਚਾਰੋਂ ਪਾਸਿਆਂ ਤੋਂ ਦੀਵਾਰ ਨਾਲ ਘਿਰਿਆ ਹੈ ਅਤੇ ਇਸ ਦੇ ਚਾਰੋਂ ਪਾਸੇ ਬਾਗ, ਤਲਾਬ ਅਤੇ ਫੁਹਾਰੇ ਹਨ। ਇਸ ਦੀ ਛੱਤ 'ਤੇ ਸੰਗਮਰਮਰ ਦਾ ਮੰਡਪ ਹਨ। ਦੀਵਾਰਾਂ ਵਿੱਚ ਸੁੰਦਰ ਜਾਲੀਆਂ ਲਗਾਈਆਂ ਹਨ।

### ਸ਼ਾਹਜਹਾਂ

ਸ਼ਾਹਜਹਾਂ ਅਕਬਰ ਦੇ ਬਾਅਦ ਦੂਸਰਾ ਮੁਗਲ ਸਮਰਾਟ ਸੀ, ਜਿਸ ਨੇ ਇਕ ਦੇ ਬਾਅਦ ਇਕ ਇੰਨੀਆਂ ਸੁੰਦਰ ਇਮਾਰਤਾਂ ਬਣਵਾਈਆਂ ਕਿ ਉਸ ਦੇ ਸਮੇਂ ਵਿੱਚ ਭਵਨ ਨਿਰਮਾਣ ਕਲਾ ਪ੍ਰਗਤੀ ਦੀ ਪਰਾਕਾਸ਼ਠਾ ਤੱਕ ਪਹੁੰਚ ਗਈ। ਉਸ ਦੇ ਸਮੇਂ ਦੀਆਂ ਮੁੱਖ ਇਮਾਰਤਾਂ ਹਨ- ਦਿੱਲੀ ਦਾ ਲਾਲ ਕਿਲ੍ਹਾ, ਰੰਗ ਮਹਿਲ, ਦੀਵਾਨੇ ਆਮ, ਦੀਵਾਨੇ ਖਾਸ, ਨਹਿਰ-ਏਬਹਿਸ਼ਤ, ਸ਼ੀਸ਼ ਮਹਿਲ, ਅੰਗੂਰੀ ਬਾਗ, ਮੱਛੀ ਭਵਨ, ਦਿੱਲੀ ਦੀ ਜਾਮਾ ਮਸਜ਼ਿਦ, ਆਗਰੇ ਦੇ ਕਿਲ੍ਹੇ ਵਿੱਚ ਖਾਸ ਮਹਿਲ, ਝਰੋਖਾ ਦਰਸ਼ਨ, ਮੁਸਮੰਨ ਬੁਰਜ, ਕਿਲ੍ਹੇ ਦੀਆਂ ਮਸਜ਼ਿਦਾਂ, ਨਗੀਨਾ ਮਸਜ਼ਿਦ, ਆਗਰਾ ਦੀ ਜਾਮਾ ਮਸਜ਼ਿਦ, ਆਗਰਾ ਦੀ ਮੋਤੀ ਮਸਜ਼ਿਦ ਅਤੇ ਵਿਸ਼ਵ ਵਿਖਿਆਤ ਤਾਜ ਮਹਿਲ। ਅਸਲ ਵਿੱਚ ਮੁਗਲ ਸਮਰਾਟਾਂ ਦੀ ਵਸਤੂ ਕਲਾ ਸਬੰਧੀ ਸਾਰੀਆਂ ਉਪਲੱਬਧੀਆਂ ਵਿੱਚ ਸ਼ਾਹਜਹਾਂ ਦਾ ਯੋਗਦਾਨ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ। ਪਰਸੀ ਬਰਾਊਨ ਨੇ ਤਾਂ ਉਸ ਦੇ ਸ਼ਾਸਨਕਾਲ ਨੂੰ 'ਸਵਰਨ ਯੁੱਗ' ਕਿਹਾ। ਉਸ ਦੇ ਸਮੇਂ ਦੀਆਂ ਪ੍ਰਮੁੱਖ ਇਮਾਰਤਾਂ ਸਨ :

**'ਸ਼ਾਹਜਹਾਂਬਾਦ' ਨਗਰ ਦਾ ਨਿਰਮਾਣ** : ਸ਼ਾਹਜਹਾਂ ਨੇ 1628 ਈ. ਵਿੱਚ ਦਿੱਲੀ 'ਚ ਇਸ ਨਗਰ ਦੀ ਸਥਾਪਨਾ ਕੀਤੀ। ਇਸ ਨੂੰ ਅੱਜ-ਕੱਲ੍ਹ ਪੁਰਾਣੀ ਦਿੱਲੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਨਗਰ ਵਿੱਚ ਸ਼ਾਹਜਹਾਂ ਨੇ ਅਨੇਕਾਂ ਇਮਾਰਤਾਂ ਬਣਾਈਆਂ, ਜਿਨ੍ਹਾਂ ਵਿੱਚ ਲਾਲ ਕਿਲ੍ਹਾ ਅਤੇ ਜਾਮਾ ਮਸਜ਼ਿਦ ਸਭ ਤੋਂ ਜ਼ਿਆਦਾ ਪ੍ਰਸਿੱਧ ਹਨ। ਇਸ ਸ਼ਹਿਰ ਵਿੱਚ ਅਮੀਰਾਂ ਦੇ ਬੇਸ਼ੁਮਾਰ ਮਹਿਲ ਬਣਵਾਏ ਗਏ।

**ਲਾਲ ਕਿਲ੍ਹਾ** : ਇਹ ਇਕ ਦ੍ਰਿੜ ਦੀਵਾਰ ਨਾਲ ਘਿਰਿਆ ਹੋਇਆ 31,000 ਫੁੱਟ ਲੰਬਾ ਅਤੇ 1650 ਫੁੱਟ ਚੌੜਾ ਪਰਿਸਰ ਹੈ, ਇਸ ਵਿੱਚ ਦੋ ਪ੍ਰਮੁੱਖ ਦਰਵਾਜ਼ੇ ਪੱਛਮ ਅਤੇ ਦੱਖਣ ਵਿੱਚ ਹਨ। ਪੱਛਮ ਦਾ ਲਾਹੌਰੀ ਗੇਟ ਬਹੁਤ ਹੀ ਸੁੰਦਰ ਅਤੇ ਮਹੱਤਵਪੂਰਨ ਹੈ। ਕਿਲ੍ਹੇ ਵਿੱਚ ਅਨੇਕਾਂ ਸ਼ਾਹੀ ਅਤੇ ਵਿਅਕਤੀਗਤ ਇਮਾਰਤਾਂ ਦੇ ਨਾਲ-ਨਾਲ ਨੌਕਰਾਂ ਦੇ ਨਿਵਾਸ ਸਥਾਨ ਬਣੇ ਹੋਏ ਹਨ। ਇਨ੍ਹਾਂ ਵਿੱਚ ਸੁੰਦਰ ਬਾਗ-ਬਗੀਚੇ, ਫੁਹਾਰੇ, ਅਸਤਬਲ ਅਤੇ ਪੀਲਖਾਨਾ ਆਦਿ ਵੀ ਬਣੇ ਹੋਏ ਹਨ। ਇਸ ਵਿੱਚ ਸਭ ਤੋਂ ਜ਼ਿਆਦਾ ਲੋਕਪ੍ਰਿਯ

ਇਮਾਰਤਾਂ ਹਨ ਰੰਗ ਮਹਿਲ, ਦੀਵਾਨੇ ਖਾਸ, ਦੀਵਾਨ-ਏ-ਆਮ, ਨਹਿਰ-ਏ-ਬਹਿਸ਼ਤ, ਸ਼ੀਸ਼ ਮਹਿਲ, ਅੰਗੂਰੀ ਬਾਗ, ਮੱਛੀ ਭਵਨ ਆਦਿ।

**ਦੀਵਾਨੇ ਖਾਸ** : ਇਹ 90 ਫੁੱਟ ਲੰਬੀ ਅਤੇ 60 ਫੁੱਟ ਚੌੜੀ ਇਕ ਖੁੱਲ੍ਹੀ ਇਮਾਰਤ ਹੈ। ਇਸ ਦਾ ਫਰਸ਼ ਸਫੈਦ ਸੰਗਮਰਮਰ ਦਾ ਬਣਿਆ ਹੋਇਆ ਹੈ, ਜਿਸ 'ਤੇ ਫੁੱਲਾਂ ਨਾਲ ਸਜਾਵਟ ਦਾ ਕੰਮ ਕੀਤਾ ਗਿਆ ਹੈ। ਇਸ ਦੀ ਸੁੰਦਰਤਾ ਦੇ ਵਿਸ਼ੇ ਵਿੱਚ ਫਾਰਸੀ ਕਵੀ **ਫਿਰਦੌਸੀ** ਨੇ ਕਿਹਾ ਸੀ ਕਿ ਜੇਕਰ ਭੂਮੀ 'ਤੇ ਕਿਤੇ ਸਵਰਗ ਦਾ ਆਨੰਦ ਹੈ ਤਾਂ ਇੱਥੇ ਹੀ ਹੈ।

**ਦੀਵਾਨੇ ਆਮ** : ਇਹ 185 ਫੁੱਟ ਲੰਬੀ ਅਤੇ 70 ਫੁੱਟ ਚੌੜੀ ਪੱਥਰ ਦੀ ਇਮਾਰਤ ਹੈ, ਇੱਥੇ ਸਮਰਾਟ ਜਨਤਾ ਦੀ ਅਪੀਲ ਸੁਣਦਾ ਸੀ। ਇਸ ਦਾ ਬਾਹਰੀ ਹਿੱਸਾ 9 ਮਹਿਰਾਬਾਂ ਨਾਲ ਬਣਿਆ ਹੈ। ਇਹ ਮਹਿਰਾਬ ਦੋਹਰੇ ਖੰਭਿਆਂ 'ਤੇ ਟਿਕੇ ਹਨ। ਇਸ ਵਿੱਚ ਸਮਰਾਟ ਦੇ ਬੈਠਣ ਲਈ 'ਤਖਤੇ-ਤਾਊਸ' ਅਤੇ 'ਮਾਯੂਰ ਸਿੰਘਾਸਨ' ਰੱਖਿਆ ਹੋਇਆ ਹੈ।

**ਰੰਗ ਮਹਿਲ** : ਇਹ ਦੀਵਾਨੇ ਖਾਸ ਦੇ ਨੇੜੇ ਸ਼ਾਹਜਹਾਂ ਦਾ ਹਰਮ ਸੀ। ਇਸ ਦੇ ਅੰਦਰਲੇ ਹਿੱਸੇ ਵਿੱਚ ਮੋਤੀ ਮਹਿਲ ਅਤੇ ਹੀਰਾ ਮਹਿਲ ਸੁੰਦਰ ਅਤੇ ਆਕਰਸ਼ਕ ਲੱਗਦੇ ਹਨ। ਇਸ ਮਹਿਲ ਦੇ ਫੁਹਾਰੇ ਸੁੰਦਰ ਹਨ।

**ਨਹਿਰ-ਏ-ਬਹਿਸ਼ਤ** : ਕਿਲ੍ਹੇ ਵਿੱਚ ਪਾਣੀ ਦੀ ਕੁੱਲ ਜ਼ਰੂਰਤ ਨੂੰ ਪੂਰਾ ਕਰਨ ਲਈ ਸ਼ਾਹ ਬੁਰਜ ਦੇ ਹੇਠਾਂ ਸਥਿਤ ਇਕ ਫਾਟਕ ਦੇ ਨਾਲ ਇਹ ਨਹਿਰ ਕਿਲ੍ਹੇ ਵਿੱਚ ਪ੍ਰਵੇਸ਼ ਕਰਦੀ ਹੈ।

**ਸ਼ੀਸ਼ ਮਹਿਲ** : ਦੀਵਾਨੇ ਖਾਸ ਦੇ ਨੇੜੇ ਸਥਿਤ ਇਸ ਮਹਿਲ ਦੀਆਂ ਦੀਵਾਰਾਂ ਅਤੇ ਦਰਵਾਜ਼ਿਆਂ ਵਿੱਚ ਰੰਗੀਨ ਸ਼ੀਸ਼ੇ ਜੜ੍ਹੇ ਹੋਏ ਹਨ। ਇਸ ਵਿੱਚ ਦੋ ਤਲਾਬ ਬਣੇ ਹਨ ਜੋ ਨਹਾਉਣ ਲਈ ਇਸਤੇਮਾਲ ਕੀਤੇ ਜਾਂਦੇ ਹਨ।

**ਜਾਮਾ ਮਸਜ਼ਿਦ** : ਲਾਲ ਕਿਲ੍ਹੇ ਦੇ ਸਾਹਮਣੇ ਹੀ ਮੁਸਲਿਮ ਜਨਤਾ ਅਤੇ ਸ਼ਾਹੀ ਪਰਿਵਾਰ ਦੇ ਲਈ ਇਸ ਮਸਜ਼ਿਦ ਦਾ ਨਿਰਮਾਣ ਕੀਤਾ ਗਿਆ। ਇਸ ਵਿੱਚ ਤਿੰਨ ਵਿਸ਼ਾਲ ਦੁਆਰ ਹਨ, ਜਿਨ੍ਹਾਂ ਤੱਕ ਪਹੁੰਚਣ ਲਈ ਮਸਜ਼ਿਦ ਦੇ ਤਿੰਨਾਂ ਪਾਸੇ ਪੌੜੀਆਂ ਬਣੀਆਂ ਹੋਈਆਂ ਹਨ। ਇਸ ਦੇ ਕਿਨਾਰੇ 'ਤੇ ਚਾਰ ਮੰਜ਼ਿਲ ਦੀਆਂ ਚਾਰ ਮੀਨਾਰਾਂ ਹਨ।

**ਆਗਰੇ ਦੇ ਕਿਲ੍ਹੇ ਵਿੱਚ ਬਣਵਾਈਆਂ ਗਈਆਂ ਇਮਾਰਤਾਂ** : ਸ਼ਾਹਜਹਾਂ ਨੇ ਅਕਬਰ ਵੱਲੋਂ ਬਣਵਾਏ ਗਏ ਆਗਰੇ ਦੇ ਲਾਲ ਕਿਲ੍ਹੇ ਵਿੱਚ ਲਾਲ ਪੱਥਰ ਦੀਆਂ ਕੁਝ ਇਮਾਰਤਾਂ ਨੂੰ ਤੁੜਵਾ ਕੇ ਉਨ੍ਹਾਂ ਨੂੰ ਸਫੈਦ ਸੰਗਮਰਮਰ ਦਾ ਬਣਾਇਆ। ਉਸ ਵੱਲੋਂ ਬਣਵਾਈਆਂ ਗਈਆਂ ਪ੍ਰਮੁੱਖ ਇਮਾਰਤਾਂ ਹਨ- ਦੀਵਾਨੇ ਆਮ, ਦੀਵਾਨੇ ਖਾਸ, ਝਰੋਖਾ-ਏ-ਦਰਸ਼ਨ, ਨਗੀਨਾ ਅਤੇ ਮੋਤੀ ਮਸਜ਼ਿਦ, ਸ਼ੀਸ਼ ਮਹਿਲ, ਖਾਸ ਮਹਿਲ, ਮੱਛੀ ਭਵਨ, ਮੁਸੰਮਨ ਬੁਰਜ ਆਦਿ। ਸ਼ਾਹਜਹਾਂ ਨੇ 1628 ਈ. ਦੀਵਾਨ-ਏ-ਆਮ ਬਣਵਾਇਆ।

**ਤਾਜ ਮਹਿਲ** : ਸ਼ਾਹਜਹਾਂ ਨੇ ਇਸ ਵਿਸ਼ਵ ਵਿਖਿਆਤ ਭਵਨ ਦਾ ਨਿਰਮਾਣ 1631 ਈ. ਵਿੱਚ ਸ਼ੁਰੂ ਕਰਵਾਇਆ ਸੀ ਜੋ 1653 ਈ. ਵਿੱਚ ਪੂਰਾ ਹੋਇਆ। ਇਹ ਭਵਨ ਸ਼ਾਹਜਹਾਂ ਨੇ ਆਪਣੀ ਬੇਗਮ 'ਅਰਜੁਮੰਦ ਬਾਨੂ' ਦੀ ਯਾਦ ਵਿੱਚ ਆਗਰਾ ਵਿੱਚ ਯਮੁਨਾ ਨਦੀ ਦੇ ਤੱਟ 'ਤੇ ਬਣਵਾਇਆ ਸੀ। ਇਹ ਇਮਾਰਤ ਸਫੈਦ ਸੰਗਮਰਮਰ ਦੀ ਬਣੀ ਹੋਈ ਹੈ ਅਤੇ ਇਸ ਦੀਆਂ ਦੀਵਾਰਾਂ 'ਤੇ ਕੀਮਤੀ ਪੱਥਰਾਂ ਦੀ ਸੁੰਦਰ ਕਲਾਕਾਰੀ ਕੀਤੀ ਗਈ ਹੈ। ਤਾਜ ਮਹਿਲ ਵਿੱਚ ਮੁਗਲਾਂ ਵੱਲੋਂ ਵਿਕਸਿਤ ਵਸਤੂ ਕਲਾ ਦੀਆਂ ਸਾਰੀਆਂ ਸ਼ੈਲੀਆਂ ਦਾ ਸੁੰਦਰ ਸਮਨਵਯ ਕੀਤਾ ਗਿਆ ਹੈ। ਇਸ ਭਵਨ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਗੁੰਬਦਾਂ ਦਾ ਇਸਤੇਮਾਲ ਹੈ। ਅਬੁਲ ਹਮੀਦ ਲਾਹੌਰੀ ਦੇ ਅਨੁਸਾਰ, 'ਤਾਜ ਮਹਿਲ ਦੇ ਨਿਰਮਾਣ ਵਿੱਚ 50 ਲੱਖ ਰੁਪਏ ਖਰਚ ਹੋਏ ਅਤੇ ਹਜ਼ਾਰਾਂ ਕਲਾਕਾਰ ਇਸ ਨੂੰ ਬਣਾਉਣ ਵਿੱਚ 21 ਸਾਲ ਤੱਕ ਲੱਗੇ ਰਹੇ।' ਫ੍ਰਾਂਸਿਸੀ ਯਾਤਰੀ ਬਰਨੀਅਰ ਦੇ ਅਨੁਸਾਰ, 'ਇਹ ਸੁੰਦਰ ਭਵਨ 22 ਸਾਲਾਂ ਵਿੱਚ ਪੂਰਾ ਹੋਇਆ ਅਤੇ ਇਸ 'ਤੇ 3 ਕਰੋੜ ਰੁਪਏ ਖਰਚ ਹੋਏ।'

*ਨੋਟਸ* ਵਾਸਤੂ ਕਲਾ ਖੇਤਰ ਵਿੱਚ ਸ਼ਾਹਜਹਾਂ ਦਾ ਯੋਗਦਾਨ ਬਹੁਤ ਹੀ ਪ੍ਰਸ਼ੰਸਾਯੋਗ ਹੈ।

### ਔਰੰਗਜ਼ੇਬ

ਔਰੰਗਜ਼ੇਬ ਦੀ ਰੁਚੀ ਸਥਾਪਿਤ ਕਲਾ ਵਿੱਚ ਨਹੀਂ ਸੀ, ਉਹ ਖਰਚੀਲਾ ਸੀ ਪਰ ਉਸ ਦੇ ਸਮੇਂ ਵਿੱਚ ਜੋ ਪ੍ਰਮੁੱਖ ਇਮਾਰਤਾਂ ਬਣੀਆਂ, ਉਸ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਵਿੱਚ ਹਿੰਦੂ, ਤੁਰਕ ਅਤੇ ਇਰਾਨੀ ਸ਼ੈਲੀਆਂ ਦਾ ਸਮਨਵਯ ਕਰਨ ਦੀ ਪ੍ਰਕਿਰਿਆ ਜਾਰੀ ਰਹੀ। ਇਸ ਦੇ ਸਮੇਂ ਵਿੱਚ ਬਣੀਆਂ ਪ੍ਰਮੁੱਖ ਇਮਾਰਤਾਂ ਹਨ :

**ਰਬੀਆ-ਉਦ-ਦੌਰਾਨੀ ਦਾ ਮਕਬਰਾ** : ਇਹ ਇਮਾਰਤ ਉਸ ਨੇ ਔਰੰਗਾਬਾਦ ਵਿੱਚ ਆਪਣੀ ਪ੍ਰੇਮਿਕਾ ਰਬੀਆ ਦੀ ਯਾਦ ਵਿੱਚ 1679 ਈ. ਵਿੱਚ ਅਤਾ ਉਲਾ ਖਾਂ ਦੀ ਦੇਖ-ਰੇਖ ਵਿੱਚ ਪੂਰੀ ਕਰਵਾਈ। ਮਕਬਰੇ ਦੇ ਚਾਰੇ ਪਾਸੇ ਅਸ਼ਟ ਭੁਜੀ ਪਰਦੇ ਅਤੇ ਕੁਸ਼ਲ ਸ਼ਿਲਪਕਾਰੀ ਦੇਖੀ ਜਾ ਸਕਦੀ ਹੈ। ਵਿਦਵਾਨਾਂ ਦੇ ਅਨੁਸਾਰ ਕਲਾ ਦੀ ਦ੍ਰਿਸ਼ਟੀ ਨਾਲ ਜੇ ਇਹ ਸਧਾਰਣ ਇਮਾਰਤ ਹੈ।

ਨੋਟ

**ਮੋਤੀ ਮਸਜ਼ਿਦ** : ਸੰਗਮਰਮਰ ਦੀ ਇਸ ਮਸਜ਼ਿਦ ਦਾ ਨਿਰਮਾਣ ਔਰੰਗਜ਼ੇਬ ਨੇ 1662 ਈ. ਵਿੱਚ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਕਰਵਾਇਆ। ਕਲਾ ਦੀ ਦ੍ਰਿਸ਼ਟੀ ਨਾਲ ਇਹ ਮਸਜ਼ਿਦ ਬਿਲਕੁਲ ਸੁੰਦਰ ਨਹੀਂ ਹੈ।

**ਲਾਹੌਰ ਦੀ ਬਾਦਸ਼ਾਹੀ ਮਸਜ਼ਿਦ** : ਇਸ ਨੂੰ ਔਰੰਗਜ਼ੇਬ ਨੇ ਫਿਦਾਈ ਖਾਂ ਦੀ ਅਗਵਾਈ ਵਿੱਚ 1674 ਈ. ਵਿੱਚ ਪੂਰਾ ਕਰਵਾਇਆ ਸੀ। ਇਹ ਮਸਜ਼ਿਦ ਦਿੱਲੀ ਦੀ ਜਾਮਾ ਮਸਜ਼ਿਦ ਦੇ ਨਮੂਨੇ 'ਤੇ ਬਣਾਈ ਗਈ ਹੈ, ਜਦ ਕਿ ਇਹ ਮਸਜ਼ਿਦ ਅਕਾਰ ਵਿੱਚ ਉਸ ਨਾਲੋਂ ਵੱਡੀ ਹੈ ਪਰ ਸਜਾਵਟ ਵਿੱਚ ਉਸ ਨਾਲੋਂ ਬਹੁਤ ਪਿੱਛੇ ਹੈ। ਇਸ ਦੇ ਕਿਨਾਰੇ 'ਤੇ ਮੀਨਾਰਾਂ ਅਤੇ ਵਿਚਕਾਰ ਤਿੰਨ ਗੁੰਬਦ ਬਣੇ ਹਨ। ਇਸ ਦੀਆਂ ਦੀਵਾਰਾਂ 'ਤੇ ਲਿਖਾਵਟ ਦਾ ਕੰਮ ਸੁੰਦਰ ਹੈ ਅਤੇ ਇਨ੍ਹਾਂ ਵਿੱਚ ਜਗ੍ਹਾ-ਜਗ੍ਹਾ ਰੰਗੀਨ ਪੱਥਰਾਂ ਦਾ ਇਸਤੇਮਾਲ ਕੀਤਾ ਗਿਆ ਹੈ। ਸੰਖੇਪ ਵਿੱਚ ਮੁਗਲ ਵਾਸਤੂ ਕਲਾ ਵਿੱਚ ਬਾਬਰ ਅਤੇ ਹੁਮਾਯੂੰ ਦੀ ਗੋਦ ਵਿੱਚ ਅੱਖ ਖੋਲ੍ਹੀ, ਅਕਬਰ ਅਤੇ ਸ਼ਾਹਜਹਾਂ ਦੀ ਸੁਰੱਖਿਆ ਵਿੱਚ ਨੌਜਵਾਨ ਸਥਿਤੀ ਨੂੰ ਪ੍ਰਾਪਤ ਕੀਤਾ ਅਤੇ ਔਰੰਗਜ਼ੇਬ ਦੇ ਸਮੇਂ ਵਿੱਚ ਇਹ ਪਤਨ ਦੇ ਮੂੰਹ ਵਿੱਚ ਚਲੀ ਗਈ।

**ਸਵ-ਮੁਲਾਂਕਣ (Self Assessment)**

1. ਖਾਲੀ ਥਾਵਾਂ ਭਰੋ (Fill in the blanks):
   (i) ......................... ਨੇ 'ਆਇਨ-ਏ-ਅਕਬਰੀ' ਦੀ ਰਚਨਾ ਕੀਤੀ।
   (ii) ਬਾਬਰ ਦੀ ਆਤਮ ਕਥਾ ........................ ਵਿੱਚ ਵਰਣਿਤ ਹੈ।
   (iii) ਤਾਰੀਖ-ਏ-ਫਰਿਸ਼ਤਾ ਦੇ ਲੇਖ ............................ ਹਨ।
   (iv) 'ਭਾਰਤ ਗਾਥਾ' ਨੂੰ ਰਚਣ ਵਾਲੇ ...................... ਹਨ।
   (v) ਪਹਿਲੇ ਮੁਗਲ ਬਾਦਸ਼ਾਹ ਬਾਬਰ .................... ਬਣਾਉਣ ਵਿੱਚ ਸ਼ੌਕੀਨ ਸੀ।

## 12.4 ਖੇਤਰੀ ਚਿੱਤਰਕਲਾ ਦਾ ਵਿਕਾਸ (Development of Regional Graphic Art)

### 12.4.1 ਰਾਜਪੂਤ ਚਿੱਤਰਕਲਾ

ਇਸ ਸਮੇਂ ਵਿੱਚ ਰਾਜਪੂਤ ਚਿੱਤਰਕਲਾ ਸ਼ੈਲੀ ਰਾਜਸਥਾਨ ਦੇ ਵੱਖ-ਵੱਖ ਰਾਜਪੂਤ ਸ਼ਾਸਕਾਂ ਦੀ ਸੁਰੱਖਿਆ ਵਿੱਚ ਵਧੀ-ਫੁੱਲੀ ਸੀ। ਮੇਵਾੜ, ਜੋਧਪੁਰ, ਜੈਪੁਰ, ਬੂੰਦੀ, ਕੋਟਾ, ਬੀਕਾਨੇਰ ਅਤੇ ਕਿਸ਼ਨਗੜ੍ਹ ਰਾਜਸਥਾਨੀ ਚਿੱਤਰਕਲਾ ਦੇ ਮੁੱਖ ਕੇਂਦਰ ਸਥਾਨ ਸਨ। ਇਨ੍ਹਾਂ ਵੱਖ-ਵੱਖ ਰਾਜਾਂ ਦੀ ਸੁਰੱਖਿਆ ਵਿੱਚ ਰਾਜਸਥਾਨੀ ਅਤੇ ਰਾਜਪੂਤ ਚਿੱਤਰਕਲਾ ਮੁਗਲ ਚਿੱਤਰਕਲਾ ਤੋਂ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਸੀ। ਮੁੱਖ ਤੌਰ 'ਤੇ ਪਾਂਡੂ ਲਿਪੀਆਂ 'ਤੇ ਲਘੂ ਚਿੱਤਰਾਂ ਦੀ ਪ੍ਰੰਪਰਾ ਰਾਜਸਥਾਨ ਵਿੱਚ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਸੀ। ਮੁਗਲ ਕਾਲ ਵਿੱਚ ਰਾਜਸਥਾਨ ਦੇ ਜ਼ਿਆਦਾਤਰ ਸ਼ਾਸਕ ਮੁਗਲ ਦਰਬਾਰ ਦੇ ਨੇੜੇ ਸੰਪਰਕ ਵਿੱਚ ਆਏ, ਚਿੱਤਰਕਲਾ ਦੇ ਪ੍ਰਤੀ ਉਨ੍ਹਾਂ ਦੀ ਰੁਚੀ ਵਧੀ, ਉਨ੍ਹਾਂ ਨੇ ਚਿੱਤਰਕਾਰਾਂ ਨੂੰ ਸੁਰੱਖਿਆ ਦਿੱਤੀ ਅਤੇ ਉਨ੍ਹਾਂ ਦੀ ਦੇਖ-ਰੇਖ ਵਿੱਚ ਜ਼ਿਆਦਾ ਸੰਖਿਆ ਵਿੱਚ ਚਿੱਤਰਾਂ ਦਾ ਨਿਰਮਾਣ ਹੋਇਆ। ਇਸ ਨਾਲ ਰਾਜਸਥਾਨੀ ਚਿੱਤਰਕਲਾ, ਮੁਗਲ ਚਿੱਤਰਕਲਾ ਤੋਂ ਪ੍ਰਭਾਵਿਤ ਹੋਏ ਪਰ ਜਦੋਂ 17ਵੀਂ ਸਦੀ ਵਿੱਚ ਮੁਗਲਾਂ ਦੀ ਰਾਜਨੀਤਿਕ ਪਕੜ ਰਾਜਸਥਾਨ ਵਿੱਚ ਕਮਜ਼ੋਰ ਹੋ ਗਈ, ਉਦੋਂ ਉਥੋਂ ਦੀ ਸੰਸਕ੍ਰਿਤੀ ਅਤੇ ਚਿੱਤਰਕਲਾ ਵੀ ਮੁਗਲਾਂ ਦੇ ਪ੍ਰਭਾਵ ਨਾਲ ਕਾਫੀ ਮਾਤਰਾ ਵਿੱਚ ਮੁਕਤ ਹੋ ਗਈ। ਉਸ ਸਮੇਂ ਤੋਂ ਰਾਜਸਥਾਨੀ ਚਿੱਤਰਕਲਾ ਦੀ ਜ਼ਿਆਦਾ ਪ੍ਰਗਤੀ ਹੋਈ ਅਤੇ ਉਸ ਦੀਆਂ ਵੱਖ-ਵੱਖ ਸ਼ੈਲੀਆਂ ਦਾ ਵਿਕਾਸ ਹੋਇਆ। ਰਾਜਪੂਤ ਚਿੱਤਰਕਲਾ ਸ਼ੈਲੀਆਂ ਨੂੰ ਮੁੱਖ ਤੌਰ 'ਤੇ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ : 1. ਮੇਵਾੜ ਸ਼ੈਲੀ, 2. ਬੂੰਦੀ-ਕੋਟਾ ਸ਼ੈਲੀ, 3. ਮਾਰਵਾੜ ਸ਼ੈਲੀ ਅਤੇ 4. ਜੈਪੁਰ ਸ਼ੈਲੀ।

ਮੇਵਾੜ ਸ਼ੈਲੀ ਦੇ ਵਿਕਾਸ ਦੇ ਕੇਂਦਰ ਸਥਾਨ ਚਿਤੌੜ, ਉਦੇਪੁਰ, ਨਾਥਦਾਰਾ, ਦੇਵਗੜ੍ਹ ਆਦਿ ਰਹੇ। ਬੂੰਦੀ-ਕੋਟਾ-ਸ਼ੈਲੀ ਦੇ ਨਿਰਮਾਣ ਦੇ ਕੇਂਦਰ ਸਥਾਨ ਬੂੰਦੀ ਅਤੇ ਕੋਟਾ ਹੀ ਰਹੇ, ਮਾਰਵਾੜ ਸ਼ੈਲੀ ਦਾ ਵਿਕਾਸ ਮੁੱਖ ਤੌਰ 'ਤੇ ਬੀਕਾਨੇਰ, ਕਿਸ਼ਨਗੜ੍ਹ, ਅਜਮੇਰ, ਜੈਸਲਮੇਰ ਆਦਿ ਸਥਾਨਾਂ 'ਤੇ ਹੋਇਆ ਅਤੇ ਜੈਪੁਰ ਸ਼ੈਲੀ ਦੇ ਵਿਕਾਸ ਕੇਂਦਰ ਜੈਪੁਰ, ਅਲਵਰ ਅਤੇ ਆਮੇਰ ਰਹੇ।

ਰਾਜਸਥਾਨੀ ਚਿੱਤਰਕਲਾ ਦੀ ਮੇਵਾੜ ਸ਼ੈਲੀ 'ਤੇ ਮੁਗਲ ਚਿੱਤਰਕਲਾ ਦਾ ਨਿਊਨਤਮ ਪ੍ਰਭਾਵ ਪਿਆ, ਕਿਉਂਕਿ ਜ਼ਿੱਦੀ ਸਿਸੋਦੀਆ ਸ਼ਾਸਕਾਂ ਨੇ ਅਕਬਰ ਅਤੇ ਜਹਾਂਗੀਰ ਦੇ ਅਰੰਭਿਕ ਸਾਲਾਂ ਵਿੱਚ ਮੁਗਲ ਅਧਿਕਾਰ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਦੇ ਕਾਰਨ ਮੇਵਾੜ ਮੁਗਲਾਂ ਦੇ ਸੰਸਕ੍ਰਿਤਿਕ ਪ੍ਰਭਾਵ ਤੋਂ ਵੀ ਮੁਕਤ ਰਿਹਾ। ਰਾਣਾ ਪ੍ਰਤਾਪ ਸਿੰਘ ਨੇ ਅਕਬਰ ਨਾਲ ਸੰਘਰਸ਼ ਕਰਦੇ ਹੋਏ ਵੀ ਕਲਾਕਾਰਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਸੀ ਪਰ ਇਸ ਸ਼ੈਲੀ ਦੀ ਚਿੱਤਰਕਲਾ ਦਾ ਵਿਕਾਸ ਮੁੱਖ ਤੌਰ 'ਤੇ ਰਾਣਾ ਜਗਤ ਸਿੰਘ (1625-52 ਈ.) ਦੇ ਸ਼ਾਸਨਕਾਲ ਵਿੱਚ ਹੋਇਆ। ਇਸ ਸ਼ੈਲੀ ਦੇ ਅਧੀਨ ਰਾਗਮਾਲਾ, ਰਾਮਾਇਣ, ਰਸਮੰਜਰੀ, ਗੀਤ ਗੋਬਿੰਦ, ਭਾਗਵਤ ਪੁਰਾਣ ਆਦਿ 'ਤੇ ਅਧਾਰਿਤ ਵੱਖ-ਵੱਖ ਚਿੱਤਰ ਬਣੇ। ਬੂੰਦੀ ਸ਼ੈਲੀ ਅਧੀਨ ਆਰੰਭ ਵਿੱਚ ਭਾਗਵਤ-

ਨੋਟ

ਪੁਰਾਣ, ਰਸਿਕਪ੍ਰਿਯ, ਬਾਰਾਮਾਸਾ ਆਦਿ 'ਤੇ ਅਧਾਰਿਤ ਲਘੂ ਚਿੱਤਰ ਬਣਾਏ ਗਏ ਪਰ 18ਵੀਂ ਸਦੀ ਵਿੱਚ ਇਸ ਸ਼ੈਲੀ ਦੇ ਅਧੀਨ ਹਥਿਆਰਾਂ ਦੀ ਲੜਾਈ, ਸ਼ਿਕਾਰ ਕਰਦੇ ਹੋਏ ਵਿਅਕਤੀ, ਘੋੜ ਸਵਾਰੀ ਕਰਦੇ ਹੋਏ ਸੈਨਿਕ ਆਦਿ ਨੂੰ ਚਿੱਤਰਿਤ ਕਰਨ ਵਾਲੇ ਚਿੱਤਰਾਂ ਦਾ ਜ਼ੋਰ ਹੋ ਗਿਆ। ਇਸ ਤੋਂ ਇਲਾਵਾ ਬੂੰਦੀ ਦੇ ਰਾਜ ਮਹਿਲਾਂ ਅਤੇ ਕੁਝ ਹੋਰ ਸਥਾਨਾਂ 'ਤ ਭਿੱਤੀ ਚਿੱਤਰ ਵੀ ਬਣਾਏ ਗਏ ਜੋ ਹੁਣ ਵੀ ਸੁਰੱਖਿਅਤ ਸਥਿਤੀ ਵਿੱਚ ਹਨ ਅਤੇ ਇਸ ਸ਼ੈਲੀ ਦੇ ਸ੍ਰੇਸ਼ਠ ਨਮੂਨੇ ਮੰਨੇ ਗਏ ਹਨ। ਕੋਟਾ ਦਾ ਰਾਜ ਘਰਾਣਾ ਬੂੰਦੀ ਦੇ ਰਾਜ ਘਰਾਣੇ ਦਾ ਹੀ ਇਕ ਹਿੱਸਾ ਸੀ। 1628 ਈ. ਵਿੱਚ ਬਾਦਸ਼ਾਹ ਸ਼ਾਹਜਹਾਂ ਨੇ ਬੂੰਦੀ ਰਾਵ ਰਤਨ ਸਿੰਘ ਦੇ ਭਰਾ ਮਾਧਵ ਸਿੰਘ ਨੂੰ ਕੋਟਾ ਦੀ ਜਗੀਰ ਪ੍ਰਦਾਨ ਕੀਤੀ। ਉਦੋਂ ਤੋਂ ਕੋਟਾ ਦੀ ਹੋਂਦ ਅਲੱਗ ਹੋ ਗਈ। ਇਸ ਰਾਜ ਘਰਾਣੇ ਦੀ ਸੁਰੱਖਿਆ ਵਿੱਚ ਪਲੀ ਹੋਈ ਚਿੱਤਰਕਲਾ ਬੂੰਦੀ ਚਿੱਤਰਕਲਾ ਸ਼ੈਲੀ ਤੋਂ ਕੁਝ ਵੱਖ ਸੀ। ਜਦ ਕਿ ਮੋਟੇ ਤੌਰ 'ਤੇ ਇਹ ਉਸੇ ਦਾ ਇਕ ਭਾਗ ਮੰਨੀ ਜਾ ਰਹੀ ਹੈ। ਕੋਟਾ ਘਰਾਣੇ ਦੀ ਸੁਰੱਖਿਆ ਵਿੱਚ ਬਣੇ ਹੋਏ ਚਿੱਤਰਾਂ ਵਿੱਚ ਸ਼ਿਕਾਰ, ਵੱਖ-ਵੱਖ ਪਸ਼ੂਆਂ ਦੀਆਂ ਲੜਾਈਆਂ, ਰਾਜਿਆਂ ਦੇ ਮਨੋਰੰਜਨ ਆਦਿ ਦੇ ਚਿੱਤਰਾਂ ਦਾ ਅਧਿਕਾਰ ਹੈ। ਉਹ ਕੋਟਾ ਦੇ ਰਾਜ ਮਹਿਲਾਂ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਮਾਰਵਾੜ ਸ਼ੈਲੀ ਵਿੱਚ ਵੀ ਭਾਗਵਤ-ਪੁਰਾਣ, ਬਾਰਾਮਾਸਾ, ਰਾਗ ਮਾਲਾ ਆਦਿ 'ਤੇ ਅਧਾਰਿਤ ਵੱਖ-ਵੱਖ ਚਿੱਤਰਾਂ ਦਾ ਨਿਰਮਾਣ ਹੋਇਆ। ਬੀਕਾਨੇਰ ਅਤੇ ਕਿਸ਼ਨਗੜ੍ਹ ਵੀ ਰਾਜਸਥਾਨੀ ਚਿੱਤਰਕਲਾ ਸ਼ੈਲੀ ਦੇ ਵਿਕਾਸ ਦੇ ਮੁੱਖ ਸਥਾਨ ਸਨ। ਇੱਥੇ ਬਣੇ ਹੋਏ ਚਿੱਤਰਾਂ ਦੀਆਂ ਆਪਣੀਆਂ ਕੁਝ ਅਲੱਗ ਵਿਸ਼ੇਸ਼ਤਾਵਾਂ ਵੀ ਸਨ, ਜਦ ਕਿ ਮੂਲ ਰੂਪ ਵਿੱਚ ਉਹ ਮਾਰਵਾੜ ਸ਼ੈਲੀ ਦੇ ਹੀ ਅੰਗ ਮੰਨੇ ਗਏ। ਬੀਕਾਨੇਰ ਵਿੱਚ ਬਣੇ ਚਿੱਤਰਾਂ 'ਤੇ ਮੁਗਲ ਚਿੱਤਰਕਲਾ ਦਾ ਪ੍ਰਭਾਵ ਸਭ ਤੋਂ ਜ਼ਿਆਦਾ ਮੰਨਿਆ ਗਿਆ ਹੈ। ਕਿਸ਼ਨਗੜ੍ਹ ਵਿੱਚ ਰਾਧਾ-ਕ੍ਰਿਸ਼ਨ ਦੀਆਂ ਲੀਲਾਵਾਂ 'ਤੇ ਅਧਾਰਿਤ ਚਿੱਤਰ ਬਹੁਤ ਸੁੰਦਰ ਅਤੇ ਜ਼ਿਆਦਾ ਸੰਖਿਆ ਵਿੱਚ ਬਣਾਏ ਗਏ। ਜੈਪੁਰ ਸ਼ੈਲੀ ਦੇ ਵਿਕਾਸ ਵਿੱਚ ਰਾਜਾ ਜੈ ਸਿੰਘ, ਸਵਾਈ ਮਾਧੋ ਸਿੰਘ ਪਹਿਲਾ ਅਤੇ ਸਵਾਈ ਰਾਜਾ ਪ੍ਰਤਾਪ ਸਿੰਘ ਦੇ ਨਾਮ ਪ੍ਰਮੁੱਖ ਹਨ। ਇਸ ਸ਼ੈਲੀ ਅਧੀਨ ਭਾਗਵਤ ਪੁਰਾਣ, ਰਾਗ ਮਾਲਾ, ਵਾਰਾਮਾਸਾ ਆਦਿ 'ਤੇ ਅਧਾਰਿਤ ਚਿੱਤਰ, ਛਵੀ ਚਿੱਤਰ ਅਤੇ ਭਿੱਤੀ ਚਿੱਤਰ ਜ਼ਿਆਦਾ ਸੰਖਿਆ ਵਿੱਚ ਬਣਵਾਏ ਗਏ।

ਰਾਜਪੂਤ ਸ਼ੈਲੀ ਵਿੱਚ ਬਣਾਏ ਗਏ ਚਿੱਤਰਾਂ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ, ਦਰਬਾਰੀ ਚਿੱਤਰ, ਜਿਨ੍ਹਾਂ ਵਿੱਚ ਰਾਜਿਆਂ ਅਤੇ ਸਰਦਾਰਾਂ ਦੇ ਖੜ੍ਹੇ, ਬੈਠੇ, ਸ਼ਿਕਾਰ ਕਰਦੇ, ਮਨੋਰੰਜਨ ਕਰਦੇ, ਦਰਬਾਰ ਵਿੱਚ ਬੈਠੇ ਆਦਿ ਸਾਰੇ ਚਿੱਤਰ ਹਨ। ਦੂਸਰਾ, ਸਾਹਿਤਕ ਚਿੱਤਰ, ਜਿਨ੍ਹਾਂ ਵਿੱਚ ਰਸਮੰਜਰੀ, ਰਸਕਪ੍ਰਿਯ, ਰਾਗਮਾਲਾ, ਬਾਰਾਮਾਸਾ ਆਦਿ ਸਾਹਿਤਕ ਰਚਨਾਵਾਂ ਵਿੱਚ ਵਰਣਿਤ ਘਟਨਾਵਾਂ ਨੂੰ ਚਿੱਤਰਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚ ਰਾਮਾਇਣ, ਮਹਾਭਾਰਤ, ਕ੍ਰਿਸ਼ਨ ਲੀਲਾ, ਦੇਵੀ ਮਹਾਤਮਾ ਆਦਿ ਧਰਮ ਨਾਲ ਸਬੰਧਿਤ ਕਥਾਵਾਂ ਅਤੇ ਕਿਰਿਆ-ਕਲਾਪਾਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਚਿੱਤਰ ਵੀ ਸ਼ਾਮਿਲ ਹਨ। ਤੀਸਰਾ, ਲੋਕ ਕਲਾ ਸਬੰਧੀ ਚਿੱਤਰ, ਜਿਨ੍ਹਾਂ ਵਿੱਚ ਜਨ ਸਧਾਰਣ ਦੇ ਜੀਵਨ ਅਤੇ ਕਾਰਜ-ਕਲਪਾਂ ਨੂੰ ਪੇਸ਼ ਕੀਤਾ ਗਿਆ ਹੈ, ਜਿੱਥੋਂ ਤੱਕ ਰਾਜਸਥਾਨੀ ਜਾਂ ਰਾਜਪੂਤ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ ਦਾ ਸਵਾਲ ਹੈ, ਉਹ ਵੱਖ-ਵੱਖ ਹਿੱਸਿਆਂ ਵਿੱਚ ਆਪਣੀਆਂ-ਆਪਣੀਆਂ ਵਿਸ਼ੇਸ਼ਤਾਵਾਂ ਲਈਆਂ ਹੋਈਆਂ ਸਨ। ਮੇਵਾੜ ਸ਼ੈਲੀ ਦੀ ਵਿਸ਼ੇਸ਼ਤਾ ਸੀ ਨੀਲੇ, ਹਰੇ ਅਤੇ ਲਾਲ ਰੰਗ ਦੀ ਜਨਮ ਭੂਮੀ ਵਿੱਚ ਗਹਿਰੇ ਅਤੇ ਚਮਕੀਲੇ ਰੰਗਾਂ ਦਾ ਇਸਤੇਮਾਲ, ਪੁਸ਼ਪਾਂ ਅਤੇ ਪੰਛੀਆਂ ਦਾ ਚਿਤਰਣ ਅਤੇ ਪ੍ਰੰਪਰਾਗਤ ਰਾਜਸਥਾਨੀ ਪਹਿਰਾਵੇ ਵਿੱਚ ਇਸਤਰੀਆਂ ਅਤੇ ਪੁਰਸ਼ਾਂ ਦਾ ਚਿਤਰਣ। ਬੂੰਦੀ ਅਤੇ ਕੋਟਾ ਸ਼ੈਲੀ ਦੀ ਵਿਸ਼ੇਸ਼ਤਾ ਚਟਕੀਲੇ ਰੰਗਾਂ ਦਾ ਇਸਤੇਮਾਲ, ਇਸਤਰੀ ਅਕ੍ਰਿਤੀਆਂ ਦਾ ਲੰਬੀ ਅਤੇ ਸ਼ਰਹਰੀ ਹੋਣਾ। ਸੰਘਣੇ ਜੰਗਲਾਂ ਦੇ ਦ੍ਰਿਸ਼, ਸ਼ਿਕਾਰ ਅਤੇ ਪਸ਼ੂਆਂ ਦੀਆਂ ਲੜਾਈਆਂ ਦਾ ਚਿਤਰਣ ਅਤੇ ਰਾਜਿਆਂ ਤੇ ਉਨ੍ਹਾਂ ਦੇ ਸਰਦਾਰਾਂ ਨੂੰ ਉਨ੍ਹਾਂ ਦੀਆਂ ਵੱਖ-ਵੱਖ ਮੁਦਰਾਵਾਂ ਵਿੱਚ ਚਿੱਤਰਿਤ ਕਰਨਾ ਸੀ। ਜੋਧਪੁਰ ਸ਼ੈਲੀ ਵਿੱਚ ਬੀਕਾਨੇਰ ਅਤੇ ਕਿਸ਼ਨਗੜ੍ਹ ਵਿੱਚ ਬਣੇ ਚਿੱਤਰਾਂ ਨੂੰ ਜ਼ਿਆਦਾ ਸੁੰਦਰ ਮੰਨਿਆ ਗਿਆ, ਜਿਨ੍ਹਾਂ ਦੀ ਵਿਸ਼ੇਸ਼ਤਾ ਇਸਤਰੀ ਸੁੰਦਰਤਾ ਨੂੰ ਆਦਰਸ਼ ਰੂਪ ਵਿੱਚ ਪੇਸ਼ ਕਰਨਾ ਅਤੇ ਰਾਧਾ-ਕ੍ਰਿਸ਼ਨ ਦੀ ਲਾਲਾ ਸਬੰਧੀ ਚਿੱਤਰਾਂ ਦਾ ਨਿਰਮਾਣ ਸੀ। ਜੈਪੁਰ ਸ਼ੈਲੀ ਦੀ ਵਿਸ਼ੇਸ਼ਤਾ ਹਰੇ, ਪੀਲੇ, ਗੁਲਾਬੀ, ਲਾਲ ਅਤੇ ਸੁਨਹਿਰੇ ਰੰਗਾਂ ਦਾ ਇਸਤੇਮਾਲ ਅਤੇ ਵੱਡੇ-ਵੱਡੇ ਦਾ ਨਿਰਮਾਣ ਸੀ।

ਬਿਨਾਂ ਸ਼ੱਕ, ਗੁਜਰਾਤ ਸ਼ੈਲੀ 'ਤੇ ਮੁਗਲ ਚਿੱਤਰਕਲਾ ਸ਼ੈਲੀ ਦਾ ਪ੍ਰਭਾਵ ਸੀ ਪਰ ਉਦੋਂ ਵੀ ਇਹ ਪ੍ਰਭਾਵ ਨਾ ਤਾਂ ਸਥਾਈ ਸੀ ਅਤੇ ਨਾ ਹੀ ਪੂਰਨ, ਜਿਸ ਦੇ ਕਾਰਨ ਮੁਗਲ ਸ਼ੈਲੀ ਤੋਂ ਵੱਖ ਰਹਿ ਕੇ ਰਾਜਪੂਤ ਸ਼ੈਲੀ ਆਪਣੀ ਸੁਤੰਤਰ ਹੋਂਦ ਨੂੰ ਬਣਾਈ ਰੱਖਣ ਵਿੱਚ ਅਸਫਲ ਹੋਈ। ਇਸ ਅਧੀਨ ਪਾਂਡੂ ਲਿਪੀਆਂ 'ਤੇ ਚਿੱਤਰ ਬਣਾਏ ਗਏ, ਪ੍ਰਛਾਵੇਂ ਬਣਾਏ ਗਏ, ਪ੍ਰਕਿਰਤਿਕ ਸੁੰਦਰਤਾ, ਸ਼ਿਕਾਰ ਅਤੇ ਪਸ਼ੂਆਂ ਦੀਆਂ ਲੜਾਈਆਂ ਦੇ ਚਿੱਤਰ ਬਣਾਏ ਗਏ ਅਤੇ ਭਿੱਤੀ ਚਿੱਤਰ ਵੀ ਬਣੇ, ਜਿਨ੍ਹਾਂ ਦੀ ਸੰਖਿਆ ਅਸੀਮਿਤ ਹੈ। ਇਸ ਤੋਂ ਇਲਾਵਾ ਰਾਜਪੂਤ ਸ਼ੈਲੀ ਦੇ ਅਧੀਨ ਬਣੇ ਲੋਕ ਕਲਾ ਸਬੰਧੀ ਚਿੱਤਰ ਨੇ ਆਪਣੀ ਅਲੱਗ ਵਿਸ਼ੇਸ਼ਤਾ ਲਈ ਹੋਈ ਹੈ। ਇਸ ਦੇ ਮਾਧਿਅਮ ਨਾਲ ਜਨ ਸਧਾਰਣ ਦੇ ਜੀਵਨ ਦਾ ਪ੍ਰਗਟਾਵਾ ਕੀਤਾ ਗਿਆ ਹੈ, ਜਿਸ ਦਾ ਮੁਗਲ ਚਿੱਤਰਕਲਾ ਸ਼ੈਲੀ ਵਿੱਚ ਅਹਿਸਾਸ ਰਿਹਾ ਹੈ। ਇਸ ਤਰ੍ਹਾਂ ਮੱਧ ਯੁੱਗ ਵਿੱਚ ਵਿਕਸਿਤ ਰਾਜਪੂਤ ਜਾਂ ਰਾਜਸਥਾਨੀ ਚਿੱਤਰਕਲਾ ਸ਼ੈਲੀ ਦਾ ਭਾਰਤੀ ਚਿੱਤਰਕਲਾ ਵਿੱਚ ਆਪਣਾ ਅਲੱਗ ਅਤੇ ਮਹੱਤਵਪੂਰਨ ਸਥਾਨ ਹੈ।

### 12.4.2 ਪਹਾੜੀ-ਚਿੱਤਰਕਲਾ

ਇਸੇ ਸਮੇਂ ਵਿੱਚ ਪਹਾੜੀ ਚਿੱਤਰਕਲਾ (**ਬਸੌਲੀ ਅਤੇ ਕਾਂਗੜਾ ਚਿੱਤਰਕਲਾ ਸ਼ੈਲੀ**) ਦਾ ਵਿਕਾਸ ਵੀ ਉਤਰ ਪੱਛਮ ਹਿਮਾਲਿਆ ਖੇਤਰਾਂ ਦੇ ਵੱਖ-ਵੱਖ ਰਾਜਾਂ ਵਿੱਚ ਹੋਇਆ। ਮੁਗਲ ਸ਼ੈਲੀ ਅਤੇ ਰਾਜਸਥਾਨੀ ਸ਼ੈਲੀ ਦੇ ਸਮਨਵਯ ਨਾਲ ਇਸ ਸ਼ੈਲੀ ਦਾ ਜਨਮ ਹੋਇਆ। ਆਰੰਭ ਵਿੱਚ ਇਸੇ ਸ਼ੈਲੀ ਨੇ ਵੀ ਰਸਮੰਜਰੀ, ਰਾਗਮਾਲਾ, ਗੀਤ ਗੋਬਿੰਦ ਅਤੇ ਰਾਮਾਇਣ ਦੇ ਬਿਰਤਾਤਾਂ ਨੂੰ ਚਿੱਤਰਾਂ

**ਨੋਟ**

ਵਿੱਚ ਪੇਸ਼ ਕੀਤਾ ਗਿਆ, ਬਾਅਦ ਵਿੱਚ ਇਸਤਰੀ-ਪੁਰਸ਼ਾਂ, ਜੰਗਲਾਂ, ਪਹਾੜਾਂ ਅਤੇ ਹੋਰ ਪ੍ਰਕਿਰਤਿਕ ਦ੍ਰਿਸ਼ਾਂ ਅਤੇ ਪਸ਼ੂ-ਪੰਛੀਆਂ ਨੂੰ ਵੱਖ-ਵੱਖ ਮੁਦਰਾਵਾਂ ਅਤੇ ਸਥਿਤੀਆਂ ਵਿੱਚ ਪੇਸ਼ ਕੀਤਾ ਗਿਆ। ਪਹਾੜੀ ਚਿੱਤਰਕਲਾ ਵਿੱਚ ਸ੍ਰੇਸ਼ਠ ਸਥਾਨ ਕਾਂਗੜਾ ਸ਼ੈਲੀ ਨੇ ਪ੍ਰਾਪਤ ਕੀਤਾ। ਇਸ ਸ਼ੈਲੀ ਦੇ ਵਿਕਾਸ ਦਾ ਮੁੱਖ ਸਿਹਰਾ ਉਥੋਂ ਦੇ ਸ਼ਾਸਕ **ਰਾਜਾ ਸੰਸਾਰ ਚੰਦ** (1775-1823 ਈ.) ਨੂੰ ਅਤੇ ਜਿਸ ਨੇ ਆਰੰਭ ਤੋਂ ਹੀ ਕਲਾਕਾਲਾਂ ਨੂੰ ਆਪਣੀ ਸੁਰੱਖਿਆ ਪ੍ਰਦਾਨ ਕੀਤੀ। ਇਸ ਸ਼ੈਲੀ ਦੇ ਅਧੀਨ ਬਣੇ ਚਿੱਤਰ ਸਮੂਹਾਂ ਵਿੱਚ ਭਾਗਵਤ ਪੁਰਾਣ, ਗੀਤ ਗੋਬਿੰਦ, ਕਵੀ ਬਿਹਾਰੀ ਦਾ ਸਤਸਿਆ ਰਾਗਮਾਲਾ ਅਤੇ ਬਾਰਾਮਾਸਾ ਦੇ ਕਥਾਨਕਾਂ 'ਤੇ ਅਧਾਰਿਤ ਚਿੱਤਰਾਂ ਨੂੰ ਸ੍ਰੇਸ਼ਠ ਸਥਾਨ ਦਿੱਤਾ ਗਿਆ ਹੈ। ਕਾਂਗੜਾ ਸ਼ੈਲੀ ਵਿੱਚ ਪ੍ਰਕਿਰਤੀ ਪ੍ਰੇਮ ਅਤੇ ਈਸ਼ਵਰ ਪ੍ਰੇਮ ਦੋਵਾਂ ਨੂੰ ਚਿੱਤਰਾਂ ਦੇ ਮਾਧਿਅਮ ਨਾਲ ਸਾਵਧਾਨੀ ਪੂਰਵਕ ਪੇਸ਼ ਕੀਤਾ ਗਿਆ ਹੈ। ਵੈਸ਼ਨੋ ਗੀਤਾਂ ਨੂੰ ਵੀ ਚਿੱਤਰਾਂ ਨਾਲ ਪੇਸ਼ ਕੀਤਾ ਜਾਣਾ ਇਸ ਸ਼ੈਲੀ ਦੀ ਇਕ ਵਿਸ਼ੇਸ਼ਤਾ ਹੈ। ਇਸ ਤੋਂ ਇਲਾਵਾ ਇੱਥੋਂ ਦੇ ਕਲਾਕਾਰਾਂ ਨੇ ਹਿੰਦੀ ਸਾਹਿਤ ਦੀਆਂ ਕੁਝ ਨਵੀਆਂ ਰਚਨਾਵਾਂ ਨੂੰ ਵੀ ਆਪਣੀ ਕਲਾ ਦੇ ਪ੍ਰਗਟਾਵੇ ਦਾ ਸਾਧਨ ਬਣਾਇਆ। ਉਸ ਚਿੱਤਰਾਂ ਵਿੱਚ ਹੀਰ-ਰਾਂਝਾ, ਸੋਹਣੀ-ਮਹਿਵਾਲ ਅਤੇ ਸੱਸੀ ਪੁੰਨੂ ਆਦਿ ਲੋਕਪ੍ਰਿਯ ਪ੍ਰੇਮ ਗਥਾਵਾਂ ਨੂੰ ਚਿੱਤਰਿਤ ਕੀਤਾ ਗਿਆ ਅਤੇ ਕ੍ਰਿਸ਼ਨ ਲੀਲਾ 'ਤੇ ਵੀ ਵੱਡੀ ਸੰਖਿਆ ਵਿੱਚ ਚਿੱਤਰ ਬਣਾਏ ਗਏ। ਇਸ ਤੋਂ ਇਲਾਵਾ ਇਸ ਸ਼ੈਲੀ ਦੇ ਅਧੀਨ ਬਣੇ ਵੱਖ-ਵੱਖ ਰਾਜਿਆਂ, ਦਰਬਾਰੀਆਂ ਦੇ ਚਿੱਤਰ ਵੀ ਉਪਲੱਬਧ ਹਨ। ਪ੍ਰਕਿਰਤੀ ਚਿਤਰਣ ਦਾ ਵੀ ਇੱਥੋਂ ਦੇ ਕਲਾਕਾਰਾਂ ਨੂੰ ਸ਼ੌਂਕ ਸੀ। ਉਚੇ-ਉਚੇ ਦਰੱਖਤ, ਫਲਾਂ ਦੇ ਦਰੱਖਤ, ਪਹਾੜ, ਘਾਟੀਆਂ, ਆਸਮਾਨ ਆਦਿ ਦਾ ਚਿਤਰਣ ਵੀ ਇੱਥੋਂ ਦੇ ਕਲਾਕਾਰਾਂ ਨੇ ਸਫਲਤਾ ਨਾਲ ਕਰਕੇ ਭਾਰਤੀ ਸੰਸਕ੍ਰਿਤੀ ਨੂੰ ਮਹੱਤਵਪੂਰਨ ਯੋਗਦਾਨ ਦਿੱਤਾ। ਇਸ ਕਾਰਨ ਇਸ ਸ਼ੈਲੀ ਨੂੰ ਭਾਰਤੀ ਚਿੱਤਰਕਲਾ ਵਿੱਚ ਇਕ ਸਨਮਾਨਿਤ ਸਥਾਨ ਪ੍ਰਦਾਨ ਕੀਤਾ ਗਿਆ ਹੈ।

### 12.4.3 ਸੰਗੀਤ ਅਤੇ ਨ੍ਰਿਤ ਕਲਾ

ਮੁਗਲ ਕਾਲ ਵਿੱਚ ਸੰਗੀਤ ਕਲਾ ਦੀ ਵੀ ਉਨਤੀ ਹੋਈ ਅਤੇ ਹਿੰਦੂ ਤੇ ਮੁਸਲਮਾਨ ਦੋਵਾਂ ਨੇ ਉਸ ਵਿੱਚ ਸਹਿਯੋਗ ਦਿੱਤਾ। ਬਾਬਰ ਅਤੇ ਹੁਮਾਯੂੰ ਦੋਵੇਂ ਸੰਗੀਤ ਕਲਾ ਦੇ ਪ੍ਰੇਮੀ ਸਨ। ਅਕਬਰ ਖੁਦ ਬਹੁਤ ਵਧੀਆ **ਨਗਾੜਾ** ਵਜਾਉਂਦਾ ਸੀ। ਉਸ ਨੇ ਆਪਣੇ ਦਰਬਾਰ ਵਿੱਚ ਖਿਆਤੀ ਪ੍ਰਾਪਤ ਸੰਗੀਤਕਾਰਾਂ ਨੂੰ ਦੂਰੋਂ-ਦੂਰੋਂ ਸੱਦਾ ਦਿੱਤਾ ਸੀ। ਅਬੁਲ ਫਜ਼ਲ ਨੇ ਲਿਖਿਆ ਹੈ ਕਿ ਅਕਬਰ ਦੇ ਦਰਬਾਰ ਵਿੱਚ ਸੰਗੀਤਕਾਰਾਂ ਦੀ ਸੰਖਿਆ ਬਹੁਤ ਜ਼ਿਆਦਾ ਸੀ। ਉਨ੍ਹਾਂ ਵਿੱਚੋਂ ਸਾਰਿਆਂ ਤੋਂ ਪ੍ਰਮੁੱਖ ਨਾਮ **ਤਾਨਸੈਨ** ਦਾ ਹੈ, ਜਿਸ ਨੇ ਰਾਜਾ ਮਾਨ ਸਿੰਘ ਵੱਲੋਂ ਸਥਾਪਿਤ ਗਵਾਲੀਅਰ ਦੇ ਕਿਲ੍ਹੇ ਦੇ ਸੰਗੀਤ ਵਿਦਿਆਲਾ ਵਿੱਚ ਸਿੱਖਿਆ ਪ੍ਰਾਪਤ ਕੀਤੀ ਸੀ। ਤਾਨਸੈਨ ਦੇ ਗੁਰੂ ਵਰਿੰਦਾਵਨ ਵਿੱਚ ਰਹਿਣ ਵਾਲੇ **ਗੁਰੂ ਹਰੀਦਾਸ** ਸਨ। ਅਬੁਲ ਫਜ਼ਲ ਨੇ ਤਾਨਸੈਨ ਬਾਰੇ ਲਿਖਿਆ ਸੀ-'ਉਸ ਵਰਗਾ ਗਾਇਕ ਹਜ਼ਾਰਾਂ ਸਾਲਾਂ ਵਿੱਚ ਵੀ ਕੋਈ ਨਹੀਂ ਹੋਇਆ। ਉਸ ਨੇ ਵੱਖ-ਵੱਖ ਰਾਗ ਅਤੇ ਰਾਗਨੀਆਂ ਦਾ ਨਿਰਮਾਣ ਕੀਤਾ ਸੀ। ਤਾਨਸੈਨ ਨੇ ਮੀਆਂ ਦੀ ਤਾੜੀ ਵਰਗੀਆਂ ਕਈ ਹੋਰ ਰਾਗਨੀਆਂ ਦਾ ਵੀ ਪ੍ਰਦਰਸ਼ਨ ਕੀਤਾ। ਤਾਨਸੈਨ ਤੋਂ ਬਾਅਦ ਦਰਬਾਰ ਦੇ ਸੰਗੀਤਕਾਰਾਂ ਵਿੱਚ **ਬਾਬਾ ਰਾਮਦਾਸ** ਦਾ ਨਾਮ ਆਉਂਦਾ ਹੈ। ਸੂਰਦਾਸ ਦਾ ਦਰਬਾਰ ਨਾਲ ਅਪ੍ਰੱਤਖ ਸਬੰਧ ਸੀ। 'ਬੈਜੂ ਬਾਵਰਾ' ਜਦ ਕਿ ਦਰਬਾਰ ਨਾਲ ਸਬੰਧਿਤ ਨਹੀਂ ਸੀ, ਪਰ ਸੰਭਵ ਤੌਰ 'ਤੇ ਤਾਨਸੈਨ ਦਾ ਸੰਗੀਤਕਾਰ ਸੀ।' ਇਸ ਤਰ੍ਹਾਂ ਅਕਬਰ ਦੇ ਸਮੇਂ ਵਿੱਚ ਵਾਧ ਅਤੇ ਸੰਗੀਤ ਦੋਵਾਂ ਦੀ ਹੀ ਪ੍ਰਗਤੀ ਹੋਈ। ਜਹਾਂਗੀਰ ਵੀ ਸੰਗੀਤਕਾਰਾਂ ਨੂੰ ਆਸਰਾ ਦਿੰਦਾ ਸੀ। ਸੈਂਕੜੇ ਗਾਇਕ ਅਤੇ ਨ੍ਰਿਤਕ ਉਸ ਦੇ ਦਰਬਾਰ ਵਿੱਚ ਰਿਹਾ ਕਰਦੇ ਸਨ। ਇਨ੍ਹਾਂ ਵਿੱਚ ਜਹਾਂਗੀਰ ਦਾਦ, ਪ੍ਰਵੇਜ਼ ਦਾਦ, ਹਮਜਾਨ, ਛਤਰ ਖਾਂ ਆਦਿ ਪ੍ਰਮੁੱਖ ਸਨ। ਸ਼ਾਹਜਹਾਂ ਵੀ ਇਕ ਸੰਗੀਤ ਪ੍ਰੇਮੀ ਸੀ ਅਤੇ ਖੁਦ ਵੀ ਇਕ ਚੰਗਾ ਗਾਇਕ ਸੀ। ਆਪਣੇ ਸ਼ਾਸਨਕਾਲ ਦੇ ਕੁਝ ਸਾਲਾਂ ਬਾਅਦ ਹੀ ਔਰੰਗਜ਼ੇਬ ਨੇ ਸੰਗੀਤਕਾਰਾਂ ਨੂੰ ਆਪਣੇ ਦਰਬਾਰ ਵਿੱਚੋਂ ਕੱਢ ਦਿੱਤਾ ਅਤੇ ਸੰਗੀਤਕਾਰਾਂ ਵੱਲੋਂ ਸੰਗੀਤ ਦਾ ਜਨਾਜ਼ਾ ਕੱਢਣ 'ਤੇ ਉਸ ਨੇ ਉਸ ਨੂੰ ਗਹਿਰਾਈ ਵਿੱਚ ਦਫਨਾਉਣ ਦੀ ਸਲਾਹ ਦਿੱਤੀ ਪਰ ਫਿਰ ਵੀ ਸਰਦਾਰਾਂ, ਸੂਬੇਦਾਰਾਂ ਅਤੇ ਬਾਦਸ਼ਾਹ ਦੇ ਹਰਮ ਨਾਲ ਸੰਗੀਤ ਪ੍ਰੇਮ ਖਤਮ ਨਹੀਂ ਹੋਇਆ। (ਯਾਦ ਰਹੇ ਕਿ 'ਰੰਗੀਲਾ' ਇਤਿਹਾਸਕਾਰਾਂ ਵੱਲੋਂ ਦਿੱਤਾ ਗਿਆ ਨਾਮ ਹੈ, ਮੁਹੰਮਦ ਸ਼ਾਹ ਦਾ ਭੋਗਵਿਰਤੀ ਵਿੱਚ ਬਹੁਤ ਲਗਾਵ ਸੀ, ਜਿਸ ਕਾਰਨ ਉਹ 'ਰੰਗੀਲਾ' ਅਖਵਾਇਆ।

18ਵੀਂ ਸਦੀ ਵਿੱਚ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ 'ਰੰਗੀਲਾ' (1719-1748 ਈ.) ਦੇ ਸਮੇਂ ਵਿੱਚ ਸੰਗੀਤ ਦੀ ਬਹੁਤ ਉਨਤੀ ਹੋਈ ਅਤੇ ਖਿਆਨ ਗਾਇਨ ਲੋਕਪ੍ਰਿਯ ਹੋਇਆ। ਉਸ ਤੋਂ ਪਹਿਲਾਂ ਧਰੁਪਦ ਗਾਇਨ ਸ਼ੈਲੀ ਹੀ ਵੱਖ-ਵੱਖ ਰੂਪਾਂ ਵਿੱਚ ਲੋਕਪ੍ਰਿਯ ਸੀ। ਇਸੇ ਸਦੀ ਦੇ ਦੌਰਾਨ ਸਿਤਾਰ ਅਤੇ ਤਬਲਾ ਦੋ ਸੰਗੀਤ ਵਾਦਾਂ ਦਾ ਨਿਰਮਾਣ ਹੋਇਆ। ਪਹਿਲਾਂ ਇਨ੍ਹਾਂ ਦੇ ਨਿਰਮਾਣ ਦਾ ਸਿਹਰਾ 13ਵੀਂ ਸਦੀ ਵਿੱਚ ਹੋਏ ਵਿਦਵਾਨ ਅਤੇ ਗਾਇਕ ਅਮੀਰ ਖੁਸਰੋ ਨੂੰ ਦਿੱਤਾ ਜਾਂਦਾ ਸੀ ਪਰ ਹੁਣ ਵਿਦਵਾਨਾਂ ਦੀ ਰਾਏ ਬਣੀ ਹੈ ਕਿ ਇਨ੍ਹਾਂ ਵਾਦਾਂ ਦਾ ਨਿਰਮਾਣ 18ਵੀਂ ਸਦੀ ਵਿੱਚ ਹੋਏ ਇਕ ਹੋਰ ਗਾਇਕ ਖੁਸਰੋ ਖਾਂ ਨੇ ਕੀਤਾ ਸੀ। ਜੋ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਦਾ ਸਮਕਾਲੀਨ ਸੀ। ਇਨ੍ਹਾਂ ਵਾਦਾਂ ਦੇ ਨਿਰਮਾਣ ਨੇ ਭਾਰਤੀ ਸੰਗੀਤ ਨੂੰ ਮਹੱਤਤਾ ਪ੍ਰਦਾਨ ਵਿੱਚ ਬਹੁਤ ਸਹਾਇਤਾ ਕੀਤੀ।

ਮੁਗਲ ਕਾਲ ਵਿੱਚ ਦੱਖਣ ਭਾਰਤ 'ਚ ਵੀ ਅਨੇਕਾਂ ਯੋਗ ਗਾਇਕ ਹੋਏ ਅਤੇ ਗਾਇਨ 'ਤੇ ਕੁਝ ਸ੍ਰੇਸ਼ਠ ਪੁਸਤਕਾਂ ਦੀ ਵੀ ਰਚਨਾ ਹੋਈ। ਇਸ ਵਿੱਚ ਵਿਜੇ ਨਗਰ ਰਾਜ ਦੇ ਰਾਜਾ ਸਦਾਸ਼ਿਵ ਰਾਵ ਦੇ ਮੰਤਰੀ **ਰਾਮਾਮਤਿਆ** ਦਾ ਨਾਮ ਵਰਨਣਯੋਗ ਹੈ, ਜਿਸ ਨੇ ਇਕ ਸੰਗੀਤ ਗ੍ਰੰਥ **ਸਵਰਮੇਲ ਕਲਾ ਨਿਧੀ** ਦੀ ਰਚਨਾ ਕੀਤੀ ਸੀ। ਇਸੇ ਤਰ੍ਹਾਂ ਦਾ ਇਕ ਹੋਰ ਗ੍ਰੰਥ **ਸ਼ਡਰਾਗ ਚੰਦਰਾਦੋਇ** ਦੀ ਰਚਨਾ ਪੁੰਡਰਿਕ ਵਿੱਟਲ ਨੇ ਖਾਨਦੇਸ਼ ਦੇ ਸ਼ਾਸਕ ਬੁਰਹਾਨ ਖਾਂ ਫਾਰੂਖੀ ਦੀ ਸੁਰੱਖਿਆ ਵਿੱਚ ਕੀਤੀ। ਇਸ ਤੋਂ ਬਾਅਦ ਪੁੰਡਰਿਕ ਨੇ ਹੀ ਰਾਜਾ ਮਾਨ ਸਿੰਘ ਦੀ ਸੁਰੱਖਿਆ ਵਿੱਚ ਰਹਿ ਕੇ **ਰਾਗਮਾਲਾ** ਨਾਮਕ ਗ੍ਰੰਥ ਦੀ ਰਚਨਾ ਕੀਤੀ, ਜਿਸ ਵਿੱਚ ਭਾਰਤੀ ਸੰਗੀਤ ਦੇ ਛੇ ਰਾਗਾਂ

ਦਾ ਵਰਨਣ ਕੀਤਾ ਗਿਆ ਹੈ। ਦੱਖਣ ਭਾਰਤ ਦੇ ਹੋਰ ਸ਼ਾਸਕਾਂ ਦੀ ਸੁਰੱਖਿਆ ਵਿੱਚ ਵੀ ਸੰਗੀਤ ਵਧਦਾ-ਫੁਲਦਾ ਰਿਹਾ, ਕਿਉਂਕਿ ਉਹ ਸਾਰੇ ਸੰਗੀਤ ਦੇ ਸ਼ੌਕੀਨ ਸਨ। ਇਸ ਤਰ੍ਹਾਂ ਮੁਗਲ ਕਾਲ ਵਿੱਚ ਸੰਗੀਤ ਕਲਾ ਨੇ ਬਹੁਤ ਉਨਤੀ ਕੀਤੀ।

*ਕੀ ਤੁਸੀਂ ਜਾਣਦੇ ਹੋ*

ਸੰਗੀਤ ਦੇ ਨਾਲ-ਨਾਲ ਨ੍ਰਿਤ ਕਲਾ ਵੀ ਮੁਗਲ ਕਾਲ ਵਿੱਚ ਪੈਦਾ ਹੁੰਦੀ ਰਹੀ। ਸੰਗੀਤ ਅਤੇ ਨ੍ਰਿਤ ਕਲਾ ਦਾ ਇੰਨਾ ਗਹਿਰਾ ਸਬੰਧ ਹੈ ਕਿ ਉਨ੍ਹਾਂ ਦੀ ਪ੍ਰਗਤੀ ਨਾਲ-ਨਾਲ ਹੋਣਾ ਸੁਭਾਵਿਕ ਸੀ। ਮੁਗਲ ਬਾਦਸ਼ਾਹ, ਦਰਬਾਰੀ, ਸੂਬੇਦਾਰ ਅਤੇ ਅਮੀਰ ਵਿਅਕਤੀ ਸੰਗੀਤ ਦੇ ਨਾਲ-ਨਾਲ ਨ੍ਰਿਤ ਦਾ ਵੀ ਆਨੰਦ ਲੈਂਦੇ ਸਨ। ਦਰਬਾਰ ਅਤੇ ਹੋਰ ਸਥਾਨਾਂ ’ਤੇ ਬਹੁਤ ਵੱਡੀ ਸੰਖਿਆ ਵਿੱਚ ਨ੍ਰਿਤਕ ਅਤੇ ਨ੍ਰਿਤਕੀਆਂ ਰੱਖੇ ਜਾਂਦੇ ਸਨ।

### 12.4.4 ਹੋਰ ਕਲਾਵਾਂ

ਮੁਗਲ ਕਾਲ ਵਿੱਚ ਸੁਲੇਖ (ਚੰਗਾ ਲਿਖਣ ਦੀ ਕਲਾ) ’ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਸੀ ਅਤੇ ਚਿੱਤਰਕਾਰਾਂ ਦੀ ਸਹਾਇਤਾ ਨਾਲ ਪੁਸਤਕਾਂ ਨੂੰ ਚੰਗੇ ਲੇਖਾਂ, ਚੰਗੀਆਂ ਜਿਲਦਾਂ ਅਤੇ ਚੰਗੇ ਚਿੱਤਰਾਂ ਨਾਲ ਸਜਾਇਆ ਜਾਂਦਾ ਸੀ। ਅਕਬਰ, ਜਹਾਂਗੀਰ ਅਤੇ ਸ਼ਾਹਜਹਾਂ ਨੇ ਮੂਰਤੀ ਕਲਾ ਨੂੰ ਵੀ ਸਹਾਇਤਾ ਦਿੱਤੀ, ਹਾਲਾਂਕਿ ਇਸ ਖੇਤਰ ਵਿੱਚ ਵਿਸ਼ੇਸ਼ ਉਨਤੀ ਨਹੀਂ ਹੋਈ। ਮੂਰਤੀਆਂ ਵਿੱਚ ਮੁੱਖ ਤੌਰ ’ਤੇ ਹੱਥੀ ਦੰਦ ਦੀਆਂ ਬਣੀਆਂ ਹੋਈਆਂ ਛੋਟੀਆਂ-ਛੋਟੀਆਂ ਮੂਰਤੀਆਂ ਹੀ ਇਸ ਕਾਲ ਵਿੱਚ ਸ੍ਰੇਸ਼ਠ ਸਥਾਨ ਪ੍ਰਾਪਤ ਕਰ ਸਕੀਆਂ। ਮਿੱਟੀ ਅਤੇ ਧਾਤੂ ਦੇ ਬਰਤਨਾਂ ਦੀ ਕਲਾ ਵਿੱਚ ਵੀ ਮੁਗਲ ਕਾਲ ਵਿੱਚ ਪ੍ਰਗਤੀ ਹੋਈ। ਚੰਗੇ ਗਹਿਣਿਆਂ ਅਤੇ ਹੀਰਿਆਂ ਨੂੰ ਬਿਹਤਰ ਬਣਾਉਣ ਦੀ ਕਲਾ ਵਿੱਚ ਵੀ ਇਸ ਸਮੇਂ ਬਹੁਤ ਪ੍ਰਗਤੀ ਕੀਤੀ। ਬਾਗ ਲਗਾਉਣ ਦਾ ਸ਼ੌਂਕ ਮੁਗਲ ਬਾਦਸ਼ਾਹਾਂ ਨੂੰ ਸੀ। ਉਨ੍ਹਾਂ ਦੀਆਂ ਸਾਰੀਆਂ ਇਮਾਰਤਾਂ ਅਤੇ ਮਕਬਰੇ ਬਗੀਚਿਆਂ ਵਿੱਚ ਹੀ ਬਣਾਏ ਗਏ ਸਨ। ਇਸ ਤੋਂ ਇਲਾਵਾ ਹੋਰ ਸਥਾਨਾਂ ’ਤੇ ਬਾਗ ਲਗਾਏ ਗਏ ਸਨ। ਬਾਬਰ ਨੇ ਆਗਰਾ ਵਿੱਚ **‘ਨੂਰ ਅਫਗਾਨ’** ਨਾਮਕ ਬਾਗ ਲਗਵਾਇਆ, ਜਿਸ ਨੂੰ ਹੁਣ ‘ਰਾਮਬਾਗ’ ਕਿਹਾ ਜਾਂਦਾ ਹੈ। ਅਕਬਰ ਅਤੇ ਜਹਾਂਗੀਰ ਨੇ ਆਪਣੇ ਮਕਬਰਿਆਂ ਨੂੰ ਸੁੰਦਰ ਬਾਗਾਂ ਵਿੱਚ ਬਣਵਾਇਆ। ਕਸ਼ਮੀਰ ਦਾ ਸ਼ਾਲੀਮਾਰ ਬਾਗ ਜਹਾਂਗੀਰ ਵੱਲੋਂ ਲਗਵਾਇਆ ਹੋਇਆ ਹੈ। ਸ਼ਾਹਜਹਾਂ ਨੇ ਵੱਖ-ਵੱਖ ਇਮਾਰਤਾਂ ਅਤੇ ਤਾਜ ਮਹਿਲ ਤੋਂ ਇਲਾਵਾ ਲਾਹੌਰ ਵਿੱਚ ਸ਼ਾਲੀਮਾਰ ਬਾਗ ਬਣਵਾਇਆ। ਔਰੰਗਜ਼ੇਬ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਪਰ ਵੱਖ-ਵੱਖ ਸਰਦਾਰਾਂ ਨੇ ਆਪਣੇ ਬਾਦਸ਼ਾਹਾਂ ਦਾ ਅਨੁਸਰਣ ਕਰਦੇ ਹੋਏ ਵੱਖ-ਵੱਖ ਬਾਗ ਲਗਵਾਏ।

ਇਸ ਤਰ੍ਹਾਂ ਮੁਗਲ ਬਾਦਸ਼ਾਹਾਂ ਦੇ ਸਮੇਂ ਵਿੱਚ ਉਸ ਸਮੇਂ ਤੱਕ ਜੀਵਨ ਦੇ ਸਾਰੇ ਖੇਤਰਾਂ ਵਿੱਚ ਉਨਤੀ ਹੁੰਦੀ ਰਹੀ, ਜਦੋਂ ਤੱਕ ਮੁਗਲ ਬਾਦਸ਼ਾਹ ਸ਼ਕਤੀਸ਼ਾਲੀ ਅਤੇ ਸਮਰੱਥਾ ਸ਼ਾਲੀ ਰਹੇ। ਸੰਸਕ੍ਰਿਤਿਕ ਖੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਰਿਹਾ। ਸਾਹਿਤਕ ਅਤੇ ਵੱਖ-ਵੱਖ ਲਲਿਤ ਕਲਾਵਾਂ ਦੀ ਪ੍ਰਗਤੀ ਦੀ ਦ੍ਰਿਸ਼ਟੀ ਨਾਲ ਭਾਰਤੀ ਇਤਿਹਾਸ ਵਿੱਚ ਮੁਗਲ ਕਾਲ ਦਾ ਮਹੱਤਵਪੂਰਨ ਸਥਾਨ ਹੈ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਬਾਦਸ਼ਾਹਾਂ ਦਾ ਰਾਜਨੀਤਿਕ ਇਤਿਹਾਸ ਆਕਰਸ਼ਕ ਅਤੇ ਗੌਰਵ ਭਰਪੂਰ ਹੈ, ਉਸੇ ਤਰ੍ਹਾਂ ਸੰਸਕ੍ਰਿਤਿਕ ਦ੍ਰਿਸ਼ਟੀ ਨਾਲ ਵੀ ਉਨ੍ਹਾਂ ਦਾ ਇਤਿਹਾਸ ਆਕਰਸ਼ਕ ਅਤੇ ਗੌਰਵ ਭਰਪੂਰ ਹੈ।

## 12.5 ਕਿਸਾਨਾਂ ਅਤੇ ਸ਼ਿਲਪਕਾਰਾਂ ਦੀ ਸਥਿਤੀ (Conditions of Farmers and Craftsmen)

ਕਿਸਾਨ ਵਰਗ ਮੁੱਖ ਤੌਰ ’ਤੇ ਖੇਤੀ ਨਾਲ ਸਿੱਧੇ-ਸਿੱਧੇ ਜੁੜਿਆ ਹੋਇਆ ਸੀ। ਕਿਸਾਨ ਪੇਂਡੂ ਸਮਾਜ ਦਾ ਮੁੱਖ ਵਰਗ ਸੀ ਅਤੇ ਉਸ ਕੋਲੋਂ ਵਸੂਲੇ ਗਏ ਰਾਜਸਵ ’ਤੇ ਹੀ ਪੂਰਾ ਸ਼ਾਸਨ ਅਤੇ ਰਾਜ ਅਧਾਰਿਤ ਸੀ। ਕਿਸਾਨਾਂ ਨੂੰ ਆਪਣੀ ਉਪਜ ਦਾ ਜ਼ਿਆਦਾਤਰ ਹਿੱਸਾ ਰਾਜਸਵ ਦੇ ਰੂਪ ਵਿੱਚ ਦੇਣਾ ਹੁੰਦਾ ਸੀ। ਅਜਿਹਾ ਲੱਗਦਾ ਹੈ ਕਿ ਜ਼ਿਆਦਾਤਰ ਕਿਸਾਨ (ਦਰਿਦਰਤਾ ਵਿੱਚ) ਮੁਸ਼ਕਿਲ ਨਾਲ ਆਪਣੇ ਜੀਵਨ ਦਾ ਗੁਜ਼ਾਰਾ ਕਰਦੇ ਸਨ।

### (ੳ) ਕਿਸਾਨ ਵਰਗ ਦੇ ਭੂਮੀ ਸਬੰਧੀ ਅਧਿਕਾਰ

ਕਿਸਾਨਾਂ ਦੇ ਭੂਮੀ ਸਬੰਧੀ ਅਧਿਕਾਰ ਨੂੰ ਲੈ ਕੇ ਇਤਿਹਾਸਕਾਰਾਂ ਦਰਮਿਆਨ ਲੰਬੀ ਬਹਿਸ ਚੱਲੀ ਹੈ। ਹਾਲਾਂਕਿ ਰਾਜੇ ਨੇ ਕਦੇ ਵੀ ਭੂਮੀ ’ਤੇ ਕਿਸਾਨਾਂ ਦੇ ਅਧਿਕਾਰ ਨੂੰ ਨਕਾਰਿਆ ਨਹੀਂ ਪਰ ਉਨ੍ਹਾਂ ਨੂੰ ਕਦੇ ਵੀ ਆਪਣੀ ਇੱਛਾ ਅਨੁਸਾਰ ਭੂਮੀ ਖਰੀਦਣ ਅਤੇ ਵੇਚਣ ਦਾ ਅਧਿਕਾਰ ਵੀ ਨਹੀਂ ਦਿੱਤਾ ਗਿਆ। ਅਜਿਹਾ ਲੱਗਦਾ ਹੈ ਕਿ ਜਦੋਂ ਤੱਕ ਕਿਸਾਨ ਖੇਤੀ ਕਰਦਾ ਰਹੇ ਅਤੇ ਰਾਜਸਵ ਦਿੰਦਾ ਰਹੇ, ਉਦੋਂ ਤੱਕ ਜ਼ਿਮੀਂਦਾਰਾਂ ਅਤੇ ਰਾਜ ਨੂੰ ਕੋਈ ਅਧਿਕਾਰ ਨਹੀਂ ਸੀ ਕਿ ਉਹ ਕਿਸਾਨਾਂ ਨੂੰ ਬੇਦਖਲ ਕਰਨ। ਅਜਿਹਾ ਲੱਗਦਾ ਹੈ ਕਿ ਮੁਗਲ ਕਾਲ ਵਿੱਚ ਭੂਮੀ ਸਬੰਧੀ ਸੰਪਤੀ ਦੇ ਅਧਿਕਾਰ ਦਾ ਸਵਰੂਪ ਕੁਝ ਸਥਿਰ ਅਤੇ ਨਿਸ਼ਚਿਤ ਨਹੀਂ ਹੋਇਆ ਸੀ। ਹਾਂ ਇਸ ਕਾਲ ਦੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਸੀ ਕਿ ਇਸ ਦੌਰਾਨ ਭੂਮੀ ਦੇ ਉਤਪਾਦਨ ’ਤੇ ਤਰ੍ਹਾਂ-ਤਰ੍ਹਾਂ ਦੇ ਦਾਅਵੇ ਪੇਸ਼ ਕੀਤੇ ਗਏ।

ਨੋਟ

ਕਈ ਸਮਕਾਲੀਨ ਲੇਖਾਂ ਵਿੱਚ ਸ਼ੋਸ਼ਣ ਨਾਲ ਪੀੜ੍ਹਤ ਜਾਂ ਹੋਰ ਸਮੱਸਿਆਵਾਂ ਦੇ ਕਾਰਨ ਕਿਸਾਨਾਂ ਦੇ ਪਿੰਡ ਛੱਡ ਕੇ ਭੱਜ ਜਾਣ ਦਾ ਵਰਨਣ ਮਿਲਦਾ ਹੈ। ਅਜਿਹੀਆਂ ਅਨੇਕਾਂ ਘਟਨਾਵਾਂ ਦਾ ਪਤਾ ਲੱਗਦਾ ਹੈ, ਜਿਸ ਵਿੱਚ ਕਿਸਾਨ ਵਿਅਕਤੀਗਤ ਰੂਪ ਵਿੱਚ ਜਾਂ ਸਮੂਹਿਕ ਰੂਪ ਵਿੱਚ ਕਿਤੇ ਹੋਰ ਜਾ ਕੇ ਵਸ ਗਏ ਹੋਣ। ਮੁਗਲ ਕਾਲੀਨ ਭਾਰਤ ਵਿੱਚ ਕਿਸਾਨਾਂ ਦਾ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣਾ ਇਕ ਪ੍ਰਮਾਣਿਤ ਤੱਥ ਹੈ। ਇਸ ਤਰ੍ਹਾਂ ਦਾ ਸਥਾਨ ਪਰਿਵਰਤਨ ਅਤੇ ਪਲਾਇਨ ਸ਼ੋਸ਼ਣ ਤੇ ਹੜ੍ਹ ਜਾਂ ਸੋਕਾ ਜਿਵੇਂ ਪ੍ਰਕਿਰਤਿਕ ਪ੍ਰਕੋਪਾਂ ਦੇ ਕਾਰਨ ਹੋਇਆ ਕਰਦਾ ਸੀ।

### (ਖ) ਕਿਸਾਨ ਵਰਗ ਦਾ ਪੱਧਰੀਕਰਣ

ਕਿਸਾਨ ਵਰਗ ਕੋਈ ਇਕ ਰੂਪ ਸਮੁਦਾਇ ਨਹੀਂ ਸੀ, ਇਨ੍ਹਾਂ ਦਾ ਪੱਧਰੀਕਰਣ ਸੰਪਤੀ ਅਤੇ ਸਮਾਜਿਕ ਹੈਸੀਅਤ ਵਿੱਚ ਵਿਭਿੰਨਤਾ ਦੇ ਕਾਰਨ ਸੀ। ਵੱਡੇ ਕਿਸਾਨਾਂ ਕੋਲ ਜ਼ਿਆਦਾ ਸਾਧਨ ਸਨ, ਉਨ੍ਹਾਂ ਕੋਲ ਜ਼ਿਆਦਾ ਖੇਤ ਸਨ ਅਤੇ ਉਹ ਆਪਣੇ ਖੇਤਾਂ ਵਿੱਚ ਮਜ਼ਦੂਰਾਂ ਦੀ ਵੀ ਸਹਾਇਤਾ ਲੈਂਦੇ ਸਨ। ਉਹ ਪਿੰਡ ਦੇ ਮੁਖੀ (ਮੁਕੱਦਮਾ ਜਾਂ ਪਟੇਲ) ਦੇ ਰੂਪ ਵਿੱਚ ਹੋਰ ਕਿਸਾਨਾਂ ਦੇ ਉਤਪਾਦਨ ਵਿੱਚੋਂ ਹਿੱਸਾ ਲੈ ਸਕਦੇ ਸਨ। ਇਹ ਵੰਡ ਇੰਨਾ ਸਪੱਸ਼ਟ ਸੀ ਕਿ ਸਰਕਾਰੀ ਅੰਕੜਿਆਂ ਅਤੇ ਲੇਖਾਂ ਵਿੱਚ ਇਨ੍ਹਾਂ ਦਾ ਅਲੱਗ ਵਰਨਣ ਕੀਤਾ ਜਾਂਦਾ ਸੀ। ਅਮੀਰ ਕਿਸਾਨਾਂ ਨੂੰ ਉਤਰ ਭਾਰਤ ਵਿੱਚ **ਖੁਦ ਕਾਸ਼ਤ** (ਖੁਦ ਖੇਤੀ ਕਰਨ ਵਾਲਾ ਕਿਸਾਨ), ਰਾਜਸਥਾਨ ਵਿੱਚ **ਧਰੂਹਲ** ਅਤੇ ਮਹਾਰਾਸ਼ਟਰ ਵਿੱਚ **ਮਿਰਾਸਦਾਰ** ਕਹਿੰਦੇ ਸਨ। ਗਰੀਬ ਕਿਸਾਨਾਂ ਨੂੰ ਉਤਰ ਭਾਰਤ ਵਿੱਚ **ਰੇਜ਼ਾ ਰਿਆਇਆ** (ਛੋਟੇ ਕਿਸਾਨ), ਰਾਜਸਥਾਨ ਵਿੱਚ **ਪਾਲਤੀ** ਅਤੇ ਮਹਾਰਾਸ਼ਟਰ ਵਿੱਚ **ਕੁਨਬੀ** ਕਹਿੰਦੇ ਸਨ।

ਇਸ ਦਾ ਇਕ ਪ੍ਰਮੁੱਖ ਕਾਰਨ ਚਾਰੇ ਪਾਸੇ ਫੈਲੀ ਨਗਰੀ ਵਿਵਸਥਾ ਵਿੱਚ ਲੱਭਿਆ ਜਾ ਸਕਦਾ ਹੈ। ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਭੂ-ਰਾਜਸਵ ਦਾ ਭੁਗਤਾਨ ਨਕਦ ਦੇ ਰੂਪ ਵਿੱਚ ਹੁੰਦਾ ਸੀ ਅਤੇ ਕਿਸਾਨਾਂ ਤੇ ਖੇਤੀ ਕਰਨ ਵਾਲਿਆਂ ਨੂੰ ਮਜਬੂਰ ਹੋ ਕੇ ਆਪਣੀ ਫਸਲ ਬਾਜ਼ਾਰ ਜਾ ਕੇ ਵਪਾਰੀਆਂ ਨੂੰ ਵੇਚਣੀ ਪੈਂਦੀ ਸੀ ਜਾਂ ਫਸਲ ਕਟਾਈ ਸਮੇਂ ਮਹਾਜਨ ਤੋਂ ਉਧਾਰ ਲੈਣਾ ਪੈਂਦਾ ਸੀ। ਅਜਿਹੀ ਸਥਿਤੀ ਵਿੱਚ ਨਕਦੀ ਫਸਲ ਉਗਾਉਣ ਵਾਲੇ ਕਿਸਾਨ ਫਾਇਦੇ ਵਿੱਚ ਰਹਿੰਦੇ ਸਨ, ਕਿਉਂਕਿ ਉਹ ਜ਼ਿਆਦਾ ਭਾਅ 'ਤੇ ਆਪਣੀ ਫਸਲ ਵੇਚਦੇ ਸਨ ਪਰ ਸਾਧਨਾਂ ਦੇ ਅਹਿਸਾਸ ਵਿੱਚ ਜੋ ਕਿਸਾਨ ਖਾਦ, ਫਸਲਾਂ ਉਗਾਉਂਦੇ ਸਨ, ਉਨ੍ਹਾਂ ਦਾ ਭਾਅ ਬਾਜ਼ਾਰ ਵਿੱਚ ਤੁਲਨਾ 'ਚ ਘੱਟ ਹੁੰਦਾ ਸੀ ਅਤੇ ਉਨ੍ਹਾਂ ਨੂੰ ਘੱਟ ਪੈਸਾ ਮਿਲਦਾ ਸੀ। ਸਾਰੇ ਕਿਸਾਨ ਨਕਦੀ ਫਸਲ ਦੀ ਖੇਤੀ ਨਹੀਂ ਕਰ ਸਕਦੇ ਸਨ, ਕਿਉਂਕਿ ਇਸ ਵਿੱਚ ਲਾਗਤ ਜ਼ਿਆਦਾ ਆਉਂਦੀ ਸੀ, ਚੰਗੀ ਕਿਸਮ ਦਾ ਬੀਜ, ਬਿਹਤਰ ਉਰਵਰਕ, ਸਿੰਚਾਈ ਜਾਂ ਨਹਿਰ ਸੁਵਿਧਾ ਅਤੇ ਉਰਵਰ ਭੂਮੀ ਦੀ ਜ਼ਰੂਰਤ ਪੈਂਦੀ ਸੀ। ਭੂਮੀ-ਰਾਜਸਵ ਦੀ ਨਕਦੀ ਮੰਗ ਦੇ ਕਾਰਨ ਸੰਪਨ ਕਿਸਾਨ ਅਤੇ ਗਰੀਬ ਕਿਸਾਨ ਦੇ ਦਰਮਿਆਨ ਖੂਹ ਵੱਧਦਾ ਚਲਾ ਗਿਆ। ਸੰਪਨ ਕਿਸਾਨ ਆਪਣੇ ਸਾਧਨਾਂ ਦਾ ਇਸਤੇਮਾਲ ਕਰਕੇ ਨਕਦੀ ਫਸਲ ਉਗਾ ਸਕਦਾ ਸੀ, ਜਦੋਂ ਕਿ ਗਰੀਬ ਕਿਸਾਨ ਦੇ ਲਈ ਖਾਦ ਫਸਲ ਉਗਾਉਣਾ ਮਹਿੰਗਾ ਅਤੇ ਦੁੱਖਦਾਈ ਕੰਮ ਹੁੰਦਾ ਸੀ। ਭੂ-ਰਾਜਸਵ ਮੰਗ ਦੀ ਦਮਨਾਤਮਕ ਪ੍ਰਵਿਰਤੀ ਦੇ ਕਾਰਨ ਕਿਸਾਨ ਵਰਗ ਵਿੱਚ ਫਰਕ ਪੈਦਾ ਹੋ ਗਏ। ਅਮੀਰ ਅਤੇ ਗਰੀਬ ਦੋਵੇਂ ਤਰ੍ਹਾਂ ਦੇ ਕਿਸਾਨਾਂ ਕੋਲੋਂ ਇਕ ਹੀ ਤਰ੍ਹਾਂ ਦੇ ਰਾਜਸਵ ਦੀ ਮੰਗ ਕੀਤੀ ਜਾਂਦੀ ਸੀ ਪਰ ਗਰੀਬ ਕਿਸਾਨਾਂ ਨੂੰ ਅਮੀਰਾਂ ਦੇ ਮੁਕਾਬਲੇ ਜ਼ਿਆਦਾ ਬੋਝ ਸਹਿਣਾ ਪੈਂਦਾ ਸੀ। ਪੇਂਡੂ ਸੰਗਠਨ ਜਾਂ ਆਮ ਬੋਲਚਾਲ ਦੀ ਭਾਸ਼ਾ ਵਿੱਚ ਪੇਂਡੂ ਸਮੁਦਾਇ ਨੇ ਖੁਦ ਕਾਸ਼ਤ ਕਿਸਾਨਾਂ ਦੇ ਰਾਜਸਵ ਦੀ ਦਰ ਘੱਟ ਕਰਕੇ ਅਤੇ ਇਸ ਘਾਟੇ ਨੂੰ ਰੇਜ਼ਾ ਰਿਆਇਆ ਨਾਲ ਪੂਰਾ ਕਰਵਾ ਕੇ ਇਸ ਵੰਡ ਨੂੰ ਹੋਰ ਗਹਿਰਾ ਬਣਾ ਦਿੱਤਾ।

ਕਿਸਾਨ ਵਰਗ ਦੀ ਵੰਡ ਦਾ ਅਧਾਰ ਕੇਵਲ ਆਰਥਿਕ ਹੀ ਨਹੀਂ ਸੀ। ਪਿੰਡਾਂ ਦੇ ਸਥਾਈ ਨਿਵਾਸ (ਉਤਰ ਭਾਰਤ ਵਿੱਚ ਖੁਦ ਕਾਸ਼ਤ, ਮਹਾਰਾਸ਼ਟਰ ਵਿੱਚ ਮਿਰਾਸਦਾਰ ਅਤੇ ਦੱਕਨ ਵਿੱਚ ਥਾਲਵੈਕ ਜਾਂ ਥਾਲਕਰ) ਅਤੇ ਅਸਥਾਈ ਨਿਵਾਸੀਆਂ (ਉਤਰ ਭਾਰਤ ਵਿੱਚ ਪਾਈ ਕਾਸ਼ਤ, ਮਹਾਰਾਸ਼ਟਰ ਵਿੱਚ ਉਪਰੀ) ਵਿੱਚ ਵੀ ਫਰਕ ਸੀ। ਜਾਤੀ ਬੰਧਨ ਅਤੇ ਗੋਤ ਸਬੰਧ (ਬਿਹਾਰੀ ਅਤੇ ਭਾਈਚਾਰਾ) ਵੀ ਵੰਡ ਦੇ ਅਧਾਰ ਸਨ।

ਭਾਰਤ ਦੇ ਪਿੰਡਾਂ ਵਿੱਚ ਕਿਸਾਨਾਂ ਨਾਲੋਂ ਵੀ ਹਠਾਂ, ਸਮਾਜਿਕ ਦ੍ਰਿਸ਼ਟੀ ਨਾਲ ਵੀ ਹੇਠਲੀ, ਇਕ ਮਜ਼ਦੂਰ ਵਰਗ ਸੀ, ਜਿਨ੍ਹਾਂ ਨੂੰ ਦਾਸ ਸਮਝਿਆ ਜਾਂਦਾ ਸੀ। ਮਜ਼ਦੂਰ ਜਾਤੀ ਦੀ ਤੁਲਨਾ ਵਿੱਚ ਉਨ੍ਹਾਂ ਦੀ ਸੰਖਿਆ ਦਾ ਅੰਦਾਜ਼ਾ ਲਗਾਉਣਾ ਲੱਗਭਗ ਅਸੰਭਵ ਹੈ ਪਰ ਸੰਭਵ ਤੌਰ 'ਤੇ ਭਾਰਤ ਦੀ ਪੇਂਡੂ ਜਨਸੰਖਿਆ ਵਿੱਚ ਉਨ੍ਹਾਂ ਦੀ ਆਬਾਦੀ ਕਾਫੀ ਸੀ। ਤੱਤਕਾਲੀਨ ਸਾਹਿਤ ਵਿੱਚ ਉਨ੍ਹਾਂ ਨੂੰ ਤਮਾਰ, ਬਲਾਹਾਰ, ਥੋਰੀ ਅਤੇ ਧਾਨੁਕ ਆਦਿ ਕਿਹਾ ਗਿਆ ਹੈ, ਕਿਉਂਕਿ ਉਹ ਕਿਸਾਨਾਂ ਅਤੇ ਜ਼ਿਮੀਂਦਾਰਾਂ ਦੇ ਖੇਤਾਂ ਵਿੱਚ ਕੰਮ ਕਰਦੇ ਸਨ, ਇਸ ਲਈ ਉਨ੍ਹਾਂ ਨੂੰ ਦਬਾਅ ਕੇ ਰੱਖਣਾ ਉਨ੍ਹਾਂ ਦੋਵਾਂ ਦੇ ਹਿੱਤ ਵਿੱਚ ਸੀ। ਸਸਤੀ ਦਰ 'ਤੇ ਮਜ਼ਦੂਰ ਉਪਲੱਬਧ ਹੋਣ ਕਾਰਨ ਖੇਤੀ ਲਾਗਤ ਵਿੱਚ ਕਮੀ ਆਈ ਅਤੇ 'ਅਧਿਸ਼ੇਸ਼' ਉਤਪਾਦਨ ਵਿੱਚ ਵਾਧਾ ਹੋ ਗਿਆ। ਇਸ ਵਿੱਚ ਸ਼ਾਸਕ ਅਤੇ ਜ਼ਿਆਦਾ ਰਾਜਸਵ ਵਸੂਲਣ ਦੀ ਸਥਿਤੀ ਵਿੱਚ ਪ੍ਰਵਰਤ ਹੋਇਆ। ਹੇਠਲੀ ਜਾਤੀ ਦੇ ਇਨ੍ਹਾਂ ਮਜ਼ਦੂਰਾਂ ਦਾ ਸ਼ੋਸ਼ਣ ਰਾਜ, ਜ਼ਿਮੀਂਦਾਰ ਅਤੇ ਕਿਸਾਨ ਇਕੱਠੇ ਮਿਲ ਕੇ ਕਰਦੇ ਸਨ।

### (ਗ) ਪੇਂਡੂ ਸਮੁਦਾਇ

ਇਕ ਪਿੰਡ ਦੇ ਕਿਸਾਨ ਆਮ ਤੌਰ 'ਤੇ ਇਕ ਹੀ ਜਾਤੀ ਦੇ ਹੁੰਦੇ ਸਨ। ਇਤਿਹਾਸਿਕ ਰੂਪ ਵਿੱਚ ਇਨ੍ਹਾਂ ਪਿੰਡਾਂ ਨੂੰ ਇਕ ਪਰਿਵਾਰ ਜਾਂ ਕੁੱਲ ਵੱਲੋਂ ਵਸਾਇਆ ਜਾਂਦਾ ਸੀ। ਪ੍ਰਭਾਵਸ਼ਾਲੀ ਜਾਤੀ ਦੇ ਕਿਸਾਨਾਂ ਤੋਂ ਇਲਾਵਾ ਇਕ ਪਿੰਡ ਵਿੱਚ ਹੇਠਲੀ ਜਾਤੀ ਦੇ ਮਜ਼ਦੂਰ

ਵੀ ਰਿਹਾ ਕਰਦੇ ਸਨ। ਤੱਤਕਾਲੀਨ ਅਭਿਲੇਖਾਂ ਨੂੰ ਦੇਖਣ ਤੋਂ ਲੱਗਦਾ ਹੈ ਕਿ ਕਈ ਮਾਮਲਿਆਂ ਵਿੱਚ ਇਹ ਪੇਂਡੂ ਸਮੁਦਾਇ ਦੇ ਰੂਪ ਵਿੱਚ ਕੰਮ ਕਰਦੇ ਸਨ। ਇਸ ਤੋਂ ਅਜਿਹਾ ਨਹੀਂ ਸਮਝਣਾ ਚਾਹੀਦਾ ਕਿ ਇੱਥੇ ਕਿਸੇ ਤਰ੍ਹਾਂ ਦੀ ਸਮੁਦਾਇਕ ਭੂਮੀ ਦੀ ਵਿਵਸਥਾ ਸੀ। ਖੇਤਾਂ ਦਾ ਮਾਲਿਕ ਨਿਸ਼ਚਿਤ ਰੂਪ ਵਿੱਚ ਕੋਈ ਕਿਸਾਨ ਹੁੰਦਾ ਸੀ। ਰਾਜਸਵ ਨਿਰਧਾਰਣ ਅਤੇ ਵਸੂਲੀ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜਸਵ ਪਦਾਧਿਕਾਰੀ ਪਿੰਡ ਨੂੰ ਇਕ ਇਕਾਈ ਮੰਨ ਲਿਆ ਕਰਦੇ ਸਨ। ਪਟਵਾਰੀ ਵੱਲੋਂ ਪੇਂਡੂ ਪਦਾਧਿਕਾਰੀ ਦੇ ਰੂਪ ਵਿੱਚ ਕੰਮ ਕਰਨਾ ਇਸ ਦਾ ਸਬੂਤ ਹੈ। ਇਹ ਮੰਨਿਆ ਜਾਂਦਾ ਹੈ ਕਿ ਪਟਵਾਰੀ ਨੂੰ ਕਿਸਾਨਾਂ ਦੇ ਨਿੱਜੀ ਉਤਪਾਦਨ ਅਤੇ ਰਾਜਸਵ ਅਦਾਇਗੀ ਦਾ ਹਿਸਾਬ-ਕਿਤਾਬ ਰੱਖਣਾ ਪੈਂਦਾ ਸੀ ਪਰ ਪਿੰਡ ਇਕ ਇਕਾਈ ਦੇ ਰੂਪ ਵਿੱਚ ਰਾਜਸਵ ਨੂੰ ਭੁਗਤਾਨ ਕਰਦਾ ਸੀ। ਨਿੱਜੀ ਕਿਸਾਨਾਂ ਦੇ ਰਾਜਸਵ ਨੂੰ ਇਕ ਸਮੂਹਿਕ ਨਿਧੀ ਕੋਸ਼ ਵਿੱਚ ਪਾ ਦਿੱਤਾ ਜਾਂਦਾ ਸੀ, ਜੋ ਪਟਵਾਰੀ ਦੇ ਜ਼ਿੰਮੇ ਹੁੰਦਾ ਸੀ। ਇਸ ਕੋਸ਼ ਵਿੱਚੋਂ ਕੁਝ ਪਦਾਧਿਕਾਰੀਆਂ ਦੇ ਭੂਮੀ ਰਾਜਸਵ, ਟੈਕਸ ਅਤੇ ਹੋਰ ਰਾਸ਼ੀਆਂ ਅਤੇ ਪਿੰਡ ਦੇ ਸਮੂਹਿਕ ਖਰਚ ਦਾ ਭੁਗਤਾਨ ਕੀਤਾ ਜਾਂਦਾ ਸੀ। ਇੱਥੋਂ ਤੱਕ ਕਿ ਮਹਾਜਨ ਕੋਲੋਂ ਲਿਆ ਗਿਆ ਕਰਜ਼ਾ ਵੀ ਇਸੇ ਕੋਸ਼ ਵਿੱਚੋਂ ਚੁਕਾਇਆ ਜਾਂਦਾ ਸੀ।

ਪਿੰਡ ਦੇ ਪ੍ਰਭਾਵਸ਼ਾਲੀ ਲੋਕਾਂ ਨੂੰ ਮਿਲਾ ਕੇ ਇਕ ਪੇਂਡੂ ਪੰਚਾਇਤ ਬਣਦੀ ਸੀ। ਪੇਂਡੂ ਪੰਚਾਇਤ ਭੂਮੀ ਨਾਲ ਸਬੰਧਿਤ ਵਿਵਾਦਾਂ ਨੂੰ ਨਿਪਟਾਉਂਦੀ ਸੀ ਅਤੇ ਬੰਜਰ ਭੂਮੀ ਦੀ ਦੇਖਭਾਲ ਆਦਿ ਦਾ ਕੰਮ ਕਰਦੀ ਸੀ। ਅਪਰਾਧੀਆਂ ਨੂੰ ਗ੍ਰਿਫਤਾਰ ਕਰਨਾ, ਚੋਰੀ ਹੋਈ ਵਸਤੂ ਦਾ ਮੁੱਲ ਚੁਕਾਉਣਾ ਜਾਂ ਉਨ੍ਹਾਂ ਨੂੰ ਲੱਭ ਲੈਣਾ ਰਾਜ ਦੇ ਪ੍ਰਤੀ ਪੰਚਾਇਤ ਦੀ ਜ਼ਿੰਮੇਦਾਰੀ ਸੀ। ਪੰਚਾਇਤਾਂ ਰਾਜ ਤੋਂ ਉਪਰ ਨਹੀਂ ਸਨ। ਰਾਜ ਇਸ ਨੂੰ ਪੇਂਡੂ ਸਮਾਜ ਵਿੱਚ ਭੂਮਿਕਾ ਨਿਭਾਉਣ ਤੋਂ ਉਦੋਂ ਤੱਕ ਨਹੀਂ ਰੋਕਦਾ ਸੀ, ਜਦੋਂ ਤੱਕ ਕਿ ਰਾਜ ਦੇ ਅਧਾਰਭੂਤ ਸਿਧਾਂਤਾਂ 'ਤੇ ਹੀ ਹਮਲਾ ਨਾ ਕੀਤਾ ਜਾ ਰਿਹਾ ਹੋਵੇ।

ਪਿੰਡ ਵਿੱਚ ਕੁਝ ਸਮਾਜਿਕ ਸਮੁਦਾਇ ਅਜਿਹੇ ਵੀ ਹੁੰਦੇ ਸਨ ਜੋ ਸਿੱਧੇ ਖੇਤੀ ਉਤਪਾਦਨ ਨਾਲ ਸਬੰਧਿਤ ਨਹੀਂ ਸਨ ਪਰ ਖੇਤੀ ਗਤੀਵਿਧੀ ਯੋਂ ਵਿੱਚ ਉਨ੍ਹਾਂ ਦੀ ਕੁਝ ਨਾ ਕੁਝ ਭੂਮਿਕਾ ਹੁੰਦੀ ਸੀ। ਮਹਾਜਨ ਰਾਜ ਅਤੇ ਕਿਸਾਨਾਂ ਦੇ ਦਰਮਿਆਨ ਵਿਚਕਾਰਲਾ ਕੰਮ ਕਰਦਾ ਸੀ। ਉਸ ਦਾ ਪੇਂਡੂ ਸਮਾਜ ਅਤੇ ਅਰਥ ਵਿਵਸਥਾ 'ਤੇ ਕੰਟਰੋਲ ਹੁੰਦਾ ਸੀ, ਉਹ ਕਿਸਾਨਾਂ ਨੂੰ ਵਿਅਕਤੀਗਤ ਤੌਰ 'ਤੇ ਕਰਜ਼ਾ ਪ੍ਰਦਾਨ ਕਰਦਾ ਸੀ ਅਤੇ ਪਿੰਡ ਨੂੰ ਸਮੂਹਿਕ ਤੌਰ 'ਤੇ ਬੀਜ ਅਤੇ ਔਜ਼ਾਰ ਦੇ ਲਈ ਕਰਜ਼ੇ ਦਿੰਦਾ ਸੀ। ਉਹ ਰਾਜਸਵ ਅਦਾ ਕਰਨ ਅਤੇ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਨ ਦੇ ਲਈ ਵੀ ਕਿਸਾਨਾਂ ਨੂੰ ਕਰਜ਼ਾ ਦੇ ਦਿਆ ਕਰਦਾ ਸੀ।

ਪਿੰਡਾਂ ਵਿੱਚ ਕਾਰੀਗਰ ਵੀ ਰਿਹਾ ਕਰਦੇ ਸਨ। ਉਨ੍ਹਾਂ ਨੂੰ ਆਪਣੀਆਂ ਸੇਵਾਵਾਂ ਦੇ ਬਦਲੇ ਕਟਾਈ ਦੇ ਸਮੇਂ ਫਸਲ ਦਿੱਤੀ ਜਾਂਦੀ ਸੀ। ਦੱਕਨ ਅਤੇ ਮਹਾਰਾਸ਼ਟਰ ਵਿੱਚ ਇਹ ਵਿਵਸਥਾ ਸੁਚਾਰੂ ਰੂਪ ਵਿੱਚ ਚੱਲਦੀ ਸੀ। ਇਨ੍ਹਾਂ ਨੂੰ **ਬਲੂਤੇਦਾਰ** ਕਿਹਾ ਜਾਂਦਾ ਸੀ।

ਪੇਂਡੂ ਸਮੁਦਾਇ, ਪੰਚਾਇਤ ਜਾਂ ਬਲੂਤੇਦਾਰ ਦੀ ਵਿਵਸਥਾ ਮੁਗਲ ਸਾਮਰਾਜ ਦੇ ਸਾਰੇ ਪਿੰਡਾਂ ਵਿੱਚ ਇਕ ਬਰਾਬਰ ਨਹੀਂ ਸੀ। ਵੱਖ-ਵੱਖ ਪ੍ਰਦੇਸ਼ਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਰਚਨਾਵਾਂ ਸਨ। ਸਾਰੇ ਪਿੰਡਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਸਮੁਦਾਇਕ ਰਚਨਾ ਮੌਜੂਦ ਸੀ ਪਰ ਉਨ੍ਹਾਂ ਦੇ ਆਪਣੇ ਮੈਂਬਰਾਂ 'ਤੇ ਕੰਟਰੋਲ ਦਾ ਪੱਧਰ ਅਤੇ ਪ੍ਰਭਾਵ ਅਲੱਗ-ਅਲੱਗ ਸਨ।

### (ਘ) ਕਿਸਾਨ ਵਰਗਾਂ ਦੇ ਅੰਤ-ਸਬੰਧ

ਜਗੀਰਦਾਰ, ਧਾਰਮਿਕ ਅਨੁਦਾਨ ਪ੍ਰਾਪਤਕਰਤਾ, ਜ਼ਿਮੀਂਦਾਰ ਅਤੇ ਪੇਂਡੂ ਪੱਧਰ 'ਤੇ ਅਨੇਕਾਂ ਵਿਚੋਲੇ ਉਤਪਾਦਨ ਦੇ ਅਧਿਸ਼ੇਸ਼ 'ਚੋਂ ਆਪਣਾ ਹਿੱਸਾ ਲਿਆ ਕਰਦਾ ਸਨ। ਉਤਪਾਦਕ ਵਰਗ ਅਤੇ ਕਿਸਾਨ ਵਰਗ ਵੀ ਮਹੱਤਵਪੂਰਨ ਸਨ।

ਕਿਉਂਕਿ ਜ਼ਿਮੀਂਦਾਰਾਂ ਅਤੇ ਜਗੀਰਦਾਰਾਂ ਦਾ ਪਾਲਣ-ਪੋਲਣ ਕਿਸਾਨਾਂ ਵੱਲੋਂ ਉਪਜਾਏ ਗਏ ਅਨਾਜ ਦੇ ਅਧਿਸ਼ੇਸ਼ ਨਾਲ ਹੁੰਦਾ ਸੀ ਅਤੇ ਕਿਸਾਨਾਂ ਦੇ ਸ਼ੋਸ਼ਣ ਦੇ ਮਾਮਲੇ ਵਿੱਚ ਇਹ ਇਕ-ਦੂਸਰੇ ਦੀ ਸਹਾਇਤਾ ਕਰਿਆ ਕਰਦੇ ਸਨ। ਜ਼ਿਮੀਂਦਾਰ ਪਿੰਡ ਵਿੱਚ ਸਥਾਈ ਰੂਪ ਵਿੱਚ ਰਹਿੰਦਾ ਸੀ ਅਤੇ ਉਹ ਕਿਸਾਨਾਂ 'ਤੇ ਇੰਨਾ ਜ਼ਿਆਦਾ ਅੱਤਿਆਚਾਰ ਅਤੇ ਸ਼ੋਸ਼ਣ ਨਹੀਂ ਕਰਨਾ ਚਾਹੁੰਦਾ ਸੀ ਕਿ ਕਿਸਾਨ ਆਪਣਾ ਖੇਤ ਛੱਡ ਕੇ ਭੱਜ ਜਾਵੇ, ਜਿਸ ਦੇ ਫਲਸਰੂਪ ਖੇਤੀ ਕੰਮ ਦੇ ਬੰਦ ਹੋ ਜਾਣ ਦਾ ਡਰ ਸੀ। ਅਜਿਹਾ ਹੋਣ 'ਤੇ ਅਗਲੇ ਸਾਲ ਉਸੇ ਦੀ ਵਿੱਤੀ ਆਮਦਨੀ 'ਤੇ ਪ੍ਰਭਾਵ ਪੈਂਦਾ। **ਬਰਨੀਅਰ**, ਜੋ 17ਵੀਂ ਸ਼ਤਾਬਦੀ ਦੇ ਮੱਧ ਵਿੱਚ ਭਾਰਤ ਆਇਆ ਸੀ, ਉਸ ਨੇ ਜਗੀਰਦਾਰਾਂ ਦੇ ਦ੍ਰਿਸ਼ਟੀਕੋਣ 'ਤੇ ਵਿਸ਼ੇਸ਼ ਟਿੱਪਣੀ ਕੀਤੀ ਹੈ। ਜਗੀਰਾਂ ਦੇ ਜਲਦੀ-ਜਲਦੀ ਬਦਲਣ ਦੇ ਕਾਰਨ ਜਗੀਰਦਾਰ, ਰਾਜਪਾਲ ਅਤੇ ਰਾਜਸਵ ਦੇ ਠੇਕੇਦਾਰ ਕਿਸਾਨ ਦੀ ਤਰਸਯੋਗ ਸਥਿਤੀ ਦੀ ਚਿੰਤਾ ਬਿਲਕੁਲ ਨਹੀਂ ਕਰਦੇ ਸਨ। ਉਹ ਕੇਵਲ ਕਿਸਾਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਚੂਸਣਾ ਜਾਣਦੇ ਸਨ। ਉਨ੍ਹਾਂ ਦੇ ਸ਼ੋਸ਼ਣ ਤੋਂ ਤੰਗ ਆ ਕੇ ਕਿਸਾਨ ਆਪਣੇ ਖੇਤ ਛੱਡ ਕੇ ਭੱਜ ਜਾਂਦੇ ਸਨ ਅਤੇ ਖੇਤੀ ਨਹੀਂ ਹੁੰਦੀ ਸੀ।

18ਵੀਂ ਸ਼ਤਾਬਦੀ ਦਾ ਇਕ ਲੇਖਕ ਜਵਾਹਰ ਮੱਲ ਬੇਕਸ ਲਿਖਦਾ ਹੈ ਕਿ ਇਕ ਦਿਨ ਦਾ ਹਾਕਮ (ਜਗੀਰਦਾਰ) ਇਕ ਪਲ ਵਿੱਚ ਪੰਜ ਸੌ ਸਾਲਾਂ ਦੇ ਜ਼ਿਮੀਂਦਾਰ ਨੂੰ ਹਟਾ ਕੇ ਉਸ ਦੀ ਜਗ੍ਹਾ 'ਤੇ ਕਿਸੇ ਵੀ ਵਿਅਕਤੀ ਨੂੰ ਬਿਠਾ ਸਕਦਾ ਸੀ। ਇਰਫਾਨ ਹਬੀਬ ਉਸ ਦੀਆਂ ਸ਼ਿਕਾਇਤਾਂ ਦੀ ਵਿਸਥਾਰ ਨਾਲ ਚਰਚਾ ਕਰਦੇ ਹੋਏ ਲਿਖਦੇ ਹਨ, 'ਜਗੀਰਦਾਰ ਕਿਸਾਨਾਂ ਨੂੰ ਇਕ ਅਰਧ-ਦਾਸ ਦੀ ਤਰ੍ਹਾਂ ਭੂਮੀ ਨਾਲ ਬੰਨ੍ਹ ਕੇ ਰੱਖਣ ਦੀ ਤਾਕਤ ਰੱਖਦਾ ਸੀ ਅਤੇ ਉਹ ਭੱਜ ਜਾਣ ਤਾਂ ਦੁਬਾਰਾ ਫੜ੍ਹ ਕੇ ਵਾਪਿਸ ਬੁਲਾ ਸਕਦਾ ਸੀ।' 17ਵੀਂ ਸ਼ਤਾਬਦੀ ਦੇ ਦੌਰਾਨ ਜਗੀਰਾਂ ਦੀ ਅਸਥਿਰਤਾ ਅਤੇ ਅਨਿਸ਼ਚਿਤਤਾ ਦੇ ਕਾਰਨ ਜਗੀਰਦਾਰ ਕਿਸਾਨਾਂ ਦਾ ਖਾਤਮਾ ਕਰਨ ਲੱਗੇ।

ਨੋਟ

ਉਨ੍ਹਾਂ ਨੂੰ ਉਨ੍ਹਾਂ ਦੇ ਕਲਿਆਣ ਦੀ ਜ਼ਰਾ ਵੀ ਚਿੰਤਾ ਨਹੀਂ ਸੀ। ਇਰਫਾਨ ਹਬੀਬ ਦੇ ਅਨੁਸਾਰ ਹਾਲਾਂਕਿ ਬਿਨਾਂ ਸ਼ੱਕ ਮੁਗਲ ਸ਼ਾਸਨ ਦੇ ਜਗੀਰਦਾਰਾਂ ਦੀ ਨਾਜਾਇਜ਼ ਮੰਗ ਨੂੰ ਕੰਟਰੋਲ ਵਿੱਚ ਘੱਟ ਕਰਨ ਦੀ ਕੋਸ਼ਿਸ਼ ਕੀਤੀ ਅਤੇ ਫਿਰ ਵੀ ਇਹ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ ਕਿ ਜ਼ਿਮੀਂਦਾਰਾਂ ਵੱਲੋਂ ਨਿੱਜੀ ਤੌਰ 'ਤੇ ਥੋੜ੍ਹੇ ਸਮੇਂ ਲਈ ਵਧਾਏ ਗਏ ਰਾਜਸਵ ਦੇ ਦਬਾਅ ਨੂੰ ਇਸ ਵੱਲੋਂ ਘੱਟ ਲਿਆ ਜਾ ਸਕਿਆ ਸੀ। ਇਨ੍ਹਾਂ ਦਾਅਵਿਆਂ ਦੇ ਕਾਰਨ ਨਾ ਕੇਵਲ ਖੇਤੀ ਦੇ ਪ੍ਰਸਾਰ ਵਿੱਚ ਰੁਕਾਵਟ ਪਈ, ਸਗੋਂ ਇਸ ਨਾਲ ਮੁਗਲ ਸ਼ਾਸਕੀ ਵਰਗ ਦੋ ਪ੍ਰਮੁੱਖ ਖੇਤੀ ਵਰਗਾਂ, ਜ਼ਿਮੀਂਦਾਰਾਂ ਅਤੇ ਕਿਸਾਨ ਵਰਗ ਨਾਲ ਗਹਿਰੇ ਰੂਪ ਵਿੱਚ ਉਲਝ ਗਿਆ।

ਕਿਸਾਨ ਵਰਗ ਅੰਦਰੋਂ ਵੰਡਿਆ ਹੋਇਆ ਸੀ ਅਤੇ ਖੇਤੀ ਮਜ਼ਦੂਰਾਂ ਨਾਲ ਉਨ੍ਹਾਂ ਦੇ ਅੰਤ-ਵਿਰੋਧੀਆਂ ਦੇ ਕਾਰਨ ਇਹ ਵਰਗ ਸਸ਼ਕਤ ਅਤੇ ਸੰਗਠਿਤ ਵਰਗ ਦੇ ਰੂਪ ਵਿੱਚ ਨਹੀਂ ਉਠ ਸਕਿਆ ਅਤੇ ਇਸ ਵਰਗ ਦੀ ਸਮਰੱਥਾ ਵਿੱਚ ਕਮਜ਼ੋਰੀਆਂ ਪੈਦਾ ਹੋ ਗਈਆਂ। ਇਸ ਵੰਡੇ ਹੋਏ ਅਤੇ ਖੰਡਿਤ ਵਰਗ ਵਿੱਚ ਮੱਧਕਾਲੀਨ ਨਿਰੰਕੁਸ਼ ਰਾਜਤੰਤਰ ਨਾਲ ਲੜਨ ਦੀ ਸਮਰੱਥਾ ਨਹੀਂ ਸੀ। ਇਸ ਦੇ ਬਾਵਜੂਦ ਕਿਸਾਨਾਂ ਨੇ ਵਿਦਰੋਹ ਕੀਤਾ। ਵਿਦਰੋਹ ਉਦੋਂ ਹੁੰਦੇ ਸਨ, ਜਦੋਂ ਰਾਜਸਵ ਮੰਗ ਕਿਸਾਨਾਂ ਦੇ ਅਧਿਸ਼ੇਸ਼ ਉਤਪਾਦਨ ਤੋਂ ਜ਼ਿਆਦਾ ਹੋ ਜਾਂਦੀ ਸੀ ਅਤੇ ਇਸੇ ਤਰ੍ਹਾਂ ਉਨ੍ਹਾਂ ਦੀਂ ਹੋਂਦ 'ਤੇ ਹੀ ਸੰਕਟ ਆ ਜਾਂਦਾ ਸੀ। ਇਨ੍ਹਾਂ ਵਿਦਰੋਹਾਂ ਵਿੱਚ ਕਿਸਾਨਾਂ ਦੇ ਰਾਜਸਵ ਘਟਾਉਣ ਦੀ ਮੰਗ ਤੋਂ ਇਲਾਵਾ ਹੋਰ ਕੋਈ ਮੰਗ ਨਹੀਂ ਹੁੰਦੀ ਸੀ। ਜ਼ਿਮੀਂਦਾਰ ਵੀ ਜਗੀਰਦਾਰ ਦੇ ਖਿਲਾਫ ਵਿਰੋਧ ਕਰ ਰਹੇ ਸਨ, (ਇਹ ਵਿਦਰੋਹ ਕੇਵਲ ਉਤਪਾਦਨ ਵਿੱਚ ਹਿੱਸਾ ਲੈਣ ਦੇ ਲਈ ਹੁੰਦੇ ਸਨ)। ਕਿਸਾਨ ਇਸ ਉਮੀਦ ਵਿੱਚ ਉਨ੍ਹਾਂ ਦਾ ਸਾਥ ਦਿੰਦੇ ਸਨ ਕਿ ਵਿਦਰੋਹ ਤੋਂ ਬਾਅਦ ਉਨ੍ਹਾਂ ਦੀ ਸਥਿਤੀ ਸੁਧਰੇਗੀ ਜਾਂ ਫਿਰ ਆਪਣੇ ਮਾਲਿਕ ਦੀ ਸਿਰਫ ਸੇਵਾ ਦੇ ਉਦੇਸ਼ ਨਾਲ ਉਹ ਸਾਥ ਦਿਆ ਕਰਦੇ ਸਨ। ਇਸ ਤਰ੍ਹਾਂ ਦੇ ਕਿਸਾਨ ਵਿਦਰੋਹ ਮੁੱਖ ਤੌਰ 'ਤੇ ਜ਼ਿਮੀਂਦਾਰੀ ਵਿਦਰੋਹ ਹੀ ਸਨ, ਕਿਉਂਕਿ ਜ਼ਿਮੀਂਦਾਰ ਉਨ੍ਹਾਂ ਦੀ ਅਗਵਾਈ ਕਰਦੇ ਸਨ ਅਤੇ ਕਿਸਾਨ ਜ਼ਿਮੀਂਦਾਰਾਂ ਦੇ ਉਦੇਸ਼ ਪੂਰਤੀ ਵਿੱਚ ਸਹਾਇਕ ਦਾ ਕੰਮ ਕਰਦੇ ਸਨ।

## 12.6 ਵਪਾਰ ਵਿੱਚ ਵਾਧਾ (Development in Trade)

### 1. ਅੰਦਰੂਨੀ ਵਪਾਰ

#### (ੳ) ਸਥਾਨਕ ਅਤੇ ਪ੍ਰਾਂਤਕ ਵਪਾਰ

ਭੂ-ਰਾਜਸਵ ਨਕਦ ਵਸੂਲ ਕੀਤਾ ਜਾਂਦਾ ਸੀ। ਇਸ ਦਾ ਅਰਥ ਇਹ ਹੋਇਆ ਕਿ ਅਧਿਸ਼ੇਸ਼ ਖੇਤੀ ਉਤਪਾਦ ਨੂੰ ਵੇਚਿਆ ਜਾਂਦਾ ਸੀ, ਇਸ ਦਾ ਜ਼ਿਆਦਾਤਰ ਹਿੱਸਾ ਪਿੰਡ ਵਿੱਚ ਹੀ ਵੇਚਿਆ ਜਾਂਦਾ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਬਾਜ਼ਾਰਾਂ (ਪ੍ਰੰਪਰਾਗਤ ਅਨਾਜ ਵਪਾਰੀ) ਵੱਲੋਂ ਖਰੀਦ ਲਿਆ ਜਾਂਦਾ ਸੀ ਅਤੇ ਉਹ ਇਸ ਨੂੰ ਦੂਸਰੇ ਸ਼ਹਿਰਾਂ ਅਤੇ ਬਾਜ਼ਾਰਾਂ ਵਿੱਚ ਲੈ ਜਾਂਦੇ ਸਨ। **ਬਰਨੀਅਰ** ਨਾਮਕ ਫ੍ਰਾਂਸਿਸੀ ਯਾਤਰੀ 17ਵੀਂ ਸ਼ਤਾਬਦੀ ਵਿੱਚ ਭਾਰਤ ਆਇਆ ਸੀ, ਉਹ ਦੱਸਦਾ ਸੀ ਕਿ ਲੱਗਭਗ ਹਰੇਕ ਕੰਮ ਵਿੱਚ ਚਾਵਲ, ਆਟਾ, ਮੱਖਣ, ਦੁੱਧ, ਸਬਜ਼ੀ, ਚੀਨੀ ਅਤੇ ਵੱਖ-ਵੱਖ ਤਰ੍ਹਾਂ ਦੀਆਂ ਮਠਿਆਈਆਂ ਖਰੀਦੀਆਂ ਜਾ ਸਕਦੀਆਂ ਸਨ। ਇੱਥੋਂ ਤੱਕ ਕਿ ਕਈ ਪਿੰਡਾਂ ਵਿੱਚ ਭੇਡ, ਬੱਕਰੀ, ਮੁਰਗਾ ਆਦਿ ਵੀ ਉਪਲੱਬਧ ਹੁੰਦੇ ਸਨ। ਉਸ ਦੇ ਅਨੁਸਾਰ ਹਰੇਕ ਵੱਡੇ ਪਿੰਡ ਵਿੱਚ ਇਕ ਸਰਾਫ ਜਾਂ ਮੁਦਰਾ ਵੀਨਿਮਯਕਰਤਾ ਹੁੰਦਾ ਸੀ। ਇਸ ਤੋਂ ਇਲਾਵਾ ਖੇਤਰ ਵਿਸ਼ੇਸ਼ ਦੇ ਹਰੇਕ ਸ਼ਹਿਰ ਵਿੱਚ ਇਕ ਬਾਜ਼ਾਰ ਹੁੰਦਾ ਸੀ, ਜਿੱਥੇ ਨੇੜੇ-ਤੇੜੇ ਲੋਕ ਸਮਾਨਾਂ ਦੀ ਖਰੀਦ ਵਿਕਰੀ ਕਰਿਆ ਕਰਦੇ ਸਨ। ਇਨ੍ਹਾਂ ਨਿਯਮਿਤ ਬਾਜ਼ਾਰਾਂ ਦੇ ਹਾਟ ਜਾਂ ਪੇਂਠ ਵੀ ਲੱਗਦੇ ਸਨ। ਇੱਥੇ ਪਿੰਡ ਦੇ ਲੋਕ ਰੋਜ਼ਮਰਾ ਦੀਆਂ ਵਸਤੂਆਂ ਦਾ ਆਦਾਨ-ਪ੍ਰਦਾਨ ਕਰ ਸਕਦੇ ਸਨ ਜਾਂ ਖਰੀਦ ਵਿਕਰੀ ਕਰਿਆ ਕਰਦੇ ਸਨ। ਹਾਟ ਨਿਯਤ ਕਾਲੀਕ ਬਾਜ਼ਾਰ ਹੁੰਦੇ ਸਨ ਜੋ ਹਫਤੇ ਵਿੱਚ ਕਿਸੇ ਖਾਸ ਦਿਨ ਲਗਾਏ ਜਾਂਦੇ ਸਨ। ਇਸ ਤਰ੍ਹਾਂ ਦੇ ਕੁਝ ਕਸਬਿਆਂ ਅਤੇ ਵੱਡੇ ਪਿੰਡਾਂ ਵਿੱਚ ਅਵਸਥਿਤ ਹੁੰਦੇ ਸਨ। ਇਸ ਤਰ੍ਹਾਂ ਵੱਖ-ਵੱਖ ਖੇਤਰਾਂ ਵਿੱਚ ਛੋਟੇ ਅਤੇ ਵੱਡੇ ਔਜ਼ਾਰਾਂ ਅਤੇ ਹਾਟ, ਪੇਂਠ, ਮੰਡੀ ਅਤੇ ਵਿਅਕਤੀਗਤ ਰੂਪ ਵਿੱਚ ਵਪਾਰੀਆਂ ਦੇ ਮਾਧਿਅਮ ਨਾਲ ਵਪਾਰਕ ਗਤੀਵਿਧੀਆਂ ਚੱਲਦੀਆਂ ਰਹਿੰਦੀਆਂ ਸਨ।

ਇਹ ਸਥਾਨਕ ਵਪਾਰਕ ਕੇਂਦਰ ਉਸ ਖੇਤਰ ਦੇ ਵੱਡੇ ਵਣਿਜਕ ਕੇਂਦਰਾਂ ਨਾਲ ਜੁੜੇ ਹੁੰਦੇ ਸਨ। ਹਰੇਕ ਮੁਗਲ ਪ੍ਰਾਂਤ ਵਿੱਚ ਇਕ ਵੱਡਾ ਵਣਿਜਕ ਕੇਂਦਰ ਹੁੰਦਾ ਸੀ, ਉਥੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਉਤਪਾਦਨ ਵਸਤੂਆਂ ਦਾ ਵਪਾਰ ਹੁੰਦਾ ਸੀ। ਆਮ ਤੌਰ 'ਤੇ ਇਹ ਵੱਡੇ ਸ਼ਹਿਰ ਸੂਬੇ ਦੇ ਪ੍ਰਸ਼ਾਸਨਿਕ ਦਫਤਰ ਹੋਇਆ ਕਰਦੇ ਸਨ। ਪਟਨਾ, ਅਹਿਮਦਾਬਾਦ, ਸੂਰਤ, ਢਾਕਾ, ਆਗਰਾ, ਦਿੱਲੀ, ਲਾਹੌਰ, ਸੁਲਤਾਨ, ਅਜਮੇਰ, ਥੱਟਾ, ਬੁਰਹਾਨਪੁਰ, ਮਛਲੀ ਪੱਟਮ, ਬੀਜਾਪੁਰ, ਹੈਦਰਾਬਾਦ, ਕਾਲੀਕਟ, ਕੋਚੀਨ ਆਦਿ ਇਸ ਤਰ੍ਹਾਂ ਦੇ ਵਪਾਰਕ ਕੇਂਦਰਾਂ ਦੇ ਕੁਝ ਉਦਾਹਰਣ ਹਨ। ਸਾਡੇ ਸਰੋਤਾਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਣਿਜਕ ਕੇਂਦਰਾਂ ਵਿੱਚ ਕੇਵਲ ਉਸ ਪ੍ਰਾਂਤ ਦੀਆਂ ਵਸਤੂਆਂ ਹੀ ਨਹੀਂ ਮਿਲਦੀਆਂ ਸਨ, ਸਗੋਂ ਇੱਥੇ ਦੂਸਰੇ ਪ੍ਰਾਂਤਾਂ ਅਤੇ ਵਿਦੇਸ਼ਾਂ ਵਿੱਚ ਬਣੀਆਂ ਵਸਤੂਆਂ ਵੀ ਉਪਲੱਬਧ ਹੁੰਦੀਆਂ ਸਨ। ਹਰੇਕ ਸ਼ਹਿਰ ਵਿੱਚ ਕਈ ਬਾਜ਼ਾਰ ਹੁੰਦੇ ਸਨ। ਕੇਵਲ ਅਹਿਮਦਾਬਾਦ ਅਤੇ ਉਸ ਦੇ ਨੇੜੇ-ਤੇੜੇ ਲੱਗਭਗ 19 ਮੰਡੀਆਂ ਸਨ। ਬਾਜ਼ਾਰ 'ਤੇ ਲਗਾਏ ਗਏ ਵਣਿਜਕ ਕਰ ਨੂੰ ਬਾਜ਼ਾਰ ਦੇ ਅਕਾਰ ਦਾ ਸੂਚਕ ਅੰਕ ਮੰਨਿਆ ਜਾ ਸਕਦਾ ਹੈ।

ਇਨ੍ਹਾਂ ਕੇਂਦਰਾਂ ਵਿੱਚ ਨੇੜੇ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਤੋਂ ਚੀਜ਼ਾਂ ਵਿਕਣ ਦੇ ਲਈ ਆਉਂਦੀਆਂ ਸਨ। ਭਾਵ ਪਟਨਾ ਤੋਂ ਰੇਸ਼ਮ, ਵੈਕੁੰਟਪੁਰ ਤੋਂ ਸੂਤੀ ਕੱਪੜੇ, ਨੰਦਨਪੁਰ ਅਤੇ ਸਲੀਮਪੁਰ ਤੋਂ ਤੇ ਸੂਬੇ ਦੇ ਹੋਰ ਹਿੱਸਿਆਂ ਵਿੱਚੋਂ ਸਬਜ਼ੀਆਂ, ਅਫੀਮ ਅਤੇ ਚੀਨੀ

ਨੋਟ

ਆਉਂਦੀ ਸੀ। ਕੁਝ ਸ਼ਹਿਰ ਕੁਝ ਖਾਸ ਚੀਜ਼ਾਂ ਦੇ ਵਪਾਰ ਦੇ ਲਈ ਵਿਸ਼ੇਸ਼ ਬਾਜ਼ਾਰ ਸਮਝੇ ਜਾਂਦੇ ਸਨ। ਭਾਵ ਬਹੁਰਾਨਪੁਰ (ਕਪਾਹ ਮੰਡੀ), ਅਹਿਮਦਾਬਾਦ (ਕੱਪੜਾ), ਕੈਂਬੇ (ਰਤਨ ਬਾਜ਼ਾਰ), ਸੂਰਤ ਸਰਖੇਜ਼ (ਨੀਲ), ਆਗਰਾ, ਵਿਆਨਾ (ਨੀਲ) ਆਦਿ।

### (ਖ) ਅੰਤਰਪ੍ਰਾਂਤੀ ਵਪਾਰ

ਭਾਰਤ ਦਾ ਅੰਤਰਪ੍ਰਾਂਤੀ ਵਪਾਰ ਕਾਫੀ ਵਿਕਸਿਤ ਸੀ। ਆਵਾਜਾਈ ਦੇ ਖਰਚ ਅਤੇ ਆਉਣ-ਜਾਣ ਵਿੱਚ ਲੱਗਣ ਵਾਲੇ ਸਮੇਂ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਅੰਤਰਪ੍ਰਾਂਤੀ ਵਪਾਰ ਦਾ ਨਤੀਜਾ ਕਾਫੀ ਉਚਾ ਸੀ। ਵਪਾਰ ਦੇ ਲਈ ਵਸਤੂਆਂ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਸੈਂਕੜਿਆਂ ਅਤੇ ਕਦੇ-ਕਦੇ ਹਜ਼ਾਰਾਂ ਮੀਲ ਦੂਰ ਲੈ ਜਾਂਦੀਆਂ ਸਨ। ਅੰਤਰਪ੍ਰਾਂਤੀ ਵਪਾਰ ਵਿੱਚ ਅਨਾਜ ਅਤੇ ਵੱਖ-ਵੱਖ ਤਰ੍ਹਾਂ ਦੇ ਕੱਪੜਿਆਂ ਦਾ ਵਿਸ਼ੇਸ਼ ਸਥਾਨ ਸੀ। ਲੰਬੀ ਦੂਰੀ ਦੇ ਵਪਾਰ ਵਿੱਚ ਵਿਲਾਸ ਦੀਆਂ ਵਸਤੂਆਂ, ਧਾਤੂ ਅਤੇ ਕੱਪੜੇ ਵੀ ਸ਼ਾਮਿਲ ਹੁੰਦੇ ਸਨ। ਇਨ੍ਹਾਂ ਸਾਰੀਆਂ ਵਸਤੂਆਂ ਦੀ ਸੂਚੀ ਪੇਸ਼ ਕਰਨਾ ਸੰਭਵ ਨਹੀਂ ਹੈ। ਇੱਥੇ ਅਸੀਂ ਕੁਝ ਮਹੱਤਵਪੂਰਨ ਵਸਤੂਆਂ ਦੀ ਸੰਖੇਪ ਜਾਣਕਾਰੀ ਦੇਵਾਂਗੇ।

ਪੂਰਬ ਵਿੱਚ, ਬੰਗਾਲ ਦਾ ਭਾਰਤ ਦੇ ਸਾਰੇ ਹਿੱਸਿਆਂ ਨਾਲ ਵਪਾਰ ਸਬੰਧ ਕਾਫੀ ਵਿਕਸਿਤ ਸੀ। ਹੁਗਲੀ, ਢਾਕਾ, ਮੁਰਸ਼ਿਦਾਬਾਦ, ਮਾਲਦਾ, ਸਤ ਪਿੰਡ, ਟਾਂਡਾ, ਹਿਜਲੀ, ਸ਼੍ਰੀਪੁਰ, ਸੋਨਾਰ ਪਿੰਡ ਆਦਿ ਬੰਗਾਲ ਦੇ ਮਹੱਤਵਪੂਰਨ ਵਪਾਰਕ ਕੇਂਦਰ ਸਨ। ਇਨ੍ਹਾਂ ਵਿੱਚ ਹੁਗਲੀ ਵਪਾਰ ਦਾ ਸਭ ਤੋਂ ਮੁੱਖ ਕੇਂਦਰ ਸੀ। ਇੱਥੇ ਬਿਹਾਰ, ਉੜੀਸਾ ਅਤੇ ਬੰਗਾਲ ਦੇ ਕੁਝ ਵਰਗਾਂ ਤੋਂ ਮਾਲ ਲਿਆਂਦਾ ਜਾਂਦਾ ਸੀ। ਬੰਗਾਲ ਪੂਰੇ ਦੇਸ਼ ਨੂੰ ਅਨਾਜ ਦੀ ਪੂਰਤੀ ਕਰਦਾ ਸੀ। ਪਟਨਾ ਤੋਂ ਚਾਵਲ ਅਤੇ ਚੀਨੀ ਬੰਗਾਲ ਦੇ ਬਾਜ਼ਾਰਾਂ ਵਿੱਚ ਆਉਂਦਾ ਸੀ। ਪਟਨਾ ਦੇ ਨੇੜੇ ਯਖਾਵਰ ਕੱਪੜਾ ਉਤਪਾਦਨ ਦਾ ਮੁੱਖ ਕੇਂਦਰ ਸੀ. ਇੱਥੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਇੱਥੋਂ ਤੱਕ ਕਿ ਵਿਦੇਸ਼ ਤੋਂ ਆਏ ਵਪਾਰੀ ਮਾਲ ਖਰੀਦਦੇ ਸਨ। ਬੰਗਾਲ ਵਿੱਚ ਬਣਿਆ ਕੱਪੜਾ ਪਟਨਾ ਤੋਂ ਲੈ ਕੇ ਗੁਜਰਾਤ ਵਿੱਚ ਅਹਿਮਦਾਬਾਦ ਤੱਕ ਉਪਲੱਬਧ ਸੀ। ਗੁਜਰਾਤ ਅਤੇ ਬਿਹਾਰ ਵਿੱਚ ਵੱਡੇ ਪੈਮਾਨੇ 'ਤੇ ਰੇਸ਼ਮ (ਸਿਲਕ) ਬਣਾਇਆ ਜਾਂਦਾ ਸੀ ਪਰ ਇਸ ਦੇ ਲਈ ਕੱਚਾ ਮਾਲ ਬੰਗਾਲ ਤੋਂ ਆਉਂਦਾ ਸੀ। ਇਸ ਕੱਚੇ ਮਾਲ ਤੋਂ ਬਣਿਆ ਰੇਸ਼ਮੀ ਕੱਪੜਾ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਅਤੇ ਵਿਦੇਸ਼ ਵਿੱਚ ਭੇਜਿਆ ਜਾਂਦਾ ਸੀ। ਕਸ਼ਮੀਰ ਦਾ ਕੇਸਰ ਅਸਾਨੀ ਨਾਲ ਬੰਗਾਲ ਅਤੇ ਬਿਹਾਰ ਦੇ ਬਾਜ਼ਾਰਾਂ ਵਿੱਚ ਮਿਲ ਜਾਂਦਾ ਸੀ। ਬੁਰਹਾਨਪੁਰ ਵਿੱਚ ਬਣਨ ਵਾਲਾ ਸ਼ੀਂਟ ਦਾ ਕੱਪੜਾ ਵੀ ਬਾਜ਼ਾਰਾਂ ਵਿੱਚ ਮਿਲਦਾ ਸੀ। ਬੰਗਾਲ ਦਾ ਆਗਰਾ, ਬਨਾਰਸ ਅਤੇ ਉਤਰ ਭਾਰਤ ਦੇ ਹੋਰ ਸ਼ਹਿਰਾਂ ਦੇ ਨਾਲ ਨਿਯਮਿਤ ਵਪਾਰਕ ਸਬੰਧ ਸੀ।

ਪੱਛਮ ਵਿੱਚ ਅਹਿਮਦਾਬਾਦ ਅਤੇ ਸੂਰਤ ਸਭ ਤੋਂ ਵੱਡੇ ਵਣਿਜਕ ਕੇਂਦਰ ਸਨ। ਇੱਥੋਂ ਦੇ ਬਾਜ਼ਾਰਾਂ ਵਿੱਚ ਭਾਰਤ ਦੇ ਦੱਖਣ, ਉਤਰ ਅਤੇ ਪੂਰਬੀ ਹਿੱਸਿਆਂ ਵਿੱਚ ਬਣੇ ਕੱਪੜੇ ਉਪਲੱਬਧ ਹੁੰਦੇ ਸਨ। ਵੇਚਣ ਤੋਂ ਪਹਿਲਾਂ ਇੱਥੇ ਉਨ੍ਹਾਂ ਨੂੰ ਸੁਕਾਇਆ ਅਤੇ ਰੰਗਿਆ ਜਾਂਦਾ ਸੀ। ਬੰਗਾਲ ਦੇ ਕੱਚੇ ਰੇਸ਼ਮ ਨਾਲ ਗੁਜਰਾਤ ਵਿੱਚ ਰੇਸ਼ਮ ਦਾ ਕੱਪੜਾ ਬਣਾਇਆ ਜਾਂਦਾ ਸੀ ਅਤੇ ਉਸ ਨੂੰ ਉਤਰ ਦੇ ਬਾਜ਼ਾਰਾਂ ਵਿੱਚ ਲਿਜਾਇਆ ਜਾਂਦਾ ਸੀ। ਗੁਜਰਾਤ ਤੋਂ ਕਾਲੀ ਮਿਰਚ ਲਾਹੌਰ ਲਿਜਾਈ ਜਾਂਦੀ ਸੀ, ਗੁਜਰਾਤ ਵਿੱਚ ਲਾਖ ਬੰਗਾਲ ਤੋਂ ਆਉਂਦਾ ਸੀ, ਆਪਣੀ ਗੁਣਵੱਤਾ ਦੇ ਲਈ ਪ੍ਰਸਿੱਧ ਸਰਖੇਜ ਨੀਲ ਗੁਜਰਾਤ ਤੋਂ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਭੇਜਿਆ ਜਾਂਦਾ ਸੀ। ਗੁਜਰਾਤ, ਕੋਂਕਣ ਅਤੇ ਮਾਲਾਵਾਰ ਦੇ ਸ਼ਹਿਰਾਂ ਦੇ ਦਰਮਿਆਨ ਵਪਾਰਕ ਪੈਮਾਨੇ 'ਤੇ ਵਪਾਰ ਹੁੰਦਾ ਸੀ।

ਉਤਰ ਵਿੱਚ, ਆਗਰਾ 'ਚ ਕਾਫੀ ਮਾਤਰਾ ਵਿੱਚ ਰੇਸ਼ਮ ਬੰਗਾਲ ਤੋਂ ਆਉਂਦਾ ਸੀ। ਅਵਧ ਖੇਤਰ ਤੋਂ ਕਾਲੀਨ ਅਤੇ ਕੱਪੜੇ ਗੁਜਰਾਤ, ਬੰਗਾਲ, ਪਟਨਾ, ਲਾਹੌਰ ਅਤੇ ਮੁਲਤਾਨ ਲਿਜਾਏ ਜਾਂਦੇ ਸਨ। ਕਸ਼ਮੀਰ ਦਾ ਕੇਸਰ, ਲੱਕੜੀ ਦਾ ਸਮਾਨ, ਫਲ, ਊਨੀ ਸ਼ਾਲ ਆਦਿ ਉਤਰ, ਪੱਛਮੀ ਅਤੇ ਪੂਰਬੀ ਭਾਰਤ ਵਿੱਚ ਪਾਇਆ ਜਾਂਦਾ ਸੀ। ਕਸ਼ਮੀਰ ਤੋਂ ਮੁਲਤਾਨ, ਆਗਰਾ ਅਤੇ ਦਿੱਲੀ ਤੱਕ ਬਰਫ ਭੇਜੀ ਜਾਂਦੀ ਸੀ। ਸ਼ਾਹਜਾਦਪੁਰ (ਇਲਾਹਾਬਾਦ ਦੇ ਨੇੜੇ) ਤੋਂ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਕਾਗਜ਼ ਭੇਜਿਆ ਜਾਂਦਾ ਸੀ। ਵਿਆਨਾ (ਆਗਰਾ ਦੇ ਨੇੜੇ) ਦਾ ਪ੍ਰਸਿੱਧ ਨੀਲ ਲਾਹੌਰ, ਮੁਲਤਾਨ ਅਤੇ ਦੱਖਣ ਹਿੱਸਿਆਂ ਵਿੱਚ ਭੇਜਿਆ ਜਾਂਦਾ ਸੀ। ਰਾਜਸਵ ਦਾ ਪ੍ਰਸਿੱਧ ਸੰਗਮਰਮਰ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਖਾਸ ਕਰਕੇ ਆਗਰਾ ਅਤੇ ਦਿੱਲੀ ਭੇਜਿਆ ਜਾਂਦਾ ਸੀ। ਉਤਰ ਤੋਂ ਅਨਾਜ ਗੁਜਰਾਤ ਤੱਕ ਲਿਜਾਇਆ ਜਾਂਦਾ ਸੀ।

ਦੱਖਣ ਭਾਰਤ ਵਿੱਚ ਹੋਣ ਵਾਲਾ ਜ਼ਿਆਦਾਤਰ ਵਪਾਰ ਤੱਟਾਂ ਦੇ ਨੇੜੇ ਹੁੰਦਾ ਸੀ। ਬੰਗਾਲ ਵਿੱਚ ਉਤਪੰਨ ਨੀਲ ਨੂੰ ਕਾਫੀ ਮਾਤਰਾ ਵਿੱਚ ਮਛਲੀ ਪਟਨਮ ਵਿੱਚ ਵੇਚਿਆ ਜਾਂਦਾ ਸੀ। ਮਾਲਾਵਾਰ ਤੱਟ ਤੋਂ ਕਾਲੀ ਮਿਰਚ ਅਤੇ ਮਸਾਲੇ, ਬੀਜਾਪੁਰ, ਕੋਰੋਮੰਡਲ ਅਤੇ ਕੋਕਣ ਤੱਟ ਤੱਕ ਲਿਜਾਇਆ ਜਾਂਦਾ ਸਨ ਅਤੇ ਮਛਲੀ ਪਟਨਮ ਤੋਂ ਗੁਜਰਾਤ ਦਾ ਤੰਬਾਕੂ ਬੰਗਾਲ ਲਿਜਾਇਆ ਜਾਂਦਾ ਸੀ। ਗੋਲਕੁੰਡਾ ਦੀਆਂ ਖਾਨਾਂ ਤੋਂ ਪੂਰੇ ਭਾਰਤ ਦੀ ਹੀਰੇ ਦੀ ਪ੍ਰਾਪਤੀ ਹੁੰਦੀ ਸੀ।

ਖਣਿਜ ਅਤੇ ਧਾਤੂ ਕਿਸੇ ਖਾਸ ਜਗ੍ਹਾ ਹੀ ਪ੍ਰਾਪਤ ਹੁੰਦੇ ਸਨ, ਮੁਗਲ ਭਾਰਤ ਵਿੱਚ ਦੇਸ਼ ਦੇ ਸਾਰੇ ਲੋਕਾਂ ਵਿੱਚ ਉਨ੍ਹਾਂ ਨੂੰ ਵਪਾਰੀਆਂ ਵੱਲੋਂ ਪਹੁੰਚਾਇਆ ਜਾਂਦਾ ਸੀ। ਨਮਕ ਦਾ ਉਤਪਾਦਨ ਮੁੱਖ ਰੂਪ ਵਿੱਚ ਰਾਜਸਥਾਨ ਅਤੇ ਪੰਜਾਬ ਵਿੱਚ ਹੁੰਦਾ ਸੀ ਪਰ ਉਨ੍ਹਾਂ ਨੂੰ ਉਤਰੀ ਭਾਰਤ ਅਤੇ ਦੱਖਣ ਭਾਰਤ ਦੇ ਸਾਰੇ ਹਿੱਸਿਆਂ ਵਿੱਚ ਪਹੁੰਚਾਇਆ ਜਾਂਦਾ ਸੀ। ਤੱਟੀ ਪ੍ਰਦੇਸ਼ਾਂ ਵਿੱਚ ਸਮੁੰਦਰ 'ਚੋਂ ਨਮਕ ਪ੍ਰਾਪਤ ਕੀਤਾ ਜਾਂਦਾ ਸੀ। ਮੱਧ ਭਾਰਤ ਵਿੱਚ ਲੋਹੇ ਦਾ ਪ੍ਰਮੁੱਖ ਸਰੋਤ ਗਵਾਲੀਅਰ ਸੀ। ਇਸ ਤੋਂ ਇਲਾਵਾ ਰਾਜਸਥਾਨ, ਪੰਜਾਬ ਅਤੇ ਸਿੰਧ ਵਿੱਚ ਵੀ ਲੋਹਾ ਪਾਇਆ ਜਾਂਦਾ ਸੀ। ਚੰਗੇ ਕਿਸਮ ਦਾ ਇਸਪਾਤ ਗੁਜਰਾਤ ਵਿੱਚ ਕੱਚਾ, ਦੱਕਨ ਅਤੇ ਦੱਖਣ ਭਾਰਤ ਦੇ ਕੁਝ ਖੇਤਰਾਂ ਤੋਂ ਪਹੁੰਚਦਾ ਸੀ। ਤਾਂਬੇ ਦਾ ਉਤਪਾਦਨ ਰਾਜਸਥਾਨ, ਬਿਹਾਰ, ਸਿੰਧ ਅਤੇ ਉਤਰ ਭਾਰਤ ਦੇ ਕਈ ਹਿੱਸਿਆਂ ਵਿੱਚ ਹੁੰਦਾ ਸੀ।

ਨੋਟ

**(ਗ) ਤੱਟੀ ਵਪਾਰ**

ਲੰਬੀ ਦੂਰੀ ਅਤੇ ਆਵਾਜਾਈ ਦੇ ਤੇਜ਼ ਗਤੀ ਦੇ ਸਾਧਨਾਂ ਕਾਰਨ ਅੰਤਰਪ੍ਰਾਂਤੀ ਵਪਾਰ ਸਮੁੰਦਰ ਦੇ ਰਸਤੇ ਹੁੰਦਾ ਸੀ। ਜਿਨ੍ਹਾਂ ਵਿੱਚ ਕਈ ਤੱਟੀ ਇਲਾਕੇ ਸ਼ਾਮਿਲ ਹੁੰਦੇ ਸਨ। ਪੱਛਮੀ ਤੱਟ 'ਤੇ ਤੱਟੀ ਵਪਾਰ ਜ਼ਿਆਦਾ ਗਤੀਸ਼ੀਲ ਸੀ। ਹਾਲਾਂਕਿ ਪੂਰਬ ਤੱਟ 'ਤੇ ਵੀ ਕਾਫੀ ਵਪਾਰਕ ਗਤੀਵਿਧੀਆਂ ਹੁੰਦੀਆਂ ਸਨ। ਦੋਵਾਂ ਤੱਟਾਂ 'ਤੇ ਵਪਾਰਕ ਗਤੀਵਿਧੀਆਂ ਵੱਖ-ਵੱਖ ਤਰੀਕਿਆਂ ਨਾਲ ਸੰਗਠਿਤ ਕੀਤੀਆਂ ਜਾਂਦੀਆਂ ਸਨ। ਪੱਛਮੀ ਤੱਟ 'ਤੇ ਸਮੁੰਦਰੀ ਡਾਕੂਆਂ ਦਾ ਖਤਰਾ ਗੰਭੀਰ ਸੀ ਅਤੇ ਇਸ ਰਸਤੇ ਤੋਂ ਜਾਣ ਵਾਲੇ ਜਹਾਜ਼ ਇਕ ਕਾਰਵਾਂ ਵਿੱਚ ਜਾਂਦੇ ਸਨ, ਜਦੋਂ ਕਿ ਪੂਰਬੀ ਤੱਟ 'ਤੇ ਪੂਰੇ ਸਾਲ ਛੋਟੀਆਂ-ਵੱਡੀਆਂ ਕਿਸ਼ਤੀਆਂ ਨਾਲ ਵਪਾਰ ਹੁੰਦਾ ਸੀ।

ਪੱਛਮੀ ਤੱਟ 'ਤੇ ਮਈ ਅਤੇ ਸਿਤੰਬਰ ਦਰਮਿਆਨ ਸੁਰੱਖਿਆ ਨਾਲ ਕਾਰਵਾਂ ਬਣਾ ਕੇ ਵਪਾਰੀਆਂ ਦੇ ਜਹਾਜ਼ ਗੋਆ ਤੋਂ ਕੋਚੀਨ ਅਤੇ ਗੋਆ ਤੇ ਖੰਭਾਤ ਦਰਮਿਆਨ ਦੋ ਤੋਂ ਤਿੰਨ ਵਾਰ ਚੱਕਰ ਲਗਾ ਲੈਂਦੇ ਸਨ। ਖੰਭਾਤ ਜਾਣ ਵਾਲੇ ਕਾਰਵਾਂ ਵਿੱਚ ਵੱਖ-ਵੱਖ ਅਕਾਰਾਂ ਦੇ ਲੱਗਭਗ 200-300 ਜਹਾਜ਼ ਅਤੇ ਕਿਸ਼ਤੀਆਂ ਹੁੰਦੀਆਂ ਸਨ। ਇਹ ਕਣਕ, ਤੇਲ, ਦਾਲ, ਚੀਨੀ, ਕੱਪੜੇ ਅਤੇ ਵੱਖ-ਵੱਖ ਫੁਟਕਲ ਵਸਤੂਆਂ ਲਿਜਾਂਦੀਆਂ ਸਨ। ਕੋਚੀਨ ਅਤੇ ਗੋਆ ਵਿਚਕਾਰ ਜਾਣ ਵਾਲੇ ਕਾਰਵਾਂ ਇੰਨੇ ਵੱਡੇ ਨਹੀਂ ਹੁੰਦੇ ਸਨ ਪਰ ਇਸ ਵਿੱਚ ਬਹੁਤ ਜ਼ਿਆਦਾ ਤਰ੍ਹਾਂ ਦੇ ਸਮਾਨ ਲਿਜਾਏ ਜਾਂਦੇ ਸਨ। ਮਲਕਾ ਅਤੇ ਪੂਰਬ ਤੋਂ ਆਉਣ ਵਾਲੇ ਜਹਾਜ਼ ਸ਼੍ਰੀਲੰਕਾ ਦੇ ਨੇੜੇ-ਤੇੜੇ ਕਿਤੇ ਮਿਲਦੇ ਸਨ ਅਤੇ ਫਿਰ ਬੰਗਾਲ ਦੇ ਤੱਟੀ ਸ਼ਹਿਰਾਂ ਵਿੱਚ ਤਾਂਬਾ, ਜਿੰਕ, ਟੀਨ, ਤੰਬਾਕੂ, ਮਸਾਲੇ ਅਤੇ ਸ਼ੀਂਟ ਦੇ ਕੱਪੜਿਆਂ ਨਾਲ ਲੱਦੀਆਂ ਕਿਸ਼ਤੀਆਂ ਕੋਰੋਮੰਡਲ ਤੱਟਾਂ ਤੋਂ ਉਤਰਦੀਆਂ ਸਨ। ਵਿਜੇ ਨਗਰ ਅਤੇ ਗੋਲਕੁੰਡਾ ਤੋਂ ਲਿਆਂਦਾ ਗਿਆ ਕੱਪੜਾ, ਅਨਾਜ, ਲੋਹਾ, ਇਸਪਾਤ ਅਤੇ ਹੋਰ ਧਾਤੂਆਂ ਕੋਰੋਮੰਡਲ ਦੇ ਰਸਤੇ ਬੰਗਾਲ ਪਹੁੰਚਦੀਆਂ ਸਨ। ਬੰਗਾਲ ਦੇ ਤੱਟ ਤੋਂ ਚਾਵਲ, ਕੱਪੜੇ ਅਤੇ ਹੋਰ ਵਸਤੂਆਂ ਪੱਛਮੀ ਤੱਟ ਤੱਕ ਪਹੁੰਚਾਈਆਂ ਜਾਂਦੀਆਂ ਸਨ। ਸਿੰਧੂ-ਖੰਭਾਤ, ਗੁਜਰਾਤ-ਮਾਲਾਵਾਰ, ਬੰਗਾਲ-ਕੋਰੋਮੰਡਲ ਅਤੇ ਮਾਲਾਵਾਰ-ਕੋਰੋਮੰਡਲ ਦਰਮਿਆਨ ਤੱਟੀ ਵਪਾਰ ਕਾਫੀ ਮਾਤਰਾ ਵਿੱਚ ਹੁੰਦਾ ਸੀ।

**(2) ਵਿਦੇਸ਼ੀ ਵਪਾਰ**

ਸ਼ਤਾਬਦੀਆਂ ਤੋਂ ਭਾਰਤ ਦਾ ਵਪਾਰਕ ਸਬੰਧ ਹੋਰ ਦੇਸ਼ਾਂ ਦੇ ਨਾਲ ਰਿਹਾ ਹੈ। ਕਲਾਂਤਰ ਵਿੱਚ ਵਪਾਰ ਦੀ ਪੱਦਤੀ ਅਤੇ ਵਪਾਰ ਵਿੱਚ ਵਸਤੂਆਂ 'ਚ ਪਰਿਵਰਤਨ ਹੁੰਦਾ ਰਿਹਾ ਹੈ। 16ਵੀਂ ਅਤੇ 17ਵੀਂ ਸ਼ਤਾਬਦੀ ਵੀ ਭਾਰਤ ਦਾ ਹੋਰ ਦੇਸ਼ਾਂ ਦੇ ਨਾਲ ਸਮ੍ਰਿਧ ਵਪਾਰਕ ਲੈਣ-ਦੇਣ ਕਾਇਮ ਸੀ। ਇਸ ਕਾਲ ਦੇ ਵਿਦੇਸ਼ੀ ਵਪਾਰ ਦੀ ਪ੍ਰਮੁੱਖ ਵਿਸ਼ੇਸ਼ਤਾ ਯੂਰਪੀਆਂ ਦਾ ਭਾਰਤ ਵਿੱਚ ਆਉਣਾ ਸੀ। ਇਸ ਨਾਲ ਭਾਰਤ ਦੇ ਵਿਦੇਸ਼ ਵਪਾਰ ਵਿੱਚ ਕਈ ਗੁਣਾਂ ਵਾਧਾ ਹੋਇਆ। ਇਸ ਵਿਦੇਸ਼ੀ ਵਪਾਰ ਵਿੱਚ ਭਾਰਤੀ ਮਾਲ ਦਾ ਨਿਰਯਾਤ ਬਹੁਤ ਜ਼ਿਆਦਾ ਸੀ, ਜਦੋਂ ਕਿ ਆਯਾਤ ਦੀ ਮਾਤਰਾ ਕਾਫੀ ਘੱਟ ਸੀ।

**(ਕ) ਨਿਰਯਾਤ**

ਮੁੱਖ ਰੂਪ ਵਿੱਚ ਕੱਪੜਾ, ਸ਼ੋਰਾ ਅਤੇ ਨੀਲ ਦਾ ਨਿਰਯਾਤ ਕੀਤਾ ਜਾਂਦਾ ਸੀ। ਚੀਨੀ, ਅਫੀਮ, ਮਸਾਲੇ ਅਤੇ ਹੋਰ ਵੱਖ-ਵੱਖ ਉਤਪਾਦਨ ਨਿਰਯਾਤ ਦੀਆਂ ਹੋਰ ਵਸਤੂਆਂ ਸਨ।

**ਕੱਪੜਾ :** ਇਸ ਕਾਲ ਵਿੱਚ ਭਾਰਤ ਦਾ ਕੱਪੜਾ ਉਤਪਾਦਨ ਆਪਣੀ ਸ੍ਰੇਸ਼ਠਤਾ 'ਤੇ ਪਹੁੰਚਿਆ ਸੀ। ਨਿਰਯਾਤ ਵਧਣ ਨਾਲ ਉਤਪਾਦਨ ਵਿੱਚ ਕਾਫੀ ਤੇਜ਼ ਨਾਲ ਵਾਧਾ ਹੋਇਆ।

ਯੂਰਪੀ ਵਪਾਰੀਆਂ ਦੇ ਆਉਣ ਤੋਂ ਪਹਿਲਾਂ ਮੁਗਲ, ਖੁਰਾਸਾਨੀ, ਇਰਾਕੀ ਅਤੇ ਆਰਮੈਨੀਅਨ ਭਾਰਤੀ ਕੱਪੜੇ ਦੇ ਮੁੱਖ ਖਰੀਦਦਾਰ ਸਨ। ਉਹ ਇਨ੍ਹਾਂ ਕੱਪੜਿਆਂ ਨੂੰ ਮੱਧ ਏਸ਼ੀਆ, ਫਾਰਸ ਅਤੇ ਤੁਰਕੀ ਲਿਜਾਂਦੇ ਸਨ। ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਖਰੀਦੀਆਂ ਗਈਆਂ ਇਨ੍ਹਾਂ ਵਸਤੂਆਂ ਨੂੰ ਲਾਹੌਰ ਦੇ ਰਸਤੇ ਥਲ ਮਾਰਗ ਰਾਹੀਂ ਲਿਜਾਇਆ ਜਾਂਦਾ ਸੀ। ਵਪਾਰ ਦੇ ਕੁੱਲ ਨਤੀਜੇ ਦਾ ਅੰਦਾਜ਼ਾ ਲਗਾਉਣਾ ਔਖਾ ਹੈ। 17ਵੀਂ ਸ਼ਤਾਬਦੀ ਦੇ ਭਾਰਤ ਤੋਂ ਹੀ ਡਚ ਅਤੇ ਅੰਗਰੇਜ਼ਾਂ ਨੇ ਭਾਰਤੀ ਕੱਪੜਿਆਂ ਦਾ ਵਪਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਵਪਾਰ ਦੇ ਲਈ ਕੱਪੜਿਆਂ ਦੀਆਂ ਕਈ ਕਿਸਮਾਂ ਉਪਲੱਬਧ ਸਨ। ਜਿਵੇਂ ਬਾਫਤਾ, ਸਮਾਨੀ, ਖੈਰਾਬਾਦੀ, ਦਾਰਿਆਬਾਦੀ, ਅਮਰਬਰਤੀ, ਕੈਇਮਖਾਨੀ ਹੋਰ ਕਈ ਤਰ੍ਹਾਂ ਦੇ ਸੂਤੀ ਕੱਪੜੇ ਅਤੇ ਮਲਮਲ। ਬਾਅਦ ਵਿੱਚ ਪੂਰਬੀ ਤੱਟ ਤੋਂ ਵੀ ਸੂਤੀ ਕੱਪੜਿਆਂ ਦੀਆਂ ਕਈ ਕਿਸਮਾਂ ਪ੍ਰਾਪਤ ਕੀਤੀਆਂ ਜਾਣ ਲੱਗੀਆਂ। ਸ਼ੀਂਟ ਅਤੇ ਰੰਗੀਨ ਕੱਪੜਿਆਂ ਦੀ ਵਿਦੇਸ਼ਾਂ ਵਿੱਚ ਖੂਬ ਮੰਗ ਸੀ। ਗੁਜਰਾਤ, ਜੌਨਪੁਰ ਅਤੇ ਬੰਗਾਲ ਦੇ ਕਾਲੀਨਾਂ ਦਾ ਵੀ ਨਿਰਯਾਤ ਹੁੰਦਾ ਸੀ।

**ਸ਼ੋਰਾ :** ਸ਼ੋਰਾ ਵਿੱਚ ਬਾਰੂਦ ਬਣਾਇਆ ਜਾਂਦਾ ਸੀ ਅਤੇ ਯੂਰਪ ਵਿੱਚ ਇਸ ਦੀ ਮੰਗ ਸੀ। 16ਵੀਂ ਸ਼ਤਾਬਦੀ ਵਿੱਚ ਇਸ ਦੇ ਨਿਰਯਾਤ ਦਾ ਕੋਈ ਹਵਾਲਾ ਨਹੀਂ ਮਿਲਦਾ। 17ਵੀਂ ਸ਼ਤਾਬਦੀ ਵਿੱਚ ਡਚ ਕੰਪਨੀ ਨੇ ਕੋਰੋਮੰਡਲ ਤੋਂ ਇਸ ਦਾ ਨਿਰਯਾਤ ਆਰੰਭ ਕੀਤਾ। ਇਸ ਤੋਂ ਬਾਅਦ ਅੰਗਰੇਜ਼ਾਂ ਨੇ ਵੀ ਇਸ ਪਥ ਦਾ ਅਨੁਗਮਨ ਕੀਤਾ। 17ਵੀਂ ਸ਼ਤਾਬਦੀ ਵਿੱਚ ਡਚ ਅਤੇ ਅੰਗਰੇਜ਼ ਕੋਰੋਮੰਡਲ ਗੁਜਰਾਤ ਅਤੇ ਆਗਰਾ ਤੋਂ ਇਸ ਦਾ ਕਾਫੀ ਮਾਤਰਾ ਵਿੱਚ ਨਿਰਯਾਤ ਕਰ ਰਹੇ ਸਨ। 17ਵੀਂ ਸ਼ਤਾਬਦੀ ਦੇ ਦੌਰਾਨ ਬਿਹਾਰ ਤੋਂ ਉੜੀਸਾ ਹੋ ਕੇ ਅਤੇ ਬੰਗਾਲ ਦੇ ਤੱਟਾਂ ਤੋਂ ਇਸ ਦਾ ਨਿਰਯਾਤ ਆਰੰਭ ਹੋਇਆ। ਜਲਦੀ ਹੀ ਬਿਹਾਰ ਮਹੱਤਵਪੂਰਨ ਨਿਰਯਾਤਕ ਬਣ ਗਿਆ।

**ਨੀਲ** : ਜ਼ਿਆਦਾਤਰ ਉਤਰੀ ਭਾਰਤ, ਪੰਜਾਬ, ਸਿੰਧ ਅਤੇ ਗੁਜਰਾਤ ਵਿੱਚ ਨੀਲ ਦਾ ਉਤਪਾਦਨ ਹੁੰਦਾ ਸੀ। ਇਸ ਦਾ ਇਸਤੇਮਾਲ ਰੰਗਾਈ ਲਈ ਨੀਲੇ ਰੰਗ ਦੇ ਰੂਪ ਵਿੱਚ ਹੁੰਦਾ ਸੀ। ਨਿਰਯਾਤ ਲਈ ਸਰਖੇਜ਼ (ਗੁਜਰਾਤ) ਅਤੇ (ਆਗਰਾ ਦੇ ਨੇੜੇ) ਵਿਆਨਾ ਵਿੱਚ ਬਣਾਏ ਜਾਣ ਵਾਲੇ ਨੀਲ ਦੀ ਕਾਫੀ ਮੰਗ ਸੀ। ਪਹਿਲਾਂ ਉਸ ਨੂੰ ਗੁਜਰਾਤ ਤੋਂ ਫਾਰਸ ਦੀ ਖਾੜੀ ਅਤੇ ਲਾਹੌਰ ਤੋਂ ਏਲੋਪੋ ਦੇ ਬਾਜ਼ਾਰਾਂ ਵਿੱਚ ਭੇਜਿਆ ਜਾਂਦਾ ਸੀ। ਬਾਅਦ ਵਿੱਚ ਯੂਰਪੀ ਕੰਪਨੀਆਂ ਵੀ ਇਸ ਦਾ ਵਪਾਰ ਕਰਨ ਲੱਗੀਆਂ। 16ਵੀਂ ਸ਼ਤਾਬਦੀ ਦੇ ਚਤੁਰਥਾਰਸ਼ ਤੋਂ ਪੁਰਤਗਾਲੀ ਇਸ ਦਾ ਨਿਰਯਾਤ ਕਰਨ ਲੱਗੇ। ਊਨੀ ਕੱਪੜਿਆਂ ਦੀ ਰੰਗਾਈ ਦੇ ਲਈ ਯੂਰਪ ਵਿੱਚ ਇਸ ਦੀ ਮੰਗ ਕਾਫੀ ਜ਼ਿਆਦਾ ਸੀ। 17ਵੀਂ ਸ਼ਤਾਬਦੀ ਵਿੱਚ ਡਚ ਅਤੇ ਅੰਗਰੇਜ਼ਾਂ ਨੇ ਇਸ ਦਾ ਨਿਰਯਾਤ ਕਰਨਾ ਸ਼ੁਰੂ ਕੀਤਾ। ਆਰਮੇਨੀਆਈ ਵੀ ਇਸ ਨੂੰ ਕਾਫੀ ਮਾਤਰਾ ਵਿੱਚ ਖਰੀਦਦੇ ਸਨ। ਇਸ ਤੋਂ ਇਲਾਵਾ ਇਰਾਨ ਦੇ ਵਪਾਰੀ ਇਸ ਨੂੰ ਏਸ਼ੀਆ ਦੇ ਬਾਜ਼ਾਰਾਂ ਅਤੇ ਪੂਰਬੀ ਯੂਰਪ ਦੇ ਲਈ ਖਰੀਦਦੇ ਸਨ। 17ਵੀਂ ਸਦੀ ਦੇ ਦੌਰਾਨ ਇਸ ਨੂੰ ਪ੍ਰਾਪਤ ਕਰਨ ਲਈ ਡਚ, ਅੰਗਰੇਜ਼ਾਂ, ਇਰਾਨੀਆਂ, ਮੁਗਲਾਂ, ਆਰਮੇਨੀਆਈਆਂ ਵਿੱਚ ਪ੍ਰਤੀਦੰਦਿਤਾ ਸ਼ੁਰੂ ਹੋ ਗਈ।

**(ਖ) ਆਯਾਤ**

ਭਾਰਤ ਵਿੱਚ ਹੋਣ ਵਾਲੇ ਨਿਰਯਾਤ ਦੀ ਤੁਲਨਾ ਵਿੱਚ ਆਯਾਤ ਕੁਝ ਚੁਣੀਆਂ ਹੋਈਆਂ ਵਸਤੂਆਂ ਤੱਕ ਹੀ ਸੀਮਿਤ ਸੀ। ਮੁੱਖ ਰੂਪ ਵਿੱਚ ਚਾਂਦੀ ਦਾ ਆਯਾਤ ਹੁੰਦਾ ਸੀ। ਯੂਰਪੀ ਕੰਪਨੀਆਂ ਅਤੇ ਯੂਰਪ ਤੇ ਏਸ਼ੀਆ ਦੇ ਵਪਾਰੀ ਇੱਥੋਂ ਸਮਾਨ ਖਰੀਦ ਕੇ ਚਾਂਦੀ ਵਿੱਚ ਭੁਗਤਾਨ ਕਰਦੇ ਜਾਂ ਚਾਂਦੀ ਦਾ ਆਯਾਤ ਕਰਦੇ ਸਨ। ਥੋੜ੍ਹਾ-ਬਹੁਤ ਤਾਂਬੇ ਦਾ ਵੀ ਆਯਾਤ ਹੁੰਦਾ ਸੀ। ਭਾਰਤ ਵਿੱਚ ਸ਼ੀਸ਼ੇ ਅਤੇ ਪਾਰੇ ਦਾ ਵੀ ਆਯਾਤ ਹੁੰਦਾ ਸੀ। ਅੰਗਰੇਜ਼ ਚੀਨੀ ਅਤੇ ਭਾਰਤ ਵਿੱਚ ਰੇਸ਼ਮ ਤੇ ਚੀਨੀ ਮਿੱਟੀ ਦੇ ਬਰਤਨ ਦਾ ਆਯਾਤ ਕਰਦੇ ਸਨ। ਫਾਰਸ ਤੋਂ ਚੰਗੀ ਕਿਸਮ ਦੀ ਸ਼ਰਾਬ, ਕਾਲੀਨ ਅਤੇ ਇਤਰ ਦਾ ਆਯਾਤ ਹੁੰਦਾ ਸੀ। ਭਾਰਤ ਦੇ ਕੁਲੀਨ ਵਰਗ ਵਿੱਚ ਯੂਰਪ 'ਚ ਬਣੇ ਸ਼ੀਸ਼ਿਆਂ, ਘੜੀਆਂ, ਚਾਂਦੀ ਦੇ ਬਰਤਨਾਂ ਅਤੇ ਛੋਟੇ ਔਜ਼ਾਰਾਂ ਦੀ ਮੰਗ ਸੀ। ਸੈਨਿਕ ਇਸਤੇਮਾਲ ਲਈ ਮੱਧ ਏਸ਼ੀਆ ਤੋਂ ਘੋੜਿਆਂ ਦਾ ਆਯਾਤ ਕੀਤਾ ਜਾਂਦਾ ਸੀ। ਰਾਜ ਘੋੜਿਆਂ ਦਾ ਪ੍ਰਮੁੱਖ ਖਰੀਦਦਾਰ ਹੁੰਦਾ ਸੀ। ਇਸ ਤੋਂ ਇਲਾਵਾ ਗੁਆਂਢੀ ਪਹਾੜੀ ਰਾਜਾਂ ਤੋਂ ਵੀ ਭਾਰਤ ਦਾ ਵਪਾਰਕ ਸਬੰਧ ਸੀ। ਭੂਟਾਨ ਅਤੇ ਨੇਪਾਲ ਤੋਂ ਕਸਤੂਰੀ ਭਾਰਤ ਲਿਆਂਦਾ ਜਾਂਦਾ ਸੀ। ਇੱਥੋਂ ਯੂਰਪੀ ਵਪਾਰੀ ਇਸ ਨੂੰ ਖਰੀਦਦੇ ਸਨ। ਨੇਪਾਲ ਅਤੇ ਤਿੱਬਤ ਤੋਂ ਸੁਹਾਗੇ ਦਾ ਆਯਾਤ ਕੀਤਾ ਜਾਂਦਾ ਸੀ। ਇਨ੍ਹਾਂ ਪਹਾੜੀ ਰਾਜਾਂ ਨੂੰ ਇਸ ਦੇ ਬਦਲੇ ਵਿੱਚ ਅਨਾਜ ਅਤੇ ਲੋਹਾ ਭੇਜਿਆ ਜਾਂਦਾ ਸੀ।

**(3) ਵਪਾਰ ਮਾਰਗ ਅਤੇ ਆਵਾਜਾਈ ਦੇ ਸਾਧਨ**

ਅੰਤਰਪ੍ਰਾਂਤੀ ਅਤੇ ਵਿਦੇਸ਼ ਵਪਾਰ ਦੇ ਲਈ ਵਿਵਸਥਿਤ ਵਪਾਰਕ ਮਾਰਗ ਅਤੇ ਵਿਕਸਿਤ ਆਵਾਜਾਈ ਵਿਵਸਥਾ ਦੀ ਬਹੁਤ ਜ਼ਰੂਰਤ ਸੀ।

**(ਕ) ਕੁਝ ਪ੍ਰਮੁੱਖ ਵਪਾਰਕ ਮਾਰਗ**

(i) **ਆਗਰਾ-ਦਿੱਲੀ-ਕਾਬੁਲ ਮਾਰਗ** : ਆਗਰਾ–ਫਰੀਦਾਬਾਦ–ਦਿੱਲੀ–ਸੋਨੀਪਤ–ਪਾਨੀਪਤ–ਕਰਨਾਲ–ਅੰਬਾਲਾ–ਲੁਧਿਆਣਾ–ਲੋਹਪੁਰ–ਲਾਹੌਰ–ਰੋਹਤਾਸ–ਕਿਲ੍ਹਾ–ਰਾਵਲਪਿੰਡੀ–ਸ਼ਮਸਾਬਾਦ–ਪੇਸ਼ਾਵਰ–ਫਤਹਿਪੁਰ–ਕਾਬੁਲ।

(ii) **ਆਗਰਾ-ਬੁਰਹਾਨਪੁਰ-ਸੂਰਤ ਮਾਰਗ** : ਆਗਰਾ–ਧੌਲਪੁਰ–ਗਵਾਲੀਅਰ–ਨਰਵਰ–ਸਿਰੋਜ–ਹੰਡੀਆ–ਬੁਰਹਾਨਪੁਰ–ਤਲਨੇਰ–ਨੰਦੁਰਬਾਰ–ਕਿਰਕਾ–ਸੂਰਤ।

(iii) **ਸੂਰਤ-ਅਹਿਮਦਾਬਾਦ-ਆਗਰਾ ਮਾਰਗ** : ਸੂਰਤ–ਭੜੌਂਚ–ਬੜੌਦਾ–ਅਹਿਮਦਾਬਾਦ–ਪਾਲਮਪੁਰ–ਜਾਲੌਰ–ਮੇੜਤਾ–ਲੁਦਾਨਾ–ਹਿੰਦੂਆਨਾ–ਫਤਹਿਪੁਰ ਸੀਕਰੀ–ਆਗਰਾ।

(iv) **ਆਗਰਾ-ਪਟਨਾ-ਬੰਗਾਲ ਮਾਰਗ** : ਆਗਰਾ–ਫਿਰੋਜ਼ਾਬਾਦ–ਇਟਾਵਾ–ਸਰਾਏ ਸ਼ਾਹਜਾਦਾ–ਇਲਾਹਾਬਾਦ–ਬਨਾਰਸ–ਸਾਸਾਰਾਮ–ਦਾਉਦਨਗਰ–ਪਟਨਾ–ਮੁੰਗੇਰ–ਭਾਗਲਪੁਰ–ਰਾਜ ਮਹਿਲ–ਦਾਮਪੁਰ–ਢਾਕਾ।

ਆਗਰਾ ਤੋਂ ਲੈ ਕੇ ਬੰਗਾਲ ਤੱਕ ਨਦੀ ਮਾਰਗ, ਥਲ ਮਾਰਗ ਦੇ ਲੱਗਭਗ ਸਮਾਂਤਰ ਸੀ।

**(ਖ) ਵਿਦੇਸ਼ੀ ਵਪਾਰ ਲਈ ਮਾਰਗ**

ਵਿਦੇਸ਼ੀ ਅਤੇ ਭਾਰਤੀ ਵਪਾਰੀ ਜਲ ਅਤੇ ਥਲ ਦੋਵਾਂ ਮਾਰਗਾਂ ਦਾ ਇਸਤੇਮਾਲ ਕਰਦੇ ਸਨ :

(i) **ਥਲ ਮਾਰਗ** : ਮੱਧ ਕਾਲ ਦਾ ਸਭ ਤੋਂ ਪ੍ਰਮੁੱਖ ਥਲ ਮਾਰਗ 'ਵ੍ਰਹਿਦ ਰੇਸ਼ਮ ਮਾਰਗ' ਸੀ। ਇਹ 'ਰੇਸ਼ਮ ਮਾਰਗ' ਬੀਜਿੰਗ ਤੋਂ ਸ਼ੁਰੂ ਹੋ ਕੇ ਕਾਸ਼ਗਰ, ਸਮਰਕੰਦ, ਬਲਖ ਅਤੇ ਕਾਬੁਲ ਹੁੰਦੇ ਹੋਏ ਮੱਧ ਏਸ਼ੀਆ ਤੋਂ ਗੁਜ਼ਰਦਾ ਸੀ। ਭਾਰਤੀ ਥਲ ਮਾਰਗ ਇਸ ਵੱਡੇ ਮਾਰਗ ਤੋਂ ਲਾਹੌਰ ਵਿੱਚ ਜਾ ਕੇ ਮਿਲਦਾ ਸੀ। ਮੁਲਤਾਨ ਅਤੇ ਕੰਧਾਰ ਤੋਂ ਗੁਜਰਾਤ ਹੋਇਆ ਇਹ ਯਜਦ ਅਤੇ ਇਸਫਹਾਨ, ਬਗਦਾਦ ਹੁੰਦੇ ਹੋਏ ਫਾਰਸ ਵਿੱਚ ਪ੍ਰਵੇਸ਼ ਕਰਦਾ ਸੀ ਅਤੇ ਯੂਫਰੇਟਸ ਨੂੰ ਪਾਰ ਕਰਨ ਤੋਂ ਬਾਅਦ ਇਹ ਏਲੋਪੋ ਪਹੁੰਚਦਾ ਸੀ। ਉਥੋਂ ਯੂਰਪ ਵਾਸੀ ਵਸਤੂਆਂ ਨੂੰ ਜਹਾਜ਼ਾਂ ਵਿੱਚ ਲੱਦ ਕੇ ਲਿਜਾਇਆ ਕਰਦੇ ਸਨ।

ਨੋਟ

(ii) **ਸਮੁੰਦਰੀ ਮਾਰਗ :** ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਪ੍ਰਮੁੱਖ ਸਮੁੰਦਰੀ ਮਾਰਗ ਸਨ। ਆਸ਼ਾ ਅੰਤਰੀਪ ਦੇ ਰਸਤੇ ਸਮੁੰਦਰੀ ਮਾਰਗ ਦੀ ਖੋਜ ਤੋਂ ਪਹਿਲਾਂ ਉਤਰ ਤੋਂ ਆਉਣ ਵਾਲੇ ਸਮੁੰਦਰੀ ਮਾਰਗ ਖੰਭਾਤ, ਸੂਰਤ, ਥੱਟਾ ਤੋਂ ਹੋ ਕੇ ਫਾਰਸ ਦੀ ਖਾੜੀ ਅਤੇ ਲਾਲ ਸਮੁੰਦਰ ਤੋਂ ਮਿਲਦੇ ਸਨ : ਦੂਸਰਾ ਮਾਰਗ ਦਾਭੋਂਰ, ਕੋਚੀਨ, ਕਲਕੱਤਾ ਤੋਂ ਹੋ ਕੇ ਅਦਨ ਅਤੇ ਮੋਛਾ ਪਹੁੰਚਦਾ ਸੀ। ਮੋਛਾ ਵਿੱਚ ਵਸਤੂਆਂ ਨੂੰ ਲਾਲ ਸਮੁੰਦਰ ਅਤੇ ਉਸ ਤੋਂ ਬਾਅਦ ਥਲ ਮਾਰਗ ਰਾਹੀਂ ਅਲੇਕਜੈਂਡਰੀਆ ਹੁੰਦੇ ਹੋਏ ਕਾਹਿਰਾ ਪਹੁੰਚਾਇਆ ਜਾਂਦਾ ਸੀ। ਅਲੇਕਜੈਂਡਰੀਆ ਤੋਂ ਵੀ ਯੂਰਪੀ ਦੇਸ਼ਾਂ ਨੂੰ ਵਸਤੂਆਂ ਦੀ ਪੂਰਤੀ ਕੀਤੀ ਜਾਂਦੀ ਸੀ। ਉਤਰਮਾਸ਼ਾ ਅੰਤਰੀਪ ਦੀ ਖੋਜ ਤੋਂ ਬਾਅਦ ਯੂਰਪ ਦੇ ਦੇਸ਼ਾਂ ਨੂੰ ਨਵੇਂ ਮੌਕੇ ਪ੍ਰਾਪਤ ਹੋਏ। ਹੁਣ ਅਲੇਕਜੈਂਡਰੀਆ ਜਾਂ ਏਲੇਂਪਾ 'ਤੇ ਉਨ੍ਹਾਂ ਦੀ ਨਿਰਭਰਤਾ ਖਤਮ ਹੋ ਗਈ। ਇਸ ਦੇ ਬਦਲੇ ਉਹ ਭਾਰਤ ਅਤੇ ਦੱਖਣ ਏਸ਼ੀਆਈ ਦੇਸ਼ਾਂ ਨਾਲ ਸਿੱਧੇ ਵਪਾਰ ਕਰਨ ਲੱਗੇ। ਪੂਰਬੀ ਸਮੁੰਦਰ ਦੇ ਰਸਤੇ ਭਾਰਤੀ ਵਪਾਰੀ ਕਾਫੀ ਸਮੇਂ ਤੋਂ ਚੀਨ ਅਤੇ ਇੰਡੋਨੇਸ਼ੀਆਈ ਦੀਪ ਸਮੂਹਾਂ ਦੇ ਨਾਲ ਵਪਾਰ ਕਰਦੇ ਆ ਰਹੇ ਸਨ। ਹੁਗਲੀ, ਮਛਲੀਪਟਨਮ ਅਤੇ ਪੁਲਿਕਟ ਤੋਂ ਵਸਤੂਆਂ ਸਿੱਧਾ ਅਚੀਨ, ਬਟਾਵੀਆ ਅਤੇ ਮਲਕਾ ਭੇਜੀਆਂ ਜਾਂਦੀਆਂ ਸਨ। ਮਲਕਾ ਜਲ ਮਾਰਗ ਦੇ ਜ਼ਰੀਏ ਵਪਾਰੀ ਚੀਨ ਵਿੱਚ ਮਕਾਵਾਂ ਅਤੇ ਕੈਂਟਨ ਤੱਕ ਚਲੇ ਜਾਂਦੇ ਸਨ।

### (4) ਪ੍ਰਸ਼ਾਸਨ ਅਤੇ ਵਪਾਰ

ਮੁਗਲ ਸਮਰਾਟ ਵਪਾਰਕ ਗਤੀਵਿਧੀਆਂ ਵਿੱਚ ਰੁਚੀ ਲਿਆ ਕਰਦੇ ਸਨ। ਇਹ ਵਪਾਰ ਨੂੰ ਬੜ੍ਹਾਵਾ ਦਿੰਦੇ ਸਨ ਅਤੇ ਸਮੇਂ-ਸਮੇਂ 'ਤੇ ਵਪਾਰੀਆਂ ਨੂੰ ਰਿਆਇਤਾਂ ਵੀ ਦਿੰਦੇ ਸਨ।

**ਸੀਮਾ ਟੈਕਸ ਅਤੇ ਸੜਕ ਕਰ :** ਮੁੱਖ ਤੌਰ 'ਤੇ ਸੀਮਾ ਟੈਕਸ ਅਤੇ ਸੜਕ ਕਰ ਪ੍ਰਮੁੱਖ ਸਨ। ਕਦੇ-ਕਦੇ ਕੁਝ ਵਸਤੂਆਂ 'ਤੇ ਸੀਮਾ ਟੈਕਸ ਹਟਾ ਦਿੱਤਾ ਜਾਂਦਾ ਸੀ। ਉਦਾਹਰਣ ਦੇ ਤੌਰ 'ਤੇ ਜਹਾਂਗੀਰ ਨੇ ਕਾਬੁਲ ਅਤੇ ਕੰਧਾਰ ਦੇ ਨਾਲ ਹੋਣ ਵਾਲੇ ਵਪਾਰ ਵਿੱਚ ਕੁਝ ਵਸਤੂਆਂ ਤੋਂ ਸੀਮਾ ਟੈਕਸ ਹਟਾ ਲਿਆ ਸੀ। ਗੁਜਰਾਤ ਵਿੱਚ ਪਏ ਸੋਕੇ ਸਮੇਂ ਉਥੇ ਕੁਝ ਵਸਤੂਆਂ ਤੋਂ ਸੀਮਾ ਟੈਕਸ ਹਟਾ ਦਿੱਤਾ ਗਿਆ ਸੀ। 1659 ਈ. ਵਿੱਚ ਗੱਦੀ 'ਤੇ ਬੈਠਣ ਤੋਂ ਬਾਅਦ ਔਰੰਗਜ਼ੇਬ ਨੇ ਖਦਾਨਾਂ 'ਤੇ ਲੱਗੇ ਕਰ ਅਤੇ ਟੈਕਸ ਹਟਾ ਦਿੱਤੇ ਸਨ।

ਸਮੇਂ-ਸਮੇਂ 'ਤੇ ਕਈ ਤਰ੍ਹਾਂ ਵਸਤੂਆਂ ਤੋਂ ਕਰ ਅਤੇ ਟੈਕਸ ਹਟਾ ਲਿਆ ਜਾਂਦਾ ਸੀ। ਇਸ ਸਬੰਧ ਵਿੱਚ ਕਈ ਰਾਜਕੀ ਆਦੇਸ਼ ਪਾਸ ਕੀਤੇ ਗਏ ਸਨ। ਸੀਮਾ ਟੈਕਸ ਤੋਂ ਛੂਟ ਪਾਉਣ ਲਈ ਬ੍ਰਿਟਿਸ਼, ਡਚ ਅਤੇ ਫ੍ਰਾਂਸਿਸੀ ਸਾਰੀਆਂ ਯੂਰਪੀ ਕੰਪਨੀਆਂ ਰਾਜਕੀ ਆਦੇਸ਼ ਪ੍ਰਾਪਤ ਕਰਨ ਲਈ ਨਿਵੇਦਨ ਕਰਦੀਆਂ ਸਨ। ਇਕ ਮੌਕੇ 'ਤੇ ਔਰੰਗਜ਼ੇਬ ਨੇ ਸਾਰੇ ਤਰ੍ਹਾਂ ਸੜਕੀ ਟੈਕਸ ਖਤਮ ਕਰ ਦਿੱਤਾ। ਸਮਰਾਟਾਂ ਦੇ ਰਾਜਕੀ ਆਦੇਸ਼ਾਂ ਦੇ ਅਨੁਸਾਰ ਵਪਾਰ ਦੇ ਪ੍ਰਤੀ ਰਾਜ ਉਦਾਰਵਾਦੀ ਦ੍ਰਿਸ਼ਟੀਕੋਣ ਅਪਣਾਉਂਦਾ ਸੀ ਪਰ ਵਿਵਹਾਰ ਵਿੱਚ ਸਥਿਤੀ ਇਸ ਤੋਂ ਅਲੱਗ ਸੀ।

*ਟਾਸਕ* ਕਿਸੇ ਦੋ ਪ੍ਰਮੁੱਖ ਵਪਾਰਕ ਮਾਰਗਾਂ ਦਾ ਨਾਮ ਲਿਖੋ।

### ਪ੍ਰਸ਼ਾਸਨ ਦਾ ਦ੍ਰਿਸ਼ਟੀਕੋਣ

ਪ੍ਰਾਂਤੀ ਰਾਜਪਾਲ, ਬਾਜ਼ਾਰ ਦੇ ਅਧਿਕਾਰੀ ਅਤੇ ਸੀਮਾ ਟੈਕਸ ਅਧਿਕਾਰੀ ਜ਼ਿਆਦਾਤਰ ਉਦਾਰਵਾਦੀ ਨੀਤੀ ਲਾਗੂ ਕਰਨ ਦੇ ਰਸਤੇ ਵਿੱਚ ਰੁਕਾਵਟਾਂ ਪੈਦਾ ਕਰਿਆ ਕਰਦੇ ਸਨ। ਉਹ ਹਮੇਸ਼ਾ ਵਪਾਰੀਆਂ ਕੋਲੋਂ ਕੁਝ ਨਾ ਕੁਝ ਵਸੂਲ ਕਰਨ ਦੀ ਤਾਕ ਵਿੱਚ ਰਹਿੰਦੇ ਸਨ। ਕਦੇ-ਕਦੇ ਵਸੂਲ ਕੀਤੀ ਗਈ ਰਾਸ਼ੀ ਅਧਿਕਾਰੀ ਆਪਣੇ ਕੋਲ ਹੀ ਰੱਖ ਲੈਂਦੇ ਸਨ। ਅਧਿਕਾਰੀਆਂ ਵੱਲੋਂ ਖੁਦ ਵਪਾਰ ਕਰਨ ਨਾਲ ਸਥਿਤੀ ਹੋਰ ਵੀ ਉਲਝ ਜਾਂਦੀ ਸੀ। ਕੁਲੀਨ ਵਰਗ ਦੇ ਮੈਂਬਰ ਅਤੇ ਉਚ ਅਹੁਦੇ 'ਤੇ ਬਿਰਾਜਮਾਨ ਅਧਿਕਾਰੀ ਅਕਸਰ ਕੁਝ ਵਸਤੂਆਂ 'ਤੇ ਏਕਾਧਿਕਾਰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਸਨ।

ਸ਼ਾਹਜਹਾਂ ਦੇ ਪੁੱਤਰ ਰਾਜ ਕੁਮਾਰ ਸ਼ੁਜਾ ਵਪਾਰ ਵਿੱਚ ਖੂਬ ਰੁਚੀ ਲੈਂਦੇ ਸਨ। ਇਕ ਵੱਡੇ ਕੁਲੀਨ ਮੀਰ ਜੁਮਲਾ ਨੇ ਬੰਗਾਲ ਵਿੱਚ ਕੁਝ ਵਸਤੂਆਂ 'ਤੇ ਆਪਣਾ ਏਕਾਧਿਕਾਰ ਸਥਾਪਿਤ ਕਰਨ ਦਾ ਯਤਨ ਕੀਤਾ। ਅੰਗਰੇਜ਼ਾਂ ਨੇ ਪਹਿਲਾਂ ਇਸ ਦਾ ਵਿਰੋਧ ਕੀਤਾ ਪਰ ਅੰਤ ਉਨ੍ਹਾਂ ਨੇ ਸ਼ੋਰਾ ਉਸੇ ਦੇ ਮਾਧਿਅਮ ਨਾਲ ਲੈਣਾ ਸਵੀਕਾਰ ਕਰ ਲਿਆ। ਇਕ ਹੋਰ ਮਹੱਤਵਪੂਰਨ ਕੁਲੀਨ ਸ਼ਾਇਸਤਾ ਖਾਂ ਨੇ ਅੰਗਰੇਜ਼ਾਂ ਨੂੰ ਮਜਬੂਰ ਕੀਤਾ ਕਿ ਉਹ ਆਪਣਾ ਮਾਲ ਅਤੇ ਚਾਂਦੀ ਉਸੇ ਨੂੰ ਵੇਚਣ ਅਤੇ ਉਨ੍ਹਾਂ ਨੂੰ ਸ਼ੋਰਾ ਦੀ ਅਸੀਮਿਤ ਪੂਰਤੀ ਦਾ ਭਰੋਸਾ ਦਿੱਤਾ। ਸ਼ਾਇਸਤਾ ਖਾਂ ਦੀ ਪ੍ਰਤੀ ਦਿਨ ਦੀ ਆਮਦਨ 2 ਲੱਖ ਰੁਪਏ ਹੋਣ ਦਾ ਅੰਦਾਜ਼ਾ ਸੀ। ਉਸ ਦਾ ਪੁੱਤਰ ਬੁਜ਼ੁਰਗ ਉਮੇਦ ਖਾਂ ਵੀ ਵੱਡੇ ਪੱਧਰ 'ਤੇ ਵਿਦੇਸ਼ਾਂ ਨਾਲ ਵਪਾਰ ਕਰਦਾ ਸੀ।

ਇਨ੍ਹਾਂ ਉਚ ਪਦਸਥ ਕੁਲੀਨਾਂ ਤੋਂ ਇਲਾਵਾ ਮਾਤਹਤ ਪਦਾਧਿਕਾਰੀ ਵੀ ਵਪਾਰ ਕਰਦੇ ਸਨ। ਵਿਧਾਨਿਕ ਤੌਰ 'ਤੇ ਪਦ ਅਧਿਕਾਰੀਆਂ ਅਤੇ ਕੁਲੀਨਾਂ ਨੂੰ ਵਪਾਰ ਵਿੱਚ ਹਿੱਸਾ ਲੈਣ ਦੀ ਮਨਾਹੀ ਸੀ। ਸਮੱਸਿਆ ਇਹ ਸੀ ਕਿ ਇਸ ਪ੍ਰਤੀਯੋਗਤਾ ਵਿੱਚ ਸੱਤਾ 'ਚ ਰਹਿਣ ਵਾਲੇ ਲੋਕ ਖਾਤਮੇ ਅਤੇ ਸ਼ੋਸ਼ਣ ਦਾ ਸਹਾਰਾ ਲੈਣ ਲੱਗਦੇ ਸਨ।

ਇਨ੍ਹਾਂ ਉਚ ਪਦਸਥ ਅਧਿਕਾਰੀਆਂ ਦੇ ਖਾਤਮੇ ਖਿਲਾਫ ਵਿਦੇਸ਼ੀ ਕੰਪਨੀਆਂ, ਵਪਾਰੀਆਂ ਅਤੇ ਵਿਅਕਤੀਆਂ ਵੱਲੋਂ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ ਅਤੇ ਅਰਜ਼ੀਆਂ ਮਿਲਦੀਆਂ ਸਨ। ਰਿਆਇਤ ਦੇਣ ਦੇ ਸਬੰਧ ਵਿੱਚ ਕਈ ਰਾਜਕੀ ਆਦੇਸ਼ਾਂ ਦੀ ਵੀ ਜਾਣਕਾਰੀ ਮਿਲਦੀ ਹੈ। ਸੰਚਾਰ ਦੇ ਵਿਕਸਿਤ ਸਾਧਨਾਂ ਦੇ ਅਹਿਸਾਸ ਅਤੇ ਲੰਬੀਆਂ ਦੂਰੀਆਂ ਦੇ ਕਾਰਨ ਕਈ ਵਾਰ ਰਿਆਇਤਾਂ ਲਾਗੂ ਕਰਨ ਵਿੱਚ ਦੇਰੀ ਹੋ ਜਾਂਦੀ ਸੀ ਅਤੇ ਕਦੇ-ਕਦੇ ਤਾਂ ਇਹ ਆਦੇਸ਼ ਲਾਗੂ ਹੀ ਨਹੀਂ ਹੁੰਦੇ ਸਨ। ਇਹ ਸੰਘਰਸ਼ ਇਸ ਪੂਰੇ ਸਮੇਂ ਦੇ ਦੌਰਾਨ ਚੱਲਦਾ ਰਿਹਾ। ਇਨ੍ਹਾਂ ਦੇ ਬਾਵਜੂਦ ਵਪਾਰ ਵੱਧਦਾ ਰਿਹਾ ਅਤੇ ਕਈ ਦੇਸ਼ਾਂ ਦੇ ਵਪਾਰੀ ਇੱਥੇ ਆਕਰਸ਼ਕ ਹੁੰਦੇ ਰਹੇ।

## 12.7 ਸਮਾਜਿਕ ਪੱਧਰੀਕਰਣ ਅਤੇ ਇਸਤਰੀਆਂ ਦੀ ਸਥਿਤੀ (Social Gradation and Conditions of Women)

### 12.7.1 ਇਸਤਰੀਆਂ ਦੀ ਸਥਿਤੀ

ਕੁਲੀਨ ਵਰਗਾਂ ਅਤੇ ਉਚ ਮੱਧ ਵਰਗ ਦੇ ਹਿੰਦੂਆਂ ਅਤੇ ਮੁਸਲਮਾਨਾਂ ਦੋਵਾਂ ਵਿੱਚ ਬਹੁ-ਵਿਆਹ ਪ੍ਰਥਾ ਸਧਾਰਣ ਗੱਲ ਸੀ। ਉਂਞ ਹਿੰਦੂਆਂ ਵਿੱਚ ਸਧਾਰਣ ਤੌਰ 'ਤੇ ਇਕ ਵਿਆਹ ਪ੍ਰਥਾ ਦਾ ਹੀ ਪ੍ਰਚਲਨ ਸੀ ਪਰ ਜਿਵੇਂ ਕਿ ਇਸਲਾਮੀ ਕਾਨੂੰਨ ਵਿੱਚ ਆਗਿਆ ਹੈ, ਗਰੀਬ ਅਤੇ ਜ਼ਿਆਦਾ ਗਰੀਬ ਮੁਸਲਮਾਨ ਵੀ ਚਾਰ ਪਤਨੀਆਂ ਰੱਖਣ ਲਈ ਉਤਸੁਕ ਸਨ। ਮੁਸਲਿਮ ਧਾਰਮਿਕ ਨੇਤਾ ਇਸ ਗੱਲ ਨੂੰ ਬੜ੍ਹਾਵਾ ਦਿੰਦੇ ਸਨ। ਮੁਸਲਮਾਨਾਂ ਵਿੱਚ ਤਲਾਕ ਅਤੇ ਦੁਬਾਰਾ ਵਿਆਹ ਸਧਾਰਣ ਗੱਲ ਸੀ ਪਰ ਹਿੰਦੂਆਂ ਨੂੰ ਇਸ ਪ੍ਰਥਾ ਤੋਂ ਨਫਰਤ ਸੀ। ਦੂਸਰੇ ਪਾਸੇ ਮਹਿਲਾ ਆਸ਼ਰਿਤਾਂ ਪ੍ਰਤੀ ਆਪਣੇ ਪਰਿਵਾਰਿਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੇ ਬੱਚਿਆਂ ਦੀ ਹੱਤਿਆ ਦਾ ਸਹਾਰਾ ਲਿਆ ਅਤੇ ਸਤੀ ਪ੍ਰਥਾ ਨੂੰ ਉਤਸ਼ਾਹਿਤ ਕੀਤਾ। ਬਾਲ ਵਿਆਹ ਦੋਵੇਂ ਹੀ ਸਮੁਦਾਇਆਂ ਵਿੱਚ ਆਮ ਗੱਲ ਸੀ। ਸ਼ਾਹੀ ਘਰਾਣਿਆਂ ਅਤੇ ਉਚ ਮੱਧਮ ਵਰਗ ਦੇ ਲੋਕਾਂ ਨੇ ਆਪਣੇ ਵਿਸ਼ਾਲ ਇਸਤਰੀ ਗ੍ਰਹਿ (ਹਰਮ) ਬਣਾ ਰੱਖੇ ਸਨ, ਜਿਸ ਵਿੱਚ ਉਨ੍ਹਾਂ ਦੀ ਪਤਨੀਆਂ, ਰਖੇਲਾਂ, ਦਾਸੀਆਂ, ਨ੍ਰਿਤਕੀਆਂ, ਨੌਕਰਾਣੀਆਂ ਆਦਿ ਰਹਿੰਦੀਆਂ ਸਨ। ਦਾਸੀ ਲੜਕੀਆਂ ਦੀ ਖਰੀਦ-ਵੇਚ ਕਾਫੀ ਲਾਭਕਾਰੀ ਵਪਾਰ ਸੀ। ਹਿਜੜੇ ਸੁਤੰਤਰ ਰੂਪ ਵਿੱਚ ਬਣਾਏ ਜਾਂਦੇ ਸਨ ਅਤੇ ਮਵੇਸ਼ੀਆਂ ਵਾਂਗ ਵੇਚੇ ਜਾਂਦੇ ਸਨ। ਉਨ੍ਹਾਂ ਦਾ ਸੇਵਾ ਕਾਰਜ ਹਰਮ 'ਤੇ ਨਿਗਰਾਨੀ ਰੱਖਣਾ ਸੀ। ਆਪਣੇ ਸਵਾਮੀ ਦੇ ਜਨ-ਧਨ ਆਦਿ ਦੀ ਸੁਰੱਖਿਆ ਕਰਨਾ ਹੁੰਦਾ ਸੀ। ਇਕ ਭਾਰਤੀ ਮਹਿਲਾ ਆਪਣੇ ਜਨਮ ਤੋਂ ਲੈ ਕੇ ਮੌਤ ਤੱਕ ਆਪਣੇ ਪਿਤਾ, ਭਰਾ, ਪਤੀ ਅਤੇ ਆਪਣੇ ਪੁੱਤਰ ਅਤੇ ਇੱਥੋਂ ਤੱਕ ਕਿ ਪਰਿਵਾਰ ਦੇ ਕਿਸੇ ਹੋਰ ਪੁਰਸ਼ ਮੈਂਬਰ 'ਤੇ ਪੂਰਨ ਤੌਰ 'ਤੇ ਨਿਰਭਰ ਰਹਿੰਦੀ ਸੀ। ਉਸ ਦੀ ਹੱਦ ਘਰ ਦੀ ਚਾਰ-ਦੀਵਾਰੀ ਤੱਕ ਸੀਮਿਤ ਸੀ। ਮੱਧ ਕਾਲੀਨ ਭਾਰਤ ਦੀਆਂ ਮੁਸਲਿਮ ਮਹਿਲਾਵਾਂ ਦੀ ਸਧਾਰਣ ਸਥਿਤੀ ਦੀ ਵਿਆਖਿਆ ਇਤਿਹਾਸਕਾਰਾਂ ਨੇ ਇਸ ਤਰ੍ਹਾਂ ਕੀਤੀ ਹੈ :

'ਪਰਦਾ ਪ੍ਰਥਾ ਦਾ ਸਖਤੀ ਨਾਲ ਪਾਲਣ ਕੀਤਾ ਗਿਆ ਅਤੇ ਕੋਈ ਵੀ ਵਿਸ਼ੇਸ਼ ਮਹਿਲਾ ਬਿਨਾਂ ਬੁਰਕਾ ਪਹਿਨੇ ਘਰ ਤੋਂ ਬਾਹਰ ਨਹੀਂ ਨਿਕਲਦੀ ਸੀ, ਨਿਕਲਦੀ ਵੀ ਸੀ ਤਾਂ ਬਹੁਤ ਘੱਟ। ਅਮੀਰ ਘਰ ਦੀਆਂ ਮਹਿਲਾਵਾਂ ਘਰ ਤੋਂ ਬਾਹਰ ਪਾਲਕੀ ਵਿੱਚ ਜਾਂਦੀਆਂ ਸਨ, ਸਿਰਫ ਗਰੀਬ ਮਹਿਲਾਵਾਂ ਪੈਦਲ ਨਿਕਲਦੀਆਂ ਸਨ। ਪਤਨੀਆਂ ਸਬੰਧੀ ਮੁਸਲਿਮ ਈਸ਼ਰਿਓ ਲੋਕ ਪ੍ਰਸਿੱਧ ਹਨ ਅਤੇ ਪਰਿਵਾਰ ਦੇ ਨੇੜਲੇ ਸਬੰਧੀਆਂ ਨੂੰ ਵੀ ਕਿਸੇ ਬੱਚੀ ਅਤੇ ਲੜਕੀ 'ਤੇ ਨਜ਼ਰ ਪਾਉਣ ਦੀ ਆਗਿਆ ਨਹੀਂ ਸੀ। ਘਰ ਦੀਆਂ ਦੀਵਾਰਾਂ ਕਾਫੀ ਉਚੀਆਂ ਹੁੰਦੀਆਂ ਸਨ। ਰਹਿਣ ਦੀ ਥਾਂ ਇਕ-ਦੂਸਰੇ ਦੇ ਸਾਹਮਣੇ ਨਹੀਂ ਹੁੰਦਾ ਸੀ। ਮਹਿਲਾਵਾਂ ਦੇ ਨਿਵਾਸ ਭਵਨਾਂ ਦੀ ਗੋਪਨੀਅਤਾ ਵਿੱਚ ਬਹੁਤ ਸਾਵਧਾਨੀ ਵਰਤੀ ਜਾਂਦੀ ਸੀ ਅਤੇ ਕੋਈ ਵੀ ਵਿਅਕਤੀ ਆਪਣੇ ਆਉਣ ਦੀ ਸੂਚਨਾ ਦਿੱਤੇ ਬਿਨਾਂ ਉਸ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ ਸੀ। ਇੱਥੋਂ ਤੱਕ ਕਿ ਨਗਨ ਮਹਿਲਾ ਨੂੰ ਦੇਖਣ ਤੱਕ ਦੀ ਮਨਾਹੀ ਕੀਤੀ ਗਈ ਸੀ।'

ਮੁਸਲਿਮ ਮਹਿਲਾ ਦੀ ਸਥਿਤੀ ਕਾਫੀ ਮਜ਼ਬੂਤ ਅਤੇ ਸ਼ਰਧਾ ਪੂਰਨ ਸੀ। ਘਰ ਦੀ ਚਾਰ-ਦੀਵਾਰੀ ਦੇ ਅੰਦਰ ਪਰਿਵਾਰ ਵਿੱਚ ਉਨ੍ਹਾਂ ਨੂੰ ਸਨਮਾਨ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਪ੍ਰਤਿਸ਼ਠਾ ਕਾਇਮ ਰੱਖਣ ਵਿੱਚ ਕਿਸੇ ਵੀ ਤਰ੍ਹਾਂ ਦਾ ਤਿਆਗ ਛੋਟਾ ਸਮਝਿਆ ਜਾਂਦਾ ਸੀ। ਮਹਿਲਾਵਾਂ ਦੀ ਸਥਿਤੀ ਦੇ ਸਬੰਧ ਵਿੱਚ ਸਾਨੂੰ ਬਦਾਯੂੰਨੀ ਅਤੇ ਹੋਰ ਤੱਤਕਾਲੀਨ ਲੇਖਕਾਂ ਦੇ ਪ੍ਰਮਾਣ ਮਿਲਦੇ ਹਨ ਕਿ ਪੂਰੇ ਦੇਸ਼ ਵਿੱਚ ਮਹਿਲਾਵਾਂ ਦੇ ਘੁੰਡ ਨੂੰ ਸੰਸਕਾਰ ਮੰਨਿਆ ਗਿਆ ਅਤੇ ਕਿਸੇ ਨੇ ਇਸ ਨੂੰ ਚੁਣੌਤੀ ਦੇਣ ਦਾ ਹੌਂਸਲਾ ਨਹੀਂ ਕੀਤਾ। ਮੁਸਲਿਮ ਮਹਿਲਾਵਾਂ ਨੂੰ ਧਾਰਮਿਕ ਸਿੱਖਿਆ ਦਿੱਤੀ ਗਈ, ਉਨ੍ਹਾਂ ਨੇ ਕੁਰਾਨ ਨੂੰ ਰਟ ਕੇ ਯਾਦ ਕੀਤਾ ਅਤੇ ਹਮੇਸ਼ਾ ਹੀ ਉਸ ਪ੍ਰਤੀ ਸਮਰਪਿਤ ਰਹੀਆਂ, ਫਿਰ ਵੀ ਯਾਸਿਨ ਲਿਖਦਾ ਹੈ ਕਿ ਹਿੰਦੋਸਤਾਨ ਦਾ ਮੁਸਲਿਮ ਸਮੁਦਾਇ ਵਰਤਮਾਨ ਯੁੱਗ ਦੀ ਤੁਲਨਾ ਵਿੱਚ ਮੱਧ ਕਾਲ ਵਿੱਚ ਬਹੁ-ਵਿਆਹ ਅਤੇ ਮਹਿਲਾ ਏਕਾਂਤ-ਵਾਸ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਪ੍ਰੇਸ਼ਾਨ ਰਿਹਾ। ਅਮੀਰ ਵਿਅਕਤੀਆਂ ਦੇ ਲਈ ਬਹੁ-ਵਿਆਹ ਪ੍ਰਥਾ ਵਿਲਾਸਤਾ ਸੀ ਅਤੇ ਬਿਨਾਂ ਸੋਚੇ-ਸਮਝੇ ਗਰੀਬਾਂ ਵੱਲੋਂ ਇਸ ਦਾ ਪਾਲਣ ਕੀਤੇ ਜਾਣ 'ਤੇ ਇਸ ਦੀਆਂ ਜ਼ਿੰਮੇਵਾਰੀਆਂ ਉਨ੍ਹਾਂ ਨੂੰ ਭੋਗਣੀਆਂ ਪਈਆਂ। ਅਮੀਰਾਂ ਦੇ ਵਿਖਿਆਤ ਘਰਾਣੇ ਇਸ ਗੱਲ ਦੇ ਸਬੂਤ ਹਨ ਕਿ ਮਨੁੱਖ ਜਾਤੀ ਵਿੱਚ ਵੱਡੀ ਮੁਸ਼ਕਿਲ ਹੈ ਅਤੇ ਉਨ੍ਹਾਂ ਦੇ ਪੁੱਤਰਾਂ ਦਾ ਪਾਲਣ-ਪੋਸ਼ਣ ਕਰਨ ਵਿੱਚ ਚਾਹੇ ਜਿੰਨੀ ਸਾਵਧਾਨੀ ਵਰਤੀ ਗਈ ਹੋਵੇ ਪਰ ਪ੍ਰਜਾਤੀ ਹਾਸ (ਨਸਲੀ ਪਤਨ) ਰੋਕਿਆ ਜਾ ਸਕਿਆ।

ਨੋਟ

ਮੁਸਲਿਮ ਮਹਿਲਾਵਾਂ ਦੀ ਤੁਲਨਾ ਵਿੱਚ ਹਿੰਦੂ ਮਹਿਲਾਵਾਂ ਦੀ ਸਥਿਤੀ ਕਾਫੀ ਚੰਗੀ ਸੀ, ਜਦੋਂ ਕਿ ਉਨ੍ਹਾਂ ਦਾ ਕੰਮ ਘਰ ਦੀ ਚਾਰ-ਦੀਵਾਰੀ ਦੇ ਅੰਦਰ ਖਾਣਾ ਬਣਾਉਣ ਅਤੇ ਬੱਚਿਆਂ ਦੇ ਪਾਲਣ-ਪੋਸ਼ਣ ਤੱਕ ਹੀ ਸੀਮਿਤ ਸੀ। ਪ੍ਰਾਚੀਨ ਕਾਲ ਵਿੱਚ ਮਹਿਲਾਵਾਂ ਨੂੰ ਪ੍ਰਦਾਨ ਕੀਤੀ ਗਈ ਉਚ ਸਿੱਖਿਆ ਅਤੇ ਸਮਾਜਿਕ ਸੁਤੰਤਰਤਾ ਨੂੰ ਮੱਧ ਕਾਲ ਵਿੱਚ ਗਹਿਰਾ ਧੱਕਾ ਲੱਗਾ। ਫਿਰ ਵੀ ਹਿੰਦੂ ਮਹਿਲਾਵਾਂ ਸੁਤੰਤਰਤਾ ਭਰਪੂਰ ਘੁੰਮ-ਫਿਰ ਸਕਦੀਆਂ ਸਨ ਅਤੇ ਉਨ੍ਹਾਂ ਨੇ ਪੁਰਸ਼ਾਂ ਨਾਲ ਸਮਾਜਿਕ, ਧਾਰਮਿਕ ਅਤੇ ਸੰਸਕ੍ਰਿਤਿਕ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ। ਜਦ ਕਿ ਹਿੰਦੂਆਂ ਦੇ ਉਚ ਵਰਗਾਂ ਦੀਆਂ ਮਹਿਲਾਵਾਂ ਨੂੰ ਏਕਾਂਤਵਾਸ ਦੀ ਪ੍ਰਥਾ ਗ੍ਰਹਿਣ ਕਰਨੀ ਪਈ। ਅਜਿਹਾ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਦੀ ਨਜ਼ਰ ਤੋਂ ਬਚਣ ਲਈ ਕਰਨਾ ਪਿਆ, ਜਿਨ੍ਹਾਂ ਦੇ ਸਮਾਜ ਵਿੱਚ ਮਹਿਲਾਵਾਂ ਦੀ ਸੁਤੰਤਰਤਾ ਨਹੀਂ ਪਤਾ ਸੀ।

### 12.7.2 ਵਿਦੇਸ਼ੀ ਪ੍ਰਵਾਸੀਆਂ ਦਾ ਭਾਰਤੀਕਰਣ

ਮੱਧ ਕਾਲੀਨ ਭਾਰਤੀ ਸਮਾਜ ਧਰਮ ਪ੍ਰਧਾਨ ਸਮਾਜ ਸੀ। ਹਾਲਾਂਕਿ ਸਮਾਜਿਕ ਅਤੇ ਸੰਸਕ੍ਰਿਤਿਕ ਦ੍ਰਿਸ਼ਟੀਕੋਣ ਨਾਲ ਦੋ ਪ੍ਰਮੁੱਖ ਧਾਰਮਿਕ ਸਮੁਦਾਇਆਂ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਜੋ ਰੁਕਾਵਟਾਂ ਸਨ, ਉਨ੍ਹਾਂ ਨੂੰ ਤੋੜ ਦਿੱਤਾ ਗਿਆ ਅਤੇ ਸਾਰਿਆਂ ਨੂੰ 'ਭਾਰਤੀ' ਦੇ ਰੂਪ ਵਿੱਚ ਇਕ ਵਿਸ਼ੇਸ਼ ਨਾਮ ਦਿੱਤਾ ਗਿਆ। ਅਕਬਰ ਦੇ ਸ਼ਾਸਨਕਾਲ ਵਿੱਚ ਸੰਪ੍ਰਦਾਇਕਤਾ, ਪ੍ਰਜਾਤੀਅਤਾ ਅਤੇ ਖੇਤਰਤਾ ਤੇ ਹੋਰ ਨੁਕਸਾਨਦਾਇਕ ਪ੍ਰਵਿਰਤੀਆਂ ਤੋਂ ਉਪਰ ਰਾਸ਼ਟਰੀਅਤਾ ਦੀ ਜਿੱਤ ਹੋਈ। 16ਵੀਂ ਸ਼ਤਾਬਦੀ ਦੇ ਅੰਤ ਤੱਕ ਇਕ ਵਾਰ ਅਰਬਾਂ, ਫਾਰਸੀਆਂ ਅਤੇ ਮੁਗਲਾਂ ਵਰਗੇ ਵਿਦੇਸ਼ੀ ਪ੍ਰਵਾਸੀਆਂ ਦੇ ਭਾਰਤੀਕਰਣ ਦੀ ਪ੍ਰਕਿਰਿਆ ਲੱਗਭਗ ਪੂਰੀ ਹੋ ਚੁੱਕੀ ਸੀ। ਅਸੀਂ ਇਹ ਵਿਚਾਰ ਨਹੀਂ ਦੇਣਾ ਚਾਹੁੰਦੇ ਕਿ ਕਿਹੜੇ ਤੱਤਾਂ ਨਾਲ ਭਾਰਤ ਦਾ ਨਿਰਮਾਣ ਹੋਇਆ ਅਤੇ ਕਿਹੜੇ ਤੱਤਾਂ ਨਾਲ ਨਹੀਂ। ਸਿਰਫ ਇਹ ਕਹਿਣਾ ਕਾਫੀ ਹੈ ਕਿ ਜਿਨ੍ਹਾਂ ਨੇ ਭਾਰਤ ਨੂੰ ਆਪਣੇ ਨਿਵਾਸ ਦਾ ਸਥਾਈ ਦੇਸ਼ ਮੰਨਿਆ ਜਾਂ ਇੱਥੇ ਪੈਦਾ ਹੋਏ ਅਤੇ ਆਪਣੀ ਰੋਜ਼ੀ-ਰੋਟੀ ਇੱਥੋਂ ਹੀ ਪ੍ਰਾਪਤ ਕੀਤੀ ਅਤੇ ਆਪਣੀ ਭਾਰਤੀ ਭੂਮੀ ਨਾਲ ਪਿਆਰ ਕੀਤਾ, ਉਹ ਸਾਰੇ ਭਾਰਤੀ ਸਨ। ਭਾਰਤ ਉਨ੍ਹਾਂ ਦੀ ਇੱਛਾ ਅਤੇ ਉਤਸ਼ਾਹ ਦੀ ਭੂਮੀ ਸੀ। ਉਨ੍ਹਾਂ ਵਿੱਚ ਭਾਰਤ ਦੀ ਇਹ ਭਾਵਨਾ ਉਨ੍ਹਾਂ ਦੇ ਘਰਾਂ, ਪਿੰਡਾਂ ਅਤੇ ਸ਼ਹਿਰਾਂ ਤੋਂ ਸਮਾਜਿਕ ਵਿਰਾਸਤ ਦੇ ਰੂਪ ਵਿੱਚ ਪ੍ਰਾਪਤ ਹੋਈ ਅਤੇ ਮੁਗਲ ਸਮਰਾਟਾਂ-ਅਕਬਰ ਜਹਾਂਗੀਰ ਅਤੇ ਸ਼ਾਹਜਹਾਂ ਵੱਲੋਂ ਅਪਣਾਈ ਗਈ ਜਾਗਰੂਕ ਰਾਜਨੀਤਿਕ ਅਤੇ ਸਮਾਜਿਕ ਨੀਤੀਆਂ ਤੋਂ ਪ੍ਰੇਰਿਤ ਹੋਈ। ਇਸ ਨੇ ਉਨ੍ਹਾਂ ਵਿੱਚ ਭਾਰਤ ਦੇ ਨਾਲ ਪ੍ਰਸਪਰ ਇਕ ਪਹਿਚਾਣ ਦੀ ਭਾਵਨਾ ਭਰ ਦਿੱਤੀ ਅਤੇ ਵੱਖ-ਵੱਖ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਭਾਸ਼ਾਗਤ ਸਮੂਹਾਂ ਦੇ ਮੈਂਬਰਾਂ ਨੂੰ ਆਪਣੀ ਰਾਜ ਭਗਤੀ ਰਾਸ਼ਟਰ ਸਮੂਹ ਦੇ ਰੂਪ ਵਿੱਚ ਪ੍ਰਦਰਸ਼ਿਤ ਕਰਨ ਦੇ ਲਈ ਪ੍ਰੇਰਿਤ ਕੀਤਾ। 17ਵੀਂ ਅਤੇ 18ਵੀਂ ਸਦੀਆਂ ਦੇ ਭਾਰਤੀਆਂ ਨੇ ਵਿਵਿਧਤਾ ਵਿੱਚ ਹੀ ਸਮਾਜਿਕ ਸੰਸਾਰਿਕ ਏਕਤਾ ਦਾ ਇਕ ਵਿਸ਼ੇਸ਼ ਲਕਸ਼ ਪ੍ਰਗਟ ਕੀਤਾ ਜੋ ਤੱਤਕਾਲੀਨ ਯੂਰਪੀ ਲੇਖਕਾਂ ਵੱਲੋਂ ਅਭਿਲੇਖਿਤ ਕੀਤਾ ਗਿਆ, ਜਦ ਕਿ ਉਹ ਉਸ ਦੀ ਕਾਫੀ ਵਿਆਖਿਆ ਨਹੀਂ ਕਰ ਸਕੇ। ਹਿੰਦੂ ਅਤੇ ਮੁਸਲਮਾਨਾਂ ਸਹਿਤ ਸਾਰੇ ਭਾਰਤੀਆਂ ਦੀ ਪਹਿਚਾਣ ਹੋਰ ਦੇਸ਼ ਦੇ ਨਿਵਾਸੀਆਂ ਨਾਲ ਬਿਲਕੁਲ ਅਲੱਗ ਸੀ, ਕਿਉਂਕਿ ਉਨ੍ਹਾਂ ਦੀ ਜੀਵਨ ਸ਼ੈਲੀ ਵਿੱਚ ਇਕ ਵਿਸ਼ੇਸ਼ ਵਿਅਕਤੀਗਤ ਸੀ, ਜਿਸ ਦੇ ਲਈ ਭਾਰਤੀ ਖੁਦ ਵੀ ਜਾਗਰੂਕ ਸਨ।

### 12.7.3 ਸਾਮੰਤਵਾਦੀ ਸਮਾਜ

ਮੱਧਕਾਲੀਨ ਭਾਰਤੀ ਸਮਾਜ ਸਾਮੰਤਵਾਦੀ ਅਧਾਰ 'ਤੇ ਸੰਗਠਿਤ ਸੀ। ਨਿਰੰਕੁਸ਼ ਸ਼ਾਸਕ, ਸਮਰਾਟ, ਸਮਾਜਿਕ ਵਿਵਸਥਾ ਦਾ ਪ੍ਰਧਾਨ ਸੀ। ਤਾਜ ਦੇ ਲਈ ਉਸ ਵਿੱਚ ਦੈਵੀ ਸ਼ਕਤੀ ਅਤੇ ਯੋਗਤਾ ਸੀ ਅਤੇ ਦੇਸ਼ ਦੇ ਸੰਪ੍ਰਭੂ ਦੇ ਰੂਪ ਵਿੱਚ ਦੇਸ਼ ਦੀ ਸਾਰੀ ਭੂਮੀ 'ਤੇ ਉਸ ਦਾ ਮਾਲਕਾਨਾ ਹੱਕ ਸੀ। ਰਾਜੇ ਦੇ ਸਮਰਥਕਾਂ ਅਤੇ ਦੋਸਤਾਂ, ਸਕੇ-ਸੰਬੰਧੀਆਂ ਸਹਿਤ ਰਾਜ ਦਰਬਾਰ ਦੇ ਸਾਰੇ ਮੈਂਬਰਾਂ ਨੇ ਸਮਾਜ ਦੇ ਮੁੱਖ ਪਦਾਂ ਦੇ ਵਿਸ਼ੇਸ਼ ਅਧਿਕਾਰ ਦਾ ਸੁਤੰਤਰ ਇਸਤੇਮਾਲ ਕੀਤਾ ਜਦੋਂ ਕਿ ਸਮਾਜਿਕ ਅਤੇ ਸੰਸਕ੍ਰਿਤਿਕ ਮਾਮਲਿਆਂ ਵਿੱਚ ਰਾਜਕੀ ਮਹਿਲਾ ਗ੍ਰਹਿ (ਹਰਮ) ਅਤੇ ਰਾਜ ਦਰਬਾਰ ਨੇ ਪ੍ਰੰਪਰਾ ਕਾਇਮ ਕਰਨ ਦਾ ਕੰਮ ਕੀਤਾ। ਉਦਾਹਰਣ ਦੇ ਨਹੀ ਸਾਮਰਾਜ ਦੀ ਮਹਿਲਾ ਪ੍ਰਸ਼ਾਸਕ, ਨੂਰਜਹਾਂ ਨੇ ਆਪਣੇ ਸਮੇਂ ਦੇ ਕੁਲੀਨ ਵਰਗਾਂ ਦੇ ਲਈ ਸਮਾਜਿਕ ਅਤੇ ਸੰਸਕ੍ਰਿਤਿਕ ਮੁੱਲਾਂ ਦਾ ਮਾਨਕ ਸਥਾਪਿਤ ਕੀਤਾ, ਜਿਸ ਨੇ ਪੁਰਸ਼ ਅਤੇ ਮਹਿਲਾ ਪੋਸ਼ਾਕਾਂ ਵਿੱਚ ਕ੍ਰਾਂਤੀ ਲਿਆ ਦਿੱਤੀ ਅਤੇ ਸੋਨੇ ਅਤੇ ਚਾਂਦੀ ਦੇ ਗਹਿਣੀਆਂ ਦੇ ਡਿਜ਼ਾਇਨ ਅਤੇ ਘਰ ਸਜਾਵਟ ਵਿੱਚ ਨਵੇਂ-ਨਵੇਂ ਚਮਤਕਾਰ ਕੀਤੇ। ਦਰਬਾਰ ਦੇ ਲਈ ਨਿਰਧਾਰਿਤ ਕੀਤੀਆਂ ਗਈਆਂ ਪੁਸ਼ਾਕਾਂ ਨੇ ਦਰਬਾਰੀਆਂ ਦੀ ਸੁੰਦਰਤਾ ਵਿੱਚ ਚਾਰ-ਚੰਦ ਲਗਾ ਦਿੱਤੇ। ਸਾਮਰਾਜ ਦੇ ਵੈਭਵ ਭੂਸ਼ਾਚਾਰ ਵਿੱਚ ਗੁਲਾਬ ਦੇ ਤੇਲ ਦੇ ਚਮਤਕਾਰ ਦਾ ਸਿਹਰਾ ਨੂਰਜਹਾਂ ਜਾਂ ਉਸ ਦੀ ਪ੍ਰਸਿੱਧ ਮਾਂ ਨੂੰ ਦਿੱਤਾ ਜਾਂਦਾ ਹੈ। ਸੁਰੁਚਿਪੂਰਣਤਾ ਅਤੇ ਸੁੰਦਰਤਾ ਦੀ ਦ੍ਰਿਸ਼ਟੀ ਨਾਲ ਨੂਰਜਹਾਂ ਨੇ ਰਾਜ ਦਰਬਾਰ ਨੂੰ ਇਕ ਜ਼ਰੂਰੀ ਆਭਾ ਪ੍ਰਦਾਨ ਕੀਤੀ ਅਤੇ ਹਥਿਆਰਬੰਦ ਸਿਪਾਹੀਆਂ ਦੀ ਸੱਜਾ ਨਾਲ ਉਨ੍ਹਾਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚ ਬਦਲ ਦਿੱਤਾ ਜੋ ਦੇਸ਼ ਦੇ ਹਾਰੇ ਹੋਏ ਯੋਧਾ ਦੀ ਤਰ੍ਹਾਂ ਦਿੱਖਦੇ ਸਨ। ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਕੁਲੀਨ ਵਰਗ, ਮੁਗਲ ਰਹੀਸ ਜ਼ਾਦਿਆਂ ਅਤੇ ਪ੍ਰਾਂਤੀ ਦਰਬਾਰ ਦੇ ਕੁਲੀਨਾਂ ਵੱਲੋਂ ਇਨ੍ਹਾਂ ਸਮਾਜਿਕ-ਸੰਸਕ੍ਰਿਤਿਕ ਪ੍ਰਵਿਰਤੀਆਂ ਦਾ ਪੂਰੇ ਭਰੋਸੇ ਦੇ ਨਾਲ ਅਨੁਸਰਣ ਕੀਤਾ ਗਿਆ।

#### ਕੁਲੀਨ ਤੰਤਰ

ਪਹਿਲੀ ਸ਼੍ਰੇਣੀ ਦੀ ਮਨਸਬਦਾਰੀ ਵਿਵਸਥਾ ਨਾਲ ਸੰਬੰਧਿਤ ਮੁਗਲ ਅਮੀਰਾਂ ਅਤੇ ਉਨ੍ਹਾਂ ਦੇ ਮਾਤਹਿਤ ਕੁਲੀਨ ਵਰਗ, ਜਿਨ੍ਹਾਂ ਨੂੰ 'ਉਮਰਾ' ਕਿਹਾ ਜਾਂਦਾ ਸੀ ਅਤੇ ਮੁਗਲ ਤਾਜ ਦੇ ਪ੍ਰਤੀ ਆਪਣੀ ਵਫਾਦਾਰੀ ਪ੍ਰਦਰਸ਼ਿਤ ਕਰਨ ਵਾਲੇ ਸਾਮੰਤਵਾਦੀ ਮੁਖੀਆਂ ਨਾਲ

ਨੋਟ

ਮਿਲ ਕੇ ਸਾਮਰਾਜ ਦਾ ਕੁਲੀਨ ਤੰਤਰ ਬਣਿਆ ਹੋਇਆ ਸੀ। ਰਾਜ ਦਰਬਾਰ ਅਤੇ ਸਮਾਜ ਦੇ ਸਾਮੰਤਾਂ ਦਾ ਸਥਾਨ ਅਤੇ ਮਰਿਯਾਦਾ ਨਿਸ਼ਚਿਤ ਕਰਨ ਦੇ ਉਦੇਸ਼ ਨਾਲ ਉਨ੍ਹਾਂ ਨੂੰ ਵੀ ਮਨਸਬਦਾਰ ਦੀ ਸ਼੍ਰੇਣੀ ਪ੍ਰਦਾਨ ਕੀਤੀ ਗਈ। ਸੰਭਵ ਤੌਰ 'ਤੇ ਰਾਜ ਸੇਵਾ ਤੋਂ ਬਾਹਰ ਕੀਤੀਆਂ ਸੇਵਾਵਾਂ ਵਿੱਚ ਕੋਈ ਸਨਮਾਨ ਅਤੇ ਆਦਰ ਨਹੀਂ ਸੀ। ਇਸ ਕਾਰਨ ਦੇਸ਼ ਦਾ ਹਰ ਪ੍ਰਬੰਧ ਵਿਅਕਤੀ ਦਰਬਾਰ ਵਿੱਚ ਆਪਣੀ ਸੇਵਾ ਅਰਪਿਤ ਕਰਨ ਦੇ ਲਈ ਉਤਾਵਲਾ ਸੀ। ਹਿੰਦੂਆਂ ਅਤੇ ਮੁਸਲਮਾਨਾਂ ਵੱਲੋਂ ਸੰਯੁਕਤ ਰੂਪ ਨਾਲ ਕੁਲੀਨ ਤੰਤਰ ਦੀ ਸਥਾਪਨਾ ਕੀਤੀ ਗਈ। ਜਦ ਕਿ ਇਨ੍ਹਾਂ ਵਿੱਚ ਹਿੰਦੂਆਂ ਦੀ ਸੰਖਿਆ ਘੱਟ ਸੀ, ਜਿਸ ਦਾ ਕਾਰਨ ਸੀ-ਭਾਰਤੀਕਰਨ ਦੀ ਧੀਮੀ ਪ੍ਰਕਿਰਿਆ ਅਤੇ ਮੁੱਖ ਵਰਗ ਵਿੱਚ ਹਿੰਦੂਆਂ ਦਾ ਦੇਰ ਨਾਲ ਪ੍ਰਵੇਸ਼। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਹਿੰਦੂਆਂ ਦੇ ਸਮਾਜਿਕ-ਰਾਜਨੀਤਿਕ ਅਗਵਾਈ ਵਿੱਚ ਰਾਜਪੂਤਾਂ ਦੀ ਪ੍ਰਧਾਨਤਾ ਸੀ ਅਤੇ ਉਹ ਮਹਾਨ ਮੁਗਲਾਂ ਦੇ ਰਾਜ ਉਧਮ ਵਿੱਚ ਸਹਿਯੋਗੀ ਬਣ ਗਏ ਅਤੇ ਰਾਸ਼ਟਰੀ ਅਤੇ ਸੰਸਕ੍ਰਿਤਿਕ ਕੁਲੀਨ ਤੰਤਰ ਦੀ ਜੀਵਨ ਸ਼ੈਲੀ ਅਤੇ ਰਹਿਣ-ਸਹਿਣ ਦੇ ਪੱਧਰ ਨੂੰ ਪ੍ਰਭਾਵਿਤ ਕੀਤਾ। ਮੱਧਕਾਲੀਨ ਕੁਲੀਨ ਤੰਤਰ ਸਮ੍ਰਿਧ ਹੁੰਦਾ ਗਿਆ ਅਤੇ ਉਸ ਨੇ ਅਤਿ ਵਿਲਾਸੀ ਜੀਵਨ ਬਿਤਾਇਆ। ਅਮੀਰਾਂ ਦੇ ਲਈ ਰਾਜਗਮਨ ਦਾ ਨਿਯਮ ਪ੍ਰਤੀਬੰਧਿਤ ਸੀ, ਕਿਉਂਕਿ ਇਸ ਨਿਯਮ ਦੇ ਅਨੁਸਾਰ ਉਨ੍ਹਾਂ ਦੇ ਪਦ ਅਤੇ ਅਧਿਕਾਰ ਉਨ੍ਹਾਂ ਦੇ ਜੀਵਨ ਤੱਕ ਹੀ ਸੀਮਿਤ ਸਨ ਅਤੇ ਉਨ੍ਹਾਂ ਨੇ ਆਪਣੀ ਧਨ-ਸੰਪਤੀ ਆਦਿ ਆਪਣੇ ਉਤਰਾਧਿਕਾਰੀਆਂ ਜਾਂ ਵੰਸ਼ਾਂ ਨੂੰ ਤਬਦੀਲ ਕਰਨ ਦੀ ਮਨਜ਼ੂਰੀ ਨਹੀਂ ਸੀ। ਇਸੇ ਕਾਰਨ ਲਾਲਚ ਵਿੱਚ ਉਨ੍ਹਾਂ ਨੇ ਜ਼ਿਆਦਾ ਤੋਂ ਜ਼ਿਆਦਾ ਅਤੇ ਜਿੰਨਾ ਧਨ ਖਰਚ ਕਰ ਸਕਦੇ ਸਨ, ਉਂਨਾ ਕੀਤਾ। ਉਨ੍ਹਾਂ ਨੇ ਆਪਣੇ ਲਈ ਵਿਸ਼ਾਲ ਇਮਾਰਤਾਂ ਅਤੇ ਹਰਮ ਬਣਵਾਏ, ਹਾਥੀ ਘੋੜੇ ਅਤੇ ਮਵੇਸ਼ੀਆਂ ਦੇ ਝੁੰਡ ਪਾਲੇ, ਘਰੇਲੂ ਨੌਕਰਾਂ, ਨ੍ਰਿਤਕਾਂ ਅਤੇ ਦਾਸਾਂ ਨੇ ਆਪਣੀ ਵਿਅਕਤੀਗਤ ਸੇਵਾ ਵਿੱਚ ਨਿਯੁਕਤ ਕੀਤਾ ਪਰ ਇਕ ਵਾਰ ਜਦੋਂ ਵਿਲਾਸਤਾਪੂਰਨ ਜੀਵਨ ਦੀ ਆਦਤ ਪੈ ਗਈ, ਉਦੋਂ ਇਸ ਦੇ ਬਾਅਦ ਖਰਚ ਵਿੱਚ ਕਟੌਤੀ ਸੰਭਵ ਨਹੀਂ ਹੋ ਸਕੀ। ਨਤੀਜੇ ਵਜੋਂ ਕਈ ਮਨਸਬਦਾਰਾਂ ਦੇ ਲਈ ਆਪਣੇ ਸੀਮਿਤ ਸਾਧਨਾਂ ਵਿੱਚ ਨਿਰਵਾਹ ਕਰਨਾ ਮੁਸ਼ਕਿਲ ਹੋਣ ਲੱਗਾ। ਉਨ੍ਹਾਂ ਦੀ ਜੀਵਨ ਸ਼ੈਲੀ ਵਿੱਚ ਖਰਚੀਲੇਪਣ ਦੀ ਕੋਈ ਜਗ੍ਹਾ ਨਹੀਂ ਸੀ ਅਤੇ ਉਨ੍ਹਾਂ ਨੂੰ ਰਾਜਕੋਸ਼ਾਗਾਰ ਜਾਂ ਹੋਰ ਸਰੋਤਾਂ ਨਾਲ ਅਕਸਰ ਭਾਰੀ ਕਰਜ਼ ਲੈਣਾ ਪੈਂਦਾ ਸੀ। ਇਸ ਦੇ ਅੰਤਿਮ ਨਤੀਜੇ ਮਨਸਬਦਾਰਾਂ ਦੀ ਸਾਮਰਿਕ ਗੁਣਵੱਤਾ ਅਤੇ ਪ੍ਰਕਿਰਤੀ ਵਿੱਚ ਆਕਰਸ਼ਣ ਦੇ ਰੂਪ ਵਿੱਚ ਹੋਇਆ, ਜੋ ਮੁਗਲ ਸਾਮਰਾਜ ਦਾ ਫੌਜਦਾਰੀ ਕਵਚ ਸੀ। ਉਨ੍ਹਾਂ ਦੀ ਅਨੈਤਿਕਤਾ ਦਾ ਉਨ੍ਹਾਂ ਦੇ ਸੈਨਿਕ ਅਨੁਸ਼ੰਗੀਆਂ ਦੀ ਸਮਰੱਥਾ ਅਤੇ ਅਨੁਸ਼ਾਸਨ 'ਤੇ ਉਲਟਾ ਪ੍ਰਭਾਵ ਪਿਆ ਜੋ ਮੁਗਲ ਸਾਮਰਾਜ ਦੇ ਪਤਨ ਅਤੇ ਉਨਤੀ ਦਾ ਮੁੱਖ ਕਾਰਨ ਸੀ। ਇੱਥੋਂ ਦੀ ਸਰਕਾਰੀ ਸੇਵਾ ਨਿਯੁਕਤ ਕਿਸੇ ਵਿਦੇਸ਼ੀ ਨਾਗਰਿਕ ਨੂੰ ਕਿਸੇ ਵੀ ਤਰ੍ਹਾਂ ਦੀ ਧਨ-ਸੰਪਤੀ ਨੂੰ ਭਾਰਤ ਤੋਂ ਬਾਹਰ ਲਿਜਾਣ ਦੀ ਮਨਜ਼ੂਰੀ ਨਹੀਂ ਸੀ। ਮੱਧਕਾਲੀਨ ਭਾਰਤੀ ਕੁਲੀਨ ਵਰਗ ਨੇ ਸਾਰੀ ਤਰ੍ਹਾਂ ਦੀ ਆਯਾਤ ਵਸਤੂਆਂ ਸਹਿਤ ਬੁਖਾਰਾ ਅਤੇ ਸਮਰਕੰਦ ਤੋਂ ਮੰਗਵਾਏ ਗਏ ਫਲ ਆਦਿ ਦਾ ਵੀ ਇਸਤੇਮਾਲ ਵਿਲਾਸਤਾ ਨਾਲ ਕੀਤਾ। ਗਰਮ ਰੁੱਤ ਵਿੱਚ ਬਰਫ ਦਾ ਇਸਤੇਮਾਲ ਕੀਤਾ ਜਾਂਦਾ ਸੀ ਅਤੇ ਇੱਕੋ ਬਾਜ਼ਾਰ ਵਿੱਚ ਇਹ ਦਸ 'ਦਾਮ' ਪ੍ਰਤੀ ਸੇਰ ਦੇ ਭਾਵ ਨਾਲ ਬਿਕਦਾ ਸੀ। ਅਕਬਰ ਦੇ ਆਪਣੇ ਸ਼ਾਹੀ ਹਰਮ ਵਿੱਚ 5,000 ਇਸਤਰੀਆਂ ਸਨ ਜਿਨ੍ਹਾਂ ਵਿੱਚ ਉਸ ਦੀ ਅਸੰਖਿਆ ਸੇਵਿਕਾਵਾਂ, ਨ੍ਰਿਤਕੀਆਂ, ਇਸਤਰੀਆਂ ਸੁਰੱਖਿਆ ਕਰਮੀ ਅਤੇ ਉਨ੍ਹਾਂ ਦੇ ਦੇਖਣ ਦੇ ਲਈ ਮਹਿਲਾ ਅਧਿਕਾਰੀਆਂ ਦਾ ਸਟਾਫ ਵੀ ਸੀ। ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਮੁਗਲ ਰਹੀਸਦਾਰਾਂ ਨੇ ਆਪਣੇ ਮੁਗਲ ਸੁਰੱਖਿਅਕਾਂ ਦੇ ਪਦ ਚਿੰਨ੍ਹਾਂ ਦਾ ਅਨੁਸਰਣ ਕੀਤਾ। ਉਨ੍ਹਾਂ ਦਾ ਖਰਚੀਲਾਪਣ ਅਤੇ ਸੁਰਾ-ਸੁੰਦਰੀ ਦੀ ਕਮਜ਼ੋਰੀ ਦੇ ਬਾਵਜੂਦ ਮੁਗਲਾਂ ਦੇ ਰਹੀਸਦਾਰਾਂ ਨੂੰ ਯਾਦ ਕੀਤਾ ਗਿਆ, ਜੋ ਵੱਖ-ਵੱਖ ਖੇਤਰਾਂ ਅਤੇ ਜਨਜਾਤੀਆਂ ਅਤੇ ਵੱਖ ਭਾਸ਼ਾ-ਭਾਸ਼ੀ ਧਰਮ ਨੂੰ ਮੰਨਣ ਵਾਲੇ ਅਤੇ ਵੱਖ-ਵੱਖ ਸੰਸਕ੍ਰਿਤੀਆਂ ਦੇ ਹੋਣ ਦੇ ਬਾਅਦ ਵੀ ਸਜਾਤੀ ਅਤੇ ਸਦਭਾਵਨਾਪੂਰਨ ਵਿਅਕਤੀ ਦੇ ਰੂਪ ਵਿੱਚ ਤਬਦੀਲ ਹੋ ਗਏ। ਰਹੀਸਾਂ ਦੇ ਦਿਲ ਵਿੱਚ ਇਕ ਬਰਾਬਰ ਉਦੇਸ਼ ਅਤੇ ਸ਼ਾਸਤ ਵੰਸ਼ ਵਿੱਚ ਉਨ੍ਹਾਂ ਦੀ ਭਾਵਨਾ ਭਰਨ, ਵਿਸ਼ੇਸ਼ ਸੰਸਕ੍ਰਿਤਿਕ ਦ੍ਰਿਸ਼ਟੀਕੋਣਾਂ ਦਾ ਉਪਦੇਸ਼ ਦੇਣ ਅਤੇ ਪ੍ਰਸ਼ਾਸਨ ਦੀ ਉਚ ਸਮਰੱਥਾ ਦੀ ਪ੍ਰੰਪਰਾ ਵਿਕਸਿਤ ਕਰਨ ਵਿੱਚ ਮੁਗਲ ਸਫਲ ਹੋ ਗਏ। ਇਸ ਤਰ੍ਹਾਂ ਦੇਸ਼ ਵਿੱਚ ਕਰੀਬ ਡੇਢ ਸੌ ਸਾਲ ਦੇ ਲਈ ਇਕ ਕੁਸ਼ਲ ਸਰਕਾਰ ਦੀ ਸਥਾਪਨਾ ਅਤੇ ਕੁਝ ਹੱਦ ਤੱਕ ਏਕਤਾ ਦੀ ਭਾਵਨਾ ਪੈਦਾ ਹੋਣ ਦਾ ਇਹ ਇਕ ਨਿਸ਼ਚਿਤ ਕਾਰਨ ਸੀ।

### ਮੱਧਮ ਵਰਗ

ਜਦ ਕਿ ਮੱਧਮ ਵਰਗ ਵਿਸ਼ਾਲ ਸੀ, ਜਦ ਕਿ ਉਸ ਦੀ ਰਚਨਾ ਵਿੱਚ ਵਿਵਿਧਾਤਾ ਸੀ। ਇਸ ਵਿੱਚ ਮੁੱਖ ਤੌਰ 'ਤੇ ਹੇਠਲੇ ਮਨਸਬਦਾਰ, ਮੱਧਮ ਪੱਧਰ ਨਾਗਰਿਕ ਅਤੇ ਨਿਆਇਕ ਪ੍ਰਸ਼ਾਸਕ, ਪ੍ਰੋਹਿਤ ਵਰਗ, ਵਿਆਖਿਆਤ ਵਿਅਕਤੀਆਂ ਅਤੇ ਕਲਾਕਾਰਾਂ ਸਹਿਤ ਵੱਡੇ ਭੂ-ਸਵਾਮੀ, ਵਪਾਰੀ, ਬੈਂਕਰਸ ਅਤੇ ਕਾਰੋਬਾਰ ਆਦਿ ਸ਼ਾਮਿਲ ਸਨ। ਪ੍ਰਭਾਵਸ਼ਾਲੀ ਭੌਤਿਕ ਸਾਧਨਾਂ ਅਤੇ ਭੂਮੀ 'ਤੇ ਸਾਮੰਤਾਂ ਦੇ ਅਧਿਕਾਰ ਦੇ ਕਾਰਨ ਸਮਾਜ ਵਿੱਚ ਉਨ੍ਹਾਂ ਦੀ ਸਥਿਤੀ ਸਰਵੋਤਮ ਸੀ। ਹਿੰਦੂਆਂ ਦਾ ਸਮਾਜਿਕ ਢਾਂਚਾ ਵੰਸ਼ਾਨੁਗਤ ਜਾਤੀ-ਪ੍ਰਥਾ 'ਤੇ ਅਧਾਰਿਤ ਸੀ ਅਤੇ ਉਹ ਕੇਵਲ ਉਚੇ ਕੁੱਲ ਵਿੱਚ ਜਨਮੇ ਸਮ੍ਰਿਧ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਜਨਮ ਅਤੇ ਪ੍ਰਜਾਤੀ ਵਰਗੀਕਰਨ ਦੇ ਅਧਾਰ 'ਤੇ ਆਪਣੀ ਸਮਾਜਿਕ ਸਥਿਤੀ ਦ੍ਰਿੜ ਕਰਨ ਵਿੱਚ ਮਦਦ ਦਿੰਦਾ ਸੀ। ਇਸ ਤਰ੍ਹਾਂ ਬਿਹਾਰ ਅਤੇ ਬੰਗਾਲ ਵਿੱਚ ਜਿਵੇਂ ਕਿ ਅਸੀਂ ਜਾਣਦੇ ਹਾਂ, ਹਿੰਦੂਆਂ ਦੀ ਜਾਤੀ ਪ੍ਰਥਾ ਦੇ ਅਨੁਰੂਪ ਮੁਸਲਮਾਨਾਂ ਦੇ ਵੀ ਦੋ ਮੁੱਖ ਵਰਗ ਹਨ, ਜਿਨ੍ਹਾਂ ਵਿੱਚ ਅਸਰਫ ਕੁਲੀਨ ਵਰਗ ਦਾ ਸਮੂਹ ਹੈ। ਉਨ੍ਹਾਂ ਨੇ ਆਪਣੀ ਸੰਪਨਤਾ ਅਤੇ ਗੌਰਵ ਦਾ ਦਾਅਵਾ ਕੀਤਾ ਅਤੇ ਇਨ੍ਹਾਂ ਵਿੱਚ ਹਿੰਦੂ ਸਮਾਜ ਦੇ ਬ੍ਰਾਹਮਣਾਂ ਅਤੇ ਖੱਤਰੀਆਂ ਦੀ ਤਰ੍ਹਾ ਸ਼ੇਖ ਅਤੇ ਸੱਈਯਦ , ਮੁਗਲ ਅਤੇ ਪਠਾਨ ਆਦਿ ਸ਼ਾਮਿਲ ਸਨ। ਉਹ ਨੀਵੇਂ ਕਾਰੋਬਾਰਾਂ ਅਤੇ ਸਰੀਰਿਕ ਮਿਹਨਤ ਦੇ ਕੰਮਾਂ ਵਿੱਚ ਆਪਣਾ ਅਪਮਾਨ ਸਮਝਦੇ ਸਨ। ਸਧਾਰਣ ਮੱਧ ਵਰਗ ਕਾਫੀ ਸੰਪਨ ਸੀ ਪਰ ਖਰਚੀਲਾ ਨਹੀਂ। ਔਰੰਗਜ਼ੇਬ ਦੇ ਸ਼ਾਸਨਕਾਲ ਦੇ ਅੰਤਿਮ ਸਾਲਾਂ ਦੇ ਦੌਰਾਨ ਜਦੋਂ ਦੇਸ਼ ਵਿੱਚ ਆਰਥਿਕ ਤੰਗੀ ਕਾਫੀ ਹੋ ਗਈ, ਉਦੋਂ

ਨੋਟ

ਤੱਕ ਉਨ੍ਹਾਂ ਨੇ ਆਪਣਾ ਜੀਵਨ ਸੁੱਖਦਾਇਕ ਢੰਗ ਨਾਲ ਬਤੀਤ ਕੀਤਾ। ਵਪਾਰੀਆਂ ਅਤੇ ਬੈਂਕਾਂ ਨੇ ਜਿਨ੍ਹਾਂ ਵਿੱਚ ਅਧਿਕਾਰੀ ਹਿੰਦੂ ਸਨ, ਆਪਣੇ ਧਨ ਦਾ ਹਾਲ ਵੀ ਪ੍ਰਦਰਸ਼ਨ ਨਹੀਂ ਕੀਤਾ ਕਿਉਂਕਿ ਭ੍ਰਿਸ਼ਟ, ਚਰਿੱਤਰਹੀਣ ਅਤੇ ਲਾਲਚੀ ਨੌਕਰਸ਼ਾਹਾਂ ਵੱਲੋਂ ਉਨ੍ਹਾਂ ਨੂੰ ਲੁੱਟ ਲਏ ਜਾਣ ਦੀ ਆਸ਼ੰਕਾ ਸੀ। ਬਰਨੀਅਰ ਕਹਿੰਦਾ ਹੈ ਕਿ ਵਪਾਰੀਆਂ ਦੇ ਲਾਭ ਦੇ ਬਾਵਜੂਦ ਕਾਰੋਬਾਰੀ ਵਰਗ ਨੇ ਆਲਸ ਦਾ ਜੀਵਨ ਬਤੀਤ ਕੀਤਾ। ਸੰਭਵ ਤੌਰ 'ਤੇ ਵੱਡੇ ਬੈਂਕਾਂ ਅਤੇ ਵਪਾਰੀ ਵਰਗ ਨੇ ਭਾਰਤ ਦੇ ਦੱਖਣ ਤੱਟ ਤੋਂ ਸਮੁੰਦਰ ਪਾਰ ਵਪਾਰ ਕੀਤਾ ਅਤੇ ਬੇਝਿਜਕ ਆਪਣੀ ਧਨ-ਸੰਪਤੀ ਦਾ ਪ੍ਰਦਰਸ਼ਨ ਕੀਤਾ ਅਤੇ ਸਧਾਰਣ ਤੌਰ 'ਤੇ ਉਚ ਪੱਧਰੀ ਸ਼ਾਸਤ ਵਰਗ ਦੇ ਨਾਲ ਮੋਢੇ ਨਾਲ ਮੋਢਾ ਮਿਲਾਇਆ।

### ਜਨ ਸਮੁਦਾਇ

ਭਾਰਤ ਦੀ ਸਾਰੀ ਆਬਾਦੀ ਵਿੱਚ ਕੁਲੀਨ ਅਤੇ ਮੱਧਮ ਵਰਗ ਦੀ ਕੁੱਲ ਸੰਖਿਆ ਮੁਸ਼ਕਿਲ ਨਾਲ 10 ਤੋਂ 15 ਪ੍ਰਤੀਸ਼ਤ ਦੇ ਆਸ-ਪਾਸ ਸੀ। ਇਸ ਤਰ੍ਹਾਂ ਲੋਕਾਂ ਦੀ ਧਾਰਮਿਕ ਪ੍ਰਧਾਨਤਾ ਨਾਲ ਨਿਰਪੱਖ ਰੂਪ ਵਿੱਚ ਜ਼ਿਆਦਾ ਲੋਕਾਂ ਦਾ ਸਬੰਧ ਜਨ ਸਮੁਦਾਇ ਜਾਂ ਹੇਠਲੇ ਵਰਗ ਨਾਲ ਸੀ, ਜਿਨ੍ਹਾਂ ਵਿੱਚ ਛੋਟੇ ਕਿਸਾਨਾਂ ਦੇ ਨਾਲ ਕਿਸਾਨ ਅਤੇ ਖੇਤੀ ਮਜ਼ਦੂਰ, ਸਿਪਾਹੀ, ਕਾਰੀਗਰ, ਹਸਤਸ਼ਿਲਪੀ, ਦੁਕਾਨਦਾਰ ਅਤੇ ਸਵੈ-ਰੋਜ਼ਗਾਰ ਵਿੱਚ ਲੱਗੇ ਲੱਖਾਂ ਲੋਕ ਸ਼ਾਮਿਲ ਸਨ। ਹਿੰਦੂ ਜਾਤੀ ਦੇ ਅਤਿ-ਗਰੀਬ ਵਿਅਕਤੀ ਅਤੇ ਸਾਰੇ ਸ਼ੂਦਰ ਵਰਗ ਅਤੇ ਬਹਿਸ਼ਕ੍ਰਿਤ ਜਾਤੀਆਂ, ਆਪਣੇ ਭੌਤਿਕ ਸਾਧਨਾਂ ਦੇ ਅਹਿਸਾਸ ਦੇ ਨਾਤੇ ਜਨ ਸਮੁਦਾਇ ਦੀ ਸ਼੍ਰੇਣੀ ਵਿੱਚ ਆਉਂਦੇ ਸਨ। ਜਨ ਸਮੁਦਾਇ ਦਾ ਕੁਝ ਵਰਗ ਜ਼ਿਆਦਾ ਸੰਪਨ ਸੀ ਅਤੇ ਉਨ੍ਹਾਂ ਦਾ ਜੀਵਨ ਖੁਸ਼ਹਾਲ ਅਤੇ ਸੰਤੋਸ਼ਪ੍ਰਦ ਸੀ, ਫਿਰ ਵੀ ਕੁਲ ਮਿਲਾ ਕੇ ਧਨ ਦੇ ਅਸਮਾਨ ਵੰਡ ਦੇ ਕਾਰਨ ਉਨ੍ਹਾਂ ਵਿੱਚ ਅਸੰਤੋਸ਼ ਦੇ ਲੱਛਣ ਪ੍ਰਗਟ ਹੁੰਦੇ ਹਨ। ਭਾਰਤੀ ਜਨ ਸਮੁਦਾਇ ਦਾ ਸਧਾਰਨ ਜੀਵਨ ਪੱਧਰ ਕਾਫੀ ਵੱਖ ਸੀ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਬਹੁਤ ਘੱਟ ਸਨ। ਭਾਰਤ ਦੇ ਕਈ ਹਿੱਸਿਆਂ ਵਿੱਚ ਗਰਮ ਅਤੇ ਸਹੀ ਮੌਸਮ ਦੇ ਕਾਰਨ ਜ਼ਿਆਦਾ ਕੱਪੜਿਆਂ ਦੀ ਜ਼ਰੂਰਤ ਨਹੀਂ ਪੈਂਦੀ ਸੀ ਅਤੇ ਲੋਕ ਤਿਆਰ ਕੱਪੜਿਆਂ ਦਾ ਇਸਤੇਮਾਲ ਘੱਟ ਤੋਂ ਘੱਟ ਕਰਦੇ ਸਨ। ਜਨ ਸਮੁਦਾਇ ਵਿੱਚ ਊਨੀ ਕੱਪੜਿਆਂ ਦਾ ਪ੍ਰਚਲਣ ਵਿਵਹਾਰ ਵਿੱਚ ਨਹੀਂ ਸੀ, ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਜੁੱਤੀਆਂ ਦਾ ਇਸਤੇਮਾਲ ਬਹੁਤ ਜ਼ਿਆਦਾ ਨਹੀਂ ਹੁੰਦਾ ਸੀ। ਸੋਕੇ ਅਤੇ ਅਕਾਲ ਦੇ ਸਮੇਂ ਨੂੰ ਛੱਡ ਕੇ ਖਾਦ ਵਸਤੂਆਂ ਦਾ ਅਹਿਸਾਸ ਨਹੀਂ ਸੀ। ਕੀਮਤਾਂ ਬਹੁਤ ਹੀ ਘੱਟ ਸਨ, ਇਸ ਲਈ ਸਧਾਰਣ ਸਥਿਤੀਆਂ ਵਿੱਚ ਭੁੱਖਮਰੀ ਨਾਲ ਮੌਤ ਦੀ ਸੂਚਨਾ ਬਹੁਤ ਹੀ ਘੱਟ ਮਿਲਦੀ ਸੀ। ਖੇਤੀ ਵਿਕਸਿਤ ਸੀ, ਰਾਜ ਦੇ ਕਰ ਅਤੇ ਟੈਕਸ ਨਿਰਧਾਰਿਤ ਸਨ ਅਤੇ ਸਾਰੀ ਅਦਾਇਗੀ ਅਤੇ ਖਰਚ ਦੇ ਬਾਅਦ ਵੀ ਕਿਸਾਨਾਂ ਦੇ ਕੋਲ ਕਾਫੀ ਅਨਾਜ ਅਤੇ ਪੈਸੇ ਬਾਕੀ ਰਹਿ ਜਾਂਦੇ ਸਨ। ਸਰਕਾਰੀ ਅਧਿਕਾਰੀਆਂ ਨੂੰ ਕਿਸਾਨਾਂ 'ਤੇ ਨਿਰਧਾਰਿਤ ਤੋਂ ਜ਼ਿਆਦਾ ਕਰ ਲਗਾਉਣ ਦੀ ਮਨਜ਼ੂਰੀ ਨਹੀਂ ਸੀ। ਕਿਸਾਨਾਂ ਨੂੰ ਆਪਣੇ ਉਤਪਾਦਾਂ ਜਾਂ ਅਧਿਕਾਰਾਂ ਤੋਂ ਵਾਂਝਾ ਕਰਨ ਦੇ ਲਈ ਕੋਈ ਮੱਧਸਥ ਜਗੀਰਦਾਰ ਜਾਂ ਠੇਕੇਦਾਰ ਨਹੀਂ ਸੀ। ਕਿਸਾਨਾਂ ਦੇ ਕਲਿਆਣ ਅਤੇ ਹਿੱਤਾਂ ਦੀ ਸੁਰੱਖਿਆ ਵਿੱਚ ਸਰਕਾਰ ਨੇ ਗਹਿਰੀ ਰੁਚੀ ਲਈ। ਸੋਕੇ ਅਤੇ ਅਕਾਲ ਦੇ ਸਮੇਂ ਕਿਸਾਨਾ ਨੂੰ ਨਾ ਕੇਵਲ ਭੂ-ਕਰ ਵਿੱਚ ਛੂਟ ਦਿੱਤੀ ਗਈ, ਬਲਕਿ ਉਨ੍ਹਾਂ ਨੂੰ ਜ਼ਿਆਦਾ ਸਹਾਇਤਾ ਵੀ ਪ੍ਰਦਾਨ ਕੀਤੀ ਗਈ। ਪ੍ਰੇਸ਼ਾਨੀਆਂ ਤੋਂ ਛੁਟਕਾਰੇ ਦੇ ਲਈ ਉਨ੍ਹਾਂ ਨੂੰ ਖੇਤੀ ਕਰਜ਼ਾ (ਤਕਾਬੀ) ਵੀ ਪ੍ਰਦਾਨ ਕੀਤਾ ਗਿਆ। ਸੈਨਿਕ ਅਭਿਆਨ ਦੇ ਦੌਰਾਨ ਫਸਲਾਂ ਦੀ ਹੋਣ ਵਾਲੀ ਬਰਬਾਦੀ ਦੇ ਲਈ ਕਿਸਾਨਾਂ ਨੂੰ ਮੁਆਵਜ਼ਾ ਵੀ ਦਿੱਤਾ ਗਿਆ। ਸਿਰਫ ਸ਼ਾਹਜਹਾਂ ਦੇ ਸ਼ਾਸਨ ਕਾਲ ਦੇ ਅੰਤਿਮ ਸਾਲ ਦੇ ਦੌਰਾਨ ਸਰਕਾਰੀ ਕਰ ਟੈਕਸ ਵਿੱਚ ਵਾਧਾ ਅਤੇ ਪ੍ਰਸ਼ਾਸਨਿਕ ਵਿਵਸਥਾ ਵਿੱਚ ਸ਼ਿਥਿਲਤਾ ਦੇ ਕਾਰਨ ਕਿਸਾਨਾਂ ਦੀ ਸਥਿਤੀ ਵਿੱਚ ਹਾਸ ਦੇ ਲੱਛਣ ਪ੍ਰਗਟ ਹੋਣ ਲੱਗ।

### ਸਧਾਰਣ ਜਨ-ਜੀਵਨ

ਭਾਰਤੀਆਂ ਦੀਆਂ ਖਾਨ-ਪਾਨ ਦੀਆਂ ਆਦਤਾਂ ਵਿੱਚ ਕੋਈ ਸਮਰੂਪਤਾ ਨਹੀਂ ਸੀ। ਜ਼ਿਆਦਾਤਰ ਹਿੰਦੂ ਸ਼ਾਕਾਹਾਰੀ ਸਨ, ਜਦੋਂ ਕਿ ਮੁਸਲਮਾਨ ਸਧਾਰਣ ਤੌਰ 'ਤੇ ਮਾਸਾਹਾਰੀ ਸਨ। ਕਣਕ, ਚਾਵਲ, ਜੌਂ, ਮੱਕੀ, ਛੋਲੇ ਅਤੇ ਦਾਲਾਂ ਵਰਗੀਆਂ ਖੇਤੀ ਉਤਪਾਦਾਂ ਦਾ ਦੇਸ਼ ਵਿੱਚ ਭੰਡਾਰ ਸੀ। ਹਿੰਦੂ-ਗੰਗਾ ਘਾਟੀ ਦੇ ਲੋਕ ਕਣਕ ਦੀ ਰੋਟੀ ਖਾਂਦੇ ਸਨ, ਜਦੋਂ ਕਿ ਦੱਖਣ ਵਾਸੀਆਂ ਦਾ ਪ੍ਰਿਯ ਭੋਜਨ ਮਛਲੀ ਅਤੇ ਚਾਵਲ ਸੀ। ਭਾਰਤੀ ਖਾਨ-ਪਾਣ ਵਿੱਚ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਦਾ ਮਹੱਤਵਪੂਰਨ ਸਥਾਨ ਸੀ, ਜਿਨ੍ਹਾਂ ਦਾ ਇਸਤੇਮਾਲ ਵੱਖ-ਵੱਖ ਤਰ੍ਹਾਂ ਦੀਆਂ ਮਿਠਾਈਆਂ ਬਣਾਉਣ ਵਿੱਚ ਕੀਤਾ ਜਾਂਦਾ ਸੀ। ਦੁੱਧ ਅਤੇ ਦਾਲਾਂ ਤੋਂ ਵੀ ਕਈ ਤਰ੍ਹਾਂ ਦੀਆਂ ਮਿਠਾਇਆਂ ਤਿਆਰ ਕੀਤੀਆਂ ਜਾਂਦੀਆਂ ਸਨ। ਜਿਵੇਂ ਲੱਡੂ, ਜਲੇਬੀ, ਕੜਾਹ, ਖੀਰ, ਬਰਫੀ, ਕਲਾਕੰਦ ਅਤੇ ਰਸਗੁੱਲੇ ਆਦਿ। ਖੱਟੇ ਦੁੱਧ ਤੋਂ ਬਣੀ ਲੱਸੀ ਉਸ ਸਮੇਂ ਦਾ ਪ੍ਰਸਿੱਧ ਪੀਣ ਵਾਲਾ ਪਦਾਰਥ ਸੀ। ਰਸੋਈ ਦੇ ਮਸਾਲੇ, ਮੱਖਣ, ਘਿਓ ਅਤੇ ਪਨੀਰ ਦਾ ਖੂਬ ਇਸਤੇਮਾਲ ਹੁੰਦਾ ਸੀ। ਮਾਸਾਹਾਰੀ ਨੂੰ ਨਾਨ ਅਤੇ ਕਬਾਬ ਸਭ ਤੋਂ ਜ਼ਿਆਦਾ ਪ੍ਰਿਯ ਸੀ। ਜਿੱਥੇ ਗਊ ਮਾਸ ਹਿੰਦੂਆਂ ਦੇ ਲਈ ਵਰਜਿਤ ਸੀ, ਉਥੇ ਮੁਸਲਮਾਨਾਂ ਨੂੰ ਸੂਰ ਦੇ ਮਾਸ ਤੋਂ ਨਫਰਤ ਸੀ।

ਮੱਧਕਾਲੀਨ ਭਾਰਤ ਦੇ ਕੁਲੀਨ ਅਤੇ ਮੱਧਮ ਵਰਗ ਦੇ ਲੋਕ ਆਪਣੀ ਸਰਵ-ਸ੍ਰੇਸ਼ਠ ਪੁਸ਼ਾਕ ਅਤੇ ਉਚੇ ਰਹਿਣ-ਸਹਿਣ ਦੇ ਪੱਧਰ ਦੇ ਲਈ ਵਿਸ਼ਵ ਪ੍ਰਸਿੱਧ ਸਨ। ਭਾਰਤੀ ਕੱਪੜਾ ਉਦਯੋਗ ਕਾਫੀ ਵਿਕਸਿਤ ਸੀ, ਜਿਸ ਦੇ ਕਾਰਨ ਲੋਕਾਂ ਦੀਆਂ ਪੁਸ਼ਾਕਾਂ ਅਤੇ ਘਰੇਲੂ ਕੰਮਾਂ ਦੇ ਲਈ ਕੱਪੜੇ ਦੇ ਉਤਪਾਦਨ ਵਿੱਚ ਕਪਾਹ, ਉੱਨ ਅਤੇ ਰੇਸ਼ਮ ਦਾ ਖੂਬ ਇਸਤੇਮਾਲ ਹੁੰਦਾ ਸੀ। ਕੁਲੀਨ ਵਰਗ ਦੇ ਲਈ ਭਾਰਤ ਦੇ ਕੁਸ਼ਲ ਸ਼ਿਲਪਕਾਰਾਂ ਨੇ ਵੱਖ-ਵੱਖ ਤਰ੍ਹਾਂ ਦੀਆਂ ਮਹਿੰਗੀਆਂ ਵਸਤੂਆਂ ਦਾ ਉਤਪਾਦਨ ਕੀਤਾ, ਜਿਨ੍ਹਾਂ ਵਿੱਚ ਮੁੱਖ ਤੌਰ

ਨੋਟ

'ਤੇ ਚਾਦਰ, ਦਰੀ, ਕਾਲੀਨ, ਕੰਬਲ, ਮੱਛਰਦਾਨੀ ਆਦਿ ਸ਼ਾਮਿਲ ਸਨ। ਅਕਬਰ ਨੇ ਸਰਵਜਨਿਕ ਕਾਰਖਾਨਿਆਂ ਦੇ ਵਿਸਥਾਰ ਵੱਲ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ। ਉਹ ਦਰੀ ਨਿਰਮਾਣ ਉਦਯੋਗ ਤੋਂ ਕਾਫੀ ਪ੍ਰਭਾਵਿਤ ਸੀ, ਜਿਸ ਦੇ ਉਤਪਾਦਾਂ ਦੀ ਗੁਣਵੱਤਾ ਤੁਰਕੀ ਅਤੇ ਫਾਰਸ ਵਿੱਚ ਉਤਪਾਦਿਤ ਦਰੀਆਂ ਦੇ ਸਮਤੁਲਨ ਸੀ। ਭਾਰਤ ਦੇ ਵੱਖ-ਵੱਖ ਸਮਾਜਿਕ ਵਰਗ ਅਤੇ ਵੱਖ-ਵੱਖ ਸਥਾਨਾਂ ਦੀਆਂ ਪੁਸ਼ਾਕਾਂ ਵਿੱਚ ਕਾਫੀ ਮਾਤਰਾ ਵਿੱਚ ਬਿਨਾਂ ਸਿਲੇ ਕੱਪੜੇ ਹੁੰਦੇ ਸਨ। ਉਨ੍ਹਾਂ ਦੇ ਦੋ ਹਿੱਸੇ ਸਨ, ਜਿਸ ਦਾ ਇਕ ਹਿੱਸਾ ਧੋਤੀ ਦੇ ਰੂਪ ਵਿੱਚ ਪ੍ਰਯੁਕਤ ਹੁੰਦਾ ਸੀ ਅਤੇ ਦੂਸਰੇ ਹਿੱਸੇ ਨੂੰ ਸਰੀਰ ਦੇ ਉਪਰੀ ਹਿੱਸੇ ਨੂੰ ਢਕਣ ਦੇ ਲਈ ਮੋਢੇ 'ਤੇ ਪਾਇਆ ਜਾਂਦਾ ਸੀ। ਮੁਸਲਮਾਨ ਲੋਕ ਜਦੋਂ ਕਦੀ ਘਰ ਤੋਂ ਬਾਹਰ ਨਿਕਲਦੇ ਸਨ ਤਾਂ ਕੁੜਤੇ ਅਤੇ ਪਜਾਮੇ ਦਾ ਇਸਤੇਮਾਲ ਕਰਦੇ ਸਨ ਪਰ ਘਰ ਵਿੱਚ ਬਿਨਾਂ ਸੀਤੇ ਕੱਪੜਿਆਂ ਦਾ ਇਕ ਹਿੱਸਾ ਅਤੇ ਧੋਤੀ ਹੀ ਪਹਿਨਦੇ ਸਨ। ਧੋਤੀ ਤੋਂ ਇਸ ਦੀ ਵਿਭਿੰਨਤਾ ਸਿਰਫ ਕਮਰ ਵਿੱਚ ਇਸ ਨੂੰ ਬੰਨ੍ਹਣ ਦੇ ਤਰੀਕੇ ਨਾਲ ਸੀ। ਪਗੜੀ ਜਾਂ ਟੋਪੀ ਭਾਰਤੀਆਂ ਦੀ ਇੱਜ਼ਤ ਸੀ। ਗਰਮ ਮੌਸਮ ਦੇ ਕਾਰਨ ਦੱਖਣ ਦੇ ਲੋਕ ਜ਼ਿਆਦਾਤਰ ਲੁੰਗੀ ਅਤੇ ਧੋਤੀ ਹੀ ਪਹਿਨਦੇ ਸਨ। ਮੋਟੇ ਤੌਰ 'ਤੇ ਹਿੰਦੂਆਂ ਦੀ ਤੁਲਨਾ ਵਿੱਚ ਮੁਸਲਮਾਨਾਂ ਦੀਆਂ ਪੁਸ਼ਾਕਾਂ ਚੰਗੀਆਂ ਸਨ। ਕਦੀ-ਕਦੀ ਉਹ ਲੰਬੇ ਕੁੜਤੇ ਜਾਂ ਕਾਬਾ ਦਾ ਇਸਤੇਮਾਲ ਕਰਦੇ ਸਨ ਅਤੇ ਪਤਝੜ ਦੇ ਦਿਨਾਂ ਵਿੱਚ ਉਨ੍ਹਾਂ ਤੋਂ ਬਣਿਆ ਡਗਲਾ ਵੀ ਪਹਿਨਦੇ ਸਨ। ਇਸ ਤਰ੍ਹਾ ਹਿੰਦੂਆਂ ਵਿੱਚ ਸੰਪਨ ਵਰਗ ਦੇ ਲੋਕ ਲੰਬੀਆਂ ਬਾਹਾਂ ਵਾਲੇ ਇਕ ਤਰ੍ਹਾ ਦਾ ਜੈਕੇਟ ਜਾਂ 'ਅੰਗਿਕਾ' ਪਹਿਨਦੇ ਸਨ। ਸ਼ਹਿਰ ਦੀਆਂ ਹਿੰਦੂ ਮਹਿਲਾਵਾਂ ਦੀਆਂ ਪੁਸ਼ਾਕਾਂ ਵਿੱਚ ਸਾੜ੍ਹੀ ਅਤੇ ਚੋਲੀ ਜਾਂ ਛੋਟੀਆਂ ਬਾਹਾਂ ਦੀ ਕੁਰਤੀ ਸ਼ਾਮਿਲ ਸੀ, ਜਦੋਂ ਕਿ ਪੇਂਡੂ ਮਹਿਲਾਵਾਂ ਦੀਆਂ ਪੁਸ਼ਾਕਾਂ ਦਾ ਰੰਗ ਕਾਫੀ ਚਮਕਦਾਰ ਅਤੇ ਆਕਰਸ਼ਕ ਹੁੰਦਾ ਸੀ ਅਤੇ ਉਨ੍ਹਾਂ 'ਤੇ ਸੁੰਦਰ ਕਸੀਦਾਕਾਰੀ ਕੀਤੀ ਹੋਈ ਹੁੰਦੀ ਸੀ। ਮੁਸਲਿਮ ਮਹਿਲਾਵਾਂ ਤੰਗ ਪਜਾਮਾ, ਸ਼ਰਟ ਅਤੇ ਸਿਰ ਨੂੰ ਲੰਬੇ ਦੁਪੱਟੇ ਜਾਂ ਪਲਾਬੀ ਟੋਪੀ ਨਾਲ ਢਕਦੀਆਂ ਸਨ। ਹਿੰਦੂ ਮਹਿਲਾਵਾਂ ਆਪਣੀ ਸਾੜ੍ਹੀ ਦੇ ਕਿਨਾਰੇ ਜਾਂ ਪੱਲੂ ਨਾਲ ਆਪਣੇ ਸਿਰ ਨੂੰ ਢੱਕ ਕੇ ਰੱਖਦੀਆਂ ਸਨ। ਕਾਲੇ ਰੰਗ ਦੇ ਬੁਰਕੇ ਦਾ ਇਸਤੇਮਾਲ ਮੁਸਲਿਮ ਇਸਤਰੀਆਂ ਘਰ ਤੋਂ ਬਾਹਰ ਜਾਣ 'ਤੇ ਕਰਦੀਆਂ ਸਨ, ਜਦੋਂ ਕਿ ਕੁਝ ਰਹੀਸ ਘਰਾਣੇ ਦੇ ਵਿਅਕਤੀ ਆਪਣੇ ਸਿਰ ਦੀ ਪੁਸ਼ਾਕ ਦੇ ਰੂਪ ਵਿੱਚ ਪਗੜੀ ਦੀ ਤਰ੍ਹਾ ਇਕ ਸ਼ਕਵਾਕਾਰ ਟੋਪੀ ਜਾਂ 'ਕੁਲਾ' ਦਾ ਇਸਤੇਮਾਲ ਕਰਦੇ ਸਨ। ਸਰੀਰਿਕ ਸਜਾਵਟ ਦੋਨੋਂ ਵਰਗਾਂ ਵੱਲੋਂ ਆਪਣੀ ਹੈਸੀਅਤ ਅਤੇ ਸਥਿਤੀ ਦੇ ਅਨੁਸਾਰ ਹੁੰਦੀ ਸੀ। ਆਕਰਸ਼ਣ ਵਿੱਚ ਵਿਸ਼ੇਸ਼ ਵਾਧੇ ਦੇ ਲਈ ਵੱਖ-ਵੱਖ ਤਰ੍ਹਾਂ ਦੇ ਫਲਾਂ, ਮਹਿਕਦਾਰ ਤੇਲਾਂ ਅਤੇ ਇਤਰ ਦਾ ਵੀ ਇਸਤੇਮਾਲ ਖੂਬ ਹੁੰਦਾ ਸੀ।

### ਧਰਮ ਅਤੇ ਸਮਾਜ

ਧਰਮ ਮੱਧਕਾਲੀਨ ਭਾਰਤੀ ਸਮਾਜ ਦੇ ਹਰ ਪਹਿਲੂ ਵਿੱਚ ਕਾਫੀ ਸੀ। ਵੱਖ-ਵੱਖ ਸੰਪ੍ਰਦਾਇਆਂ ਦੇ ਲੋਕਾਂ ਵੱਲੋਂ ਬਣਾਏ ਗਏ ਮੰਦਿਰ-ਮਸਜ਼ਿਦ ਅਤੇ ਪੂਜਾ ਸਥਾਨਾਂ ਦੇ ਲਈ ਭਾਰਤ ਦੇਸ਼ ਪ੍ਰਸਿੱਧ ਸੀ। ਹਿਮਾਚਲ ਪਰਬਤ ਸ਼ਿਖਰ ਤੋਂ ਲੈ ਕੇ ਦੱਖਣ ਵਿੱਚ ਕੰਨਿਆ ਕੁਮਾਰੀ ਤੱਕ ਸੰਪੂਰਨ ਭਾਰਤ ਪਵਿੱਤਰ ਭੂਮੀ ਮੰਨਿਆ ਜਾਂਦਾ ਸੀ। ਮੁਗਲ ਸ਼ਾਸਨ ਦੇ ਦੌਰਾਨ ਦੇਸ਼ ਵਿੱਚ ਪਧਾਰੇ ਵਿਦੇਸ਼ੀ ਯਾਤਰੀ ਆਪਣੇ-ਆਪਣੇ ਸੰਪ੍ਰਾਦਾਇਆਂ ਦੇ ਲਈ ਲੋਕਾਂ ਦੀ ਭਾਵਨਾ ਨੂੰ ਦੇਖ ਕੇ ਹੈਰਾਨ ਸਨ, ਜਿਨ੍ਹਾਂ ਨੇ ਹਰ ਜਗ੍ਹਾ ਆਪਣੇ ਲੋਕਾਂ ਦੇ ਲਈ ਪੂਜਾ ਸਥਾਨਾਂ ਦਾ ਨਿਰਮਾਣ ਕਰਾਇਆ ਸੀ। ਇਨ੍ਹਾਂ ਪਵਿੱਤਰ ਸਥਾਨਾਂ ਦੇ ਨਿਰਮਾਣ ਵਿੱਚ ਰਾਜਿਆਂ-ਮਹਾਰਾਜਿਆਂ ਨੇ ਕਾਫੀ ਧਨ ਖਰਚ ਕੀਤਾ, ਜਦੋਂਕਿ ਜਨ-ਸਧਾਰਣ ਨੇ ਵੀ ਆਪਣੀ ਬਚਤ ਰਾਸ਼ੀ ਚੰਦੇ ਦੇ ਰੂਪ ਵਿੱਚ ਦਿੱਤੀ ਅਤੇ ਨਿਰਧਨ ਅਤੇ ਗਰੀਬ ਲੋਕਾਂ ਨੇ ਬਿਨਾਂ ਟੈਕਸ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ। ਕਾਫੀ ਸੰਖਿਆ ਵਿੱਚ ਹਿੰਦੂ ਆਪਣੇ ਤੀਰਥ ਸਥਾਨਾਂ 'ਤੇ ਇਕੱਠੇ ਹੁੰਦੇ ਸਨ ਅਤੇ ਸੈਂਕੜਿਆਂ ਦੀ ਸੰਖਿਆ ਵਿੱਚ ਮੁਸਲਮਾਨ ਆਪਣੇ ਤੀਰਥ ਸਥਾਨ, ਮੱਕਾ ਅਤੇ ਮਦੀਨਾ ਵਿੱਚ ਹੱਜ ਕਰਨ ਜਾਂਦੇ ਸਨ। ਇਸੇ ਤਰ੍ਹਾਂ ਪਾਰਸੀਆਂ ਨੇ ਆਪਣੇ ਮੰਦਿਰਾਂ ਵਿੱਚ ਪਵਿੱਤਰ ਦੀਵੇ ਨੂੰ ਕਦੀ ਬੁਝਣ ਨਹੀਂ ਦਿੱਤਾ। ਸੰਪ੍ਰਾਇਦਾਏਵਾਦ ਭਾਰਤੀਆਂ ਦੇ ਧਾਰਮਿਕ ਜੀਵਨ ਦਾ ਵਿਸ਼ੇਸ਼ ਲੱਛਣ ਸੀ। ਵੱਖ-ਵੱਖ ਧਾਰਮਿਕ ਪ੍ਰਥਾਵਾਂ ਅਤੇ ਵਿਸ਼ਵਾਸਾਂ ਦੀ ਪ੍ਰਤੀਨਿਧਤਾ ਕਰਦੇ ਹੋਏ ਹਰ ਧਰਮ ਅਸੰਖਿਆ ਸੰਪ੍ਰਦਾਇ ਅਤੇ ਉਪ-ਸੰਪ੍ਰਦਾਇ ਵਿੱਚ ਵੰਡਿਆ ਸੀ। ਸ਼ੈਵਾਂ, ਵੈਸ਼ਣਵਾਂ ਅਤੇ ਤਾਂਤਰਿਕਾਂ ਦੇ ਕਈ ਉਪਸੰਪ੍ਰਦਾਇਆਂ ਦੇ ਕਾਰਨ ਹਿੰਦੂ ਧਰਮ ਨੂੰ ਲਕਵਾ-ਜਿਹਾ ਮਾਰ ਗਿਆ। ਇਨ੍ਹਾਂ ਉਪਸੰਪ੍ਰਦਾਇਆਂ ਵਿੱਚ ਭਗਤੀ ਸੁਧਾਰਕਾਂ ਦੇ ਇਕ ਪ੍ਰਗਤੀਸ਼ੀਲ ਸੰਪ੍ਰਦਾਇ ਦੇ ਕਾਰਨ ਸਿੱਖ ਧਰਮ ਦਾ ਜਨਮ ਹੋਇਆ ਸੀ। ਇਸੇ ਤਰ੍ਹਾਂ ਵੱਖ-ਵੱਖ ਸੂਫੀ ਸੰਤਾਂ ਦੇ ਅਨੁਯਾਈਆਂ ਦੇ ਇਲਾਵਾ ਮੁਸਲਮਾਨ ਸ਼ੀਆ, ਸੁੰਨੀ ਅਤੇ ਬੋਹਰਾ ਵਿੱਚ ਵੰਡੇ ਸਨ। ਭਗਤੀ ਸੁਧਾਰਕਾਂ ਅਤੇ ਸੂਫੀ ਸੰਤਾਂ ਦੇ ਉਪਦੇਸ਼ਾਂ ਨੂੰ ਦੇਸ਼ ਦੇ ਜ਼ਿਆਦਾਤਰ ਲੋਕ ਭੁੱਲ ਗਏ। ਹਾਲਾਂਕਿ ਤਪੱਸਿਆ ਨੂੰ ਧਾਰਮਿਕ ਗੁਣ ਮੰਨਿਆ ਗਿਆ ਅਤੇ ਹਿੰਦੂ ਸਾਧੂ, ਬੈਰਾਗੀ, ਯੋਗੀ, ਤਪੱਸਵੀ, ਜੈਨ ਮੁਨੀ, ਮੁਸਲਿਮ ਪੀਰ ਅਤੇ ਫਕੀਰ ਆਦਿ ਜਨਸੰਖਿਆ ਦੇ ਇਕ ਵੱਡੇ ਹਿੱਸੇ ਦੇ ਰੂਪ ਵਿੱਚ ਦੇਸ਼ ਵਿੱਚ ਮੌਜੂਦ ਸਨ। ਆਤਮਾ ਦੀ ਸ਼ੁੱਧੀ ਅਤੇ ਭਗਤੀ ਦੇ ਲਈ ਮੇਲਿਆਂ ਅਤੇ ਸਮਾਰੋਹਾਂ ਵਿੱਹ ਹਿੱਸੇ ਲੈਣ ਦੇ ਇਲਾਵਾ ਕਈ ਤਰ੍ਹਾਂ ਦੇ ਵਿਅਰਥ ਦੇ ਵਿਧੀ-ਵਿਧਾਨਾਂ ਅਤੇ ਕਰਮਕਾਂਡਾਂ ਦੇ ਪਾਲਣ ਨੂੰ ਜ਼ਰੂਰੀ ਮੰਨਿਆ ਗਿਆ। ਪ੍ਰੋਹਿਤ ਦਾ ਆਪਣੇ ਸ਼ਰਧਾਲੂਆਂ ਦੇ ਸਮਾਜਿਕ ਜੀਵਨ 'ਤੇ ਪੂਰਾ ਕੰਟਰੋਲ ਸੀ, ਜਿਸ ਦੇ ਕਾਰਨ ਈਸ਼ਵਰ ਦੇ ਨਾਮ 'ਤੇ ਕਈ ਢੋਂਗੀ ਵਿਅਕਤੀਆਂ ਨੇ ਵੀ ਗਲੇ ਵਿੱਚ ਕੰਠੀ-ਮਾਲਾ ਪਾ ਕੇ ਗਰੀਬ ਅਤੇ ਅਨਪੜ੍ਹ ਲੋਕਾਂ ਦਾ ਸ਼ੋਸ਼ਣ ਕੀਤਾ। ਈਸ਼ਵਰ ਦੀ ਅਰਾਧਨਾ ਵਿੱਚ ਜਾਨਵਰਾਂ ਅਤੇ ਮਨੁੱਖਾਂ ਦੀ ਬਲੀ ਸਹਿਤ ਉਨ੍ਹਾਂ ਨੇ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਨੂੰ ਉਤਸ਼ਾਹਿਤ ਕੀਤਾ। ਧਾਰਮਿਕ ਜੀਵਨ ਦੀ ਤੇਜ਼ੀ ਦੇ ਕਾਰਨ ਧਰਮ ਦੇ ਨਾਮ 'ਤੇ ਪ੍ਰਚੁਰ ਦਾਨ ਭਾਵਨਾ ਹੁੰਦੀ ਸੀ। ਮੰਦਿਰਾਂ ਅਤੇ ਮਸਜ਼ਿਦਾਂ ਨਾਲ ਸਬੰਧਿਤ ਭੂਮੀ ਸੰਪਨ ਵ੍ਰਤਿਦਾਨ ਸੀ, ਜਿਸ 'ਤੇ ਪ੍ਰੋਹਿਤਾਂ ਜਾਂ ਮੁੱਲਾਵਾਂ ਦਾ ਕੰਟਰੋਲ ਹੁੰਦਾ ਸੀ ਅਤੇ ਪੂਜਾ ਨਾਲ ਹੋਣ ਵਾਲੀ ਆਮਦਨੀ ਨੇ ਇਕ ਸਾਮੰਤੀ ਸੰਗਠਨ ਦਾ ਨਿਰਮਾਣ ਕੀਤਾ, ਜਿਨ੍ਹਾਂ ਦੀ ਰੁਚੀ ਵਿਸ਼ੇਸ਼ ਰੂਪ ਨਾਲ ਪੂਜਾ ਭਵਨ ਦੀ ਸੰਪਤੀ 'ਤੇ ਟਿਕੀ ਸੀ।

ਨੋਟ

### ਮੇਲੇ ਅਤੇ ਉਤਸਵ

ਭਾਰਤੀ ਸਮਾਜਿਕ ਜੀਵਨ ਬਹੁਤ ਹੀ ਵਿਵਿਧਾਤਾਪੂਰਨ ਸੀ। ਅਸੰਖਿਆ ਸਮਾਜਿਕ ਕੰਮਾਂ ਅਤੇ ਕਰਮਕਾਂਡਾਂ ਮੇਲਿਆਂ ਅਤੇ ਉਤਸਵਾਂ ਦੇ ਕਾਰਨ ਭਾਰਤੀ ਸਮਾਜਿਕ ਜੀਵਨ ਵਿੱਚ ਉਤਸਵ ਬਣਿਆ ਰਹਿੰਦਾ ਸੀ। ਹਿੰਦੂ ਲੋਕ ਹੋਲੀ, ਬਸੰਤ ਪੰਚਮੀ, ਦੁਸਹਿਰਾ, ਦੀਵਾਲੀ ਸ਼ਿਵਰਾਤਰੀ, ਮੱਕਰ ਸੰਕ੍ਰਾਂਤੀ ਆਦਿ ਤਿਓਹਾਰ ਪੂਰੇ ਉਤਸ਼ਾਹ ਨਾਲ ਮਨਾਉਂਦੇ ਸਨ, ਜਦੋਂ ਕਿ ਮੁਸਲਮਾਨਾਂ ਦੇ ਪੂਰਵਾਂ ਵਿੱਚ ਵਿੱਚ ਇਦੁਲ ਜੁਆ, ਇਦੁਲ ਫਿਤਰ, ਸ਼ਬ-ਏ-ਬਾਰਾਤ, ਮੁਹਰਮ, ਮਿਲਾਦੁਨ ਨਬੀ ਆਦਿ ਮੁੱਖ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਤਿਓਹਾਰਾਂ ਦੇ ਮੌਕੇ 'ਤੇ ਸਰਵਜਨਿਕ ਜਲੂਸ ਅਤੇ ਝਾਕੀਆਂ ਕੱਢੀਆਂ ਜਾਂਦੀਆਂ ਸਨ, ਜਿਨ੍ਹਾਂ ਵਿੱਚ ਨਗਾਰੇ ਪਿੱਟੇ ਜਾਂਦੇ ਸਨ, ਗੀਤ-ਸੰਗੀਤ ਦਾ ਪ੍ਰੋਗਰਾਮ ਚੱਲਦਾ ਸੀ, ਪਟਾਖੇ ਚਲਾਏ ਜਾਂਦੇ ਸਨ ਘਰ ਅਤੇ ਪੂਜਾ ਸਥਾਨਾਂ, ਜਿਸ ਵਿੱਚ ਹਿੰਦੂ ਸੰਨਿਆਸ ਵਾਸੀਆਂ ਦੀ ਸਮਾਧੀ ਅਤੇ ਸੂਫੀ-ਸੰਤਾਂ ਦੇ ਮਕਬਰੇ ਵੀ ਸ਼ਾਮਿਲ ਸਨ, ਉਥੇ ਵੱਖ-ਵੱਖ ਧਾਰਮਿਕ ਸੰਪ੍ਰਦਾਇਆਂ ਦੇ ਭਾਰਤੀ ਪੂਜਾ-ਅਰਚਨਾ ਦੇ ਲਈ ਇਕੱਠੇ ਹੁੰਦੇ ਸਨ। ਗੁਜਰਾਤ ਤੋਂ ਬੰਗਾਲ ਦੀ ਖਾੜੀ ਤੱਕ ਗੰਗਾ ਨਦੀ ਦੇ ਕਿਨਾਰੇ ਅਤੇ ਪੂਰੀ ਭੂਮੀ 'ਤੇ ਫੈਲੇ ਸੈਕੜੇ ਤੀਰਥ ਸਥਾਨਾਂ 'ਤੇ ਪੂਰੇ ਸਾਲ ਲੱਖਾਂ ਹਿੰਦੂਆਂ ਦੀ ਭੀੜ ਇਕੱਠੀ ਰਹਿੰਦੀ ਸੀ। ਇਨ੍ਹਾਂ ਤੀਰਥ ਸਥਾਨਾਂ ਅਤੇ ਤਿਓਹਾਰਾਂ ਨੇ ਭਾਰਤੀ ਜਨ ਸਮੁਦਾਇ ਦੇ ਸਮਾਜਿਕ ਜੀਵਨ ਵਿੱਚ ਇਕ ਰਮਣੀ ਵਿਵਧਤਾ ਲਿਆ ਦਿੱਤੀ। ਇਸ ਨੇ ਲੋਕਾਂ ਵਿੱਚ ਧਾਰਮਿਕ ਸਦਭਾਵਨਾ, ਦਿਆਲਤਾ, ਭਾਈਚਾਰੇ ਆਦਿ ਦੀਆਂ ਭਾਵਨਾਵਾਂ ਨੂੰ ਉਤਸ਼ਾਹਿਤ ਕੀਤਾ ਅਤੇ ਵੱਡੇ ਪੈਮਾਨੇ 'ਤੇ ਹਿੰਦੂਆਂ ਅਤੇ ਮੁਸਲਮਾਨਾਂ ਅਤੇ ਉਚੇ-ਨੀਵੇਂ ਦੇ ਵਿੱਚ ਸਮਾਜਿਕ ਸਬੰਧਾਂ ਉਲਾਸ ਅਤੇ ਪ੍ਰੇਮ ਭਾਵਨਾ ਨੂੰ ਉਤਸਾਹਿਤ ਕੀਤਾ। ਉਨ੍ਹਾਂ ਨੇ ਸਪੱਸ਼ਟ ਰੂਪ ਨਾਲ ਵਿਦੇਸ਼ੀ ਯਾਤਰੀਆਂ ਦੇ ਸਾਹਮਣੇ ਭਾਰਤੀ ਰਾਸ਼ਟਰੀ ਸੰਸਕ੍ਰਿਤੀ ਦੀ ਏਕਤਾ ਦਾ ਪ੍ਰਦਰਸ਼ਨ ਕੀਤਾ।

ਧਾਰਮਿਕ ਤਿਓਹਾਰਾਂ ਤੋਂ ਹਟ ਕੇ ਭਾਰਤੀਆਂ ਨੇ ਘਰ ਦੇ ਅੰਦਰ ਅਤੇ ਬਾਹਰ ਦੇ ਕਈ ਤਰ੍ਹਾਂ ਦੀਆਂ ਖੇਡਾਂ ਅਤੇ ਮਨੋਰੰਜਨਾਂ ਵਿੱਚ ਵੀ ਆਪਣੀ ਰੁਚੀ ਪ੍ਰਗਟ ਕੀਤੀ। ਸ਼ਿਕਾਰ, ਘੋੜਸਵਾਰੀ, ਪੋਲੋ ਅਤੇ ਹਾਥੀ ਯੁੱਧ ਰਾਜ ਕੁਮਾਰਾਂ ਅਤੇ ਕੁਲੀਨ ਵਰਗ ਦੇ ਵਿਖਿਆਤ ਬਾਹਰੀ ਖੇਡ ਸਨ, ਜਦੋਂ ਕਿ ਜੂਆ ਅਤੇ ਮਹਿਫਲ ਜਾਂ ਸੰਗੀਤ ਸਮਾਰੋਹ ਦਾ ਆਯੋਜਨ ਉਨ੍ਹਾ ਅੰਦਰ ਮਨੋਰੰਜਨ ਸੀ, ਜਿਨ੍ਹਾਂ ਵਿੱਚ ਸਧਾਰਣ ਤੌਰ 'ਤੇ ਸ਼ਰਾਬ ਅਤੇ ਸ਼ਾਹੀ ਭੋਜ ਆਦਿ ਨਾਲ ਜਸ਼ਨ ਮਨਾਇਆ ਜਾਂਦਾ ਸੀ। ਸਧਾਰਣ ਨਾਗਰਿਕ ਆਪਣੇ ਮਨੋਰੰਜਨ ਦੇ ਲਈ ਕੁਸ਼ਤੀ, ਕਬੂਤਰ ਉਡਾਨ, ਮੁਰਗਾ ਯੁੱਧ , ਸਾਂਡ ਯੁੱਧ, ਭੇੜ ਯੁੱਧ ਅਤੇ ਜੂਏ ਆਦਿ ਦਾ ਸਹਾਰਾ ਲੈਂਦੇ ਸਨ। ਪੇਸ਼ੇਵਰ ਗਾਇਕਾਂ, ਨ੍ਰਿਤਕਾਂ ਅਤੇ ਅਭਿਨੇਤਾਵਾਂ ਵੱਲੋਂ ਮੁਜਰੇ ਦਾ ਆਯੋਜਨ ਸਰਵਜਨਿਕ ਸੀ, ਜਦੋਂ ਕਿ ਸਪੇਰਿਆਂ, ਬਾਜ਼ੀਗਰਾਂ ਅਤੇ ਬਹੁਰੂਪੀਆਂ ਨੇ ਜਗ੍ਹਾ-ਜਗ੍ਹਾ ਘੁੰਮ ਕੇ ਗ੍ਰਾਮੀਣ ਵਾਸੀਆਂ ਦਾ ਮਨੋਰੰਜਨ ਕੀਤਾ।

### ਸਧਾਰਣ ਆਚਰਣ, ਸ਼ਿਸ਼ਟਾਚਾਰ ਅਤੇ ਰੀਤੀ-ਰਿਵਾਜ਼

ਮੱਧਕਾਲ ਦੇ ਭਾਰਤੀ ਸਧਾਰਣ ਤੌਰ 'ਤੇ ਸਧਾਰਣ, ਇਮਾਨਦਾਰ ਅਤੇ ਸਪੱਸ਼ਟਵਾਦੀ ਸਨ, ਜਿਨ੍ਹਾਂ ਦਾ ਨੈਤਿਕ ਆਚਰਣ ਅਤੇ ਘਰੇਲੂ ਜੀਵਨ ਕਾਫੀ ਅਸਾਨ ਅਤੇ ਉਚ ਸੀ। ਸੰਯੁਕਤ ਪਰਿਵਾਰ ਪ੍ਰਥਾ (ਜਿਸ ਵਿੱਚ ਤਿੰਨ ਜਾਂ ਚਾਰ ਪੀੜ੍ਹੀਆਂ ਦੇ ਲੋਕ ਇਕ ਹੀ ਘਰ ਵਿੱਚ ਇਕ ਹੀ ਰਸੋਈ ਘਰ 'ਤੇ ਨਿਰਭਰ ਰਹਿੰਦੇ ਸਨ) ਦੇ ਬਾਵਜੂਦ ਉਨ੍ਹਾਂ ਨੇ ਇਕ ਦੂਸਰੇ ਦੇ ਨਾਲ ਸ਼ਾਂਤੀ ਅਤੇ ਸਮਾਨਤਾ ਦੇ ਨਾਲ ਜੀਵਨ ਬਤੀਤ ਕੀਤਾ। ਪਰਿਵਾਰ ਜਾਂ ਸਮੁਦਾਇ ਦੇ ਹਰ ਵਿਅਕਤੀ ਨੂੰ ਉਸ ਦੀ ਉਮਰ ਅਤੇ ਸਥਿਤੀ ਦੇ ਅਨੁਸਾਰ ਦੂਸਰਿਆਂ ਨਾਲ ਸ਼ਰਧਾ ਅਤੇ ਪਿਆਰ ਪ੍ਰਾਪਤ ਹੋਇਆ। ਭਾਰਤੀਆਂ ਦਾ ਸਮਾਜਿਕ ਸਬੰਧ ਕਾਫੀ ਸਪੱਸ਼ਟ ਅਤੇ ਉਚੇ ਵਿਕਸਿਤ ਭ੍ਰਿਸ਼ਟਾਚਾਰਾਂ 'ਤੇ ਅਧਾਰਿਤ ਸੀ, ਜਿਸ ਦੀ ਵਿਦੇਸ਼ੀ ਯਾਤਰੀਆਂ ਨੇ ਕਾਫੀ ਸਰਾਹਨਾ ਕੀਤੀ। **ਡੀ. ਲਾਇਟ** ਉਨ੍ਹਾਂ ਨੇ ਆਚਰਣਾਂ ਦਾ ਪ੍ਰਾਚੀਨ ਸਵਾਮੀ ਕਹਿ ਕੇ ਬੁਲਾਇਆ ਹੈ। ਉਨ੍ਹਾਂ ਦੀ ਸ਼ਰਧਾ ਦੇ ਤਰੀਕੇ, ਆਚਰਣ ਅਤੇ ਭ੍ਰਿਸ਼ਟਾਚਾਰ ਦੇ ਨਿਯਮ, ਨੈਤਿਕ ਨਿਯਮ ਆਦਿ ਕਾਫੀ ਵਿਕਸਿਤ ਸਨ। ਆਪਣੀ ਦਿਆਲਤਾ, ਕ੍ਰਿਤਗਤਾ ਅਤੇ ਮਿੱਠੇ ਸਵਭਾਵ ਦੇ ਕਾਰਨ ਉਨ੍ਹਾਂ ਨੂੰ ਬਹੁਤ ਹੀ ਪ੍ਰਸਿੱਧੀ ਮਿਲੀ। ਵੱਡੀ ਉਮਰ ਦੇ ਲੋਕਾਂ, ਧਾਰਮਿਕ ਪ੍ਰੋਹਿਤਾਂ, ਵਿਦਿਆਰਥੀਆਂ ਆਦਿ ਨੂੰ ਪੂਰਾ ਆਦਰ ਪ੍ਰਦਾਨ ਕੀਤਾ ਗਿਆ। ਸਧਾਰਣ ਲੋਕ ਗੱਲਬਾਤ ਵਿੱਚ ਕਾਫੀ ਸੱਭਿਆ ਅਤੇ ਸੁਸ਼ੀਲ ਸਨ। ਵੱਡਿਆਂ ਦਾ ਉਨ੍ਹਾਂ ਨੇ ਹਮੇਸ਼ਾ ਹੀ ਆਦਰ ਕੀਤਾ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਉਹ ਆਪਣਾ ਸਿਰ ਹਮੇਸ਼ਾ ਢੱਕ ਕੇ ਰੱਖਦੇ ਸਨ। ਆਪਣੇ ਤੋਂ ਵੱਡਿਆਂ ਦੇ ਨਾਲ ਸਲਾਹ-ਮਸ਼ਵਰੇ ਦੇ ਦੌਰਾਨ ਉਨ੍ਹਾਂ ਦਾ ਨਾ ਤਾਂ ਕਦੀ ਵਿਰੋਧ ਹੁੰਦਾ ਸੀ ਅਤੇ ਨਾ ਹੀ ਉਹ ਕਦੀ ਝਗੜਦੇ ਸਨ। ਸਾਰੇ ਭਾਰਤੀਆਂ ਦਾ ਦ੍ਰਿਸ਼ਟੀਕੋਣ ਈਸ਼ਵਰ ਤੋਂ ਡਰਨ ਵਾਲਾ ਅਤੇ ਸੁਭਾਅ ਤੋਂ ਧਾਰਮਿਕ ਸੀ। ਵਸਤੂਆਂ ਦੇ ਵਿਨਿਮਯ ਅਤੇ ਰੁਪਏ-ਪੈਸਿਆਂ ਦੇ ਮਾਮਲੇ ਵਿੱਚ ਉਨ੍ਹਾਂ ਦੇ ਮੌਖਿਕ ਸਮਝੌਤੇ ਹੀ ਸਭ ਦੇ ਮੰਨਣ ਯੋਗ ਸਨ, ਜਿਨ੍ਹਾਂ ਦੇ ਲਈ ਕਿਸੇ ਲਿਖਤੀ ਸਮਝੌਤੇ ਦੀ ਜ਼ਰੂਰਤ ਨਹੀਂ ਪੈਂਦੀ ਸੀ। ਗੁਪਤ ਰੂਪ ਨਾਲ ਕਰਜ਼ਾ ਦੇਣ ਅਤੇ ਵਾਪਿਸ ਨਾ ਦਿੱਤੇ ਜਾਣ 'ਤੇ ਝਗੜਾ ਪੈਦਾ ਹੁਣ ਵਰਗੀ ਘਟਨਾ ਸ਼ਾਇਦ ਹੀ ਕਦੀ ਪਾਈ ਗਈ। ਵੱਡੇ ਵਪਾਰੀਆਂ ਦੇ ਪ੍ਰਤੀਨਿਧੀ ਫਿਰ ਸਾਰੀ ਰਕਮ ਆਪਣੇ ਦਫਤਰ ਤੋਂ ਸੈਕੜੇ ਮੀਲ ਦੂਰ ਆਪਣੇ ਮਾਲਿਕਾਂ ਦੇ ਲਈ ਸਮਾਨ ਖਰੀਦਣ ਦੇ ਉਦੇਸ਼ ਨਾਲ ਲਿਆਉਂਦੇ ਸਨ ਅਤੇ ਆਮਦਨ-ਖਰਚ ਦਾ ਬਿਉਰਾ ਈਮਾਨਦਾਰੀ ਪੂਰਵਕ ਆਪਣੇ ਮਾਲਕ ਨੂੰ ਦਿੰਦੇ ਸਨ, ਜਿਨ੍ਹਾਂ ਵਿੱਚ ਧੋਖਾਧੜੀ ਦੀ ਸ਼ਾਇਦ ਹੀ ਕੋਈ ਘਟਨਾ ਕਦੀ ਸੁਣੀ ਗਈ।

### ਧਨ ਅਤੇ ਸਧਾਰਣ ਸਮ੍ਰਿਧੀ

ਅਵਿੱਛਾਨਤਾ, ਸ਼ਾਂਤੀ, ਵਿਦੇਸ਼ੀ ਹਮਲਿਆਂ ਨਾਲ ਸੁਤੰਤਰਤਾ ਅਤੇ ਕੁਸ਼ਲ ਸ਼ਾਸਨ ਪ੍ਰਬੰਧ ਦੇ ਕਾਰਨ ਮੁਗਲ ਕੋਸ਼ਾਗਾਰ ਅਤੇ ਲੋਕਾਂ ਦਾ ਸਧਾਰਣ ਜੀਵਨ ਸਮ੍ਰਿਧੀ ਦੇ ਯੁੱਗ ਵੱਲ ਪ੍ਰੇਰਿਤ ਹੋਇਆ। ਇਸ ਸਮੇਂ ਵਿੱਚ ਸ਼ਾਹਜਹਾਂ ਦੇ 30 ਸਾਲਾਂ ਦੀ ਸ਼ਾਸਨ ਵਿਧੀ ਨੂੰ

ਨੋਟ

ਮੱਧਕਾਲੀਨ ਸਮਾਜ ਦੀ ਸਮ੍ਰਿਧੀ ਅਤੇ ਵਿਕਾਸ ਦਾ ਚਰਮ ਬਿੰਦੂ ਮੰਨਿਆ ਜਾਂਦਾ ਹੈ। ਕਦੀ-ਕਦੀ ਉਸ ਦੇ ਸ਼ਾਸਨਕਾਲ ਨੂੰ ਮੱਧਕਾਲੀਨ ਭਾਰਤੀ ਇਤਿਹਾਸ ਦਾ ਸਵਰਨ ਯੁੱਗ ਵੀ ਕਿਹਾ ਜਾਂਦਾ ਹੈ, ਜਿਸ ਦੇ ਸਮਰਥਨ ਵਿੱਚ ਠੋਸ ਵਿਚਾਰ ਦਿੱਤੇ ਜਾਂਦੇ ਹਨ। ਸ਼ਾਹਜਹਾਂ ਦੇ ਸਰਵਸ੍ਰੇਸ਼ਠ ਵਿੱਤੀ ਪ੍ਰਸ਼ਾਸਨ ਦੇ ਲਈ ਭੂਮੀ ਦੀ ਬਹੁਲਤਾ ਨੂੰ ਹਮੇਸ਼ਾ ਹੀ ਸਰਾਹਿਆ ਜਾਂਦਾ ਹੈ, ਜਿਸ ਨੇ ਪ੍ਰਜਾ ਨੂੰ ਬਿਨਾਂ ਕੋਈ ਹਾਨੀ ਪਹੁੰਚਾਏ ਸਰਕਾਰੀ ਰਾਜਸਵ ਵਿੱਚ ਆਪਣੇ ਸਾਰੇ ਪੂਰਵਜਾਂ ਦੀ ਤੁਲਨਾ ਵਿੱਚ ਭਾਰੀ ਵਾਧੇ ਨੂੰ। ਸ਼ਾਹਜਹਾਂ ਦੇ ਸ਼ਾਸਨਕਾਲ ਨੂੰ ਕਿਸਾਨ ਯੁੱਗ ਕਿਹਾ ਜਾਂਦਾ ਹੈ ਪ੍ਰਸ਼ਾਂਤੀ ਜਿਸ ਦੌਰਾਨ ਰਾਜਾ ਟੋਡਰਮੱਲ ਦੀ ਭੂ-ਰਾਜਸਵ ਪ੍ਰਥਾ (ਅਕਬਰ ਦਾ ਵਿੱਤੀ ਮੰਤਰੀ ਜਿਸ ਨੇ ਵਿਖਿਆਤ ਆਇਨੇ-ਦਰ-ਸਲਾਹ ਜਾਂ ਰੈਯਤਵਾੜੀ ਪ੍ਰਥਾ ਦਾ ਸੂਤਰਪਾਤ ਕੀਤਾ) ਦਾ ਵਿਸਥਾਰ ਦੱਕਨ ਤੱਕ ਵੀ ਕੀਤਾ ਗਿਆ। **ਏਲੰਫਿਸਟਨ** ਸਪੱਸ਼ਟ ਰੂਪ ਵਿੱਚ ਕਹਿੰਦਾ ਹੈ ਕਿ ਸ਼ਾਹਜਹਾਂ ਵਰਗਾ ਵੈਭਵਸ਼ਾਲੀ ਸਮਰਾਟ ਭਾਰਤ ਵਿੱਚ ਪਹਿਲਾਂ ਕਦੀ ਨਹੀਂ ਪੈਦਾ ਹੋਇਆ ਸੀ। ਉਸ ਨੇ ਪਰਿਵਾਰਿਕ ਮੈਂਬਰ, ਰਾਜ ਸੰਸਥਾਵਾਂ, ਦਾਨਸ਼ੀਲਤਾ ਅਤੇ ਦਰਬਾਰ ਦੀ ਸ਼ਾਨੋ-ਸ਼ੌਕਤ ਦੇ ਲਈ ਇੰਨੀ ਜ਼ਿਆਦਾ ਪ੍ਰਸਿੱਧੀ ਮਿਲੀ ਕਿ ਉਸ ਦੇ ਪੂਰਵਰਤੀ ਸ਼ਾਸਕਾਂ ਨੂੰ ਉਂਨੀ ਪ੍ਰਸਿੱਧੀ ਕਦੀ ਵੀ ਪ੍ਰਾਪਤ ਨਹੀਂ ਹੋਈ ਸੀ। ਉਸ ਦੇ ਵਿਭਾਗੀ ਖਰਚ ਦੇ ਆਰੋਪਾਂ ਨੂੰ ਇਸ ਤੱਥ ਤੋਂ ਹੀ ਸ਼ਾਂਤ ਕੀਤਾ ਜਾ ਸਕਦਾ ਹੈ ਕਿ ਉਸ ਨੇ ਨਾ ਤਾਂ ਕਿਸੇ ਮੌਕੇ 'ਤੇ ਆਪਣੀ ਸਰਕਾਰੀ ਵਸੂਲੀ ਵਿੱਚ ਵਾਧਾ ਕੀਤਾ ਅਤੇ ਨਾ ਹੀ ਵਿੱਤ ਵਿਭਾਗ 'ਤੇ ਕੋਈ ਆਂਚ ਆਉਣ ਦਿੱਤੀ। ਮੁਗਲ ਸ਼ਾਸਕਾਂ ਦੀ ਅਪਾਰ ਧਨ-ਸੰਪਤੀ ਨੂੰ ਦੇਖ ਕੇ ਵਿਦੇਸ਼ੀ ਤੀਰਥ ਯਾਤਰਾ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੂੰ ਇਹ ਸੋਚਣ ਦੇ ਲਈ ਮਜ਼ਬੂਰ ਹੋਣਾ ਪਿਆ ਕਿ ਇੰਨੀ ਸੰਪਤੀ ਠੀਕ ਸਰੋਤਾਂ ਤੋਂ ਇਕੱਠੀ ਨਹੀਂ ਕੀਤੀ ਜਾ ਸਕਦੀ। ਮਹਾਨ ਮੁਗਲ ਸਮਰਾਟ ਮੁਕਤਹਸਤ ਨਾਲ ਖਰਚ ਕਰਨ ਦੇ ਲਈ ਪ੍ਰਸਿੱਧ ਸਨ, ਅਨੁਚਿਤ ਤਰੀਕਿਆਂ ਦਾ ਇਸਤੇਮਾਲ ਨਹੀਂ ਕੀਤਾ। ਕਿਸੇ ਵੀ ਮੁਗਲ ਸਮਰਾਟ ਦੇ ਬਾਰੇ ਵਿੱਚ ਅਜਿਹਾ ਨਹੀਂ ਕਿਹਾ ਜਾ ਸਕਦਾ ਕਿ ਉਸ ਨੇ ਆਪਣੇ ਕਿਸਾਨਾਂ ਜਾਂ ਵਪਾਰੀਆਂ ਤੋਂ ਧਨ-ਸੰਪਤੀ ਜਾਂ ਬਹੁ ਕੀਮਤੀ ਸਮਾਨਾਂ ਦੀ ਅਤਿਸ਼ਯ ਲੁੱਟ-ਖੋਹ ਕੀਤੀ ਹੋਵੇ। ਮੁਗਲ ਕੋਸ਼ਾਗਾਰ ਦੀ ਅਪਾਰ ਸੰਪਤੀ ਰਾਜ ਦੇ ਕਾਨੂੰਨ ਅਤੇ ਸ਼ਾਂਤੀਪੂਰਨ ਤਰੀਕਿਆਂ ਨਾਲ ਇਕੱਠੀ ਰਾਜਸਵ ਬੱਚਤ ਦਾ ਸੂਚਕ ਸੀ। ਰਾਜਕੋਸ਼ਾਗਾਰ ਸੰਪੂਰਨ ਰਾਸ਼ਟਰ ਦੀ ਸੰਪਤੀ ਸੀ, ਜਦੋਂ ਕਿ ਮੁਗਲ ਬਾਦਸ਼ਾਹ ਅਤੇ ਸਮਰਾਟ ਦੇ ਮੁੱਖ ਅਧਿਕਾਰੀ ਲੋਕ ਇਸ ਦੇ ਸੁਰੱਖਿਅਕ ਸਨ। ਹਾਲਾਂਕਿ ਇਹ ਗੱਲ ਦੂਸਰੀ ਹੈ ਕਿ ਨਾ ਤਾਂ ਰਾਜਾ ਅਤੇ ਨਾ ਹੀ ਪ੍ਰਜਾ ਨੂੰ ਗਿਆਨ ਸੀ ਕਿ ਲੋਕ ਕਲਿਆਣ ਵਿੱਚ ਇਸ ਧਨ ਦਾ ਸਰਵੋਤਮ ਇਸਤੇਮਾਲ ਕੀਤਾ ਜਾਵੇ। ਦੇਸ਼ ਵਿੱਚ ਧਨ ਦਾ ਅਸਮਾਨ ਵੇਰਵਾ ਸੀ ਅਤੇ ਧਨ ਦਾ ਜ਼ਿਆਦਾ ਹਿੱਸਾ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਕੇਂਦ੍ਰਿਤ ਸੀ।

**ਸਵ-ਮੁਲਾਂਕਣ (Self Assessment)**

2. ਹੇਠ ਲਿਖੇ ਕਥਨਾਂ ਵਿੱਚੋਂ ਸੱਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False):
   (i) ਭਾਰਤੀ ਸਮਾਜਿਕ ਜੀਵਨ ਬਹੁਤ ਹੀ ਵਿਵਿਧਤਾਪੂਰਨ ਸੀ।
   (ii) ਮੇਵਾੜ ਸ਼ੈਲੀ ਦੇ ਵਿਕਾਸ ਦਾ ਕੇਂਦਰ-ਸਥਾਨ ਚਿਤੌੜ, ਉਦੈਪੁਰ, ਨਾਥ ਵੱਲੋਂ, ਦੇਵਗੜ੍ਹ ਆਦਿ ਹਨ।
   (iii) ਕਿਸਾਨ ਵਰਗ ਮੁੱਖ ਤੌਰ 'ਤੇ ਨੌਕਰੀ ਨਾਲ ਜੁੜਿਆ ਹੋਇਆ ਸੀ।
   (iv) ਭਾਰਤ ਦਾ ਅੰਤਪ੍ਰਾਂਤੀ ਵਪਾਰ ਅਵਿਕਸਿਤ ਸੀ।
   (v) ਮੱਧਕਾਲੀਨ ਭਾਰਤੀ ਸਮਾਜ ਧਰਮ ਪ੍ਰਧਾਨ ਸਮਾਜ ਸੀ।

## 12.8 ਕੇਂਦਰੀ ਸ਼ਾਸਨ (Central Administration)

- ਵਜ਼ੀਰ (ਪ੍ਰਧਾਨ ਮੰਤਰੀ)-ਇਸਲਾਮੀ ਪ੍ਰੰਪਰਾ।
- ਵਜ਼ੀਰ ਦਾ ਉਦਗਮ ਈਰਾਨ ਵਿੱਚ ਹੋਇਆ।
- ਉਮੈਇਆ ਖਲੀਫਾਵਾਂ ਦੇ ਸਮੇਂ ਵਿੱਚ ਮੰਤਰੀ ਨੂੰ 'ਕਾਤਿਬ' ਕਿਹਾ ਜਾਂਦਾ ਸੀ।
- ਪ੍ਰਸਿੱਧ ਵਿਧਿਗਯਾ ਅਲਮਾਵਰਦੀ ਨੇ ਦੋ ਤਰ੍ਹਾ ਦੇ ਵਜ਼ੀਰਾਂ ਦਾ ਵਰਨਣ ਕੀਤਾ ਹੈ।
- ਪਹਿਲੇ-'ਵਜ਼ੀਰ-ਏ-ਤਫਵੀਰ' ਅਤੇ ਪਹਿਲੀ ਸ਼੍ਰੇਣੀ ਦਾ ਅਸੀਮਿਤ (ਅਧਿਕਾਰੀ ਸੰਪਨ) ਵਜ਼ੀਰ, ਦੂਸਰਾ 'ਵਜ਼ੀਰ-ਏ-ਤੌਫੀਕ' ਜਾਂ ਸੀਮਿਤ (ਅਧਿਕਾਰ ਵਾਲਾ) ਵਜ਼ੀਰ।
- ਅਸੀਮਿਤ ਅਧਿਕਾਰ ਸੰਪਨ ਵਜ਼ੀਰ ਨੂੰ 'ਪ੍ਰਧਾਨ ਵਜ਼ੀਰ' ਕਿਹਾ ਜਾਂਦਾ ਸੀ। ਇਕ ਰਾਜ ਵਿੱਚ ਪਹਿਲੀ ਸ਼੍ਰੇਣੀ ਦਾ ਇਕ ਹੀ ਵਜ਼ੀਰ ਨਿਯੁਕਤ ਕੀਤਾ ਜਾ ਸਕਦਾ ਸੀ। ਉਹ ਬਿਨਾਂ ਖਲੀਫਾ ਦੀ ਪੂਰਨ ਆਗਿਆ ਦੇ ਰਾਜਕੀ ਨਿਯੁਕਤੀਆਂ ਅਤੇ ਰਾਜ ਆਗਿਆਵਾਂ ਦੀ ਘੋਸ਼ਣਾ ਕਰਦਾ ਸੀ ਅਤੇ ਬਾਅਦ ਵਿੱਚ ਖਗੀਫਾ ਨੂੰ ਇਸ ਦੀ ਸੂਚਨਾ ਦਿੰਦਾ ਸੀ।
- ਉਹ ਅੰਤਿਮ ਅਦਾਲਤ ਦੇ ਰੂਪ ਵਿੱਚ ਮੁਕੱਦਮਿਆਂ ਦੇ ਅਪੀਲ ਦੀ ਸੁਣਵਾਈ ਵੀ ਕਰਦਾ ਸੀ।

ਨੋਟ

- ਦੂਸਰੀ ਸ਼੍ਰੇਣੀ ਦੇ ਵਜ਼ੀਰ ਦੇ ਅਧਿਕਾਰ ਸੀਮਿਤ ਸਨ। ਉਹ ਸ਼ਾਸਕਾਂ ਦੀ ਆਗਿਆ ਲੈ ਕੇ ਕੰਮ ਕਰਦਾ ਸੀ। ਉਸ ਨੂੰ ਸਵੈ ਇੱਛਾ ਨਾਲ ਨਿਯੁਕਤ ਕਰਨ ਜਾਂ ਰਾਜ ਆਗਿਆ ਦੇਣ ਦਾ ਅਧਿਕਾਰ ਨਹੀਂ ਸੀ।
- ਬਾਬਰ 'ਇਕ ਰਾਜ ਵਿੱਚ ਇਕ ਵਜ਼ੀਰ' ਦੀ ਪ੍ਰੰਪਰਾ ਆਪਣੇ ਨਾਲ ਲਿਆਇਆ ਸੀ। ਉਸ ਦਾ ਵਜ਼ੀਰ ਨਿਜਾਮੂਦੀਨ ਖਲੀਫਾ ਯੋਗ ਪ੍ਰਸ਼ਾਸਕ, ਸਵਾਮੀ ਭਗਤ ਅਤੇ ਚੰਗਾ ਸੈਨਿਕ ਸੀ।
- ਹੁਮਾਯੂੰ ਦੇ ਰਾਜ ਦੇ ਅਰੰਭ ਵਿੱਚ ਅਮੀਰ ਉਵੈਸ ਅਤੇ ਹਿੰਦੂਬੇਗ ਵਜ਼ੀਰ ਸਨ।
- ਫਾਰਸ ਤੋਂ ਕਾਬੁਲ ਵਾਪਿਸ ਆਉਣ 'ਤੇ ਹੁਮਾਯੂੰ ਨੇ ਕਰਵਾ ਖਾਂ ਨੂੰ ਆਪਣਾ ਵਜ਼ੀਰ ਨਿਯੁਕਤ ਕੀਤਾ।
- 1548 ਈ. ਵਿੱਚ ਹੁਮਾਯੂੰ ਨੇ ਖਵਾਜਾ ਕਾਸਿਮ ਨੂੰ ਵਜ਼ੀਰ ਦੇ ਪਦ 'ਤੇ ਨਿਯੁਕਤ ਕੀਤਾ। ਬਾਅਦ ਵਿੱਚ ਭ੍ਰਿਸ਼ਟਾਚਾਰ ਦੇ ਕਾਰਨ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ।
- 1551-55 ਈ. ਤੱਕ ਖਵਾਜਾ ਸੁਲਤਾਨ ਅਲੀ ਵਜ਼ੀਰ-ਏ-ਤਨਫੀਜ ਦੇ ਪਦ 'ਤੇ ਕੰਮ ਕਰਦਾ ਰਿਹਾ।
- ਇਸ ਸਮੇਂ ਤੋਂ ਮੁਗਲ ਪ੍ਰਧਾਨ ਮੰਤਰੀ ਨੂੰ ਵਕੀਲ ਕਿਹਾ ਜਾਣ ਲੱਗਾ।
- ਪਹਿਲੇ ਪੰਜ ਸਾਲਾਂ ਵਿੱਚ ਬੈਰਮ ਖਾਂ ਅਸਲੀ ਸ਼ਾਸਕ ਸੀ।
- ਬੈਰਮ ਖਾਂ ਦੇ ਪਤਨ ਦੇ ਬਾਅਦ ਅਕਬਰ ਨੇ ਦਿੱਲੀ ਦੇ ਗਵਰਨਰ ਸ਼ਿਹਾਬੁਦੀਨ ਨੂੰ ਰਾਜਨੀਤਿਕ ਅਤੇ ਵਿੱਤੀ ਮਾਮਲੇ ਸੌਂਪੇ ਅਤੇ ਮਾਹਮ ਅਨਗਾ ਨੂੰ ਉਸ ਦੇ ਨਾਲ ਸ਼ਾਮਿਲ ਕਰ ਦਿੱਤਾ। ਸੰਯੁਕਤ ਵਜ਼ੀਰਾਂ ਦਾ ਇਹ ਇਸਤੇਮਾਲ ਸਫਲ ਨਹੀਂ ਰਿਹਾ।
- ਸ਼ਿਹਾਬੁਦੀਨ ਨੂੰ ਹਟਾ ਕੇ ਇਸ ਦੇ ਸਥਾਨ 'ਤੇ ਬਹਾਦੁਰ ਖਾਂ ਉਜਬੇਕ ਨੂੰ ਨਿਯੁਕਤ ਕੀਤਾ ਗਿਆ।
- 10 ਸਿਤੰਬਰ 1560 ਈ. ਨੂੰ ਮੁਨੀਮ ਖਾਂ ਨੂੰ ਵਜ਼ੀਰ ਨਿਯੁਕਤ ਕੀਤਾ ਗਿਆ। ਉਸ ਨੂੰ 'ਖਾਨਖਾਨਾ' ਦੀ ਉਪਾਧੀ ਦਿੱਤੀ ਗਈ।
- ਇਕ ਸਾਲ ਬਾਅਦ ਸ਼ਮਸੁਦੀਨ ਅਤਗਾ ਖਾਂ ਨੂੰ ਵਕੀਲ ਦੇ ਪਦ 'ਤੇ ਨਿਯੁਕਤ ਕੀਤਾ ਗਿਆ।
- ਜੂਨ 1562 ਈ. ਤੋਂ 1567 ਈ. ਤੱਕ ਮੁਨੀਮ ਖਾਂ ਫਿਰ ਵਜ਼ੀਰ ਰਿਹਾ।
- ਨਵੰਬਰ 1573 ਈ. ਵਿੱਚ ਮੁਜੱਫਰ ਖਾਂ ਵਕੀਲ ਨਿਯੁਕਤ ਹੋਇਆ। ਉਸ ਨੇ ਮਨਸਬਦਾਰੀ ਦੇ ਸਬੰਧ ਵਿੱਚ ਅਕਬਰ ਦੀ ਨੀਤੀ ਕਿਰਿਆਸ਼ੀਲ ਕਰਨ ਤੋਂ ਅਸਹਿਮਤੀ ਪ੍ਰਗਟ ਕੀਤੀ, ਜਿਸ ਦੇ ਚੱਲਦੇ ਕੁਝ ਮਹੀਨੇ ਬਾਅਦ ਉਸ ਨੂੰ ਇਸ ਪਦ ਤੋਂ ਹਟਾ ਦਿੱਤਾ ਗਿਆ।
- 1574 ਈ.—1577 ਈ. ਤੱਕ ਖਾਲੀ। 1577 ਈ. ਵਿੱਚ ਦੂਸਰੀ ਵਾਰ ਮੁਜੱਫਰ ਖਾਂ ਪ੍ਰਧਾਨ ਮੰਤਰੀ ਨਿਯੁਕਤ ਹੋਇਆ ਅਤੇ 1579 ਈ. ਤੱਕ ਇਸ ਪਦ 'ਤੇ ਬਣਿਆ ਰਿਹਾ। ਇਸ ਸਮੇਂ ਟੋਡਰਮਲ ਅਸ਼ਰਫ ਦੀਵਾਨ ਅਤੇ ਖਵਾਜਾ ਸ਼ਾਹ ਮੰਸੂਰ ਵਿੱਤ ਮੰਤਰੀ ਸਨ।
- 1582 ਈ. ਵਿੱਚ ਟੋਡਰਮੱਲ ਪ੍ਰਧਾਨ ਮੰਤਰੀ ਨਿਯੁਕਤ ਹੋਇਆ ਅਤੇ 1589 ਈ. ਤੱਕ ਇਸ ਪਦ 'ਤੇ ਬਣਿਆ ਰਿਹਾ।
- ਟੋਡਰਮੱਲ ਦੀ ਮੌਤ ਦੇ ਬਾਅਦ ਦਸੰਬਰ 1595 ਈ. ਤੱਕ ਅਬਦੁਰ ਰਹੀਮ ਖਾਨਾਖਾਨਾ ਅਤੇ 1695 ਈ. ਵਿੱਚ ਅਕਬਰ ਦੀ ਮੌਤ (1605 ਈ.) ਤੱਕ ਮਿਰਜ਼ਾ ਅਜੀਜ਼ ਕੋਕਾ ਪ੍ਰਧਾਨ ਮੰਤਰੀ ਦੇ ਪਦ 'ਤੇ ਰਿਹਾ।
- ਅਕਬਰ ਦਾ ਦੀਵਾਨ ਸਰਵਉਚ ਵਿੱਤ ਅਧਿਕਾਰੀ ਸੀ।
- ਜਹਾਂਗੀਰ ਨੇ ਸਭ ਤੋਂ ਪਹਿਲਾਂ ਸ਼ਰੀਫ ਖਾਂ ਨੂੰ ਅਮੀਰ-ਉਲ-ਉਮਰਾ ਦੀ ਉਪਾਧੀ, ਬੈਰਮ ਖਾਂ ਦੀ ਪਤਾਕਾ ਅਤੇ ਨੱਕਾਰਾ ਪ੍ਰਦਾਨ ਕੀਤਾ। ਉਸ ਦੀ ਅਵਿਵਸਥਾ ਦੇ ਕਾਰਨ ਆਸਫ ਖਾਂ ਕਾਜਵੀਨੀ ਨੂੰ ਵਜ਼ੀਰ ਨਿਯੁਕਤ ਕੀਤਾ ਗਿਆ।
- ਆਪਣੇ ਰਾਜ ਦੇ 21ਵੇਂ ਸਾਲ ਵਿੱਚ ਜਹਾਂਗੀਰ ਨੇ ਇਹ ਪਦ ਏਤਮਾਦ-ਉਦ-ਦੌਲਾ ਦੇ ਪੁੱਤਰ ਅਤੇ ਨੂਰਜਹਾਂ ਦੇ ਭਰਾ ਆਸਿਫ ਖਾਂ ਨੂੰ ਪ੍ਰਦਾਨ ਕੀਤਾ।
- ਸ਼ਾਹਜਹਾਂ ਦੇ ਰਾਜਾਰੋਹਣ ਦੇ ਬਾਅਦ ਉਸ ਦਾ ਸੁਹਰਾ ਆਸਫ ਖਾਂ ਵਜ਼ੀਰ ਦੇ ਪਦ 'ਤੇ ਬਣਿਆ ਰਿਹਾ। ਉਸ ਦੀ ਮੌਤ ਦੇ ਬਾਅਦ ਸ਼ਾਹਜਹਾਂ ਨੇ ਵਕੀਲ ਨਿਯੁਕਤ ਨਹੀਂ ਕੀਤਾ।
- ਔਰੰਗਜ਼ੇਬ ਦੇ ਸਮੇਂ ਵਿੱਚ ਮੀਰ ਜੁਮਲਾ ਮੁਅੱਜਮ ਖਾਂ ਜਾਫਰ ਖਾਂ ਅਤੇ ਅਸਦ ਖਾਂ ਪ੍ਰਧਾਨ ਮੰਤਰੀ ਰਹੇ। ਜੁਮਲਾ ਅਰੰਭ ਤੋਂ ਅੰਤ ਤੱਕ ਬੰਗਾਲ, ਕੂਚ ਬਿਹਾਰ ਅਤੇ ਅਸਮ ਵਿੱਚ ਸੈਨਿਕ ਕਾਰਵਾਈਆਂ ਵਿੱਚ ਰੁੱਝਿਆ ਰਿਹਾ।

- ਬੈਰਮ ਖਾਂ ਦੇ ਬਰਖਾਸਤ ਹੋਣ ਦੇ ਬਾਅਦ ਅਕਬਰ ਨੇ ਇਸ ਪਦ ਦੀ ਸ਼ਕਤੀ ਹੌਲੀ-ਹੌਲੀ ਖਤਮ ਕਰ ਦਿੱਤੀ।
- ਅਕਬਰ ਦੇ ਸਮੇਂ ਦੇ ਪ੍ਰਧਾਨ ਮੰਤਰੀ ਬੈਰਮ ਖਾਂ, ਮਾਹਮ ਅਨਗਾ, ਮੁਜੱਫਰ ਖਾਂ ਅਤੇ ਅਬਦੁਰ ਰਹੀਮ ਅਤੇ ਜਹਾਂਗੀਰ ਅਤੇ ਔਰੰਗਜ਼ੇਬ ਦੇ ਸਮੇਂ ਦੇ ਸਾਰੇ ਪ੍ਰਧਾਨ ਮੰਤਰੀ ਸ਼ੀਆ ਸਨ।
- ਮਾਹਮ ਅਨਗਾ ਮੁਗਲ ਕਾਲ ਦੀ ਪਹਿਲੀ ਅਤੇ ਅੰਤਿਮ ਇਸਤਰੀ ਸੀ ਜਿਨ੍ਹਾਂ ਨੂੰ ਸੰਯੁਕਤ ਪ੍ਰਧਾਨ ਮੰਤਰੀ ਦੇ ਪਦ ’ਤੇ ਨਿਯੁਕਤ ਕੀਤਾ ਗਿਆ ਸੀ। ਅੰਤ ਕਿਸੇ ਵੀ ਇਸਤਰੀ ਨੂੰ ਇਹ ਪਦ ਪ੍ਰਾਪਤ ਨਹੀਂ ਹੋਇਆ।
- ਮੁਗਲ ਸਾਮਰਾਜ ਦੇ ਰਾਜਸਵ ਅਤੇ ਵਿੱਤੀ ਮੰਤਰੀ ਨੂੰ (ਦੀਵਾਨੇ-ਏ-ਆਲਾ) ਦੀਵਾਨ ਏ ਕੁਲ ਕਿਹਾ ਜਾਂਦਾ ਸੀ। ਇਸ ਨੂੰ ਸ਼ਿਸ਼ਟਾਚਾਰਵਸ਼ ਵਜ਼ੀਰ ਕਿਹਾ ਜਾਂਦਾ ਸੀ।
- ਆਮਦਨ-ਖਰਚ ਦੇ ਰਜਿਸਟਰ ਦੇ ਲਈ ਕਿਸੇ ਸ਼ਬਦ ਦਾ ਪਹਿਲਾਂ ਇਸਤੇਮਾਲ ਅਰਬ ਜਿੱਤ ਦੇ ਬਾਅਦ ਯੂਨਾਨੀ ਭਾਸ਼ਾ ਵਿੱਚ (ਮਿਸਰ ਅਤੇ ਸੀਰੀਆ ਵਿੱਚ) ਅਤੇ ਪਹਲਵੀ ਭਾਸ਼ਾ ਵਿੱਚ (ਇਰਾਨ ਵਿੱਚ) ਹੋਇਆ ਸੀ।
- ਸਲਤਨਤ ਕਾਲ ਵਿੱਚ ਦੀਵਾਨੇ-ਏ-ਵਿਜਾਰਤ ਵਿਭਾਗ ਦੇ ਰਾਜਸਵ, ਵਿੱਤ ਅਤੇ ਸੈਨਿਕ ਵਿਭਾਗ ਸ਼ਾਮਿਲ ਸਨ।
- ਮੁਗਲ ਕਾਲ ਵਿੱਚ ਦੀਵਾਨ ਸ਼ਬਦ ਦਾ ਇਸਤੇਮਾਲ ਵਿੱਤ ਅਤੇ ਰਾਜਸਵ ਮੰਤਰੀ ਦੇ ਲਈ ਕੀਤਾ ਜਾਂਦਾ ਸੀ।
- ਅਕਬਰ ਦੇ ਕਾਲ ਵਿੱਚ ਇਸ ਵਿਭਾਗ ਦੇ ਲਈ ਕਦੀ-ਕਦੀ ਵਜ਼ੀਰ ਪਰ ਸਧਾਰਣ ਤੌਰ ’ਤੇ ਦੀਵਾਨ ਸ਼ਬਦ ਇਸਤੇਮਾਲ ਕੀਤਾ ਗਿਆ।
- ਸ਼ਾਹਜਹਾਂ ਦੇ ਕਾਲ ਵਿੱਚ ਵਜ਼ੀਰ ਨੂੰ ਦੀਵਾਨੇ-ਏ-ਕੁੱਲ ਜਾਂ ਦੀਵਾਨੇ-ਏ-ਆਲਾ ਅਤੇ ਉਸ ਵਿਭਾਗ ਦੇ ਹੋਰ ਮੁੱਖ ਅਧਿਕਾਰੀਆਂ ਨੂੰ ਦੀਵਾਨ ਕਿਹਾ ਜਾਂਦਾ ਸੀ।
- ਔਰੰਗਜੇਬ ਦੇ ਸ਼ਾਸਨ ਕਾਲ ਵਿੱਚ ਰਾਜਸਵ ਮੰਤਰੀ ਨੂੰ ਮੰਤਰੀ ਨੂੰ ਵਜ਼ੀਰ, ਵਜ਼ੀਰ-ਏ-ਆਜ਼ਮ ਅਤੇ ਵਜ਼ੀਰ-ਏ-ਮੁਅੱਜਮ ਕਿਹਾ ਜਾਂਦਾ ਸੀ।
- ਬਾਬਰ ਅਤੇ ਹੁਮਾਯੂੰ ਦੇ ਸਮੇਂ ਵਿੱਚ ਵਕੀਲ ਵਜ਼ੀਰ ਹੀ ਵਿੱਤ ਅਤੇ ਰਾਜਸਵ ਦਾ ਕੰਮ ਵੀ ਦੇਖਦਾ ਸੀ। ਬੈਰਮ ਖਾਂ ਦੀ ਵਿੱਤੀ ਸ਼ਕਤੀ ਅਸੀਮਿਤ ਸੀ।
- ਬੈਰਮ ਖਾਂ ਦੇ ਪਤਨ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਸ਼ਕਤੀ ਨੂੰ ਘੱਟ ਕਰਨ ਦੀ ਪ੍ਰਕਿਰਿਆ ਵਿੱਚ ਇਕ ਸੁਤੰਤਰ ਪਦਾਧਿਕਾਰੀ ਦੇ ਰੂਪ ਵਿੱਚ ਦੀਵਾਨ ਦੇ ਪਦ ਦਾ ਉਦੈ ਹੋਇਆ।
- 1560 ਈ. ਵਿੱਚ ਅਕਬਰ ਨੇ ਖਵਾਜਾ ਅਬਦੁਲ ਮਜੀਦ ਨੂੰ ਆਸਫ ਖਾਂ ਦੀ ਉਪਾਧੀ ਦੇ ਕੇ ਉਸ ਨੂੰ ਵਜ਼ੀਰ ਦੇ ਪਦ ’ਤੇ ਨਿਯੁਕਤ ਕੀਤਾ। 1562 ਈ. ਵਿੱਚ ਉਸ ਨੂੰ ਪਦ ਤੋਂ ਹਟਾ ਦਿੱਤਾ ਗਿਆ।
- ਏਤਮਾਦ ਖਾਂ ਨੂੰ 1562 ਈ. ਵਿੱਚ ਖਾਲਸਾ ਪ੍ਰਦੇਸ਼ਾਂ ਦਾ ਦੀਵਾਨ ਨਿਯੁਕਤ ਕੀਤਾ ਗਿਆ।
- 1563 ਈ. ਅਕਬਰ ਨੇ ਵਕੀਲ ਦੇ ਅਧਿਕਾਰ ਨਾਲ ਵਿੱਤੀ ਵਿਭਾਗ ਨੂੰ ਅਲੱਗ ਕਰਕੇ ਮੁਜੱਫਰ ਨੂੰ ਦੀਵਾਨ-ਏ-ਕੁੱਲ ਜਾਂ ਵਜ਼ੀਰ ਦੇ ਪਦ ’ਤੇ ਨਿਯੁਕਤ ਕਰਕੇ ਖਾਲਸਾ ਅਤੇ ਜਗੀਰ ਦੇ ਪ੍ਰਦੇਸ਼ ਉਸ ਦੇ ਅਧੀਨ ਕਰ ਦਿੱਤੇ।
- ਮੁਜੱਫਰ ਖਾਂ ਦੀ ਸੰਸਤੁਤਿ ’ਤੇ ਅਕਬਰ ਨੇ ਸ਼ੇਖ ਅਬਦੁਲ ਨਬੀ ਨੂੰ ਸਦ੍ਰ ਨਿਯੁਕਤ ਕੀਤਾ।
- ਖਵਾਜਾ ਸ਼ਾਹ ਮੰਸੂਰ, ਮੁਜੱਫਰ ਖਾਂ, ਟੋਡਰਮੱਲ ਅਤੇ ਮੀਰ ਫਤਹਿ ਉਲਾਹ ਅਕਬਰ ਕਾਲ ਦੇ ਬੜੇ ਯੋਗ ਦੀਵਾਨ ਸਨ।
- 1585 ਈ. ਵਿੱਚ ਅਕਬਰ ਨੇ ਅਮੀਰ ਉਲਾਹ ਸ਼ੀਰਾਨ ਨੂੰ ਅਮੀਨੁਲਮੁਲਕ ਦੀ ਉਪਾਧੀ ਦਿੱਤੀ ਅਤੇ ਉਸ ਨੂੰ ਇਕ ਵਿਸ਼ੇਸ਼ ਸੰਮਤੀ ਦਾ ਮੈਂਬਰ ਬਣਾਇਆ। ਇਸ ਦਾ ਦੂਸਰਾ ਮੈਂਬਰ ਟੋਡਰਮੱਲ ਸੀ। ਉਨ੍ਹਾਂ ਨੇ ਮੁਜੱਫਰ ਖਾਂ ਦੇ ਸਮੇਂ ਦੇ ਅਧੀਨਿਯਮਾਂ ਦੀ ਜਾਂਚ-ਪੜਤਾਲ ਕਰਕੇ ਉਨ੍ਹਾਂ ਨੂੰ ਬਰਖਾਸਤ ਕਰਨਾ ਸੀ।
- ਮੌਤ ਦੇ ਕੁਝ ਮਹੀਨੇ ਪਹਿਲਾਂ ਅਕਬਰ ਨੇ ਸ਼ਹਿਜ਼ਾਦਾ ਸਲੀਮ ਨੂੰ ਦੀਵਾਨ ਦੇ ਵਿਭਾਗ ਦੀ ਦੇਖ-ਰੇਖ ਦੇ ਲਈ ਨਿਯੁਕਤ ਕੀਤਾ।
- ਉਤਰਾਧਿਕਾਰ ਦੇ ਯੁੱਧ ਵਿੱਚ ਸਫਲਤਾ ਤੋਂ ਬਾਅਦ ਔਰੰਗਜ਼ੇਬ ਨੇ ਮੀਰ ਜੁਮਲਾ ਨੂੰ ਦੀਵਾਨ ਦੇ ਪਦ ’ਤੇ ਨਿਯੁਕਤ ਕੀਤਾ।
- 7 ਜੂਨ 1663 ਈ. ਨੂੰ ਔਰੰਗਜ਼ੇਬ ਨੇ ਫਾਜ਼ਿਲ ਖਾਂ ਨੂੰ ਵਜ਼ੀਰ ਨਿਯੁਕਤ ਕੀਤਾ। ਕੁਝ ਦਿਨ ਬਾਅਦ ਉਸ ਦੀ ਮੌਤ ਹੋ ਗਈ।

ਨੋਟ

- ਔਰੰਗਜ਼ੇਬ ਨੇ ਅਗਸਤ 1663 ਈ. ਵਿੱਚ ਜ਼ਫਰ ਖਾਂ ਨੂੰ ਵਜ਼ੀਰ ਨਿਯੁਕਤ ਕੀਤਾ।
- ਜ਼ਫਰ ਖਾਂ ਦੀ ਮੌਤ ਤੋਂ ਬਾਅਦ ਔਰੰਗਜ਼ੇਬ ਨੇ ਅਸਦ ਖਾਂ ਨੂੰ ਨਾਇਬ ਦੀਵਾਨ ਨਿਯੁਕਤ ਕੀਤਾ।
- ਅਕਤੂਬਰ 1676 ਈ. ਵਿੱਚ ਔਰੰਗਜ਼ੇਬ ਨੇ ਅਸਦ ਖਾਂ ਨੂੰ ਵਜ਼ੀਰ ਦੇ ਪਦ 'ਤੇ ਨਿਯੁਕਤ ਕੀਤਾ ਜੋ ਉਸ ਦੀ ਮੌਤ (1707 ਈ.) ਤੱਕ ਇਸ ਪਦ 'ਤੇ ਬਣਿਆ ਰਿਹਾ।
- ਦੀਵਾਨ-ਏ-ਆਲ੍ਹਾ ਦੀ ਨਿਯੁਕਤੀ ਸਮਰਾਟ ਦੀ ਰਾਜ ਆਗਿਆ ਨਾਲ ਹੁੰਦੀ ਸੀ।
- ਅਕਬਰ ਅਤੇ ਸ਼ਾਹਜਹਾਂ ਦੇ ਸਮੇਂ ਵਿੱਚ ਸਧਾਰਣ ਵਿਅਕਤੀਆਂ ਨੂੰ ਵੀ ਉਨ੍ਹਾਂ ਦੀ ਯੋਗਤਾ ਦੇ ਅਧਾਰ 'ਤੇ ਉਸ ਪਦ 'ਤੇ ਨਿਯੁਕਤ ਕੀਤਾ ਗਿਆ।
- ਵਜ਼ੀਰ ਦੇ ਅਹੁਦੇ 'ਤੇ ਪ੍ਰਸ਼ਨ ਚਿੰਨ੍ਹ ਲਗਾਉਣ ਲਈ ਕਦੇ-ਕਦੇ ਦੋ ਵਿਅਕਤੀਆਂ ਨੂੰ ਸੰਯੁਕਤ ਵਜ਼ੀਰ ਦੇ ਰੂਪ ਵਿੱਚ ਨਿਯੁਕਤ ਕਰ ਦਿੱਤਾ ਜਾਂਦਾ ਸੀ।

**ਦੀਵਾਨ ਦੇ ਮਹੱਤਵਪੂਰਨ ਕੰਮ ਹੇਠ ਲਿਖੇ ਸਨ :**

- ਮਹੱਤਵਪੂਰਨ ਸਰਕਾਰੀ ਨੌਕਰੀਆਂ 'ਤੇ ਨਿਯੁਕਤ ਦੀਵਾਨ ਦੀ ਸੰਸਤੁਤਿ 'ਤੇ ਹੀ ਹੁੰਦੀ ਸੀ।
- ਨਿਯੁਕਤੀ ਤੋਂ ਇਲਾਵਾ ਦੀਵਾਨ ਦਫਤਰਾਂ ਵਿੱਚ ਸੂਬੇਦਾਰ, ਫੌਜਦਾਰ, ਸਿਪਾਹੀ ਆਦਿ ਦੀ ਤਾਇਨਾਤੀ ਕਰਦਾ ਸੀ।
- ਅਨੇਕਾਂ ਪ੍ਰੱਤਰਾਂ, ਰਜਿਸਟਰਾਂ ਅਤੇ ਲੇਖਾ-ਪੱਤਰਾਂ 'ਤੇ ਦੀਵਾਨ ਦਾ ਹਸਤਾਖਰ ਜ਼ਰੂਰੀ ਹੁੰਦਾ ਸੀ।
- ਦੀਵਾਨ ਸਮਰਾਟ ਵੱਲੋਂ ਸੈਨਾ ਦੇ ਲਈ ਅਗ੍ਰਿਮ ਦੇਣ ਦੀ ਆਗਿਆ ਅਤੇ ਰਾਜਸੀ ਕਰਮਚਾਰੀ ਨੂੰ ਨਵੇਂ ਸਥਾਨ ਜਾਂ ਪਦ 'ਤੇ ਆਪਣਾ ਸਥਾਨ ਗ੍ਰਹਿਣ ਕਰਨ ਦੀ ਆਗਿਆ ਦਾ ਪ੍ਰਮਾਣ ਪੱਤਰ ਜਾਰੀ ਕਰਦਾ ਸੀ।
- ਦੀਵਾਨ ਦਾ ਮੁੱਖ ਕੰਮ ਮਾਲ ਗੁਜ਼ਾਰੀ ਨਿਸ਼ਚਿਤ ਕਰਨ ਅਤੇ ਉਸ ਨੂੰ ਵਸੂਲ ਕਰਨ ਦੇ ਲਈ ਨਿਯਮ ਬਣਾਉਣਾ, ਸਾਮਰਾਜ ਦਾ ਖਰਚ ਨਿਸ਼ਚਿਤ ਕਰਨਾ ਅਤੇ ਉਸ ਦਾ ਹਿਸਾਬ-ਕਿਤਾਬ ਰੱਖਣਾ ਸੀ।
- ਦੀਵਾਨ ਦੇ ਵਿਭਾਗ ਵਿੱਚ ਸਾਮਰਾਜ ਦੇ ਰਾਜਸਵ ਅਤੇ ਵਿੱਤ ਸਬੰਧੀ ਸਾਰੇ ਅਭਿਲੇਖ ਰਹਿੰਦੇ ਸਨ।
- **ਦਫਤਰ** : ਦੀਵਾਨ (ਦੀਵਾਨ-ਏ-ਆਲ੍ਹਾ) ਦਾ ਵਿਭਾਗ ਸਮ੍ਰਿਧ ਅਤੇ ਵਿਵਸਥਿਤ ਸੀ। ਇਹ ਕਈ ਖੰਡਾਂ ਵਿੱਚ ਵੰਡਿਆ ਹੋਇਆ ਸੀ। ਹਰੇਕ ਖੰਡ ਦਾ ਇਕ ਮੁਖੀ ਅਧਿਕਾਰੀ ਹੁੰਦਾ ਸੀ। ਪ੍ਰਮੁੱਖ ਅਧਿਕਾਰੀਆਂ ਵਿੱਚ ਹੇਠ ਲਿਖੇ ਮਹੱਤਵਪੂਰਨ ਸਨ-

  (1) ਦੀਵਾਨ-ਏ-ਖਾਲਸਾ, (2) ਦੀਵਾਨ-ਏ-ਤਨ, (3) ਦੀਵਾਨ-ਏ-ਜਗੀਰ, (4) ਦੀਵਾਨ-ਏ-ਵਾਕਿਆਤ, (5) ਦੀਵਾਨ-ਏ-ਸਿਆਦਤ, (6) ਖਜ਼ਾਨਾ, (7) ਮੁਸ਼ਰਿਫ ਅਤੇ (8) ਮੁਸਤੌਫੀ (ਲੇਖਾ ਪ੍ਰੀਖਕ)।
- **ਦੀਵਾਨ-ਏ-ਖਾਲਸਾ** : ਇਸ ਦੀ ਨਿਯੁਕਤੀ ਸਮਰਾਟ ਵੱਲੋਂ ਦੀਵਾਨ-ਏ-ਆਲ੍ਹਾ ਦੀ ਸੰਸਤੁਤਿ 'ਤੇ ਹੁੰਦੀ ਸੀ। ਇਸ ਦਾ ਪ੍ਰਮੁੱਖ ਕੰਮ ਖਾਲਸਾ ਭੂਮੀ ਦਾ ਪ੍ਰਸ਼ਾਸਨ ਕਰਨਾ ਸੀ। ਇਹ ਦੀਵਾਨ, ਫੌਜਦਾਰ ਅਤੇ ਅਮੀਨ ਦੀਆਂ ਨਿਯੁਕਤੀਆਂ 'ਤੇ ਹਸਤਾਖਰ ਕਰਦਾ ਸੀ।
- **ਦੀਵਾਨ-ਏ-ਤਨ** : ਉਹ ਬਖਸ਼ੀ ਤੋਂ ਪ੍ਰਾਪਤ ਸਾਰੇ ਮਨਸਵਦਾਰਾਂ ਦੀ ਸੂਚੀ, ਉਨ੍ਹਾਂ ਦੀ ਤਨਖਾਹ ਅਤੇ ਜਗੀਰ ਤਿਆਰ ਰੱਖਦਾ ਸੀ।
- **ਮੁਸਤੈਫੀ** : ਇਹ ਮੁਗਲ ਸਾਮਰਾਜ ਦਾ ਆਡੀਟਰ ਜਨਰਲ ਸੀ। ਇਸ ਦਾ ਵਿਭਾਗ ਕਈ ਖੰਡਾਂ ਜਿਵੇਂ-ਆਮੀਲਾਂ ਨਾਲ ਸਬੰਧਿਤ ਅਗ੍ਰਿਮ ਧਨ ਦੀ ਵਸੂਲੀ, ਲਗਾਨ, ਖਜ਼ਾਨਾ, ਨਕਦ, ਤਨਖਾਹ, ਜਗੀਰ ਆਦਿ ਵਿੱਚ ਵੰਡਿਆ ਹੋਇਆ ਸੀ। ਮੁਸਤੈਫੀ ਆਮੀਲਾਂ ਦੀ ਬਕਾਇਆ ਰਕਮਾਂ ਦੀ ਸੂਚੀ ਜ਼ਰੂਰੀ ਕਾਰਵਾਈ ਲਈ ਦੀਵਾਨ ਦੇ ਸਨਮੁੱਖ ਰੱਖਦਾ ਸੀ।
- **ਦੀਵਾਨ-ਏ-ਬਕੂਯਾਤ**: ਇਹ ਵਜ਼ੀਰ ਦੇ ਅਧੀਨ ਕੰਮ ਕਰਦਾ ਸੀ। ਦੀਵਾਨ ਦੇ ਅਧੀਨ ਅਵਰਾਜਵੀਸ ਸੀ ਜੋ ਨਿੱਤ ਦੇ ਆਮਦਨੀ ਅਤੇ ਖਰਚੇ ਦਾ ਹਿਸਾਬ ਰੱਖਦਾ ਸੀ।

**ਮੀਰ ਬਖਸ਼ੀ ਅਤੇ ਉਸ ਦਾ ਵਿਭਾਗ**

- ਕੇਂਦਰੀ ਪ੍ਰਸ਼ਾਸਨ ਦਾ ਦੂਸਰਾ ਮਹੱਤਵਪੂਰਨ ਵਿਭਾਗ ਸੈਨਿਕ ਵਿਭਾਗ ਸੀ, ਜਿਸ ਦਾ ਸਰਵਉਚ ਅਧਿਕਾਰੀ ਮੀਰ ਬਖਸ਼ੀ ਅਖਵਾਉਂਦਾ ਸੀ।

- ਦਿੱਲੀ ਸਲਤਨਤ ਦੇ ਕਾਲ ਵਿੱਚ ਇਸ ਅਧਿਕਾਰੀ ਨੂੰ **ਅਰਜ-ਏ-ਮੁਮਾਲਿਕ** ਅਤੇ ਇਸ ਦੇ ਵਿਭਾਗ ਨੂੰ **ਦੀਵਾਨ-ਏ-ਅਰਜ** ਕਿਹਾ ਜਾਂਦਾ ਸੀ।
- ਖਿਲਜੀ ਸਮੇਂ ਵਿੱਚ ਬਖਸ਼ੀ-ਏ-ਫੌਜ ਨਾਮ ਦਾ ਅਧਿਕਾਰੀ ਵੀ ਨਿਯੁਕਤ ਕੀਤਾ ਗਿਆ ਸੀ।
- ਸੈਨਾ ਵਿੱਚ ਸੈਨਿਕਾਂ ਦੀ ਭਰਤੀ ਘੋੜਿਆਂ ਨੂੰ ਦਾਗਣ ਅਤੇ ਸੈਨਾ ਨੂੰ ਵਿਵਸਥਿਤ ਅਤੇ ਸਹੀ ਰੱਖਣ ਦਾ ਸਾਰੀ ਜ਼ਿੰਮੇਵਾਰੀ ਉਸ ਉਪਰ ਸੀ।
- ਮੀਰ ਬਖਸ਼ੀ ਦੀ ਨੀਤੀ ਸਮਰਾਟ ਵੱਲੋਂ ਹੁੰਦੀ ਸੀ।
- ਜਹਾਂਗੀਰ ਦੇ ਸਮੇਂ ਵਿੱਚ ਸ਼ੇਖ ਫਰੀਦ, ਸ਼ਾਹਜਹਾਂ ਦੇ ਸਮੇਂ ਵਿੱਚ ਮੀਰ ਜੁਮਲਾ, ਜਾਫਰ ਖਾਂ, ਖਲੀਲ ਉਲਾ ਖਾਂ ਅਤੇ ਔਰੰਗਜ਼ੇਬ ਦੇ ਸਮੇਂ ਵਿੱਚ ਮੁਹੰਮਦ ਅਮੀਨ ਖਾਂ, ਅਸਦ ਖਾਂ, ਰਹੁੱਲਾ ਖਾਂ ਪਹਿਲਾ ਅਤੇ ਜੁਲਫੀਕਾਰ ਖਾਂ ਮਹੱਤਵਪੂਰਨ ਹਨ।
- ਜਹਾਂਗੀਰ ਨੇ ਇਸ ਵਿੱਚ ਕੁਝ ਪਰਿਵਰਤਨ ਕੀਤੇ। ਉਸ ਦੇ ਰਾਜਸਵ ਕਾਲ ਵਿੱਚ ਮੀਰ ਬਖਸ਼ੀ ਨੂੰ ਲੈ ਕੇ ਸੱਤ ਬਖਸ਼ੀਆਂ ਦਾ ਵਰਨਣ ਹੈ।
- ਸ਼ਾਹਜਹਾਂ ਦੇ ਸਮੇਂ ਵਿੱਚ ਤਿੰਨ ਬਖਸ਼ੀਆਂ ਦੀ ਪ੍ਰੰਪਰਾ ਸਥਾਪਿਤ ਹੋਈ।
- ਬਖਸ਼ੀ ਦੇ ਦਫਤਰ ਵਿੱਚ ਇਹ ਨਿਸ਼ਚਿਤ ਕੀਤਾ ਜਾਂਦਾ ਸੀ ਮਨਸਵਦਾਰ ਨੂੰ ਉਸ ਦੇ ਮਨਸਵ ਦੇ ਅਧਾਰ 'ਤੇ ਕਿੰਨੇ ਸੈਨਿਕ ਅਤੇ ਕਿੰਨੇ ਘੋੜੇ ਰੱਖਣੇ ਪੈਣਗੇ ਅਤੇ ਉਸ ਨੂੰ ਕਿੰਨੀ ਤਨਖਾਹ ਅਤੇ ਉਸ ਦੇ ਅਨੁਰੂਪ ਕਿੰਨੀ ਜਗੀਰ ਦਿੱਤੀ ਜਾਵੇਗੀ।
- ਬਖਸ਼ੀ ਦੇ ਦਫਤਰ ਵਿੱਚ ਸੈਨਾ ਦੀ ਵੱਖ-ਵੱਖ ਖੰਡਾਂ ਵਿੱਚ ਵੰਡ ਹੁੰਦੀ ਸੀ।
- ਦਰਬਾਰ ਵਿੱਚ ਮੀਰ ਬਖਸ਼ੀ ਸਮਰਾਟ ਦੇ ਨੇੜੇ ਉਸ ਦੇ ਸੱਜੇ ਹਾਜ਼ਰ ਰਹਿੰਦਾ ਸੀ। ਦਰਬਾਰ ਵਿੱਚ ਉਸ 'ਤੇ ਹੇਠ ਲਿਖੇ ਕੰਮਾਂ ਦੀ ਜ਼ਿੰਮੇਵਾਰੀ ਹੁੰਦੀ ਸੀ:

  1. ਨਵ-ਨਿਯੁਕਤ ਸੈਨਿਕ ਦਾਗ-ਵ-ਤਮੀਸ਼ਾ ਤੋਂ ਬਾਅਦ ਸਮਰਾਟ ਦੇ ਸਨਮੁੱਖ ਬਖਸ਼ੀ ਵੱਲੋਂ ਪੇਸ਼ ਕੀਤੇ ਜਾਂਦੇ ਸਨ।
  2. ਪ੍ਰਾਂਤਾਂ ਤੋਂ ਆਉਣ ਵਾਲੇ ਅਤੇ ਕੇਂਦਰ ਤੋਂ ਪ੍ਰਾਂਤਾਂ ਨੂੰ ਜਾਣ ਵਾਲੇ ਅਧਿਕਾਰੀ ਵਿਸ਼ੇਸ਼ ਅਗਾਨਤੁਕ ਦਰਸ਼ਨਾਰਥੀਆਂ ਅਤੇ ਦੂਤਾਂ ਨੂੰ ਉਹ ਸਮਰਾਟ ਦੇ ਸਨਮੁੱਖ ਪੇਸ਼ ਕਰਦਾ ਸੀ।
  3. ਰਾਜ ਮਹਿਲ ਦੇ ਗਾਰਦ ਦੇ ਲਈ ਜ਼ਿੰਮੇਵਾਰ ਹੋਣ ਦੇ ਕਾਰਨ ਬਖਸ਼ੀ ਉਨ੍ਹਾਂ ਨੂੰ ਸਮਰਾਟ ਦੇ ਸਨਮੁੱਖ ਪਾਰੀਤੋਸ਼ਿਕ ਦੇ ਲਈ ਪੇਸ਼ ਕਰਦਾ ਸੀ।
  4. ਗੁਸਲਖਾਨਾ (ਗੁਪਤ ਕਮਰਾ) ਵਿੱਚ ਸਮਰਾਟ ਦੇ ਨੇੜੇ ਉਸ ਦੇ ਸੱਜੇ ਪਾਸੇ ਬਖਸ਼ੀ ਹਾਜ਼ਰ ਰਹਿੰਦਾ ਸੀ।
  5. ਪ੍ਰਾਂਤਾਂ ਤੋਂ ਵਾਕਿਆ ਨਵੀਸਾਂ ਵੱਲੋਂ ਮਿਲਣ ਵਾਲੇ ਸਮਾਚਾਰ ਬਖਸ਼ੀ ਪ੍ਰਾਪਤ ਕਰਦਾ ਸੀ। ਉਨ੍ਹਾਂ ਵਿੱਚੋਂ ਜ਼ਰੂਰੀ ਸੂਚਨਾਵਾਂ ਨੂੰ ਉਹ ਸਮਰਾਟ ਦੇ ਸਨਮੁੱਖ ਪੇਸ਼ ਕਰਦਾ ਸੀ ਅਤੇ ਉਸ ਸਬੰਧ ਵਿੱਚ ਜ਼ਰੂਰੀ ਆਗਿਆ ਪ੍ਰਾਪਤ ਕਰਦਾ ਸੀ। ਇਸ ਤਰ੍ਹਾਂ ਸਾਮਰਾਜ ਅਤੇ ਉਸ ਦੇ ਕਰਮਚਾਰੀਆਂ ਦੀਆਂ ਗਤੀਵਿਧੀਆਂ ਦੀ ਪੂਰੀ ਜਾਣਕਾਰੀ ਸਭ ਤੋਂ ਪਹਿਲਾਂ ਉਸ ਨੂੰ ਹੀ ਪ੍ਰਾਪਤ ਹੁੰਦੀ ਸੀ।
  6. ਮਨਸਵਦਾਰਾਂ ਜਾਂ ਅਧਿਕਾਰੀਆਂ ਨੂੰ ਦਰਬਾਰ ਦੀ ਮੌਜੂਦਗੀ ਤੋਂ ਛੁੱਟੀ ਮੀਰ ਬਖਸ਼ੀ ਦਿੰਦਾ ਸੀ। ਰਾਜਧਾਨੀ ਵਿੱਚ ਮੌਜੂਦ ਮਨਸਵਦਾਰਾਂ ਦੀ ਸੂਚੀ ਮੀਰ ਬਖਸ਼ੀ ਦੇ ਕੋਲ ਰਹਿੰਦੀ ਸੀ।
  7. ਯੁੱਧ ਸਥਾਨ 'ਤੇ ਜਦੋਂ ਸਮਰਾਟ ਖੁਦ ਸੈਨਾ ਦੀ ਅਗਵਾਈ ਕਰਦਾ ਸੀ, ਉਦੋਂ ਸੈਨਿਕ ਪ੍ਰਬੰਧਾਂ ਲਈ ਮੀਰ ਬਖਸ਼ੀ ਨਾਲ ਰਹਿੰਦਾ ਸੀ।
  8. ਜਦੋਂ ਉਸ ਨੂੰ ਕਿਸੇ ਸੈਨਿਕ ਅਭਿਆਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਸੀ ਤਾਂ ਉਹ ਇਕ ਸਧਾਰਣ ਸੈਨਾ ਨਾਇਕ ਦੇ ਰੂਪ ਵਿੱਚ ਯੁੱਧ 'ਚ ਕੰਮ ਕਰਦਾ ਸੀ ਅਤੇ
  9. ਕਦੇ-ਕਦੇ ਉਚ ਉਮਰਾ ਅਤੇ ਰਾਜ ਕੁਮਾਰ ਦੇ ਯੁੱਧ ਅਭਿਆਨ ਵਿੱਚ ਬਖਸ਼ੀ ਨੂੰ ਕੁਸ਼ਲ ਪ੍ਰਬੰਧ ਲਈ ਉਸ ਅਭਿਆਨ ਲਈ ਨਿਯੁਕਤ ਕੀਤਾ ਜਾਂਦਾ ਸੀ।

- ਅਕਬਰ ਦੇ ਸ਼ਾਸਨ ਦੇ 25ਵੇਂ ਸਾਲ ਵਿੱਚ ਮੀਰ ਬਖਸ਼ੀ ਸ਼ਾਹਬਾਜ਼ ਖਾਂ ਨੂੰ ਬਿਹਾਰ ਅਭਿਆਨ ਦੇ ਸਮੇਂ ਟੋਡਰ ਮੱਲ ਅਤੇ ਮਿਰਜ਼ਾ ਅਜੀਜ਼ ਕੋਕਾ ਦੇ ਨਾਲ ਭੇਜਿਆ ਗਿਆ ਸੀ।

ਨੋਟ

- ਸ਼ਾਹਜਹਾਂ ਦੇ ਸਮੇਂ ਵਿੱਚ ਬਲਖ ਅਭਿਆਨ ਵਿੱਚ ਮੀਰ ਬਖਸ਼ੀ ਸਲਾਵਤ ਖਾਂ ਨੂੰ ਸ਼ਹਿਜ਼ਾਦਾ ਮੁਰਾਦ ਦੇ ਨਾਲ ਨਿਯੁਕਤ ਕੀਤਾ ਗਿਆ ਸੀ।
- ਤਨਖਾਹ ਅਧਿਕਾਰੀ ਦਾ ਕੰਮ ਮੁਗਲ ਕੇਂਦਰੀ ਸ਼ਾਸਨ ਵਿੱਚ ਦੀਵਾਨ-ਏ-ਤਨ ਕਰਦਾ ਸੀ। ਮੀਰ ਬਖਸ਼ੀ 'ਤੇ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਸਮਰਾਟ ਦੀ ਚੌਕਸੀ ਸੀ।
- ਅਜਿਹੇ ਵਿਦਵਾਨ ਜੋ ਸ਼ਰੀਅਤ ਦੇ ਪੂਰੇ ਜਾਣਕਾਰ ਸਨ, ਉਨ੍ਹਾਂ ਨੂੰ ਉਲੇਮਾ ਕਿਹਾ ਜਾਂਦਾ ਸੀ।
- ਇਸਲਾਮ ਦੇ ਇਤਿਹਾਸ ਵਿੱਚ ਅੱਬਾਸੀ ਖਲੀਫਾਵਾਂ ਦੇ ਸਮੇਂ ਵਿੱਚ ਸਭ ਤੋਂ ਪਹਿਲਾਂ ਅਬੂ ਯੂਸਫ ਨੂੰ ਕਾਜ਼ੀ-ਉਲ-ਕੁਜਾਤ ਦੇ ਪਦ 'ਤੇ ਨਿਯੁਕਤ ਕੀਤਾ ਗਿਆ ਅਤੇ ਉਸ ਨੂੰ ਰਾਜਧਾਨੀ ਤੋਂ ਬਾਹਰ ਵੀ ਕਾਜ਼ੀਆਂ ਨੂੰ ਨਿਯੁਕਤ ਕਰਨ ਦੀ ਆਗਿਆ ਦਿੱਤੀ ਗਈ।
- ਦਿੱਲੀ ਸਲਤਨਤ ਦੇ ਆਰੰਭ ਤੋਂ ਹੀ ਉਸ ਦੀ ਨਿਯੁਕਤੀ ਹੋਈ। ਇਸ ਨੂੰ ਲੇਖ-ਉਲ-ਉਸਲਾਮ ਅਤੇ ਸਦਰ-ਉਸ-ਸੁਦੂਰ ਕਿਹਾ ਜਾਂਦਾ ਸੀ।
- ਅਕਬਰ ਦੇ ਰਾਜਕਾਲ ਵਿੱਚ ਸੱਤ ਸਦਰ-ਉਸ-ਸੁਦੂਰ ਹੋਏ।
- ਅਲੱਗ-ਅਲੱਗ ਪ੍ਰਮਾਣਾਂ ਅਤੇ ਰਾਜ ਆਗਿਆਵਾਂ ਲਈ ਅਲੱਗ-ਅਲੱਗ ਮੋਹਰਾਂ ਸਨ। ਫਰਮਾਨ-ਏ-ਸਖਤੀ 'ਤੇ ਲਗਾਉਣ ਦੇ ਲਈ ਗੋਲ ਛੋਟੀ ਮੋਹਰ ਸੀ, ਜਿਸ ਨੂੰ ਉਜ਼ੂਕ ਕਹਿੰਦੇ ਸਨ।
- ਅਬੁਲ ਫਜ਼ਲ ਨੇ ਸਮਾਜ ਦੇ ਚਾਰ ਤੱਤਾਂ ਨੂੰ ਨਿਰਧਾਰਿਤ ਕੀਤਾ, ਜੋ ਸ੍ਰਿਸ਼ਟੀ ਦੇ ਚਾਰ ਤੱਤਾਂ ਦੇ ਬਰਾਬਰ ਸਨ, ਇਹ ਸਨ ਯੋਧਾ ਵਰਗ (ਅਗਨੀ), ਅਧਿਕਾਰੀ ਵਰਗ (ਹਵਾ), ਬੁੱਧੀਜੀਵੀ ਵਰਗ (ਜਲ) ਅਤੇ ਸੇਵਕ ਵਰਗ (ਪ੍ਰਿਥਵੀ)। 500 ਸਾਲ ਤੱਕ ਦੀ ਸੰਖਿਆ ਵਿੱਚ ਜਾਤ ਮਨਸਬ ਪਾਉਣ ਵਾਲੇ ਅਧਿਕਾਰੀ ਮਨਸਬਦਾਰ ਅਖਵਾਉਂਦੇ ਸਨ।
- 5000 ਤੋਂ 2500 ਦੇ ਦਰਮਿਆਨ ਅਮੀਰ ਅਤੇ 2500 ਤੋਂ ਉਪਰ ਅਮੀਰ-ਏ-ਆਜ਼ਮ ਅਖਵਾਉਂਦੇ ਸਨ। ਉਨ੍ਹਾਂ ਅਮੀਰਾਂ ਨੂੰ ਜਗੀਰਾਂ ਦੇ ਰੂਪ ਵਿੱਚ ਤਨਖਾਹ ਦਿੱਤੀ ਜਾਂਦੀ ਸੀ।
- ਤਨਖਾਹ ਜਗੀਰ ਕੇਵਲ ਰਾਜਪੂਤਾਂ ਨੂੰ ਪ੍ਰਦਾਨ ਕੀਤੀ ਜਾਂਦੀ ਸੀ ਅਤੇ ਸਧਾਰਣ ਤੌਰ 'ਤੇ ਉਨ੍ਹਾਂ ਦੇ ਹੀ ਰਾਜ ਵਿੱਚ ਸਥਿਤ ਹੁੰਦੀ ਸੀ।
- ਅਲਤਮਗਾ ਜਗੀਰ ਅਧਿਕਾਰੀਆਂ ਨੂੰ ਪ੍ਰਸ਼ਾਸਕੀ ਸੇਵਾ ਬਦਲੇ ਪ੍ਰਦਾਨ ਕੀਤੀ ਜਾਂਦੀ ਸੀ। ਇਸ ਵਿੱਚ ਵੰਸ਼ਾਨੁਗਤ ਉਤਰਾਧਿਕਾਰ ਦੀ ਵੀ ਸੁਵਿਧਾ ਸੀ।

### ਪ੍ਰਾਂਤੀ ਸ਼ਾਸਨ

- ਇਸਲਾਮ ਦੇ ਇਤਿਹਾਸ ਵਿੱਚ ਵੀ ਪ੍ਰਾਂਤਾਂ ਵਿੱਚ ਰਾਜ ਦੀ ਵੰਡ ਕਰਨ ਦੀ ਪ੍ਰੰਪਰਾ ਸੀ। ਪ੍ਰਾਂਤਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਸੀਮਿਤ ਅਧਿਕਾਰ ਵਾਲੇ (ਇਮਾਰਤ-ਏ-ਤਫਵੀਦ) ਅਤੇ ਅਸੀਮਿਤ ਅਧਿਕਾਰ ਵਾਲੇ (ਇਮਾਰਤ-ਏ-ਖੱਸਾ)।
- ਇਕ ਤੀਸਰੇ ਤਰ੍ਹਾਂ ਦੇ ਪ੍ਰਾਂਤ ਪਤੀ ਦਾ ਵੀ ਵਰਨਣ ਮਿਲਦਾ ਹੈ, ਜਿਨ੍ਹਾਂ ਨੇ ਵਿਦਰੋਹ ਨਾਲ ਜਾਂ ਸ਼ਕਤੀ ਨਾਲ ਕਿਸੇ ਭੂ-ਭਾਗ 'ਤੇ ਅਧਿਕਾਰ ਕਰ ਲਿਆ ਹੋਵੇ, ਉਨ੍ਹਾਂ ਨੂੰ 'ਇਮਰਤਤੁਲ-ਇਸਤਿਲਾ' ਕਿਹਾ ਗਿਆ ਹੈ।
- ਦਮਿਸ਼ਕ ਅਤੇ ਬਗਦਾਦ ਦੇ ਖਲੀਫਾਵਾਂ ਦੇ ਕਾਲ ਵਿੱਚ ਪ੍ਰਾਂਤ ਪਤੀ ਨੂੰ ਬਲੀ ਕਿਹਾ ਜਾਂਦਾ ਸੀ। ਦਿੱਲੀ ਸਲਤਨਤ ਦੇ ਸਮੇਂ ਵਿੱਚ ਅਤੇ ਸ਼ੂਰ ਸ਼ਾਸਕਾਂ ਦੇ ਸਮੇਂ ਵਿੱਚ ਉਨ੍ਹਾਂ ਨੂੰ 'ਹਾਕਮ' ਅਤੇ ਕਦੇ-ਕਦੇ 'ਜਾਜਿਮ' ਕਿਹਾ ਜਾਂਦਾ ਸੀ। ਇਸ ਵੱਲੋਂ ਸ਼ਾਸਿਤ ਭੂਮੀ ਨੂੰ ਇਕਤਾ ਕਿਹਾ ਜਾਂਦਾ ਸੀ।

### ਸਲਤਨਤ ਕਾਲ ਦਾ ਪ੍ਰਾਂਤੀ ਸ਼ਾਸਨ

- ਸਲਤਨਤ ਕਾਲ ਵਿੱਚ ਤਿੰਨ ਤਰ੍ਹਾਂ ਦੇ ਪ੍ਰਾਂਤਾਂ ਦੀ ਹੋਂਦ ਸੀ :
  1. ਖੇਤਰਫਲ ਵਿੱਚ ਛੋਟੇ ਪ੍ਰਾਂਤ, ਜਿਨ੍ਹਾਂ ਦੇ ਪ੍ਰਾਂਤ ਪਤੀ ਸੁਲਤਾਨ ਵੱਲੋਂ ਨਿਯੁਕਤ ਹੁੰਦੇ ਸਨ। ਉਤਰੀ ਭਾਰਤ ਵਿਸ਼ੇਸ਼ ਤੌਰ 'ਤੇ ਦਿੱਲੀ ਦੇ ਨੇੜਲੇ ਭਾਗ ਇਸ ਸ਼੍ਰੇਣੀ ਵਿੱਚ ਆਉਂਦੇ ਸਨ।
  2. ਦੂਸਰੀ ਸ਼੍ਰੇਣੀ ਵਿੱਚ ਦੂਰ-ਵਰਤੀ ਪ੍ਰਾਂਤ ਆਉਂਦੇ ਸਨ, ਜਿਨ੍ਹਾਂ 'ਤੇ ਦਿੱਲੀ ਤੋਂ ਪੂਰੀ ਤਰ੍ਹਾਂ ਕੰਟਰੋਲ ਰੱਖਣਾ ਸੰਭਵ ਨਹੀਂ ਸੀ। ਬੰਗਾਲ ਦਾ ਪ੍ਰਾਂਤ ਇਸ ਦਾ ਉਦਾਹਰਣ ਸੀ।
  3. ਤੀਸਰੀ ਸ਼੍ਰੇਣੀ ਵਿੱਚ ਉਹ ਭਾਰਤੀ ਰਾਜੇ ਆਉਂਦੇ ਸਨ ਜੋ ਸੁਲਤਾਨਾਂ ਨੂੰ ਕਰ ਤਾਂ ਦਿੰਦੇ ਸਨ ਪਰ ਸੁਲਤਾਨਾਂ ਨੇ ਉਨ੍ਹਾਂ ਦੇ ਰਾਜ ਨੂੰ ਆਪਣੀ ਸਲਤਨਤ ਵਿੱਚ ਸ਼ਾਮਿਲ ਨਹੀਂ ਕੀਤਾ ਸੀ।

- 'ਮੁਕਤ' (ਪ੍ਰਾਂਤਪਤੀ) ਪ੍ਰਾਂਤ ਦਾ ਪ੍ਰਮੁੱਖ ਕਾਰਜਕਾਰੀ ਅਧਿਕਾਰੀ ਸੀ। ਕੇਂਦਰੀ ਆਗਿਆਵਾਂ ਅਤੇ ਕਾਨੂੰਨਾਂ ਦਾ ਪਾਲਣ ਕਰਨਾ, ਸ਼ਕਤੀ ਅਤੇ ਵਿਵਸਥਾ, ਨਿਆ, ਖੇਤੀ ਨੂੰ ਉਤਸ਼ਾਹ ਦੇਣਾ, ਰਾਜ ਪਥਾਂ ਦੀ ਰੱਖਿਆ ਕਰਨਾ, ਸੈਨਾ ਅਤੇ ਵਿੱਤ ਵਿਭਾਗ ਦੀ ਦੇਖ-ਰੇਖ ਹੋਰ ਅਧਿਕਾਰੀਆਂ ਦਾ ਪ੍ਰੀਖਣ ਆਦਿ ਉਸ ਦੇ ਪ੍ਰਮੁੱਖ ਕੰਮ ਸਨ।
- ਪ੍ਰਾਂਤ ਵਿੱਚ ਸੈਨਾ ਦੇ ਲਈ ਪ੍ਰਾਂਤੀ ਆਰਿਜ ਮਾਲਗੁਜ਼ਾਰੀ ਅਤੇ ਰਾਜਸਵ ਦੇ ਪ੍ਰਾਂਤ ਦੇ ਲਈ ਸਾਹਿਬ-ਏ-ਦੀਵਾਨ (ਖਵਾਜਾ) ਨਿਯੁਕਤ ਸਨ।
- ਪ੍ਰਾਂਤ ਕਈ ਹਿੱਸਿਆਂ ਵਿੱਚ ਵੰਡੇ ਹੋਏ ਸਨ, ਜਿਨ੍ਹਾਂ ਨੂੰ 'ਸ਼ਿਕ' ਕਿਹਾ ਜਾਂਦਾ ਸੀ। ਸ਼ਿਕ ਪਰਗਣਾਂ ਵਿੱਚ ਵੰਡੇ ਹੋਏ ਸਨ ਜੋ ਪਿੰਡਾਂ ਨੂੰ ਮਿਲਾ ਕੇ ਬਣਦੇ ਸਨ।

### ਮੁਗਲ ਸਮੇਂ ਵਿੱਚ ਪ੍ਰਾਂਤਾਂ ਦਾ ਸੰਗਠਨ

- ਬਾਬਰ ਅਤੇ ਹੁਮਾਯੂੰ ਨੇ ਆਪਣੇ ਪੂਰਵਵਰਤੀ ਸ਼ਾਸਕਾਂ ਦੀ ਪ੍ਰਾਂਤੀ ਪ੍ਰਸ਼ਾਸਨਿਕ ਵਿਵਸਥਾ ਵਿੱਚ ਕਿਸੇ ਤਰ੍ਹਾਂ ਦਾ ਪਰਿਵਰਤਨ ਨਹੀਂ ਕੀਤਾ। ਪ੍ਰਸ਼ਾਸਨ ਦੇ ਲਈ ਸਾਮਰਾਜ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ:
    1. ਨਿਯਮਿਤ ਸਰਕਾਰ ਅਤੇ ਜ਼ਿਮੀਂਦਾਰੀਆਂ।
    2. ਅਜਿਹੇ ਸਰਦਾਰਾਂ ਦੇ ਰਾਜ ਅਤੇ ਉਨ੍ਹਾਂ ਦੀਆਂ ਜ਼ਿਮੀਂਦਾਰੀਆਂ, ਜਿਨ੍ਹਾਂ ਨੇ ਮੁਗਲ ਸਮਰਾਟ ਦੀ ਸੱਤਾ ਨੂੰ ਸਵੀਕਾਰ ਕਰ ਲਿਆ ਸੀ। ਉਹ ਨਿਸ਼ਚਿਤ ਮਾਤਰਾ ਵਿੱਚ ਕਰ ਦਿੰਦੇ ਸਨ ਅਤੇ ਇਸ ਦੇ ਇਵਜ਼ ਵਿੱਚ ਉਨ੍ਹਾਂ ਨੂੰ ਅੰਦਰੂਨੀ ਸੁਤੰਤਰਤਾ ਪ੍ਰਾਪਤ ਸੀ।
    3. ਧਰਮਾਰਥ, ਪੁਨਿਯਾਰਥ, ਸ਼ਿਕਸ਼ਣਾਰਥ, ਗੁਜ਼ਾਰੇ ਦੇ ਲਈ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਦਾਨ ਵਿੱਚ ਦਿੱਤੀ ਗਈ ਭੂਮੀ, ਜਿਸ ਨੂੰ ਸਯੂਰਗਲ (ਮਦਦ-ਏ-ਮਾਸ਼) ਕਿਹਾ ਜਾਂਦਾ ਸੀ।
- ਸ਼ੇਰ ਸ਼ਾਹ ਦੇ ਸ਼ਾਸਨਕਾਲ ਵਿੱਚ ਪ੍ਰਾਂਤ ਪਤੀਆਂ ਦਾ ਤਾਂ ਵਰਨਣ ਹੈ ਪਰ ਪ੍ਰਾਂਤਾਂ ਦਾ ਸਮੁਚਿਤ ਸੰਗਠਨ ਨਹੀਂ ਕੀਤਾ ਗਿਆ ਸੀ।
- ਮੱਧ ਯੁੱਗ ਵਿੱਚ ਪ੍ਰਾਂਤੀ ਸ਼ਾਸਨ ਨੂੰ ਸੁਚਾਰੂ ਰੂਪ ਵਿੱਚ ਸੰਗਠਿਤ ਕਰਨ ਦਾ ਸਿਹਰਾ ਅਕਬਰ ਨੂੰ ਜਾਂਦਾ ਹੈ।
- 1500 ਈ. ਵਿੱਚ ਸਾਮਰਾਜ ਨੂੰ ਸੂਬਿਆਂ ਵਿੱਚ ਵੰਡਣ ਦਾ ਫੈਸਲਾ ਲਿਆ ਗਿਆ।
- ਅਕਬਰ ਦੇ ਸ਼ਾਸਨ ਦੇ ਅੰਤ ਵਿੱਚ ਉਸ ਦਾ ਸਾਮਰਾਜ 15 ਸੂਬਿਆਂ ਵਿੱਚ ਵੰਡਿਆ ਹੋਇਆ ਸੀ।
- ਜਹਾਂਗੀਰ ਦੇ ਸਮੇਂ ਵਿੱਚ ਵੀ 15 ਸੂਬੇ ਸਨ।
- ਸ਼ਾਹਜਹਾਂ ਦੇ ਸਮੇਂ ਵਿੱਚ ਸੂਬਿਆਂ ਦੀ ਸੰਖਿਆ 18 ਹੋ ਗਈ।
- ਔਰੰਗਜ਼ੇਬ ਦੇ ਰਾਜ ਦੇ ਅੰਤ ਵਿੱਚ ਪ੍ਰਾਂਤਾਂ ਦੀ ਸੰਖਿਆ 21 ਹੋ ਗਈ।

### ਸ਼ਾਸਨ ਦਾ ਸੰਗਠਨ

- **ਨਾਜ਼ਿਮ (ਸੂਬੇਦਾਰ)** : ਅਕਬਰ ਦੇ ਸਮੇਂ ਵਿੱਚ ਪ੍ਰਾਂਤੀ ਸ਼ਾਸਨ ਦੇ ਮੁੱਖ ਅਧਿਕਾਰੀ ਨੂੰ ਸਰਕਾਰੀ ਤੌਰ 'ਤੇ ਸਿਪਹਾਸਾਲਾਰ ਅਤੇ ਉਸ ਦੇ ਉਤਰਾਧਿਕਾਰੀਆਂ ਦੇ ਸਮੇਂ ਵਿੱਚ ਨਾਜ਼ਿਮ ਜਾਂ ਨਾਜ਼ਿਮ-ਏ-ਸੂਬਾ ਕਿਹਾ ਜਾਣ ਲੱਗਾ। ਨਾਜ਼ਿਮ ਦਾ ਸ਼ਾਬਦਿਕ ਅਰਥ ਹੈ ਵਿਵਸਥਾਪਕ।
- ਜਨ ਸਧਾਰਣ ਵਿੱਚ ਉਹ ਸੂਬੇਦਾਰ, ਸੂਬਾ ਸਾਹਿਬ ਜਾਂ ਕੇਵਲ ਸੂਬੇ ਦੇ ਨਾਮ ਨਾਲ ਜਾਣਿਆ ਜਾਂਦਾ ਸੀ।
- ਨਾਜ਼ਿਮ ਦੀ ਨਿਯੁਕਤੀ ਸਮਰਾਟ ਦੇ ਸ਼ਾਹੀ ਫਰਮਾਨ (ਫਰਮਾਨੇ ਸਾਬਤੀ) ਨਾਲ ਹੁੰਦੀ ਸੀ।
- 3 ਜੂਨ, 1645 ਈ. ਨੂੰ ਦਾਰਾਸ਼ਿਕੋਹ ਇਲਾਹਾਬਾਦ ਦਾ ਸੂਬੇਦਾਰ ਨਿਯੁਕਤ ਹੋਇਆ।

### ਅਧਿਕਾਰ ਅਤੇ ਕੰਮ

- ਸੂਬੇਦਾਰ ਪ੍ਰਾਂਤ ਵਿੱਚ ਸਮਰਾਟ ਦਾ ਪ੍ਰਤੀਨਿਧੀ ਅਤੇ ਪ੍ਰਾਂਤ ਦਾ ਸਭ ਤੋਂ ਮੁੱਖ ਅਧਿਕਾਰੀ ਸੀ।
- ਸੂਬੇਦਾਰ ਪ੍ਰਾਂਤ ਦਾ ਪ੍ਰਮੁੱਖ ਪ੍ਰਸ਼ਾਸਕ ਸੀ।

ਨੋਟ

- ਪ੍ਰਾਂਤ ਵਿੱਚ ਸ਼ਾਂਤੀ ਵਿਵਸਥਾ ਸਥਾਪਿਤ ਕਰਨਾ ਸੂਬੇਦਾਰ ਦਾ ਮੁੱਖ ਕਰਤਵ ਸੀ।
- ਸੂਬੇਦਾਰ ਆਪਣੇ ਪ੍ਰਾਂਤ ਵਿੱਚ ਆਪਣੇ ਅਧੀਨ ਛੋਟੇ ਕਰਮਚਾਰੀਆਂ ਦੀ ਨਿਯੁਕਤੀ ਅਤੇ ਪਦ ਉਨਤੀ ਕਰਦਾ ਸੀ ਅਤੇ ਉਚ ਅਧਿਕਾਰੀਆਂ ਦੀ ਨਿਯੁਕਤੀ ਦੇ ਲਈ ਕੇਂਦਰ ਆਪਣੀ ਸੰਸਤੁਤਿ ਭੇਜਦਾ ਸੀ।
- ਸੂਚਨਾ ਪ੍ਰਾਪਤ ਕਰਨ ਲਈ ਉਹ ਜਸੂਸਾਂ ਨੂੰ ਨਿਯੁਕਤ ਕਰਦਾ ਸੀ।
- ਪ੍ਰਾਂਤ ਦੇ ਸੈਨਿਕ ਦਾ ਸੰਚਾਲਨ ਅਤੇ ਨਿਰੀਖਣ ਵੀ ਸੂਬੇਦਾਰ ਦੀ ਜ਼ਿੰਮੇਵਾਰੀ ਸੀ।
- ਸੂਬੇਦਾਰ ਆਪਣੇ ਖੇਤਰ ਦੇ ਜ਼ਿਮੀਂਦਾਰਾਂ ਕੋਲੋਂ ਰੋਜ਼ ਕਰ ਵਸੂਲ ਕਰਦਾ ਸੀ।
- ਸੂਬੇਦਾਰ ਦੇ ਮਹੱਤਵਪੂਰਨ ਕੰਮ ਵਿੱਚ ਨਿਆ ਪ੍ਰਸ਼ਾਸਨ ਵੀ ਸੀ। ਉਸ ਨੂੰ ਨਿਰਦੇਸ਼ ਦਿੱਤੇ ਗਏ ਸਨ ਕਿ ਮੁਕੱਦਮਿਆਂ ਦਾ ਜਲਦੀ ਫੈਸਲਾ ਕਰਨ ਅਤੇ ਦੇਰੀ ਵਾਲੇ ਤਰੀਕਿਆਂ ਨਾਲ ਜਨਤਾ ਨੂੰ ਪ੍ਰੇਸ਼ਾਨ ਨਾ ਕਰਨ।
- ਜੱਜ ਦੇ ਰੂਪ ਵਿੱਚ ਸੂਬੇਦਾਰ ਦੇ ਅਰੰਭਿਕ ਅਤੇ ਅਪੀਲਾਂ ਆਦਿ ਦੋਵੇਂ ਅਧਿਕਾਰ ਸਨ।
- ਪ੍ਰਾਂਤ ਵਿੱਚ ਸੂਬੇਦਾਰ ਤੋਂ ਬਾਅਦ ਦੀਵਾਨ ਦਾ ਪਦ ਸੀ। ਇਸ ਨੂੰ ਦੀਵਾਨ-ਏ-ਸੂਬਾ ਵੀ ਕਿਹਾ ਜਾਂਦਾ ਸੀ। ਇਹ ਕੇਂਦਰੀ ਰਾਜਸਵ ਵਿਭਾਗ ਦਾ ਪ੍ਰਾਂਤਕ ਪ੍ਰਤੀਨਿਧੀ ਸੀ। ਇਸ ਪਦ ਦਾ ਵਿਕਾਸ ਅਕਬਰ ਦੇ ਸ਼ਾਸਨ ਵਿੱਚ ਹੋਇਆ ਸੀ।
- ਪ੍ਰਾਂਤਕ ਦੀਵਾਨ ਦੀ ਨਿਯੁਕਤੀ ਸਮਰਾਟ ਦੀਵਾਨ-ਏ-ਆਲ੍ਹਾ ਦੀ ਸੰਸਤੁਤਿ 'ਤੇ ਕਰਦਾ ਸੀ।
- ਦੀਵਾਨ ਦੇ ਵਿਭਾਗ ਵਿੱਚ ਦੋ ਤਰ੍ਹਾਂ ਦੇ ਕਰਮਚਾਰੀ ਸਨ: (1) ਕੇਂਦਰੀ ਦੀਵਾਨ ਅਤੇ ਸ਼ਾਹੀ ਸਨਦ ਵੱਲੋਂ ਨਿਯੁਕਤ, (2) ਦੀਵਾਨ-ਏ-ਸੂਬਾ ਵੱਲੋਂ ਨਿਯੁਕਤ ਕਰਮਚਾਰੀ।
- ਪੇਸ਼ਕਾਰ (ਵਿਅਕਤੀਗਤ ਸਕੱਤਰ) ਅਤੇ ਦਰੋਗਾ (ਦਫਤਰ ਪ੍ਰਧਾਨ) ਕੇਂਦਰੀ ਦੀਵਾਨ ਵੱਲੋਂ ਨਿਯੁਕਤ ਕੀਤੇ ਜਾਂਦੇ ਸਨ।
- ਦੀਵਾਨ-ਏ-ਸੂਬਾ ਵੱਲੋਂ ਨਿਯੁਕਤ ਕਰਮਚਾਰੀਆਂ ਵਿੱਚ ਕਚਹਿਰੀ ਦਾ ਮੁਨਸ਼ੀ, ਹਜ਼ੂਰ ਨਵੀਸ, ਸੂਬਾ ਨਵੀਸ ਮੁਹਰਰਿ-ਏ-ਖਾਲਸਾ, ਤੋਲਣ ਅਤੇ ਨਾਪਣ ਦੇ ਮੁਹਰਰਿ ਪ੍ਰਮੁੱਖ ਸਨ।
- ਦੀਵਾਨ-ਏ-ਸੂਬਾ ਪ੍ਰਾਂਤਕ ਵਿੱਤ ਵਿਭਾਗ ਦਾ ਪ੍ਰਧਾਨ ਸੀ। ਰਾਜਸਵ ਵਿਭਾਗ ਦੇ ਸਾਰੇ ਕਰਮਚਾਰੀ ਉਸ ਦੇ ਅਧੀਨ ਕੰਮ ਕਰਦੇ ਸਨ। ਦਸਤੂਫਲ ਅਮਲ ਦੇ ਅਨੁਸਾਰ ਉਸ ਦੇ ਪ੍ਰਮੁੱਖ ਕੰਮ ਹੇਠ ਲਿਖੇ ਸਨ :
    1. ਖਾਲਸਾ ਮਹਿਲਾਂ ਦੀ ਮਾਲਗੁਜ਼ਾਰੀ ਵਸੂਲ ਕਰਨਾ,
    2. ਵਸੂਲੀ ਅਤੇ ਬਕਾਏ ਦਾ ਹਿਸਾਬ-ਕਿਤਾਬ ਰੱਖਣਾ,
    3. ਪ੍ਰਾਂਤ ਦੇ ਅਧਿਕਾਰੀਆਂ ਦਾ ਉਨ੍ਹਾਂ ਦੇ ਕੰਮ ਦੇ ਅਨੁਸਾਰ ਤਨਖਾਹ ਨਿਸ਼ਚਿਤ ਕਰਨੀ, ਵੰਡ ਕਰਨੀ,
    4. ਖੇਤੀ ਦੀ ਉਨਤੀ ਨੂੰ ਉਤਸ਼ਾਹ ਦੇਣਾ,
    5. ਆਮਿਲਾਂ ਦੇ ਕੰਮਾਂ ਅਤੇ ਹਿਸਾਬ-ਕਿਤਾਬ ਦੀ ਕੜੀ ਜਾਂਚ-ਪੜਤਾਲ ਅਤੇ ਭ੍ਰਿਸ਼ਟ ਆਮਿਲਾਂ ਨੂੰ ਬਰਖਾਸਤ ਕਰਨ ਦੀ ਸੰਸਤੁਤਿ ਕਰਨਾ।
    6. ਬਕਾਇਆ ਲਗਾਨ ਅਤੇ ਤਕਾਬੀ ਦੀ ਵਸੂਲੀ ਕਰਨਾ,
    7. ਪ੍ਰਾਂਤ ਦੀ ਟਕਸਾਲ ਦੀ ਦੇਖ-ਰੇਖ ਕਰਨਾ,
- ਪ੍ਰਾਂਤਕ ਦੀਵਾਨ ਨਿਆਇਕ ਕੰਮ ਵੀ ਕਰਦਾ ਸੀ। ਉਹ ਜੱਜ ਦੇ ਰੂਪ ਵਿੱਚ ਰਾਜਸਵ, ਦੀਵਾਨੀ ਅਤੇ ਨਿਆਇਕ ਮੁਕੱਦਮਿਆਂ ਦਾ ਫੈਸਲਾ ਕਰਦਾ ਸੀ।
- **ਪ੍ਰਾਂਤਕ ਸਦ** : ਕੇਂਦਰ ਦੇ ਸਦਰ-ਉਸ-ਸੁਦੂਰ ਦੀ ਸੰਸਤੁਤਿ 'ਤੇ ਸਮਰਾਟ ਹਰੇਕ ਪ੍ਰਾਂਤ ਵਿੱਚ ਵੀ ਇਕ ਸਦਰ-ਉਸ-ਸੁਦੂਰ ਨਿਯੁਕਤ ਕਰਦਾ ਸੀ। ਉਹ ਕੇਂਦਰ ਦੇ ਸਦਰ-ਉਸ-ਸੁਦੂਰ ਦੇ ਅਧੀਨ ਕੰਮ ਕਰਦਾ ਸੀ।

### ਕੁਝ ਮਹੱਤਵਪੂਰਨ ਤੱਥ

- ਉਦੈਰਾਜ ਨੇ ਮਹਿਮੂਦ ਬੇਗੜਾ ਦੀ ਜੀਵਨੀ **'ਰਾਜ ਵਿਨੋਦ'** ਲਿਖੀ।
- **ਚੈਤੰਨਿਆ ਚਰਿਤ** : ਮਿੱਤਰ-ਕਰਸ਼ੰਦ।

- **ਤੌਲਿਕ-ਏ-ਬਾਜੂਦੀ** ਦੇ ਵਿਆਖਿਆਕਾਰ ਨਾਸਿਰ-ਉਦ-ਦੀਨ-ਚਿਰਾਗ-ਏ-ਦਿੱਲੀ।
- ਇਸਾਈ ਧਰਮ ਦੇ ਨਾਲ ਭਾਰਤ ਵਿੱਚ ਭਗਤੀ ਦੇ ਆਦਰਸ਼ ਦਾ ਆਗਮਨ ਹੋਇਆ-ਮੈਕਸ ਵੇਬਰ।
- **'ਹਨੋਜ ਦਿੱਲੀ ਦੂਰ ਅਸਤ'** (ਦਿੱਲੀ ਅਜੇ ਦੂਰ ਹੈ)-ਨਿਜ਼ਾਮੁਦੀਨ ਔਲੀਆ।
- ਅਕਬਰ ਦੀ ਧਰਮ ਨੀਤੀ ਦਾ ਦਰਸ਼ਨ ਸੁਲਹ-ਏ-ਕੁਲ 'ਤੇ ਅਧਾਰਿਤ ਸੀ, ਜਿਸ ਦਾ ਅਰਥ ਹੁੰਦਾ ਹੈ-ਸਰਵਵਿਆਪੀ ਸ਼ਾਂਤੀ।
- ਫਰ-ਏ-ਇਜਾਦੀਕ੍ਰਈਸ਼ਵਰੀਯ ਪ੍ਰਕਾਸ਼।
- ਕਾਬੁਲ ਵਿੱਚ ਪ੍ਰਵੇਸ਼ ਕਰਨ ਵਾਲਾ ਪਹਿਲਾ ਮੁਗਲ ਸ਼ਾਸਕ ਅਕਬਰ।
- 'ਜਮਾ' ਦਾ ਮਤਲਬ ਮਿਲੀ ਆਮਦਨੀ ਹੈ।
- **ਨਾਬੂਦ** : ਬੀਜੇ ਗਏ ਖੇਤਰ ਦਾ ਫਸਲ ਰਹਿਤ ਭਾਗ ਹੈ।
- ਟਰੀਵੇਨੀਅਰ 6 ਵਾਰ ਸ਼ਾਹਜਹਾਂ ਅਤੇ ਔਰੰਗਜ਼ੇਬ ਦੇ ਸਮੇਂ ਭਾਰਤ ਵਿੱਚ ਰਿਹਾ ਸੀ ਅਤੇ ਉਸ ਨੇ 6 ਯਾਤਰਾਵਾਂ ਸਬੰਧੀ ਲਿਖਿਆ ਸੀ।
- ਸੰਗਮਰਮਰ ਦਾ ਇਸਤੇਮਾਲ ਮੁਗਲਾਂ ਵਿੱਚ ਸਭ ਤੋਂ ਪਹਿਲਾਂ ਜਹਾਂਗੀਰ ਦੇ ਸਮੇਂ ਵਿੱਚ ਹੋਇਆ ਸੀ।
- ਜਹਾਂਗੀਰ ਦੇ ਸ਼ਾਸਨਕਾਲ ਵਿੱਚ ਭਾਰਤ 'ਚ ਤੰਬਾਕੂ ਦੀ ਖੇਤੀ ਸ਼ੁਰੂ ਕੀਤੀ ਗਈ।
- ਮਸਜ਼ਿਦ ਨਿਰਮਾਣ ਸ਼ਾਹਜਹਾਂ ਦੇ ਸਮੇਂ ਆਪਣੀ ਚਰਮ ਸੀਮਾ 'ਤੇ ਸੀ।
- ਅਕਬਰ-'ਮੈਨੂੰ ਲੱਗਦਾ ਹੈ ਕਿ ਚਿੱਤਰਕਾਰ ਕੋਲ ਇਕ ਵਿਸ਼ੇਸ਼ ਸਾਧਨ ਹੈ, ਭਗਵਾਨ ਨੂੰ ਪਹਿਚਾਨਣ ਦਾ'।
- ਹਮਜਾ ਨਾਮਾ ਦੀ ਵਿਸ਼ਾ-ਵਸਤੂ ਚਿੱਤਰ ਹੈ।
- ਅੱਠ ਕਿਨਾਰਿਆਂ ਵਾਲੇ ਮਕਬਰੇ ਦੀ ਕਲਾ 'ਤੇ ਅਧਾਰਿਤ ਅੰਤਿਮ ਭਵਨ **ਆਧਮਖਾਨ ਦਾ ਮਕਬਰਾ** ਹੈ ਜੋ ਦਿੱਲੀ ਵਿੱਚ ਹੈ।
- **ਰੰਗ ਮਹਿਲ** ਨੂੰ ਸ਼ਾਹਜਹਾਂ ਦੇ ਸਾਰਿਆਂ ਤੋਂ ਖੂਬਸੂਰਤ ਮਹਿਲ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।
- ਮੱਧ ਯੁੱਗ ਵਿੱਚ ਧਰਮ ਸ਼ਾਸਤਰ ਦੇ ਸਭ ਤੋਂ ਪ੍ਰਭਾਵਸ਼ਾਲੀ ਲੇਖਕ ਰਘੁਨੰਦਨ ਨੂੰ ਮੰਨਿਆ ਜਾਂਦਾ ਹੈ।
- ਬੁਲੰਦ ਦਰਵਾਜ਼ੇ ਦਾ ਅਕਾਰ ਅੱਧੇ ਕੱਟੇ ਹੋਏ ਗੁੰਬਦ ਵਰਗਾ ਹੈ। ਇਸ ਨੂੰ ਫਾਰਸ ਤੋਂ ਲਿਆ ਗਿਆ ਸੀ।
- ਅਕਬਰ ਦੇ ਸਮੇਂ ਵਿੱਚ ਚਿੱਤਰਕਾਰੀ ਦੀ ਸਭ ਤੋਂ ਵੱਡੀ ਦੇਣ ਹੈ-**ਫ੍ਰੇਂਸਕੋ ਚਿੱਤਰਕਾਰੀ** ਵਿੱਚ ਵਾਧਾ।
- ਸ਼ਾਹਜਹਾਂ ਨੇ ਹਿੰਦੂਆਂ ਨੂੰ ਇਸਲਾਮ ਧਰਮ ਵਿੱਚ ਤਬਦੀਲ ਕਰਨ ਲਈ ਇਕ ਵਿਭਾਗ ਖੋਲ੍ਹਿਆ ਸੀ।
- ਹੌਜ-ਏ-ਖਾਸ ਵਿੱਚ 1352 ਈ. ਵਿੱਚ ਫਿਰੋਜ਼ ਤੁਗਲਕ ਨੇ ਮਦਰਸਾ-ਏ-ਫਿਰੋਜ਼ ਸ਼ਾਹੀ ਬਣਵਾਇਆ।
- ਤੈਮੂਰ ਲੰਗ ਦਾ ਦਬਾਰੀ ਇਤਿਹਾਸਕਾਰ ਸ਼ਰਫੂਦ ਦੀਨ ਯਾਜਦੀ ਸੀ।
- ਦਾਸ ਸੁਲਤਾਨਾਂ ਦਾ ਧਰਮ ਨੂੰ ਮੰਨਣ ਵਾਲਾ, ਦਿਆਲੂ, ਸਹਿਣਸ਼ੀਲ ਅਤੇ ਸੰਤ ਸ਼ਾਸਕ ਨਾਸਿਰੂਦੀਨ ਮਹਿਮੂਦ ਸੀ।
- ਬਲਬਨ ਨੇ ਮੇਵਾਤਾਂ-ਲੁਟੇਰਿਆਂ ਦਾ ਖਾਤਮਾ ਕਰਕੇ ਪ੍ਰਜਾ ਦੇ ਜਾਨ ਅਤੇ ਮਾਲ ਦੀ ਰੱਖਿਆ ਕੀਤੀ।
- ਉਹ ਇਕ ਮੁਸਲਮਾਨ ਦੇ ਵਾਲ ਨੂੰ ਵੀ ਦਸ ਕਿਲੋ ਦੀ ਤੁਲਨਾ ਵਿੱਚ ਜ਼ਿਆਦਾ ਮਹੱਤਵਪੂਰਨ ਮੰਨਦਾ ਹੈ। ਇਹ ਕਥਨ ਅਲਾਉਦੀਨ ਖਿਲਜੀ ਦਾ ਹੈ।
- ਮੁਹੰਮਦ ਤੁਗਲਕ ਪਹਿਲਾ ਮੁਸਲਿਮ ਸ਼ਾਸਕ ਸੀ, ਜਿਸ ਨੇ ਹਿੰਦੂਆਂ ਨਾਲ ਸਹਿਣਸ਼ੀਲਤਾ ਦਾ ਵਿਵਹਾਰ ਕੀਤਾ।
- ਇੰਸ਼ਾ-ਏ-ਮਹਿਰੂ-ਆਈਨ-ਉਲ-ਮੁਲਕ।
- ਤਾਰੀਖੇ-ਦਾਉਦੀ-ਅਬਦੁੱਲਾ।
- ਤੁਗਲਕ ਰਾਜਵੰਸ਼ ਅਗਵਾਨੀ ਸੀ।
- ਅਮੀਰ-ਏ-ਦਾਦ ਦੀ ਨਿਯੁਕਤੀ ਇਲਤੁਤਮਿਸ਼ ਨੇ ਕੀਤੀ।

ਨੋਟ

- **ਸਬਪੁਲਾਹ ਬੰਨ੍ਹ :** ਮੁਹੰਮਦ ਤੁਗਲਕ : ਮੋਠ ਮਸਜਿਦ : ਫਿਰੋਜ਼ ਤੁਗਲਕ।
- ਤੈਮੂਰ ਦੇ ਹਮਲੇ ਤੋਂ ਬਾਅਦ ਮਾਲਵਾ ਦੇ ਸੁਤੰਤਰ ਰਾਜ ਦੀ ਨੀਂਹ 'ਦਿਲਾਵਰ ਖਾਂ ਗੋਰੀ' ਨੇ ਰੱਖੀ।
- ਤੈਮੂਰ ਦੇ ਹਮਲੇ ਤੋਂ ਬਾਅਦ ਗੁਜਰਾਤ ਦੇ ਸੁਤੰਤਰ ਰਾਜ ਦੀ ਨੀਂਹ ਜਫਰ ਖਾਂ ਨੇ ਰੱਖੀ।
- ਵਿਜੇ ਨਗਰ ਸਾਮਰਾਜ ਦੋ ਸੌ ਪ੍ਰਾਂਤਾਂ ਵਿੱਚ ਵੰਡਿਆ ਹੋਇਆ ਸੀ-'ਡੋਰਮਿਗੋਸ ਪੇਇਜ'।
- ਮਦੁਰਾ ਵਿਜੇ ਦੀ ਰਚਨਾ ਗੰਗਦੇਵੀ ਨੇ ਕੀਤੀ ਸੀ।
- ਹੁਮਾਯੂੰ ਨੂੰ ਮਿਲੀ ਬਾਬਰ ਦੀ ਵਿਰਾਸਤ ਬਹੁਤ ਹੀ ਅਸਥਿਰ ਪ੍ਰਕਿਰਤੀ ਦੀ ਸੀ : ਆਰ. ਸੀ. ਮਜੂਮਦਾਰ।
- ਬਾਬਰ ਨੇ ਸਭ ਤੋਂ ਪਹਿਲਾਂ ਦੱਖਣੀ ਭਾਰਤ ਵਿੱਚ ਸਾਮਰਾਜ ਵਿਸਥਾਰ ਦੀ ਨੀਤੀ ਨੂੰ ਕਿਰਿਆਸ਼ੀਲ ਕੀਤਾ।
- ਮੇਵਾੜ ਰਾਜ ਦੇ ਨਾਲ ਮੁਗਲਾਂ ਦੇ ਨਾਲ ਮੁਗਲਾਂ ਦੇ ਲਗਾਤਾਰ ਸੰਘਰਸ਼ ਦਾ ਪ੍ਰਮੁੱਖ ਕਾਰਨ ਧਾਰਮਿਕ ਸੀ।
- ਅਕਬਰ ਨੇ ਇਸਲਾਮ ਧਰਮ ਛੱਡ ਦਿੱਤਾ- 'ਏ. ਐਲ. ਸ਼੍ਰੀਵਾਸਤਵ।
- ਸ਼ਾਹਜਹਾਂ ਦਾ ਸਿੱਖ ਗੁਰੂ ਹਰਗੋਬਿੰਦ ਨਾਲ ਸੰਘਰਸ਼ ਹੋਇਆ।
- ਔਰੰਗਜ਼ੇਬ ਸਬੰਧੀ-'ਮਹਾਨ ਮੁਗਲ', 'ਨਿਆ ਦਾ ਸਾਗਰ' ਹੈ-ਓਵਿੰਗਟਨ।
- ਅਕਬਰ ਵੱਲੋਂ ਮਾਹਮ ਅਨਗਾ ਨੂੰ ਸੰਯੁਕਤ ਪ੍ਰਧਾਨ ਮੰਤਰੀ ਦੇ ਪਦ 'ਤੇ ਨਿਯੁਕਤ ਕੀਤਾ ਗਿਆ ਸੀ।
- ਮੁਗਲ ਕਾਲ ਵਿੱਚ ਫਾਰਸੀ ਭਾਸ਼ਾ ਪ੍ਰਸ਼ਾਸਨ ਅਤੇ ਰਾਜ ਕਾਰਜ ਦੀ ਭਾਸ਼ਾ ਸੀ।
- ਉਰਦੂ ਭਾਸ਼ਾ ਨੂੰ ਉਤਸ਼ਾਹ ਦੇਣ ਵਾਲਾ ਪਹਿਲਾ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਸੀ।
- ਚਿੱਤਰਕਾਰ ਦੇ ਕੋਲ ਈਸ਼ਵਰ ਨੂੰ ਪਹਿਚਾਨਣ ਦਾ ਵਿਸ਼ੇਸ਼ ਸਾਧਨ ਹੈ, ਕਿਉਂਕਿ ਉਹ ਚਿੱਤਰ ਵਿੱਚ ਜਾਨ ਨਾ ਪਾ ਸਕਣ ਦੇ ਕਾਰਨ ਦੀ ਈਸ਼ਵਰ ਦੀ ਮਹਾਨਤਾ ਦਾ ਅਨੁਭਵ ਕਰਦਾ ਹੈ—'ਅਕਬਰ'।
- ਅਕਬਰ ਦੇ ਸਮੇਂ ਵਿੱਚ ਪੁਸਤਕਾਂ 'ਤੇ ਚਿੱਤਰ ਬਣਾਉਣ ਦਾ ਕੰਮ ਸ਼ੁਰੂ ਹੋਇਆ।
- ਮੁਗਲ ਚਿੱਤਰਕਲਾ ਦਾ ਜੋ ਸਵਰੂਪ ਬਣਿਆ, ਉਹ ਭਾਰਤ ਅਤੇ ਫਾਰਸ ਦੇਸ਼ਾਂ ਦੀ ਚਿੱਤਰਕਲਾ ਦਾ ਮਿਸ਼ਰਿਤ ਰੂਪ ਹੈ।
- ਤਾਨਸੈਨ ਵਰਗਾ ਗਾਇਕ ਹਜ਼ਾਰਾਂ ਸਾਲਾਂ ਵਿੱਚ ਵੀ ਕੋਈ ਨਹੀਂ ਹੋਇਆ।
- ਗਰਦੀਬੇਗ ਵੱਲੋਂ ਹੁਮਾਯੂੰ ਨੂੰ ਅਕਬਰ ਦੇ ਪੈਦਾ ਹੋਣ ਦਾ ਸਮਾਚਾਰ ਮਿਲਿਆ।
- ਸ਼ਾਹਜਹਾਂ ਦੇ ਦੀਵਾਨ-ਏ-ਆਮ ਵਿੱਚ ਮੋਰ ਦਾ ਤਖਤ ਹੈ।
- ਕਿਲਾ-ਏ-ਕੁਹਨਾ ਸ਼ੇਰਸ਼ਾਹ ਵੱਲੋਂ ਦਿੱਲੀ ਵਿੱਚ ਬਣਵਾਈ ਹੋਈ ਪੁਰਾਣੀ ਮਸਜ਼ਿਦ ਵਿੱਚੋਂ ਹੈ, ਜਿਸ ਦੇ ਸਿਖਰ 'ਤੇ ਡਮਰੂ ਬਣਿਆ ਹੋਇਆ ਹੈ।
- ਸ਼ਾਹਜਹਾਂ ਦੇ ਤਖਤ-ਏ-ਤਾਊਸ 'ਤੇ ਮੋਰ ਦਾ ਨਿਸ਼ਾਨ ਦੀਵਾਨੇ ਆਮ 'ਤੇ ਹੈ।
- ਆਗਰਾ ਦੇ ਕਿਲ੍ਹੇ ਨੂੰ ਸਿਕੰਦਰ ਲੋਧੀ ਦੇ ਇੱਟਾਂ ਦੇ ਕਿਲ੍ਹਿਆਂ ਦੀ ਸਧਾਰਣ ਰੂਪਰੇਖਾ ਦੇ ਅਧਾਰ 'ਤੇ ਬਣਾਇਆ ਗਿਆ ਹੈ।
- ਮੁਹੰਮਦ ਤੁਗਲਕ ਦੀ ਪ੍ਰਤੀਕ ਮੁਦਰਾ ਕਾਂਸੇ ਦੀ ਸੀ।
- ਕੁਤੁਬਮੀਨਾਰ ਤੋਂ 3 ਮੀਲ ਦੂਰ ਮਲਕਾਪੁਰ ਵਿੱਚ ਇਲਤੁਤਮਿਸ਼ ਦੇ ਵੱਡੇ ਪੁੱਤਰ ਨਾਸਿਰੂਦੀਨ ਮਹਿਮੂਦ ਦਾ ਮਕਬਰਾ ਹੈ, ਜਿਸ ਨੂੰ ਸੁਲਤਾਨ ਗੜ੍ਹੀ ਕਹਿੰਦੇ ਸਨ। ਇਹ ਇਮਾਰਤ ਲੱਗਭਗ ਪੂਰਨ ਤੌਰ 'ਤੇ ਹਿੰਦੂ ਹੈ।
- ਕੁਤੁਬੁਦੀਨ ਮੁਬਾਰਕ ਨੇ ਵਸਾਨਾ ਵਿੱਚ ਊਖਾ ਨਾਮਕ ਮਸਜ਼ਿਦ ਬਣਵਾਈ ਸੀ।
- ਗਿਆਸੂਦੀਨ ਤੁਗਲਕ ਦਾ ਮਕਬਰਾ ਪੰਜ ਭੁਜੀ ਛੋਟੀ ਜਿਹੀ ਗੜ੍ਹੀ ਵਰਗਾ ਹੈ। ਇਹ ਲਾਲ ਪੱਥਰ ਦਾ ਬਣਿਆ ਹੈ।
- ਫਿਰੋਜ਼ਾ ਸ਼ਾਹ ਦਾ ਆਪਣਾ ਮਕਬਰਾ ਵਰਗਾਕਾਰ ਹੈ ਅਤੇ ਦ੍ਰਿੜ ਪ੍ਰਾਚੀਰਾਂ ਨਾਲ ਘਿਰਿਆ ਹੋਇਆ ਹੈ। ਇਸ ਦੇ ਉਪਰ ਕੇਵਲ ਇਕ ਹੀ ਗੁੰਬਦ ਹੈ ਤਾਂ 'ਅਠਪਹਲਾ' ਇਮਾਰਤੀ ਢੋਲ 'ਤੇ ਅਧਾਰਿਤ ਹੈ।
- ਖਾਨੇ ਜਹਾਂ ਤੇਲੰਗਾਨੀ ਦਾ ਮਕਬਰਾ ਯੇਰੂਸ਼ਲਮ ਦੇ 'ਡੋਮ ਆਫ ਦੀ ਰਾਕ' ਵਰਗਾ ਲੱਗਦਾ ਹੈ।

- ਖਾਨੇ ਪੁੱਤਰ ਜਹਾਂ ਜੌਨਾਸ਼ਾਹ ਨੇ ਕਾਲੀ ਮਸਜਿਦ ਅਤੇ ਜਹਾਂਪਨਾਹ ਦੀ ਖਿੜਕੀ ਮਸਜਿਦ ਬਣਵਾਈ।
- ਕਬੀਰੁਦੀਨ ਔਲੀਆ ਦਾ ਮਕਬਰਾ ਲਾਲ ਗੁੰਬਦ ਦੇ ਨਾਮ ਨਾਲ ਪ੍ਰਸਿੱਧ ਹੈ। ਇਹ ਨਸੀਰੁਦੀਨ ਮੁਹੰਮਦ ਸ਼ਾਹ (1383-92 ਈ.) ਦੇ ਸਮੇਂ ਵਿੱਚ ਬਣਿਆ ਸੀ। ਇਹ ਮਕਬਰਾ ਗਿਆਸੁਦੀਨ ਤੁਗਲਕ ਦੇ ਮਕਬਰੇ ਦੀ ਨਕਲ ਹੈ।
- ਮੁਬਾਰਕ ਸ਼ਾਹ ਦੇ ਮਕਬਰੇ ਵਿੱਚ ਗੁੰਬਦ ਦੇ ਦੋਲਕਾਕਾਰ ਅਧਾਰ ਅਤੇ ਅੱਠ ਸਤੰਭਾਂ ਵਾਲੀਆਂ ਛਤਰੀਆਂ ਦੇ ਕੋਨਿਆਂ 'ਤੇ ਗੁਲਦਸਤੇ ਜੋੜ ਦਿੱਤੇ ਗਏ ਹਨ।
- ਸਿਕੰਦਰ ਲੋਦੀ ਦੇ ਮਕਬਰੇ ਵਿੱਚ ਦੋਹਰੇ ਗੁੰਬਦ ਦਾ ਇਸਤੇਮਾਲ ਹੈ, ਦੂਸਰਾ ਇਹ ਚਾਰਦੀਵਾਰੀ ਨਾਲ ਘਿਰੇ ਆਂਗਣ ਦੀ ਵਿਸ਼ਾਲਤਾ ਅਤੇ ਉਸ ਦੀ ਅਰਧ ਸਜਾਵਟ ਦੇ ਲਈ ਜਾਣਿਆ ਜਾਂਦਾ ਹੈ। ਦੋਵਾਂ ਹੀ ਗੱਲਾਂ ਵਿੱਚ ਇਸ ਨੇ ਮੁਗਲ ਕਾਲ ਦੇ ਮਕਬਰੇ ਦਾ ਪਥ ਪ੍ਰਦਰਸ਼ਨ ਕੀਤਾ ਹੈ।
- ਦੂਸਰੀ ਤਰ੍ਹਾਂ ਦੀ ਵਰਗਾਕਾਰ ਯੋਜਨਾ ਦੇ ਮਕਬਰੇ ਕਾਫੀ ਵੱਡੀ ਸੰਖਿਆ ਵਿੱਚ ਹਨ।
- ਇਸ ਤਰ੍ਹਾਂ ਦੇ ਮਹੱਤਵਪੂਰਨ ਮਕਬਰੇ ਵੱਡੇ ਖਾਂ ਦਾ ਗੁੰਬਦ, ਛੋਟੇ ਖਾਂ ਦਾ ਗੁੰਬਦ, ਸ਼ੀਸ਼ ਗੁੰਬਦ, ਸ਼ਿਹਾਬੁਦੀਨ ਬਾਜ਼ ਖਾਂ ਦਾ ਮਕਬਰਾ, ਦਾਦੀ ਦਾ ਗੁੰਬਦ ਅਤੇ ਪੌਲੀ ਦਾ ਗੁੰਬਦ।
- ਇਹ ਗੁੰਬਦ ਅਠਪਹਲਾ ਢੋਲ 'ਤੇ ਬਣੇ ਹੋਏ ਹਨ ਅਤੇ ਇਨ੍ਹਾਂ ਦੇ ਚਾਰੇ ਕੋਨਿਆਂ 'ਤੇ ਇਕ-ਕਿ ਖੰਭੇ ਵਾਲੀ ਛਤਰੀ ਹੈ।
- ਹਰੇਕ ਮਕਬਰੇ ਦੀ ਇਮਾਰਤ ਵਰਗਾਕਾਰ ਹੈ। ਇਸ ਦੇ ਉਪਰ ਇਕ ਗੁੰਬਦ ਹੈ, ਜਿਸ ਦੇ ਅਧਾਰ 'ਤੇ ਚਾਰੇ ਪਾਸੇ ਕਮਲ ਦੀਆਂ ਪੱਤੀਆਂ ਦੀ ਵੇਲ ਹੈ।
- ਅਕਬਰ ਦੀ ਭਾਰਤੀ ਸਥਾਪਿਤ ਕਲਾ ਵਿੱਚ ਆਗਰਾ ਦੇ ਕਿਲ੍ਹੇ ਵਿੱਚ, ਜਹਾਂਗੀਰ ਮਹਿਲ ਦੇ ਜ਼ਿਆਦਾ ਸਜਾਵਟ ਦੇ ਕੰਮਾਂ ਵਿੱਚ ਹਿੰਦੂ ਅਤੇ ਜੈਨ ਮੰਦਿਰ ਦੀ ਝਲਕ ਮਿਲਦੀ ਹੈ।
- ਸਭ ਤੋਂ ਪਹਿਲਾਂ 'ਅਬਵਾਬ ਕਰ' (ਭੂਮੀ ਕਰ) ਔਰੰਗਜ਼ੇਬ ਨੇ ਹਟਾਇਆ।
- ਅਤਮਾਗਾ ਭੂਮੀ ਦਾਨ ਜਹਾਂਗੀਰ ਨੇ ਸ਼ੁਰੂ ਕੀਤਾ।
- ਕਰੂਰ ਵਿਅਕਤੀ ਹੀ ਕਰੂਰਤਾ ਸਮਾਪਤ ਕਰ ਸਕਦਾ ਹੈ ਅਤੇ ਸਾਰੇ ਵਿਅਕਤੀਆਂ ਨੂੰ ਕਾਨੂੰਨ ਦੇ ਅਧਾਰ 'ਤੇ ਬਰਾਬਰ ਦੇਖਣਾ ਚਾਹੁੰਦਾ ਹਾਂ-ਬਲਬਨ।
- ਦਿੱਲੀ ਸਲਤਨਤ ਵਿੱਚ 'ਟੋਨਿਕ' ਜਨਮ ਪੱਤਰੀ ਵਿਭਾਗ ਦੇ ਰੂਪ ਵਿੱਚ ਉਭਰਿਆ।
- ਖਾਨਦਾਨ-ਏ-ਤੈਮੂਰੀਆ ਦੀ ਵਿਸ਼ਾ-ਵਸਤੂ ਚਿੱਤਰਕਾਰੀ ਹੈ।

**ਸਿੱਖਿਆ**

- ਬਾਬਰ ਨੂੰ ਇਕ ਵਿਦਵਾਨ ਸ਼ਾਸਕ ਮੰਨਿਆ ਗਿਆ ਹੈ ਅਤੇ ਉਹ ਸਾਹਿਤ ਦਾ ਪ੍ਰੇਮੀ ਸੀ।
- ਅਕਬਰ ਨੇ ਵੱਖ-ਵੱਖ ਸਥਾਨਾਂ 'ਤੇ ਮਕਤਬ ਅਤੇ ਮਦਰੱਸੇ ਖੁੱਲ੍ਹਵਾਏ, ਹਿੰਦੂ ਪਾਠਸ਼ਾਲਾਵਾਂ ਅਤੇ ਸਕੂਲਾਂ ਨੂੰ ਸਹਾਇਤਾ ਦਿੱਤੀ ਅਤੇ ਉਦਾਰ ਧਾਰਮਿਕ ਵਿਚਾਰਾਂ ਦੇ ਸਦਰਾਂ ਨੂੰ ਨਿਯੁਕਤ ਕੀਤਾ।
- ਇਸੇ ਸਮੇਂ ਵਿੱਚ ਮੁਸਲਮਾਨਾਂ ਨੇ ਵੀ ਸੰਸਕ੍ਰਿਤ ਪੜ੍ਹਨਾ ਆਰੰਭ ਕੀਤਾ।
- ਲਖਨਊ ਦਾ 'ਫਾਰੰਗੀ ਮਹਿਲ ਮਦਰੱਸਾ' ਨਿਆ ਦੀ ਸਿੱਖਿਆ ਦੇ ਲਈ, ਦਿੱਲੀ ਦਾ ਸ਼ਾਹ ਉਲਾ ਦਾ ਸਕੂਲ ਪ੍ਰੰਪਰਾਗਤ ਮਾਨਤਾਵਾਂ ਦੀ ਸਿੱਖਿਆ ਦੇ ਲਈ ਅਤੇ ਸਿਆਲਕੋਟ ਦਾ ਮਦਰੱਸਾ ਵਿਆਕਰਣ ਦੀ ਸਿੱਖਿਆ ਦੇ ਲਈ ਪ੍ਰਸਿੱਧ ਸੀ।
- ਵਿਦਿਆਰਥੀਆਂ ਨੂੰ ਤਿੰਨ ਤਰ੍ਹਾਂ ਦੀਆਂ ਉਪਾਧੀਆਂ ਦਿੱਤੀਆਂ ਜਾਂਦੀਆਂ ਸਨ-ਤਰਕ ਅਤੇ ਦਰਸ਼ਨ ਦੇ ਵਿਦਿਆਰਥੀਆਂ ਨੂੰ 'ਫਾਜ਼ਿਲ', ਧਾਰਮਿਕ ਸਿੱਖਿਆ ਦੇ ਵਿਦਿਆਰਥੀਆਂ ਨੂੰ 'ਆਲਿਮ' ਅਤੇ ਸਾਹਿਤ ਦੇ ਵਿਦਿਆਰਥੀਆਂ ਨੂੰ 'ਕਾਵਿਲ' ਦੇ ਪ੍ਰਮਾਣ ਪੱਤਰ ਦਿੱਤੇ ਜਾਂਦੇ ਸਨ।
- ਫਾਰਸੀ ਭਾਸ਼ਾ ਨੂੰ ਰਾਜ ਭਾਸ਼ਾ ਬਣਾ ਕੇ ਸਿੱਖਿਆ ਵਿੱਚ ਸਮਾਨਤਾ ਅਤੇ ਏਕਤਾ ਲਿਆਉਣ ਦਾ ਯਤਨ ਕੀਤਾ ਗਿਆ ਸੀ। ਇਸ ਵਿੱਚ ਧਾਰਮਿਕ ਸਿੱਖਿਆ 'ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਸੀ।

ਨੋਟ

- ਬਾਬਰ ਤੁਰਕੀ ਅਤੇ ਫਾਰਸੀ ਵਿੱਚ ਕਵਿਤਾ ਕਰਦਾ ਸੀ, ਉਸ ਨੇ ਆਪਣੀ ਆਤਮ ਕਥਾ **'ਤੁਜੁਕੇ-ਬਾਬਰੀ'** ਅਤੇ 'ਬਾਬਰਨਾਮਾ' ਤੁਰਕੀ ਭਾਸ਼ਾ ਵਿੱਚ ਲਿਖੀ। ਉਸ ਨੂੰ ਫਾਰਸੀ ਵਿੱਚ ਨਵੀਂ ਕਲਾ ਸ਼ੈਲੀ **'ਮੁਵਇਯਾਨ'** ਦਾ ਆਰੰਭ ਕਰਤਾ ਮੰਨਿਆ ਜਾਂਦਾ ਸੀ।
- ਬਾਬਰ ਦਾ ਕਵਿਤਾ ਸੰਗ੍ਰਹਿ **'ਦੀਵਾਨ'** (ਤੁਰਕੀ) ਬਹੁਤ ਪ੍ਰਸਿੱਧ ਹੋਇਆ। ਉਸ ਨੇ ਯੂਨਾਨੀ ਭਾਸ਼ਾਵਾਂ ਦੀਆਂ ਸ੍ਰੇਸ਼ਠ ਪੁਸਤਕਾਂ ਦਾ ਅਨੁਵਾਦ ਕਰਨ ਲਈ ਇਕ 'ਅਨੁਵਾਦ ਵਿਭਾਗ' ਸਥਾਪਿਤ ਕੀਤਾ।
- ਅਬੁਲ ਫਜ਼ਲ : **'ਅਕਬਰਨਾਮਾ'**, ਸ਼ੇਖ ਫੈਜ਼ੀ : 'ਆਈਨੇ–ਅਕਬਰੀ'–ਉਹ ਇਕ ਸ੍ਰੇਸ਼ਠ ਕਵੀ ਸੀ, ਜੋ ਰਾਜ ਕਵੀ ਦੇ ਪਦ 'ਤੇ ਬਿਰਾਜਮਾਨ ਸੀ।
- ਹੁਮਾਯੂੰ ਨੇ ਦਿੱਲੀ ਵਿੱਚ ਇਕ ਮਦਰੱਸਾ ਖੋਲ੍ਹਿਆ।
- ਨਿਜਾਮੁਦੀਨ ਅਹਿਮਦ– **'ਤਬਕਾਤੇ ਅਕਬਰੀ'**, ਗੁਲਬਦਨ ਬੇਗਮ– **'ਹੁਮਾਯੂੰਨਾਮਾ'**, ਜੌਹਰ– **'ਤੰਜਕਿਰਾਤੁਲ ਵਾਕਿਆਤ'**, ਅੱਬਾਸ ਸਰਵਾਨੀ–ਤੋਹਫਾ–ਏ–ਅਕਬਰਸ਼ਾਹੀ–ਉਰਫ **'ਤਾਰੀਖੇ ਸ਼ੇਹਸ਼ਾਹ'**, ਅਬਦੁਲ ਕਾਦਿਰ ਬਦਾਯੂੰਨੀ– **-ਮੁੰਨਤਖਾਬ-ਉਤ-ਤਵਾਰੀਖ'**, ਅਹਿਮਦ ਯਾਦਗਾਰ– **'ਤਾਰੀਖੇ ਸਲਾਤੀਨੇ ਅਫਗਾਨਾ'**, ਵਯਾਜਿਤ ਸੁਲਤਾਨ– **'ਤਾਰੀਖੇ ਹੁਮਾਯੂੰ'।**
- ਜਹਾਂਗੀਰ ਨੇ ਆਪਣੀ ਆਤਮ ਕਥਾ **'ਤੁਜੁਕੇ ਜਹਾਂਗੀਰੀ'** ਲਿਖੀ। ਇਸ ਨੂੰ ਮੁਤਮਿਦ ਖਾਂ ਨੇ ਪੂਰਾ ਕੀਤਾ।
- ਮੋਤਮਿਦ ਖਾਂ ਨੇ **'ਇਕਬਾਲ-ਏ-ਜਗਾਂਗੀਰੀ'**, ਖਵਾਜਾ ਕਾਮਗਾਰ ਨੇ **'ਮੁਆਸਰੇ ਜਹਾਂਗੀਰੀ'**, ਹੁਮਾਯੂੰ ਦੇ ਦਰਬਾਰੀ ਲੇਖਕ ਗੋਂਦਮੀਰ ਨੇ **'ਹਸਤ ਅਕਲੀਸ'** ਨਾਮਕ ਗ੍ਰੰਥ ਲਿਖੇ।
- ਨਿਆਮਤ ਉਲਾ–**'ਮਕਜੱਮ-ਏ-ਅਫਗਾਨੀ'**, ਮੁਹੰਮਦ ਕਾਸਿਮ ਫਰਿਸ਼ਤਾ– **'ਤਾਰੀਖ-ਏ-ਫਰਿਸ਼ਤਾ'**, ਮੁੱਲਾ ਨਕਸਬੰਦੀ– **'ਮਅੱਸਰੇ ਰਹੀਮੀ'**, ਕਾਮਦਾਰ ਖਾਂ– **'ਨਾਸਿਰ-ਏ-ਜਹਾਂਗੀਰੀ'।**
- ਸ਼ਾਹਜਹਾਂ ਦੇ ਸਮੇਂ–ਰਾਜ ਕਵੀ ਕਲੀਮ ਨੇ **'ਸਾਕੀਨਾਮਾ'** ਦੀ ਰਚਨਾ ਕੀਤੀ। ਅਬਦੁਲ ਹਮੀਦ ਲਾਹੌਰੀ– **'ਪਾਦਸ਼ਾਹਨਾਮਾ'**, ਅਮੀਨਾਈ ਕਾਜ਼ੀਵੀਨੀ– **'ਦੂਸਰਾ ਪਾਦਸ਼ਾਹਨਾਮਾ'**, ਇਨਾਇਤ ਖਾਂ– **'ਸ਼ਾਹਜਹਾਂਨਾਮਾ'**, ਮੁਹੰਮਦ ਸਾਲੇਹ– **'ਆਲਮੇਸਾਲੇਹ'।**
- ਔਰੰਗੇਜ਼ਬ ਦੇ ਸਮੇਂ ਖਾਫੀ ਖਾਂ– **'ਮੁੰਨਤਖਾਬ-ਉਲ-ਲੁੱਵਾਬ'**, ਮਿਰਜ਼ਾ ਮੁਹੰਮਦ ਕਾਜਿਮ– **'ਆਲਮਗੀਰੀ'**, ਸੁਜਾਨ ਰਾਏ–**'ਖੁਲਾਸਤ-ਉਲ-ਤਵਾਰੀਖ'**, ਸਾਕੀ ਮੁਸਤਾਦ– **'ਮਾਸਿਰ-ਏ-ਆਲਮਗੀਰੀ'।**
- ਹੋਰ : ਗੁਲਾਮ ਹੁਸੈਨ– **ਸਿਆਰੂਲ-ਮੁਤਖੀਰੀਨ'**, ਮੁਹੰਮਦ ਅਲੀ ਅੰਸਾਰੀ– **'ਤਾਰੀਖੇ ਮੁਜੱਫਰੀ'**, ਸਾਕੀ– **ਮੁਸਤਾਦ-ਮਾਸਿਰ-ਏਆਲਮਗੀਰੀ**, ਹਰੀਚਰਨ ਦਾਸ– **'ਤਾਰੀਖ ਚਹਾਰ ਗੁਲਜ਼ਾਰੇ ਸ਼ੁਜਾਇ'**, ਭੀਮ ਸੈਨ ਬੁਰਹਾਨਪੁਰੀ– **'ਨੁਕਸ਼ਾਏ-ਦਿਲਕੁਸ਼ਾਂ'।**
- **ਹਿੰਦੀ ਤੋਂ ਫਾਰਸੀ ਵਿੱਚ ਅਨੁਵਾਦ** - ਰਾਮਾਇਣ ਦਾ ਬਦਾਯੂੰਨੀ, ਅਥਰਵਵੇਦ ਦਾ ਇਬਰਾਹਿਮ ਸਰਹਿੰਦੀ ਨੇ, **ਲੀਲਾਵਤੀ** ਦਾ ਫੈਜ਼ੀ ਨੇ, **ਰਾਜਤਰੰਗਿਣੀ** ਦਾ ਸ਼ਾਹ ਮੁਹੰਮਦ ਸ਼ਾਹਾਬਾਦੀ (ਮੌਲਾਨਾ ਸ਼ੇਰੀ) ਨੇ, **ਕਾਲੀਆ-ਮਰਦਨ** ਦਾ ਅਬਦੁਲ ਫਜ਼ਲ ਨੇ, **ਨਲ-ਦਮਿਅੰਤੀ** ਦਾ ਫੈਜ਼ੀ ਨੇ, **ਹਰਿਵੰਸ਼ ਪੁਰਾਣ** ਦਾ ਮੌਲਾਨਾ ਸ਼ੇਰੀ ਨੇ ਅਨੁਵਾਦ ਕੀਤਾ। (ਅਕਬਰ ਦੇ ਸਮੇਂ) **ਮਹਾਭਾਰਤ** ਦਾ ਫਾਰਸੀ ਵਿੱਚ ਅਨੁਵਾਦ **ਰਜਮਨਾਮਾ** ਨਾਮ ਨਾਲ ਕੀਤਾ ਗਿਆ।
- ਸ਼ਾਹਜਹਾਂ ਦੇ ਸਮੇਂ ਵਿੱਚ ਉਸ ਦੇ ਪੁੱਤਰ ਦਾਰਾਸ਼ਿਕੋਹ ਨੇ ਉਪਨਿਸ਼ਦਾਂ, ਭਾਗਵਤ ਗੀਤਾ, ਯੋਗ ਵਸ਼ਿਸ਼ਟ ਦਾ ਅਨੁਵਾਦ ਫਾਰਸੀ ਵਿੱਚ ਕਰਵਾਇਆ। ਰਾਮਾਇਣ ਦਾ ਫਾਰਸੀ ਅਨੁਵਾਦ ਇਬੂਨ ਹਰਕਰਣ ਨੇ ਕੀਤਾ।
- ਦਾਰਾਸ਼ਿਕੋਹ ਨੇ ਇਕ ਮੌਲਿਕ ਪੁਸਤਕ ਮਜਮ–ਉਲ–ਬਹਿਰੀਨ (ਦੋ ਸਮੂਹਾਂ ਦਾ ਮਿਲਾਪ) ਲਿਖੀ, ਜਿਸ ਵਿੱਚ ਉਸ ਨੇ ਹਿੰਦੂ ਅਤੇ ਇਸਲਾਮ ਧਰਮ ਨੂੰ ਇਕ ਹੀ ਈਸ਼ਵਰ ਦੀ ਪ੍ਰਾਪਤੀ ਦੇ ਦੋ ਰਸਤੇ ਦੱਸੇ।
- ਔਰੰਗਜ਼ੇਬ ਨੇ ਫਾਰਸੀ ਵਿੱਚ ਨਿਆ ਅਤੇ ਕਾਨੂੰਨ ਦੀ ਇਕ ਪੁਸਤਕ **'ਫਤਵਾ-ਏ-ਆਲਮਗੀਰੀ'** ਦੀ ਰਚਨਾ ਕਰਵਾਈ।
- ਅਕਬਰ ਦੇ ਸਮੇਂ ਵਿੱਚ ਫੈਜ਼ੀ ਅਤੇ ਗਿਜਾਲੀ ਉਰਦੂ–ਫਾਰਸੀ ਦੇ ਮਹੱਤਵਪੂਰਨ ਕਵੀ ਹੋਏ।
- ਸ਼ਾਹਜਹਾਂ ਦੀ ਪੁੱਤਰੀ ਜਹਾਂਆਰਾ ਅਤੇ ਔਰੰਗਜ਼ੇਬ ਦੀ ਪੁੱਤਰੀ ਜੇਬੁਨਿੰਸਾ ਵੀ ਸ੍ਰੇਸ਼ਠ ਕਵਿਤਰੀਆਂ ਸਨ।
- ਹਿੰਦੀ ਸਾਹਿਤ– **'ਪਦਮਾਵਤ'** ਅਤੇ **'ਮ੍ਰਗਾਵਤ'** ਨਾਮਕ ਦੋ ਸ੍ਰੇਸ਼ਠ ਗ੍ਰੰਥਾਂ ਦੀ ਰਚਨਾ ਹੋਈ।
- ਰਾਜਾ ਬੀਰਬਲ, ਮਾਨ ਸਿੰਘ, ਰਾਜਾ ਭਗਵਾਨ ਦਾਸ, ਨਰਹਰੀ ਦਾਸ ਅਤੇ ਹਰੀਨਾਥ ਰਾਜ ਦਰਬਾਰ ਨਾਲ ਸਬੰਧਿਤ ਵਿਦਵਾਨ ਸਨ। (ਬਾਬਰ ਅਤੇ ਹੁਮਾਯੂੰ ਦਾ ਸਮਾਂ)।

**ਨੋਟ**

- ਅਕਬਰ ਦੇ ਸਮੇਂ ਵਿੱਚ–ਤੁਲਸੀ, ਸੂਰ, ਰਹੀਮ, ਰਸਖਾਨ ਆਦਿ।
- ਤੁਲਸੀ ਦਾਸ– **'ਰਾਮ ਚਰਿਤ ਮਾਨਸ' ਵਿਨਯ ਪੱਤ੍ਰਿਕਾ**, ਕਵੀਤਾਵਲੀ, ਦੋਹਾਵਲੀ, ਗੀਤਾਵਲੀ ਆਦਿ 25 ਗ੍ਰੰਥ ਰਚੇ ਅਕਬਰ ਦੇ ਦਰਬਾਰੀ ਕਵੀਆਂ ਵਿੱਚ ਰਾਜਾ ਟੋਡਰ ਮੱਲ, ਭਗਵਾਨ ਦਾਸ, ਮਾਨ ਸਿੰਘ, ਹਰੀਨਾਮ।
- ਸੂਰਦਾਸ– **'ਸੂਰਸਾਗਰ'** (ਭਗਤੀ ਰਸ ਦੀਆਂ ਸ੍ਰੇਸ਼ਠ ਰਚਨਾਵਾਂ ਸੰਗ੍ਰਹਿਤ)।
- ਰਸਖਾਨ–1634 ਈ. ਵਿੱਚ **'ਪ੍ਰੇਮ ਵਾਟਿਕਾ'** ਲਿਖੀ।
- ਕ੍ਰਿਸ਼ਨ ਭਗਤੀ ਸ਼ਾਖਾ ਦੇ ਹੋਰ ਕਵੀ– ਨੰਦਨ ਦਾਸ, ਬਿੱਠਲਨਾਥ, ਪਰਮਾਨੰਦ ਦਾਸ, ਕੁੰਭਨਦਾਸ।
- ਅਕਬਰ ਦਾ ਸਮਾਂ ਹਿੰਦੀ ਸਾਹਿਤ ਦਾ ਸਵਰਨਕਾਲ ਸੀ।
- ਸ਼ਾਹਜਹਾਂ ਦੇ ਸਮੇਂ– ਕਵੀ ਰਾਮ– **'ਸੁੰਦਰ-ਸ਼ਿੰਗਾਰ'**, ਸੈਨਾਪਤੀ **'ਕਵੀ-ਰਤਨਾਕਰ'।**
- ਕਵਿੰਦਰ ਆਚਾਰਿਆ– **'ਕਵਿੰਦਰ-ਕਲਪਤਰੂ'**, ਸ਼੍ਰੋਮਣੀ ਮਿਸ਼ਰ, ਬਨਾਰਸੀ ਦਾਸ, ਭੂਸ਼ਣ, ਮਤੀਰਾਮ, ਹਰੀਨਾਥ ਆਦਿ ਵਿਦਵਾਨ ਸਨ।
- ਕਵੀ ਦੇਵ, ਪੰਨਾ ਦੇ ਪ੍ਰਾਣਨਾਥ, ਜਿਨ੍ਹਾਂ ਨੇ ਪ੍ਰਾਣ ਪੰਥੀ ਸੰਪ੍ਰਦਾਇ ਆਰੰਭ ਕੀਤਾ, ਅਹਿਮਦਾਬਾਦ ਦੇ ਦਾਦੂ ਨੇ ਦਾਦੂਪੰਥੀ ਸੰਪ੍ਰਦਾਇ ਆਰੰਭ ਕੀਤਾ।
- ਬਿਹਾਰੀ ਨੂੰ ਰਾਜਾ ਜੈ ਸਿੰਘ ਦੀ ਸੁਰੱਖਿਆ ਪ੍ਰਾਪਤ ਹੋਈ ਸੀ।
- ਕੇਸ਼ਵਦਾਸ–**ਕਵੀਪ੍ਰਿਯ, ਰਸਿਕਪ੍ਰਿਯ, ਅਲੰਕਾਰ ਮੰਜਰੀ।**
- ਜਹਾਂਗੀਰ ਦਾ ਭਰਾ ਦਾਨਿਆਲ ਹਿੰਦੀ ਵਿੱਚ ਕਵਿਤਾ ਕਰਦਾ ਸੀ।
- ਜਹਾਂਗੀਰ ਦੇ ਸਮੇਂ–ਵਰਿਕਸ਼ਰਾਏ, ਰਾਜਾ ਸੂਰਜ ਸਿੰਘ, ਜਗਰੂਪ ਗੋਸਾਈਂ, ਰਾਮ ਮਨੋਹਰ ਲਾਲ, ਬਿਸ਼ਨ ਦਾਸ ਸਨ। ਵੀਰ ਗਥਾਵਾਂ– **'ਮੁਹਤਾਨੈਂਨਸੀ ਦੀ ਖਿਆਤ'**, **'ਖੁਮਾਣ ਰਾਸੋ'**, **'ਹਮੀਰ ਰਾਸੋ'** 'ਰਾਣਾ ਰਾਸੋ', ਸੂਰਜਮੱਲ– **'ਵੰਸ਼-ਭਾਸਕਰ'।**
- ਵੈਸ਼ਨੋ-ਸੰਪ੍ਰਦਾਇ-ਕ੍ਰਿਸ਼ਨ ਦਾਸ, ਕਵੀ ਰਾਜ, ਵਰਿੰਦਾਵੰਨ ਦਾਸ, ਜੈ ਚੰਦਰ, ਤਿਰਲੋਚਨ ਦਾਸ, ਨਰਹਰੀ–ਚੱਕਰਵਰਤੀ।
- ਸੰਸਕ੍ਰਿਤ ਸਾਹਿਤ–ਅਕਬਰ ਪਹਿਲਾ ਮੁਗਲ ਸਮਰਾਟ ਸੀ, ਜਿਸ ਨੇ ਸੰਸਕ੍ਰਿਤ ਨੂੰ ਰਾਜ ਵਿੱਚ ਮਾਣ ਦਿੱਤਾ। ਸੰਸਕ੍ਰਿਤ ਅਤੇ ਫਾਰਸੀ ਦਾ ਇਕ ਕੋਸ਼ **'ਫਾਰਸੀ-ਪ੍ਰਕਾਸ਼'** ਤਿਆਰ ਕੀਤਾ ਗਿਆ।
- ਦਰਭੰਗਾ ਦੇ ਮਹੇਸ਼ ਠਾਕੁਰ ਨੇ ਅਕਬਰ ਦੇ ਸਮੇਂ ਦਾ ਇਤਿਹਾਸ ਸੰਸਕ੍ਰਿਤ ਵਿੱਚ ਲਿਖਿਆ।
- ਜੈਨ ਵਿਦਵਾਨ ਪਦਮ ਸੁੰਦਰ ਨੇ **'ਅਕਬਰਸ਼ਾਹੀ ਸ਼ਿੰਗਾਰ'** ਲਿਖਿਆ।
- ਜੈਨ ਅਚਾਰਿਆ ਸਿੱਧ ਚੰਦਰ ਉਪਾਧਿਆਇ ਨੇ **'ਭਾਨੁ ਚੰਦਰ ਚਰਿੱਤਰ'** ਵਿੱਚ ਅਕਬਰ ਦੇ ਦਰਬਾਰ ਵਿੱਚ ਗਏ ਜੈਨ ਸਾਧੂਆਂ ਸਬੰਧੀ ਲਿਖਿਆ। ਦੇਵ ਤਿਮਲ ਨੇ **'ਹੀਰ ਸੌਭਾਗਯਮ'** ਦੀ ਰਚਨਾ ਕੀਤੀ।
- ਸ਼ਾਹਜਹਾਂ ਦੇ ਸਮੇਂ ਕਵਿੰਦਰ ਅਚਾਰਿਆ ਸਰਸਵਤੀ, ਪੰਡਿਤ ਰਾਜ, **ਜਗਨਨਾਥ** ਕਵੀ ਸਨ।
- ਪੰਡਿਤ ਰਾਜ ਜਗਨਨਾਥ–**'ਗੰਗਾ ਲਹਿਰੀ'।**
- ਔਰੰਗਜ਼ੇਬ ਨੇ ਵੀ ਸੰਸਕ੍ਰਿਤ ਨੂੰ ਸੁਰੱਖਿਆ ਦੇਣੀ ਆਰੰਭ ਕਰ ਦਿੱਤੀ।
- ਉਰਦੂ ਸਾਹਿਤ–ਤੁਰਕ ਅਤੇ ਅਫਗਾਨ ਸਮੇਂ ਵਿੱਚ ਹੀ ਉਰਦੂ ਭਾਸ਼ਾ ਦਾ ਨਿਰਮਾਣ ਹੋ ਚੁੱਕਾ ਸੀ। ਇਸ ਨੂੰ **'ਜਬਾਨ-ਏ-ਹਿੰਦਵੀ'** ਸੱਦਿਆ ਗਿਆ। ਬਾਅਦ ਵਿੱਚ ਇਸ ਦਾ ਨਾਮ **ਉਰਦੂ** ਹੋ ਗਿਆ।
- ਮੁਹੰਮਦ ਸ਼ਾਹ (1719–48 ਈ) ਪਹਿਲਾ ਬਾਦਸ਼ਾਹ ਸੀ, ਜਿਸ ਨੇ ਉਰਦੂ ਨੂੰ ਉਤਸ਼ਾਹ ਦਿੱਤਾ। ਮੁਹੰਮਦ ਸ਼ਾਹ ਨੇ ਦੱਖਣ ਦੇ ਪ੍ਰਸਿੱਧ ਕਵੀ ਸ਼ਮਸੂਦੀਨ ਵਲੀ ਨੂੰ ਆਪਣੇ ਦਰਬਾਰ ਵਿੱਚ ਬੁਲਾ ਕੇ ਸਨਮਾਨਿਤ ਕੀਤਾ।
- ਦਿੱਲੀ ਦੇ ਮਸ਼ਹੂਰ ਸੰਤ ਸੱਈਅਦ ਗੇਸੂਦਰਾਜ ਨੇ, ਜੋ ਗੁਲਬਰਗ ਚਲੇ ਗਏ ਸਨ, 15ਵੀਂ ਸਦੀ ਵਿੱਚ ਅਧਿਆਤਮਿਕ ਰਹੱਸਵਾਦ 'ਤੇ ਆਪਣੀ ਪੁਸਤਕ **ਮੀਰਾਜ਼-ਉਲ-ਅਸਿਕੀਨ** ਲਿਖੀ ਸੀ।
- ਸ਼ਾਹ ਮੀਰਨ ਅਤੇ ਸ਼ਮਸੁਲ ਉਸਹਾਕ ਦੀ ਪੁਸਤਕ **'ਖੁਸ਼ਨਾਮਾ'** ਅਤੇ **'ਖੁਸ਼ਨਾਗ'** ਅਤੇ ਬੁਰਹਾਨੂਦੀਨ ਜਾਨੂਮ ਕਿਤਾਬ **'ਜਗਮਾਤੁਲ ਬਕਾ'** ਵਰਨਣਯੋਗ ਹਨ।
- ਬੀਜਾਪੁਰ ਦੇ ਆਦਿਲ ਸ਼ਾਹ ਨੇ ਆਪਣੀ ਪ੍ਰਸਿੱਧ ਪੁਸਤਕ **'ਨੌਰਸ'** ਦੀ ਰਚਨਾ ਕੀਤੀ ਸੀ।

ਨੋਟ

## 12.9 ਸੁਲਤਾਨਾਂ ਨਾਲ ਸਬੰਧਿਤ ਮੁੱਖ ਤੱਥ (Main Points Related to Emperors)

**ਬਾਬਰ**

- ਬਾਬਰ ਨੇ ਬਾਦਸ਼ਾਹ ਦੇ ਉਪਾਧੀ ਧਾਰਨ ਕੀਤੀ।
- ਬਾਬਰ–ਤੁਲਗੁਮਾ ਯੁੱਧ ਪੱਦਤੀ।
- ਪਾਨੀਪਤ ਦਾ ਪਹਿਲਾ ਯੁੱਧ–21 ਅਪ੍ਰੈਲ, 1526 ਈ.।
- ਖਾਨਵਾ ਦਾ ਯੁੱਧ– 1527 ਈ.।
- ਘਾਘਰਾ ਦਾ ਯੁੱਧ– 1529 ਈ.।
- ਚੰਦੇਰੀ ਦਾ ਯੁੱਧ– 1528 ਈ.।
- **ਤੁਜੁਕੇ ਬਾਬਰੀ** - ਬਾਬਰ (ਤੁਰਕੀ ਭਾਸ਼ਾ ਵਿੱਚ, ਮੁਵਇਆਂ ਸ਼ੈਲੀ ਵਿੱਚ)।

**ਹੁਮਾਯੂੰ**

- ਜਨਮ–6 ਮਾਰਚ, 1508 ਮਈ।
- ਸਥਾਨ– ਕਾਬੁਲ ਵਿੱਚ।
- 1531 ਈ.– ਕਾਲਿੰਜਰ ਦਾ ਹਮਲਾ।
- 27 ਜੂਨ 1539 ਈ. ਵਿੱਚ ਚੌਸਾ ਦਾ ਯੁੱਧ।
- 1545 ਈ. ਵਿੱਚ ਕਾਬੁਲ ਅਤੇ ਕੰਧਾਰ ’ਤੇ ਜਿੱਤ।
- ‘ਦੀਨਪਨਾਹ’ ਨਾਮਕ ਸ਼ਹਿਰ ਦੀ ਸਥਾਪਨਾ।
- ਚੌਸਾ ਦਾ ਯੁੱਧ– 1539 ਈ.।
- ਕਨੌਜ ਦਾ ਯੁੱਧ– 1540 ਈ.।
- ਕੰਧਾਰ ਜਿੱਤ– 1545 ਈ.।
- ਮਾਛੀਵਾੜਾ ਦਾ ਯੁੱਧ– 1555 ਈ.।
- ਪੌੜੀਆਂ ਤੋਂ ਡਿੱਗ ਕੇ ਮੌਤ– 1556 ਈ.।

**ਸ਼ੇਰਸ਼ਾਹ (ਸੂਰ ਵੰਸ਼)**

- ਮੂਲ ਨਾਮ ‘ਫਰੀਦ’ ਸੀ।
- ਸ਼ੇਰ ਖਾਂ ਉਪਾਧੀ– ਬਹਾਰ ਖਾਂ ਲੋਹਨੀ ਨੇ ਦਿੱਤਾ।
- 1539 ਈ.– ਚੌਸਾ ਦਾ ਯੁੱਧ।
- 1540 ਈ.– ਵਿਲਗ੍ਰਾਮ ਦਾ ਯੁੱਧ।
- 1538 ਈ.– ਰੋਹਤਾਸਗੜ੍ਹ ’ਤੇ ਅਧਿਕਾਰ।
- ਰੋਹਤਾਸ ਨਾਮਕ ਦੁਰਗ ਦਾ ਨਿਰਮਾਣ।
- ਉਸ ਨੇ ਦਿੱਲੀ ਦਾ ਪੁਰਾਣਾ ਕਿਲ੍ਹਾ ਬਣਵਾਇਆ ਸੀ।
- 1545 ਈ. ਬੁੰਦੇਲਖੰਡ ਦੀ ਜਿੱਤ।

**ਅਕਬਰ**

- 1565 ਈ. – ਦਾਸ ਪ੍ਰਥਾ ਦਾ ਅੰਤ।
- 1563 ਈ. – ਤੀਰਥ ਯਾਤਰਾ ਦੀ ਸਮਾਪਤੀ।

**ਨੋਟ**

- 1564 ਈ. – ਜਜ਼ੀਆ ਕਰ ਸਮਾਪਤ।
- 1575 ਈ. – ਫਤਹਿਪੁਰ ਸੀਕਰੀ ਵਿੱਚ ਇਬਾਦਤਖਾਨਾ ਦਾ ਨਿਰਮਾਣ।
- 1579 ਈ. – ਮਜਹਰ ਦੀ ਘੋਸ਼ਣਾ।
- 1582 ਈ. – ਦੀਨ-ਏ-ਇਲਾਹੀ ਦੀ ਘੋਸ਼ਣਾ।
- 1589 ਈ. – ਅਬਦੁਰ ਰਹੀਮ ਦਾ 'ਖਾਨਖਾਨਾ' ਦੀ ਉਪਾਧੀ।
- 5 ਨਵੰਬਰ, 1556 ਈ. – ਪਾਨੀਪਤ ਦਾ ਦੂਸਰਾ ਯੁੱਧ।
- 1561 ਈ. – ਮਾਲਵਾ ਜਿੱਤ।
- 1561 ਈ. – ਚੁਨਾਰ 'ਤੇ ਅਧਿਕਾਰ।
- 1562 ਈ. – ਮੇੜਤਾ 'ਤੇ ਅਧਿਕਾਰ।
- 1564 ਈ. – ਗੋਂਡਵਾਨਾ ਦੀ ਜਿੱਤ।
- 1569 ਈ. – ਰਣਥੰਭੋਰ 'ਤੇ ਜਿੱਤ।
- 1572-73 ਈ. – ਗੁਜਰਾਤ ਜਿੱਤ।
- 1574-76 ਈ. – ਬਿਹਾਰ ਅਤੇ ਬੰਗਲ ਨੂੰ ਜਿੱਤਿਆ।
- 18 ਜੂਨ, 1576 ਈ. – ਹਲਦੀ ਘਾਟੀ ਦੀ ਲੜਾਈ।
- 1581 ਈ. – ਕਾਬੁਲ ਦੀ ਜਿੱਤ।
- 1585 ਈ. – ਕਸ਼ਮੀਰ ਦੀ ਜਿੱਤ।
- 1591 ਈ. – ਸਿੰਧ ਜਿੱਤ।
- 1592 ਈ. – ਉੜੀਸਾ ਜਿੱਤ।

**ਜਹਾਂਗੀਰ**

- ਜੈਪੁਰ ਦੀ ਰਾਜਕੁਮਾਰੀ ਮਰਿਅਮ ਉਜਮਾਨੀ ਤੋਂ ਪੈਦਾ।
- 3 ਨਵੰਬਰ, 1605 ਈ. ਨੂੰ ਆਗਰਾ ਦੇ ਕਿਲ੍ਹੇ ਵਿੱਚ ਰਾਜ ਅਭਿਸ਼ੇਕ।
- ਨੂਰ ਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ ਗਾਜ਼ੀ ਦੀ ਉਪਾਧੀ।
- ਜਹਾਂਗੀਰ ਨੇ 12 ਰਾਜ ਆਗਿਆਵਾਂ ਜਾਰੀ ਕੀਤੀਆਂ।
- ਖੁਸਰੋ ਦਾ ਵਿਦਰੋਹ – 1606 ਈ.।
- ਸ਼ਾਹਜਹਾਂ ਦਾ ਵਿਦਰੋਹ – 1626 ਈ.।
- ਮਹਾਵਤ ਖਾਂ ਦਾ ਵਿਦਰੋਹ – 1626 ਈ.।
- ਉਸ ਦੇ ਸ਼ਾਸਨਕਾਲ ਵਿੱਚ ਹਾਕਿਨਸ ਅਤੇ ਟਾਮਸ ਰੋ ਭਾਰਤ ਆਏ।
- ਉਸ ਨੇ **ਤੁਜੁਕੇ-ਜਹਾਂਗੀਰੀ** ਆਤਮ ਕਥਾ ਲਿਖੀ।
- 1611 ਈ. ਵਿੱਚ ਉਸ ਨੇ ਹੇਮਰੂਨਿੰਸ਼ਾ ਨਾਲ ਵਿਆਹ ਕੀਤਾ।
- ਪ੍ਰਸਿੱਧ ਚਿੱਤਰਕਾਰ ਮੰਸੂਰ ਉਸ ਦੇ ਦਰਬਾਰ ਵਿੱਚ ਰਹਿੰਦਾ ਸੀ।

**ਸ਼ਾਹਜਹਾਂ**

- ਜਨਮ – 5 ਜਨਵਰੀ, 1592 ਈ. ਲਾਹੌਰ ਵਿੱਚ।
- ਬਚਪਨ ਦਾ ਨਾਮ – ਖੁਰਰਮ।

ਨੋਟ

- ਵਿਆਹ – 1601, ਮੁਜੱਫਰ ਹੁਸੈਨ ਸਫਾਵੀ ਦੀ ਪੁੱਤਰੀ ਨਾਲ।
- ਰਾਜ ਰੋਹਣ – ਫਰਵਰੀ 1628 ਈ., ਆਗਰਾ ਵਿੱਚ।
- ਮੌਤ – 1666 ਈ. ਵਿੱਚ।
- 1633 ਈ. – ਅਹਿਮਦ ਨਗਰ 'ਤੇ ਅਧਿਕਾਰ।
- ਕਵਿੰਦਰ ਚਾਰਿਆ ਅਤੇ ਚਿੰਤਾਮਣੀ ਉਸ ਦੇ ਦਰਬਾਰ ਵਿੱਚ ਰਹਿੰਦੇ ਸਨ।
- ਦਿੱਲੀ ਦਾ ਲਾਲ ਕਿਲ੍ਹਾ ਬਣਵਾਇਆ।
- ਆਗਰਾ ਦਾ ਤਾਜ ਮਹਿਲ ਬਣਵਾਇਆ।
- 'ਤਖਤ–ਏ–ਤਾਊਸ' ਦਾ ਨਿਰਮਾਣ ਕਰਵਾਇਆ।

**ਔਰੰਗਜ਼ੇਬ**

- 1669 ਈ. – ਗੋਲਕੁਲ ਦੀ ਅਗਵਾਈ ਵਿੱਚ ਜਾਟਾਂ ਦਾ ਵਿਦਰੋਹ।
- 1685 ਈ. – ਰਾਜਾ ਰਾਮ ਦੀ ਅਗਵਾਈ ਵਿੱਚ ਜਾਟਾਂ ਦਾ ਵਿਦਰੋਹ।
- ਸਤਨਾਮੀਆਂ ਨੇ ਵਿਦਰੋਹ ਕੀਤਾ।
- 1681 ਈ. – ਸ਼ਹਿਜਾਦਾ ਅਕਬਰ ਦਾ ਵਿਦਰੋਹ।
- 1686 ਈ. – ਬੀਜਾਪੁਰ ਜਿੱਤ।
- 1687 ਈ. – ਗੋਲਕੁੰਡਾ ਜਿੱਤ।
- 1663 ਈ. – ਸਤੀ ਪ੍ਰਥਾ 'ਤੇ ਰੋਕ।
- 1670 ਈ. – ਤੁਲਾਦਾਨ ਦੀ ਪ੍ਰਥਾ ਬੰਦ।
- ਉਸ ਨੇ ਨੌਰੋਜ ਮਨਾਉਣਾ ਬੰਦ ਕਰ ਦਿੱਤਾ।
- ਉਸ ਨੇ 'ਆਲਮਗੀਰ' ਦੀ ਉਪਾਧੀ ਧਾਰਨ ਕੀਤੀ।

## 12.10 ਅਕਬਰ ਦੇ ਦਰਬਾਰ ਦੇ ਨੌ ਰਤਨ (Nine Ratanas of Akbar Durbar)

ਅਕਬਰ ਦੇ ਦਰਬਾਰ ਦੇ ਨੌ ਵਿਸ਼ੇਸ਼ ਵਿਅਕਤੀਆਂ ਨੂੰ 'ਨੌ ਰਤਨ' ਦੀ ਉਪਾਧੀ ਦਿੱਤੀ ਗਈ ਸੀ। ਇਨ੍ਹਾਂ ਦਾ ਵੇਰਵਾ ਹੇਠ ਲਿਖਿਆ ਹੈ :

1. **ਅਬੁਲ ਫਜ਼ਲ** : ਅਬੁਲ ਫਜ਼ਲ ਦਾ ਜਨਮ 1550 ਈ. ਵਿੱਚ ਹੋਇਆ ਸੀ। ਉਹ ਸ਼ੇਖ ਮੁਬਾਰਕ ਦਾ ਪੁੱਤਰ ਸੀ। ਉਸ ਨੇ ਆਪਣਾ ਜੀਵਨ 20 ਸਵਾਰ ਦੇ ਮਨਸਬ ਤੋਂ ਆਰੰਭ ਕੀਤਾ ਅਤੇ ਆਪਣੀ ਯੋਗਤਾ ਨਾਲ 5,000 ਸਵਾਰ ਦਾ ਦਾ ਮਨਸਬਦਾਰ ਬਣਿਆ। ਉਸ ਨੂੰ ਸਾਹਿਤ, ਇਤਿਹਾਸ ਅਤੇ ਦਰਸ਼ਨ ਸ਼ਾਸਤ ਦਾ ਬਹੁਤ ਗਿਆਨ ਸੀ। ਧਰਮ ਅਤੇ ਸਾਹਿਤ ਸਬੰਧੀ ਵਾਦ–ਵਿਵਾਦ ਵਿੱਚ ਬਹੁਤ ਘੱਟ ਵਿਅਕਤੀ ਉਸ ਦਾ ਮੁਕਾਬਲਾ ਕਰ ਸਕਦੇ ਸਨ। ਉਸ ਵਿੱਚ ਧਾਰਮਿਕ ਕੱਟੜਤਾ ਨਹੀਂ ਸੀ। ਉਸ ਨੇ **'ਅਕਬਰਨਾਮਾ'** ਅਤੇ **'ਆਇਨੇ ਅਕਬਰੀ'** ਦੀ ਰਚਨਾ ਕੀਤੀ। 1599–1600 ਈ. ਵਿੱਚ ਉਸ ਨੇ ਸੈਨਿਕ ਪ੍ਰਤਿਭਾ ਵੀ ਦਿਖਾਈ। ਉਹ ਕੁਸ਼ਲ ਰਾਜਦੂਤ ਵੀ ਸੀ। 1602 ਈ. ਵਿੱਚ ਸ਼ਹਿਜਾਦਾ ਸਲੀਮ ਦੇ ਕਹਿਣ 'ਤੇ ਵੀਰ ਸਿੰਘ ਬੁੰਦੇਲਾ ਨੇ ਉਸ ਦੀ ਹੱਤਿਆ ਕਰ ਦਿੱਤੀ।

2. **ਬੀਰਬਲ** : ਬੀਰਬਲ ਦਾ ਜਨਮ 'ਕਾਲਪੀ' ਵਿੱਚ 1528 ਈ. ਵਿੱਚ ਹੋਇਆ ਸੀ। ਉਸ ਦਾ ਬਚਪਨ ਦਾ ਨਾਮ 'ਮਹੇਸ਼ਦਾਸ' ਸੀ ਅਤੇ ਉਹ ਬ੍ਰਾਹਮਣ ਵੰਸ਼ ਦਾ ਸੀ। ਆਪਣੀ ਸਵਾਮੀ ਭਗਤੀ, ਚਲਾਕੀ, ਸੁਭਾਵਿਕ ਯੋਗਤਾਵਾਂ ਦੇ ਕਾਰਨ ਉਸ ਨੇ ਬਹੁਤ ਉਨਤੀ ਕੀਤੀ ਅਤੇ ਉਹ 2,000 ਦਾ ਮਨਸਬਦਾਰ ਨਿਯੁਕਤ ਕੀਤਾ ਗਿਆ। ਬੀਰਬਲ ਨੂੰ 1586 ਈ. ਵਿੱਚ ਨਿਆ ਵਿਭਾਗ ਦਾ ਉਚ ਅਧਿਕਾਰੀ ਨਿਯੁਕਤ ਕੀਤਾ ਗਿਆ ਅਤੇ ਉਸ ਨੂੰ 'ਰਾਜਾ' ਦੀ ਪਦਵੀ ਵੀ ਪ੍ਰਦਾਨ ਕੀਤੀ ਗਈ। ਉਚ ਸਿੱਖਿਆ ਪ੍ਰਾਪਤ ਨਾ ਕਰ ਸਕਣ 'ਤੇ ਵੀ ਉਸ ਵਿੱਚ 'ਹਾਸਰਸ' 'ਹਾਜ਼ਰ ਜਵਾਬੀ' ਦਾ ਪ੍ਰਸ਼ੰਸਾਯੋਗ ਗੁਣ ਸੀ। ਉਸ ਨੂੰ 'ਕਵੀ ਰਾਜ' ਦੀ ਉਪਾਧੀ ਵੀ ਪ੍ਰਾਪਤ ਹੋਈ। ਉਹ 'ਦੀਨ–ਏ–ਇਲਾਹੀ' ਨੂੰ ਮੰਨਣ ਵਾਲਾ ਸਿਰਫ ਇਕ ਹਿੰਦੂ ਸੀ। 1586 ਈ. ਵਿੱਚ ਯੂਸਫ ਜਾਇਆਂ ਦੇ ਵਿਰੁੱਧ ਲੜਦੇ ਹੋਏ ਬੀਰਬਲ ਦੀ ਮੌਤ ਹੋਈ। ਅਬੁਲ ਫਜ਼ਲ ਅਤੇ ਬਦਾਯੂੰਨੀ ਦੇ ਅਨੁਸਾਰ ਅਕਬਰ ਨੂੰ ਸਾਰੇ ਅਮੀਰਾਂ ਤੋਂ ਜ਼ਿਆਦਾ ਬੀਰਬਰ ਦੀ ਮੌਤ 'ਤੇ ਦੁੱਖ ਪਹੁੰਚਿਆ ਸੀ।

**ਨੋਟ**

3. **ਟੋਡਰਮੱਲ** : ਇਹ ਉਤਰ ਪ੍ਰਦੇਸ਼ ਦੇ ਖੱਤਰੀ ਵੰਸ਼ ਨਾਲ ਸਬੰਧਿਤ ਸੀ, ਇਸ ਨੇ ਆਰੰਭ ਵਿੱਚ ਸ਼ੇਰ ਸ਼ਾਹ ਸੂਰੀ ਦੇ ਕੋਲ ਨੌਕਰੀ ਅਤੇ ਸੂਰਵੰਸ਼ ਦੇ ਅੰਤ ਤੋਂ ਬਾਅਦ ਮੁਗਲ ਸੈਨਾ ਵਿੱਚ ਆਇਆ। 1562 ਈ. ਵਿੱਚ ਉਹ ਪ੍ਰਮੁੱਖ ਅਧਿਕਾਰੀ ਬਣ ਗਿਆ ਅਤੇ 1572 ਈ. ਵਿੱਚ ਉਹ ਗੁਜਰਾਤ ਪ੍ਰਦੇਸ਼ ਦਾ ਦੀਵਾਨ ਨਿਯੁਕਤ ਹੋਇਆ। ਉਹ 1582 ਵਿੱਚ ਪ੍ਰਧਾਨ ਮੰਤਰੀ ਬਣ ਗਿਆ। ਉਹ ਸੱਚਾ ਅਤੇ ਸਾਹਸੀ ਸੀ ਅਤੇ ਇਕ ਕੁਸ਼ਲ ਸੈਨਿਕ, ਸੈਨਾ ਨਾਇਕ ਅਤੇ ਰਾਜਦੂਤ ਸੀ। ਉਹ ਸ਼ਾਸਨ ਪ੍ਰਬੰਧ ਅਤੇ ਹੋਰ ਵਿਸ਼ਿਆਂ ਦਾ ਗੂੜ੍ਹ ਗਿਆਨ ਰੱਖਦਾ ਸੀ। ਭੂਮੀ ਸਬੰਧੀ ਸੁਧਾਰਾਂ ਦੇ ਲਈ ਰਾਜਾ ਟੋਡਰਮੱਲ ਦਾ ਵਿਖਿਆਤ ਹੈ। 1589 ਈ. ਵਿੱਚ ਟੋਡਰਮੱਲ ਦੀ ਮੌਤ ਹੋ ਗਈ।

4. **ਭਗਵਾਨ ਦਾਸ** : ਇਹ ਆਮੇਰ ਦੇ ਰਾਜੇ ਭਾਰ ਮੱਲ ਦਾ ਪੁੱਤਰ ਸੀ। ਭਗਵਾਨ ਦਾਸ ਦੀ ਭੈਣ ਦਾ ਵਿਆਹ ਅਕਬਰ ਦੇ ਨਾਲ ਹੋਇਆ ਸੀ, ਉਹ 1562 ਈ. ਤੋਂ 1589 ਈ. ਤੱਕ ਅਕਬਰ ਦਾ ਸਾਥੀ ਅਤੇ ਮਿੱਤਰ ਰਿਹਾ। ਗੁਜਰਾਤ ਤੋਂ ਕਾਬੁਲ ਅਤੇ ਕਸ਼ਮੀਰ ਤੱਕ ਉਸ ਨੇ ਬਹੁਤ ਸਾਰੇ ਯੁੱਧਾਂ ਵਿੱਚ ਹਿੱਸਾ ਲਿਆ। ਉਸ ਨੂੰ 5,000 ਦਾ ਮਨਸਬਦਾਰ ਬਣਾ ਦਿੱਤਾ ਗਿਆ ਸੀ। 'ਅਮੀਰ-ਉਲ-ਉਮਰਾ' ਦੀ ਉਪਾਧੀ ਵੀ ਦਿੱਤੀ ਗਈ। ਉਹ ਮੁਗਲ ਰਾਜ ਦੇ ਸਨਮਾਨਿਤ ਦਰਬਾਰੀਆਂ ਵਿੱਚੋਂ ਇਕ ਸੀ। ਅਬੁਲ ਫਜ਼ਲ ਦੇ ਅਨੁਸਾਰ ਭਗਵਾਨ ਦਾਸ ਸੱਚਾ ਅਤੇ ਵੀਰ ਸੀ।

5. **ਮਾਨ ਸਿੰਘ** : ਮਾਨ ਸਿੰਘ ਆਮੇਰ ਦੇ ਰਾਜੇ ਭਾਰ ਮੱਲ ਦਾ ਪੋਤਰਾ ਸੀ। ਉਸ ਦੇ ਸੰਪਰਕ ਵਿੱਚ ਆ ਕੇ ਅਕਬਰ ਦਾ ਹਿੰਦੂਆਂ ਪ੍ਰਤੀ ਦ੍ਰਿਸ਼ਟੀਕੋਣ ਹੋਰ ਵੀ ਉਦਾਰ ਹੋਇਆ। ਅਕਬਰ ਦੇ ਅਧੀਨ ਰਾਜਾ ਮਾਨ ਸਿੰਘ ਨੇ ਕਾਬੁਲ, ਬਿਹਾਰ ਅਤੇ ਬੰਗਾਲ ਆਦਿ ਪ੍ਰਦੇਸ਼ਾਂ 'ਤੇ ਸਫਲ ਸੈਨਿਕ ਅਭਿਆਨ ਕੀਤੇ।

6. **ਤਾਨਸੈਨ** : ਪ੍ਰਸਿੱਧ ਸੰਗੀਤਕਾਰ ਤਾਨਸੈਨ ਦਾ ਜਨਮ ਗਵਾਲੀਅਰ ਵਿੱਚ ਹੋਇਆ ਸੀ। ਉਸ ਨੇ ਕਈ ਰਾਗਾਂ ਦਾ ਨਿਰਮਾਣ ਕੀਤਾ। ਉਸ ਦੇ ਸਮੇਂ 'ਧਰੁਪਦ' ਗਾਇਨ ਸ਼ੈਲੀ ਦਾ ਵਿਕਾਸ ਹੋਇਆ। ਤਾਨਸੈਨ ਨੇ ਸੰਭਵ ਤੌਰ 'ਤੇ ਇਸਲਾਮ ਧਰਮ ਗ੍ਰਹਿਣ ਕੀਤਾ ਸੀ। ਉਸ ਦੀਆਂ ਪ੍ਰਮੁੱਖ ਕ੍ਰਿਤੀਆਂ ਸਨ-'ਮੀਆਂ ਦੀ ਤੋੜੀ', 'ਮੀਆਂ ਦੀ ਮਲਹਾਰ', 'ਮੀਆਂ ਦੀ ਸਾਰੰਗ', 'ਦਰਬਾਰੀ ਕਾਂਹੜਾ' ਆਦਿ। ਅਕਬਰ ਨੇ ਉਸ ਨੂੰ 'ਕੰਠਾਭਰਣਵਾਣੀਵਿਲਾਸ' ਦੀ ਉਪਾਧੀ ਦਿੱਤੀ।

7. **ਅਬਦੁਰ ਰਹੀਮ ਖਾਨਖਾਨਾ** : ਇਹ ਬੈਰਮ ਖਾਂ ਦਾ ਪੁੱਤਰ ਸੀ ਅਤੇ ਉਚ ਕੋਟੀ ਦਾ ਵਿਦਵਾਨ ਅਤੇ ਕਵੀ ਸੀ। ਇਹ ਜਹਾਂਗੀਰ (ਸਲੀਮ) ਦਾ ਗੁਰੂ ਸੀ। ਜਹਾਂਗੀਰ ਸਭ ਤੋਂ ਜ਼ਿਆਦਾ ਅਬਦੁਰ ਰਹੀਮ ਤੋਂ ਹੀ ਪ੍ਰਭਾਵਿਤ ਸੀ। ਉਸ ਨੇ ਤੁਰਕੀ ਭਾਸ਼ਾ ਵਿੱਚ ਰਚੇ 'ਬਾਬਰਨਾਮਾ' ਦਾ ਫਾਰਸੀ ਵਿੱਚ ਅਨੁਵਾਦ ਕੀਤਾ। ਅਕਬਰ ਨੇ ਉਸ ਨੂੰ 'ਖਾਨਖਾਨਾ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

8. **ਮੁੱਲਾ ਦੋ ਪਿਆਜਾ** : ਇਹ ਅਰਬ ਦਾ ਰਹਿਣ ਵਾਲਾ ਅਤੇ ਹੁਮਾਯੂੰ ਦੇ ਸਮੇਂ ਭਾਰਤ ਆਇਆ ਸੀ। ਅਕਬਰ ਦੇ ਨੌਂ ਰਤਨਾਂ ਵਿੱਚ ਇਸ ਨੂੰ ਵੀ ਸਥਾਨ ਪ੍ਰਾਪਤ ਹੈ। ਭੋਜਨ ਵਿੱਚ ਇਸ ਨੂੰ ਦੋ ਪਿਆਜ ਜ਼ਿਆਦਾ ਪਸੰਦ ਹੋਣ ਦੇ ਕਾਰਨ ਅਕਬਰ ਨੇ ਇਸ ਨੂੰ 'ਦੋ ਪਿਆਜਾ' ਦੀ ਉਪਾਧੀ ਪ੍ਰਦਾਨ ਕੀਤੀ ਸੀ।

9. **ਫੈਜ਼ੀ** : ਫੈਜ਼ੀ ਅਬੁਲ ਫਜ਼ਲ ਦਾ ਵੱਡਾ ਭਰਾ ਸੀ। ਉਹ ਦੀਨ-ਏ-ਇਲਾਹੀ ਧਰਮ ਦਾ ਕੱਟੜ ਸਮਰਥਕ ਸੀ। ਅਕਬਰ ਦੇ ਦਰਬਾਰ ਵਿੱਚ ਉਹ ਰਾਜ ਕਵੀ ਦੇ ਪਦ 'ਤੇ ਬਿਰਾਜਮਾਨ ਸੀ। 1595 ਈ. ਵਿੱਚ ਉਸ ਦੀ ਮੌਤ ਹੋ ਗਈ।

**ਹਕੀਮ ਹੁਕਾਮ**- ਹਕੀਮ ਹੁਕਾਮ ਨੂੰ ਵੀ ਅਕਬਰ ਦੇ ਦਰਬਾਰੀਆਂ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਸੀ। ਉਹ ਅਕਬਰ ਦੇ ਰਸੋਈਆ ਘਰ ਦਾ ਪ੍ਰਧਾਨ ਸੀ।

**ਅਕਬਰ ਦੇ ਕੁਝ ਮਹੱਤਵਪੂਰਨ ਕੰਮ**

| | ਕੰਮ | ਸਾਲ |
|---|---|---|
| 1. | ਦਾਸ ਪ੍ਰਥਾ ਦਾ ਅੰਤ | 1526 ਈ. |
| 2. | 'ਹਰਮਦਲ' ਤੋਂ ਮੁਕਤ | 1562 ਈ. |
| 3. | ਤੀਰਥ ਯਾਤਰਾ ਕਰ ਸਮਾਪਤ | 1563 ਈ. |
| 4. | ਜਜ਼ੀਆ ਕਰ ਸਮਾਪਤ | 1564 ਈ. |
| 5. | ਫਤਹਿਪੁਰ ਸੀਕਰੀ ਦੀ ਸਥਾਪਨਾ | 1571 ਈ. |
| 6. | ਰਾਜਧਾਨੀ ਆਗਰਾ ਤੋਂ ਫਤਹਿਪੁਰ ਸੀਕਰੀ ਤਬਦੀਲ | 1571 ਈ. |
| 7. | ਜਗੀਰਦਾਰੀ ਪ੍ਰਥਾ ਦਾ ਅੰਤ | 1575 ਈ. |
| 8. | ਇਬਾਦਤਖਾਨੇ ਦੀ ਸਥਾਪਨਾ | 1575 ਈ. |

ਨੋਟ

| | | |
|---|---|---|
| 9. | ਇਬਾਦਤਖਾਨੇ ਵਿੱਚ ਸਾਰੇ ਧਰਮਾਂ ਦੇ ਪ੍ਰਵੇਸ਼ ਦੀ ਆਗਿਆ | 1578 ਈ. |
| 10. | ਮਜਹਰ ਦੀ ਘੋਸ਼ਣਾ | 1579 ਈ. |
| 11. | ਦੀਨ-ਏ-ਇਲਾਹੀ ਦੀ ਸਥਾਪਨਾ | 1581 ਈ. |
| 12. | 'ਇਲਾਹੀ ਸੰਵਤ' ਦੀ ਸਥਾਪਨਾ | 1583 ਈ. |

**ਅਕਬਰ ਵੱਲੋਂ ਜਿੱਤੇ ਪ੍ਰਦੇਸ਼**

| | ਪ੍ਰਦੇਸ਼ | ਸ਼ਾਸਕ | ਸਮਾਂ | ਮੁਗਲ ਸੈਨਾਪਤੀ |
|---|---|---|---|---|
| 1. | ਦਿੱਲੀ ਅਤੇ ਆਗਰਾ | ਹੇਮੂ | 1556 ਈ. | ਅਕਬਰ ਅਤੇ ਬੈਰਮ ਖਾਂ |
| 2. | ਮਾਲਵਾ | ਬਾਜਬਹਾਦੁਰ | 1561 ਈ. | ਆਧਮ ਖਾਂ, ਪੀਰ ਮੁਹੰਮਦ |
| | | | 1562 ਈ. | ਅਬਦੁੱਲਾ ਖਾਂ |
| 3. | ਚੁਨਾਰ | ਅਫਗਾਨ | 1561 ਈ. | ਆਸਿਫ ਖਾਂ |
| 4. | ਗੋਂਡਵਾਨਾ | ਵੀਰ ਨਾਰਾਇਣ ਅਤੇ ਦੁਰਗਾਵਤੀ | 1564 ਈ. | ਆਸਿਫ ਖਾਂ |
| 5. | ਰਾਜਸਥਾਨ | | | |
| | (ਕ) ਆਮੇਰ | ਭਾਰਮਲ | 1562 ਈ. | (ਆਪਣੀ ਇੱਛਾ ਅਧੀਨਗੀ ਸਵੀਕਾਰ ਕੀਤੀ) |
| | (ਖ) ਮੇੜਤਾ | ਜੈ ਮੱਲ | 1562 ਈ. | ਸਰਫੁਦੀਨ |
| | (ਗ) ਮੇਵਾੜ | ਉਦੈ ਸਿੰਘ- ਰਾਣਾ ਪ੍ਰਤਾਪ | 1568 ਈ. | ਅਕਬਰ |
| | (ਘ) ਰਣਥੰਬੋਰ | ਸੁਰਜਨ ਹਾੜਾ | 1569 ਈ. | ਭਗਵਾਨ ਦਾਸ ਅਤੇ ਅਕਬਰ |
| | (ਙ) ਕਾਲਿੰਜਰ | ਰਾਮ ਚੰਦਰ | 1569 ਈ. | ਮਜਨੂ ਖਾਂ ਕਾਕਸ਼ਾਹ |
| | (ਚ) ਮਾਰਵਾੜ | ਰਾਵ ਚੰਦਰ ਸੈਨ | 1570 ਈ. | (ਆਪਣੀ ਇੱਛਾ ਨਾਲ ਅਧੀਨਗੀ ਸਵੀਕਾਰ ਕੀਤੀ) |
| | (ਛ) ਜੈਸਲਮੇਰ | ਰਾਵਲ ਹਰੀਰਾਏ | 1570 ਈ. | (ਆਪਣੀ ਇੱਛਾ ਨਾਲ ਅਧੀਨਗੀ ਸਵੀਕਾਰ ਕੀਤੀ) |
| 6. | ਗੁਜਰਾਤ | ਮੁਜ਼ੱਫਰ ਖਾਂ | 1571-72 ਈ. | ਖਾਨ ਕਲਾ, ਖਾਨੇ ਆਜ਼ਮ ਅਤੇ ਸਮਰਾਟ ਅਕਬਰ ਤੀਸਰਾ |
| 7. | ਬਿਹਾਰ-ਬੰਗਾਲ | ਦਾਊਦ ਖਾਂ | 1674-76 ਈ. | ਮੁਨੀਮ ਖਾਂ ਖਾਨਖਾਨਾ |
| 8. | ਕਾਬੁਲ | ਹਕੀਮ ਮਿਰਜ਼ਾ | 1581 ਈ. | ਮਾਨ ਸਿੰਘ ਅਤੇ ਅਕਬਰ |
| 9. | ਕਸ਼ਮੀਰ | ਯੂਸਫ ਖਾਂ ਅਤੇ ਯਾਕੂਤ ਖਾਂ | 1586 ਈ. | ਰਾਜਾ ਭਗਵਾਨ ਦਾਸ ਅਤੇ ਕਾਸਿਮ ਖਾਂ |
| 10. | ਉੜੀਸਾ | ਨਿਸਾਰ ਖਾਂ | 1590-91 ਈ. | ਰਾਜਾ ਮਾਨ ਸਿੰਘ |
| 11. | ਸਿੰਧ | ਜਾਨੀ ਬੇਗ | 1591 ਈ. | ਅਬਦੁਰ ਰਹੀਮ ਖਾਨਖਾਨਾ |

ਨੋਟ

| | | | |
|---|---|---|---|
| 12. ਬਲੋਚਿਸਤਾਨ | ਅਫਗਾਨ | 1595 ਈ. | ਮੀਰ ਮਾਸੂਮ |
| 13. ਕੰਧਾਰ | ਮੁਜੱਫਰ ਹੁਸੈਨ ਮਿਰਜ਼ਾ | 1595 ਈ. | ਮੀਰ ਮਾਸੂਮ |
| **ਦੱਖਣ ਭਾਰਤ ਦੀ ਜਿੱਤ** | | | |
| 1. ਖਾਨਦੇਸ਼ | ਅਲੀ ਖਾਂ | 1591 ਈ. | (ਆਪਣੀ ਇੱਛਾ ਨਾ ਅਧੀਨਗੀ ਸਵੀਕਾਰ ਕੀਤੀ) |
| 2. ਦੌਲਤਾਬਾਦ | ਚਾਂਦ ਬੀਬੀ | 1599 ਈ. | ਮੁਰਾਦ, ਅਬੁਲ ਫਜ਼ਲ, ਅਬਦੁਰ ਰਹੀਮ ਖਾਨਖਾਨਾ ਅਤੇ ਅਕਬਰ |
| 3. ਅਹਿਮਦ ਨਗਰ | ਬਹਾਦੁਰ ਸ਼ਾਹ | 1600 ਈ. | ਰਾਜ ਕੁਮਾਰ ਦਾਨਿਆਲ ਅਤੇ ਅਬੁਰ ਰਹੀਮ ਖਾਨਖਾਨਾ |
| 4. ਅਸੀਰਗੜ੍ਹ | ਮੀਰਨ ਬਹਾਦੁਰ | 1601 ਈ. | ਸਮਰਾਟ ਅਕਬਰ |

## 12.11 ਮੁਗਲ ਕਾਲੀਨ ਸਾਹਿਤ (Literature of Mughal Period)

**ਫਾਰਸੀ ਸਾਹਿਤ**

| ਰਚਨਾ | ਲੇਖ | ਵਿਸ਼ਾ |
|---|---|---|
| ਬਾਬਰਨਾਮਾ (ਤੁਜ਼ੂਕੇ ਬਾਬਰੀ) (ਤੁਰਕੀ ਭਾਸ਼ਾ ਵਿੱਚ) | ਬਾਬਰ | 1504 ਤੋਂ 1529 ਈ. ਤੱਕ ਦੀ ਰਾਜਨੀਤਿਕ ਅਤੇ ਪ੍ਰਿਕਰਤਿਕ ਸਥਿਤੀ 'ਤੇ ਵਰਨਣਾਤਮਕ ਚਾਨਣਾ ਪਾਉਂਦੀ ਹੈ। 1583 ਈ. ਵਿੱਚ ਇਸ ਦਾ ਖਾਨਖਾਨਾ ਨੇ ਫਾਰਸੀ ਵਿੱਚ ਅਨੁਵਾਦ ਕਰਵਾਇਆ। |
| ਤਾਰੀਖ-ਏ-ਰਸ਼ੀਦੀ | ਮਿਰਜ਼ਾ ਹੈਦਰ ਦੋਗਲਤ | ਮੱਧ ਏਸ਼ੀਆ ਵਿੱਚ ਤੁਰਕਾਂ ਦੇ ਇਤਿਹਾਸ ਅਤੇ ਹੁਮਾਯੂੰ ਦੇ ਸ਼ਾਸਨ ਕਾਲ 'ਤੇ ਵਿਸਥਾਰਪੂਰਵਕ ਚਾਨਣਾ ਪਾਉਂਦੀ ਹੈ। |
| ਕਾਨੂੰਨੇ ਹੁਮਾਯੂੰਨੀ | ਗੋਂਦ ਮੀਰ | 1534 ਈ. ਵਿੱਚ ਰਚੀ ਇਸ ਪੁਸਤਕ ਵਿੱਚ ਹੁਮਾਯੂੰ ਦੀ ਚਾਪਲੂਸੀ ਕੀਤੀ ਗਈ ਹੈ। |
| ਹੁਮਾਯੂੰਨਾਮਾ | ਗੁਲਬਦਨ ਬੇਗਮ | ਬਾਬਰ ਅਤੇ ਹੁਮਾਯੂੰ ਦੇ ਇਤਿਹਾਸ ਅਤੇ ਤੱਤਕਾਲੀਨ ਸਮਾਜਿਕ ਸਥਿਤੀ 'ਤੇ ਚਾਨਣਾ ਪਾਉਂਦੀ ਹੈ। |
| ਤਜਕਿਰਾ-ਤੁਲ-ਵਾਕਿਆਤ | ਜੌਹਰ ਆਫਤਾਬਾਚੀ | 1536-37 ਈ. ਵਿੱਚ ਰਚੀ ਇਸ ਪੁਸਤਕ ਤੋਂ ਹੁਮਾਯੂੰ ਦੇ ਜੀਵਨ ਦੇ ਉਤਾਰ-ਚੜ੍ਹਾਅ ਦੇ ਵਿਸ਼ੇ ਵਿੱਚ ਪਤਾ ਲੱਗਦਾ ਹੈ। |
| ਤੋਹਫਾ-ਏ-ਅਕਬਰਸ਼ਾਹੀ | ਅੱਬਾਸ ਖਾਂ ਸਰਵਾਨੀ | ਅਕਬਰ ਨੂੰ ਸਮਰਪਿਤ ਇਸ ਪੁਸਤਕ ਵਿੱਚ ਸ਼ੇਰ ਸ਼ਾਹ ਦੇ ਵਿਸ਼ੇ ਵਿੱਚ ਵੀ ਜਾਣਕਾਰੀ ਮਿਲਦੀ ਹੈ। |
| ਵਾਕਿਆਤ-ਏ-ਮੁਸ਼ਤਾਕੀ | ਰਿਜਕੁੱਲਾਹ ਮੁਸ਼ਤਾਕੀ | 16ਵੀਂ ਸਦੀ ਦੇ ਮੁਸਲਿਮ ਸਮਾਜ 'ਤੇ ਚਾਨਣਾ ਪਾਉਂਦੀ ਹੈ। |
| ਤਾਰੀਖੇ ਸ਼ਾਹੀ | ਅਹਿਮਦ ਯਾਦਗਾਰ | ਬਹਿਲੋਲ ਲੋਦੀ ਦੇ ਸਮੇਂ ਤੋਂ 1556 ਈ. (ਹੇਮੂ ਦੀ ਮੌਤ) ਤੱਕ ਦਾ ਵੇਰਵਾ ਦਿੰਦੀ ਹੈ। |
| ਤਜਕਿਰਾ-ਏ-ਹੁਮਾਯੂੰ ਅਤੇ ਅਕਬਰ | ਵਾਇਜੀਦ ਵਯਾਤ | ਹੁਮਾਯੂੰ ਅਤੇ ਅਕਬਰ ਦੇ ਵਿਸ਼ੇ ਵਿੱਚ ਜਾਣਕਾਰੀ ਦਿੰਦੀ ਹੈ। |
| ਨਫਾਇਸ-ਉਲ-ਮਾਸਿਰ | ਮੀਰ ਉਲਾਉਦਦੌਲਾ | 1565 ਤੋਂ 1575 ਈ. ਤੱਕ ਦਾ ਇਤਿਹਾਸ। |

ਨੋਟ

| | | |
|---|---|---|
| ਤਾਰੀਖੇ ਅਕਬਰੀ | ਆਰਿਫ ਕੰਧਾਰੀ | 1585 ਈ. ਵਿੱਚ ਰਚੀ ਇਸ ਪੁਸਤਕ ਵਿੱਚ ਅਕਬਰ ਦੇ ਸੁਧਾਰਾਂ ਦਾ ਵਰਨਣ ਹੈ। |
| ਤਾਰੀਖੇ-ਅਲਫੀ | ਮੁੱਲਾ ਦਾਊਦ | ਇਸਲਾਮ ਧਰਮ ਦੇ 1000 ਸਾਲ ਪੂਰੇ ਹੋਣ ਦੇ ਮੌਕੇ 'ਤੇ ਅਕਬਰ ਦੇ ਆਦੇਸ਼ 'ਤੇ ਲਿਖੀ ਗਈ। |
| ਅਕਬਰਨਾਮਾ | ਅਬਦੁਲ ਫਜ਼ਲ | ਅਕਬਰ ਦੇ ਜੀਵਨ ਕਾਲ ਦੀ ਸੰਪੂਰਨ ਕਥਾ। |
| ਤਬਕਾਤੇ ਅਕਬਰੀ | ਨਿਜ਼ਾਮੁਦੀਨ ਅਹਿਮਦ | ਮੁਗਲਾਂ ਅਤੇ ਵੱਖ-ਵੱਖ ਪ੍ਰਾਂਤਾਂ ਦੇ ਵਿਸ਼ੇ ਵਿੱਚ ਤੱਤਕਾਲੀਨ ਜਾਣਕਾਰੀ ਦਿੰਦੀ ਹੈ। |
| ਮੁਨਤਖਬ-ਉਲ-ਤਵਾਰੀਖ | ਅਬਦੁਲ ਕਾਦਿਰ ਬਦਾਯੂੰਨੀ | ਹਿੰਦੁਸਤਾਨ ਦਾ ਤੱਤਕਾਲੀਨ ਆਮ ਇਤਿਹਾਸ। |
| ਤੁਜ਼ੁਕੇ ਜਹਾਂਗੀਰੀ | ਜਗਾਂਗੀਰ ਅਤੇ ਮੌਤਮਿਦ ਖਾਂ | ਜਹਾਂਗੀਰ ਦੇ ਜੀਵਨ ਅਤੇ ਸ਼ਾਸਨਕਾਲ ਦਾ ਵੇਰਵਾ। |
| ਇਕਬਾਲ ਨਾਮਾ-ਏ-ਜਹਾਂਗੀਰੀ | ਮੌਤਮਿਦ ਖਾਂ ਬਖਸ਼ੀ | ਜਹਾਂਗੀਰ ਦੇ ਸ਼ਾਸਨਕਾਲ ਦੀ ਜਾਣਕਾਰੀ ਦਿੰਦੀ ਹੈ। |
| ਪਾਦਸ਼ਾਹਨਾਮਾ | ਮੁਹੰਮਦ ਅਸੀਨ ਕਾਜਬੀਨੀ | ਸ਼ਾਹਜਹਾਂ ਦੇ ਸ਼ਾਸਨਕਾਲ ਦੇ ਅਰੰਭਿਕ 10 ਸਾਲਾਂ ਦਾ ਵਰਨਣ। |
| ਪਾਦਸ਼ਾਹਨਾਮਾ | ਅਬਦੁਲ ਹਮੀਦ ਲਾਹੌਰੀ | ਸ਼ਾਹਜਹਾਂ ਦੇ ਸ਼ਾਸਨਕਾਲ ਦੇ 20 ਸਾਲਾਂ ਦਾ ਵਰਨਣ ਅਤੇ ਸਮਾਜਿਕ ਤੇ ਆਰਥਿਕ ਜੀਵਨ 'ਤੇ ਚਾਨਣਾ। |
| ਪਾਦਸ਼ਾਹਨਾਮਾ | ਮੁਹੰਮਦ ਵਾਰਿਸ | ਸ਼ਾਹਜਹਾਂ ਦੇ 21ਵੇਂ ਸਾਲ ਵਿੱਚ ਆਰੰਭ ਕਰਕੇ 30ਵੇਂ ਸਾਲ ਵਿੱਚ ਪੂਰੀ ਕੀਤੀ। |
| ਅਮਲੇ ਸਾਲੇਹ | ਮੁਹੰਮਦ ਸਾਲੇਹ | ਸ਼ਾਹਜਹਾਂ ਦੇ ਅੰਤਿਮ ਦੋ ਸਾਲਾਂ ਦਾ ਵਰਨਣ। |
| ਤਾਰੀਖੇ ਸ਼ਾਹਜਹਾਂਨੀ | ਸਾਦਿਕ ਖਾਂ | ਸ਼ਾਹਜਹਾਂ ਅਤੇ ਉਸ ਦੇ ਸਮੇਂ ਦਾ ਵਰਨਣ। |
| ਚਹਾਰਚਮਨ | ਚੰਦਰਭਾਨ | ਸ਼ਾਹਜਹਾਂ ਦੀ ਸ਼ਾਸਨ ਪ੍ਰਣਾਲੀ ਅਤੇ ਕਾਰਜ ਪ੍ਰਣਾਲੀ ਦਾ ਵਰਨਣ। |
| ਸ਼ਾਹਜਹਾਂਨਾਮਾ | ਇਨਾਇਤ ਖਾਂ | ਔਰੰਗਜ਼ੇਬ ਦੇ ਸ਼ਾਸਨਕਾਲ ਦੇ ਅਰੰਭਿਕ ਸਾਲਾਂ ਦਾ ਇਤਿਹਾਸ। |
| ਆਲਮਗੀਰਨਾਮਾ | ਕਾਜ਼ਿਮ ਸ਼ਿਰਾਜੀ | ਔਰੰਗਜ਼ੇਬ ਦੇ ਸ਼ਾਸਨ ਦੇ ਅਰੰਭਿਕ ਸਾਲਾਂ ਦਾ ਇਤਿਹਾਸ। |
| ਵਾਕਿਆਤੇ-ਆਲਮਗੀਰੀ | ਆਕਿਲ ਖਾਂ | ਔਰੰਗਜ਼ੇਬ ਦੇ ਸਮੇਂ ਉਤਰਾਧਿਕਾਰ ਯੁੱਧ ਦਾ ਵਰਨਣ। |
| ਖੁਲਾਸਤ-ਉਤ-ਤਵਾਰੀਖ | ਸੁਰਜਨ ਰਾਏ ਭੰਡਾਰੀ | ਔਰੰਗਜ਼ੇਬ ਕਾਲੀਨ ਆਰਥਿਕ ਸਥਿਤੀ, ਭੂਗੋਲਿਕ ਹੱਦਾਂ ਅਤੇ ਵਪਾਰਕ ਮਾਰਗਾਂ 'ਤੇ ਚਾਨਣਾ ਪਾਉਂਦੀ ਹੈ। |
| ਮੁਨਤਖਬ-ਉਲ-ਲੁਬਾਬ | ਖਾਫੀ ਖਾਂ | ਔਰੰਗਜ਼ੇਬ ਦੇ ਸ਼ਾਸਨਕਾਲ ਦਾ ਆਲੋਚਨਾਤਮਕ ਵੇਰਵਾ। |
| ਫੂਤੂਹਾਤ-ਏ-ਆਲਮਗੀਰੀ | ਈਸ਼ਵਰ ਦਾਸ ਨਾਗਰ | ਔਰੰਗਜ਼ੇਬ ਦੇ 34 ਸਾਲਾਂ ਦੇ ਸ਼ਾਸਨਕਾਲ 'ਤੇ ਚਾਨਣਾ ਪਾਉਂਦੀ ਹੈ। |
| ਨੁਸਖਾ-ਏ-ਦਿਲਕੁਸ਼ਾਂ | ਭੀਮ ਸੈਨ ਸਕਸੈਨਾ | ਔਰੰਗਜ਼ੇਬ ਦੇ ਸ਼ਾਸਨ ਕਾਲੀਨ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀ ਦਾ ਵਰਨਣ। |
| ਮਾਸਿਰੇ ਆਲਮਗੀਰੀ | ਸਾਕੀ ਸਤਈ ਖਾਂ | ਔਰੰਗਜ਼ੇਬ ਦੇ 11ਵੇਂ ਸਾਲ ਤੋਂ ਲੈ ਕੇ 20ਵੇਂ ਸਾਲ ਤੱਕ ਦੀ ਸਥਿਤੀ 'ਤੇ ਚਾਨਣਾ ਪਾਉਂਦੀ ਹੈ। |
| ਮਜਮ-ਉਲ-ਬਹਿਰੈਨ | ਦਾਰਾਸ਼ਿਕੋਹ | ਹਿੰਦੂ ਅਤੇ ਇਸਲਾਮ ਧਰਮ ਨੂੰ ਇਕ ਹੀ ਲਕਸ਼ ਦੀ ਪ੍ਰਾਪਤੀ ਦੇ ਦੋ ਰਸਤੇ (ਦੋ ਮਹਾਸਾਗਰਾਂ ਦਾ ਮਿਲਾਪ) ਦੱਸਿਆ ਗਿਆ ਹੈ। |

ਨੋਟ

**ਹਿੰਦੀ ਸਾਹਿਤ**

| **ਰਚਨਾ** | **ਰਚਨਾਕਾਰ** |
|---|---|
| ਰਾਮਚਰਿਤ ਮਾਨਸ | ਤੁਲਸੀਦਾਸ |
| ਵਿਨੈ ਪੱਤ੍ਰਿਕਾ | ਤੁਲਸੀਦਾਸ |
| ਸੂਰਸਾਗਰ | ਸੂਰਦਾਸ |
| ਪ੍ਰੇਮ ਵਾਟਿਕਾ | ਰਸਖਾਨ |
| ਸੁੰਦਰ ਸ਼ਿਗਾਰ | ਸੁੰਦਰ ਕਵੀ ਰਾਏ |
| ਕਵਿਤਾ ਰਤਨਾਕਰ | ਸੈਨਾਪਤੀ |
| ਕਵਿੰਦਰ ਕਲਪਤਰੂ | ਕਵਿੰਦਰ ਅਚਾਰਿਆ |
| ਕਵੀ ਪ੍ਰਿਯ | ਕੇਸ਼ਵਦਾਸ |
| ਰਸਿਕ ਪ੍ਰਿਯ | ਕੇਸ਼ਵਦਾਸ |
| ਅਲੰਕਾਰ ਮੰਜਰੀ | ਕੇਸ਼ਵਦਾਸ |
| ਰਾਮ ਚੰਦ੍ਰਿਕਾ | ਕੇਸ਼ਵਦਾਸ |
| **ਸੰਸਕ੍ਰਿਤ ਸਾਹਿਤ** | |
| ਪਦਮ ਸੁੰਦਰ | ਅਕਬਰ ਸ਼ਾਹ |
| ਸ਼ਿੰਗਾਰ ਦਰਪਣ | ਪਦਮ ਸੁੰਦਰ |
| ਭਾਨੁ ਚੰਦਰ | ਅਚਾਰਿਆ ਸਿੱਧ ਚੰਦਰ ਉਪਾਧਿਆਇ |
| ਰਸ ਸਾਗਰ | ਪੰਡਿਤ ਰਾਜ ਜਗਨਨਾਥ |

**ਪ੍ਰਮੁੱਖ ਯੁੱਧ**

- ਪਹਿਲਾ ਤਰਾਇਨ ਯੁੱਧ (1191 ਈ) : ਪ੍ਰਿਥਵੀ ਰਾਜ ਚੌਹਾਨ ਨੇ ਮੁਹੰਮਦ ਗੋਰੀ ਨੂੰ ਹਰਾਇਆ।
- ਦੂਸਰਾ ਤਰਾਇਨ ਯੁੱਧ (1192 ਈ.) : ਮੁਹੰਮਦ ਗੋਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾਇਆ।
- ਚੰਦਾਵਰ ਦਾ ਯੁੱਧ (1194 ਈ.) : ਗੋਰੀ ਨੇ ਕਨੌਜ ਦੇ ਸ਼ਾਸਕ ਜੈ ਚੰਦਰ ਨੂੰ ਹਰਾਇਆ।
- ਪਾਨੀਪਤ ਦੀ ਪਹਿਲੀ ਲੜਾਈ (1526 ਈ) : ਬਾਬਰ ਨੇ ਇਬਰਾਹਿਮ ਲੋਧੀ ਨੂੰ ਹਰਾਇਆ।
- ਖਾਨਵਾ ਦਾ ਯੁੱਧ (1527 ਈ.) : ਬਾਬਰ ਨੇ ਰਾਣਾ ਸਾਂਗਾ ਨੂੰ ਹਰਾਇਆ।
- ਘਾਘਰਾ ਦਾ ਯੁੱਧ (1529 ਈ.) : ਬਾਬਰ ਨੇ ਅਫਗਾਨਾਂ ਨੂੰ ਹਰਾਇਆ।
- ਚੌਸਾ ਦਾ ਯੁੱਧ (1539 ਈ.) : ਸ਼ੇਰ ਸ਼ਾਹ ਨੇ ਹੁਮਾਯੂੰ ਨੂੰ ਹਰਾਇਆ।
- ਕਨੌਜ ਜਾਂ ਬਿਲਗ੍ਰਾਮ ਦਾ ਯੁੱਧ (1540 ਈ.) : ਸ਼ੇਰ ਸ਼ਾਹ ਨੇ ਹੁਮਾਯੂੰ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ।
- ਪਾਨੀਪਤ ਦੀ ਦੂਸਰੀ ਲੜਾਈ (1556 ਈ.) : ਅਕਬਰ ਨੇ ਅਫਗਾਨ ਸਰਦਾਰ ਹੇਮੂ ਨੂੰ ਹਰਾਇਆ।
- ਤਾਲੀਕੋਟਾ ਜਾਂ ਬੰਨੀ ਹੱਟੀ ਦਾ ਯੁੱਧ (1565 ਈ.) : ਬਹਮਨੀ ਸਾਮਰਾਜ ਦੇ ਚਾਰ ਮੁਸਲਿਮ ਰਾਜਾਂ ਨੇ ਸ਼ਾਮਿਲ ਰੂਪ ਵਿੱਚ ਵਿਜੇ ਨਗਰ ਨੂੰ ਹਰਾਇਆ।
- ਹਲਦੀ ਘਾਟੀ ਦਾ ਯੁੱਧ (1576 ਈ.) : ਅਕਬਰ ਨੇ ਰਾਣਾ ਪ੍ਰਤਾਪ ਨੂੰ ਹਰਾਇਆ।
- ਛੱਤੀਸਗੜ੍ਹ ਦਾ ਯੁੱਧ (1601 ਈ.) : ਅਕਬਰ ਦਾ ਅੰਤਿਮ ਯੁੱਧ।
- ਈਰਾਨੀਆਂ ਵੱਲੋਂ ਕੰਧਾਰ ਖੋਹਣਾ : 1606 ਈ.।
- ਮੁਗਲਾਂ ਨੇ ਕੰਧਾਰ ਦੁਬਾਰਾ ਹੱਥਾਂ ਵਿੱਚ ਲਿਆ : 1607 ਈ.।
- ਮੇਵਾੜ ਮੁਗਲ ਸਾਮਰਾਜ ਦਾ ਅੰਗ ਬਣਿਆ : 1615 ਈ.।

ਨੋਟ

- ਈਰਾਨ ਨੇ ਦੁਬਾਰਾ ਜਿੱਤ ਲਿਆ : 1622 ਈ.।
- ਮੁਗਲਾਂ ਨੇ ਦੁਬਾਰਾ ਕੰਧਾਰ ਹੱਥਾਂ 'ਚ ਲਿਆ : 1638 ਈ.।
- ਕੰਧਾਰ ਈਰਾਨੀਆਂ ਨੇ ਫਿਰ ਹੱਥਾਂ ਵਿੱਚ ਲਿਆ : 1649 ਈ., ਇਸ ਤੋਂ ਬਾਅਦ ਕੰਧਾਰ ਫਿਰ ਕਦੇ ਦਿੱਲੀ ਦੇ ਨਾਲ ਨਹੀਂ ਮਿਲਿਆ।
- ਧਰਮਟ ਅਤੇ ਸਾਮੂਗੜ ਦੀ ਲੜਾਈ : 1658 ਈ. ਔਰੰਗਜ਼ੇਬ ਨੇ ਦਾਰਾਸ਼ਿਕੋਹ ਨੂੰ ਹਰਾਇਆ।
- ਖਜਵਾ ਅਤੇ ਦੇਵਰਾਈ ਦੀ ਲੜਾਈ : 1659 ਈ.।
- ਜਾਜ ਦਾ ਯੁੱਧ : 1707 ਈ.।

**ਅਨੁਦਿਤ ਪੁਸਤਕਾਂ**

- ਮੁਗਲ ਸਮਰਾਟ ਅਕਬਰ ਨੇ 'ਅਨੁਵਾਦ ਵਿਭਾਗ' ਦੀ ਸਥਾਪਨਾ ਕੀਤੀ। ਇਸ ਵਿਭਾਗ ਵਿੱਚ ਸੰਸਕ੍ਰਿਤ, ਅਰਬੀ, ਤੁਰਕੀ ਅਤੇ ਗ੍ਰੀਕ ਭਾਸ਼ਾਵਾਂ ਦੀਆਂ ਅਨੇਕਾਂ ਕਿਤਾਬਾਂ ਦਾ ਅਨੁਵਾਦ ਫਾਰਸੀ ਭਾਸ਼ਾ ਵਿੱਚ ਕੀਤਾ ਗਿਆ। ਫਾਰਸੀ ਮੁਗਲਾਂ ਦੀ ਰਾਜਕੀ ਭਾਸ਼ਾ ਸੀ।
- **'ਮਹਾਭਾਰਤ'** ਦਾ ਫਾਰਸੀ ਭਾਸ਼ਾ ਵਿੱਚ **'ਰਜਮਨਾਮਾ'** ਨਾਮ ਨਾਲ ਬਦਾਯੂੰਨੀ, ਨਕੀਬ ਖਾਂ ਅਤੇ ਅਬਦੁਲ ਕਾਦਿਰ ਨੇ ਅਨੁਵਾਦ ਕੀਤਾ।
- **'ਰਾਮਾਇਣ'** ਦਾ ਅਨੁਵਾਦ 1589 ਈ. ਵਿੱਚ ਫਾਰਸੀ ਵਿੱਚ ਬਦਾਯੂੰਨੀ, ਨਕੀਬ ਖਾਂ ਅਤੇ ਅਬਦੁਲ ਕਾਦਿਰ ਨੇ ਕੀਤਾ।
- ਜੋਤਿਸ਼ ਦੇ ਪ੍ਰਸਿੱਧ ਗ੍ਰੰਥ **'ਤਜਕ'** ਅਤੇ **'ਤੁਜੁਕ'** ਦਾ ਫਾਰਸੀ ਵਿੱਚ ਅਨੁਵਾਦ **'ਜਹਾਨ-ਏ-ਜਫਰ** ਨਾਮ ਨਾਲ ਮੁਹੰਮਦ ਖਾਂ ਗੁਜਰਾਤੀ ਨੇ ਕੀਤਾ।
- **ਅਥਰਵਵੇਦ** ਦਾ ਅਨੁਵਾਦ ਫਾਰਸੀ ਵਿੱਚ ਹਾਜੀ ਇਬਰਾਹਿਮ ਸਰਹਿੰਦੀ ਨੇ ਕੀਤਾ।
- **ਪੰਚਤੰਤਰ** ਦਾ ਫਾਰਸੀ ਵਿੱਚ ਅਨੁਵਾਦ ਅਬੁਲ ਫਜ਼ਲ ਨੇ **'ਅਨਵਰ-ਏ-ਸਾਦਾਤ'** ਨਾਮ ਨਾਲ ਅਤੇ ਮੌਲਾਨਾ ਹੁਸੈਨ ਫੈਜ਼ ਨੇ **'ਯਾਰ-ਏ-ਦਾਨਿਸ਼'** ਨਾਮ ਨਾਲ ਕੀਤਾ।
- **ਕਾਲੀਆ ਦਮਨ** ਦਾ ਅਨੁਵਾਦ ਫਾਰਸੀ ਵਿੱਚ ਅਬੁਲ ਫਜ਼ਲ ਨੇ **'ਆਇਗਰ ਦਾਨਿਸ਼'** ਦੇ ਨਾਮ ਨਾਲ ਕੀਤਾ।
- **'ਰਾਜਤਰੰਗਿਣੀ'** ਦਾ ਫਾਰਸੀ ਵਿੱਚ ਅਨੁਵਾਦ ਮੌਲਾਨਾ ਸ਼ੇਰੀ ਨੇ ਕੀਤਾ।
- ਹਿਸਾਬ ਦੀ ਪੁਸਤਕ **'ਲੀਲਾਵਤੀ'** ਦਾ ਅਨੁਵਾਦ ਫਾਰਸੀ ਵਿੱਚ ਫੈਜੀ ਨੇ ਕੀਤਾ।
- **'ਭਗਵਤ ਪੁਰਾਣ'** ਦਾ ਅਨੁਵਾਦ ਫਾਰਸੀ ਵਿੱਚ **ਟੋਡਰਮੱਲ** ਨੇ ਕੀਤਾ।
- **'ਨਲ ਦਮਯੰਤੀ'** ਦਾ ਅਨੁਵਾਦ ਫਾਰਸੀ ਵਿੱਚ ਅਬਦੁਲ ਕਾਦਿਰ ਅਤੇ ਬਦਾਯੂੰਨੀ ਨੇ ਕੀਤਾ।
- **'ਸਿੰਘਾਸਨ ਬੱਤੀਸੀ'** ਦਾ ਅਨੁਵਾਦ ਫਾਰਸੀ ਵਿੱਚ ਅਬਦੁਲ ਕਾਦਿਰ ਅਤੇ ਬਦਾਯੂੰਨੀ ਨੇ ਕੀਤਾ।
- ਤੁਜੁਕ–ਏ–ਬਾਬਰੀ ਦਾ ਅਨੁਵਾਦ ਅਬਦੁਰ ਰਹੀਮ ਖਾਨਖਾਨਾ ਨੇ ਫਾਰਸੀ ਵਿੱਚ ਕੀਤਾ।
- ਅਰਬੀ ਭਾਸ਼ਾ ਵਿੱਚ ਲਿਖੀ ਗਈ ਭੂਗੋਲ ਦੀ ਪੁਸਤਕ **'ਮੁਜਾਮ-ਉਲ-ਬੁਲਦਾਨ'** ਦਾ ਫਾਰਸੀ ਵਿੱਚ ਅਨੁਵਾਦ ਮੁੱਲਾ ਅਹਿਮਦ ਟਟਵੀ, ਕਾਸਿਮ ਬੇਗ ਅਤੇ ਸ਼ੇਖ ਮੁਨੱਵਰ ਨੇ ਕੀਤਾ।
- ਅਰਬੀ ਕਿਤਾਬ **'ਹਯਾਤ-ਉਲ-ਹਯਵਾਨ'** ਦਾ ਫਾਰਸੀ ਅਨੁਵਾਦ ਅਬੁਲ ਫਜ਼ਲ ਅਤੇ ਸ਼ੇਖ ਮੁਬਾਰਕ ਨੇ ਕੀਤਾ। **'ਯੋਗ ਵਿਸ਼ੇਸ਼'** ਦਾ ਅਨੁਵਾਦ ਫਾਰਸੀ ਵਿੱਚ ਫੈਜੀ ਨੇ ਕੀਤਾ।
- **ਅੱਲੋਪਨਿਸ਼ਦ** : ਇਸਲਾਮ ਦੇ ਪ੍ਰਤੀ ਹਿੰਦੂਆਂ ਵਿੱਚ ਭਾਈਚਾਰਾ ਅਤੇ ਸਨਮਾਨ ਦੀ ਭਾਵਨਾ ਜਗਾਉਣ ਦੇ ਲਈ ਅਕਬਰ ਨੇ ਇਸ ਗ੍ਰੰਥ ਦੀ ਰਚਨਾ ਫੈਜੀ ਤੋਂ ਕਰਵਾਈ।
- **'ਫਾਰਸੀ-ਸੰਸਕ੍ਰਿਤ ਕੋਸ਼'** ਦੀ ਰਚਨਾ ਕਿਸ਼ਨਦਾਸ ਨੇ ਕੀਤੀ।
- ਦਾਰਸ਼ੀਕੋਹ ਨੇ **'ਭਗਵਦ ਗੀਤਾ'**, **'ਯੋਗ ਵਿਸ਼ੇਸ਼'** ਅਤੇ ਪੰਜਾਹ ਉਪਨਿਸ਼ਦਾਂ ਦਾ ਫਾਰਸੀ ਭਾਸ਼ਾ ਵਿੱਚ ਅਨੁਵਾਦ ਕਰਵਾਇਆ।

ਨੋਟ

**ਮੁੱਖ ਪੁਸਤਕਾਂ ਅਤੇ ਉਨ੍ਹਾਂ ਦੇ ਲੇਖਕ**

| ਪੁਸਤਕ | ਲੇਖਕ |
|---|---|
| ਸੂਰਸਾਗਰ | ਸੂਰਦਾਸ |
| ਅਕਬਰਨਾਮਾ | ਅਬੁਲ ਫਜ਼ਲ |
| ਕਾਦੰਬਰੀ | ਬਾਣਭੱਟ |
| ਰਾਜਤਰੰਗਿਣੀ | ਕਲਹਣ |
| ਰਤਨਾਵਲੀ | ਹਰਸ਼ਵਰਧਨ |
| ਨਾਗਾਨੰਦ | ਹਰਸ਼ਵਰਧਨ |
| ਮਾਲਵਿਕਾਗਿੰਮਿਤਰ | ਕਾਲੀਦਾਸ |
| ਤੇਘਦੂਤ | ਕਾਲੀਦਾਸ |
| ਅਭਿਗਿਆਨ ਸ਼ਾਕੁੰਤਲਮ | ਕਾਲੀਦਾਸ |
| ਰਘੂਵੰਸ਼ਮ | ਕਾਲੀਦਾਸ |
| ਵਿਦਸ਼ਾਲਭੰਜਿਕਾ | ਰਾਜ ਸ਼ੇਖਰ |
| ਬਾਲ ਰਾਮਾਇਣ | ਰਾਜ ਸ਼ੇਖਰ |
| ਕਥਾ ਸਰਿਤਸਾਗਰ | ਸੋਮਦੇਵ |
| ਬੁੱਧ ਚਰਿਤ | ਅਸ਼ਵਘੋਸ਼ |
| ਨਿਆ ਭਾਸ਼ਯ | ਬਾਦਰਾਇਣ |
| ਗੀਤ ਗੋਬਿੰਦ | ਜੈ ਦੇਵ |
| ਕਵਿਰਾਜ ਮਾਰਗ | ਅਮੋਘਵਰਸ਼ |
| ਤਹਕੀਕ-ਏ-ਹਿੰਦ | ਅਲਬਰੂਨੀ |
| ਸ਼ਾਹਨਾਮਾ | ਫਿਰਦੌਸੀ |
| ਸਫਰਨਾਮਾ | ਇਬਨਬਤੂਤਾ |
| ਤਾਰੀਖ-ਏ-ਅਲਾਈ | ਅਮੀਰ ਖੁਸਰੋ |
| ਪਦਮਾਵਤ | ਮਲਿਕ ਮੁਹੰਮਦ ਜਾਯਸੀ |
| ਤਾਰੀਖ-ਏ-ਫਿਰੋਜਸ਼ਾਹੀ | ਬਾਰਾਨੀ |
| ਲੈਲਾ ਮਜਨੂ | ਅਮੀਰ ਖੁਸਰੋ |
| ਤੁਜੁਕ-ਏ-ਬਾਬਰੀ | ਬਾਬਰ |
| ਹੁਮਾਯੂੰਨਾਮਾ | ਗੁਲਬਦਨ ਬੇਗਮ (ਬਾਬਰ ਦੀ ਬੇਟੀ) |
| ਸੂਰ ਸਾਰਾਵਲੀ | ਸੂਰਦਾਸ |

**ਮਹੱਤਵਪੂਰਨ : ਮੁਗਲ ਕਾਲ**

**ਖਾਨੇਤ** : ਇਹ ਖਾਨ ਦੇ ਦਫਤਰ ਅਤੇ ਅਧਿਕਾਰ ਖੇਤਰ ਨੂੰ ਪ੍ਰਤੀਬਿੰਬਤ ਕਰਦਾ ਹੈ। ਮੰਗੋਲ ਖਾਨ ਇਕ ਖਾਸ ਖੇਤਰ ਦਾ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਮੁਖੀ ਹੋਇਆ ਕਰਦਾ ਸੀ।

**ਬੰਜਾਰਾ ਜੀਵਨ** : ਕਬੀਲਿਆਂ ਦੇ ਵਿੱਚ ਪ੍ਰਚੱਲਿਤ ਜੀਵਨ ਸ਼ੈਲੀ, ਜਿਸ ਵਿੱਚ ਉਹ ਕਿਸੇ ਇਕ ਸਥਾਨ 'ਤੇ ਟਿਕ ਕੇ ਨਹੀਂ ਰਹਿੰਦੇ ਅਤੇ ਭੋਜਨ-ਪਾਣੀ ਦੀ ਭਾਲ ਵਿੱਚ ਇੱਧਰ-ਉੱਧਰ ਭਟਕਦੇ ਰਹਿੰਦੇ ਹਨ।

**ਆਟੋਮਨ** : ਇਹ ਸ਼ਬਦ ਅਰਬੀ ਉਸਮਾਨ ਦਾ ਵਿਕ੍ਰਤ ਅੰਗਰੇਜ਼ੀ ਰੂਪ ਹੈ। ਆਟੋਮਨ ਤੁਰਕ ਸਨ, ਜਿਨ੍ਹਾਂ ਦੀ ਸ਼ਕਤੀ 15ਵੀਂ ਸਦੀ ਦੇ ਦੌਰਾਨ ਤੇਜ਼ੀ ਨਾਲ ਵਧੀ। 1453 ਈ. ਵਿੱਚ ਕੁਸਤੁਨਤੁਨੀਆ (ਕਾਂਸਟੇਨਿਟਨੋਪਲ) 'ਤੇ ਅਧਿਕਾਰ ਪ੍ਰਾਪਤ ਕਰਨ ਤੋਂ ਬਾਅਦ ਏਸ਼ੀਆ ਮਾਇਨਰ 'ਤੇ ਉਨ੍ਹਾਂ ਦਾ ਪੂਰਾ ਕਬਜ਼ਾ ਹੋ ਗਿਆ।

**ਸ਼ੀਆ** : ਇਹ ਮੁਸਲਮਾਨਾਂ ਦਾ ਇਕ ਸੰਪ੍ਰਦਾਇ ਹੈ ਜੋ ਆਪਣੇ ਆਪ ਨੂੰ ਪੈਗੰਬਰ ਦਾ ਸਿੱਧਾ ਉਤਰਾਧਿਕਾਰੀ ਮੰਨਦਾ ਹੈ ਅਤੇ ਇਹ ਮੰਨਦਾ ਹੈ ਕਿ ਉਸ ਨੂੰ ਮੁਸਲਮਾਨ ਸਮੁਦਾਇ ਨੂੰ ਧਾਰਮਿਕ ਅਤੇ ਰਾਜਨੀਤਿਕ ਅਗਵਾਈ ਦੇਣ ਦਾ ਅਧਿਕਾਰ ਪੈਗੰਬਰ ਤੋਂ ਮਿਲਿਆ ਹੈ। ਇਹ ਨਾਮ ਸ਼ਿਆਤ ਅਲੀ ਦੇ ਨਾਮ 'ਤੇ ਅਧਾਰਿਤ ਹੈ। ਉਹ ਹਜਰਤ ਅਲੀ (ਪੈਗੰਬਰ ਮੁਹੰਮਦ ਦੇ ਚਚੇਰੇ ਭਰਾ ਅਤੇ ਉਨ੍ਹਾਂ ਦੀ ਬੇਟੀ ਫਾਤਿਮਾ ਦੇ ਪਤੀ) ਦੇ ਦਲ ਲਈ ਪ੍ਰਯੁਕਤ ਕੀਤਾ ਜਾਣ ਵਾਲਾ ਅਰਬੀ ਭਾਸ਼ਾ ਦਾ ਸ਼ਬਦ ਹੈ।

**ਸੁੰਨੀ** : ਮੁਸਲਮਾਨਾਂ ਦਾ ਇਕ ਸੰਮੁਦਾਇ, ਜੋ ਸ਼ੀਆਵਾਂ ਦੇ ਦਾਅਵੇ ਨੂੰ ਸਵੀਕਾਰ ਨਹੀਂ ਕਰਦਾ। 'ਸੁੰਨੀ' ਸ਼ਬਦ ਅਰਬੀ 'ਸੁੰਨ' ਤੋਂ ਨਿਕਲਿਆ ਹੈ। ਸੁੰਨੀਆਂ ਨੂੰ ਕੁਰਾਨ ਦੇ ਕੇਵਲ ਹਦੀਸ ਵਿੱਚ ਜੋ ਸ਼ਰੀਅਤ (ਇਸਲਾਮੀ ਕਾਨੂੰਨ) ਦਾ ਸਰੋਤ ਹੈ, ਵਰਣਿਤ ਪੈਗੰਬਰ ਮੁਹੰਮਦ ਦੇ ਕਥਨ ਅਤੇ ਉਪਦੇਸ਼ ਹੀ ਮੰਨਣ ਯੋਗ ਹਨ।

**ਤੁਰਕਮਾਨ ਸਮੂਹ** : ਏਸ਼ੀਆ ਮਾਇਨਰ ਅਤੇ ਮੱਧ ਏਸ਼ੀਆ ਦੇ ਕਬੀਲੇ।

**ਅਮੀਨ** : ਰਾਜਸਵ ਨਿਰਧਾਰਿਤ ਕਰਨ ਵਾਲਾ ਪਦਾਧਿਕਾਰੀ।

**ਇਕਤਾ** : ਤਨਖਾਹ ਦੇ ਬਦਲੇ ਭੂ-ਵੰਡ।

**ਕਨਕੂਤ** : ਰਾਜਸਵ ਨਿਰਧਾਰਣ ਦਾ ਅਜਿਹਾ ਤਰੀਕਾ, ਜਿਸ ਵਿੱਚ ਇਲਾਕੇ ਨੂੰ ਨਾਪਿਆ ਜਾਂਦਾ ਸੀ ਅਤੇ ਉਸ ਨੂੰ ਨਕਦ ਧਨ ਜਾਂ ਵਸਤੂ ਦੇ ਰੂਪ ਵਿੱਚ ਵਸੂਲ ਕੀਤਾ ਜਾਂਦਾ ਸੀ।

**ਕਾਰਖਾਨਾ** : ਇਸ ਕਾਲ ਵਿੱਚ ਕਾਰਖਾਨੇ ਨਾ ਕੇਵਲ ਨਿਰਮਾਣ ਕੇਂਦਰ ਦਾ, ਬਲਕਿ ਭੰਡਾਰ ਗ੍ਰਹਿ ਦਾ ਵੀ ਕੰਮ ਕਰਦੇ ਸਨ।

**ਖਾਲਸਾ** : ਰਾਜੇ ਦੀ ਭੂਮੀ, ਇਸ ਭੂਮੀ ਦਾ ਰਾਜਸਵ ਰਾਜਕੀ ਕੋਸ਼ ਦੇ ਲਈ ਸੁਰੱਖਿਅਤ ਰੱਖਿਆ ਜਾਂਦਾ ਸੀ।

**ਪਰਗਨਾ** : ਕਈ ਪਿੰਡਾਂ ਨੂੰ ਮਿਲਾ ਕੇ ਬਣਾਈ ਗਈ ਇਕ ਪ੍ਰਸ਼ਾਸਨਿਕ ਇਕਾਈ।

**ਸਵ-ਮੁਲਾਂਕਣ (Self Assessment)**

3. ਬਹੁ ਵਿਕਲਪੀ ਪ੍ਰਸ਼ਨ (Multiple Choice Questions):

(i) ਵਜ਼ੀਰ ਦਾ ਉਦਗਮ ਕਿੱਥੇ ਹੋਇਆ?

(ਅ) ਈਰਾਨ ਵਿੱਚ (ਬ) ਇਰਾਕ ਵਿੱਚ (ਸ) ਅਫਗਾਨਿਸਤਾਨ ਵਿੱਚ (ਦ) ਕੁਵੈਤ ਵਿੱਚ

(ii) ਸ਼ਾਹਜਹਾਂ ਦੇ ਸਭ ਤੋਂ ਖੂਬਸੂਰਤ ਮਹਿਲ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ–

(ਅ) ਸ਼ੀਸ਼ ਮਹਿਲ (ਬ) ਰੰਗ ਮਹਿਲ (ਸ) ਸਵਰਣ ਮਹਿਲ (ਦ) ਮੁਮਤਾਜ ਮਹਿਲ

(iii) 'ਅਕਬਰਨਾਮਾ' ਦੇ ਲੇਖਕ ਕੌਣ ਹਨ?

(ਅ) ਹੁਮਾਯੂੰ (ਬ) ਸ਼ਾਹਜਹਾਂ (ਸ) ਅਬੁਲ ਫਜ਼ਲ (ਦ) ਬਾਬਰ

(iv) ਖਾਨਵਾ ਦਾ ਯੁੱਧ ਕਦੋਂ ਹੋਇਆ?

(ਅ) 1526 ਈ. (ਬ) 1527 ਈ. (ਸ) 1528 ਈ. (ਦ) 1529 ਈ.

(v) ਮਿਰਜ਼ਾ ਹੈਦਰ ਦੋਗਲਤ ਦੀ ਰਚਨਾ ਕਿਹੜੀ ਹੈ?

(ਅ) ਤਾਰੀਖ-ਏ-ਰਸ਼ੀਦੀ (ਬ) ਕਾਨੂੰਨੇ ਹੁਮਾਯੂੰਨੀ (ਸ) ਤਾਰੀਖੇ ਸ਼ਾਹੀ (ਦ) ਤਾਰੀਖੇ-ਅਲਫੀ

## 12.12 ਸਾਰ ਅੰਸ਼ (Summary)

- ਮੁਗਲ ਕਾਲ ਵਿੱਚ ਫਾਰਸੀ ਸਾਹਿਤ ਦੀ ਵਿਸ਼ੇਸ਼ ਪ੍ਰਗਤੀ ਹੋਈ। ਅਕਬਰ ਦੇ ਇਲਾਵਾ ਹੋਰ ਸਾਰੇ ਮੁਗਲ ਬਾਦਸ਼ਾਹ ਪੜ੍ਹੇ-ਲਿਖੇ ਸਨ ਅਤੇ ਸਾਰਿਆਂ ਨੇ ਸਾਹਿਤਕ ਪ੍ਰਗਤੀ ਵਿੱਚ ਸਹਿਯੋਗ ਪ੍ਰਦਾਨ ਕੀਤਾ। ਉਸ ਨੇ ਆਪਣੀ ਆਤਮ

**ਨੋਟ**

ਕਥਾ '**ਤੁਜ਼ਕ-ਏ-ਬਾਬਰੀ** ਜਾਂ '**ਬਾਬਰਨਾਮਾ**' ਤੁਰਕੀ ਵਿੱਚ ਲਿਖੀ ਸੀ। ਬਾਬਰ ਤਰਕੀ ਅਤੇ ਫਾਰਸੀ ਵਿੱਚ ਕਵਿਤਾ ਕਰਦਾ ਸੀ। ਉਸ ਦਾ ਕਵਿਤਾ ਸੰਗ੍ਰਹਿ '**ਦੀਵਾਨ**' (**ਤੁਰਕੀ**) ਬਹੁਤ ਪ੍ਰਸਿੱਧ ਹੋਇਆ।

- ਫਾਰਸੀ ਵਿੱਚ ਦੂਸਰਾ ਮਹੱਤਵਪੂਰਨ ਕੰਮ ਸੀ-ਕਈ ਦੂਸਰੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਦਾ ਫਾਰਸੀ ਵਿੱਚ ਅਨੁਵਾਦ। ਸੰਸਕ੍ਰਿਤ ਦੀਆਂ ਪੁਸਤਕਾਂ ਵਿੱਚ '**ਮਹਾਭਾਰਤ**' ਦਾ ਅਨੁਵਾਦ ਨਕੀਬ ਖਾਂ, ਬਦਾਯੂੰਨੀ, ਅਬੁਲ ਫਜਲ, ਫੈਜੀ ਆਦਿ ਵਿਦਵਾਨਾਂ ਦੇ ਸ਼ਾਮਿਲ ਯਤਨਾਂ ਨਾਲ ਕੀਤਾ ਗਿਆ।
- ਦੱਖਣ ਵਿੱਚ ਬੀਜਾਪੁਰ ਦੇ ਆਦਿਲਸ਼ਾਹੀ ਸ਼ਾਸਕਾਂ ਨੇ ਫਾਰਸੀ ਸਾਹਿਤ ਨੂੰ ਭਰਪੂਰ ਸੁਰੱਖਿਆ ਪ੍ਰਦਾਨ ਕੀਤੀ। ਇਬਰਾਹਿਮ ਆਦਿਲ ਸ਼ਾਹ ਦੂਜਾ (1580–1626 ਈ.) ਦੇ ਦਰਬਾਰ ਵਿੱਚ ਉਤਰ ਭਾਰਤ ਅਤੇ ਮੱਧ ਏਸ਼ੀਆ ਤੋਂ ਕਈ ਲੇਖਕ ਅਤੇ ਕਵੀ ਇਕੱਠੇ ਹੋਣ ਲੱਗੇ।
- ਮੱਧ ਕਾਲ ਵਿੱਚ ਸੰਸਕ੍ਰਿਤ ਦਰਬਾਰ ਦੀ ਮੁੱਖ ਭਾਸ਼ਾ ਨਹੀਂ ਰਹਿ ਗਈ। ਹਾਲਾਂਕਿ ਮੁਗਲ ਸਮਰਾਟਾਂ ਅਤੇ ਦਾਰਾ ਵਰਗੇ ਰਾਜ ਕੁਮਾਰਾਂ ਨੇ ਸੰਸਕ੍ਰਿਤ ਵਿਦਵਾਨਾਂ ਨੂੰ ਸੁਰੱਖਿਆ ਦਿੱਤੀ ਪਰ ਉਤਰ ਭਾਰਤ ਵਿੱਚ ਇਸ ਦਾ ਪਹਿਲਾਂ ਵਰਗਾ ਮਹੱਤਵ ਨਹੀਂ ਰਿਹਾ।
- ਤਾਮਿਲ, ਤੇਲਗੂ, ਕੰਨੜ੍ਹ ਅਤੇ ਮਲਿਆਲਮ ਆਦਿ ਮੁੱਖ ਦੱਖਣ ਭਾਰਤੀ ਭਾਸ਼ਾਵਾਂ ਸਨ, ਜਿਨ੍ਹਾਂ ਵਿੱਚ ਇਸ ਕਾਲ ਵਿੱਚ ਸਾਹਿਤ ਰਚਨਾ ਹੋਈ।
- ਮਨੁਮੰਚੀ ਭੱਟ ਨੇ 16ਵੀਂ ਸਦੀ ਵਿੱਚ **ਹਥਲਕਸ਼ਣ** ਨਾਮ ਦੀ ਕਿਤਾਬ ਲਿਖੀ। ਇਸ ਵਿੱਚ ਘੋੜਿਆਂ ਅਤੇ ਉਨ੍ਹਾਂ ਦੇ ਪ੍ਰੀਖਣ ਦਾ ਵਰਨਣ ਹੈ। 17ਵੀਂ ਸਦੀ ਵਿੱਚ ਵਿਜੇਨਗਰ ਦੇ ਪਤਨ ਦੇ ਬਾਅਦ ਤੇਲਗੂ ਸਾਹਿਤਕਾਰਾਂ ਨੂੰ ਗਾਡੀਕੋਟਾ, ਨੇਲੂ, ਸਿੱਧਵਟਮ, ਜਿੰਜੀ, ਤੰਜੌਰ ਅਤੇ ਮਦੁਰਾ ਵਰਗੇ ਛੋਟੇ ਰਾਜਾਂ ਨੇ ਸ਼ਰਣ ਦਿੱਤੀ। ਸਿੱਧਵਟਮ ਦੇ ਮਾਲਤੀ ਅਨੰਤ **ਕਾਕੁਸਤਵਿਜਯਮ** (1590–1660 ਈ.) ਲਿਖਿਆ। ਨੇਲੋਰ ਦੇ ਪੁਸ਼ਪਗਿਰੀ ਨੇ ਭ੍ਰਤਹਰੀ ਕਿਤਾਬ **ਨੀਤੀਸ਼ਤਕ** ਦਾ ਅਨੁਵਾਦ ਕੀਤਾ। ਤੰਜੌਰ ਦੇ ਰਾਜਾ ਰਘੁਨਾਥ ਨਾਮ ਦੇ **ਵਾਲਮੀਕੀ ਚਰਿੱਤਰ** ਨਾਮ ਨਾਲ ਇਕ ਅਰੰਭਿਕ ਗਧ ਕਿਤਾਬ ਲਿਖੀ ਸੀ।
- ਅਬੁਲ ਫਜ਼ਲ ਦੀ ਕੜੀ ਮਿਹਨਤ ਦੇ ਫਲਸਰੂਪ ਤਿੰਨ ਖੰਡਾਂ ਵਿੱਚ ਇਕ ਵਿਸ਼ਾਲ ਪੁਸਤਕ '**ਅਕਬਰਨਾਮਾ**' ਹੋਂਦ ਵਿੱਚ ਆਈ। ਪਹਿਲੇ ਖੰਡ ਵਿੱਚ ਬਾਬਰ ਅਤੇ ਹੁਮਾਯੂੰ ਸਹਿਤ ਅਕਬਰ ਦੇ ਪੂਰਵਜਾਂ ਦਾ ਵੇਰਵਾ ਦਿੱਤਾ ਗਿਆ ਹੈ, ਦੂਸਰੇ ਖੰਡ ਵਿੱਚ ਪੂਰੀ ਤਰ੍ਹਾਂ ਕਾਲਕ੍ਰਮਿਕ ਵਿਵਸਥਾ ਵਿੱਚ ਅਕਬਰ ਦੇ ਸ਼ਾਸਨ ਦੀ ਸਰਗੀਣ ਵਿਵੇਚਨਾ ਦੇ ਪ੍ਰਤੀ ਸਮਰਪਿਤ ਹੈ। **ਅਕਬਰਨਾਮਾ** ਦੇ ਤੀਸਰੇ ਖੰਡ ਨੂੰ '**ਆਇਨ-ਏ-ਅਕਬਰੀ**' ਦਾ ਉਪ-ਸਿਰਲੇਖ ਦਿੱਤਾ ਗਿਆ ਹੈ।
- ਮੁਗਲ ਬਾਦਸ਼ਾਹਾਂ ਨੂੰ ਇਮਾਰਤਾਂ ਬਣਵਾਉਣ ਦਾ ਸ਼ੌਕ ਸੀ। ਸ਼ਾਹਜਹਾਂ ਦੇ ਸਮੇਂ ਤੱਕ ਅਜਿਹੀਆਂ ਇਮਾਰਤਾਂ ਦਾ ਨਿਰਮਾਣ ਹੋਇਆ ਜੋ ਹਾਲੇ ਤੱਕ ਸਥਾਪਿਤ ਕਲਾ ਦੇ ਸ੍ਰੇਸ਼ਠਤਾ ਨਮੂਨੇ ਮੰਨੇ ਜਾਂਦੇ ਹਨ।
- ਪਹਿਲੇ ਮੁਗਲ ਬਾਦਸ਼ਾਹ **ਬਾਬਰ** ਇਮਾਰਤਾਂ ਬਣਵਾਉਣ ਦਾ ਸ਼ੌਕੀਨ ਸੀ ਅਤੇ ਉਸ ਨੇ ਦੇਖਿਆ ਕਿ ਭਾਰਤ ਵਿੱਚ ਮਜ਼ਦੂਰੀ ਬਹੁਤ ਸਸਤੀ ਹੈ। ਉਸ ਦੇ ਸਮੇਂ ਵਿੱਚ ਹਜ਼ਾਰਾਂ ਮਜ਼ਦੂਰਾਂ ਨੇ ਆਗਰਾ, ਬਿਆਨਾ, ਧੋਲਪੁਰ ਆਦਿ ਸਥਾਨਾਂ 'ਤੇ ਇਮਾਰਤਾਂ ਬਣਾਉਣ ਦਾ ਕੰਮ ਕੀਤਾ। ਬਾਬਰ ਰਾਜਾ ਮਾਨ ਸਿੰਘ ਅਤੇ ਰਾਜਾ ਵਿਕਰਮਾਜੀਤ ਵੱਲੋਂ ਬਣਵਾਈਆਂ ਗਈਆਂ ਗਵਾਲੀਅਰ ਦੀਆਂ ਇਮਾਰਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਜਦ ਕਿ ਕਲਾ ਦਾ ਪਾਰਖੀ ਹੋਣ ਦੇ ਕਾਰਨ ਉਹ ਉਨ੍ਹਾਂ ਦੇ ਦੋਸ਼ਾਂ ਨੂੰ ਵੀ ਸਮਝ ਸਕਿਆ ਸੀ।
- ਹੁਮਾਯੂੰ ਦਾ ਮਕਬਰਾ ਬਣਵਾਉਣ ਵਿੱਚ ਅਕਬਰ ਦੀ ਭੂਮਿਕਾ ਨਹੀਂ ਸੀ। ਇਸ ਦੇ ਬਾਅਦ ਬਣੀਆਂ ਸਾਰੀਆਂ ਇਮਾਰਤਾਂ 'ਤੇ ਅਕਬਰ ਦੇ ਵਿਅਕਤੀਤਵ ਅਤੇ ਵਿਚਾਰਾਂ ਦੀ ਛਾਪ ਹੈ। ਅਕਬਰ ਦੇ ਸਮੇਂ ਵਿੱਚ **ਆਗਰਾ**, **ਲਾਹੌਰ** ਅਤੇ **ਇਲਾਹਾਬਾਦ** ਦੇ ਕਿਲ੍ਹੇ ਬਣਵਾਏ ਗਏ, ਉਨ੍ਹਾਂ ਵਿੱਚ ਬਹੁਤ ਸਾਰੀਆਂ ਇਮਾਰਤਾਂ ਬਣਵਾਈਆਂ ਗਈਆਂ ਅਤੇ **ਫਤਹਿਪੁਰ ਸੀਕਰੀ** ਦੇ ਨਗਰ ਅਤੇ ਉਨ੍ਹਾਂ ਵਿੱਚ ਕਈ ਇਮਾਰਤਾਂ ਦਾ ਨਿਰਮਾਣ ਕੀਤਾ ਗਿਆ।
- **ਜਹਾਗੀਰ** ਨੂੰ ਸਥਾਪਿਤ ਕਲਾ ਦੀ ਜਗ੍ਹਾ 'ਤੇ ਚਿੱਤਰ ਕਲਾ ਅਤੇ ਬਗੀਚੇ ਲਗਾਉਣ ਦਾ ਸ਼ੌਕ ਸੀ। ਫਿਰ ਵੀ ਉਸ ਦੇ ਸਮੇਂ ਵਿੱਚ ਕੁਝ ਇਮਾਰਤਾਂ ਦਾ ਨਿਰਮਾਣ ਹੋਇਆ। ਇਸ ਦੇ ਇਲਾਵਾ, ਸਥਾਪਿਤ ਕਲਾ ਉਸੇ ਸਮੇਂ ਨਾਲ ਇਕ ਨਵਾਂ ਮੋੜ ਲੈਂਦੀ ਹੈ। **ਸਫੈਦ ਸੰਗਮਰਮਰ** ਦਾ ਇਸਤੇਮਾਲ ਅਤੇ ਉਸ 'ਤੇ ਜ਼ਿਆਦਾਤਰ **ਪੱਚੀਕਾਰੀ** ਜੋ ਸ਼ਾਹਜਹਾਂ ਦੇ ਸਮੇਂ ਵਿੱਚ ਸ੍ਰੇਸ਼ਠਤਾ 'ਤੇ ਪਹੁੰਚ ਗਈ, ਜਹਾਂਗੀਰ ਦੇ ਸਮੇਂ ਆਰੰਭ ਹੋਈ ਸੀ।
- **ਸ਼ਾਹਜਹਾਂ** ਦੇ ਸਮੇਂ ਵਿੱਚ ਮੁਗਲ ਸਥਾਪਿਤ-ਕਲਾ ਆਪਣੇ ਸ੍ਰੇਸ਼ਠਤਾ 'ਤੇ ਪਹੁੰਚ ਗਈ। **ਸਫੈਦ ਸੰਗਮਰਮਰ** ਅਤੇ **ਹੋਰ ਕੀਮਤੀ ਪੱਥਰਾਂ ਦਾ ਇਸਤੇਮਾਲ**, **ਜ਼ਿਆਦਾਤਰ ਪੱਚੀਕਾਰੀ**, **ਕੀਮਤੀ ਰੰਗਾਂ ਦਾ ਇਸਤੇਮਾਲ** ਆਦਿ ਉਸ ਦੇ ਸਮੇਂ ਦੀ ਕਲਾ ਦੀ ਵਿਸ਼ੇਸ਼ਤਾ ਬਣ ਗਏ।

ਨੋਟ

- ਸ਼ਾਹਜਹਾਂ ਦੀ ਸ੍ਰੇਸ਼ਠ ਇਮਾਰਤ ਆਗਰਾ ਵਿੱਚ ਆਪਣੀ ਬੀਵੀ ਮੁਮਤਾਜ ਮਹਿਲ ਦੀ ਯਾਦ ਵਿੱਚ ਬਣਵਾਇਆ ਗਿਆ ਵਿਸ਼ਵ ਪ੍ਰਸਿੱਧ ਤਾਜ ਮਹਿਲ ਹੈ ਜਿਸ ਨੂੰ 22 ਸਾਲਾਂ ਵਿੱਚ ਲੱਗਭਗ 9 ਕਰੋੜ ਰੁਪਏ ਦੀ ਲਾਗਤ ਨਾਲ ਬਣਵਾਇਆ ਗਿਆ ਸੀ।
- **ਔਰੰਗਜ਼ੇਬ** ਦੀਆਂ ਲਲਿਤ ਕਲਾਵਾਂ ਵਿੱਚ ਕੋਈ ਰੁਚੀ ਨਹੀਂ ਸੀ। ਉਸ ਦੇ ਸਮੇਂ ਵਿੱਚ ਕਿਸੇ ਵੀ ਸ੍ਰੇਸ਼ਠ ਇਮਾਰਤ ਦਾ ਨਿਰਮਾਣ ਨਹੀਂ ਹੋਇਆ। ਉਸ ਦੇ ਸਮੇਂ ਵਿੱਚ ਬਣੀ ਹੋਈ ਇਕ ਇਮਾਰਤ ਲਾਹੌਰ ਦੀ **ਬਾਦਸ਼ਾਹੀ ਮਸਜ਼ਿਦ** ਹੈ, ਜਿਸ ਨੂੰ ਔਰੰਗਜ਼ੇਬ ਨੇ ਸੰਭਵ ਤੌਰ ’ਤੇ ਆਪਣੇ ਨਿੱਜੀ ਇਸਤੇਮਾਲ ਦੇ ਲਈ ਬਣਵਾਇਆ ਹੋਵੇਗਾ, ਕਿਉਂਕਿ ਇਸ ਦਾ ਆਕਾਰ ਬਹੁਤ ਛੋਟਾ ਹੈ।
- ਅਬੁਲ ਫਜ਼ਲ ਦੇ ਅਨੁਸਾਰ, ‘ਸਮਰਾਟ (ਅਕਬਰ) ਸੁੰਦਰ ਇਮਾਰਤਾਂ ਦੀ ਯੋਜਨਾ ਬਣਾਉਂਦਾ ਹੈ ਅਤੇ ਆਪਣੇ ਦਿਮਾਗ ਅਤੇ ਦਿਲ ਦੇ ਵਿਚਾਰ ਨਾਲ ਪੱਥਰ ਅਤੇ ਗਾਰੇ ਦਾ ਰੂਪ ਦੇ ਦਿੰਦਾ ਹੈ।’
- ਇਸ ਕਾਲ ਵਿੱਚ ਰਾਜਪੂਤ ਚਿੱਤਰਕਲਾ ਸ਼ੈਲੀ ਰਾਜਸਥਾਨ ਦੇ ਵੱਖ-ਵੱਖ ਰਾਜਪੂਤ ਸ਼ਾਸਕਾਂ ਦੀ ਸੁਰੱਖਿਆ ਵਿੱਚ ਵਧੀ-ਫੁੱਲੀ ਸੀ। ਮੇਵਾੜ, ਜੋਧਪੁਰ, ਜੈਪੁਰ, ਬੂੰਦੀ, ਕੋਟਾ, ਬੀਕਾਨੇਰ ਅਤੇ ਕਿਸ਼ਨਗੜ੍ਹ ਰਾਜਸਥਾਨੀ ਚਿੱਤਰਕਲਾ ਦੇ ਮੁੱਖ ਕੇਂਦਰ ਸਥਾਨ ਸਨ। ਇਨ੍ਹਾਂ ਵੱਖ-ਵੱਖ ਰਾਜਾਂ ਦੀ ਸੁਰੱਖਿਆ ਵਿੱਚ ਰਾਜਸਥਾਨੀ ਜਾਂ ਰਾਜਪੂਤ ਚਿੱਤਰ ਕਲਾ ਮੁਗਲ ਚਿੱਤਰ ਕਲਾ ਤੋਂ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਸਨ, ਮੁੱਖ ਤੌਰ ’ਤੇ ਪਾਂਡੂ ਲਿਪੀਆਂ ’ਤੇ ਲਘੂ ਚਿੱਤਰਾਂ ਦੀ ਪ੍ਰੰਪਰਾ ਰਾਜਸਥਾਨ ਵਿੱਚ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਸੀ।
- **ਬਰਨੀਅਰ** ਨਾਮ ਦੇ ਫ੍ਰਾਂਸਿਸੀ ਯਾਤਰੀ 17ਵੀਂ ਸਦੀ ਵਿੱਚ ਭਾਰਤ ਆਇਆ ਸੀ, ਉਹ ਦੱਸਦਾ ਸੀ ਕਿ ਲੱਗਭਗ ਹਰੇਕ ਪਿੰਡ ਵਿੱਚ ਚਾਵਲ, ਆਟਾ, ਮੱਖਣ, ਦੁੱਧ, ਸਬਜ਼ੀ, ਚੀਨੀ ਅਤੇ ਵੱਖ-ਵੱਖ ਤਰ੍ਹਾਂ ਦੀਆਂ ਮਿਠਾਈਆਂ ਖਰੀਦੀਆਂ ਜਾ ਸਕਦੀਆਂ ਸਨ। ਇੱਥੋਂ ਤੱਕ ਕਿ ਕਈ ਪਿੰਡਾਂ ਵਿੱਚ ਭੇਡ, ਬੱਕਰੀ, ਮੁਰਗਾ ਆਦਿ ਵੀ ਉਪਲੱਬਧ ਹੁੰਦੇ ਸਨ।
- ਭਾਰਤ ਦਾ ਅੰਤਰ ਪ੍ਰਾਂਤ ਵਪਾਰ ਕਾਫੀ ਵਿਕਸਿਤ ਸੀ। ਆਵਾਜਾਈ ਦੇ ਖਰਚ ਅਤੇ ਆਉਣ-ਜਾਣ ਵਿੱਚ ਲੱਗਣ ਵਾਲੇ ਸਮੇਂ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਅੰਤਰਰਾਸ਼ਟਰੀ ਵਪਾਰ ਦਾ ਨਤੀਜਾ ਕਾਫੀ ਉਚਾ ਸੀ। ਵਪਾਰ ਦੇ ਲਈ ਵਸਤੂਆਂ ਅਤੇ ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਸੈਂਕੜਿਆਂ ਅਤੇ ਕਦੀ-ਕਦੀ ਹਜ਼ਾਰਾਂ ਮੀਲ ਦੂਰ ਲਿਜਾਈਆਂ ਜਾਂਦੀਆਂ ਸਨ।
- ਭਾਰਤ ਵਿੱਚ ਹੋਣ ਵਾਲੇ ਨਿਰਯਾਤ ਦੀ ਤੁਲਨਾ ਵਿੱਚ ਆਯਾਤ ਕੁਝ ਚੁਣੀਆਂ ਹੋਈਆਂ ਵਸਤੂਆਂ ਤੱਕ ਹੀ ਸੀਮਿਤ ਸੀ। ਮੁੱਖ ਰੂਪ ਨਾਲ ਚਾਂਦੀ ਦਾ ਆਯਾਤ ਹੁੰਦਾ ਸੀ।
- ਅਬੁਲ ਫਜ਼ਲ ਦਾ ਜਨਮ 1550 ਈ. ਵਿੱਚ ਹੋਇਆ ਸੀ। ਉਹ ਸ਼ੇਖ ਮੁਬਾਰਕ ਦਾ ਪੁੱਤਰ ਸੀ। ਉਸ ਨੇ ਆਪਣਾ ਜੀਵਨ 20 ਸਵਾਰ ਦੇ ਮਨਸਬੇ ਨਾਲ ਸ਼ੁਰੂ ਕੀਤਾ ਅਤੇ ਆਪਣੀ ਯੋਗਤਾ ਨਾਲ 5,000 ਸਵਾਰ ਦਾ ਮਨਸਬਦਾਰ ਬਣਿਆ। ਉਸ ਨੂੰ ਸਾਹਿਤ, ਇਤਿਹਾਸ ਅਤੇ ਦਰਸ਼ਨ ਸ਼ਾਸਤਰ ਦਾ ਬਹੁਤ ਗਿਆਨ ਸੀ। ਉਸ ਨੇ ‘**ਅਕਬਰਨਾਮਾ**’ ਅਤੇ ‘**ਆਈਨੇ ਅਕਬਰੀ**’ ਦੀ ਰਚਨਾ ਕੀਤੀ।

## 12.13 ਸ਼ਬਦਕੋਸ਼ (Keywords)

- **ਪੌਰਾਣਿਕ** : ਪੁਰਾਣ ਸਬੰਧੀ।
- **ਵਰਣਿਤ** : ਵਰਨਣ ਕੀਤਾ ਗਿਆ।

## 12.14 ਅਭਿਆਸ ਪ੍ਰਸ਼ਨ (Review Questions)

1. ਫਾਰਸੀ ਸਾਹਿਤ ਵਿੱਚ ਇਤਿਹਾਸਿਕ ਪੁਸਤਕਾਂ ਦੀ ਕੀ ਭੂਮਿਕਾ ਹੈ?
2. ਉਤਰ ਭਾਰਤ ਵਿੱਚ ਹਿੰਦੀ ਸਾਹਿਤ ਦੇ ਵਿਕਾਸ ’ਤੇ ਚਾਨਣਾ ਪਾਓ।
3. ਦੱਖਣ ਭਾਰਤੀ ਭਾਸ਼ਾਵਾਂ ਦੇ ਨਾਮ ਲਿਖੋ।
4. ਮੁਗਲ ਕਾਲੀਨ ਸਥਾਪਿਤ-ਕਲਾ ਦਾ ਵਰਨਣ ਕਰੋ।
5. ਖੇਤਰੀ ਚਿੱਤਰ ਕਲਾ ਦੇ ਵਿਕਾਸ ’ਤੇ ਚਾਨਣਾ ਪਾਓ।
6. ਹੇਠ ਲਿਖਿਆਂ ’ਤੇ ਸੰਖੇਪ ਟਿੱਪਣੀ ਲਿਖੋ:

   (ਅ) ਅੰਦੂਰਨੀ ਵਪਾਰ (ਬ) ਵਿਦੇਸ਼ੀ ਵਪਾਰ

**ਨੋਟ**

7. ਸਮਾਜਿਕ ਪੱਧਰੀਕਰਨ ਵਿੱਚ ਇਸਤਰੀਆਂ ਦੀ ਸਥਿਤੀ ਦਾ ਵਰਨਣ ਕਰੋ।
8. ਦੀਵਾਨ ਦੇ ਮਹੱਤਵਪੂਰਨ ਕੰਮ ਨੂੰ ਲਿਖੋ।
9. ਅਕਬਰ ਦੇ ਦਰਬਾਰ ਦੇ ਨੌਂ ਰਤਨਾਂ ਦੇ ਨਾਮ ਲਿਖੋ।

**ਉਤਰ : ਸਵ-ਮੁਲਾਂਕਣ (Answer : Self Assessment)**

1. (i) ਅਬੁਲ ਫਜ਼ਲ (ii) ਤੁਜ਼ੁਕ-ਏ-ਬਾਬਰੀ (iii) ਮੁਹੰਮਦ ਕਾਸਿਮ ਫਰਿਸ਼ਤਾ
   (iv) ਰਾਮ ਪਨਿੱਕਰ (v) ਇਮਾਰਤਾਂ।
2. (i) ਸੱਚ (ii) ਸੱਚ (iii) ਝੂਠ
   (iv) ਝੂਠ (v) ਸੱਚ।
3. (i) (ਅ) (ii) (ਬ) (iii) (ਸ)
   (iv) (ਬ) (v) (ਅ)

## 12.15 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਮੱਧਕਾਲੀਨ ਭਾਰਤ ਦਾ ਇਤਿਹਾਸ : ਸਲਤਨਤ ਕਾਲ- ਮੋਹਿਤ, ਰਾਜੀਵ ਕੁਮਾਰ, ਰਜਤ ਪ੍ਰਕਾਸ਼ਨ।
2. ਮੱਧਕਾਲੀਨ ਭਾਰਤ ਦਾ ਇਤਿਹਾਸ-ਪ੍ਰਦੀਪ ਕੁਮਾਰ, ਆਰਿਆ ਪਬਲੀਕੇਸ਼ਨਜ਼।
3. ਮੱਧਕਾਲੀਨ ਭਾਰਤ ਵਿੱਚ ਨਗਰੀਕਰਨ- ਨਮਰਤਾ ਸਿੰਘ, ਯੂਨੀਵਰਸਿਟੀ ਪਬਲੀਕੇਸ਼ਨ।
4. ਮੱਧਕਾਲੀਨ ਭਾਰਤ (ਦਿੱਲੀ ਸਲਤਨਤ)—ਰਹੀਸ ਸਿੰਘ, ਪਿਅਰਸਨ ਐਜੂਕੇਸ਼ਨ ਇੰਡੀਆ।
5. ਮੱਧਕਾਲੀਨ ਭਾਰਤ ਦਾ ਇਤਿਹਾਸ-ਸ਼ੈਲੇਂਦਰ ਸ਼ੈਂਗਰ, ਅਟਲਾਂਟਿਕ ਪਬਲੀਸ਼ਰਜ਼।

ਨੋਟ

# ਇਕਾਈ-13: ਵਿਜੈਨਗਰ ਸਾਮਰਾਜ (The Vijayanagar Empire)

**ਵਿਸ਼ਾ ਵਸਤੂ (Contents)**


ਉਦੇਸ਼ (Objectives)

ਜਾਣਕਾਰੀ (Introduction)

13.1 ਵਿਜੈ ਨਗਰ ਸਾਮਰਾਜ ਦਾ ਉਦੈ ਅਤੇ ਪਤਨ (The Rise and Fall of Vijayanagar Empire)

13.2 ਕ੍ਰਿਸ਼ਨ ਦੇਵ ਰਾਏ ਦਾ ਜੀਵਨ ਅਤੇ ਸਫਲਤਾਵਾਂ (Life and Successfulness of Krishnadev Roy)

13.3 ਤਲੀਕੋਟ ਦੀ ਲੜਾਈ (Battle of Talikota)

13.4 ਵਿਜੈਨਗਰ ਸਾਮਰਾਜ ਦਾ ਪ੍ਰਸ਼ਾਸਨ (Administration of Vijayanagar Empire)

13.5 ਵਿਦੇਸ਼ੀ ਯਾਤਰੀਆਂ ਦੁਆਰਾ ਵਿਜੈ ਨਗਰ ਦਾ ਵਰਣਨ (Explanation of Vijayanagar by Overseas Tourists)

13.6 ਵਿਜੈਨਗਰ ਸਾਮਰਾਜ ਦੇ ਰਾਜਨੀਤਿਕ, ਆਦਰਸ਼, ਯੁੱਧ ਵਿਧੀ ਅਤੇ ਸਾਮਰਾਜ ਦਸ਼ਾ (Political Ideal Military Strategy and Common Condition of Vijayanagar Empire)

13.7 ਦਿੱਲੀ ਸੁਲਤਾਨ ਸ਼ਾਹੀ ਦਾ ਪ੍ਰਸ਼ਾਸਨ (Administration of Delhi Sultanate)

13.8 ਭਾਰਤੀਅ ਸਾਹਿਤ ਅਤੇ ਲੇਖਕ (Indian Literature and Authors)

13.9 ਸਾਰ ਅੰਸ਼ (Summary)

13.10 ਸ਼ਬਦਕੋਸ਼ (Keywords)

13.11 ਅਭਿਆਸ ਪ੍ਰਸ਼ਨ (Review Questions)

13.12 ਸਬੰਧਿਤ ਪੁਸਤਕਾਂ (Further Readings)


## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਵਿਜੈ ਨਗਰ ਸਾਮਰਾਜ ਦੇ ਉਦੈ ਅਤੇ ਪਤਨ ਨਾਲ ਸੰਬੰਧਤ ਗੱਲਾਂ ਨੂੰ ਜਾਨਣ ਬਾਰੇ।
- ਕ੍ਰਿਸ਼ਨ ਦੇਵ ਰਾਏ ਦੇ ਜੀਵਨ ਅਤੇ ਸਫਲਤਾਵਾਂ ਨੂੰ ਸਮਝਣ ਬਾਰੇ।
- ਵਿਜੈ ਨਗਰ ਰਾਜ ਦੇ ਪ੍ਰਸ਼ਾਸਨ ਸੰਬੰਧੀ ਗੱਲਾਂ ਨੂੰ ਜਾਨਣ ਬਾਰੇ।
- ਭਾਰਤੀਅ ਸਾਹਿਤ ਅਤੇ ਲੇਖਕਾਂ ਦੇ ਬਾਰੇ ਵਿਚ ਜਾਣਕਾਰੀ ਪ੍ਰਾਪਤ ਕਰਨ ਬਾਰੇ।

## ਜਾਣਕਾਰੀ (Introduction)

ਚੌਦ੍ਹਵੀ ਸਦੀ ਦੇ ਮੱਧ ਏਸ਼ੀਆ ਵਿਚ ਸ਼ਕਤੀਸਾਲੀ ਹਿੰਦੂ ਰਾਜ ਦੀ ਸਥਾਪਨਾ ਹੋਈ ਜਿਹੜੀ ਵਿਜੈ ਨਗਰ ਨਾਂ ਦੇ ਨਾਲ ਪ੍ਰਸਿੱਧ ਹੋਈ। ਪੂੱਜ ਪਾਦ ਫਾਦਰ ਹੈਰਾਤ ਲਿਖਦਾ ਹੈ "ਅਨੇਮੁੰਡ ਸਹਿਰ ਦੀ ਨੀਂਹ ਜਿਹੜਾ ਵਿਜੈ ਨਗਰ ਦਾ ਪਾਲਣਾ ਸੀ ਹੋਯਸੇਲ ਰਾਜਾ

ਅਤੇ ਬੱਲਾਲ ਤੀਜਾ ਅਤੇ ਹਰੀ ਹਰ, ਜਿਹੜੇ ਹੋਯਸੇਲ ਸ਼ਾਸਕ ਪਰਿਵਾਰ ਦਾ ਇਕ ਨੇੜੇ ਦਾ ਸੰਬੰਧੀ ਸੀ, ਉਹ ਸਰਹੱਦ ਅਫਸਰ ਸੀ ਉਸ ਦਾ ਮੁੱਖ ਦਫਤਰ ਉੱਥੇ ਹੀ ਸੀ। ਇਕ ਸਦੀ ਤੋਂ ਜ਼ਿਆਦਾ ਕਾਲ ਤਕ ਇਹ ਰਾਜ ਖੂਬ ਫਲਿਆ-ਫੁੱਲਿਆ ਅਤੇ ਇਸਨੇ ਸ਼ਾਨ ਕਮਾਈ। ਕ੍ਰਿਸ਼ਨਦੇਵ ਰਾਏ ਜਿਹੇ ਆਪਣੇ ਸ਼ਕਤੀਸ਼ਾਲ ਰਾਜਿਆਂ ਦੇ ਅਧੀਨ ਇਹ ਰਾਜ ਵੁਨਤੀ ਅਤੇ ਖੁਸ਼ਹਾਲੀ ਦੇ ਸ਼ਿਖਰ ਤਕ ਪਹੁੰਚ ਗਿਆ।" ਸਾਮਰਾਜ ਦੇ ਜਨਮ ਦੇ ਬਾਰੇ ਵਿਚ ਸੇਵੇਲ ਦਾ ਕਥਨ ਹੈ "ਸੰਭਵ ਤੌਯ+ ਤੇ ਸਭ ਤੋਂ ਜ਼ਿਆਦਾ ਢੁੱਕਵਾ ਲੇਖਾ ਹਿੰਦੂ ਮੁਦਰਾ ਲੇਖਾਂ (Legends) ਦੀ ਆਮ ਅਲਹਿਦਗੀ ਨਾਲ, ਜਿਸ ਵਿਚ ਇਤਿਹਾਸਕ ਸੱਤ ਦੀ ਨਿਸ਼ਚਿਤਾਵਾਂ ਸ਼ਾਮਿਲ ਸਨ, ਪ੍ਰਾਪਤ ਕੀਤਾ ਜਾ ਸਕਦਾ ਹੈ।" ਸਤਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਜੈਸੇ ਤੈਸੇ ਇਸ ਰਾਜ ਦਾ ਪਤਨ ਹੋ ਗਿਆ।

## 13.1 ਵਿਜੈ ਨਗਰ ਸਾਮਰਾਜ ਦਾ ਉਦੈ ਅਤੇ ਪਤਨ (The Rise and Fall of Vijayanagar Empire)

### 13.1.1 ਸੰਗਮ ਰਾਜਵੰਸ਼ (1340-1490) (Sangam Dynasty)

**ਹਰੀਹਰ ਅਤੇ ਬੁੱਕਾ** (Hari Har and Bukka, 1340-1379) – ਵਿਜੈ ਨਗਰ ਦੀ ਸਥਾਪਨਾ ਉਸ ਗੜਬੜ ਦੇ ਪਰਿਣਾਮ ਸਰੂਪ ਹੋਈ ਜਿਹੜੀ ਮੁਹੰਮਦ ਤੁਗਲਕ ਦੇ ਕਾਲ ਵਿਚ ਫੈਲੀ ਹੋਈ ਸੀ ਅਤੇ ਇਸ ਰਾਜ ਦੇ ਸੰਸਥਾਪਕ ਸਨ ਦੋ ਭਾਈ ਹਰੀਹਰ ਅਤੇ ਬੁੱਕਾ ਜਿਹੜੇ ਸੰਗਮ ਰਾਜਵੰਸ਼ ਦੇ ਸਨ। ਡਾ. ਵੀ. ਸਮਿਥ ਲਿਖਦਾ ਹੈ "ਲੇਕਿਨ ਇਸ ਵਿਚ ਕੋਈ ਸੰਦੇਹ ਨਹੀਂ ਕਿ ਨਵੀਂ ਸ਼ਕਤੀ ਸੰਗਮ ਦੇ ਪੁੱਤਰ 5 ਭਾਈਆਂ ਦੁਆਰਾ ਮੁਸਲਿਮ ਆਕ੍ਰਮਣ ਨੂੰ ਰੋਕਣ ਦੇ ਲਈ ਅਤੇ ਪ੍ਰਾਇਦੀਪ ਵਿਚ ਹਿੰਦੂ ਧਰਮ ਨੂੰ ਸੁਰਖਿਅਤ ਰੱਖਣ ਦੇ ਸਬੱਬ ਕੀਤੀ ਗਈ ਕੋਸ਼ਿਸ਼ਾਂ ਦੀ ਦੇਣ ਸੀ।" ਇਹ ਦੋਵੇਂ ਭਾਈ ਵਾਰੰਗਲ ਦੇ ਪ੍ਰਤਾਪ ਰੁਦਰਦੇਵ ਦੀ ਸੇਵਾ ਵਿਚ ਰਿਹਾ ਕਰਦੇ ਸਨ। ਪਰ ਜਦੋਂ ਮੁਸਲਮਾਨਾਂ ਨੇ ਵਾਰੰਗਲ ਉਤੇ ਚੜ੍ਹਾਈ ਕੀਤੀ ਤਾਂ ਇਹ ਦੋਵੇਂ ਉਥੋਂ ਨੱਸ ਗਏ ਅਤੇ ਅਨਗੋਂਦੀ ਰਾਜਾ ਦੇ ਸੇਵਕ ਜਾ ਬਣੇ। 1336 ਈ. ਵਿਚ ਉਨ੍ਹਾਂ ਨੇ ਤੁੰਗ ਭ੍ਰਦ ਨਦੀ ਦੇ ਕਿਨਾਰੇ ਵਿਜੈ ਨਗਰ ਨਾਮਕ ਇੱਕ ਨਗਰ ਦੀ ਸਥਾਪਨਾ ਕੀਤੀ ਅਤੇ ਉੱਥੇ ਅਪਣਾ ਸੁਤੰਤਰ ਸ਼ਾਸਨ ਸਥਾਪਿਤ ਕਰ ਲਿਆ। 1340 ਈ. ਤਕ ਹਰੀਹਰ ਤੁੰਗ ਭਦਰਾ ਨਦੀ ਦੀ ਘਾਟੀ ਅਤੇ ਕੋਂਕਣ ਅਤੇ ਮਾਲਾਬਾਰ ਤਟ ਦੇ ਕੁਝ ਹਿੱਸੇ ਅਪਣੇ ਸ਼ਾਸਨ ਦੇ ਅਧੀਨ ਲਿਆਉਣ ਵਿਚ ਸਫਲ ਹੋ ਗਏ। 1344 ਈ. ਵਿਚ ਉਸ ਸੱਤਾ ਗੁੱਟ (Confederacy) ਵਿਚ ਸ਼ਾਮਿਲ ਹੋ ਗਿਆ ਜਿਹੜਾ ਪ੍ਰਤਾਪ ਰੁਦਰਦੇਵ ਦੇ ਬੇਟੇ ਕ੍ਰਿਸ਼ਨ ਨਾਇਕ ਦੇ ਨੇਤਰਤਵ ਵਿਚ ਸੰਗਠਤ ਕੀਤਾ ਗਿਆ ਸੀ ਅਤੇ ਜਿਸ ਦਾ ਮਕਸਦ ਸੀ ਦੱਖਣ ਤੋਂ ਮੁਸਲਮਾਨਾਂ ਦਾ ਸਫਾਇਆ ਕਰਨਾ। 1346 ਈ. ਵਿਚ ਹੋਯਸੇਲ ਰਾਜਾ ਵੀ ਪਕਸ਼ ਬੱਲਾਲ ਦੇ ਮਰਨ ਉਤੇ ਹਰੀਹਰ ਨੇ ਹੋਯਸੇਲ ਰਾਜ ਖੇਤਰ ਉਤੇ ਅਧਿਕਾਰ ਕਰ ਲਿਆ। ਸਾਮਰਾਜ ਸਥਾਪਨਾ ਦੇ ਅਪਣੇ ਇਸ ਕੰਮ ਵਿਚ ਹਰੀਹਰ ਨੂੰ ਇਕ ਪ੍ਰਸਿੱਧ ਸੰਤ ਅਤੇ ਵਿਦਵਾਨ ਵਿਦਆਰਣਯ ਤੋਂ ਬਹੁਤ ਪ੍ਰੇਰਨਾ ਅਤੇ ਸਹਾਇਤਾ ਮਿਲੀ।

1353 ਈ. ਵਿੱਚ ਹਰਿਹਰ ਦੀ ਮੌਤ ਹੋ ਗਈ ਅਤੇ ਉਸ ਦੇ ਬਾਅਦ ਉਸ ਦਾ ਭਰਾ ਬੁੱਕਾ ਰਾਜ ਗੱਦੀ 'ਤੇ ਬੈਠਿਆ। ਆਪਣੇ ਭਰਾ ਹਰਿਹਰ ਦੀ ਤਰ੍ਹਾਂ ਉਹ ਵੀ ਬੜਾ ਬਹਾਦੁਰ ਅਤੇ ਯੋਗ ਸ਼ਾਸਕ ਸੀ। ਉਸ ਦੇ ਸ਼ਿਲਾਲੇਖਾਂ (Inscriptions) ਵਿੱਚ ਉਸ ਦਾ ਵਰਨਣ ਪੂਰਬੀ, ਪੱਛਮੀ ਅਤੇ ਦੱਖਣੀ ਸਾਗਰਾਂ ਦੇ ਸਵਾਮੀ ਦੇ ਰੂਪ ਵਿੱਚ ਕੀਤਾ ਗਿਆ ਹੈ। ਉਸ ਨੇ ਬਹਮਨੀ ਰਾਜ ਨਾਲ ਯੁੱਧ ਕੀਤਾ ਅਤੇ ਚੀਨ ਦੇ ਸਮਰਾਟ ਨਾਲ ਸਬੰਧ ਸਥਾਪਿਤ ਕੀਤਾ। 1379 ਈ. ਵਿੱਚ ਉਸ ਦੀ ਮੌਤ ਹੋ ਗਈ ਅਤੇ ਉਸ ਦਾ ਸਥਾਨ ਉਸ ਦੇ ਬੇਟੇ ਹਰਿਹਰ ਦੂਸਰੇ ਨੇ ਲਿਆ।

**ਹਰੀਹਰ ਦੂਜਾ** (Hari Har-II, 1379-1404) – ਹਰੀਹਰ ਦੂਜਾ ਇਕ ਸ਼ਕਤੀਸ਼ਾਲੀ ਰਾਜਾ ਸੀ ਜਿਸਨੇ ਅਪਣੇ ਤਰ੍ਹਾਂ ਤਰ੍ਹਾਂ ਦੇ ਨਾਂ ਰੱਖੇ ਜਿਸ ਤਰ੍ਹਾਂ "ਮਹਾਰਾਜਧਿਰਾਜ" ਅਤੇ "ਪਰਮੇਸ਼ਵਰ"। ਸੇਵੇਲ (Seweel) ਦੇ ਮਤ ਅਨੁਸਾਰ ਉਹ ਇਕ ਸ਼ਾਂਤੀਪ੍ਰਿਯ ਰਾਜਾ ਸੀ ਪਰ ਵਾਸਤਵ ਵਿਚ ਉਹ ਇਕ ਮਹਾਨ ਯੋਧਾ ਰਿਹਾ ਸੀ ਜਿਸਨੇ ਕੰਨੜ, ਮੈਸੂਰ, ਤ੍ਰਿਚਨਾਪੱਲੀ ਅਤੇ ਕਾਂਚੀ ਦੇ ਪ੍ਰਦੇਸ਼ ਜਿੱਤੇ ਅਤੇ ਇਸ ਪ੍ਰਕਾਰ ਵਿਜੈ ਨਗਰ ਰਾਜ ਦਾ ਵਿਸਤਾਰ ਕੀਤਾ। 1404 ਈ. ਵਿਚ ਉਸਦੀ ਮ੍ਰਿਤੂ ਹੋ ਗਈ।

*ਨੋਟਸ* 1353 ਈ. ਵਿਚ ਹਰੀਹਰ ਦੀ ਮ੍ਰਿਤੂ ਹੋ ਗਈ।

**ਬੁੱਕਾ ਦੂਜਾ, ਦੇਵ ਰਾਏ ਪਹਿਲਾ ਅਤੇ ਵਿਜੈ ਰਾਜ** (Bukka-II, Dev Raya-I and Vijay Raya, 1404-1419)— ਹਰੀਹਰ ਦੂਜੇ ਦੇ ਬਾਦ ਉਸਦਾ ਪੁੱਤਰ ਬੁੱਕਾ ਦੂਜਾ ਅਗਲਾ ਰਾਜਾ ਬਣਿਆ। ਪਰ ਉਸਨੂੰ ਰਾਜ ਕਰਦੇ ਹੋਏ ਅਜੇ ਦੋ ਸਾਲ ਵੀ ਨਹੀਂ ਗੁਜਰ ਪਾਏ ਸਨ ਜਦੋਂ ਦੇਵ ਰਾਏ ਨੇ ਉਸਨੂੰ ਉਲਟ ਸੁੱਟਿਆ। ਦੇਵਰਾਏ ਨੇ 1406 ਤੋਂ 1410 ਈ. ਤਕ ਸ਼ਾਸਨ ਕੀਤਾ। ਉਸਨੂੰ ਬਹਮਨੀ ਸ਼ਾਸਕਾਂ ਨਾਲ ਲੜਨਾ ਪਿਆ। ਕਹਿੰਦੇ ਹਨ ਕਿ ਉਸਨੇ ਮੁਦਗਲ ਉਤੇ ਅਧਿਕਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਇਕ ਸੁਨਿਆਰ

ਨੋਟ

ਦੀ ਸੁੰਦਰ ਲੜਕੀ ਨੂੰ ਪ੍ਰਾਪਤ ਕਰ ਸਕੇ। ਬਹਮਨੀ ਰਾਜਾ ਫਿਰੋਜ ਇਸ ਗੱਲ ਨੂੰ ਸਹਿਨ ਨਾਂ ਕਰ ਸਕਿਆ। ਉਸਨੇ ਦੇਵਰਾਏ ਦੇ ਵਿਰੁਧ ਸੈਨਾ ਭੇਜੀ। ਲੜਾਈ ਜਿਹੜੀ ਹੋਈ ਉਸ ਵਿਚ ਦੇਵਰਾਏ ਦੀ ਬੁਰੀ ਤਰ੍ਹਾਂ ਹਾਰ ਹੋਈ। ਫਰਿਸ਼ਤਾ ਦਾ ਕਹਿਣਾ ਹੈ ਕਿ ਉਹ ਸੁਲਤਾਨ ਨੂੰ ਅਪਣੀ ਬੇਟੀ ਵਿਆਹੁਣ ਲਈ ਮਜਬੂਰ ਹੋਇਆ। ਇਸ ਪ੍ਰਕਾਰ ਇਸ ਲੜਾਈ ਜਿਸਨੂੰ "ਸੁਨਿਆਰ ਦੀ ਬੇਟੀ ਦਾ ਯੁੱਧ" ਕਹਿੰਦੇ ਹਨ। ਵਿਜੈ ਨਗਰ ਰਾਜ ਦੀ ਵਡਿਆਈ ਬਹੁਤ ਗਿਰ ਗਈ। 1410 ਈ. ਵਿਚ ਦੇਵ ਰਾਏ ਦੀ ਮ੍ਰਿਤੂ ਹੋ ਗਈ ਅਤੇ ਉਸਦਾ ਸਥਾਨ ਉਸ ਦੇ ਬੇਟੇ ਵਿਜੈ ਰਾਏ ਨੇ ਲਿਆ। ਵਿਜੈ ਰਾਏ ਨੇ 1410 ਤੋਂ 1419 ਈ. ਤਕ ਸ਼ਾਸਨ ਕੀਤਾ। ਡਾ. ਈਸ਼ਵਰੀ ਪ੍ਰਸਾਦ "ਸਭ ਤੋਂ ਜ਼ਿਆਦਾ ਆਦਰ ਯੋਗ ਲੇਖਾ ਉਹ ਹੈ ਜਿਹੜਾ ਰਾਜ ਦੀ ਉਤਪੱਤੀ ਦਾ ਕਾਰਣ ਹਰੀਹਰ ਅਤੇ ਬੁੱਕਾ ਦੇ ਭਾਈਆਂ ਨੂੰ ਬਣਾਉਂਦਾ ਹੈ। ਇਹ ਦੋਵੇਂ ਭਾਈ ਪ੍ਰਤਾਪ ਰੁਦਰਦੇਵ ਦੇ ਖਜਾਨੇ ਵਿਚ ਨੌਕਰੀ ਕਰਦੇ ਸਨ। ਰੁਦਰਦੇਵ ਵਾਰੰਗਲ ਕਕਟਿਆ ਸੀ ਅਤੇ 1303 ਈ. ਵਿਚ ਜਦੋਂ ਮੁਸਲਮਾਨਾਂ ਨੇ ਉਸਨੂੰ ਹਰਾ ਦਿੱਤਾ ਸੀ ਤਾਂ ਉਹ ਦੇਸ਼ ਛੱਡ ਕੇ ਨੱਸ ਗਿਆ।"

**ਦੇਵਰਾਏ ਦੂਜਾ** (Dev Raya-II, 1419-1449) – ਦੇਵਰਾਏ ਦੂਜਾ 1419 ਈ. ਵਿਚ ਰਾਜਾ ਬਣਿਆ। ਉਸਨੇ ਪ੍ਰਸ਼ਾਸਨ ਨੂੰ ਮੁੜ ਸੰਗਠਨ ਕੀਤਾ ਅਤੇ ਅਪਣੀ ਸੈਨਾ ਨੂੰ ਸੁਦ੍ਰਿੜ ਬਣਾਇਆ। ਉਸਨੇ ਮੁਸਲਮਾਨ ਘੋੜ ਸਵਾਰਾਂ ਨੂੰ ਵੀ ਅਪਣੀ ਸੈਨਾ ਵਿਚ ਲੈ ਲਿਆ ਅਤੇ ਧਾਰਮਿਕ ਸਹਿਨਸ਼ੀਲਤਾ ਦੀ ਨੀਤੀ ਦੁਆਰਾ ਮੁਸਲਮਾਨਾਂ ਨੂੰ ਅਪਣੇ ਪੱਖ ਵਿਚ ਕਰ ਲਿਆ। ਤਾਂ ਵੀ 1443 ਈ. ਵਿਚ ਉਸਨੂੰ ਬਸਹਮਨੀ ਰਾਜ ਦੀ ਸੈਨਾ ਨਾਲ ਲੜਨਾ ਪਿਆ ਅਤੇ ਹਾਰ ਹੋਈ। ਨਤੀਜਾ ਇਹ ਹੋਇਆ ਕਿ ਉਸਨੂੰ ਮੁਸਲਿਮ ਰਾਜ ਨੂੰ ਮਹਸੂਲ ਦੇਣ ਦਾ ਵਚਨ ਦੇਣਾ ਪਿਆ। ਦੇਵਰਾਏ ਦੇ ਸ਼ਾਸਨ ਕਾਲ ਵਿਚ ਵਿਜੈ ਨਗਰ ਵਿਚ ਦੋ ਵਿਦੇਸ਼ੀ ਯਾਤਰੀ ਆਏ ਇੱਕ ਸੀ ਇਟਲੀ ਦਾ ਨਿਕੋਲੀ ਕੌਂਟੀ (Nicoli Conti) ਅਤੇ ਦੂਜਾ ਸੀ ਇੱਕ ਈਰਾਨੀ ਅਬਦੁਲ ਰੱਜਾਕ (Abdul Razzaq) ਇਨ੍ਹਾਂ ਨੇ ਇਸ ਨਗਰ, ਸਾਮਰਾਜ ਅਤੇ ਸਮਰਾਟ ਦਾ ਖੂਬ ਸਪੱਸ਼ਟ ਵਰਣਨ ਕੀਤਾ।

**ਦੇਵਰਾਏ ਦੂਜੇ ਦੇ ਉੱਤਰਾਧਿਕਾਰੀ** (Successors of Dev Raya-II, 1449-1490) – ਦੇਵਰਾਏ ਦੂਜਾ ਦੇ ਬਾਦ ਉਸਦੇ ਦੋ ਪੁੱਤਰ ਵਾਰੀ ਵਾਰੀ ਨਾਲ ਗੱਦੀ ਉਤੇ ਆਏ। ਉਨ੍ਹਾਂ ਨੇ 1449 ਤੋਂ 1490 ਈ. ਤਕ ਸ਼ਾਸਨ ਕੀਤਾ। ਉਹ ਇੰਨੇ ਕਮਜ਼ੋਰ ਸਨ ਕਿ ਸਾਮਰਾਜ ਨੂੰ ਸਫਲਤਾ ਪੂਰਵਕ ਸੰਭਾਲ ਨਾਂ ਸਕੇ ਅਤੇ ਉਨ੍ਹਾਂ ਦੇ ਕਾਲ ਵਿਚ ਹਰੀਹਰ ਅਤੇ ਬੁੱਕਾ ਦਾ ਸੰਗਮ ਰਾਜਵੰਸ਼ ਅੰਤ ਨੂੰ ਪ੍ਰਾਪਤ ਹੋਇਆ ਅਤੇ ਵਿਜੈ ਨਗਰ ਵਿਚ ਇਕ ਨਵੇਂ ਹਿੰਦੂ ਰਾਜਵੰਸ਼ ਦਾ ਸ਼ਾਸਨ ਸ਼ੁਰੂ ਹੋਇਆ।

### 13.1.2 ਸਲੂਵਾ ਰਾਜਵੰਸ਼ (1490-1505) (Saluva Dynasty)

**ਨਰ ਸਿੰਘ** (Nara Singh 1490-96) – ਸੰਗਮ ਰਾਜ ਵੰਸ਼ ਦਾ ਅੰਤਿਮ ਸ਼ਾਸਨ ਵੀਰੂ ਪਕਸ ਦੂਜਾ ਵੱਡਾ ਕਮਜ਼ੋਰ ਅਤੇ ਨਾਲਾਇਕ ਸੀ। ਉੱਧਰ ਨਰ ਸਿੰਘ ਕਰਨਾਟਕ ਅਤੇ ਤੇਲੰਗਨਾ ਦਾ ਇਕ ਬਹੁਤ ਹੀ ਯੋਗ ਅਤੇ ਸ਼ਕਤੀਸ਼ਾਲੀ ਸਰਦਾਰ ਸੀ। ਉਸਨੇ ਰਾਜ ਦੀ ਕਮਜ਼ੋਰੀ ਦਾ ਲਾਭ ਉਠਾਇਆ ਅਤੇ ਵਿਜੈ ਨਗਰ ਦੇ ਸਿੰਘਾਸਨ ਉਤੇ ਆਪਣਾ ਅਧਿਕਾਰ ਕਰ ਲਿਆ। ਇਹ ਘਟਨਾ ਪਹਿਲੇ ਰਾਜ ਅਪਹਰਣ (First usurpation) ਕਹਾਉਂਦੀ ਹੈ ਅਤੇ ਇਸ ਦੇ ਪਰਿਣਾਮ ਸਰੂਪ ਸਲੂਵਾ ਸਰਦਾਰ ਨਰ ਸਿੰਘ ਰਾਜਾ ਬਣ ਗਿਆ। ਨਰ ਸਿੰਘ ਨੇ ਕੋਈ ਛੇ ਸਾਲ ਸ਼ਾਸਨ ਕੀਤਾ। ਉਹ ਇਕ ਬਹੁਤ ਹੀ ਯੋਗ ਅਤੇ ਵੀਰ ਰਾਜਾ ਸੀ। ਉਸਨੇ ਬਹਮਨੀ ਸੁਲਤਾਨਾਂ ਅਤੇ ਉੜੀਸਾ ਦੇ ਰਾਜਾ ਦੇ ਵਿਰੁਧ ਯੁੱਧ ਘੋਸ਼ਿਤ ਕੀਤੇ ਅਤੇ ਲੜਾਈਆਂ ਲੜੀਆਂ ਅਤੇ ਇਸ ਪ੍ਰਕਾਰ ਉਨ੍ਹਾਂ ਦੇ ਬਹੁਤ ਸਾਰੇ ਇਲਾਕਿਆਂ ਉਤੇ ਅਧਿਕਾਰ ਵੀ ਕਰ ਲਿਆ। ਉਸਦੇ ਬਾਦ ਉਸਦਾ ਸਥਾਨ ਉਸਦੇ ਦੋ ਪੁੱਤਰਾਂ ਨੇ ਲਿਆ ਜਿਨ੍ਹਾਂ ਨੇ 1505 ਈ. ਤਕ ਸ਼ਾਸਨ ਕੀਤਾ।

### 13.1.3 ਤੁਲੁਵ ਵੰਸ਼ (Tuluva Dynasty)

1505 ਈ. ਵਿਚ ਸੈਨਾਪਤੀ ਨਰੇਸ਼ ਨਾਇਕ ਤੁਲੁਵ ਨੇ ਨਰ ਸਿੰਘ ਦੇ ਨਾਲਾਇਕ ਬੇਟੇ ਦੀ ਹੱਤਿਆ ਕਰਕੇ ਆਪਣੇ ਹੀ ਤੁਲੁਵ ਵੰਸ਼ ਦੇ ਸ਼ਾਸਨ ਦੀ ਸਥਾਪਨਾ ਕੀਤੀ। ਇਸ ਨੂੰ ਦੂਜਾ ਰਾਜ ਅਪਹਰਣ (Second usurpation) ਕਹਿੰਦੇ ਹਨ।

**ਕ੍ਰਿਸ਼ਨ ਦੇਵ ਰਾਏ** (Krishna Deva Raya, 1509-30) — ਤੁਲੁਵ ਵੰਸ਼ ਦਾ ਸਭ ਤੋਂ ਮਹਾਨ ਅਤੇ ਪ੍ਰਸਿੱਧ ਰਾਜਾ ਕ੍ਰਿਸ਼ਨ ਦੇਵ ਰਾਏ ਸੀ। ਡਾ. ਇਸ਼ਵਰੀ ਪ੍ਰਸਾਦਿ ਉਸ ਦੇ ਬਾਰੇ ਵਿਚ ਕਹਿੰਦਾ ਹੈ "ਕ੍ਰਿਸ਼ਨ ਦੇਵ ਰਾਏ ਸਦਾ ਹੀ ਅਪਣੀ ਪਰਜਾ ਦੇ ਭਲੇ ਨੂੰ ਉਨੱਤ ਕਰਨ ਦਾ ਚਾਹਵਾਨ ਸੀ। ਉਸਦੇ ਉਦਾਰ ਸਥਾਈ ਆਮਦਨ ਦੇ ਸਰੋਤ ਪ੍ਰਦਾਨ ਕਰਨ (Liberal Endowments) ਨੇ ਉਸਨੂੰ ਜਨਤਾ ਵਿਚ ਹੋਰ ਵੀ ਜ਼ਿਆਦਾ ਪ੍ਰਿਯ ਬਣਾ ਦਿੱਤਾ ਸੀ। ਨਿੱਜੀਸਮਾਜ ਵਿਚ ਮ੍ਰਦੂਲ ਅਤੇ ਅਨੁਕੂਲ ਪਰਸ਼ਿਦ ਵਿਚ ਬੁੱਧੀਮਾਨ ਅਤੇ ਦੂਰਦਰਸ਼ੀ ਸਾਹਿਤਕਾਰਾਂ ਨੂੰ ਸੁਣਦੇ ਸਮੇਂ ਸੰਸਕ੍ਰਿਤ ਅਤੇ ਸਫਲ ਬੋਲਣ ਵਾਲਾ ਸਰਵ ਜਨਿਕ ਕੰਮਾਂ ਵਿਚ ਵਡਿਆਈ ਅਤੇ ਡਰ ਪੈਦਾ ਕਰਨ ਵਾਲਾ ਕ੍ਰਿਸ਼ਨ ਦੇਵ ਰਾਏ ਯੁੱਧ ਵਿਚ ਖਤਰਨਾਕ ਸੀ ਅਤੇ ਅਸਲ ਵਿਚ ਸਾਰੇ ਰਾਜਕੁਮਾਰਾਂ ਵਿਚ ਰਤਨ ਸੀ। ਉਸਦੇ ਅਧੀਨ ਵਿਜੈ ਨਗਰ ਅਪਣੀ ਮਹਾਨਤਾ ਅਤੇ ਖੁਸ਼ਹਾਲੀ ਦੇ ਸ਼ਿਖਰ ਤਕ ਪਹੁੰਚ ਗਿਆ।"

**(i) ਇੱਕ ਮਹਾਨ ਯੋਧਾ ਅਤੇ ਵਿਜੇਤਾ** (A great Warrior and Conqueror) – ਕ੍ਰਿਸ਼ਨ ਦੇਵ ਰਾਏ ਇਕ ਸੂਰਬੀਰ ਸੈਨਾਪਤੀ ਸੀ ਜਿਸਨੇ ਬਹੁਤ ਯੁੱਧ ਲੜੇ ਅਤੇ ਬਹੁਤ ਸਾਰੀ ਜਿੱਤਾਂ ਪ੍ਰਾਪਤ ਕੀਤੀਆਂ। ਸਭ ਤੋਂ ਪਹਿਲੇ ਉਸਨੇ ਅਪਣੇ ਵਿਦਰੋਹੀ ਸਰਦਾਰਾਂ ਦੇ ਵਿਰੁਧ ਕਾਰਵਾਈ ਕੀਤੀ ਅਤੇ ਉਨ੍ਹਾਂ ਨੂੰ ਅਪਣੇ ਵਸ ਵਿਚ ਕੀਤਾ। ਉਸਦੇ ਬਾਦ ਉਸਨੇ ਉੜੀਸਾ ਦੇ ਰਾਜਾ ਪ੍ਰਤਾਪ ਦੇ ਵਿਰੁਧ

ਲੜਾਈ ਕੀਤੀ ਅਤੇ ਉਸਨੂੰ ਹਰਾ ਦਿੱਤਾ। ਉਸਨੇ ਉਦੈ ਗਿਰੀ ਕੰਡਾ ਵਿਧੁ ਅਤੇ ਕੌਂਡਾ ਪਲੀ ਨੂੰ ਵੀ ਜਿੱਤ ਲਿਆ। ਇਕ ਜੇਤੂ ਦੇ ਰੂਪ ਵਿਚ ਉਸਦੀ ਸਭ ਤੋਂ ਵੱਡੀ ਸਫਲਤਾ ਇਹ ਸੀ ਕਿ 1520 ਈ. ਵਿਚ ਉਸਨੇ ਬੀਜਾਪੁਰ ਦੇ ਸੁਲਤਾਨ ਆਦਿਲ ਸ਼ਾਹ ਨੂੰ ਬੁਰੀ ਤਰ੍ਹਾਂ ਹਰਾਇਆ ਅਤੇ ਇਸ ਪ੍ਰਕਾਰ ਬੀਜਾਪੁਰ ਰਾਜ ਦੀ ਵਡਿਆਈ ਅਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਦਿੱਤਾ। ਉਸ ਦੀਆਂ ਜਿੱਤਾਂ ਦੇ ਪਰਿਣਾਮਸਰੂਪ ਵਿਜੈ ਨਗਰ ਦਾ ਰਾਜ ਹੁਣ ਪੱਛਮ ਵਿਚ ਸਾਲਸ ਤਕ ਪੂਰਬ ਵਿਚ ਵਿਜਗਾ ਪੱਟਮ ਤਕ ਅਤੇ ਦੱਖਣ ਵਿਚ ਭਾਰਤ ਦੀ ਅੰਤਮ ਨੋਕ ਤਕ ਜਾ ਫੈਲਿਆ।

ਕ੍ਰਿਸ਼ਨ ਦੇਵ ਰਾਏ ਨੇ ਪੁਰਤਗਾਲੀਆਂ ਦੇ ਨਾਲ ਦੋਸਤੀ ਸੰਬੰਧ ਬਣਾਏ ਅਤੇ ਵਪਾਰਿਕ ਸੰਬੰਧ ਸਥਾਪਿਤ ਕੀਤੇ। 1510 ਈ. ਵਿਚ ਉਸਨੇ ਪੁਰਤਗਾਲੀ ਰਾਜਾ ਅਲਬੁਕਰਕ (Albuquerque) ਨੂੰ ਭਟਕਲ ਦੇ ਸਥਾਨ ਉਤੇ ਇਕ ਕਿਲ੍ਹਾ ਬਣਾਉਣ ਦੀ ਛੋਟ ਦੇ ਦਿੱਤੀ।

**(ii) ਇੱਕ ਉੱਤਮ ਪ੍ਰਸ਼ਾਸਕ** (An Excellent Administrator) – ਕ੍ਰਿਸ਼ਨ ਦੇਵ ਰਾਏ ਨਾਂ ਕੇਵਲ ਇੱਕ ਮਹਾਨ ਜੇਤੂ ਸੀ ਇਸ ਦੇ ਇਲਾਵਾ ਇੱਕ ਚੰਗਾ ਪ੍ਰਸ਼ਾਸਕ ਵੀ ਸੀ। ਉਸਨੇ ਅਪਣੇ ਰਾਜ ਦੇ ਵੱਖ ਵੱਖ ਮਾਰਗਾਂ ਉਤੇ ਸਖਤ ਨਿਗ੍ਹਾ ਰੱਖੀ। ਉਹ ਅਪਣੀ ਪਰਜਾ ਉਤੇ ਅਤੇ ਵਿਦੇਸ਼ੀਆਂ ਉਤੇ ਵੀ ਵੱਡੀ ਦਇਆ ਕਰਦਾ। ਉਹ ਵੱਡਾ ਨਿਆਂਪ੍ਰਿਯ ਸੀ ਅਤੇ ਸਭ ਦੇ ਨਾਲ ਇੱਕੋ ਜਿਹਾ ਨਿਆਂ ਕਰਦਾ। ਉਸਦੀ ਲਗਾਨ ਪ੍ਰਣਾਲੀ ਵੱਡੀ ਵਧੀਆ ਸੀ। ਉਸਦੇ ਰਾਜ ਵਿਚ ਲੋਕ ਬੜੇ ਸੁਖੀ ਅਤੇ ਖੁਸ਼ਹਾਲ ਸਨ ਅਤੇ ਵਪਾਰ ਅਤੇ ਖੇਤੀਬਾੜੀ ਖੂਬ ਫਲ–ਫੁੱਲ ਰਹੇ ਸਨੇ।

**(iii) ਧਾਰਮਿਕ ਨੀਤੀ** (Religious Policy) – ਕ੍ਰਿਸ਼ਨ ਦੇਵ ਰਾਏ ਪੱਕਾ ਹਿੰਦੂ ਸੀ ਅਤੇ ਵੈਸ਼ਨਵ ਧਰਮ ਨੂੰ ਮੰਨਣ ਵਾਲਾ ਸੀ। ਉਹ ਅਪਣੀ ਧਰਮਨੀਤੀ ਵਿਚ ਵੱਡਾ ਉਦਾਰ ਸੀ ਅਤੇ ਦੂਜੇ ਧਰਮਾਂ ਦਾ ਵੀ ਆਦਰ ਕਰਦਾ ਸੀ। ਉਹ ਅਪਣੀ ਪਰਜਾ ਨੂੰ ਪੂਜਾ ਪਾਠ ਕਰਨ ਦੀ ਪੂਰੀ ਸੁਤੰਰਤਾ ਦਿੰਦਾ ਸੀ।

**(iv) ਵਿਦਵਤਾ ਦਾ ਇਕ ਮਹਾਨ ਸੁਰੱਖਿਅਕ** (A great patron of Learning)— ਕ੍ਰਿਸ਼ਨ ਦੇਵ ਰਾਏ ਖੁਦ ਇਕ ਵੱਡਾ ਵਿਦਵਾਨ ਸੀ ਅਤੇ ਉਸਨੇ ਗਿਆਨ ਵਿਕਾਸ ਲਈ ਬਹੁਤ ਕੁਝ ਕੀਤਾ। ਉਹ ਸੰਸਕ੍ਰਿਤ ਅਤੇ ਤੈਲਗੂ ਸਾਹਿਤ ਦਾ ਵੱਡਾ ਸੁਰੱਖਿਅਕ ਸੀ ਅਤੇ ਉਸਦੇ ਦਰਬਾਰ ਵਿਚ ਅੱਠ ਕਵੀ ਸਨ ਜਿਨ੍ਹਾਂ ਨੂੰ ਅਸ਼ਟ ਦਿੱਗਜ ਕਹਿਦੇ ਸਨ।

ਡਾ. ਵੀ. ਸਮਿੱਥ ਉਸ ਦੀ ਸਾਹਿਤਕ ਰੁਚੀਆਂ ਦਾ ਵਰਨਣ ਕਰਦੇ ਹੋਏ ਕਹਿੰਦਾ ਹੈ, " ਕ੍ਰਿਸ਼ਨਦੇਵ ਜੋ ਖੁਦ ਇਕ ਕਵੀ ਅਤੇ ਲੇਖਕ ਸੀ ਅਤੇ ਤੇਲਗੂ ਭਾਸ਼ਾ ਵਿੱਚ ਲੇਖਕਾਂ ਦਾ ਰੱਖਿਅਕ (Patron) ਸੀ। ਉਸ ਦੇ ਰਾਜ–ਕਵੀ ਅਲਸਨੀ ਪੇਡਾਨਾ ਨੂੰ ਪਹਿਲੀ ਸ਼੍ਰੇਣੀ ਦਾ ਕਵੀ ਮੰਨਿਆ ਜਾਂਦਾ ਹੈ।

| | |
|---|---|
| *ਕੀ ਤੁਸੀਂ ਜਾਣਦੇ ਹੋ* | ਹਾਲਾਂਕਿ ਵਿਜੈ ਨਗਰ ਦੀ ਰਾਜਾ ਦੀ ਪਦਵੀ ਦਾ ਰੂਪ ਕਨਾਰਸੀ ਸੀ ਪਰ ਉਨ੍ਹਾਂ ਨੇ ਕਨਾਰਸੀ ਭਾਸ਼ਾ ਦੇ ਅਪੇਖਿਆ ਤੇਲਗੂ ਸਾਹਿਤ ਅਤੇ ਸੰਸਕ੍ਰਿਤ ਨੂੰ ਅਪਣੀ ਸੁਰੱਖਿਆ ਪ੍ਰਦਾਨ ਕੀਤੀ ਸੀ। |

**(v) ਉਸਦੇ ਵਿਅਕਤੀਤਵ ਦਾ ਅਨੁਮਾਨ** (Estimate of His Personality) – ਕ੍ਰਿਸ਼ਨ ਦੇਵ ਰਾਏ ਨੂੰ ਦੱਖਣ ਭਾਰਤ ਦੇ ਵੱਡੇ–ਵੱਡੇ ਰਾਜਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਕ੍ਰਿਸ਼ਨ ਦੇਵ ਰਾਏ ਦੀ ਸ਼ਕਲ ਦਾ ਵਰਨਨ ਕਰਦੇ ਹੋਏ ਕ੍ਰਿਸ਼ਨ ਸ਼ਾਸਤਰੀ ਕਹਿੰਦਾ ਹੈ ਉਹ ਕਿਸੀ ਵੀ ਤਰ੍ਹਾਂ ਅਪਣੇ ਧਾਰਮਿਕ ਉਤਸਾਹ ਅਤੇ ਪਵਿੱਤਰਤਾ ਦੇ ਲਈ ਘੱਟ ਪ੍ਰਸਿੱਧ ਨਹੀਂ ਸੀ। ਹਾਲਾਂਕਿ ਉਸਦਾ ਨਿੱਜੀ ਪੱਖ ਵੈਸ਼ਨਵ ਧਰਮ ਦੇ ਵੱਲ ਸੀ। ਫਿਰ ਵੀ ਉਹ ਹਿੰਦੂਧਰਮ ਦੇ ਸਾਰੇ ਮਤਾਂ ਦਾ ਬਰਾਬਰ ਆਦਰ ਕਰਦਾ ਸੀ। ਹਾਰੇ ਹੋਏ ਸ਼ੱਤਰੂ ਦੇ ਪ੍ਰਤੀ ਕ੍ਰਿਸ਼ਨ ਦੇਵ ਰਾਏ ਦੀ ਮਿਹਰਬਾਨੀ ਨੇ ਕਬਜੇ ਕੀਤੇ ਗਏ ਸ਼ਹਿਰਾਂ ਦੇ ਨਿਵਾਸੀਆਂ ਦੇ ਪ੍ਰਤੀ ਦਇਆ ਅਤੇ ਉਸਦੇ ਦਾਨ ਕੰਮਾਂ ਨੇ ਉਸਦੀ ਮਹਾਨ ਸੈਨਿਕ ਯੋਗਤਾ ਨੇ ਜਿਸ ਨਾਲ ਉਸਦੇ ਸਾਮੰਤ ਸਰਦਾਰ ਅਤੇ ਉਸਦੀ ਪਰਜਾ ਬਰਾਬਰ ਰੂਪ ਨਾਲ ਉਸਨੂੰ ਪਿਆਰ ਕਰਦੇ ਸਨ ਸ਼ਾਹੀ ਸਵਾਗਤ ਅਤੇ ਕਿਰਪਾ ਨੇ ਜਿਸਦੀ ਉਹ ਵਿਦੇਸ਼ੀ ਰਾਜ ਦੂਤਾਵਾਸਾਂ ਦੇ ਪ੍ਰਤੀ ਆਵੱਸ ਪ੍ਰਦਾਨ ਕਰਦਾ ਸੀ ਉਸਦੇ ਆਕਰਸ਼ਕ ਵਿਅਕਤੀਤਵ ਨੇ ਉਸਦੀ ਦ੍ਰਿਸ਼ਟੀ ਅਤੇ ਨਰਮ ਦਿਲ ਅਤੇ ਗੱਲ ਬਾਤ ਦੇ ਢੰਗ ਨੇ ਜੋ ਸ਼ੁੱਧ ਅਤੇ ਵਡਿਆਈ ਜੀਵਨ ਦਾ ਪਰਿਚੇ ਦੇਂਦੇ ਸਨ ਸਾਹਿਤ ਅਤੇ ਧਰਮ ਦੇ ਪ੍ਰਤੀ ਉਸਦੇ ਪ੍ਰੇਮ ਨੇ ਅਪਣੇ ਲੋਕਾਂ ਦੇ ਭਲ੍ਹੇ ਦੀ ਇੱਛਾ ਨੇਅਤੇ ਇਨ੍ਹਾਂ ਸਭ ਤੋਂ ਵੀ ਜ਼ਿਆਦਾ ਉਸ ਅਸੀਮਿਤ ਧੰਨ ਨੇ ਜਿਹੜੇ ਉਸਦੇ ਮੰਦਰਾਂ ਅਤੇ ਬ੍ਰਾਹਮਣਾਂ ਨੂੰ ਦਿੱਤੇ ਸੀ ਅਸਲ ਵਿਚ ਉਸਨੂੰ ਦੱਖਣ ਭਾਰਤੀਅ ਰਾਜਿਆਂ ਵਿਚ ਮਹਾਨ ਹੋਣ ਦਾ ਸਬੂਤ ਦਿੱਤਾ ਹੈ। ਉਸਨੇ ਇਤਿਹਾਸ ਦੇ ਪੰਨਿਆਂ ਨੂੰ ਸਜਾਇਆ ਹੈ।

ਡਾ. ਇਸ਼ਵਰੀ ਪ੍ਰਸਾਦਿ ਤਾਂ ਇੱਥੇ ਤਕ ਕਹਿੰਦਾ ਹੈ ਕਿ "ਦੱਖਣ ਦੇ ਦੋਵੇਂ ਹਿੰਦੂ ਅਤੇ ਮੁਸਲਮਾਨ ਰਾਜਿਆਂ ਵਿਚ ਇੱਕ ਵੀ ਐਸਾ ਨਹੀਂ ਜਿਸਦੀ ਕ੍ਰਿਸ਼ਨ ਦੇਵ ਰਾਏ ਨਾਲ ਤੁਲਨਾ ਕੀਤੀ ਜਾ ਸਕੇ।" ਉਸਦੀ ਸਰੀਰਕ ਸ਼ਕਲ ਦੇ ਬਾਰੇ ਵਿਚ ਪੁਰਤਗਾਲੀ ਯਾਤਰੀ ਪੈਯਸ (Paes) ਲਿਖਦਾ ਹੈ ਕਿ "ਇਹ ਰਾਜਾ ਮੱਧਰੇ ਕੱਦ ਦਾ ਸੁੰਦਰ ਰੰਗ ਦਾ ਗਠਿਤ ਸ਼ਰੀਰ ਦਾ ਵਿਅਕਤੀ ਹੈ ਜੋ ਥੋੜ੍ਹਾ ਜਿਹਾ ਮੋਟਾ

ਨੋਟ

ਹੈ ਨਾਂ ਕਿ ਪਤਲਾ ਅਤੇ ਉਸਦੇ ਚੇਹਰੇ ਉਤੇ ਚੇਚਕ ਦੇ ਦਾਗ ਹਨ ਕ੍ਰਿਸ਼ਨ ਦੇਵ ਰਾਏ ਇਕ ਬਹੁਤ ਹੀ ਦਇਆਵਾਨ ਦਾਨੀ ਸੁਭਾਵ ਦਾ ਅਤੇ ਵਿਦਵਾਨ ਰਾਜਾ ਸੀ ਅਤੇ ਸੰਸਾਰ ਦੇ ਕਿਸੀ ਹਿੱਸੇ ਵਿਚ ਵੀ ਐਸਾ ਯੋਗ ਰਾਜਾ ਲੱਭਣ ਤੋਂ ਵੀ ਨਹੀਂ ਮਿਲੇਗਾ।"

**ਡਾਮਿੰਗੋਸ ਪਾਯਸ** (Domingos Paes) – ਇਕ ਪੁਰਤਗਾਲੀ ਯਾਤਰੀ ਲਿਖਦਾ ਹੈ "ਰਾਜਾ ਮੰਧਰੇ ਕੱਦ ਦਾ ਸੁੰਦਰ ਵਰਨ ਅਤੇ ਸ਼ਕਲ ਦਾ ਅਤੇ ਪਤਲੇ ਹੋਣ ਦੇ ਅਪੇਖਿਆ ਮੋਟਾ ਜ਼ਿਆਦਾ ਹੈ। ਉਸਦੇ ਚੇਹਰੇ ਉਤੇ ਚੇਚਕ ਦੇ ਚਿੰਨ੍ਹ ਹਨ। ਉਹ ਉੱਤਮ ਰਾਜਾ ਹੈ ਅਤੇ ਜਿੰਨਾ ਵੀ ਸੰਭਵ ਹੋ ਸਕਦਾ ਹੈ ਲੋਕ ਉਸ ਤੋਂ ਡਰਦੇ ਹਨ। ਉਹ ਵੱਡਾ ਹੱਸਮੁਖ ਅਤੇ ਖੁਸ਼ ਦਿਲ ਵਿਅਕਤੀ ਹੈ। ਉਹ ਇਕ ਐਸਾ ਵਿਅਕਤੀ ਹੈ ਜਿਹੜਾ ਵਿਦੇਸ਼ੀਆਂ ਦਾ ਆਦਰ ਸਤਿਕਾਰ ਕਰਨਾ ਚਾਹੁੰਦਾ ਹੈ ਅਤੇ ਚਾਹੇ ਉਸ ਦੀ ਦਸ਼ਾ ਕਿਹੋ ਜਿਹੀ ਕਿਉਂ ਨਾ ਹੋਵੇ ਉਨ੍ਹਾਂ ਦੇ ਵਿਸ਼ੇ ਵਿਚ ਜਾਣਕਾਰੀ ਰੱਖਣ ਦਾ ਇੱਛੁਕ ਰਹਿੰਦਾ ਹੈ। ਉਹ ਇਕ ਮਹਾਨ ਸ਼ਾਸਕ ਅਤੇ ਨਿਆਂ ਪੁਰਖ ਹੈ ਪਰ ਅਚਾਨਕ ਉਹ ਕ੍ਰੋਧ ਵਿਚ ਆ ਜਾਂਦਾ ਹੈ ਇਹੋ ਹੀ ਉਸਦਾ ਅਹੁਦਾ ਹੈ।"

**ਕ੍ਰਿਸ਼ਨ ਰਾਏ ਮੈਕਾਕਾਉ** (Krishnarao Macaco) – ਨਰੇਸ਼ਾਂ ਦਾ ਨਰੇਸ਼, ਭਾਰਤ ਦੇ ਮਹਾਨ ਸਵਾਮੀਆਂ ਦਾ ਸਵਾਮੀ, ਤਿੰਨਾਂ ਸਮੁੰਦਰਾਂ ਅਤੇ ਭੂਮੀ ਦਾ ਸਵਾਮੀ ਸੀ। ਉਸਨੂੰ ਇਹ ਅਹੁਦਾ ਇਸ ਲਈ ਮਿਲਿਆ ਹੈ ਕਿ ਸੈਨਾ ਅਤੇ ਖੇਤਰਾਂ ਵਿਚ ਜੋ ਕੁਝ ਵੀ ਉਸਦੇ ਕੋਲ ਹੈ ਉਸ ਕਾਰਣ ਤੋਂ ਹੀ ਉਹ ਕਿਸੀ ਸਵਾਮੀ ਤੋਂ ਮਹਾਨ ਸਵਾਮੀ ਹੈ। ਪਰ ਐਸਾ ਪ੍ਰਤੀਤ ਹੁੰਦਾ ਹੈ ਕਿ ਸਭ ਤਰ੍ਹਾਂ ਨਾਲ ਜਿਸ ਤਰ੍ਹਾਂ ਉਹ ਵੀਰ ਅਤੇ ਉੱਤਮ ਪੁਰਖ ਹੈ ਉਸ ਹਿਸਾਬ ਨਾਲ ਉਸ ਜੈਸੇ ਪੁਰਖ ਦੇ ਕੋਲ ਜੋ ਹੋਣਾ ਚਾਹੀਦਾ ਸੀ ਉਸਦੀ ਅਪੇਖਿਆ ਵਾਸਤਵ ਵਿਚ ਉਸ ਦੇ ਕੋਲ ਕੁਝ ਵੀ ਨਹੀਂ ਹੈ।

**ਅਚਯੁਤ ਦੇਵ** (Achyuta Deva, 1530-42)– 1530 ਈ. ਵਿੱਚ ਕ੍ਰਿਸ਼ਨ ਦੇਵ ਰਾਏ ਦੀ ਮੌਤ ਹੋ ਗਈ। ਉਸ ਦਾ ਸਥਾਨ ਉਸ ਦੇ ਭਰਾ ਅਚਯੁਤ ਦੇਵ ਨੇ ਲਿਆ। ਉਹ ਇਕ ਨਾਲਾਇਕ ਰਾਜਾ ਸੀ ਜਿਸ ਦੇ ਰਾਜ ਕਾਲ ਵਿੱਚ ਰਾਜ ਢਲਣ ਲੱਗਾ। ਰਾਯਚੂਰ ਅਤੇ ਮੁਦਗਲ ਬੀਜਾਪੁਰ ਦੇ ਸੁਲਤਾਨ ਨੇ ਖੋਹ ਕੇ ਆਪਣੇ ਰਾਜ ਵਿੱਚ ਮਿਲਾ ਲਿਆ। ਅਚਯੁਤ ਦੇਵ ਨੇ 1542 ਈ. ਤੱਕ ਸ਼ਾਸਨ ਕੀਤਾ।

**ਸਦਾ ਸਿਵ** (Sadashiv, 1542-1570) – 1542 ਈ. ਵਿਚ ਅਚਯੁਤ ਦੇਵ ਦੀ ਮ੍ਰਿਤੂ ਦੇ ਬਾਦ ਉਸ ਦਾ ਭਤੀਜਾ ਸਦਾ ਸ਼ਿਵ ਰਾਜਾ ਬਣਿਆ। ਸਦਾ ਸ਼ਿਵ ਕੇਵਲ ਇਕ ਮਿੱਟੀ ਦਾ ਮਾਧੋ ਸੀ ਅਤੇ ਸਾਰੀ ਸ਼ਕਤੀ ਉਸਦੇ ਸ਼ਕਤੀਸ਼ਾਲੀ ਮੰਤਰੀ ਰਾਮ ਰਾਏ ਦੇ ਹੱਥ ਵਿਚ ਸੀ। ਰਾਮਰਾਏ ਵੱਡੀ ਅਭਿਲਾਸ਼ਾ ਵਾਲਾ ਵਿਅਕਤੀ ਸੀ ਅਤੇ ਉਹ ਵਿਜੈਨਗਰ ਸਾਮਰਾਜ ਦੀ ਪ੍ਰਤਿਸ਼ਠਾ ਅਤੇ ਸੱਤਾ ਨੂੰ ਮੁੜ ਸਥਾਪਿਤ ਕਰਨਾ ਚਾਹੁੰਦਾ ਸੀ। ਇਸ ਉਦੇਸ਼ ਨਾਲ ਉਸਨੇ ਦੱਖਣ ਦੇ ਮੁਸਲਿਮ ਰਾਜਾਂ ਵਿਚ ਦਖਲ ਅੰਦਾਜ਼ੀ ਸ਼ੁਰੂ ਕਰ ਦਿੱਤੀ। 1543 ਈ. ਵਿਚ ਉਸਨੇ ਅਹਮਦ ਨਗਰ ਅਤੇ ਗੋਲ ਕੁੰਡਾ ਦੇ ਨਾਲ ਸੰਧੀ ਕਰ ਲਈ ਅਤੇ ਬੀਜਾਪੁਰ ਦੇ ਵਿਰੁਧ ਯੁੱਧ ਦੀ ਘੋਸ਼ਣਾ ਕਰ ਦਿੱਤੀ। 1557 ਈ. ਵਿਚ ਉਸਨੇ ਬੀਜਾਪੁਰ ਤੇ ਗੋਲਕੁੰਡਾ ਦੇ ਨਾਲ ਮਿਲ ਕੇ ਅਹਮਦ ਨਗਰ ਨੂੰ ਕੁਚਲ ਦਿੱਤਾ। ਅਹਮਦ ਨਗਰ ਦੇ ਮੁਸਲਮਾਨਾਂ ਉਤੇ ਸਭ ਤਰ੍ਹਾਂ ਦੇ ਅਤਿਆਚਾਰ ਕੀਤੇ ਗਏ। ਫਰਿਸ਼ਤਾ ਦੇ ਅਨੁਸਾਰ "ਵਿਜੈ ਨਗਰ ਦੇ ਕਾਫਿਰਾਂ ਨੇ ਜਿਹੜੇ ਕਈ ਸਾਲਾਂ ਤੋਂ ਇਸ ਮੌਕੇ ਦੀ ਇੰਤਜਾਰ ਵਿਚ ਬੈਠੇ ਸਨ ਕੋਈ ਅਤਿਆਚਾਰ ਐਸਾ ਨਹੀਂ ਸੀ ਜਿਹੜਾ ਉਨ੍ਹਾਂ ਨੇ ਨਹੀਂ ਕੀਤਾ। ਉਨ੍ਹਾਂ ਨੇ ਮੁਸਲਮਾਨ ਇਸਤਰੀਆਂ ਦਾ ਅਪਮਾਨ ਕੀਤਾ। ਐਸੇ ਅਤਿਆਚਾਰ ਜਿਹੜੇ ਮੁਸਲਮਾਨਾਂ ਉਤੇ ਢਾਏ ਗਏ ਇਨ੍ਹਾਂ ਨਾਲ ਸਾਰੇ ਮੁਸਲਮਾਨ ਵਿਜੈ ਨਗਰ ਦੇ ਹਿੰਦੂ ਰਾਜ ਦੇ ਵਿਰੁਧ ਹੋ ਗਏ ਅਤੇ ਮੁਸਲਮਾਨ ਰਾਜ ਇਸ ਨਾਲ ਬਦਲਾ ਲੈਣ ਲਈ ਇੱਕਠੇ ਹੋ ਗਏ।"

**ਤਲੀਕੋਟ ਦਾ ਯੁੱਧ** (Battle of Talikot, 1565) – ਫਰਿਸ਼ਤਾ ਵਿਜੈਨਗਰ ਬਨਾਮ ਅਹਮਦ ਨਗਰ ਦੇ ਯੁੱਧ ਦੇ ਬਾਰੇ ਵਿਚ ਕਹਿੰਦਾ ਹੈ "ਸਾਰਾ ਦੇਸ਼ ਇਸ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਕਿ ਪੁਰੂੰਦੇ ਤੋਂ ਖੈਬਰ ਤਕ ਅਤੇ ਅਹਮਦ ਨਗਰ ਤੋਂ ਦੌਲਤਾਬਾਦ ਤਕ ਆਬਾਦੀ ਦਾ ਨਿਸ਼ਾਨ ਤਕ ਵੀ ਨਹੀਂ ਦਿੱਸਦਾ ਸੀ। ਬੀਜਾ ਪੁਰ ਦੇ ਕਾਫਿਰਾਂ ਨੇ ਜਿਹੜੇ ਐਸੀ ਘਟਨਾ ਦੀ ਇੰਤਜਾਰ ਕਰ ਰਹੇ ਸਨ, ਨਿਰਦਇਤਾ ਵਿਚ ਕੋਈ ਕਸਰ ਨਾ ਛੱਡੀ। ਉਨ੍ਹਾਂ ਨੇ ਮੁਸਲਮਾਨ ਔਰਤਾਂ ਦੀ ਇੱਜਤ ਨਸ਼ਟ ਕੀਤੀ, ਮਸਜਿਦਾਂ ਨੂੰ ਨਸ਼ਟ ਕੀਤਾ ਅਤੇ ਪਵਿੱਤਰ ਕੁਰਾਨ ਦੀ ਇੱਜਤ ਨਾ ਕੀਤੀ।" ਅਹਮਦ ਨਗਰ ਬੀਜਾਪੁਰ, ਗੋਲਕੁੰਡਾ ਅਤੇ ਬੀਦਰ ਦੇ ਮੁਸਲਮਾਨ ਰਾਜਾਂ ਨੇ ਭੇਦ ਭਾਉ ਮਿਟਾ ਕੇ ਵਿਜੈ ਨਗਰ ਦੇ ਕਾਫਿਰ ਰਾਜ ਦੇ ਵਿਰੁਧ ਇਕ ਵੱਡਾ ਸ਼ਕਤੀ ਗੁਟ ਬਣਾਇਆ। ਫਰਿਸ਼ਤਾ (ਰਾਮਰਾਏ ਅਤੇ ਮੁਸਲਮਾਨ ਰਾਜਦੂਤਾਂ ਦੇ ਵਿਸ਼ੇ ਵਿਚ) ਕਹਿੰਦਾ ਹੈ "ਉਹ ਉਨ੍ਹਾਂ ਰਾਜਦੂਤਾਂ ਨਾਲ ਘ੍ਰਿਣਾ ਪੂਰਨ ਭਾਸ਼ਾ ਵਿਚ ਵਿਵਹਾਰ ਕਰਦਾ ਸੀ ਅਤੇ ਉਨ੍ਹਾਂ ਦੀ ਸ਼ੱਤਰੂਤਾ ਨੂੰ ਬਹੁਤ ਘੱਟ ਸਮਝਦਾ ਸੀ।" ਉਨ੍ਹਾਂ ਨੇ ਅਪਣੀ ਸੈਨਾ ਦੇ ਨਾਲ 1564 ਈ. ਦੇ ਅੰਤ ਵਿਚ ਦੱਖਣ ਦੇ ਵੱਲ ਰਵਾਨਗੀ ਕੀਤੀ। ਸੇਵੇਲ (ਜਦੋਂ ਮਿੱਤਰ ਸੈਨਾਵਾਂ ਨੇ ਤਲੀਕੋਟ ਦੇ ਵੱਲ ਰਵਾਨਗੀ ਕੀਤੀ) ਕਹਿੰਦਾ ਹੈ "ਵਿਜੈ ਨਗਰ ਵਿਚ ਬਹੁਤ ਵਿਸ਼ਵਾਸ ਸੀ। ਇਹ ਯਾਦ ਕਰਕੇ ਕਿ ਮੁਸਲਮਾਨਾਂ ਨੇ ਬਹੁਤ ਵਾਰ ਆਮ ਮਹਾਨ ਰਾਜਧਾਨੀ ਨੂੰ ਸੱਟ ਪਹੁੰਚਾਣ ਦੀ ਬੇਕਾਰ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਇਹ ਯਾਦ ਕਰਕੇ ਕਿਸ ਪਿਛਲੀ ਦੋ ਸਦੀਆਂ ਵਿਚ ਉਹ ਦੱਖਣ ਵਿਚ ਦਾਖਲ ਹੋਣ ਵਿਚ ਕਿਸ ਤਰ੍ਹਾਂ ਅਸਫਲ ਹੋਏ ਹਨ ਉਥੇ ਦੇ ਨਿਵਾਸੀ ਬਿਨਾਂ ਕਿਸੀ ਡਰ ਜਾਂ ਖਤਰੇ ਵਿਚ ਅਪਣੀ ਰੋਜੀ ਰੋਟੀ ਵਿਚ ਲੱਗੇ ਰਹੇ। ਬਹੁਤ ਸਾਰੇ ਬੰਦਰਗਾਹੀ ਸ਼ਹਿਰਾਂ (Sea ports) ਤੋਂ ਲਿਆਂਦੇ ਸਾਮਾਨ ਨਾਲ ਭਰੀ ਬੈਲਗੱਡੀਆਂ ਉਨ੍ਹਾਂ ਦੇ ਰਸਤੇ ਵਿਚ ਆਉਂਦੀ ਰਹੀਆਂ ਮੰਨਿਆ ਕਿ ਉਨ੍ਹਾਂ ਦੇ ਉੱਪਰ ਕੋਈ ਖਤਰਾ ਨਹੀਂ ਸੀ। ਰਾਜਾ ਸਦਾਸ਼ਿਵ ਪੂਰਨ ਲੱਜਾ ਜਨਕ ਅਪਣਾ ਜੀਵਨ ਗੁਜਾਰ ਰਿਹਾ ਸੀ ਅਤੇ ਵਾਸਤਵਿਕ ਰਾਜਾ ਰਾਮ ਰਾਏ ਨੇ ਅਪਣੇ ਸ਼ੱਤਰੂਆਂ ਦੀ ਰਵਾਨਗੀ ਬਾਰੇ ਵਿਚ ਅਪਣੇ ਘੰਮਡਪੁਣੇ ਨੂੰ ਇਕ ਪੱਲ ਲਈ ਵੀ ਨਹੀਂ ਛੱਡਿਆ।" ਜਦੋਂ ਰਾਮ ਰਾਏ ਨੂੰ ਇਨ੍ਹਾਂ ਦਾ ਪਤਾ ਲੱਗਿਆ ਤਾਂ ਉਸਨੇ ਅਪਣੇ ਭਰਾ ਨੂੰ ਇਕ ਲੱਖ ਪੈਦਲ ਸਵਾਰ, ਵੀਹ

**ਨੋਟ**

ਹਜਾਰ ਘੋੜ ਸਵਾਰ ਅਤੇ ਪੰਜ ਸੌ ਹਾਥੀਆਂ ਦੀ ਇਕ ਸੈਨਾ ਦੇ ਕੇ ਭੇਜਿਆ ਕਿ ਸ਼ੱਤਰੂਆਂ ਨੂੰ ਅੱਗੇ ਵੱਧਣ ਤੋਂ ਰੋਕੋ ਅਤੇ ਬਾਕੀ ਸੈਨਾ ਉਹ ਖੁਦ ਲੈ ਕੇ ਆਇਆ। ਕ੍ਰਿਸ਼ਨਾ ਨਦੀ ਦੇ ਨੇੜੇ ਤਲੀਕੋਟ ਦੇ ਮੈਦਾਨ ਉਤੇ 23 ਜਨਵਰੀ 1565 ਈ. ਨੂੰ ਦੋਵੇਂ ਪੱਖ ਇਕ ਦੂਜੇ ਨਾਲ ਭਿੜ ਪਏ। ਡਾਂ ਈਸ਼ਵਰੀ ਪ੍ਰਸਾਦਿ ਦੇ ਸ਼ਬਦਾਂ ਵਿਚ "ਐਸੀ ਭਾਰੀ ਸੈਨਾਵਾਂ ਦੱਖਣ ਦੇ ਕਿਸੀ ਯੁੱਧ ਖੇਤਰ ਵਿਚ ਤਾਂ ਪਹਿਲਾਂ ਕਦੇ ਨਹੀਂ ਲੜੀਆਂ ਹੋਣਗੀਆਂ। ਹਿੰਦੂ ਸੈਨਾਵਾਂ ਸ਼ੱਤਰੂ ਦੇ ਵਿਰੁਧ ਵੱਡੀ ਬਹਾਦਰੀ ਨਾਲ ਲੜੀਆਂ ਪਰ ਅੰਤ ਵਿਚ ਉਸਦੀ ਵਧੀਆ ਸ਼ਕਤੀ ਦੇ ਸਾਹਮਣੇ ਬੇਬਸ ਹੋ ਕੇ ਰਹਿ ਗਈਆਂ। ਰਾਮ ਰਾਏ ਨੂੰ ਪਕੜ ਕੇ ਮਾਰ ਦਿੱਤਾ ਗਿਆ। ਕੋਈ ਇਕ ਲੱਖ ਹਿੰਦੂ ਮੌਤ ਦੇ ਘਾਟ ਉਤਾਰ ਦਿੱਤੇ ਗਏ। ਵਿਜੈ ਨਗਰ ਨੂੰ ਬੜੀ ਨਿਰਦਇਤਾ ਨਾਲ ਲੁੱਟ ਲਿਆ ਗਿਆ। ਸੇਵੇਲ (Seweel) ਦੇ ਸ਼ਬਦਾਂ ਵਿਚ ਸੰਸਾਰ ਦੇ ਇਤਿਹਾਸ ਵਿਚ ਸ਼ਾਇਦ ਹੀ ਕੋਈ ਐਸੀ ਤਬਾਹੀ ਮੱਚੀ ਹੋਵੇ ਅਤੇ ਮੱਚੀ ਵੀ ਹੋਵੇ ਤਾਂ ਇੰਨੀ ਅਚਾਨਕ ਅਤੇ ਸੁਖਦਾਈ ਨਗਰ ਉਤੇ ਜਿਸ ਵਿਚ ਕਿਸੀ ਦਿਨ ਧੰਨੀ ਅਤੇ ਮਿਹਨਤੀ ਜਨਸੰਖਿਆ ਦੀ ਭਰਮਾਰ ਹੋਵੇ ਜਿਸ ਦੇ ਕੋਲ ਧੰਨ ਦੌਲਤ ਦੇ ਢੇਰ ਹੋਣ ਅਤੇ ਜਿਹੜੇ ਅਗਲੇ ਹੀ ਫੜ ਕੇ ਲੁੱਟ ਮਾਰ-ਖੰਡਰ ਬਣਾ ਦਿੱਤੇ ਜਾਣ ਜਿੱਥੇ ਕਤਲੇਆਮ ਦੇ ਐਸੇ ਭਿਆਨਕ ਦ੍ਰਿਸ਼ ਹੋਣ ਵਰਣਨ ਕਰਨਾ ਅਸੰਭਵ ਹੋਵੇ।"

**ਤਲੀਕੋਟ ਦੀ ਲੜਾਈ ਦਾ ਮਹੱਤਵ** (Significance of the Battle of Talikot)- ਤਲੀਕੋਟ ਦੀ ਲੜਾਈ ਭਾਰਤ ਦੇ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਲੜਾਈਆਂ ਵਿੱਚੋਂ ਇਕ ਹੈ। ਇਸ ਨੇ ਵਿਜੈਨਗਰ ਰਾਜ ਦੀ ਪ੍ਰਤੀਸ਼ਠਾ ਅਤੇ ਸ਼ਕਤੀ ਨੂੰ ਬੜਾ ਧੱਕਾ ਲਗਾਇਆ। ਇਹ ਲੜਾਈ ਇਕ ਹੋਰ ਢੰਗ ਨਾਲ ਵੀ ਮਹੱਤਵਪੂਰਨ ਹੈ ਕਿ ਇਸ ਨੇ ਦੱਖਣ ਵਿੱਚ ਮੁਗਲ ਰਾਜ ਦੇ ਵਿਸਥਾਰ ਦੇ ਲਈ ਰਸਤਾ ਤਿਆਰ ਕੀਤਾ। ਵਿਜੈਨਗਰ, ਰਾਜ ਦੇ ਕਮਜ਼ੋਰ ਹੋ ਜਾਣ ਨਾਲ ਅਹਿਮਦਨਗਰ, ਬੀਜਾਪੁਰ ਅਤੇ ਗੋਲਕੁੰਡਾ ਦੇ ਮੁਸਲਿਮ ਰਾਜ ਇਕ ਦੂਸਰੇ ਨਾਲ ਲੜਨ 'ਤੇ ਉਤਾਰੂ ਹੋ ਗਏ ਅਤੇ ਇਕ-ਇਕ ਕਰਕੇ ਉਤਰ ਦੇ ਮੁਗਲ ਹਮਲਾਵਰਾਂ ਦੇ ਅੱਗੇ ਮਾਰ ਖਾਂਦੇ ਗਏ। ਬੁਰਹਾਨ-ਏ-ਮਾਸੀਰ (ਤਲੀਕੋਟ ਦੀ ਲੜਾਈ ਦੇ ਨਤੀਜਿਆਂ ਦੇ ਬਾਰੇ ਵਿੱਚ) ਲਿਖਦਾ ਹੈ: "ਜੇਤੂਆਂ ਨੇ ਇੰਨੀ ਮਾਤਰਾ ਵਿੱਚ ਰਤਨ, ਗਹਿਣੇ, ਫਰਨੀਚਰ, ਊਂਠ, ਤੰਬੂ, ਕੈਂਪ ਸਾਜ-ਸਾਮਾਨ (Camp Equipment), ਢੋਲ, ਨੌਕਰਾਣੀਆਂ, ਨੌਕਰ ਅਤੇ ਸਾਰੀ ਕਿਸਮ ਦੇ ਅਸਤਰ-ਸ਼ਸਤਰ ਕਬਜ਼ੇ ਵਿੱਚ ਕੀਤੇ ਕਿ ਸਾਰੀ ਸੈਨਾ ਧਨਾੜਯ ਹੋ ਗਈ।" ਫਰਿਸ਼ਤਾ ਤਲੀਕੋਟ ਦੀ ਲੜਾਈ ਦੇ ਨਤੀਜਿਆਂ ਦੇ ਬਾਰੇ ਕਹਿੰਦਾ ਹੈ:

"ਲੁੱਟ ਇੰਨੀ ਵੱਡੀ ਸੀ ਕਿ ਮਿੱਤਰ ਸੈਨਾਵਾਂ ਦਾ ਹਰੇਕ ਨਿੱਜੀ ਪੁਰਖ ਸੋਨੇ ਰਤਨਾਂ ਤੰਬੂਆਂ, ਹਥਿਆਰਾਂ ਘੋੜਿਆ ਅਤੇ ਦਾਸਾਂ ਨੂੰ ਪਾ ਕੇ ਅਮੀਰ ਹੋ ਗਿਆ। ਰਾਜਿਆਂ ਨੇ ਹਾਥੀਆਂ ਨੂੰ ਅਪਣੇ ਲਈ ਰੱਖ ਕੇ ਹਰੇਕ ਵਿਅਕਤੀ ਨੂੰ ਜੋ ਵੀ ਉਸਨੇ ਲੁੱਟ ਵਿਚ ਪ੍ਰਾਪਤ ਕੀਤਾ ਸੀ ਅਪਣੇ ਪਾਸ ਰੱਖਣ ਦੀ ਇਜਾਜਤ ਦੇ ਦਿੱਤੀ ਸੀ।" ਯਹੂਦੀ ਪੈਗੰਬਰ ਲੈਮ (ਸ਼ਹਿਰ ਦੀ ਨਸ਼ਟਤਾ ਦੇ ਵਿਸ਼ੇ ਬਾਰੇ) ਦੇ ਅਨੁਸਾਰ "ਜਿਹੜੀ ਨਗਰੀ ਲੋਕਾਂ ਨਾਲ ਭਰੀ ਹੋਈ ਸੀ ਉਹ ਕਿਸ ਤਰ੍ਹਾਂ ਬੇਜਾਨ ਹੋ ਗਈ ਉਹ ਕਿਸ ਤਰ੍ਹਾਂ ਵਿਧਵਾ ਹੋ ਗਈ ਜਿਹੜੀਆਂ ਰਾਸ਼ਟਰਾਂ ਵਿਚ ਮਹਾਨ ਸਨ ਅਤੇ ਜਿਹੜੀਆਂ ਪ੍ਰਾਂਤਾਂ ਵਿਚ ਰਾਜਕੁਮਾਰੀਆਂ ਸਨ ਉਹ ਕਿਸ ਤਰ੍ਹਾਂ ਸਹਾਇਕ ਰਾਜ (Tributory State) ਬਣ ਗਈ। ਬਜ਼ੁਰਗ ਅਤੇ ਜਵਾਨ ਜ਼ਮੀਨ ਉਤੇ ਗਲੀਆਂ ਵਿਚ ਪਏ ਹਨ ਫੀਕਾ ਪੈ ਗਿਆ ਹੈ। ਸਰਵਉੱਤਮ ਸੋਨਾ ਕਿਸ ਤਰ੍ਹਾਂ ਬਦਲ ਗਿਆ ਹੈ, ਸ਼ਰਣ ਸਥਲ (Sanctuary) ਦੇ ਪੱਥਰ ਕਿਸ ਤਰ੍ਹਾਂ ਗਲੀਆਂ ਵਿਚ ਖਿੰਡਰੇ ਪਏ ਹਨ।"

**ਸੇਵੇਲ ਦੇ ਅਨੁਸਾਰ** "ਜਦੋਂ ਰਾਜਕੁਮਾਰ ਅਪਣੇ ਖਜਾਨੇ ਲੈ ਕੇ ਨੱਸ ਗਏ ਤਾਂ ਸ਼ਹਿਰ ਵਿਚ ਆਂਤਕ ਫੈਲ ਗਿਆ। ਘੱਟ ਤੋਂ ਘੱਟ ਸੱਚਾਈ ਜਾਹਰ ਹੋ ਗਈ। ਇਹ ਕੇਵਲ ਹਾਰ ਹੀ ਨਹੀਂ ਸੀ ਇਹ ਤਾਂ ਬਰਬਾਦੀ ਸੀ। ਸਾਰੀਆਂ ਆਸਾਂ ਖਤਮ ਹੋ ਗਈਆਂ। ਨਗਰ ਦੇ ਲੱਖਾਂ ਨਿਵਾਸੀ ਸੁਰੱਖਿਆਹੀਨ ਹੋ ਚੁੱਕੇ ਸਨ। ਕੁਝ ਇੱਕ ਦੇ ਲਈ ਛੱਡ ਕੇ ਨਾਂ ਪਿੱਛੇ ਹਟਣਾ ਅਤੇ ਨਾਂ ਹੀ ਨੱਸਣਾ ਹੀ ਸੰਭਵ ਸੀ ਸੀ ਕਿਉਂਕਿ ਸਾਮਾਨ ਨਾਲ ਲੱਦੀ ਬੈਲਗੱਡੀਆਂ ਥਲ ਦੀ ਪਿੱਛੇ ਯੁੱਧ ਵਿਚ ਚਲੀ ਗਈਆਂ ਸਨ ਅਤੇ ਉਹ ਵਾਸਪ ਨਾ ਆਈਆਂ ਸਨ। ਸਾਰੇ ਖਜਾਨਿਆਂ ਨੂੰ ਦਬਾਉਣ ਅਤੇ ਛੋਟੀ ਉਮਰ ਦੇ ਪੁਰਖਾਂ ਨੂੰ ਹਥਿਆਰ ਨਾਲ ਸਜਾਉਣ ਅਤੇ ਇੰਤਜਾਰ ਕਰਨ ਦੇ ਸਿਵਾਏ ਕੁਝ ਨਹੀਂ ਕੀਤਾ ਜਾ ਸਕਦਾ ਸੀ। ਅਗਲੇ ਦਿਨ ਸ਼ਹਿਰ ਆਸ ਪਾਸ ਦੇ ਜੰਗਲੀ ਲੋਕਾਂ ਅਤੇ ਲੁੱਟਣ ਵਾਲੀ ਜਾਤਾਂ ਦੇ ਸ਼ਿਕਾਰ ਦਾ ਸਥਾਨ ਬਣ ਗਿਆ। ਬੰਜਾਰਿਆਂ, ਲੰਬਾੜਿਆਂ ਅਤੇ ਕੁਰੂਆਵਾਂ ਆਦਿ ਦੇ ਦਲ ਅਸਹਾਇ ਨਗਰ ਉਤੇ ਟੁੱਟ ਪਏ ਅਤੇ ਸਟੋਰਾਂ ਤੇ ਦੁਕਾਨਾਂ ਨੂੰ ਲੁੱਟ ਕੇ ਭਾਰੀ ਧੰਨ ਆਪਣੇ ਨਾਲ ਲੈ ਗਏ।' ਕਾਉਟੋ (Couto) ਕਹਿੰਦਾ ਹੈ ਕਿ ਦਿਨ ਭਰ ਵਿਚ ਇਨ੍ਹਾਂ ਲੋਕਾਂ ਨੇ ਛੇ ਆਕ੍ਰਮਣ ਕੀਤੇ।

ਤੀਜੇ ਦਿਨ ਅੰਤ ਦੀ ਸ਼ੁਰੂਆਤ ਹੋਈ। ਜੇਤੂ ਮੁਲਮਾਨ ਯੁੱਧ ਖੇਤਰ ਵਿਚ ਜਲ-ਪਾਨ ਅਤੇ ਆਰਾਮ ਦੇ ਲਈ ਰੁੱਕ ਗਏ ਸਨ। ਪਰ ਹੁਣ ਉਹ ਰਾਜਧਾਨੀ ਪਹੁੰਚ ਚੁੱਕੇ ਸਨ ਅਤੇ ਉਸ ਸਮੇਂ ਤੋਂ ਪੰਜ ਮਹੀਨਿਆਂ ਦੀ ਅਵਧੀ ਤਕ ਵਿਜੈ ਨਗਰ ਨੂੰ ਆਰਾਮ ਨਹੀਂ ਮਿਲਿਆ। ਸ਼ੱਤਰੂ ਨਸ਼ਟ ਕਰਨ ਲਈ ਆਏ ਸਨ ਅਤੇ ਉਹ ਅਪਣੇ ਮਕਸਦ ਦੀ ਪੂਰਤੀ ਲਗਾਤਾਰ ਕਰਦੇ ਰਹੇ। ਉਨ੍ਹਾਂ ਨੇ ਬਿਨ੍ਹਾਂ ਕਿਸੀ ਦਇਆ ਤੋਂ ਲੋਕਾਂ ਦਾ ਕਤਲੇਆਮ ਕੀਤਾ। ਮੰਦਰ ਅਤੇ ਮਹੱਲਾਂ ਨੂੰ ਤੋੜ ਦਿੱਤਾ ਅਤੇ ਰਾਜਾਵਾਂ ਦੇ ਨਿਵਾਸ ਸਥਾਨਾਂ ਉਤੇ ਜਵਾਬੀ ਕਾਰਵਾਈ ਦੀ ਭਾਵਨਾ ਤੋਂ ਕੰਮ ਲਿਆ ਕਿ ਪੱਥਰ ਅਤੇ ਕੰਕਰਾਂ ਦੇ ਬਣੇ ਕੁਝ ਮੰਦਰ ਅਤੇ ਦੀਵਾਰਾਂ ਦੇ ਸਿਵਾਏ ਜਿਸ ਸਥਾਨ ਉਤੇ ਇਮਾਰਤਾਂ ਖੜੀਆਂ ਸਨ ਹੁਣ ਉਨ੍ਹਾਂ ਦੇ ਖੰਡਰਾਂ ਤੋਂ ਸਿਵਾਏ ਕੁਝ ਨਹੀਂ ਸੀ ਬਚਿਆ। ਉਨ੍ਹਾਂ ਨੇ ਮੂਰਤੀਆਂ ਨੂੰ ਗਿਰਾ ਦਿੱਤਾ ਅਤੇ ਵਿਸ਼ਾਲ ਨਰ ਸਿੰਘ ਪੱਥਰਾਂ ਦੇ ਅੰਗਾਂ ਤਕ ਤੋੜਨ ਵਿਚ ਉਹ ਸਫਲ ਹੋਏ। ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਤੋਂ ਕੁਝ ਵੀ ਨਹੀਂ ਬੱਚ ਪਾਏਗਾ। ਵਿਸ਼ਾਲ ਪਲੇਟਫਾਰਮ ਉਤੇ ਬਣੇ ਜਿਨ੍ਹਾਂ ਤਾਜ ਸ਼ਾਹੀ ਤੋਂ ਰਾਜਾ ਲੋਕ ਤਿਉਹਾਰਾਂ ਨੂੰ ਦੇਖਿਆ ਕਰਦੇ ਸਨ। ਉਨ੍ਹਾਂ ਨੂੰ ਉਨ੍ਹਾਂ ਨੇ ਤੋੜ ਦਿੱਤਾ ਅਤੇ ਉਕਰੇ ਠੱਪੇ ਨਾਲ ਬਣੇ ਨਿਰਮਾਣ ਕੰਮਾਂ (Carved Works) ਨੂੰ ਗਿਰਾ ਦਿੱਤਾ। ਉਨ੍ਹਾਂ ਨੇ ਨਦੀ ਦੇ ਨੇੜੇ ਸਥਿਤ ਵਿੱਠਲ

ਨੋਟ

ਸਵਾਮੀ ਦੇ ਮੰਦਰਾਂ ਦੀਆਂ ਇਮਾਰਤਾਂ ਵਿਚ ਅੱਗ ਲਗਾ ਦਿੱਤੀ ਅਤੇ ਪੱਥਰ ਉਤੇ ਬਣੇ ਸੁੰਦਰ ਕੰਮਾਂ ਨੂੰ ਨਸ਼ਟ ਕਰ ਦਿੱਤਾ। ਉਹ ਅੱਗ ਅਤੇ ਤਲਵਾਰ ਕੁਹਾੜੀਆਂ ਨਾਲ ਰੋਜ਼ ਰੋਜ਼ ਤਬਾਹੀ ਦਾ ਕੰਮ ਕਰਦੇ ਰਹੇ। ਸ਼ਾਇਦ ਸੰਸਾਰ ਦੇ ਇਤਿਹਾਸ ਵਿਚ ਇੰਨੇ ਸੁੰਦਰ ਸ਼ਹਿਰ ਨੂੰ ਇੰਨਾ ਅਚਾਨਕ ਕਦੀ ਤਬਾਹੀ ਨਹੀਂ ਕੀਤੀ ਗਈ। ਜਿਹੜਾ ਇਕ ਦਿਨ ਅਮੀਰ ਅਤੇ ਮਿਹਨਤੀ ਜਨਤਾ ਨਾਲ ਪੂਰਨ ਸੀ ਅਤੇ ਜਿਹੜੇ ਅਗਲੇ ਦਿਨ ਖੰਡਰ ਵਿਚ ਬਦਲ ਗਿਆ ਅਤੇ ਜਿੱਥੇ ਮਾਰ ਕੱਟ ਅਤੇ ਆਂਤਕ ਦੇ ਇੰਨੇ ਅਸਭਿਅ ਦ੍ਰਿਸ਼ ਹੋਏ ਹੋਣ ਜਿਨ੍ਹਾਂ ਦਾ ਵਰਣਨ ਨਹੀਂ ਹੋ ਸਕਦਾ।

### 13.1.4 ਅਰਾਵਿਦੂ ਰਾਜਵੰਸ਼ ਅਤੇ ਵਿਜੈਨਗਰ ਦਾ ਪਤਨ (Aravidu Dynasty and Fall of Vijayanagar)

ਰਾਮ ਰਾਏ ਦੇ ਮ੍ਰਿਤੂ ਦੇ ਬਾਦ ਉਸ ਦਾ ਭਰਾ ਤੀਰੁਮਲ ਸਭ ਕੁਝ ਬਣ ਗਿਆ। ਉਸਨੇ ਰਾਜ ਕਰਦੇ ਹੋਏ ਰਾਜਾ ਸਦਾ ਸ਼ਿਵ ਨੂੰ ਗੱਦੀ ਉਤੋਂ ਉਤਾਰ ਦਿੱਤਾ ਅਤੇ ਅਪਣਾ ਹੀ ਰਾਜ ਸਥਾਪਿਤ ਕਰ ਲਿਆ। ਇਸ ਤਰ੍ਹਾਂ ਅਰਵਿੰਦੂ ਰਾਜ ਵੰਸ਼ ਦੀ ਸ਼ੁਰੂਆਤ ਹੋਈ। ਤੀਰੁ ਮਲ ਦੇ ਬਾਦ ਰੰਗ ਦੂਜਾ ਅਤੇ ਵੇਨਕਟ ਦੂਜਾ ਰਾਜਗੱਦੀ ਉਤੇ ਆਏ ਜਿਨ੍ਹਾਂ ਨੇ 1614 ਈ. ਤਕ ਰਾਜ ਕੀਤਾ। ਵੇਨਕਟ ਦੀ ਮੌਤ ਦੇ ਬਾਦ ਉੱਤਰਾਧਿਕਾਰ ਦਾ ਯੁੱਧ ਛਿੜ ਗਿਆ ਜਿਸਨੇ ਇਸ ਰਾਜ ਨੂੰ ਹੋਰ ਵੀ ਕਮਜ਼ੋਰ ਬਣਾ ਦਿੱਤਾ। ਮੁਸਲਮਾਨਾਂ ਨੇ ਸਾਮਰਾਜ ਦੇ ਬਹੁਤ ਸਾਰੇ ਹਿੱਸਿਆਂ ਉਤੇ ਅਧਿਕਾਰ ਕਰ ਲਿਆ ਅਤੇ ਇਸ ਤਰ੍ਹਾਂ ਪ੍ਰਸਿੱਧ ਵਿਜੈ ਨਗਰ ਰਾਜ ਢੇਰ ਹੋ ਗਿਆ।

*ਟਾਸਕ* ਅਰਵਿੰਦੂ ਰਾਜਵੰਸ਼ ਦੀ ਸ਼ੁਰੂਆਤ ਕਿਸ ਤਰ੍ਹਾਂ ਹੋਈ ?

## 13.2 ਕ੍ਰਿਸ਼ਨ ਦੇਵ ਰਾਏ ਦਾ ਜੀਵਨ ਅਤੇ ਸਫਲਤਾਵਾਂ (Life and Successfulness of Krishnadev Roy)

**ਰਾਜ ਦੀ ਸਥਾਪਨਾ** (Foundation of the Kingdom) – ਵਿਜੈ ਨਗਰ ਦੇ ਰਾਜ ਦੀ ਨੀਂਹ ਹਰੀਹਰ ਅਤੇ ਬੁੱਕਾ ਨੇ 1336 ਈ. ਵਿਚ ਜਾਂ ਇਸ ਦੇ ਲਗਭਗ ਰੱਖੀ ਸੀ। ਉਨ੍ਹਾਂ ਨੇ ਸੰਗਮ ਵੰਸ਼ (Sangam Dynasty) ਦਾ ਨੀਂਹ ਪੱਥਰ ਰੱਖਿਆ ਸੀ। ਇਸ ਵੰਸ਼ ਦੇ ਅੰਤਮ ਸ਼ਾਸਕ ਵੀਰ ਪਕਸ਼ ਨੂੰ ਉਸਦੇ ਮੰਤਰੀ ਸਲੂਵਾ ਨਰਸਿੰਘ ਨੇ ਸਾਮਰਾਜ ਨੂੰ ਟੁਕੜੇ ਟੁਕੜੇ ਹੋਣ ਤੋਂ ਬਚਾਉਣ ਲਈ 1490 ਈ. ਦੇ ਲਗਭਗ ਗੱਦੀ ਤੋਂ ਹਟਾ ਦਿੱਤਾ ਸੀ। ਉਸਨੇ ਅਪਣੇ ਲਈ ਸਿੰਘਾਸਨ ਖੋਹ ਲਿਆ। ਇਸ ਘਟਨਾ ਨੂੰ ਪਹਿਲੀ ਹੜੱਪ (First usurpation) ਦੇ ਨਾਂ ਤੋਂ ਬੁਲਾਇਆ ਜਾਦਾ ਹੈ ਅਤੇ ਇਸ ਨਾਲ ਵਿਜੈ ਨਗਰ ਸਲੂਵਾ ਵੰਸ਼ (Saluva Dynasty) ਦੇ ਸ਼ਾਸਨ ਵਿਚ ਚਲਾ ਗਿਆ। 1505 ਈ. ਵਿਚ ਇਸ ਵੰਸ਼ ਦਾ ਸਥਾਨ ਵੀ ਤੁਲੁਬ ਵੰਸ਼ (Tuluva Dynasty) ਦੇ ਇਕ ਦੂਜੇ ਵੰਸ਼ ਨੇਲੈ ਲਿਆ। ਇਸ ਘਟਨਾ ਨੂੰ ਦੂਜੀ ਹੜੱਪ ਦੇ ਨਾਂ ਤੋਂ ਬੁਲਾਇਆ ਜਾਦਾ ਹੈ।

**ਕ੍ਰਿਸ਼ਨ ਦੇਵ ਰਾਏ ਦਾ ਸਥਾਨ** (Place of Krishnadeva Roy) – ਇਸ ਵੰਸ਼ ਦਾ ਸਭ ਤੋਂ ਜ਼ਿਆਦਾ ਅਸਾਧਾਰਨ ਸ਼ਾਸਕ ਕ੍ਰਿਸ਼ਨ ਦੇਵ ਰਾਏ ਸੀ ਜਿਹੜੇ ਵਿਜੈ ਨਗਰ ਦਾ ਸਭ ਤੋਂ ਮਹਾਨ ਸ਼ਾਸਕ ਸੀ ਅਤੇ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਰਾਜਿਆ ਵਿਚੋਂ ਇੱਕ ਸੀ। ਕਿਹਾ ਜਾਂਦਾ ਹੈ ਕਿ ਉਹ 1509 ਈ. ਵਿਚ ਉਸ ਦੀ ਰਾਜ ਤਾਜ-ਪੋਸ਼ੀ ਹੋਈ ਸੀ। ਦੱਖਣ ਦੇ ਰਾਜਿਆਂ ਵਿਚ ਹਿੰਦੂ-ਮੁਸਲਮਾਨਾਂ ਵਿਚ ਕੋਈ ਐਸਾ ਸ਼ਾਸਕ ਨਹੀਂ ਸੀ ਜਿਸ ਦੀ ਉਸ ਨਾਲ ਤੁਲਣਾ ਕੀਤੀ ਜਾ ਸਕੇ।

**ਉਸਦੇ ਧਾਰਮਕ ਵਿਚਾਰ** (His Religious Views) – ਹਾਲਾਂਕਿ ਕ੍ਰਿਸ਼ਨ ਦੇਵ ਰਾਏ ਖੁਦ ਵੈਸ਼ਨਵ ਸੀ ਪਰ ਉਸ ਵਿਚ ਹੋਰ ਧਰਮਾਂ ਦੇ ਪ੍ਰਤੀ ਸਹਿਨਸ਼ੀਲਤਾ ਸੀ। ਉਹ ਹਰੇਕ ਵਿਅਕਤੀ ਨੂੰ ਪੂਜਾ ਪਾਠ ਦੀ ਪੂਰਨ ਸੁਤੰਤਰਤਾ ਦਿੰਦਾ ਸੀ। ਪੂਰਵ ਵਿਚ ਪ੍ਰਚਲਿਤ ਆਦਰ ਸਤਿਕਾਰ ਦੀ ਉੱਚ ਪਰੰਪਰਾਵਾਂ ਦੇ ਅਨੁਸਾਰ ਅਪਣੀ ਕ੍ਰਿਪਾਲਤਾ ਵਿਦੇਸ਼ੀਆਂ ਨੂੰ ਬਿਨਾਂ ਕਿਸੀ ਜਾਤ ਅਤੇ ਵਰਣ ਦੇ ਭੇਦਭਾਵ ਦੀ ਦਿੱਤੀ। ਵਿਦੇਸ਼ੀ ਉਸ ਦੇ ਬਾਰੇ ਵਿਚ ਬਹੁਤ ਪ੍ਰਸ਼ੰਸਾ ਕਰਦੇ ਸਨ। ਉਸਨੂੰ ਵਿਦਵਾਨ ਅਤੇ ਗਾਲੜੀ ਦੇ ਰੂਪ ਵਿਚ ਦਿਖਾਇਆ ਗਿਆ ਸੀ ਅਤੇ ਵਿਦਵਾਨਾਂ ਨੇ ਉਸਦੀ ਪ੍ਰਸੰਸਾ ਕੀਤੀ ਸੀ। ਸਬੂਤ ਮਿਲਦਾ ਹੈ ਕਿ ਉਦਾਰ ਕਲਾਵਾਂ (Liberal Arts) ਦਾ ਵੱਡਾ ਸੰਰੱਖਿਅਕ ਸੀ।

**ਉਸਦੇ ਗੁਣ** (His Qualities) – ਕ੍ਰਿਸ਼ਨ ਦੇਵ ਰਾਏ ਸਦਾ ਹੀ ਅਪਣੀ ਪਰਜਾ ਦੀ ਭਲਾਈ ਦੇ ਲਈ ਚਾਹਵਾਨ ਰਹਿੰਦਾ ਸੀ। ਉਸਦੀ ਉਦਾਰ ਧਰਮ ਸਥਾਈ ਨੀਤੀ (Liberal Endowments) ਨੇ ਉਸਨੂੰ ਜਨਤਾ ਦਾ ਹੋਰ ਵੀ ਜ਼ਿਆਦਾ ਪ੍ਰਿਯ ਬਣਾ ਦਿੱਤਾ ਸੀ। ਨਰਮ ਅਤੇ ਨਿੱਜੀ ਸਮਾਜਾਂ ਵਿਚ ਅਨੁਕੂਲ ਸੁਭਾਵਾਂ ਵਾਲਾ ਪ੍ਰੀਸ਼ਦ ਵਿਚ ਬੁੱਧੀਮਾਨ ਅਤੇ ਦੂਰਦਰਸ਼ੀ ਨਿਪੁੰਨ ਭਾਸ਼ਣਕਰਤਾ ਅਤੇ ਸਾਹਿਤਕਾਰਾਂ ਨੂੰ ਸੁਣਨ ਵਿਚ ਸਭਿਆਵਾਨ, ਮਾਣਯੋਗ ਅਤੇ ਅਪਣੇ ਸਰਵਜਨਿਕ ਕੰਮਾਂ ਵਿਚ ਡਰ ਪ੍ਰੇਰਿਤ ਕਰਨ ਵਾਲਾ ਕ੍ਰਿਸ਼ਨਦੇਵ ਯੁੱਧ ਵਿਚ ਭਿਅੰਕਰ ਸੀ। ਅਸਲ ਵਿਚ ਸਭ ਰਾਜਕੁਮਾਰਾਂ ਵਿਚ ਉਹ ਇਕ ਰਤਨ ਸੀ।

### 13.2.1 ਪ੍ਰਦੇਸ਼ ਦਾ ਵਿਸਤਾਰ (Expansion of Territory)

ਨੋਟ

**ਸ਼ਿਵਸਮੁਦ੍ਰਮ, ਰਾਏਚੂਰ ਅਤੇ ਉੜੀਸਾ ਸਰਦਾਰ ਦੀ ਗ੍ਰਿਫਤਾਰੀ** (Capture of Sivasamudram, Raichur and Odisha Chief) – ਅਪਣੇ ਆਪ ਨੂੰ ਸਿੰਘਾਸਨ ਉਤੇ ਸੁਰੱਖਿਅਤ ਕਰਕੇ ਕ੍ਰਿਸ਼ਨ ਦੇਵ ਰਾਏ ਨੇ ਜਿੱਤਾਂ ਦੁਆਰਾ ਅਪਣੇ ਖੇਤਰਾਂ (Dominions) ਦਾ ਵਿਸਤਾਰ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਸਨੇ ਅਪਣਾ ਧਿਆਨ ਅਪਣੇ ਸਾਮਰਾਜ ਦੇ ਕੇਂਦਰੀ ਭਾਗ ਦੇ ਜਿਮੀਂਦਾਰਾਂ ਨੂੰ ਦਬਾਉਣ ਦੇ ਵੱਲ ਦਿੱਤਾ। 1510 ਈ. ਤਕ ਅਪਣੇ ਪ੍ਰਧਾਨ ਦਫ਼ਤਰ ਨੂੰ ਛੱਡ ਕੇ ਉਸਨੇ ਦੱਖਣੀ ਮੈਸੂਰ ਦੇ ਸਰਦਾਰਾਂ ਦੇ ਵੱਲ ਰਵਾਨਗੀ ਕੀਤੀ। ਉਨ੍ਹਾਂ ਸਰਦਾਰਾਂ ਦੀ ਹਾਰ ਹੋਈ ਅਤੇ ਸ਼ਿਵਮਮੁਦ੍ਰਮ ਦਾ ਕਿਲ੍ਹਾ ਕਬਜੇ ਵਿਚ ਆ ਗਿਆ। ਹੋਰ ਪੜੋਸੀ ਸਰਦਾਰਾਂ ਨੂੰ ਵੀ ਆਗਿਆਕਾਰੀ ਬਣਾ ਲਿਆ। 1512 ਈ. ਵਿਚ ਕ੍ਰਿਸ਼ਨ ਦੇਵ ਰਾਏ ਨੇ ਬੀਜਾਪੁਰ ਸੀਮਾਂਤ ਦੇ ਵੱਲ ਕੂਚ ਕੀਤਾ ਅਤੇ ਰਾਏ ਚੂਰ ਉਤੇ ਕਬਜਾ ਕਰ ਲਿਆ। ਉਸਦੇ ਬਾਦ 1513 ਈ. ਵਿਚ ਉਹ ਉੜੀਸਾ ਦੇ ਗਣਪਤੀ ਪ੍ਰਤਾਪ ਰੁਦਰ ਦੇ ਵਿਰੁੱਧ ਵੱਧਾ। ਇਥੇ ਉਹ ਉਨ੍ਹਾਂ ਪ੍ਰਦੇਸ਼ਾਂ ਨੂੰ ਮੁੜ ਪ੍ਰਾਪਤ ਕਰਨਾ ਚਾਹੁੰਦਾ ਸੀ ਜਿਨ੍ਹਾਂ ਨੂੰ ਉਸਦੇ ਪੂਰਵਜ਼ਾਂ ਨੇ ਵਿਜੈਨਗਰ ਤੋਂ ਪਹਿਲੇ ਵੰਸ਼ ਦੇ ਅੰਤਮ ਸ਼ਾਸਕਾਂ ਦੇ ਸਮੇਂ ਵਿਚ ਖੋਹ ਲਿਆ ਸੀ।

**ਉੜੀਸਾ ਦੇ ਵਿਰੁੱਧ ਤਿੰਨ ਚੜ੍ਹਾਈਆਂ** (Three Campaigns against Odisha) – 1554 ਈ. ਦੇ ਪ੍ਰਾਰੰਭਕ ਭਾਗ ਵਿਚ ਉਸਨੇ ਪੜੌਸ ਵਿਚ ਸਥਿਤ ਘੱਟ ਮਹੱਤਵਪੂਰਨ ਕਿਲ੍ਹਿਆਂ ਅਤੇ ਕੋਂਡਾ ਵਿਡੂ ਦੇ ਸ਼ਕਤੀਸ਼ਾਲੀ ਕਿਲ੍ਹੇ ਉਤੇ ਪਰਮ ਅਧਿਕਾਰ ਕਰ ਲਿਆ ਸੀ। ਇਹ ਸਭ ਕੁਝ ਇੰਨਾ ਹੁੰਦੇ ਹੋਏ ਵੀ ਹੋਇਆ ਕਿ ਉੜੀਸਾ ਦੇ ਰਾਜਾ ਨੇ ਗੋਲਕੁੰਡਾ ਅਤੇ ਬਿਹਾਰ ਦੇ ਸ਼ਾਸਕਾਂ ਤੋਂ ਸਹਾਇਤਾ ਪ੍ਰਾਪਤ ਕੀਤੀ ਸੀ। ਉੜੀਸਾ ਦੇ ਰਾਜਕੁਮਾਰ ਵੀਰ ਭੱਦਰ ਅਤੇ ਹੋਰ ਬਹੁਤ ਸਾਰੇ ਰਈਸਾਂ ਵਿਅਕਤੀਆਂ ਨੂੰ ਬੰਦੀ ਬਣਾ ਲਿਆ ਗਿਆ ਸੀ। ਉੜੀਸਾ ਦੇ ਵਿਰੁੱਧ ਅਪਣੀ ਤੀਜੀ ਲੜਾਈ ਵਿਚ ਕ੍ਰਿਸ਼ਨ ਰਾਏਦੇਵ ਨੇ ਬੇਜਵਾੜਾ ਵਿਚ ਅਪਣਾ ਕੈਂਪ ਲਗਾਇਆ ਅਤੇ ਕੋਮਡਾਪੱਲੀ ਦਾ ਘੇਰਾ ਪਾ ਕੇ ਉਸ ਉੱਤੇ ਕਬਜਾ ਕਰ ਲਿਆ। ਉਹ ਵਿਸ਼ਾਖਾਪੱਟਨਮ ਜਿਲ੍ਹੇ ਵਿਚ ਸ਼ਿਮਾਚਲਮ ਤਕ ਉੱਤਰ ਪੂਰਬ ਦੇ ਵੱਲ ਵੱਧ ਗਿਆ ਅਤੇ ਉੜੀਸਾ ਦੇ ਰਾਜਾ ਨੂੰ ਸੰਧੀ ਕਰਨ ਉਤੇ ਮਜਬੂਰ ਕਰ ਦਿੱਤਾ।

**ਉਸਦੀ ਅੰਤਮ ਸੈਨਿਕ ਸਫ਼ਲਤਾ** (His last Military Achievement) – ਮਾਰਚ 1520 ਈ. ਵਿਚ ਰਾਏਚੂਰ ਦੇ ਨੇੜੇ ਇਸਲਾਮ ਆਦਿਲ ਸ਼ਾਹ ਉਤੇ ਜਿੱਤ, ਕ੍ਰਿਸ਼ਨ ਦੇਵ ਰਾਏ ਦੀ ਅੰਤਮ ਮਹਾਨ ਸੈਨਿਕ ਸਫਲਤਾ ਸੀ। ਇਹ ਵੁਸ ਸਮੇਂ ਦੀ ਘਟਨਾ ਹੈ ਜਦੋਂ ਆਦਿਲ ਸ਼ਾਹ ਨੇ ਰਾਏਚੂਰ ਦੋਆਬ ਨੂੰ ਲੈਣ ਦੀ ਕੋਸ਼ਿਸ਼ ਕੀਤੀ ਸੀ। ਕਿਹਾ ਜਾਂਦਾ ਹੈ ਕਿ ਉਸਨੇ ਬੀਜਾਪੁਰ ਖੇਤਰ ਨੂੰ ਕੁਚਲ ਦਿੱਤਾ ਸੀ ਅਤੇ ਗੁਲਬਰਗ ਕਿਲ੍ਹੇ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ। ਕ੍ਰਿਸ਼ਨ ਦੇਵ ਰਾਏ ਦੀ ਸੈਨਿਕ ਜਿੱਤਾਂ ਨੇ ਉਸਦੇ ਉੱਤਰੀ ਸ਼ੱਤਰੂਆਂ ਨੂੰ ਨਿਮਰ ਬਣਾ ਦਿੱਤਾ। ਇਨ੍ਹਾਂ ਦੇ ਕਾਰਨ ਉਹ ਆਪਣੇ ਸਾਮਰਾਜ ਦੀ ਸੀਮਾਵਾਂ ਨੂੰ ਪੱਛਮ ਵਿਚ ਦੱਖਣੀ ਕੋਂਕਣ ਤਕ, ਪੂਰਬ ਵਿਚ ਵਿਸ਼ਾਖਾਪਟਨਮ ਤਕ ਅਤੇ ਦੱਖਣ ਵਿਚ ਪ੍ਰਾਯਦੀਪ ਦੀ ਅੰਤਮ ਸੀਮਾ ਤਕ ਵਧਾਉਣ ਵਿਚ ਸਫਲ ਹੋਇਆ ਜਦੋਂ ਕਿ ਹਿੰਦ ਮਹਾਸਾਗਰ ਦੇ ਕੁਝ ਦੀਪ ਅਤੇ ਤਟ ਉਸਦੇ ਪ੍ਰਭਾਵ ਖੇਤਰ ਵਿਚ ਸਨ। ਅਪਣੇ ਜੀਵਨ ਦੇ ਕੁਝ ਅੰਤਮ ਸਾਲਾਂ ਨੂੰ ਉਸਨੇ ਸਭ ਤਰ੍ਹਾਂ ਤੋਂ ਸਾਮਰਾਜ ਦੇ ਗਠਨ ਅਤੇ ਦ੍ਰਿੜੀਕਰਨ (Consolidation) ਵਿਚ ਅਤੇ ਸ਼ਾਂਤਮਈ ਪ੍ਰਸ਼ਾਸਨ ਵਿਚ ਲਗਾਇਆ।

**ਪੁਰਤਗਾਲੀਆਂ ਨਾਲ ਮਿੱਤਰਤਾ** (Friendship with Protuguese) – ਕ੍ਰਿਸ਼ਨਦੇਵ ਰਾਏ ਨੇ ਪੁਰਤਗਾਲ ਨਾਲ ਮਿੱਤਰਤਾ ਦੇ ਸੰਬੰਧ ਬਣਾਏ ਰੱਖੇ। ਐਸਾ ਕਰਨਾ ਉਸ ਦੇ ਹਿਤ ਵਿਚ ਸੀ। ਘੋੜੇ ਅਤੇ ਹੋਰ ਆਵਸ਼ਕ ਸਾਮਾਨ ਦੀ ਦਰਾਮਦ ਕਰਕੇ ਉਸਨੇ ਬਹੁਤ ਲਾਭ ਉਠਾਇਆ। 1510 ਈ. ਵਿਚ ਪੁਰਤਗਾਲੀ ਗਵਰਨਰ ਅਲਬੁਕਰਕ ਨੇ ਭਟਕਲ (Bhatkal) ਵਿਚ ਇਕ ਕਿਲ੍ਹਾ ਬਣਾਉਣ ਦੀ ਇਜਾਜਤ ਮੰਗੀ। ਕ੍ਰਿਸ਼ਨ ਦੇਵ ਰਾਏ ਨੇ ਕਿਲ੍ਹਾ ਬਣਾਉਣ ਦੀ ਤੁਰੰਤ ਹੀ ਇਜਾਜਤ ਦੇ ਦਿੱਤੀ। ਪੁਰਤਗਾਲੀ ਯਾਤਰੀ ਪਾਯਸ (Paes) ਨੇ ਉਸਦੀ ਬਹੁਤ ਪ੍ਰਸ਼ੰਸਾ ਕੀਤੀ ਹੈ।

**ਵਿਜੈ ਨਗਰ ਦੀ ਸ਼ਿਖਰ** (Vijayanagar's Zenith) – ਕ੍ਰਿਸ਼ਨ ਦੇਵ ਰਾਏ ਦਾ ਸ਼ਾਸਨ ਵਿਜੈਨਗਰ ਸਾਮਰਾਜ ਦੇ ਖੇਤਰੀ ਵਿਸਤਾਰ ਦੀ ਸ਼ਿਖਰ ਦੀ ਹੀ ਪ੍ਰਤੀਕ ਨਹੀਂ ਸੀ ਇਸ ਦੇ ਇਲਾਵਾ ਕਲਾ ਅਤੇ ਸਿੱਖਿਆ ਦੇ ਪ੍ਰੋਤਸਾਹਨ ਅਤੇ ਵਿਕਾਸ ਦਾ ਵੀ ਪ੍ਰਤੀਕ ਸੀ। ਅਸਲ ਵਿਚ ਉਸਦੇ ਸ਼ਾਸਨ ਦੇ ਅਧੀਨ ਵਿਜੈ ਨਗਰ ਦੀ ਮਹਿਮਾ, ਮਹਾਨ ਸੰਪੰਨੱਤਾ ਅਪਣੀ ਸ਼ਿਖਰ ਉਤੇ ਸਨ। ਉਸੀ ਸਮੇਂ ਪੁਰਾਣੀ ਤੁਰਕੀ ਅਫ਼ਗਾਨ ਸਲਤਨਤ ਦੀ ਸ਼ਕਤੀ ਸਮਾਪਤ ਹੋ ਚੁੱਕੀ ਸੀ ਅਤੇ ਇਕ ਨਵਾਂ ਤੁਰਕੀ ਆਕ੍ਰਮਣ ਉਸਨੂੰ ਪੂਰੀ ਤਰ੍ਹਾਂ ਹੀ ਖਤਮ ਕਰਨ ਵਾਲਾ ਸੀ।

**ਉਸ ਦੇ ਉਤਰਾਧਿਕਾਰੀ** (His Successors)– ਕ੍ਰਿਸ਼ਨਦੇਵ ਰਾਏ ਦੀ ਮੌਤ 1529 ਜਾਂ 1530 ਈ. ਵਿੱਚ ਹੋਈ ਅਤੇ ਉਸ ਦੇ ਬਾਅਦ ਉਸ ਦਾ ਭਰਾ ਅਚਯੁਤ ਰਾਏ ਗੱਦੀ 'ਤੇ ਬੈਠਿਆ। ਸ਼ਿਲਾਲੇਖਾਂ ਅਤੇ ਸਾਹਿਤਕ ਪ੍ਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਅਚਯੁਤ ਰਾਏ ਬਿਲਕੁਲ ਹੀ ਡਰਪੋਕ ਸੀ। ਜਿਵੇਂ ਕਿ ਨੂਨਿਜ (Nuniz) ਨੇ ਦੱਸਿਆ ਹੈ। ਉਸ ਨੇ ਮਦੁਰਾ ਦੇ ਵਿਦਰੋਹੀ ਵਾਇਸਰਾਏ ਨੂੰ ਦਬਾਇਆ ਅਤੇ ਤਰਾਵਾਣਕੋਰ ਦੇ ਰਾਜਾ ਨੂੰ ਆਪਣਾ ਆਗਿਆਕਾਰੀ ਬਣਾਇਆ ਪਰ ਉਸ ਨੇ ਪ੍ਰਸ਼ਾਸਨ 'ਤੇ ਆਪਣਾ ਹੱਕ ਢਿੱਲਾ ਕਰ ਦਿੱਤਾ। ਪ੍ਰਸ਼ਾਸਨ ਉਸ ਦੇ ਦੋ ਰਿਸ਼ਤੇਦਾਰਾਂ ਦੇ ਕੰਟਰੋਲ ਵਿੱਚ ਆ ਗਿਆ। ਇਸ ਨਾਲ ਦੂਸਰੇ ਵਾਇਸਰਾਏ ਗੁੱਸੇ 'ਚ ਆ ਗਏ। ਉਨ੍ਹਾਂ ਨੇ ਇਕ ਵਿਰੋਧੀ ਦਲ ਬਣਾ ਲਿਆ। ਫਲਸਰੂਪ ਰਾਜ ਸੰਕਟ ਵਿੱਚ ਆ ਗਿਆ ਅਤੇ ਇਹ ਸੰਕਟ ਸਾਮਰਾਜ ਇਤਿਹਾਸ ਦੇ ਦੌਰਾਨ ਚੱਲਦਾ ਰਿਹਾ। ਅਚਯੁਤ ਰਾਏ ਦੀ 1542 ਈ. ਵਿੱਚ ਮੌਤ ਹੋਣ ਦੇ ਬਾਅਦ ਉਸ ਦੇ ਬੱਚੇ-ਪੁੱਤਰ ਨੂੰ ਰਾਜਾ ਬਣਾਇਆ ਗਿਆ। ਪਰ ਥੋੜ੍ਹੇ ਹੀ ਸਮੇਂ ਬਾਅਦ ਉਸ ਦੀ ਵੀ ਮੌਤ ਹੋ ਗਈ ਅਤੇ ਰਾਜ ਉਸ ਦੇ ਭਤੀਜੇ ਸਦਾਸ਼ਿਵ ਰਾਏ ਦੇ ਹੱਥਾਂ ਵਿੱਚ ਆ ਗਿਆ।

ਨੋਟ

**ਸਦਾ ਸ਼ਿਵ ਰਾਏ** (Sadashiva Raya) – ਸਦਾ ਸ਼ਿਵ ਰਾਏ ਕੇਵਲ ਇਕ ਕੱਠਪੁਤਲੀ ਸੀ ਅਤੇ ਪ੍ਰਸ਼ਾਸਨ ਦਾ ਕੰਮ ਕਾਜ ਉਸਦਾ ਮੰਤਰੀ ਰਾਮਰਾਏ ਚਲਾਇਆ ਕਰਦਾ ਸੀ। ਰਾਮਰਾਏ ਇਕ ਯੋਗ ਪੁਰਖ ਸੀ ਅਤੇ ਉਹ ਵਿਜੈ ਨਗਰ ਦੀ ਇੱਜਤ ਨੂੰ ਜਿਹੜੀ ਕ੍ਰਿਸ਼ਨਦੇਵ ਰਾਏ ਦੀ ਮ੍ਰਿਤੂ ਦੇ ਬਾਦ ਹੇਠਾਂ ਗਿਰ ਚੁੱਕੀ ਸੀ ਉੱਚੀ ਚੁੱਕਣਾ ਚਾਹੁੰਦਾ ਸੀ। ਰਾਮ ਰਾਏ ਦੀ ਨੀਤੀ ਦਾ ਇਕ ਮਹੱਤਵਪੂਰਨ ਮਕਸਦ ਦੱਖਣ ਸਲਤਨਤਾਂ ਦੇ ਆਪਸੀ ਝਗੜਿਆਂ ਵਿਚ ਸਕ੍ਰਿਅ ਦਖਲਅੰਦਾਜ਼ੀ ਕਰਨਾ ਸੀ। ਕਦੀ ਉਹ ਇਕ ਨਾਲ ਮਿਤੱਰਤਾ ਕਰ ਲੈਂਦਾ ਤਾਂ ਕਦੀ ਦੂਜੇ ਨਾਲ। ਉਸ ਸਮੇਂ ਤਾਂ ਉਹ ਅਪਣੇ ਇਨ੍ਹਾਂ ਸਾਹਸੀ ਕੰਮਾਂ ਵਿਚ ਸਫਲ ਰਿਹਾ। ਪਰ ਇਸਨੇ ਉਸ ਵਿਚ ਜ਼ਰੂਰਤ ਤੋਂ ਜ਼ਿਆਦਾ ਵਿਸ਼ਵਾਸ ਅਤੇ ਘਮੰਡ ਪੈਦਾ ਕਰ ਦਿੱਤਾ।

**ਵਿਜੈ ਨਗਰ ਦੇ ਵਿਰੁੱਧ ਮੁਸਲਿਮ ਮਿੱਤਰਤਾ** (Muslim Alliance against Vijayanagar) – ਹਿੰਦੂਆਂ ਦੇ ਅਤਿਆਚਾਰੀ ਵਿਵਹਾਰ ਨੇ ਮੁਸਲਿਮ ਭਾਵਨਾਵਾਂ ਨੂੰ ਭੜਕਾ ਦਿੱਤਾ ਸੀ। ਇਕ ਸ਼ਕਤੀਸ਼ਾਲੀ ਹਿੰਦੂ ਰਾਜ ਦੇ ਅਸਤਿਤਵ ਨੇ ਜਿਹੜਾ ਮੁਸਲਮਾਨਾਂ ਦੇ ਮੱਧ ਵਿਚ ਅਧਿਕ ਉਤਕ੍ਰਿਸ਼ਠ ਸ਼ਕਤੀਸ਼ਾਲੀ ਸੰਪੰਨ ਅਤੇ ਸੈਨਿਕ ਦ੍ਰਿਸ਼ਟੀ ਨਾਲ ਜ਼ਿਆਦਾ ਸ਼ਕਤੀਸ਼ਾਲੀ ਸੀ, ਮੁਸਲਮਾਨਾਂ ਵਿਚ ਈਰਖਾ ਦੀ ਭਾਵਨਾਵਾਂ ਪੈਦਾ ਕਰ ਦਿੱਤੀਆਂ। ਕਿਉਂਕਿ ਕੋਈ ਇੱਕ ਸ਼ਕਤੀ ਉਸਦਾ ਸਾਹਮਣਾ ਨਹੀਂ ਕਰ ਸਕਦੀ ਸੀ ਇਸ ਲਈ ਮੁਸਲਮਾਨ ਸ਼ਾਸਕਾਂ ਨੇ ਅਪਣੇ ਮਤਭੇਦ ਮਿਟਾ ਦਿੱਤੇ ਅਤੇ ਉਸ ਨੂੰ ਉਖਾੜਨ ਦੇ ਲਈ ਇਕ ਚਤੁਰਭੁਜੀ ਮਿੱਤਰਤਾ ਕੀਤੀ। ਇਸ ਮਿੱਤਰਤਾ ਵਿਚ ਗੋਲਕੁੰਡਾ ਬੀਜਾਪੁਰ ਬੀਦਰ ਅਤੇ ਅਹਮਦਨਗਰ ਸਨ ਅਤੇ ਗੋਲਕੁੰਡਾ ਦਾ ਕੁਤੁਬਸ਼ਾਹ ਇਸ ਕੰਮ ਦੇ ਲਈ ਪ੍ਰੇਰਣਾ–ਸਰੋਤ ਸੀ। ਜਨਵਰੀ 1565 ਈ. ਵਿਚ ਤਲੀਕੋਟ ਵਿਚ ਮਿੱਤਰ ਸ਼ਾਸਕਾਂ ਨੇ ਵਿਜੈ ਨਗਰ ਦੇ ਵਿਰੁੱਧ ਲੜਾਈ ਕੀਤੀ। ਇਸ ਸੰਗ੍ਰਾਮ ਦੇ ਹਿੰਦੂ ਲੋਕ ਪੂਰਨ ਤੌਰ ਤੇ ਕੁਚਲੇ ਗਏ। ਤਲੀਕੋਟ ਦਾ ਯੁੱਧ ਭਾਰਤੀਅ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਨਿਰਣਾਇਕ ਯੁੱਧ ਸੀ ਇਸਨੇ ਦੱਖਣ ਵਿਚ ਹਿੰਦੂ ਸਾਮਰਾਜ ਦੀ ਮ੍ਰਿਤੂ ਦਾ ਸੱਦਾ ਦਿੱਤਾ ਅਤੇ ਇਕ ਵਿਸ਼ਾਲ ਰਾਜਨੀਤਿਕ ਸੰਗਠਨ ਦੇ ਪਤਨ ਦੇ ਬਾਦ ਜਿਹੜੀ ਆਵਸ਼ ਘਟਿਤ ਦੇਸ਼ ਵਿਚ ਸਰਕਾਰ ਦਾ ਨਾਂ ਹੋਣ ਹੁੰਦੀ ਹੈ ਉਹ ਇਸ ਦੇ ਪਤਨ ਦੇ ਬਾਦ ਵੀ ਹੋਈ।

**ਵਿਜੈ ਨਗਰ ਸਾਮਰਾਜ ਦੀ ਉਤਪੱਤੀ** (Origins of Vijayanagar Empire) – ਵਿਜੈਨਗਰ ਸਾਮਰਾਜਕਉਸ ਕ੍ਰਾਂਤੀਕਾਰੀ ਅੰਦੋਲਨ ਦਾ ਨਤੀਜਾ ਸੀ। ਜਿਹੜਾ ਦੇਸ਼ ਦੇ ਮੁਸਲਮਾਨਾਂ ਨੂੰ ਕੱਢਣ ਦੇ ਲਈ ਦੱਖਣ ਵਿਚ ਸ਼ੁਰੂ ਹੋਇਆ ਸੀ। ਜਦ ਤੋਂ ਮਲਿਕ ਕਾਫੂਰ ਨੇ ਦੱਖਣ ਨੂੰ ਜਿੱਤਿਆ ਸੀ ਤਦ ਤੋਂ ਹੀ ਹਾਰੀ ਹੋਈਆਂ ਜਾਤਾਂ ਅਪਣੇ ਮੁਸਲਮਾਨ ਅਤਿਆਚਾਰੀਆਂ ਦੇ ਵਿਰੁੱਧ ਈਰਖਾ ਰੱਖਦੀਆਂ ਸਨ। ਇਨ੍ਹਾਂ ਮੁਸਲਮਾਨਾਂ ਨੇ ਮਨੁੱਖ ਜੀਵਨ ਨੂੰ ਨਸ਼ਟ ਕਰਕੇ ਧਾਰਮਿਕ ਸੰਸਥਾਨਾਂ ਦੀ ਤਬਾਹੀ ਕਰਕੇ ਅਤੇ ਲੋਕਾਂ ਤੋਂ ਉਨ੍ਹਾਂ ਦਾ ਧੰਨ ਲੁੱਟ ਕੇ ਭਾਰੀ ਵਿਨਾਸ਼ ਕੀਤਾ ਸੀ। 1327 ਈ. ਵਿਚ ਕਕਟਿਯਾਵਾਂ (Kakatias) ਦੇ ਪਤਨ ਅਤੇ ਹੋਯਸਲਾਂ (Hoyasles) ਦੀ ਕਮਜੋਰੀ ਨੇ ਇਕ ਨਵੀਨ ਸ਼ਕਤੀ ਦਾ ਉਦੈ ਸੰਭਵ ਬਣਾ ਦਿੱਤਾ ਸੀ ਅਤੇ ਵਿਜੈ ਨਗਰ ਸਾਮਰਾਜ ਦੱਖਣ ਦੇ ਮੁਸਲਮਾਨਾਂ ਦੇ ਵਿਰੁੱਧ ਜਲਦੀ ਹੀ ਵਿਕਸਿਤ ਹੋਇਆ। ਇਸ ਦੇ ਜਨਮ ਦੀ ਪਰਿਸਥਿਤੀਆਂ ਨੇ ਪ੍ਰਸ਼ਾਸਨ ਦੇ ਬਾਰੇ ਵਿਚ ਇਸ ਦੀ ਭਾਵੀ ਨੀਤੀ ਨੂੰ ਨਿਸ਼ਚਿਤ ਕੀਤਾ ਅਤੇ ਇਸ ਦੇ ਅਸਤਿਤਵ ਦੇ ਅੰਤਵ ਦਿਨ ਤਕ ਵਿਜੈ ਨਗਰ ਤਾਕਤਵਰ ਸਿਧਾਂਤਕ ਜਾਂ ਧਾਰਮਕ ਆਧਾਰ ਉਤੇ ਮੁੱਖ ਤੌਰ ਤੇ ਇਕ ਸੈਨਿਕ ਰਾਜ ਰਿਹਾ।

**ਸਾਮਰਾਜ ਦਾ ਮਹੱਤਵ** (Significance of Empire)– ਭਾਰਤੀ ਇਤਿਹਾਸ ਵਿੱਚ ਵਿਜੈਨਗਰ ਸਾਮਰਾਜ ਦਾ ਮਹੱਤਵ ਇਹ ਹੈ ਕਿ ਪੂਰੀਆਂ ਤਿੰਨ ਸਦੀਆਂ ਤੱਕ ਇਸ ਨੇ ਦੇਸ਼ ਦੇ ਪੁਰਾਣੇ ਧਰਮ ਅਤੇ ਸੰਸਕ੍ਰਿਤੀ ਦਾ ਸਮਰਥਨ ਕੀਤਾ ਅਤੇ ਨਵੇਂ ਵਿਚਾਰਾਂ ਅਤੇ ਨਵੀਂ ਸ਼ਕਤੀ ਨਾਲ ਇਨ੍ਹਾਂ ਨੂੰ ਦੱਸਿਆ। ਇਸ ਨੇ ਅਪ੍ਰਤੱਖ ਰੂਪ ਨਾਲ ਉਤਰ ਵਿੱਚ ਬਹਿਮਨੀ ਰਾਜ ਅਤੇ ਉਸ ਦੀਆਂ ਸ਼ਾਖਾਵਾਂ ਦੇ ਵਿਸਥਾਰ ਨੂੰ ਰੋਕ ਦਿੱਤਾ। ਉਤਰ ਵਿੱਚ ਦਿੱਲੀ ਸਲਤਨਤ ਦੀ ਸ਼ਕਤੀ ਦੱਖਣ ਵਿੱਚ ਲਗਾਤਾਰ ਰੁੱਝੇ ਰਹਿਣ ਦੇ ਕਾਰਨ ਕਾਫੀ ਕਮਜ਼ੋਰ ਹੋ ਚੁੱਕੀ ਸੀ। ਸੰਖੇਪ ਵਿੱਚ ਵਿਜੈਨਗਰ ਉਸ ਸਮੇਂ ਰਾਜਨੀਤਿਕ ਸਥਿਤੀ ਦੇ ਲਈ ਕੁੰਜੀ ਦਾ ਕੰਮ ਕਰਦਾ ਸੀ। ਉਸ ਸਮੇਂ ਵਿੱਚ ਤੁਰਕੀ ਅਫਗਾਨ ਸਲਤਨਤ ਦਾ ਪਤਨ ਹੋਇਆ ਅਤੇ ਮੁੱਖ ਦੇਸ਼ੀ ਸ਼ਕਤੀਆਂ ਦਾ ਉਥਾਨ ਹੋਇਆ। ਵਿਜੈਨਗਰ ਸਾਮਰਾਜ ਨੇ ਇਹ ਦਿਖਾ ਦਿੱਤਾ ਕਿ ਹਿੰਦੂ ਪ੍ਰਤਿਭਾ ਹਾਲੇ ਖਤਮ ਨਹੀਂ ਹੋਈ ਅਤੇ ਜੇਕਰ ਮੌਕਾ ਦਿੱਤਾ ਜਾਵੇ ਤਾਂ ਉਹ ਸਮਕਾਲੀਨ ਪ੍ਰਤਿਭਾਵਾਂ ਦੇ ਨਾਲ–ਨਾਲ ਉਠ ਸਕਦੀਆਂ ਸਨ। ਇਸ ਨੇ ਹਿੰਦੂ ਰਾਜਨੀਤੀ ਵਿੱਚ ਸਹਿਣਸ਼ੀਲਤਾ ਦੀ ਸਮਰਥਾ ਦਾ ਵੀ ਪ੍ਰਦਰਸ਼ਨ ਕੀਤਾ ਕਿਉਂਕਿ ਜਦੋਂਕਿ ਰਾਜਾ ਹਿੰਦੂ ਧਰਮ ਦਾ ਸਮਰਥਨ ਕਰਦੇ ਸਨ, ਉਦੋਂ ਉਨ੍ਹਾਂ ਨੇ ਸਾਰੀਆਂ ਜਾਤੀਆਂ ਅਤੇ ਧਰਮਾਂ ਨੂੰ ਧਾਰਮਿਕ ਸੁਤੰਤਰਤਾ ਦਿੱਤੀ ਸੀ ਅਤੇ ਉਨ੍ਹਾਂ ਨੇ ਮੁਸਲਮਾਨਾਂ ਨੂੰ ਰਾਜ ਸੈਨਾ ਵਿੱਚ ਭਰਤੀ ਵੀ ਕੀਤਾ ਸੀ। ਇਸ ਤਰ੍ਹਾਂ ਵਿਜੈਨਗਰ ਦੇ ਸ਼ਾਸਕਾਂ ਨੇ ਮਹਾਨ ਮੁਗਲ ਸਮਰਾਟਾਂ ਨੂੰ ਇਨ੍ਹਾਂ ਉਦਾਰ ਅਨੁਭਵਾਂ ਨੂੰ ਅਪਨਾਉਣ ਦੇ ਲਈ ਉਤਸ਼ਾਹ ਪ੍ਰਦਾਨ ਕੀਤਾ ਸੀ, ਜਿਨ੍ਹਾਂ ਦੇ ਕਾਰਨ ਭਾਰਤ ਦੇ ਇਤਿਹਾਸ ਵਿੱਚ ਉਨ੍ਹਾਂ ਨੂੰ ਇੰਨਾ ਉਚਾ ਸਥਾਨ ਮਿਲਿਆ ਹੋਇਆ ਸੀ।

## 13.3 ਤਲੀਕੋਟ ਦੀ ਲੜਾਈ (Battle of Talikota)

**ਰਾਮਰਾਏ ਦੀ ਸਥਿਤੀ** (Position of Rama Raya) – ਕ੍ਰਿਸ਼ਨ ਦੇਵ ਰਾਏ ਦੇ ਉਤੱਰਾਧਿਕਾਰੀ ਦਾ ਨਾਂ ਅਚਯੁਤ ਰਾਏ ਸੀ। ਉਸ ਦੀ ਮ੍ਰਿਤੂ 1542 ਈ. ਵਿਚ ਹੋ ਗਈ ਸੀ। ਉਸਦੇ ਬਾਦ ਉਸਦਾ ਪੁੱਤਰ ਵੇਨਕਟ ਗੱਦੀ ਦਾ ਉਤੱਰਾਧਿਕਾਰੀ ਬਣਿਆ ਪਰ ਉਹ ਵੀ ਜਲਦੀ ਹੀ ਮਰ ਗਿਆ। ਉਸਦੇ ਬਾਦ ਮੁਕੁਟ ਅਚਯੁਤ ਰਾਏ ਦੇ ਭਤੀਜੇ ਸਦਾਸ਼ਿਵਰਾਏ ਦੇ ਸਿਰ ਉਤੇ ਪਹਿਨਾਇਆ ਗਿਆ। ਸਦਾਸ਼ਿਵ ਰਾਏ ਅਪਣੇ ਮੰਤਰੀ ਰਾਮ ਰਾਏ ਦੇ ਹੱਥਾਂ ਦੀ ਕੱਠਪੁਤਲੀ ਮਾਤਰ ਸੀ। ਰਾਮਰਾਏ ਰਾਜ ਦਾ ਵਸਤਵਿਕ ਸ਼ਾਸਕ ਸੀ।

**ਰਾਮ ਰਾਏ ਦੇ ਦੋਸ਼** (Defects of Rama Raya) – ਰਾਮਰਾਏ ਬਹੁਤ ਯੋਗ ਪੁਰਖ ਸੀ। ਉਸਨੇ ਅਪਣੇ ਰਾਜ ਦੇ ਸਮੁੰਦਰੀ ਬੇੜੇ ਨੂੰ ਮੌਕੇ ਅਤੇ ਖਤਰੇ ਦੇ ਅੰਦਾਜੇ ਉਤੇ ਕਦੀ ਨਹੀਂ ਛੱਡਿਆ। ਉਸਨੇ ਅਪਣੇ ਘਮੰਡੀ ਅਤੇ ਆਕੜਪਣ ਵਿਵਹਾਰ ਦੇ ਕਾਰਨ ਅਪਣੇ ਮਿੱਤਰਾਂ ਅਤੇ ਵਿਦਰੋਹੀਆਂ ਨੂੰ ਗੈਰ-ਜ਼ਰੂਰੀ ਉਤੇਜਨਾ ਪ੍ਰਦਾਨ ਕੀਤੀ। ਕ੍ਰਿਸ਼ਨਦੇਵ ਰਾਏ ਦੇ ਬਾਦ ਵਿਜੈਨਗਰ ਸਾਮਰਾਜ ਦੀ ਜਿਹੜੀ ਸ਼ਕਤੀ ਗਿਰ ਚੁੱਕੀ ਸੀ ਉਸਨੇ ਉਸਨੂੰ ਮੁੜ ਸਥਾਪਿਤ ਕਰਨ ਦਾ ਇਰਾਦਾ ਕੀਤਾ ਹੋਇਆ ਸੀ। ਰਾਮ ਰਾਏ ਦੀ ਨੀਤੀ ਦਾ ਪ੍ਰਮੁੱਖ ਮਕਸਦ ਇਹ ਸੀ ਕਿ ਉਸਨੇ ਦੱਖਣ ਸਲਤਨਤਾਂ ਦੇ ਆਪਸੀ ਝਗੜਿਆਂ ਵਿਚ ਸਕ੍ਰਿਅ ਦਖਲਅੰਦਾਜ਼ੀ ਕੀਤੀ, ਕਦੀ ਇਕ ਦੇ ਨਾਲ ਮਿੱਤਰਤਾ ਕਰਦਾ ਤਾਂ ਕਦੀ ਦੂਜੇ ਦੇ ਨਾਲ। ਇਸ ਨੀਤੀ ਦੇ ਸਿੱਟੇ ਵਜੋਂ ਅਨੇਕ ਉਲਝਨਾਂ ਪੈਦਾ ਹੋ ਗਈਆਂ, ਜਿਨ੍ਹਾਂ ਅੰਤ ਤੌਰ ਤੇ ਵਿਜੈ ਨਗਰ ਦੀ ਤਬਾਹੀ ਦਾ ਰਸਤਾ ਤਿਆਰ ਕੀਤਾ।

**ਬੀਜਾਪੁਰ ਦੇ ਨਾਲ ਲੜਾਈ** (War with Bijapur) – 1543 ਈ. ਵਿਚ ਰਾਮ ਰਾਏ ਨੇ ਗੋਲਕੁੰਡਾ ਦੇ ਕੁਤੁਬਸ਼ਾਹ ਅਤੇ ਬੁਰਹਾਨ ਨਿਜਾਮਸ਼ਾਹ ਦੇ ਨਾਲ ਮਿੱਤਰਤਾ ਕਰ ਲਈ ਅਤੇ ਬੀਜਾਪੁਰ ਉਤੇ ਯੁੱਧ ਦੀ ਘੋਸ਼ਣਾ ਕਰ ਦਿੱਤੀ। ਪਰ ਬੀਜਾਪੁਰ ਦੇ ਬੁੱਧੀਵਾਨ ਮੰਤਰੀ ਅਸਦਖਾਂ ਦੀ ਰਾਜਨੀਤਿਕ (Diplomacy) ਨਿਪੁੰਨਤਾ ਦੇ ਕਾਰਨ ਉਸਦੇ ਉਦੇਸ਼ ਦੀ ਪੂਰਤੀ ਨਾ ਹੋਈ। ਅਸਦ ਖਾਂ ਨੇ ਨਿਜ਼ਾਮ ਸ਼ਾਹ ਦੇ ਨਾਲ ਵੱਖ ਤੋਂ ਸ਼ਾਂਤੀ ਸੰਧੀ ਕਰ ਲਈ ਅਤੇ ਇਸ ਤਰ੍ਹਾਂ ਰਾਮ ਰਾਏ ਨੂੰ ਮਿੱਤਰਤਾ ਤੋਂ ਵੱਖ ਕਰ ਦਿੱਤਾ ਗਿਆ। ਇਸ ਤਰ੍ਹਾਂ ਮਿੱਤਰਤਾ ਤੋੜਨ ਦੇ ਬਾਦ ਗੋਲਕੁੰਡਾ ਦੇ ਵੱਲ ਰਵਾਨਗੀ ਕੀਤੀ ਅਤੇ ਉਸਨੂੰ ਹਰਾ ਦਿੱਤਾ। 14 ਸਾਲ ਬਾਦ ਜਦੋਂ ਇਬਰਾਹੀਮ ਆਦਿਲ ਸ਼ਾਹ ਦੀ 1557 ਈ. ਵਿਚ ਮ੍ਰਿਤੂ ਹੋ ਗਈ ਤਾਂ ਹੁਸੈਨ ਨਿਜਾਮ ਸ਼ਾਹ ਨੇ ਮੌਕੇ ਦਾ ਲਾਭ ਚੁੱਕ ਕੇ ਬੀਜਾਪੁਰ ਪ੍ਰਦੇਸ਼ ਉਤੇ ਆਕ੍ਰਮਣ ਕਰ ਦਿੱਤਾ। ਇਸ ਆਕ੍ਰਮਣ ਦਾ ਬਦਲਾ ਲੈਣ ਲਈ ਅਲੀ ਆਦਿਲ ਸ਼ਾਹ ਨੇ ਗੋਲਕੁੰਡਾ ਅਤੇ ਵਿਜੈ ਨਗਰ ਦੇ ਨਾਲ ਮਿੱਤਰਤਾ ਕਰ ਲਈ ਅਤੇ ਅਹਮਦਨਗਰ ਉਤੇ ਆਕ੍ਰਮਣ ਕਰ ਦਿੱਤਾ ਅਤੇ ਕਲਆਣ ਅਤੇ ਸ਼ੋਲਾਪੁਰ ਦੀ ਵਾਪਸੀ ਦੀ ਮੰਗ ਕੀਤੀ। ਅਹਮਦਨਗਰ ਦੇ ਸੁਲਤਾਨ ਨੇ ਇਨ੍ਹਾਂ ਮੰਗਾਂ ਦਾ ਨਫਰਤ ਨਾਲ ਜਵਾਬ ਦਿੱਤਾ ਅਤੇ ਇਸ ਲਈ ਯੁੱਧ ਆਵਸ ਘਟਿਤ ਹੋ ਗਿਆ।

**ਫਰਿਸ਼ਤਾ ਦਾ ਸਬੂਤ** (Evidence of Farishta) – ਫਰਿਸ਼ਤਾ ਲਿਖਦਾ ਹੈ "ਸਾਰਾ ਦੇਸ਼ ਇਸ ਤਰ੍ਹਾਂ ਨਸ਼ਟ ਕਰ ਦਿੱਤਾ ਕਿ ਪੋਰੁੰਦੇ ਤੋਂ ਖੈਬਰ ਤਕ ਅਤੇ ਅਹਮਦਨਗਰ ਤੋਂ ਦੌਲਤਾਬਾਦ ਤਕ ਜਨਸੰਖਿਆ ਦਾ ਕੋਈ ਚਿੰਨ੍ਹ ਨਹੀਂ ਦਿੱਸਦਾ ਸੀ। ਬੀਜਾਪੁਰ ਦੇ ਕਾਫਿਰਾਂ ਨੇ ਜਿਹੜੇ ਕਈ ਸਾਲਾਂ ਤੋਂ ਐਸੀ ਘਟਨਾ ਦੀ ਆਸ ਲਗਾਏ ਹੋਏ ਸਨ, ਅਤਿਆਚਾਰਾਂ ਵਿਚ ਕੋਈ ਕਮੀ ਨਾ ਛੱਡੀ। ਉਨ੍ਹਾਂ ਨੇ ਮੁਸਲਮਾਨ ਔਰਤਾਂ ਦੀ ਇੱਜਤ ਲੁੱਟੀ, ਮਸਜਿਦਾਂ ਨੂੰ ਨਸ਼ਟ ਕੀਤਾ ਅਤੇ ਪਵਿੱਤਰ ਕੁਰਾਨ ਦੀ ਵੀ ਇਜੱਤ ਨਾਂ ਕੀਤੀ।"

**ਵਿਜੈਨਗਰ ਦੇ ਵਿਰੁੱਧ ਮੁਸਲਿਮ ਦੁਸ਼ਮਣ** (Muslim hostility against Vijayanagar)– ਹਿੰਦੂਆਂ ਦੇ ਅੱਤਿਆਚਾਰ ਪੂਰਨ ਵਿਵਹਾਰ ਨੇ ਮੁਸਲਿਮ ਭਾਵਨਾਵਾਂ ਨੂੰ ਉਤੇਜਿਤ ਕੀਤਾ ਅਤੇ ਮਿੱਤਰਾਂ ਦੀ ਦਇਆ-ਭਾਵਨਾ ਵੀ ਜਾਂਦੀ ਰਹੀ। ਸ਼ਕਤੀਸ਼ਾਲੀ ਹਿੰਦੂ ਰਾਜ ਦੀ ਹੋਂਦ ਨੇ, ਜੋ ਮੁਸਲਮਾਨਾਂ ਦੇ ਮੱਧ ਵਿੱਚ ਉਨ੍ਹਾਂ ਦੇ ਰਾਜ ਦੇ ਮੁਕਾਬਲੇ ਵਿੱਚ ਜ਼ਿਆਦਾ ਖੁਸ਼ਹਾਲੀ, ਵੈਭਵ-ਸੰਪਨ ਅਤੇ ਸੈਨਿਕ ਦ੍ਰਿਸ਼ਟੀ ਨਾਲ ਜ਼ਿਆਦਾ ਸ਼ਕਤੀਸ਼ਾਲੀ ਸੀ, ਮੁਸਲਮਾਨਾਂ ਵਿੱਚ ਈਰਖਾ ਦੀਆਂ ਭਾਵਨਾਵਾਂ ਪੈਦਾ ਕਰ ਦਿੱਤੀਆਂ ਸਨ। ਵਿਜੈਨਗਰ ਸੈਨਾ ਦੇ ਉਧੰਡਤਾਪੂਰਨ ਵਿਵਹਾਰ ਨੇ ਦੱਖਣ ਦੀਆਂ ਸਲਤਨਤਾਂ ਦੀ ਪੁਰਾਣੀ ਦੁਸ਼ਮਣੀ ਨੂੰ ਜਾਗ੍ਰਿਤ ਕਰ ਦਿੱਤਾ ਸੀ ਕਿਉਂਕਿ ਕੋਈ ਇਕੱਲੀ ਸ਼ਕਤੀ ਹਿੰਦੂ ਰਾਜ ਦਾ ਸਾਹਮਣਾ ਕਰਨ ਵਿੱਚ ਅਸਮਰੱਥ ਸੀ ਇਸ ਲਈ ਮੁਸਲਮਾਨ ਸ਼ਾਸਕਾਂ ਨੇ ਆਪਣੇ ਭੇਦ-ਭਾਵਾਂ ਨੂੰ ਖਤਮ ਕਰਕੇ ਉਸ ਨੂੰ ਉਖਾੜ ਸੁੱਟਣ ਦੇ ਲਈ ਇਕ ਚਤੁਰ ਭੁਜੀ ਮਿੱਤਰਤਾ ਕੀਤੀ। ਗੋਲਕੁੰਡਾ ਦੇ ਇਬਰਾਹਿਮ ਕੁਤੁਬਸ਼ਾਹ ਨੇ ਇਸ ਮੈਤਰੀ-ਸੰਘ ਦਾ ਮਾਰਗ ਦਰਸ਼ਨ ਕੀਤਾ। ਮੈਤਰੀ-ਸੰਘ ਨੂੰ ਵਿਆਹ ਸਬੰਧਾਂ ਨਾਲ ਹੋਰ ਵੀ ਜ਼ਿਆਦਾ ਦ੍ਰਿੜ ਕੀਤਾ ਗਿਆ। ਆਪਣੀਆਂ-ਆਪਣੀਆਂ ਸੈਨਾਵਾਂ ਦੇ ਨਾਲ ਸੁਲਤਾਨਾਂ ਨੇ ਤਲੀਕੋਟ ਦੇ ਮੈਦਾਨ ਵੱਲੋਂ ਪ੍ਰਾਥਨਾ ਕੀਤੀ।

**ਰਾਮਰਾਏ ਦੀ ਉਦਾਸੀਨਤਾ** (Indifference of Rama Raya) – ਵਿਜੈਨਗਰ ਨੇ ਮਿੱਤਰ ਸੁਲਤਾਨਾਂ ਦੀ ਰਵਾਨਗੀ ਨੂੰ ਕੋਈ ਮਹੱਤਵ ਨਹੀਂ ਦਿੱਤਾ। ਰਾਮਰਾਏ ਨੇ ਇਸ ਵਿਚਾਰ ਤੋਂ ਪ੍ਰੇਰਿਤ ਹੋ ਕੇ ਕਿ ਪਹਿਲਾਂ ਕੋਈ ਵੀ ਮੁਸਲਮਾਨ ਸ਼ਾਸਕ ਸ਼ਹਿਰ ਅਤੇ ਉਸਦੇ ਨੇੜੇ ਦੇ ਖੇਤਰ ਨੂੰ ਨਸ਼ਟ ਕਰਨ ਵਿਚ ਸਫਲ ਨਹੀਂ ਰਿਹਾ ਹੈ। ਇਸ ਮਿਲੇਜੁਲੇ ਆਕ੍ਰਮਣ ਦੀ ਸਰਵਉੱਚ ਵਿਰਕਤਤਾ ਕੀਤੀ। ਸ਼ਕਤੀਸ਼ਾਲੀ ਪੂਰਨ ਅਤੇ ਆਰਾਮ ਪਸੰਦ ਜਨਤਾ ਦੇ ਪਾਸ ਆਉਣ ਵਾਲੀ ਤਬਾਹੀ ਨੂੰ ਰੋਕਣ ਦਾ ਕੋਈ ਤਰੀਕਾ ਨਹੀਂ ਸੀ। ਰਾਮ ਰਾਇ ਜਿਸ ਵਿਚ ਆਤਮ ਧੋਖੇ (Self deception) ਦੀ ਅਜੀਬ ਸ਼ਕਤੀ ਸੀ। ਇਸ ਦੇ ਪ੍ਰਤੀ ਉਦਾਸੀਨ ਰਿਹਾ ਅਤੇ ਫਰਿਸ਼ਤਾ ਦੇ ਸ਼ਬਦਾਂ ਵਿਚ ਉਸਨੇ ਮਿੱਤਰ ਸੁਲਤਾਨਾਂ ਦੇ ਰਾਜਦੂਤਾਂ ਦੇ ਨਾਲ ਘ੍ਰਿਣਾ ਭਰੀ ਭਾਸ਼ਾ ਵਿਚ ਵਿਵਹਾਰ ਕੀਤਾ ਅਤੇ ਉਨ੍ਹਾਂ ਦੀ ਦੁਸ਼ਮਣੀ ਨੂੰ ਕੇਵਲ ਪਲ ਮਾਤਰ ਕਹਿ ਕੇ ਟਾਲ ਦਿੱਤਾ। ਪਰ ਕਲਪਿਤ ਸੁਰੱਖਿਆ ਦੀ ਐਸੀ ਸਥਿਤੀ ਜ਼ਿਆਦਾ ਸਮੇਂ ਤਕ ਨਹੀਂ ਰਹਿ ਸਕਦੀ ਸੀ। ਅੰਤ ਵਿਚ ਰਾਮ ਰਾਏ ਅਵੱਸ਼-ਘਟਿਤ ਖਤਰੇ ਨੂੰ ਸਮਝ ਗਿਆ ਅਤੇ ਉਸਨੇ ਤੀਬਰਤਾ ਨਾਲ ਅਪਣੀ ਸੈਨਾ ਨੂੰ ਸੰਗਠਤ ਕਰ ਲਿਆ।

**ਤਲੀਕੋਟ ਦੇ ਨਤੀਜੇ** (Results of Talikota) – ਤਲੀਕੋਟ ਦੇ ਨਤੀਜੇ ਬਹੁਤ ਪ੍ਰਸਿੱਧ ਹਨ। ਉਸਦਾ ਨਤੀਜਾ ਇਹ ਹੋਇਆ ਕਿ ਹਿੰਦੂ ਸੈਨਾ ਦਾ ਨਾਸ਼ ਹੋ ਗਿਆ, ਵਿਜੈ ਨਗਰ ਦਾ ਅਜੀਬ ਸ਼ਹਿਰ ਬਰਬਾਦ ਹੋ ਗਿਆ ਅਤੇ ਸਾਰੇ ਵਿਵਹਾਰਿਕ ਪ੍ਰਯੋਜਨਾਂ ਦੇ ਲਈ ਸਾਮਰਾਜ ਵਿਲੀਨ ਹੋ ਗਿਆ। ਸ਼ੱਤਰੂ ਦੇ ਪ੍ਰਤੀ ਘ੍ਰਿਣਾ ਸਦਾ ਤੋਂ ਹੀ ਭਿਅੰਕਰ ਖੁਸ਼ੀ ਬਣੀ ਰਹੀ ਹੈ। ਰਾਮ ਰਾਏ ਆਪਣੇ ਰਾਜ ਨੂੰ ਬਚਾ ਸਕਦਾ ਸੀ ਜੇਕਰ ਉਸਨੇ ਉਨ੍ਹਾਂ ਲੋਕਾਂ ਦੀ ਸ਼ਕਤੀ ਦਾ ਇੰਨਾ ਘੱਟ ਮੁੱਲਾਂਕਨ ਨਾ ਕੀਤਾ ਹੁੰਦਾ ਜਿਹੜਾ ਉਸਦੇ ਨਾਲ ਮ੍ਰਿਤੂ ਯੁੱਧ ਕਰਨ ਦੇ ਲਈ ਅਪਣੀ ਸ਼ਕਤੀ ਵਧਾ ਰਹੇ ਸਨ।

ਨੋਟ

**ਰਾਮ ਰਾਏ ਦੀ ਪ੍ਰਸ਼ੰਸਾ ਵਿਚ ਇਕ ਸ਼ਬਦ** (A Word of Praise for Rama Raya) – ਯੁੱਧ ਹੁੰਦੇ ਹੋਏ ਵੀ ਰਾਮ ਰਾਏ ਦੀ ਸ਼ਕਤੀ ਅਤੇ ਸਾਹਸ ਦੇ ਕਾਰਨ ਉਸਦੇ ਲਈ ਇਕ ਸ਼ਬਦ ਪ੍ਰਸ਼ੰਸਾ ਦਾ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਯੁੱਧ ਭੂਮੀ ਵਿਚ ਸੈਨਿਕ ਕਾਰਵਾਈ ਦੀ ਦੇਖਭਾਲ ਖੁਦ ਉਸਨੇ ਹੀ ਕੀਤੀ ਸੀ। ਮੁਸਲਿਮ ਸ਼ਕਤੀਆਂ ਦੀ ਵਿਸਤ੍ਰਿਤ ਤਿਆਰੀਆਂ ਅਤੇ ਰਾਮਰਾਏ ਨੂੰ ਰੋਕਣ ਦੀ ਉਨ੍ਹਾਂ ਦੀ ਚਿੰਤਾ ਉਸਦੀ ਵਿਨਾਂਸ਼ਕਾਰੀ ਸ਼ਕਤੀ ਦੇ ਚੰਗੇ ਸਬੂਤ ਹਨ।

**ਸਵ-ਮੁਲਾਂਕਣ (Self Assessment)**

1. ਖਾਲੀ ਸਥਾਨਾਂ ਦੀ ਪੂਰਤੀ ਕਰੋ (Fill in the blanks):
   (i) ............. ਵਿਚ ਹਰੀਹਦ ਦੀ ਮ੍ਰਿਤੂ ਹੋ ਗਈ ਅਤੇ ਉਸਦੇ ਬਾਦ ਉਸਦਾ ਭਰਾ ਬੁੱਕਾ ਰਾਜ ਗੱਦੀ ਉਤੇ ਬੈਠਿਆ।
   (ii) ਤੁਲੁਵ ਵੰਸ਼ ਦਾ ਸਭ ਤੋਂ ਮਹਾਨ ਅਤੇ ਪ੍ਰਸਿੱਧ ਰਾਜਾ ............. ਸੀ।
   (iii) ਕ੍ਰਿਸ਼ਨਦੇਵ ਰਾਏ ਸਦਾ ਹੀ ਅਪਣੀ ............ ਦੀ ਭਲਾਈ ਦੇ ਲਈ ਚਾਹਵਾਨ ਰਹਿੰਦਾ ਸੀ।
   (iv) ਕ੍ਰਿਸ਼ਨਦੇਵ ਰਾਏ ਦੇ ਉਤੱਰਾਧਿਕਾਰੀ ਦਾ ਨਾਂ ................. ਸੀ।
   (v) ਇਬਰਾਹੀਮ ਆਦਿਲ ਸ਼ਾਹ ਦੀ ਮ੍ਰਿਤੂ ................ ਵਿਚ ਹੋਈ।

## 13.4 ਵਿਜੈਨਗਰ ਸਾਮਰਾਜ ਦਾ ਪ੍ਰਸ਼ਾਸਨ (Administration of Vijayanagar Empire)

(ੳ) **ਕੇਂਦਰੀ ਸ਼ਾਸਨ** (Central Government)

**(i) ਰਾਜਾ** (King) — ਪ੍ਰਸ਼ਾਸਨ ਦਾ ਮੁਖੀਆ ਖੁਦ ਰਾਜਾ ਸੀ। ਉਹ ਇਕ ਪੂਰਨ ਤਾਨਾ ਸ਼ਾਹ (A Perfect Autocrat) ਸੀ। ਸਾਰੇ ਵਿਧਾਨਕ ਕਾਰਜਪਾਲਕ, ਨਿਆਂਇਕ ਅਤੇ ਸੈਨਾ ਸ਼ਕਤੀਆਂ (All Legislative, Executive, Judicial and Military Powers) ਉਸੀ ਦੇ ਹੱਥ ਵਿਚ ਸਨ। ਇਸ ਤਰ੍ਹਾਂ ਉਸ ਦੀ ਸੱਤਾ ਅਸੀਮ ਸੀ। ਪਰ ਰਾਜਾ ਖਤਰਨਾਕ ਨਹੀਂ ਸੀ ਪਰ ਫਿਰ ਵੀ ਉਹ ਬਹੁਤ ਵਾਰ ਇਕ ਕ੍ਰਿਪਾਲੂ ਨਿਰੰਕੁਸ਼ ਸੀ ਜਿਹੜਾ ਧਰਮ ਦੇ ਮੁਤਾਬਿਕ ਸ਼ਾਸਨ ਕਰਦਾ ਸੀ ਅਤੇ ਸਦਾ ਹੀ ਅਪਣੇ ਲੋਕਾਂ ਦੇ ਹਿਤਾਂ ਅਤੇ ਭਲਾਈ ਦਾ ਧਿਆਨ ਰੱਖਦਾ ਸੀ। ਵਿਜੈ ਨਗਰ ਦਾ ਸਭ ਤੋਂ ਪ੍ਰਸਿੱਧ ਰਾਜਾ ਕ੍ਰਿਸ਼ਨ ਦੇਵ ਰਾਏ ਖੁਦ ਲਿਖਦਾ ਹੈ "ਇਕ ਮੁਕਟਧਾਰੀ ਰਾਜਾ ਨੂੰ ਸਦਾ ਹੀ ਧਰਮ ਦਾ ਧਿਆਨ ਰੱਖ ਕੇ ਸ਼ਾਸਨ ਕਰਨਾ ਚਾਹੀਦਾ ਹੈ।" (A crowned King should always rule with an eye towards Dharma)

**(ii) ਮੰਤਰੀ ਮੰਡਲ** (Ministers) — ਆਪਣੇ ਕਰਤੱਵ ਨੂੰ ਨਿਭਾਉਣ ਵਿਚ ਰਾਜਾ ਦੀ ਸਹਾਇਤਾ ਇਕ ਮੰਤਰੀ ਮੰਡਲ ਕਰਦਾ ਸੀ ਜਿਸਨੂੰ ਰਾਜਾ ਨਿਯੁਕਤ ਕਰਦਾ ਅਤੇ ਉਸਦੀ ਮਰਜੀ ਉਤੇ ਹੀ ਅਹੁਦੇ ਧਾਰਨ ਕੀਤੇ ਰਹਿੰਦੇ। ਪ੍ਰਧਾਨ ਮੰਤਰੀ ਦੇ ਸਿਵਾਏ ਵੱਡੇ-ਵੱਡੇ ਅਧਿਕਾਰੀ ਸਨ। ਮੁੱਖ ਖਜਾਨਚੀ ਮੁੱਖ ਪੁਲਿਸ ਅਧਿਕਾਰੀ, ਜਵਾਹਾਰਾਤ ਸੰਭਾਲ ਅਧਿਕਾਰੀ, ਵਪਾਰ ਦੇਖ-ਰੇਖ ਅਧਿਕਾਰੀ ਗ੍ਰਹਿ ਸਵਾਮੀ ਆਦਿ।

*ਕੀ ਤੁਸੀਂ ਜਾਣਦੇ ਹੋ*

ਰਾਜਾ ਅਪਣਾ ਦਰਬਾਰ ਲਗਾਉਂਦਾ ਜਿਸ ਵਿਚ ਸਰਦਾਰ, ਪੁਰੋਹਿਤ, ਜੋਤਸ਼ੀ, ਸੰਗੀਤਕਾਰ ਅਤੇ ਵਿਦਵਾਨ ਹਿੱਸਾ ਲੈਂਦੇ ਸਨ ਅਤੇ ਜਿਹੜਾ ਅਪਣੀ ਸ਼ਾਨ ਅਤੇ ਸ਼ੋਭਾ ਦੇ ਲਈ ਪ੍ਰਸਿੱਧ ਸੀ।

**ਨੂਨਿਜ** (ਇਕ ਦੂਜਾ ਯਾਤਰੀ ਜਿਹੜਾ ਅਚਯੁਤ ਰਾਏ ਦੇ ਸਮੇਂ ਵਿਚ ਆਇਆ ਸੀ) — "ਕਦੀ ਕੋਈ ਲਿਖਿਤ ਆਦੇਸ਼ ਜਰੀ ਨਹੀਂ ਕੀਤੇ ਜਾਂਦੇ, ਜਿਹੜਾ ਲਾਭ ਜਾਂ ਆਦੇਸ਼ ਉਹ ਦਿੰਦਾ ਹੈ ਅਤੇ ਨਾਂ ਹੀ ਉਸਦੇ ਕੋਈ ਚਾਰਟਰ ਹੀ ਪ੍ਰਦਾਨ ਕੀਤੇ ਜਾਂਦੇ ਹਨ। ਪਰ ਜਦੋਂ ਉਹ ਕਿਸੀ ਉਤੇ ਦਇਆ ਪ੍ਰਦਾਨ ਕਰਦਾ ਹੈ ਤਾਂ ਉਹ ਸਚੀਵ ਦੇ ਰਜਿਸਟਰਾਂ ਵਿਚ ਲਿਖਿਆ ਰਹਿੰਦਾ ਹੈ। ਪਰ ਦਇਆ ਪ੍ਰਾਪਤ ਕਰਨ ਵਾਲੇ ਨੂੰ ਰਾਜਾ ਅਪਣੀ ਅੰਗੂਠੀ ਦੁਆਰਾ ਮੋਮ ਦਾ ਨਿਸ਼ਾਨ ਲੱਗੀ ਇੱਕ ਮੁਹਰ ਦਿੰਦਾ ਹੈ। ਇਨ੍ਹਾਂ ਨੂੰ ਉਸਦਾ ਮੰਤਰੀ ਅਪਣੇ ਕੋਲ ਰੱਖਦਾ ਹੈ ਅਤੇ ਇਹ ਪ੍ਰਮਾਣ ਪੱਤਰ ਦਾ ਕੰਮ ਦਿੰਦੀ ਹੈ।"

ਇਸੀ ਤਰ੍ਹਾਂ ਡਾ. ਡੀ. ਵੀ. ਸਮਿਥ ਲਿਖਦਾ ਹੈ "ਦਰਬਾਰ ਦੀ ਸੱਜ ਧੱਜ ਬਹੁਤ ਸੁੰਦਰ ਹੁੰਦੀ ਸੀ ਅਤੇ ਹਰੇਕ ਕੰਮ ਬੜੀ ਸ਼ਾਨ ਨਾਲ ਕੀਤਾ ਜਾਂਦਾ ਸੀ। ਮੁਗਲ ਦਰਬਾਰ ਦੀ ਤਰ੍ਹਾ ਸਚਿਵ ਸ਼ਬਦਾਂ ਨੂੰ ਧਿਆਨਪੂਰਵਕ ਨੋਟ ਕਰਦੇ ਸਨ ਅਤੇ ਕੇਵਲ ਉਨ੍ਹਾਂ ਦਾ ਅਭਿਲੇਖ (Record) ਹੀ ਜਾਰੀ ਕੀਤੇ ਗਏ ਆਦੇਸ਼ਾ ਦਾ ਸਬੂਤ ਹੁੰਦਾ ਸੀ।"

(**ਅ**) **ਪ੍ਰਾਂਤੀ ਸ਼ਾਸਨ** (Provincial Government) – ਸਾਮਰਾਜ ਪ੍ਰਾਂਤਾ ਵਿਚ ਵੰਡਿਆ ਹੋਇਆ ਸੀ। ਕਹਿੰਦੇ ਹਨ ਉੱਥੇ ਕੋਈ ਦੋ ਸੌ ਪ੍ਰਾਂਤ ਸਨ ਪਰ ਐਸਾ ਤਾਂ ਸਾਫ ਗਲਤ ਦਿੱਸਦਾ ਹੈ। ਅਸਲ ਵਿਚ ਉਥੇ ਕੇਵਲ ਛੇ ਪ੍ਰਾਂਤ ਹੀ ਸਨ ਹਰੇਕ ਉਤੇ ਇਕ ਰਾਜਪਾਲ ਸੀ ਜਿਸਨੂੰ ਨਾਇਕ ਕਹਿੰਦੇ ਸਨ। ਨਾਇਕ ਪ੍ਰਾਂਤ ਦੇ ਪ੍ਰਸ਼ਾਸਨ ਲਈ ਜ਼ਿੰਮੇਦਾਰ ਸੀ। ਉਸਦੇ ਹੱਥ ਵਿਚ ਨਾਗਰਿਕ ਸੈਨਿਕ ਅਤੇ ਨਿਆਂਇਕ ਸ਼ਕਤੀਆਂ ਸਨ ਅਤੇ ਉਹ ਪ੍ਰਾਂਤ ਦੇ ਆਮਦਨ ਖਰਚ ਦਾ ਨਿਯਮਿਤ ਲੇਖਾ-ਜੋਖਾ ਕੇਂਦਰੀ ਸਰਕਾਰ ਨੂੰ ਦਿੰਦਾ। ਡਾ. ਈਸ਼ਵਰੀ ਪ੍ਰਸਾਦਿ ਦੇ ਸ਼ਬਦਾਂ ਵਿਚ "ਪ੍ਰਾਂਤ ਤਾਂ ਸਾਮਰਾਜ ਦੀ ਨਕਲ ਮਾਤਰ ਸੀ।"

(**ਗ**) **ਪਿੰਡ ਪ੍ਰਸ਼ਾਸਨ** (Village Administration) – ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ ਜਾਂ ਪਿੰਡ। ਹਰ ਇਕ ਪਿੰਡ ਦੀ ਇੱਕ ਅਪਣੀ ਸਭਾ ਸੀ ਜਿਸਦੇ ਸਦੱਸ ਸਨ ਵੰਸ਼ ਪਰੰਪਰਾਗਤ ਅਧਿਕਾਰੀ ਜਿਨ੍ਹਾਂ ਨੂੰ 'ਅਖਰਾਰ' ਕਹਿੰਦੇ ਸਨ। ਇਸ ਸਭਾ ਦੇ ਵੱਡੇ ਵੱਡੇ ਕੰਮ ਸਨ, ਮੁਕੱਦਮਿਆਂ ਦਾ ਨਿਰਨਾ ਕਰਨਾ, ਲਗਾਨ ਇਕੱਠਾ ਕਰਨਾ ਅਤੇ ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣਾ। ਕੇਂਦਰੀ ਸਰਕਾਰ ਪਿੰਡ ਦਾ ਨਿਯੰਤਰਨ ਇਕ ਅਧਿਕਾਰੀ ਦੁਆਰਾ ਕਰਦੀ ਸੀ ਜਿਸ ਨੂੰ ਮਹਾਨਾਇਕਾਚਾਰਿਆ ਕਹਿੰਦੇ। ਨੂਨਿਜ ਬ੍ਰਾਹਮਣਾ ਦੀ ਦਸ਼ਾ ਵਰਣਨ ਕਰਦੇ ਹੋਏ ਕਹਿੰਦਾ ਹੈ "ਉਹ ਈਮਾਨਦਾਰ, ਸਾਮਾਨ ਵੇਚਣ ਵਾਲੇ, ਵੱਡੇ ਯੋਗ ਅਤੇ ਹਿਸਾਬ ਕਿਤਾਬ ਵਿਚ ਵੱਡੇ ਹੋਸ਼ਿਆਰ, ਪਤਲੇ ਅਤੇ ਸੁਗਠਿਤ ਸਨ ਪਰ ਸਖਤ ਮਿਹਨਤ ਕਰਨ ਦੇ ਯੋਗ ਨਹੀਂ ਸਨ।" ਇਸ ਤੋਂ ਅੱਗੇ ਨੂਨਿਜ ਕਹਿੰਦਾ ਹੈ "ਵਿਜੈ ਨਗਰ ਦੇ ਰਾਜਾ ਦੇ ਪਾਸ ਐਸੀ ਔਰਤਾਂ ਵੀ ਹਨ ਜਿਹੜੀਆਂ ਪਹਿਲਵਾਨੀ ਕਰਦੀਆਂ ਹਨ ਅਤੇ ਦੂਜੀ ਐਸੀ ਹਨ ਜਿਹੜੀਆਂ ਜੋਤਸ਼ੀ ਅਤੇ ਦੇਵੀਆਂ ਹਨ ਅਤੇ ਉਸ ਦੇ ਇੱਥੇ ਐਸੀ ਵੀ ਔਰਤਾਂ ਹਨ ਜਿਹੜੀਆਂ ਦਰਵਾਜੇ ਅੰਦਰ ਹੋਣ ਵਾਲੇ ਸਾਰੇ ਖਰਚੇ ਦਾ ਹਿਸਾਬ ਰੱਖਦੀਆਂ ਹਨ ਅਤੇ ਐਸੀ ਵੀ ਹਨ ਜਿਨ੍ਹਾਂ ਦਾ ਕੰਮ ਰਾਜਧਾਨੀ ਦੇ ਸਾਰੇ ਮਾਮਲਿਆਂ ਦੇ ਵਿਸ਼ੇ ਵਿਚ ਲਿਖਣਾ ਹੁੰਦਾ ਹੈ ਅਤੇ ਜਿਨ੍ਹਾਂ ਦੀ ਪੁਸਤਕਾਂ ਨੂੰ ਬਾਹਰਲੇ ਲੇਖਕਾਂ ਦੀ ਪੁਸਤਕਾਂ ਨਾਲ ਮਿਲਾਇਆ ਜਾਂਦਾ ਹੈ। ਉਸ ਦੇ ਪਾਸ ਸੰਗੀਤ ਲਈ ਔਰਤਾਂ ਹਨ ਜਿਹੜੀਆਂ ਵਾਜੇ ਵਜਾਉਂਦੀਆਂ ਹਨ ਅਤੇ ਗਾਉਂਦੀਆਂ ਵੀ ਹਨ। ਰਾਜਿਆਂ ਦੀਆਂ ਪਤਨੀਆਂ ਵੀ ਸੰਗੀਤ ਵਿਚ ਨਿਪੁੰਨ ਹਨ – ਕਿਹਾ ਜਾਂਦਾ ਹੈ ਕਿ ਉਸਦੇ ਇੱਥੇ ਨਿਆਂਦੀਸ਼, ਬੇਲਿਫ (Baliff) ਅਤੇ ਮਹੱਲ ਦੀ ਰਖਵਾਲੀ ਦੇ ਲਈ ਚੌਕੀਦਾਰ ਵੀ ਹਨ ਅਤੇ ਇਹ ਸਾਰੀ ਔਰਤਾਂ ਹਨ।"

**(ਘ) ਵਿੱਤੀ ਪ੍ਰਣਾਲੀ** (Financial System) – ਆਮਦਨ ਦਾ ਸਭ ਤੋਂ ਵੱਡਾ ਸਾਧਨ ਸੀ ਲਗਾਨ ਪ੍ਰਣਾਲੀ। ਪੁਰਤਗਾਲੀ ਲੇਖਕਾਂ ਦਾ ਕਹਿਣਾ ਹੈ ਕਿ ਰਾਜਾ ਨੇ ਭੂਮੀ ਸਰਦਾਰਾਂ ਨੂੰ ਦੇ ਰੱਖੀ ਸੀ ਜਿਨ੍ਹਾਂ ਨੇ ਅੱਗੇ ਕਿਸਾਨਾਂ ਨੂੰ ਦੇ ਦਿੱਤੀ। ਕਿਸਾਨ ਆਪਣੀ ਉਜ ਦਾ ਦਸ ਵਿੱਚੋਂ ਨੌਂ (9/10) ਹਿੱਸਾ ਸਰਦਾਰਾਂ ਨੂੰ ਦਿੱਤਾ ਜੋ ਆਪਣੇ ਹਿੱਸੇ ਦਾ ਅੱਧਾ ਰਾਜੇ ਨੂੰ ਚੁਕਾਉਂਦੇ ਸਨ। ਪਰ ਇਹ ਤਾਂ ਇਕ ਅਤਿ ਯੁਕਤ ਲੱਗਦਾ ਹੈ। ਨਾ ਤਾਂ ਕਿਸਾਨ ਇੰਨਾ ਥੋੜ੍ਹਾ ਅਤੇ ਉਪਜ ਦਾ ਦਸਵਾਂ ਹਿੱਸਾ ਆਪਣੇ ਕੋਲ ਰੱਖਦੇ ਅਤੇ ਨਾ ਹੀ ਭੂਮੀਦਾਰ ਸਰਦਾਰ ਸਰਕਾਰ ਨੂੰ ਇੰਨਾ ਜ਼ਿਆਦਾ ਅਤੇ ਅੱਧਾ ਹਿੱਸਾ ਚੁਕਾਉਂਦੇ ਸਨ। ਅਜਿਹਾ ਲੱਗਦਾ ਹੈ ਕਿ ਰਾਜ ਦਾ ਹਿੱਸਾ ਇਕ-ਚੌਥਾਈ ਤੋਂ ਇਕ-ਤਿਹਾਈ ਤੱਕ ਰਿਹਾ ਹੋਵੇਗਾ। ਭੂਮੀ ਕਰ ਦੇ ਇਲਾਵਾ ਆਮਦਨ ਦੇ ਹੋਰ ਸਾਧਨ ਸਨ-ਚਰਾਈ ਕਰ, ਚੁੰਗੀ ਕਰ ਅਤੇ ਵੈਸ਼ਯ ਕਰ ਆਦਿ।

(**ਭ**) **ਨਿਆਂਇਕ ਪ੍ਰਣਾਲੀ** (Judicial System) — ਸਰਵ ਉੱਚ ਨਿਆਂਲਿਆ ਵੀ ਸੀ। ਖੁਦ ਰਾਜਾ ਹੀ ਸਭ ਤੋਂ ਮਹੱਤਵਪੂਰਨ ਮੁਕੱਦਮਿਆਂ ਦਾ ਨਿਰਣਾ ਕਰਦਾ। ਪ੍ਰਾਂਤਾਂ ਦੇ ਅੰਦਰ ਨਿਆਂਇਕ ਸ਼ਕਤੀ ਰਾਜਪਾਲ ਦੇ ਹੱਥ ਸੀ। ਪਿੰਡ ਵਿਚ ਮੁਕੱਦਮਿਆਂ ਦਾ ਫੈਸਲਾ ਪਿੰਡ ਦੀ ਸਭਾ ਕਰਦੀ। ਕਾਨੂੰਨ ਰੀਤੀ ਰਿਵਾਜਾਂ ਉਤੇ ਆਧਾਰਤ ਸੀ। ਅਪਰਾਧੀਆਂ ਨੂੰ ਬਹੁਤ ਕਠੋਰ ਦੰਡ ਦਿੱਤਾ ਜਾਂਦਾ। ਚੋਰੀ, ਅਪਰਾਧ ਅਤੇ ਦੇਸ਼ਦ੍ਰੋਹ ਜਿਹੇ ਅਪਰਾਧਾਂ ਦੇ ਲਈ ਮੌਤ ਜਾਂ ਅੰਗ-ਭੰਗ ਦੀ ਸਜਾ ਦਿੱਤੀ ਜਾਂਦੀ ਸੀ। ਸਾਧਾਰਨ ਅਪਰਾਧ ਲਈ ਜੁਰਮਾਨੇ ਦਾ ਦੰਡ ਮਿਲਦਾ।

(**ਚੁ**) **ਸੈਨਿਕ ਪ੍ਰਣਾਲੀ** (Military System) – ਸਾਮਰਾਜ ਦੀ ਸੈਨਾ ਵਿਚ ਪੈਦਲ ਸਵਾਰ, ਘੋੜ ਸਵਾਰ ਅਤੇ ਹਾਥੀ ਸਵਾਰ ਆਦਿ ਤਿੰਨ ਦਲ ਸਨ। ਪਰ ਇਹ ਸੈਨਾ ਲੜਨ ਵਿਚ ਇੰਨੀ ਤਾਕਤਵਰ ਨਹੀਂ ਸੀ ਜਿੰਨੀ ਦਿੱਲੀ ਦੇ ਸੁਲਤਾਨਾਂ ਦੀ ਸੈਨਾ। ਜਿੱਥੇ ਤਕ ਇਸ ਸੈਨਾ ਦੀ ਸੰਖਿਆ ਸ਼ਕਤੀ ਦਾ ਸੰਬੰਧ ਹੈ ਕਹਿੰਦੇ ਹਨ ਕਿ 1520 ਈ. ਵਿਚ ਕ੍ਰਿਸ਼ਨ ਦੇਵ ਰਾਏ ਦੇ ਅਧੀਨ ਇਸ ਵਿਚ ਸੱਤ ਲੱਖ ਤੀਹ ਹਜਾਰ ਛੇ ਸੌ ਅੱਠ ਪੈਦਲ ਸਵਾਰ ਸਨ ਪੈਂਤੀ ਹਜਾਰ ਛੇ ਸੌ ਘੋੜ ਸਵਾਰ ਸਨ ਅਤੇ ਪੰਜ ਸੌ ਇਕਵੰਜਾ ਹਾਥੀ ਸਨ।

**ਪਾਯਸ** – "1520 ਈ. ਵਿਚ ਕ੍ਰਿਸ਼ਨ ਦੇਵ ਨੇ ਵਾਸਤਵ ਵਿਚ ਰਾਏਚੂਰ ਦੇ ਵਿਰੁਧ ਕਾਰਵਾਈ ਕਰਨ ਦੇ ਲਈ 7,03,000 ਪੈਦਲ ਸਿਪਾਹੀ, 32,600 ਘੋੜੇ ਅਤੇ 551 ਹਾਥੀ ਇਕੱਠੇ ਕੀਤੇ ਸਨ। ਪੜਾਅ ਦੇ ਪਿੱਛੇ ਚੱਲਣ ਵਾਲੇ ਅਣਗਿਣਤ ਵਿਅਕਤੀ, ਵਪਾਰੀ ਅਤੇ ਹੋਰ ਵਿਅਕਤੀ ਇਨ੍ਹਾਂ ਵਿਚ ਸ਼ਾਮਲ ਨਹੀਂ ਹਨ। ਰਾਏਆਂ ਦੇ ਸਮੇਂ ਤੋਂ ਪਹਿਲਾਂ ਹੀ ਰੱਥਾਂ ਦਾ ਪ੍ਰਚਲਨ ਸਮਾਪਤ ਹੋ ਚੁੱਕਿਆ ਸੀ।

ਨੂਨਿਜ ਪਾਯਸ ਦਾ ਸਮਰਥਣ ਕਰਦੇ ਹੋਏ ਕਹਿੰਦਾ ਹੈ "ਵਿਸ਼ਾਲ ਸੈਨਾ ਦੀ ਕਾਰਜ ਨਿਪੁੰਨਤਾ (Efficiency) ਦਲ ਦੀ ਸੰਖਿਆ ਦੇ ਸਮਾਨਾਨੁਪਾਤ ਵਿਚ ਨਹੀਂ ਸੀ। ਸਿਪਾਹੀਆਂ ਨੂੰ ਮੁਸਲਮਾਨਾਂ ਦਾ ਡਰ ਸੀ ਅਤੇ ਰਾਏਚੂਰ ਜਿਹੇ ਸੈਨਾ ਕਿਲ੍ਹੇ (Fortress) ਦੇ ਵਿਰੁੱਧ ਉਨ੍ਹਾਂ ਦੀ ਕਾਰਵਾਈ ਮਜਾਕਿਆ ਅਤੇ ਕਮਜੋਰ ਸੀ।"

ਨੋਟ

## 13.5 ਵਿਦੇਸ਼ੀ ਯਾਤਰੀਆਂ ਦੁਆਰਾ ਵਿਜੈ ਨਗਰ ਦਾ ਵਰਣਨ (Explanation of Vijayanagar by Overseas Tourists)

(**ਕ**) **ਨਿਕੋਲੋ ਕੋਂਟੀ** – ਇਕ ਈਟਾਲੀਅਨ ਜਿਹੜਾ ਸਭ ਤੋਂ ਪਹਿਲਾ ਦਰਸ਼ਕ ਸੀ ਦੇਵਰਾਏ ਦੇ ਸ਼ਾਸਨ ਵਿਚ ਲਗਭਗ 1420 ਈ. ਵਿਚ ਵਿਜੈ ਨਗਰ ਵਿਚ ਸੀ। ਉਸ ਸ਼ਹਿਰ ਦੇ ਘੇਰੇ ਦਾ ਅੰਦਾਜਾ 60 ਮੀਲ ਲਗਾਇਆ ਸੀ, ਉਹ ਸੁੱਰਖਿਆ ਦੀ ਸ਼ਕਤੀ ਤੋਂ ਵੱਡਾ ਪ੍ਰਭਾਵਿਤ ਹੋਇਆ ਸੀ। ਸੁੱਰਖਿਆ ਕਾਰਜ ਪਹਾੜੀਆਂ ਤਕ ਕੀਤੇ ਗਏ ਸਨ ਘਾਟੀਆਂ ਉਤੇ ਕਿਲ੍ਹੇਬੰਦੀ ਕੀਤੀ ਜਾ ਸਕੇ। ਉਹ ਰਾਏ ਨੂੰ ਭਾਰਤ ਦੇ ਕਿਸੀ ਵੀ ਰਾਜਾ ਦੀ ਅਪੇਖਿਆ ਜ਼ਿਆਦਾ ਸ਼ਕਤੀਸ਼ਾਲੀ ਸਮਝਦਾ ਸੀ। ਇਸ ਯਾਤਰੀ ਦਾ ਕਹਿਣਾ ਹੈ ਕਿ ਰਾਜਾ ਦੀ 12,000 ਰਾਣੀਆਂ ਸਨ ਜਿਨ੍ਹਾਂ ਵਿਚੋਂ ਉਸ ਦੀ ਮ੍ਰਿਤੂ ਦੇ ਸਮੇਂ ਘੱਟ ਤੋਂ ਘੱਟ 2000 ਜਾਂ 3000 ਰਾਣੀਆਂ ਨੂੰ ਜਲਣਾ ਪਿਆ ਸੀ। ਮੂਰਤੀ ਸਮਾਰੋਹਾਂ ਅਤੇ ਹੋਰ ਤਿਉਹਾਰਾਂ ਨੂੰ ਬਹੁਤ ਸ਼ਾਨ ਨਾਲ ਮਨਾਇਆ ਜਾਂਦਾ ਸੀ।

**(ਖ) ਅਬਦੁਰ ਰੱਜ਼ਾਕ (ਹੇਰਾਤ ਦਾ)-** ਇਹ ਯਾਤਰੀ ਅਪ੍ਰੈਲ 1443 ਈ. ਦੇ ਅੰਤ ਵਿੱਚ ਵਿਜੈਨਗਰ ਵਿੱਚ ਪਹੁੰਚਿਆ ਸੀ। ਉਹ ਕਹਿੰਦਾ ਹੈ –

"ਸ਼ਹਿਰ ਐਸਾ ਹੈ ਕਿ ਸਾਰੀ ਧਰਤੀ ਉਤੇ ਨਾਂ ਅੱਖਾਂ ਨੇ ਇਸ ਦੇ ਬਰਾਬਰ ਕੋਈਸਥਾਨ ਦੇਖਿਆ ਹੈ ਅਤੇ ਕੰਨਾਂ ਨੇ ਸੁਣਿਆ ਹੈ। ਇਹ ਇਸ ਤਰ੍ਹਾਂ ਦਾ ਬਣਿਆ ਹੈ ਕਿ ਇਸ ਦੇ ਚਾਰੇ ਪਾਸੇ ਸੱਤ ਸੁਰੱਖਿਆ ਦੀਵਾਰਾਂ ਹਨ (ਇਕ ਦੂਜੀ ਦੇ ਅੰਦਰ)।

**ਸੱਤਵਾਂ ਸੈਨਾ** (Fortress) ਗੜ੍ਹੀ ਇਹ ਹੋਰ ਕਿਲ੍ਹਿਆਂ ਦੇ ਅੰਦਰ ਹੈ ਅਤੇ ਇਸ ਵਿਚ ਹੇਰਾਤ ਬਜਾਰ ਤੋਂ ਦਸ ਗੁਣਾ ਭੂਮੀ ਹੈ। ਇਸ ਵਿਚ ਰਾਜਾ ਦਾ ਮਹੱਲ ਹੈ। ਪਹਿਲੀ ਦੂਜੀ ਅਤੇ ਤੀਜੀ ਦੀਵਾਰਾਂ ਦੇ ਵਿਚਕਾਰ ਖੇਤ ਹਨ। ਬਗੀਚੇ ਹਨ ਅਤੇ ਘਰ ਹਨ। ਤੀਜੇ ਸੈਨਾ ਕਿਲ੍ਹੇ ਤੋਂ ਲੈ ਕੇ ਸੱਤਵੇਂ ਕਿਲ੍ਹੇ ਤਕ ਦੁਕਾਨ ਅਤੇ ਬਾਜਾਰ ਪਾਸ-ਪਾਸ ਹਨ। ਰਾਜਾ ਦੇ ਮਹੱਲ ਦੇ ਨੇੜੇ ਚਾਰ ਬਾਜਾਰ ਹਨ – ਹਰੇਕ ਬਾਜਾਰ ਦੀ ਸ਼ੁਰੂਆਤ ਵਿਚ ਇਕ ਉੱਚਾ ਮਹਿਰਾਬਦਾਰ ਛੱਡਿਆ ਰਾਹ ਅਤੇ ਇਕ ਸ਼ਾਨਦਾਰ ਗੈਲਰੀ ਹੈ ਪਰ ਰਾਜਾ ਦਾ ਮਹੱਲ ਇਨ੍ਹਾਂ ਸਭ ਤੋਂ ਉੱਚਾ ਹੈ ਇਸ ਸ਼ਹਿਰ ਵਿਚ ਮਿੱਠੀ ਖੁਸ਼ਬੂ ਵਾਲੇ ਫੁੱਲ ਸਦਾ ਤਾਜਾ ਮਿਲ ਜਾਂਦੇ ਹਨ। ਵੱਖ ਵੱਖ ਸ਼੍ਰੇਣੀਆਂ ਦੇ ਸ਼ਿਲਪਕਾਰਾਂ ਦੀਆਂ ਦੁਕਾਨਾਂ ਵੱਖ-ਵੱਖ ਹਨ ਅਤੇ ਇਕ ਹੀ ਕਿਸਮ ਦੇ ਸ਼ਿਲਪਕਾਰਾਂ ਦੀ ਦੁਕਾਨਾਂ ਨੇੜੇ-ਨੇੜੇ ਹਨ। ਜੌਹਰੀ ਆਪਣੇ ਪੰਨੇ, ਹੀਰੇ, ਲਾਲ ਆਦਿ ਖੁਲ੍ਹੇਆਮ ਬਾਜਾਰ ਵਿਚ ਵੇਚਦੇ ਹਨ।

(**ਗ**) **ਡਾਮਿੰਗ ਪਾਯਸ** – ਉਹ ਵਿਜੈਨਗਰ ਨੂੰ "ਦੁਨੀਆਂ ਦਾ ਸਰਵ ਉੱਤਮ ਵਿਵਸਥਿਤ ਸ਼ਹਿਰ ਮੰਨਦਾ ਸੀ ਕਿਉਂਕਿ ਇਸ ਸ਼ਹਿਰ ਦੀ ਦਸ਼ਾ ਹੋਰ ਸ਼ਹਿਰਾਂ ਦੀ ਤਰ੍ਹਾਂ ਨਹੀਂ ਸੀ ਜਿਨ੍ਹਾਂ ਵਿਚ ਬਹੁਤ ਵਾਰ ਸਪਲਾਈ ਅਤੇ ਹੋਰ ਵਿਵਸਥਾਵਾਂ ਨਹੀਂ ਪ੍ਰਾਪਤ ਹੁੰਦੀਆਂ ਕਿਉਂਕਿ ਇਸ ਸ਼ਹਿਰ ਵਿਚ ਹਰੇਕ ਸੁਵਿਧਾਵਾਂ ਮੌਜੂਦ ਹਨ।" ਰਾਜਾ ਦੇ ਮਹੱਲ ਦੇ ਇਕ ਕਮਰੇ ਦੇ ਬਾਰੇ ਵਿਚ ਉਹ ਕਹਿ ਸਕਦਾ ਹੈ "ਸਾਰਾ ਕਮਰਾ ਉਪੱਰ ਤੋਂ ਹੇਠਾਂ ਤਕ ਹਾਥੀ ਦੰਦ ਦਾ ਸੀ। ਖੰਭਿਆਂ ਦੇ ਸ਼ਿਖਰਾਂ ਉਤੇ ਕਮਲ ਦੇ ਫੁੱਲ ਸਨ ਜਿਹੜੇ ਹਾਥੀ ਦੰਦ ਦੇ ਬਣੇ ਸਨ ਅਤੇ ਇੰਨੇ ਚੰਗੇ ਬਣੇ ਸਨ ਕਿ ਉਨ੍ਹਾਂ ਤੋਂ ਚੰਗੇ ਕਿਤੇ ਹੋਰ ਨਹੀਂ ਹੋ ਸਕਦੇ ਸਨ। ਇਹ ਇੰਨਾ ਪ੍ਰਸਿੱਧ ਅਤੇ ਸੁੰਦਰ ਹੈ ਕਿ ਤੁਹਾਨੂੰ ਸ਼ਾਇਦ ਹੀ ਐਸਾ ਕਿਸੀ ਹੋਰ ਸਥਾਨ ਉਤੇ ਮਿਲੇਗਾ।

## 13.6 ਵਿਜੈਨਗਰ ਸਾਮਰਾਜ ਦੇ ਰਾਜਨੀਤਿਕ, ਆਦਰਸ਼, ਯੁੱਧ ਵਿਧੀ ਅਤੇ ਸਾਮਰਾਜ ਦਸ਼ਾ (Political ideal Military Strategy and Common Condition of Vijayanagar Empire)

**ਸਾਮਰਾਜ ਦੇ ਸੋਮੇ** (Sources of the Empire) — ਦੱਖਣ ਵਿਚ ਮੁਸਲਮਾਨਾਂ ਨੂੰ ਬਾਹਰ ਕੱਢਣ ਦੇ ਲਈ ਜਿਹੜਾ ਕ੍ਰਾਂਤੀਕਾਰੀ ਅੰਦੋਲਨ ਚੱਲਿਆ ਸੀ ਵਿਜੈ ਨਗਰ ਉਸੀ ਦਾ ਨਤੀਜਾ ਸੀ। ਜਦੋਂ ਤੋਂ ਮਲਿਕ ਕਾਫੂਰ ਨੇ ਦੱਖਣ ਨੂੰ ਜਿੱਤਿਆ ਸੀ ਤਦੇ ਤੋਂ ਹਾਰੀ ਹੋਈਆਂ ਜਾਤਾਂ ਅਪਣੇ ਮੁਸਲਮਾਨ ਅਤਿਆਚਾਰੀਆਂ ਦੇ ਵਿਰੁੱਧ ਗਹਿਰੇ ਵਿਰੋਧ ਦੀਆਂ ਭਾਵਨਾਵਾਂ ਛਿਪੀਆਂ ਹੋਈਆਂ ਸਨ। ਮੁਸਲਮਾਨ ਅਤਿਆਚਾਰੀਆਂ ਨੇ ਜੀਵਨ ਨੂੰ ਨਸ਼ਟ ਕਰਕੇ ਹਿੰਦੂ ਤੀਰਥ ਸਥਾਨਾਂ ਨੂੰ ਬਰਬਾਦ ਕਰਕੇ ਅਤੇ ਲੋਕਾਂ ਤੋਂ ਉਨ੍ਹਾਂ ਦਾ ਧੰਨ ਲੁੱਟ ਕੇ ਦੇਸ਼ ਵਿਚ ਬਹੁਤ ਬਰਬਾਦੀ ਕੀਤੀ ਸੀ ਕਕਟੀਯਾਵਾਂ ਦੇ ਪਤਨ ਅਤੇ ਹੋਯਸਲਾਂ ਦੀ ਕਮਜੋਰੀ ਨੇ ਵੀ ਇਕ ਨਵੀਂ ਸ਼ਕਤੀ ਦੇ ਉਦੈ ਨੂੰ ਸੰਭਵ ਬਣਾਇਆ ਸੀ ਅਤੇ ਵਿਜੈ ਨਗਰ ਸਾਮਰਾਜ ਜਲਦੀ ਹੀ ਉਤੱਰ ਦੇ ਮੁਸਲਮਾਨਾਂ ਦੇ ਵਿਰੁੱਧ ਇਕ ਸ਼ਕਤੀਸ਼ਾਲੀ ਰਾਜ ਦੇ ਰੂਪ ਵਿਚ ਵਿਕਸਿਤ ਹੋਇਆ।

**ਸਾਮਰਾਜ ਦੀ ਕੁਦਰਤੀ** (Nature of the Empire) – ਇਸ ਦੇ ਜਨਮ ਦੀ ਪਰਿਸਥਿਤੀਆਂ ਨੇ ਇਸ ਦੇ ਪ੍ਰਸ਼ਾਸਨ ਦੇ ਬਾਰੇ ਵਿਚ ਇਸ ਦੀ ਭਵਿੱਖ ਨੀਤੀ ਨੂੰ ਨਿਸ਼ਚਿਤ ਕੀਤਾ ਅਤੇ ਅੰਤਮ ਦਿਨ ਤਕ ਵਿਜੈ ਨਗਰ ਸਾਮਰਾਜ ਸ਼ਕਤੀਸ਼ਾਲੀ ਸਿਧਾਂਤਕ ਆਧਾਰ ਸਣੇ ਮੁੱਖ ਤੌਰ ਤੇ ਸੈਨਿਕ ਰਾਜ ਰਿਹਾ। ਕਿਉਂਕਿ ਇਸ ਦੀ ਆਧਾਰ ਭੂਤ ਆਵਸ਼ਕਤਾ ਅਤੇ ਜਿਸਦੇ ਕਾਰਣ ਇਹ ਸਾਮਰਾਜ ਬਣਿਆ ਸੀ, ਹਿੰਦੂਆਂ ਨੂੰ ਮੁਸਲਮਾਨਾਂ ਦੇ ਆਕ੍ਰਮਣਾਂ ਤੋਂ ਸੁਰੱਖਿਅਤ ਰੱਖਣਾ ਸੀ ਇਸਲਈ ਮੁਸਲਮਾਨ ਰਾਜਾਂ ਦੇ ਨਾਲ ਬਰਾਬਰੀ ਦਾ ਵਰਤਾਵ ਕਰਨ ਦੇ ਲਈ ਇਸ ਸਾਮਰਾਜ ਨੂੰ ਸ਼ਕਤੀਸ਼ਾਲੀ ਬਣਾਉਣ ਵਿਚ ਕੋਈ ਕਸਰ ਬਾਕੀ ਨਹੀਂ ਰੱਖੀ ਗਈ ਸੀ। ਇਸ ਨੇ ਮੁਸਲਿਮ ਰਾਜਾਂ ਦੀ ਸ਼ਕਤੀ ਨੂੰ ਚੁਣੌਤੀ ਦਿੱਤੀ ਅਤੇ ਅਪਣੀ ਸੰਪੂਰਨ ਸ਼ਕਤੀ ਨਾਲ ਉਨ੍ਹਾਂ ਨੂੰ ਦੱਖਣ ਦੇ ਵੱਲ ਵੱਧਣ ਤੋਂ ਰੋਕਿਆ।

**ਨੋਟ**

**ਰਾਜ ਵਾਰਿਸਤਾ** (State Hierarchy) – ਸਾਮਰਾਜ ਇਕ ਵਿਸ਼ਾਲ ਸਾਮੰਤ ਸੰਗਠਨ (Feudal Organisation) ਸੀ ਅਤੇ ਸਾਰੀ ਪ੍ਰਣਾਲੀ ਦਾ ਪ੍ਰਮੁੱਖ (Apex) ਰਾਜਾ ਸੀ। ਉਸਦੀ ਸਹਾਇਤਾ ਦੇ ਲਈ ਇਕ ਸਭਾ ਹੁੰਦੀ ਸੀ। ਜਿਸ ਵਿਚ ਮੰਤਰੀ ਪ੍ਰਾਂਤੀ ਗਵਰਨਰ ਸੈਨਿਕ ਕਮਾਂਡਰ ਪੁਜਾਰੀ ਵਰਗ ਦੇ ਪੁਰਖ ਅਤੇ ਕਵੀ ਸ਼ਾਮਲ ਸਨ। ਚੋਣਾ ਦੀ ਕੋਈ ਪ੍ਰਣਾਲੀ ਨਹੀਂ ਸੀ ਅਤੇ ਸਭਾ ਦੇ ਸਾਰੇ ਸਦੱਸਾਂ ਨੂੰ ਰਾਜਾ ਨਿਯੁਕਤ ਕਰਦਾ ਸੀ। ਰਾਜਾ ਅਤੇ ਪ੍ਰੀਸ਼ਦ (Councellors) ਦੇ ਆਪਸੀ ਸੰਬੰਧਾਂ ਨੂੰ ਨਿਸ਼ਚਿਤ ਕਰਨ ਵਿਚ ਵਿਅਕਤੀਗਤ ਬਰਾਬਰੀ ਬਹੁਤ ਕੰਮ ਕਰਦੀ ਸੀ। ਸਾਰੇ ਮੱਧਕਾਲੀਨ ਰਾਜਿਆਂ ਦੀ ਤਰ੍ਹਾਂ ਵਿਜੈ ਨਗਰ ਦਾ ਰਾਜਾ ਇਕ ਤਾਨਾਸ਼ਾਹ ਦੀ ਤਰ੍ਹਾਂ ਸ਼ਕਤੀ ਦੀ ਵਰਤੋਂ ਕਰਦਾ ਸੀ। ਉਹ ਅਸੈਨਿਕ ਪ੍ਰਸ਼ਾਸਨ ਦੀ ਦੇਖਭਾਲ ਕਰਦਾ ਸੀ ਅਤੇ ਸਾਮਰਾਜ ਦੇ ਸੈਨਿਕ ਮਾਮਲਿਆਂ ਦਾ ਨਿਰਦੇਸ਼ਨ ਕਰਦਾ ਸੀ। ਉਸਦੇ ਸਾਹਮਣੇ ਨਿਰਣਾ ਦੇ ਲਈ ਜਿਹੜੇ ਵੀ ਮਾਮਲੇ ਪ੍ਰਸਤੁਤ ਕੀਤੇ ਜਾਂਦੇ ਉਨ੍ਹਾਂ ਉਤੇ ਨਿਆਂਦੀਸ਼ ਦਾ ਕੰਮ ਕਰਦਾ ਸੀ।

**ਫੌਜੀ ਸੰਗਠਨ** ( Military Organisation ) – ਗ਼ੈਰ ਫ਼ੌਜੀ ਪ੍ਰਸ਼ਾਸਨ ਕ ਿਤਰ੍ਹਾਂ ਹੀ ਸਾਮਰਾਜ ਦਾ ਫੌਜੀ ਸੰਗਠਨ ਵੀ ਸਾਮਨਾਤਵਾਦੀ ਸੀ ਰਾਜਾ ਕ ਿਨਿਜੀ ਫੌਜੀ ਤੁਕਰਆਿ ਦੇ ਇਲਾਵਾ ਯੁਧ ਦੇ ਸਮੇਂ ਪ੍ਰਾਂਤ ਦਾ ਗਵਰਨਰ ਆਪਣੇ ਆਪਣੇ ਹਸਿੇ ਕ ਿਫੌਜ ਭੇਜ ਦਤਿਾ ਕਰਦੇ ਸਨ ਅਤੇ ਉਨ੍ਹਾਂਨੂੰ ਰਾਜਾ ਨੂੰ ਸਾਰੇ ਪ੍ਰਕਾਰ ਕ ਿਸਹਾਇਤਾ ਦਦਿੇ ਸਨ ਅਤੇ ਉਨ੍ਹਾਂਨੂੰ ਰਾਜਾ ਨੂੰ ਸਾਰੇ ਪ੍ਰਕਾਰ ਕ ਿਸਹਾਇਤਾ ਦੇਣੀ ਹੁੰਦੀ ਸੀ ਵਜਿੈਨਗਰ ਫੌਜ ਕ ਿਗਣਿਤੀ ਦੇ ਵਸ਼ਿਾ ਵਚਿ ਵੱਖਰਾ ਲੇਖਕੋ ਨੇ ਵੱਖਰਾ ਅਨੁਮਾਨ ਪੇਸ਼ ਕੀਤੇ ਅਤੇ ਕਸਿੇ ਵੀ ਗਣਿਤੀ ਨੂੰ ਠੀਕ ਮੰਨਣਾ ਔਖਾ ਹੈ।

**ਸੈਨਿਕ ਅਯੋਗਤਾ ਦੇ ਕਾਰਨ** (Cause of Military inefficiency) – ਸੈਨਾਂ ਦੀ ਅਯੋਗਤਾ ਦਾ ਜ਼ਿਆਦਾਤਰ ਇਹ ਕਾਰਣ ਸੀ ਕਿ ਉਚਿੱਤ ਸੈਨਿਕ ਸਿੱਖਿਆ ਦੀ ਵਿਵਸਥਾ ਨਹੀਂ ਸੀ। ਵਿਜੈਨਗਰ ਦਾ ਰਿਸਾਲਾ (Cavalry) ਬਹੁਤ ਕਮਜੋਰ ਸੀ, ਕਿਉਂਕਿ ਦੱਖਣ ਵਿਚ ਚੰਗੀ ਨਸਲ ਦੇ ਘੋੜੇ ਉਪਲਬਧ ਨਹੀਂ ਸਨ। ਅਰਦਿਯਾ ਅਤੇ ਪਰਿਸ਼ੀਆ ਦੇ ਦੇਸ਼ਾਂ ਤੋਂ ਘੋੜੇ ਦੀ ਦਰਾਮਦ ਕਰਨ ਦਾ ਕੰਮ ਬਹੁਤ ਦਿਨਾਂ ਤਕ ਉੱਤਰ ਦੀ ਮੁਸਲਿਮ ਸ਼ਕਤੀਆਂ ਦੇ ਹੱਥਾਂ ਵਿਚ ਰਿਹਾ ਸੀ। ਹਾਥੀਆਂ ਉਤੇ ਜ਼ਿਆਦਾ ਨਿਰਭਰਤਾ ਸੀ ਪਰ ਇਹ ਹਾਥੀ ਨਿਪੁੰਨ ਤੀਰ ਅੰਦਾਜ਼ਾ (Archers) ਅਤੇ ਰਸਾਲੇ ਦੇ ਨਾਇਕਾਂ ਦੇ ਸਾਹਮਣੇ ਜਿਹੜੇ ਹਿੰਦੂ ਸੈਨਾਵਾਂ ਦੇ ਵਿਚਕਾਰ ਤੋਂ ਬੇਡਰ ਮਾਰਦੇ ਨਿਕਲ ਜਾਂਦੇ ਸਨ ਸ਼ਕਤੀਹੀਨ। ਜਦੋਂ ਇਕ ਵਾਰ ਆਂਤਕ ਫੈਲ ਜਾਂਦਾ ਤਾਂ ਨੱਸਦੇ ਹੋਏ ਸੈਨਿਕ ਦਸਤਿਆਂ ਨੂੰ ਸੰਗਠਿਤ ਰੱਖਣ ਦਾ ਕੋਈ ਵੀ ਵਿਅਕਤੀ ਲਾਭ ਨਾ ਚੁੱਕਦਾ ਸੀ ਅਤੇ ਹਾਰ ਸਹਿਜ ਹੀ ਵਿਚ ਵਿਨਾਸ਼ ਵਿਚ ਬਦਲ ਜਾਂਦੀ ਸੀ।

**ਵਿਦੇਸ਼ੀ ਯਾਤਰੀਆਂ ਦਾ ਹਵਾਲਾ** (Account of Foreign Travellers) – ਵਿਦੇਸ਼ੀ ਯਾਤਰੀਆਂ ਦੇ ਵਰਣਨਾਂ ਸ਼ਿਲਾਲੇਖਾਂ ਅਤੇ ਸਾਹਿਤ ਨੇ ਵਿਜੈ ਨਗਰ ਸਾਮਰਾਜ ਦੇ ਲੋਕਾਂ ਦੇ ਸਮਾਜਕ ਜੀਵਨ ਵਿਚ ਵੱਖ-ਵੱਖ ਪਹਿਲੂਆਂ ਦੇ ਬਾਰੇ ਵਿਚ ਵਿਸਤ੍ਰਿਤ ਸਾਮਗ੍ਰੀ ਦਿੱਤੀ ਹੈ। ਇਨ੍ਹਾਂ ਵਿਚ ਅਸੀਂ ਕੇਵਲ ਜ਼ਿਆਦਾ ਮਹੱਤਵਪੂਰਨ ਗੱਲਾਂ ਦਾ ਅਧਿਐਨ ਕਰ ਸਕਦੇ ਹਨ।

**ਔਰਤਾਂ ਦੀ ਦਸ਼ਾ** (Position of Women) – ਆਮ ਤੌਰ ਤੇ ਔਰਤਾਂ ਨੂੰ ਸਮਾਜ ਵਿਚ ਉੱਚਾ ਸਥਾਨ ਦਿੱਤਾ ਜਾਂਦਾ ਸੀ। ਐਸੇ ਉਦਾਹਰਣਾਂ ਦੀ ਕਮੀ ਨਹੀਂ ਹੈ ਜਿਨ੍ਹਾਂ ਨੇ ਦੇਸ਼ ਦੇ ਰਾਜਨੀਤਕ, ਸਮਾਜਕ ਅਤੇ ਸਾਹਿਤਕ ਜੀਵਨ ਵਿਚ ਸਕ੍ਰਿਅ ਹਿਸਾ ਲਿਆ ਸੀ। ਇਕ ਤੋਂ ਜ਼ਿਆਦਾ ਪਤਨੀਆਂ ਰੱਖਣਾ ਖਾਸ ਕਰਕੇ ਧੰਨੀ ਵਰਗ ਵਿਚ ਆਮ ਗੱਲ ਸੀ। ਬਚਪਣ ਵਿਚ ਸ਼ਾਦੀ ਕਰਨਾ ਵੀ ਬਹੁਤ ਆਮ ਰਿਵਾਜ ਸੀ ਅਤੇ ਨਿਯਮਿਤ ਪ੍ਰਥਾ ਦਾ ਇਕ ਅੰਗ ਸੀ। ਜਿਨ੍ਹਾਂ ਲੋਕਾਂ ਦੀ ਸਮਾਜ ਵਿਚ ਚੰਗੀ ਦਸ਼ਾ ਸੀ ਉਨ੍ਹਾਂ ਵਿਚ ਬਹੁਤ ਜ਼ਿਆਦਾ ਦਹੇਜ ਦੀ ਬੁਰੀ ਪ੍ਰਥਾ ਬਹੁਤ ਅਧਿਕ ਪ੍ਰਚਲਿਤ ਸੀ। ਵੱਖ-ਵੱਖ ਸੰਪਰਦਾਇਆਂ ਦੇ ਆਪਸੀ ਝਗੜਿਆਂ ਦੇ ਫੈਸਲੇ ਕਰਨ ਦੇ ਲਈ ਰਾਜ ਕਦੀ ਕਦੀ ਦਖਲਅੰਦਾਜੀ ਕਰਦਾ ਸੀ। ਵਿਜੈਨਗਰ ਵਿਚ ਸਤੀ ਪ੍ਰਣਾ ਬੜੀ ਆਮ ਸੀ ਬ੍ਰਾਹਮਣਾਂ ਨੂੰ ਸ਼ਾਸਕਾਂ ਦੁਆਰਾ ਉੱਚੀ ਇੱਜਤ ਦਿੱਤੇ ਜਾਣ ਦੇ ਕਾਰਨ ਬ੍ਰਾਹਮਣਾਂ ਉਤੇ ਸਮਾਜਕ ਅਤੇ ਆਰਥਕ ਮਾਮਲਿਆਂ ਵਿਚ ਮਹੱਤਵਪੂਰਨ ਪ੍ਰਭਾਵ ਨਹੀਂ ਹੁੰਦਾ ਸੀ ਪਰ ਫਿਰ ਵੀ ਰਾਜ ਦੇ ਰਾਜਨੀਤਕ ਵਿਸ਼ੇ ਉਤੇ ਵੀ ਹੁੰਦਾ ਸੀ।

**ਵੇਸਵਾਵ੍ਰਿਤੀ** (Prostitution) – (1) ਪਾਯਸ ਸਾਨੂੰ ਦੱਸਦਾ ਹੈ "ਮੰਦਰ ਨਾਲ ਸੰਬੰਧਤ ਔਰਤਾਂ ਦ੍ਰਿੜ ਚਰਿੱਤਰ ਦੀ ਨਹੀਂ ਹੁੰਦੀਆਂ ਹਨ ਅਤੇ ਉਹ ਸ਼ਹਿਰ ਦੀ ਸਰਵ ਉੱਤਮ ਗਲੀਆਂ ਵਿਚ ਰਹਿੰਦੀਆਂ ਹਨ। ਸਭ ਸ਼ਹਿਰਾਂ ਵਿਚ ਐਸਾ ਹੀ ਹੈ। ਉਨ੍ਹਾਂ ਦੀਆਂ ਗਲੀਆਂ ਵਿਚ ਮਕਾਨਾਂ ਨੂੰ ਸਰਵ ਉੱਤਮ ਪੰਗਤਾਂ ਹੁੰਦੀਆਂ ਹਨ। ਉਹ ਵੱਡੀ ਸੰਨਮਾਨਤ ਹੁੰਦੀਆਂ ਹਨ। ਉਹ ਦੁਸ਼ਟ ਪੁੱਤਰਾਂ ਦੀ ਇੱਜਤਦਾਰ ਪਤਨੀਆਂ ਦੇ ਵਰਗ ਵਿਚ ਆਉਂਦੀਆਂ ਹਨ। ਕੋਈ ਵੀ ਪੁਰਖ ਉਥੇ ਬਿਨਾਂ ਬਦਨਾਮੀ ਦੇ ਜਾ ਸਕਦਾ ਹੈ। ਇਨ੍ਹਾਂ ਔਰਤਾਂ ਨੂੰ ਰਾਜਾ ਦੀ ਰਾਣੀਆਂ ਦੇ ਸਾਹਮਣੇ ਪ੍ਰਵੇਸ਼ ਹੋਣ ਦੀ ਇਜ਼ਾਜਤ ਵੀ ਹੁੰਦੀ ਹੈ ਅਤੇ ਉਹ ਉਨ੍ਹਾਂ ਦੇ ਨਾਲ ਠਹਿਰਦੀਆਂ ਹਨ ਅਤੇ ਪਾਨ ਚਬਾਉਂਦੀਆਂ ਹਨ ਇਹ ਇਕ ਐਸੀ ਗੱਲ ਹੈ ਕਿ ਜਿਸਨੂੰ ਕੋਈ ਹੋਰ ਵਿਅਕਤੀ ਨਹੀਂ ਕਰ ਸਕਦਾ ਚਾਹੇ ਉਸਦਾ ਅਹੁਦਾ ਕਿੰਨਾ ਵੀ ਉੱਚਾ ਕਿਉਂ ਨਾ ਹੋਵੇ। ਉਨ੍ਹਾਂ ਵਿਚੋਂ ਕੁਝ ਮਾਸ ਖਾਂਦੀਆਂ ਹਨ। ਗਾਂ ਅਤੇ ਸੂਰ ਦਾ ਮਾਸ ਛੱਡ ਕੇ ਉਹ ਸਭ ਕਿਸਮ ਦਾ ਮਾਸ ਖਾਂਦੀਆਂ ਹਨ ਅਤੇ ਇੰਨੇ ਉਤੇ ਵੀ ਉਹ ਇਸ ਪਾਨ ਨੂੰ ਸਾਰੇ ਦਿਨ ਖਾਣ ਤੋਂ ਨਹੀਂ ਰੁਕਦੀਆਂ।"

(2) ਅਬਦੁਰ ਰੱਜਾਕ ਹੋਰ ਜ਼ਿਆਦਾ ਵੇਰਵੇ ਦਿੰਦਾ ਹੈ "ਟੇਕਸਾਲ ਦੇ ਸਾਹਮਣੇ ਸ਼ਹਿਰ ਦੇ ਪ੍ਰਰੀਫੈਕਟ ਦਾ ਦਫ਼ਤਰ ਹੈ ਜਿਸ ਦੇ ਨਾਲ ਕਿਹਾ ਜਾਂਦਾ ਹੈ ਕਿ 12,000 ਸਿਪਾਹੀ ਲੱਗੇ ਹਨ ਅਤੇ ਉਨ੍ਹਾਂ ਦੀ ਤਨਖਾਹ ਜਿਹੜੀ ਹਰ ਰੋਜ 12,000 ਫਨਾਮ (Fanams) ਦੇ ਬਰਾਬਰ ਹੈ ਜਿਹੜੀ ਵੇਸਵਾ ਦੇ ਮਕਾਨਾਂ ਦੀ ਕਮਾਈ ਨਾਲ ਪੂਰੀ ਹੁੰਦੀ ਹੈ। ਇਨ੍ਹਾਂ ਮਕਾਨਾਂ ਦੀ ਸ਼ਾਨ ਦਿਲ ਉਤੇ ਬਲਾਤਕਾਰ

ਕਰਨ ਵਾਲੀ ਸੁੰਦਰੀਆਂ ਦੀ ਸੁੰਦਰਤਾ ਉਨ੍ਹਾਂ ਦੀ ਚਾਪਲੂਸੀ ਅਤੇ ਉਨ੍ਹਾਂ ਦਿਆਲੂ ਸੁਭਾਵ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਇਸ ਸੰਬੰਧ ਵਿਚ ਸੰਖੇਪ ਵਿਚ ਕਹਿਣਾ ਹੀ ਸਰਵ ਉੱਤਮ ਹੈ।"

**ਭੋਜਨ ਦੀ ਕਿਸਮ** (Kind of Diet) – ਗਾਂ ਅਤੇ ਬੈਲ ਦਾ ਮਾਸ ਛੱਡ ਕੇ ਭੋਜਨ ਦੇ ਮਾਮਲਿਆਂ ਵਿਚ ਕੋਈ ਬੰਦਸ ਨਹੀਂ ਸੀ। ਪਰ ਬ੍ਰਾਹਮਣ ਨਾਂ ਤਾਂ ਪਸ਼ੂ ਮਾਰਦੇ ਹੀ ਸਨ ਅਤੇ ਨਾਂ ਕਿਸੀ ਦਾ ਮਾਸ ਖਾਂਦੇ ਸਨ। ਸੰਭਵ ਤੌਰ ਤੇ ਨੀਚ ਸ਼੍ਰੇਣੀ ਦੇ ਲੋਕ ਚੂਹੇ ਬਿੱਲੀ ਅਤੇ ਛਿਪਕਲੀਆਂ ਖਾਂਦੇ ਸਨ। ਵਿਜੈ ਨਗਰ ਦੀ ਜਨਤਾ ਵਿਚ ਨੀਚ ਸ਼੍ਰੇਣੀਆਂ ਗੈਰ ਆਰਿਯਾ ਸਨ।

(ਕ) **ਨੂਨਿਜ —** "ਬਿਸਨਾਗ ਦੇ ਇਹ ਰਾਜਾ ਸਭ ਕਿਸਮ ਦੀਆਂ ਚੀਜ਼ਾਂ ਖਾਂਦੇ ਹਨ ਪਰ ਗਾਂ ਅਤੇ ਬੈਲ ਦਾ ਮਾਸ ਨਹੀਂ ਖਾਂਦੇ ਜਿਨ੍ਹਾਂ ਨੂੰ ਉਹ ਦੇਸ਼ ਵਿਚ ਕਦੀ ਵੀ ਨਹੀਂ ਮਾਰਦੇ ਕਿਉਂਕਿ ਉਹ ਉਨ੍ਹਾਂ ਦੀ ਪੂਜਾ ਕਰਦੇ ਹਨ। ਉਹ ਸਭ ਤਰ੍ਹਾਂ ਦੇ ਮਾਸ ਅਤੇ ਸਭ ਤਰ੍ਹਾਂ ਦੀਆਂ ਚਿੜੀਆਂ ਖਾਂਦੇ ਹਨ। ਖਰਗੋਸ਼ ਚੂਹੇ ਬਿੱਲੀ ਆਦਿ ਸਭ ਜਿਹੜੀਆਂ ਬਿਸਨਾਗ ਦੇ ਬਾਜਾਰ ਵਿਚ ਵੇਚੀਆਂ ਜਾਂਦੀਆਂ ਹਨ।"

"ਹਰ ਚੀਜ ਜੀਵਤ ਦਸ਼ਾ ਵਿਚ ਵੇਚੀ ਜਾਂਦੀ ਹੈ ਤਾਂ ਕਿ ਹਰੇਕ ਵਿਅਕਤੀ ਨੂੰ ਇਹ ਗਿਆਤ ਹੋ ਸਕੇ ਕਿ ਉਹ ਕੀ ਖਰੀਦ ਰਿਹਾ ਹੈ। ਘੱਟ ਤੋਂ ਘੱਟ ਜਿਥੇ ਤਕ ਸ਼ਿਕਾਰ ਨਾਲ ਸੰਬੰਧਤ ਵਸਤੂਆਂ ਦਾ ਸੰਬੰਧ ਹੈ ਜਿਨ੍ਹਾਂ ਵਿਚ ਨਦੀਆਂ ਵਿਚੋਂ ਭਾਰੀ ਮਾਤਰਾ ਵਿਚ ਲਿਆਂਦੀ ਗਈ ਮੱਛੀਆਂ ਵੀ ਹਨ।"

(ਖ) **ਪਾਯਸ** — "ਕੁਝ ਔਰਤਾਂ ਗਾਂ ਅਤੇ ਸੂਰ ਦਾ ਮਾਸ ਛੱਡ ਕੇ ਸੈਭ ਕਿਸਮ ਦਾ ਮਾਸ ਖਾਂਦੀਆਂ ਸਨ। ਹਾਲਾਂਕਿ ਵਿਜੈਨਗਰ ਵਿਚ ਸ਼ਾਕਾਹਾਰੀ ਬ੍ਰਾਹਮਣ ਅਨੇਕ ਸਨ ਅਤੇ ਅਧਿਕਾਰੀ ਉਨ੍ਹਾਂ ਖੁਵਾਉਂਦੇ ਪਰ ਆਮ ਜਨਤਾ ਅਤੇ ਰਾਜਿਆਂ ਦਾ ਭੋਜਨ ਬ੍ਰਾਹਮਣਾਂ ਦੇ ਭੋਜਨ ਤੋਂ ਬਹੁਤ ਵੱਖ ਹੁੰਦਾ ਸੀ। ਪਸ਼ੂ ਦਾ ਮਾਸ ਬਹੁਤ ਆਜਾਦੀ ਨਾਲ ਇਸਤੇਮਾਲ ਕੀਤਾ ਜਾਂਦਾ ਸੀ। ਬਾਜਾਰ ਵਿਚ ਮਾਸ ਅਤੇ ਚਿੜੀਆਂ ਦੀ ਕਈ ਕਿਸਮਾਂ ਮਿਲਦੀਆਂ ਸਨ। ਅਸੰਖ ਭੇਡਾਂ ਰੋਜ ਮਾਰੀਆਂ ਜਾਂਦੀਆਂ ਸਨ। ਹਰ ਗਲੀ ਵਿਚ ਭੇਡ ਬੱਕਰੀਆਂ ਦਾ ਮਾਸ ਇੰਨਾ ਸਾਫ ਅਤੇ ਮੋਟ ਮਿਲਦਾ ਸੀ ਕਿ ਸੂਰ ਦੇ ਮਾਸ ਵਰਗਾ ਜਿਹਾ ਦਿੱਸਦਾ ਸੀ। ਚਿੜੀਆਂ ਅਤੇ ਸ਼ਿਕਾਰ ਦੇ ਪਸ਼ੂਆਂ ਦੀ ਭਰਮਾਰ ਸੀ ਅਤੇ ਉਹ ਸਸਤੇ ਸਨ। ਪਿੰਡਾਂ ਦੇ ਆਮ ਪੰਖੀਆਂ ਮੁਰਗੀਆਂ ਅਤੇ ਖਰਗੋਸ਼ਾਂ ਦੇ ਇਲਾਵਾ ਵੇਚਣ ਦੇ ਲਈ ਤਿੰਨ ਕਿਸਮ ਦਾ ਮੁਰਗੀਆਂ, ਫਾਖਤਾਵਾਂ ਅਤੇ ਕਬੂਤਰ ਆਦਿ ਹੁੰਦੇ ਸਨ ਸ਼ਹਿਰ ਵਿਚ ਇਕ ਮੁਰਗੀ ਦੀ ਕੀਮਤ ਲਗਭਗ ਅੱਧੀ ਪੈਨੀ ਸੀ ਅਤੇ ਪਿੰਡ ਵਿਚ ਉਹ ਹੋਰ ਵੀ ਜ਼ਿਆਦਾ ਸਸਤੀ ਸੀ। ਸੂਰ ਦਾ ਮਾਸ ਵੀ ਵੇਚਿਆ ਜਾਂਦਾ ਸੀ ਅਤੇ ਕਸਾਈਆਂ ਦੀ ਕੁਝ ਗਲੀਆਂ ਵਿਚ ਰਖੇ ਸੂਰ ਇੰਨੇ ਸਾਫ ਅਤੇ ਸਫੇਦ ਹੁੰਦੇ ਸਨ ਕਿ ਤੁਸੀਂ ਕਿਸੀ ਹੋਰ ਦੇਸ਼ ਵਿਚ ਉਨ੍ਹਾਂ ਤੋਂ ਜ਼ਿਆਦਾ ਚੰਗੇ ਨਹੀਂ ਵੇਚ ਸਕਦੇ ਸਨ।"

**ਖੂਨ ਬਲੀਦਾਨ** (Blood Sacrifice) – ਵਿਦੇਸ਼ੀ ਯਾਤਰੀਆਂ ਨੇ ਰਾਜ ਵਿਚ ਅਨੇਕ ਖੂਨ ਬਲੀਦਾਨਾਂ ਦੇ ਵਿਸ਼ੇ ਵਿਚ ਲਿਖਿਆ ਹੈ। ਪ੍ਰਸਿੱਧ ਨਵ ਦਿਨ ਤਿਉਹਾਰ ਦੇ ਅੰਤਮ ਦਿਨ 250 ਮੱਝਾਂ ਅਤੇ 4500 ਭੇਡਾਂ ਦੀ ਹੱਤਿਆ ਕੀਤੀ ਜਾਂਦੀ ਸੀ।

**ਪਾਯਸ-** "ਹਿੰਦੂਆਂ ਦੇ ਉਪਭੋਗ ਦੇ ਲਈ ਮਾਸ ਦੀ ਆਵਸ਼ਕਤਾ ਦੀ ਪੂਰਤੀ ਦੇ ਲਈ ਸਭ ਭੇਡਾਂ ਨੂੰ ਇਕ ਖਾਸ ਮੰਦਰ ਦੇ ਦਰਵਾਜੇ ਉਤੇ ਕੱਟਿਆ ਜਾਦਾ ਸੀ। ਮੂਰਤੀ ਨੂੰ ਖੂਨ ਦੀ ਬਲੀ ਦਿੱਤੀ ਜਾਂਦੀ ਸੀ। ਸ਼ੇਰ ਵੀ ਉਨ੍ਹਾਂ ਦੇ ਕੋਲ ਛੱਡ ਦਿੱਤੇ ਜਾਂਦੇ ਸਨ।"

"ਇਕ ਵਿਸ਼ੇਸ਼ ਤਿਉਹਾਰ ਉਤੇ ਰਾਜਾ 24 ਮੱਝਾਂ ਅਤੇ 150 ਭੇਡਾਂ ਨੂੰ ਕੱਟਦੇ ਹੋਏ ਦੇਖਿਆ ਕਰਦਾ ਸੀ, ਪਸ਼ੂਆਂ ਨੂੰ ਇਕ ਵਾਰ ਹੀ ਮਾਰ ਦਿੱਤਾ ਜਾਂਦਾ ਸੀ।" ਨਵਦਿਨ ਤਿਉਹਾਰ ਦੇ ਅੰਤਮ ਦਿਨ 250 ਮੱਝਾਂ ਅਤੇ 4500 ਭੇਡਾਂ ਨੂੰ ਮਾਰਿਆ ਜਾਂਦਾ ਸੀ।

**ਸਵ-ਮੁਲਾਂਕਣ (Self Assessment)**

2. ਹੇਠ ਲਿਖੇ ਕਥਨਾਂ ਵਿਚ ਸੱਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False):
   (i) ਪ੍ਰਸ਼ਾਸਨ ਦਾ ਮੁਖੀਆ ਵਜੀਰ ਹੁੰਦਾ ਸੀ।
   (ii) ਹਰ ਇਕ ਪਿੰਡ ਦੀ ਆਪਣੀ ਇਕ ਸਭਾ ਸੀ ਜਿਸਦ ਦੇ ਸਦੱਸ ਸਨ ਵੰਸ਼ ਪਰੰਪਰਾਗਤ ਅਧਿਕਾਰੀ ਜਿਨ੍ਹਾਂ ਨੂੰ 'ਅਯਰਾਰ' ਕਹਿੰਦੇ ਸਨ।
   (iii) ਅਸੈਨਿਕ ਪ੍ਰਸ਼ਾਸਨ ਦੀ ਤਰ੍ਹਾ ਹੀ ਸਾਮਰਾਜ ਦਾ ਸੈਨਿਕ ਸੰਗਠਨ ਵੀ ਸਾਮੰਤਵਾਦੀ ਸੀ।
   (iv) ਸੈਨਾ ਦੀ ਅਯੋਗਤਾ ਦਾ ਕਾਰਣ ਸੀ ਕਿ ਉਚਿੱਤ ਸੈਨਿਕ ਸਿੱਖਿਆ ਦੀ ਵਿਵਸਥਾ ਸੀ।
   (v) ਵਿਜੈ ਨਗਰ ਦਾ ਰਿਸਾਲਾ ਬਹੁਤ ਕਮਜੋਰ ਸੀ।

## 13.7 ਦਿੱਲੀ ਸੁਲਤਾਨ ਸ਼ਾਹੀ ਦਾ ਪ੍ਰਸ਼ਾਸਨ (Administration of Delhi Sultanate)

**ਪਰਿਚੇ** (Introduction) – ਦਿੱਲੀ ਦੇ ਸਾਰੇ ਸੁਲਤਾਨ ਚੰਗੇ ਪ੍ਰਸ਼ਾਸਕ ਨਹੀਂ ਸਨ ਕੁਝ ਇਕ ਸੁਲਤਾਨਾਂ ਨੇ ਚੰਗੀ ਪ੍ਰਸ਼ਾਸਨ ਵਿਵਸਥਾ ਸਥਾਪਿਤ ਨਹੀਂ ਕੀਤੀ, ਸ਼ਾਇਦ ਉਹ ਐਸਾ ਕਰ ਵੀ ਨਹੀਂ ਸਕਦੇ ਸਨ। ਤਾਂ ਵੀ ਅਲਾਉਦੀਨ ਖਿਲਜੀ, ਫਿਰੋਜ ਸ਼ਾਹ ਤੁਗਲਕ ਅਤੇ ਸਿਕੰਦਰ ਲੋਦੀ ਜਿਹੇ ਸੁਲਤਾਨਾਂ ਨੇ ਇਕ ਚੰਗੀ ਪ੍ਰਸ਼ਾਸਨ ਵਿਵਸਥਾ ਕਾਇਮ ਕੀਤੀ। ਸੁਲਤਾਨ ਸ਼ਾਹੀ ਦਾ ਪ੍ਰਸ਼ਾਸਨ ਆਪਣੀ ਪ੍ਰਕ੍ਰਿਤੀ ਵਿਚ ਤਾਂ ਜ਼ਿਆਦਾਤਰ ਈਰਾਨੀ ਅਤੇ ਅਰਬੀ ਸੀ ਪਰ ਫਿਰ ਵੀ ਭਾਰਤੀਅ ਤੱਤ ਇਥੇ ਉਥੇ ਉੱਭਰ ਹੀ ਆਉਂਦੇ ਸਨ।

### 13.7.1 ਕੇਂਦਰੀ ਸਰਕਾਰ

ਨੋਟ

**(ਕ) ਸੁਲਤਾਨ** (The Sultan)

**(i) ਇਕ ਸਵੈਂ ਇੱਛਾਚਾਰੀ ਸ਼ਾਸਕ** (Sultan–a despot)– ਦਿੱਲੀ ਸੁਲਤਾਨਸ਼ਾਹੀ ਦਾ ਮੁਖੀਆ ਰਾਜਾ ਸੀ ਜਿਸਨੂੰ ਸੁਲਤਾਨ ਕਹਿੰਦੇ ਸਨ ਹਾਲਾਂਕਿ ਸਿਧਾਂਤਕ ਰੂਪ ਨਾਲ ਤਾਂ ਸੁਲਤਾਨ ਨੂੰ ਕੁਰਾਨ ਦੇ ਅਨੁਸਾਰ ਸ਼ਾਸਨ ਕਰਨਾ ਪੈਂਦਾ ਅਤੇ ਖਲੀਫਾ ਦੀ ਸੱਤਾ ਨੂੰ ਵੀ ਮੰਨਣਾ ਪੈਂਦਾ ਫਿਰ ਵੀ ਵਿਵਹਾਰ ਵਿਚ ਉਹ ਇਕ ਤਾਨਾਸ਼ਾਹ ਸ਼ਾਸਕ ਸੀ। ਉਹ ਹੀ ਸਭ ਕੁਝ ਸੀ। ਰਾਜ ਵੀ ਅਤੇ ਸਾਰੀ ਸੱਤਾ ਦਾ ਸੋਮਾ ਵੀ। ਉਸਦਾ ਕਹਿਣਾ ਹੀ ਕਾਨੂੰਨ ਸੀ ਅਤੇ ਉਹ ਉਲੇਮਾਵਾਂ ਦੀ ਸੱਤਾ ਉਲੰਘਨ ਕਰ ਸਕਦਾ ਸੀ। ਸੁਲਤਾਨ ਅਲਾਉਦੀਨ ਖਿਲਜੀ ਨੇ ਖੁਲ੍ਹੇਆਮ ਘੋਸ਼ਣਾ ਕੀਤੀ ਸੀ। ਵਿਦਰੋਹ ਨੂੰ ਰੋਕਣੇ ਲਈ ਜਿਨ੍ਹਾਂ ਵਿਚ ਹਜਾਰਾਂ ਲੋਕ ਨਸ਼ਟ ਹੋਜਾਂਦੇ ਹਨ ਮੈਂ ਐਸੀ ਆਗਿਆ ਜਾਰੀ ਕਰਦਾ ਹਾਂ ਜਿਸਨੂੰ ਮੈਂ ਰਾਜ ਦੇ ਭਲੇ ਲਈ ਅਤੇ ਲੋਕਾਂ ਦੇ ਭਲੇ ਲਈ ਮੈਂ ਠੀਕ ਸਮਝਦਾ ਹਾਂ। ਮੈਂ ਨਹੀਂ ਜਾਣਦਾ ਕਿ ਉਹ ਵਿਧੀਪੂਰਵ ਹੈ ਜਾਂ ਨਹੀਂ। ਜਿਹੜਾ ਕੁਝ ਮੇਰੇ ਵਿਚਾਰ ਵਿਚ ਰਾਜ ਦੀ ਭਲਾਈ ਲਈ ਹੈ ਜਾਂ ਸੰਕਟਕਾਲ ਦੇ ਉਚਿੱਤ ਕਦਮ ਹਨ ਮੈਂ ਉਸੀ ਗੱਡਲਲ ਦਾ ਆਦੇਸ਼ ਜਾਰੀ ਕਰਦਾ ਹਾਂ ਅਤੇ ਆਉਣ ਵਾਲੀ ਤਬਾਹੀ ਦੇ ਦਿਨ ਮੇਰੇ ਨਾਲ ਕੀ ਹੋਵੇਗਾ ਇਸ ਦਾ ਮੈਨੂੰ ਕੋਈ ਧਿਆਨ ਨਹੀਂ। ਸੁਲਤਾਨ ਹੀ ਸਭ ਤੋਂ ਵੱਡਾ ਸ਼ਾਸਨ ਦਾ ਕਾਰਜ ਪਾਲਕ (Chief Executive Head) ਸੀ। ਉਹ ਕਿਸੀ ਰਾਜ ਅਧਿਕਾਰੀ ਨੂੰ ਨਿਯੁਕਤ ਕਰ ਸਕਦਾ ਅਤੇ ਹਟਾ ਸਕਦਾ ਸੀ। ਉਹ ਨਿਆਂ ਦਾ ਸੋਮਾ ਵੀ ਸੀ ਅਤੇ ਅਪਰਾਧੀਆਂ ਨੂੰ ਕੋਈ ਵੀ ਦੰਡ ਦੇ ਸਕਦਾ ਸੀ।

**(ii) ਰਾਜਸ਼ਾਹੀ ਪੈਤ੍ਰਿਕ ਨਹੀਂ** (Monarchy-not hereditary) – ਸੁਲਤਾਨ ਦੀ ਚੋਣ ਪੈਤ੍ਰਿਕ ਉਤੱਰਾਧਿਕਾਰ ਦੇ ਉਤੇ ਨਹੀਂ ਕੀਤਾ ਜਾਂਦਾ ਸੀ। ਬੇਸ਼ੱਕ ਕਿਸੀ ਵੀ ਰਾਜਾ ਨੂੰ ਮਰਦੇ ਸਮੇਂ ਅਪਨਾ ਉਤੱਰਾਧਿਕਾਰੀ ਮਨੋਨੀਤ ਕਰਨ ਦਾ ਅਧਿਕਾਰ ਸੀ ਪਰ ਉਸਦਾ ਮਨੋਨੀਤ ਵਿਅਕਤੀ ਸਦਾ ਸਵੀਕਾਰ ਨਹੀਂ ਕੀਤਾ ਜਾਂਦਾ ਸੀ। ਉਦਾਹਰਣ ਸਰੂਪ, ਇਲਤੁਤਮਿਸ਼ ਨੇ ਮਰਨ ਤੋਂ ਪਹਿਲਾਂ ਅਪਣੀ ਯੋਗ ਬੇਟੀ ਰਜਿਆਂ ਨੂੰ ਅਪਣਾ ਉਤੱਰਾਧਿਕਾਰੀ ਮਨੋਨੀਤ ਕੀਤਾ ਸੀ ਪਰ ਨਵਾਬ ਸਰਦਾਰਾਂ ਨੇ ਉਸਦੇ ਚੋਣ ਨੂੰ ਠੁਕਰਾ ਕੇ ਇਲਤੁਤਮਿਸ਼ ਦੇ ਬੇਟੇ ਰੁਕਨਦੀਨ ਫਿਰੋਜ ਨੂੰ ਸਿੰਘਾਸਨ ਉਤੇ ਬਿਠਾਇਆ। ਇਸੀ ਤਰ੍ਹਾਂ ਨਵਾਬਾਂ ਨੇ ਬਲਬਨ ਦੇ ਚੋਣ ਨੂੰ ਖੁਸਰੋ ਨੂੰ ਉਸਦਾ ਉਤੱਰਾਧਿਕਾਰੀ ਮੰਨਿਆ ਜਾਵੇ, ਠੁਕਰਾ ਦਿੱਤਾ ਅਤੇ ਉਸ ਦੀ ਜਗ੍ਹਾ ਕੈਕੂਬਾਦ ਨੂੰ ਅਗਲਾ ਰਾਜਾ ਬਣਾ ਦਿੱਤਾ। ਖਿਲਜੀਆਂ ਅਤੇ ਤੁਗਲਕਾਂ ਦੇ ਕਾਲ ਵਿਚ ਵੀ ਨਵਾਬ ਲੋਕ ਹੀ ਸਨ ਜਿਨ੍ਹਾਂ ਦੀ ਰਾਜਾ ਦੀ ਚੋਣ ਵਿਚ ਸਭ ਤੋਂ ਜ਼ਿਆਦਾ ਚਲਦੀ ਸੀ। ਇਸ ਲਈ ਦਿੱਲੀ ਸੁਲਤਾਨ ਸ਼ਾਹੀ ਦੇ ਅੰਦਰ ਉਤੱਰਾਧਿਕਾਰ ਦਾ ਕੁਝ ਨਿਯਤ ਨਹੀਂ ਸੀ ਅਤੇ ਨਵਾਬ ਹੀ ਵਾਸਤਵ ਵਿਚ ਰਾਜਾ ਨਿਰਵਾਚਕ (Kingmakers) ਦਾ ਦਰਜਾ ਗ੍ਰਹਿਣ ਕਰ ਲੈਂਦੇ।

**(iii) ਸੁਲਤਾਨ ਦਾ ਸ਼ਾਸਨ ਇੱਕ ਫੌਜੀ ਸ਼ਾਸਨ** (Sultan's Rule –a Military Rule) – ਦਲਿੀ ਦੇ ਸੁਲਤਾਨਾਂ ਦਾ ਸ਼ਾਸਨ ਸੈਂਨਬਿਲ ਉੱਤੇ ਆਧਾਰਤਿ ਸੀ ਫੌਜੀ ਜੋਰ ਦੇ ਆਧਾਰ ਉੱਤੇ ਹੀ ਵਦਿੇਸ਼ੀ ਆਕਰਮਣਾਂ ਨੂੰ ਹਟਾਇਆ ਜਾਂਦਾ ਰਹਿਾ ਅਤੇ ਆਂਤਰਕਿ ਵਦ੍ਰਿੋਹਾਂ ਨੂੰ ਦਬਾਇਆ ਜਾਂਦਾ ਰਹਿਾ ਅਤੇ ਫਰਿ ਫੌਜੀ ਜੋਰ ਕਿ ਸਹਾਇਤਾ ਵਲੋਂ ਹੀ ਸ਼ਾਂਤੀ ਅਤੇ ਵਵਿਸਥਾ ਬਨਾਏ ਰੱਖੀ ਗਈ , ਹਦਿੂਵਾਂਉੱਤੇ ਪੂਰਾ ਕਾਬੂ ਰੱਖਆਿ ਗਆਿ ਅਤੇ ਉਨ੍ਹਾਂ ਉੱਤੇ ਜ਼ੁਲਮ ਢਾਏ ਗਏ ਸੱਚ ਗੱਲ ਇਹ ਹੈ ਕਿ ਫੌਜੀ ਜੋਰ ਦੇ ਬਨਿਾਂ ਸੁਲਤਾਨ ਸ਼ਾਸਨ ਹੀ ਨਹੀਂ ਕਰ ਸੱਕਦੇ।

**(iv) ਸੁਲਤਾਨ ਦੇ ਦਰਬਾਰ ਦੀ ਸ਼ਾਨ** (Splendour of the Sultan's Court) – ਹਰੇਕ ਦਿੱਲੀ ਸੁਲਤਾਨ ਇਕ ਦਰਬਾਰ ਲਗਾਇਆ ਕਰਦਾ ਜਿਹੜਾ ਅਪਣੀ ਸ਼ਾਨ ਅਤੇ ਸ਼ੋਭਾ ਦੇ ਲਈ ਦੂਰ-ਦੂਰ ਤਕ ਪ੍ਰਸਿੱਧ ਸੀ। ਇਹ ਦਰਬਾਰ ਕਈ ਮੌਕਿਆਂ ਉਤੇ ਲਗਾਏ ਜਾਂਦੇ, ਕਿਸੀ ਮਹਿਮਾਨ ਖਾਸ ਕਰਕੇ ਰਾਜਦੂਤ ਦਾ ਸੁਆਗਤ ਕਰਨ, ਕਿਸੀ ਮਹਾਨ ਜਿੱਤ ਨੂੰ ਮਨਾਉਣ ਜਾਂ ਕਿਸੀ ਹੋਰ ਰੰਗਰੇਲੀ ਦੇ ਮੌਕੇ ਉਤੇ। ਦਰਬਾਰ ਦੇ ਸਮੇਂ ਸਰਦਾਰ ਲੋਕਾਂ ਨੂੰ ਕੁਝ ਸਦਾਚਾਰ ਅਤੇ ਸ਼ਿਸ਼ਟਾਚਾਰ ਦੀ ਗੱਲਾਂ ਦਾ ਪਾਲਣ ਕਰਨਾ ਪੈਂਦਾ ਸੀ ਅਤੇ ਦਰਬਾਰ ਵਿਚ ਇਕ ਖਾਸ ਪੁਸ਼ਾਕ ਪਹਿਨ ਕੇ ਆਉਣਾ ਪੈਂਦਾ ਸੀ। ਬਾਹਰ ਤੋਂ ਆਉਣ ਵਾਲੇ ਦਰਸ਼ਕ ਬਹੁਤ ਵਾਰ ਸੁਲਤਾਨ ਦੇ ਲਈ ਇਕ ਨਜ਼ਰਾਨਾ ਜਾਂ ਭੇਂਟ ਲੈ ਕੇ ਆਉਂਦੇ ਅਤੇ ਸੁਲਤਾਨ ਵੀ ਉਨ੍ਹਾਂ ਨੂੰ ਕੋਈ ਕੀਮਤੀ ਤੋਹਫਾ ਪ੍ਰਤਿਉੱਤਰ ਵਿਚ ਦਿੰਦਾ।

(ਖ) **ਮੰਤਰੀ ਮੰਡਲ** (The Ministers) – ਅਪਣੇ ਰਾਜ ਕਰਤੱਵ ਨੂੰ ਪੂਰਾ ਕਰਨ ਦੇ ਕੰਮ ਵਿਚ ਸੁਲਤਾਨ ਦੀ ਸਹਾਇਤਾ ਉਤੇ ਕੁਝ ਮੰਤਰੀ ਹੁੰਦੇ ਜਿਨ੍ਹਾਂ ਦੀ ਸੰਖਿਆ ਸਮੇਂ ਸਮੇਂ ਉਤੇ ਬਦਲਦੀ ਰਹਿੰਦੀ। ਦਾਸ ਰਾਜਿਆਂ ਦੇ ਕਾਲ ਵਿਚ ਚਾਰ ਮੰਤਰੀ ਸਨ ਵਜੀਰ, ਅਰੀਜ-ਏ-ਮੁਮਾਲਿਕ, ਦੀਵਾਨ-ਏ-ਇਨਸ਼ਾ ਅਤੇ ਦੀਵਾਨ-ਏ-ਰਸਾਲਤ ਅਤੇ ਬਹੁਤ ਵਾਰੀ ਉਥੇ ਇਕ ਹੋਰ ਮੰਤਰੀ ਵੀ ਹੁੰਦਾ ਜਿਸਨੂੰ ਨਾਇਬ ਜਾ ਨਵਾਬ-ਏ-ਮੁਮਾਲਿਕ ਕਹਿੰਦੇ ਅਤੇ ਜਿਸ ਦਾ ਅਹੁਦਾ ਸੁਲਤਾਨ ਦੇ ਬਾਦ ਸਭ ਤੋਂ ਵੱਡਾ ਸੀ। ਉੱਪਰ ਦੱਸੇ ਗਏ ਚਾਰ ਮੰਤਰੀਅ ਦੇ ਸਿਵਾਏ ਦੋ ਹੋਰ ਵਿਅਕਤੀ ਬਾਦ ਵਿਚ ਮੰਤਰੀ ਦੇ ਅਹੁਦੇ ਦੇ ਦਰਜੇ ਤਕ ਚੜ੍ਹਾ ਦਿੱਤੇ ਗਏ। ਉਹ ਸਨ ਸਦਰ-ਉਸ-ਸਦੂਰ ਅਤੇ ਦੀਵਾਨ-ਏ-ਕਜ਼ਾ। ਇਨ੍ਹਾਂ ਮੰਤਰੀਆਂ ਦੇ ਸਿਵਾਏ ਉਥੇ ਸ਼ਾਹੀ ਘਰਾਨੇ ਦਾ ਨਿਯੰਤ੍ਰਕ ਅਤੇ ਕੁਝ ਹੋਰ ਅਧਿਕਾਰੀ ਵੀ ਸਨ।

**(i) ਵਜੀਰ** (The Wazir) – ਸਭ ਮੰਤਰੀਆਂ ਵਿਚੋਂ ਸਭ ਤੋਂ ਮਹਾਨ ਸੀ ਵਜੀਰ ਜਿਹੜਾ ਅਸਲ ਵਿਚ ਪ੍ਰਧਾਨ ਮੰਤਰੀ ਸੀ। ਉਹ ਆਮ ਪ੍ਰਸ਼ਾਸਨ ਦੀ ਪ੍ਰਧਾਨ ਅਤੇ ਸੁਲਤਾਨ ਦਾ ਮੁੱਖ ਸਲਾਹਕਾਰ ਸੀ। ਜਦੋਂ ਕਦੀ ਸੁਲਤਾਨ ਰਾਜਧਾਨੀ ਤੋਂ ਬਾਹਰ ਹੁੰਦਾ ਸੀ, ਅਜੇ

ਨੋਟ

ਨਾਬਾਲਿਗ ਹੁੰਦਾ ਤਾਂ ਉਹ ਵਜੀਰ ਹੀ ਸੁਲਤਾਨ ਦੇ ਕਰਤੱਵ ਚੁੱਕਾਉਂਦਾ। ਵਜੀਰ ਵਿੱਤ-ਵਿਭਾਗ ਦਾ ਮੁਖੀਆ ਵੀ ਸੀ। ਉਹ ਹੀ ਰਾਜ ਕਰ ਨਿਰਣਾ ਦੇ ਸੰਬੰਧ ਵਿਚ ਨਿਯਮ ਆਦਿ ਬਣਾਉਂਦਾ ਅਤੇ ਟੈਕਸ ਦੇ ਦਰ ਨਿਯਤ ਕਰਦਾ, ਉਹ ਸੁਲਤਾਨ ਸ਼ਾਹੀ ਦੇ ਖਰਚੇ ਦਾ ਵੀ ਨਿਯੰਤਰਨ ਕਰਦਾ। ਉਸਦੀ ਮਹਾਨ ਸ਼ਕਤੀ ਅਤੇ ਸਥਿਤੀ ਦੇ ਕਾਰਣ ਉਸਨੂੰ ਇਕ ਵੱਡੀ ਭਾਰੀ ਜਾਗੀਰ ਦੀ ਆਮਦਨ ਦੇ ਰੂਪ ਵਿਚ ਬਹੁਤ ਚੰਗੀ ਤਨਖਾਹ ਮਿਲਦੀ।

ਦਾਸ ਵੰਸ਼ ਦੇ ਕਾਲ ਵਿਚ ਇਸਮੀ ਜੁਨੈਦੀ ਅਤੇ ਖਵਾਜਾ ਨਿਜਾਮ-ਉਲ-ਮੁਲਕ ਅਤੇ ਅਲਾਉਦੀਨ ਖਿਲਜੀ ਦੇ ਕਾਲ ਵਿਚ ਖਵਾਜਾ ਫਕੀਰ ਅਤੇ ਨਸਰਤ ਖਾਂ ਦੇ ਮੁੱਖ ਮੰਤਰੀਆਂ ਦਾ ਕੰਮ ਕੀਤਾ। ਅਲਾਉਦੀਨ ਦੇ ਸ਼ਾਸਨ ਕਾਲ ਦੇ ਅੰਤਮ ਸਾਲਾਂ ਵਿਚ ਮਲਿਕ ਕਾਫੂਰ ਵਜੀਰ ਸੀ, ਉਸ ਦੇ ਪਾਸ ਨਵਾਬ-ਉਲ-ਮੁਲਕ ਦਾ ਅਹੁਦਾ ਵੀ ਸੀ। ਇਸ ਤਰ੍ਹਾਂ ਫਿਰੋਜ ਤੁਗਲਕ ਦੇ ਸ਼ਾਸਨ ਕਾਲ ਵਿਚ ਵੀ ਨਾਇਬ ਅਤੇ ਮੁੱਖ ਮੰਤਰੀ ਦੇ ਅਹੁਦੇ ਮਿਲਾ ਕੇ ਇਕ ਹੀ ਵਿਅਕਤੀ ਖਾਨ ਜਹਾਨ ਮਕਬੂਲ ਨੂੰ ਦਿੱਤੇ ਗਏ ਸਨ।

*ਟਾਸਕ* ਦਾਸ ਵੰਸ਼ ਦੇ ਸ਼ਾਸਨ ਕਾਲ ਵਿਚ ਮੁੱਖਮੰਤਰੀ ਦਾ ਕੰਮ ਕਿੰਨ੍ਹਾਂ ਲੋਕਾਂ ਨੇ ਕੀਤਾ ?

**(ii) ਦੀਵਾਨ-ਏ-ਅਰਜ** (Diwan-i-Arz) – ਦੀਵਾਨ-ਏ-ਅਰਜ ਸੈਨਿਕ ਮਾਮਲਿਆਂ ਦਾ ਮੰਤਰੀ ਸੀ। ਉਸ ਦਾ ਮੁੱਖ ਕੰਮ ਸੀ ਸੈਨਿਕਾਂ ਅਤੇ ਘੋੜਿਆਂ ਦਾ ਹੁਲੀਆ ਵਰਣਨ ਦੇ ਰਿਕਾਰਡ ਸੰਭਾਲਣਾ। ਸੈਨਾ ਦੇ ਅਨੁਸ਼ਾਸਨ ਅਤੇ ਸਾਜ-ਸਾਮਾਨ ਦੀ ਦੇਖਰੇਖ ਕਰਨਾ ਵੀ ਉਸਦਾ ਕੰਮ ਸੀ। ਦਿੱਲੀ ਦੇ ਸੁਲਤਾਨ ਬਹੁਤ ਵਾਰ ਇਸ ਵਿਭਾਵ ਵਿਚ ਰੁਚੀ ਰੱਖਦੇ ਸਨ। ਅਲਾਉਦੀਨ ਖਿਲਜੀ ਨੇ ਇਕ ਦ੍ਰਿੜ ਅਤੇ ਯੋਗ ਸੈਨਾ ਖੜ੍ਹੀ ਕਰਨ ਦਾ ਵਿਸ਼ੇਸ਼ ਪ੍ਰਯਤਨ ਕੀਤਾ।

**(iii) ਦੀਵਾਨ-ਏ-ਇਨਸਾ** (Diwan-i-Insha) – ਉਲੇਖਾਂ (Records) ਅਤੇ ਸ਼ਾਹੀ ਪੱਤਰ ਵਿਵਹਾਰ (Royal Correspondence) ਦਾ ਵਿਭਾਗ ਇਸ ਮੰਤਰੀ ਦੇ ਹੱਥ ਵਿਚ ਸੀ।

ਉਹ ਸ਼ਾਹੀ ਏਲਾਤ ਦੀ ਪੱਟੀ ਤਿਆਰ ਕਰਦਾ ਅਤੇ ਉਸ ਨੂੰ ਸੁਲਤਾਨ ਦੀ ਮਨਜ਼ੂਰੀ ਦੇ ਲਈ ਭੇਜਦਾ। ਉਹੀ ਸਾਰੇ ਰਿਕਾਰਡ ਸੰਭਾਲਦਾ। ਉਸ ਨੇ ਆਪਣੇ ਅਧਲ ਕੁਝ ਮੁਨਸ਼ੀ (Writers) ਵੀ ਲਗਾ ਰੱਖੇ ਸਨ।

**(iv) ਦੀਵਾਨ-ਏ-ਰਸਾਲਤ** (Diwan-i-Rasalat) – ਅਗਲਾ ਵੱਡਾ ਮੰਤਰੀ ਸੀ ਦੀਵਾਨ-ਏ-ਰਸਾਲਤ ਜਾਂ ਵਿਦੇਸ਼ੀ ਮਾਮਲਿਆਂ ਦਾ ਮੰਤਰੀ। ਉਸ ਦਾ ਮੁੱਖ ਕੰਮ ਸੀ ਵਿਦੇਸ਼ੀ ਸ਼ਾਸਕਾਂ ਦੇ ਨਾਲ ਕੂਟਨੀਤਿਕ ਸੰਬੰਧ ਸਥਾਪਿਤ ਕਰਨਾ। ਉਹ ਦੂਤ ਭੇਜਦਾ ਅਤੇ ਦੂਤਾਂ ਦਾ ਸੁਆਗਤ ਕਰਦਾ।

**(v) ਸਦਰ-ਉਸ-ਸਦੂਰ** (Sadr-us-Sadur) – ਉਹ ਸੀ ਧਾਰਮਿਕ ਦਾਨ ਅਤੇ ਅਨੁਦਾਨ ਦਾ ਮੰਤਰੀ। ਇਸ ਦਾ ਮੁੱਖ ਕਰਤੱਵ ਇਹ ਦੇਖਣਾ ਸੀ ਕਿ ਸਾਮਰਾਜ ਦੇ ਮੁਸਲਮਾਨ ਇਸਲਾਮੀ ਰੀਤੀ ਰਿਵਾਜਾਂ ਦਾ ਨਿਯਮਪੂਰਵਕ ਪਾਲਣ ਕਰ ਰਹੇ ਹਨ ਜਾਂ ਨਹੀਂ। ਪਾਰਸਾ ਅਤੇ ਵਿਦਵਾਨ ਮੁਸਲਮਾਨਾਂ ਨੂੰ ਧੰਨ ਦਾ ਦਾਨ ਵੀ ਦਿੰਦਾ ਸੀ।

**(vi) ਦੀਵਾਨ-ਏ-ਕਜਾ** (Diwan-i-Qaza) – ਇਹ ਨਿਆਇਕ ਮਾਮਲਿਆਂ ਦਾ ਮੰਤਰੀ ਸੀ ਅਤੇ ਇਸਦਾ ਕੰਮ ਰਾਜ ਵਿਚ ਨਿਆਂ-ਪ੍ਰਸ਼ਾਸਨ ਦੀ ਦੇਖ ਰੇਖ ਕਰਨਾ ਸੀ। ਉਹਅਪਣਾ ਦਰਬਾਰ ਲਗਾਉਂਦਾ, ਛੋਟੀ ਅਦਾਲਤਾਂ ਵਿਚ ਮੁਕੱਦਮਿਆਂ ਦੀਆਂ ਅਪੀਲਾਂ ਸੁਣਦਾ। ਪ੍ਰਧਾਨ ਕਾਜੀ ਤੋਂ ਇਹ ਆਸ ਰੱਖੀ ਜਾਂਦੀ ਕਿ ਉਹ ਵੱਡਾ ਵਫਾਦਾਰ ਅਤੇ ਵਿਦਵਾਨ ਵਿਅਕਤੀ ਹੋਵੇਗਾ। ਬਹੁਤ ਵਾਰ ਸਦਰ-ਉਸ-ਸਦੂਰ ਅਤੇ ਦੀਵਾਨ-ਏ-ਕਜ਼ਾ ਦੇ ਦੋਵੇਂ ਅਹੁਦੇ ਇਕ ਹੀ ਵਿਅਕਤੀ ਨੂੰ ਦੇ ਦਿੱਤੇ ਜਾਂਦੇ।

**(vii) ਹੋਰ ਵਿਭਾਗ** (Other Departments) – ਉਪਰ ਦਿੱਤੇ ਮੰਤਰੀ ਵਿਭਾਗਾਂ ਦੇ ਸਿਵਾਏ ਉਥੇ ਕੁਝ ਹੋਰ ਵਿਭਾਗ ਵੀ ਸਨ। ਉਹ ਸਨ ਬਾਰੀਦ-ਏ-ਮੁਮਾਲਿਕ (ਸੂਚਨਾ ਅਤੇ ਡਾਕ ਵਿਭਾਗ ਦਾ ਮੁਖੀਆ) ਦੀਵਾਨ-ਏ-ਰਿਆਸਤ (ਮੰਡੀ ਮਹਿਕਮਾ) ਜਿਸ ਨੂੰ ਅਲਾਉਦੀਨ ਨੇ ਰਚਿਆ ਸੀ, ਦੀਵਾਨ-ਏ-ਅਮੀਰ ਕੋਹੀ (ਖੇਤੀ ਬਾੜੀ ਦਾ ਵਿਭਾਗ) ਜਿਸ ਨੂੰ ਮੁਹੰਮਦ ਤੁਗਲਕ ਨੇ ਰਚਿਆ ਸੀ ਅਤੇ ਦੀਵਾਨ-ਏ-ਖੈਰਾਤ (ਦਾਨ ਵਿਭਾਗ) ਜਿਸ ਨੂੰ ਫਿਰੋਜ ਤੁਗਲਕ ਨੇ ਰਚਿਆ ਸੀ।

### 13.7.2 ਰਾਜਸੀ ਕਾਨੂੰਨੀ, ਵਿੱਤੀ ਅਤੇ ਫੌਜੀ ਪ੍ਰਸ਼ਾਸਨ

**(ਕ) ਪ੍ਰਾਤੀਅ ਪ੍ਰਸ਼ਾਸਨ** (Provincial Administration)

ਸ਼ੁਰੂ ਵਿਚ ਦਿੱਲੀ ਸੁਲਤਾਨ ਸ਼ਾਹੀ ਪ੍ਰਾਂਤਾਂ ਵਿਚ ਵਿਭਾਜਨ ਨਹੀਂ ਸੀ ਪਰ ਫਿਰ ਵੀ ਸੈਨਿਕ ਕਮਾਂਡਰਾਂ ਵਿਚ ਵਿਭਾਜਤ ਸੀ ਜਿਨ੍ਹਾਂ ਨੂੰ ਇਕਤਾ (Iqtas) ਕਹਿੰਦੇ ਸਨ। ਅਲਾਉਦੀਨ ਖਿਲਜੀ ਦੇ ਕਾਲ ਵਿਚ ਸੁਲਤਾਨ ਸ਼ਾਹੀ ਨੂੰ 11 ਪ੍ਰ.ਾਂਤਾ ਵਿਚ ਵਿਭਾਜਨ ਕਰ ਦਿੱਤਾ ਗਿਆ। ਮੁਹੰਮਦ ਤੁਗਲਕ ਦੇ ਕਾਲ ਵਿਚ ਇਨ੍ਹਾਂ ਨੂੰ ਵਧਾ ਕੇ 23 ਪ੍ਰਾਂਤ ਬਣਾ ਦਿੱਤੇ ਗਏ। ਹਰ ਪ੍ਰਾਂਤ ਇਕ ਰਾਜਪਾਲ ਦੇ

ਅਧੀਨ ਸੀ। ਰਾਜਪਾਲ ਦੇ ਵੱਡੇ–ਵੱਡੇ ਕੰਮ ਸਨ ਪ੍ਰਾਂਤ ਵਿਚ ਸ਼ਾਂਤੀ ਬਣਾਏ ਰੱਖਣਾ, ਸ਼ਾਹੀ ਆਦੇਸ਼ਾਂ ਦਾ ਪਾਲਣ ਕਰਨਾ ਜਦੋਂ ਰਾਜ ਆਗਿਆ ਮਿਲੇ ਤਾਂ ਚੜ੍ਹਾਈ ਕਰਨਾ ਅਤੇ ਰਾਜਾ ਨੂੰ ਸੈਨਿਕ ਸਪਲਾਈ ਕਰਨਾ। ਰਾਜ ਪਾਲਾਂ ਨੂੰ ਅਪਣੀ ਆਮਦਨ–ਖਰਚ ਦਾ ਇਕ ਵੇਰਵਾ ਵੀ ਕੇਂਦਰੀ ਸਰਕਾਰ ਨੂੰ ਦੇਣਾ ਪੈਂਦਾ। ਇਹ ਰਾਜ ਪਾਲ ਬਹੁਤ ਵਾਰ ਗੈਰ ਵਫਾਦਾਰ ਅਤੇ ਵਿਸ਼ਵਾਸ ਘਾਤੀ ਹੁੰਦੇ। ਬਲਬਨ ਅਤੇ ਅਲਾਉਦੀਨ ਖਿਲਜੀ ਜਿਹੇ ਕਠੋਰ ਰਾਜਾ ਇਨ੍ਹਾਂ ਰਾਜ ਪਾਲਾਂ ਨੂੰ ਅਪਣੀ ਇਕ ਯੋਗ ਗੁਪਤਚਰ ਪ੍ਰਣਾਲੀ ਦੁਆਰਾ ਹੀ ਅਪਣੇ ਅਧੀਨ ਰੱਖ ਸਕੇ। ਪਰ ਮੁਹੰਮਦ ਤੁਗਲਕ ਅਤੇ ਫਿਰੋਜ ਤੁਗਲਕ ਜਿਹੇ ਕਮਜੋਰ ਰਾਜਿਆਂ ਦੇ ਅਧੀਨ ਇਹ ਰਾਜਪਾਲ ਖਾਸ ਕਰਕੇ ਸੀਮਾਵਰਤੀ ਪ੍ਰਾਂਤਾ ਦੇ ਰਾਜਪਾਲ ਵਿਦਰੋਹ ਕਰਕੇ ਸੁਤੰਤਰ ਹੁੰਦੇ ਰਹੇ। ਬੰਗਾਲ ਅਤੇ ਬਾਦ ਵਿਚ ਦੱਖਣ ਦੇ ਪ੍ਰਾਂਤ ਬਹੁਤ ਵਾਰ ਕੇਂਦਰੀ ਸਰਕਾਰ ਦੇ ਵਿਰੁਧ ਵਿਦਰੋਹ ਸ਼ੀਲ ਰਹੇ।

ਇਕ ਪ੍ਰਾਂਤ ਨੂੰ ਇਕਾਈਆਂ ਵਿਚ ਵੰਡ ਪਰਗਨੇ ਬਣਾਏ ਜਾਦੇ। ਪਰਗਨਾ ਕੁਝ ਇਕ ਪਿੰਡ ਦਾ ਸਮੂਹ ਸੀ ਜਿਸ ਦਾ ਪ੍ਰਸ਼ਾਸਨ ਇਕ ਚੌਧਰੀ ਅਤੇ ਇਕ ਲਗਾਨ ਕਲਕਟਰ ਦੇ ਹੱਥ ਵਿਚ ਸੀ। ਸਭ ਤੋਂ ਛੋਟੀ ਇਕਾਈ ਸੀ ਪਿੰਡ, ਜਿਸਦੇ ਅਧਿਕਾਰੀ ਸਨ ਚੌਧਰੀ, ਪਟਵਾਰੀ ਅਤੇ ਚੌਕੀਦਾਰ। ਪਿੰਡ ਵਿਚ ਪੰਚਾਇਤ ਵੀ ਹੁੰਦੀ ਜਿਹੜੀ ਪ੍ਰਸ਼ਾਸਨਿਕ ਅਤੇ ਨਿਆਂਇਕ ਕੰਮ ਕਾਜ ਚਲਾਉਂਦੀ।

### (ਖ) ਵਿੱਤੀ ਪ੍ਰਸ਼ਾਸਨ (Financial Administration)

ਸੁਲਤਾਨ ਸ਼ਾਹੀ ਦੀ ਆਮਦਨ ਦਾ ਮੁੱਖ ਸਾਧਨ ਸੀ ਭੂਮੀ ਲਗਾਨ। ਇਸਲਾਮੀ ਕਾਨੂੰਨਾਂ ਦੇ ਅਨੁਸਾਰ ਭੂਮੀ–ਕਰ ਦੋ ਪ੍ਰਕਾਰ ਦਾ ਸੀ—

(i) ਉਸਰ ਜਾਂ ਉਹ ਭੂਮੀ ਕਰ ਜਿਹੜਾ ਮੁਸਲਮਾਨਾਂ ਦੀ ਭੂਮੀ ਉਤੋਂ ਵਸੂਲ ਕੀਤਾ ਜਾਂਦਾ ਸੀ। ਉਹ ਉਪਜ ਦਾ ਦਸਵਾਂ ਹਿੱਸਾ ਸੀ।

(ii) ਖਰਾਜ ਜਾਂ ਉਹ ਟੈਕਸ ਜਿਹੜਾ ਗੈਰ-ਮੁਸਲਮਾਨਾਂ ਦੀ ਜਮੀਨ ਉਤੇ ਲਗਾਇਆ ਜਾਂਦਾ। ਉਹ ਉਪਜ ਦੇ ਦਸਵੇਂ ਹਿੱਸੇ ਤੋਂ ਲੈ ਕੇ ਅੱਧੇ ਹਿੱਸੇ ਤੱਕ ਲਗਾਇਆ ਜਾਂਦਾ।

ਅਲਾਊਦੀਨ ਖਿਲਜੀ ਹੀ ਪਹਿਲਾ ਦਿੱਲੀ ਸੁਲਤਾਨ ਸੀ ਜਿਸ ਨੇ ਰਾਜਸਵ ਨੀਤੀ ਅਤੇ ਪ੍ਰਸ਼ਾਸਨ ਵਿੱਚ ਬੜਾ ਭਾਰੀ ਪਰਿਵਰਤਨ ਕੀਤਾ। ਸਭ ਤੋਂ ਪਹਿਲਾਂ ਉਸ ਨੇ ਉਹ ਜ਼ਮੀਨਾਂ ਜ਼ਬਤ ਕਰ ਲਈਆਂ ਜੋ ਮੁਸਲਮਾਨ ਮਹਾਰਥੀਆਂ ਦੇ ਕੋਲ ਵੱਕ ਜਾਂ ਇਨਾਮ ਦੇ ਰੂਪ ਵਿੱਚ ਸਨ ਉਸ ਨੇ ਉਹ ਵਿਸ਼ੇਸ਼ ਅਧਿਕਾਰ ਵੀ ਹਟਾ ਦਿੱਤਾ ਜਿਨ੍ਹਾਂ ਦਾ ਉਪਯੋਗ ਹਿੰਦੂ–ਮੁਕਦਮਖਤ ਅਤੇ ਚੌਧਰੀ ਲੋਕ ਕਰਦੇ ਸਨ। ਉਸ ਨੇ ਜ਼ਮੀਨਾਂ ਦੀ ਪੈਮਾਇਸ਼ ਕਰਵਾਈ ਅਤੇ ਉਪਜ ਦੇ ਅੱਧੇ ਦਰ ’ਤੇ ਰਾਜ ਦਾ ਭਾਗ ਨਿਯਤ ਕੀਤਾ। ਗਿਆਸੁਦੀਨ ਤੁਗਲਕ ਨੇ ਅਲਾਊਦੀਨ ਦੀ ਰਾਜਸਵ ਨੀਤੀ ਅਤੇ ਪ੍ਰਸ਼ਾਸਨ ਦੀ ਕਠੋਰਤਾ ਨੂੰ ਮੁਲਾਇਮ ਕੀਤਾ। ਮੁਹੰਮਦ ਤੁਗਲਕ ਨੇ ਸੁਲਤਾਨਸ਼ਾਹੀ, ਆਮਦਨ, ਖਰਚ ਦਾ ਇਕ ਪਰਿਪੂਰਣ ਲੇਖਾ ਤਿਆਰ ਕਰਵਾਇਆ ਤਾਂ ਕਿ ਰਾਜਸਵ ਦਾ ਇੱਕੋ ਜਿਹਾ ਪੱਧਰ ਲਾਗੂ ਕੀਤਾ ਜਾ ਸਕੇ ਅਤੇ ਹਰੇਕ ਪਿੰਡ ਟੈਕਸ ਜਾਂਚ ਦੇ ਹੇਠਾਂ ਲਿਆਇਆ ਜਾ ਸਕੇ। ਇਕ ਪਾਸੇ ਮਹਾਨ ਪ੍ਰੀਖਣ ਜੋ ਮੁਹੰਮਦ ਤੁਗਲਕ ਨੇ ਕੀਤਾ ਉਹ ਸੀ ਦੋਆਬ ਦੇ ਇਲਾਕੇ ਵਿੱਚ ਟੈਕਸ–ਦਰ ਦਾ ਵਾਧਾ, ਜਿਸ ਦੇ ਕਾਰਨ ਜਨਤਾ ਉਸ ਤੋਂ ਨਫਰਤ ਕਰਨ ਲੱਗੀ। ਸੁਲਤਾਨ ਨੇ ਇਕ ਸ਼ਲਾਘਾਯੋਗ ਕੰਮ ਵੀ ਕੀਤਾ। ਉਹ ਕੰਮ ਇਹ ਸੀ ਕਿ ਦੀਵਾਨ–ਏ–ਕੋਹੀ ਅਤੇ ਖੇਤੀ ਵਿਭਾਗ ਸਥਾਪਿਤ ਕੀਤਾ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਭੂਮੀ ਖੇਤੀ ਦੇ ਅੰਦਰ ਲਿਆਈ ਜਾ ਸਕੇ। ਫਿਰੋਜ਼ ਤੁਗਲਕ ਨੇ ਪ੍ਰਚੱਲਿਤ ਰਾਜਸਵ ਪ੍ਰਣਾਲੀ ਵਿੱਚ ਬਹੁਤ ਕੁਝ ਸੁਧਾਰ ਕੀਤਾ। ਉਸ ਨੇ ਕਿਸਾਨਾਂ ਨੂੰ ਤਕਾਵੀ ਕਰਜ਼ਾ ਦਿੱਤਾ ਅਤੇ ਉਨ੍ਹਾਂ ਨੂੰ ਸਿੰਚਾਈ ਦੀਆਂ ਸੁਵਿਧਾਵਾਂ ਪ੍ਰਦਾਨ ਕਰਨ ਦੇ ਲਈ ਬਹੁਤ ਸਾਰੀਆਂ ਨਹਿਰਾਂ ਬਣਵਾਈਆਂ। ਉਸ ਨੇ ਰਾਜਸਵ ਅਧਿਕਾਰੀਆਂ ਦੀ ਤਨਖਾਹ ਵੀ ਵਧਾਏ ਤਾਂ ਕਿ ਉਹ ਗਰੀਬ ਕਿਸਾਨਾਂ ਦਾ ਸ਼ੋਸ਼ਣ ਨਾ ਕਰਨ। ਅਸਲ ਵਿੱਚ ਗੱਲ ਇਹ ਹੈ ਕਿ ਇਸੇ ਰਾਜਸਵ ਪ੍ਰਣਾਲੀ ਨੂੰ ਆਉਣ ਵਾਲੇ ਸੁਲਤਾਨਾਂ ਨੇ ਜਾਰੀ ਰੱਖਿਆ।

ਇਸ ਰਾਜਸਵ ਦੇ ਇਲਾਵਾ ਜੋ ਕਿ ਉਪਜ ਦੇ ਦਸਵੇਂ ਹਿੱਸੇ ਤੋਂ ਲੈ ਕੇ ਅੱਧੇ ਹਿੱਸੇ ਤੱਕ ਬਦਲ–ਬਦਲ ਕੇ ਲਿਆ ਜਾਂਦਾ ਸੀ ਉਥੇ ਆਮਦਨ ਦੇ ਹੋਰ ਸਾਧਨ ਵੀ ਸਨ, ਜੋ ਹੇਠਾਂ ਦਿੱਤੇ ਜਾਂਦੇ ਹਨ:

**(i)** **ਖਮਸ** (Khamas) : ਇਹ ਯੁੱਧ ਵਿਚ ਪ੍ਰਾਪਤ ਲੁੱਟ ਦਾ ਮਾਲ ਦਾ ਪੰਜਵਾਂ ਹਿੱਸਾ ਸੀ। ਅਲਾਉਦੀਨ ਖਿਲਜੀ ਜਿਹੇ ਮੁਸਲਮਾਨ 4/5 ਹਿੱਸਾ ਤਾਂ ਰਾਜ ਦੇ ਲਈ ਰੱਖ ਲੇਂਦੇ ਅਤੇ ਕੇਵਲ ਪੰਜਵਾਂ ਭਾਗ ਸੈਨਿਕਾਂ ਨੂੰ ਦਿੰਦੇ।

**(ii)** **ਕਾਤ** (Zakat) : ਇਹ ਉਹ ਟੈਕਸ ਸੀ ਜਿਹੜਾ ਧਾਰਮਕ ਉਦੇਸ਼ ਨਾਲ ਮੁਸਲਮਾਨਾਂ ਉਤੇ ਲਗਾਇਆ ਜਾਂਦਾ ਸੀ। ਇਸਦੀ ਦਰ ਸੀ ਢਾਈ ਪ੍ਰਤੀਸ਼ਤ।

**(iii)** **ਜਜੀਆ** (Jazia) : ਇਹ ਉਹ ਟੈਕਸ ਸੀ ਜਿਹੜਾ ਹਿੰਦੂਆਂ ਤੋਂ ਪ੍ਰਾਪਤ ਕੀਤਾ ਜਾਂਦਾ ਜਿਨ੍ਹਾਂ ਨੂੰ ਵਰਗਾਂ ਵਿਚ ਵੰਡਿਆ ਗਿਆ ਸੀ। ਉਹ ਅਪਣੇ ਵਰਗ ਦੇ ਅਨੁਸਾਰ 48 ਦਿਰਮ, 24 ਦਿਰਮ ਅਤੇ 12 ਦਿਰਮ ਦੇ ਹਿਸਾਬ ਨਾਲ ਟੈਕਸ ਦਿੰਦੇ।

**(iv)** **ਚੁੰਗੀ ਕਰ** (Customs Duty) : ਵੱਖ ਵੱਖ ਵਸਤੂਆਂ ਉਤੇ ਲਗਾਇਆ ਗਿਆ ਚੁੰਗੀ ਕਰ ਵੀ ਆਮਦਨ ਦਾ ਇਕ ਚੰਗਾ ਸਾਧਨ ਸੀ।

ਨੋਟ

**(v)** **ਲਾਵਾਰਿਸ ਸੰਪੱਤੀ** (Heirless Property) : ਜਿੱਥੇ ਕਿਤੇ ਕੋਈ ਜਿਮੀਂਦਾਰ ਲਾਵਾਰਿਸ ਮਰ ਜਾਂਦਾ ਤਾਂ ਉਸ ਦੀ ਸੰਪੱਤੀ ਰਾਜ ਸੰਭਾਲ ਲੈਂਦਾ।

**(vi)** **ਨਜ਼ਰਾਨੇ** (Gifts) : ਆਮਦਨ ਦਾ ਇਕ ਹੋਰ ਸਾਧਨ ਸੀ ਨਜ਼ਰਾਨਾ ਜਾਂ ਉਪਹਾਰ ਜਿਹੜੇ ਲੋਕ ਅਤੇ ਉਨ੍ਹਾਂ ਦੇ ਸਰਦਾਰ ਸੁਲਤਾਨ ਨੂੰ ਭੇਂਟ ਵਿਚ ਦਿੰਦੇ।

**(vii)** **ਖਾਨ ਅਤੇ ਖਜ਼ਾਨੇ** (Mines and Treasures) : ਜੇਕਰ ਕਿਸੀ ਵਿਅਕਤੀ ਨੂੰ ਖਾਨ ਜਾਂ ਖਜ਼ਾਨਾ ਪ੍ਰਾਪਤ ਹੋ ਜਾਂਦਾ ਤਾਂ ਉਸਨੂੰ ਪੰਜਵਾਂ ਹਿੱਸਾ ਰਾਜ ਨੂੰ ਦੇਣਾ ਪੈਂਦਾ।

**(viii)** **ਛੋਟੇ-ਛੋਟੇ ਕਰ** (Minor Taxes) : ਉਥੇ ਅਨੇਕ ਛੋਟੇ-ਛੋਟੇ ਕਰ ਵੀ ਸਨ ਜਿਸ ਤਰ੍ਹਾਂ ਮਕਾਨ-ਕਰ, ਚਰਾਈ-ਕਰ ਅਤੇ ਜਲ-ਕਰ ਜਿਨ੍ਹਾਂ ਨਾਲ ਰਾਜ ਦੀ ਆਮਦਨ ਵਿਚ ਵਾਧਾ ਹੁੰਦਾ।

## 13.8 ਭਾਰਤੀਅ ਸਾਹਿਤ ਅਤੇ ਲੇਖਕ (Indian Literature and Authors)

**ਤੁਲਸੀ ਦਾਸ** (Tulsi Das) – ਰਾਮ ਭਗਤੀ ਦੇ ਲੇਖਕਾਂ ਵਿਚ ਤੁਲਸੀ ਦਾਸ ਸਭ ਤੋਂ ਜ਼ਿਆਦਾ ਪ੍ਰਸਿੱਧ ਹੈ। ਉਹ ਬਨਾਰਸ ਵਿਚ ਰਹਿੰਦਾ ਸੀ। ਉਹ ਕੇਵਲ ਉੱਚ ਦਰਜੇ ਦਾ ਕਵੀ ਹੀ ਨਹੀਂ ਸੀ ਇਸ ਦੇ ਇਲਾਵਾ ਹਿੰਦੁਸਤਾਨ ਦੇ ਲੋਕਾਂ ਦਾ ਅਧਿਆਤਮਕ ਗੁਰੂ ਵੀ ਸੀ। ਭਾਰਤ ਵਿਚ ਤੁਲਸੀ ਦਾਸ ਦਾ ਨਾਂ ਘਰ ਘਰ ਵਿਚ ਪ੍ਰਚਲਿਤ ਹੈ ਅਤੇ ਲੱਖਾਂ ਲੋਕ ਉਸਦੀ ਯਾਦ ਵਿਚ ਪੂਜਾ ਕਰਦੇ ਹਨ। ਉਸ ਦੀ ਰਚਨਾਵਾਂ ਵਿਚ ਸਭ ਤੋਂ ਜ਼ਿਆਦਾ ਪ੍ਰਸਿੱਧ ਰਚਨਾਂ "ਰਾਮਚਰਿਤ ਮਾਨਸ" ਜਾਂ ਰਾਮ ਦੇ ਕੰਮਾਂ ਦਾ ਸਰੋਵਰ ਹੈ। ਤੁਲਸੀਦਾਸ ਦੀ ਇਸ ਰਚਨਾ ਨੂੰ ਸਰ ਜਾਰਜ ਗ੍ਰਿਯਰਸਨ (Sir George Grierson) ਨੇ ਠੀਕ ਹੀ ਭਾਰਤ ਦੇ ਲੱਖਾਂ ਲੋਕਾਂ ਨੂੰ ਬਾਈਬਲ ਦੀ ਸੰਗਿਆ ਦਿੱਤੀ ਹੈ।

**ਕੇਸ਼ਵਦਾਸ** (Keshava Das)– ਇਸ ਕਾਲ ਦੀ ਮੁੱਖ ਗੱਲ ਇਹ ਸੀ ਕਿ ਔਰਛਾ ਦੇ ਕੇਸ਼ਵਦਾਸ ਅਤੇ ਸ਼ਾਹਜਹਾਂ ਦੇ ਸਮੇਂ ਸੁੰਦਰ ਸੈਨਾਪਤੀ ਅਤੇ ਜਿਮਾਠਭਾਈ ਵਰਗੇ ਲੇਖਕਾਂ ਨੇ ਕਵਿਤਾ ਨੂੰ ਪਹਿਲੀ ਵਾਰ ਪ੍ਰਣਾਲੀਬੱਧ ਬਣਾਉਣ ਦਾ ਯਤਨ ਕੀਤਾ ਸੀ। ਔਰੰਗਜ਼ੇਬ ਦੇ ਸ਼ਾਸਨ ਵਿੱਚ ਦਰਬਾਰ ਨੇ ਹਿੰਦੀ ਸਾਹਿਤ ਨੂੰ ਸੁਰੱਖਿਆ ਦੇਣੀ ਪੂਰੀ ਤਰ੍ਹਾਂ ਬੰਦ ਕਰ ਦਿੱਤੀ ਸੀ ਇਸ ਲਈ ਹਿੰਦੀ ਸਾਹਿਤ ਨੂੰ ਉਸ ਸਮੇਂ ਬਣਾ ਧੱਕਾ ਲੱਗਾ।

**ਰੀਤੀਕਾਲ ਵਿਚ ਕਵਿਤਾ** (Poetry during Riti-Kal) – ਰੀਤੀ ਕਾਲ ਦੀ ਹਿੰਦੀ ਕਵਿਤਾ ਦਾ 17 ਵੀਂ ਸਦੀ ਦੇ ਦੂਜੇ ਉੱਤਰਾਰਧ ਵਿਚ ਅਤੇ 18 ਵੀਂ ਸਦੀ ਦੇ ਪਹਿਲੇ ਅੱਧ ਵਿਚ ਵਿਕਾਸ ਹੋਇਆ। ਇਸ ਕਾਲ ਵਿਚ ਕਵਿਤਾ ਦੇਖਣ ਵਿਚ ਧਰਮ ਨਿਰਪੱਖ (Secular) ਬਣ ਗਈ ਅਤੇ ਕਵੀਆਂ ਦਾ ਮੁੱਖ ਮਕਸਦ ਹੁਣ ਧਾਰਮਕ ਨਹੀਂ ਰਹਿ ਗਿਆ ਸੀ। ਉਨ੍ਹਾਂ ਦੀ ਕਵਿਤਾ ਦਾ ਵਿਸ਼ਾ ਹੁਣ ਮਾਨਵ ਸ਼੍ਰੇਅ ਅਤੇ ਇਸਤਰੀ ਰੂਪ ਦੀ ਸੁੰਦਰਤਾ ਦਾ ਸੂਖਮ ਵਰਣਨ ਸੀ।

**ਬਿਹਾਰੀ** (Behari) – ਬਿਹਾਰੀ ਅਪਣੀ ਵਿਚਾਰਧਾਰਾ ਦੇ ਸਭ ਤੋਂ ਮਹਾਨ ਕਵੀ ਹੈ। ਉਸਦੀ ਮੁੱਖ ਪ੍ਰਕਾਸ਼ਿਤ ਰਚਨਾ "ਸਤਸਈ" ਹੈ। ਇਸ ਰਚਨਾ ਨੂੰ ਅੱਜ ਵੀ ਲੋਕ ਬਹੁਤ ਚਾਅ ਨਾਲ ਪੜ੍ਹਦੇ ਹਨ ਅਤੇ ਪ੍ਰਸ਼ੰਸਾ ਕਰਦੇ ਹਨ। ਇਸ ਕਾਲ ਦੇ ਕਵਿਤਾ ਮਈ ਗੁਣ ਵਿਚ ਕਵੀਆਂ ਦਾ ਗਿਆਨ ਅਤੇ ਰੁਚੀਪੂਰਨ ਅਤੇ ਗਹਿਰੀ ਸੀ। ਇਸ ਕਵਿਤਾ ਦਾ ਵਿਕਾਸ ਮੁੱਖ ਤੌਰ ਤੇ ਰਾਜਪੂਤਾਨੇ ਦੇ ਹਿੰਦੂ ਸਰਦਾਰਾਂ ਦੇ ਹਿਤਕਾਰੀ ਸੰਰੱਖਿਆ ਦੇ ਅਧੀਨ ਹੋਇਆ ਸੀ ਅਤੇ ਜਦੋਂ ਇਹ ਰਾਜਨੀਤਕ ਮਹੱਤਵ ਸਮਾਪਤ ਹੋ ਗਿਆ ਤਾਂ ਉਸਦਾ ਵਿਕਾਸ ਵੀ ਸਮਾਪਤ ਹੋ ਗਿਆ।

### 13.8.1 ਪੰਜਾਬੀ ਸਾਹਿਤ (Punjabi Literature)

**ਨਾਨਕ** (Nanak)— ਪੰਜਾਬੀ ਸਾਹਿਤ ਨੂੰ ਸਿੱਖ ਧਰਮ ਦੇ ਉਦੈ ਦੇ ਨਾਲ ਅਭਿਵਿਅੰਜਨ ਨੂੰ ਸਭ ਤੋਂ ਪਹਿਲਾਂ ਮੌਕਾ ਮਿਲਿਆ। ਨਾਨਕ ਅਤੇ ਉਸਦੇ ਅਨੁਯਾਈਆਂ ਨੇ ਪੰਜਾਬੀ ਅਤੇ ਗੁਰੂਮੁਖੀ ਨੂੰ ਪ੍ਰੋਤਸਾਹਨ ਦਿੱਤਾ। ਸਰਵੇਖਣ ਕਾਲ ਵਿਚ ਇਸ ਭਾਸ਼ਾ ਵਿਚ ਜ਼ਿਆਦਾਤਰ ਰਚਨਾਵਾਂ ਧਾਰਮਕ ਕਿਸਮ ਦੀਆਂ ਹਨ ਅਤੇ ਉਨ੍ਹਾਂ ਦੀ ਰਚਨਾ ਧਾਰਮਕ ਪ੍ਰਚਾਰਕਾਂ ਨੇ ਕੀਤੀ ਹੈ। ਅੰਤ ਵਿਚ ਹੋਰ "ਆਦਿ ਗ੍ਰੰਥ" ਵਿਚ ਸੁਰੱਖਿਅਤ ਹੈ। ਮਹਾਨ ਅਧਿਆਤਮਕ ਅਤੇ ਸੈਨਿਕ ਨੇਤਾ ਹੋਣ ਤੋਂ ਇਲਾਵਾ ਗੁਰੂ ਗੋਬਿੰਦ ਇਕ ਸਾਹਿਤਕ ਵਿਅਕਤੀ ਵੀ ਸਨ। ਉਹ "ਵਿਚਿੱਤਰ" ਨਾਟਕ ਦੇ ਲੇਖਕ ਸਨ। ਇਸ ਦੀ ਸਹਾਇਤਾ ਨਾਲ ਅਸੀਂ ਉਨ੍ਹਾਂ ਦੇ ਸਮੇਂ ਦੀ ਬਹੁਤ ਸਾਰੀ ਘਟਨਾਵਾਂ ਨੂੰ ਸਮਝ ਸਕਦੇ ਹਾਂ।

### 13.8.2 ਮਰਾਠੀ ਸਾਹਿਤ (Marathi Literature)

**ਨਾਮਦੇਵ** (Namdev) – ਨਾਮਦੇਵ ਨੇ ਜ਼ਿਆਦਾਤਰ ਮਰਾਠੀ ਭਾਸ਼ਾ ਵਿਚ ਰਚਨਾ ਕੀਤੀ ਸੀ। ਉਸ ਦੀਆਂ ਕੁਝ ਰਚਨਾਵਾਂ ਗ੍ਰੰਥ ਵਿਚ ਸੁਰੱਖਿਅਤ ਹਨ। ਉਸਦੇ ਸਮਕਾਲੀਨ ਲੇਖਕ ਦਯਾਨੋਵਾ ਅਤੇ ਮੁਕੰਦਰਾਏ ਸਨ। ਦਯਾਨੋਵਾ ਨੇ ਭਗਵਤਗੀਤਾ ਉਤੇ ਰਚਨਾ ਕੀਤੀ ਅਤੇ ਮੁਕੰਦਰਾਏ ਨੇ ਵੇਦਾਂਤ ਉਤੇ। ਬਾਦ ਵਿਚ ਪੰਡਾਰਪੁਰ ਅੰਦੋਲਨ (Pandharpur Movement) ਦੇ ਅਧੀਨ ਮਰਾਠਾ-ਸਾਹਿਤ ਨੇ ਬਹੁਤ ਪ੍ਰਗਤੀ ਕੀਤੀ। ਇਸ ਬਾਰੇ ਵਿਚ ਦੋ ਪ੍ਰਸਿੱਧ ਸੰਤਾਂ ਰਾਮਦਾਸ ਅਤੇ ਤੁਕਾਰਾਮ ਦੇ ਨਾਂ ਪ੍ਰਸਿੱਧ ਹਨ।

### 13.8.3 ਗੁਜਰਾਤੀ ਸਾਹਿਤ (Gujarati Literature)

**ਨਰਸੀ ਮੇਹਤਾ** (Narsi Mehta) – ਗੁਜਰਾਤ ਵਿਚ ਵੀ ਦੇਸ਼ੀ ਭਾਸ਼ਾ ਦੇ ਸਾਹਿਤ ਦਾ ਵਿਕਾਸ ਹੋਇਆ ਸੀ। ਗੁਜਰਾਤ ਦਾ ਸਭ ਤੋਂ ਵੱਡਾ ਪਹਿਲਾਂ ਕਵੀ ਨਰਸੀ ਮੇਹਤਾ ਸੀ ਜਿਸਨੇ ਸੁੰਦਰ, ਛੋਟੇ ਅਤੇ ਧਾਰਮਕ ਗਾਣੇ ਬਣਾਏ ਸਨ ਜਿਨ੍ਹਾਂ ਨੂੰ ਹੁਣ ਵੀ ਲੋਕ ਗਾਉਂਦੇ ਹਨ।

### 13.8.4 ਬੰਗਾਲੀ ਸਾਹਿਤ (Bengali Literature)

**ਮੁਸਲਿਮ ਸੰਰੱਖਿਆ** (Muslim Patronage) – ਬੰਗਾਲੀ ਭਾਸ਼ਾ ਸਾਹਿਤਕ ਅਹੁਦੇ ਉਤੇ ਆਉਣਾ ਮੁੱਖ ਤੌਰ ਤੇ ਸੰਰੱਖਿਆ ਦੇ ਕਾਰਨ ਸੀ। ਇਸ ਭਾਸ਼ਾ ਵਿਚ ਮੁਸਲਮਾਨਾਂ ਦੀ ਰੁਚੀ ਕੁਝ ਤਾਂ ਇਸ ਕਾਰਨ ਤੋਂ ਸੀ ਕਿ ਸ਼ਾਸਕ ਵਰਗ ਦੇਸੀ ਜਨਤਾ ਦੇ ਨਾਲ ਮੇਲ ਜੋਲ ਕਰਨਾ ਚਾਹੁੰਦਾ ਸੀ ਅਤੇ ਇਸ ਲਈ ਉਨ੍ਹਾਂ ਦੇ ਸਾਹਿਤ ਅਤੇ ਪਰੰਪਰਾਵਾਂ ਦੇ ਵਿਸ਼ੇ ਵਿਚ ਜਾਣਕਾਰੀ ਪ੍ਰਾਪਤ ਕਰਨਾ ਅਤੇ ਉਸਨੂੰ ਪ੍ਰੋਤਸਾਹਨ ਦੇਣਾ ਚਾਹੁੰਦਾ ਸੀ, ਦੂਜਾ ਕਾਰਨ ਇਹ ਸੀ ਕਿ ਇਸ ਭਾਸ਼ਾ ਦਾ ਸੰਸਕ੍ਰਿਤ ਭਾਸ਼ਾ ਦੇ ਨਾਲ ਨੇੜੇ ਦਾ ਸੰਬੰਧ ਸੀ ਅਤੇ ਉਸ ਭਾਸ਼ਾ ਦੇ ਵਿਕਾਸ ਦਾ ਦੇ ਨਾਲ–ਨਾਲ ਬੰਗਾਲੀ ਭਾਸ਼ਾ ਵਿੱਚ ਵੀ ਵਿਕਾਸ ਹੋਇਆ।

**ਚੰਡੀਦਾਸ** (Chandi Das)-ਬੰਗਾਲੀ ਸਾਹਿਤ ਵੈਸ਼ਣਵ ਗੁਰੂਆਂ ਦੀ ਬਹੁਤ ਰਿਣੀ ਹੈ। ਪ੍ਰਸਿੱਧ ਵੈਸ਼ਣਵ ਕਵੀ ਚੰਡੀਦਾਸ ਦਾ ਜੋ 14ਵੀਂ ਸਦੀ ਦੇ ਅੰਤ ਵਿੱਚ ਪੈਦਾ ਹੋਇਆ ਸੀ, ਉਦੋਂ ਵੀ ਬੜਾ ਸਨਮਾਨ ਕੀਤਾ ਜਾਂਦਾ ਹੈ। ਉਸ ਦੇ ਪਦ ਬੰਗਾਲ ਦੀ ਸਧਾਰਣ ਜਨਤਾ ਨੂੰ ਯਾਦ ਹਨ।

**ਵਿਦਿਆਪਤੀ ਠਾਕੁਰ** (Vidyapati Thakur) – ਚੰਡੀਦਾਸ ਦਾ ਸਮਕਾਲੀਨ ਕਵੀ ਵਿਦਿਆਪਤੀ ਠਾਕੁਰ ਸੀ। ਹਾਲਾਂਕਿ ਇਹ ਮਿਥਿਲਾ ਦਾ ਰਹਿਣ ਵਾਲਾ ਸੀ ਪਰ ਉਸ ਨੂੰ ਬੰਗਾਲੀ ਭਾਸ਼ਾ ਦਾ ਕਵੀ ਮੰਨਿਆ ਜਾਂਦ ਹੈ। ਉਸ ਪ੍ਰਾਂਤ ਦੇ ਲੋਕ ਉਸ ਨੂੰ ਯਾਦ ਕਰਕੇ ਸੰਨਮਾਨ ਕਰਦੇ ਹਨ।

**ਨੁਸਰਤ ਸ਼ਾਹ ਦੀ ਰੁਚੀ** (Nusrat Shah's Interest)—ਬੰਗਾਲ ਦੇ ਮੁਸਲਮਾਨ ਸ਼ਾਸਕਾਂ ਨੇ ਮਹਾਭਾਰਤ ਅਤੇ ਰਮਾਇਣ ਦਾ ਸੰਸਕ੍ਰਿਤ ਤੋਂ ਬੰਗਾਲੀ ਵਿਚ ਅਨੁਵਾਦ ਕਰਨ ਦੇ ਲਈ ਵਿਦਵਾਨਾਂ ਨੂੰ ਨਿਯੁਕਤ ਕੀਤਾ। ਉਹ ਲੋਕ ਬੰਗਾਲੀ ਭਾਸ਼ਾ ਸਮਝਦੇ ਸਨ ਅਤੇ ਬੋਲਦੇ ਸਨ। ਗੌੜ ਦੇ ਸੁਲਤਾਨ ਨੁਸਰਤ ਸ਼ਾਹ ਨੇ ਮਹਾਭਾਰਤ ਦਾ ਬੰਗਾਲੀ ਵਿਚ ਅਨੁਵਾਦ ਕਰਵਾਇਆ। ਵਿਦਿਆਪਤੀ ਨੇ ਇਸ ਸੁਲਤਾਨ ਅਤੇ ਸੁਲਤ ਗਿਆਸੁਦੀਨ ਦੀ ਬਹੁਤ ਪ੍ਰਸ਼ੰਸਾ ਕੀਤੀ ਹੈ।

**ਸਵ-ਮੁਲਾਂਕਣ (Self Assessment)**

3. ਬਹੁ ਵਿਕਲਪ ਪ੍ਰਸ਼ਨ (Multiple Choice Questions):
   (i) ਦਿੱਲੀ ਸੁਲਤਾਨ ਸ਼ਾਹੀ ਦਾ ਮੁਖੀਆ ਕੌਣ ਸੀ ?
   (ਅ) ਰਾਜਾ (ਬ) ਮੰਤਰੀ (ਸ) ਸੈਨਾਪਤੀ (ਦ) ਸੈਨਿਕ
   (ii) ਵਿੱਤ ਵਿਭਾਗ ਦਾ ਮੁਖੀਆ ਕੌਣ ਹੁੰਦਾ ਸੀ ?
   (ਅ) ਰਾਜਾ (ਬ) ਵਜੀਰ (ਸ) ਸੈਨਾਪਤੀ (ਦ) ਸੈਨਿਕ
   (iii) 'ਰਾਮਚਰਿਤਮਾਨਸ' ਦੇ ਰਚਇਤਾ ਹਨ
   (ਅ) ਕਾਲੀਦਾਸ (ਬ) ਸੂਰਦਾਸ (ਸ) ਤੁਲਸੀਦਾਸ (ਦ) ਕਬੀਰ
   (iv) ਬਿਹਾਰੀ ਕਿਸ ਕਾਲ ਦੇ ਕਵੀ ਹਨ ?
   (ਅ) ਰੀਤੀ ਕਾਲ (ਬ) ਭਗਤੀ ਕਾਲ (ਸ) ਆਧੁਨਿਕ ਕਾਲ (ਦ) ਵੀਰਗਾਥਾ ਕਾਲ
   (v) ਵਿਚਿੱਤਰ ਨਾਟਕ ਦੇ ਲੇਖਕ ਕੌਣ ਸਨ ?
   (ਅ) ਨਾਮਦੇਵ (ਬ) ਨਾਨਕ (ਸ) ਨਰਸੀ ਮੇਹਤਾ (ਦ) ਕੇਸ਼ਵ ਦਾਸ

## 13.9 ਸਾਰ ਅੰਸ਼ (Summary)

- ਚੌਦਵੀ ਸਦੀ ਦੇ ਮੱਧ ਏਸ਼ੀਆ ਵਿਚ ਸ਼ਕਤੀਸ਼ਾਲੀ ਹਿੰਦੂ ਰਾਜ ਦੀ ਸਥਾਪਨਾ ਹੋਈ ਜਿਹੜੀ ਵਿਜੈ ਨਗਰ ਦੇ ਨਾਂ ਤੋਂ ਪ੍ਰਸਿੱਧ ਹੋਈ।

ਨੋਟ

- ਵਿਜੈ ਨਗਰ ਰਾਜ ਦੀ ਸਥਾਪਨਾ ਉਸ ਗੜਬੜ ਦੇ ਸਿੱਟੇ ਵਜੋਂ ਹੋਈ ਜਿਹੜੀ ਮੁਹੰਮਦ ਤੁਗਲਕ ਦੇ ਕਾਲ ਵਿਚ ਫੈਲੀ ਹੋਈ ਸੀ ਅਤੇ ਇਸ ਰਾਜ ਦੇ ਸੰਸਥਾਪਕ ਸਨ ਦੋ ਭਰਾ ਹਰੀਹਰ ਅਤੇ ਬੁੱਕਾ, ਜਿਹੜੇ ਸੰਗਮ ਰਾਜ ਵੰਸ਼ ਦੇ ਸਨ।
- 1353 ਈ. ਵਿਚ ਹਰੀਹਰ ਦੀ ਮ੍ਰਿਤੂ ਹੋ ਗਈ ਅਤੇ ਉਸਦੇ ਬਾਦ ਉਸ ਦਾ ਭਰਾ ਬੁੱਕਾ ਰਾਜਗੱਦੀ ਉਤੇ ਬੈਠਿਆ। ਅਪਣੇ ਭਰਾ ਹਰੀਹਰ ਦੀ ਤਰ੍ਹਾਂ ਉਹ ਵੀ ਬਹੁਤ ਬਹਾਦੁਰ ਅਤੇ ਯੋਗ ਸ਼ਾਸਕ ਸੀ।
- ਹਰੀਹਰ ਦੂਜਾ ਤੋਂ ਬਾਦ ਉਸ ਦਾ ਪੁੱਤਰ ਬੁੱਕਾ ਦੂਜਾ ਅਗਲਾ ਰਾਜਾ ਬਣਿਆ। ਪਰ ਉਸ ਨੂੰ ਰਾਜ ਕਰਦੇ ਅਜੇ ਦੋ ਸਾਲ ਵੀ ਨਹੀਂ ਗੁਜਰ ਪਾਏ ਸਨ ਜਦੋਂ ਦੇਵਰਾਏ ਨੇ ਉਸਨੂੰ ਉਲਟ ਸੁੱਟਿਆ। ਦੇਵਰਾਏ ਨੇ 1406 ਤੋਂ 1410 ਈ. ਤਕ ਸ਼ਾਸਨ ਕੀਤਾ। ਉਸਨੂੰ ਬਹਮਣੀ ਸ਼ਾਸਕਾਂ ਨਾਲ ਲੜਨਾ ਪਿਆ।
- ਕ੍ਰਿਸ਼ਨ ਦੇਵ ਰਾਏ ਨੂੰ ਦੱਖਣ ਭਾਰਤ ਦੇ ਵੱਡੇ-ਵੱਡੇ ਰਾਜਿਆਂ ਵਿਚੋਂ ਇਕ ਮੰਨਿਆ ਜਾਂਦਾ ਹੈ। ਕ੍ਰਿਸ਼ਨ ਦੇਵ ਰਾਏ ਦੀ ਆਕ੍ਰਿਤੀ ਦਾ ਵਰਨਣ ਕਰਦੇ ਹੋਏ ਕ੍ਰਿਸ਼ਨ ਸ਼ਾਸਤਰੀ ਕਹਿੰਦਾ ਹੈ, ਉਹ ਕਿਸੀ ਵੀ ਤਰ੍ਹਾਂ ਅਪਣੇ ਧਾਰਮਿਕ ਸਾਹਸ ਅਤੇ ਪਵਿੱਤਰਬਤਾ ਦੇ ਲਈ ਘੱਟ ਪ੍ਰਸਿੱਧ ਨਹੀਂ ਸੀ।
- ਫਰਿਸ਼ਤਾ ਵਿਜੈ ਨਗਰ ਬਨਾਮ ਅਹਮਦਨਗਰ ਦੇ ਯੁੱਧ ਦੇ ਬਾਰੇ ਵਿਚ ਕਹਿੰਦਾ ਹੈ "ਸਾਰਾ ਦੇਸ਼ ਇਸ ਤਰ੍ਹਾਂ ਨਸ਼ਟ ਕਰ ਦਿੱਤਾ ਗਿਆ ਕਿ ਪਰੂੰਦੇ ਤੋਂ ਖੈਬਰ ਤਕ ਅਤੇ ਅਹਮਦਨਗਰ ਤੋਂ ਦੌਲਤਾਬਾਦ ਤਕ ਆਬਾਦੀ ਦਾ ਨਿਸ਼ਾਨ ਵੀ ਨਹੀਂ ਦਿੱਸਦਾ ਸੀ। ਬੀਜਾਪੁਰ ਦੇ ਕਾਫਿਰਾਂ ਨੇ ਜਿਹੜੇ ਐਸੀ ਘਟਨਾ ਦੀ ਇੰਤਜਾਰ ਕਰ ਰਹੇ ਸਨ, ਨਿਰਦਇਤਾ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਮੁਸਲਮਾਨ ਔਰਤਾਂ ਦੀ ਇੱਜਤ ਨਸ਼ਟ ਕੀਤੀ ਮਸਜਿਦਾਂ ਨੂੰ ਨਸ਼ਟ ਕੀਤਾ ਅਤੇ ਪਵਿੱਤਰ ਕੁਰਾਨ ਦੀ ਇੱਜਤ ਨਹੀਂ ਕੀਤੀ।"
- ਤਲੀਕੋਟ ਦੀ ਲੜਾਈ ਭਾਰਤ ਦੇ ਇਤਿਹਾਸ ਵਿਚ ਬਹੁਤ ਹੀ ਮਹੱਤਵਪੂਰਨ ਲੜਾਈਆਂ ਵਿਚੋਂ ਇਕ ਹੈ।
- ਲੁੱਟ ਇੰਨੀ ਵੱਡੀ ਸੀ ਕਿ ਮਿੱਤਰ ਸੈਨਾਵਾਂ ਦਾ ਹਰੇਕ ਨਿੱਜੀ ਪੁਰਖ ਸੋਨੇ, ਰਤਨਾਂ, ਤੰਬੂਆਂ, ਹਥਿਆਰਾਂ, ਘੋੜਿਆਂ ਅਤੇ ਦਾਸਾਂ ਨੂੰ ਪਾ ਕੇ ਧੰਨਵਾਨ ਹੋ ਗਿਆ ਸੀ। ਰਾਜਿਆਂ ਨੇ ਹਾਥੀਆਂ ਨੂੰ ਅਪਣੇ ਲਈ ਰਖ ਕੇ ਹਰੇਕ ਵਿਅਕਤੀ ਨੂੰ ਜੋ ਵੀ ਉਸਨੇ ਲੁੱਟ ਵਿਚ ਪ੍ਰਾਪਤ ਕੀਤਾ ਸੀ ਅਪਣੇ ਕੋਲ ਰੱਖਣ ਦੀ ਇਜਾਜਤ ਦੇ ਦਿੱਤੀ ਸੀ।
- ਕ੍ਰਿਸ਼ਨ ਦੇਵ ਰਾਏ ਨੇ ਪੁਰਤਗਾਲ ਵਾਸੀਆਂ ਦੇ ਨਾਲ ਮਿੱਤਰਤਾ ਦੇ ਸੰਬੰਧ ਬਣਾਏ ਰੱਖੇ। ਐਸਾ ਕਰਨਾ ਉਸਦੇ ਹਿਤ ਵਿਚ ਸੀ। ਘੋੜੇ ਅਤੇ ਹੋਰ ਆਵਸ਼ਕ ਸਾਮਾਨ ਵੀ ਦਰਾਮਦ ਕਰਕੇ ਉਸਨੇ ਲਾਭ ਉਠਾਇਆ।
- ਵਿਜੈ ਨਗਰ ਸਾਮਰਾਜ ਉਸ ਕ੍ਰਾਂਤੀਕਾਰੀ ਅੰਦੋਲਨ ਦਾ ਨਤੀਜਾ ਸੀ ਜਿਹੜੇ ਦੇਸ਼ ਤੋਂ ਮੁਸਲਮਾਨਾਂ ਨੂੰ ਕੱਢਣ ਦੇ ਲਈ ਦੱਖਣ ਵਿਚ ਸ਼ੁਰੂ ਹੋਇਆ ਸੀ। ਜਦ ਤੋਂ ਮਲਿਕ ਕਾਫੂਰ ਨੇ ਦੱਖਣ ਨੂੰ ਜਿੱਤਿਆ ਸੀ ਤਦ ਤੋਂ ਹਾਰੀ ਜਾਤਾਂ ਅਪਣੇ ਮੁਸਲਮਾਨ ਅਤਿਆਚਾਰੀਆਂ ਦੇ ਵਿਰੁੱਧ ਵੈਰ ਰੱਖਦੀਆਂ ਸਨ।
- ਕ੍ਰਿਸ਼ਨ ਦੇਵ ਰਾਏ ਦੇ ਉਤੱਰਾਧਿਕਾਰੀ ਦਾ ਨਾਂ ਅਚਯੁਤ ਰਾਏ ਸੀ। ਉਸਦੀ ਮ੍ਰਿਤੂ 1542 ਈ. ਵਿਚ ਹੋ ਗਈ। ਉਸ ਦੇ ਬਾਦ ਉਸਦੇ ਪੁੱਤਰ ਵੇਨਕਟ ਗੱਦੀ ਦਾ ਉਤੱਰਾਧਿਕਾਰੀ ਬਣਿਆ ਪਰ ਉਹ ਵੀ ਜਲਦੀ ਹੀ ਮਰ ਗਿਆ। ਉਸ ਦੇ ਬਾਦ ਮੁਕੁਟ ਅਚਯੁਤ ਰਾਏ ਦੇ ਭਤੀਜੇ ਸਦਾ ਸ਼ਿਵਰਾਏ ਦੇ ਸਿਰ ਉਤੇ ਪਹਿਨਾਇਆ ਗਿਆ। ਸਦਾ ਸ਼ਿਵ ਰਾਏ ਅਪਦੇ ਮੰਤਰੀ ਰਾਮਰਾਏ ਦੇ ਹੱਥਾਂ ਦੀ ਕਠਪੁਤਲੀ ਮਾਤਰ ਸੀ। ਰਾਮਰਾਏ ਰਾਜ ਦਾ ਵਾਸਤਵਿਕ ਸ਼ਾਸਕ ਸੀ।
- ਪ੍ਰਸ਼ਾਸਨ ਦਾ ਮੁਖੀਆ ਖੁਦ ਰਾਜਾ ਸੀ। ਉਹ ਇਕ ਪੂਰਨ ਤਾਨਾਸ਼ਾਹ (A Perfect Autocrat) ਸੀ। ਸਾਰੇ ਵਿਧਾਨ ਕਾਰਜਪਾਲਕ, ਨਿਆਂਇਕ ਅਤੇ ਸੈਨਿਕ ਸ਼ਕਤੀਆਂ (All Legislative, Executive, Judicial and Military Powers) ਉਸੀ ਦੇ ਹੱਥ ਵਿਚ ਸਨ।
- ਇਕ ਈਟਾਲਿਅਨ ਜਿਹੜਾ ਸਭ ਤੋਂ ਪਹਿਲਾ ਦਰਸ਼ਕ ਸੀ, ਦੇਵਰਾਏ ਦੇ ਸ਼ਾਸਨ ਵਿਚ ਲਗਭਗ 1420 ਈ. ਵਿਚ ਵਿਜੈ ਨਗਰ ਵਿਚ ਸੀ। ਉਸਨੇ ਸ਼ਹਿਰ ਦੇ ਘੇਰੇ ਦਾ ਅੰਦਾਜ਼ਾ 60 ਮੀਲ ਲਗਾਇਆ ਸੀ, ਉਹ ਸੁਰੱਖਿਆ ਦੀ ਸ਼ਕਤੀ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ।
- ਦੱਖਣ ਵਿਚ ਮੁਸਲਮਾਨਾਂ ਨੂੰ ਬਾਹਰ ਕੱਢਣ ਲਈ ਜਿਹੜਾ ਅੰਦੋਲਨ ਚੱਲਿਆ ਸੀ, ਵਿਜੈ ਨਗਰ ਉਸੀ ਦਾ ਨਤੀਜਾ ਸੀ। ਜਦ ਤੋਂ ਮਲਿਕ ਕਾਫੂਰ ਨੇ ਦੱਖਣ ਨੂੰ ਜਿੱਤਿਆ ਸੀ ਤਦ ਤੋਂ ਹਾਰੀ ਜਾਤਾਂ ਅਪਣੇ ਮੁਸਲਮਾਨ ਅਤਿਆਚਾਰੀਆਂ ਦੇ ਵਿਰੁੱਧ ਗਹਿਰੇ ਵਿਰੋਧ ਦੀ ਭਾਵਨਾਵਾਂ ਛਿਪਾਈ ਹੋਈਆਂ ਸਨ।
- ਦਿੱਲੀ ਦੇ ਸਭ ਸੁਲਤਾਨ ਚੰਗੇ ਪ੍ਰਸ਼ਾਸਕ ਨਹੀਂ ਸਨ। ਕੁਝ ਇਕ ਸੁਲਤਾਨਾਂ ਨੇ ਚੰਗੀ ਪ੍ਰਸ਼ਾਸਨ ਵਿਵਸਥਾ ਸਥਾਪਤ ਨਹੀਂ ਕੀਤੀ, ਸ਼ਾਇਦ ਉਹ ਐਸਾ ਕਰ ਵੀ ਨਹੀਂ ਸਕਦੇ ਸਨ ਤਾਂ ਵੀ ਅਲਾਉਦੀਨ ਖਿਲਜੀ, ਫਿਰੋਜ ਸ਼ਾਹ ਤੁਗਲਕ ਅਤੇ ਸਿਕੰਦਰ ਲੋਦੀ ਜਿਹੇ ਸੁਲਤਾਨਾਂ ਨੇ ਇਕ ਚੰਗੀ ਪ੍ਰਸਾਸਨ ਵਿਵਸਥਾ ਕਾਇਮ ਕੀਤੀ।

- ਸ਼ੁਰੂ ਵਿਚ ਦਿੱਲੀ ਸੁਲਤਾਨ ਸ਼ਾਹੀ ਪ੍ਰਾਂਤਾ ਵਿਚ ਵਿਭਾਜਨ ਨਹੀਂ ਸੀ ਪਰ ਇਹ ਸੈਨਿਕ ਕਮਾਂਡਰਾਂ ਵਿਚ ਵਿਭਾਜਤ ਸੀ ਜਿਨ੍ਹਾਂ ਨੂੰ ਇਕਤਾ (Iqtas) ਕਹਿੰਦੇ ਸਨ। ਅਲਾਉਦੀਨ ਖਿਲਜੀ ਦੇ ਕਾਲ ਵਿਚ ਸੁਲਤਾਨ ਸ਼ਾਹੀ ਨੂੰ 11 ਪ੍ਰਾਂਤਾਂ ਵਿਚ ਵਿਭਾਜਤ ਕਰ ਦਿੱਤਾ ਗਿਆ। ਮੁਹੰਮਦ ਤੁਗਲਕ ਦੇ ਕਾਲ ਵਿਚ ਇਨ੍ਹਾਂ ਨੂੰ ਵਧਾ ਕੇ 23 ਪ੍ਰਾਂਤ ਬਣਾ ਦਿੱਤੇ ਗਏ।
- ਅਲਾਉਦੀਨ ਖਿਲਜੀ ਹੀ ਪਹਿਲਾ ਦਿੱਲੀ ਸੁਲਤਾਨ ਸੀ ਜਿਸਨੇ ਰਾਜਸਵ ਨੀਤੀ ਅਤੇ ਪ੍ਰਸ਼ਾਸਨ ਵਿਚ ਭਾਰੀ ਤਬਦੀਲੀ ਕੀਤੀ। ਸਭ ਤੋਂ ਪਹਿਲਾਂ ਉਸਨੇ ਉਹ ਜ਼ਮੀਨਾਂ ਜਬਤ ਕੀਤੀਆਂ ਜਿਹੜੀਆਂ ਮੁਸਲਮਾਨ ਮਹਾਰਥੀਆਂ ਦੇ ਕੋਲ ਵਕਫ ਜਾਂ ਇਨਾਮ ਦੇ ਰੂਪ ਵਿਚ ਸਨ ਉਸਨੇ ਉਹ ਵਿਸ਼ੇਸ ਅਧਿਕਾਰ ਵੀ ਹਟਾ ਲਿਆ।

## 13.10 ਸ਼ਬਦਕੋਸ਼ (Keywords)

- **ਸ਼ਿਲਾਲੇਖ (Inscriptions)** : ਪੱਥਰ ਉਤੇ ਖੁਦਾਈ ਕੀਤਾ ਲੇਖ।
- **ਪਰਕਾਸ਼ਣਾ (Zenith)** : ਚਰਮਸੀਮਾ।

## 13.11 ਅਭਿਆਸ ਪ੍ਰਸ਼ਨ (Review Questions)

1. ਵਿਜੈ ਨਗਰ ਸਾਮਰਾਜ ਦੇ ਉਦੈ ਅਤੇ ਪਤਨ ਦਾ ਵਰਣਨ ਕਰੋ।
2. ਤਲੀਕੋਟ ਦੇ ਯੁੱਧ ਦਾ ਵਰਣਨ ਕਰੋ।
3. ਕ੍ਰਿਸ਼ਨ ਦੇਵ ਰਾਏ ਦੀ ਸਫਲਤਾਵਾਂ ਦੇ ਕੀ ਕਾਰਨ ਸਨ ?
4. ਵਿਜੈ ਨਗਰ ਰਾਜ ਦੇ ਪ੍ਰਸ਼ਾਸਨ ਦਾ ਵਰਣਨ ਕਰੋ।
5. ਦਿੱਲੀ ਸਲਤਨਤ ਦੇ ਵਿੱਤੀ ਪ੍ਰਸ਼ਾਸਨ ਦਾ ਵਰਣਨ ਕਰੋ।
6. ਹੇਠ ਲਿਖਿਆਂ ਦਾ ਸੰਖੇਪ ਵਿਚ ਪਰਿਚੈ ਦਿਓ—

   (ਅ) ਤੁਲਸੀਦਾਸ (ਬ) ਬਿਹਾਰੀ (ਸ) ਨਾਮਦੇਵ (ਦ) ਵਿਦਿਆਪਤੀ ਠਾਕੁਰ

**ਉੱਤਰ : ਸਵੈਂ-ਮੁਲਾਂਕਨ (Answer : Self Assessment)**

| | | | | | |
|---|---|---|---|---|---|
| 1. | (i) 1353 ਈ. | (ii) ਕ੍ਰਿਸ਼ਨ ਦੇਵ ਰਾਏ | (iii) ਪਰਜਾ | (iv) ਅਚਯੁਤ ਰਾਏ | (v) 1557 ਈ. |
| 2. | (i) ਝੂਠ | (ii) ਸੱਚ | (iii) ਸੱਚ | (iv) ਝੂਠ | (v) ਸੱਚ |
| 3. | (i) (ਅ) | (ii) (ਬ) | (iii) (ਸ) | (iv) (ਅ) | (v) (ਬ) |

## 13.12 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਮੱਧ ਕਾਲੀਨ ਭਾਰਤ ਦਾ ਇਤਿਹਾਸ — ਸ਼ੈਲੇਦੰਰ ਸ਼ੈਨਗਰ ਅਟਲਾਂਟਿਕ ਪਬਲੀਸ਼ਰਜ।
2. ਮੱਧ ਕਾਲੀਨ ਭਾਰਤ ਵਿਚ ਨਗਰੀਕਰਨ - ਨਮ੍ਰਤਾ ਸਿੰਘ ਯੂਨੀਵਰਸਿਟੀ ਪਬਲੀਕੇਸ਼ਨ।
3. ਮੱਧ ਕਾਲੀਨ ਭਾਰਤ ਦਾ ਇਤਿਹਾਸ—ਪ੍ਰਦੀਪ ਕੁਮਾਰ, ਆਰਿਯ ਪਬਲੀਕੇਸ਼ਨਜ਼।
4. ਮੱਧ ਕਾਲੀਨ ਭਾਰਤ (ਦਿੱਲੀ ਸਲਤਨਤ)—ਰਹੀਸ ਸਿੰਘ ਪਿਯਰਸਨ ਐਜੁਕੇਸ਼ਨ ਇੰਡੀਆ।
5. ਮੱਧ ਕਾਲੀਨ ਭਾਰਤ ਦਾ ਇਤਿਹਾਸ—ਪਾਥਿਰਵ ਕੁਮਾਰ, ਰੀਤੂ ਪਬਲੀਕੇਸ਼ਨਜ।

ਨੋਟ

# ਇਕਾਈ-14: ਮਰਾਠਾ
# (The Marathas)

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
14.1 ਮਹਾਰਾਸ਼ਟਰ ਦੀ ਭੌਗੋਲਿਕ ਸਥਿਤੀ (Geographical Features of Maharashtra)
14.2 ਭਗਤੀ ਅੰਦੋਲਨ (Bhakti Movement)
14.3 ਸਾਹਿਤ ਅਤੇ ਭਾਸ਼ਾ (Literature and Language)
14.4 ਸ਼ਿਵਾਜੀ ਦਾ ਸ਼ੁਰੂਆਤੀ ਜੀਵਨ ਅਤੇ ਸੰਘਰਸ਼ (Shivaji's Early Life and Struggle)
14.5 ਸ਼ਿਵਾਜੀ ਦੀ ਸ਼ਾਸਨ ਪ੍ਰਣਾਲੀ (Shivaji Administrative System)
14.6 ਸਾਰ ਅੰਸ਼ (Summary)
14.7 ਸ਼ਬਦਕੋਸ਼ (Keywords)
14.8 ਅਭਿਆਸ ਪ੍ਰਸ਼ਨ (Review Questions)
14.9 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :

- ਮਹਾਰਾਸ਼ਟਰ ਦੀ ਭੌਗੋਲਿਕ ਸਥਿਤੀ ਦੀ ਜਾਣਕਾਰੀ ਬਾਰੇ।
- ਭਗਤੀ ਅੰਦੋਲਨ ਨਾਲ ਆਉਣ ਬਾਰੇ।
- ਸਾਹਿਤ ਅਤੇ ਭਾਸਾ ਦੀ ਜਾਣਕਾਰੀ ਲਈ।
- ਸ਼ਿਵਾਜੀ ਦਾ ਸ਼ੁਰੂਆਤੀ ਜੀਵਨ ਅਤੇ ਸੰਘਰਸ਼ ਨਾਲ ਸੰਬੰਧਤ ਗੱਲਾਂ ਦੀ ਜਾਣਕਾਰੀ ਪ੍ਰਾਪਤ ਕਰਨ ਬਾਰੇ।
- ਸ਼ਿਵਾਜੀ ਦੀ ਸ਼ਾਸਨ ਪ੍ਰਣਾਲੀ ਦੀ ਜਾਣਕਾਰੀ ਬਾਰੇ।

## ਜਾਣਕਾਰੀ (Introduction)

ਇਹ ਸੱਚ ਹੈ ਕਿ ਭਾਰਤ-ਵਰਸ਼ ਵਿਚ ਮਰਾਠਾ ਸ਼ਕਤੀ ਦੇ ਉਦੈ ਅਤੇ ਵਿਕਾਸ ਦਾ ਜ਼ਿਆਦਾਤਰ ਸ੍ਰੇ ਸ਼ਿਵਾਜੀ ਨੂੰ ਹੈ ਪਰ ਇਹ ਵੀ ਓਨਾਂ ਹੀ ਸੱਚ ਹੈ ਕਿ ਭਾਰਤੀਅ ਇਤਿਹਾਸ ਦੇ ਰੰਗ ਮੰਚ ਉਤੇ ਜਿਸ ਸਮੇਂ ਸ਼ਿਵਾਜੀ ਦਾ ਘੋਸ਼ਣਾ ਪੱਤਰ ਹੋਇਆ ਉਸਦੀ ਭੂਮਿਕਾ ਪਹਿਲਾ ਹੀ ਤਿਆਰ ਹੋ ਚੁੱਕੀ ਸੀ। ਡਾ. ਈਸ਼ਵਰੀ ਪ੍ਰਸਾਦਿ ਦੇ ਮਤ ਅਨੁਸਾਰ "ਮਹਾਰਾਸ਼ਟਰ ਦੇ ਇਤਿਹਾਸ ਵਿਚ ਸ਼ਿਵਾਜੀ ਦਾ ਸੱਤਾ ਰੂੜ ਹੋਣਾ ਕੋਈ ਅਜੀਬ ਜਾਂ ਖੁਸ਼ੀ ਦੀ ਘਟਨਾ ਨਹੀਂ ਕਹੀ ਜਾ ਸਕਦੀ। ਸ਼ਿਵਾਜੀ ਦੀ ਸ਼ਕਤੀ ਦੇ ਵਿਕਾਸ ਦਾ ਸ੍ਰੇ ਜਿੰਨਾ ਉਨ੍ਹਾਂ ਦੇ ਸਾਹਸ ਅਤੇ ਬਹਾਦੁਰੀ ਨੂੰ ਹੈ ਓਨਾ ਹੀ ਦੱਖਣ ਦੀ ਵਿਚਿੱਤਰ ਭੌਗੋਲਿਕ ਸਥਿਤੀ ਅਤੇ ਉਸ ਪ੍ਰਦੇਸ਼ ਦੇ ਪੰਦਰ੍ਹਵੀਂ ਜਾਂ ਸੋਲਵੀਂ ਸਦੀ ਦੇ ਨਿਵਾਸੀਆਂ ਨੂੰ ਹੈ ਜਿਨ੍ਹਾਂ ਦੇ ਜੀਵਨ ਨੂੰ ਧਰਮ ਨੇ ਇਕ ਸੂਤਰ ਵਿਚ ਬੰਨ੍ਹ ਦਿੱਤਾ ਅਤੇ ਨਵੀਆਂ ਇੱਛਾਵਾਂ ਅਤੇ ਭਾਵਨਾਵਾਂ ਨੂੰ ਮੁੜ ਜੀਵਤ ਕੀਤਾ।"

## 14.1 ਮਹਾਰਾਸ਼ਟਰ ਦੀ ਭੌਗੋਲਿਕ ਸਥਿਤੀ (Geographical Features of Maharashtra)

ਨੋਟ

ਮਹਾਰਾਸ਼ਟਰ ਪ੍ਰਦੇਸ਼ ਦੀ ਵਿਸ਼ਿਸਟ ਭੌਗੋਲਿਕ ਸਥਿਤੀ ਦੇ ਕਾਰਨ ਇੱਥੇ ਦੇ ਨਿਵਾਸੀਆਂ ਦੇ ਚਰਿੱਤਰ ਵਿਚ ਖਾਸ ਗੁਣਾ ਦਾ ਪ੍ਰਵੇਸ਼ ਹੋਇਆ, ਜਿਸ ਦੇ ਕਾਰਣ ਉਹ ਹੋਰ ਪ੍ਰਦੇਸ਼ਾਂ ਦੇ ਨਿਵਾਸੀਆਂ ਤੋਂ ਵੱਖ ਸਨ। ਦੱਖਣ ਦੀ ਪਰਬਤ ਮਾਲਾ ਮਰਾਠਿਆਂ ਦੀ ਬਾਹਰ ਦੇ ਆਕ੍ਰਮਣਕਾਰੀਆਂ ਤੋਂ ਰੱਖਿਆ ਕਰਦੀਆਂ ਸਨ ਅਤੇ ਇਨ੍ਹਾਂ ਦੇ ਕਾਰਨ ਉਹ ਬੇਡਰ ਕਠਿਨਾਈਆਂ ਤੋਂ ਨਾ ਘਬਰਾਉਣ ਵਾਲੇ, ਦੋਸ਼ ਰਹਿਤ ਸੈਨਿਕ ਹੋਏ। ਮਹਾਰਾਸ਼ਟਰ ਪ੍ਰਦੇਸ਼ ਵਿਚ ਬਰਸਾਤ ਦੀ ਕਮੀ ਅਤੇ ਜੀਵਨ ਤੋਂ ਦੂਰ ਲੈ ਜਾਣ ਵਾਲੀ ਕਠਿਨਾਈਆਂ ਨੇ ਮਰਾਠਿਆਂ ਨੂੰ ਕਠੋਰ ਮਿਹਨਤੀ ਅਤੇ ਆਤਮ ਵਿਸ਼ਵਾਸੀ ਬਣਾ ਦਿੱਤਾ ਜਿਸਦੇ ਬਿਨ੍ਹਾਂ ਸੰਭਵ ਤੌਰ ਤੇ ਉਨ੍ਹਾਂ ਨੂੰ ਭੁੱਖੇ ਮਰਨ ਲਈ ਮਜਬੂਰ ਹੋਣਾ ਪੈਂਦਾ। ਇਨ੍ਹਾਂ ਚਰਿੱਤ੍ਰਕ ਗੁਣਾਂ ਦੇ ਕਾਰਨ ਜਦ ਜਦ ਵੀ ਮੁਗਲ ਸੈਨਾ ਨਾਲ ਟੱਕਰਾਂ ਹੋਈਆਂ ਉਹ ਸਦਾ ਹੀ ਜੇਤੂ ਰਹੇ। ਜਿਨ੍ਹਾਂ ਰਸਤਿਆਂ ਉਤੇ ਮਰਾਠੇ ਸੈਨਿਕ ਬਿਨਾਂ ਕਠਿਨਾਈ ਅਤੇ ਦੁਖ ਦੇ ਸ਼ੱਤਰੂ ਦੀ ਖੋਜ ਵਿਚ ਅਪਣੇ ਘੋੜੇ ਦੁੜਾਉਂਦੇ ਸਨ ਉਨ੍ਹਾਂ ਰਸਤਿਆਂ ਉਤੇ ਮੁਗਲ ਸੈਨਿਕਾਂ ਦਾ ਜੀਵਨ ਮੁਸ਼ਕਿਲ ਹੋ ਜਾਂਦਾ ਸੀ। ਪਰਬਤੀ ਪ੍ਰਦੇਸ਼ ਦੇ ਕਾਰਨ ਹੀ ਮਰਾਠੇ ਛਾਪਾਮਾਰ ਯੁੱਧ ਨੀਤੀ ਸਫਲਤਾ ਨਾਲ ਅਪਨਾ ਸਕੇ। ਵਿਚ ਵਿਚ ਤੋਂ ਟੁੱਟੀ ਹੋਈ ਪਰਬਤ ਮਾਲਾਵਾਂ ਉਨ੍ਹਾਂ ਦੇ ਲਈ ਆਸਾਨ ਕੁਦਰਤੀ ਕਿਲ੍ਹਿਆਂ ਦਾ ਕੰਮ ਦਿੰਦੀਆਂ ਸਨ। ਮਹਾਰਾਸ਼ਟਰ ਦੀ ਜਨਤਾ ਉੱਥੇ ਦੇ ਕਿਲ੍ਹਿਆ ਦਾ ਅਪਣੀ ਮਾਤਾ ਦੇ ਬਰਾਬਰ ਇੱਜਤ ਕਰਦੇ ਸਨ ਅਤੇ ਵਾਸਤਵ ਵਿਚ ਆਕ੍ਰਮਣ ਦੇ ਸਮੇਂ ਵਿਚ ਇਨ੍ਹਾਂ ਕਿਲ੍ਹਿਆਂ ਦੇ ਨੇੜੇ ਪੇਂਡੂਵਾਸੀ ਆਪਣੇ ਪਰਿਵਾਰ, ਪਸ਼ੂਆਂ ਅਤੇ ਧੰਨ ਦੇ ਨਾਲ ਇਨ੍ਹਾਂ ਦੀ ਗੋਦ ਵਿਚ ਸ਼ਰਣ ਲੈਂਦੇ ਸਨ। ਸ਼ਾਂਤੀ ਦੇ ਸਮੇਂ ਇਨ੍ਹਾਂ ਕਿਲ੍ਹਿਆ ਨਾਲ ਬਹੁਤ ਸਾਰਿਆਂ ਦੀ ਜੀਵਨ ਦੀਆਂ ਮੁਸ਼ਕਿਲਾਂ ਕਿਲ੍ਹਿਆਂ ਵਿਚ ਰਹਿਣ ਵਾਲੀ ਸੈਨਾ ਨੂੰ ਖਾਣ ਵਾਲਾ ਸਾਮਾਨ, ਘਾਹ, ਦਾਣਾ ਆਦਿ ਵੇਚ ਕੇ ਹੁੰਦਾ ਸੀ।

ਸ੍ਰੀ ਯਧੁਨਾਥ ਸਰਕਾਰ ਦੇ ਮਤ ਅਨੁਸਾਰ, ਕੁਦਰਤ ਨੇ ਮਰਾਠਿਆਂ ਵਿਚ ਆਤਮ ਵਿਸ਼ਵਾਸ, ਸਾਹਸ ਸਹਿਣਸ਼ੀਲਤਾ, ਸਾਦਗੀ, ਸੱਪਸ਼ਟਵਾਦਤਾ ਅਤੇ ਸਮਾਜਕ ਏਕਤਾ ਮਜਬੂਤੀ ਨਾਲ ਭਰ ਦਿੱਤੀ ਸੀ। ਇਨ੍ਹਾਂ ਦੇ ਕਾਰਨ ਉਨ੍ਹਾਂ ਦਾ ਆਪਸੀ ਵਰਤਵਾਰਾ ਪੂਰਨ ਰੂਪ ਨਾਲ ਆਤਮ ਸੰਨਮਾਨ ਪੂਰਨ ਸੀ, ਮਰਾਠਿਆਂ ਵਿਚ ਸਮਾਜਕ ਰੂਪ ਨਾਲ ਕੋਈ ਭੇਦ ਭਾਵ ਨਹੀਂ ਸੀ। ਉਨ੍ਹਾਂ ਦੀਆਂ ਇਸਤਰੀਆਂ ਉਨ੍ਹਾਂ ਦੀ ਸ਼ਕਤੀ ਅਤੇ ਦੇਸ਼ ਭਗਤੀ ਵਿਚ ਪੂਰੀ ਸਾਂਝੀਦਾਰ ਅਤੇ ਸਹਾਇਕ ਸਨ।

ਐਲਫਿਨਸਟਨ ਨੇ ਕਿਹਾ ਹੈ ਕਿ "ਮਰਾਠੇ ਬਹੁਤ ਹੀ ਚੁਸਤ, ਮਿਹਨਤੀ, ਧਰਮਗ੍ਰੰਥ ਸੰਬੰਧੀ ਅਤੇ ਸੰਤੋਸ਼ੀ ਹਨ। ਜੇਕਰ ਉਨ੍ਹਾਂ ਵਿਚ ਰਾਜਪੂਤਾਂ ਜਿਹੀ ਸ਼ਾਨ ਅਤੇ ਘਮੰਡ ਨਹੀਂ ਉਨ੍ਹਾਂ ਜਿਹੀ ਵਿਲਾਸਤਾ ਅਤੇ ਅਦੂਰ ਦਰਸ਼ਿਤਾ ਵੀ ਨਹੀਂ ਹੈ। ਇਕ ਰਾਜਪੂਤ ਯੋਧਾ ਕਿਸੀ ਵੀ ਪ੍ਰਕਾਰ ਦੇ ਸੰਘਰਸ਼ ਦੇ ਨਤੀਜੇ ਦੇ ਵਿਸ਼ੇ ਵਿਚ ਫਿਕਰਮੰਦ ਨਹੀਂ ਹੁੰਦਾ। ਉਸ ਦੀ ਇਕ ਮਾਤਰ ਫਿਕਰ ਇਹ ਹੁੰਦੀ ਹੈ ਕਿ ਉਸ ਨਾਲ"

ਕਿਤੇ ਅਪਣੀ ਜਾਤ, ਵੰਸ਼-ਵਿਸ਼ੇਸ਼ ਦੀ ਇੱਜਤ ਦੇ ਵਿਰੁੱਧ ਕੋਈ ਸ਼ਰਮਨਾਕਪੂਰਨ ਕੰਮ ਨਾਂ ਹੋ ਜਾਵੇ। ਪਰ ਇਸ ਦੇ ਉਲਟ ਇਕ ਮਰਾਠਾ ਸਦਾ ਹੀ ਸੰਘਰਸ਼ ਦੇ ਪਰਿਣਾਮ ਦੇ ਵਿਸ਼ੇ ਵਿਚ ਪਹਿਲਾ ਵਿਚਾਰ ਕਰਦਾ ਹੈ। ਅਪਣੇ ਮਕਸਦ ਦੀ ਸਿੱਧੀ ਦੇ ਲਈ ਕਿਸੀ ਵੀ ਸਾਧਨ ਨੂੰ ਸਹੀ ਕਰਨ ਲਈ ਅੱਗਾ-ਪਿੱਛਾ ਨਹੀਂ ਸੋਚਦਾ, ਸਫਲਤਾ ਦੇ ਲਈ ਅਪਣੇ ਵਿਅਕਤੀਗਤ ਸੁਖਾਂ ਨੂੰ ਅੰਤਮ ਸੰਸਕਾਰ ਦੇ ਕੇ ਅਪਣੀ ਪੂਰੀ ਤਾਕਤ ਅਤੇ ਜੀਵਨ ਦੀ ਬਾਜੀ ਲਗਾ ਦਿੰਦਾ ਹੈ। ਮਾਨ-ਅਪਮਾਨ ਦੀ ਪਰੇਸ਼ਾਨੀ ਵਿਚ ਅਪਣੇ ਜੀਵਨ ਜਾਂ ਮਕਸਦ ਦੀ ਬਲੀ ਦੇਣ ਦੀ ਕਲਪਨਾ ਵੀ ਨਹੀਂ ਕਰਦਾ। ਭਾਵਨਾਵਾਂ ਦੇ ਇਨ੍ਹਾਂ ਦੋ ਵੱਖ-ਵੱਖ ਪਹਿਲੂਆਂ ਨੇ ਦੋਵੇ ਜਾਤਾਂ ਦੀ ਚਾਲ-ਢਾਲ ਉਤੇ ਬਹੁਤ ਪ੍ਰਭਾਵ ਪਾਇਆ ਹੈ। ਇਕ ਸਾਧਾਰਨ ਰਾਜਪੂਤ ਦੀ ਚਾਲ-ਢਾਲ ਤੋਂ ਕੁਝ ਮਹੱਤਵ ਟਪਕਦਾ ਹੈ ਪਰ ਇਸ ਦੇ ਉਲਟ ਇਕ ਮਰਾਠੇ ਤੋਂ ਇਕ ਅਭਦਰ ਵਿਅਕਤੀਤਵ ਝਲਕਦਾ ਹੈ। ਇਕ ਰਾਜਪੂਤ ਪਰਮ ਆਦਰਣੀਅ ਪ੍ਰਤਿਯੋਗੀ ਹੈ ਪਰ ਮਰਾਠਾ ਖਾਸ ਕਰਕੇ ਮਰਾਠਾ ਸੈਨਿਕ ਇਕ ਭਿਆਨਕ ਸ਼ੱਤਰੂ ਹੈ ਜਿਹੜਾ ਧੀਰਜ, ਚਲਾਕੀ ਅਤੇ ਯੁੱਧ ਨਿਪੁੰਨਤਾ ਨਾਲ ਲੜਦਾ ਹੈ ਅਤੇ ਸਮਾਂ ਆਉਣ ਉਤੇ ਸਾਹਸ ਅਤੇ ਚਲਾਕੀ ਨਾਲ ਵੀ ਕੰਮ ਲੈਣਾ ਜਾਣਦਾ ਹੈ। ਸਾਧਾਰਨ ਪੇਂਡੂ ਮਰਾਠਾ ਗੰਭੀਰ, ਮਿਹਨਤੀ ਅਤੇ ਉਦਾਰ ਹੈ ਹਾਲਾਂਕਿ ਉਸ ਵਿਚ ਵੀ ਥੋੜੀ ਜਿਹੀ ਜਾਤ-ਗਤ ਚਲਾਕੀ ਹੈ ਪਰ ਉਹ ਵਿਸ਼ਵਾਸਘਾਤੀ ਜੀ ਉਪਦ੍ਰਵੀ ਨਹੀਂ ਹੈ।

*ਨੋਟਸ* ਮਰਾਠੇ ਛਾਪਾਮਾਰ ਯੁੱਧ ਵਿੱਚ ਨਿਪੁੰਨ ਸਨ।

## 14.2 ਭਗਤੀ ਅੰਦੋਲਨ (Bhakti Movement)

ਭਗਤੀ ਅੰਦੋਲਨ ਵਿਚ ਮਰਾਠਿਆਂ ਵਿਚ ਸੰਗਠਨ ਦੀ ਭਾਵਨਾ ਨੇ ਜ਼ੋਰ ਪਕੜਿਆ। ਉਸ ਸਮੇਂ ਦੇ ਸੰਤਾਂ ਦੀ ਸਿੱਖਿਆ ਪ੍ਰਮੁੱਖ ਤੌਰ ਤੇ ਈਸ਼ਵਰ-ਉਪਾਸਨਾ ਅਤੇ ਸਭ ਮਨੁੱਖਾਂ ਦਾ ਜਾਤ-ਪਾਤ ਅਤੇ ਉੱਚ-ਨੀਚ ਦੇ ਭੇਦਭਾਵ ਦੇ ਬਿਨਾਂ ਈਸ਼ਵਰ ਦੇ ਸਾਹਮਣੇ ਇਕ

ਨੋਟ

ਬਰਾਬਰ ਹੋਣਾ ਸੀ। ਇਸ ਤਰ੍ਹਾਂ ਜਲਦੀ ਬਾਦ ਸੰਤਾਂ ਦੇ ਉਪਦੇਸ਼ਾਂ ਨੇ ਮਹਾਰਾਸ਼ਟਰ ਨਿਵਾਸੀਆਂ ਨੂੰ ਮਨੁੱਖ ਮਾਤਰ ਦੇ ਪ੍ਰਤੀ ਪ੍ਰੇਮ ਅਤੇ ਪ੍ਰਭੂ ਦੇ ਪ੍ਰਤੀ ਅਟੁੱਟ ਵਿਸ਼ਵਾਸ ਦੀ ਅਟੁੱਟ ਮਾਲਾਵਾਂ ਵਿਚ ਬੰਨ੍ਹ ਕੇ ਸੰਗਠਿਤ ਕੀਤਾ। ਇਸ ਸਮੇਂ ਦੇ ਪ੍ਰਮੁੱਖ ਨੇਤਾ ਤੁਕਾਰਾਮ[1] ਰਾਮਦਾਸ ਵਾਮਨ ਪੰਡਿਤ ਅਤੇ ਇਕਨਾਥ[2] ਹਨ। ਰਾਮਦਾਸ ਸ਼ਿਵਾਜੀ ਦੇ ਗੁਰੂ ਸਨ ਅਤੇ ਉਨ੍ਹਾਂ ਦਾ ਸ਼ਿਵਾਜੀ ਅਤੇ ਹੋਰ ਦੇਸ਼ਵਾਸੀਆਂ ਉਤੇ ਬਹੁਤ ਭਾਰੀ ਪ੍ਰਭਾਵ ਸੀ। ਸਮਾਜ-ਸੁਧਾਰ ਦੇ ਕੰਮਾਂ ਵਿਚ ਉਹ ਅੱਗੇ ਸਨ। ਰਾਮਦਾਸ ਨੇ ਅਪਣੀ ਪੁਸਤਕ "ਦਾਸ-ਬੋਧ" ਵਿਚ ਕਰਮਯੋਗ ਦੀ ਸਿੱਖਿਆ ਦਿੱਤੀ ਹੈ। ਉਹ ਕੇਵਲ ਧਰਮਗੁਰੂ ਹੀ ਨਹੀਂ ਇਸ ਦੇ ਇਲਾਵਾਂ ਇੱਕ ਰਾਸ਼ਟਰ ਨਿਰਮਾਤਾ ਵੀ ਸਨ।[3] ਭਗਤੀ ਅੰਦੋਲਨ ਦਾ ਪ੍ਰਭਾਵ ਸ੍ਰੀ ਰਾਨਾਡੇ ਨੇ ਇਨ੍ਹਾਂ ਸ਼ਬਦਾਂ ਵਿਚ ਵਰਣਨ ਕੀਤਾ ਹੈ - "ਸੋਲ੍ਹਵੀ ਸਦੀ ਵਿਚ ਯੁਰੋਪ ਵਿਚ ਜਿਸ ਤਰ੍ਹਾਂ ਪ੍ਰੋਟੇਸਟੇਟ ਸੁਧਾਰਵਾਦ ਦੀ ਲਹਿਰ ਚਲੀ, ਉਸੀ ਤਰ੍ਹਾਂ ਭਾਰਤਵਰਸ਼ ਵਿਚ ਖਾਸ ਤੌਰ ਤੇ ਦੱਖਣ ਵਿਚ 15ਵੀਂ 16ਵੀਂ ਸਦੀ ਵਿਚ ਧਾਰਮਕ, ਸਮਾਜਕ ਅਤੇ ਸਾਹਿਤਕ ਸੁਧਾਰਵਾਦ ਨੇ ਜ਼ੋਰ ਪਕੜਿਆ। ਇਹ ਧਾਰਮਿਕ ਅੰਦੋਲਨ ਕੱਟੜ ਬ੍ਰਾਹਮਣ ਪੰਥੀ ਨਹੀਂ ਪਰ ਫਿਰ ਵੀ ਪ੍ਰਗਤੀ ਵਾਦੀ ਸੀ। ਇਸ ਵਿਚ ਪੂਜਾ ਪਾਠ ਦੀ ਵਿਧੀ ਅਤੇ ਜਨਮ ਦੇ ਆਧਾਰ ਉਤੇ ਵਰਣ-ਵਿਵਸਥਾ ਦਾ ਵਿਰੋਧ ਸੀ ਅਤੇ ਚਰਿੱਤ੍ਰਿਕ ਪਵਿੱਤਰਤਾ, ਮਾਨਵ ਪ੍ਰੇਮ ਪਰ-ਉਪਕਾਰ ਆਦਿ ਗੁਣਾਂ ਦਾ ਸਮਰਥਣ ਸੀ। ਇਸ ਧਾਰਮਿਕ ਸੁਧਾਰਵਾਦ ਦੇ ਨੇਤਾ ਸੰਤ, ਯੋਗੀ, ਕਵੀ ਅਤੇ ਬਹੁਤ ਦਾਰਸ਼ਨਿਕ ਸਨ ਜਿਨ੍ਹਾਂ ਦਾ ਜਨਮ ਬ੍ਰਾਹਮਣਾਂ ਤੋਂ ਕਿਤੇ ਜ਼ਿਆਦਾ ਦਰਜੀ, ਤਰਖਾਣ, ਘੁਮਿਆਰ, ਮਾਲੀ, ਵਣਿਕ, ਨਾਈ ਆਦਿ ਨੀਚ ਸ਼੍ਰੇਣੀ ਦੀ ਜਾਤਾਂ ਤੋਂ ਹੋਇਆ ਸੀ।"



ਏਕ ਨਾਥ



ਤੁਕਾਰਾਮ



ਰਾਮਦਾਸ

1. ਤੁਕਾਰਾਮ ਕਹਿੰਦੇ ਸਨ ਕਿ "ਮੈਂ ਪ੍ਰਭੂ ਦਾ ਗੁਣਗਾਨ ਕਰਾਂਗਾ ਅਤੇ ਉਨ੍ਹਾਂ ਦੇ ਪ੍ਰਿਯ ਸੰਤਾਂ ਨੂੰ ਇਕੱਠਾ ਕਰਾਂਗਾ। ਮੈਂ ਅਮਾਵਸ ਨੂੰ ਵੀ ਰੁਆ ਦੇਵਾਂਗਾ। ਮੈਂ ਪ੍ਰਭੂ ਦਾ ਪਵਿੱਤਰ ਨਾਂ ਗਾਵਾਂਗਾ ਅਤੇ ਪ੍ਰੇਮ-ਮਸਤ ਹੋ ਕੇ ਤਾੜੀ ਵਜਾ-ਵਜਾ ਕੇ ਨੱਚਾਂਗਾ। ਮੈਂ ਤੁਹਾਡੇ ਲਈ ਭਵਸਾਗਰ ਤੋਂ ਪਾਰ ਉਤਰਨ ਦੀ ਰਾਹ ਦੇਖ ਲਈ ਹੈ। ਇੱਥਰ ਆਓ ! ਆਓ ਵੱਡੇ-ਛੋਟੇ, ਇਸਤਰੀ ਪੁਰਖ, ਆਉ ਬਿਨਾਂ ਸੋਚੇ ਅਤੇ ਚਿੰਤਾ ਕੀਤੇ ਆਉ। ਮੈਂ ਤੁਹਾਨੂੰ ਸੰਸਾਰ ਸਾਗਰ ਦੇ ਉਸ ਪਾਰ ਲੈ ਚੱਲਾਂਗਾ। ਮੈਨੂੰ ਪ੍ਰਭੂ ਵੱਲੋਂ ਤੁਹਾਨੂੰ ਉਸ ਪਾਰ ਲੈ ਜਾਣ ਦੇ ਆਦੇਸ਼ ਹੈ।" ਨਾਮਦੇਵ ਨੇ ਕਿਹਾ ਹੈ "ਜਨਤਾ ਜੰਗਲੀਆਂ ਦੇ ਅੱਤਿਆਚਾਰ ਤੋਂ ਦੁਖੀ ਹੋ ਕੇ ਪ੍ਰਭੂ ਦੇ ਗੀਤ ਗਾ ਰਹੀ ਹੈ ਜਿਸ ਨਾਲ ਉਨ੍ਹਾਂ ਦੀ ਮੁਕਤੀ ਹੋ ਜਾਵੇ।"

2. ਸ੍ਰੀ ਏਕਨਾਥ "ਜੇਕਰ ਸੰਸਕ੍ਰਿਤ ਦੇਵ ਭਾਸ਼ਾ ਹੈ ਤਾਂ ਕੀ ਮੇਰੀ ਮਾਂ ਬੋਲੀ (ਮਰਾਠੀ) ਅਸ਼ਿਸ਼ਟ ਭਾਸ਼ਾ ਹੈ।"

3. ਸ੍ਰੀ ਰਾਨਾਡੇ ਦੇ ਅਨੁਸਾਰ, ਸ੍ਰੀ ਰਾਮਦਾਰ ਜੀ ਨੇ ਜਨਤਾ ਦਾ ਧਿਆਨ ਕਰਤੱਵ ਪਾਲਣ ਅਤੇ ਪ੍ਰਭੂ ਭਗਤੀ ਦੇ ਵੱਲ ਜਿੰਨਾ ਆਕਰਸ਼ਤ ਕੀਤਾ ਗਿਆ ਉਨਾਂ ਕਿਸੀ ਹੋਰ ਸੰਤ ਨੇ ਨਹੀਂ ਕੀਤਾ। ਇਸ ਵਿਚ ਕੋਈ ਹੈਰਾਨੀ ਨਹੀਂ ਹੈ ਕਿ ਹੋਰ ਸੰਤਾਂ ਦੀ ਅਪੇਖਿਆ ਉਨ੍ਹਾਂ ਦੇ ਉਪਦੇਸ਼ਾ ਨੇ ਮਰਾਠਾ ਸਾਮਰਾਜ ਨੂੰ ਬਣਾਉਣ ਵਿਚ ਬਹੁਤ ਭਾਰੀ ਸਹਾਇਤਾ ਕੀਤੀ। ਉਨ੍ਹਾਂ ਨੇ ਲੋਕਾ ਨੂੰ ਇਹ ਪੁਕਾਰ ਕੀਤੀ ਕਿ ਧਰਮ ਸਥਾਨ ਅਪਵਿੱਤਰ ਹੋ ਗਏ ਹਨ ਬ੍ਰਾਹਮਣਾਂ ਦੇ ਵੰਸ਼ ਨਸ਼ਟ ਹੋ ਗਏ ਹਨ, ਸਾਰੀ ਧਰਤੀ ਹਾਹਾਕਾਰ ਕਰ ਰਹੀ ਹੈ ਅਤੇ ਧਰਮ ਛਿਪ ਗਿਆ ਹੈ ਇਸ ਲਈ ਮਹਾਰਾਸ਼ਟਰ ਨਿਵਾਸੀ, ਇਕੱਠੇ ਹੋ ਜਾਉ ਅਤੇ ਮਹਾਰਾਸ਼ਟਰ ਵਿਚ ਧਰਮ ਦੇ ਉਦਾਰ ਦੇ ਲਈ ਅਪਣੀ ਸਾਰੀ ਸ਼ਕਤੀ ਦੇ ਨਾਲ ਇੱਕਠੇ ਹੋ ਕੇ ਮਲੇਛਾਂ ਦਾ ਨਾਸ਼ ਕਰ ਦਿਓ।

ਨੋਟ

**ਸਵ-ਮੁਲਾਂਕਣ (Self Assessment)**

1. ਖਾਲੀ ਥਾਵਾਂ ਦੀ ਪੂਰਤੀ ਕਰੋ (Fill in the blanks):
   (i) ਭਾਰਤਵਰਸ਼ ਵਿਚ ਸ਼ਕਤੀ ਦੇ ਉਦੈ ਅਤੇ ਵਿਕਾਸ ਦਾ ਜ਼ਿਆਦਾਤਰ ਸ਼੍ਰੇ ............. ਨੂੰ ਜਾਂਦਾ ਹੈ।
   (ii) ਪਰਬਤੀ ਪ੍ਰਦੇਸ਼ ਦੇ ਕਾਰਣ ਹੀ ਮਰਾਠੇ ......... ਯੁੱਧ ਨੀਤੀ ਵਿਚ ਨਿਪੁੰਨ ਸਨ।
   (iii) ......... ਸ਼ਿਵਾਜੀ ਦੇ ਗੁਰੂ ਸਨ।
   (iv) ਰਾਮਦਾਸ ਨੇ ਅਪਣੀ ਪੁਸਤਕ ........... ਵਿਚ ਕਰਮਯੋਗ ਦੀ ਸਿੱਖਿਆ ਦਿੱਤੀ ਹੈ।
   (v) ਮਰਾਠੇ ਬਹੁਤ ਹੀ ਚੁਸਤ, ਮਿਹਨਤੀ, ਉੱਦਮੀ ਅਤੇ ............ ਸਨ।

## 14.3 ਸਾਹਿਤ ਅਤੇ ਭਾਸ਼ਾ (Literature and Language)

ਮਰਾਠਿਆਂ ਦੇ ਸਾਹਿਤ ਅਤੇ ਭਾਸ਼ਾ ਨੇ ਵੀ ਸੰਗਠਨ ਵਿਚ ਬਹੁਤ ਕੰਮ ਕੀਤਾ। ਸੰਤ ਤੁਕਾਰਾਮ ਦੇ ਪੱਦ ਬਿਨਾਂ ਭੇਦਭਾਵ ਦੇ ਸਭ ਸ਼੍ਰੇਣੀ ਦੇ ਲੋਕਾਂ ਵਿਚ ਗਾਏ ਜਾਂਦੇ ਸਨ ਅਤੇ ਇਸ ਤਰ੍ਹਾਂ ਧਾਰਮਿਕ ਗੀਤਾਂ ਦੇ ਕਾਰਨ ਲੋਕ ਇੱਕ ਦੂਜੇ ਦੇ ਨੇੜੇ ਆਏ। ਮਰਾਠੀ ਲਿੱਪੀ ਅਤੇ ਭਾਸ਼ਾ ਵਿਚ ਲਿਖੇ ਗਏ ਇਹ ਪੱਦ ਅਦ੍ਰਿਸ਼ ਰੂਪ ਨਾਲ ਸੰਗਠਨ ਵਿਚ ਸਹਾਇਕ ਰਹੇ। ਸ਼੍ਰੀ ਯਧੁਨਾਥ ਸਰਕਾਰ ਦੇ ਮਤ ਅਨੁਸਾਰ "ਸ਼ਿਵਾ ਜੀ ਦੁਆਰਾ ਕੀਤੇ ਗਏ ਰਾਜਨੀਤਿਕ ਸੰਗਠਨ ਦੇ ਪਹਿਲਾਂ ਹੀ ਸਤਾਰ੍ਹਵੀ ਸਦੀ ਵਿਚ ਮਹਾਰਾਸ਼ਟਰ ਵਿਚ ਇੱਕ ਭਾਸ਼ਾ, ਇਕ ਰੀਤੀ-ਰਿਵਾਜ ਅਤੇ ਇਕ ਹੀ ਤਰ੍ਹਾਂ ਦੇ ਜੀਵਨ ਦੇ ਸਮਾਜ ਦਾ ਨਿਰਮਾਣ ਹੋ ਚੁੱਕਾ ਸੀ। ਜਿਹੜੀ ਰਹੀ-ਸਹੀ ਕਮੀ ਸੀ ਉਹ ਸ਼ਿਵਾਜੀ ਅਤੇ ਉਨ੍ਹਾਂ ਦੇ ਪੁੱਤਰਾਂ ਦੇ ਦੇਹਲੀ ਦੇ ਆਕ੍ਰਮਣਕਾਰੀਆਂ ਨਾਲ ਸੰਘਰਸ਼ ਪੇਸ਼ਵਾਵਾਂ ਦੇ ਅੰਤਰਗਤ ਮਰਾਠਾ ਸਾਮਰਾਜ ਦੀ ਉੱਨਤੀ ਅਤੇ ਇਕ ਰਾਸ਼ਟਰੀ ਸਮਾਜ ਦੀ ਸਥਾਪਨਾ ਨੇ ਪੂਰੀ ਕਰ ਦਿੱਤੀ। ਇਸ ਤਰ੍ਹਾਂ ਇਕ ਕਬੀਲਾ ਜਾਂ ਵੱਖ-ਵੱਖ ਵਰਣਾਂ ਅਤੇ ਕਬੀਲਿਆਂ ਦੀ, ਅਠਾਰਵੀਂ ਸਦੀ ਦੇ ਅੰਤ ਤਕ ਮਰਾਠਿਆਂ ਦੀ ਸੰਸਕ੍ਰਿਤਕ ਅਤੇ ਰਾਜਨੀਤਿਕ ਰੂਪ ਨਾਲ, ਹਾਲਾਂਕਿ ਵਰਣ ਭੇਦ ਰਿਹਾ, ਇਕ ਸੰਗਠਤ ਜਾਤ ਦਾ ਨਿਰਮਾਣ ਹੋਇਆ। ਇਸ ਤਰ੍ਹਾਂ ਕਈ ਇਤਿਹਾਸਕ ਕਾਰਨਾਂ ਤੋਂ ਨਵੇਂ ਸਮਾਜ ਦਾ ਨਿਰਮਾਣ ਹੋਇਆ।"

ਸ਼ਿਵਾਜੀ ਦੇ ਪ੍ਰਾਦੁਰਭਾਵ ਦੇ ਪਹਿਲਾਂ ਹੀ ਮਰਾਠਾ ਸ਼ਾਸਨ ਅਤੇ ਯੁੱਧ-ਵਿੱਦਿਆ ਪ੍ਰਾਪਤ ਕਰ ਚੁੱਕੇ ਸਨ। 'ਇਹ ਸਿੱਖਿਆ ਮਰਾਠਿਆਂ ਦੇ ਦੱਖਣ ਦੇ ਮੁਸਲਮਾਨ ਰਾਜਾਂ ਵਿੱਚ ਮਿਲੀ। ਮਰਾਠੇ ਇਨ੍ਹਾਂ ਰਾਜਾਂ ਦੇ ਰਾਜ-ਕਰ ਵਿਭਾਗ ਵਿੱਚ ਨੌਕਰ ਸਨ ਅਤੇ ਕੁਝ ਮੁਸਲਮਾਨ ਸ਼ਾਸਕਾਂ ਦੇ ਮੰਤਰੀ ਵੀ। ਮੁਰਾਰ ਰਾਵ, ਮਦਨ ਪੰਡਿਤ ਅਤੇ "ਰਾਜ-ਰਾਏ" ਪਰਿਵਾਰ ਦੇ ਕਿੰਨੇ ਹੀ ਮੈਂਬਰ ਜਿਵੇਂ-ਤਿਵੇਂ ਗੋਲਕੁੰਡਾ ਦੀ ਰਿਆਸਤ ਦੇ ਦੀਵਾਨੇ ਅਤੇ ਮੰਤਰੀ ਰਹੇ। ਨਰਸੋ ਕਾਲੇ ਅਤੇ ਯਸ਼ੂ ਪੰਡਿਤ ਬੀਜਾਪੁਰ ਰਾਜ ਦੇ ਦਰਬਾਰੀਆਂ ਵਿੱਚੋਂ ਸਨ। ਬ੍ਰਾਹਮਣਾਂ ਨੂੰ ਅਹਿਮਦਨਗਰ ਦੇ ਸ਼ਾਸਕਾਂ ਨੇ ਰਾਜਪੂਤਾਂ ਦੇ ਪਦ 'ਤੇ ਨਿਯੁਕਤ ਕੀਤਾ ਸੀ। ਸਭ ਤੋਂ ਪਹਿਲਾਂ ਬਹਿਮਨੀ ਰਾਜ ਵਿੱਚ ਅਤੇ ਬਾਅਦ ਵਿੱਚ ਜਦੋਂ ਇਹ ਪੰਜ ਰਿਆਸਤਾਂ ਵਿੱਚ ਵੰਡਿਆ ਗਿਆ, ਮਰਾਠਿਆਂ ਨੂੰ ਸਿਲੇਦਾਰ ਅਤੇ ਬਲਗੀਰ ਆਦਿ ਪਦਾਂ 'ਤੇ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਸ਼ਾਸਤਰ ਅਤੇ ਸ਼ਾਸਨ ਵਿੱਚ ਜੋ ਸਿੱਖਿਆ ਮਰਾਠਿਆਂ ਨੇ ਪ੍ਰਾਪਤ ਕੀਤੀ ਉਸ ਨੇ ਮਰਾਠਿਆਂ ਨੂੰ ਸਿੱਖਿਆ, ਸ਼ਕਤੀਸ਼ਾਲੀ ਅਤੇ ਅਮੀਰ ਬਣਾਇਆ। ਇਹ ਇਕ ਇਤਿਹਾਸਕਾਰ ਤੱਥ ਹੈ ਕਿ ਜਹਾਂਗੀਰ ਅਤੇ ਸ਼ਾਹਜਹਾਂ ਦੇ ਸਮੇਂ ਵਿੱਚ ਅਹਿਮਦਨਗਰ ਅਤੇ ਬੀਜਾਪੁਰ ਰਾਜਾਂ ਦੇ ਰਾਜਨੀਤਿਕ ਦਾਅ-ਪੇਚਾਂ ਵਿੱਚ ਸ਼ਾਹਜੀ ਭੌਂਸਲੇ, ਮੁਰਾਰ ਰਾਵ ਅਤੇ ਜਗਦੇਵ ਆਦਿ ਜਗੀਰਦਾਰਾਂ ਦਾ ਬੜਾ ਮਹੱਤਵਪੂਰਨ ਹਿਸਾ ਸੀ। ਇਹ ਸੱਚ ਹੈ ਕਿ ਗੋਲਕੁੰਡਾ, ਬੀਦਰ ਅਤੇ ਬੀਜਾਪੁਰ ਦੇ ਨਾਮ ਮਾਤਰ ਦੇ ਮੁਸਲਮਾਨ ਸ਼ਾਸਕ ਵਿੱਚ ਰਾਜ ਅਤੇ ਸੈਨਾ ਦੋਨੋਂ ਹੀ ਵਿਭਾਗਾਂ ਵਿੱਚ ਮਰਾਠੇ ਪ੍ਰਸ਼ਾਸਕਾਂ ਅਤੇ ਮਰਾਠੇ ਸਰਦਾਰਾਂ 'ਤੇ ਨਿਰਭਰ ਸਨ। ਸਾਰੇ ਹੀ ਪਰਵਤੀ ਦੁਰਗ ਅਤੇ ਉਨ੍ਹਾਂ ਦਾ ਨਿਕਟਵਰਤੀ ਪ੍ਰਦੇਸ਼ ਮਰਾਠੇ ਜਗੀਰਦਾਰਾਂ ਦੇ ਹੱਥ ਵਿੱਚ ਸੀ ਅਤੇ ਉਹ ਕੇਵਲ ਨਾਮਾਤਰ ਨੂੰ ਹੀ ਇਨ੍ਹਾਂ ਮੁਸਲਮਾਨ ਨਵਾਬਾਂ ਦੇ ਸੇਵਕ ਸਨ।

*ਕੀ ਤੁਸੀਂ ਜਾਣਦੇ ਹੋ* ਸੰਤ ਤੁਕਾਰਾਮ ਦੇ ਪੱਦ ਮਰਾਠੀ ਲਿੱਪੀ ਅਤੇ ਭਾਸ਼ਾ ਵਿਚ ਲਿਖੇ ਗਏ ਹਨ।

## 14.4 ਸ਼ਿਵਾਜੀ ਦਾ ਸ਼ੁਰੂਆਤੀ ਜੀਵਨ ਅਤੇ ਸੰਘਰਸ਼ (Shivaji's Early Life and Struggle)

ਉਪੱਰ ਦਿੱਤੀ ਘਟਨਾਵਾਂ ਦੇ ਵਾਤਾਵਰਨ ਵਿਚ ਸ਼ਿਵਾਜੀ ਦਾ ਜਨਮ ਅਪ੍ਰੈਲ 1627 ਈ. ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਸਾਹ ਜੀ ਭੌਂਸਲਾ ਅਤੇ ਮਾਤਾ ਦਾ ਨਾਂ ਜੀਜਾਬਾਈ ਸੀ। ਸਾਹ ਜੀ ਭੌਂਸਲਾ ਦਾ ਅਹਮਦਨਗਰ ਅਤੇ ਬੀਜਾਪੁਰ ਦੇ ਰਾਜਨੀਤਿਕ

ਨੋਟ

ਸੰਘਰਸ਼ ਵਿਚ ਬਹੁਤ ਮਹੱਤਵਪੂਰਨ ਸਥਾਨ ਸੀ। ਜੀਜਾਬਾਈ ਦੇਵ ਗੀਰੀ ਦੇ ਯਾਦਵ ਰਾਜ ਪਰਿਵਾਰ ਦੇ ਮਹਾਨ ਸ਼ਕਤੀਸ਼ਾਲੀ ਜਾਗੀਰਦਾਰ ਯਾਦਵਰਾਵ ਦੀ ਪੁੱਤਰੀ ਸੀ। ਸ਼ਿਵਾਜੀ ਮਾਤਾ ਪੱਖ ਅਤੇ ਪਿਤਾ ਪੱਖ ਦੋਵਾਂ ਹੀ ਵੱਲੋਂ ਉੱਚ ਪਰਿਵਾਰ ਨਾਲ ਸੰਬੰਧਤ ਸਨ। ਉਨ੍ਹਾਂ ਦੀ ਮਾਤਾ ਦਾ ਸ਼ਿਵਾਜੀ ਉਤੇ ਬਹੁਤ ਪ੍ਰਭਾਵ ਸੀ। ਉਹ ਸੁਭਾਅ ਤੋਂ ਬਹੁਤ ਹੀ ਧਾਰਮਕ ਸੀ ਅਤੇ ਅਪਣੇ ਪੁੱਤਰ ਦੇ ਚਰਿੱਤਰ ਨਿਰਮਾਣ ਵਿਚ ਬਹੁਤ ਹੀ ਮਹੱਤਵਪੂਰਨ ਹੱਥ ਸੀ। ਉਹ ਆਪਣੇ ਪੁੱਤਰ ਨੂੰ ਬਚਪਣ ਤੋਂ ਹੀ ਰਾਮਾਇਣ, ਮਹਾਭਾਰਤ ਅਤੇ ਹੋਰ ਪੁਰਾਣੇ ਕਾਲ ਦੇ ਹਿੰਦੂ ਵੀਰਾਂ ਦੀਆਂ ਕਥਾ ਕਹਾਣੀਆਂ ਸੁਣਾਇਆ ਕਰਦੀ। ਅਪਣੇ ਜੀਵਨ ਅਤੇ ਸਿੱਖਿਆਵਾਂ ਦੁਆਰਾ ਉਨ੍ਹਾਂ ਨੇ ਅਪਣੇ ਪ੍ਰਤਾਪੀ ਪੁੱਤਰ ਨੂੰ ਹਿੰਦੂਆਂ ਦੀਆਂ ਤਿੰਨ ਪਰਮ ਪਵਿੱਤਰ ਵਸਤੂਆਂ ਬ੍ਰਾਹਮਣ, ਗਾਂ ਅਤੇ ਜਾਤ ਦੀ ਰੱਖਿਆ ਲਈ ਪ੍ਰੇਰਿਤ ਕੀਤਾ। ਸ਼੍ਰੀ ਰਾਨਾਡੇ ਦੇ ਮਤ-ਅਨੁਸਾਰ "ਜੇਕਰ ਕਿਸੀ ਵੀ ਮਹਾਪੁਰਖ ਦੀ ਉੱਨਤੀ ਦਾ ਸ਼੍ਰੇ ਉਸਦੀ ਮਾਤਾ ਦੀ ਸਿੱਖਿਆ ਨੂੰ ਦਿੱਤਾ ਜਾ ਸਕਦਾ ਹੈ ਤਾਂ ਜੀਜਾਬਾਈ ਦਾ ਸ਼ਿਵਾਜੀ ਦੇ ਜੀਵਨ ਉਤੇ ਸਰਵਉੱਤਮ ਪ੍ਰਭਾਵ ਸੀ। ਉਹ ਸ਼ਿਵਾਜੀ ਦੀ ਸ਼ਕਤੀ ਦਾ ਮੁਖ ਸੋਮਾ ਸੀ।" [੧]



ਸ਼ਾਹ ਜੀ, ਸ਼ਿਵਾਜੀ ਦੇ ਪਿਤਾ

ਦਾਦਾ ਜੀ ਕੌਣ ਦੇਵ ਦਾ ਵੀ ਸ਼ਿਵਾਜੀ ਦੇ ਜੀਵਨ 'ਤੇ ਬੜਾ ਪ੍ਰਭਾਵ ਸੀ। ਉਹ ਸ਼ਿਵਾਜੀ ਦੇ ਪਿਤਾ ਦੀ ਪੂਨਾ ਦੀ ਜਗੀਰ ਦੇ ਪ੍ਰਸ਼ਾਸਕ ਸਨ ਅਤੇ ਸ਼ਿਵਾਜੀ ਨੂੰ ਆਪਣੇ ਪੁੱਤਰ ਦੇ ਬਰਾਬਰ ਮੰਨਦੇ ਸਨ। ਉਨ੍ਹਾਂ ਨੇ ਹੀ ਸ਼ਿਵਾਜੀ ਨੂੰ ਘੋੜ ਸਵਾਰੀ ਚਲਾਉਣ ਦੀ ਸਿੱਖਿਆ ਦਿੱਤੀ ਅਤੇ ਸ਼ਾਸਨ ਗਿਆਨ ਵੀ ਸ਼ਿਵਾਜੀ ਨੇ ਇਨ੍ਹਾਂ ਤੋਂ ਹੀ ਪ੍ਰਾਪਤ ਕੀਤਾ।

ਰਾਮਦਾਸ ਅਤੇ ਤੁਕਾਰਾਮ ਦੋਵਾਂ ਦਾ ਹੀ ਸ਼ਿਵਾਜੀ ਦੇ ਜੀਵਨ ਉਤੇ ਪ੍ਰਭਾਵ ਸੀ। ਰਾਮਦਾਸ ਨੂੰ ਤਾਂ ਸ਼ਿਵਾਜੀ ਅਪਣਾ ਧਰਮ ਗੁਰੂ ਅਤੇ ਨੇਤਾ ਮੰਨਦੇ ਸਨ। ਰਾਮਦਾਸ ਨੇ ਜਿਹੜੇ ਪਵਿੱਤਰ ਗੁਰੂ-ਮੰਤਰ ਦੀ ਸ਼ਿਵਾਜੀ ਦੇ ਕੰਨਾਂ ਵਿਚ ਫੂਕ ਮਾਰੀ ਉਹ ਦੇਸ਼ ਅਤੇ ਜਾਤ ਪ੍ਰੇਮ ਹੀ ਸੀ "ਜਨਨੀ ਜਨਮਭੂਮੀਸਚ ਸਵਰਗਦਪਿ ਗ੍ਰੀਯਸੀ" ਦਵੇਗਾ ਬ੍ਰਾਹਮਣ ਰਖਵਾਲੀ ਦੇ ਪਾਤਰ ਹਨ। ਇਸ ਸਮੇਂ ਧਰਮ ਦਾ ਨਾਸ਼ ਹੋ ਰਿਹਾ ਹੈ ਅਤੇ ਦੇਸ਼ਵਾਸੀਆਂ ਦਾ ਜੀਵਨ ਮ੍ਰਿਤੂ ਤੋਂ ਵੀ ਵੱਧ ਦੁਖਦਾਈ ਹੈ। ਐਸੇ ਮੁਸਕਿਲ ਸਮੇਂ ਵਿਚ ਪਰਮੇਸ਼ਵਰ ਨੇ ਤੁਹਾਨੂੰ ਪੈਦਾ ਕੀਤਾ ਹੈ, ਉੱਠੋ, ਸਾਰੇ ਮਹਾਰਾਸ਼ਟਰ ਨੂੰ ਇਕ ਕਰੋ ਅਤੇ ਧਰਮ ਨੂੰ ਮੁੜ ਜੀਵਤ ਕਰੋ ਵਰਨਾ ਸਾਡੇ ਪੂਰਵਜ ਸੁਰਗ ਤੋਂ ਸਾਨੂੰ ਲੋਕਾਂ ਨੂੰ ਫਿਟਕਾਰਨਗੇ।

ਇਸ ਤਰ੍ਹਾਂ ਦੀ ਸਿੱਖਿਆ-ਸੰਸਕਾਰ ਉਨ੍ਹਾਂ ਨੂੰ ਮਿਲੇ ਅਤੇ ਇਸ ਤਰ੍ਹਾਂ ਦੇ ਵਾਤਾਵਰਨ ਵਿਚ ਸ਼ਿਵਾਜੀ ਨੇ ਅਪਣੇ ਜੀਵਨ ਖੇਤਰ ਵਿਚ ਸ਼ੁਰੂਆਤ ਕੀਤੀ। ਜਵਾਨ ਉਮਰ ਵਿਚ ਹੀ ਸ਼ਿਵਾਜੀ ਪੂਨਾ ਦੇ ਨੇੜੇ ਪਰਬਤੀ ਪ੍ਰਦੇਸ਼ ਨਾਲ ਚੰਗੀ ਤਰ੍ਹਾਂ ਜਾਣੂ ਹੋ ਗਏ। ਇਨ੍ਹਾਂ ਦੀ ਮਿੱਤਰਤਾ ਅੱਗੇ ਜਾ ਕੇ ਸ਼ਿਵਾਜੀ ਨੂੰ ਬਹੁਤ ਲਾਭਦਾਇਕ ਸਿੱਧ ਹੋਈ ਅਤੇ ਇਨ੍ਹਾਂ ਲੋਕਾਂ ਤੋਂ ਸ਼ਿਵਾਜੀ ਨੂੰ ਅਭਿਆਸੀ ਸੈਨਿਕ ਸੈਨਾ ਦੇ ਲਈ ਪ੍ਰਾਪਤ ਹੋਏ। ਮਾਲਵੇ ਬਹਾਦੁਰ ਅਤੇ ਕਠੋਰ ਮਿਹਨਤੀ ਸਨ ਅਤੇ ਇਸ ਪ੍ਰਦੇਸ਼ ਦੇ ਕੋਨੇ ਕੋਨੇ ਤੋਂ ਜਾਣੂ ਸਨ। ਬੀਜਾਪੁਰ ਅਤੇ ਮੁਗਲ ਸੈਨਾ ਨੇ ਜਦੋਂ ਜਦੋਂ ਵੀ ਇਨ੍ਹਾਂ ਦਾ ਪਿੱਛਾ ਕੀਤਾ ਇਨ੍ਹਾਂ ਦੇ ਭੌਗੋਲਿਕ ਗਿਆਨ ਨੇ ਇਨ੍ਹਾਂ ਦੀ ਬਹੁਤ ਸਹਾਇਤਾ ਕੀਤੀ।

*ਟਾਸਕ* ਸ਼ਿਵਾਜੀ ਦੇ ਜੀਵਨ ਉਤੇ ਕਿਨ੍ਹਾਂ ਦਾ ਪ੍ਰਭਾਵ ਪਿਆ ਸੀ ?

**ਜਿੱਤ ਅਭਿਯਾਨ** (Conquests)—ਸ਼ਿਵਾ ਜੀ ਨੇ ਜਿੱਤ ਅਤੇ ਪ੍ਰਗਤੀ ਦਾ ਜੀਵਨ 19 ਸਾਲ ਦੀ ਛੋਟੀ ਜਿਹੀ ਉਮਰ ਤੋਂ ਸ਼ੁਰੂ ਕੀਤਾ। ਰਾਵਲਿਨਸਨ ਦੇ ਮਤ-ਅਨੁਸਾਰ "ਇਸ ਵਿਚ ਥੋੜਾ ਵੀ ਸ਼ੱਕ ਨਹੀਂ ਕਿ ਸ਼ਿਵਾਜੀ ਦਾ ਯੋਧਿਕ ਜੀਵਨ ਲੁੱਟਮਾਰ ਦੀ ਇੱਛਾ ਤੋਂ ਪ੍ਰੇਰਿਤ ਨਹੀਂ ਹੋਇਆ ਇਸ ਦੇ ਇਲਾਵਾ ਅਪਣੇ ਦੇਸ਼ ਨੂੰ ਜਿਸ ਨੂੰ ਉਹ ਵਿਦੇਸ਼ੀ ਹਮਲਾਵਰਾਂ ਨਾਲ ਕਮਜੋਰ ਦੇਸ਼ ਮੰਨਦੇ ਸਨ,

1. ਡਾ. ਬੇਨੀ ਪ੍ਰਸਾਦਿ ਦਾ ਮਤ ਹੈ ਕਿ ਮੁਗਲਾਂ ਦੇ ਦੱਖਣ ਅਭਿਯਾਨ ਦਾ ਪ੍ਰਮੁੱਖ ਮਹੱਤਵ ਇਹ ਹੈ ਕਿ ਆਕ੍ਰਮਣ ਤੋਂ ਮਰਾਠਿਆਂ ਨੂੰ ਯੁੱਧ ਸਿੱਖਿਆ ਪ੍ਰਾਪਤ ਕਰਨ ਦਾ ਅਤੇ ਰਾਜਨੀਤਿਕ ਪ੍ਰਭਾਵ ਜਮਾਉਣ ਦਾ ਅਚੂਕ ਮੌਕਾ ਪ੍ਰਾਪਤ ਹੋਇਆ। ਮਲਿਕ ਅੰਬਰ, ਜਿਹੜੀ ਸ਼ਿਵਾਜੀ ਦੀ ਤਰ੍ਹਾਂ ਛਾਪਾਮਾਰ ਯੁੱਧ ਕਰਨ ਵਿਚ ਨਿਪੁੰਨ ਸੀ, ਮਰਾਠਾ ਜਾਤ ਦਾ ਮੁੱਖ ਨਿਰਮਾਣ ਕਰਤਾ ਮੰਨਿਆ ਜਾ ਸਕਦਾ ਹੈ। ਹਾਲਾਂਕਿ ਉਸ ਦਾ ਮੁੱਖ ਮਕਸਦ ਅਪਣੇ ਸਵਾਮੀ ਦੀ ਸੁਆਰਥ ਸਿੱਧੀ ਸੀ ਫਿਰ ਵੀ ਅਦ੍ਰਿਸ਼ ਰੂਪ ਨਾਲ ਉਸਨੇ ਇਕ ਐਸੀ ਕਠੋਰ ਸ਼ਕਤੀ ਨੂੰ ਵਿਕਸਿਤ ਕੀਤਾ, ਜਿਸ ਨਾਲ ਉੱਤਰ ਭਾਰਤ ਦੇ ਸ਼ਾਸਕਾਂ ਦੁਆਰਾ ਦੱਖਣ ਵਿਚ ਕੀਤੀ ਗਈ ਤਬਾਹੀ ਦਾ ਪੂਰਾ-ਪੂਰਾ ਵਿਰੋਧ ਲੈਣ ਤੋਂ ਵੀ ਜ਼ਿਆਦਾ ਨੁਕਸਾਨ ਹੋਇਆ।

ਨੋਟ

ਸੁਤੰਤਰ ਕਰਾਉਣ ਦੀ ਸੱਚੀ ਭਾਵਨਾ ਤੋਂ ਹੋਇਆ।" ਸ਼੍ਰੀ ਯਦੁਨਾਥ ਦਾ ਮਤ ਹੈ "ਦੇਸ਼ ਨੂੰ ਸੁਤੰਤਰ ਕਰਾਉਣ ਦਾ ਕੰਮ ਸ਼ਿਵਾਜੀ ਦੇ ਲਈ ਨਿਸ਼ਚਿਤ ਰੂਪ ਨਾਲ ਬਹੁਤ ਹੀ ਕਠਿਨ ਸੀ ਪਰ ਪੂਰਾ ਹੋਣ ਉਤੇ ਜਿਹੜੇ ਲਾਭ ਇਸ ਨੂੰ ਹੋਣ ਵਾਲੇ ਸਨ, ਸੰਭਵ ਤੌਰ ਤੇ ਉਨ੍ਹਾਂ ਦੇ ਵਿਸ਼ੇ ਬਾਰੇ ਸ਼ਿਵਾਜੀ ਨੇ ਸੁਪਨੇ ਵਿਚ ਵੀ ਨਾਂ ਸੋਚਿਆ ਹੋਵੇਗਾ।"

1646 ਈ. ਵਿਚ ਸ਼ਿਵਾਜੀ ਨੇ ਬੀਜਾਪੁਰ ਰਿਆਸਤ ਵਿਚ ਮੱਚੀ ਗੜਬੜ ਤੋਂ ਲਾਭ ਚੁੱਕ ਕੇ ਤੋਰਣ ਦੇ ਕਿਲ੍ਹੇ ਉਤੇ ਅਧਿਕਾਰ ਕਰ ਲਿਆ। ਇਸ ਦੇ ਬਾਦ ਰਾਜ ਗੜ੍ਹ ਦੇ ਕਿਲ੍ਹੇ ਨੂੰ ਜਿੱਤ ਕੇ ਇਸ ਦੀ ਮੁਰੰਮਤ ਕਰਾਈ। ਆਪਣੇ ਸੰਭਾ ਜੀ ਮੋਹਤੇ ਤੋਂ ਸੂਪਾ ਦਾ ਕਿਲ੍ਹਾ ਜਿੱਤਿਆ ਅਤੇ ਦਾਦਾ ਜੀ ਕੋਣਦੇਵ ਦੇ ਦੇਹਾਂਤ ਦੇ ਬਾਦ ਉਨ੍ਹਾਂ ਨੇ ਅਪਣੇ ਪਿਤਾ ਦੀ ਸਾਰੀ ਜਾਗੀਰ ਉਤੇ ਅਧਿਕਾਰ ਕਰ ਲਿਆ। ਪੋਰਬੰਦਰ, ਬਾਰਾਮਤੀ ਇੰਦੂਪੁਰ ਅਤੇ ਕੋਡਾਣਾਂ ਦੇ ਕਿਲ੍ਹਿਆਂ ਨੂੰ ਵੀ ਜਿੱਤਿਆ।

ਇੰਨੀਆਂ ਜਿੱਤਾਂ ਪ੍ਰਾਪਤ ਕਰਨ ਤੋਂ ਬਾਦ ਸ਼ਿਵਾ ਜੀ ਦੀ ਆਕੜਪਣ ਬੀਜਾਪੁਰ ਦੇ ਨਵਾਬ ਤਕ ਪਹੁੰਚੀ ਅਤੇ ਉਸਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ। ਪਰ ਬੀਜਾਪੁਰ ਦੇ ਮੰਤਰੀਆਂ ਨੇ ਵਿਚਕਾਰ ਆ ਕੇ ਨਵਾਬ ਨੂੰ ਸਮਝਾਇਆ ਕਿ ਸ਼ਿਵਾ ਜੀ ਨੇ ਇਹ ਕਿਲ੍ਹੇ ਕੇਵਲ ਅਪਣੀ ਪਰਿਵਾਰਕ ਜਾਗੀਰ ਦੀ ਰੱਖਿਆ ਅਤੇ ਸੰਗਠਨ ਦੇ ਲਈ ਆਪਣੇ ਅਧਿਕਾਰ ਵਿਚ ਕੀਤੇ ਹਨ।

ਹੁਣ ਸ਼ਿਵਾਜੀ ਨੇ ਅਪਣਾ ਧਿਆਨ ਕੌਂਕਣ ਦੇ ਵੱਲ ਕੀਤਾ। ਇਸ ਪ੍ਰਦੇਸ਼ ਦੇ ਮੁੱਖ ਨਗਰ ਕਲਯਾਣ ਉਤੇ ਮਰਾਠਿਆਂ ਨੇ ਆਬ ਜੀ ਸੋਨਦਾਰ ਦੇ ਨੇਤਰਤਵ ਵਿਚ ਅਧਿਕਾਰ ਕਰ ਲਿਆ। ਜਲਦੀ ਬਾਦ ਆਬ ਜੀ ਕੋਲਾਬਾ ਜਿਲ੍ਹੇ ਦੇ ਦੱਖਣ ਪ੍ਰੇਦਸ਼ ਦੇ ਵੱਲ ਵਧ ਗਿਆ। ਸ਼ਿਵਾਜੀ ਦਾ ਕੰਮ ਬੀਜਾਪੁਰ ਦਰਬਾਰ ਨੂੰ ਅਖਰਾ ਅਤੇ ਉਨ੍ਹਾਂ ਦੇ ਦਮਨ ਦਾ ਨਿਰਣਾ ਕੀਤਾ ਗਿਆ। ਸ਼੍ਰੀ ਸਰਕਾਰ ਦਾ ਮਤ ਹੈ ਕਿ ਇਨ੍ਹਾਂ ਘਟਨਾਵਾਂ ਤੋਂ ਪਹਿਲਾਂ ਹੀ ਸ਼ਿਵਾਜੀ ਦੇ ਪਿਤਾ ਨੂੰ ਬੀਜਾਪੁਰ ਦਰਬਾਰ ਵਿਚ ਬੇਇੱਜਤ ਕਰਕੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਦੀ ਜਾਗੀਰ ਜ਼ਬਤ ਕਰ ਲਈ ਸੀ। ਉਨ੍ਹਾਂ ਨੂੰ ਬੰਦੀ ਵੀ ਬਣਾ ਲਿਆ ਗਿਆ ਸੀ। ਇਸ ਕਾਰਣ ਇਹ ਕਿਹਾ ਜਾਂਦਾ ਹੈ ਜਿੰਜੀ ਦੇ ਘੇਰੇ ਦੇ ਸਮੇਂ ਸ਼ਾਹ ਜੀ ਨੇ ਬੀਜਾਪੁਰ ਦੇ ਸੈਨਾਪਤੀ ਮੁਸਤਫਾ ਖਾਂ ਦੀ ਆਗਿਆ ਦੀ ਉਲੰਘਨਾ ਕੀਤੀ ਸੀ। ਇਸ ਵਿਸ਼ੇ ਵਿਚ ਦੂਜਾ ਮਤ ਹੈ ਕਿ ਸ਼ਿਵਾਜੀ ਦੇ ਪਿਤਾ ਉਤੇ ਸ਼ਿਵਾਜੀ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਦੀ ਹਿੰਮਤ ਵਧਾਉਣ ਦਾ ਦੋਸ਼ ਲਗਾ ਕੇ ਬੰਦੀ ਬਣਾ ਲਿਆ ਗਿਆ ਸੀ।

ਸ਼ਿਵਾਜੀ ਆਪਣੇ ਪਿਤਾ ਦੇ ਜੀਵਨ ਨੂੰ ਸੰਕਟ ਵਿੱਚ ਪਾਉਣ ਵਾਲਾ ਕੋਈ ਵੀ ਕੰਮ ਨਹੀਂ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਛਾਪੇ ਮਾਰਨੇ ਬੰਦ ਕਰ ਦਿੱਤੇ। ਉਨ੍ਹਾਂ ਨੇ ਦੱਖਣ ਦੇ ਰਾਜਪਾਲ ਰਾਜ ਕੁਮਾਰ ਮੁਰਾਦ ਨਾਲ ਪੱਤਰ ਵਿਵਹਾਰ ਕਰਕੇ ਮੁਗਲ ਸੈਨਾ ਵਿੱਚ ਭਰਤੀ ਹੋਣ ਦੀ ਇੱਛਾ ਵੀ ਪ੍ਰਗਟ ਕੀਤੀ। ਸ਼ਿਵਾਜੀ ਦੀ ਇਸ ਰਾਜਨੀਤਿਕ ਚਾਲ ਨਾਲ ਬੀਜਾਪੁਰ ਸਰਕਾਰ ਡਰ ਗਈ ਅਤੇ ਉਨ੍ਹਾਂ ਦੇ ਪਿਤਾ ਨੂੰ ਛੱਡ ਦਿੱਤਾ ਗਿਆ। ਇਸ ਵਿੱਚ ਬੀਜਾਪੁਰ ਦੇ ਕੁਝ ਮੁਸਲਮਾਨ ਜਗੀਰਦਾਰਾਂ ਦਾ ਵੀ ਹੱਥ ਸੀ ਜਿਨ੍ਹਾਂ ਵਿੱਚ ਸ਼ਰਜਾ ਖਾਨ ਅਤੇ ਰਣਦੂਲਾ ਖਾਂ ਦੇ ਨਾਮ ਵਰਨਣ ਯੋਗ ਹਨ। ਸ਼ਾਹਜੀ ਸੰਨ 1649 ਈ. ਵਿੱਚ ਕੁਝ ਸ਼ਰਤਾਂ 'ਤੇ ਛੱਡ ਦਿੱਤੇ ਗਏ। ਸ਼ਰਤਾਂ 'ਤੇ ਛੱਡੇ ਜਾਣ ਦੇ ਕਾਰਨ ਸ਼ਿਵਾਜੀ ਨੂੰ 1649 ਈ. ਤੋਂ 1655 ਈ. ਤੱਕ ਚੁੱਪ ਚਾਪ ਬੈਠੇ ਰਹਿਣ ਪਿਆ ਪਰ ਇਸ 6 ਸਾਲ ਦੇ ਸਮੇਂ ਵਿੱਚ ਸ਼ਿਵਾਜੀ ਨੇ ਆਪਣੀ ਸ਼ਕਤੀ ਨੂੰ ਖੂਬ ਵਧਾਇਆ ਅਤੇ ਆਪਣੇ ਸ਼ਾਸਨ ਨੂੰ ਸੁਧਾਰ ਲਿਆ।

**ਬੀਜਾਪੁਰ ਨਾਲ ਸੰਘਰਸ਼,** 1657–62 (Struggle with Bijapur, 1657-62)— ਬੀਜਾਪੁਰ ਦਾ ਨਵਾਬ ਮੋਹੰਮਦ ਆਦਿਲ ਨਵੰਬਰ 1656 ਈ. ਵਿਚ ਮਰ ਗਿਆ ਅਤੇ ਉਸ ਦਾ 18 ਸਾਲ ਦਾ ਪੁੱਤਰ ਗੱਦੀ ਉਤੇ ਬੈਠਿਆ। ਇਸ ਮੌਕੇ ਤੋਂ ਔਰੰਗਜੇਬ ਨੇ, ਜਿਹੜਾ ਉਸ ਸਮੇਂ ਦੱਖਣ ਦਾ ਰਾਜਪਾਲ ਸੀ, ਲਾਭ ਚੁੱਕਣਾ ਚਾਹਿਆ। ਮੀਰ ਜੁਮਲਾ ਦੀ ਸਹਾਇਤਾ ਨਾਲ ਉਸਨੇ ਬੀਦਰ ਕਲਯਾਨੀ ਅਤੇ ਪੁਰੰਦਰ ਦੇ ਕਿਲ੍ਹਿਆਂ ਉਤੇ 1657 ਈ. ਵਿਚ ਅਧਿਕਾਰ ਕਰ ਲਿਆ। ਬੀਜਾਪੁਰ ਦਰਬਾਰ ਨੇ ਔਰੰਗਜੇਬ ਨੂੰ ਕੁਝ ਜਿਲ੍ਹੇ ਅਤੇ ਯੁੱਧ ਦੇ ਹਰਜਾਨੇ ਸਰੂਪ ਇਕ ਵੱਡੀ ਧਨਰਾਸ਼ੀ ਦੇਣੀ ਸਵੀਕਾਰ ਕਰਕੇ ਸੰਧੀ ਕਰ ਲਈ। ਅਸਲ ਵਿਚ ਬੀਜਾਪੁਰ ਦੇ ਬਚਾਉ ਦਾ ਇਕ ਮੁੱਖ ਕਾਰਨ ਇਹ ਵੀ ਸੀ ਕਿ ਸਿਤੰਬਰ 1657 ਈ. ਵਿਚ ਸ਼ਾਹਜਹਾਂ ਦੀ ਬੀਮਾਰੀ ਦੀ ਸੂਚਨਾ ਸੁਣ ਕੇ ਔਰੰਗਜੇਬ ਨੂੰ ਮੁਗਲ ਸਿੰਘਾਸਨ ਦੇ ਲਈ ਅਪਣਾ ਧਿਆਨ ਉੱਤਰ ਭਾਰਤ ਦੇ ਵੱਲ ਕਰਨਾ ਪਿਆ।

**ਸ਼ਿਵਾਜੀ ਅਤੇ ਅਫਜ਼ਲ ਖਾਂ, (1659)** (Shivaji and Afzal Khan, 1659)– ਔਰੰਗਜ਼ੇਬ ਦੇ ਉਤਰ ਚਲੇ ਜਾਣ ਦੇ ਬਾਅਦ ਬੀਜਾਪੁਰ ਨੂੰ ਮੁਗਲਾਂ ਦਾ ਡਰ ਨਹੀਂ ਰਿਹਾ ਅਤੇ ਸ਼ਿਵਾਜੀ ਦੇ ਵਿਰੁੱਧ ਕਾਰਵਾਈ ਕਰਨ ਦੀ ਠਾਣੀ। ਅਫਜ਼ਲ ਖਾਂ ਦੀ ਅਗਵਾਈ ਵਿੱਚ ਇਕ ਵੱਡੀ ਸੈਨਾ ਇਕੱਠੀ ਕੀਤੀ ਅਤੇ ਸ਼ਿਵਾਜੀ ਨੂੰ ਜਿਉਂਦਾ ਜਾਂ ਮਰਿਆ ਹੋਇਆ ਲਿਆ ਕੇ ਪੇਸ਼ ਕਰਨ ਦੀ ਆਗਿਆ ਦਿੱਤੀ। ਅਫਜ਼ਲ ਖਾਂ ਨੇ ਵੀ 'ਪਹਾੜੀ ਚੂਹੇ' ਨੂੰ ਬੇੜੀਆਂ ਨਾਲ ਬੰਨ੍ਹ ਕੇ ਲਿਆਉਣ ਦੀ ਸ਼ੇਖੀ ਮਾਰੀ ਪਰ ਜਦੋਂ ਉਹ ਯੁੱਧ ਖੇਤਰ ਵਿੱਚ ਪਹੁੰਚਿਆ ਤਾਂ ਉਸ ਨੂੰ ਮਹਿਸੂਸ ਕਿ ਪਰਬਤੀ ਪ੍ਰਦੇਸ਼ ਵਿੱਚ ਯੁੱਧ ਕਰਨਾ ਬੜਾ ਔਖਾ ਕੰਮ ਹੈ। ਉਸ ਨੇ ਕ੍ਰਿਸ਼ਨਾ ਜੀ ਭਾਸਕਰ ਨੂੰ ਸ਼ਿਵਾਜੀ ਦੇ ਕੋਲ ਲਾਲਚ ਦੇਣ ਦੇ ਲਈ ਭੇਜਿਆ ਅਤੇ ਭੇਂਟ ਦੀ ਇੱਛਾ ਪ੍ਰਗਟ ਕੀਤੀ। ਜਿਸ ਸਮੇਂ ਸ਼ਿਵਾਜੀ ਨੂੰ ਅਫਜ਼ਲ ਖਾਂ ਦਾ ਪੱਤਰ ਮਿਲਿਆ ਸ਼ਿਵਾਜੀ ਬੜੀ ਸੋਚ ਵਿੱਚ ਪੈ ਗਏ। ਉਨ੍ਹਾਂ ਨੇ ਦੂਤ ਦੀ ਬੜੀ ਆਓ-ਭਗਤ ਕੀਤੀ ਅਤੇ ਰਾਤ ਦੇ ਸਮੇਂ ਉਸ ਨਾਲ ਭੇਂਟ ਕੀਤੀ। ਭੇਂਟ ਦੇ ਸਮੇਂ ਉਨ੍ਹਾਂ ਨੇ ਭਾਸਕਰ ਨੂੰ ਹਿੰਦੂ ਧਰਮ ਦੀ ਦੁਹਾਈ ਦੇ ਕੇ ਪੁੱਛਿਆ ਕਿ ਅਸਲ ਵਿੱਚ ਅਫਜ਼ਲ ਖਾਂ ਕੀ ਚਾਹੁੰਦਾ ਹੈ। ਕ੍ਰਿਸ਼ਨ ਜੀ ਨੇ ਕੁਝ ਜ਼ਿਆਦਾ ਨਾ ਕਹਿ ਕੇ ਕੇਵਲ ਇਨਾ ਹੀ ਸੰਕੇਤ ਕੀਤਾ ਕਿ ਅਫਜ਼ਲ ਖਾਂ ਦੀ ਨੀਯਤ ਕੁਝ ਚੰਗੀ

ਨੋਟ

ਨਹੀਂ ਹੈ। ਸ਼ਿਵਾਜੀ ਦੇ ਲਈ ਇੰਨਾ ਹੀ ਇਸ਼ਾਰਾ ਕਾਫੀ ਸੀ। ਉਹ ਚੌਕੰਨੇ ਹੋ ਗਏ ਅਤੇ ਸੈਨਾ ਨੂੰ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨ ਦੇ ਲਈ ਤਿਆਰ ਕਰ ਲਿਆ।

ਸ਼ਿਵਾਜੀ ਨੇ ਅਫਜਲ ਖਾਂ ਨਾਲ ਨਿਅਤ ਸਥਾਨ ਉੱਤੇ ਭੇਂਟ ਕੀਤੀ। ਅਫਜਲ ਖਾਂ ਨੇ ਸ਼ਿਵਾਜੀ ਨੂੰ ਅਤੇ ਅਚਾਨਕ ਆਪਣੀਆਂ ਬਾਹਾਂ ਵਿਚ ਕੱਸ ਕੇ ਜਕੜ ਲਿਆ। ਖੱਬੇ ਹੱਥ ਨਾਲ ਸ਼ਿਵਾਜ ਦਾ ਗਲਾ ਲੋਹੇ ਵਰਗੇ ਸ਼ਿਕੰਜੇ ਵਿਚ ਘੁੱਟ ਕੇ ਅਪਣੇ ਸੱਜੇ ਹੱਥ ਨਾਲ ਅਪਣੀ ਤਲਵਾਰ ਕੱਢ ਕੇ ਸ਼ਿਵਾਜੀ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ। ਸੁਭਾਗ ਵਸ਼ ਸ਼ਿਵਾਜੀ ਨੇ ਲੋਹੇ ਦਾ ਕੋਟ ਕੱਪੜਿਆਂ ਦੇਹੇਠਾਂ ਪਹਿਨਿਆ ਹੋਇਆ ਸੀ ਜਿਸ ਨਾਲ ਉਸ ਉੱਤੇ ਪ੍ਰਹਾਰ ਦਾ ਕੋਈ ਅਸਰ ਨਾ ਹੋਇਆ। ਹੁਣ ਸ਼ਿਵਾਜੀ ਦੀ ਵਾਰੀ ਸੀ, ਉਨ੍ਹਾਂ ਨੇ ਖੱਬੇ ਹੱਥ ਵਿਚ ਪਹਿਨੇ ਹੋਏ, 'ਬਘਨਖ' ਦੀ ਸੱਟ ਨਾਲ ਅਫਜਲ ਖਾਂ ਦੀ ਪਕੜ ਨੂੰ ਢਿੱਲੀ ਕਰਨ ਲਈ ਮਜਬੂਰ ਕੀਤਾ ਅਤੇ ਫਿਰ ਅਪਣੀ ਕਟਾਰ ਨਾਲ ਉਸਨੂੰ ਮਾਰ ਦਿੱਤਾ ਇਸ ਵਿਰੋਧ ਭਾਵਨਾ ਦੀ ਲੜਾਈ ਦਾ ਇਰਾਦਾ ਪਾਉਂਦੇ ਹੀ ਸ਼ਿਵਾਜੀ ਅਤੇ ਅਫਜਲ ਖਾਂ ਨੇ ਅੰਗ-ਰੱਖਿਅਕਾਂ ਵਿਚ ਆਪਸੀ ਮੁੱਠਭੇੜ ਹੋਈ। ਅਫਜਲ ਖਾਂ ਦੇ ਮਰਦੇ ਹੀ ਤਿਆਰ ਖੜ੍ਹੀ ਮਰਾਠੀ ਸੈਨਾ ਮੁਸਲਮਾਨ ਸੈਨਾ ਉੱਤੇ ਟੁੱਟ ਪਈ ਅਤੇ ਵੱਡੀ ਬੇਰਹਿਮੀ ਨਾਲ ਕਤਲੇਆਮ ਕੀਤਾ।



ਸ਼ਿਵਾਜੀ ਅਤੇ ਅਫਜਲ ਖਾਂ

ਬਹੁਤ ਵਾਰ ਇਹ ਪੁੱਛਿਆ ਜਾਂਦਾ ਹੈ ਕਿ ਸ਼ਿਵਾਜੀ ਦੁਆਰਾ ਅਫਜਲ ਖਾਂ ਦੀ ਹੱਤਿਆ ਕਿੱਥੇ ਤਕ ਨਿਆਂਯੁਕਤ ਸੀ ? ਖਫੀ ਖਾਂ ਦੇ ਅਨੁਸਾਰ ਸ਼ਿਵਾਜੀ ਖੜਯੰਤਰ ਅਤੇ ਧੋਖਾਦੇਹੀ ਦੇ ਦੋਸ਼ੀ ਹਨ ਅਤੇ ਗਰਾਟ ਡਫ ਦਾ ਵੀ ਇਹੋ ਮਤ ਹੈ ਪਰ ਆਧੁਨਿਕ ਅਨੁਸੰਧਾਨ ਨੇ ਇਹ ਸਿੱਧ ਕਰ ਦਿੱਤਾ ਕਿ ਸ਼ਿਵਾਜੀ ਜੋ ਕੁਝ ਵੀ ਕੀਤਾ ਹੈ ਉਹ ਆਤਮਰੱਖਿਆ ਦੇ ਕਾਰਨ ਹੀ ਕੀਤਾ, ਵਰਨਾ ਨਹੀਂ। ਇਹ ਮਤ ਅੰਗਰੇਜ਼ੀ ਫੈਕਟ੍ਰੀਆਂ ਦੇ ਪੁਰਾਣੇ ਰਿਕਾਰਡ ਉੱਤੇ ਆਧਾਰਤ ਹਨ। ਸ਼ਿਵਾਜੀ ਨੇ ਅਪਣੀ ਹੱਤਿਆ ਅਫਜਲ ਖਾਂ ਦੁਆਰਾ ਨਾਂ ਹੋਣ ਦੇਣ ਕਰਕੇ ਉਸਦੀ ਹੱਤਿਆ ਕਰ ਦਿੱਤੀ। ਕਿਸਨੇ ਇਸ ਵਿਰੋਧੀ ਲੜਾਈ ਵਿਚ ਪਹਿਲਾਂ ਸੱਟ ਮਾਰੀ ਇਹ ਵਿਸ਼ਾ ਵਿਵਾਦਗ੍ਰਸਤ ਹੈ। ਪਰ ਇਸ ਦਾ ਨਿਰਨਾ ਵੀ ਇਹ ਹੋਇਆ ਕਿ ਆਕ੍ਰਮਣ ਪਹਿਲੇ ਅਫਜਲ ਖਾਂ ਨੇ ਹੀ ਕੀਤਾ ਸੀ।

**ਨੋਟ**

ਸ੍ਰੀ ਯਧੁਨਾਥ ਸਰਕਾਰ ਦੇ ਮਤ ਅਨੁਸਾਰ "ਅਫਜਲ ਖਾਂ ਦੇ ਨਾਲ ਲੜਾਈ ਮਰਾਠੀਆਂ ਲਈ ਇਕ ਨਾਲ ਹੀ, ਮੰਦਰ ਭ੍ਰਸ਼ਟ ਕਰ ਵਾਲਿਆਂ ਦੇ ਵਿਰੁਧ ਧਰਮਯੁੱਧ, ਆਜਾਦੀ ਸੰਗ੍ਰਾਮ ਸੀ। ਉਨ੍ਹਾਂ ਦੇ ਲਈ ਤਾਂ ਅਫਜਲ ਖਾਂ ਮਨੁੱਖ ਅਤੇ ਈਸ਼ਵਰ ਦੀ ਨਜਰ ਅੰਦਾਜ ਕਰਨ ਵਾਲਾ ਭਿਆਨਕ ਵਿਸ਼ਵਾਸਘਾਤੀ ਪੁਰਖ ਦਾ ਅਵਤਾਰ ਸੀ।" ਮਹਾਰਾਸ਼ਟਰ ਦੇ ਪੁਰਾਣੇ ਇਤਿਹਾਸਕਾਰਾਂ ਨੂੰ ਇਸ ਘਟਨਾ ਵਿਚ ਥੋੜ੍ਹੀ ਵੀ ਹੱਤਿਆ ਦੀ ਗੰਧ ਨਹੀਂ ਮਿਲੀ ਹੈ। ਉਨ੍ਹਾਂ ਨੇ ਸ਼ਿਵਾਜੀ ਦੇ ਇਸ ਕੰਮ ਦੀ ਹੀ "ਦੂਰਦਰਸ਼ਿਤਾ ਪੂਰਨ ਸਾਹਸ ਫੁਰਤੀ ਦਾ ਕਹਿ ਕੇ ਸਰਾਹਨਾ ਕੀਤੀ ਹੈ, ਜਿਸ ਦੇ ਕਾਰਣ ਉਨ੍ਹਾਂ ਦੇ ਰਾਸ਼ਟਰੀ ਨੇਤਾ ਨੇ ਅਪਣੇ ਜੀਵਨ ਦੇ ਵਿਰੁੱਧ ਇਕ ਭਿਆਨਕ ਖੜਯੰਤਰ ਨੂੰ ਬੇਕਾਰ ਕਰ ਦਿੱਤਾ ਅਤੇ ਖੜਯੰਤਰਕਾਰੀ ਦਾ ਦਾਅ ਉਲਟਾ ਉਸ ਉਤੇ ਚਲਾ ਕੇ ਖੰਡਤ ਮੰਦਰਾਂ ਦਾ ਬਦਲਾ ਲਿਆ।"

ਅਫਜਲ ਖਾਂ ਦੀ ਅਸਫਲਤਾ ਦੇ ਪਰਿਣਾਮ ਸਰੂਪ ਸ਼ਿਵਾ ਜੀ ਨੇ ਪਨਹਾਲਾ ਦੇ ਦੱਖਣ ਦਾ ਪ੍ਰਦੇਸ਼ ਜਿੱਤ ਲਿਆ। ਬੀਜਾਪੁਰ ਰਾਜ ਨੇ ਇੱਕ ਹੋਰ ਸੈਨਾ ਸ਼ਿਵਾਜੀ ਦੇ ਦਮਨ ਦੇ ਲਈ ਭੇਜੀ ਪਰ ਉਸ ਦੀ ਵੀ ਉਹੋ ਦਸ਼ਾ ਹੋਈ ਇਸ ਤਰ੍ਹਾਂ ਸ਼ਿਵਾਜੀ ਅਪਣੀ ਸੈਨਾਵਾਂ ਨੂੰ ਬੀਜਾਪੁਰ ਦੀ ਸੀਮਾ ਉਤੇ ਲੈ ਜਾਣ ਵਿਚ ਸਮਰਥ ਹੋਏ। ਉਨ੍ਹਾਂ ਦੇ ਸੈਨਾਪਤੀਆਂ ਨੇ ਰਾਜਾਪੁਰ ਅਤੇ ਦਾਭਲ ਉਤੇ ਅਧਿਕਾਰ ਕਰ ਲਿਆ। ਤੀਜੀ ਵਾਰ ਫਿਰ ਸੈਨਾ ਭੇਜੀ ਗਈ ਪਰ ਉਸ ਦੀ ਵੀ ਉਹ ਹੀ ਦਸ਼ਾ ਹੋਈ। ਚੌਥੀ ਵਾਰ ਖੁਦ ਬੀਜਾਪੁਰ ਦੇ ਨਵਾਬ ਦੇ ਨੇਤਰਤਵ ਵਿਚ ਚੜ੍ਹਾਈ ਕੀਤੀ ਗਈ ਪਰ ਕੋਈ ਖਾਸ ਲਾਭ ਨਾ ਹੋਇਆ। ਇਕ ਸਾਲ ਤਕ ਲੜਾਈ ਚਲਦੀ ਰਹੀ ਅਤੇ ਅੰਤ ਵਿਚ ਬੀਜਾਪੁਰ ਸਰਕਾਰ ਨੂੰ ਸੰਧੀ ਦਾ ਪ੍ਰਸਤਾਵ ਰੱਖਣਾ ਪਿਆ। ਸ਼ਿਵਾਜੀ ਨੂੰ, ਜਿਹੜੇ ਪ੍ਰਦੇਸ਼ ਉਨ੍ਹਾਂ ਦੇ ਅਧਿਕਾਰ ਹੇਠਾਂ ਆ ਚੁੱਕੇ ਸਨ। ਉਨ੍ਹਾਂ ਨੂੰ ਦੇ ਦਿੱਤਾ ਗਿਆ ਅਤੇ ਇਸ ਤਰ੍ਹਾਂ ਲੜਾਈ ਬੰਦ ਹੋਈ।

| | |
|---|---|
| *ਕੀ ਤੁਸੀਂ ਜਾਣਦੇ ਹੋ* | ਸ਼ਿਵਾਜੀ ਨੂੰ 'ਪਹਾੜੀ ਚੂਹਾ' ਦੀ ਸੰਘਿਆ ਦਿੱਤੀ ਗਈ ਹੈ। |

**ਸ਼ਿਵਾਜੀ ਅਤੇ ਮੁਗਲ** (Shivaji and Mughals) – ਸ਼ਿਵਾਜੀ ਨੇ ਮੁਗਲਾਂ ਨੂੰ ਵੀ ਨਹੀਂ ਛੱਡਿਆ, ਅਤੇ ਉਨ੍ਹਾਂ ਦੇ ਹੇਠਾਂ ਖੇਤਰਾਂ ਉਤੇ ਆਕ੍ਰਮਣ ਕਰਨੇ ਸ਼ੁਰੂ ਕਰ ਦਿੱਤੇ। ਮੁਗਲ ਸਮਰਾਟ ਔਰੰਗਜੇਬ ਭਲਾ ਇਹ ਕਿਸ ਤਰ੍ਹਾਂ ਸਹਿਨ ਕਰ ਸਕਦਾ ਸੀ। 1660 ਈ. ਵਿਚ ਉਸਨੇ ਸਾਇਸਤਾ ਖਾਂ ਨੂੰ ਦੱਖਣ ਦਾ ਰਾਜਪਾਲ ਨਿਯੁਕਤ ਕੀਤਾ ਅਤੇ ਉਸਨੂੰ ਸ਼ਿਵਾਜੀ ਨੂੰ ਰੋਕਣ ਵਾਸਤੇ ਆਦੇਸ਼ ਦਿੱਤਾ ਗਿਆ। ਸਾਇਸਤਾ ਖਾਂ ਮਰਾਠੀਆਂ ਨੂੰ ਕੁਝ ਲੜਾਈਆਂ ਵਿਚ ਹਰਾ ਸਕਿਆ ਅਤੇ ਉਸਨੇ ਸ਼ਿਵਾਜੀ ਦੇ ਹੇਠਾਂ ਕੁਝ ਕਿਲ੍ਹੇ ਵੀ ਖੋਹ ਲਏ। ਪਰ ਮਰਾਠਿਆਂ ਨੇ ਮੁਗਲ ਸੈਨਿਕਾ ਦਾ ਜੀਣਾ ਮੁਸ਼ਕਿਲ ਕਰ ਦਿੱਤਾ। ਮੁਗਲਾਂ ਦੀ ਸਮਝ ਵਿਚ ਨਹੀਂ ਆਉਂਦਾ ਸੀ ਕਿ ਇਸ ਸ਼ੱਤਰੂ ਨਾਲ ਕਿਸ ਤਰ੍ਹਾਂ ਨਜਿੱਠਿਆ ਜਾਵੇ।



ਸਾਇਸਤਾ ਖਾਂ

ਤੰਗ ਆ ਕੇ ਸਾਇਸਤਾ ਖਾਂ ਨੇ ਵਰਖਾ ਰੁੱਤ ਪੂਨਾ ਵਿਚ ਗੁਜਾਰਨ ਦਾ ਫੈਸਲਾ ਕੀਤਾ। ਮੰਦ ਭਾਗ ਉਸ ਨੇ ਅਪਣਾ ਨਿਵਾਸ ਉਸ ਭਵਨ ਵਿਚ ਰੱਖਿਆ ਜਿੱਥੇ ਸ਼ਿਵਾ ਜੀ ਨੇ ਅਪਣਾ ਬਚਪਣ ਗੁਜਾਰਿਆ ਸੀ ਜਿਸ ਦੇ ਕੋਣੇ–ਕੋਣੇ ਨਾਲ ਉਹ ਜਾਣੂ ਸਨ। ਸ਼ਿਵਾਜੀ ਨੇ ਅਪਣੇ ਵੱਡੀ ਹੀ ਸਾਹਸਪੂਰਨਾ ਯੋਜਨਾ ਬਣਾਈ। ਅਪਣੇ ਚੁਣੇ ਹੋਏ 400 ਸਾਥੀਆਂ ਨਾਲ ਇਕ ਬਰਾਤ ਦੇ ਰੂਪ ਵਿਚ ਰਾਤ ਦੇ ਸਮੇਂ ਪੂਨਾ ਵਿੱਚ ਘੁੱਸੇ ਅਤੇ ਸਾਇਸਤਾ ਖਾਂ ਦੇ ਨਿਵਾਸ ਉਤੇ ਆਕ੍ਰਮਣ ਕਰਦਿੱਤਾ। ਸਾਇਸਤਾਂ ਖਾਂ ਉਸ ਸਮੇਂ ਗਹਿਰੀ ਨੀਂਦ ਵਿਚ ਸੌਂ ਰਿਹਾ ਸੀ। ਉਸਨੂੰ ਇਕ ਦਾਸੀ ਨੇ ਜਗਾਇਆ। ਇਸ ਤੋਂ ਪਹਿਲਾਂ ਕਿ ਉਹ ਵਾਰ ਕਰਦਾ ਸ਼ਿਵਾਜੀ ਨੇ ਉਸਦਾ ਅੰਗੂਠਾ ਕੱਟ ਦਿੱਤਾ। ਸਾਇਸਤਾ ਖਾਂ ਦੇ ਪੁੱਤਰ ਨੇ ਆਤਮ–ਸਮਰਪਣ ਕੀਤਾ ਪਰ ਮਾਰ ਦਿੱਤਾ ਗਿਆ। ਆਪਣਾ ਕੰਮ ਪੂਰਾ ਕਰਕੇ ਮਰਾਠੇ ਨੱਸ ਗਏ। ਇਹ ਘਟਨਾ ਅਪਰੈਲ 1663 ਈ. ਦੀ ਹੈ। ਇਹ ਆਕ੍ਰਮਣ ਪੂਰਨ ਸਫਲ ਹੋਇਆ ਅਤੇ ਇਸ ਨਾਲ ਸ਼ਿਵਾਜੀ ਦੀ ਇੱਜਤ ਹੋਰ ਵੀ ਵੱਧ ਗਈ। ਅਗਲੇ ਦਿਨ ਜਦੋਂ ਰਾਜਾ ਜਸਵੰਤ ਸਿੰਘ ਸਾਇਸਤਾ ਖਾਂ ਨੂੰ ਮਿਲਣ ਗਿਆ ਤਾਂ ਉਸਨੇ ਕਿਹਾ ਕਿ "ਮੈਂ ਤਾਂ ਸੋਚਦਾ ਸੀ ਕਿ ਮਹਾਰਾਜਾ ਰਾਤ ਨੂੰ ਮੇਰੀ ਰੱਖਿਆ ਕਰਦੇ ਹੋਏ ਲੜਾਈ ਵਿਚ ਕੰਮ ਆ ਗਏ ?" ਉਸਨੂੰ ਸ਼ੱਕ ਸੀ ਕਿ ਹਮਲੇ ਵਿਚ ਰਾਜਾ ਜਸਵੰਤ ਸਿੰਘ ਦਾ ਹੱਥ ਸੀ। ਔਰੰਗਜ਼ੇਬ ਇਸ ਘਟਨਾ ਨਾਲ ਇੰਨਾ ਬੇਚੈਨ ਹੋ ਗਿਆ ਕਿ ਉਸਨੇ ਦਿਸੰਬਰ 1663 ਈ. ਵਿਚ ਸਾਇਸਤਾ ਖਾਂ ਨੂੰ ਦੱਖਣ ਤੋਂ ਬੁਲਾ ਕੇ ਬੰਗਾਲ ਦਾ ਰਾਜਪਾਲ ਨਿਯੁਕਤ ਕੀਤਾ।

**ਸੂਰਤ ਉਤੇ ਆਕ੍ਰਮਣ**, 1664 (Attack on Surat, 1664)—ਸ਼ਿਵਾਜੀ ਨੇ ਅਪਣੇ 4000 ਚੁਣੇ ਹੋਏ ਸੈਨਿਕਾਂ ਨੂੰ ਲੈ ਕੇ ਸੂਰਤ ਉਤੇ ਆਕ੍ਰਮਣ ਕੀਤਾ। ਬਹੁਤ ਸਾਰਾ ਲੁੱਟ ਦਾ ਸਾਮਾਨ ਸ਼ਹਿਰ ਤੋਂ ਚੁੱਕ ਕੇ ਲਿਜਾਇਆ ਗਿਆ। ਅੰਗਰੇਜ਼ੀ ਅਤੇ ਡੱਚ ਫੈਕਟਰੀਆਂ ਅਪਣੀ ਸੁਰੱਖਿਆ ਕਰਨ ਦੇ ਕਾਰਣ ਬਚ ਗਈਆਂ।

ਨੋਟ

**ਜੈ ਸਿੰਘ ਅਤੇ ਸ਼ਿਵਾ ਜੀ** (Jai Singh and Shivaji)— ਜਿਸ ਸਮੇਂ ਸ਼ਹਿਜਾਦਾ ਮੁਅੱਜ਼ਮ ਦੱਖਣ ਦਾ ਰਾਜਪਾਲ ਸੀ ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਸ਼ਿਵਾਜੀ ਨਾਲ ਟੱਕਰ ਲੈਣ ਲਈ ਭੇਜਿਆ। ਮਾਰਚ 1665 ਈ. ਵਿਚ ਰਾਜਾ ਜੈ ਸਿੰਘ ਨੇ ਮਹਾਰਾਜਾ ਜਸਵੰਤ ਸਿੰਘ ਤੋਂ ਬਾਗਡੋਰ ਸੰਭਾਲੀ ਅਤੇ ਸ਼ਿਵਾ ਜੀ ਦੇ ਹੇਠਾਂ ਖੇਤਰ ਉਤੇ ਆਕ੍ਰਮਣ ਦੀ ਤਿਆਰੀਆਂ ਕਰਨ ਲੱਗਾ। ਸ਼ਿਵਾਜੀ ਬਾਰੇ ਪਾਸੇ ਤੋਂ ਘਿਰ ਗਏ ਅਤੇ ਉਨ੍ਹਾਂ ਦੀ ਰਾਜਧਾਨੀ ਵੀ ਸੰਕਟ ਵਿਚ ਪੈ ਗਈ। ਤੇਜੀ ਨਾਲ ਵਧਦੀ ਹੋਈ ਮੁਗਲ ਸੈਨਾ ਨੇ ਮਰਾਠਿਆਂ ਦੇ ਕਾਫੀ ਪਿੰਡ ਉਜਾੜ ਦਿੱਤੇ। ਇਸ ਕਠਿਨ ਸਮੇਂ ਵਿਚ ਸ਼ਿਵਾਜੀ ਨੇ ਰਾਜਾ ਜੈ ਸਿੰਘ ਨਾਲ ਸੰਧੀ ਕਰਨ ਦੀ ਸੋਚੀਅਤੇ ਜੂਨ 1665 ਈ. ਵਿਚ ਪੁਰੰਦਰ ਵਿਚ ਸੰਧੀ ਕਰ ਲਈ। ਇਸ ਸੰਧੀ ਦੇ ਅਨੁਸਾਰ ਸ਼ਿਵਾਜੀ ਨੇ 23 ਕਿਲ੍ਹੇ ਮੁਗਲਾਂ ਨੂੰ ਦੇ ਕੇ 12 ਕਿਲ੍ਹੇ ਆਪਣੇ ਅਧਿਕਾਰ ਵਿਚ ਰੱਖੇ। ਉਨ੍ਹਾਂ ਦੇ ਪੁੱਤਰ ਸੰਭਾ ਜੀ ਨੂੰ ਮੁਗਲ ਦਰਬਾਰ ਵਿਚ "ਮਨਸਬ ਪੰਜ ਹਜਾਰੀ" ਬਣਾ ਕੇ ਇਕ ਜਾਗੀਰ ਦਿੱਤੀ ਜਾਣੀ ਤੈਅ ਹੋਈ ਪਰ ਸ਼ਿਵਾ ਜੀ ਨੂੰ ਹੋਰ ਮਨਸਬਦਾਰਾਂ ਦੀ ਤਰ੍ਹਾਂ ਦਰਬਾਰ ਵਿਚ ਹਾਜਿਰ ਨਹੀਂ ਹੋਣਾ ਪਿਆ ਹਾਲਾਂਕਿ ਉਨ੍ਹਾਂ ਨੇ ਦੱਖਣ ਦੀ ਲੜਾਈਆਂ ਵਿਚ ਔਰੰਗਜ਼ੇਬ ਦੀ ਸਹਾਇਤਾ ਕਰਨੀ ਸਵੀਕਾਰ ਕੀਤੀ। ਸ਼ਿਵਾ ਜੀ ਨੇ ਇਸ ਸ਼ਰਤ ਉਤੇ ਕਿ "ਜੇਕਰ ਉਨ੍ਹਾਂ ਨੂੰ ਕੋਂਕਣ ਪ੍ਰਦੇਸ਼ ਦਾ ਕੁਝ ਹਿਸਾ ਜਿਸ ਦੀ ਆਮਦਨ ਲਗਭਗ 4 ਲੱਖ ਹੁਣ ਪ੍ਰਤੀ ਸਾਲ ਸੀ ਅਤੇ ਬਲਾਕ ਦਾ ਕੁਝ ਪ੍ਰਦੇਸ਼ ਜਿਸਦੀ ਸਾਲਾਨਾ ਆਮਦਨ 5 ਲੱਖ ਹੁਣ ਦੇ ਲਗਭਗ ਸੀ, ਦੇ ਦਿੱਤੀ ਜਾਵੇ ਤਾਂ ਉਹ ਔਰੰਗਜ਼ੇਬ ਦੀ 13 ਕਿਸ਼ਤਾਂ ਵਿਚ 40 ਲੱਖ ਹੁਣ 13 ਸਾਲਾਂ ਵਿਚ ਅਦਾ ਕਰਨਗੇ।" ਇਸ ਵਿਸ਼ੇ ਵਿਚ ਇਹ ਵੀ ਸਮਝੌਤਾ ਹੋਇਆ ਕਿ ਇਸ ਪ੍ਰਦੇਸ਼ ਉਤੇ ਸ਼ਿਵਾ ਜੀ ਅਪਣੀ ਸੈਨਾ ਦੁਆਰਾ ਹੀ ਅਧਿਕਾਰ ਕਰਨਗੇ। ਸ਼ਿਵਾ ਜੀ ਨੇ ਮੁਗਲਾਂ ਦੁਆਰਾ ਬੀਜਾਪੁਰ ਉਤੇ ਆਕ੍ਰਮਣ ਕੀਤੇ ਜਾਣ ਦੀ ਸਥਿਤੀ ਮੁਗਲਾਂ ਦੀ ਸਹਾਇਤਾ ਕਰਨਾ ਵੀ ਸਵੀਕਾਰ ਕੀਤਾ।

*ਨੋਟਸ* ਸ਼ਿਵਾਜੀ ਅਤੇ ਜੈ ਸਿੰਘ ਦੇ ਵਿੱਚ ਜੂਨ 1665 ਈ. ਵਿੱਚ ਪੁਰੰਦਰ ਦੀ ਸੰਧੀ ਹੋਈ।

ਪੁਰੰਦਰ ਦੀ ਸੰਧੀ ਰਾਜਾ ਜੈ ਸਿੰਘ ਦੀ ਵੱਡੀ ਭਾਰੀ ਜਿੱਤ ਸਮਝੀ ਗਈ। ਸ਼ਿਵਾ ਜੀ ਨੇ ਮੁਗਲਾਂ ਦੇ ਬੀਜਾਪੁਰ ਉਤੇ ਆਕ੍ਰਮਣ ਦੇ ਸਮੇਂ ਉਨ੍ਹਾਂ ਦੀ ਸਹਾਇਤਾ ਕੀਤੀ ਪਰ ਇਹ ਯੁੱਧ ਅਸਫਲ ਰਿਹਾ। ਜੈ ਸਿੰਘ ਨੇ ਕਿਸੀ ਤਰ੍ਹਾਂ ਸ਼ਿਵਾਜੀ ਨੂੰ ਮੁਗਲ ਦਰਬਾਰ ਵਿਚ ਹਾਜਿਰ ਹੋਣ ਲਈ ਰਾਜੀ ਕਰ ਲਿਆ। ਸ਼੍ਰੀ ਸਾਰ ਦੇਸਾਈ ਦਾ ਮਤ ਹੈ ਕਿ ਸ਼ਿਵਾਜੀ ਦਾ ਜੇਕਰ ਜਾਣ ਦਾ ਮੁੱਖ ਕਾਰਣ ਇਹ ਸੀ ਕਿ ਉਹ ਖੁਦ ਹੀ ਔਰੰਗਜ਼ੇਬ, ਉਸਦੇ ਦਰਬਾਰ ਅਤੇ ਉਸਦੀ ਸ਼ਕਤੀ ਦੇ ਸਾਧਨਾਂ ਦਾ ਗਿਆਨ ਪ੍ਰਾਪਤ ਕਰਨਾ ਚਾਹੁੰਦੇ ਸਨ। ਸ਼੍ਰੀ ਯਧੁਨਾਥ ਸਰਕਾਰ ਦੇ ਅਨੁਸਾਰ ਰਾਜਾ ਜੈ ਸਿੰਘ ਨੇ ਸ਼ਿਵਾਜੀ ਨੂੰ ਵੱਡੀ ਉੱਚ ਆਸ਼ਾਵਾਂ ਦੇ ਕੇ ਮੁਗਲ ਦਰਬਾਰ ਵਿਚ ਲੈ ਜਾਣ ਲਈ ਰਾਜੀ ਕੀਤਾ ਅਤੇ ਉਨ੍ਹਾਂ ਦੀ ਜੀਵਨ ਰੱਖਿਆ ਦੀ ਜ਼ਿੰਮੇਦਾਰੀ ਅਪਣੇ ਉਤੇ ਲਈ।

ਇਹ ਤਾਂ ਕਹਿਣਾ ਫਜ਼ੂਲ ਹੈ ਕਿ ਸ਼ਿਵਾਜੀ ਦਾ ਮੁਗਲਾਂ ਦੀ ਰਾਜਧਾਨੀ ਵਿਚ ਜਾਣਾ ਖਤਰਨਾਕ ਸੀ ਪਰ ਫਿਰ ਵੀ ਰਾਜਾ ਜੈ ਸਿੰਘ ਸ਼ਿਵਾਜੀ ਨੂੰ ਆਗਰਾ ਲਿਆਉਣ ਦੀ ਕੋਸ਼ਿਸ਼ ਵਿਚ ਸਫਲ ਹੋਏ।

ਸ਼ਿਵਾਜੀ ਅਤੇ ਉਨ੍ਹਾਂ ਦਾ ਪੁੱਤਰ ਸੰਭਾ ਜੀ ਮਈ 1666 ਈ. ਵਿਚ ਆਗਰਾ ਪਹੁੰਚੇ। ਪਰ ਜਿਸ ਸਵਾਗਤ ਦੀ ਉਨ੍ਹਾਂ ਨੂੰ ਆਸ ਸੀ ਉਹ ਉਨ੍ਹਾਂ ਨੂੰ ਨਹੀਂ ਮਿਲੀ। ਇਸ ਰੁੱਖੇ ਵਿਵਹਾਰ ਨਾਲ ਸ਼ਿਵਾਜੀ ਰੁੱਠ ਗਏ ਅਤੇ ਉਨ੍ਹਾਂ ਅਤੇ ਔਰੰਗਜ਼ੇਬ ਵਿਚ ਮੈਂ ਮੈਂ ਤੂ ਤੂ ਹੋ ਗਈ। ਇਸ ਤਰ੍ਹਾਂ ਸ਼ਿਵਾਜੀ ਨੂੰ ਆਪਣੀਆਂ ਉੱਚ ਇੱਛਾਵਾਂ ਦੀ ਪੂਰਤੀ ਦੇ ਸਿਵਾਏ ਵੱਡੀ ਨਿਰਾਸ਼ਾ ਹੋਈ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਕੈਦੀ ਸਮਝਿਆ। ਪਰ ਫਿਰ ਵੀ ਸ਼ਿਵਾ ਜੀ ਨੇ ਹੌਸਲਾ ਨਹੀਂ ਛੱਡਿਆ। ਉਹ ਆਗਰਾ ਤੋਂ ਨੱਸ ਨਿਕਲਣ ਦਾ ਬਹਾਨਾ ਲੱਭਣ ਲੱਗੇ। ਉਨ੍ਹਾਂ ਨੇ ਬੀਮਾਰੀ ਦਾ ਬਹਾਨਾ ਕੀਤਾ ਅਤੇ ਗਰੀਬ ਬ੍ਰਾਹਮਣਾਂ ਵਿਚ ਵੰਡਣ ਦੇ ਲਈ ਮਿਠਾਈ ਦੇ ਟੋਕਰੇ ਭੇਜਣੇ ਸ਼ੁਰੂ ਕਰ ਦਿੱਤੇ। ਕੁਝ ਸਮੇਂ ਤਕ ਤਾਂ ਪਹਿਰੇਦਾਰਾਂ ਨੇ ਟੋਕਰੀਆਂ ਦੀ ਤਲਾਸ਼ੀ ਲਈ ਪਰ ਬਾਦ ਵਿਚ ਇਹ ਦੇਖਭਾਲ ਰੋਜ ਦੇ ਕਾਰਜ ਕ੍ਰਮ ਨਾਜਲ ਢਿੱਲੀ ਕਰ ਦਿੱਤੀ ਗਈ। ਸ਼ਿਵਾਜੀ ਇਸ ਲਾਪਰਵਾਹੀ ਦਾ ਫਾਇਦਾ ਚੁੱਕ ਕੇ ਆਪਣੇ ਪੁੱਤਰ ਦੇ ਨਾਲ ਇਨ੍ਹਾਂ ਟੋਕਰਿਆਂ ਵਿਚ ਬੈਠ ਕੇ ਨੱਸ ਦੌੜੇ। ਵੱਡੇ ਹੀ ਟੇਢੇ-ਮੇਢੇ ਰਸਤੇ ਤੋਂ ਮੁੜ ਮਹਾਰਾਸ਼ਟਰ ਵਿਚ ਜਾ ਪੁੱਜੇ। ਸਾਰੇ ਮਹਾਰਾਸ਼ਟਰ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਇਹ ਇੱਕ ਦੈਵੀ ਦਾਤ ਅਤੇ ਨਾਟਕੀ ਢੰਗ ਤੋਂ ਪ੍ਰਾਪਤ ਹੋਈ ਸਾਰੇ ਰਾਸ਼ਟਰ ਦੀ ਮੁਕਤੀ ਸਮਝੀ ਜਾਣ ਲੱਗੀ। ਔਰੰਗਜ਼ੇਬ ਨੇ ਸ਼ਿਵਾ ਜੀ ਦੇ ਨੱਸ ਜਾਣ ਵਿਚ ਜੈ ਸਿੰਘ ਦਾ ਹੱਥ ਸਮਝਿਆ ਅਤੇ ਉਸਨੂੰ ਵਾਪਸ ਬੁਲਾ ਭੇਜਿਆ ਪਰ ਰਸਤੇ ਵਿਚ ਹੀ ਜੁਲਾਈ 1638 ਈ. ਵਿਚ ਉਸਦੀ ਮ੍ਰਿਤੂ ਹੋ ਗਈ।

ਮੁਗਲਾਂ ਵਿਚ ਹੁਣ ਇੰਨੀ ਸ਼ਕਤੀ ਨਹੀਂ ਰਹੀ ਕਿ ਉਹ ਸ਼ਿਵਾਜੀ ਨਾਲ ਨਜਿੱਠ ਸਕਣ। ਉਹ ਉਤਰ ਪੱਛਮ ਵਿਚ ਅਫਗਾਨਾਂ ਦੇ ਵਿਦਰੋਹ ਦੇ ਕਾਰਣ ਵਿਅਸਤ ਸਨ ਜਿਸਨੇ ਇਕ ਸਾਲ ਤੋਂ ਵੀ ਜ਼ਿਆਦਾ ਸਮੇਂ ਤਕ ਸਾਰੇ ਸਾਮਰਾਜ ਦੀ ਸ਼ਕਤੀ ਨੂੰ ਕੰਬਾ ਦਿੱਤਾ। ਸ਼ਹਿਜਾਦਾ ਮੁਅੱਜਮ ਵਿਲਾਸੀ ਅਤੇ ਸ਼ਕਤੀਹੀਣ ਸੀ ਅਤੇ ਰਾਜਾ ਜਸਵੰਤ ਸਿੰਘ ਸ਼ਿਵਾਜੀ ਦੇ ਪ੍ਰਤੀ ਮਿੱਤਰ ਭਾਵ ਰੱਖਦੇ ਸਨ। ਇਨ੍ਹਾਂ ਸਭ ਪਰਸਥਿਤੀਆਂ ਦੇ ਕਾਰਣ ਸ਼ਿਵਾਜੀ ਨੂੰ ਮੁਗਲਾਂ ਦੇ ਵੱਲ ਕੁਝ ਜ਼ਿਆਦਾ ਖਤਰਾ ਨਹੀਂ ਰਿਹਾ। 1668 ਈ. ਤੋਂ 1669 ਈ. ਦੇ ਸਮੇਂ ਵਿਚ ਸ਼ਿਵਾ ਜੀ ਅੰਤਰਕਿ ਸ਼ਾਸਨ ਨੂੰ ਸੁਗਠਤ ਕਰਨ ਵਿਚ ਰੁੱਝੇ ਰਹੇ। ਸ਼ਹਿਜਾਦਾ ਮੁਅੱਜਮ ਅਤੇ ਜਸਵੰਤ ਸਿੰਘ ਨੇ ਔਰੰਗਜ਼ੇਬ ਤੋਂ ਸ਼ਿਵਾਜੀ ਨੂੰ "ਰਾਜਾ" ਦੀ ਉਪਾਧੀ ਦੇਣ ਦੀ ਸਿਫਾਰਿਸ਼ ਕੀਤੀ। ਉਨ੍ਹਾਂ ਦਾ ਪੁੱਤਰ ਵੀ "ਮਨਸਬਦਾਰ ਪੰਜ ਹਜਾਰੀ" ਬਣਾ ਦਿੱਤਾ ਗਿਆ ਅਤੇ ਬਰਾਰ ਵਿਚ ਸ਼ਿਵਾ ਜੀ ਨੂੰ ਵੀ ਇੱਕ ਜਾਗੀਰ ਦਿੱਤੀ ਗਈ।

ਥੋੜੇ ਜਿਹੇ ਕਾਲ ਦੀ ਸ਼ਾਂਤੀ ਦੇ ਬਾਦ ਸਨ 1670 ਈ. ਵਿਚ ਸ਼ਿਵਾ ਜੀ ਅਤੇ ਮੁਗਲਾਂ ਦੇ ਵਿਚਕਾਰ ਫਿਰ ਲੜਾਈ ਸ਼ੁਰੂ ਹੋ ਗਈ। ਮੁਗਲ ਸੈਨਾ ਤੋਂ ਕੱਢ ਗਏ ਬਹੁਤ ਸਾਰੇ ਸੈਨਿਕ ਸ਼ਿਵਾ ਜੀ ਦੀ ਸੈਨਾ ਵਿਚ ਭਰਤੀ ਹੋ ਗਏ ਜਿਸਦੇ ਕਾਰਨ ਸ਼ਿਵਾਜੀ ਨੇ ਬਹੁਤ ਸਾਰੇ ਕਿਲ੍ਹਿਆਂ ਉਤੇ ਜਿਲ੍ਹਿਆ ਤੋਂ 'ਚੌਥ' ਦੇਣ ਦਾ ਵਾਅਦਾ ਕਰਾ ਲਿਆ। 1670 ਈ. ਵਿਚ ਦੂਜੀ ਵਾਰ ਫਿਰ ਸ਼ਿਵਾ ਜੀ ਨੇ ਸੂਰਤ ਨੂੰ ਲੁੱਟਿਆ ਅਤੇ 66 ਲੱਖ ਦਾ ਮਾਲ ਲੈ ਕੇ ਆਏ। 1672 ਈ. ਵਿਚ ਮਰਾਠਿਆਂ ਨੇ ਸੂਰਤ ਤੋਂ ਚੌਥੀ ਵਸੂਲ ਕੀਤੀ। 1670 ਈ. ਤੋਂ 1674 ਈ. ਦੇ ਸਮੇਂ ਵਿਚ ਮਰਾਠਿਆਂ ਨੂੰ ਸਭ ਜਗ੍ਹਾ ਜਿੱਤ ਪ੍ਰਾਪਤ ਹੋਈ। ਦੱਖਣ ਵਿਚ ਮੁਗਲ ਸੱਤਾ ਲੁਪਤ ਲਗਭਗ ਹੋ ਗਈ।[੧]

1674 ਈ. ਵਿਚ ਸ਼ਿਵਾਜੀ ਦੀ ਵੈਦਿਕ ਰੀਤੀ ਅਨੁਸਾਰ ਰਾਇਗੜ੍ਹ ਵਿਚ ਤਾਜ ਪੋਸ਼ੀ ਹੋਈ। ਉਹ ਸਾਰੇ ਮਹਾਰਾਸ਼ਟਰ ਦੇ ਇਕ ਛਤਰਪਤੀ ਘੋਸ਼ਿਤ ਹੋਏ ਅਤੇ ਇਕ ਨਵਾਂ ਸੰਵਤ ਵੀ ਚਲਾਇਆ ਗਿਆ। ਮੰਦ ਭਾਗ ਸ਼ਿਵਾ ਜੀ ਜ਼ਿਆਦਾ ਸਮੇਂ ਤਕ ਜੀਉਂਦੇ ਨਾ ਰਹੇ। ਵੁਨ੍ਹਾਂ ਦਾ ਰਾਜ ਕੇਵਲ ਛੇ ਸਾਲ ਹੀ ਰਿਹਾ। 1676 ਈ. ਵਿਚ ਸ਼ਿਵਾਜੀ ਨੇ ਦੱਖਣ–ਜਿੱਤ ਦੀ ਯੋਜਨਾ ਬਣਾਈ ਅਤੇ ਉਸਨੂੰ ਲਾਗੂ ਕਰਨ ਲੱਗੇ। 1680 ਈ. ਵਿਚ ਆਪਣੀ ਮ੍ਰਿਤੂ ਤੋਂ ਪਹਿਲਾਂ ਉਨ੍ਹਾਂ ਨੇ ਜਿੰਜੀ ਵੇਲੁਰ ਅਤੇ ਹੋਰ ਮਹੱਤਵਪੂਰਨ ਕਿਲ੍ਹੇ ਜਿੱਤੇ। ਜਿੰਜੀ ਉਤੇ ਆਕ੍ਰਮਣ ਸ਼ਿਵਾਜੀ ਦਾ ਸਭ ਤੋਂ ਮਹੱਤਵਪੂਰਨ ਅਭਿਆਨ ਕਿਹਾ ਜਾਂਦਾ ਹੈ।

ਸ਼ਿਵਾਜੀ ਦੀ ਮ੍ਰਿਤੂ ਦੇ ਸਮੇਂ ਉਨ੍ਹਾਂ ਦਾ ਸਾਮਰਾਜ ਪੱਛਮੀ ਘਾਟ ਤੋਂ ਲੈ ਕੇ ਕਲਯਾਣ ਅਤੇ ਗੋਵਾ ਦੇ ਵਿਚਕਾਰ ਦੇ ਕੋਂਕਣ ਪ੍ਰਦੇਸ਼ ਅਤੇ ਪਹਾੜੀ ਪ੍ਰਦੇਸ਼ ਦੇ ਕੁਝ ਪੂਰਬੀ ਜਿਲ੍ਹਿਆ ਤਕ ਫੈਲਿਆ ਹੋਇਆ ਸੀ। ਦੱਖਣ ਵਿਚ ਕਰਨਾਟਕ ਦੇ ਪੱਛਮ ਵਿਚ ਬੈਲਗਾਂਵ ਤੋਂ ਤੁੰਗਭਦਰਾ ਦੇ ਤਟ ਤਕ ਮਦਰਾਸ ਪ੍ਰੈਸੀਡੈਂਸੀ ਦੇ ਵਿਲਾਰੀ ਜਿਲ੍ਹੇ ਤਕ ਫੈਲਿਆ ਹੋਇਆ ਸੀ। ਵੈਲੁਰ ਅਤੇ ਜਿੰਜੀ ਅਤੇ ਕੁਝ ਹੋਰ ਜਿਲ੍ਹਿਆ ਦੇ ਰਾਜ ਦਾ ਅਧਿਕਾਰ ਉਨ੍ਹਾਂ ਦੇ ਮ੍ਰਿਤੂ ਦੇ ਸਮੇਂ ਤਕ ਪੂਰੀ ਤਰ੍ਹਾਂ ਉਨ੍ਹਾਂ ਦੇ ਹੱਥ ਵਿਚ ਨਹੀਂ ਆਇਆ ਸੀ।




1. ਸ੍ਰੀ ਯਧੁਨਾਥ ਸਰਕਾਰ ਕਹਿੰਦੇ ਹਨ ਕਿ ਕਿਸ ਇਸ ਆਕ੍ਰਮਣ ਵਿਚ ਜਿਹੜਾ ਸਾਹਸ ਅਤੇ ਚਾਲਾਕੀ ਮਰਾਠਾ ਵੀਰ ਨੇ ਦਿਖਾਈ ਉਸਦੇ ਪਰਿਣਾਮ ਸਰੂਪ ਸ਼ਿਵਾਜੀ ਦੀ ਇੱਜਤ ਬਹੁਤ ਜ਼ਿਆਦਾ ਵੱਧ ਗਈ। ਉਸਦੇ ਬਾਰੇ ਵਿਚ ਇਹ ਪ੍ਰਸਿੱਧ ਹੋ ਗਿਆ ਕਿ ਉਹ ਸ਼ੈਤਾਨ ਦਾ ਅਵਤਾਰ ਹੈ ਜਿਹੜਾ ਕਿਤੇ ਵੀ ਪਹੁੰਚ ਸਕਦਾ ਹੈ ਅਤੇ ਕੋਈ ਵੀ ਕੰਮ ਉਸਦੇ ਲਈ ਅਸੰਭਵ ਨਹੀਂ ਹੈ। ਸਾਰੇ ਦੇਸ਼ ਭਰ ਵਿਚ ਉਸਦੇ ਇਸ ਪ੍ਰਾਣੀ ਸਾਹਸ ਦੀ ਚਰਚਾ ਸੀ। ਸਮਰਾਟ ਦੇ ਦਰਬਾਰ ਵਿਚ ਉਸਦੇ ਮਾਮਾ ਅਤੇ ਦਰਬਾਰ ਦੇ "ਅਮੀਰ ਉਲ ਉਮਰਾ" ਦੀ ਐਸੀ ਬੁਰੀ ਦਸ਼ਾ ਦੇ ਕਾਰਣ ਵੱਡਾ ਦੁੱਖ ਅਤੇ ਛਾਪ ਫੈਲੀ ਹੋਈ ਸੀ।

ਨੋਟ

*ਕੀ ਤੁਸੀਂ ਜਾਣਦੇ ਹੋ* 1674 ਈ. ਵਿੱਚ ਸ਼ਿਵਾਜੀ ਦਾ ਵੈਦਿਕ ਰੀਤੀ-ਰਿਵਾਜ਼ ਦੇ ਅਨੁਸਾਰ ਰਾਏਗੜ ਵਿੱਚ ਰਾਜ-ਅਭਿਸ਼ੇਕ ਹੋਇਆ।

**ਸਵ-ਮੁਲਾਂਕਣ (Self Assessment)**

2. ਹੇਠ ਲਿਖੇ ਕਥਨਾਂ ਵਿਚ ਸੱਚ ਜਾਂ ਝੂਠ ਦੀ ਪਹਿਚਾਣ ਕਰੋ (State whether the following Statements are True or False)—

(i) ਮਰਾਠਿਆਂ ਦੇ ਸਾਹਿਤ ਅਤੇ ਭਾਸ਼ਾ ਨੇ ਵੀ ਸੰਗਠਨ ਵਿਚ ਵੱਡਾ ਕੰਮ ਕੀਤਾ।

(ii) ਸ਼ਿਵਾ ਜੀ ਦੇ ਪਿਤਾ ਜੀ ਦਾ ਨਾਂ ਸ਼ਾਹ ਜੀ ਭੌਂਸਲੇ ਅਤੇ ਮਾਤਾ ਜੀ ਦਾ ਨਾਂ ਜੀਜਾਬਾਈ ਸੀ।

(iii) ਰਾਮਦਾਸ ਨੂੰ ਤਾਂ ਸ਼ਿਵਾਜੀ ਆਪਣਾ ਧਰਮਗੁਰੂ ਅਤੇ ਨੇਤਾ ਨਹੀਂ ਮੰਨਦੇ ਸਨ।

(iv) ਸ਼ਿਵਾਜੀ ਨੇ ਮੁਗਲਾਂ ਦੇ ਅਧਿਕ੍ਰਿਤ ਖੇਤਰ ਉੱਤੇ ਹਮਲਾ ਨਹੀਂ ਕੀਤਾ।

(v) ਸ਼ਿਵਾ ਜੀ ਦੀ ਮ੍ਰਿਤੂ 1680 ਈ. ਵਿਚ ਹੋਈ।

## 14.5 ਸ਼ਿਵਾਜੀ ਦੀ ਸ਼ਾਸਨ ਪ੍ਰਣਾਲੀ (Shivaji's Administrative System)

ਰਾਲਿਨਸਨ ਦੇ ਮਤ ਅਨੁਸਾਰ "ਲਗਭਗ ਸਾਰੇ ਮਹਾਨ ਯੋਧਾਵਾਂ ਦੇ ਬਰਾਬਰ, ਜਿਨ੍ਹਾਂ ਵਿਚ ਨੈਪੋਲਿਯਨ ਇਕ ਸ਼ਾਨਦਾਰ ਉਦਾਹਰਣ ਹੈ ਸ਼ਿਵਾ ਜੀ ਵੀ ਇੱਕ ਮਹਾਨ ਸ਼ਾਸਕ ਸੀ। ਜਿਨ੍ਹਾਂ ਗੁਣਾਂ ਦੇ ਕਾਰਣ ਇਹ ਇੱਕ ਯੋਗ ਸੈਨਾਪਤੀ ਬਣੇ ਉਹ ਹੀ ਗੁਣ ਇਕ ਸਫਲ ਨੇਤਾ ਅਤੇ ਸ਼ਾਸਕ ਬਣਾਉਂਦੇ ਹਨ।" ਇਸ ਸਿਧਾਂਤ ਦੀ ਦ੍ਰਿਸ਼ਟੀ ਨਾਲ ਤਾਂ ਸ਼ਿਵਾ ਜੀ ਵੀ ਆਪਣੇ ਸਮਕਾਲੀਨ ਸ਼ਾਸਕਾਂ ਦੀ ਤਰ੍ਹਾਂ ਇਕ ਆਪਣੀ ਮਰਜੀ ਦਾ ਸ਼ਾਸਕ ਸੀ। ਉਹ ਜੋ ਚਾਹੁੰਦੇ ਸਨ ਕਰ ਸਕਦੇ ਸਨ, ਪਰ ਉਨ੍ਹਾਂ 8 ਮੰਤਰੀਆਂ ਦੀ ਇੱਕ ਪਰਿਸ਼ਦ ਜਿਹੜੀ 'ਅਮਰ ਪ੍ਰਧਾਨ' ਦੇ ਨਾਂ ਤੋਂ ਪ੍ਰਸਿੱਧ ਸੀ। ਸਲਾਹ ਮਸ਼ਵਿਰਾ ਦੇਂਦੀ ਸੀ। ਇਹ ਕਹਿਣਾ ਕਿ ਹਮੇਸ਼ਾ ਗਲਤ ਹੈ ਕਿ "ਅਸਠ ਪ੍ਰਧਾਨ" ਆਧੁਨਿਕ ਮੰਤਰੀ ਮੰਡਲ ਦੀ ਤਰ੍ਹਾਂ ਸੀ। ਇਸਦਾ ਕੰਮ ਕੇਵਲ ਸਲਾਹ ਦੇਣਾ ਹੀ ਸੀ। ਇਨ੍ਹਾਂ ਅੱਠ ਮੰਤਰੀਆਂ ਦੇ ਹੇਠ ਲਿਖੇ ਕੰਮ ਸਨ—

1. ਪੇਸ਼ਵਾ ਅਤੇ ਪ੍ਰਧਾਨਮੰਤਰੀ ਦਾ ਕੰਮ ਸਾਰੇ ਰਾਜ ਦੀ ਦੇਖਭਾਲ ਅਤੇ ਉੱਨਤੀ ਦਾ ਧਿਆਨ ਰੱਖਣਾ ਸੀ।
2. ਮੰਤਰੀ ਜਾਂ ਵਿੱਤ ਮੰਤਰੀ ਦਾ ਕੰਮ ਸਾਰੇ ਰਾਜ ਅਤੇ ਮੁੱਖ ਮੁੱਖ ਜਿਲ੍ਹਿਆਂ ਦੇ ਹਿਸਾਬ ਕਿਤਾਬ ਦੀ ਪੜਤਾਲ ਕਰਨਾ ਅਤੇ ਉਸਨੂੰ ਸਹੀ ਕਰਨਾ ਸੀ।
3. ਮੰਤਰੀ ਜਾਂ ਇਤਿਹਾਸਕਾਰ ਦਾ ਕੰਮ ਸੀ ਦਰਬਾਰ ਅਤੇ ਰਾਜ ਦੀ ਰੋਜਾਨਾ ਕਾਰਵਾਈ ਨੂੰ ਲਿਖਣਾ ਇਸ ਨੂੰ "ਵਾਕਿਆ ਨਵੀਸ" ਵੀ ਕਿਹਾ ਜਾਂਦਾ ਸੀ।
4. ਸਾਮੰਤ ਜੀ ਸਕੱਤਰ ਜਾਂ ਵਿਦੇਸ਼ ਮੰਤਰੀ ਦਾ ਕੰਮ ਰਾਜਾ ਨੂੰ ਵਿਦੇਸ਼ੀ ਰਾਜਾਂ ਦੇ ਵਿਸ਼ੇ ਵਿਚ ਲੜਾਈ ਅਤੇ ਸ਼ਾਂਤੀ ਦੇ ਸਭ ਮਾਮਲਿਆਂ ਵਿਚ ਸਲਾਹ ਦੇਣਾ ਸੀ। ਇਸ ਦਾ ਕੰਮ ਵਿਦੇਸ਼ਾ ਦੇ ਰਾਜਦੂਤਾਂ ਨਾਲ ਮਿਲਣਾ ਅਤੇ ਦੂਜੇ ਰਾਜਾਂ ਦੀ ਸਥਿਤੀ ਨਾਲ ਜਾਣੂ ਰਹਿਣਾ ਵੀ ਸੀ।
5. ਸਕੱਤਰ ਜਾਂ ਸੁਰੂ ਨਵੀਸ ਜਾਂ ਗ੍ਰਹਿਮੰਤਰੀ ਦਾ ਕੰਮ ਰਾਜਾ ਦੇ ਪੱਤਰ-ਵਿਵ6ਹਾਰ ਨੂੰ ਸੰਭਾਲਣਾ ਸੀ। ਇਸ ਦਾ ਕੰਮ ਸੀ ਸਭ ਰਾਜਕੀ ਪੱਤਰ ਸੰਦੇਸ਼ ਆਦਿ ਨੂੰ ਪੂਰਨ ਵਿਧੀ ਨਾਲ ਲਿਖਣਾ। ਇਨ੍ਹਾਂ ਨੂੰ ਪੱਤਰਾ ਵਿਚ ਸੁਧਾਰ ਕਰਨ ਦਾ ਵੀ ਅਧਿਕਾਰ ਸੀ।
6. ਪੰਡਤ ਰਾਉ ਜਿਸਨੂੰ ਦਾਨਾ ਪ੍ਰਧਾਨ, ਸਦਰ ਮੋਹਤਸਿਬ ਜਾਂ ਧਰਮ ਅਧਿਕਾਰੀ ਕਹਿ ਕੇ ਬੁਲਾਉਂਦੇ ਸਨ ਦਾ ਕੰਮ ਜਾਂ ਧਾਰਮਿਕ ਸੰਸਕਾਰਾਂ ਦੀ ਤਾਰੀਕ ਨਿਯੁਕਤ ਕਰਨਾ, ਅਫਵਾਹਾਂ ਫੈਲਾਉਣ ਵਾਲਿਆਂ ਨੂੰ ਸਜਾ ਦੇਣਾ ਅਤੇ ਬ੍ਰਾਹਮਣਾਂ ਵਿਚ ਰਾਜ ਧੰਨ ਦਾ ਦਾਨ ਵੰਡਣਾ। ਇਹ ਧਾਰਮਿਕ ਵਿਸ਼ਾਵਾਂ ਅਤੇ ਪਰਜਾ ਦੇ ਚਰਿੱਤਰ ਸੰਬੰਧੀ ਸਮੱਸਿਆਵਾਂ ਦਾ ਧਰਮ ਦੇ ਦ੍ਰਿਸ਼ਟੀਕੋਣ ਨਾਲ ਨਿਆਂ ਕਰਦਾ ਸੀ।
7. ਨਿਆਂਦੀਸ਼ ਦਾ ਕੰਮ ਨਾਗਰਿਕ ਅਤੇ ਸੈਨਿਕ ਮਾਮਲਿਆਂ ਦਾ ਨਿਆਂ ਕਰਨਾ ਸੀ।
8. ਸੈਨਾਪਤੀ ਜਾਂ 'ਸਰੇਨੌਬਤ' ਦਾ ਕੰਮ ਸੈਨਿਕਾਂ ਦੀ ਭਰਤੀ, ਸੈਨਾ ਦਾ ਪ੍ਰਬੰਧ ਅਤੇ ਅਨੁਸ਼ਾਸਨ ਬਣਾਈ ਰੱਖਣਾ ਸੀ। ਯੁੱਧ ਖੇਤਰ ਵਿੱਚ ਸੈਨਾਵਾਂ ਦੀ ਮੋਰਚਾਬੰਦੀ ਵੀ ਕਰਦਾ ਸੀ।

ਨੋਟ

ਇੱਥੇ ਇਹ ਗੱਲ ਵਿਸ਼ੇਸ਼ ਰੂਪ ਨਾਲ ਵਰਨਣ ਯੋਗ ਹੈ ਕਿ ਜੱਜ ਅਤੇ ਪੰਡਿਤ ਰਾਵ ਨੂੰ ਛੱਡ ਕੇ ਸਾਰੇ ਮੰਤਰੀਆਂ ਨੂੰ ਸੈਨਾ ਨੂੰ ਚਲਾਉਣ ਅਤੇ ਹਮਲਿਆਂ ਵਿੱਚ ਹਿੱਸਾ ਲੈਣਾ ਪੈਂਦਾ ਸੀ। ਸਭ ਰਾਜਕੀ ਘੋਸ਼ਣਾਵਾਂ 'ਤੇ ਰਾਜਾ, ਪੇਸ਼ਵਾ ਅਤੇ ਕ੍ਰਮ ਅਨੁਸਾਰ ਚਾਰ ਹੋਰ ਮੰਤਰੀਆਂ ਦੀ, ਸੈਨਾਪਤੀ, ਧਰਮਾਧਿਕਾਰੀ ਅਤੇ ਜੱਜਾਂ ਦੇ ਇਲਾਵਾ, ਮੁਦਰਾ ਲੱਗਦੀ ਸੀ। ਰਾਜ ਦੇ ਅਠਾਰਾਂ ਵਿਭਾਗ ਸਨ ਜੋ ਵੱਖ-ਵੱਖ ਮੰਤਰੀਆਂ ਦੇ ਅਧਿਕਾਰ ਵਿੱਚ ਸਨ ਅਤੇ ਉਹ ਰਾਜਾ ਦੀ ਆਗਿਆ ਅਨੁਸਾਰ ਕੰਮ ਕਰਦੇ ਸਨ।

**ਇਹ ਪ੍ਰਾਂਤੀ ਸ਼ਾਸਨ** (Local Government) — ਸ਼ਿਵਾਜੀ ਨੇ ਆਪਣੇ ਰਾਜ ਨੂੰ ਚਾਰ ਸੂਬਿਆਂ ਵਿਚ ਵੰਡਿਆਂ ਅਤੇ ਹਰੇਕ ਸੂਬੇ ਦੇ ਲਈ ਵੱਖ-ਵੱਖ ਰਾਜਪਾਲ ਨਿਯੁਕਤ ਕੀਤੇ। ਇਹ ਸੂਬੇ ਬਹੁਤ ਸਾਰੇ ਜਿਲ੍ਹਿਆਂ ਵਿਚ ਵੰਡੇ ਹੋਏ ਸਨ। ਜਾਗੀਰ ਪ੍ਰਦਾਨ ਕਰਨ ਦੀ ਪ੍ਰਥਾ ਖਤਮ ਕਰ ਦਿੱਤੀ ਗਈ। ਮਿਹਨਤਾਨਾ ਦੇ ਰੂਪ ਵਿਚ ਨਕਦੀ ਦਿੱਤੀ ਜਾਣ ਲੱਗੀ। ਜੇਕਰ ਕਿਸੇ ਅਹੁਦਾ ਅਧਿਕਾਰੀ ਨੂੰ ਕਿਸੀ ਪ੍ਰਦੇਸ਼ ਦਾ ਕਰ ਵਸੂਲ ਕਰਨ ਦਿੱਤਾ ਜਾਂਦਾ ਸੀ ਤਾਂ ਉਸਦਾ ਸੰਬੰਧ ਕੇਵਲ ਲਗਾਨ ਦੇ ਧੰਨ ਨਾਲ ਹੀ ਸੀ। ਪਰਜਾ ਉਤੇ ਉਸਦਾ ਕੋਈ ਅਧਿਕਾਰ ਨਹੀਂ ਹੁੰਦਾ ਸੀ। ਇਹ ਆਗਿਆ ਸੀ ਕਿ ਕੋਈ ਵੀ ਅਹੁਦਾ ਵੰਸ਼ ਅਧਿਕਾਰ ਦੇ ਰਿਵਾਜ ਨਾਲ ਨਹੀਂ ਹੋਵੇਗਾ।

**ਸੈਨਾ** (Army)—ਸ਼ਿਵਾ ਜੀ ਯੁੱਧ ਵਿਦਿਆ ਦੇ ਵੱਡੇ ਭਾਰੀ ਪੰਡਿਤ ਸਨ ਅਤੇ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਨ੍ਹਾਂ ਨੇ ਆਪਣੀ ਸੈਨਾ ਨੂੰ ਵੱਡੀ ਨਿਪੁੰਨਤਾ ਨਾਲ ਤਿਆਰ ਕੀਤਾ। ਮਰਾਠਿਆਂ ਵਿਚ ਇਹ ਪਰੰਪਰਾ ਸੀ ਕਿ ਉਹ ਸਾਲ ਦਾ ਅੱਧਾ ਸਮਾਂ ਖੇਤੀਬਾੜੀ ਕਰਨ ਵਿਚ ਅਤੇ ਅੱਧਾ ਸਾਲ ਘੋੜੇ ਉਤੇ ਸਵਾਰ ਹੋ ਕੇ ਯੁੱਧ ਵਿਚ। ਸ਼ਿਵਾ ਜੀ ਨੂੰ ਇਹ ਤਰੀਕਾ ਗਲਤ ਲੱਗਿਆ ਅਤੇ ਸਦਾ ਤਿਆਰ ਰਹਿਣ ਵਾਲੀ ਸੈਨਾ ਦੀ ਪਰੰਪਰਾ ਪ੍ਰਚਲਿਤ ਕੀਤੀ। ਵਰਖਾ ਰੁੱਤ ਵਿਚ ਉਨ੍ਹਾਂ ਦੇ ਲਈ ਸੁਰੱਖਿਆ ਦਾ ਪ੍ਰਬੰਧ ਸੀ ਅਤੇ ਉਨ੍ਹਾਂ ਨੂੰ ਪੂਰੇ ਸਾਲ ਤਨਖਾਹ ਦਿੱਤੀ ਜਾਂਦੀ ਸੀ। ਸੈਨਾ ਵਿਚ ਕ੍ਰਮਵਾਰ ਅਹੁਦਿਆਂ ਦੀ ਵਿਵਸਥਾ ਕੀਤੀ ਗਈ। ਘੋੜ ਸਵਾਰ ਸੈਨਾ ਵਿਚ 25 ਸਰਦਾਰਾਂ ਦਾ ਇਕ ਘਟ ਹੁੰਦਾ ਸੀ। 25 ਪੈਦਲ ਸੈਨਿਕਾਂ ਉਤੇ ਇਕ ਹਵਲਦਾਰ। ਪੰਜ ਹਵਲਦਾਰਾਂ ਉਤੇ ਇਕ ਜੁਮਲਾਦਾਰ। ਦਸ ਜੁਮਲਾਦਾਰਾਂ ਉਤੇ ਇਕ ਹਜਾਰੀ ਹੁੰਦਾ ਸੀ। ਹੋਰ ਉੱਚੇ ਅਹੁਦੇ ਪੰਜ ਹਜਾਰੀ ਅਤੇ ਘੋੜ ਸਵਾਰ ਸੈਨਾ ਦਾ ਸਰੇਨੌਬਤ ਜਾਂ ਸੈਨਾਪਤੀ ਹੁੰਦਾ ਸੀ। ਹਰ 25 ਪੈਦਲ ਸੈਨਿਕਾਂ ਲਈ ਇਕ ਰਸੋਈਆ ਅਤੇ ਇਕ ਪਾਣੀ ਭਰਨ ਵਾਲਾ ਹੁੰਦਾ ਸੀ। ਸਵਾਰ ਸੈਨਾ ਦੋ ਹਿੱਸਿਆ ਵਿਚ ਵੰਡੀ ਹੋਈ ਹੁੰਦੀ ਸੀ ਜਿਹੜੇ ਬਰਗੀਰ ਅਤੇ ਸਿਲੇਦਾਰ ਕਹੇ ਜਾਂਦੇ ਸਨ। ਬਰਗੀਰੀ ਸਵਾਰਾਂ ਨੂੰ ਘੋੜੇ ਅਤੇ ਹਥਿਆਰ ਰਾਜ ਦੀ ਵੱਲ ਤੋਂ ਮਿਲਦੇ ਸਨ ਪਰ ਸਿਲੇਦਾਰ ਘੋੜਾ ਅਤੇ ਹਥਿਆਰ ਆਪਣੇ ਹੀ ਲਿਆਉਂਦੇ ਸਨ।

ਪੈਦਲ ਸੈਨਾ ਵੀ ਕਈ ਹਿੱਸਿਆ ਵਿਚ ਵੰਡੀ ਹੋਈ ਹੁੰਦੀ ਸੀ। ਸਭ ਤੋਂ ਛੋਟੀ ਟੁਕੜੀ ਵਿਚ 9 ਸੈਨਿਕ ਹੁੰਦੇ ਸਨ। ਜਿਨ੍ਹਾਂ ਉਤੇ ਇਕ ਨਾਇਕ ਹੁੰਦਾ ਸੀ। ਪੰਜ ਨਾਇਕਾਂ ਉਤੇ ਇਕ ਹਵਲਦਾਰ, ਦੋ ਜਾਂ ਤਿੰਨ ਹਵਲਦਾਰਾਂ ਉਤੇ ਇਕ ਜੁਮਲੇਦਾਰ, ਦਸ ਜੁਮਲੇਦਾਰਾਂ ਉਤੇ ਇਕ ਹਜਾਰੀ ਅਤੇ ਸੱਤ ਹਜਾਰਿਆਂ ਉਤੇ ਇਕ ਸਰੇ ਨੌਬਤ ਕ੍ਰਮਵਾਰ ਅਹੁਦਾ ਅਧਿਕਾਰੀ ਹੁੰਦੇ ਸਨ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਬਿਨਾਂ ਭੇਦਭਾਵ ਦੇ ਸੈਨਾ ਵਿਚ ਭਰਤੀ ਕੀਤੇ ਜਾਂਦੇ ਸਨ। ਸੈਨਿਕਾਂ ਨੂੰ ਵੇਤਨ ਨਕਦ ਮਿਲਦਾ ਸੀ ਅਤੇ ਉਨ੍ਹਾਂ ਨੂੰ ਆਪਣੇ ਨੇਤਾਵਾਂ ਵਿਚ ਪੂਰਨ ਵਿਸ਼ਵਾਸ ਸੀ। ਜਿਹੜਾ ਵੀ ਸੈਨਿਕ ਬਹਾਦੁਰੀ ਦਿਖਾਉਂਦਾ ਉਸਨੂੰ ਇਨਾਮ ਮਿਲਦਾ ਸੀ। ਸ਼ਿਵਾਜੀ ਦੀ ਪ੍ਰੰਸ਼ਸਾ ਕਰਨ ਦੀ ਕ੍ਰਿਆ ਨੇ ਦੇਸ਼ ਦੇ ਕੋਣੇ-ਕੋਣੇ ਤੋਂ ਲੋਕਾਂ ਨੂੰ ਆਕਰਸ਼ਤ ਕੀਤਾ। ਸੈਨਾ ਦੀ ਵਿਵਸਥਾ ਵਿਚ ਕਿਲ੍ਹਿਆ ਦਾ ਵੱਡਾ ਮਹੱਤਵਪੂਰਨ ਸਥਾਨ ਸੀ। ਕਿਲ੍ਹੇ ਦੀ ਰੱਖਿਆ ਲਈ ਸੈਨਾ ਬੜੇ ਧਿਆਨ ਨਾਲ ਚੁਣੀ ਜਾਂਦੀ ਸੀ ਅਤੇ ਸੈਨਾ ਨੂੰ ਪੂਰਨ ਅਨੁਸ਼ਾਸਨ ਵਿਚ ਰੱਖਣ ਉਤੇ ਸਖਤ ਧਿਆਨ ਰੱਖਿਆ ਜਾਂਦਾ ਸੀ। ਹਰੇਕ ਕਿਲ੍ਹੇ ਵਿਚ ਇਕ ਹੀ ਦਰਜੇ ਦੇ ਤਿੰਨ ਅਧਿਕਾਰੀ ਜਾਂ ਹਵਲਦਾਰ ਸਬਨੀਸ ਅਤੇ ਸਰੇ ਨੌਬਤ ਰੱਖੇ ਜਾਂਦੇ ਸਨ। ਸ਼ਿਵਾਜੀ ਨੇ ਇਕ ਚੰਗੇ ਵੱਡੇ ਸਮੁੰਦਰੀ ਬੇੜੇ ਦਾ ਨਿਰਮਾਣ ਕਰਾਇਆ ਜਿਹੜਾ ਕੋਲਾਵਾ ਵਿਚ ਰਿਹਾ ਕਰਦਾ ਸੀ। ਇਸ ਕਾਰਣ ਉਨ੍ਹਾਂ ਨੇ ਜੰਜੀਰਾ ਨਿਵਾਸੀ ਅਬਸੀਨਿਆ ਦੇ ਸਮੁੰਦਰੀ ਲੁੱਟੇਰਿਆਂ ਨੂੰ ਰੋਕਿਆ ਅਤੇ ਧੰਨ ਦੇ ਭਰੇ ਹੋਏ ਜਹਾਜ ਵੀ ਮੁਗਲਾਂ ਦੇ ਲੁੱਟ ਲਏ। ਸ਼ਿਵਾਜੀ ਨੂੰ ਆਪਣੇ ਸੈਨਾ ਵਿਚ ਅਨੁਸ਼ਾਸਨ ਬਣਾਏ ਰੱਖਣ ਦੀ ਬਹੁਤ ਚਿੰਤਾ ਰਹਿੰਦੀ ਸੀ। ਇਸਤਰੀਆਂ ਨੂੰ ਸੈਨਾ ਦੇ ਨਾਲ ਜਾਣ ਦੀ ਆਗਿਆ ਨਹੀਂ ਸੀ। ਨਿੱਜੀ ਸਾਮਾਨ ਬਹੁਤ ਹੀ ਥੋੜਾ ਹੁੰਦਾ ਸੀ। ਸੈਨਾ ਦੇ ਨਿਯਮਾਂ ਵਿਚੋਂ ਕੁਝ ਇਸ ਪ੍ਰਕਾਰ ਦੇ ਸਨ : "ਵਰਖਾ ਰੁੱਤ ਵਿਚ ਸੈਨਾ ਆਪਣੇ ਦੇਸ਼ ਦੀਆਂ ਛਾਵਨੀਆਂ ਵਿਚ ਵਾਪਸ ਆ ਜਾਣ। ਘੋੜਿਆ ਦੇ ਲਈ ਘਾਹ ਦਾਣਾ ਅਤੇ ਦਵਾਈਆਂ ਅਤੇ ਸੈਨਿਕਾ ਲਈ ਘਾਹ ਦੀ ਝੋਪੜੀਆਂ ਤਿਆਰ ਕਰ ਲਈਆਂ ਜਾਣ। ਦੁਸ਼ਹਿਰੇ ਦੇ ਜਲਦੀ ਹੀ ਬਾਦ ਸੈਨਾਵਾਂ ਆਪਣੀਆਂ ਛਾਵਨੀਆਂ ਛੱਡ ਕੇ ਨਿਕਲਦੀਆਂ ਸਨ ਅਤੇ ਪੂਰੇ ਅੱਠ ਮਹੀਨੇ ਵਿਦੇਸ਼ੀ ਰਾਜ ਉਤੇ ਪਲਦੀਆਂ ਸਨ। ਕੋਈ ਇਸਤਰੀ, ਲੜਕੀ ਜਾਂ ਨੱਚਣ ਵਾਲੀ ਸੈਨਾ ਦੇ ਨਾਲ ਨਾ ਜਾਏ ਅਤੇ ਜਿਹੜਾ ਵੀ ਇਸ ਨਿਯਮ ਦਾ ਉਲੰਘਣ ਕਰਨ ਉਸ ਨੂੰ ਮੌਤ-ਸਜ਼ਾ ਦਿੱਤੀ ਜਾਵੇ।"

ਦੁਸ਼ਮਣਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਦੀ ਰੱਖਿਆ ਕੀਤੀ ਜਾਵੇ। ਬ੍ਰਾਹਮਣਾਂ ਨੂੰ ਸੁਤੰਤਰ ਰਹਿਣ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਜੇਤੂ ਦੇਸ਼ 'ਤੇ ਲਗਾਏ ਗਏ ਯੁੱਧ ਕਰਨ ਦੇ ਲਈ ਜ਼ਮਾਨਤੀ ਨਾ ਰੱਖਿਆ ਜਾਵੇ। ਵਿਦੇਸ਼ ਵਿੱਚ ਰਹਿੰਦੇ ਸਮੇਂ ਜੋ ਵੀ ਕੀਮਤੀ ਪਦਾਰਥ ਸੈਨਾ ਨੂੰ ਮਿਲੇ ਉਹ ਰਾਜ-ਖਜ਼ਾਨੇ ਵਿੱਚ ਭੇਜ ਦਿੱਤੀ ਜਾਵੇ ਜੋ ਨਾ ਭੇਜੇ ਉਸ ਨੂੰ ਕਠੋਰ ਸਜ਼ਾ ਦਿੱਤੀ ਜਾਵੇ। ਖਫੀ ਖਾਂ ਦਾ ਵਿਚਾਰ ਹੈ ਕਿ ਸ਼ਿਵਾਜੀ ਦੀ ਆਗਿਆ ਸੀ ਕਿ ਜਦੋਂ ਵੀ ਕੋਈ ਸਥਾਨ ਲੁੱਟਿਆ ਜਾਵੇ, ਗਰੀਬਾਂ ਦੀਆਂ ਵਸਤੂਆਂ, ਤਾਂਬੇ ਦੇ ਪੈਸੇ ਅਤੇ ਤਾਂਬੇ ਅਤੇ ਪਿੱਤਲ ਦੇ ਬਰਤਨ ਉਸ ਦੀ ਹੀ ਸੰਪਤੀ ਹੋਣ, ਜਿਸ ਨੂੰ ਪਹਿਲਾਂ ਮਿਲਣ ਪਰ ਹੋਰ ਵਸਤੂਆਂ ਚਾਂਦੀ, ਸੋਨਾ ਜੜੇ ਹੋਏ ਜਾਂ ਬਿਨਾਂ ਜੜੇ ਹੋਏ ਹੀਰੇ-ਜਵਾਹਰਾਤ, ਹੋਰ ਕੀਮਤੀ ਵਸਤੂਆਂ ਪਾਉਣ ਵਾਲਿਆਂ ਦੀ ਸੰਪਤੀ ਨਹੀਂ ਹੈ। ਇਹ ਸਭ ਬਿਨਾਂ

ਨੋਟ

ਕੁਝ ਛਿਪਾਏ ਪਦਾਧਿਕਾਰੀਆਂ ਨੂੰ ਸੌਂਪ ਦਿੱਤੀ ਜਾਵੇ ਜੋ ਉਨ੍ਹਾਂ ਨੂੰ ਰਾਜ-ਕੋਸ਼ ਵਿੱਚ ਜਮਾ ਕਰਾਉਣਗੇ। ਕਿੰਵਦੰਤੀ ਹੈ ਕਿ ਸੂਰਤ ਦੀ ਲੁੱਟ ਦੇ ਸਮੇਂ ਮਰਾਠਿਆਂ ਨੇ ਕੱਪੜਾ, ਤਾਂਬੇ ਦੇ ਬਰਤਨ ਆਦਿ ਵਸਤੂਆਂ ਨੂੰ ਹੱਥ ਵੀ ਨਹੀਂ ਲਗਾਇਆ।

**ਰਾਜਸਵ ਪ੍ਰਣਾਲੀ** (Fiscal System)– ਸ਼ਿਵਾਜੀ ਨੇ ਪਿੰਡਾਂ ਦੇ ਹਿਸਾਬ ਨਾਲ ਕਰ ਲਗਾਉਣ ਦੀ ਪ੍ਰਥਾ ਖਤਮ ਕਰ ਦਿੱਤੀ। ਸਰਕਾਰ ਦਾ ਰਾਜ-ਕਰ ਵਸੂਲਣ ਲਈ ਕਿਸਾਨਾਂ ਨਾਲ ਸਿੱਧਾ ਪ੍ਰਬੰਧ ਸੀ। ਇਹ ਹੀ ਸਰਕਾਰ ਦਾ ਮਤ ਹੈ "ਕਿਸਾਨ ਜਿਮੀਦਾਰਾਂ ਦੇਸ਼ਮੁੱਖਾਂ ਅਤੇ ਦੇਸਾਈਆਂ ਦੀ ਅਧੀਨਤਾ ਵਿਚ ਨਹੀਂ ਸਨ ਜਿਨ੍ਹਾਂ ਨੂੰ ਪਰਜਾ ਉਤੇ ਕਿਸੀ ਪ੍ਰਕਾਰ ਦਾ ਉੱਚ ਰਾਜਨੀਤਿਕ ਦਬਾਅ ਪਾਉਣ ਜਾਂ ਤੰਗ ਕਰਨ ਦਾ ਅਧਿਕਾਰ ਨਹੀਂ ਸੀ। ਸਾਰੀ ਉਪਜਾਉ ਭੂਮੀ ਦੀ ਕਾਠੀ (ਮਾਪਣ ਵਾਲੀ ਲਾਠੀ) ਨਾਲ ਚੰਗੀ ਤਰ੍ਹਾਂ ਨਾਪ ਤੋਲ ਕਰਾਈ ਗਈ। ਪੈਦਾਵਾਰ ਵਿਚ ਰਾਜ ਦਾ ਭਾਗ 3% ਸੀ ਜਿਹੜਾ ਹੋਰ ਕਰਾਂ ਨੂੰ ਹਟਾਏ ਜਾਣ ਦੇ ਬਾਦ 40% ਕਰ ਦਿੱਤਾ ਗਿਆ ਸੀ। ਕਿਸਾਨ ਰਾਜ ਕਰ ਨੂੰ ਆਪਣੀ ਮਰਜੀ ਅਨੁਸਾਰ ਨਕਦ ਜਾਂ ਅਨਾਜ ਦੇ ਰੂਪ ਵਿਚ ਦੇ ਸਕਦਾ ਸੀ। ਲਗਾਨ ਨੂੰ ਨਕਦੀ ਦੇ ਰੂਪ ਵਿਚ ਨਿਸ਼ਚਿਤ ਕਰ ਦਿੱਤਾ ਜਾਂਦਾ ਸੀ ਜਿਸਦੇ ਕਾਰਣ ਪਰਜਾ ਨੂੰ ਤੰਗ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ ਸੀ। ਰਾਜ ਦੇ ਵੱਲੋ ਖੇਤੀਬਾੜੀ ਨੂੰ ਪ੍ਰੋਤਸਾਹਨ ਮਿਲਦਾ ਸੀ। ਕਿਹਾ ਜਾਂਦਾ ਹੈ ਕਿ ਅਕਾਲ ਦੇ ਸਮੇਂ ਰਾਜ ਦੀ ਵੱਲ ਤੋਂ ਧੰਨ ਅਤੇ ਅਨਾਜ ਦਿੱਤਾ ਜਾਂਦਾ ਸੀ ਜਿਸਨੂੰ ਪਰਜਾ ਬਾਦ ਵਿਚ ਕਿਸ਼ਤਾਂ ਦੇ ਹਿਸਾਬ ਨਾਲ ਵਾਪਸ ਕਰਦੀ ਸੀ। ਫਰੇਅਰ ਨੇ ਸ਼ਿਵਾਜੀ ਦੀ ਰਾਜ ਕਰ ਪ੍ਰਣਾਲੀ ਦੀ ਨਿਖੇਧੀ ਕੀਤੀ ਹੈ। ਉਸਦੇ ਮਤ ਅਨੁਸਾਰ "ਕਿਸਾਨਾਂ ਉਤੇ ਵੱਡੇ ਅਤਿਆਚਾਰ ਕੀਤੇ ਜਾਂਦੇ ਸਨ ਈਰਖਾਲੂ-ਨਿਆਂ ਜੋਰਾਂ ਉਤੇ ਸੀ। ਬੀਜਾਪੁਰ ਰਾਜ ਸ਼ਿਵਾਜੀ ਦੇ ਰਾਜ ਤੋਂ ਕਿਤੇ ਉਦਾਰ ਸੀ।" ਇਹ ਸੱਚ ਹੈ ਕਿ ਸ਼ਿਵਾਜੀ ਭੂਮੀ-ਕਰ ਦੀ ਉਗਾਹੀ ਦੇ ਵਿਸ਼ੇ ਵਿਚ ਬਹੁਤ ਕਠੋਰ ਸਨ ਜਿਸ ਨਾਲ ਕਿ ਕਰ ਪ੍ਰਾਪਤ ਕਰਨ ਵਾਲੇ ਅਹੁਦਾ ਅਧਿਕਾਰੀਆਂ ਨੂੰ ਪਰਜਾ ਉਤੇ ਅਤਿਆਚਾਰ ਜਾਂ ਪੱਖਪਾਤ ਕਰਨ ਦਾ ਮੌਕਾ ਹੀ ਨਾਂ ਪ੍ਰਾਪਤ ਹੋਵੇ ਇਹ ਗੱਲ ਸਰਵਮੰਨ ਹੈ ਕਿ ਸ਼ਿਵਾ ਜੀ ਦੀ ਰਾਜ-ਕਰ ਪ੍ਰਣਾਲੀ ਉਦਾਰ ਅਤੇ ਲਾਭਦਾਇਕ ਸੀ। ਗਰਾਂਟ ਡੱਫ ਦੇ ਅਨੁਸਾਰ "ਸ਼ਿਵਾਜੀ ਦਾ ਸਥਾਨ ਇਤਿਹਾਸ ਦੇ ਪੰਨਿਆਂ ਵਿਚ ਬਹੁਤ ਉੱਚਾ ਹੈ ਇਹ ਗੱਲ ਨਿਸ਼ਚਿਤ ਰੂਪ ਨਾਲ ਮੰਨਣ ਯੋਗ ਹੈ।"

ਸ਼ਿਵਾਜੀ ਨੇ "ਚੌਥ" ਅਤੇ "ਸਰਦੇਸ਼ਮੁਖੀ" ਦੀ ਪ੍ਰਣਾਲੀ ਵੀ ਚਲਾਈ। ਸ਼੍ਰੀ ਰਾਨਾਡੇ ਦੇ ਮਤ ਅਨੁਸਾਰ ਚੌਥ ਕੋਈ ਯੁੱਧ ਦੰਡ ਜਾਂ ਨੇਤਿਕ ਅਤੇ ਕਾਨੂੰਨ ਦੀ ਜਿੰਮੇਦਾਰ ਹੀਣ ਲਗਾਨ ਨਹੀਂ ਸੀ। ਇਹ ਵਿਦੇਸ਼ੀਆਂ ਤੋਂ ਰੱਖਿਆ ਕਰਨ ਦੇ ਬਦਲੇ ਵਚ ਦਿੱਤਾ ਜਾਂਦਾ ਸੀ। ਸ਼੍ਰੀ ਰਾਨਾਡੇ ਚੌਥ ਦੀ ਲਾਰਡ ਵੈਲਜਲੀ ਦੁਆਰਾ ਚਲਾਈ ਗਈ "ਸਬਸੀ ਡਿਯਰੀ ਪ੍ਰਣਾਲੀ" ਨਾਲ ਤੁਲਣਾ ਕਰਦੇ ਹੋਏ ਕਹਿੰਦੇ ਹਨ ਕਿ "ਚੌਥ ਇਕ ਇਕੱਠੀ ਰਕਮ ਹੁੰਦੀ ਸੀ ਜਿਹੜੀ ਵਿਦੇਸ਼ੀ ਆਕ੍ਰਮਣਾ ਤੋਂ ਰੱਖਿਆ ਕਰਨ ਦੇ ਲਈ ਰੱਖੀ ਗਈ ਸੈਨਾ ਦਾ ਖਰਚ ਚੁੱਕਣ ਦੇ ਲਈ ਲਿੱਤੀ ਜਾਂਦੀ ਸੀ। ਚੌਥ ਦਾ ਲਗਾਨ ਸ਼ਿਵਾਜੀ ਦੀ ਆਪਣੀ ਮੂਲਭੂਤ ਸੋਚ ਸੀ, ਜਿਸ ਦਾ ਪੂਰਾ ਫਾਇਦਾ 120 ਸਾਲ ਬਾਦ ਲਾਰਡ ਵੈਲਜਲੀ ਨੇ ਚੁੱਕਿਆ।"

ਸ਼੍ਰੀ ਯਧੁਨਾਥ ਸਰਕਾਰ ਦਾ ਮਤ ਇਸ ਤੋਂ ਕੁਝ ਵੱਖ ਹੈ। ਉਹ ਕਹਿੰਦੇ ਹਨ ਕਿ ਚੌਥ ਦੇਣਾ ਮਰਾਠੇ ਸੈਨਿਕਾਂ ਅਤੇ ਰਾਜ ਅਧਿਕਾਰੀਆਂ ਗੈਰ ਜ਼ਰੂਰੀ ਉਪਸਥਿਤੀ ਤੋਂ ਬਚਣ ਦੀ ਇਕ ਮਾਤਰ ਤਰੀਕਾ ਸੀ। ਇਸਦੇ ਦੇਣ ਉਤੇ ਸ਼ਿਵਾਜੀ ਉਤੇ ਕਿਸੀ ਤਰ੍ਹਾਂ ਦੀ ਅੰਦਰੂਨੀ ਸੁਰੱਖਿਆ ਅਤੇ ਵਿਦੇਸ਼ੀ ਆਕ੍ਰਮਣ ਤੋਂ ਰੱਖਿਆ ਦੀ ਜ਼ਿੰਮੇਦਾਰੀ ਲਾਗੂ ਨਹੀਂ ਹੁੰਦੀ ਸੀ। ਚੌਥ ਬਾਹਰੀ ਸ਼ੱਤਰੂ ਤੋਂ ਰੱਖਿਆ ਕਰਨ ਦੇ ਲਈ ਕੀਤੀ ਗਈ ਆਰਥਿਕ ਸੰਧੀ ਨਾ ਹੋ ਕੇ ਇਕ ਲੁਟੇਰੇ ਤੋਂ ਆਪਣੀ ਜਾਨ ਬਚਾਉਣ ਦੀ ਕੀਮਤ ਮਾਤਰ ਸੀ। ਇਸ ਤਰ੍ਹਾਂ ਜਿਨ੍ਹਾਂ ਪ੍ਰਦੇਸ਼ਾਂ ਤੋਂ ਚੌਥ ਵਸੂਲ ਕੀਤੀ ਜਾਂਦੀ ਸੀ ਉਹ ਸ਼ਿਵਾਜੀ ਦੇ ਸ਼ਾਸਨ ਵਿਚ ਸਨ, ਐਸਾ ਨਹੀਂ ਕਿਹਾ ਜਾ ਸਕਦਾ। ਮਹਾਨ ਮਰਾਠਾ ਇਤਿਹਾਸਕਾਰ ਸ਼੍ਰੀ ਸਰਦੇਸਾਈ ਦੇ ਮਤ ਅਨੁਸਾਰ ਚੌਥ ਉਗਰਵਾਦੀਆਂ ਜਾਂ ਸ਼ੱਤਰੂ ਪ੍ਰਦੇਸ਼ਾਂ ਤੋਂ ਭੇਂਟ ਦੇ ਰੂਪ ਵਿਚ ਲਈ ਜਾਂਦੀ ਸੀ। ਭਾਰਤ ਵਿਚ ਇਸ ਤਰ੍ਹਾਂ ਦੀ ਪ੍ਰਥਾ ਸ਼ਿਵਾਜੀ ਦੇ ਘੋਸ਼ਣਾ ਪੱਤਰ ਤੋਂ ਪਹਿਲਾਂ ਹੀ ਚਾਲੂ ਸੀ। ਸ਼ਿਵਾਜੀ ਜਿਨ੍ਹਾਂ ਪ੍ਰਦੇਸ਼ਾਂ ਉਤੇ ਆਕ੍ਰਮਣਕਰਦੇ ਸਨ ਉਨ੍ਹਾਂ ਤੋਂ ਚੋਣ ਵਸੂਲ ਕਰਦੇ ਸਨ ਅਤੇ ਉਨ੍ਹਾਂ ਨੂੰ ਹੌਸਲਾ ਦਿਵਾਉਂਦੇ ਸਨ ਕਿ ਵਿਦੇਸ਼ੀ ਹਮਲੇ ਦੇ ਸਮੇਂ ਉਨ੍ਹਾਂ ਦੀ ਰੱਖਿਆ ਕੀਤੀ ਜਾਵੇਗੀ।

*ਟਾਸਕ* ਸ਼ਿਵਾਜੀ ਨੇ ਕਿਹੜੀ-ਕਿਹੜੀ ਪ੍ਰਣਾਲੀ ਚਲਾਈ ?

ਸ਼ਿਵਾ ਜੀ "ਮਰਾਠਿਆਂ ਦੀ ਸ਼ਾਸਨ ਪ੍ਰਣਾਲੀ" ਦੇ ਲੇਖਕ ਡਾ. ਸੈਨ ਦਾ ਮਤ ਹੈ ਕਿ ਚੌਥ ਉਹ ਧੰਨ ਸੀ ਜਿਹੜਾ ਸੈਨਾਪਤੀ ਜੇਤੂਆਂ ਤੋਂ ਵਸੂਲ ਕਰਦੇ ਸਨ। ਉਸੀ ਸਮੇਂ ਪਰਸਥਿਤੀ ਦੇ ਅਨੁਸਾਰ ਇਸ ਤਰ੍ਹਾਂ ਦੀ ਵਸੂਲੀ ਠੀਕ ਵੀ ਸੀ। ਸਿਧਾਂਤ ਰੂਪ ਨਾਲ ਚੌਥ ਮਰਾਠਿਆਂ ਦੁਆਰਾ ਜਿੱਤੇ ਗਏ ਪ੍ਰਦੇਸ਼ ਦੀ ਰਾਜ ਦੀ ਆਮਦਨ ਦਾ ਚੌਥਾ ਹਿੱਸਾ ਸੀ। ਸਰਕਾਰ ਦਾ ਮਤ ਹੈ ਕਿ ਰਾਜ ਦੀ ਆਮਦਨ ਦੇ ਖਾਤੇ ਦਾ ਇਹ ਹਿਸਾਬ ਅਸਲ ਰੂਪ ਨਾਲ ਮਿਲਣ ਵਾਲੀ ਆਮਦਨ ਤੋਂ ਕਿਤੇ ਜ਼ਿਆਦਾ ਹੁੰਦਾ ਸੀ। ਚੌਥ ਦੀ ਅਸਲੀ ਵਸੂਲੀ ਕਿਸਾਨ ਦੁਆਰਾ ਆਪਣੇ ਰਾਜਾ ਨੂੰ ਦਿੱਤੇ ਜਾਣ ਵਾਲੇ ਲਗਾਨ ਦੇ ਚੌਥਾਈ ਭਾਗ ਤੋਂ ਬਹੁਤ ਜ਼ਿਆਦਾ ਹੁੰਦੀ ਸੀ।

ਦੇਸਾਈ ਸੰਸਕ੍ਰਿਤ ਸ਼ਬਦ "ਦੇਸ਼ ਸਵਾਮੀ" ਸ਼ਬਦ ਦਾ ਭ੍ਰਿਸ਼ਟ ਹੈ। ਸਰਦੇਸ਼ਮੁਖ ਬਹੁਤ ਸਾਰੇ ਦੇਸ਼ਮੁਖਾਂ ਜਾਂ ਦੇਸਾਈਆਂ ਉਤੇ ਅਧਿਕਾਰੀ ਹੁੰਦਾ ਸੀ ਜਿਸਨੂੰ ਉਸ ਦੀ ਸੇਵਾ ਲਈਧੰਨ ਦਿੱਤਾ ਜਾਂਦਾ ਸੀ ਜਿਹੜਾ ਸਰਦੇਸ਼ਮੁਖੀ ਕਹਾਉਂਦਾ ਸੀ। ਸ਼ਿਵਾਜੀ ਆਪਣੇ ਆਪ ਨੂੰ ਵੰਸ਼ ਅਧਿਕਾਰ ਤੋਂ 'ਸਰਦੇਸ਼ਮੁਖ' ਕਹਿੰਦੇ ਸਨ। ਇਸ ਲਈ 10 ਪ੍ਰਤੀਸ਼ਤ ਸਿਵਾਏ ਸਰਦੇਸ਼ਮੁਖੀ ਵਸੂਲ ਕਰਦੇ ਸਨ ਪਰ ਇਹ ਇਕ ਕਾਨੂੰਨੀ ਗੱਪ ਹੈ।



ਸ਼ਿਵਾਜੀ

**ਨਿਆਂ** (Justice) – ਨਿਆਂ ਸ਼ੈਲੀ ਪੁਰਾਣੇ ਢੰਗ ਦੀ ਹੀ ਸੀ। ਨਿਯਮਿਤ ਰੂਪ ਨਾਲ ਕੋਈ ਨਿਆਲਿਆ ਜਾਂ ਨਿਯਮ ਨਹੀਂ ਸਨ। ਪਿੰਡਾਂ ਵਿਚ ਪੰਚਾਇਤਾ ਹੀ ਝਗੜਿਆਂ ਦਾ ਨਿਆਂ ਕਰਦੀਆਂ ਸਨ ਜਿਨ੍ਹਾਂ ਦਾ ਢੰਗ ਸਾਧਾਰਨ ਸੀ। ਫੌਜਦਾਰੀ ਦੇ ਝਗੜੇ ਪਟੇਲ ਸੁਣਿਆ ਕਰਦਾ ਸੀ। ਫੌਜਦਾਰੀ ਅਤੇ ਦੀਵਾਨੀ ਦੋਵੇਂ ਪ੍ਰਕਾਰ ਦੇ ਮੁਕੱਦਮਿਆਂ ਦੀ ਅਪੀਲਾਂ ਨਿਆਂਦੀਸ਼ ਸੁਣਦਾ ਸੀ ਜਿਹੜਾ ਸਿਮਰਤੀਆਂ ਦੇ ਆਧਾਰ ਉਤੇ ਫੈਸਲੇ ਕਰਦਾ ਸੀ। (ਮਨੂ ਸਿਮਰਤੀ ਆਦਿ)। ਹਾਜਿਰ ਏ ਮਜਲਿਸ ਅਪੀਲ ਦਾ ਅੰਤਮ ਨਿਆਂਲਿਆ ਸੀ।

**ਸ਼ਿਵਾਜੀ ਦਾ ਮੁਲਾਂਕਣ** (Estimate of Shivaji)– ਇਹ ਅਤਿਕਥਨੀ ਨਹੀਂ ਹੈ ਕਿ ਸ਼ਿਵਾਜੀ ਵਿੱਚ ਇਕ ਮਹਾਨ ਕਰਮਠ ਸ਼ਕਤੀ ਸੀ। ਇਕ ਮੁਸਲਮਾਨ ਰਾਜ ਦੇ ਛੋਟੇ ਜਿਹੇ ਜਗੀਰਦਾਰ ਦੇ ਪੁੱਤਰ ਦੇ ਸਥਾਨ ਨਾਲ ਉਹ ਛਤਰਪਤੀ ਦੇ ਸਿੰਘਾਸਨ 'ਤੇ ਬੈਠੇ। ਉਨ੍ਹਾਂ ਨੇ ਘੋਰ ਸੰਕਟ ਕਾਲ ਵਿੱਚ ਅਨੁਸ਼ਾਸਨ ਸਥਾਪਿਤ ਕਰਕੇ ਮਰਾਠਿਆਂ ਨੂੰ ਇਕ ਰਾਸ਼ਟਰ ਦੇ ਰੂਪ ਵਿੱਚ ਸੰਗਠਿਤ ਕੀਤਾ। ਮਰਾਠੇ

ਨੋਟ

ਉਨ੍ਹਾਂ ਨੂੰ ਇਕ ਮਹਾ ਮਨੁੱਖ ਅਤੇ ਭਗਵਾਨ ਦਾ ਪ੍ਰਤੀਨਿਧੀ ਮੰਨਦੇ ਸਨ, ਜਿਸ ਨੇ ਉਨ੍ਹਾਂ ਨੂੰ ਮੁਸਲਮਾਨਾਂ ਦੀ ਦਾਸਤਾ ਤੋਂ ਮੁਕਤ ਕਰਾਉਣ ਦੇ ਲਈ ਜਨਮ ਲਿਆ। ਸ਼ਿਵਾਜੀ ਦਾ ਚਰਿੱਤਰ ਬਹੁਤ ਉਚਾ ਸੀ, ਜਦਕਿ ਉਹ ਪੜ੍ਹੇ-ਲਿਖੇ ਨਹੀਂ ਸਨ ਪਰ ਫਿਰ ਵੀ ਸ਼ਾਸਨ ਵੀ ਔਖੀ ਤੋਂ ਔਖੀ ਨੂੰ ਸਮਝਦੇ ਸਨ। ਉਹ ਰਾਜਨੀਤੀ ਅਤੇ ਸ਼ਾਸਨ ਵਿਗਿਆਨ ਵਿੱਚ ਅਨੁਪਮੇਯ ਸਨ। ਉਹ ਬੜੇ ਹੀ ਧਾਰਮਿਕ ਮਨੋਵਿਰਤੀ ਦੇ ਪੁਰਸ਼ ਸਨ ਪਰ ਇਸ ਦਾ ਅਰਥ ਇਹ ਨਹੀਂ ਕਿ ਉਹ ਮਤਾਨਧ ਸਨ। ਉਹ ਮੁਸਲਮਾਨ ਸੰਤਾਂ ਦਾ ਵੀ ਆਦਰ ਕਰਦੇ ਸਨ ਅਤੇ ਮਸਜਿਦਾਂ ਦੇ ਲਈ ਭੂਮੀ ਅਤੇ ਧਨ ਵੀ ਦਾਨ ਕਰਦੇ ਸਨ। ਇਹ ਸੱਚ ਹੈ ਕਿ ਉਨ੍ਹਾਂ ਨੇ ਮੁਸਲਮਾਨਾਂ ਦੇ ਵਿਰੁੱਧ ਯੁੱਧ ਕੀਤਾ ਪਰ ਉਨ੍ਹਾਂ ਦੀ ਸੱਤਾ ਸਵੀਕਾਰ ਕਰਦੇ ਹੀ ਉਨ੍ਹਾਂ ਨੇ ਯੁੱਧ ਕਰ ਬੰਦ ਕਰ ਦਿੱਤਾ। ਖਫੀ ਖਾਂ ਨੇ ਉਨ੍ਹਾਂ ਨੂੰ "ਧੋਖੇ ਦਾ ਪਿਤਾ ਅਤੇ ਸ਼ੈਤਾਨ ਦਾ ਚਤੁਰ ਬੇਟਾ" ਕਿਹਾ ਹੈ, ਪਰ ਉਸ ਨੂੰ ਇਹ ਵੀ ਸਵੀਕਾਰ ਕਰਨਾ ਪਿਆ ਹੈ ਕਿ ਸ਼ਿਵਾਜੀ ਨੇ ਇਹ ਨਿਯਮ ਬਣਾ ਰੱਖਿਆ ਸੀ ਕਿ ਜਦੋਂ ਉਨ੍ਹਾਂ ਦੇ ਸਾਥੀ ਲੁੱਟ ਕਰਨ ਲੱਗੇ ਤਾਂ ਉਹ ਮਸਜਿਦਾਂ ਨੂੰ, ਧਰਮ ਗ੍ਰੰਥਾਂ ਨੂੰ ਅਤੇ ਇਸਤਰੀਆਂ ਨੂੰ ਹਾਨੀ ਪਹੁੰਚਾਏ। ਜਦੋਂ ਵੀ ਕਦੀ ਉਨ੍ਹਾਂ ਨੂੰ ਕੁਰਾਨ ਦੀ ਪੁਸਤਕ ਮਿਲਦੀ ਉਹ ਉਸ ਨੂੰ ਆਦਰ ਸਹਿਤ ਆਪਣੇ ਕਿਸੇ ਮੁਸਲਮਾਨ ਸਾਥੀ ਨੂੰ ਦੇ ਦਿੱਦੇ ਸਨ। ਜਦੋਂ ਵੀ ਹਿੰਦੂ ਜਾਂ ਮੁਸਲਮਾਨ ਔਰਤਾਂ ਉਨ੍ਹਾਂ ਦੀ ਕੈਦ ਵਿੱਚ ਆ ਜਾਂਦੀਆਂ ਉਹ ਉਨ੍ਹਾਂ ਦੀ ਰੱਖਿਆ ਕਰਦੇ ਜਦੋਂ ਤੱਕ ਉਨ੍ਹਾਂ ਦੇ ਸਬੰਧੀ ਧਨ ਦੇ ਕੇ ਉਨ੍ਹਾਂ ਨੂੰ ਛੁੜਾ ਨਹੀਂ ਲੈ ਜਾਂਦੇ। ਸ਼ਿਵਾਜੀ ਨੇ ਹਮੇਸ਼ਾ ਪ੍ਰਜਾ ਦੇ ਸਨਮਾਨ ਦੀ ਰੱਖਿਆ ਕੀਤੀ। ਜਦਕਿ ਵਿਦਰੋਹ, ਲੁੱਟਮਾਰ ਅਤੇ ਹਮਲੇ ਉਨ੍ਹਾਂ ਦੇ ਜੀਵਨ ਦਾ ਅੰਗ ਬਣ ਚੁੱਕੇ ਸਨ, ਉਹ ਹਮੇਸ਼ਾ ਹੀ ਨੀਵੇਂ ਕੰਮਾਂ ਤੋਂ ਦੂਰ ਰਹਿੰਦੇ ਸਨ ਅਤੇ ਮੁਸਲਮਾਨ ਇਸਤਰੀਆਂ ਅਤੇ ਬੱਚਿਆਂ ਦੇ ਸਨਮਾਨ ਦੀ ਰੱਖਿਆ ਕਰਦੇ ਸਨ। ਇਸ ਵਿਸ਼ੇ ਵਿੱਚ ਉਨ੍ਹਾਂ ਦੀ ਆਗਿਆਵਾਂ ਬਣੀਆਂ ਕਠੋਰ ਸਨ ਅਤੇ ਜੋ ਵੀ ਉਨ੍ਹਾਂ ਦਾ ਉਲੰਘਣ ਕਰਦਾ ਸੀ ਉਸ ਨੂੰ ਸਜ਼ਾ ਦਿੱਤੀ ਜਾਂਦੀ ਸੀ।

ਸ਼ਿਵਾਜੀ ਦੇ ਵਿਅਕਤੀਤਵ ਵਿਚ ਇਕ ਜਨਮਜਾਤ ਨੇਤਾ ਦਾ ਆਕਰਸ਼ਨ ਸੀ ਜਿਹੜਾ ਉਸਦੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਮਸਤ ਕਰ ਦਿੰਦਾ ਸੀ ਜਿਸ ਦੇ ਕਾਰਣ ਦੇਸ਼ ਦੇ ਚੁਣੇ ਹੋਏ ਯੋਧਾ ਉਨ੍ਹਾਂ ਦੇ ਕੋਲ ਖਿੱਚੇ ਚਲੇ ਆਏ। ਉਨ੍ਹਾਂ ਦੇ ਅਧਿਕਾਰ ਪੂਰਨ ਸਵਾਮੀ ਭਗਤੀ ਨਾਲ ਉਨ੍ਹਾਂ ਦੀ ਸੇਵਾ ਲਈ ਤਿਆਰ ਰਹਿੰਦੇ ਸਨ ਅਤੇ ਉਨ੍ਹਾਂ ਦੀ ਹੈਰਾਨੀ ਜਨਕ ਜਿੱਤਾਂ ਅਤੇ ਪ੍ਰਸੰਨ ਮੁਦਰਾ ਦੇ ਕਾਰਣ ਉਹ ਆਪਣੀ ਸਾਰੀ ਸੈਨਾਂ ਦੇ ਆਦਰਸ਼ ਸਨ। ਉਨ੍ਹਾਂ ਦਾ ਚਰਿੱਤਰ ਜਾਣਨ ਦੀ ਪ੍ਰਤਿਭਾ ਉਨ੍ਹਾਂ ਦੀ ਸਫਲਤਾ ਵਿਚ ਮੁੱਖ ਰੂਪ ਨਾਲ ਸਾਧਕ ਰਹੀ। ਉਨ੍ਹਾਂ ਦਾ ਸੈਨਾਪਤੀਆਂ, ਰਾਜਪਾਲਾਂ ਰਾਜਦੂਤਾਂ ਅਤੇ ਸੱਕਤਰਾਂ ਦਾ ਚੋਣ ਕਦੇ ਵੀ ਗਲਤੀ ਪੂਰਨ ਨਹੀਂ ਰਿਹਾ। ਉਨ੍ਹਾਂ ਦਾ ਨਾਗਰਿਕ ਜਾਂ ਲੜਾਈ ਸੰਬੰਧੀ ਸ਼ਾਸਨ ਨਿਪੁੰਨਤਾ ਦੀ ਦ੍ਰਿਸ਼ਟੀ ਨਾਲ ਸਰਵ ਸ਼੍ਰੇਸ਼ਠ ਰਿਹਾ। ਰਾਲਿਨਸਨ ਦੇ ਮਤ ਅਨੁਸਾਰ "ਸ਼ਿਵਾਜੀ ਦਾ ਕਾਲ ਬਹੁਤ ਹੀ ਅੰਧਕਾਰ ਵਿਚ ਘਿਰਿਆ ਹੋਇਆ ਅਤੇ ਭਿਅੰਕਰ ਸੀ। ਘੱਟ ਤੋਂ ਘੱਟ ਉਨ੍ਹਾਂ ਦੇ ਹੱਥ ਔਰੰਗਜੇਬ ਦੀ ਤਰ੍ਹਾਂ ਆਪਣੇ ਪਰਿਵਾਰ ਵਾਲਿਆਂ ਦੇ ਖ਼ੂਨ ਨਾਲ ਰੰਗੇ ਤਾਂ ਨਹੀਂ ਸਨ। ਉਹ ਕਦੀ ਵੀ ਜਾਣ ਬੁਝ ਕੇ ਜਾਂ ਕ੍ਰੋਧ ਵਿਚ ਅੰਨ੍ਹਾ ਹੋ ਕੇ ਅਤਿਆਚਾਰੀ ਨਹੀਂ ਬਣਿਆ। ਇਸਤਰੀਆਂ ਦਾ, ਮਸਜਿਦਾਂ ਦਾ, ਯੁੱਧ ਵਿਚ ਨਾਂ ਲੜਨ ਵਾਲਿਆਂ ਦੀ ਇੱਜਤ ਕਰਨਾ, ਯੁੱਧ ਤੋਂ ਬਾਦ ਫਜ਼ੂਲ ਖ਼ੂਨ ਨਾ ਵਹਿਣ ਦੇਣਾ, ਯੁੱਧ-ਬੰਦੀ ਅਧਿਕਾਰੀਆਂ ਅਤੇ ਸੈਨਿਕਾਂ ਨੂੰ ਇੱਜਤ ਨਾਲ ਛੱਡ ਦੇਣਾ ਆਦਿ ਕੁਝ ਘੱਟ ਚਰਿੱਤਰ ਵਿਸ਼ੇਸ਼ਤਾਵਾਂ ਨਹੀਂ ਹਨ।"

ਸ਼੍ਰੀ ਯਦੁਨਾਥ ਸਰਕਾਰ ਦਾ ਮਤ ਹੈ ਕਿ ਕੋਈ ਵੀ ਕੱਟੜਪੰਥੀ ਅਤੇ ਲੁਟੇਰਾ ਰਾਜ ਵੀ ਸਥਾਪਨਾ ਨਹੀਂ ਕਰ ਸਕਦਾ। ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਪੁਰਾਣੀ ਯੂਨਾਨ ਦੀ ਕਹਾਵਤ ਦੇ ਅਨੁਸਾਰ "ਉਹ ਮਨੁੱਖ ਵਿਚ ਰਾਜਾ ਸੀ ਜਿਸ ਵਿਚ ਦੇਵੀ ਸ਼ਕਤੀ ਅਤੇ ਗਿਆਨ ਸੀ।" ਰਣਜੀਤ ਸਿੰਘ ਅਤੇ ਮਹਾਦਾ ਜੀ ਸਿੰਧੀਆਂ ਦੀ ਸ਼ੈਲੀ ਦੇ ਉਲਟ ਉਨ੍ਹਾਂ ਨੇ ਬਿਨਾਂ ਕਿਸੀ ਵਿਦੇਸ਼ੀ ਸਹਾਇਤਾ ਦੇ ਇਕ ਰਾਸ਼ਟ੍ਰੀ ਸੈਨਾ ਅਤੇ ਰਾਜ ਸ਼ਾਸਨ ਦਾ ਸੰਗਠਨ ਕੀਤਾ। ਸ਼ਿਵਾਜੀ ਦੁਆਰਾ ਸਪੱਸ਼ਟ ਪ੍ਰਣਾਲੀ ਉਨ੍ਹਾਂ ਦੇ ਇਕ ਸਦੀ ਬਾਦ ਵੀ ਪੇਸ਼ਵਾਵਾਂ ਦੇ ਸ਼ਾਂਤ ਸਮੇਂ ਵਿਚ ਵੀ ਆਦਰ ਅਤੇ ਪ੍ਰਸ਼ੰਸਾ ਦੀ ਦ੍ਰਿਸ਼ਟੀ ਨਾਲ ਦੇਖੀ ਜਾਂਦੀ ਰਹੀ। ਸ਼ਿਵਾਜੀ ਵਿਲਾਸਤਾ ਦੇ ਪਿੰਛੇ ਦੌੜਨ ਵਾਲਾ ਜਾਂ ਅਲਾਉਦੀਨ ਖਿਲਜੀ ਜਾਂ ਤੈਮੂਰ ਦਾ ਹਿੰਦੂ ਸੰਸਕਰਨ ਨਹੀਂ ਕੀਤਾ, ਖਾਸ ਕਰਕੇ ਮੁਗਲ ਸਾਮਰਾਜ, ਬੀਜਾਪੁਰ, ਪੁਰਤਗਾਲੀ ਭਾਰਤ ਅਤੇ ਜੰਜੀਰ ਦੇ ਅਬੀਸੀਨਿਆ ਨਿਵਾਸੀਆਂ ਜਿਹੇ ਚਾਰ ਤਾਕਤਵਰ ਸ਼ੱਤਰੂਆਂ ਦਾ ਕਠਿਨ ਵਿਰੋਧ ਹੁੰਦੇ ਹੋਏ। ਆਧੁਨਿਕ ਕਾਲ ਵਿਚ ਕਿਸੀ ਵੀ ਹਿੰਦੂ ਨੇ ਐਸੀ ਯੋਗਤਾ ਪ੍ਰਦਰਸ਼ਿਤ ਨਹੀਂ ਕੀਤੀ। "ਬਖਤਰੋਂ" ਦੇ ਲੇਖਕ ਮਰਹਠੋਂ ਤੋਂ ਸਾਨੂੰ ਸ਼ਿਵਾਜੀ ਜੀ ਦਿੱਤੀ ਹੋਈ ਸੰਸਾਰਿਕ ਸੰਪੱਤੀ, ਹਾਥੀ, ਘੋੜੇ, ਸੈਨਾ, ਦਾਸ, ਰਤਨ, ਸੋਨਾ ਚਾਂਦੀ ਕੱਪੜੇ ਆਦਿ ਦਾ ਤਾਂ ਪਤਾ ਲਗਦਾ ਹੈ ਪਰ ਦੇਸ਼ ਅਤੇ ਜਾਤੀ ਨੂੰ ਦਿੱਤੀ ਹੋਈ ਬਹੁਤ ਕੀਮਤੀ ਸੰਪੱਤੀ ਜਾਂ ਮਰਾਠੀ ਜਾਤ ਨੂੰ ਨਵਾਂ ਜੀਵਨ ਪ੍ਰਦਾਨ ਕਰਨ ਦਾ ਉਲੇਖ ਕਿਤੇ ਵੀ ਨਹੀਂ ਮਿਲਦਾ। ਸ਼ਿਵਾਜੀ ਕੇਵਲ ਮਰਾਠਾ ਜਾਤੀ ਦੇ ਨਿਰਮਾਣ ਕਰਤਾ ਨਹੀਂ ਸਨ ਪਰ ਫਿਰ ਵੀ ਉਹ ਮੱਧਕਾਲੀਨ ਭਾਰਤ ਵਰਸ਼ ਦੇ ਨਿਰਮਾਣਕਰਤਾ ਵੀ ਸਨ। ਸ਼ਿਵਾਜੀ ਜਿਹੇ ਸੱਚੇ ਰਾਸ਼ਟਰ ਨਾਇਕ ਰਾਜਾ ਦੀ ਵਡਿਆਈ ਸਾਰੀ ਮਨੁੱਖ ਜਾਤ ਨੂੰ ਇਕ ਮਹਾਨ ਇਤਿਹਾਸਕ ਦੇਣ ਹੈ ਜਿਹੜੀ ਜੁਗ-ਜੁਗਾਂਤਰ ਤਕ ਭਵਿੱਖ ਯੁੱਗਾਂ ਦੇ ਦਿਮਾਗਾਂ ਨੂੰ ਨਵੀਂ ਕਲਪਨਾ, ਨਵੀ ਫੁਰਤੀ, ਨਵੀ ਵਿਚਾਰਧਾਰਾ ਅਤੇ ਨਵੀ ਕਰਮਸ਼ਕਤੀ ਦੀ ਪ੍ਰੇਰਨਾ ਦਿੰਦੀ ਰਹੇਗੀ।

ਪੁਨਰ ਸ਼੍ਰੀ ਸਰਕਾਰ ਦਾ ਵਿਚਾਰ ਹੈ ਕਿ "ਨਵੇਂ ਸਿਰੇ ਤੋਂ ਅਰੰਭ ਹੋਏ ਉਸ ਘੋਰ ਅੱਤਿਆਚਾਰ ਦੇ ਯੁੱਗ ਵਿੱਚ ਹਿੰਦੂ ਸੰਸਾਰ ਦੇ ਲਈ ਤਾਂ ਸ਼ਿਵਾਜੀ ਉਮੀਦ ਨਵੇਂ ਨਕਸ਼ੱਤਰ ਦੀ ਤਰ੍ਹਾਂ ਭਾਰਤ ਆਕਾਸ਼ ਵਿੱਚ ਉਦਿਤ ਹੋਏ ਅਤੇ ਉਹ ਹਿੰਦੂਆਂ ਦੇ ਧਰਮ ਚਿੰਨ੍ਹ ਦਿਮਾਗ ਦੇ ਤਿਲਕ ਅਤੇ ਬ੍ਰਾਹਮਣਾਂ ਦੇ ਰੱਖਿਅਕ ਸਨ। ਉਨ੍ਹਾਂ ਦਾ ਅਤੇ ਉਨ੍ਹਾਂ ਦੇ ਬਾਅਦ ਸ਼ਿਵਾਜੀ ਦਾ ਦਰਬਾਰ ਔਰੰਗਜ਼ੇਬ ਦੇ ਦੁਸ਼ਮਣਾਂ ਦਾ ਗੜ੍ਹ ਬਣ ਗਿਆ। ਦੋਵੇਂ ਹੀ ਪ੍ਰਤੀਦੰਦੀ ਅਸਧਾਰਣ ਪੁਰਸ਼ ਸਨ ਪਰ ਉਨ੍ਹਾਂ ਦੇ ਚਰਿੱਤਰ ਵਿੱਚ ਵਿਸ਼ਾਲ ਅੰਤਰ ਸੀ।"

ਗ੍ਰਾਂਟ ਡੱਫ ਦੇ ਅਨੁਸਾਰ "ਜਿਹੜੇ ਪ੍ਰਦੇਸ਼ ਸ਼ਿਵਾਜੀ ਨੇ ਜਿੱਤੇ ਜਾਂ ਜਿਹੜਾ ਧੰਨ ਇੱਕਠਾ ਕੀਤਾ ਉਹ ਮੁਗਲਾਂ ਦੇ ਲਈ ਇੰਨਾ ਭਿਆਨਕ ਨਹੀਂ ਸੀ, ਜਿੰਨਾ ਕਿ ਸ਼ਿਵਾਜੀ ਦਾ ਖ਼ੁਦ ਦਾ ਆਦਰਸ਼, ਨਵੀ ਵਿਚਾਰਧਾਰਾ ਅਤੇ ਪ੍ਰਣਾਲੀ ਜਿਹੜੀ ਉਨ੍ਹਾਂ ਨੇ ਚਲਾਈ ਅਤੇ ਜਿਹੜੀ ਨਵੀਂ ਪ੍ਰੇਰਣਾ ਉਨ੍ਹਾਂ ਨੇ ਮਰਾਠਾ ਜਾਤ ਨੂੰ ਦਿੱਤੀ।"

ਨੋਟ

**ਪ੍ਰੋ. ਐਮ. ਬੀ. ਦੇਵਪੁਜਾਰੀ** ਦਾ ਮਤ ਹੈ ਕਿ ਭਾਰਤੀਅ ਸੈਨਿਕ ਪਰੰਪਰਾ ਵਿਚ ਸ਼ਿਵਾਜੀ ਦਾ ਸਥਾਨ ਇਸ ਗੱਲ ਤੋਂ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਯੁੱਧ ਕਲਾ ਦੇ ਵਿਕਾਸ ਵਿਚ ਕਿੰਨਾ ਯੋਗਦਾਨ ਦਿੱਤਾ ਹੈ। ਸ਼ਿਵਾਜੀ ਦੇ ਕਾਲ ਦੇ ਸੈਨਿਕ ਪ੍ਰਬੰਧ ਦਾ ਵਿਸ਼ਲੇਸ਼ਣ ਉਸ ਪੂਰਨ ਯੋਗਤਾ ਨੂੰ ਪ੍ਰਗਟ ਕਰਦਾ ਹੈ ਜਿਸ ਦਾ ਉਦੇਸ਼ ਸੈਨਿਕ ਸ਼ਕਤੀ ਅਤੇ ਸ਼ੱਤਰੂ ਨੂੰ ਠੱਗਣ ਦੇ ਤਰੀਕੇ, ਅਕਾਰਨ ਯੁੱਧ ਦੀ ਪ੍ਰਤੱਖ ਲੜਾਈ ਅਤੇ ਅਪ੍ਰਤੱਖ ਵਿਧੀ ਵਿਚ ਸੰਤੁਲਨ ਕਰਨਾ ਹੈ। ਅਫਜਲ ਖਾਂ ਅਤੇ ਸਾਇਸਤਾ ਖਾਂ ਜਿਹੇ ਸ਼ਕਤੀਸ਼ਾਲੀ ਸ਼ੱਤਰੂ ਸੈਨਾਪਤੀਆਂ ਨੂੰ ਰਚਾਉਣ ਦੇ ਲਈ ਵਰਤੋਂ ਕੀਤੇ ਗਏ ਸਾਧਨ ਮਾਨਸਿਕ ਅਤੇ ਨੈਤਿਕ ਗੁਣ, ਫੈਸਲੇ ਸੰਕਲਪ ਸਾਹਸ ਵਿਚਾਰ ਕਰਨ ਅਤੇ ਅਜੀਬ ਕੰਮਾਂ ਨੂੰ ਪੂਰਾ ਕਰਨ ਦੀ ਬੁੱਧੀ ਅਤੇ ਉੱਚ ਨੈਤਿਕ ਉਦੇਸ਼ ਦੀ ਘੋਸ਼ਣਾ ਕਰਦੇ ਹਨ ਜਿਹੜੇ ਅਸਾਧਾਰਨ ਬੁੱਧੀ ਦੇ ਸੈਨਿਕ ਵਿਚ ਹੁੰਦੇ ਸਨ। ਆਮ ਚਤਰਾਈ ਨਾਲ ਸ਼ੱਤਰੂ ਨੂੰ ਠੱਗਣ ਦੇ ਤਰੀਕੇ ਲੱਭਣਾ ਜਾਂ ਛਲਪੂਰਨ ਯੁਕਤੀ ਨਾਲ ਯੋਜਨਾ ਬਣਾਉਣਾ ਖਾਸ ਦਿਮਾਗ ਜਾਂ ਉਸ ਦੀ ਖਾਸ ਵਿਜੱਤ ਦੀ ਅਸਲੀਅਤ ਨੂੰ ਸਿੱਧ ਕਰਦਾ ਹੈ। ਸ਼ਿਵਾ ਜੀ ਦੇ ਵੀਰ ਚਰਿੱਤਰ ਦਾ ਲੋਕਾਂ ਉਤੇ ਪ੍ਰਭਾਵ, ਉਨ੍ਹਾਂ ਦੇ ਦੁਆਰਾ ਸੈਨਿਕ, ਸਰਵ ਉੱਚ ਅਫਸਰ ਅਤੇ ਇੱਕ-ਇੱਕ ਦੇ ਵਿਚ ਉਦੇਸ਼ ਦੇ ਪ੍ਰਤੀ ਪੈਦਾ ਅਧਿਆਤਮਕ ਹੌਸਲਾ, ਜੋਸ਼ ਅਤੇ ਨਿਸ਼ਠਾ ਉਨ੍ਹਾਂ ਦੀ ਬੁੱਧੀ ਦੀਆਂ ਉਪਲਬਧੀਆਂ ਹਨ। ਸ਼ਿਵਾਜੀ ਦੀ ਗਲਤੀਆਂ ਨਾਲ ਉਨ੍ਹਾਂ ਦੇ ਦੁਸ਼ਮਨਾ ਨੂੰ ਬਹੁਤ ਘੱਟ ਨੁਕਸਾਨ ਪਹੁੰਚਿਆ। ਉਨ੍ਹਾਂ ਨੇ ਉਨ੍ਹਾਂ ਦੀ ਇਸ ਤਰ੍ਹਾਂ ਵਿਵਸਥਾ ਕੀਤੀ ਕਿ ਮਨੁੱਖ ਜੀਵਨ ਦੀ ਘੱਟ ਤੋਂ ਘੱਟ ਹਾਨੀ ਹੋਈ ਅਤੇ ਸੈਨਾ ਦਾ ਮਨੋਬਲ ਉੱਚਾ ਰਿਹਾ। ਇਕ ਵਾਰ ਸਿੱਦੀ ਜੌਹਰ ਦੁਆਰਾ ਪਾਏ ਗਏ ਪਨਹਾਲਾ ਘੇਰੇ ਤੋਂ ਅਤੇ ਦੂਜੀ ਵਾਰ ਆਗਰਾ ਤੋਂ ਬਚ ਨਿਕਲਣਾ ਇਸਦੇ ਦੋ ਉਦਾਹਰਣ ਦਿੱਤੇ ਜਾ ਸਕਦੇ ਹਨ। ਥਲ ਅਤੇ ਜਲ ਦੁਆਰਾ ਨਿਯਮਿਤ ਸੁਰੱਖਿਆ ਸੰਗ੍ਰਾਮ ਦਾ ਕਾਲ ਗੁਰਿਲਾ ਵਿਧੀ ਦੇ ਅੰਤਰਗਤ ਨਹੀਂ ਆਉਂਦਾ। ਮਰਾਠੇ ਲੜਾਕੂ ਅਭਿਅਸਤ ਸੈਨਿਕ ਬਣ ਗਏ ਅਤੇ ਮਰਾਠੇ ਅਫਸਰ ਉਨ੍ਹਾਂ ਨੂੰ ਆਪਣੇ ਆਪ ਚਲਾਉਣ ਨੂੰ ਤਿਆਰ ਸਨ। ਇਹ ਸਭ ਗੱਲਾਂ ਇਹ ਦਿਖਾਉਣ ਲਈ ਕਾਫੀ ਹਨ ਕਿ ਸ਼ਿਵਾਜੀ ਦੀ ਯੁੱਧ ਦੇ ਵਿਸ਼ੇ ਵਿਚ ਯੋਗਤਾ ਕੇਵਲ ਗੁਰਿਲਾ ਯੁੱਧ ਤਕ ਹੀ ਸੀਮਿਤ ਨਹੀਂ ਸੀ।

ਰਾਲਿਨਸਨ ਕਹਿੰਦਾ ਹੈ "ਉਹ ਅੰਧਕਾਰ ਅਤੇ ਹਿੰਸਾ ਦਾ ਯੁਗ ਸੀ ਪਰ ਸ਼ਿਵਾਜੀ ਦੇ ਹੱਥ ਔਰੰਗਜੇਬ ਦੀ ਤਰ੍ਹਾਂ ਆਪਣੇ ਸੰਬੰਧੀਆਂ ਦੇ ਖੂਨ ਨਾਲ ਨਹੀਂ ਰੰਗੇ ਹੋਏ ਸਨ। ਉਨ੍ਹਾਂ ਨੇ ਕਦੀ ਵੀ ਸੋਚ ਸਮਝ ਕੇ ਜਾਂ ਗੁੱਸੇ ਵਿਚ ਅਤਿਆਚਾਰ ਨਹੀਂ ਕੀਤਾ। ਇਸਤਰੀਆਂ, ਮਸਜਿਦਾਂ ਅਤੇ ਨਾਗਰਿਕਾਂ ਦੀ ਇੱਜਤ ਕਰਨਾ, ਲੜਾਈ ਤੋਂ ਬਾਦ ਕਤਲੇਆਮ ਨਾ ਕਰਨਾ, ਪਕੜੇ ਹੋਏ ਅਫਸਰਾਂ ਅਤੇ ਵਿਅਕਤੀਆਂ ਨੂੰ ਇੱਜਤ ਨਾਲ ਮੁਕਤ ਕਰ ਦੇਣਾ ਕੁਝ ਘੱਟ ਗੁਣ ਨਹੀਂ ਹਨ।"

ਐਲਫਿਲਸਟੋਨ ਕਹਿੰਦਾ ਹੈ "ਹਾਲਾਂਕਿ ਉਹ ਸ਼ਕਤੀਸ਼ਾਲੀ ਸਰਦਾਰ ਦੇ ਪੁੱਤਰ ਸਨ ਉਨ੍ਹਾਂ ਨੇ ਲੁਟੇਰਿਆਂ ਦੇ ਸਾਹਸੀ ਅਤੇ ਨਿਪੁੰਨ ਕਪਤਾਨ ਦੇ ਨਾਤੇ ਜੀਵਨ ਸ਼ੁਰੂ ਕੀਤਾ, ਇਕ ਚਲਾਕ ਅਤੇ ਯੋਗ ਸੈਨਾਪਤੀ ਬਣੇ ਅਤੇ ਵਿਅਕਤੀਤਵ ਦੀ ਐਸੀ ਛਾਪ ਛੱਡੀ ਕਿ ਉਨ੍ਹਾਂ ਦੇ ਬਾਦ ਉਨ੍ਹਾਂ ਦੇ ਦੇਸ਼ਵਾਸੀਆਂ ਵਿਚੋਂ ਕੋਈ ਵੀ ਉਨ੍ਹਾਂ ਤਕ ਨਹੀਂ ਪਹੁੰਚ ਸਕਿਆ। ਪੜੋਸੀ ਦੇਸ਼ਾ ਦੀ ਖਰਾਬ ਦਸ਼ਾ ਨੇਐਸੇ ਮੌਕੇ ਪ੍ਰਦਾਨ ਕੀਤੇ ਜਿਨ੍ਹਾਂ ਦੇ ਦੁਆਰਾ ਇਕ ਛੋਟਾ ਨੇਤਾ ਵੀ ਲਾਭ ਚੁੱਕ ਸਕਦਾ ਸੀ ਪਰ ਉਨ੍ਹਾਂ ਨੇ ਔਰੰਗਜੇਬ ਦੀਆਂ ਗਲਤੀਆਂ ਦਾ ਲਾਭ ਚੁੱਕਣ ਦੇ ਲਈ ਮਰਾਠਿਆਂ ਵਿਚ ਧਾਰਮਕ ਜੋਸ਼ ਅਤੇ ਉਸਦੇ ਮੱਧਮ ਨਾਲ ਰਾਸ਼ਟਰੀ ਭਾਵਨਾ ਪੈਦਾ ਕਰਨ ਦੇ ਲਈ ਆਪਣੀ ਯੋਗਤਾ ਦੀ ਵਰਤੋਂ ਕੀਤੀ। ਇਨ੍ਹਾਂ ਭਾਵਨਾਵਾਂ ਦੇ ਕਾਰਣ ਉਨ੍ਹਾਂ ਦਾ ਰਾਜ ਉਸ ਸਮੇਂ ਵੀ ਵਧਦਾ ਰਿਹਾ ਜਦੋਂ ਕਿ ਇਹ ਕਮਜੋਰ ਹੱਥਾਂ ਵਿਚ ਪਹੁੰਚਿਆ ਅਤੇ ਵੱਖ-ਵੱਖ ਅਦਰੂਨੀ ਝਗੜੇ ਹੁੰਦੇ ਹੋਏ ਵੀ ਉਸ ਸਮੇਂ ਤਕ ਸੰਗਠਿਤ ਰਿਹਾ। ਜਦੋਂ ਤਕ ਇਸ ਨੇ ਦੇਸ਼ ਦੇ ਜ਼ਿਆਦਾਤਰ ਹਿੱਸੇ ਉਤੇ ਆਪਣੀ ਸਰਵੋਉੱਤਮ ਪ੍ਰਭੂਸੱਤਾ ਸਥਾਪਨਾ ਨਹੀਂ ਕਰ ਲਈ। ਹਾਲਾਂਕਿ ਲੁਟੇਰਾ ਯੁੱਧ ਹੋਣ ਦੇ ਕਾਰਨ ਲੋਕਾਂ ਨੂੰ ਬਹੁਤ ਜ਼ਿਆਦਾ ਦੁੱਖ ਪਹੁੰਚਣੇ ਚਾਹੀਦੇ ਸਨ ਪਰ ਵੁਨ੍ਹਾਂ ਨੇ ਇਸ ਨੂੰ ਇਸ ਤਰ੍ਹਾਂ ਚਲਾਇਆ ਅਤੇ ਉਨ੍ਹਾਂ ਦੇ ਸ਼ੱਤਰੂ ਵੀ ਇਸ ਦੇ ਗਵਾਹ ਹਨ ਕਿ ਮਨੁੱਖੀ ਵਿਵਸਥਾਵਾਂ ਦੁਆਰਾ ਇਸ ਦੇ ਦੋਸ਼ਾਂ ਨੂੰ ਦੂਰ ਕਰਨ ਦੇ ਚਾਹਵਾਨ ਸਨ। ਉਨ੍ਹਾਂ ਨੇ ਉਨ੍ਹਾਂ ਵਿਵਸਥਾਵਾਂ ਨੂੰ ਕਠੋਰਤਾ ਨਾਲ ਲਾਗੂ ਕੀਤਾ। ਬਾਦ ਵਿਚ ਉਨ੍ਹਾਂ ਦੀ ਧਰਮ ਨਿਸ਼ਠਾ ਅੰਧ-ਵਿਸ਼ਵਾਸ ਅਤੇ ਕਠੋਰਤਾ ਮਹਾਨਤਾ ਵਿਚ ਬਦਲ ਗਈ ਪਰ ਇਸ ਨਾਲ ਨਾਂ ਤਾਂ ਉਨ੍ਹਾਂ ਦੀ ਯੋਗਤਾ ਪ੍ਰਭਾਵਿਤ ਹੋਈ ਅਤੇ ਨਾਂ ਉਨ੍ਹਾਂ ਦਾ ਦਿਮਾਗ ਚਿੜਚਿੜਾ ਬਣਿਆ।"

**ਸ਼ਿਵਾਜੀ ਅਤੇ ਹਿੰਦੂ ਸਾਮਰਾਜ** (Shivaji and Hindu Empire)– ਸਰਦੇਸਾਈਂ ਦਾ ਵਿਚਾਰ ਹੈ ਕਿ ਸ਼ਿਵਾਜੀ ਦਾ ਲਕਸ਼ ਕੇਵਲ ਮਹਾਰਾਸ਼ਟਰ ਦੇ ਹਿੰਦੂਆਂ ਨੂੰ ਹੀ ਸੁਤੰਤਰ ਕਰਾਉਣਾ ਨਹੀਂ ਸੀ, ਸਗੋਂ ਸਾਰੇ ਦੇਸ਼ ਦੇ ਵੱਖ-ਵੱਖ ਕੋਨਿਆਂ ਵਿੱਚ ਰਹਿਣ ਵਾਲੇ ਹਿੰਦੂਆਂ ਨੂੰ ਮੁਕਤ ਕਰਾਉਣਾ ਸੀ। ਸਰਦੇਸਾਈਂ ਨੇ ਆਪਣੇ ਵਿਚਾਰ ਦੇ ਸਮਰਥਨ ਵਿੱਚ ਕਈ ਕਾਰਨ ਦੱਸੇ ਹਨ। ਉਨ੍ਹਾਂ ਦੇ ਵਿਚਾਰ ਨਾਲ ਸ਼ਿਵਾਜੀ ਦਾ ਮੁੱਖ ਉਦੇਸ਼ ਪ੍ਰਦੇਸ਼ ਜਿੱਤਣਾ ਨਹੀਂ ਸਗੋਂ ਹਿੰਦੂਆਂ ਨੂੰ ਧਾਰਮਿਕ ਸੁਤੰਤਰਤਾ ਪ੍ਰਾਪਤ ਕਰਾਉਣਾ ਸੀ। 1635 ਈ. ਵਿੱਚ ਸ਼ਿਵਾਜੀ ਨੇ ਦਾਦਾ ਜੀ ਨਰਸੀ ਪ੍ਰਭੂ ਨੂੰ "ਹਿੰਦਾਵੀ ਸਵਰਾਜ" ਯੋਜਨਾ ਦੇ ਵਿਸ਼ੇ ਵਿੱਚ ਲਿਖਿਆ ਸੀ।

ਇਸ ਯੋਜਨਾ ਦਾ ਮਕਸਦ ਹਿੰਦੂਆਂ ਨੂੰ ਸਾਰੇ ਭਾਰਤਵਰਸ਼ ਵਿਚ ਧਾਰਮਕ ਸਵਅਧਿਕਾਰ ਦਵਾਉਣਾ ਸੀ। ਸ਼ਿਵਾਜੀ ਦੇ ਮ੍ਰਿਤੂ ਦੇ ਬਾਦ ਮਰਾਠਿਆਂ ਨੇ ਉਨ੍ਹਾਂ ਦੇ ਆਦਰਸ਼ਾਂ ਅਤੇ ਅਭਿਲਾਸ਼ਾਵਾਂ ਦਾ ਇਹੋ ਅਰਥ ਲਗਾਇਆ ਅਤੇ ਸ਼ਿਵਾਜੀ ਦਾ ਚੌਥ ਅਤੇ ਸਰਦੇਸ਼ਮੁਖੀ ਲਗਾਉਣਾ ਵੀ ਇਸੀ ਯੋਜਨਾ ਦਾ ਸਾਰੇ ਭਾਰਤਵਰਸ਼ ਵਿਚ ਵਿਸਤਾਰ ਦਾ ਸਾਧਨ ਮਾਤਰ ਸਮਝਿਆ ਗਿਆ। "ਸ਼ਿਵਾ ਜੀ ਦੇ ਆਗਰਾ ਜਾਣ ਦਾ ਵੀ ਮੁੱਖ ਉਦੇਸ਼ ਵੀ ਉੱਤਰ ਭਾਰਤ ਦੀ ਸਥਿਤੀ ਦਾ ਅਧਿਐਨ ਕਰਨਾ ਅਤੇ ਮੁਗਲ ਸਾਮਰਾਜ ਨੂੰ ਉਲਟ ਦੇਣ ਦੀ ਸੰਭਾਵਨਾ ਅਤੇ ਸਾਧਨ ਹੀ ਲੱਭਣਾ ਸੀ। ਉਨ੍ਹਾਂ ਦੀ ਹਿੰਦੂਆਂ ਵਿਚਨਵਾਂ ਜੀਵਨ ਸੰਚਾਰ ਕਰਨ ਦੀ ਭਾਵਨਾ ਦਾ ਪ੍ਰਮੁੱਖ ਉਦਾਹਰਣ ਇਹ ਹੈ ਕਿ ਉਨ੍ਹਾਂ ਨੇ ਸਮੁੰਦਰੀ ਬੇੜਾ ਬਣਵਾਇਆ ਅਤੇ ਇਸ ਤਰ੍ਹਾਂ ਸਮੁੰਦਰੀ ਯਾਤਰਾ ਦੇ ਵਿਰੁਧ ਅੰਧਵਿਸ਼ਵਾਸ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ। ਸ਼ਿਵਾ ਜੀ ਨੇ ਜਿਹੜੇ ਹਿੰਦੂ ਮੁਸਲਮਾਨ ਬਣ ਗਏ ਸਨ ਉਨ੍ਹਾਂ ਨੂੰਮੁੜ ਹਿੰਦੂ ਬਣਨ ਲਈ ਪ੍ਰੋਤਸਾਹਨ ਦਿੱਤਾ। ਉਹ

ਨੋਟ

ਰਾਜਪੂਤ ਸਰਦਾਰਾਂ ਨਾਲ ਨਹੀਂ ਲੜੇ ਅਤੇ ਉਨ੍ਹਾਂ ਨਾਲ ਚੰਗੇ ਸੰਬੰਧ ਬਣਾਏ।" ਪਰ ਇਹ ਮਤ ਦੂਜੇ ਇਤਿਹਾਸਕਾਰ ਨਹੀਂ ਮੰਨਦੇ। ਉਨ੍ਹਾਂ ਦਾ ਕਹਿਣਾ ਹੈ ਕਿ ਹਿੰਦੂਆਂ ਦੀ ਧਾਰਮਕ ਸੁਤੰਤਰਤਾ ਉਸ ਸਮੇਂ ਤਕ ਅਸੰਭਵ ਸੀ ਜਦੋਂ ਤਕ ਮੁਗਲ ਸਾਮਰਾਜ ਦਾ ਨਾਸ਼ ਨਾਂ ਹੋ ਜਾਂਦਾ। ਸ਼ਿਵਾਜੀ ਸਾਰੇ ਭਾਰਤ ਵਰਸ਼ ਦੇ ਹਿੰਦੂਆਂ ਦੇ ਨੇਤਾ ਬਣਨਾ ਚਾਹੁੰਦੇ ਸਨ ਐਸਾ ਸਬੂਤ ਕਿਤੇ ਵੀ ਨਹੀਂ ਮਿਲਦਾ ਅਤੇ ਨਾਂ ਹੀ ਉਨ੍ਹਾਂ ਦੇ ਕੋਲ ਸਾਰੇ ਭਾਰਤਵਰਸ਼ ਦੇ ਹਿੰਦੂਆਂ ਤੋਂ ਮੁਗਲਾਂ ਦੇ ਵਿਰੁਧ ਕੋਈ ਸੰਧੀ ਕਰਨ ਦੀ ਯੋਜਨਾ ਸੀ। ਇਹ ਤਾਂ ਪ੍ਰਸਿੱਧ ਹੀ ਹੈ ਕਿ ਸ਼ਿਵਾਜੀ ਨੇ ਛਤਰ ਸਾਲ ਬੁੰਦੇਲਾ ਦੀ ਸਹਾਇਤਾ ਵੀ ਨਹੀਂ ਸਵੀਕਾਰ ਕੀਤੀ ਸੀ। ਇਸ ਨਾਲ ਇਹ ਸਿੱਧ ਹੁੰਦਾ ਹੈ ਕਿ ਸ਼ਿਵਾਜੀ ਪੂਰੇ ਭਾਰਤਵਰਸ਼ ਵਿਚ ਹਿੰਦੂ ਸਾਮਰਾਜ ਦੀ ਸਥਾਪਨਾ ਦੀ ਕੋਸ਼ਿਸ਼ ਨਹੀਂ ਕਰ ਰਹੇ ਸਨ।

**ਸ਼ਿਵਾਜੀ ਦੀ ਸ਼ਾਸਨ ਪ੍ਰਣਾਲੀ ਦੀ ਘਾਟ** (Weakness in Shivaji's System) – ਸ਼ਿਵਾਜੀ ਦੀਆਂ ਅਣਥੱਕ ਕੋਸ਼ਿਸ਼ਾਂ ਕਰਨ ਤੋਂ ਵੀ ਉਨ੍ਹਾਂ ਦਾ ਸਾਮਰਾਜ ਬਹੁਤ ਦੇਰ ਤਕ ਨਾ ਰਿਹਾ। ਉਨ੍ਹਾਂ ਦਾ ਰਾਜ ਰਣਜੀਤ ਸਿੰਘ ਅਤੇ ਅਲਾਉਦੀਨ ਖਿਲਜੀ ਦੀ ਤਰ੍ਹਾਂ ਇਕ ਸੈਨਿਕ ਸੰਗਠਨ ਸੀ ਜਿਹੜਾ ਉਨ੍ਹਾਂ ਦੀ ਮ੍ਰਿਤੂ ਦੇ ਥੋੜੇ ਸਮੇਂ ਬਾਦ ਹੀ ਨਸ਼ਟ ਹੋ ਗਿਆ। ਇਸ ਦੇ ਬਹੁਤ ਸਾਰੇ ਕਾਰਣ ਸਨ। ਬਾਬਰ ਦੀ ਤਰ੍ਹਾਂ ਸ਼ਿਵਾਜੀ ਦਾ ਰਾਜਕਾਲ ਬਹੁਤ ਹੀ ਥੋੜਾ ਰਿਹਾ ਅਤੇ ਇਹ ਸਾਰਾ ਸਮਾਂ ਸ਼ੱਤਰੂਆਂ ਨਾਲ ਯੁੱਧ ਕਰਨ ਵਿਚ ਗੁਜਰਿਆ, ਜਿਸ ਦੇ ਪਰਿਣਾਮਸਰੂਪ ਉਹ ਆਪਣੀ ਸ਼ਕਤੀ ਨੂੰ ਇਕੱਠੀ ਨਹੀਂ ਕਰ ਪਾਏ। ਮਰਾਠਾ ਸਾਮਰਾਜ ਇਸ ਤਰ੍ਹਾਂ ਦਾ ਸੀ ਜਿਸਦੇ ਸੁਧਾਰ ਲਈ ਨਿਸੁਆਰਥੀ ਕਾਰਜ ਕਰਤਾਵਾਂ ਨੂੰ ਸਾਲਾਂ ਦੇ ਧੀਰਜ ਅਤੇ ਸੱਚੀ ਕੋਸ਼ਿਸ਼ਾਂ ਦੀ ਜਰੂਰਤ ਸੀ। ਮਰਾਠਿਆਂ ਵਿਚ "ਵਤਨ ਜਾਂ ਪੈਤ੍ਰਿਕ ਭੂਮੀ ਦੇ ਵੰਡਵਾਰੇ ਦੇ ਲਈ ਬਰਾਬਰ ਝਗੜੇ ਹੁੰਦੇ ਰਹਿੰਦੇ ਸਨ। ਜਦੋਂ ਸ਼ਿਵਾਜੀ ਸੱਤਾ ਵਿਚ ਆਏ ਉਨ੍ਹਾਂ ਨੂੰ ਇਨ੍ਹਾਂ ਝਗੜਿਆਂ ਨੂੰ ਨਜਿੱਠਣਾ ਪੈਂਦਾ ਸੀ ਅਤੇ ਫੈਸਲਾ ਕਰਦੇ ਸਮੇਂ ਕਿਸੀ ਨਾ ਕਿਸੀ ਪੱਖ ਦੇ ਵਿਰੁਧ ਫੈਸਲਾ ਦੇਣਾ ਪੈਂਦਾ ਸੀ। ਜਿਸ ਪੱਖ ਦੇ ਵਿਰੁਧ ਫੈਸਲਾ ਹੁੰਦਾ ਉਹ ਸ਼ਿਵਾਜੀ ਦੇ ਸ਼ੱਤਰੂਆਂ ਨਾਲ ਮਿਲ ਜਾਇਆ ਕਰਦਾ। ਇਸ ਗੱਲ ਨੇ ਸ਼ਿਵਾਜੀ ਨੂੰ ਸਾਰੇ ਜੀਵਨ ਭਰ ਵੱਡਾ ਪਰੇਸ਼ਾਨ ਕੀਤਾ। ਸਤਾਰਵੀਂ ਸਦੀ ਵਿਚ ਮਹਾਰਾਸ਼ਟਰ ਦੇ ਬਹੁਤ ਸਾਰੇ ਜਾਤ-ਪਾਤ ਦੇ ਭੇਦ ਸਨ ਜਿਹੜੇ ਉਨ੍ਹਾਂ ਦੀ ਏਕਤਾ ਵਿਚ ਬਾਧਕ ਰਹੇ। ਬ੍ਰਾਹਮਣ ਅਬ੍ਰਾਹਮਣ ਤੋਂ ਨਫ਼ਰਤ ਕਰਦਾ ਸੀ ਅਤੇ ਉਨ੍ਹਾਂ ਵਿਚ ਵੀ ਦੇਸ਼ ਬ੍ਰਾਹਮਣ, ਕੋਂਕਣ ਬ੍ਰਾਹਮਣ ਅਤੇ ਚਿਤਪਾਵਨ ਬ੍ਰਾਹਮਣ ਆਦਿ ਦੇ ਸਵਜਾਤੀ ਭੇਦ ਸਨ ਅਤੇ ਆਪਸ ਵਿਚ ਝਗੜਦੇ ਰਹਿੰਦੇ ਸਨ। ਸ਼ਿਵਾਜੀ ਦੀ ਜਿੱਤਾਂ ਦੇ ਸਿੱਟੇ ਵਜੋਂ ਹਿੰਦੂ ਰੂੜੀਵਾਦ ਦਾ ਬੋਲਬਾਲਾ ਹੋ ਗਿਆ। ਉੱਚ ਸ਼੍ਰੇਣੀ ਦਾ ਸਮਾਜ ਸੰਸਕਾਰ, ਤਿਉਹਾਰ ਆਦਿ ਦੀ ਪਰੰਪਰਾ ਉਤੇ ਜ਼ਿਆਦਾ ਜੋਰ ਦਿੰਦਾ ਸੀ ਅਤੇ ਇਸ ਕਾਰਣ ਸਮਾਜ ਵਿਚ ਅਮੀਰ ਅਤੇ ਗਰੀਬ ਦਾ ਭੇਦਭਾਵ ਪੈਦਾ ਹੋ ਗਿਆ। ਸ੍ਰੀ ਯਧੁਨਾਥ ਸਰਕਾਰ ਦੇ ਮਤ ਅਨੁਸਾਰ "ਸ਼ਿਵਾਜੀ ਦੀ ਰਾਜਨੀਤਿਕ ਸਫਲਤਾਵਾਂ ਨੇ ਹੀ ਉਨ੍ਹਾਂ ਜਿੱਤਾਂ ਦੀ ਨੀਂਹ ਖੋਖਲੀ ਕਰ ਦਿੱਤੀ। ਸ਼ਿਵਾਜੀ ਦੇ "ਹਿੰਦੂ ਸਵਰਾਜ" ਦੀ ਨੀਂਹ ਪੱਥਰ ਅਸ਼ੁੱਧ ਧਾਰਮਿਕ ਰੂੜੀਵਾਦ ਉਤੇ ਸਥਿਤ ਸੀ ਅਤੇ ਇਸ ਤਰ੍ਹਾਂ ਇਸ ਬੀਜ ਵਿਚ ਹੀ ਇਸ ਸਰਵਨਾਸ਼ ਰੱਖਿਆ ਸੀ। ਰਵੀਂਦਰ ਨਾਥ ਟੈਗੋਰ ਦਾ ਮਤ ਹੈ ਕਿ "ਜਦੋਂ ਇਕ ਅਸਥਾਈ ਉਤੇਜਨਾ ਸਾਰੇ ਦੇਸ਼ ਵਿਚ ਹੁੰਦੀ ਹੈ ਤਾਂ ਸਾਡੀ ਇਹ ਧਾਰਨਾ ਹੋ ਜਾਂਦੀ ਹੈ ਕਿ ਸਾਡਾ ਸੰਗਠਨ ਹੋ ਗਿਆ ਹੈ ਪਰ ਇਸ ਨਾਲ ਸਾਡੇ ਸਮਾਜਿਕ ਸ਼ਰੀਰ ਵਿਚ ਜਿਹੜੇ ਸੁਰਾਖ ਜਾਂ ਤ੍ਰੇੜਾਂ ਪੈ ਜਾਂਦੀਆਂ ਹਨ ਉਹ ਹੌਲੀ ਹੌਲੀ ਗੁਪਤ ਰੂਪ ਨਾਲ ਵਿਨਾਸ਼ ਕਰਦੀਆਂ ਰਹਿੰਦੀਆਂ ਹਨ। ਅਸੀਂ ਕਿਸੀ ਮਹਾਨ ਵਿਚਾਰਧਾਰਾ ਨੂੰ ਬਹੁਤ ਸਮੇਂ ਤਕ ਘੋਸ਼ਿਤ ਨਹੀਂ ਕਰ ਪਾਉਂਦੇ। ਸ਼ਿਵਾਜੀ ਨੇ ਸਮਾਜ ਵਿਚ ਸੁਰਾਖ ਅਤੇ ਤ੍ਰੇੜਾਂ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ। ਉਹ ਰੂੜੀਆਂ ਅਤੇ ਵਰਨਭੇਦ ਨਾਲ ਬੇਜਾਨ ਹਿੰਦੂ ਸਮਾਜ ਦੀ ਸਾਰੇ ਦੇਸ਼ ਨੂੰ ਜਿੱਤਣਾ ਚਾਹੁੰਦੇ ਸਨ। ਉਨ੍ਹਾਂ ਨੇ ਅਸੰਭਵ ਨੂੰ ਸੰਭਵ ਬਣਾਉਣ ਅਤੇ ਰੇਤ ਦੀ ਰੱਸੀ ਵੱਟਣ ਦਾ ਹੌਂਸਲਾ ਕੀਤਾ ਸੀ। ਇਹ ਕਿਸੀ ਵੀ ਮਨੁੱਖ ਸਰੀਰਧਾਰੀ ਦੀ ਸ਼ਕਤੀ ਤੋਂ ਪਰ੍ਹੇ ਦੀ ਚੀਜ਼ ਹੈ ਅਤੇ ਦੈਵੀ ਵਿਧਾਨ ਦੇ ਉਲਟ ਗੱਲ ਹੈ ਕਿ ਉਹ ਵਰਨ ਭੇਦ ਤੋਂ ਗੰਦਾ, ਅਸੰਬੰਧ ਅਤੇ ਆਪਸੀ ਵੈਰਪੂਰਨ ਨਾਲ ਬੇਤਰਤੀਬੇ ਸਮਾਜ ਦਾ ਭਾਰਤਵਰਸ਼ ਜਿਹੇ ਵਿਸ਼ਾਲ ਦੇਸ਼ ਉਤੇ ਸਵਰਾਜ ਸਥਾਪਿਤ ਕਰ ਸਕਦਾ।" ਇਸ ਦੇ ਸਿਵਾਏ ਮਹਾਰਾਸ਼ਟਰ ਨਿਵਾਸੀਆਂ ਨੂੰ ਸਿੱਖਿਅਤ ਕਰਨ ਅਤੇ ਉਨ੍ਹਾਂ ਦਾ ਸੈਨਿਕ ਵਾਧੇ ਕਰਨ ਨੂੰ ਕੋਈ ਦੂਰਦਰਸ਼ਿਤਾ ਪੂਰਨ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਜਨਸਾਧਾਰਨ ਦਾ ਅਗਿਆਨ ਮਰਾਠਾ ਜਾਤੀ ਦੀ ਉੱਨਤੀ ਵਿਚ ਇਕ ਬਹੁਤ ਵੱਡਾ ਭਾਰਾ ਅੜਿੱਕਾ ਸੀ। ਸ਼੍ਰੀ ਯਧੁਨਾਥ ਸਰਕਾਰ ਦੇ ਅਨੁਸਾਰ "ਸ਼ਿਵਾਜੀ ਜਾਂ ਪੇਸ਼ਵਾਵਾਂ ਦੇ ਰਾਜ ਕਾਲ ਵਿਚ ਵੀ ਪਰਜਾ ਵਿਚ ਸਿੱਖਿਆ ਦਾ ਪ੍ਰਚਾਰ ਕਰਨ, ਉਨ੍ਹਾਂ ਨੂੰ ਸੰਗਠਿਤ ਕਰ ਅਤੇ ਪਰਜਾ ਦੇ ਹਿਤਾਂ ਲਈ ਕੰਮਾਂ ਦਾ ਵੀ ਕੋਈ ਚੰਗੀ ਤਰ੍ਹਾਂ ਸੋਚਿਆ ਹੋਇਆ ਪ੍ਰਯਤਨ ਹੀ ਨਹੀਂ ਕੀਤਾ ਗਿਆ।"

ਮਰਾਠਾ ਸਾਮਰਾਜ ਵਿਚ ਲੋਕਾਂ ਦੀ ਏਕਤਾ ਮੌਲਿਕ ਨਾਂ ਹੋ ਕੇ ਬਨਾਵਟੀ ਸੀ। ਇਹ ਅਚਾਨਕ ਸੀ ਅਤੇ ਇਸ ਲਈ ਮਜਬੂਰ ਰਹੀ। ਇਹ ਪੂਰੀ ਤਰ੍ਹਾਂ ਸ਼ਾਸਕ ਦੇ ਅਸਾਧਾਰਨ ਵਿਅਕਤੀਤਵ ਉਤੇ ਨਿਰਭਰ ਸੀ। ਇਸ ਲਈ ਜਿਸ ਸਮੇਂ ਦੇਸ਼ ਵਿਚ ਇਸ ਤਰ੍ਹਾਂ ਦੇ ਮਹਾਪੁਰਖ ਪੈਦਾ ਹੋਣੇ ਬੰਦ ਹੋ ਗਏ, ਉਸ ਪਲ ਇਹ ਏਕਤਾ ਨਸ਼ਟ ਹੋ ਗਈ। ਵਾਰ ਵਾਰ, ਇਕ ਵਿਅਕਤੀਤਵ ਦੀ ਇੱਛਾ ਉਤੇ ਚੱਲਣ ਵਾਲਾ ਰਾਜ ਹਮੇਸ਼ਾ ਹੀ ਅਨਿਸ਼ਚਿਤ ਅਤੇ ਸ਼ਾਸਨ ਉਤੇ ਇਸ ਦਾ ਵੱਡਾ ਘਾਤਕ ਪ੍ਰਭਾਵ ਹੁੰਦਾ ਹੈ। ਭਲਾਂ ਹੀ ਨਿਯਮ ਅਤੇ ਸ਼ਾਸਨ ਕਿੰਨੇ ਵੀ ਬੰਦੋਬਸਤ ਨਾ ਹੋਣ। ਵਾਸਤਵਿਕ ਰਾਜ ਸ਼ਾਸਨ ਅਕੁਸਲ ਅਤੇ ਖੇਰੂੰ ਖੇਰੂੰ ਹੋ ਜਾਦਾ ਹੈ, ਭ੍ਰਿਸ਼ਟਾਚਾਰ ਵੱਧ ਜਾਂਦਾ ਹੈ ਕੋਈ ਵੀ ਆਪਣੇ ਅਹੁਦੇ ਨੂੰ ਸੁਰੱਖਿਅਤ ਨਹੀਂ ਸਮਝਦਾ ਅਤੇ ਨਾ ਹੀ ਆਪਣੇ ਕੰਮ ਦੀ ਨਿਪੁੰਨਤਾ ਦੇ ਬਦਲੇ ਵਿਚ ਪ੍ਰਸ਼ੰਸਾ ਪ੍ਰਾਪਤੀ ਦੀ ਕੋਈ ਆਸ ਰਹਿੰਦੀ ਹੈ।

**ਸੰਭਾਜੀ, 1680-89** (Sambhaji, 1680-89)- ਸ਼ਿਵਾਜੀ ਦੀ ਮੌਤ ਦੇ ਬਾਅਦ ਉਨ੍ਹਾਂ ਦਾ ਵੱਡਾ ਪੁੱਤਰ ਸੰਭਾਜੀ ਸਿੰਘਾਸਨ 'ਤੇ ਬੈਠਿਆ। ਉਹ ਚਰਿੱਤਰਹੀਣ ਅਤੇ ਵਿਲਾਸ ਪ੍ਰਿਯ ਸੀ। ਉਸ ਨੇ ਮਰਾਠਿਆਂ ਨੂੰ ਸੰਗਠਿਤ ਕਰਨ ਦੇ ਕੰਮ ਦੀ ਪੁਨਰ ਤੌਰ 'ਤੇ ਮੁਕਾਬਲਾ

ਨੋਟ



ਸੰਭਾਜੀ

ਅਰੰਭ ਕਰ ਦਿੱਤਾ। ਜਿਸ ਸਮੇਂ ਔਰੰਗਜ਼ੇਬ ਬੀਜਾਪੁਰ ਅਤੇ ਗੋਲਕੁੰਡਾ ਦੀ ਲੜਾਈ ਵਿੱਚ ਰੁੱਝੇ ਸਨ, ਉਸ ਨੇ ਮੁਗਲ ਸੈਨਾ ਨੂੰ ਦੁਖੀ ਕਰਨ ਦਾ ਚੰਗਾ ਮੌਕਾ ਗੁਆ ਦਿੱਤਾ ਅਤੇ ਹਮਲਾ ਬਣਿਆ ਰਿਹਾ। ਔਰੰਗਜ਼ੇਬ ਨੇ ਬੀਜਾਪੁਰ ਅਤੇ ਗੋਲਕੁੰਡਾ ਜਿੱਤ ਕਰਕੇ ਮਰਾਠਿਆਂ ਨੂੰ ਸਿੱਧਾ ਕਰਨ ਦੀ ਠਾਣੀ। ਇਨ੍ਹਾਂ ਦੇ ਬਹੁਤ ਸਾਰੇ ਦੁਰਗ ਜਿੱਤ ਲਏ ਗਏ ਅਤੇ ਸੰਭਾਜੀ ਸੰਗਮੇਸ਼ਵਰ ਦੌੜ ਗਿਆ। ਇੱਥੇ ਉਸ ਨੇ ਆਪਣਾ ਬਹੁਤ ਕੀਮਤੀ ਸਮਾਂ ਨਸ਼ਟ ਕੀਤਾ, ਜਿਸ ਦੇ ਨਤੀਜੇ ਵਜੋਂ ਮੁਗਲ ਸੈਨਾਪਤੀ ਮੁਕਰਬ ਖਾਂ ਨੇ ਸਹਿਸਾ ਹਮਲਾ ਕਰਕੇ ਸੰਭਾਜੀ ਨੂੰ ਉਸ ਦੇ ਮਿੱਤਰ ਕਵੀ ਕੁਲੇਸ਼ ਨੂੰ, ਉਨ੍ਹਾਂ ਦੀਆਂ ਪਤਨੀਆਂ ਅਤੇ ਪੁੱਤਰੀਆਂ ਸਹਿਤ ਬੰਦੀ ਬਣਾ ਲਿਆ। ਬੰਦੀਆਂ ਨੂੰ ਬੇੜੀਆਂ ਨਾਲ ਬੰਨ੍ਹ ਕੇ ਸ਼ਾਹੀ ਖੇਮੇ ਵਿੱਚ ਲਿਆਇਆ ਗਿਆ।

ਸ੍ਰੀ ਸਰਕਾਰ ਨੇ ਇਸ ਦੀ ਬੁਰੀ ਗਤੀ ਦਾ ਇਸ ਤਰ੍ਹਾਂ ਵਰਣਨ ਕੀਤਾ ਹੈ "ਪੜਾਅ ਤੋਂ ਚਾਰ ਮੀਲ ਦੂਰ ਸੰਭਾ ਜੀ ਅਤੇ ਕਵੀ ਭਲੇਸ਼ ਨੂੰ ਮਸਖਰਿਆਂ ਦੇ ਕੱਪੜੇ ਪੁਆ ਕੇ ਇਨ੍ਹਾਂ ਦੇ ਸਿਰ ਉਤੇ ਮੂਰਖਾਂ ਦੀ ਲੰਬੀ ਨੋਕਦਾਰ ਘੰਟੀਆਂ ਬੰਨ੍ਹ ਕੇ ਟੋਪੀਆਂ ਪੁਆ ਕੇ ਊਠਾਂ ਉਤੇ ਬਿਠਾ ਕੇ ਤੁਰਹੀ ਨਗਾੜੇ ਬਜਾਉਂਦੇ ਹੋਏ ਬਹਾਦੁਰਗੜ੍ਹ ਲਿਆਂਦਾ ਗਿਆ। ਲੱਖਾਂ ਆਦਮੀ ਸੰਭਾ ਜੀ ਨੂੰ ਇਸ ਤਰ੍ਹਾਂ ਦੇਖਣ ਆਏ, ਜਿਸ ਤਰ੍ਹਾਂ ਕਿਸੇ ਦਾਨਵ ਜਾਂ ਜੰਗਲੀ ਪਸ਼ੂ ਨੂੰ ਦੇਖਣ ਆਇਆ ਕਰਦਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਅਪਮਾਨਿਤ ਕਰਕੇ ਉਨ੍ਹਾਂ ਨੂੰ ਸਾਰੀ ਛਾਵਨੀ ਵਿਚ ਹੌਲੀ-ਹੌਲੀ ਘੁਮਾ ਕੇ ਭਰੇ ਦਰਬਾਰ ਵਿਚ ਸ਼ਾਨ ਨਾਲ ਬੈਠੇ ਹੋਏ ਔਰੰਗਜੇਬ ਦੇ ਸਾਹਮਣੇ ਪੇਸ਼ ਕੀਤਾ ਗਿਆ। ਬੰਦੀਆਂ ਨੂੰ ਦੇਖਦੇ ਹੀ ਔਰੰਗਜੇਬ ਸਿੰਘਾਸਨ ਤੋਂ ਉਤਰਿਆ ਅਤੇ ਕਾਲੀਨ ਉਤੇ ਗੋਡਿਆ ਦੇ ਭਾਰ ਬੈਠ ਕੇ ਉਸਨੇ ਇਸ ਮਹਾਨ ਜਿੱਤ ਦੇ ਦਾਤਾ ਪਰਮੇਸ਼ਰ ਨੂੰ ਸੈਂਕੜੇ ਧੰਨਵਾਦ ਕੀਤਾ। ਧਿਆਨ ਨਾਲ ਦੇਖਣ ਤੋਂ ਬਾਦ ਬੰਦੀਆਂ ਨੂੰ ਬੰਦੀ ਗ੍ਰਹਿ ਵਿਚ ਭੇਜ ਦਿੱਤਾ ਗਿਆ।" ਖਫੀ ਖਾਂ ਲਿਖਦਾ ਹੈ ਕਿ ਔਰੰਗਜੇਬ ਦੇ ਇਸ ਭਗਤੀ ਪ੍ਰਦਰਸ਼ਨ ਨੂੰ ਦੇਖ ਕੇ ਕਵੀ ਕੁਲੇਸ਼ ਨੇ ਇਕ ਪੱਦ ਬਣਾਇਆ ਜਿਸ ਦਾ ਇਰਾਦਾ ਸੀ ਕਿ "ਹੇ ਰਾਜਾ ! ਤੈਨੂੰ ਦੇਖ ਕੇ ਆਪਣੀ ਸ਼ਾਨ ਬਾਨ ਦੇ ਹੁੰਦੇ ਹੋਏ ਵੀ ਆਲਮਗੀਰ ਅਪਣੇ ਸਿੰਘਾਸਨ ਉਤੇ ਬੈਠ ਨਹੀਂ ਸਕਿਆ ਅਤੇ ਬੇਬਸ ਹੋ ਕੇ ਤੁਹਾਡਾ ਸੰਨਮਾਨ ਕਰਨ ਲਈ ਹੇਠਾਂ ਉਤਰ ਆਇਆ ਹੈ।" ਉੱਡਦੀ ਖਬਰ ਹੈ ਕਿ ਔਰੰਗਜੇਬ ਨੇ ਸੰਭਾ ਜੀ ਦੇ ਕੋਲ ਇਕ ਦੂਤ ਭੇਜ ਕੇ ਇਹ ਪੁੱਛਵਾਇਆ ਕਿ ਮੁਗਲ ਅਹੁਦਾ ਅਧਿਕਾਰੀਆਂ ਤੋਂ ਪ੍ਰਾਪਤ ਰਿਸ਼ਵਤ ਕਿੱਥੇ ਛਿਪਾ ਕੇ ਰੱਖੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸੰਭਾ ਜੀ ਨੇ ਔਰੰਗਜੇਬ ਦੇ ਪੈਗੰਬਰ ਨੂੰ ਗਾਲ੍ਹਾਂ ਕੱਢੀਆਂ ਅਤੇ ਆਪਣੀ ਮਿਤ੍ਰਤਾ ਦੇ ਮੂਲ ਰੂਪ ਸ਼ਹਿਜਾਦੀ ਨਾਲ ਵਿਆਹ ਦਾ ਪ੍ਰਸਤਾਵ ਕੀਤਾ। ਜਦੋਂ ਇਹ ਸਭ ਔਰੰਗਜੇਬੁ ਨੂੰ ਦੱਸਿਆ ਗਿਆ ਤਾਂ ਉਸਨੇ ਉਸਨੂੰ ਅਤੇ ਸਾਥੀਆਂ ਨੂੰ ਕਠੋਰ ਦੰਡ ਦੇਣ ਦਾ ਨਿਸ਼ਚੇ ਕੀਤਾ। ਸਿੱਟੇ ਵਜੋਂ ਸੰਭਾ ਜੀ ਅਤੇ ਉਸਦੇ ਸਾਥੀ ਮਾਰਚ 1689 ਈ. ਵਿਚ ਵੱਡੀ ਕਠੋਰਤਾ ਨਾਲ ਮੌਤ ਦੇ ਘਾਟ ਉਤਾਰ ਦਿੱਤੇ ਗਏ। ਉਨ੍ਹਾਂ ਦੀ ਅੰਗ ਅੰਗ ਕੱਟ ਕੇ ਕੁੱਤਿਆਂ ਨੂੰ ਖੁਵਾ ਦਿੱਤਾ ਅਤੇ ਮੁਗਲ ਪਰੰਪਰਾ ਦੇ ਅਨੁਸਾਰ ਅਪਰਾਧੀਆਂ ਦੇ ਸਿਰਾਂ ਵਿਚ ਘਾਹ ਭਰ ਕੇ ਦੱਖਣ ਦੇ ਮੁੱਖ ਮੁੱਖ ਸ਼ਹਿਰਾਂ ਵਿਚ ਘੁਮਾਏ ਗਏ। ਸੰਭਵ ਤੌਰ ਤੇ ਸੰਭਾ ਜੀ ਨੂੰ ਆਪਣੇ ਪਾਪਾਂ ਦਾ ਮੁੱਲ ਚੁਕਾਉਣਾ ਸੀ ਅਤੇ ਉਸ ਦੀ ਦੁਰਦਸ਼ਾ ਉਸਦੇ ਉਪਯੁਕਤ ਹੀ ਸੀ। ਪਰ ਸੰਭਾ ਜੀ ਜਿਹੜਾ ਕਾਰਜ ਆਪਣੇ ਜੀਵਨ ਵਿਚ ਨਹੀਂ ਕਰ ਸਕਿਆ ਉਹ ਕਾਰਜ ਉਸ ਦੀ ਮ੍ਰਿਤੂ ਨੇ ਪੂਰਾ ਕੀਤਾ। ਉਸਦੇ ਬੰਦੀ ਅਤੇ ਮ੍ਰਿਤੂ ਹੋਣ ਦੇ ਪ੍ਰਭਾਵ ਮਰਾਠਿਆਂ ਉਤੇ ਇਹ ਹੋਇਆ ਕਿ ਉਹ ਮੁੜ ਸੰਗਠਤ ਹੋ ਗਏ ਅਤੇ ਉਨ੍ਹਾਂ ਨੇ ਮੁਗਲਾਂ ਦੇ ਵਿਰੁੱਧ ਲਗਾਤਾਰ ਯੁੱਧ ਕਰਨ ਦੀ ਪ੍ਰਤਿੱਗਿਆ ਕੀਤੀ। ਮੁਗਲਾਂ ਨੇ ਮਰਾਠਿਆਂ ਦੇ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖਿਆ ਅਤੇ ਥੋੜੇ ਹੀ ਸਮੇਂ ਵਿਚ ਬਹੁਤ ਸਾਰੇ ਕਿਲ੍ਹੇ ਜਿੱਤ ਲਏ। ਇਤਕਾਦ ਖਾਂ ਨੇ ਰਾਏਗੜ੍ਹ ਜਿੱਤ ਲਿਆ ਅਤੇ ਸੰਭਾ ਜੀ ਦੇ ਪੁੱਤਰ ਸਾਹੂ ਸਣੇ ਉਨ੍ਹਾਂ ਦੇ ਪਰਿਵਾਰ ਨੂੰ ਪਕੜ ਲਿਆ। ਸ਼ਿਵਾ ਜੀ ਦੀ ਦੂਜੀ ਪਤਨੀ ਤੋਂ ਪੈਦਾ ਹੋਏ ਪੁੱਤਰ ਰਾਜਾ ਰਾਮ ਜੋਗੀ ਦੇ ਭੇਸ਼ ਵਿਚ ਨੱਸ ਕੇ ਕਰਨਾਟਕ ਦੇ ਜਿੰਜੀ ਦੇ ਕਿਲ੍ਹੇ ਵਿਚ ਜਾ ਡਟਿਆ।

**ਰਾਜਾਰਾਮ**, 1689-1700 (Raja Ram, 1689-1700)– ਰਾਜਾ ਰਾਮ ਵਿਚ ਵੀ ਆਪਣੇ ਪਿਤਾ ਵਰਗੇ ਗੁਣ ਨਹੀਂ ਸਨ। ਉਸ ਵਿਚ ਨਾਂ ਤਾਂ ਸ਼ਿਵਾ ਜੀ ਜਿਹੀ ਨੇਤਰਤਵ ਸ਼ਕਤੀ ਹੀ ਸੀ ਅਤੇ ਨਾਂ ਹੀ ਉਨ੍ਹਾਂ ਵਰਗਾ ਸਾਹਸ। ਜਦੋਂ ਉਸਦੇ ਪਿਤਾ ਦੀ ਮ੍ਰਿਤੂ ਹੋਈ ਉਸ ਦੀ ਉਮਰ 10 ਸਾਲ ਦੀ ਸੀ ਅਤੇ ਤਦ ਤੋਂ ਉਹ ਆਪਣੇ ਭਰਾ ਸੰਭਾ ਜੀ ਦਾ ਬੰਦੀ ਰਿਹਾ। ਸਿੱਟੇ ਵਜੋਂ ਉਸਨੇ ਆਪਣੇ ਅਹੁਦੇ ਅਨੁਸਾਰ ਸਿੱਖਿਆ ਨਾਮਕਰਨ ਸੰਸਕਾਰ ਨਹੀਂ ਮਿਲੇ। ਪਰ ਸੁਭਾਗ ਨਾਲ ਉਸ ਨੂੰ ਉੱਚੇ ਦਰਜੇ ਦੇ ਸਹਾਇਕ ਅਤੇ ਸਲਾਕਾਰ ਮਿਲੇ। ਰਾਮਚੰਦਰ ਪੰਤ ਅਤੇ ਪਰਲਾਦ ਨੀਰਾ ਜੀ ਜਿਹੇ ਅਸਾਧਾਰਨ ਯੋਗ ਪੁਰਖ ਉਸਦੇ ਸਲਾਹਕਾਰ ਸਨ। ਸ਼ਾਂਤਾਂ ਜੀ ਅਤੇ ਧੰਨਾ ਜੀ ਮਹਾਨ ਯੋਧਾ ਸਨ ਜਿਨਾਂ ਨੇ ਰਾਜਾ ਰਾਮ ਦੀ ਲੜਾਈ ਦੀ ਯੋਜਨਾਵਾਂ ਪੂਰੀਆਂ ਕੀਤੀਆਂ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਰਾਜਾਰਾਮ ਦੇ ਸਮੇਂ ਵਿਚ ਹੀ ਮਰਾਠੇ ਮੁਗਲਾਂ ਤੋਂ ਜ਼ਿਆਦਾ ਸ਼ਕਤੀਸ਼ਾਲੀ ਹੋ ਗਏ।

ਰਾਜਾ ਰਾਮ ਨੂੰ ਅਫੀਮ ਖਾਣ ਦੀ ਆਦਤ ਸੀ ਅਤੇ ਉਹ ਨਿਰਾਸ਼ਾਵਾਦੀ ਸੀ ਪਰ ਉਸ ਵਿਚ ਯੋਗ ਮੰਤਰੀ ਚੁਣਨ ਦੀ ਪ੍ਰਤਿਭਾ ਸੀ ਅਤੇ ਉਨ੍ਹਾਂ ਉਤੇ ਪੂਰਨ ਵਿਸ਼ਵਾਸ ਕਰਦਾ ਸੀ। ਇਹ ਹੀ ਉਸਦੀ ਸਫਲਤਾ ਦਾ ਮੂਲ ਮੰਤਰ ਸੀ। ਸ਼ਾਂਤਾ ਜੀ ਘੋਰਪਰੇ ਅਤੇ ਧੰਨਾ

ਨੋਟ

ਜੀ ਯਾਦਵ ਦੀ ਬਹੁਤ ਜ਼ਿਆਦਾ ਲੁੱਟ ਮਾਰ ਕਰਨ ਵਾਲੀਆਂ ਸੈਨਾਵਾਂ ਨੂੰ ਸਾਰੇ ਦੇਸ਼ ਨੂੰ ਕੁਚਲ ਦਿੱਤਾ। ਉਹ ਮੁਗਲਾਂ ਦੀ ਰਸਦ ਬੰਦ ਕਰ ਦਿੰਦੇ ਸਨ ਅਤੇ ਸਭ ਜਗ੍ਹਾਂ ਹਾਹਾਕਾਰ ਮਚਾ ਦਿੰਦੇ ਸਨ। ਹਾਲਾਂਕਿ ਜੁਲਿਫਕਾਰ ਖਾਂ ਜਿਹੇ ਯੋਗਸੈਨਾਪਤੀ ਨੂੰ 1691 ਈ. ਵਿਚ ਜਿੰਜੀ ਦੇ ਕਿਲ੍ਹੇ ਨੂੰ ਘੇਰਨ ਲਈ ਭੇਜਿਆ ਗਿਆ, ਪਰ ਕੋਈ ਸਵਾਰਥ ਸਿੱਧ ਨਹੀਂ ਹੋਇਆ। ਰਾਜਾਰਾਮ ਦਾ ਮੁਗਲਾਂ ਨੂੰ ਦੰਡ ਦੇਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਾਰਨ ਕਿ ਜਿੰਜੀ ਦਾ ਕਿਲ੍ਹਾ ਦੱਖਣ ਭਾਰਤ ਵਿਚ ਸਭ ਤੋਂ ਮਜਬੂਤ ਕਿਲ੍ਹਿਆਂ ਵਿਚੋਂ ਇਕ ਸੀ। ਜੁਲਿਫਕਾਰ ਖਾਂ ਨੇ ਅਨੇਕ ਅੜਿੱਕੇ ਹੁੰਦੇ ਹੋਏ ਵੀ ਮੁਗਲਾਂ ਦੁਆਰਾ ਨਵੇਂ ਜਿੱਤੇ ਹੋਏ ਕਿਲ੍ਹੇ ਅਤੇ ਪ੍ਰਦੇਸ਼ਾਂ ਨੂੰ ਖੋਹਣ ਦੀ ਕੋਸ਼ਿਸ਼ ਕੀਤੀ। ਇਹ ਘੇਰਾ ਬਹੁਤ ਦਿਨਾਂ ਤਕ ਪਿਆ ਰਿਹਾ ਅਤੇ ਸ਼ਹਿਜਾਦਾ ਕਾਮਬਖਸ਼ ਉਤੇ ਸ਼ੱਕ ਹੋ ਜਾਣ ਦੇ ਕਾਰਨ ਉਸਨੂੰ ਵਾਪਸ ਬੁਲਾ ਲਿਆ ਗਿਆ। ਇਸ ਤਰ੍ਹਾਂ 1694 ਈ. ਵਿਚ ਅਸਫਲਤਾਵਾਂ ਦੇ ਕਾਰਣ ਜੁਲਿਫਕਾਰ ਖਾਂ ਨੂੰ ਵੀ ਬੁਲਾਇਆ ਗਿਆ। 1694 ਈ. ਅਤੇ 1697 ਈ. ਦੇ ਵਿਚਕਾਰ ਹੋਰ ਕਈ ਸੈਨਾਪਤੀ ਭੇਜੇ ਗਏ ਪਰ ਕੋਈ ਕੰਮ ਸਿੱਧ ਨਾ ਹੋਇਆ। ਸ਼੍ਰੀ ਸਰਕਾਰ ਦੇ ਮਤ ਅਨੁਸਾਰ "ਪੂਰਬੀ ਤਟ ਉਤੇ ਜਿੰਜੀ ਮਰਾਠਿਆਂ ਦੇ ਸੰਘਰਸ਼ ਦਾ ਕੇਂਦਰ ਬਣ ਗਿਆ ਸੀ ਜਦੋਂ ਕਿ ਉਨ੍ਹਾਂ ਦਾ ਮੰਤਰੀ (ਮੁੱਖ ਤੌਰ ਤੇ ਪਤੇ) ਪੱਛਮ ਵਿਚ ਮੁਗਲਾਂ ਦੀ ਪ੍ਰਗਤੀ ਦੀ ਰੋਕਥੰਮ ਕਰ ਰਿਹਾ ਸੀ। ਮਰਾਠਿਆਂ ਦੀ ਕੋਈ ਕੇਂਦਰ ਸਰਕਾਰ ਅਤੇ ਛਤਰਪਤੀ ਦੇ ਨਾਂ ਹੋਣ ਕਾਰਣ ਔਰੰਗਜੇਬ ਦੀ ਕਠਿਨਾਈਆਂ ਹਰ ਰੋਜ ਵਧਦੀਆਂ ਹੀ ਜਾ ਰਹੀਆਂ ਸਨ। ਹਰੇਕ ਮਰਾਠਾ ਸਰਦਾਰ ਆਪਣੀ ਥੋੜੀ ਜਿਹੀ ਸੈਨਾ ਦੇ ਨਾਲ ਜਿਸ ਪਾਸੇ ਚਾਹੁੰਦਾ, ਉਸ ਪਾਸੇ ਆਕ੍ਰਮਣ ਕਰ ਦਿੰਦਾ ਸੀ। ਇਹ ਯੁੱਧ ਸਾਰੇ ਰਾਸ਼ਟਰ ਦਾ ਯੁੱਧ ਹੋ ਗਿਆ ਸੀ। ਹੁਣ ਕੋਈ ਸੰਗਠਿਤ ਮਰਾਠਾ ਰਾਜ ਜਾਂ ਰਾਜ ਦੀ ਸੈਨਾ ਨਹੀਂ ਸੀ ਜਿਸ ਨੂੰ ਔਰੰਗਜੇਬ ਆਕ੍ਰਮਣ ਕਰਕੇ ਨਸ਼ਟ ਕਰ ਸਕਦਾ। ਇਸ ਹੈਰਾਨੀ ਜਨਕ ਯੁੱਧ ਨੂੰ ਔਰੰਗਜੇਬ ਖਤਮ ਨਹੀਂ ਕਰ ਸਕਦਾ ਸੀ।"

1690 ਈ. ਦੇ ਬਾਅਦ ਮਰਾਠਿਆਂ ਨੇ ਫਿਰ ਜਿੱਤਣਾ ਅਰੰਭ ਕੀਤਾ। ਦੋ ਮੁਗਲ ਸੈਨਾਪਤੀਆਂ ਨੂੰ ਹਰਾ ਕੇ ਕੈਦ ਕਰ ਲਿਆ ਗਿਆ ਅਤੇ 1695 ਈ. ਤੱਕ ਦੋ ਹੋਰ ਮੁਗਲ ਸੈਨਾਪਤੀਆਂ ਨੂੰ ਹਰਾ ਦਿੱਤਾ ਗਿਆ, ਜਿਨ੍ਹਾਂ ਦੇ ਨਾਮ ਕਾਸਿਮ ਖਾਂ ਅਤੇ ਹਿੰਮਤ ਖਾਂ ਸੀ। ਮੁਗਲਾਂ ਦੇ ਵਿੱਚ ਧੀਰਜ ਅਤੇ ਸਾਧਨਾਂ ਦੀ ਇਕ ਹੋੜ ਬਣ ਗਈ ਸੀ।

1695 ਤੋਂ 1699 ਈ. ਦੇ ਵਿਚ ਪੰਜ ਸਾਲ ਦੇ ਸਮੇਂ ਵਿਚ ਸ਼ਾਂਤਾਂ ਜੀ ਅਤੇ ਧੰਨਾ ਜੀ ਦੇ ਨੇਤਰਤਵ ਵਿਚ ਮਰਾਠਿਆਂ ਨੇ ਮੁਗਲਾਂ ਨੂੰ ਇੰਨਾ ਦੰਡ ਦਿੱਤਾ ਕਿ ਉਨ੍ਹਾਂ ਦਾ ਨੈਤਿਕ ਪਤਨ ਹੋ ਗਿਆ। ਸਰਕਾਰ ਦੇ ਮਤ ਅਨੁਸਾਰ "ਮੁਗਲਾਂ ਦਾ ਸ਼ਾਸਨ ਪੂਰੀ ਤਰ੍ਹਾਂ ਖਤਮ ਹੋ ਗਿਆ ਸੀ ਅਤੇ ਇਹ ਕੇਵਲ ਸਮਰਾਟ ਅਤੇ ਉਸਦੀ ਸੈਨਾ ਦੇ ਸਹਾਰੇ ਟਿਕਿਆ ਹੋਇਆ ਸੀ। ਪਰ ਇਹ ਵੀ ਹੁਣ ਡਰਾਉਣਾ ਢਾਂਚਾ ਮਾਤਰ ਰਹਿ ਗਿਆ ਸੀ। ਸ਼ਾਂਤਾ ਜੀ ਇਸ ਸਮੇਂ ਦੇ ਨੇਤਾ ਸਨ ਅਤੇ ਹੁਣ ਯੁੱਧ ਵਿਚ ਪੂਰੀ ਤਰ੍ਹਾਂ, ਪਹਿਲ ਇਨ੍ਹਾਂ ਦੀ ਹੁੰਦੀ ਸੀ। ਇਨ੍ਹਾਂ ਨੇ ਮੁਗਲ ਸਾਮਰਾਜਵਾਦੀਆਂ ਦੇ ਸਾਰੀ ਕੋਸ਼ਿਸ਼ਾਂ ਅਤੇ ਯੋਜਨਾਵਾਂ ਫੇਲ ਕਰ ਦਿੱਤੀਆਂ।" ਚੰਗੀ ਤਰ੍ਹਾਂ ਜਨਵਰੀ 1698 ਈ. ਵਿਚ ਜਿੰਜੀ ਦਾ ਕਿਲ੍ਹਾ 8 ਸਾਲਾਂ ਦੇ ਘੇਰੇ ਦੇ ਬਾਦ ਜਿੱਤ ਲਿਆ ਗਿਆ। ਜਿੰਜੀ ਦੇ ਪਤਨ ਤੋਂ ਪਹਿਲਾਂ ਹੀ ਰਾਜਾ ਰਾਮ ਸਤਾਰਾ ਨੱਸ ਗਿਆ ਅਤੇ ਉਥੇ ਜਾ ਕੇ ਇਕ ਨਵੀਂ ਸੈਨਾ ਬਣਾਈ ਅਤੇ ਸਾਰੇ ਮਰਾਠੇ ਸਰਦਾਰਾਂ ਨੂੰ ਆਪਣੇ ਝੰਡੇ ਦੇ ਹੇਠਾਂ ਇਕੱਠਾ ਕੀਤਾ। ਉਸ ਨੇ ਖਾਨਦੇਸ਼, ਬਰਾਰ ਅਤੇ ਬਗਲਾਨਾ ਦੇ ਪ੍ਰਦੇਸ਼ਾਂ ਉਤੇ ਚੌਥ ਅਤੇ ਸਰਦੇਸ਼ਮੁਖੀ ਲਗਾਈ।

ਅਕਤੂਬਰ 1699 ਈ. ਤਕ ਔਰੰਗਜੇਬ ਨੇ ਮੁਗਲ ਸਰਦਾਰਾਂ ਦੇ ਆਪਸੀ ਮਤਭੇਦਾਂ ਤੋਂ ਦੁਖੀ ਹੋ ਕੇ ਮਰਾਠਿਆਂ ਦੇ ਵਿਰੁੱਧ ਯੁੱਧ ਸੰਚਾਲਨ ਦਾ ਕੰਮ ਖੁਦ ਕਰਨ ਦਾ ਫੈਸਲਾ ਕੀਤਾ। ਦਿਸੰਬਰ 1699 ਵਿਚ ਸਤਾਰ ਉਤੇ ਘੇਰਾ ਪਾਇਆ ਗਿਆ। ਕਿਲ੍ਹੇ ਨੂੰ ਜਿੱਤਣ ਦੀ ਪੂਰੀ ਕੋਸ਼ਿਸ਼ ਕਰਨ ਉਤੇ ਵੀ ਕੋਈ ਲਾਭ ਨਾ ਹੋਇਆ। 1700 ਵਿਚ ਰਾਜਾ ਰਾਮ ਦੀ ਮ੍ਰਿਤੂ ਦੇ ਬਾਦ ਸਤਾਰਾ ਜਿੱਤ ਲਿਆ ਗਿਆ।

**ਤਾਰਾਬਾਈ**, 1700–1707 (Tara Bai, 1700-1707)– ਰਾਜਾ ਰਾਮ ਦੀ ਮ੍ਰਿਤੂ ਦੇ ਬਾਦ ਉਸ ਦਾ ਪੁੱਤਰ ਕਰਣ ਸਿੰਘਾਸਨ ਉਤੇ ਬੈਠਿਆ ਪਰ ਚੇਚਕ ਤੋਂ ਬੀਮਾਰ ਹੋ ਕੇ ਕੁਝ ਹੀ ਹਫਤਿਆਂ ਬਾਦ ਮਰ ਗਿਆ। ਰਾਜਾਰਾਮ ਦੀ ਪਤਨੀ ਤਾਰਾਬਾਈ ਆਪਣੇ ਦੂਜੇ ਪੁੱਤਰ ਸ਼ਿਵਾਜੀ ਦੂਜਾ ਨੂੰ ਗੱਦੀ ਉਤੇ ਬੈਠਾ ਕੇ ਖੁਦ ਰਾਜ ਰੱਖਿਅਕ ਬਣ ਗਈ। ਤਾਰਾਬਾਈ ਇਕ ਤੇਜ ਬੁੱਧੀ ਦੀ ਇਸਤਰੀ ਸੀ। ਉਸਨੂੰ ਰਾਜ ਕਾਜ ਵਿਚ ਬੜੀ ਰੁਚੀ ਸੀ ਅਤੇ ਸੈਨਿਕ ਸ਼ਾਸਨ ਦੇ ਵਿਸ਼ੇ ਵਿਚ ਉਸਨੂੰ ਪੂਰਾ ਗਿਆਨ ਵੀ ਸੀ। ਖਫੀ ਖਾਂ ਦੇ ਮਤ ਅਨੁਸਾਰ ਉਸਨੇ ਸ਼ਾਹੀ ਪ੍ਰਦੇਸ਼ਾਂ ਨੂੰ ਨਸ਼ਟ ਕਰਨ ਦੇ ਲਈ ਵੱਡੇ ਕਠੋਰ ਕੰਮ ਕੀਤੇ ਅਤੇ ਦੱਖਣ ਦੇ ਸਿਰਨੋਜ, ਮੰਦਸੌਰ ਅਤੇ ਮਾਲਵਾ ਤਕ ਦੇ ਸੂਬਿਆਂ ਨੂੰ ਲੁੱਟਣ ਦੇ ਲਈ ਸੈਨਾ ਭੇਜੀ। ਇਸ ਕੰਮ ਨਾਲ ਉਸਦੇ ਸਰਦਾਰ ਬਹੁਤ ਖੁਸ਼ ਹੋਏ। ਔਰੰਗਜੇਬ ਦੇ ਸਭ ਸੰਘਰਸ਼ ਯੋਜਨਾ, ਆਕ੍ਰਮਣ ਅਤੇ ਘੇਰੇ ਉਸਦੇ ਰਾਜਕਾਲ ਦੇ ਅਖੀਰੀ ਪਲ ਤਕ ਫੇਲ ਰਹੇ ਅਤੇ ਮਰਾਠਿਆਂ ਦੀ ਸ਼ਕਤੀ ਲਗਾਤਾਰ ਵਧਦੀ ਗਈ। ਮਰਾਠਿਆਂ ਨੇ ਦੱਖਣ ਦੇ ਛੇ ਸੂਬਿਆਂ ਨੂੰ ਆਪਸ ਵਿਚ ਵੰਡ ਲਿਆ ਅਤੇ ਉਨ੍ਹਾਂ ਵਿਚ ਮੁਗਲ ਪ੍ਰਣਾਲੀ ਦੇ ਅਨੁਸਾਰ ਰਾਜਪਾਲ (ਸੂਬੇਦਾਰ) ਕਮਾਈਸ਼ਦਾਰ (ਕਰ ਇਕੱਠਾ ਕਰਨ ਵਾਲੇ) ਅਤੇ ਰਾਹ ਦਾਰ (ਚੁੰਗੀ ਲੈਣ ਵਾਲਾ) ਆਦਿ ਨਿਯੁਕਤ ਕੀਤੇ ਗਏ।

ਸਤਾਰਾ ਦੇ ਸਿਵਾਏ ਮੁਗਲਾਂ ਨੇ ਪਰਲੀ (1700), ਪਨਹਾਲਾ (1701), ਕੋਣਡਾ (1702), ਖੇਲਨਾ (1702), ਰਾਜਗੜ੍ਹ ਅਤੇ ਤੋਰਣ (1704) ਵੀ ਜਿੱਤ ਲਏ। ਇਨ੍ਹਾਂ ਵਿਚੋਂ ਕੁਝ ਤਾਂ ਯੁੱਧ ਨਿਪੁੰਨਤਾ ਨਾਲ ਅਤੇ ਹੋਰ ਰਿਸ਼ਵਤ ਖੜਯੰਤਰ ਆਦਿ ਨਾਲ ਅਧਿਕਾਰ ਵਿਚ ਕੀਤੇ ਗਏ। 1705 ਈ. ਵਿਚ ਵਰਹਦ ਦੇ ਵਜਨ ਜੀਰਾ ਕਿਲ੍ਹੇ ਉਤੇ ਅਧਿਕਾਰ ਕੀਤਾ ਗਿਆ। ਕਿਲ੍ਹੇ ਵਿਚ ਰਹਿਣ ਵਾਲੇ ਆਪਣੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਕਿਲ੍ਹੇ ਵਿਚ ਅੱਗ ਲਗਾ ਕੇ ਨਿਕਲ ਗਏ। ਮੁਗਲਾਂ ਨੂੰ ਨਾਮਮਾਤਰ ਦੀ ਜਿੱਤ ਦੇ ਸਿਵਾਏ ਕੁਝ ਵੀ ਪ੍ਰਾਪਤ ਨਹੀਂ ਹੋਇਆ। ਵਜਨਜੀਰਾ ਦੀ ਜਿੱਤ ਔਰੰਗਜੇਬ ਦੀ ਅਖੀਰੀ ਜਿੱਤ ਸੀ।

ਔਰੰਗਜੇਬ ਪੂਰੀ ਕੋਸ਼ਿਸ਼ ਕਰਨ ਉਤੇ ਵੀ ਮਰਾਠਿਆਂ ਦੇ ਰੋਧਾਤਮਕ ਹੌਸਲੇ ਅਤੇ ਭਾਵਨਾਵਾਂ ਨੂੰ ਨਸ਼ਟ ਨਹੀਂ ਕਰ ਸਕਿਆ। ਨਹੀਂ ਤਾਂ ਮਰਾਠਿਆਂ ਦੀ ਇੱਜਤ ਅਤੇ ਸਾਧਨ ਉਨ੍ਹਾਂ ਦੀ ਲੁੱਟ ਦੇ ਕਾਰਨ ਜ਼ਿਆਦਾ ਵਿਸ਼ਾਲ ਹੋ ਗਏ। ਮਨੁੱਕੀ ਦੇ ਮਤ ਅਨੁਸਾਰ (1704) ਮਰਾਠੇ ਸਰਦਾਰ ਅਤੇ ਉਨ੍ਹਾਂ ਦੀਆਂ ਸੈਨਾਵਾਂ ਵੱਡੇ ਆਤਮ ਵਿਸ਼ਵਾਸ ਨਾਲ ਦੇਸ਼ ਵਿਚ ਘੁੰਮਦੀਆਂ ਸਨ ਕਿਉਂਕਿ ਉਨ੍ਹਾਂ ਨੇ ਮੁਗਲ ਸੈਨਾਪਤੀਆਂ ਦੇ ਦੰਦ ਖੱਟੇ ਕਰਕੇ ਉਨ੍ਹਾਂ ਨੂੰ ਡਰਪੋਕ ਅਤੇ ਕਾਇਰ ਬਣਾ ਦਿੱਤਾ ਸੀ।

1703 ਈ. ਵਿਚ ਮਰਾਠਿਆਂ ਨੇ ਬਰਾਰ ਅਤੇ 1707 ਈ. ਵਿਚ ਗੁਜਰਾਤ ਉਤੇ ਆਕ੍ਰਮਣ ਕੀਤਾ ਅਤੇ ਬੜੌਦਾ ਨੂੰ ਜਿੱਤਿਆ। ਇਸੀ ਸਾਲ ਉਨ੍ਹਾਂ ਨੇ ਅਹਿਮਦਨਗਰ ਵਿਚ ਔਰੰਗਜੇਬ ਦੀ ਛਾਵਨੀ ਉਤੇ ਧਾਵਾ ਬੋਲਿਆ। ਇਸ ਸਮੇਂ ਮੁਗਲਾਂ ਦਾ ਭਿਅੰਕਰ ਪਤਨ ਹੋ ਗਿਆ ਸੀ।

ਮਨੁੱਕੀ ਦੇ ਅਨੁਸਾਰ, ਸਾਰਾ ਦੇਸ਼ ਬਹੁਤ ਹੀ ਬੁਰੀ ਤਰ੍ਹਾਂ ਨਾਲ ਕਮਜੋਰ ਹੋ ਚੁੱਕਾ ਸੀ ਕਿ ਚਾਰ ਪੰਜ ਦਿਨ ਯਾਤਰਾ ਕਰਨ ਉਤੇ ਵੀ ਕਿਤੇ ਵੀ ਅੱਗ ਦਾ ਦੀਵਾ ਜਲਦਾ ਨਹੀਂ ਸੀ ਦਿੱਸਦਾ। 1702 ਤੋਂ 1704 ਈ. ਵਿਚ ਦੱਖਣ ਵਿਚ ਬਰਸਾਤ ਨਹੀਂ ਹੋਈ ਅਤੇ ਮਹਾਂਮਾਰੀ ਫੈਲ ਗਈ। ਇਨ੍ਹਾਂ ਦੋ ਸਾਲਾਂ ਵਿਚ ਦੋ ਲੱਖ ਆਦਮੀ ਮਰ ਗਏ। ਅਕਾਲ ਦੇ ਕਾਰਣ ਪਿਤਾ ਆਪਣੇ ਪੁੱਤਰ ਨੂੰ ਚਾਰ ਆਨੇ ਵਿਚ ਵੇਚਣ ਲਈ ਮਜਬੂਰ ਹੋ ਗਿਆ। ਪਰ ਖਰੀਦਦਾਰ ਨਾ ਮਿਲਣ ਦੇ ਕਾਰਨ ਉਸ ਨੂੰ ਭੁੱਖਾ ਰਹਿਣਾ ਪਿਆ।

ਦੁਰਭਿਕਸ਼, ਮਹਾਮਾਰੀ ਅਤੇ ਹੜ੍ਹਾਂ ਨੇ ਵੀ ਮਰਾਠਿਆਂ ਦੇ ਸੰਹਾਰ ਕੰਮ ਵਿੱਚ ਸਹਾਇਤਾ ਕੀਤੀ। ਸ਼੍ਰੀ ਯਦੂਨਾਥ ਦੇ ਅਨੁਸਾਰ,"ਮੁਗਲ ਸੈਨਿਕ ਅਤੇ ਹੋਰ ਸਹਾਇਕ ਕਰਮਚਾਰੀਆਂ ਨੂੰ ਵਰਖਾ ਦੇ ਕਾਰਨ ਦਲ-ਦਲ ਨਾਲ ਭਰੀਆਂ ਹੋਈਆਂ ਸੜਕਾਂ ਅਤੇ ਉਫਨਤੀ ਹੋਈਆਂ ਨਦੀਆਂ ਨੂੰ ਪਾਰ ਕਰਨ ਵਿੱਚ ਅਣਗਿਣਤ ਕਠਿਨਾਈਆਂ ਉਠਾਉਣੀਆਂ ਪਈਆਂ। ਬੋਝ ਉਠਾਉਣ ਵਾਲੇ ਕੁਲੀ ਦੌੜ ਗਏ। ਆਵਾਜਾਈ ਦੇ ਪਸ਼ੂ ਭੁੱਖ ਅਤੇ ਜ਼ਿਆਦਾ ਮਿਹਨਤ ਦੇ ਕਾਰਨ ਮਰ ਗਏ। ਅੰਨ ਦਾ ਅਹਿਸਾਸ ਛਾਉਣੀਆਂ ਵਿੱਚ ਬਹੁਤਾ ਰਿਹਾ ਕਰਦਾ ਸੀ।

ਤਾਰਾਬਾਈ ਆਪਣੇ ਪੁੱਤਰ ਸ਼ਿਵਾਜੀ ਦੂਜਾ ਦੇ ਨਾਂ ਉਤੇ ਰਾਜ-ਕਾਰਜ ਚਲਾਇਆ ਕਰਦੀ ਸੀ ਅਤੇ ਇਸ ਕਾਰਜ ਵਿਚ ਪਰਸ਼ੁਰਮ ਤ੍ਰਿਅੰਬਕ, ਧੰਨਜੀ ਯਾਦਵ ਅਤੇ ਸ਼ੰਕਰ ਜੀ ਨਾਰਾਇਣ ਉਸਦੀ ਮਦਦ ਕਰਦੇ ਸਨ। ਤਾਰਾਬਾਈ ਖਾਂ ਉਤੇ ਜਾ ਕੇ ਮੁਗਲਾਂ ਦੇ ਵਿਰੁੱਧ ਮਰਾਠਿਆਂ ਦੇ ਯੁੱਧ ਦਾ ਸੰਚਾਲਨ ਕਰਦੀ ਸੀ। ਉਹ ਮਰਾਠਿਆਂ ਦੇ ਸੰਘਰਸ਼ ਦੀ ਆਤਮਾ ਸੀ ਅਤੇ ਕਠਿਨ ਤੋਂ ਕਠਿਨ ਮੁਸੀਬਤ ਅਤੇ ਦੁਖ ਵੀ ਉਸਦੇ ਦ੍ਰਿੜ ਨਿਸ਼ਚੇ ਨੂੰ ਡਿਗਾ ਨਹੀਂ ਸਕੇ। ਮਰਾਠਿਆਂ ਦੀ ਸਫਲਤਾ ਦਾ ਸ਼੍ਰੇ ਤਾਰਾਬਾਈ ਦੇ ਰੋਧਆਤਮਕ ਵਿਅਕਤੀਤਵ ਨੂੰ ਹੀ ਹੈ। ਸ਼੍ਰੀ ਸਰਕਾਰ ਦੇ ਅਨੁਸਾਰ "ਔਰੰਗਜੇਬ ਦੀਆਂ ਕਠਿਨਾਈਆਂ ਮਰਾਠਿਆਂ ਦੀ ਕੋਈ ਕੇਂਦਰੀ ਸਰਕਾਰ ਅਤੇ ਛਤਰਪਤੀ ਨਾਂ ਹੋਣ ਦੇ ਕਾਰਣ ਕਈ ਗੁਣਾ ਹੋ ਗਈ ਸੀ। ਇਸ ਸਮੇਂ ਪ੍ਰਦੇਸੀ ਵਿਦਰੋਹੀਆਂ ਅਤੇ ਲੁਟੇਰਿਆਂ ਦਾ ਕੋਈ ਕਬੀਲਾ ਨਹੀਂ ਸੀ ਪਰ ਦੱਖਣ ਦੇ ਰਾਜਨੀਤਿਕ ਖੇਤਰ ਵਿਚ ਇਕ ਪ੍ਰਮੁੱਖ ਸ਼ਕਤੀ ਸੀ ਜਿਹੜੀ ਮੁਗਲ ਸਾਮਰਾਜ ਦੀ ਬਹੁਤੀ ਸ਼ਤਰੂ ਸੀ। ਇਹ ਸ਼ੱਤਰੂ ਸਭ ਜਗ੍ਹਾਂ ਬੰਬਈ ਤੋਂ ਮਦਰਾਸ ਤਕ ਸਾਰੇ ਭਾਰਤ ਦੇ ਦੱਖਣੀ ਪਠਾਰ ਵਿਚ ਵਿਰਾਜਮਾਨ ਹੋਇਆ ਸੀ ਜਿਹੜਾ ਹਵਾ ਦੀ ਤਰ੍ਹਾਂ ਨਿਰਾਕਾਰ ਸੀ ਜਿਸ ਦਾ ਕੋਈ ਮੁਖੀਆ ਜਾਂ ਮੁੱਖ ਗੜ੍ਹ ਨਹੀਂ ਸੀ, ਜਿਸਨੂੰ ਦਮਨ ਕਰਕੇ ਨਸ਼ਟ ਕੀਤਾ ਜਾ ਸਕੇ।"

**ਸਾਹੂ**, 1707–1748 (Sahu, 1707-1748)– ਔਰੰਗਜੇਬ ਦੀ ਮ੍ਰਿਤੂ ਦੇ ਬਾਦ ਮੁਗਲਾਂ ਨੇ ਮਰਾਠਿਆਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ। 1707 ਈ. ਵਿਚ ਸੰਭਾ ਜੀ ਦੇ ਪੁੱਤਰ ਸਾਹੂ ਨੂੰ ਮੁਕਤ ਕਰ ਦਿੱਤਾ ਗਿਆ ਅਤੇ ਤਾਰਾਬਾਈ ਤੋਂ ਮਰਾਠਾ ਰਾਜ ਦੀ ਮੰਗ ਕੀਤੀ ਗਈ। ਸਾਹੂ 1689 ਈ. ਵਿਚ ਆਪਣੀ ਮਾਤਾ ਦੇ ਨਾਲ ਪਕੜਿਆ ਗਿਆ ਸ;ੀ ਅਤੇ ਤਦ ਤੋਂ ਉਹ ਮੁਗਲਾਂ ਦੇ ਸੰਰੱਖਿਆ ਵਿਚ ਸੀ। ਉਹ 17 ਸਾਲ ਤੋਂ ਜ਼ਿਆਦਾ ਸਮੇਂ ਤਕ ਬੰਦੀ ਰਿਹਾ ਅਤੇ ਇਨ੍ਹਾਂ ਪਰੀਸਥਿਤੀਆਂ ਵਿਚ ਉਸਨੂੰ ਜੋ ਵੀ ਸਿੱਖਿਆ ਮਿਲ ਸਕਦੀ ਸੀ, ਪ੍ਰਾਪਤ ਕੀਤੀ। ਉਸ ਦਾ ਧਰਮ ਬਦਲੀ ਕਰਨ ਦੇ ਵੀ ਅਸਫਲ ਕੋਸ਼ਿਸ਼ਾਂ ਕੀਤੀ ਗਈਆਂ।



ਸਾਹੂ

ਜਦੋਂ ਸਾਹੂ ਮੁਕਤ ਹੋਇਆ ਤਾਂ ਮਰਾਠਿਆਂ ਦੇ ਦੋ ਧੜ੍ਹ ਹੋ ਗਏ ਅਤੇ ਉਨ੍ਹਾਂ ਵਿਚ ਸੰਘਰਸ਼ ਸ਼ੁਰੂ ਹੋ ਗਿਆ। ਤਾਰਾਬਾਈ ਨੇ ਘੋਸ਼ਣਾ ਕੀਤੀ ਕਿ ਸਾਹੂ ਧੋਖੇਬਾਜ ਹੈ ਅਤੇ ਉਸਨੂੰ ਆਪਣੇ ਪਿਤਾ ਸੰਭਾ ਜੀ ਦੁਆਰਾ ਖੋਏ ਹੋਏ ਰਾਜ ਉਤੇ ਕੋਈ ਅਧਿਕਾਰ ਨਹੀਂ ਹੈ। ਉਸ ਦੇ ਜਲਦੀ ਬਾਦ ਉਸ ਦੇ ਪਤੀ ਰਾਜਾਰਾਮ ਨੇ ਸਥਾਪਿਤ ਕੀਤਾ ਸੀ ਅਤੇ ਸ਼ਿਵਾਜੀ ਦੂਜਾ ਉਸਦਾ ਅਸਲੀ ਅਧਿਕਾਰੀ ਹੈ। ਤਾਰਾਬਾਈ ਨੇ ਧੰਨਾ ਜੀ ਦੇ ਸੈਨਾ ਪਤੀਤਵ ਵਿਚ ਸਾਹੂ ਦੀ ਪ੍ਰਗਤੀ ਰੋਕਣ ਲਈ ਸੈਨਾ ਭੇਜੀ ਅਤੇ ਨਵੰਬਰ 1707 ਈ. ਵਿਚ ਖੇੜ ਵਿਚ ਯੁੱਧ ਹੋਇਆ। ਤਾਰਾਬਾਈ ਦੀ ਹਾਰ ਹੋਈ ਅਤੇ ਉਹ ਆਪਣੇ ਪੁੱਤਰ ਸ਼ਿਵਾਜੀ ਦੂਜਾ ਸਣੇ ਕੋਲ੍ਹਾਪੁਰ ਚਲੀ ਗਈ। 1702 ਈ. ਵਿਚ ਸ਼ਿਵਾਜੀ ਦੂਜਾ ਦੀ ਮ੍ਰਿਤੂ ਹੋ ਗਈ ਅਤੇ ਉਸਦਾ ਮਤਰੇਆ ਭਰਾ ਸੰਭਾ ਜੀ ਕੋਲ੍ਹਾਪੁਰ ਦੀ ਗੱਦੀ ਉਤੇ ਬੈਠਿਆ ਜਦੋਂ ਕਿ ਸਤਾਰਾ ਦੀ ਗੱਦੀ ਤੋਂ ਮਰਾਠਿਆ ਦਾ ਸ਼ਾਸਕ ਘੋਸ਼ਿਤ ਕੀਤਾ ਗਿਆ।

ਨੋਟ

ਸਾਹੂ ਅਤੇ ਸੰਭਾ ਜੀ ਦੇ ਸੰਬੰਧ ਆਪਸ ਵਿਚ ਮਿੱਤਰਤਾ ਪੂਰਨ ਨਹੀਂ ਸਨ। ਸੰਭਾ ਜੀ ਮਰਾਠਾ ਰਾਜ ਦਾ ਅੱਧਾ ਹਿੱਸਾ ਆਪਣੇ ਪਾਸ ਲੈਣਾ ਚਾਹੁੰਦਾ ਸੀ ਅਤੇ ਇਸ ਕਾਰਣ ਉਹ ਸਾਹੂ ਦੀ ਹੱਤਿਆ ਕਰਨ ਦੇ ਲਈ ਹੱਤਿਆਰਿਆਂ ਨੂੰ ਨਿਯੁਕਤ ਕਰਨ ਲਈ ਤਿਆਰ ਹੋ ਗਿਆ। 1731 ਈ. ਵਿਚ ਜਿਸ ਤਰ੍ਹਾਂ ਵੀ ਬਰਣਾ ਵਿਚ ਸਾਹੂ ਅਤੇ ਸੰਭਾ ਜੀ ਦੀ ਸੰਧੀ ਹੋਈ ਜਿਸ ਦੇ ਅਨੁਸਾਰ ਸਾਹੂ ਨੇ ਸੰਭਾ ਜੀ ਨੂੰ ਬਰਣਾ ਮਹੱਲ ਅਤੇ ਦੋ ਤਰਫਾ ਦੇ ਨਾਂ ਤੋਂ ਪ੍ਰਸਿੱਧ, ਕ੍ਰਿਸ਼ਨਾ ਅਤੇ ਬਰਣਾ ਦੇ ਸੰਗਮ ਦੇ ਦੱਖਣ ਦੇ ਵੱਲ ਦੇ ਜਿਲ੍ਹੇ ਕਿਲ੍ਹਿਆਂ ਅਤੇ ਚੌਂਕੀਆਂ ਦੇ ਨਾਲ ਸੌਂਪ ਦਿੱਤੇ। ਰਤਨਗੀਰੀ ਦੇ ਬਦਲੇ ਵਿਚ ਕੋਪਲ ਦਾ ਕਿਲ੍ਹਾ ਵੀ ਸੰਭਾ ਜੀ ਨੂੰ ਦਿੱਤਾ ਗਿਆ। ਬਰਣਾ ਅਤੇ ਕ੍ਰਿਸ਼ਨਾ ਦੇ ਸੰਗਮ ਤੋਂ ਲੈ ਕੇ ਕ੍ਰਿਸ਼ਨਾ ਅਤੇ ਤੁੰਗਭਦਰਾ ਦੇ ਸੰਗਮ ਤਕ ਦੇ ਸਾਰੇ ਕਿਲ੍ਹੇ ਅਤੇਚੌਂਕੀਆਂ ਅਤੇ ਤੁੰਗਭਦਰਾ ਤੋਂ ਰਾਮੇਸ਼ਵਰਮ ਤਕ ਦੇ ਪ੍ਰਦੇਸ਼ ਤਕ ਦਾ ਅੱਧਾ ਪ੍ਰਦੇਸ਼ ਵੀ ਸੰਭਾ ਜੀ ਨੂੰ ਦਿੱਤਾ ਗਿਆ। ਕੋਂਕਣ ਵਿਚ ਸਾਲਸੀ ਅਤੇ ਪੰਚਮਹੱਲ ਸੰਭਾ ਜੀ ਨੂੰ ਦਿੱਤੇ ਗਏ। ਦੋਵਾਂ ਨੇ ਇਹ ਸੰਧੀ ਕੀਤੀ ਕਿ ਉਹ ਇਕ ਦੂਜੇ ਦੀ ਦੁਸ਼ਮਨੀ ਨੂੰ ਖਤਮ ਕਰਕੇ ਪੂਰੇ ਰਾਜ ਦੀ ਤਰੱਕੀ ਦੇ ਲਈ ਕੰਮ ਕਰਨਗੇ।

1731 ਈ. ਦੀ ਸੰਧੀ ਤੋਂ ਸਤਾਰਾ ਅਤੇ ਕੋਲ੍ਹਾਪੁਰ ਦੇ ਮਤਭੇਦ ਮਿੱਟ ਗਏ ਅਤੇ ਸਾਹੂ ਅਤੇ ਸੰਭਾ ਜੀ ਪ੍ਰੇਮ ਨਾਲ ਰਹਿਣ ਲੱਗ ਪਏ। ਸੰਭਾ ਜੀ ਕਈ ਵਾਰ ਸਤਾਰਾ ਗਏ ਅਤੇ ਸਾਹੂ ਨੇ ਉਨ੍ਹਾਂ ਦਾ ਸੁਆਗਤ ਕੀਤਾ। ਸਾਹੂ ਜੀ ਦੀ ਮ੍ਰਿਤੂ ਦੇ ਗਿਆਰਾ ਸਾਲ ਬਾਦ 1760 ਈ. ਵਿਚ ਸੰਭਾ ਜੀ ਦੀ ਮ੍ਰਿਤੂ ਹੋ ਗਈ।

ਸਰਦੇਸਾਈ ਦੇ ਮਤ ਅਨੁਸਾਰ ਸਾਹੂ ਨਿਪੁੰਨ ਨੀਤਿਗ ਅਤੇਸੈਨਾਪਤੀ ਨਹੀਂ ਸੀ। ਪਰ ਸੰਵੇਦਨਸ਼ੀਲਤਾ ਅਤੇ ਗਿਆਨ ਦੇ ਕਾਰਣ ਉਹ ਯੋਗ ਵਿਅਕਤੀਆਂ ਨੂੰ ਰਾਜ ਦੀ ਸੇਵਾ ਵਿਚ ਨਿਯੁਕਤ ਕਰਦਾ ਸੀ। ਉਹ ਸਹੀ ਵਿਅਕਤੀ ਦਾ ਸਹੀ ਚੋਣ ਕਰਕੇ ਉਸ ਨੂੰ ਕਾਰਜ ਭਾਰ ਸੌਂਪ ਕੇ ਪੂਰਨ ਆਜਾਦੀ ਦਿੰਦਾ ਅਤੇ ਕਦੀ ਅੜਚਨ ਨਹੀਂ ਸੀ ਪਾਉਂਦਾ। ਉਸਨੇ ਪਰਜਾ ਦੇ ਹਿਤਾਂ ਦੀ ਰੱਖਿਆ ਕੀਤੀ, ਉਸਰ ਧਰਤੀ ਨੂੰ ਤੋੜ ਕੇ ਖੇਤੀ ਕਰਵਾਈ, ਦਰਖੱਤ ਲਾਉਣ ਨੂੰ ਪ੍ਰੋਤਸਾਹਿਤ ਕੀਤਾ, ਗਰੀਬਾਂ ਦੀ ਸਹਾਇਤਾ ਕੀਤੀ ਅਤੇ ਕਰਾਂ ਦਾ ਭਾਰ ਹਲਕਾ ਕੀਤਾ। ਉਹ ਆਪਣੀ ਪਰਜਾ ਨਾਲ ਬਰਾਬਰੀ ਦਾ ਵਿਵਹਾਰ ਕਰਦਾ ਅਤੇ ਉਸਦੇ ਦੁਖ ਅਤੇ ਸੁਖ ਵਿਚ ਸਾਂਝੀਦਾਰ ਰਹਿੰਦਾ। ਤਿਉਹਾਰਾਂ, ਭੋਜਾਂ ਅਤੇ ਸਭਾਵਾਂ ਵਿਚ ਬਾਹਰ ਦੇ ਲੋਕਾਂ ਨਾਲ ਹੌਂਸਲੇ ਨਾਲ ਹਿੱਸਾ ਲੈਂਦਾ। ਗਰੀਬ ਅਤੇ ਅਮੀਰ ਸਾਰੇ ਉਸਨੂੰ ਵਿਆਹ ਆਦਿ ਵਿਚ ਨਿਮੰਤ੍ਰਨ ਦਿੰਦੇ ਸਨ। ਬਹੁਤ ਸਾਰੇ ਲੋਕ ਸੱਚ ਹੀ ਉਸ ਦੀ ਯਾਦਗਾਰ ਦਾ "ਦੈਵੀ ਸ਼ਲੋਕ" ਦੇ ਰੂਪ ਵਿਚ ਆਦਰ ਕਰਦੇ ਹਨ। ਉਸਨੂੰ ਕਠੋਰ ਨਿਆਂ ਅਤੇ ਸਰਵਸਾਧਾਰਨ ਦੇ ਹਿਤ ਦੀ ਨੀਤੀ ਅਪਣਾਉਣ ਦੇ ਕਾਰਨ ਬਹੁਤ ਹੀ ਚਮਤਕਾਰੀ ਸਫਲਤਾ ਪ੍ਰਾਪਤ ਹੋਈ। ਇਤਿਹਾਸ ਵਿਚ ਕੁਝ ਹੀ ਲੋਕ ਉਸਦੇ ਵਿਅਕਤੀਤਵ ਅਤੇ ਦਿਲ ਉਤੇ ਰਾਜ ਕਰਨ ਸਮਰਥਾ ਦੇ ਨੇੜੇ ਪਹੁੰਚ ਪਾਉਂਦੇ ਹਨ। ਜਿਹੜਾ ਵੀ ਵਿਅਕਤੀ ਸਾਹੂ ਕੋਲ ਆਉਂਦਾ ਉਹ ਉਸ ਦੇ ਪ੍ਰਤੀ ਦਿਆਲੁਤਾ ਦਿਖਾਉਂਦਾ। ਉਸ ਦੀ ਨੀਤੀ ਵਿਚ ਜਾਤ ਭੇਦ ਜਰਾ ਵੀ ਨਹੀਂ ਸੀ ਹਾਲਾਂਕਿ ਉਸਨੇ ਕਦੀ ਵੀ ਬਹੁਤ ਦੂਰ ਪ੍ਰਾਂਤਾ ਦੇ ਅਭਿਯਾਨਾਂ ਵਿਚ ਹਿੱਸਾ ਨਹੀਂ ਲਿਆ ਫਿਰ ਉਹ ਆਪਣੇ ਕਰਮਚਾਰੀਆਂ ਨੂੰ ਸੌਂਪੇ ਹੋਏ ਕਾਰਜ ਖੇਤਰ ਉਤੇ ਪੂਰੀ ਨਜਰ ਰੱਖਦਾ ਸੀ। ਉਨ੍ਹਾਂ ਦੇ ਦੁਆਰਾ ਕੀਤੀ ਗਈ ਕਿਸੀ ਵੀ ਗਲਤੀ ਦੇ ਲਈ ਉਹ ਉਨ੍ਹਾਂ ਨੂੰ ਬੁਲਾਉਂਦਾ, ਡਾਂਟ ਮਾਰਦਾ, ਦੰਡ ਦਿੰਦਾ, ਇਨਾਮ ਦਿੰਦਾ ਝਗੜੇ ਨਿਪਟਾਉਂਦਾ ਅਤੇ ਉਨ੍ਹਾਂ ਦੇ ਝਗੜਿਆਂ ਦਾ ਨਿਰਨਾ ਕਰਨ ਲਈ ਆਪਣੇ ਸਾਹਮਣੇ ਸਤਾਰਾ ਬੁਲਾ ਕੇ ਵਿਅਕਤੀਗਤ ਰੂਪ ਨਾਲ ਸਫਾਈ ਸੁਣਦਾ ਅਤੇ ਫੈਸਲਾ ਕਰਾ ਦਿੰਦਾ ਸੀ।

ਡਾ. ਸਿਨਹਾ ਦੇ ਮਤ ਅਨੁਸਾਰ ਦਿਆਲੂਆਂ ਵਿਚ ਸ਼੍ਰੇਸ਼ਠ ਉਦਾਰ ਰਾਜਾ, ਧਾਰਮਿਕ ਖਿਆਲਾਂ ਦੇ ਪੁਰਖਾਂ ਵਿਚ ਪ੍ਰਭੂ ਤੋਂ ਡਰਨ ਵਾਲਾ ਮਹਾਪੁਰਖ ਮ੍ਰਿਤੂ ਨੂੰ ਪ੍ਰਾਪਤ ਹੋਇਆ। ਉਸ ਦੀਆਂ ਕਮੀਆਂ ਬਿਲਕੁਲ ਸਪੱਸ਼ਟ ਹਨ। ਉਸ ਦੇ ਕੋਲ ਇਸ ਤਰ੍ਹਾਂ ਦੇ ਕਠਿਨ ਯੁਗ ਨੂੰ ਸੰਭਾਲਣ ਦੇ ਲਈ ਆਤਮ ਵਿਸ਼ਵਾਸ ਅਤੇ ਪ੍ਰਸ਼ਾਸਕ ਦੇ ਗੁਣ ਨਹੀਂ ਸਨ। ਉਹ ਸੱਜਣ, ਚੰਗੇ ਦਿਲ ਵਾਲਾ ਆਰਾਮ ਪਸੰਦ ਅਤੇ ਸ਼ਾਂਤੀਪ੍ਰਿਯ ਸੀ। ਉਸ ਵਿਚ ਲੋਕਾਂ ਨੂੰ ਅਤੇ ਪਰਿਸਥਿਤੀਆਂ ਨੂੰ ਸਮਝਣ ਦੀ ਸਰਵਉੱਚ ਪ੍ਰਤਿਭਾ ਸੀ ਅਤੇ ਆਪਣੇ ਵਿਸ਼ਵਾਸਯੋਗੀਆਂ ਉਤੇ ਭਰੋਸਾ ਕਰਨ ਵਿਚ ਉਸਨੇ ਕਦੀ ਵੀ ਗਲਤੀ ਨਹੀਂ ਕੀਤੀ। ਪ੍ਰੇਮਪੂਰਵਕ, ਸਾਫ ਦਿਲ ਵਿਵਹਾਰ ਦੇ ਕਾਰਣ ਉਹ ਸਭ ਦਾ ਪਿਆਰਾ ਬਣ ਗਿਆ ਅਤੇ ਉਸ ਦੀ ਕਮੀਆ ਦੀ ਇਹ ਇਕ ਚੰਗੀ ਪੂਰਤੀ ਸੀ। ਲੋਕ ਉਸਦੀ ਭਗਤੀ ਤੋਂ ਸੇਵਾ ਅਤੇ ਆਦਰ ਕਰਦੇ ਸਨ। ਉਹ ਆਪਣੇ ਸੰਬੰਧੀਆਂ, ਅਹੁਦਾ ਅਧਿਕਾਰੀਆਂ ਅਤੇ ਪਰਜਾ ਨੂੰ ਇਕੋ ਜਿਹਾ ਪਿਆਰ ਕਰਦਾ ਸੀ ਅਤੇ ਆਪਣੀ ਭਲੇ ਦੀ ਭਾਵਨਾ ਦੇ ਕਾਰਣ ਉਸਨੇ ਸਭ ਦੇ ਮਨ ਉਤੇ ਜਿੱਤ ਪ੍ਰਾਪਤ ਕਰ ਲਈ ਸੀ। ਆਪਣੇ ਦੇਸ਼ ਵਿਚ ਲੋਕ ਉਸ ਦੀ ਪੂਜਾ ਕਰਦੇ ਸਨ ਅਤੇ ਉਸ ਦੀ ਮ੍ਰਿਤੂ ਉਤੇ ਸਭ ਨੂੰ ਦੁਖ ਹੋਇਆ।

"ਉਸਦਾ ਵਿਅਕਤੀਤਵ ਮਰਾਠਾ ਰਾਜ ਵਿਚ ਇਕ ਵਾਸਤਵਿਕ ਸ਼ਕਤੀ ਸੀ। ਉਹ ਇਸ ਦੀ ਏਕਤਾ ਦਾ ਪ੍ਰਤੀਕ ਸੀ। ਹਾਲਾਂਕਿ ਇਸ ਸੰਘ ਦੀ ਹਰੇਕ ਇਕਾਈ ਆਜਾਦ-ਜਿਹੀ ਹੀ ਸੀ ਫਿਰ ਵੀ ਰਾਜਾ ਦੀ ਹੀ ਆਗਿਆ ਮੰਨਦੇ ਸਨ। ਇਨ੍ਹਾਂ ਦੇ ਹੁਕਮ ਦੇ ਆਗਿਆਕਾਰੀ ਇਸ ਲਈ ਨਹੀਂ ਸਨ ਕਿ ਰਾਜਾ ਦੀ ਵਾਸਤਵਿਕ ਸ਼ਕਤੀ ਸੀ ਪਰ ਫਿਰ ਵੀ ਕੁਝ ਤਾਂ ਉਸ ਸਮੇਂ ਜਿਹੜਾ ਵਿਅਕਤੀ ਰਾਜਾ ਸੀ, ਉਸ ਦੇ ਵਿਕਅਤੀਤਵ ਜਾਂ ਸਾਹੂ ਦੇ ਕਾਰਣ, ਅਤੇ ਕੁਝ ਅੰਸ਼ਾਂ ਵਿਚ ਹਿੰਦੂਆਂ ਦੇ ਵਿਸ਼ਵਾਸ ਦੇ ਕਾਰਣ ਕਿ ਰਾਜਾ ਕਿੰਨਾ ਹੀ ਨਿਕੱਮਾ ਹੋਵੇ, ਉਸਨੂੰ ਧਰਤੀ ਉਤੇ ਪਰਮੇਸ਼ਵਰ ਦਾ ਅਵਤਾਰ ਮੰਨਣਾ ਚਾਹੀਦਾ ਹੈ। ਸਾਹੂ ਦੀ ਸ਼ਕਤੀ ਅਹੁਦੇ ਦੀ ਸ਼ਕਤੀ ਅਹੁਦੇ ਦੀ ਅਪੇਖਿਆ ਵਿਅਕਤੀਤਵ ਜ਼ਿਆਦਾ ਸੀ। ਇਸ ਯੁਗ ਤਕ ਰਾਜਿਆਂ ਦੀ ਵਾਸਤਵਿਕ ਸ਼ਕਤੀ ਦੂਜੇ ਹੱਥਾਂ ਵਿਚ ਜਾ ਚੁੱਕੀ ਸੀ ਅਤੇ ਜਿੱਥੇ ਰਾਜ ਸੁਰੱਖਿਆ ਅਤੇ ਸੰਗਠਨ ਦਾ ਸੰਬੰਧ ਸੀ, ਉਹ ਗੂੜ੍ਹ ਨੀਤੀ, ਵਾਸਤਵਿਕ ਪ੍ਰਸਾਸਨ ਅਤੇ ਸੱਚਾ ਨਿਯੰਤਰਨ ਅਤੇ

**ਨੋਟ**

ਠੋਸ ਸ਼ਕਤੀ ਆਦਿ ਦੇ ਮਾਮਲਿਆਂ ਵਿਚ ਨੇਤਰਤਵ ਖੋ ਚੁੱਕੇ ਸਨ। ਹੁਣ ਰਾਜਾ ਇਕ ਡੁੱਬਦਾ ਹੋਇਆ ਸੂਰਜ ਸੀ ਅਤੇ ਪੇਸ਼ਵਾ ਉਸ ਦੇ ਪ੍ਰਕਾਸ਼ ਤੋਂ ਚਮਕਦੇ ਹੋਏ ਚੰਦ। ਜਦੋਂ ਤਕ ਸਾਹੂ ਰਾਜਾ ਜੀਵਤ ਰਿਹਾ ਪੇਸ਼ਵਾ ਪੂਰਨ ਸਵਾਮੀ ਭਗਤੀ ਨਾਲ ਉਸਦਾ ਸੇਵਾਦਾਰ ਰਿਹਾ। ਪਰ ਉਸ ਤੋਂ ਬਾਦ ਉਲਟਾ–ਸਿੱਧਾ ਅਤੇ ਝਗੜੇ ਦਾ ਯੁਗ ਅਤੇ ਇਕ ਕਮਜੋਰ, ਨਿਕੰਮੇ ਜਵਾਨ ਦਾ ਸ਼ਾਸਨ ਕਾਲ ਆਇਆ ਜਿਸਨੇ ਆਪਣਾ ਜ਼ਿਆਦਾਤਰ ਜੀਵਨ ਜੇਲ ਵਿਚ ਗੁਜਾਰਿਆ। ਪੇਸ਼ਵਾ ਰਾਜਾ ਦੇ ਖਾਲੀ ਅਹੁਦੇ ਉਤੇ ਨਾਂ ਅਤੇ ਸੱਚ ਦੋਵੇਂ ਹੀ ਖਾਲੀ ਹੋ ਗਏ। ਕੁਝ ਵੀ ਹੋਵੇ, ਸਾਹੂ ਕਮਜੋਰੀਆਂ ਦੇ ਹੁੰਦੇ ਹੋਏ ਵੀ ਮਰਾਠਿਆਂ ਦਾ ਰਾਜਾ ਸੀ ਪਰ ਉਸ ਦੇ ਬਾਅਦ ਉਸ ਦਾ ਉਤਰਾਧਿਕਾਰੀ ਰਾਮਾਰਾਜਾ ਨਗਮਣ ਹੋ ਗਿਆ ਅਤੇ ਪੇਸ਼ਵਾਵਾਂ ਨੂੰ ਰਾਜ ਵਿੱਚ ਸਰਵਸ਼ਕਤੀਮਾਨ ਹੋਣ ਦਿੱਤਾ।

**ਰਾਮਰਾਜਾ, 1749-77** (Ramaraja, 1749-77)– ਸਾਹੂ ਪਹਿਲਾਂ ਦਾ ਉਤਰਾਧਿਕਾਰੀ ਰਾਮਰਾਜਾ ਬਣਿਆ। ਤਾਰਾਬਾਈ ਨੇ ਘੋਸ਼ਣਾ ਕੀਤੀ ਕਿ ਉਹ ਰਾਜਾਰਾਮ ਦਾ ਜੋ ਇਕ ਸਧਾਰਣ ਮਨੁੱਖ ਦੀ ਤਰ੍ਹਾਂ ਦੇਸ਼ ਤੋਂ ਬਾਹਰ ਰਿਹਾ, ਪੋਤਰਾ ਸੀ। ਤਾਰਾਬਾਈ ਅਤੇ ਬਾਲਾਜੀ ਬਾਜੀਰਾਵ ਦੇ ਵਿੱਚ ਸੱਤਾ ਹਥਿਆਉਣ ਦੇ ਲਈ ਹੋੜ ਲੱਗੀ ਸੀ। ਪੇਸ਼ਵਾ ਆਪਣੀ ਸ਼ਕਤੀ ਅਤੇ ਅਧਿਕਾਰ ਛੱਡਣ ਦੇ ਲਈ ਤਿਆਰ ਨਹੀਂ ਸੀ। ਤਾਰਾਬਾਈ ਨੇ 24 ਨਵੰਬਰ 1750 ਈ. ਨੂੰ ਰਾਮਰਾਜਾ ਨੂੰ ਫੜ੍ਹ ਕੇ ਕੈਦ ਕਰ ਲਿਆ ਅਤੇ ਉਹ 1763 ਈ. ਤੱਕ, ਜਦੋਂ ਤਾਰਾਬਾਈ ਦੀ ਮੌਤ ਹੋਈ, ਕੈਦ ਵਿੱਚ ਰਿਹਾ। ਅਰੰਭ ਵਿੱਚ ਪੇਸ਼ਵਾ ਰਾਮਰਾਜਾ ਨੂੰ ਤਾਰਾਬਾਈ ਦੇ ਚੁੰਗਲ ਤੋਂ ਛੁਡਾਉਣਾ ਚਾਹੁੰਦਾ ਸੀ ਪਰ ਬਾਅਦ ਵਿੱਚ ਤਾਰਾਬਾਈ ਅਤੇ ਪੇਸ਼ਵਾ ਵਿੱਚ ਸਮਝੌਤਾ ਹੋ ਗਿਆ ਅਤੇ ਉਸ ਸਮੇਂ ਤਾਰਾਬਾਈ ਨੇ ਇਹ ਘੋਸ਼ਣਾ ਕੀਤੀ ਕਿ ਰਾਮਰਾਜਾ ਰਾਜਾਰਾਮ ਦਾ ਅਸਲੀ ਪੋਤਰਾ ਨਾ ਹੋ ਕੇ ਇਕ ਧੂਰਤ ਹੈ। ਨਤੀਜੇ ਵਜੋਂ ਪ੍ਰਜਾ ਦੀ ਦ੍ਰਿਸ਼ਟੀ ਵਿੱਚ ਰਾਮਰਾਜਾ ਦਾ ਸਨਮਾਨ ਨਹੀਂ ਰਿਹਾ। ਅਸਤੁ 1763 ਈ. ਦੇ ਬਾਅਦ ਉਹ ਮੁਕਤ ਹੋ ਗਿਆ ਅਤੇ ਉਸ ਦੇ ਬਾਅਦ ਉਸ ਦਾ ਜੀਵਨ ਸ਼ਾਂਤੀ ਨਾਲ ਬੀਤਿਆ।

**ਸਾਹੂ ਦੂਜਾ**, 1777–1808 (Sahu-II, 1777-1808)– ਰਾਮ ਰਾਜਾ ਦੇ ਬਾਦ ਉਸ ਦਾ ਗੋਦ ਲਿਆ ਪੁੱਤਰ ਸਾਹੂ ਦੂਜਾ ਗੱਦੀ ਉਤੇ ਬੈਠਿਆ। ਸਾਹੂ ਦੂਜਾ ਇਕ ਤਾਕਤਵਰ ਸਰੀਰ ਦਾ ਜਵਾਨ ਸੀ ਅਤੇ ਉਸਨੇ ਆਪਣੇ ਉੱਚੇ ਅਹੁਦੇ ਦੀਆਂ ਆਸ਼ਾਵਾਂ ਨਾਲ ਕਿ ਉਹ ਆਪਣੇ ਵੰਸ਼ ਅਤੇ ਦੇਸ਼ ਦੀ ਪੂਰੀ ਤਾਕਤ ਨਾਲ ਸੇਵਾ ਕਰੇਗਾ, ਸੰਭਾਲਿਆ। ਪਰ ਉਸਨੇ ਦੇਖਿਆ ਕਿ ਉਸ ਦੀ ਸਥਿਤੀ ਬਹੁਤ ਦੁਖ ਭਰੀ ਹੈ। ਨਾਨਾਂ ਫਡਨਵੀਸ ਨੇ ਉਸਨੂੰ ਦਿੱਤਾ ਜਾਣ ਵਾਲਾ ਭੱਤਾ ਘੱਟ ਕਰ ਦਿੱਤਾ ਅਤੇ ਉਸ ਉਤੇ ਅਤੇ ਉਸਦੇ ਪਰਵਿਾਰ ਦੇ ਹੋਰ ਸਦੱਸਾਂ ਉਤੇ ਬਹੁਤ ਸਾਰੀ ਬੰਦਸ਼ਾਂ ਲਗਾ ਦਿੱਤੀਆਂ। ਹਾਲਾਂਕਿ ਉਸਨੂੰ ਛਤਰਪਤੀ ਕਿਹਾ ਜਾਂਦਾ ਸੀ ਉਸਨੂੰ ਬੇਕਾਰ ਦਾ ਗਹਿਣਾ ਸਮਝਿਆ ਜਾਂਦਾ ਸੀ ਜਿਸ ਦਾ ਕੋਈ ਕਰਤੱਵ ਨਹੀਂ ਸੀ। ਉਸਦਾ ਕੇਵਲ ਮਾਤਰ ਕੰਮ ਇਹ ਰਹਿ ਗਿਆ ਸੀ ਕਿ ਜਦੋਂ ਕੋਈ ਵੀ ਨਵਾਂ ਪੇਸ਼ਵਾ ਨਿਯੁਕਤ ਹੋਵੇ ਤਾਂ ਉਸਨੂੰ ਸ਼ਾਹੀ ਪੁਸ਼ਾਕ ਬਖਸ਼ੇ।

**ਪ੍ਰਤਾਪ ਸਿੰਘ**, 1808 – 1836 (Pratap Singh, 1808-1836)– ਸਾਹੂ ਦੂਜੇ ਦੀ 1808 ਈ. ਵਿਚ ਮ੍ਰਿਤੂ ਦੇ ਬਾਦ ਉਸਦੀ ਗੱਦੀ ਉਪਰ ਉਸ ਦਾ ਪੁੱਤਰ ਪਰਤਾਪ ਸਿੰਘ ਬੈਠਿਆ। ਛਤਰਪਤੀ ਅਤੇ ਪੇਸ਼ਵਾ ਦੇ ਆਪਸੀ ਸੰਬੰਧ ਚੰਗੇ ਨਹੀਂ ਸਨ। ਸਿੱਟੇ ਵਜੋਂ ਅਨੇਕ ਵਾਰ ਪ੍ਰਤਾਪ ਸਿੰਘ ਨੂੰ ਪੇਸ਼ਵਾ ਦੇ ਵਿਰੁੱਧ ਅੰਗਰੇਜ਼ੀ ਸਰਕਾਰ ਤੋਂ ਸਹਾਇਤਾ ਮੰਗਣੀ ਪਈ। 1818 ਈ. ਵਿਚ ਪੇਸ਼ਵਾ ਦੇ ਪਤਨ ਦੇ ਬਾਦ ਅੰਗਰੇਜ਼ਾਂ ਨੇ ਪ੍ਰਤਾਪ ਸਿੰਘ ਨੂੰ ਅਹੁਦੇ ਤੋਂ ਖਾਲੀ ਰੱਖਿਆ। ਲਗਭਗ ਸਤਾਰਾ ਜਿੰਨਾ ਵੱਡਾ ਪ੍ਰਦੇਸ਼ ਪ੍ਰਤਾਪ ਸਿੰਘ ਨੂੰ ਸ਼ਾਸਨ ਕਰਨ ਲਈ ਦੇ ਦਿੱਤਾ ਗਿਆ। 25 ਸਿਤੰਬਰ 1819 ਈ. ਨੂੰ ਅੰਗਰੇਜਾਂ ਅਤੇ ਪ੍ਰਤਾਪ ਸਿੰਘ ਦੇ ਵਿਚਕਾਰ ਇਕ ਔਪਚਾਰਿਕ ਸੰਧੀ ਹੋਈ। ਇਸ ਸੰਧੀ ਦੇ ਅਨੁਸਾਰ ਪਰਤਾਪ ਸਿੰਘ ਨੇ ਇਹ ਵਚਨ ਦਿੱਤਾ ਕਿ ਉਹ ਕਿਸੀ ਵੀ ਹੋਰ ਬਾਹਰੀ ਸ਼ਕਤੀ ਨਾਲ ਪੱਤਰ ਵਿਵਹਾਰ ਨਹੀਂ ਕਰੇਗਾ। ਉਹ ਆਪਣੀ ਸੈਨਾ ਨਾਂ ਵਧਾ ਕੇ ਅੰਗਰੇਜ਼ਾਂ ਦਾ ਵਫਾਦਾਰ ਰਹੇਗਾ।

ਸ਼ੁਰੂ ਵਿਚ ਅੰਗਰੇਜ਼ੀ ਸਰਕਾਰ ਅਤੇ ਪ੍ਰਤਾਪ ਸਿੰਘ ਦੇ ਸੰਬੰਧ ਚੰਗੇ ਸਨ ਅਤੇ ਅੰਗਰੇਜ਼ ਉਸਦੀ ਇੱਜਤ ਵੀ ਕਰਦੇ ਸਨ। ਬਾਦ ਵਿਚ ਸੰਬੰਧ ਵਿਗੜ ਜਾਣ ਦੇ ਕਾਰਨ 4 ਸਿਤੰਬਰ 1839 ਈ. ਨੂੰ ਉਸਨੂੰ ਗੱਦੀ ਤੋਂ ਹੇਠਾਂ ਉਤਾਰ ਦਿੱਤਾ ਗਿਆ। ਉਸਨੂੰ ਆਪਣੀ ਸਫਾਈ ਦੇਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ। ਇਕ ਉਸ ਤੋਂ ਜਲਦੀ ਬਾਦ ਲੇਖਕ ਦੇ ਅਨੁਸਾਰ "ਪ੍ਰਤਾਪ ਸਿੰਘ ਸਿਆਣਾ ਬੁੱਧੀਮਾਨ ਅਤੇ ਪ੍ਰਤਿਸ਼ਠਾ ਵਾਲਾ ਵਿਅਕਤੀ ਸੀ। ਉਹ ਇਕ ਨਿਪੁੰਨ ਘੋੜਸਵਾਰ, ਵੀਰ ਸੈਨਿਕ ਸ਼ੁੱਧ ਵਿਸਾਲ ਦਿਲ, ਧਾਰਮਿਕ ਇਤਿਹਾਸ ਦੁਆਰਾ ਸਿੱਖਿਅਤ ਅਤੇ ਆਪਣੇ ਸੰਪਰਕ ਵਿਚ ਆਉਣ ਵਾਲੇ ਵਿਅਕਤੀਆਂ ਦੇ ਗੁਣ ਅਤੇ ਔਗੁਣ ਜਲਦੀ ਹੀ ਪਹਿਚਾਨ ਲੈਂਦਾ ਸੀ। ਉਹ ਕਠਿਨ ਮੁਕੱਦਮਿਆਂ ਦਾ ਆਦਰਸ਼ ਨਿਰਪੱਖਤਾ ਨਾਲ ਨਿਆਂ ਕਰਦਾ ਸੀ ਅਤੇ ਨਿਯਮਿਤ ਰੂਪ ਨਾਲ ਮਜਬੂਤੀ ਨਾਲ ਸ਼ਾਸਨ ਕਰਦਾ ਸੀ। ਉਹ ਬਦਲਾ ਲੈਣ ਦੀ ਅਪੇਖਿਆ ਮਾਫ ਕਰਨ ਵਿਚ ਹੀ ਚਾਹਵਾਨ ਸੀ। ਉਹ ਆਪਣੇ ਧਾਰਮਿਕ ਹਰ ਰੋਜ ਦੇ ਨਿਯਮ ਧਿਆਨ ਨਾਲ ਨਿਭਾਉਂਦਾ ਸੀ ਅਤੇ ਗਰੀਬਾਂ ਅਤੇ ਵੱਡਿਆਂ ਦੇ ਦੁਖ ਦੂਰ ਕਰਨ ਵਿਚ ਖਾਸ ਆਨੰਦ ਲੈਂਦਾ ਸੀ।"

**ਸਾਹ ਜੀ**, 1839–1848 (Shahji, 1839-1848)– ਪ੍ਰਤਾਪ ਸਿੰਘ ਤੋਂ ਬਾਦ ਉਸਦਾ ਭਰਾ ਸ਼ਾਹ ਜੀ ਅੱਪਾ ਸਾਹਿਬ ਗੱਦੀ ਉਤੇ ਬੈਠਿਆ। ਉਹ ਬਹੁਤ ਜ਼ਿਆਦਾ ਅਯੋਗ ਵਿਅਕਤੀ ਸੀ। 5 ਅਪਰੈਲ 1848 ਈ. ਨੂੰ ਬੇਔਲਦਾ ਹੀ ਮਰ ਗਿਆ ਉਸਦੀ ਪਤਨੀ ਨੂੰ ਗੋਦ ਨਹੀਂ ਲੈਣ ਦਿੱਤਾ ਗਿਆ ਅਤੇ ਸਤਾਰਾ ਦਾ ਰਾਜ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। ਇਸ ਰਾਜ ਦਾ ਬ੍ਰਿਟਿਸ਼ ਰਾਜ ਵਿਚ ਮਿਲਾਉਣਾ ਵੀ 1857 ਈ. ਦੇ ਵਿਦਰੋਹ ਦਾ ਇਕ ਖਾਸ ਕਾਰਣ ਸੀ।

ਨੋਟ

**ਸਵ-ਮੁਲਾਂਕਣ (Self Assessment)**

3. ਬਹੁ ਵਿਕਲਪ ਪ੍ਰਸ਼ਨ (Multiple Choice Questions):

(i) ਅਸ਼ਟ ਪ੍ਰਧਾਨ ਕੀ ਸੀ?

(ਅ) 8 ਮੰਤਰੀਆਂ ਦੀ ਇਕ ਪ੍ਰੀਸ਼ਦ (ਬ) ਸੈਨਿਕਾਂ ਦਾ ਸਮੂਹ

(ਸ) 8 ਰਾਜਿਆਂ ਦੀ ਸੰਧੀ (ਦ) ਉਪਰੋਕਤ ਸਾਰੇ।

(ii) 'ਸਰੇ-ਨੌਬਤ' ਕਿਸ ਨੂੰ ਕਿਹਾ ਜਾਂਦਾ ਸੀ?

(ਅ) ਸੈਨਿਕ ਨੂੰ (ਬ) ਸੈਨਾਪਤੀ ਨੂੰ

(ਸ) ਰਾਜਾ ਨੂੰ (ਦ) ਵਜ਼ੀਰ ਨੂੰ।

(iii) ਯੁੱਧ-ਵਿੱਦਿਆ ਦੇ ਬਹੁਤ ਭਾਰੀ ਪੰਡਿਤ ਕੌਣ ਸਨ?

(ਅ) ਰਾਮਦਾਸ (ਬ) ਤੁਕਾਰਾਮ

(ਸ) ਸ਼ਿਵਾਜੀ (ਦ) ਔਰੰਗਜ਼ੇਬ

(iv) ਸ਼ਿਵਾਜੀ ਨੇ ਕਿਹੜੀ ਪ੍ਰਣਾਲੀ ਚਲਾਈ?

(ਅ) ਭੂ-ਕਰ (ਬ) ਯੁੱਧ-ਕਰ

(ਸ) ਚੌਥ (ਦ) ਸਰਦੇਸ਼ਮੁਖੀ

(v) ਰਾਜਾਰਾਮ ਦੀ ਮੌਤ ਕਦੋਂ ਹੋਈ?

(ਅ) 1700 ਈ. (ਬ) 1800 ਈ.

(ਸ) 1600 ਈ. (ਦ) 1750 ਈ.

## 14.6 ਸਾਰ ਅੰਸ਼ (Summary)


- ਇਹ ਸੱਚ ਹੈ ਕਿ ਭਾਰਤ ਵਰਸ਼ ਵਿਚ ਮਰਾਠਾ ਸ਼ਕਤੀ ਦੇ ਵਧਣ ਅਤੇ ਵਿਕਾਸ ਦਾ ਜ਼ਿਆਦਾਤਰ ਸ਼੍ਰੇਅ ਸ਼ਿਵਾਜੀ ਨੂੰ ਹੈ ਪਰ ਇਹ ਵੀ ਉਨਾਂ ਹੀ ਸੱਚ ਹੈ ਕਿ ਭਾਰਤੀਅ ਇਤਿਹਾਸ ਦੇ ਰੰਗਮੰਚ ਉਤੇ ਜਿਸ ਸਮੇਂ ਸ਼ਿਵਾਜੀ ਦਾ ਘੋਸ਼ਣਾ ਪੱਤਰ ਹੋਇਆ ਉਸ ਦੀ ਭੂਮਿਕਾ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ।
- ਮਹਾਰਾਸ਼ਟਰ ਪ੍ਰਦੇਸ਼ ਦੀ ਵਿਸ਼ਿਸ਼ਟ ਭੌਗੋਲਿਕ ਸਥਿਤੀ ਦੇ ਕਾਰਣ ਇੱਥੇ ਦੇ ਨਿਵਾਸੀਆਂ ਦੇ ਚਰਿੱਤਰ ਵਿਚ ਵਿਸ਼ੇਸ਼ ਗੁਣਾਂ ਦਾ ਪ੍ਰਵੇਸ਼ ਹੋਇਆ, ਜਿਸ ਦੇ ਕਾਰਣ ਹੋਰ ਪ੍ਰਦੇਸ਼ਾਂ ਦੇ ਨਿਵਾਸੀਆਂ ਤੋਂ ਭਿੰਨ ਸਨ।
- ਭਗਤੀ ਅੰਦੋਲਨ ਵਿਚ ਮਰਾਠਿਆਂ ਵਿਚ ਸੰਗਠਨ ਦੀ ਭਾਵਨਾ ਨੇ ਜੋਰ ਪਕੜਿਆ। ਉਸ ਸਮੇਂ ਦੇ ਸੰਤਾਂ ਦੀ ਸਿੱਖਿਆ ਪ੍ਰਮੁੱਖ ਤੌਰ ਤੇ ਈਸ਼ਵਰ ਭਗਤੀ ਅਤੇ ਸਭ ਮਨੁੱਖਾਂ ਦੀ ਜਾਤ-ਪਾਤ ਅਤੇ ਉੱਚ-ਨੀਚ ਦੇ ਭੇਦਭਾਵ ਦੇ ਬਿਨਾਂ ਈਸ਼ਵਰ ਦੇ ਸਾਹਮਣੇ ਇਕ ਬਰਾਬਰ ਹੋਣਾ ਸੀ।
- ਮਰਾਠਿਆਂ ਦੇ ਸਾਹਿਤ ਅਤੇ ਭਾਸ਼ਾ ਨੇ ਵੀ ਸੰਗਠਨ ਵਿਚ ਵੱਡਾ ਕੰਮ ਕੀਤਾ। ਸੰਤ ਤੁਕਾਰਾਮ ਦੇ ਪੱਦ ਬਿਨਾਂ ਭੇਦਭਾਵ ਨਾਲ ਸਭ ਸ਼੍ਰੇਣੀ ਦੇ ਲੋਕਾਂ ਵਿਚ ਗਾਏ ਜਾਂਦੇ ਸਨ ਅਤੇ ਇਸ ਤਰ੍ਹਾਂ ਇਨ੍ਹਾਂ ਧਾਰਮਕ ਗੀਤਾਂ ਦੇ ਕਾਰਣ ਲੋਕ ਇਕ ਦੂਜੇ ਦੇ ਨੇੜੇ ਆਏ। ਮਰਾਠੀ ਲਿੱਪੀ ਅਤੇ ਭਾਸ਼ਾ ਵਿਚ ਲਿਖੇ ਗਏ ਇਹ ਪੱਦ ਅਦ੍ਰਿਸ਼ ਰੂਪ ਵਿਚ ਸੰਗਠਨ ਵਿਚ ਸਹਾਇਕ ਰਹੇ।
- ਉਪਰ ਦਿੱਤੀ ਘਟਨਾਵਾਂ ਵਾਤਾਵਰਨ ਵਿਚ ਸ਼ਿਵਾਜੀ ਦਾ ਜਨਮ ਅਪਰੈਲ 1627 ਈ. ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸਾਹ ਜੀ ਭੌਂਸਲਾ ਅਤੇ ਮਾਤਾ ਦਾ ਨਾਂ ਜੀਜਾਬਾਈ ਸੀ। ਸ਼ਾਹ ਜੀ ਭੌਂਸਲਾ ਦਾ ਅਹਮਦਨਗਰ ਅਤੇ ਬੀਜਾਪੁਰ ਦੇ ਰਾਜਨੀਤਿਕ ਸੰਘਰਸ਼ ਵਿਚ ਬਹੁਤ ਮਹੱਤਵਪੂਰਨ ਸਥਾਨ ਸੀ। ਜੀਜਾਬਾਈ ਦੇਵਗੀਰੀ ਦੇ ਯਾਦਵ ਰਾਜ ਪਰਿਵਾਰ ਦੇ ਮਹਾਨ ਸ਼ਕਤੀਸ਼ਾਲੀ ਜਾਗੀਰਦਾਰ ਯਾਦਵ ਰਾਉ ਦੀ ਪੁੱਤਰੀ ਸੀ।
- ਰਾਲਿਨਸਨ ਦੇ ਮਤ ਅਨੁਸਾਰ "ਲਗਭਗ ਸਾਰੇ ਮਹਾਨ ਯੋਧਾਵਾਂ ਦੇ ਬਰਾਬਰ ਜਿਨ੍ਹਾਂ ਵਿਚ ਨੇਪੋਲਿਅਨ ਇਕ ਬਹੁਤ ਮਹੱਤਵਪੂਰਨ ਉਦਾਹਰਣ ਹੈ। ਸ਼ਿਵਾ ਜੀ ਇਕ ਮਹਾਨ ਸ਼ਾਸਕ ਸੀ। ਜਿਨ੍ਹਾਂ ਗੁਣਾਂ ਦੇ ਕਾਰਨ ਉਹ ਇਕ ਯੋਗ ਸੈਨਾਪਤੀ ਬਣੇ ਉਹੀ ਗੁਣ ਇਕ ਸਫਲ ਨੇਤਾ ਅਤੇ ਸ਼ਾਸਕ ਬਣਾਉਂਦੇ ਹਨ।"

- ਸ਼ਿਵਾ ਜੀ ਨੇ ਆਪਣੇ ਰਾਜ ਨੂੰ ਚਾਰ ਸੂਬਿਆਂ ਵਿਚ ਵੰਡਿਆ ਅਤੇ ਹਰੇਕ ਸੂਬੇ ਦੇ ਲਈ ਵੱਖ ਵੱਖ ਰਾਜਪਾਲ ਨਿਯੁਕਤ ਕੀਤਾ। ਇਹ ਸੂਬੇ ਬਹੁਤ ਸਾਰੇ ਜ਼ਿਲ੍ਹਿਆਂ ਵਿਚ ਵੰਡੇ ਹੋਏ ਸਨ। ਜਾਗੀਰ ਪ੍ਰਦਾਨ ਕਰਨ ਦੀ ਪ੍ਰਥਾ ਸਮਾਪਤ ਕਰ ਦਿੱਤੀ ਗਈ ਅਤੇ ਇਨਾਮ ਦੇ ਰੂਪ ਵਿਚ ਨਕਦੀ ਦਿੱਤੀ ਜਾਣ ਲੱਗੀ।
- ਸ਼ਿਵਾ ਜੀ ਯੁੱਧ ਵਿਦਿਆ ਦੇ ਵੱਡੇ ਭਾਰੇ ਪੰਡਤ ਸਨ ਅਤੇ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਨ੍ਹਾਂ ਨੇ ਆਪਣੀ ਸੈਨਾ ਨੂੰ ਵੱਡੀ ਨਿਪੁੰਨਤਾ ਨਾਲ ਤਿਆਰ ਕੀਤਾ। ਮਰਾਠਿਆ ਵਿਚ ਇਹ ਪਰੰਪਰਾ ਸੀ ਕਿ ਉਹ ਸਾਲ ਦਾ ਅੱਧਾ ਸਮਾਂ ਤਾਂ ਖੇਤੀਬਾੜੀ ਕਰਨ ਵਿਚ ਲਗਾਉਂਦੇ ਅਤੇ ਅੱਧਾ ਸਾਲ ਘੋੜੇ ਉਤੇ ਸਵਾਰ ਹੋ ਕੇ ਯੁੱਧ ਵਿਚ।
- ਸ਼ਿਵਾਜੀ ਨੇ ਪਿੰਡਾਂ ਦੇ ਹਿਸਾਬ ਨਾਲ ਕਰ ਲਗਾਉਣ ਦਾ ਰਿਵਾਜ ਸਮਾਪਤ ਕਰ ਦਿੱਤਾ। ਸਰਕਾਰ ਦਾ ਰਾਜਕਰ ਵਸੂਲ ਕਰਨ ਦਾ ਕਿਸਾਨਾਂ ਨਾਲ ਸਿੱਧਾ ਪ੍ਰਬੰਧ ਸੀ। ਇਹ ਹੀ ਸਰਕਾਰ ਦਾ ਮਤ ਹੈ ਕਿ "ਕਿਸਾਨ ਜਿਮੀਂਦਾਰਾਂ ਦੇਸ਼ ਮੁਖਾਂ ਅਤੇ ਦੇਸਾਈਆਂ ਦੀ ਅਧੀਨਤਾ ਵਿਚ ਨਹੀਂ ਸਨ ਜਿਨ੍ਹਾਂ ਨੂੰ ਪਰਜਾ ਉਤੇ ਕਿਸੀ ਤਰ੍ਹਾਂ ਦਾ ਉੱਚ ਰਾਜਨੀਤਿਕ ਦਬਾਅ ਪਾਉਣ ਜਾਂ ਤੰਗ ਕਰਨ ਦਾ ਅਧਿਕਾਰ ਨਹੀਂ ਸੀ।
- ਸ਼ਿਵਾਜੀ ਨੇ "ਚੌਥ" ਅਤੇ "ਸਰਦੇਸ਼ਮੁਖੀ" ਦੀ ਪ੍ਰਣਾਲੀ ਵੀ ਚਲਾਈ। ਸ਼੍ਰੀ ਰਾਨਾਡੇ ਦੇ ਮਤ ਅਨੁਸਾਰ ਚੌਥ ਕੋਈ ਯੁੱਧ ਦੰਡ ਜਾਂ ਨੈਤਿਕ ਕਾਨੂੰਨ ਦੀ ਜਿੰਮੇਦਾਰੀ ਲਗਾਨ ਨਹੀਂ ਸੀ। ਇਹ ਵਿਦੇਸ਼ੀਆਂ ਦੇ ਆਕ੍ਰਮਣ ਤੋਂ ਰੱਖਿਆ ਕਰਨ ਦੇ ਬਦਲੇ ਵਿਚ ਦਿੱਤਾ ਜਾਂਦਾ ਸੀ।
- ਇਹ ਅਤਿ ਕਥਨੀ ਨਹੀਂ ਕਿ ਸ਼ਿਵਾਜੀ ਵਿਚ ਇਕ ਮਹਾਨ ਉਦੱਮੀ ਸ਼ਕਤੀ ਸੀ। ਇਕ ਮੁਸਲਮਾਨ ਰਾਜ ਦੇ ਛੋਟੇ ਜਿਹੇ ਜਾਗੀਰਦਾਰ ਦੇ ਪੁੱਤਰ ਦੇ ਸਥਾਨ ਤੋਂ ਉਹ ਛਤਰਪਤੀ ਦੇ ਸਿੰਘਾਸਨ ਉਤੇ ਬੈਠੇ। ਉਨ੍ਹਾਂ ਨੇ ਗਹਿਰੇ ਸੰਕਟਕਾਲ ਵਿਚ ਅਨੁਸ਼ਾਸਨ ਸਥਾਪਿਤ ਕਰਕੇ ਮਰਾਠਿਆਂ ਨੂੰ ਇਕ ਰਾਸ਼ਟਰ ਦੇ ਰੂਪ ਵਿਚ ਸੰਗਠਿਤ ਕੀਤਾ।
- ਸਰਦੇਸਾਈ ਦਾ ਮਤ ਹੈ ਕਿ ਸ਼ਿਵਾਜੀ ਦਾ ਮਕਸਦ ਕੇਵਲ ਰਾਸ਼ਟਰ ਦੇ ਹਿੰਦੂਆਂ ਨੂੰ ਹੀ ਸੁਤੰਤਰ ਕਰਾਉਣਾ ਨਹੀਂ ਸੀ ਪਰ ਫਿਰ ਵੀ ਸਾਰੇ ਦੇਸ਼ ਦੇ ਵੱਖ-ਵੱਖ ਕੋਣਿਆਂ ਵਿਚ ਰਹਿਣ ਵਾਲੇ ਹਿੰਦੂਆਂ ਨੂੰ ਮੁਕਤ ਕਰਾਉਣਾ ਸੀ।
- ਸ਼ਿਵਾ ਜੀ ਦੀ ਅਣਥੱਕ ਕੋਸ਼ਿਸ਼ ਕਰਨ ਉਤੇ ਵੀ ਉਨ੍ਹਾਂ ਦਾ ਸਾਮਰਾਜ ਬਹੁਤ ਸਮੇਂ ਤਕ ਜੀਵਤ ਨਾ ਰਿਹਾ। ਉਨ੍ਹਾਂ ਦਾ ਰਾਜ ਰਣਜੀਤ ਸਿੰਘ ਅਤੇ ਅਲਾਉਦੀਨ ਖਿਲਜੀ ਦੀ ਤਰ੍ਹਾਂ ਇਕ ਸੈਨਿਕ ਸੰਗਠਨ ਸੀ ਜਿਹੜਾ ਉਨ੍ਹਾਂ ਦੀ ਮ੍ਰਿਤੂ ਦੇ ਥੋੜੇ ਸਮੇਂ ਬਾਦ ਹੀ ਨਸ਼ਟ ਹੋ ਗਿਆ।
- ਰਾਜਾ ਰਾਮ ਵਿਚ ਵੀ ਆਪਣੇ ਪਿਤਾ ਜਿਹੇ ਗੁਣ ਨਹੀਂ ਸਨ। ਉਸ ਵਿਚ ਨਾਂ ਤਾਂ ਸ਼ਿਵਾਜੀ ਜਿਹੀ ਨੇਤਰਤਵ ਸ਼ਕਤੀ ਹੀ ਸੀ ਅਤੇ ਨਾਂ ਹੀ ਉਨ੍ਹਾਂ ਜਿਹਾ ਸਾਹਸ। ਜਦੋਂ ਉਸਦੇ ਪਿਤਾ ਦੀ ਮ੍ਰਿਤੂ ਹੋਈ ਉਸ ਦੀ ਉਮਰ 10 ਸਾਲਾਂ ਦੀ ਸੀ ਅਤੇ ਤਦ ਤੋਂ ਉਹ ਆਪਣੇ ਭਰਾ ਸੰਭਾ ਜੀ ਦਾ ਬੰਦੀ ਰਿਹਾ।
- ਰਾਜਾਰਾਮ ਦੀ ਮ੍ਰਿਤੂ ਦੇ ਬਾਦ ਉਸ ਦਾ ਪੁੱਤਰ ਕਰਨ ਸਿੰਘਾਸਨ ਉਤੇ ਬੈਠਿਆ ਪਰ ਉਹ ਚੇਚਕ ਨਾਲ ਬੀਮਾਰ ਹੋ ਕੇ ਕੁਝ ਹੀ ਹਫਤਿਆਂ ਬਾਦ ਮਰ ਗਿਆ। ਰਾਜਾ ਰਾਮ ਦੀ ਪਤਨੀ ਤਾਰਾਬਾਈ ਆਪਣੇ ਦੂਜੇ ਪੁੱਤਰ ਸ਼ਿਵਾਜੀ ਦੂਜਾ ਨੂੰ ਗੱਦੀ ਉਤੇ ਬੈਠਾ ਕੇ ਖੁਦ ਰਾਜ-ਰੱਖਿਅਕ ਬਣ ਗਈ। ਤਾਰਾਬਾਈ ਇਕ ਤੇਜ ਬੁੱਧੀ ਦੀ ਇਸਤਰੀ ਸੀ। ਉਸਨੂੰ ਰਾਜ ਕਾਜ ਵਿਚ ਵੱਡੀ ਰੁਚੀ ਸੀ ਅਤੇ ਸੈਨਿਕ ਸ਼ਾਸਨ ਦੇ ਵਿਸ਼ੇ ਵਿਚ ਉਸਨੂੰ ਗਿਆਨ ਨਹੀਂ ਵੀ ਨਹੀਂ ਸੀ।

## 14.7 ਸ਼ਬਦਕੋਸ਼ (Keywords)

- **ਆਕ੍ਰਮਣ (Attack):** ਚੜ੍ਹਾਈ।
- **ਸੰਘਰਸ਼ (Struggle):** ਟਕਰਾਉ।

## 14.8 ਅਭਿਆਸ ਪ੍ਰਸ਼ਨ (Review Questions)

1. ਮਹਾਰਾਸ਼ਟਰ ਦੀ ਭੌਗੋਲਿਕ ਸਥਿਤੀ ਦਾ ਵਰਣਨ ਕਰੋ।
2. ਸ਼ਿਵਾ ਜੀ ਦੇ ਸ਼ੁਰੂਆਤੀ ਜੀਵਨ ਦਾ ਸੰਖੇਪ ਵਿਚ ਪਰਿਚੈ ਦਿਉ।
3. ਪੁਰੰਦਰ ਦੀ ਸ਼ਾਸਨ ਪ੍ਰਣਾਲੀ ਦਾ ਵਰਣਨ ਕਰੋ।
4. ਸ਼ਿਵਾਜੀ ਦੀ ਸ਼ਾਸਨ ਪ੍ਰਣਾਲੀ ਦਾ ਵਰਣਨ ਕਰੋ।
5. ਸ਼ਿਵਾਜੀ ਦੀ ਰਾਜਸਵ ਪ੍ਰਣਾਲੀ ਦਾ ਸੰਖੇਪ ਵਿਚ ਵਰਣਨ ਕਰੋ।
6. ਸ਼ਿਵਾਜੀ ਦੀ ਸ਼ਾਸਨ ਪ੍ਰਣਾਲੀ ਵਿਚ ਕੀ ਅਪੂਰਨਤਾ ਸਨ ?

ਨੋਟ

**ਉੱਤਰ : ਸਵ-ਮੁਲਾਂਕਣ (Answer: Self Assessment)**

| | | | | | |
|---|---|---|---|---|---|
| 1. | (i) ਸ਼ਿਵਾ ਜੀ | (ii) ਛਾਪਾਮਾਰ | (iii) ਰਾਮਦਾਸ | (iv) ਦਾਸ ਬੋਧ | (v) ਸੰਤੋਸ਼ੀ |
| 2. | (i) ਸੱਚ | (ii) ਝੂਠ | (iii) ਝੂਠ | (iv) ਝੂਠ | (v) ਸੱਚ |
| 3. | (i) (ਅ) | (ii) (ਬ) | (iii) (ਸ) | (iv) (ਸ) ਅਤੇ (ਦ) | (v) (ਅ) |

## 14.9 ਸਬੰਧਿਤ ਪੁਸਤਕਾਂ (Further Readings)

*ਬੁਕਸ*


1. ਮੱਧ ਕਾਲੀਨ ਭਾਰਤ (ਦਿੱਲੀ ਸਲਤਨਤ) — ਰਹੀਸ ਸਿੰਘ, ਪਿਯਰਸਨ ਐਜੁਕੇਸ਼ਨ ਇੰਡੀਆ।
2. ਮੱਧ ਕਾਲੀਨ ਭਾਰਤ ਦਾ ਇਤਿਹਾਸ — ਪਾਥਿਰਵ ਕੁਮਾਰ ਰੀਤੂ ਪਬਲੀਕੇਸ਼ਨਜ।
3. ਮੱਧ ਕਾਲੀਨ ਭਾਰਤ ਦਾ ਇਤਿਹਾਸ (1206 ਤੋਂ 1740) — ਐਸ. ਐਲ. ਨਾਗੋਰੀ, ਪ੍ਰਣਵਦੇਵ, ਆਰ ਬੀ ਐਸ ਏ ਪਬਲੀਸ਼ਰਜ।
4. ਲੇਟਰ ਮਿਡਾਈਵਲ ਇੰਡੀਆ ਏ ਹਿਸਟ੍ਰੀ ਆਫ ਦੀ ਮੁਗਲਸ - ਅਵਧ ਬਿਹਾਰੀ ਪਾਂਡੇ, ਸੈਂਟ੍ਰਲ ਬੁਕ ਡਿਪੋ।
5. ਪੂਰਵ ਮੱਧਕਾਲੀਨ ਭਾਰਤ ਦਾ ਸਾਮੰਤੀ ਸਮਾਜ ਅਤੇ ਸੰਸਕ੍ਰਿਤੀ - ਰਾਮ ਸ਼ਰਣ ਸ਼ਰਮਾ, ਰਾਜਕਮਲ ਪ੍ਰਕਾਸ਼ਨ।

ਨੋਟ

# ਇਕਾਈ–15: ਮਾਨ ਚਿੱਤਰ ਕੰਮ
# (Map Work)

**ਵਿਸ਼ਾ ਵਸਤੂ (Contents)**

ਉਦੇਸ਼ (Objectives)
ਜਾਣਕਾਰੀ (Introduction)
15.1 ਮੱਧਕਾਲੀਨ ਭਾਰਤ ਦੇ ਮੁੱਖ ਇਤਿਹਾਸਕ ਸਥਲ(Important Historical Places of Medieval India)
15.2 ਅਕਬਰ ਅਤੇ ਔਰੰਗਜ਼ੇਬ ਦਾ ਸਾਮਰਾਜ (Empire of Akbar and Aurangzeb)
15.3 ਮਰਾਠਾ ਸਾਮਰਾਜ ਦਾ ਵਿਸਥਾਰ (Extent of Marathas Empire)
15.4 ਸਾਰ ਅੰਸ਼ (Summary)
15.5 ਸ਼ਬਦਕੋਸ਼ (Keywords)
15.6 ਅਭਿਆਸ ਪ੍ਰਸ਼ਨ (Review Questions)
15.7 ਸਬੰਧਿਤ ਪੁਸਤਕਾਂ (Further Readings)

## ਉਦੇਸ਼ (Objectives)

ਇਸ ਇਕਾਈ ਦੇ ਅਧਿਐਨ ਤੋਂ ਬਾਅਦ ਵਿਦਿਆਰਥੀ ਯੋਗ ਹੋਣਗੇ :


- ਮੱਧਕਾਲੀਨ ਭਾਰਤ ਦੇ ਮੁੱਖ ਇਤਿਹਾਸਕ ਸਥਾਨਾਂ ਦੀ ਜਾਣਕਾਰੀ ਦੇਣਾ।
- ਅਕਬਰ ਅਤੇ ਔਰੰਗਜ਼ੇਬ ਦਾ ਸਾਮਰਾਜ–ਵਿਸਥਾਰਪੂਰਵਕ ਜਾਣ ਸਕਣਗੇ।
- ਮਰਾਠਾ ਸਾਮਰਾਜ ਦਾ ਵਿਸਥਾਰਪੂਰਵਕ ਮਾਨ ਚਿੱਤਰ 'ਤੇ ਦੇਖ ਸਕੋਗੇ।

## ਜਾਣਕਾਰੀ (Introduction)

ਪੇਸ਼ ਪਾਠ ਵਿੱਚ ਮੱਧਕਾਲੀਨ ਭਾਰਤ ਦੇ ਮੁੱਖ ਇਤਿਹਾਸਕ ਸਥਾਨਾਂ, ਮਰਾਠਾ, ਅਕਬਰ ਅਤੇ ਔਰੰਗਜ਼ੇਬ ਦੇ ਸਾਮਰਾਜ ਨੂੰ ਮਾਨਚਿੱਤਰ ਵਿੱਚ ਦਿਖਾਇਆ ਗਿਆ ਹੈ।

ਨੋਟ


## 15.1 ਮੱਧਕਾਲੀਨ ਭਾਰਤ ਦੇ ਮੁੱਖ ਇਤਿਹਾਸਕ ਸਥਲ (Important Historical Places of Medieval India)




**ਮਾਨਚਿੱਤਰ 1** : ਮੱਧਕਾਲੀਨ ਭਾਰਤ ਦੇ ਮੁੱਖ ਇਤਿਹਾਸਕ ਸਥਾਨ

## 15.2 ਅਕਬਰ ਅਤੇ ਔਰੰਗਜ਼ੇਬ ਦਾ ਸਾਮਰਾਜ (Empire of Akbar and Aurangzeb)


ਨੋਟ




ਮਾਨਚਿੱਤਰ 2 : ਅਕਬਰ ਅਤੇ ਔਰੰਗਜ਼ੇਬ ਦਾ ਸਾਮਰਾਜ

ਨੋਟ

## 15.3 ਮਰਾਠਾ ਸਾਮਰਾਜ ਦਾ ਵਿਸਥਾਰ (Extent of Marathas Empire)




ਮਾਨਚਿੱਤਰ 3: ਮਰਾਠਾ ਸਾਮਰਾਜ ਦਾ ਵਿਸਥਾਰ

ਨੋਟ

## 15.4 ਸਾਰ ਅੰਸ਼ (Summary)

- ਮੱਧਕਾਲੀਨ ਭਾਰਤ ਦੇ ਮੁੱਖ ਇਤਿਹਾਸਕ ਸਥਾਨ–ਹਿੰਦੂ ਕੁਸ਼, ਪੇਸ਼ਾਵਰ, ਸ਼੍ਰੀਨਗਰ, ਕਸ਼ਮੀਰ, ਮੇਰਠ, ਦਿੱਲੀ, ਬੁੰਦੇਲਖੰਡ, ਖੰਡੇਸ਼, ਉਦੈਪੁਰ, ਗੋਂਡਵਾਨਾ, ਮੁਰਸ਼ਿਦਾਬਾਦ, ਪਾਣੀਪਤ, ਵਿਜੈਨਗਰ, ਪੋਲਿਕਟ, ਦੌਲਤਾਬਾਦ ਆਦਿ।
- ਅਕਬਰ ਦਾ ਸਾਮਰਾਜ–ਸਿੰਧੂ, ਪੰਜਾਬ, ਕਸ਼ਮੀਰ, ਕਾਬੁਲ, ਦਿੱਲੀ, ਆਗਰਾ, ਮਾਲਵਾ ਬਿਹਾਰ, ਬੰਗਾਲ, ਸਿੰਧ ਆਦਿ।
- ਔਰੰਗਜ਼ੇਬ ਦਾ ਸਾਮਰਾਜ– ਗੋਂਡਵਾਨਾ, ਮਸੁਲਿਪਤਮ, ਕੋਚਿਨ, ਕਲਕੱਤਾ ਆਦਿ।
- ਮਰਾਠਾ ਸਾਮਰਾਜ–ਸੁਲਤਾਨ, ਮਹਾਰਾਸ਼ਟਰ, ਗਵਾਲੀਅਰ, ਹੈਦਰਾਬਾਦ, ਅਜਮੇਰ, ਸਿੰਧ, ਬੀਜਾਪੁਰ, ਮੁਰਸ਼ਿਦਾਬਾਦ ਆਦਿ।

## 15.5 ਸ਼ਬਦਕੋਸ਼ (Keywords)

- **ਇਤਿਹਾਸਕ (Historical)-** ਇਤਿਹਾਸ ਨਾਲ ਸਬੰਧਿਤ।
- **ਸਥਾਨ (Place)-** ਜਗ੍ਹਾ।

## 15.6 ਅਭਿਆਸ ਪ੍ਰਸ਼ਨ (Review Questions)

1. ਮੱਧਕਾਲੀਨ ਭਾਰਤ ਦੇ ਹੇਠ ਲਿਖੇ ਇਤਿਹਾਸਕ ਸਥਾਨਾਂ ਨੂੰ ਮਾਨਚਿੱਤਰ 'ਤੇ ਦਿਖਾਓ–

   ਮੇਰਠ, ਦਿੱਲੀ, ਵਿਜੈਨਗਰ, ਉਦੈਪੁਰ, ਦੌਲਤਾਬਾਦ।
2. ਅਕਬਰ ਦੇ ਸਾਮਰਾਜ ਨਾਲ ਸਬੰਧਿਤ ਕਿਸੇ ਪੰਜ ਸਥਾਨਾਂ ਦੇ ਨਾਮ ਲਿਖੋ ਅਤੇ ਉਨ੍ਹਾਂ ਨੂੰ ਮਾਨ ਚਿੱਤਰ ਨਾਲ ਦਰਸਾਓ।
3. ਔਰੰਗਜ਼ੇਬ ਦੇ ਸਾਮਰਾਜ ਨਾਲ ਸਬੰਧਿਤ ਕਿਸੇ ਪੰਜ ਸਥਾਨਾਂ ਦੇ ਨਾਮ ਲਿਖੋ ਅਤੇ ਉਨ੍ਹਾਂ ਨੂੰ ਮਾਨ ਚਿੱਤਰ 'ਤੇ ਦਿਖਾਓ।
4. ਮਰਾਠਾ ਸਾਮਰਾਜ–ਵਿਸਥਾਰ ਨੂੰ ਮਾਨਚਿੱਤਰ 'ਤੇ ਸਪੱਸ਼ਟ ਕਰੋ।

## 15.7 ਸਬੰਧਿਤ ਪੁਸਤਕਾਂ (Further Readings)

*ਬੁਕਸ*

1. ਮੱਧਕਾਲੀਨ ਭਾਰਤ (ਦਿੱਲੀ ਸਲਤਨਤ)–ਹਰੀਸ਼ ਸਿੰਘ, ਪੀਅਰਸਨ ਐਜੂਕੇਸ਼ਨ ਇੰਡੀਆ।
2. ਮੱਧਕਾਲੀਨ ਭਾਰਤ ਦਾ ਇਤਿਹਾਸ–ਸ਼ੈਲੇਂਦਰ ਸ਼ੈਂਗਰ, ਅਟਲਾਂਟਿਕ ਪਬਲੀਸ਼ਰਜ਼।
3. ਪਹਿਲੇ ਮੱਧਕਾਲੀਨ ਭਾਰਤ ਦਾ ਸਾਮੰਤੀ ਸਮਾਜ ਅਤੇ ਸੰਸਕ੍ਰਿਤੀ–ਰਾਮਸ਼ਰਣ ਸ਼ਰਮਾ, ਰਾਜ ਕਮਲ ਪ੍ਰਕਾਸ਼ਨ।
4. ਪਹਿਲੇ ਮੱਧਕਾਲੀਨ ਭਾਰਤ (ਦਿੱਲੀ ਸਲਤਨਤ)–ਸ਼੍ਰੀ ਨੇਤਰ ਪਾਂਡੇ, ਰਾਜ ਕਮਲ ਪ੍ਰਕਾਸ਼ਨ ਪ੍ਰਾਈਵੇਟ ਲਿਮਟਿਡ।
5. ਮੱਧਕਾਲੀਨ ਭਾਰਤ ਵਿੱਚ ਨਗਰੀਕਰਨ–ਨਮਰਤਾ ਸਿੰਘ, ਯੂਨੀਵਰਸਿਟੀ ਪਬਲੀਕੇਸ਼ਨ।

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-300360
Fax.: +91-1824-506111
Email: odl@lpu.co.in